31-1-81 ਤੋਂ
3-2-81 32

(1) 81

ਪੁ. ਸੰ. 59

3334S-P & S (P)-GOVT. PRESS, UT., CHD.

ਪੰਜਾਬ ਸਰਕਾਰ

ਆਰਜ਼ੀ ਛਾਪਣ ਕੇਵਲ

(ਤਿਆਰਰ ਨੂੰ ਵੱਲੋਂ ਦੁਰਸਤ ਕਰਾਉਣਾਂ ਲਈ)

PUNJAB VIDHAN SABHA

DEBATES

21st January, 1981

Vol. II—No. 1

OFFICIAL REPORT

CONTENTS

Wednesday, the 21st January, 1981

Punjab Vidhan Sabha Secretariat, Chandigarh.

Price : Rs. 2.60

3

PUNJAB VIDHAN SABHA

Wednesday, the 21st January, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 5.00 P.M. of the Clock. Mr. Speaker (Shri Brij Bhushan Mehra) in the Chair.

OBITUARY REFERENCES

ਸ੍ਰੀ ਸਪੀਕਰ : ਮੈਨੂੰ ਬੜੇ ਦੁੱਖ ਨਾਲ ਦੱਸਣਾ ਪੈਂਦਾ ਹੈ ਕਿ ਸਾਡੇ ਇਕ ਵਿਧਾਇਕ ਸਾਥੀ ਸਰਦਾਰ ਜਸਮਤ ਸਿੰਘ ਢਿੱਲੋਂ 24-12-1980 ਨੂੰ ਸਵੇਰ ਵੇਲੇ ਅਕਾਲ ਚਲਾਣਾ ਕਰ ਗਏ ਹਨ । ਸੀ. ਐਮ. ਸਾਹਿਬ ।

Chief Minister (Sardar Dabara Singh) : Mr. Speaker and hon. Members, with profound grief and sorrow, I have to pay my humble tributes to Sardar Jasmat Singh Dhillon, who was a man of integrity, sincerity and endeared himself to one and all by his dynamic personality, affable nature and forceful oratory. He was a good parliamentarian and was elected to the Punjab Vidhan Sabha in 1980 from the Faridkot Assembly Constituency as an independent candidate. Later, he joined the Akali Dal (L) and was subsequently, nominated to the Working Committee of the Dal. He remained the Chairman of the Bharat Sewak Samaj from 1963-65. He also remained the Chairman of the Punjab State Co-operative Bank, Chandigarh. He was a Trustee of Dashmesh Public School. He was a member of the Management Committee of Baba Farid College for Women, Faridkot. He remained member of the Working Committee of the Shiromani Akali Dal in 1970-71 and 1973-76. He also attended Co-operative International Congress in Moscow in 1971.

In his untimely death on the 24th December, 1980, the House has lost an eminent member who always took keen interest in the development and Progress of the State.

Mr. Speaker, in the death of Shri Des Raj Kapur, we have lost an ardent freedom fighter and a valiant patriot who participated in the freedom movement. He was an able politician, who suffered imprisonment for the emanicipation of the country many times...... (*interruption*).

ਅੱਛਾ, ਮੈਂ ਇਨ੍ਹ ਨੂੰ ਸਕਿੱਪ ਓਵਰ ਕਰਦਾ ਹਾਂ ।

Mr. Speaker, Shri Madho Ram Sharma also died on the 15th August, 1980. He was a true patriot, ardent freedom fighter, distinguished social worker and eminent parliamentarian. He valiantly fought for the emanicipation of the country from the foreign yoke. He suffered imprisonment for 9 months in 1941 and for the same period in 1942. He was a staunch believer of the Congress ideology and remained President of the City Congress Committee, Panipat for

[Chief Minister]

15 years. He remained Member of the Punjab Legislative Council during 1952-54. He was elevated to the high position of the General Secretary, Punjab Pradesh Congress Committee in 195 . Shri Sharma also remained Member of the Rajya Sabha from 1958-64 and member of the Fourth and Fifth Lok Sabha during 1967-73. In his death we have lost a patriot, a politician and social worker, who dedicated his life for the cause of the State as well as the down-trodden.

Mr. Speaker, I am also grieved to pay my tributes to Sardar Rajinder Singh, a former member of the Legislature. He was an eminent Punjabi journalist and made significant and enduring contributions towards the growth of Punjabi journalism. He remained President of the Pepsu Working Journalists Association for 3 years.

He was elected to the Punjab Legislative Council on Congress ticket in April, 1966. Earlier he was elected to the Punjab Vidhan Sabha in 1957. He was a veteran legislator. His contributions in the annals of the Legislature were significant and commendable and he had left an indelible mark.

His youth is marked by revolutionary zeal and his contributions in the National Movement during student days were significant. He made sacrifices during the Punjabi Suba Agitation and was jailed thrice for the said cause. He was a member of the Shiromani Gurdwara Parbandhak Committee for 5 years and remained General Secretary of the Pepsu Akali Dal. He joined Congress Party in the year 1956 and worked as President of the District Congress Committee, Sangrur for 4 years and was General Secretary of the Punjab Pradesh Congress Committee. He was the Chief Whip of the Congress Legislature Party in the Punjab Vidhan Parishad. He was elevated to the position of Chairman of the Evaluation Committee on Community Development constituted by the Punjab Government in 1960 and of the Panchayati Raj Study Team in the year 1965.

In his death on 9th January, 1981, the State has lost an able journalist, experienced Parliamentarian and a sincere social worker, who always strived for the development and the progress of the State.

Mr. Speaker, I recall with a sense of deep sorrow the death of Lala Sant Ram of Nabha a worthy son of the Punjab, who constantly remained in the vanguard of the liberation movement. He was a great patriot. Love to motherland and concern for every aspect of its welfare was his primary and consuming interest. For his patriotic activities, he was imprisoned in different jails of the country for about 25 years from 1921 to 1947. He was deported from the erstwhile Nabha State and his whole of property was confiscated by the British Government. However, this could not bend his determination and his revolutionary zeal. His patriotic fervour and unflinching sacrifice for the emanicipation of the Motherland will always be remembered by all of us. He was awarded a Tamra Patra by the Prime Minister on 15th August, 1972 at Delhi. In his death on 16th December, 1980,

the country, especially the Punjab, has lost a great revolutionary and patriot whose memory will continue to inspire the coming generations to sacrifice themselves for the cause of Motherland.

Mr. Speaker, I have also to pay my humble tributes to Giani Shankar Singh, former M.L.C., who died on 26th September, 1980. He was a man of high principles and integrity. He served the State with a selfless service not only as a Member of the Punjab Vidhan Parishad but also in various other capacities. He was elected to the Punjab Vidhan Parishad in April, 1968 from the Jullundur Local Authorities Constituency. He was a seasoned Parliamentarian and his contributions in the annals of the Legislature are praiseworthy. We recall with gratitude his services to State and to people at large.

In his death, we have lost an able politician and experienced Parliamentarian, who dedicated his life for the welfare of the State.

Mr. Speaker, I am also grieved to pay my humble tributes to Shri Suraj Bhan, who was an educationist and deeply respected for his erudition, scholarship and learning. He was progressive in his views, bold and practical in expressing his opinion on social, economic and political problems.

He was a seasoned Parliamentarian and remained a Member of the Punjab Legislative Council in 1954-66. He served the State and country at large with a distinction and shouldered many and varied responsibilities in the sphere of education. He remained Principal during the period 1926-42 in the D.A.V. School, Lahore and Assistant Education Advisor, Government of India and founder Principal, Central Institute of Education, Government of India during 1949-6. He made significant contributions towards the dissemination of education in the State and became Vice-Chancellor of the Punjab University in 1965 and served as such till June, 1974. He was elected Chairman of the Inter-University Board of India and Sri Lanka. He had left an indelible mark in the sphere of education and for his dedicated services, he was awarded Padma Bhushan in 1971.

In his death on 28th August, 1980, the country had lost an eminent educationist with the high sense of integrity who was deeply committed to the high ideals of the Arya Samaj.

Mr. Speaker, I place on record of the House with deep sense of sorrow our hearts felt condolences to the bereaved families on the demise of the aforesaid members.

2. I also propose that as a mark of respect to the deceased the members may stand and observe silence for two minutes.

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਅੱਜ ਜੋ ਓਬੀਚੂਅਰੀ ਰੈਫਰੈਂਸਿਜ਼ ਹੋ ਰਹੇ ਹਨ ਉਨ੍ਹਾਂ ਵਿਚ ਬਹੁਤ ਸਾਰੇ ਸੱਜਣ ਹਨ ਜਿਨ੍ਹਾਂ ਨੇ ਇਸ ਪੰਜਾਬ ਵਿਚ ਰਹਿੰਦਿਆਂ ਹੋਇਆਂ ਇਸ ਦੇਸ਼ ਦੀ ਆਜ਼ਾਦੀ ਵਿਚ ਬੜਾ ਵੱਡਾ ਹਿੱਸਾ ਪਾਇਆ। ਇਨ੍ਹਾਂ ਵਿਚੋਂ ਸ੍ਰੀ ਸੰਤ ਰਾਮ ਨਾਭਾ ਜਿਹੜੇ ਕਿ ਮੇਰੇ ਪਰਸਨਲ ਮਿੱਤਰ ਸਨ ਔਰ ਬੜੀ ਵਾਰੀ ਮੇਰੇ ਪਾਸ ਆ ਕੇ ਠਹਿਰਦੇ ਵੀ ਸਨ, ਬੜੀ ਲਾਜਵਾਬ ਹੈਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਮੌਤ ਤੇ ਬੜਾ ਦੁੱਖ ਹੈ। ਇਹ ਦੁੱਖ ਵੀ ਜ਼ਰੂਰ ਹੈ ਕਿ ਉਸ ਪੰਜਾਬ ਦੇ ਫਰੀਡਮ ਫਾਈਟਰ ਦੇ ਜੋ ਲਾਸਟ ਫੇਜ਼ ਸਨ ਉਹ ਬੜੇ ਔਖੇ ਲੰਘੇ। ਉਨ੍ਹਾਂ ਦੀ ਬੜੀ ਕੁਰਬਾਨੀ ਸੀ ਜਾਇਦਾਦ ਦੇ ਵਲੋਂ ਵੀ ਔਰ ਜ਼ਾਤੀ ਤੌਰ ਤੇ ਵੀ। ਜਿਹੜਾ ਕੋਈ ਵੀ ਉਨ੍ਹਾਂ ਕੋਲ ਆਉਂਦਾ ਸੀ ਉਹ ਉਸ ਬੰਦੇ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਉਸ ਦਾ ਕੰਮ ਕਰਦੇ ਸਨ ਅਤੇ ਉਸ ਦੀ ਸੇਵਾ ਕਰਦੇ ਸਨ। ਉਨ੍ਹਾਂ ਨੇ ਜੋ ਕੁਰਬਾਨੀ ਦੇਸ਼ ਵਾਸਤੇ ਕੀਤੀ ਹੈ, ਜੋ ਕੁਰਬਾਨੀਆਂ ਉਨ੍ਹਾਂ ਨੇ ਕੀਤੀਆਂ ਹਨ ਉਨ੍ਹਾਂ ਵੱਲ ਦੇਖ ਕੇ ਸਿਰ ਝੁਕਦਾ ਹੈ ਔਰ ਉਨ੍ਹਾਂ ਦੀ ਮੌਤ ਤੇ ਅਸੀਂ ਦੁੱਖ ਮਹਿਸੂਸ ਕਰਦੇ ਹਾਂ ਕਿ ਇਹੋ ਜਿਹੀਆਂ ਹਸਤੀਆਂ ਪੰਜਾਬ ਵਿਚ ਰਹਿੰਦੀਆਂ ਸਨ ਔਰ ਜੋ ਦਿੱਲੀ ਦੇ ਲੀਡਰ ਸਨ ਉਨ੍ਹਾਂ ਨਾਲ ਵੀ ਜ਼ੋਰ ਨਾਲ, ਮਾਣ ਨਾਲ ਪੰਜਾਬ ਦੀ ਤਰੱਕੀ ਦੀਆਂ ਗੱਲਾਂ ਕਰਕੇ ਕੁਝ ਨਾ ਕੁਝ ਪੰਜਾਬ ਵਾਸਤੇ ਲਿਆਉਂਦੀਆਂ ਸਨ।

ਸਰਦਾਰ ਜਸਮਤ ਸਿੰਘ ਢਿੱਲੋਂ ਮੇਰੇ ਹਲਕੇ ਵਿਚ ਰਹਿਣ ਵਾਲੇ ਸਨ ਅਤੇ ਬੜੇ ਉੱਦਮੀ ਆਦਮੀ ਸਨ। ਉਨ੍ਹਾਂ ਨੇ ਪਹਿਲਾਂ ਗਰੈਜੂਏਸ਼ਨ ਕੀਤੀ ਔਰ ਫਿਰ ਲਾਅ ਕੀਤੀ। ਲਾਅ ਕਰਨ ਦੇ ਬਾਦ ਉਨ੍ਹਾਂ ਨੇ ਐਫੀਸ਼ੀਐਂਟਲੀ ਆਪਣਾ ਬਿਜ਼ਨੈਸ ਚਲਾਇਆ। ਉਹ ਸੈਲਫ-ਮੇਡ ਆਦਮੀ ਸਨ। ਉਨ੍ਹਾਂ ਨੇ ਐਫੀਸ਼ੀਐਂਟਲੀ ਬਿਜ਼ਨੈਸ ਚਲਾ ਕੇ ਬੜੇ ਥੋੜ੍ਹੇ ਪੀਰੀਅਡ ਵਿਚ ਇਕ ਚੰਗੇ ਟਰਾਂਸਪੋਰਟਰ ਬਣ ਗਏ। ਇਹ ਉਸ ਦੀ ਆਪਣੀ ਕਾਬਲੀਅਤ ਸੀ। ਜਿਹੜੀ ਸਰਕਾਰ ਆਈ ਹਰ ਇਕ ਸਰਕਾਰ ਤੋਂ ਉਸ ਨੇ ਆਪਣਾ ਪਰਪਜ਼ ਸਾਲਵ ਕਰਵਾਇਆ। ਉਹ ਯੰਗ ਆਦਮੀ ਸੀ ਔਰ ਪਹਿਲੀ ਵਾਰੀ ਇਸ ਹਾਊਸ ਵਿਚ ਮੈਂਬਰ ਚੁਣ ਕੇ ਆਇਆ ਸੀ। ਉਹ ਉਸ ਫੈਮਿਲੀ ਵਿਚੋਂ ਸਨ ਜੋ ਲਾਅ ਦੇ ਮਾਹਿਰ ਸਨ ਔਰ ਉਸ ਫੈਮਿਲੀ ਵਿਚੋਂ ਹਾਈ ਕੋਰਟ ਦੇ ਜੱਜ ਵੀ ਬਣੇ। ਜੇ ਉਹ ਹੋਰ ਸਮਾਂ ਇਸ ਹਾਊਸ ਦੇ ਮੈਂਬਰ ਰਹਿੰਦੇ ਤਾਂ ਹਾਊਸ ਨੂੰ ਇਸ ਦਾ ਲਾਭ ਹੁੰਦਾ। ਮੈਂ ਉਨ੍ਹਾਂ ਦੀ ਮੌਤ ਤੇ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਅਫ਼ਸੋਸ ਦਾ ਇਜ਼ਹਾਰ ਕਰਦਾ ਹਾਂ

ਇਸ ਤੋਂ ਅਗੇ ਸ੍ਰੀ ਦੇਸ ਰਾਜ ਕਪੂਰ, ਜੋ ਐਮ.ਐਲ.ਸੀ. ਸਨ . . .

Chief Minister : Please skip over to next.

ਸਿਹਤ ਮੰਤਰੀ : He was not M.L.C.

Doctor Bhagat Singh : I am sorry for it.

ਗਿਆਨੀ ਰਾਜਿੰਦਰ ਸਿੰਘ ਜੀ ਜਰਨਾਲਿਸਟ ਸੰਗਰੂਰ ਵਿਚੋਂ ਸਨ। ਇਨ੍ਹਾਂ ਨੇ ਪੰਜਾਬੀ ਸੂਬੇ ਦੀ ਐਜੀਟੇਸ਼ਨ ਵਿਚ ਦੋ ਤਿੰਨ ਵਾਰੀ ਜੇਲ੍ਹ ਕਟੀ ਸੀ ਔਰ ਜਰਨਾਲਿਜ਼ਮ ਦੇ ਰਾਹੀਂ ਪੰਜਾਬ ਦੇ ਲੋਕਾਂ ਦੀ ਹੱਕੀ ਮੰਗ ਨੂੰ ਜਿਤਨਾ ਇਨ੍ਹਾਂ ਨੇ ਅਗੇ ਲਿਆਂਦਾ ਉਤਨਾ ਸ਼ਾਇਦ ਹੀ ਕਿਸੇ ਜਰਨਾਲਿਸਟ ਨੇ ਹਿੱਸਾ ਪਾਇਆ ਹੋਵੇ। ਉਨ੍ਹਾਂ ਦੀ ਮੌਤ ਬੜੀ ਦੁੱਖਦਾਇਕ ਹੈ ਔਰ ਉਨ੍ਹਾਂ ਦੇ ਅਕਾਲ ਚਲਾਣੇ ਤੇ ਮੈਂ ਅਤੇ ਮੇਰੀ ਪਾਰਟੀ ਬੜਾ ਭਾਰੀ ਅਫ਼ਸੋਸ ਦਾ ਇਜ਼ਹਾਰ ਕਰਦੀ ਹੈ।

ਸਪੀਕਰ ਸਾਹਿਬ, ਬਾਕੀ ਜੋ ਸੱਜਣ ਹਨ ਜਿਨ੍ਹਾਂ ਵਿਚ ਸ੍ਰੀ ਸੂਰਜ ਭਾਨ ਜੀ ਦਾ ਵੀ ਨਾਮ ਹੈ ਉਨ੍ਹਾਂ ਦੀ ਮੌਤ ਤੇ ਮੈਂ ਬੜਾ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਸ੍ਰੀ ਸੂਰਜ ਭਾਨ ਜੀ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ। ਇਹ ਪੰਜਾਬ ਦੇ ਵਿਚ ਆਰੀਆ ਸਮਾਜ ਦੇ ਬੜੇ ਵੱਡੇ ਆਗੂ ਸਨ। ਉਹ ਬੜੇ ਅਕੈਡੈਮੀਸ਼ੀਅਨ ਸਨ ਅਤੇ ਐਜੂਕੇਸ਼ਨਿਸਟ ਸਨ। ਜੋ ਲੀਡਰ ਆਫ਼ ਦੀ ਹਾਊਸ ਨੇ ਕਿਹਾ ਹੈ ਉਸ ਦੀ ਸਾਈਕਲੋਸਟਾਈਲਡ ਕਾਪੀ ਮੇਰੇ ਕੋਲ ਵੀ ਮੌਜੂਦ ਹੈ, ਉਹ ਮੈਂ ਰਿਪੀਟ ਨਹੀਂ ਕਰਦਾ। ਮੈਂ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਉਹ ਬੜੇ ਅਕੈਡੈਮੀਸ਼ੀਅਨ ਸਨ ਅਤੇ ਪੰਜਾਬ ਵਿਚ ਐਜੂਕੇਸ਼ਨ ਸਿਸਟਮ ਵਿਚ ਰੀਔਰੀਐਂਟੇਸ਼ਨ ਲਿਆਉਣ ਲਈ ਜੋ ਉਨ੍ਹਾਂ ਦੀ ਸਰਵਿਸ ਸੀ ਉਸ ਤੋਂ ਅਸੀਂ ਵਾਂਝੇ ਰਹਿ ਗਏ ਹਾਂ।

ਸਪੀਕਰ ਸਾਹਿਬ, ਬਾਕੀ ਜੋ ਫਰੀਡਮ ਫਾਈਟਰਜ਼ ਹਨ ਜਿਨ੍ਹਾਂ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਮੈਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਯੋਗ ਰੱਖਦਾ ਹਾਂ ਅਤੇ ਆਪਣੀ ਪਾਰਟੀ ਵਲੋਂ ਇਸ ਗੱਲ ਦਾ ਪ੍ਰਗਟਾਵਾ ਕਰਦਾ ਹਾਂ ਕਿ ਜੋ ਅਫ਼ਸੋਸ ਦਾ ਮਤਾ ਇਨ੍ਹਾਂ ਦੇ ਦੁਖੀ ਪ੍ਰੀਵਾਰਾਂ ਨੂੰ ਭੇਜਣਾ ਹੈ ਉਸ ਨਾਲ ਅਸੀਂ ਪੂਰੀ ਤਰਾਂ ਸਹਿਮਤ ਹਾਂ ਕਿ ਇਹ ਮਤਾ ਉਨ੍ਹਾਂ ਦੇ ਦੁਖੀ ਪ੍ਰੀਵਾਰਾਂ ਨੂੰ ਜ਼ਰੂਰ ਭੇਜਣਾ ਚਾਹੀਦਾ ਹੈ।

ਇਕ ਗੱਲ, ਸਪੀਕਰ ਸਾਹਿਬ, ਮੈਂ ਸਰਦਾਰ ਜਸਮਤ ਸਿੰਘ ਢਿੱਲੋਂ ਜੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਥੇ ਸਾਡੀ ਕੁਝ ਪੰਪਰਾ ਚਲੀ ਸੀ ਪੰਜਾਬ ਗੌਰਮਿੰਟ ਵਲੋਂ ਕਿ ਅਗਰ ਕੋਈ ਵਿਧਾਇਕ ਦੀ ਡੈਥ ਹੋ ਜਾਵੇ ਤਾਂ ਉਸ ਦੇ ਦੁਖੀ ਪ੍ਰੀਵਾਰ ਨੂੰ 25 ਹਜ਼ਾਰ ਰੁਪਿਆ ਦਿੱਤਾ ਜਾਵੇ। ਇਹ ਸਾਡਾ ਫਰਜ਼ ਵੀ ਬਣਦਾ ਹੈ। ਕੁਝ ਪਤਾ ਨਹੀਂ ਕਿ ਇਸ ਵਿਚ ਕੀ ਗੱਲ ਆ ਗਈ ਹੈ। (ਵਿਘਨ) ਜਿਹੜੀ ਪੰਜਾਬ ਗੌਰਮਿੰਟ ਦੀ ਰਿਵਾਇਤ ਬਣਾਈ ਹੋਈ ਸੀ ਕਿ ਇਸ ਤਰ੍ਹਾਂ ਵਿਧਾਇਕ ਦੀ ਬੀਰੀਵਡ ਫੈਮਿਲੀ ਨੂੰ 25 ਹਜ਼ਾਰ ਰੁਪਿਆ ਦੇਣਾ ਹੈ, ਮੈਂ ਕਹਾਂਗਾ ਕਿ ਭਾਵੇਂ ਉਨ੍ਹਾਂ ਨੂੰ ਪੈਸੇ ਦੀ ਲੋੜ ਤਾਂ ਨਹੀਂ ਪਰ ਇਸ ਰਿਵਾਇਤ ਨੂੰ ਕਾਇਮ ਰਖਣ ਦੀ ਖਾਤਰ ਮੈਂ ਪੰਜਾਬ ਗੌਰਮਿੰਟ ਕੋਲ ਇਹ ਵੀ ਰਿਕੁਐਸਟ ਕਰਾਂਗਾ ਕਿ ਜੋ ਰਿਵਾਇਤ ਚਲਦੀ ਹੈ 25 ਹਜ਼ਾਰ ਰੁਪਿਆ ਦੇਣ ਦੀ ਉਹ ਇਹਦਾ ਐਲਾਨ ਕਰੇਗੀ।

ਬਾਕੀ ਮੈਂ ਇਸ ਅਫ਼ਸੋਸ ਦੇ ਮਤੇ ਤੇ ਪੂਰਾ ਇਨ੍ਹਾਂ ਦੇ ਨਾਲ ਸਹਿਯੋਗ ਰਖਦਾ ਹਾਂ ਅਤੇ ਇਹ ਵੀ ਬੇਨਤੀ ਕਰਦਾ ਹਾਂ ਕਿ ਇਹ ਅਫ਼ਸੋਸ ਦਾ ਮਤਾ ਬੀਰੀਵਡ ਫੈਮਿਲੀਜ਼ ਨੂੰ ਭੇਜਿਆ ਜਾਵੇ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਸਾਡੇ ਵਿਧਾਇਕ ਸਾਹਿਬ ਸਾਡੇ ਨਾਲੋਂ ਵਿਛੜ ਗਏ ਹਨ ਜਿਥੇ ਸਾਨੂੰ ਇਸ ਦਾ ਅਫ਼ਸੋਸ ਹੈ ਉਥੇ ਮੈਂ ਇਸ ਗੱਲ ਤੋਂ ਵੀ ਪਿਛੇ ਨਹੀਂ ਰਹਾਂਗਾ ਕਿ ਅਗਰ ਸਰਕਾਰ ਵਲੋਂ ਉਨ੍ਹਾਂ ਦੇ ਪ੍ਰੀਵਾਰ ਵਾਲੇ 25 ਹਜ਼ਾਰ ਰੁਪਿਆ ਐਕਸੈਪਟ ਕਰਨ ਤਾਂ ਜ਼ਰੂਰ ਸਰਕਾਰ ਵਲੋਂ ਦੇਵਾਂਗੇ। ਜ਼ਾਤੀ ਤੌਰ ਤੇ 5 ਹਜ਼ਾਰ ਰੁਪਿਆ ਆਪਣੇ ਵਲੋਂ ਮੈਂ ਐਲਾਨ ਕਰਕੇ ਆਇਆ ਸੀ। ਜੇ ਉਹ ਪੰਜਾਬ ਸਰਕਾਰ ਵਲੋਂ 25 ਹਜ਼ਾਰ ਰੁਪਿਆ ਕਬੂਲ ਕਰਨਗੇ ਤਾਂ ਅਸੀਂ ਜ਼ਰੂਰ ਅਨਾਊਂਸ ਕਰਾਂਗੇ। ਮੈਂ ਪ੍ਰੰਪਰਾ ਜੋ ਚਲ ਰਹੀ ਹੈ ਉਸ ਨੂੰ ਤੋੜਨਾ ਨਹੀਂ ਚਾਹੁੰਦਾ।

ਸ੍ਰੀ **ਸਪੀਕਰ** : ਦੋਸਤੋ, ਮਹਾਨ ਪੰਜਾਬ ਦੇ ਵਿਅਕਤੀਆਂ ਦੀ ਮੌਤ ਉਪਰ ਜਿਹੜਾ ਸੋਗ ਇਹ ਹਾਊਸ ਮਹਿਸੂਸ ਕਰ ਰਿਹਾ ਹੈ ਉਸ ਵਿਚ ਮੈਂ ਵੀ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਸਰਦਾਰ ਜਸਮਤ ਸਿੰਘ ਢਿੱਲੋਂ, ਸ੍ਰੀ ਦੇਸ ਰਾਜ ਕਪੂਰ, ਸ੍ਰੀ ਮਾਧੋ ਰਾਮ ਸ਼ਰਮਾ, ਸਰਦਾਰ ਰਾਜਿੰਦਰ ਸਿੰਘ, ਸ੍ਰੀ ਸੰਤ ਰਾਮ ਨਾਭਾ, ਗਿਆਨੀ ਸ਼ੰਕਰ ਸਿੰਘ ਅਤੇ ਸ੍ਰੀ ਸੂਰਜ ਭਾਨ ਜੀ ਸਾਰੇ ਵਿਅਕਤੀ ਆਪਣੇ ਆਪਣੇ ਖੇਤਰ ਵਿਚ ਡਾਢੇ ਉਘੇ ਸਨ ਔਰ ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ ਹੈ। ਸਰਦਾਰ ਜਸਮਤ ਸਿੰਘ ਢਿੱਲੋਂ ਜੀ ਦੀ ਮੌਤ ਦਾ ਬੜਾ ਦੁੱਖ ਹੈ ਜੋ ਕਿ ਸਾਡੇ ਵਿਧਾਇਕ ਸਨ। ਉਨ੍ਹਾਂ ਦਾ ਖਿੜਿਆ ਹੋਇਆ ਚਿਹਰਾ, ਹੱਸਦੀ ਹੋਈ ਸੂਰਤ ਹੁਣ ਵੀ ਅੱਖਾਂ ਅਗੋਂ ਲੰਘਦੀ ਹੈ। ਉਨ੍ਹਾਂ ਦੀ ਇਕ ਇਖਲਾਕੀ ਜ਼ਿੰਦਗੀ ਸੀ। ਉਹ ਕਿਸੇ ਕਿਸਮ ਦੀ ਕੁੜੱਤਣ ਤੋਂ ਰਹਿਤ ਸੀ। ਹਾਊਸ ਵਿਚ ਜਦੋਂ ਕੋਈ ਡਿਸਕਸ਼ਨ ਹੁੰਦੀ ਸੀ ਔਰ ਉਨ੍ਹਾਂ ਦੀ ਜੋ ਸਪੀਚ ਹੁੰਦੀ ਸੀ ਉਹ ਬੜੀ ਬਾਦਲੀਲ ਔਰ ਉਸ ਦੇ ਵਿਚ ਪੂਰਾ ਵਜ਼ਨ ਹੁੰਦਾ ਸੀ। ਉਨ੍ਹਾਂ ਵਿਚ ਸਾਰੇ ਹੀ ਇਹੋ ਜਿਹੇ ਤੱਤ ਸਨ ਜਿਹੜੇ ਉਨ੍ਹਾਂ ਨੂੰ ਉਚ ਕੋਟੀ ਦਾ ਪੰਜਾਬ ਦਾ ਲੀਡਰ ਬਣਾ ਸਕਦੇ ਸਨ ਲੇਕਿਨ ਜ਼ਾਲਮ ਮੌਤ ਨੇ ਉਨ੍ਹਾਂ ਨੂੰ ਸਾਡੇ ਤੋਂ ਛੀਨ ਲਿਆ ਜਿਸ ਦਾ ਸਾਨੂੰ ਬੜਾ ਹੀ ਦੁੱਖ ਹੈ। ਸਰਦਾਰ ਜਸਮਤ ਸਿੰਘ ਜੀ ਨੂੰ ਜਿਥੇ ਵੀ ਦੇਖੋ ਪ੍ਰੀਵਾਰਕ ਭਾਵਨਾ ਜਿਹੀ ਦਿੰਦੇ ਸਨ। ਉਨ੍ਹਾਂ ਦੀ ਮੌਤ ਨਾਲ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਪ੍ਰੀਵਾਰ ਦਾ ਆਦਮੀ ਚਲਾ ਗਿਆ ਹੈ। ਮੈਂ ਸਾਰੇ ਹਾਊਸ ਦੇ ਅਪਣਾਏ ਸੋਗ ਦੇ ਮਤੇ ਵਿਚ ਸ਼ਾਮਲ ਹੁੰਦਾ ਹਾਂ। ਅਗਰ ਹਾਊਸ ਇਜਾਜ਼ਤ ਦੇਵੇ ਤਾਂ ਇਹ ਹਾਊਸ ਦਾ ਸੋਗ ਦਾ ਮਤਾ ਸਰਦਾਰ ਜਸਮਤ ਸਿੰਘ ਢਿੱਲੋਂ ਅਤੇ ਬਾਕੀ ਵਿਅਕਤੀ, ਜੋ ਸਾਡੇ ਤੋਂ ਵਿਛੜ ਗਏ ਹਨ, ਉਨ੍ਹਾਂ ਦੇ ਦੁਖੀ ਪ੍ਰੀਵਾਰਾਂ ਨੂੰ ਭੇਜ ਦਿੱਤਾ ਜਾਵੇ। ਹੁਣ ਮੈਂ ਚਾਹਾਂਗਾ ਕਿ 2 ਮਿੰਟ ਲਈ ਉਨ੍ਹਾਂ ਵਿਅਕਤੀਆਂ ਦੀ ਯਾਦ ਵਿਚ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਖੜੇ ਹੋ ਜਾਣ। ਉਸ ਦੇ ਬਾਅਦ ਅੱਜ ਸ਼ਾਮ ਦੀ ਸਿਟਿੰਗ ਉਨ੍ਹਾਂ ਦੀ ਯਾਦ ਵਿਚ ਕੱਲ ਸਵੇਰੇ 9-00 ਵਜੇ ਤਕ ਸਥਗਿਤ ਕਰ ਦੇਵਾਂਗੇ।

(ਇਸ ਵਕਤ ਹਾਊਸ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ 2 ਮਿੰਟ ਲਈ ਮੌਨ ਧਾਰਨ ਲਈ ਖੜੇ ਹੋ ਗਏ)

Mr. Speaker : The House stands adjourned till 9.00 A.M. on Thursday, the 22nd January, 1981.

*

*5.20 P.M.

(The Sabha then adjourned till 9.00 A.M. on Thurday, the 22nd January, 1981).

1803—27-4-81—325—ਪੰਜਾਬ ਸਰਕਾਰ ਪਰੈਸ, ਪਟਿਆਲਾ।

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

22nd January, 1981
(Fore-Noon Sitting)

Vol. II—*No.* 2

OFFICIAL REPORT

CONTENTS

Thursday, the 22nd January, 1981

Punjab Vidhan Sabha Secretariat, Chandigarh.

Price Rs. 76-35

PUNJAB VIDHAN SABHA

Thursday, the 22nd January, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

ਲੰਡਨ ਅਤੇ ਪਾਕਿਸਤਾਨ ਤੋਂ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਸਤਾਂ ਲਿਆਉਣ ਬਾਰੇ।

*295. **ਸਰਦਾਰ ਆਤਮਾ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਉਸ ਟੀਮ ਵਿਚ ਸ਼ਾਮਲ ਅਫਸਰਾਂ ਦੇ ਨਾਂ ਕੀ ਕੀ ਹਨ ਜਿਸ ਨੇ ਚਾਲੂ ਮਾਲੀ ਸਾਲ ਦੌਰਾਨ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਸਤਾਂ ਨੂੰ ਪੰਜਾਬ ਵਿਚ ਲਿਆਉਣ ਲਈ ਲੰਡਨ ਦਾ ਦੌਰਾ ਕੀਤਾ ਅਤੇ ਹਰ ਇਕ ਸਬੰਧੀ ਕਿੰਨਾ ਕਿੰਨਾ ਖਰਚਾ ਆਇਆ;

(ਅ) ਉਪਰੋਕਤ ਟੀਮ ਦੁਆਰਾ ਪੰਜਾਬ ਵਿਚ ਲਿਆਂਦੀਆ ਵਸਤਾਂ ਜਾਂ ਲਿਆਉਣ ਦਾ ਪ੍ਰਬੰਧ ਕੀਤੀਆਂ ਗਈਆਂ ਵਸਤਾਂ ਦੇ ਨਾਂ ਕੀ ਕੀ ਹਨ ?

(ੲ) ਕੀ ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਕੁਰਸੀ (ਗੋਲਡਨ ਚੇਅਰ) ਨੂੰ ਵੀ ਲਿਆਉਣ ਦੇ ਕੋਈ ਪ੍ਰਬੰਧ ਕੀਤੇ ਗਏ ਹਨ; ਜੇਕਰ ਨਹੀਂ, ਤਾਂ ਉਸ ਦੇ ਕੀ ਕਾਰਣ ਹਨ ?

(ਸ) ਕੀ ਪਾਕਿਸਤਾਨ ਤੋਂ ਵੀ ਮਹਾਰਾਜਾ ਰਣਜੀਤ ਸਿੰਘ ਦੀਆਂ ਵਸਤਾਂ ਲਿਆਉਣ ਲਈ ਕੋਈ ਪ੍ਰਬੰਧ ਕੀਤੇ ਗਏ ਹਨ; ਜੇਕਰ ਨਹੀਂ, ਤਾਂ ਉਸ ਦੇ ਕੀ ਕਾਰਣ ਹਨ ?

ਸਰਦਾਰ ਦਰਬਾਰਾ ਸਿੰਘ : (ੳ) ਇਸ ਟੀਮ ਵਿਚ ਸ਼ਾਮਲ ਅਫਸਰਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :—

(1) ਸ੍ਰੀ ਆਈ.ਸੀ.ਪੁਰੀ., ਆਈ.ਏ.ਐਸ., ਮੁੱਖ ਸਕੱਤਰ, ਪੰਜਾਬ ਸਰਕਾਰ

(2) ਸ੍ਰੀ ਮਨਮੋਹਨ ਸਿੰਘ, ਆਈ.ਏ.ਐਸ., ਸਿਖਿਆ ਸਕੱਤਰ, ਪੰਜਾਬ ਸਰਕਾਰ

(3) ਸ੍ਰੀ ਜੇ.ਐਸ. ਗਰੇਵਾਲ, ਮੁਖੀ ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀ-ਵਰਸਿਟੀ, ਅੰਮ੍ਰਿਤਸਰ।

[ਮੁੱਖ ਮੰਤਰੀ]

ਉਕਤ ਦਰਸਾਏ ਹਰ ਇਕ ਅਧਿਕਾਰੀ ਤੇ ਕੇਂਦਰ ਸਰਕਾਰ ਵਲੋਂ ਨਿਸਚਿਤ ਕੀਤੇ ਖਰਚੇ ਹੇਠ ਲਿਖੇ ਅਨੁਸਾਰ ਹਰ ਇਕ ਅਧਿਕਾਰੀ ਦੇ ਸਾਹਮਣੇ ਵਖਾਈ ਗਈ ਹੈ :—

(1)	ਸ੍ਰੀ ਆਈ.ਸੀ. ਪੁਰੀ, (ਹਵਾਈ ਜਹਾਜ਼ ਰਾਹੀਂ ਲੰਦਨ ਅਤੇ ਵਾਪਸੀ ਦਾ ਕਿਰਾਇਆ) ..	22,750-00
	ਰੋਜ਼ਾਨਾ ਭੱਤਾ, ਠਹਿਰਨ ਅਤੇ ਖਾਣ ਦਾ ਅਤੇ ਲੋਕਲ ਟਰਾਂਸਪੋਰਟ ਦਾ ਖ਼ਰਚਾ ..	3,315-00
(2)	ਸਰਦਾਰ ਮਨਮੋਹਨ ਸਿੰਘ (ਹਵਾਈ ਜਹਾਜ਼ ਰਾਹੀਂ ਲੰਦਨ ਜਾਣ ਅਤੇ ਵਾਪਸੀ ਦਾ ਖ਼ਰਚਾ) ..	14,580-00
	ਰੋਜ਼ਾਨਾ ਭੱਤਾ, ਠਹਿਰਨ, ਖਾਣ ਅਤੇ ਲੋਕਲ ਟਰਾਂਸਪੋਰਟ ਦਾ ਖ਼ਰਚਾ ..	5,890-00
(3)	ਡਾ: ਜੇ.ਐਸ. ਗਰੇਵਾਲ (ਹਵਾਈ ਜਹਾਜ਼ ਰਾਹੀਂ ਲੰਦਨ ਜਾਣ ਅਤੇ ਵਾਪਸੀ ਦਾ ਕਿਰਾਇਆ) ..	14,580-00
	ਰੋਜ਼ਾਨਾ ਭੱਤਾ, ਠਹਿਰਨ, ਖਾਣ ਅਤੇ ਲੋਕਲ ਟਰਾਂਸਪੋਰਟ ਦਾ ਖ਼ਰਚਾ ..	5,890-00

(ਅ) ਇਸ ਬਾਰੇ ਸੂਚਨਾ ਸਭਾ ਦੀ ਮੇਜ਼ ਤੇ ਰੱਖੀ ਗਈ ਹੈ ।

(ੲ) ਨਹੀਂ ਜੀ । ਮਹਾਰਾਜਾ ਰਣਜੀਤ ਸਿੰਘ ਦੀ ਨਿੱਜੀ ਸੁਨਹਿਰੀ ਕੁਰਸੀ ਨੂੰ ਪ੍ਰਦਰਸ਼ਨੀ ਲਈ ਪ੍ਰਾਪਤ ਕਰਨ ਹਿੱਤ ਯੂ.ਕੇ. ਵਿਖੇ ਭਾਰਤੀ ਹਾਈ ਕਮਿਸ਼ਨ ਰਾਹੀਂ ਅਤੇ ਯੂ.ਕੇ. ਸਰਕਾਰ ਦੇ ਵਿਦੇਸ਼ੀ ਵਿਭਾਗ ਰਾਹੀਂ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਪੈਦਾ ਕੀਤਾ ਪਰੰਤੂ ਵਿਕਟੋਰੀਆ ਅਤੇ ਐਲਬਰਟ ਮਿਊਜ਼ੀਅਮ ਦੇ ਅਧਿਕਾਰੀਆਂ ਨੇ ਕੁਰਸੀ ਦੀ ਖਸਤਾ ਹਾਲਤ ਹੋਣ ਕਾਰਣ ਦੇਣ ਤੋਂ ਇਨਕਾਰ ਕਰ ਦਿੱਤਾ ।

(ਸ) ਪਾਕਿਸਤਾਨ ਵਿਖੇ ਭਾਰਤੀ ਮਿਸ਼ਨ ਅਤੇ ਵਿਦੇਸ਼ੀ ਮਾਮਲਿਆਂ ਨਾਲ ਸਬੰਧਤ ਭਾਰਤੀ ਵਿਭਾਗ ਨੂੰ ਪਾਕਿਸਤਾਨ ਤੋਂ ਵਸਤਾਂ ਲਿਆਉਣ ਲਈ ਪਹੁੰਚ ਕੀਤੀ ਗਈ ਸੀ ਜਿਸ ਵਿਚ ਸ਼ਹਿਜ਼ਾਦੀ ਬੰਬਾਂ ਦੀਆਂ ਵਸਤਾਂ ਜੋ ਲਾਹੌਰ ਨਾਲ ਸਬੰਧਤ ਹਨ, ਖਾਸ ਮਹੱਤਤਾ ਰੱਖਦੀਆਂ ਹਨ, ਦੀ ਪ੍ਰਾਪਤੀ ਲਈ ਪਹੁੰਚ ਕੀਤੀ ਗਈ । ਪਾਕਿਸਤਾਨ ਸਰਕਾਰ ਨੇ ਵੀ ਅੰਮ੍ਰਿਤਸਰ ਵਿਖੇ ਪ੍ਰਦਰਸ਼ਨੀ ਲਈ ਕੁਝ ਕੀਮਤੀ ਕਲਾ ਅਤੇ ਪੁਰਾਤਨਤਾ ਦੇ ਨਮੂਨੇ ਪ੍ਰਦਰਸ਼ਨੀ ਹਿੱਤ ਦਿੱਤੇ ।

STATEMENT

OBJECTS FROM VICTORIA AND ALBERT MUSEUM, LONDON

1. Coat of chain mail, with red and gold brocade edging.
2. Pair of trousers. Chain mail with silk waist band.
3. Helmet, hemispherical with sliding noseguard and coil of mail.
4. Arm guards (2), terminating in open gauntles of chain mail.
5. Shield, steel damascened with gold.
6. Cuirass, composed of 4 plates, each covered with open foliated arabesques damascened in gold.
7. Sabre "Talwar". Hilt with double hand guard gold plated. Purple velvet scabbard.
8. Shield "Dhal". Steel, damascened with gold. 4 hemispherical bosses encrusted with diamonds.
9. Sabre "Talwar". Steel blade, guarded hilt with bas-relief floral ornaments, gilt and panelled.
10. Painting in opaque water colour on paper. A Sikh warrior in chain mail on horseback. Sikh, Punjab Plains, c. 1840-45.
11. Painting in opaque water colour on paper. A portrait of Maharaja Ranjit Singh. Sikh, Punjab Plains, c. 1840.
12. Painting in opaque water colour n paper. A portrait of Maharaja Kharak Singh. Punjab Plains, c. 1840.
13. Painting in opaque water colour on paper. A portrait of Nau Nihal Singh. Punjab Plains, 1840.
14. Painting in opaque water colour on paper. A portrait of Raja Dhian Singh on horseback. Sikh Punjab Plains, c. 1840.
15. Painting in opaque water colour on paper. Two Sikhs on horseback. Sikh, Punjab Plains, c. 1835.
16. Painting in opaque water colour on paper. Maharaja Ranjit Singh on horseback. Sikh, Punjab Plains, 1835-40.
17. Painting in opaque water colour on paper. A portrait of Maharaja Kharak Singh. Sikh, Punjab Plains, c. 1875-40.
18. Painting in opaque water colour on paper. Maharaja Ranjit Singh seated with Hira Singh. Sikh, Punjab Plains, c. 1838-40.
19. Painting in opaque water colour on paper. A portrait of Raja Dhian Singh- Sikh, Punjab Plains, c. 1838-40.
20. Line drawing with white priming. Ajit Singh Sandhawalia seated with a companion. Sikh, Punjab Plains, c. 1835-40.
21. Tinted line drawing in white, black and brown. Two profiles of Dina Nath Sikh, Punjab Plains, c. 1840-45.
22. Painting in opaque water colour on paper. Raja Suchet Singh seated with Raja Dhian Singh. Sikh, Punjab Plains, c. 1840.
23. Painting in opaque water colour on paper. Maharaja Ranjit Singh on horseback with an armed escort. Sikh, Punjab Plains, c. 1835-40.
24. Painting in opaque water colour on paper. A Sikh Sardar, perhaps Lehna Singh Majithia, receiving petitions. Sikh Punjab Plains, c. 1840.
25. Miniature painting of Maharaja Ranjit Singh. Sikh, Lahore, c. 1850-70.

[ਮੁੱਖ ਮੰਤਰੀ]

26. Miniature painting of Kharak Singh. Sikh, Lahore, c. 1850-70.
27. Miniature painting of Nau Nihal Singh. Sikh Lahore c. 1850-70.
28. Miniature painting of Sher Singh. Sikh, Lahore, c. 1850-70.
29. Miniature painting of Rani Jindan. Sikh, Lahore, c. 1850-70.
30. Miniature painting of Maharaja Dalip Singh. Sikh, Lahore, c. 1850-70.
31. Miniature painting of Partap Singh son of Sher Singh. Sikh, Lahore, c. 1850-70.
32. Miniature painting of Sham Singh Atariwala. Sikh, Lahore, c. 1850-70.
33. Miniature painting of Sher Singh Atariwala. Sikh, Lahore, c. 1850-70.
34. Miniature painting of Chattar Singh Atariwala. Sikh, Lahore, c. 1850-70.
35. Miniature painting of Dhian Singh. Sikh, Lahore, 1850-70.
36. Miniature painting of Gulab Singh. Sikh, Lahore, c. 1850-70.
37. Miniature painting of Suchet Singh. Sikh, Lahore, c. 1850-70.
38, Miniature painting of Hira Singh. Sikh, Lahore, 1850-70.
39. Miniature painting of Sikh Sardar (Misinscribed as Hari Singh, Ranjit Singh's father.) Sikh, Lahore, c, 1850-70.
40. Miniature painting of Nur-ud-din. Sikh, Lahore, c. 1850-70.
41. Miniature painting of Diwan Dina Nath, Sikh, Lahore, c. 1850-70.
42. Miniature painting of Tej Singh. Sikh, Lahore, c. 1850-70.
43. Miniature painting of Mul Raj, Governor of Multan. Sikh, Lahore, c. 1850-70.
44. Miniature painting of Golden Temple, in its own gold frame.

OBJECTS FROM INDIA OFFICE LIBRARY AND RECORDS LONDON

PICTURES

1. Ranjit Singh
2. Sher Singh
3. Ranjit Singh
4. Nau Nihal Singh
5. Ahmad Ali Khan
6. Gulab Singh
7. Udham Singh and Sohan Singh
8. Dhian Singh
9. Dalip Singh.

MINIATURES

1. Miniatures of Sikh heroes (9)
2. Miniatures of Sikh heroes (10)
3. Miniatures of Sikh heroes (10)
4. Miniatures of Sikh heroes (10)

MANUSCRIPTS

1. Rani Jindan's Sacred Book (Punjabi)
2. Ranjit Singh Lahorevale yanci bakhar (Marathi)
3. Jang-i-Khurasan (Urdu)
4. Tarikh-i-Punjab.

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਸਾਡੇ ਪੰਜਾਬ ਦੇ 3 ਅਫ਼ਸਰ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਸਤਾਂ ਲੈਣ ਲਈ ਗਏ ਸਨ। ਸ੍ਰੀ ਪੁਰੀ, ਚੀਫ਼ ਸੈਕਟਰੀ ਤੇ 26 ਹਜ਼ਾਰ ਰੁਪਏ ਖ਼ਰਚ ਹੋਏ, ਸੈਕਟਰੀ ਐਜੂਕੇਸ਼ਨ ਤੇ 20,470/- ਰੁਪਏ ਅਤੇ ਇਸੇ ਤਰ੍ਹਾਂ ਤੀਸਰੇ ਦਾ ਖ਼ਰਚਾ ਵੀ 20,470/- ਰੁਪਏ ਹੋਇਆ। ਕੁਲ ਖ਼ਰਚਾ ਲਗਭਗ 67 ਹਜ਼ਾਰ ਰੁਪਏ ਹੋਇਆ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੋਈ ਐਸਾ ਪ੍ਰਬੰਧ ਨਹੀਂ ਸੀ ਕੀਤਾ ਜਾ ਸਕਦਾ ਕਿ ਸਰਕਾਰ ਦਾ ਇਹ ਪੈਸਾ ਬਚਾ ਕੇ ਲੰਦਨ ਵਿਚ ਜੋ ਭਾਰਤ ਦਾ ਹਾਈ ਕਮਿਸ਼ਨਰ ਹੈ ਉਸ ਦੇ ਰਾਹੀਂ ਇਹ ਵਸਤਾਂ ਸਿਧੀਆਂ ਮੰਗਾਈਆਂ ਜਾਂਦੀਆਂ ?

ਮੁੱਖ ਮੰਤਰੀ: ਇਹ ਖ਼ਰਚਾ ਇਸ ਕਰਕੇ ਕੀਤਾ ਗਿਆ ਤਾਂ ਕਿ ਵਸਤਾਂ ਸ਼ੀਘਰ ਆ ਜਾਣ। ਉਸ ਤਰ੍ਹਾਂ ਸ਼ਾਇਦ ਗੱਲਬਾਤ ਹੀ ਰਹਿੰਦੀ ਅਤੇ ਚੀਜ਼ਾਂ ਇਥੇ ਆਉਣ ਵਿਚ ਢਿੱਲ ਹੋ ਜਾਣੀ ਸੀ ਔਰ ਸ਼ਾਇਦ ਇਹ ਵਸਤਾਂ ਨਾ ਆਉਂਦੀਆਂ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਇਸ ਗੱਲ ਦੇ ਪੇਸ਼ੇ ਨਜ਼ਰ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਅਫ਼ਸਰਾਂ ਨੇ ਕਈ ਵਾਰੀ ਲੰਦਨ ਜਾ ਕੇ ਉਸ ਮਿਊਜ਼ੀਅਮ ਵਿਚ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਸਤਾਂ ਐਗਜ਼ਾਮਿਨ ਕੀਤੀਆਂ ਔਰ ਲਿਸਟਾਂ ਬਣਾਈਆਂ ਕਿ ਕਿਹੜੀ ਕਿਹੜੀ ਚੀਜ਼ ਉਥੋਂ ਲਿਆਂਦੀ ਜਾ ਸਕਦੀ ਹੈ ਔਰ ਉਹ ਲਿਸਟਾਂ ਪੰਜਾਬ ਸਰਕਾਰ ਦੇ ਰਿਕਾਰਡ ਵਿਚ ਮੌਜੂਦ ਸਨ। ਕੀ ਉਸ ਲਿਸਟ ਨੂੰ ਲੈ ਕੇ ਇਹ ਰੁਪਿਆ ਇਨਾਂ ਵਸਤਾਂ ਨੂੰ ਲਿਆਉਣ ਲਈ, ਨਹੀਂ ਸੀ ਬਚਾਇਆ ਜਾ ਸਕਦਾ ?

ਸ੍ਰੀ ਸਪੀਕਰ: ਇਸ ਦਾ ਜਵਾਬ ਪਹਿਲੋਂ ਆ ਗਿਆ ਹੈ ਅਤੇ ਮੁੱਖ ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਢਿੱਲ ਹੋ ਜਾਣੀ ਸੀ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਚੀਜ਼ਾਂ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਪੰਜਾਬ ਵਿਚ ਆਈਆਂ ਹਨ ਕੀ ਇਹ ਜਿਹੜੇ ਅਫ਼ਸਰ ਹਨ ਇਨ੍ਹਾਂ ਨੇ ਸੈਰਸਪਾਟਾ ਕਰਨ ਲਈ ਆਪਣੇ ਪਰਸਨਲ ਟੂਰ ਬਣਾ ਕੇ ਰੁਪਿਆ ਖ਼ਰਚ ਕੀਤਾ ਹੈ ? ਇਹ ਜਿਹੜੀਆਂ ਚੀਜ਼ਾਂ ਹਨ, ਸਾਡੇ ਪੰਜਾਬੀ ਜਿਹੜੇ ਬ੍ਰਿਟੇਨ (ਲੰਡਨ) ਵਿਚ ਬੈਠੇ ਹਨ ਉਹ ਬੜੇ ਰਸੂਖ ਵਾਲੇ ਹਨ, ਉਹ ਆਪਣੇ ਰਸੂਖ ਨਾਲ ਉਹ ਚੀਜ਼ਾਂ ਭਿਜਵਾ ਸਕਦੇ ਸਨ। ਕੀ ਇਹ ਠੀਕ ਹੈ ਕਿ ਇਹ ਜਿਹੜਾ ਰੁਪਿਆ ਖ਼ਰਚ ਹੋਇਆ ਹੈ ਇਹ ਅਫ਼ਸਰਾਂ ਦੇ ਨਿੱਜੀ ਸੈਰ ਸਪਾਟੇ ਅਤੇ ਫ਼ਜ਼ੂਲ ਖ਼ਰਚੀ ਤੇ ਖ਼ਰਚ ਹੋਇਆ ਹੈ ?

ਮੁੱਖ ਮੰਤਰੀ: ਬਿਲਕੁਲ ਗਲਤ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਵਸਤਾਂ ਦੀ ਲਿਸਟ ਸਪਲਾਈ ਕੀਤੀ ਗਈ ਹੈ ਇਸ ਦੇ ਵਿਚ ਕੁਝ ਐਸੀਆਂ ਤਸਵੀਰਾਂ ਹਨ ਜਿਹੜੀਆਂ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਹਨ ਔਰ ਇਹ ਬਹੁਤ ਰੁਪਿਆ ਖ਼ਰਚ ਕਰਕੇ ਮੰਗਵਾਈਆਂ ਗਈਆਂ ਸਨ। ਅਸੰਬਲੀ ਸਕੱਤਰੇਤ ਦੀ ਹੇਠਲੀ ਮੰਜ਼ਿਲ ਤੇ ਜੋ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲਗਾਈ ਸੀ ਉਨ੍ਹਾਂ ਦੀ ਸ਼ਤਾਬਦੀ ਮਨਾਉਣ ਲਈ ਉਹ ਤਸਵੀਰ ਉਥੋਂ ਉਤਾਰ ਦਿੱਤੀ ਗਈ ਹੈ ਇਸ ਦੀ ਕੀ ਵਜਾ ਹੈ ?

ਮੁੱਖ ਮੰਤਰੀ: ਇਹ ਚੀਜ਼ ਤੁਸੀਂ ਮੇਰੇ ਨੋਟਿਸ ਵਿਚ ਲਿਆਂਦੀ ਹੈ, ਮੈਂ ਵੇਖ ਕੇ ਇਹ ਦੱਸ ਸਕਦਾ ਹਾਂ ।

ਸਰਦਾਰ ਅਵਤਾਰ ਸਿੰਘ ਗਟਵਾਲੀ: ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਦੇ ਸਵਾਲ ਵਿਚ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਸਤਾਂ ਲਿਆਉਣ ਤੇ 67 ਹਜ਼ਾਰ ਰੁਪਿਆ ਖ਼ਰਚ ਆਇਆ ਹੈ । ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਕੀ ਇਸ ਤੋਂ ਪਹਿਲੀ ਸਰਕਾਰ ਵੇਲੇ ਵੀ ਕੋਈ ਸਰਕਾਰੀ ਅਫ਼ਸਰ ਇਸ ਕੰਮ ਲਈ ਗਏ ਸਨ ?

ਮੁੱਖ ਮੰਤਰੀ: ਹਾਂ ਜੀ, ਗਏ ਸਨ, ਪਰ ਉਨ੍ਹਾਂ ਨੂੰ ਇਸ ਵਿਚ ਕੋਈ ਕਾਮਯਾਬੀ ਨਹੀਂ ਸੀ ਮਿਲ ਸਕੀ ।

ਸ਼੍ਰੀ ਸਪੀਕਰ: ਨੈਕਸਟ ਕੁਐਸਚਨ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਪਹਿਲੇ ਕੁਐਸਚਨ ਤੇ ਸਪਲੀਮੈਂਟਰੀ ਕਰਨੀ ਹੈ ਕਿ ਸਾਡੇ ਚੀਫ਼ ਸੈਕਟਰੀ ਸਾਹਿਬ ਵੀ ਬਾਈ ਏਅਰ ਗਏ ਹਨ ਅਤੇ ਬਾਕੀਆਂ ਨਾਲੋਂ ਉਨ੍ਹਾਂ ਦਾ ਕਿਰਾਇਆ ਡਿਉਢਾ ਖ਼ਰਚ ਆਇਆ ਇਸ ਦੇ ਕੀ ਕਾਰਨ ਹਨ ?

Mr. Speaker: Not allowed. Next question please.

SEIZURE OF CEMENT BAGS WITHIN THE LIMITS OF MUNICIPAL CORPORATION, LUDHIANA

*257. **Master Babu Singh:** Will the Chief Minister be pleased to state :—

(a) the total number of Cement bags seized from Gill Road situated within the limits of Municipal Corporation, Ludhiana on 15th September, 1980 by the police and the names of persons arrested in connection therewith;

(b) the steps taken by the Government to check the black marketing in Cement ?

ਸਰਦਾਰ ਦਰਬਾਰਾ ਸਿੰਘ : (ੳ) ਕੋਈ ਨਹੀਂ ਜੀ ।

(ਅ) ਸੀਮਿੰਟ ਦੀ ਬਲੈਕ ਮਾਰਕੀਟ ਨੂੰ ਰੋਕਣ ਲਈ ਇਸ ਦੀ ਵੰਡ ਪਰਮਿਟਾਂ ਰਾਹੀਂ ਕੀਤੀ ਜਾਂਦੀ ਹੈ ਤੇ ਸਪਲਾਈ ਤੇ ਕੜੀ ਨਿਗਾਹ ਰੱਖੀ ਜਾਂਦੀ ਹੈ । ਇਸੇ ਸਬੰਧੀ ਛਾਪੇ ਭੀ ਮਾਰੇ ਜਾਂਦੇ ਹਨ ਤੇ ਦੋਸ਼ੀਆਂ ਵਿਰੁੱਧ ਮੁਕੱਦਮੇ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਜੀ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਿਨੋਦ ਵਾਲੀਆ ਤੋਂ ਸੀਮਿੰਟ ਦੀ 8 ਹਜ਼ਾਰ ਬੋਰੀ ਫੜੀ ਗਈ ਹੈ ਅਤੇ 1400 ਬੋਰੀ ਰੇਲਵੇ ਸਟੇਸ਼ਨ ਤੋਂ ਫੜੀ ਗਈ ਹੈ । ਕੀ ਕਿਸੇ ਐਮ.ਪੀ. ਸਾਹਿਬ ਨੇ ਬੋਗਸ ਫਰਮਾਂ ਦੀ ਕਨਫਰਮੇਸ਼ਨ ਨਹੀਂ ਕੀਤੀ ਕੀ ਚੀਫ਼ ਮਨਿਸਟਰ ਸਾਹਿਬ ਇਸਦੀ ਇਨਕੁਆਰੀ ਕਰਾਉਣਗੇ ਅਤੇ ਹਾਊਸ ਵਿਚ ਇਸਦਾ ਜਵਾਬ ਦੇਣਗੇ ?

ਮੁੱਖ ਮੰਤਰੀ: ਮੈਂਬਰ ਸਾਹਿਬ ਨੇ, ਸਪੀਕਰ ਸਾਹਿਬ, ਪਾਰਟੀਕੁਲਰ ਕੁਐਸਚਨ ਕੀਤਾ ਹੈ। ਇਸਦਾ ਮੈਂ ਵੇਖ ਕੇ ਹੀ ਜਵਾਬ ਦੇ ਸਕਦਾ ਹਾਂ।

ਮਾਸਟਰ ਬਾਬੂ ਸਿੰਘ: ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਗਿੱਲ ਰੋਡ ਤੇ ਦੋ ਗੋਦਾਮ ਹਨ। ਉਨ੍ਹਾਂ ਵਿਚੋਂ 8,000 ਬੋਰੀ ਸੀਮਿੰਟ ਦੀ ਫੜੀ ਗਈ ਹੈ ਵਿਨੋਦ ਵਾਲੀਆ ਕੋਲੋਂ ਅਤੇ 1,400 ਬੋਰੀ ਰੇਲਵੇ ਸਟੇਸ਼ਨ ਤੋਂ ਫੜੀ ਗਈ ਹੈ ? ਕੀ ਇਹ ਇਨਫਰਮੇਸ਼ਨ ਇਨ੍ਹਾਂ ਦੇ ਕੋਲ ਹੈ ? ਜੇ ਅੱਜ ਨਹੀਂ ਦੇ ਸਕਦੇ ਤਾਂ ਕੀ ਬਾਅਦ ਵਿਚ ਇਸਦਾ ਜਵਾਬ ਦੇ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਮੇਰਾ ਪਹਿਲਾ ਜਵਾਬ ਸ਼ਾਇਦ ਸੁਣਿਆਂ ਨਹੀਂ। ਮੈਂ ਤਾਂ ਪਹਿਲਾਂ ਹੀ ਇਹੀ ਕਿਹਾ ਸੀ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਦੋ ਕੇਸ ਰਜਿਸਟਰ ਹੋਏ ਹਨ ਅਤੇ ਜਿਨ੍ਹਾਂ ਦੀ ਅਖ਼ਬਾਰਾਂ ਵਿਚ ਬੜੀ ਚਰਚਾ ਹੋਈ ਹੈ ਕਿ 8,000 ਬੋਰੀ ਸੀਮਿੰਟ ਦੀ ਫੜੀ ਗਈ ਹੈ ਅਤੇ ਇਕ ਜਗ੍ਹਾ 1,400 ਬੋਰੀ ਫੜੀ ਗਈ ਹੈ। ਮੁਲਜ਼ਮ ਨੇ ਬਿਆਨ ਦਿੱਤਾ ਹੈ ਕਿ ਮੈਨੂੰ ਕਈ ਐਮ.ਪੀਜ਼. ਦੀ ਸਪੋਰਟ ਹੈ ਅਤੇ ਮੈਂ ਬੋਗਸ ਫਰਮਾਂ ਬਣਾ ਕੇ ਇਹ ਮਾਲ ਲਿਆਉਂਦਾ ਰਿਹਾ ਹਾਂ। ਕੀ ਮੁੱਖ ਮੰਤਰੀ ਸਾਹਿਬ ਇਸ ਕੇਸ ਦੀ ਸੀ.ਬੀ.ਆਈ. ਕੋਲੋਂ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ: ਜੇ ਕੋਈ ਇਨਕੁਆਇਰੀ ਹੋਈ ਹੈ ਤਾਂ ਮੈਂ ਉਸਦਾ ਪਤਾ ਦਿਆਂਗਾ ਅਤੇ ਜੇ ਨਹੀਂ ਹੋਈ ਤਾਂ ਇਨਕੁਆਇਰੀ ਕਰਾਵਾਂਗਾ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਤਾਂ ਦੋ ਸਪੈਸੀਫਿਕ ਕੇਸ ਹੋਏ ਹਨ। ਹੋਰ ਵੀ ਕਈ ਬਲੈਕ-ਮਾਰਕੀਟੀਏ ਹਨ ਜਿਹੜੇ ਸੀਮਿੰਟ ਦੀ ਬੜੀ ਵੱਡੀ ਪੱਧਰ ਤੇ ਬਲੈਕ ਕਰਦੇ ਹਨ ਕੀ ਉਨ੍ਹਾਂ ਦੇ ਖਿਲਾਫ ਨੈਸ਼ਨਲ ਸਿਕਿਉਰਟੀ ਐਕਟ ਲਾਗੂ ਕਰਨਗੇ ?

ਮੁੱਖ ਮੰਤਰੀ : ਬਲੈਕਮਾਰਕੀਟੀਏ ਅਸੀਂ ਅੱਗੇ ਬਹੁਤ ਫੜੇ ਹਨ। ਜਿਹੜੇ ਹੋਰ ਪਤਾ ਲੱਗਣਗੇ ਉਨ੍ਹਾਂ ਨੂੰ ਵੀ ਅੰਦਰ ਦਿਆਂਗੇ।

ਸ੍ਰੀ ਸਪੀਕਰ: ਅਗਲਾ ਸਵਾਲ ਸ੍ਰੀ ਸੁਰਿੰਦਰ ਕਪੂਰ :

(ਇਸ ਵੇਲੇ ਬਹੁਤ ਸਾਰੇ ਆਪੋਜੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਸਪਲੀਮੈਂਟਰੀ ਸਵਾਲ ਪੁੱਛਣ ਦੀ ਆਗਿਆ ਮੰਗ ਰਹੇ ਸਨ)

Mr. Speaker : No, I have called upon next question. Mr. Surinder Kapur.

HOUSE RENT ALLOWANCE TO THE GOVERNMENT EMPLOYEES WORKING IN BHATINDA CITY

*269. **Shri Surinder Kapoor**: Will the Minister for Finance be pleased to state whether the Government has taken any decision to give House Rent Allowance at the enhanced rates, under the rules to Government employees working in Bhatinda city, population of which has crossed over a lakh, if so, the date from which the decision is likely to be implemented ?

ਡਾਕਟਰ ਕੇਵਲ ਕ੍ਰਿਸ਼ਨ: ਨਹੀਂ ਜੀ । ਰਾਜ ਸਰਕਾਰ ਨੇ ਅਜਿਹਾ ਕੋਈ ਫੈਸਲਾ ਨਹੀਂ ਲਿਆ ਹੈ । 1971 ਦੀ ਮਰਦਮ ਸ਼ੁਮਾਰੀ ਅਨੁਸਾਰ ਬਠਿੰਡਾ ਸ਼ਹਿਰ ਦੀ ਅਬਾਦੀ ਇਕ ਲੱਖ ਤੋਂ ਘੱਟ ਸੀ. ਇਸ ਲਈ ਇਸ ਸ਼ਹਿਰ ਨੂੰ ਮਕਾਨ ਕਿਰਾਇਆ ਭੱਤਾ ਦੇਣ ਸਬੰਧੀ ਦਰਜਾ II ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਸੀ।

ਸ਼੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡੇ ਸ਼ਹਿਰ ਦੀ ਅਬਾਦੀ 1 ਲੱਖ ਤੋਂ ਉਪਰ ਹੋ ਚੁਕੀ ਹੈ ਅਤੇ ਇਸ ਸਬੰਧ ਵਿਚ ਅੰਕੜੇ ਸਰਕਾਰ ਕੋਲ ਪਿਛਲੇ ਚਾਰ ਸਾਲਾਂ ਤੋਂ ਜਾ ਚੁਕੇ ਹਨ। ਪਰ ਉਥੇ ਸਰਕਾਰੀ ਮੁਲਾਜ਼ਮਾਂ ਨੂੰ ਸਾਢੇ ਬਾਰਾਂ ਫੀ ਸਦੀ ਹਾਊਸ ਰੈਂਟ ਅਲਾਊਂਸ ਨਹੀਂ ਦਿੱਤਾ ਜਾ ਰਿਹਾ । ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਇਸਦਾ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਕੋਲ ਇਹ ਅੰਕੜੇ ਮੌਜੂਦ ਹਨ ਤਾਂ ਫਿਰ ਉਥੇ ਇਹ ਅਲਾਊਂਸ ਸਾਢੇ ਬਾਰਾਂ ਫੀ ਸਦੀ ਦੇ ਹਿਸਾਬ ਨਾਲ ਕਿਉਂ ਨਹੀਂ ਦਿਤਾ ਜਾ ਰਿਹਾ ?

ਮੰਤਰੀ: ਮੈਂ ਮਾਨਯੋਗ ਮੈਂਬਰ ਦੀ ਸੇਵਾ ਵਿਚ ਅਰਜ਼ ਕਰਨਾ ਚਾਹਾਂਗਾ ਕਿ ਅਜੇ ਮਰਦਮਸ਼ੁਮਾਰੀ 9 ਫਰਵਰੀ ਤੋਂ ਸ਼ੁਰੂ ਹੋਣੀ ਹੈ । ਇਸਦੇ ਅੰਕੜੇ ਸਰਕਾਰ ਕੋਲ ਮਾਰਚ ਵਿਚ ਪਹੁੰਚ ਜਾਣਗੇ ਅਤੇ ਉਸਦੇ ਬਾਅਦ ਅਸੀਂ ਜੇ ਇਸ ਸ਼ਹਿਰ ਦੀ ਆਬਾਦੀ 1 ਲੱਖ ਤੋਂ ਵੱਧ ਹੋਵੇਗੀ ਤਾਂ ਉਥੇ ਸਰਕਾਰੀ ਮੁਲਾਜ਼ਮਾਂ ਨੂੰ ਸਾਢੇ ਬਾਰਾਂ ਫੀਸਦੀ ਹਾਊਸ ਰੈਂਟ ਅਲਾਊਂਸ ਦੇ ਦੇਵਾਂਗੇ ।

ਸ਼੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਸਰਕਾਰ ਦੇ ਆਪਣੇ ਸਟੈਟਿਸਟੀਕਲ ਡਿਪਾਰਟਮੈਂਟ ਨੇ ਬਠਿੰਡੇ ਸ਼ਹਿਰ ਦੀ ਆਬਾਦੀ ਪਿਛਲੇ ਕਈ ਸਾਲਾਂ ਤੋਂ 1 ਲੱਖ ਤੋਂ ਵੱਧ ਦਿਖਾਈ ਹੈ ਅਤੇ ਮੁਲਾਜ਼ਮਾਂ ਦਾ ਹਾਊਸ ਰੈਂਟ ਦਾ ਕੇਸ ਪਿਛਲੇ ਚਾਰ ਸਾਲਾਂ ਤੋਂ ਲਮਕਦਾ ਆ ਰਿਹਾ ਹੈ । 1981 ਵਿਚ ਮਰਦਮਸ਼ੁਮਾਰੀ ਹੋਣੀ ਹੈ । ਕੀ ਇਸ ਤਰੀਕੇ ਨਾਲ ਜੇ ਮਰਦਮਸ਼ੁਮਾਰੀ 10 ਸਾਲ ਬਾਅਦ ਹੋਵੇ ਤਾਂ ਉਨ੍ਹਾਂ ਨੂੰ ਇਹ ਅਲਾਊਂਸ ਲੈਣ ਵਾਸਤੇ 10 ਸਾਲ ਇੰਤਜ਼ਾਰ ਕਰਨਾ ਪਵੇਗਾ ?

ਮੰਤਰੀ: ਸਪੀਕਰ ਸਾਹਿਬ, ਮਰਦਮਸ਼ੁਮਾਰੀ ਹਰ 10 ਸਾਲ ਦੇ ਬਾਅਦ ਹੁੰਦੀ ਹੈ । ਹਾਊਸ ਰੈਂਟ ਅਲਾਊਂਸ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਆਧਾਰ ਤੇ ਦਿੱਤਾ ਜਾਂਦਾ ਹੈ । ਇਸਦੇ ਆਧਾਰ ਤੇ ਸਰਕਾਰ ਨੇ ਪਹਿਲਾਂ ਫੈਸਲਾ ਕੀਤਾ ਸੀ ਅਤੇ ਹੁਣ ਵੀ ਇਸੇ ਆਧਾਰ ਤੇ ਸਰਕਾਰ ਫੈਸਲਾ ਕਰਗੀ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਸ਼ਹਿਰਾਂ ਦੀ ਆਬਾਦੀ ਦਿਨ-ਬਦਿਨ ਵਧ ਰਹੀ ਹੈ । ਬਠਿੰਡੇ ਦੀ ਆਬਾਦੀ ਬਹੁਤ ਵੱਧ ਰਹੀ ਹੈ । ਪੰਜਾਬ ਦੇ ਹੋਰ ਸ਼ਹਿਰਾਂ ਦੀ ਵੀ ਆਬਾਦੀ ਵੱਧ ਗਈ ਹੈ । ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਰਦਮਸ਼ੁਮਾਰੀ ਦੀ ਸ਼ਰਤ ਨੂੰ ਹਟਾ ਕੇ ਜਿਹੜੇ ਅੰਕੜੇ ਸਰਕਾਰ ਕੋਲ ਮੌਜੂਦ ਹਨ, ਉਨ੍ਹਾਂ ਦੇ ਮੁਤਾਬਿਕ ਜਿਥੇ ਇਹ ਭੱਤਾ ਡਿਉ ਬਣਦਾ ਹੈ, ਕੀ ਉਹ ਦੇਣਗੇ ਤਾਕਿ ਮੁਲਾਜ਼ਮਾਂ ਵਿਚ ਬੇਚੈਨੀ ਨਾ ਹੋਵੇ?

ਮੰਤਰੀ: ਕਾਇਦੇ ਕਾਨੂੰਨ ਦੇ ਮੁਤਾਬਿਕ ਮਰਦਮਸ਼ੁਮਾਰੀ ਨੂੰ ਮੁੱਖ ਰੱਖ ਕੇ ਹੀ ਇਹ ਫੈਸਲਾ ਕੀਤਾ ਜਾਂਦਾ ਹੈ । ਹੋਰ ਕੋਈ ਆਧਾਰ ਰੱਖ ਕੇ ਇਹ ਫੈਸਲਾ ਨਹੀਂ ਕੀਤਾ ਜਾ ਸਕਦਾ ।

ਸਰਦਾਰ ਸੁਖਜਿੰਦਰ ਸਿੰਘ ਖੈਰਾ: ਸਪੀਕਰ ਸਾਹਿਬ, ਜਿਨ੍ਹਾਂ ਸ਼ਹਿਰਾਂ ਦੀ ਆਬਾਦੀ ਮਰਦਮਸ਼ੁਮਾਰੀ ਵੇਲੇ ਬਹੁਤ ਘੱਟ ਹੋਵੇ ਉਥੇ ਤਾਂ 10 ਸਾਲ ਉਡੀਕਣਾ ਠੀਕ ਹੈ ਪਰ ਜਿਹੜੇ ਸ਼ਹਿਰਾਂ ਦੀ ਆਬਾਦੀ ਬਿਲਕੁਲ ਕਲੋਜ਼ ਪ੍ਰੌਕਸੀਮਿਟੀ ਵਿਚ ਹੋਵੇ, ਇਕ ਲੱਖ ਦੇ ਨੇੜੇ ਹੋਵੇ, ਉਥੇ ਮੈਂ ਸਮਝਦਾ ਹਾਂ ਕਿ 10 ਸਾਲ ਤਕ ਉਡੀਕਣਾ ਲੋਕਾਂ ਨਾਲ ਬਹੁਤ ਧੱਕਾ ਹੈ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸ਼ਹਿਰਾਂ ਦੀ ਆਬਾਦੀ ਕਿਸੇ ਹੱਦ ਦੇ ਨਜ਼ਦੀਕ ਹੋਵੇ ਤਾਂ ਕੀ 2, 3 ਸਾਲਾਂ ਦੇ ਬਾਅਦ ਦੁਬਾਰਾ ਅੰਕੜੇ ਲੈ ਕੇ, ਜੇ ਉਹ ਮਿੱਥੀ ਹੱਦ ਟੱਪ ਜਾਵੇ ਤਾਂ ਮੁਲਾਜ਼ਮਾਂ ਨੂੰ ਭੱਤਾ ਦੇਣਗੇ? ਕੀ ਕੈਬਨਿਟ ਇਸ ਗੱਲ ਤੇ ਵਿਚਾਰ ਕਰੇਗੀ ਕਿਉਂਕਿ ਇਹ ਪ੍ਰਿੰਸੀਪਲ ਦੀ ਗੱਲ ?

ਮੰਤਰੀ: ਇਹ ਪਾਲਿਸੀ ਮੈਟਰ ਹੈ । ਪਹਿਲਾਂ ਵੀ ਪੰਜਾਬ ਸਰਕਾਰ ਪਾਲਿਸੀ ਦੇ ਮੁਤਾਬਿਕ ਫੈਸਲਾ ਕਰਦੀ ਸੀ ਅਤੇ ਹੁਣ ਵੀ ਉਸੇ ਪਾਲਿਸੀ ਦੇ ਮੁਤਾਬਿਕ ਹੀ ਫੈਸਲਾ ਕੀਤਾ ਜਾਵੇਗਾ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ, ਪਿੰਡਾਂ ਵਿਚ ਟੀਚਰ ਅਤੇ ਮੁਲਾਜ਼ਮ ਜਾਂਦੇ ਨਹੀਂ ਅਤੇ ਨਾ ਹੀ ਘੱਟ ਆਬਾਦੀ ਵਾਲੇ ਸ਼ਹਿਰਾਂ ਵਿਚ ਜਾਂਦੇ ਹਨ ਕਿਉਂਕਿ ਉਥੇ ਭੱਤਾ ਨਹੀਂ ਮਿਲਦਾ । ਪਿੰਡਾਂ ਦੇ ਲੋਕਾਂ ਨੂੰ ਸਹੂਲਤ ਦੇਣ ਵਾਸਤੇ ਕੀ ਸਰਕਾਰ ਆਪਣੇ ਕਾਇਦੇ ਕਾਨੂੰਨ ਨੂੰ ਬਦਲਣ ਨੂੰ ਤਿਆਰ ਹੈ ਤਾਕਿ ਮੁਲਾਜ਼ਮ ਪਿੰਡਾਂ ਵਿਚ ਜਾਣ ਨੂੰ ਤਿਆਰ ਹੋ ਜਾਣ?

ਮੰਤਰੀ: ਇਸ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਸਬੰਧ ਨਹੀਂ । ਇਹ ਅਲੱਗ ਸਵਾਲ ਕਰ ਦੇਣ, ਜਵਾਬ ਦੇ ਦੇਵਾਂਗੇ ।

———

MISUSE OF POWERS BY THE PRESIDENT MUNICIPAL COMMITTEE, SULTANPUR LODHI

*279. 1. Sardar Atma Singh
2. Sardar Balwinder Singh Bhunder
3. Sardar Naranjan Singh Patti
: Will the Minister for Finance be pleased to state whether he received any letter dated 3rd October, 1980 from eight Municipal Commissioners of Municipal Committee, Sultanpur Lodhi, alleging misuse of powers by the President of the said Committee, if so, the details thereof alongwith the action taken thereon ?

Doctor Kewal Krishan: Yes Sir. The matter is under consideration.

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਪੂਰਾ ਜਵਾਬ ਨਹੀਂ ਆਇਆ। ਮੇਰੇ ਸਵਾਲ ਦਾ ਸੈਕੰਡ ਪਾਰਟ ਇਹ ਹੈ ਕਿ ਜੇਕਰ ਅਜਿਹਾ ਹੋਵੇ ਤਾਂ ਉਸਦਾ ਵੇਰਵਾ ਕੀ ਹੈ ਅਤੇ ਉਸਤੇ ਕੀ ਕਾਰਵਾਈ ਕੀਤੀ ਗਈ ਹੈ। ਜੋ ਪ੍ਰਧਾਨ ਦੇ ਖਿਲਾਫ ਮੈਮੋਰੰਡਮ ਆਇਆ ਹੈ ਵਜ਼ੀਰ ਸਾਹਿਬ ਉਸਦਾ ਵੇਰਵਾ ਦੇਣ।

ਮੰਤਰੀ: ਸਪੀਕਰ ਸਾਹਿਬ, ਮੈਮੋਰੰਡਮ ਸੁਲਤਾਨਪੁਰ ਲੋਧੀ ਦੀ ਮਿਉਂਸਪਲ ਕਮੇਟੀ ਦੇ ਪ੍ਰੈਜ਼ੀਡੈਂਟ ਦੇ ਖਿਲਾਫ ਆਇਆ ਸੀ 13 ਮੈਂਬਰਾਂ ਵਿਚੋਂ 9 ਮੈਂਬਰਾਂ ਦੇ ਉਸਤੇ ਦਸਖਤ ਸਨ। ਉਨ੍ਹਾਂ ਮੈਂਬਰਾਂ ਨੇ ਨੋ ਕਾਨਫੀਡੈਂਸ ਦੀ ਰਿਕਵੀਜ਼ੀਸ਼ਨ ਵਾਸਤੇ ਮੀਟਿੰਗ ਲਈ ਕਿਹਾ ਸੀ। ਪ੍ਰੈਜ਼ੀਡੈਂਟ ਨੂੰ ਚਾਹੀਦਾ ਸੀ ਕਿ 14 ਦਿਨਾਂ ਦੇ ਅੰਦਰ ਅੰਦਰ ਮੀਟਿੰਗ ਬੁਲਾਉਂਦਾ ਲੇਕਿਨ ਉਸ ਪ੍ਰੈਜ਼ੀਡੈਂਟ ਨੇ ਮੀਟਿੰਗ ਨਹੀਂ ਬੁਲਾਈ। ਕਾਇਦੇ ਕਾਨੂੰਨ ਦੇ ਮੁਤਾਬਿਕ ਉਹ ਮੈਂਬਰ ਜਿਨ੍ਹਾਂ ਨੇ ਇਹ ਨੋਟਿਸ ਦਿੱਤਾ ਸੀ ਉਹ 30 ਦਿਨਾਂ ਦੇ ਅੰਦਰ ਅੰਦਰ ਆਪ ਮੀਟਿੰਗ ਕਰ ਸਕਦੇ ਸੀ, ਲੇਕਿਨ ਉਨ੍ਹਾਂ ਨੇ ਵੀ ਮੀਟਿੰਗ ਨਹੀਂ ਕੀਤੀ। ਇਸ ਕਰਕੇ ਪ੍ਰੈਜ਼ੀਡੈਂਟ ਨੇ ਜਿਥੇ ਆਪਣੀ ਡਿਊਟੀ ਨਿਭਾਉਣ ਵਿਚ ਅਣਗਹਿਲੀ ਕੀਤੀ ਸੀ ਉਥੇ ਉਨ੍ਹਾਂ ਮੈਂਬਰਾਂ ਨੇ ਵੀ ਆਪਣੀ ਡਿਊਟੀ ਨਹੀਂ ਨਿਭਾਈ। ਪ੍ਰੈਜ਼ੀਡੈਂਟ ਦੇ ਬਾਰੇ ਇਨਕੁਆਇਰੀ ਵੀ ਕੀਤੀ ਗਈ ਅਤੇ ਲੀਗਲ ਰਾਏ ਵੀ ਲਈ ਗਈ। ਉਸਦੇ ਮੁਤਾਬਿਕ ਅਜੇ ਤਕ ਮਾਮਲਾ ਵਿਚਾਰ ਅਧੀਨ ਹੈ।

ਸਰਦਾਰ ਆਤਮਾ ਸਿੰਘ: ਮੈਂ ਵਿੱਤ ਮੰਤਰੀ ਜੀ ਨੂੰ, ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤੋਂ ਪਹਿਲਾ ਵੀ ਉਸ ਨਗਰਪਾਲਿਕਾ ਦੇ ਪ੍ਰਧਾਨ ਦੇ ਵਿਰੁੱਧ ਕੋਈ ਦੋਸ਼ ਪੱਤਰ ਉਨ੍ਹਾਂ ਪਾਸ ਪਹੁੰਚੇ ਹਨ। ਉਸ ਦੀ ਸ਼ਹਿ ਤੇ ਨਗਰਪਾਲਿਕਾ ਦੀ ਬੜੀ ਕੀਮਤੀ ਜ਼ਮੀਨ ਉਪਰ ਕੁਝ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਇਹੀ ਸਵਾਲ ਜੁਲਾਈ ਸੈਸ਼ਨ ਵਿੱਚ ਵੀ ਮੈਂ ਪੁੱਛਿਆ ਸੀ। ਉਦੋਂ ਵਿੱਤ ਮੰਤਰੀ ਜੀ ਨੇ ਫਰਮਾਇਆ ਸੀ ਕਿ ਜੋ ਇਨਕੁਆਇਰੀ ਦੀ ਰਿਪੋਰਟ ਆਈ ਹੈ ਉਸ ਨਾਲ ਮੇਰੀ ਤਸੱਲੀ ਨਹੀਂ ਹੋਈ। ਮੈਂ ਹੈਡਕੁਆਰਟਰ ਤੋਂ ਅਫਸਰ ਭੇਜ ਕੇ ਇਨਕੁਆਇਰੀ ਕਰਾਵਾਂਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਜੁਲਾਈ ਸੈਸ਼ਨ ਵਿਚ ਕੀਤੇ ਇਕਰਾਰ ਦੇ ਮੁਤਾਬਿਕ ਹੈਡਕੁਆਰਟਰ ਤੋਂ ਕੋਈ ਇਨਕੁਆਇਰੀ ਵਾਸਤੇ ਅਫਸਰ ਭੇਜਿਆ ਹੈ, ਕੀ ਇਨ੍ਹਾਂ ਨੇ ਆਪਣੇ ਵਾਇਦੇ ਦੇ ਮੁਤਾਬਿਕ ਇਨਕੁਆਇਰੀ ਕਰਵਾਈ ਹੈ, ਜੇਕਰ ਨਹੀਂ ਕਰਵਾਈ, ਤਾਂ ਉਸ ਦੇ ਕੀ ਕਾਰਨ ਹਨ?

ਮੰਤਰੀ: ਸਪੀਕਰ ਸਾਹਿਬ, 18 ਸਤੰਬਰ, 1980 ਨੂੰ ਇਨ੍ਹਾਂ ਨੇ ਇਹ ਅਰਜ਼ੀ ਦਿੱਤੀ ਸੀ। ਪ੍ਰੈਜ਼ੀਡੈਂਟ ਨੂੰ ਨੋਟਿਸ ਦਿੱਤਾ ਸੀ। ਉਸ ਦੇ ਬਾਅਦ ਦਫਤਰ ਨੇ 18 ਅਕਤੂਬਰ, 1980 ਨੂੰ ਔਰ ਫਿਰ 25 ਨਵੰਬਰ, 1980 ਨੂੰ ਇਨਕੁਆਇਰੀ ਕੀਤੀ ਔਰ ਉਸ ਦੀ ਰਿਪੋਰਟ ਵੀ ਆ ਗਈ ਸੀ। ਉਸ ਤੋਂ ਬਾਅਦ ਐਲ.ਆਰ. ਨੂੰ ਲੀਗਲ ਰਾਏ ਲਈ ਲਿਖਿਆ ਗਿਆ। ਉਸ ਦੀ ਰਿਪੋਰਟ ਵੀ ਆ ਚੁੱਕੀ ਹੈ। ਇਸ ਲਈ ਬਾਕਾਇਦਾ ਕਾਰਵਾਈ ਕੀਤੀ ਗਈ ਹੈ ਔਰ ਇਹ ਕੇਸ ਵਿਚਾਰ ਅਧੀਨ ਹੈ ਔਰ ਵਿਚਾਰ ਕਰਕੇ ਸਰਕਾਰ ਕੋਈ ਐਕਸ਼ਨ ਲਵੇਗੀ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਸ ਦੇ ਇਲਾਵਾ ਮੈਂ ਸਮੇਂ ਸਮੇਂ ਤੇ ਵਿੱਤ ਮੰਤਰੀ ਜੀ ਨੂੰ ਚਿੱਠੀਆਂ ਲਿਖਦਾ ਰਿਹਾ ਹਾਂ। ਵਿੱਤ ਮੰਤਰੀ ਜੀ ਹੰਕਾਰ ਵਿਚ ਆਏ ਹੋਏ ਹਨ ਅਤੇ ਇਨ੍ਹਾਂ ਨੇ ਹਾਊਸ ਦੇ ਮੈਂਬਰ ਦੀਆਂ ਚਿੱਠੀਆਂ ਦੀ ਪਰਵਾਹ ਨਹੀਂ ਕੀਤੀ ਔਰ ਮੇਰੀਆਂ ਚਿੱਠੀਆਂ ਦਾ ਕੋਈ ਜਵਾਬ ਨਹੀ ਦਿੱਤਾ (ਵਿਰੋਧੀ ਧਿਰ ਵੱਲੋਂ, ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਹਾਲਾਂ ਕਿ ਮੁੱਖ ਮੰਤਰੀ ਜੀ ਵੱਲੋਂ ਇਹ ਹਦਾਇਤਾਂ ਜਾਰੀ ਹਨ ਕਿ ਤਮਾਮ ਵਜ਼ੀਰ ਸਾਹਿਬ ਵਿਧਾਇਕਾਂ ਦੀਆਂ ਚਿੱਠੀਆਂ ਦਾ ਜਵਾਬ ਦਿਆ ਕਰਨ ਪਤਾ ਨਹੀਂ ਇਨ੍ਹਾਂ ਨੇ ਕਿਉਂ ਚੁੱਪ ਧਾਰਨ ਕੀਤੀ ਹੋਈ ਹੈ, ਕਿਉਂ ਕੁਰੱਪਟ ਪ੍ਰਧਾਨ ਨੂੰ ਸ਼ਹਿ ਦੇ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਹੰਕਾਰ ਦਾ ਸ਼ਬਦ ਪ੍ਰਯੋਗ ਕੀਤਾ ਹੈ। ਹੰਕਾਰ ਤਾਂ ਸ਼ਾਇਦ ਇਨ੍ਹਾਂ ਨੂੰ ਹੋ ਸਕਦਾ ਹੈ। ਅਸੀਂ ਤਾਂ ਨਿਮਰਤਾ ਨਾਲ ਜਨਤਾ ਦੀ ਸੇਵਾ ਕਰਦੇ ਹਾਂ। (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ) ਮੈਂ ਇਹ ਕਹਾਂਗਾ ਕਿ ਮੈਂਬਰ ਸਾਹਿਬਾਨ ਦੀਆਂ ਚਿੱਠੀਆਂ ਦਾ ਬਾਕਾਇਦਾ ਜਵਾਬ ਦਿੱਤਾ ਜਾਂਦਾ ਹੈ। ਮੈਂ ਇਨ੍ਹਾਂ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸੈਸ਼ਨ ਤੋਂ ਬਾਅਦ ਇਹ ਮੈਨੂੰ ਮਿਲ ਲੈਣ ਤਾਕਿ ਜੋ ਮੈਂ ਇਨ੍ਹਾਂ ਨੂੰ ਇਨ੍ਹਾਂ ਦੀਆਂ ਚਿੱਠੀਆਂ ਦੇ ਜਵਾਬ ਦਿੱਤੇ ਹਨ ਉਹ ਵਿਖਾ ਸਕਾਂ। ਕੋਈ ਐਸੀ ਗੱਲ ਨਹੀਂ ਹੈ ਕਿ ਅਸੀਂ ਮੈਂਬਰਜ਼ ਦਾ ਸਤਿਕਾਰ ਨਹੀਂ ਕੀਤਾ, ਸਾਡਾ ਨਾ ਕੋਈ ਐਸਾ ਇਰਾਦਾ ਹੋਇਆ ਹੈ ਕਿ ਅਸੀਂ ਮਾਨਯੋਗ ਮੈਂਬਰਜ਼ ਦਾ ਆਦਰ ਮਾਣ ਨਾ ਕਰੀਏ। ਸਾਡਾ ਨਾ ਕੋਈ ਐਸਾ ਇਰਾਦਾ ਹੋਇਆ ਸੀ ਔਰ ਨਾ ਹੈ, ਬਾਕਾਇਦਾ ਤੌਰ ਤੇ ਉਨ੍ਹਾਂ ਦੀਆਂ ਚਿੱਠੀਆਂ ਦੇ ਜਵਾਬ ਦਿੱਤੇ ਜਾਂਦੇ ਹਨ।

Mr. Speaker : Next question.

ਸਰਦਾਰ ਦਲੀਪ ਸਿੰਘ ਪਾਂਧੀ : ** ** **

(ਇਸ ਸਮੇਂ ਸਰਕਾਰੀ ਬੈਂਚਾਂ ਵੱਲੋਂ ਵੀ ਕੁਝ ਮਾਨਯੋਗ ਮੈਂਬਰ ਖੜੇ ਹੋਏ।) (ਵਿਘਨ)

ਸ੍ਰੀ ਸਪੀਕਰ : ਇਹ ਜੋ ਕੁਝ ਵੀ ਮੇਰੀ ਇਜਾਜ਼ਤ ਦੇ ਬਗੈਰ ਕਿਹਾ ਜਾ ਰਿਹਾ ਹੈ, ਇਹ ਐਕਸਪੰਜ ਕਰ ਦਿਤਾ ਜਾਵੇ। (Interruption) Silent please. Next question.

COMMON LAND IN VILLAGE BADLA NAYASHAHAR IN KHARAR TEHSIL

*264. **Sardar Dalip Singh Pandhi** : Will the Minister for Development be pleased to state :—

(a) whether any piece of Land in Village Badala Nayashahar in Kharar Tehsil was held as common place and public property by the High Court in 1948; if so, the details thereof;

(b) whether some person has encroached upon this land; if so, his name;

(c) whether the B.D. and P.O. Kharar conducted any enquiry in this matter and submitted a report to the Government in April, 1979; if so, the latest action taken thereon;

(d) whether there is any proposal to convert the said land into a public park ?

**Expunged as ordered by the Chair.

ਸਰਦਾਰ ਸੰਤੋਖ ਸਿੰਘ ਰੰਧਾਵਾ : (ੲ) ਹਾਂ ਜੀ, ਪੰਜਾਬ ਹਾਈ ਕੋਰਟ ਨੇ ਸਾਲ 1948 ਵਿਚ ਲੋਅਰ ਕੋਰਟ ਦੇ ਫੈਸਲੇ ਨੂੰ ਬਰਕਰਾਰ ਰਖਿਆ ਜਿਸ ਦੇ ਨਾਲ ਪਿੰਡ ਬੁਡਾਲਾ ਨਯਾ ਸ਼ਹਿਰ ਦੀ ਲਾਲ ਲਕੀਰ ਦੇ ਅੰਦਰ ਜ਼ਮੀਨ ਨੂੰ ਸਾਂਝੀ ਥਾਂ ਕਰਾਰ ਦਿੱਤਾ ।

(ਬੀ) ਹਾਂ ਜੀ, ਸ੍ਰੀ ਹਰੀ ਰਾਮ, ਸੁਰਤਾ ਰਾਮ, ਓਮ ਪ੍ਰਕਾਸ਼ ਅਤੇ ਆਤਮਾ ਰਾਮ ਪੁੱਤਰ ਤੇਲੂ ਰਾਮ, ਨੇ ਕੁਝ ਪਲਾਟ ਦੇ ਹਿੱਸੇ ਤੇ ਜਿਹੜੀ ਉਨ੍ਹਾਂ ਦੇ ਘਰਾਂ ਦੇ ਅੱਗੇ ਹੈ, ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਉਨ੍ਹਾਂ ਨੇ ਇਸ ਜ਼ਮੀਨ ਤੇ ਇਕ ਨਲਕਾ ਅਤੇ ਪਸ਼ੂਆਂ ਵਾਸਤੇ ਖੁਰਲੀ ਬਣਾਈ ਹੋਈ ਹੈ ।

(ਸੀ) ਹਾਂ ਜੀ, ਇਨਕੁਆਇਰੀ ਰਪੋਟ ਅਗਸਤ, 1980 ਵਿਚ ਪੇਸ਼ ਕੀਤੀ ਗਈ ਨਾ ਕਿ ਅਪ੍ਰੈਲ, 1979 ਵਿਚ । ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਸਰਪੰਚ ਵਿਰੁੱਧ ਇਸ ਗੱਲ ਦੀ ਇਨਕੁਆਇਰੀ ਕੀਤੀ ਸੀ ਕਿ ਸਰਪੰਚ ਨਜਾਇਜ਼ ਕਬਜ਼ੇ ਬਾਰੇ ਜ਼ਿੰਮੇਵਾਰ ਸੀ, ਪਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਉਸ ਨੂੰ ਇਸ ਦੋਸ਼ ਤੋਂ ਮੁਕਤ ਕਰ ਦਿੱਤਾ ਸੀ ਅਤੇ ਸਰਪੰਚ ਵਿਰੁੱਧ ਇਸ ਦੋਸ਼ ਬਾਰੇ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਸੀ । ਫਿਰ ਵੀ ਗਰਾਮ ਪੰਚਾਇਤ ਨੇ ਨਜਾਇਜ਼ ਕਾਬਜ਼ਾਂ ਨੂੰ ਅਨਅਧਿਕਾਰਤ ਕਬਜੇ ਛੱਡਣ ਲਈ ਨੋਟਿਸ ਦਿਤੇ ਹੋਏ ਹਨ ਅਤੇ ਨੋਟਿਸ ਦੀ ਮਿਆਦ ਖਤਮ ਹੋਣ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

(ਡੀ) ਗਰਾਮ ਪੰਚਾਇਤ ਨੇ ਆਪਣੇ ਮਤੇ ਮਿਤੀ 11 ਮਾਰਚ, 1979 ਰਾਹੀਂ ਇਸ ਪਲਾਟ ਨੂੰ ਸਾਂਝੀ ਗਰਾਉਂਡ ਬਣਾਉਣ ਦਾ ਫੈਸਲਾ ਕੀਤਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਆਪ ਹੀ ਮੰਨਿਆ ਹੈ ਕਿ :—

"(ਬੀ) ਹਾਂ ਜੀ, ਸਰਵਸ੍ਰੀ ਹਰੀ ਰਾਮ, ਸੁਰਤਾ ਰਾਮ, ਓਮ ਪ੍ਰਕਾਸ਼ ਅਤੇ ਆਤਮਾ ਰਾਮ ਪੁੱਤਰ ਤੇਲੂ ਰਾਮ, ਨੇ ਕੁੱਝ ਪਲਾਟ ਦੇ ਹਿੱਸੇ ਤੇ ਜਿਹੜੀ ਉਨ੍ਹਾਂ ਦੇ ਘਰਾਂ ਦੇ ਅੱਗੇ ਹੈ ਤੇ ਨਜ਼ਾਇਜ਼ ਕਬਜ਼ਾ ਕੀਤਾ ਹੋਇਆ ਹੈ...."

ਪਰ ਦੂਸਰੇ ਪਾਸੇ ਇਨ੍ਹਾਂ ਨੇ ਜਵਾਬ ਦੇ ਪਾਰਟ 'ਸੀ' ਵਿਚ ਕਿਹਾ ਹੈ :-
"ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਸਰਪੰਚ ਵਿਰੁੱਧ ਇਸ ਗੱਲ ਦੀ ਇਨਕੁਆਇਰੀ ਕੀਤੀ ਸੀ ਕਿ ਸਰਪੰਚ ਨਜ਼ਾਇਜ਼ ਕਬਜ਼ੇ ਬਾਰੇ ਜਿਮੇਵਾਰ ਸੀ, ਪਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਉਸ ਨੂੰ ਇਸ ਦੋਸ਼ ਤੋਂ ਮੁਕਤ ਕਰ ਦਿੱਤਾ ਸੀ.."

ਇਹ ਤਾਂ, ਸਪੀਕਰ ਸਾਹਿਬ, ਇਨ੍ਹਾਂ ਦਾ ਜਵਾਬ ਹੀ ਕੰਟਰਾਡਿਕਟਰੀ ਹੈ । ਪਹਿਲਾਂ ਬੀ.ਡੀ.ਓ. ਨੇ ਸਰਪੰਚ ਨੂੰ ਗੁਨਾਹਗਾਰ ਸਾਬਤ ਕੀਤਾ ਹੈ ਫਿਰ ਉਸ ਨੂੰ ਦੋਸ਼ ਤੋਂ ਮੁਕਤ ਕਰ ਦਿੱਤਾ ਹੈ । ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਸ ਕੇਸ ਵਿਚ ਪੰਚਾਇਤ ਕਾਰਵਾਈ ਕਰ ਰਹੀ ਹੈ ਔਰ ਬੀ.ਡੀ.ਓ. ਨੇ ਪਹਿਲਾਂ ਉਸ ਸਰਪੰਚ ਨੂੰ ਦੋਸ਼ੀ ਠਹਿਰਾਇਆ ਸੀ ਤਾਂ ਫਿਰ ਕਿਨ੍ਹਾਂ ਕਾਰਨਾਂ ਕਰਕੇ ਉਸ ਨੂੰ ਉਸ ਦੋਸ਼ ਤੋਂ ਬਰੀ ਕਰ ਦਿੱਤਾ ਹੈ ? ਇਸ ਦਾ ਮਤਲਬ ਹੈ ਕਿ ਅਜੇ ਵੀ ਉਹ ਸਰਪੰਚ ਜ਼ਮੀਨ ਤੇ ਕਾਬਜ਼ ਹੈ । ਉਸ ਨੂੰ ਬਰੀ ਕਰਨ ਦੇ ਕੀ ਕਾਰਣ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਪਾਰਟ 'ਸੀ' ਵਿਚ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਇਨਕੁਆਇਰੀ ਰਿਪੋਟ ਅਗਸਤ, 1980 ਵਿਚ ਪੇਸ਼ ਕੀਤੀ ਗਈ। ਉਸ ਦੇ ਬਾਅਦ ਪੰਚਾਇਤ ਅਫਸਰ ਨੇ ਸਰਪੰਚ ਵਿਰੁੱਧ ਇਸ ਗੱਲ ਦੀ ਇਨਕੁਆਇਰੀ ਕੀਤੀ ਸੀ ਕਿ ਸਰਪੰਚ ਕਬਜ਼ੇ ਬਾਰੇ ਜ਼ਿਮੇਵਾਰ ਸੀ ਪਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਇਸ ਦੋਸ਼ ਤੋਂ ਉਸ ਨੂੰ ਮੁਕਤ ਕਰ ਦਿੱਤਾ ਸੀ। ਅਗਲੀ ਕਾਰਵਾਈ ਪੰਚਾਇਤ ਨੇ ਉਸ ਨੂੰ ਨੋਟਿਸ ਦੇ ਕੇ ਸ਼ੁਰੂ ਕੀਤੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਤਾਂ ਇਕ ਇਨਸਟਾਂਸ ਕੇਸ ਹੈ। ਹੋਰ ਵੀ ਪੰਜਾਬ ਵਿਚ ਬਹੁਤ ਸਾਰੇ ਕੇਸ ਐਸੇ ਹਨ ਜਿੱਥੇ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਗੌਰਮਿੰਟ ਨੇ ਹੁਣ ਤਾਂ ਕਾਨੂੰਨ ਵਿਚ ਤਰਮੀਮ ਵੀ ਕਰ ਦਿੱਤੀ ਹੈ ਕਿ ਪੁਲਿਸ ਰਾਹੀਂ ਨਜਾਇਜ਼ ਕਬਜ਼ਾ ਹਟਾਇਆ ਜਾ ਸਕਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇ ਰਹੀ ਹੈ, ਕੋਈ ਐਸੀ ਕੰਪੇਨ ਚਲਾ ਰਹੀ ਹੈ ਜਿਸ ਨਾਲ ਕਿ ਜਿਹੜੀ ਇਲ-ਲੀਗਲ ਇਨਕਰੋਚਮੈਂਟ ਹੈ ਉਸ ਨੂੰ ਠੀਕ ਕੀਤਾ ਜਾ ਸਕੇ ? ਬਲਾਕ ਸਰਹਿੰਦ ਵਿਚ ਵੀ ਇਕ ਐਸਾ ਕੇਸ ਹੈ। ਨਜਾਇਜ਼ ਕਾਬਜ਼ ਨੂੰ ਨੋਟਿਸ ਵੀ ਦਿੱਤਾ ਹੈ। ਕੀ ਸਰਕਾਰ ਕਾਂਗਰਸੀ ਨਜਾਇਜ਼ ਕਾਬਜ਼ਾਂ ਦੇ ਖਿਲਾਫ ਵੀ ਕੋਈ ਕਾਰਵਾਈ ਕਰੇਗੀ ਜਾਂ ਅਕਾਲੀਆਂ ਨੂੰ ਹੀ ਸਸਪੈਂਡ ਕਰਦੀ ਰਹੇਗੀ ? (ਹਾਸਾ)

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਸਰਪੰਚ ਦੀ ਪਹਿਲਾਂ ਇਨਕੁਆਇਰੀ ਕੀਤੀ ਗਈ ਔਰ ਸਰਪੰਚ ਨਿਰਦੋਸ਼ ਸਾਬਤ ਹੋਇਆ। ਸਰਪੰਚ ਨੇ ਜੋ ਨੋਟਿਸ ਦਿੱਤਾ ਹੈ ਉਸ ਦਾ ਟਾਈਮ ਖਤਮ ਹੋਣ ਤੇ ਪੂਰੀ ਤਰ੍ਹਾਂ ਇਨਕੁਆਇਰੀ ਕੀਤੀ ਜਾਵੇਗੀ।

ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰ ਦਿਆਂ ਕਿ ਸਾਢੇ 16 ਹਜ਼ਾਰ ਏਕੜ ਤੇ ਲੋਕਾਂ ਦੇ ਨਜ਼ਾਇਜ਼ ਕਬਜ਼ੇ ਸਨ। 31 ਦਸੰਬਰ, 1980 ਤਕ 9,804 ਏਕੜ ਜ਼ਮੀਨ ਤੇ ਨਜਾਇਜ਼ ਕਬਜ਼ਿਆਂ ਵਿਰੁੱਧ ਕੇਸ ਦਰਜ ਕਰਵਾਏ ਹਨ ਔਰ ਡੀ. ਡੀ. ਪੀ. ਓਜ਼ ਨੂੰ ਪੰਜਾਬ ਵਿਲੇਜ ਕਾਮਨ ਲੈਂਡ ਰੈਗੂਲੇਸ਼ਨਜ਼ ਐਕਟ ਰਾਹੀਂ ਅਧਿਕਾਰ ਦਿੱਤੇ ਹੋਏ ਹਨ। ਉਸ ਦੇ ਮੁਤਾਬਿਕ ਨੋਟਿਸ ਦਿੱਤੇ ਗਏ ਹਨ। 1 ਜੁਲਾਈ, 1980 ਤੋਂ 31 ਦਸੰਬਰ, 1980 ਤਕ 3,771 ਏਕੜ ਰਕਬਾ ਅਸੀਂ ਛੁੜਵਾ ਲਿਆ ਹੈ, ਪਿੱਛੇ ਤੁਸੀਂ ਇਕ ਏਕੜ ਵੀ ਨਹੀਂ ਸੀ ਛੁੜਵਾਇਆ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਡੀ.ਡੀ.ਪੀ.ਓ, ਬੀ.ਡੀ.ਪੀ.ਓ. ਜਾਂ ਪੰਚਾਇਤ ਅਫਸਰਾਂ ਨੂੰ ਕੀ ਸਿੱਖਿਆ ਇਹ ਦੇਣ ਨੂੰ ਤਿਆਰ ਹਨ ਕਿਉਂਕਿ ਉਹ ਸਿੱਧੇ ਸਾਧੇ ਪੰਚਾਇਤ ਮੈਂਬਰ ਸਾਹਿਬਾਨ ਨੂੰ, ਔਰ ਸਰਪੰਚ ਸਾਹਿਬਾਨ ਨੂੰ ਜਾਣ ਬੁਝ ਕੇ ਹੈਰਾਨ ਕਰ ਰਹੇ ਹਨ ਔਰ ਉਨ੍ਹਾਂ ਤੋਂ ਧੜਾ ਧੜ ਪੈਸੇ ਖਾ ਰਹੇ ਹਨ ? (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਫਰੀਦਕੋਟ ਦਾ ਬੀ.ਡੀ.ਪੀ.ਓ. ਪੈਸੇ ਖਾਂਦਾ ਰੰਗੇ ਹੱਥੀ ਫੜਿਆ ਗਿਆ ਸੀ। ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹਨਾਂ ਨੂੰ ਵੀ ਕੋਈ ਸਜ਼ਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਐਰਾਇਜ਼ ਨਹੀਂ ਹੁੰਦਾ ਲੇਕਿਨ ਮੈਂ ਆਪ ਜੀ ਦੀ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਅਗਰ ਕਿਸੇ ਵੀ ਬੀ.ਡੀ.ਪੀ.ਓ. ਵਗੈਰਾ ਦੇ ਖਿਲਾਫ ਕੋਈ ਸ਼ਿਕਾਇਤ ਹੋਵੇ ਤਾਂ ਉਹ ਸਰਕਾਰ ਦੇ ਨੋਟਿਸ ਵਿਚ ਲਿਆਉਣ ਅਸੀਂ ਐਕਸ਼ਨ ਲਵਾਂਗੇ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਪਾਂਧੀ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ ਉਨ੍ਹਾਂ ਨੇ ਕੁਝ ਜ਼ਮੀਨ ਖਾਲੀ ਕਰਵਾਈ ਹੈ। ਕਈ ਪਿੰਡਾਂ ਦੀ ਜ਼ਮੀਨ ਤੇ ਜਿਥੇ ਪਹਿਲੇ ਨਜਾਇਜ਼ ਕਬਜ਼ੇ ਕੀਤੇ ਹੋਏ ਸਨ ਔਰ ਹੁਣ ਉਹ ਜ਼ਮੀਨ ਮਿਉਂਸਿਪਲ ਕਮੇਟੀਆਂ ਦੀ ਹੱਦ ਵਿਚ ਆ ਗਈ ਹੈ। ਕੀ ਉਹ ਜ਼ਮੀਨ ਵੀ ਖਾਲੀ ਕਰਵਾਉਣ ਦਾ ਪ੍ਰਬੰਧ ਕਰਨਗੇ ? ਉਨ੍ਹਾਂ ਜ਼ਮੀਨਾਂ ਤੇ ਹੁਣ ਮਿਉਂਪਲ ਕਮੇਟੀ ਦੀ ਮਲਕੀਅਤ ਹੈ ਅਤੇ ਪੰਚਾਇਤਾਂ ਦੇ ਹਥੋਂ ਤਾਂ ਉਹ ਨਿਕਲ ਗਈ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਪੁਛਦਾ ਹਾਂ ਕਿ ਜਿਨ੍ਹਾਂ ਨੇ ਸਰਕਾਰੀ ਮਕਾਨਾਂ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਉਹ ਵੀ ਖਾਲੀ ਕਰਵਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਵੀ ਜ਼ਮੀਨ ਤੇ ਜਿਥੇ ਪਹਿਲੇ ਪੰਚਾਇਤ ਦਾ ਕਬਜ਼ਾ ਸੀ ਔਰ ਹੁਣ ਉਹ ਮਿਉਂਸਪਲ ਕਮੇਟੀ ਦੇ ਏਰੀਏ ਵਿਚ ਆ ਗਈ ਹੈ ਉਸ ਜ਼ਮੀਨ ਦਾ ਸਾਰਾ ਰਿਕਾਰਡ ਸਬੰਧਤ ਵਿਭਾਗ ਨੂੰ ਭੇਜਕੇ ਉਹ ਜ਼ਮੀਨ ਖਾਲੀ ਕਰਵਾਈ ਜਾਵੇਗੀ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਐਸੀ ਕਮੇਟੀ ਬਣਾਉਣ ਲਈ ਤਿਆਰ ਹੈ ਜਿਹੜੀ ਇਸ ਗਲ ਦੀ ਜਾਂਚ ਕਰੇ ਕਿ ਪਿਛਲੇ 3 ਸਾਲਾਂ ਵਿਚ ਜਿਹੜੀਆਂ ਜ਼ਮੀਨਾਂ ਤੇ ਪੁਲਿਟੀਕਲ ਦਬਾਅ ਨਾਲ ਕੋਈ ਨਜਾਇਜ਼ ਕਬਜ਼ਾ ਕੀਤ ਹੋਇਆ ਹੈ ਜਾਂ ਉਹ ਜ਼ਮੀਨ ਹੁਣ ਉਹ ਕਿਸੇ ਐਮ. ਐਲ. ਏ. ਜਾਂ ਮਨਿਸਟਰ ਕੋਲ ਹੈ ਕੀ ਇਸ ਨਜਾਇਜ਼ ਜ਼ਮੀਨ ਦੀ ਪੜਤਾਲ ਕਰਵਾਕੇ ਉਸ ਦੇ ਖਿਲਾਫ਼ ਐਕਸ਼ਨ ਲੈਣਗੇ ?.

ਮੰਤਰੀ : ਮੈਂ ਅੱਗੇ ਦੱਸ ਚੁੱਕਾ ਹਾਂ ਕਿ ਐਕਟ ਵਿਚ ਅਮੈਂਡਮੈਂਟ ਕਰਕੇ ਬੀ·ਡੀ.ਪੀ.ਓ. ਨੂੰ ਕੁਲੈਕਟਰ ਦੀਆਂ ਪਾਵਰਜ਼ ਦੇ ਦਿੱਤੀਆਂ ਹਨ। ਕੋਈ ਵੀ ਆਦਮੀ ਜਿਥੇ ਕਿਸੇ ਦਾ ਨਜਾਇਜ਼ ਕਬਜ਼ਾ ਹੋਇਆ ਹੋਵੇ ਭਾਵੇਂ ਉਹ ਜ਼ਮੀਨ ਕਿਸੇ ਨਾਲ ਸਾਂਝੇ ਖਾਤੇ ਵਿਚ ਹੋਵੇ, ਉਸ ਕੋਲੋਂ ਇਸ ਬਾਰੇ ਕੇਸ ਦਰਜ ਕਰਵਾ ਸਕਦਾ ਹੈ ਅਤੇ ਨਜਾਇਜ਼ ਕਬਜ਼ਾ ਛੁਡਵਾ ਸਕਦਾ ਹੈ।

PURCHASE OF INFERIOR PENICILLIN INJECTIONS

***256. Master Babu Singh :** Will the Minister for Health and Family Welfare be pleased to state whether any case was detected in the Civil Hospital, Bhatinda, regarding the purchase of inferior type of "Penicillin Injections" in the month of September, 1980 by the officials of the hospital; if so, the details of action taken so far in the matter ?

ਸ੍ਰੀ ਸਰਦਾਰੀ ਲਾਲ ਕਪੂਰ : ਨਹੀਂ, ਜੀ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਜਵਾਬ ਦਿਤਾ ਹੈ ਕੀ ਇਹ ਪੜਤਾਲ ਕਰਵਾ ਕੇ ਜਵਾਬ ਦਿਤਾ ਹੈ ਜਾਂ ਐਵੇਂ ਹੀ ਦੇ ਦਿਤਾ ਹੈ ? ਇਹ ਹੋ ਸਕਦਾ ਹੈ ਕਿ ਉਨ੍ਹਾਂ ਪੈਨਸਲੀਨ ਦੇ ਇੰਜੈਕਸ਼ਨਜ਼ ਵਿਚ ਸੈਂਟ ਪਰਸੈਂਟ ਨੁਕਸ ਨਾ ਹੋਵੇ ਅਤੇ 80% ਜਾਂ ਇਸ ਤੋਂ ਵੀ ਘੱਟ 50% ਤਕ ਨੁਕਸ ਹੋਵੇ। ਕੀ ਇਨ੍ਹਾਂ ਨੇ ਇਸ ਗਲ ਦੀ ਪੜਤਾਲ ਕਰਵਾਈ ਹੈ ?

ਮੰਤਰੀ : ਸਪੀਕਰ ਸਾਹਿਬ, ਜਦੋਂ ਇਸ ਪੈਨਸਲੀਨ ਦੇ ਇੰਜੈਕਸ਼ਨਜ਼ ਬਾਰੇ ਪਤਾ ਲਗਿਆ ਤਾਂ ਉਨ੍ਹਾਂ ਇੰਜੈਕਸ਼ਨਜ ਦਾ ਨਮੂਨਾ ਲੈਕੇ ਟੈਸਟ ਕਰਨ ਬਾਰੇ ਡਰੱਗ ਇਨਸਪੈਕਟਰ ਨੂੰ ਕਿਹਾ ਗਿਆ। ਉਸ ਡਰਗ ਇਨਸਪੈਕਟਰ ਨੇ 2 ਨਮੂਨੇ ਲਏ ਅਤੇ ਸਰਕਾਰੀ ਲੈਬੋਰਟਰੀ ਤੋਂ ਟੈਸਟ ਕਰਵਾ ਕੇ ਇਹ ਰਿਪੋਟ ਦਿਤੀ ਕਿ ਇਨ੍ਹਾਂ ਵਿਚ ਕੋਈ ਨੁਕਸ ਨਹੀਂ ਹੈ। ਜਿਥੋਂ ਇਹ ਨਮੂਨਾ ਟੈਸਟ ਕਰਵਾਇਆ ਗਿਆ ਹੈ ਇਸ ਦਾ ਦਫਤਰ ਇਥੇ ਚੰਡੀਗੜ੍ਹ ਵਿਚ ਹੀ ਹੈ। ਸਾਨੂੰ ਕੋਈ ਇਸ ਦੇ ਮੁਤੱਲਕ ਸ਼ਿਕਾਇਤ ਨਹੀਂ ਮਿਲੀ। ਅਗਰ ਮਾਸਟਰ ਜੀ ਕੋਈ ਸਪੈਸੀਫਿਕ ਕੇਸ ਦਸਣ ਤਾਂ ਮੈਂ ਇਨਕੁਆਰੀ ਕਰਵਾਉਣ ਲਈ ਤਿਆਰ ਹਾਂ।

ਧਰਮਕੋਟ ਸਬ-ਤਹਿਸੀਲ ਦੇ ਦਫਤਰਾਂ ਲਈ ਇਮਾਰਤ ਬਣਾਉਣਾ

*296. **ਕਾਮਰੇਡ ਸਰਵਣ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਧਰਮਕੋਟ ਸਬ-ਤਹਿਸੀਲ, ਜੋ ਇਕ ਸਾਲ ਪਹਿਲਾਂ ਬਣੀ ਸੀ, ਦਾ ਦਫ਼ਤਰ ਇਕ ਰੈਸਟ ਹਾਊਸ ਵਿੱਚ ਹੈ;

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਦਫਤਰ ਦੀ ਨਵੀਂ ਇਮਾਰਤ ਲਈ ਕਦੋਂ ਤੱਕ ਜ਼ਮੀਨ ਪ੍ਰਾਪਤ ਕਰਕੇ ਉਸ ਤੇ ਉਸਾਰੀ ਦਾ ਕੰਮ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ (ੳ): ਹਾਂ ਜੀ। ਇਸ ਵੇਲੇ ਧਰਮਕੋਟ ਸਬ-ਤਹਿਸੀਲ ਦਾ ਦਫਤਰ ਪੰਚਾਇਤ ਸੰਮਤੀ ਰੈਸਟ ਹਾਊਸ, ਧਰਮਕੋਟ ਵਿਚ ਕੰਮ ਕਰ ਰਿਹਾ ਹੈ।

(ਅ) ਇਸ ਵੇਲੇ ਇਹ ਦੱਸਣਾ ਸੰਭਵ ਨਹੀਂ ਕਿ ਨਵੀਂ ਇਮਾਰਤ ਉਸਾਰਣ ਲਈ ਜ਼ਮੀਨ ਦੀ ਪ੍ਰਾਪਤੀ ਅਤੇ ਉਸ ਤੇ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਕਾਮਰੇਡ ਸਰਵਣ ਸਿੰਘ : ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੋਰ ਤਹਿਸੀਲਾਂ ਜਿਹੜੀਆਂ ਨਵੀਆਂ ਬਣੀਆਂ ਸਨ ਉਨ੍ਹਾਂ ਵਿਚ ਕਈ ਥਾਂ ਬਿਲਡਿੰਗ ਵੀ ਬਣੀ ਹੈ, ਔਰ ਬੈਂਕ ਵਗੈਰਾ ਵੀ ਬਣ ਗਏ ਹਨ ਪਰ ਧਰਮਕੋਟ ਸਬ ਤਹਿਸੀਲ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ? ਪਿਛਲੇ ਸਾਲ ਇਹ ਸਬ-ਤਹਿਸੀਲ ਬਣੀ ਸੀ ਪਰ ਉਥੇ ਹੁਣ ਤਕ ਨਾ ਕੋਈ ਟਰੇਜ਼ਰੀ ਹੈ, ਨਾ ਕੋਈ ਬੈਂਕ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜੋ ਸਬ-ਤਹਿਸੀਲਾਂ ਬਣੀਆਂ ਸਨ ਉਨ੍ਹਾਂ ਦੀ ਕੋਈ ਵੀ ਬਿਲਡਿੰਗ ਅੱਜੇ ਨਹੀਂ ਬਣੀ। ਜ਼ਮੀਨ ਲੈਣ ਦਾ ਅਤੇ ਉਸ ਦੀ ਉਸਾਰੀ ਦਾ ਕੰਮ ਕਾਫੀ ਲੰਬਾ ਚੌੜਾ ਹੁੰਦਾ ਹੈ। ਹਾਂ, ਜੇ ਇਹ ਜ਼ਮੀਨ ਦੇ ਦੇਣ ਤਾਂ ਅਸੀਂ ਬਿਲਡਿੰਗ ਬਣਾ ਦੇਵਾਂਗੇ।

ਕਾਮਰੇਡ ਸਰਵਣ ਸਿੰਘ : ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਬਿਲਡਿੰਗ ਵਾਸਤੇ ਜ਼ਮੀਨ ਦੀ ਜਾਂ ਤਾਂ ਰਜਿਸਟਰੀ ਕਰਵਾ ਦਿੱਤੀ ਗਈ ਹੈ ਜਾਂ ਉਹ 10 ਦਿਨਾਂ ਤਕ ਕਰਵਾ ਦੇਣਗੇ। ਕੀ ਮਨਿਸਟਰ ਸਾਹਿਬ, ਇਸ ਗਲ ਦਾ ਵਚਨ ਦੇਣਗੇ ਕਿ ਉਸ ਬਿਲਡਿੰਗ ਤੇ ਕਿੰਨਾ ਕੁ ਖਰਚ ਕਰਕੇ ਇਹ ਬਿਲਡਿੰਗ ਬਣਾ ਦੇਣਗੇ ?

ਮੰਤਰੀ : ਕਿਤਨਾ ਖਰਚ ਕਰਨਾ ਹੈ, ਇਸ ਬਾਰੇ ਤਾਂ ਇਹ ਸੈਪਰੇਟ ਨੋਟਿਸ ਦੇਣ ਤਾਂ ਦੱਸਿਆ ਜਾ ਸਕਦਾ ਹੈ। ਬਾਕੀ ਜਦੋਂ ਜ਼ਮੀਨ ਦੀ ਰਜਿਸਟਰੀ ਹੋ ਜਾਵੇ ਇਹ ਮੈਨੂੰ ਆਕੇ ਦਸ ਦੇਣ।

ਕਾਮਰੇਡ ਸਰਵਣ ਸਿੰਘ ਚੀਮਾ : ਕੀ ਮਨਿਸਟਰ ਸਾਹਿਬ, ਇਹ ਦੱਸਣਗੇ ਕਿ ਇਹ ਜਿਹੜੀਆਂ ਸਬ-ਤਹਿਸੀਲਾਂ ਬਣਾਈਆਂ ਸਨ, ਇਨ੍ਹਾਂ ਲਈ ਜ਼ਮੀਨਾਂ ਲੈਕੇ ਕਦੋਂ ਤਕ ਇਨ੍ਹਾਂ ਦੇ ਦਫਤਰ ਬਣਾ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਹ ਜਿਹੜਾ ਇਨ੍ਹਾਂ ਸਬ-ਤਹਿਸੀਲਾਂ ਲਈ ਜ਼ਮੀਨਾਂ ਲੈਣਾ ਅਤੇ ਉਨ੍ਹਾਂ ਤੇ ਕੰਪਲੈਕਸ ਬਣਾਉਣ ਦਾ ਸਵਾਲ ਹੈ ਇਹ ਬੜਾ ਲੰਬਾ ਚੌੜਾ ਕੰਮ ਹੈ। ਇਸ ਵੇਲੇ ਇਸ ਦਾ ਟਾਰਗੈਟ ਫਿਕਸ ਨਹੀਂ ਕੀਤਾ ਜਾ ਸਕਦਾ ਲੇਕਿਨ ਜੇ ਇਹ ਇਸ ਵਾਸਤੇ ਜ਼ਮੀਨ ਦੇ ਦੇਣ ਤਾਂ ਵਿਚਾਰ ਕਰ ਲਵਾਂਗੇ। ਬਾਕੀ ਇਹ ਪੁੱਛਣਾ ਕਿ ਇਹ ਕੰਮ ਕਦੋਂ ਤਕ ਹੋਵੇਗਾ ਜਾਂ ਕਿੰਨਾ ਖਰਚ ਹੋਵੇਗਾ ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ।

VACANT POSTS OF ADMINISTRATIVE OFFICERS ETC IN THE OFFICES OF DISTRICT EDUCATION OFFICERS (SECONDARY AND PRIMARY) FARIDKOT

***271. Comrade Saghar Singh** : Will the Minister for Education be pleased to state :—

(a) the number of posts of Administrative Officers, Office Superintendents and Assistants which are lying vacant in the offices of District Education officers (Secondary and Primary) Faridkot ;

(b) the date (s) since when the posts referred to in part (a) above have been lying vacant and the reason therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : ਲੋੜੀਂਦੀ ਸੂਚਨਾ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ।

ਸੂਚਨਾ			ਖਾਲੀ ਪੋਸਟਾਂ ਦੀ ਗਿਣਤੀ
(ੳ)	(i)	ਪ੍ਰਬੰਧ ਅਫਸਰ	1
	(ii)	ਸੁਪਰਡੰਟ	ਨਿਲ
	(iii)	ਸਹਾਇਕ	6
(ਅ)	(i)	ਪ੍ਰਬੰਧ ਅਫਸਰ	ਨਵੰਬਰ, 1979 ਇਕ ਆਸਾਮੀ
	(ii)	ਸੁਪਰਡੰਟ	ਨਿਲ
	(iii)	ਸਹਾਇਕ	ਜੁਲਾਈ 1979 ਇਕ ਆਸਾਮੀ ਜਨਵਰੀ, 1980 ਇਕ ,, ਅਗਸਤ, 1980 ਇਕ ,, ਅਕਤੂਬਰ, 1980 ਇਕ ,, ਨਵੰਬਰ, 1980 ਦੋ ਅਸਾਮੀਆਂ।

ਕਾਰਨ,

ਪ੍ਰਬੰਧ ਅਫਸਰ : ਸ੍ਰੀ ਵੇਦ ਪ੍ਰਕਾਸ਼, ਪ੍ਰਬੰਧ ਅਫਸਰ ਫਰੀਦਕੋਟ 31 ਅਕਤੂਬਰ, 1979 ਨੂੰ ਰਿਟਾਇਰ ਹੋ ਗਏ ਸਨ । ਕੁਝ ਸਮੇਂ ਤੋਂ ਇਹ ਆਸਾਮੀ ਭਰਨ ਦਾ ਪ੍ਰਸ਼ਨ ਸਰਕਾਰ ਦੇ ਵਿਚਾਰ ਅਧੀਨ ਰਿਹਾ । ਨਤੀਜੇ ਵਜੋਂ ਇਕ ਸੁਪਰਡੰਟ ਦੇ ਬਤੌਰ ਪ੍ਰਬੰਧ ਅਫਸਰ ਤਰੱਕੀ ਦੇ ਹੁਕਮ ਕੀਤੇ ਗਏ ਸਨ ਅਤੇ 17 ਅਪਰੈਲ, 1980 ਨੂੰ ਜ਼ਿਲਾ ਸਿਖਿਆ ਅਫਸਰ, ਫਰੀਦਕੋਟ ਦੇ ਦਫਤਰ ਵਿਚ ਨਿਯੁਕਤ ਕੀਤਾ ਸੀ । ਉਸ ਨੇ ਫਰੀਦਕੋਟ ਵਿਖੇ ਜੁਆਇਨ ਕਰਨ ਦੀ ਬਜਾਏ ਬੇਨਤੀ ਕੀਤੀ ਕਿ ਉਸ ਦੀ ਅਡਜਸਟਮੈਂਟ ਬਠਿੰਡਾ ਦੀ ਕੀਤੀ ਜਾਵੇ ਅਤੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਸੀ। ਇਸ ਕਾਰਨ ਕਰਕੇ ਪ੍ਰਬੰਧ ਅਫਸਰ ਦੀ ਅਸਾਮੀ ਖਾਲੀ ਰਹੀ । ਅਗਲੇ ਯੋਗ ਸੁਪਰਡੰਟ ਦੇ ਬਤੌਰ ਪ੍ਰਬੰਧ ਅਫਸਰ ਨਿਯੁਕਤੀ ਦੇ ਹੁਕਮ ਹੁਣ ਜਾਰੀ ਕੀਤੇ ਜਾ ਚੁਕੇ ਹਨ ਅਤੇ ਉਸਦੇ ਫਰੀਦਕੋਟ ਵਿਖੇ ਛੇਤੀ ਹਾਜ਼ਰ ਹੋਣ ਦੀ ਆਸ਼ਾ ਹੈ ।

ਸਹਾਇਕ : ਸਹਾਇਕ ਦੀਆਂ ਖਾਲੀ ਅਸਾਮੀਆਂ ਭਰਨ ਲਈ ਵਿਭਾਗ ਨੇ 20/8/79, 7/1/80, 5/6/80, 27/8/80 ਅਤੇ 24/11/80 ਨੂੰ ਤਰੱਕੀਆਂ ਦੇ ਹੁਕਮ ਜਾਰੀ ਕੀਤੇ । ਬਤੌਰ ਸਹਾਇਕ ਪਰਮੋਟ ਅਤੇ ਪੋਸਟ ਕੀਤੇ 22 ਕਰਮਚਾਰੀਆਂ ਵਿਚੋਂ ਕੁਝ ਨੇ ਜ਼ਿਲਾ ਸਿਖਿਆ ਅਫਸਰ ਫਰੀਦਕੋਟ (ਸੈਕੰਡਰੀ ਅਤੇ ਪ੍ਰਾਇਮਰੀ) ਵਿਖੇ ਜਾਇਨ ਕੀਤਾ ਅਤੇ ਥੋੜੇ ਸਮੇਂ ਲਈ ਉਥੇ ਰਹੇ ਅਤੇ ਦੂਜੇ ਉਸ ਦਫਤਰ ਵਿਚ ਹਾਜ਼ਰ ਹੋਣ ਵਿਚ ਅਸਮਰਥ ਰਹੇ । ਨਤੀਜੇ ਵਜੋਂ ਅਜੇ ਵੀ ਸਹਾਇਕਾਂ ਦੀਆਂ 6 ਅਸਾਮੀਆਂ ਖਾਲੀ ਪਈਆਂ ਹਨ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਜੋ ਜਵਾਬ ਮਨਿਸਟਰ ਸਾਹਿਬ ਨੇ ਦਿਤਾ ਹੈ ਉਸ ਵਿਚ ਮੇਰੇ ਸਵਾਲ ਦਾ ਜਵਾਬ ਠੀਕ ਨਹੀਂ ਆਇਆ ਅਜ ਵੀ ਉਥੇ ਜਾ ਕੇ ਵੇਖੋ ਬਹੁਤ ਪੋਸਟਾਂ ਖਾਲੀ ਪਈਆਂ ਹਨ । ਹੈਡਮਾਸਟਰ ਦੀ ਥਾਂ ਖਾਲੀ ਪਈ ਹੈ ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਇਹ ਸੀ ਕਿ ਐਡਮਨਿਸਟਰੇਟਿਵ ਅਫਸਰ, ਸੁਪਰਡੰਟ ਔਰ ਅਸਿਸਟੈਂਟਾਂ ਦੀਆਂ ਪੋਸਟਾਂ ਕਿੰਨੀਆਂ ਖਾਲੀ ਹਨ ਹੈਡਮਾਸਟਰ ਦਾ ਸਵਾਲ ਇਨ੍ਹਾਂ ਨੇ ਨਹੀਂ ਪੁਛਿਆ ਸੀ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ ਡੀ.ਈ.ਓ. ਫਰੀਦਕੋਟ ਦੇ ਦਫਤਰ ਦੇ ਬਾਰੇ ਸਵਾਲ ਪੁੱਛਿਆ ਸੀ ਕਿ ਉਥੇ ਕਿੰਨੀਆਂ ਪੋਸਟਾਂ ਖਾਲੀ ਪਈਆਂ ਹਨ ।

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਸਵਾਲ ਦੇ ਜਵਾਬ ਵਿਚ ਕਲੀਅਰ ਕਰ ਦਿੱਤਾ ਹੈ ਕਿ ਸੁਪਰਡੰਟ ਦੀ ਕੋਈ ਪੋਸਟ ਖਾਲੀ ਨਹੀਂ । ਐਡਮਨਿਸਟ੍ਰੇਟਿਵ ਅਫਸਰ ਦੀ ਪੋਸਟ ਵਾਸਤੇ ਸਾਰਾ ਵੇਰਵਾ ਦੇ ਦਿੱਤਾ ਹੈ । ਅਸਿਸਟੈਂਟਸ ਦੀਆਂ 6 ਪੋਸਟਾਂ ਖਾਲੀ ਪਈਆਂ ਹਨ ਜਿਹੜੀਆਂ ਕਿ ਜਲਦੀ ਹੀ ਭਰ ਦਿੱਤੀਆਂ ਜਾਣਗੀਆਂ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਸਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਸਵਾਲ ਬਹੁਤ ਆਉਂਦੇ ਹਨ ਜਿਥੇ ਕਿ ਪੋਸਟਾਂ ਬੜੀ ਲੰਬੀ ਦੇਰ ਤੋਂ ਖਾਲੀ ਪਈਆਂ ਹੁੰਦੀਆਂ ਹਨ । ਕੀ ਮਨਿਸਟਰ ਸਾਹਿਬ, ਇਸ ਵਾਸਤੇ ਕੋਈ ਸਮਾਂ ਨਿਸਚਿਤ ਕਰ ਦੇਣਗੇ ਕਿ ਐਨੇ ਸਮੇਂ ਤਕ ਸਾਰੀਆਂ ਪੋਸਟਾਂ ਭਰ ਦਿੱਤੀ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਹ ਸਪੈਸਿਫਿਕ ਕੁਐਸਚਨ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਹ ਦੱਸ ਦੇਣ ਕਿ ਇਹ ਪੋਸਟਾਂ ਪਿਛਲੇ 3 ਸਾਲਾਂ ਦੇ ਅਕਾਲੀ-ਜਨਤਾ ਰਾਜ ਵਿਚ ਖਾਲੀ ਪਈਆਂ ਰਹੀਆਂ ਸਨ ਔਰ ਤੁਸੀਂ ਪਿਛਲੇ 3 ਮਹੀਨਿਆਂ ਵਿਚ ਕਿੰਨੀਆਂ ਪੋਸਟਾਂ ਭਰ ਸਕੇ ਹੋ ?

(ਕੋਈ ਉਤਰ ਨਹੀਂ ਆਇਆ ।)

ਜ਼ਿਲ੍ਹਾ ਫਰੀਦਕੋਟ ਵਿਚ ਮੁਅੱਤਲੀ ਅਧੀਨ ਅਧਿਆਪਕ/ਮਾਸਟਰ/ਕਲਰਕ

*272 **ਕਾਮਰੇਡ ਸੱਘੜ ਸਿੰਘ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਫਰੀਦਕੋਟ ਵਿਚ ਮੁਅੱਤਲ ਕੀਤੇ ਅਧਿਆਪਕ/ਮਾਸਟਰ ਕਲਰਕਾਂ ਦੀ ਗਿਣਤੀ ਕਿੰਨੀ ਹੈ ;

(ਅ) ਮੁਅੱਤਲ ਕੀਤੇ ਗਏ ਅਧਿਆਪਕਾਂ/ਮਾਸਟਰਾਂ/ਕਲਰਕਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ਅਤੇ ਹਰ ਇਕ ਕੇਸ ਵਿਚ ਮੁਅੱਤਲ ਕੀਤੇ ਜਾਣ ਦੀ ਤਰੀਕ ਕੀ ਹੈ ਅਤੇ ਉਸ ਦੇ ਕਾਰਨ ਕੀ ਹਨ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਦੋ ਜੀ ।

(ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

ਸੂਚੀ

ਨਿਮਨ ਲਿਖਿਤ ਕਰਮਚਾਰੀ ਉਨ੍ਹਾਂ ਦੇ ਅੱਗੇ ਦਰਸਾਈ ਹੋਈ ਮਿਤੀ ਅਤੇ ਕਾਰਨਾ ਕਰਕੇ ਮੁਅਤਲ ਕੀਤੇ ਹੋਏ ਹਨ :—

ਲੜੀ ਨੰ:	ਨਾਮ ਤੇ ਆਹੁਦਾ	ਮੁੱਅਤਲੀ ਦੀ ਮਿਤੀ	ਮੁੱਅਤਲੀ ਦੇ ਕਾਰਨ
1.	ਸ੍ਰੀ ਇੰਦਰਜੀਤ ਸਿੰਘ, ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਸੰਗਤ ਪੁਰਾ (ਹੁਣ ਲੀਅਨ ਖੰਡੇ ੇੜਾ) ਜ਼ਿਲਾ ਫਰੀਦਕੋਟ ।	30-1-67	ਇਸ ਕਰਮਚਾਰੀ ਵਿਰੁੱਧ ਦੋ ਪੁਲਿਸ ਕੇਸ ਹਨ । ਇਕ ਕੇਸ ਐਫ.ਆਈ.ਆਰ. ਨੰ: 148, ਮਿਤੀ 25 ਦਸੰਬਰ, 1966 ਫਿਰੋਜ਼ਪੁਰ ਪੁਲਿਸ ਸਟੇਸ਼ਨ ਵਿਚ ਧਾਰਾ 420/477/379 ਆਈ.ਪੀ.ਸੀ. ਅਧੀਨ ਅਤੇ ਦੂਸਰਾ ਕੇਸ ਐਫ.ਆਈ.ਆਰ. ਨੰ: 87/68, ਧਾਰਾ 420 ਅਧੀਨ ਦਿਲੀ ਪੁਲਿਸ ਪਾਸ ਬਾਬਤ ਜੁਰਮ ਰੁ: 85872/20 ਪੈਸੇ ਦੇ ਗਬਨ ਕਾਰਨ ਦਰਜ ਕਰਵਾਏ ਗਏ ਸਨ ।

2.	ਸ਼੍ਰੀ ਸਤਪਾਲ, ਕਲਰਕ ਦਫਤਰ ਬਲਾਕ ਪ੍ਰਾਇਮਰੀ ਐਜੂਕੇਸ਼ਨ ਅਫਸਰ, ਮੋਗ, ਜ਼ਿਲਾ ਫਰੀਦਕੋਟ ।	28-8-80	ਡਿਪਟੀ ਕਮਿਸ਼ਨਰ ਫਰੀਦਕੋਟ ਦੇ ਜਨਰਲ ਅਸਿਸਟੈਂਟ ਵਲੋਂ ਰਿਪੋਟ ਦੇ ਅਧਾਰ ਤੇ ਟੀਚਰਾਂ ਨੂੰ ਬਕਾਏ ਅਦਾ ਕਰਦੇ ਸਮੇਂ ਘੱਟ ਰਕਮਾਂ ਅਦਾ ਕਰਨ ਦਾ ਦੋਸ਼ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇੰਦਰਜੀਤ ਸਿੰਘ, ਟੀਚਰ 30 ਜਨਵਰੀ, 1967 ਨੂੰ ਅਤੇ ਸੱਤਪਾਲ, ਕਲਰਕ 28 ਅਗਸਤ, 1980 ਨੂੰ ਮੁੱਅਤਲ ਕੀਤੇ ਗਏ ਸਨ । ਇਕ ਇਹ ਦੱਸਣ ਕਿ ਮੁਅੱਤਲੀ ਕਿੰਨੀ ਦੇਰ ਤੱਕ ਹੁੰਦੀ ਹੈ ਕਿਉਂਕਿ ਇੰਦਰਜੀਤ ਸਿੰਘ 1967 ਤੋਂ ਮੁਅੱਤਲ ਹੈ ਉਸ ਨੂੰ ਕਦੋਂ ਤੱਕ ਬਹਾਲ ਕਰ ਦੇਵੋਗੇ ? ਦੂਸਰਾ ਸੱਤਪਾਲ ਕਲਰਕ ਨੂੰ ਕਦੋਂ ਬਹਾਲ ਕਰ ਦੇਵੋਗੇ ।

ਮੰਤਰੀ : ਸਪੀਕਰ ਸਾਹਿਬ, ਇੰਦਰਜੀਤ ਸਿੰਘ, ਟੀਚਰ ਦੇ ਖਿਲਾਫ ਦੋ ਕੇਸ ਸਨ । ਇਕ ਕੇਸ ਦਾ ਫੈਸਲਾ ਹੋ ਚੁੱਕਾ ਹੈ ਅਤੇ ਦੂਸਰਾ ਕੇਸ ਜਿਹੜਾ ਉਸ ਦੇ ਖਿਲਾਫ ਹੈ ਉਹ ਹਾਲੇ ਸਬਜੁਡਿਸ ਹੈ ਅਤੇ ਪੈਂਡਿੰਗ ਹੈ ਜਿਤਨੀ ਦੇਰ ਉਸ ਦੇ ਦੂਸਰੇ ਕੇਸ ਦਾ ਫੈਸਲਾ ਨਹੀਂ ਹੋ ਜਾਂਦਾ, ਕੋਈ ਫਰਦਰ ਕਾਰਵਾਈ ਨਹੀਂ ਕੀਤੀ ਜਾ ਸਕਦੀ ਦੂਸਰੇ ਸੱਤਪਾਲ, ਕਲਰਕ ਬਾਰੇ ਉਸ ਨੂੰ ਸ਼ੋ ਕਾਜ਼ ਨੋਟਿਸ ਇਸ਼ੂ ਹੋ ਚੁੱਕਾ ਹੈ । ਇਸ ਦਾ ਜਵਾਬ ਵੇਰਵੇ ਸਹਿਤ ਦੇ ਦਿੱਤਾ ਹੈ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਸੱਤਪਾਲ, ਕਲਰਕ, ਦੀ ਪਹਿਲੇ ਇਕ ਵਾਰੀ ਇਨਕੁਆਇਰੀ ਹੋ ਚੁਕੀ ਹੈ ਅਤੇ ਬਾਦ ਵਿਚ ਮੁਅੱਤਲ ਕੀਤਾ ਗਿਆ । ਸੱਤਪਾਲ ਨੂੰ ਬਹਾਲ ਕਰਨ ਵਿਚ ਇਹ ਕਿੰਨੀ ਦੇਰ ਲਗਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਇਨਕੁਆਇਰੀ ਦੀ ਰਿਪੋਰਟ ਮੁਕੰਮਲ ਹੋ ਜਾਵੇਗੀ ਉਸ ਤੋਂ ਬਾਦ ਮੈਂ ਦੱਸ ਸਕਾਂਗਾ ।

AUDITING OF ACCOUNTS OF PRIMARY AGRICULTURAL CO-OPERATIVE CREDIT SOCIETY KOTLI KHAS, BLOCK MUKERIAN, DISTRICT HOSHIARPUR.

*270. **Professor Balwant Singh**: Will the Chief Minister be pleased to state :—

(a) the period after which the accounts of Primary Agricultural Cooperative Credit Societies in the state are audited and the procedure laid down for getting the accounts of each such society audited;

(b) whether the accounts of the Primary Agricultural Cooperative Credit Society Kotli Khas, Block Mukerian, District Hoshiarpur for the years 1976-77, 1977-78, 1978-79 and 1979-80 have been audited, if so, the details of irregularities, if any detected, year-wise, as a result thereof;

[Professor Balwant Singh]

(c) whether the Secretary or any other official of the abovementioned society was found guilty of embezzlement or any other lapse/irregularity during the course of the audit referred to in Part (b) above; if so, the details of action if any taken against the person found guilty ?

ਸਰਦਾਰ ਦਰਬਾਰਾ ਸਿੰਘ : (ੳ) ਕੋਆਪਰੇਟਿਵ ਸੋਸਾਇਟੀ ਐਕਟ, 1961 ਦੀ ਧਾਰਾ 48 ਅਧੀਨ ਹਰ ਸਭਾ ਦਾ ਆਡਿਟ 30 ਜੂਨ ਤਕ ਸਾਲ ਵਿਚ ਇਕ ਵਾਰ ਕੀਤਾ ਜਾਣਾ ਹੈ ।

CONSTRUCTION OF LINK ROADS FROM JAHANGIR TO BAL KALAN IN VERKA ASSEMBLY CONSTITUENCY

36. **Comrade Sohan Singh**
Comrade Baldev Singh Loomba } :Will the Chief Minister be pleased to state whether there is any proposal under the consideration of the Government to construct the link roads from Jahangir to Bal Kalan and from Daddian to Lidhar in the Verka Assembly Constituency; if so, the time by which it is likely to be implemented ?

ਸਰਦਾਰ ਦਰਬਾਰਾ ਸਿੰਘ: ਨਹੀਂ ਜੀ ।

UNSTARRED QUESTION NO. 65

(EXTENSION WAS ASKED FOR IN RESPECT OF UNSTARRED QUESTION NO 65)

The answer to Assembly Question No. 65 appearing in the list of Unstarred Questions for 22nd January, 1981 in the name of Camrade Baldev Singh Loomba, M. L. A. is not ready.

The reply will be submitted as soon as the relevant information has been collected.

Sd/-

Education Minister, Punjab

The Secretary,
Punjab Vidhan Sabha.

U. O No. 31-4 Ed. 4-81 Dated Chandigarh, the 21st January. 1981

(ਇਸ ਵਕਤ ਬਹੁਤ ਸਾਰੇ ਮੈਂਬਰ ਸਾਹਿਬਾਨ.ਖੜੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਇਕ ਆਵਾਜ਼ : ਅਜੇ 10.00 ਨਹੀਂ ਵਜੇ ਜੀ ।

ਸ਼੍ਰੀ ਸਪੀਕਰ : ਇਸ ਘੜੀ ਦੇ ਮੁਤਾਬਿਕ 10.00 ਵੱਜ ਚੁਕੇ ਹਨ ਜਿਸ ਮੁਤਾਬਿਕ ਹਾਊਸ ਦੀ ਘੰਟੀ ਵੱਜੀ ਸੀ ।

ANNOUNCEMENTS BY THE SPEAKER REG.

(i) **Governor's Address**

Mr. **Speaker**: In pursuance of Rule 18 of the Rules of procedure and Conduct of Business in the Punjab Vidhan Sabha (Punjab Legislative Assembly), I have to report that the Governor was pleased to Address the Punjab Vidhan Sabha on the 21st January, 1981 under Article 176(1) of the Constitution.

A copy of the Address is laid on the Table of the House.

ਸ਼੍ਰੀਮਾਨ ਸਪੀਕਰ ਅਤੇ ਮੈਂਬਰ ਸਾਹਿਬਾਨ,

1. ਅੱਠਵੀਂ ਵਿਧਾਨ ਸਭਾ ਦੇ ਦੂਜੇ ਇਜਲਾਸ ਵਿਚ ਆਉਣ ਤੇ ਮੈਂ ਆਪ ਜੀ ਦਾ ਹਾਰਦਿਕ ਸਵਾਗਤ ਕਰਦਾ ਹਾਂ, ਜਿਸ ਦਾ ਉਦਘਾਟਨ ਕਰਨ ਅਤੇ ਆਪ ਨੂੰ ਸੰਬੋਧਤ ਕਰਨ ਵਿਚ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ । ਮੈਂ ਇਸ ਮੌਕੇ ਤੇ ਆਪ ਜੀ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਨਵੇਂ ਤੇ ਖੁਸ਼ਹਾਲ ਸਾਲ ਲਈ ਸ਼ੁਭ ਕਾਮਨਾਵਾਂ ਭੇਟ ਕਰਨ ਦੀ ਖੁਸ਼ੀ ਵੀ ਲੈਣਾ ਚਾਹੁੰਦਾ ਹਾਂ ।

[ਸ੍ਰੀ ਸਪੀਕਰ]

2. ਅੱਜ ਤੋਂ ਸੱਤ ਮਹੀਨੇ ਪਹਿਲਾਂ ਇਸ ਰਾਜ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੀਆਂ ਉਨ੍ਹਾਂ ਨੀਤੀਆਂ ਅਤੇ ਪਰੋਗਰਾਮਾਂ, ਜਿਨ੍ਹਾਂ ਨੂੰ ਸਾਡੇ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਨੇ ਘੋਸ਼ਿਤ ਕੀਤਾ ਸੀ ਅਤੇ ਜਿਨ੍ਹਾਂ ਦੇ ਅਸੀਂ ਬਹੁਤ ਹੀ ਰਿਣੀ ਹਾਂ, ਵਿਚ ਆਪਣੇ ਪੂਰਣ ਵਿਸ਼ਵਾਸ ਨੂੰ ਮੁੜ ਦੁਹਰਾਇਆ । ਉਨ੍ਹਾਂ ਦੀ ਅਗਵਾਈ ਤੋਂ ਪਰੇਰਨਾ ਲੈਂਦੇ ਹੋਏ, ਮੇਰੀ ਸਰਕਾਰ ਗਰੀਬੀ ਸਮਾਪਤ ਕਰਨ, ਗਰੀਬ ਤੇ ਅਮੀਰ ਵਿਚਕਾਰ ਨਾਬਰਾਬਰੀ ਖ਼ਤਮ ਕਰਨ ਅਤੇ ਸਮਾਜਕ ਨਿਆਂ ਦੇ ਆਧਾਰ ਤੇ ਇਕ ਲੋਕ-ਹਿਤਕਾਰੀ ਸਮਾਜ ਦੀ ਸਥਾਪਨਾ ਕਰਨ ਦੇ ਪੱਚੀ ਨੁਕਾਤੀ ਪਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਤਨੋਂ ਮਨੋਂ ਜੁਟ ਗਈ ਹੈ। ਅਸੀਂ ਨਵਾਂ ਯੁਗ ਲਿਆਉਣ, ਹੁਣ ਤਕ ਸਮਾਜ ਦੇ ਅਣਗੌਲੇ ਵਰਗਾਂ ਨੂੰ ਸਮਾਜ ਵਿਚ ਸੁਰੱਖਿਆ ਤੇ ਸਨਮਾਨ ਵਾਲਾ ਆਪਣਾ ਸਥਾਨ ਪ੍ਰਾਪਤ ਕਰਾਉਣ ਅਤੇ ਵਿਸ਼ੇਸ਼ ਕਰਕੇ ਅਨੁਸੂਚਿਤ ਅਤੇ ਹੋਰ ਪਛੜੀਆਂ ਸ਼ਰੇਣੀਆਂ ਦੇ ਆਰਥਕ, ਸਮਾਜਕ ਅਤੇ ਵਿਦਿਅਕ ਹਿੱਤਾਂ ਨੂੰ ਮੁਖ ਰਖਦੇ ਹੋਏ, ਜਿਨ੍ਹਾਂ ਨੂੰ ਹੁਣ ਤਕ ਆਰਥਕ ਵਿਕਾਸ ਦੇ ਲਾਭਾਂ ਤੋਂ ਵਾਂਝੇ ਰਖਿਆ ਗਿਆ ਹੈ, ਨੂੰ ਆਪਣਾ ਬਣਦਾ ਸਥਾਨ ਦਿਵਾਉਣ ਦੇ ਆਪਣੇ ਆਸ਼ਿਆਂ ਪ੍ਰਤਿ ਪੂਰੀ ਤਰ੍ਹਾਂ ਵਚਨਬੱਧ ਹਾਂ । ਰਾਜ ਦੀ ਪ੍ਰਬੰਧਕੀ ਮਸ਼ੀਨਰੀ ਨੂੰ ਸੁਸੰਗਠਿਤ ਕੀਤਾ ਗਿਆ ਹੈ ਅਤੇ ਉਕਤ ਮੰਤਵਾਂ ਦੀ ਪੂਰਤੀ ਲਈ ਵਿਕਾਸ ਦੀ ਗਤੀ ਨੂੰ ਤੇਜ ਕਰ ਦਿਤਾ ਗਿਆ ਹੈ । ਰਾਜ ਦੀ ਆਰਥਕਤਾ ਨੂੰ ਮਜ਼ਬੂਤ ਅਤੇ ਯੋਜਨਾ-ਬੱਧ ਕਰਨ ਲਈ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਰਾਜ ਯੋਜਨਾਬੰਦੀ ਬੋਰਡ ਦੀ ਪਹਿਲਾਂ ਹੀ ਸਥਾਪਨਾ ਕੀਤੀ ਜਾ ਚੁਕੀ ਹੈ, ਜੋ ਕਿ ਯੋਜਨਾ ਦੇ ਵੱਖ-ਵੱਖ ਪਰੋਗਰਾਮਾਂ ਅਤੇ ਸਕੀਮਾਂ ਨੂੰ ਤਿਆਰ ਕਰਨ, ਉਨ੍ਹਾਂ ਉਤੇ ਨਜ਼ਰਸ਼ਾਨੀ ਅਤੇ ਮੁਲਅੰਕਣ ਕਰਨ ਦੀ ਸਰਵੁੱਚ ਬਾਡੀ ਹੈ । ਆਉਂਦੇ 20 ਸਾਲਾਂ ਦੇ ਸਮੇਂ ਦੀ ਇਕ ਦੂਰ ਰਸੀ ਤੇ ਦੀਰਘਕਾਲੀ ਯੋਜਨਾ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਸ ਕਾਰਜ ਨੂੰ ਕਰਨ ਲਈ ਰਾਜ ਯੋਜਨਾਬੰਦੀ ਬੋਰਡ ਅਧੀਨ ਮਾਹਿਰਾਂ ਦੇ ਬਹੁਤ ਸਾਰੇ ਗਰੁੱਪ ਬਣਾਏ ਗਏ ਹਨ ।

3. ਪਿਛਲੇ ਸਾਲ ਦੇ ਸ਼ੁਰੂ ਵਿਚ ਕੇਂਦਰ ਵਿਖੇ ਨਵੀਂ ਸਰਕਾਰ ਦੀ ਸਥਾਪਨਾ ਤੋਂ ਬਾਦ ਛੇਤੀ ਹੀ ਪ੍ਰਧਾਨ ਮੰਤਰੀ ਜੀ ਨੇ ਗ਼ਰੀਬੀ ਦੇ ਖ਼ਾਤਮੇ ਲਈ ਪਰਿਵਾਰ ਅਤੇ ਸਮਾਜਕ ਵਰਗਾਂ ਦੀ ਇਕਾਈ ਦੇ ਆਧਾਰ ਤੇ ਸਾਰੀਆਂ ਰਾਜ ਸਰਕਾਰਾਂ ਨੂੰ ਯੋਜਨਾਵਾਂ ਤਿਆਰ ਕਰਨ ਦੀ ਨੀਤੀ ਅਪਨਾਉਣ ਦਾ ਮਸ਼ਵਰਾ ਦਿੱਤਾ ਸੀ । ਛੇਵੀਂ ਯੋਜਨਾ ਦੇ ਸਮੇਂ ਵਿਚ ਇਕ ਟੀਚਾ ਇਹ ਵੀ ਰਖਿਆ ਗਿਆ ਸੀ ਕਿ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਿਤਾ ਰਹੇ ਅੱਧੇ ਪਰਿਵਾਰਾਂ ਦੀ ਗਰੀਬੀ ਦੀ ਰੇਖਾ ਤੋਂ ਉੱਪਰ ਉਠਣ ਵਿਚ ਸਹਾਇਤਾ ਕਰਨ ਲਈ ਕਦਮ ਚੁਕੇ ਜਾਣ । ਪ੍ਰਧਾਨ ਮੰਤਰੀ ਜੀ ਦੀ ਇਸ ਬੁਨਿਆਦੀ ਅਗਵਾਈ ਨੂੰ ਅਪਨਾਉਂਦੇ ਹੋਏ ਮੇਰੀ ਸਰਕਾਰ ਨੇ ਜੂਨ, 1980 ਵਿਚ ਰਾਜ ਦੇ ਦਿਹਾਤੀ ਅਤੇ ਸ਼ਹਿਰੀ, ਦੋਵਾਂ ਇਲਾਕਿਆਂ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਰੇਕ ਪਰਿਵਾਰ ਸਬੰਧੀ ਜਾਣਕਾਰੀ ਅਤੇ ਡੈਟਾ ਇਕੱਤਰ ਕਰਨ ਲਈ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਦਾ ਸਰਵੇ ਕਰਨ ਦਾ ਫੈਸਲਾ ਕੀਤਾ ਸੀ। ਇਹ ਖੁਸ਼ੀ ਦੀ ਗਲ ਹੈ ਕਿ ਇਹ ਸਰਵੇ ਪੰਜਾਬ ਦੇ ਸਾਰੇ ਨਗਰਾਂ ਅਤੇ ਪਿੰਡਾਂ ਵਿਚ ਨਿਸ਼ਚਿਤ ਕੀਤੇ ਸਮੇਂ ਅਨੁਸਾਰ ਮੁਕੰਮਲ ਕੀਤਾ ਜਾ ਚੁਕਾ ਹੈ ਅਤੇ ਪ੍ਰਤੀ ਵਰਸ਼ 3600 ਰੁਪਏ ਤਕ ਅਤੇ 3600 ਰੁਪਏ ਤੋਂ ਵੱਧ ਪਰ 6,000 ਰੁਪਏ ਤੋਂ ਘਟ ਆਮਦਨ ਵਾਲੇ ਸਾਰੇ ਪਰਿਵਾਰਾਂ ਸਬੰਧੀ ਵਿਸਥਾਰ ਪੂਰਵਕ ਸੂਚਨਾ ਪ੍ਰਾਪਤ ਕੀਤੀ ਜਾ ਚੁਕੀ ਹੈ । ਇਸ ਸਰਵੇ ਤੋਂ ਪਤਾ ਚਲਦਾ ਹੈ ਕਿ ਦਿਹਾਤੀ ਵੱਸੋਂ ਦਾ 38 ਪ੍ਰਤਿਸ਼ਤ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ

ਰਿਹਾ ਹੈ, ਜਦੋਂ ਕਿ ਸ਼ਹਿਰੀ ਇਲਾਕਿਆਂ ਦੀ 12 ਪ੍ਰਤਿਸ਼ਤ ਵਸੋਂ ਇਸ ਸ਼੍ਰੇਣੀ ਵਿਚ ਆਉਂਦੀ ਹੈ । ਪਰਿਵਾਰਾਂ ਸਬੰਧੀ ਇਕੱਤਰ ਕੀਤਾ ਡੇਟਾ, ਪਹਿਲਾਂ ਪਹਿਲ, ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ ਨੂੰ ਵਿੱਤੀ ਸਹਾਇਤਾ ਦੇਣ ਲਈ ਵਰਤਿਆ ਜਾਵੇਗਾ ਤਾਂ ਜੋ ਉਹ ਆਪਣੀ ਰੁਚੀ, ਕਸਬੀ ਯੋਗਤਾ ਅਤੇ ਮਿਲਦੇ ਕੱਚੇ ਮਾਲ ਅਨੁਸਾਰ ਆਮਦਨ ਵਿਚ ਵਾਧਾ ਕਰਨ ਵਾਲੀਆਂ ਸਕੀਮਾਂ ਨੂੰ ਅਪਣਾ ਸਕਣ । ਸਰਕਾਰ ਦੀਆਂ ਵੱਖ ਵੱਖ ਏਜੰਸੀਆਂ ਦੇ ਯਤਨਾ ਵਿਚ, ਦੋਹਾਂ ਰਾਜ ਸਦਰ ਮੁਕਾਮਾਂ ਅਤੇ ਜ਼ਿਲ੍ਹਾ ਸਦਰ ਮੁਕਾਮਾਂ ਵਿਖੇ. ਤਾਲ ਮੇਲ ਪੈਦਾ ਕੀਤਾ ਜਾਵੇਗਾ ਤਾਂ ਕਿ ਪਾਤਰ ਪਰਿਵਾਰਾਂ ਲਈ ਸਹਾਇਤਾ ਦੇ ਉਪਬੰਧ ਸਬੰਧੀ ਕਾਰਜ ਸੁਸੰਗਠਿਤ ਅਤੇ ਨਿਪੁੰਨਤਾ ਪੂਰਵਕ ਕੀਤਾ ਜਾ ਸਕੇ । ਪੰਜਾਬ ਸਰਕਾਰ ਦੁਆਰਾ ਕੀਤਾ ਗਿਆ ਸਰਵੇ ਸਾਰੇ ਦੇਸ਼ ਲਈ ਪੱਥ ਪਰਦਰਸ਼ਨ ਦਾ ਕੰਮ ਦਿੰਦਾ ਹੈ । ਇਕ ਸ਼ਲਾਘਾ ਯੋਗ ਗੱਲ ਇਹ ਵੀ ਹੈ ਕਿ ਪੰਜਾਬ, ਜਿਸ ਦੀ ਜੀਅ-ਪ੍ਰਤੀ ਆਮਦਨ ਪਹਿਲਾਂ ਹੀ ਸਭ ਤੋਂ ਵੱਧ ਹੈ, ਹੁਣ ਸਮਾਜ ਦੇ ਕਮਜ਼ੋਰ ਵਰਗਾਂ ਵਿਚ ਵਿਕਾਸ ਦੇ ਲਾਭਾਂ ਨੂੰ ਫਲਾਉਣ ਵਿਚ ਵੀ ਦੇਸ਼ ਦੀ ਰਹਿਨੁਮਾਈ ਕਰ ਰਿਹਾ ਹੈ ।

4. 1980-81 ਦੇ ਦੌਰਾਨ, ਮੇਰੀ ਸਰਕਾਰ ਨੇ ਕਮਜ਼ੋਰ ਵਰਗਾਂ ਨਾਲ ਸਬੰਧਤ ਪਰਿਵਾਰਾਂ ਨੂੰ ਵਿਆਜ ਰਹਿਤ ਕਰਜ਼ੇ ਦੇਣ ਲਈ 30 ਕਰੋੜ ਰੁਪਏ ਦੀ ਰਕਮ ਦਾ ਐਲਾਨ ਕੀਤਾ ਸੀ । ਨਾ ਕੇਵਲ ਹੁਣ ਇਹ ਟੀਚਾ ਪੂਰਾ ਹੀ ਕੀਤਾ ਜਾ ਚੁਕਾ ਹੈ ਸਗੋਂ ਇਸ ਵਿਚ ਵਾਧਾ ਵੀ ਹੋਇਆ ਹੈ, ਅਤੇ ਚਾਲੂ ਮਾਲੀ ਸਾਲ ਦੇ ਅੰਤ ਤਕ ਲਗਭਗ 65,000 ਪਰਿਵਾਰਾਂ ਨੂੰ ਇਨ੍ਹਾਂ ਕਰਜ਼ਿਆਂ ਤੋਂ ਲਾਭ ਹੋਵੇਗਾ । (ਥੰਪਿੰਗ) ਪ੍ਰਧਾਨ ਮੰਤਰੀ ਜੀ ਦੁਆਰਾ ਗਰੀਬੀ ਨੂੰ ਖਤਮ ਕਰਨ ਸਬੰਧੀ ਜਾਰੀ ਕੀਤਾ ਗਿਆ ਅਗਵਾਈ ਪੱਤਰ, ਮੇਰੀ ਸਰਕਾਰ ਦੀ ਨੀਤੀ ਦਾ ਅਤਿਅੰਤ ਪਵਿੱਤਰ ਆਧਾਰ ਹੈ ਅਤੇ ਇਸ ਅਨੁਸਾਰ ਸਭ ਤੋਂ ਕਮਜ਼ੋਰ ਵਰਗਾਂ ਦੀ ਆਰਥਕ ਅਤੇ ਸਮਾਜਕ ਸਥਿਤੀ ਦਾ ਸੁਧਾਰ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ।

5. ਆਰਥਕ ਅਤੇ ਸਮਾਜ ਸੇਵਾਵਾਂ ਦੇ ਮੁੱਖ ਸੈਕਟਰਾਂ ਬਾਰੇ ਵਰਣਨ ਕਰਨ ਤੋਂ ਪਹਿਲਾਂ, ਮੈਂ ਆਪ ਸਭ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ-ਸ਼ਤਾਬਦੀ ਤੇ ਹਾਰਦਿਕ ਵਧਾਈ ਦਿੰਦਾ ਹਾਂ ਜੋ ਕਿ ਰਾਜ ਸਰਕਾਰ ਦੁਆਰਾ 13 ਨਵੰਬਰ, 1980 ਤੋਂ ਪੂਰੇ ਸਾਲ ਲਈ ਸਰਕਾਰੀ ਤੌਰ ਤੇ ਮਨਾਈ ਜਾ ਰਹੀ ਹੈ । ਫਿਲੌਰ ਦੇ ਨਜ਼ਦੀਕ ਇਕ ਨਵੇਂ ਸ਼ਹਿਰ ਰਣਜੀਤਗੜ੍ਹ ਦੀ ਸਥਾਪਨਾ, ਉਸ ਮਹਾਨ ਧਰਮ-ਨਿਰਪੇਖ ਮਹਾਰਾਜੇ ਦੀ ਯਾਦ ਨੂੰ ਸਦੀਵੀ ਸ਼ਰਧਾਂਜਲੀ ਹੈ । ਮਹਾਰਾਜਾ ਰਣਜੀਤ ਸਿੰਘ, ਸਮਾਜਕ ਨਿਆਂ, ਸਮਾਨਤਾ, ਸਹਿਣਸ਼ੀਲਤਾ ਅਤੇ ਭਰਾਤਰੀਵਾਦ ਦੇ ਆਦਰਸ਼ਾਂ ਵਿਚ ਨਾ ਕੇਵਲ ਦ੍ਰਿੜ੍ਹ ਵਿਸ਼ਵਾਸ਼ ਰਖਦੇ ਸਨ, ਸਗੋਂ ਆਪਣੇ ਸ਼ਾਸਨ ਦੇ ਸਾਰੇ ਖੇਤਰਾਂ ਵਿਚ ਇਨ੍ਹਾਂ ਆਦਰਸ਼ਾਂ ਉਤੇ ਅਮਲ ਵੀ ਕਰਵਾਉਂਦੇ ਸਨ । ਇਸ ਸ਼ਹਿਰ ਨਾਲ ਰਾਸ਼ਟਰੀ ਉਸਾਰੀ ਦੇ ਖੇਤਰ ਵਿਚ ਇਕ ਨਵਾਂ ਯੁੱਗ ਅਰੰਭ ਹੋਣ ਦੀ ਆਸ ਹੈ । ਇਸ ਵਿਚ ਗੰਦ ਮੰਦ ਤੋਂ ਰਹਿਤ ਉਦਯੋਗ ਹੋਣਗੇ । ਪੰਜਾਬ ਦੇ ਉਦਯੋਗਾਂ ਤੇ ਵਪਾਰ ਲਈ ਇਹ ਇਕ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸ਼ੋ-ਵਿੰਡੋ ਦਾ ਕੰਮ ਕਰੇਗਾ; ਸ਼ਕਤੀ ਅਤੇ ਆਲੇ ਦੁਆਲੇ ਦੇ ਵਿਕਾਸ ਲਈ ਨਵੀਂ ਟੈਕਨਾਲੋਜੀ ਮੁਹੱਈਆਂ ਕਰੇਗਾ ; ਅਤੇ ਇਸ ਤੋਂ ਇਲਾਵਾ ਬਹੁਤ ਵੱਡੇ ਪੈਮਾਨੇ ਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ।

[ਸ੍ਰੀ ਸਪੀਕਰ]

6. ਪੰਜਾਬ ਨੇ ਖੇਤੀ ਬੜੀ ਅਤੇ ਅਨਾਜ ਦੇ ਮੁਹਾਜ਼ ਤੇ, ਮੌਜੂਦਾ ਵਿੱਤੀ ਸਾਲ ਦੇ ਦੌਰਾਨ 23 ਦਸੰਬਰ, 1980 ਤਕ ਦੇ ਕਣਕ ਦੇ 58 ਲਖ ਮੀ. ਟਨ ਦੇ ਸਮੂਚੇ ਕੇਂਦਰੀ ਭਡਾਰ ਵਿਚ 42.69 ਲੱਖ ਮੀ. ਟਨ ਕਣਕ ਦਾ ਵੱਡਾ ਹਿਸਾ ਪਾਇਆ ਜੋ ਕੁਲ ਭੰਡਾਰ ਦਾ 73 ਫੀ ਸਦੀ ਬਣਦਾ ਹੈ। ਪੰਜਾਬ ਨੂੰ ਦੇਸ਼ ਦਾ ਕਣਕ ਦਾ ਭੰਡਾਰ ਹੋਣ ਦਾ ਮਾਣ ਦਿਵਾਉਣ ਤੋਂ ਬਅਦ, ਹੁਣ ਪੰਜਾਬ ਦੇ ਕਿਸਾਨ ਝੋਨੇ ਦੇ ਉਤਪਾਦਨ ਵਿਚ ਵੀ ਕੇਂਦਰੀ ਪੂਲ ਵਿਚ 60 ਪ੍ਰਤਿਸ਼ਤ ਦਾ ਸਭ ਤੋਂ ਵੱਧ ਯੋਗਦਾਨ ਦੇ ਕੇ ਅੱਗੇ ਵਧ ਰਹੇ ਹਨ। ਸਾਉਣੀ 1980 ਦੇ ਦੌਰਾਨ ਆਸ ਕੀਤੀ ਜਾਂਦੀ ਹੈ ਕਿ ਝੋਨੇ ਦੀ ਉਪਜ 48 ਲੱਖ ਮੀ. ਟਨ ਹੋਵੇਗੀ ਜਿੰਨੀ ਕਿ ਰਾਜ ਵਿਚ ਪਹਿਲਾਂ ਕਦੇ ਨਹੀਂ ਹੋਈ। ਪਿਛਲੇ ਸਾਲ ਦੇ ਦੌਰਾਨ 42 ਲੱਖ ਮੀ. ਟਨ ਦੇ ਮੁਕਾਬਲੇ ਤੇ ਮੰਡੀ ਵਿਚ 44 ਲੱਖ ਮੀ. ਟਨ ਦੀ ਸੰਭਾਵਤ ਆਮਦ ਵੱਧ ਉਪਜ ਦੀ ਪੁਸ਼ਟੀ ਕਰਦੀ ਹੈ। ਜਰਾਇਤੀ ਪੈਦਾਵਾਰ ਵਿਚ ਵਾਧੇ ਦਾ ਮੁਖ ਕਾਰਣ ਇਨ੍ਹਾਂ ਦੀਆਂ ਕੀਮਤਾਂ ਵਿਚ ਕੀਤਾ ਵਾਧਾ ਹੈ। ਸਾਉਣੀ ਦੀਆਂ ਫਸਲਾਂ ਸਬੰਧੀ ਪਿਛੇ ਜਿਹੇ ਅਪਣਾਈ ਗਈ ਨੀਤੀ ਦੀ ਮਹੱਤਵ ਪੂਰਨ ਵਿਸ਼ੇਸ਼ਤਾ ਇਹ ਹੈ ਕਿ ਪਹਿਲੀ ਵਾਰ ਰਾਜ ਦੀਆਂ ਤਿੰਨਾਂ ਪ੍ਰਾਪਤੀ ਏਜੰਸੀਆਂ-ਅਰਥਾਤ ਖ਼ੁਰਾਕ ਤੇ ਸਪਲਾਈ ਵਿਭਾਗ, ਪਨਸਪ ਅਤੇ ਮਾਰਕਫੈਡ ਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਨਾਲ ਪਹਿਲੀ ਵਾਰ ਸਾਂਝੇ ਤੌਰ ਤੇ ਮਿਲ ਕੇ ਝੋਨੇ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਹੈ। ਇਸ ਤੋਂ ਬਿਨਾ ਕਿਸਾਨਾਂ ਦੇ ਹਿੱਤਾ ਦੀ ਰਾਖੀ ਨਹੀਂ ਸੀ ਹੋ ਸਕਦੀ ਕਿਉਂ ਜੋ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ ਸਾਉਣੀ ਦੀਆਂ ਫਸਲਾਂ ਦੀ ਪ੍ਰਾਪਤੀ ਨੂੰ ਇਕੱਲਿਆਂ ਸੰਭਾਲਣ ਤੋਂ ਆਪਣੀ ਅਸਮਰਥਾ ਪ੍ਰਗਟ ਕਰ ਦਿਤੀ ਸੀ ਰਾਜ ਖੁਰਾਕ ਵਿਭਾਗ ਦੁਆਰਾ 1979-80 ਵਿਚ 2.5 ਲੱਖ ਮੀ. ਟਨ ਦੇ ਮੁਕਾਬਲੇ ਤੇ ਰਾਜ ਸਰਕਾਰ ਨੇ 1980-81 ਵਿਚ ਲਗ ਭਗ 8 ਲੱਖ ਮੀ. ਟਨ ਝੋਨੇ ਦੀ ਖਰੀਦ ਕੀਤੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੇਰੀ ਸਰਕਾਰ ਕਿਸਾਨਾਂ ਦੀ ਭਲਾਈ ਦੀ ਕਿੰਨੀ ਇੱਛਕ ਹੈ। ਮੇਰੀ ਸਰਕਾਰ ਦੇ ਅਣਥਕ ਯਤਨਾਂ ਸਦਕਾ ਸਾਧਾਰਣ ਝੋਨੇ ਦੀ ਸਹਾਇਤਾ ਕੀਮਤ 1979 ਵਿਚ 95 ਰੁਪਏ ਪ੍ਰਤੀ ਕੁਇੰਟਲ ਤੋਂ ਵਧ ਕੇ 1980 ਵਿਚ 105 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਜਿਥੋਂ ਤਕ ਗੰਨੇ ਦੀ ਕੀਮਤ ਦਾ ਸਬੰਧ ਹੈ 8.5 ਫੀ ਸਦੀ ਰੀਕਵਰੀ ਵਾਲੇ ਗੰਨੇ ਦੀ ਭਾਰਤ ਸਰਕਾਰ ਦੀ 13.50 ਰੁਪਏ ਪ੍ਰਤੀ ਕੁਇੰਟਲ ਘੱਟ ਤੋਂ ਘਟ ਕਾਨੂੰਨੀ ਕੀਮਤ ਦੇ ਮੁਕਾਬਲੇ ਤੇ ਰਾਜ ਦੀਆਂ ਸਹਿਕਾਰੀ ਸਭਾਵਾਂ ਨੇ ਕਿਸਾਨਾਂ ਦੇ ਲਾਭ ਲਈ ਕਿਤੇ ਵੱਧ ਕੀਮਤਾਂ ਦਾ ਐਲਾਨ ਕਰਨ ਵਿਚ ਪਹਿਲ ਕੀਤੀ। ਹੁਣ 23 ਰੁਪਏ ਤੋਂ 28 ਰੁਪਏ ਵਿਚਕਾਰ ਪ੍ਰਤੀ ਕੁਇੰਟਲ, ਅਰਥਾਤ ਪਿਛਲੇ ਸਾਲ ਦੇ ਮੁਕਾਬਲੇ ਤੇ 50 ਫੀ ਸਦੀ ਤੋਂ ਵੱਧ ਕੀਮਤਾਂ ਦਿਤੀਆਂ ਜਾ ਰਹੀਆਂ ਹਨ।

7. 1980-81 ਦੇ ਦੌਰਾਨ ਗੰਨੇ ਦੀ ਪੈਦਾਵਾਰ ਨੂੰ ਉਤਸ਼ਾਹਤ ਕਰਨ ਲਈ ਪਿਛਲੇ ਸਾਲ ਦੇ ਮੁਕਾਬਲੇ ਤੇ ਸੀ. ਓ. ਜੇ 64 ਅਧੀਨ 5 ਹਜ਼ਾਰ ਹੈਕਟੇਅਰ ਰਕਬੇ ਦਾ ਵਾਧਾਂ ਕੀਤਾ ਗਿਆ ਹੈ 1979-80 ਦੇ ਦੌਰਾਨ 3.93 ਲੱਖ ਮੀ. ਟਨ ਦੇ ਮੁਕਾਬਲੇ ਤੇ ਗੁੜ ਦੀ ਅਨੁਮਾਨਤ ਪੈਦਾਵਾਰ 5.5 ਲੱਖ ਮੀ. ਟਨ ਹੋਵੇਗੀ। ਮੇਰੀ ਸਰਕਾਰ ਨੇ ਅਨਾਜ ਲਈ 1980-81 ਦੌਰਾਨ 130 ਲਖ ਮੀ. ਟਨ ਦੇ ਮੁਕਾਬਲੇ ਤੇ 1981-82 ਵਿਚ 136 ਲੱਖ ਮੀ. ਟਨ ਦਾ ਟੀਚਾ ਨਿਸ਼ਚਿਤ ਕੀਤਾ ਹੈ। ਨਕਦ ਫਸਲਾਂ, ਜਿਵੇਂ ਕਿ ਕਪਾਹ, ਗੰਨਾ ਅਤੇ ਤੇਲ

ਬੀਜਾਂ ਦੀ ਪੈਦਾਵਾਰ ਵਿਚ ਵੀ ਚੋਖੇ ਵਾਧੇ ਦੀ ਸੰਭਾਵਨਾ ਹੈ । ਮੇਰੀ ਸਰਕਾਰ ਦੀਆਂ ਵਿਕਾਸ ਨੀਤੀਆਂ ਅਤੇ ਅਣਥਕ ਅਤੇ ਮਿਹਨਤੀ ਕਿਸਾਨਾਂ ਵਲੋਂ ਮਿਲੇ ਹੁੰਗਾਰੇ ਸਦਕਾ ਖੇਤੀ ਬਾੜੀ ਵਿਚ ਸ਼ਾਨਦਾਰ ਪ੍ਰਾਪਤੀਆਂ ਹੋਈਆਂ ਹਨ । ਸਿੱਟੇ ਵਜੋਂ ਖਾਦ ਦੀ ਪ੍ਰਤੀ ਹੈਕਟੇਅਰ ਖਪਤ 108 ਕਿਲੋਗ੍ਰਾਮ ਹੋ ਗਈ ਹੈ, ਜੋ ਨਾ ਕੇਵਲ ਦੇਸ਼ ਵਿਚ ਸਭ ਤੋਂ ਵੱਧ ਹੈ ਸਗੋਂ ਸੰਸਾਰ ਦੇ ਕਈ ਵਿਕਸਿਤ ਦੇਸ਼ਾ ਤੋਂ ਵੀ ਵੱਧ ਹੈ । ਮਰੀ ਸਰਕਾਰ ਭੋਂ-ਵਿਕਾਸ ਅਤੇ ਸ਼ੋਰੇ ਵਾਲੀ ਭੋਂ ਦੇ ਸੁਧਾਰ ਵਲ ਕਾਫੀ ਧਿਆਨ ਦੇਵੇਗੀ ਤਾਂ ਜੋ ਭੋਂ ਦੀ ਉਪਜਾਇਕ ਸ਼ਕਤੀ ਵਧਾਈ ਜਾ ਸਕੇ। ਮੇਰੀ ਸਰਕਾਰ ਖੇਤੀ ਬਾੜੀ ਸੈਕਟਰ ਦੀਆਂ ਲੋੜਾਂ ਪੂਰੀਆਂ ਕਰਨ ਨੂੰ ਪਰਮ ਅਗੇਤ ਦਿੰਦੀ ਹੈ । ਕੁੱਲ ਡੀਜ਼ਲ ਦਾ 75 ਫੀ ਸਦੀ ਅਤੇ ਬਿਜਲੀ ਸ਼ਕਤੀ ਦਾ 65 ਫੀ ਸਦੀ ਰਾਜ ਵਿਚ ਇਸ ਸੈਕਟਰ ਲਈ ਮਖਸੂਸ ਕੀਤਾ ਗਿਆ ਹੈ ।

8. ਜ਼ਰਾਇਤੀ ਉਤਪਾਦਨ ਨੂੰ ਵਧਾਉਣ ਵਾਲੇ ਮਹੱਤਵਪੂਰਨ ਸਾਧਨਾਂ ਵਿਚੋਂ ਸਿੰਜਾਈ ਸਹੂਲਤਾਂ ਦਾ ਪ੍ਰਗਤੀਸ਼ੀਲ ਵਿਸਤਾਰ ਸਭ ਤੋਂ ਜ਼ਰੂਰੀ ਹੈ । ਇਸ ਲਈ ਇਸ ਖੇਤਰ ਵਿਚ ਵਧੇਰੇ ਤੇਜ ਸਿੱਟਿਆਂ ਦੀ ਪ੍ਰਾਪਤੀ ਲਈ, ਜੋ ਕਿ ਜ਼ਰਾਇਤੀ ਵਿਕਾਸ ਲਈ ਅਹਿਮ ਹਨ, ਵਧ ਤੋਂ ਵਧ ਅਤਿਰਿਕਤ ਵਸੀਲਿਆਂ ਨੂੰ ਵਰਤਣ ਲਈ ਪੁਰਜ਼ੋਰ ਯਤਨ ਜਾਰੀ ਹਨ । ਰਾਵੀ ਦਰਿਆ ਉਤੇ ਥੀਨ ਡੈਮ ਪ੍ਰਾਜੈਕਟ ਦੀ ਲਗਭਗ 8 ਲੱਖ ਏਕੜ ਸਿੰਜਾਈ ਸਮਰਥਾ ਨੂੰ ਧਿਆਨ ਵਿਚ ਰਖਦੇ ਹੋਏ ਮੇਰੀ ਸਰਕਾਰ ਇਸ ਨੂੰ ਪਰਮ ਅਗੇਤ ਦੇ ਰਹੀ ਹੈ । ਇਸ ਪ੍ਰਜੈਕਟ ਦੇ ਖਰਚ ਨੂੰ ਰਾਜ ਦੇ ਬਜਟ ਤੋਂ ਬਾਹਰਲੇ ਸਾਧਨਾਂ ਰਾਹੀ ਪੂਰਾ ਕਰਨ ਲਈ ਸਰ-ਵੁੱਚ ਪੱਧਰ ਤੇ ਵਿਚਾਰ ਕੀਤਾ ਗਿਆ ਹੈ । ਹਾਲ ਦੀ ਘੜੀ ਇਸ ਪ੍ਰਾਜੈਕਟ ਨੂੰ ਰਾਜ ਦੇ ਫੰਡਾਂ ਨਾਲ ਚਲਾਇਆ ਜਾ ਰਿਹਾ ਹੈ । ਇਸ ਤੋ ਇਲਾਵਾ ਪਛੜੇ ਕੰਡੀ ਖੇਤਰ ਵਿਚ ਖੇਤਰੀ ਅਸੰਤੁਲਨ ਨੂੰ ਖਤਮ ਕਰਨ ਅਤੇ ਆਰਥਕ ਪੁਨਰ ਉਸਾਰੀ ਲਈ, ਮੇਰੀ ਸਰਕਾਰ ਨੇ ਚਾਲੂ ਵਿੱਤੀ ਸਾਲ ਦੇ ਦੌਰਾਨ ਢੋਲਬਾਹਾ ਡੈਮ ਪ੍ਰਾਜੈਕਟ ਦੀ ਮਨਜ਼ੂਰੀ ਦਿੱਤੀ ਹੈ । ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਕੰਡੀ ਖੇਤਰ ਵਿਕਾਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਣ ਲਈ ਪੁਰਜ਼ੋਰ ਕਾਰਵਾਈ ਕੀਤੀ ਜਾ ਰਹੀ ਹੈ । ਅਗਲੇ ਪੰਜ ਸਾਲ ਵਿਚ ਕੰਡੀ ਖੇਤਰ ਵਿਚ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਦੁਆਰਾ 130 ਨਵੇਂ ਟਿਊਬਵੈਲ ਲਗਾਉਣ ਦੀ ਵੀ ਤਜਵੀਜ਼ ਹੈ । ਉਪਲਬਧ ਪਾਣੀ ਨੂੰ ਚੰਗੇਰੀ ਤਰ੍ਹਾਂ ਪ੍ਰਯੋਗ ਵਿਚ ਲਿਆਉਣ ਲਈ ਖਾਲਾਂ ਪੱਕੀਆਂ ਕਰਨ ਦੀ ਸਕੀਮ ਜਾਰੀ ਰੱਖੀ ਜਾ ਰਹੀ ਹੈ।

9. ਰਾਜ ਵਿਚ ਖੇਤੀ ਬਾੜੀ ਨੂੰ ਬਹੁਮੰਤਵੀ ਬਣਾਉਣ ਦੇ ਮਹੱਤਵਪੂਰਨ ਉਦੇਸ਼ ਲਈ ਮੇਰੀ ਸਰਕਾਰ ਨੇ ਬਾਗਬਾਨੀ ਵਿਕਾਸ ਦੀਆਂ ਕਈ ਸਕੀਮਾਂ ਨੂੰ ਮਨਜ਼ੂਰ ਕੀਤਾ ਹੈ । ਚਾਲੂ ਸਾਲ ਦੇ ਦੌਰਾਨ ਫਲ ਉਤਪਾਦਕਾਂ ਨੂੰ ਛੇ ਲੱਖ ਪੌਦਿਆਂ ਦੀ ਪਨੀਰੀ ਸਪਲਾਈ ਕੀਤੀ ਗਈ ਹੈ । ਫਲਾਂ ਦੇ ਬੂਟਿਆਂ ਅਤੇ ਕੀਟ ਨਾਸ਼ਕ ਆਦਿ ਲਈ ਸਾਰੇ ਰਾਜ ਵਿਚ ਫਲਾਂ ਦੇ ਨਵੇਂ ਉਤਪਾਦਕਾਂ ਨੂੰ ਸੱਤ ਸੱਤ ਸੌ ਰੁਪਏ ਦਾ ਉਪਦਾਨ ਦਿੱਤਾ ਜਾਵੇਗਾ । ਇਮਾਰਤੀ ਅਤੇ ਬਾਲਣ ਦੀ ਲੱਕੜ ਪੈਦਾ ਕਰਨ, ਵਾਤਾਵਰਣ ਵਿਚ ਹਰਿਆਲੀ ਤੇ ਪ੍ਰਕ੍ਰਿਤਕ ਸੁੰਦਰਤਾ ਵਧਾਉਣ ਲਈ, ਮੇਰੀ ਸਰਕਾਰ ਨੇ ਛੇਵੀਂ ਪੰਜ ਸਾਲਾਂ ਯੋਜਨਾ ਵਿਚ ਵਣ ਸਬੰਧੀ ਸਕੀਮਾਂ ਲਈ 1290 ਲੱਖ ਰੁਪਏ ਅਤੇ ਭੋਂ ਸੰਭਾਲ ਸਕੀਮਾਂ ਤਹਿਤ 643 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਹੈ ।

[ਸ੍ਰੀ ਸਪੀਕਰ]

10. 'ਚਿੱਟਾ ਇਨਕਲਾਬ' ਲਿਆਉਣ ਲਈ ਅਤੇ ਖੇਤੀਬਾੜੀ ਨੂੰ ਬਹੁਮੰਤਵੀ ਬਣਾਉਣ ਲਈ ਤਾਂ ਜੋ ਕਿਸਾਨਾਂ, ਖਾਸ ਕਰਕੇ ਕਮਜ਼ੋਰ ਵਰਗਾਂ ਦੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ ਜਾ ਸਕੇ, ਮੇਰੀ ਸਰਕਾਰ ਪਸ਼ੂਧਨ ਅਤੇ ਡੇਅਰੀ ਵਿਕਾਸ ਪਰੋਗਰਾਮਾਂ ਉਤੇ ਬਹੁਤ ਜ਼ੋਰ ਦੇ ਰਹੀ ਹੈ। ਵਧੇਰੇ ਹਸਪਤਾਲ ਅਤੇ ਡਿਸਪੈਂਸਰੀਆ ਖੋਹਲ ਕੇ ਪਸ਼ੂਆਂ ਦੇ ਇਲਾਜ ਦੀਆਂ ਸਹੂਲਤਾਂ ਵਿਚ ਸੁਧਾਰ ਕੀਤਾ ਜਾ ਰਿਹਾ ਹੈ। ਮਸਨੂਈ ਵੀਰਜ ਸਿੰਜਣ ਵਿਚ ਵੀ ਠੋਸ ਵਾਧਾ ਕੀਤਾ ਗਿਆ ਹੈ। 1980-81 ਦੌਰਾਨ, ਦੁੱਧ ਦਾ ਉਤਪਾਦਨ 32.36 ਲੱਖ ਮੀ. ਟਨ ਨੂੰ ਛੂਹ ਜਾਵੇਗਾ ਅਤੇ 1981-82 ਦੌਰਾਨ ਇਸ ਉਤਪਾਦਨ ਦਾ ਟੀਚਾ 35.14 ਲੱਖ ਮੀ. ਟਨ ਹੋਵੇਗਾ। ਸਾਲ 1981-82 ਦੌਰਾਨ, ਡੰਗਰਾਂ ਲਈ 10 ਡਿਸਪੈਂਸਰੀਆਂ ਨੂੰ ਅਪ-ਗਰੇਡ ਕਰਕੇ ਹਸਪਤਾਲਾਂ ਵਿਚ ਬਦਲਿਆ ਜਾਵੇਗਾ। ਡੇਅਰੀ ਵਿਸਤਾਰ ਅਤੇ ਮੰਡੀਕਰਣ ਲਈ, ਡੇਰਾ ਬਾਬਾ ਨਾਨਕ ਬਲਾਕ ਵਿਚ ਇਕ ਚਿਲਿੰਗ-ਕਮ-ਪ੍ਰਦਰਸ਼ਨ ਕੇਂਦਰ ਸਥਾਪਿਤ ਕੀਤਾ ਜਾ ਰਿਹਾ ਹੈ। ਗੁਰਦਾਸਪੁਰ ਵਿਖੇ ਨਵੇਂ ਮਿਲਕ ਪਲਾਂਟ ਦਾ ਕੰਮ ਚਾਲੂ ਕੀਤਾ ਗਿਆ ਹੈ। 1980-81 ਦੌਰਾਨ, ਮੁਹਾਲੀ ਵਿਖੇ 1 ਲੱਖ ਲਿਟਰ ਪ੍ਰਤੀ ਦਿਨ ਸਮਰਥਾ ਵਾਲਾ ਮਿਲਕ ਪਲਾਂਟ ਲਗਾਇਆ ਜਾ ਰਿਹਾ ਹੈ। ਬਠਿੰਡਾ, ਲੁਧਿਆਣਾ, ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਦੁੱਧ ਉਤਪਾਦਨ ਦੀਆਂ ਸੁਸਾਇਟੀਆਂ ਨੂੰ ਸੰਗਠਿਤ ਕੀਤਾ ਜਾ ਰਿਹਾ ਹੈ ਅਤੇ 30 ਜੂਨ, 1981 ਤਕ 900 ਤੋਂ ਵੱਧ ਸੁਸਾਇਟੀਆਂ ਉਕਤ ਜ਼ਿਲ੍ਹਿਆਂ ਵਿਚ ਰਜਿਸਟਰ ਹੋ ਜਾਣਗੀਆਂ। ਇਹ ਸੁਸਾਇਟੀਆਂ 'ਅਨੰਦ' ਦੇ ਨਮੂਨੇ ਦੀਆਂ ਹੋਣਗੀਆਂ। ਸਹਿਕਾਰੀ ਸੈਕਟਰ ਵਿਚ ਚੋਟੀ ਦੀ ਡੇਅਰੀ ਵਿਕਾਸ ਬਾਡੀ, ਮਿਲਕਫੈਡ, ਨੂੰ ਭਾਰਤੀ ਡੇਅਰੀ ਕਾਰਪੋਰੇਸ਼ਨ ਤੋਂ 1.62 ਕਰੋੜ ਰੁਪਏ ਦੀ ਮਾਲੀ ਸਹਾਇਤਾ ਪ੍ਰਾਪਤ ਹੋਈ ਹੈ। ਸਾਲ 1981-82 ਦੇ ਦੌਰਾਨ, ਭਾਰਤੀ ਡੇਅਰੀ ਕਾਰਪੋਰੇਸ਼ਨ ਤੋਂ ਉਪਰੇਸ਼ਨ ਫਲੱਡ II ਤਹਿਤ ਪਹਿਲਾਂ ਪ੍ਰਵਾਨਿਤ ਕੁੱਲ 58 ਕਰੋੜ ਰੁਪਏ ਦੀ ਸਹਾਇਤਾ ਵਿਚੋਂ 16 ਕਰੋੜ ਰੁਪਏ ਦੀ ਮਾਲੀ ਸਹਾਇਤਾ ਮਿਲਣ ਦੀ ਆਸ ਹੈ। 1981-82 ਦੇ ਦੌਰਾਨ, ਜਲੰਧਰ ਅਤੇ ਸੰਗਰੂਰ ਵਿਖੇ, ਪ੍ਰਤੀ ਦਿਨ ਦਸ ਮੀ. ਟਨ ਦੁਧ ਪਾਊਡਰ ਉਤਪਾਦਨ ਕਰਨ ਵਾਲੇ ਪਲਾਂਟਾਂ ਦੀ ਉਸਾਰੀ ਸ਼ੁਰੂ ਕੀਤੀ ਜਾਵੇਗੀ।

11. ਸਮਾਜਕ ਨਿਆਂ ਦੇ ਨਾਲ ਖੁਸ਼ਹਾਲੀ ਦਾ ਨਵਾਂ ਦੌਰ ਸ਼ੁਰੂ ਕਰਨ ਲਈ ਮੇਰੀ ਸਰਕਾਰ ਸਹਿਕਾਰੀ ਜਥੇਬੰਦੀਆਂ ਦਾ ਉਚਿਤ ਉਪਯੋਗ ਕਰ ਰਹੀ ਹੈ। ਸਹਿਕਾਰੀ ਰਿਣ-ਪ੍ਰਬੰਧਾਂ ਨੂੰ ਮੁੜ ਸੋਧ ਕੇ, ਇਕ ਕਿਸਾਨ ਲਈ ਵਧ ਤੋਂ ਵੱਧ ਰਿਣ-ਸੀਮਾਂ ਨੂੰ 9,000 ਰੁਪਏ ਤੋਂ ਵਧਾ ਕੇ 12,000 ਰੁਪਏ ਕਰ ਦਿੱਤਾ ਗਿਆ ਹੈ। 1980-81 ਦੇ ਦੌਰਾਨ, ਅਲਪਕਾਲੀ ਰਿਣ ਦੇ ਰੂਪ ਵਿਚ 185 ਕਰੋੜ ਰੁਪਏ ਦੇ ਟੀਚੇ ਦੇ ਮੁਕਾਬਲੇ, ਸਹਿਕਾਰੀ ਸੈਕਟਰ ਦੁਆਰਾ 235 ਕਰੋੜ ਰੁਪਏ ਦੀ ਵਾਸਤਵਿਕ ਵੰਡ ਕੀਤੇ ਜਾਣ ਦੀ ਸੰਭਾਵਨਾ ਹੈ। 1981-82 ਦੇ ਦੌਰਾਨ, ਆਸ ਹੈ ਕਿ ਇਹ ਰਕਮ 250 ਕਰੋੜ ਦੇ ਟੀਚੇ ਨੂੰ ਛੂਹ ਜਾਵੇਗੀ, ਜਿਸ ਵਿਚੋਂ 43 ਫੀ ਸਦੀ ਕਰਜ਼ੇ ਛੋਟੇ ਅਤੇ ਸੀਮਾਂਤਿਕ ਕਿਸਾਨਾਂ ਅਤੇ ਦੂਜੇ ਕਮਜ਼ੋਰ ਵਰਗਾਂ ਨੂੰ ਦਿੱਤੇ ਜਾਣਗੇ। ਸਹਿਕਾਰੀ ਸੈਕਟਰ ਵਿਚ ਨਵੀਆਂ ਖੰਡ ਮਿੱਲਾਂ ਦੇ ਲਸੰਸ ਹਾਸਲ ਕਰਨ ਲਈ ਯਤਨ ਜਾਰੀ ਹਨ। ਕਪਾਹ ਉਤਪਾਦਕਾਂ ਦੇ ਲਾਭ ਲਈ, ਜੈਤੋ ਵਿਖੇ 150 ਗੱਠਾਂ ਪ੍ਰਤੀ ਦਿਨ ਸਮਰਥਾ ਦੀ ਕਪਾਹ ਫੈਕਟਰੀ ਚਾਲੂ ਕੀਤੀ ਗਈ ਹੈ। ਇਸੇ ਤਰ੍ਹਾਂ ਦੀ ਦੂਜੀ ਫੈਕਟਰੀ 1981 ਦੇ ਅੱਧ ਤਕ ਸਰਦੂਲਗੜ੍ਹ ਵਿਖੇ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ। ਖੰਨੇ ਵਿਖੇ ਮਾਰਕਫੈਡ ਬਨਸਪਤੀ ਪਲਾਂਟ ਦੀ ਸਮਰਥਾ ਵਿਚ ਵੀ ਨਿੱਗਰ ਵਾਧਾ ਕੀਤਾ ਜਾਵੇਗਾ। ਇਸੇ ਤਰ੍ਹਾਂ ਗਿੱਦੜਬਾਹਾ ਵਿਖੇ ਕਾਟਨ ਸੀਡ ਪ੍ਰਾਸੈਸਿੰਗ ਪਲਾਂਟ ਦੀ ਸਮਰਥਾ ਦੁਗਣੀ ਕੀਤੀ ਜਾਵੇਗੀ।

ਕਪੂਰਥਲਾ ਵਿਖੇ ਪ੍ਰਤੀ ਦਿਨ 50 ਮੀ. ਟਨ ਦੀ ਸਮਰੱਥਾ ਵਾਲਾ ਇਕ ਸੰਯੁਕਤ ਖਾਦ ਪਲਾਂਟ ਲਗਾਇਆ ਜਾਵੇਗਾ । ਖੰਨਾ ਵਿਖੇ ਇਕ ਆਕਸੀਜਨ ਪਲਾਂਟ ਚਾਲੂ ਕਰਨ ਦੀ ਵੀ ਤਜਵੀਜ਼ ਹੈ ।

ਪਿੰਡਾਂ ਵਿਚ ਜੀਵਨ ਪੱਧਰ ਨੂੰ ਉੱਚਾ ਕਰਨ ਲਈ ਅਤੇ ਆਲਾ ਦੁਆਲਾ ਸਾਫ ਸੁਥਰਾ ਰਖਣ ਲਈ ਵੱਡੇ ਪੈਮਾਨੇ ਤੇ ਪਰੋਗਰਾਮ ਹੱਥ ਵਿਚ ਲਿਆ ਗਿਆ ਹੈ । ਇਸ ਅਧੀਨ ਹੋਰਨਾਂ ਕੰਮਾਂ ਤੋਂ ਇਲਾਵਾ, ਗਲੀਆਂ ਨੂੰ ਪੱਕਾ ਕਰਨਾ ਅਤੇ ਨਾਲੀਆਂ ਬਣਾਂਉਣ ਦੇ ਕੰਮ ਨੂੰ ਵੱਡੇ ਪੈਮਾਨੇ ਤੇ ਸ਼ੁਰੂ ਕੀਤਾ ਜਾਵੇਗਾ । ਇਸ ਮੰਤਵ ਲਈ ਸਾਲ 1979-80 ਵਿਚ 60 ਲੱਖ ਰੁਪਏ ਦੇ ਮੁਕਾਬਲੇ ਤੇ 1980-81 ਵਿਚ 4.50 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ । ਇਸ ਉਪਬੰਧ ਵਿਚ ਸਾਲ 1981-82 ਦੇ ਦੌਰਾਨ, ਠੋਸ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ, ਤਾਂ ਜੋ ਸੁਧਾਰ ਦੇ ਪਰੋਗਰਾਮਾਂ ਨੂੰ ਤੇਜ਼ੀ ਨਾਲ ਅਮਲ ਵਿਚ ਲਿਆਂਦਾ ਜਾ ਸਕੇ ।

ਮੇਰੀ ਸਰਕਾਰ, ਨਿਰਧਨਾਂ ਦੀ ਸਹਾਇਤਾ ਅਤੇ ਛੋਟੇ ਅਤੇ ਸੀਮਾਂਤਿਕ ਕਿਸਾਨਾਂ ਨੂੰ ਇਮਦਾਦ ਦੇਣ ਲਈ ਵਚਨਬੱਧ ਹੈ । ਛੋਟੇ ਕਿਸਾਨ ਅਤੇ ਸੀਮਾਂਤਿਕ ਕਿਸਾਨ ਏਜੰਸੀਆਂ ਤੇ ਖੇਤਰ ਵਿਕਾਸ ਸਕੀਮ ਅਧੀਨ ਚਾਲੂ ਕੀਤੇ ਵਖ ਵੱਖ ਪਰੋਗਰਾਮਾਂ ਨੂੰ ਸਮੁੱਚੇ ਤੌਰ ਤੇ ਸੰਯੁਕਤ ਗ੍ਰਾਮ ਵਿਕਾਸ ਪਰੋਗਰਾਮ ਵਿਚ ਸੰਗਠਿਤ ਕੀਤਾ ਗਿਆ ਹੈ, ਜਿਸ ਦੇ ਖਰਚ ਨੂੰ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ 50:50 ਆਧਾਰ ਤੇ ਪੂਰਾ ਕੀਤਾ ਜਾਵੇਗਾ । ਆਗਾਮੀ ਸਾਲ ਵਿਚ ਸਾਰੇ ਬਲਾਕਾਂ ਨੂੰ ਇਸ ਸਕੀਮ ਅਧੀਨ ਲਿਆਂਦਾ ਜਾਵੇਗਾ ।

12. ਰਾਜ ਦੀ ਆਰਥਕਤਾ ਦੇ ਸਮੁੱਚੇ ਵਿਕਾਸ ਵਿਚ ਬਿਜਲੀ ਦਾ ਪ੍ਰਮੁਖ ਸਥਾਨ ਹੈ। ਵਿੱਤੀ ਸਾਧਨਾਂ ਤੇ ਉਸਾਰੀ ਸਮੱਗਰੀ ਦੀ ਕਿੱਲਤ ਦੇ ਬਾਵਜੂਦ, ਇਸ ਗੱਲ ਨੂੰ ਮੁਖ ਰਖਦਿਆਂ ਹੋਇਆਂ ਕਿ ਖੇਤੀਬਾੜੀ ਅਤੇ ਉਦਯੋਗਕ ਉਤਪਾਦਨ ਅਤੇ ਲੋਕਾਂ ਦੇ ਜੀਵਨ-ਪੱਧਰ ਨੂੰ ਉੱਚਾ ਕਰਨ ਵਿਚ ਬਿਜਲੀ ਦਾ ਮਹੱਤਵਪੂਰਨ ਹਿੱਸਾ ਹੈ, ਉਪਲਬਧ ਸਾਧਨਾਂ ਤੋਂ ਬਿਜਲੀ ਦੇ ਉਤ-ਪਾਦਨ ਵਿਚ ਬਹੁਤ ਜ਼ਿਆਦਾ ਵਾਧਾ ਕਰਨ ਅਤੇ ਪਹਿਲਾਂ ਤੋਂ ਚਲ ਰਹੇ, ਜਿਵੇਂ ਅਨੰਦਪੁਰ ਸਾਹਿਬ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਸ਼ਾਨਨ ਨਵੀਨੀਕਰਨ ਅਤੇ ਵਿਸਥਾਰ ਪ੍ਰਾਜੈਕਟਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਲਈ ਭਰਪੂਰ ਯਤਨ ਕੀਤੇ ਜਾ ਰਹੇ ਹਨ । ਰੋਪੜ ਥਰਮਲ ਪਲਾਂਟ, ਜਿਸ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਜੀ ਨੇ 30 ਦਸੰਬਰ, 1980 ਨੂੰ ਰਖਿਆ ਸੀ, ਦੇ ਕੰਮ ਦੀ ਰਫਤਾਰ ਤੇਜ਼ ਕੀਤੀ ਗਈ ਅਤੇ ਦਸੰਬਰ, 1983 ਤਕ 210 ਮੈਗਾਵਾਟ ਦੇ ਪਹਿਲੇ ਯੂਨਿਟ ਦੇ ਚਾਲੂ ਹੋ ਜਾਣ ਦੀ ਆਸ ਹੈ; ਜਦ ਕਿ ਦੂਜਾ ਯੂਨਿਟ ਜੂਨ 1984 ਤਕ ਚਾਲੂ ਹੋ ਜਾਵੇਗਾ । ਇਸ ਪ੍ਰਾਜੈਕਟ ਉਤੇ 260 ਕਰੋੜ ਰੁਪਏ ਲਾਗਤ ਆਵੇਗੀ । ਥੀਨ ਡੈਮ ਪਣ-ਬਿਜਲੀ ਪ੍ਰਾਜੈਕਟ ਦੀ ਵੀ 480 ਮੈਗਾਵਾਟ ਬਿਜਲੀ ਉਤਪਾਦਨ ਦੀ ਸਮੱਰਥਾ ਹੋ ਜਾਵੇਗੀ । ਸਾਲ 1980-81 ਦੇ 104.30 ਕਰੋੜ ਰੁਪਏ ਦੇ ਪਲਾਨ ਖਰਚੇ ਦੇ ਮੁਕਾਬਲੇ ਤੇ ਸਾਲ 1981-82 ਲਈ 137 ਕਰੋੜ ਰੁਪਏ ਦੀ ਰਕਮ ਬਿਜਲੀ ਯੋਜਨਾ ਹਿਤ ਨਿਸਚਿਤ ਕੀਤੀ ਗਈ ਹੈ ।

13. ਆਪ ਜੀ ਨੂੰ ਇਹ ਸੂਚਨਾ ਦੇਣ ਵਿਚ ਮੈਨੂੰ ਖੁਸ਼ੀ ਹੈ ਕਿ ਮੇਰੇ ਪਿਛਲੇ ਭਾਸ਼ਣ ਵਿਚ ਉਦਯੋਗ ਦੇ ਖੇਤਰ ਨਾਲ ਸਬੰਧਤ ਜੋ ਵਾਅਦੇ ਆਪ ਜੀ ਨਾਲ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਾ ਕਰਨ ਵਿਚ ਮੇਰੀ ਸਰਕਾਰ ਨੇ ਠੋਸ ਪ੍ਰਗਤੀ ਕੀਤੀ ਹੈ। ਜਦੋਂ ਤੋਂ ਇਸ

[ਸ਼੍ਰੀ ਸਪੀਕਰ]

ਸਰਕਾਰ ਨੇ ਰਾਜ ਦੀ ਵਾਗਡੋਰ ਸੰਭਾਲੀ ਹੈ, ਇਸ ਥੋੜ੍ਹੇ ਜਿਹੇ ਸਮੇਂ ਦੇ ਦੌਰਾਨ, ਰਾਜ ਵਿਚ ਵੱਡੇ ਅਤੇ ਦਰਮਿਆਨੇ ਪੈਮਾਨੇ ਦੇ ਉਦਯੋਗ ਸਥਾਪਤ ਕਰਨ ਲਈ 20 ਆਸ਼ਾ ਪੱਤਰ, 48 ਰਜਿਸਟਰੇਸ਼ਨ ਪੱਤਰ ਅਤੇ 8 ਉਦਯੋਗਿਕ ਲਸੰਸ ਪ੍ਰਾਪਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੁਝ ਪ੍ਰਾਜੈਕਟ ਖੇਤੀਬਾੜੀ ਤੇ ਆਧਾਰਤ ਹਨ ਅਤੇ ਇਹ ਖੇਤੀਬਾੜੀ ਦੇ ਉਤਪਾਦਨ ਅਤੇ ਇਸ ਦੀਆਂ ਜ਼ਾਇਆ ਹੋਣ ਵਾਲੀਆਂ ਵਸਤਾਂ ਦੀ ਵਰਤੋਂ ਕਰਨਗੇ ਅਤੇ ਰਾਜ ਦੀ ਆਰਥਕਤਾ ਵਿਚ ਵਿਭਿੰਨਤਾ ਲਿਆਉਣ ਲਈ ਸਹਾਈ ਹੋਣਗੇ। ਕੀਤੀਆਂ ਜਾ ਰਹੀਆਂ ਇਨ੍ਹਾਂ ਕਾਰਵਾਈਆਂ ਦੇ ਆਧਾਰ ਤੇ ਇਹ ਆਸ ਕੀਤੀ ਜਾਂਦੀ ਹੈ ਕਿ ਵੱਡੇ ਅਤੇ ਦਰਮਿਆਨੇ ਪੈਮਾਨੇ ਦੇ ਪੱਧਰ ਦੇ 20 ਯੂਨਿਟ, ਜਿਨ੍ਹਾਂ ਵਿਚ 2 ਕਤਾਈ ਮਿੱਲਾਂ ਅਤੇ 3 ਪੇਪਰ ਮਿੱਲਾਂ ਸ਼ਾਮਲ ਹਨ, ਵਿੱਤੀ ਸਾਲ 1981-82 ਦੇ ਦੌਰਾਨ, ਚਾਲੂ ਹੋ ਜਾਣਗੇ। ਇਨ੍ਹਾਂ ਤੋਂ ਇਲਾਵਾ ਪਿਛਲੇ 6 ਜਾਂ 7 ਮਹੀਨਿਆਂ ਦੇ ਦੌਰਾਨ ਮੇਰੀ ਸਰਕਾਰ ਨੇ ਰਾਜ ਵਿਚ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ ਅਤੇ ਆਪ ਨੂੰ ਇਹ ਦੱਸਣ ਵਿਚ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਅਮੋਨੀਆਂ ਕਲੋਰਾਈਡ, ਸੋਡਾ ਐਸ਼, ਕਾਸਟਿਕ ਸੋਡਾ ਅਤੇ ਪੋਲੀਐਸਟਰ ਸਟੈਪਲ ਫਾਈਬਰ ਲਈ ਤਿੰਨ ਵੱਡੇ ਪ੍ਰਾਜੈਕਟ ਜਿਹੜੇ ਕਿ ਲੰਮੇ ਸਮੇਂ ਤੋਂ ਲਟਕੇ ਆ ਰਹੇ ਸਨ, ਨੂੰ ਪਬਲਿਕ ਸੈਕਟਰ ਵਿਚ ਸ਼ੁਰੂ ਕਰਨ ਲਈ ਠੋਸ ਕਦਮ ਚੁੱਕੇ ਗਏ ਹਨ। ਆਉਣ ਵਾਲੇ ਤਿੰਨ ਸਾਲਾਂ ਵਿਚ ਇਨ੍ਹਾਂ ਉਤੇ ਲਗਭਗ 100 ਕਰੋੜ ਰੁਪਏ ਖ਼ਰਚ ਹੋਣ ਦਾ ਅੰਦਾਜ਼ਾ ਹੈ।

14. ਉੱਦਮ ਕਰਤਿਆਂ ਅਤੇ ਗ਼ੈਰ-ਭਾਰਤੀ ਵਸਨੀਕਾਂ ਨੂੰ ਰਾਜ ਵਿਚ ਉਦਯੋਗ ਸਥਾਪਤ ਕਰਨ ਵਾਸਤੇ ਉਤਸ਼ਾਹ ਦੇਣ ਲਈ ਮੇਰੀ ਸਰਕਾਰ ਭਰਪੂਰ ਯਤਨ ਕਰ ਰਹੀ ਹੈ। ਉਨ੍ਹਾਂ ਨੂੰ ਇਕੋ ਸਥਾਨ ਤੋਂ ਸਾਰੀ ਅਗਵਾਈ ਦੇਣ ਲਈ ਉਦਯੋਗਿਕ ਵਿਕਾਸ ਸੈੱਲ ਕਾਇਮ ਕੀਤਾ ਜਾ ਰਿਹਾ ਹੈ।

15. ਰਾਜ ਉਦਯੋਗ ਵਿਕਾਸ ਬੋਰਡ ਅਤੇ ਰਾਜ ਨਿਰਯਾਤ ਵਿਕਾਸ ਬੋਰਡ ਵੀ ਕਾਇਮ ਕੀਤੇ ਜਾ ਰਹੇ ਹਨ।

16. ਰਾਜ ਦੇ ਪਛੜੇ ਹੋਏ ਦਿਹਾਤੀ ਇਲਾਕਿਆਂ ਵਿਚ ਉਦਯੋਗਾਂ ਦੇ ਵਿਕਾਸ ਨੂੰ ਨਿਯਮਤ ਰੂਪ ਦੇਣ ਲਈ ਸ੍ਰੀ ਗੋਇੰਦਵਾਲ ਸਾਹਿਬ ਦਾ ਉਦਯੋਗਕ ਕੰਪਲੈਕਸ ਪ੍ਰਾਜੈਕਟ ਸ਼ੁਰੂ ਕਰਨਾ ਮੇਰੀ ਸਰਕਾਰ ਦਾ ਇਕ ਮਹੱਤਵਪੂਰਨ ਕੰਮ ਹੈ, ਜਿਹੜਾ ਕਿ ਦੇਸ਼ ਭਰ ਵਿਚ ਆਪਣੀ ਕਿਸਮ ਦਾ ਪਹਿਲਾ ਪ੍ਰਾਜੈਕਟ ਹੈ। ਚਮੜਾ ਉਦਯੋਗ ਦੇ ਭਰਪੂਰ ਵਿਕਾਸ, ਜਿਸ ਨਾਲ ਕਿ ਸਭ ਲਈ ਅਤੇ ਵਿਸ਼ੇਸ਼ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਰੋਜ਼ਗਾਰ ਦੇ ਹੋਰ ਮੌਕੇ ਅਤੇ ਲਾਭ ਪੈਦਾ ਹੋਣ ਦੀ ਆਸ ਹੈ, ਲਈ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਕਾਇਮ ਕਰਨ ਹਿਤ ਮੇਰੀ ਸਰਕਾਰ ਨੇ ਕਦਮ ਚੁੱਕੇ ਹਨ। ਇਸ ਨਾਲ ਜਲੰਧਰ ਦੇ ਖੇਡਾਂ ਦੇ ਸਾਜ਼ ਸਾਮਾਨ ਦੇ ਉਦਯੋਗ ਨੂੰ ਵੀ ਉਤਸ਼ਾਹ ਮਿਲੇਗਾ। ਰਾਜਾ ਸਾਂਸੀ, ਅੰਮ੍ਰਿਤਸਰ ਦੇ ਹਵਾਈ ਅੱਡੇ ਵਿਖੇ ਏਅਰ ਕਾਰਗੋ ਕੰਪਲੈਕਸ ਅਤੇ ਲੁਧਿਆਣਾ ਵਿਖੇ ਸੈਂਟਰਲ ਟੂਲ ਰੂਮ, ਜਿਸ ਨੂੰ ਛੇਤੀ ਹੀ ਚਾਲੂ ਕੀਤੇ ਜਾਣ ਦੀ ਆਸ ਹੈ ਅਤੇ ਲੁਧਿਆਣਾ ਵਿਖੇ ਸਾਈਕਲਾਂ ਅਤੇ ਸਿਲਾਈ ਮਸ਼ੀਨਾਂ ਲਈ ਖੋਜ ਅਤੇ ਵਿਕਾਸ ਕੇਂਦਰ ਦਾ, ਜੋ ਯੂ. ਐਨ. ਡੀ. ਪੀ. ਦੇ ਅਧੀਨ ਕਾਇਮ ਕੀਤਾ ਜਾ ਰਿਹਾ ਹੈ, ਦਾ

ਰਾਜ ਦੇ ਉਦਯੋਗਕ ਨਕਸ਼ੇ ਵਿਚ ਉੱਘਾ ਸਥਾਨ ਹੋਵੇਗਾ ਅਤੇ ਇਹ ਉਦਯੋਗ ਦੇ ਸੰਭਾਵੀ ਉਤਪਾਦਨ ਵਿਚ ਵਧੇਰੀਆਂ ਸਹੂਲਤਾਂ ਪੈਦਾ ਕਰਨਗੇ ।

17. ਅਸੀਂ ਇਸ ਬਾਰੇ ਚੇਤੰਨ ਹਾਂ ਕਿ ਉਦਯੋਗਕ ਅਤੇ ਖੇਤੀ ਬਾੜੀ ਦੀ ਖੁਸ਼ਹਾਲੀ ਲਈ ਸੰਤੁਸ਼ਟ ਮਜ਼ਦੂਰਾਂ ਦਾ ਹੋਣਾ ਇਕ ਜ਼ਰੂਰੀ ਸ਼ਰਤ ਹੈ ਅਤੇ ਰਾਜ ਦੇ ਉਦਯੋਗਕ ਅਤੇ ਖੇਤੀ-ਬਾੜੀ ਦੇ ਕਾਮਿਆਂ ਦੀ ਭਲਾਈ ਲਈ ਮੇਰੀ ਸਰਕਾਰ ਨੇ ਅਨੇਕਾਂ ਉਪਰਾਲੇ ਕੀਤੇ ਹਨ । ਰਾਜ ਵਿਚ ਉਦਯੋਗਕ ਸ਼ਾਂਤੀ ਅਤੇ ਇਕ ਸੁਰਤਾ ਯਕੀਨੀ ਹੋ ਗਈ ਹੈ ਜਿਸ ਨਾਲ ਵਧੇਰਾ ਉਤਪਾਦਨ ਹੋ ਗਿਆ ਹੈ ਅਤੇ ਕੁਝ ਹੱਦ ਤੱਕ ਮੁਦਰਾਂ ਸਥੀਤੀ ਨੂੰ ਠੱਲ ਪਈ ਹੈ । ਦਿਹਾਤੀ ਇਲਾਕੇ ਦੇ ਅਣਸੰਗਠਤ ਮਜ਼ਦੂਰਾਂ ਦੀ ਭਲਾਈ ਲਈ ਅਤੇ ਮਜ਼ਦੂਰ ਕਾਨੂੰਨਾਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੀ ਮਸ਼ੀਨਰੀ ਨੂੰ ਸੰਗਠਤ ਕੀਤਾ ਗਿਆ ਹੈ । ਦਿਹਾਤੀ ਇਲਾਕਿਆਂ ਦੇ ਮਜ਼ਦੂਰਾਂ ਨੂੰ ਆਪਣੀਆਂ ਸ਼ਿਕਾਇਤਾਂ ਦੂਰ ਕਰਾਉਣ ਹਿਤ ਇਹ ਤਜਵੀਜ਼ ਹੈ ਕਿ ਦਿਹਾਤੀ ਇਲਾਕਿਆਂ ਵਿਚ ਵੀ ਮਜ਼ਦੂਰੀ ਸਮਝੌਤਾ ਦਫਤਰ ਸਥਾਪਤ ਕੀਤੇ ਜਾਣ ।

18, ਰਾਜ ਦੀ ਸਾਰੀ ਸ਼ਹਿਰੀ ਤੇ ਪੇਂਡੂ ਆਬਾਦੀ ਨੂੰ ਸਰਕਾਰੀ ਵੰਡ ਪ੍ਰਣਾਲੀ ਅਧੀਨ ਲੈ ਆਂਦਾ ਗਿਆ ਹੈ । ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕਾਂ ਲਈ ਵਾਜਬ ਕੀਮਤਾਂ ਤੇ ਜ਼ਰੂਰੀ ਵਸਤਾਂ ਉਪਲਬਧ ਕਰਾਉਣਾ ਅਤਿਅੰਤ ਲੋੜੀਂਦੀ ਪਰ ਗੁੰਝਲਦਾਰ ਸਮੱਸਿਆ ਬਣੀ ਰਹੀ ਹੈ । 2 ਅਕਤੂਬਰ, 1980 ਤੋਂ ਰਿਆਇਤੀ ਕੀਮਤਾਂ ਉਤੇ ਖਾਣ ਵਾਲੀਆਂ ਜ਼ਰੂਰੀ ਵਸਤਾਂ ਸਬੰਧੀ ਵੰਡ ਪ੍ਰਣਾਲੀ ਨੂੰ ਹੋਰ ਅਸਰਦਾਰ ਬਣਾਉਣ ਲਈ ਇਸ ਨੂੰ ਸਮਾਜ ਦੇ ਅਸਲ ਕਮਜ਼ੋਰ ਵਰਗਾਂ ਤਕ ਅਰਥਾਤ ਜਿਨ੍ਹਾਂ ਦੀ ਆਮਦਨ 3,600 ਰੁਪਏ ਸਾਲਾਨਾ ਤੋਂ ਘੱਟ ਹੈ ਤੇ ਸ਼੍ਰੇਣੀ IV ਦੇ ਸਾਰੇ ਕਰਮਚਾਰੀਆਂ ਤਕ ਸੀਮਤ ਕੀਤਾ ਗਿਆ ਹੈ । ਕਣਕ ਤੇ ਇਸ ਦੀਆਂ ਉਪਜਾਂ ਦੀ ਮੰਡੀ ਵਿਚ ਵੱਧ ਰਹੀ ਕੀਮਤ ਨੂੰ ਧਿਆਨ ਵਿਚ ਰੱਖਦਿਆਂ, ਮੇਰੀ ਸਰਕਾਰ ਨੇ ਸਰਕਾਰੀ ਵੰਡ ਪ੍ਰਣਾਲੀ ਦੁਆਰਾ ਕੰਟਰੋਲ ਦਰਾਂ ਤੇ ਸਾਰੇ ਖਪਤਕਾਰਾਂ ਨੂੰ ਕਾਫ਼ੀ ਮਾਤਰਾ ਵਿਚ ਆਟੇ ਦੀ ਸਪਲਾਈ ਯਕੀਨੀ ਬਣਾਉਣ ਲਈ ਵਿਸ਼ੇਸ਼ ਕਦਮ ਉਠਾਏ ਹਨ । ਮੇਰੀ ਸਰਕਾਰ ਬਲੈਕ ਮਾਰਕੀਟੀਆਂ ਤੇ ਜ਼ਖੀਰੇਬਾਜ਼ਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ । 15 ਫਰਵਰੀ ਤੋਂ 24 ਦਸੰਬਰ, 1980 ਤੱਕ 6,390 ਛਾਪੇ ਮਾਰੇ ਗਏ । ਪੁਲਿਸ ਪਾਸ 292 ਕੇਸ ਰਜਿਸਟਰ ਕੀਤੇ ਗਏ ਅਤੇ 198 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ।

19. ਆਧੁਨਿਕ ਸਭਿਅ ਜੀਵਨ ਦੀ ਮੁੱਢਲੀ ਸਹੂਲਤ ਸਾਫ ਸੁਥਰਾ ਪਾਣੀ ਉਪਲਬਧ ਕਰਾਉਣਾ ਹੈ । ਪੰਜਾਬ ਵਿਚ 3,712 ਪਿੰਡ ਜਿਨ੍ਹਾਂ ਦੀ ਆਬਾਦੀ 40.71 ਲੱਖ ਹੈ, ਨੂੰ ਪੀਣ ਵਾਲੇ ਪਾਣੀ ਦੀ ਕਮੀ ਵਾਲੇ ਪਿੰਡ ਤਸਲੀਮ ਕੀਤਾ ਗਿਆ ਹੈ । 31 ਮਾਰਚ, 1981 ਤਕ ਇਨ੍ਹਾਂ ਵਿਚੋਂ ਲਗਭਗ 2,000 ਪਿੰਡਾਂ ਵਿਚ ਪੇਂਡੂ ਜਲ ਸਪਲਾਈ ਸਕੀਮਾਂ ਚਾਲੂ ਹੋ ਜਾਣ ਦੀ ਸੰਭਾਵਨਾ ਹੈ । ਇਸ ਪਰੋਗਰਾਮ ਨੂੰ ਤੇਜ਼ ਕੀਤਾ ਜਾ ਰਿਹਾ ਹੈ ਤੇ ਛੇਵੀਂ ਯੋਜਨਾ ਦੇ ਸਮੇਂ ਵਿਚ ਪਾਣੀ ਦੇ ਕਮੀ ਵਾਲੇ ਬਾਕੀ ਰਹਿੰਦੇ ਪਿੰਡਾਂ ਨੂੰ ਇਸ ਅਧੀਨ ਲੈ ਆਂਦਾ ਜਾਵੇਗਾ ।

[ਸ੍ਰੀ ਸਪੀਕਰ]

20. 1980 ਦੇ ਦੌਰਾਨ ਹੜ੍ਹਾਂ, ਮੀਂਹ ਅਤੇ ਗੜਿਆਂ ਨਾਲ ਹੋਏ ਨੁਕਸਾਨ ਕਾਰਣ ਲੋਕਾਂ ਨੂੰ ਸਹਾਇਤਾ ਤੇ ਰਾਹਤ ਪਹੁੰਚਾਉਣ ਲਈ ਮੇਰੀ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਨੂੰ 5 ਕਰੋੜ ਰੁਪਏ ਦੀ ਗ੍ਰਾਂਟ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਆਪਣੇ ਸਮਾਜਵਾਦੀ ਉਦੇਸ਼ਾਂ ਦੀ ਪੂਰਤੀ ਲਈ ਮੇਰੀ ਸਰਕਾਰ 31 ਮਾਰਚ, 1981 ਤਕ ਵਾਫ਼ਰ ਰਕਬਾ ਅਰਥ 12,430 ਸਟੈਂਡਰਡ ਏਕੜ ਭੂਮੀ ਜੋ ਜੂਨ 1980 ਵਿਚ ਅਲਾਟਮੈਂਟ ਲਈ ਉਪਲੱਬਧ ਸੀ, ਵੰਡਣ ਲਈ ਪੁਰਜ਼ੋਰ ਕਾਰਵਾਈ ਕਰ ਰਹੀ ਹੈ।

21. ਸ਼ਹਿਰੀ ਇਲਾਕਿਆਂ ਵਿਚ ਜਲ ਸਪਲਾਈ ਅਤੇ ਸੀਵਰੇਜ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। 67 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ਵ ਬੈਂਕ ਅੰਤਰ ਰਾਸ਼ਟਰੀ ਵਿਕਾਸ ਏਜੰਸੀ (ਆਈ.ਡੀ.ਏ.) ਪ੍ਰਾਜੈਕਟ ਅਧੀਨ, ਰਾਜ ਦੇ 8 ਸ਼ਹਿਰ ਕਵਰ ਕੀਤੇ ਗਏ ਹਨ। ਇਸ ਤੋਂ ਇਲਾਵਾ ਮਾਨਸਾ, ਸਰਹਿੰਦ, ਸਮਾਨਾ, ਕੋਟਕਪੂਰਾ, ਲਹਿਰਾ ਗਾਗਾ, ਹੁਸ਼ਿਆਰਪੁਰ, ਫਿਲੌਰ, ਫਗਵਾੜਾ, ਗਿੱਦੜਬਾਹਾ ਅਤੇ ਅਬੋਹਰ ਸ਼ਹਿਰਾਂ ਵਿਚ ਜਲ ਸਪਲਾਈ ਕਾਰਜ ਚਲ ਰਹੇ ਹਨ। ਇਹ ਸਾਰੇ ਕਾਰਜ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੁਆਰਾ ਨੇਪਰੇ ਚਾੜ੍ਹੇ ਜਾ ਰਹੇ ਹਨ। ਇਨ੍ਹਾਂ ਸਕੀਮਾਂ ਉਤੇ, ਜਿਨ੍ਹਾਂ ਦਾ ਉਦੇਸ਼ ਲੋੜੀਂਦੀ ਸਫ਼ਾਈ ਅਤੇ ਪੀਣ ਵਾਲੇ ਸਾਫ ਪਾਣੀ ਦਾ ਉਪਬੰਧ ਕਰਨਾ ਹੈ, ਵਿੱਤੀ ਸਾਲ ਦੇ ਅੰਤ ਤਕ ਸਮੁੱਚਾ ਖਰਚਾ 55 ਕਰੋੜ ਰੁਪਏ ਆਵੇਗਾ। ਸਾਲ 1981-82 ਦੌਰਾਨ ਇਹ ਖਰਚ ਵੱਧ ਕੇ 80 ਕਰੋੜ ਰੁਪਏ ਹੋ ਜਾਵੇਗਾ।

22. ਸ਼ਹਿਰੀ ਗੰਦੀਆਂ ਬਸਤੀਆਂ ਵਿਚ ਮੁਢਲੀਆਂ ਸਹੂਲਤਾਂ ਮੁਹੱਈਆ ਕਰਨ ਅਤੇ ਵਾਤਾਵਰਣ ਨੂੰ ਸੁਧਾਰਨ ਲਈ ਮੇਰੀ ਸਰਕਾਰ ਨੇ ਸਾਲ 1980-81 ਵਿਚ 20 ਲੱਖ ਰੁਪਏ ਦੇ ਮੁਕਾਬਲੇ ਸਾਲ 1981-82 ਵਿਚ 80 ਲੱਖ ਰੁਪਏ ਦਾ ਉਪਬੰਧ ਕੀਤਾ ਹੈ। ਸਾਲ 1980-81 ਦੇ ਦੌਰਾਨ ਸ਼ਹਿਰੀ ਬੇ-ਘਰੇ ਲੋਕਾਂ ਲਈ 25 ਲੱਖ ਰੁਪਏ ਦਾ ਅਤੇ ਸ਼ਹਿਰੀ ਹਰੀਜਨ ਬੇ-ਘਰੇ ਲੋਕਾਂ ਲਈ 10 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ। ਅਲਾਟ ਕੀਤੇ ਜਾਣ ਵਾਲੇ ਇਨ੍ਹਾਂ ਪਲਾਟਾਂ ਉਤੇ ਹੁਡਕੋ (ਐਚ.ਯੂ.ਡੀ.ਸੀ.ਓ.) ਦੀ ਸਹਾਇਤਾ ਨਾਲ ਮਕਾਨ ਉਸਾਰਨ ਦੀ ਤਜਵੀਜ਼ ਹੈ

23. ਸ਼ਹਿਰੀ ਇਲਾਕਿਆਂ ਵਿਚ ਮਕਾਨ ਬਣਾਉਣ ਲਈ ਪਲਾਟਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਵਾਸਤੇ ਚਾਲੂ ਸਾਲ ਦੇ ਦੌਰਾਨ 8,000 ਪਲਾਟ ਬਣਾਏ ਗਏ ਹਨ। ਇਸ ਤੋਂ ਇਲਾਵਾ ਹੋਰ ਪਲਾਟਾਂ ਲਈ ਵੀ ਜ਼ਮੀਨ ਵਿਕਸਤ ਕੀਤੀ ਜਾ ਰਹੀ ਹੈ ਅਤੇ ਸਾਲ 1981-82 ਦੇ ਦੌਰਾਨ ਇਤਨੇ ਹੀ ਹੋਰ ਪਲਾਟ ਕੱਟੇ ਜਾਣਗੇ।

24. ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕਾਂ, ਜਿਹਾ ਕਿ ਹਰੀਜਨ ਅਤੇ ਹੋਰ ਘੱਟ ਸਹੂਲਤ ਪ੍ਰਾਪਤ ਕਮਜ਼ੋਰ ਵਰਗਾਂ ਲਈ ਘਰ ਜਾਂ ਸਿਰ ਛੁਪਾਉਣ ਲਈ ਥਾਂ ਦੇ ਉਪਬੰਧ ਵੱਲ ਸਰਕਾਰ ਦਾ ਮੁੱਖ ਧਿਆਨ ਰਿਹਾ ਹੈ। ਦਿਹਾਤੀ ਖੇਤਰਾਂ ਵਿਚ ਜ਼ਰਾਇਤੀ ਬੇ-ਜ਼ਮੀਨੇ ਕਾਮਿਆਂ, ਖਾਸ ਕਰ ਕੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਕਾਮਿਆਂ ਨੂੰ, ਸੌ ਸੌ ਵਰਗ ਗਜ਼ ਦੇ 2,97,046 ਪਲਾਟ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਪਲਾਟਾਂ ਉਤੇ ਮਕਾਨ ਬਣਾਉਣ ਦਾ ਕੰਮ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੂੰ ਸੌਂਪਿਆ ਗਿਆ ਹੈ, ਜੋ ਕਿ ਲੋੜੀਂਦਾ ਬੀਜ ਧਨ ਦਿੰਦਾ ਹੈ ਅਤੇ 'ਹੁਡਕੋ ਤੋਂ ਵੀ ਵਿੱਤੀ

ਸਹਾਇਤਾ ਦਾ ਪ੍ਰਬੰਧ ਕਰਦਾ ਹੈ । ਪਹਿਲੀ ਸਰਕਾਰ ਦੇ 3 ਸਾਲਾਂ ਦੇ ਸਮੇਂ ਦੌਰਾਨ 778 ਮਕਾਨਾਂ ਦੇ ਮੁਕਾਬਲੇ, ਚਾਲੂ ਸਾਲ ਦੇ ਦੌਰਾਨ 10,000 ਮਕਾਨ ਉਸਾਰੇ ਜਾਣਗੇ । ਰਾਜ ਸਰਕਾਰ ਨੇ ਹੁਣ ਤਕ ਬੋਰਡ ਨੂੰ 5 ਕਰੋੜ ਰੁਪਏ ਬਤੌਰ ਬੀਜ ਧਨ ਦੇ ਦਿੱਤੇ ਹਨ । ਸਾਲ 1981-82 ਲਈ 4,000 ਹੋਰ ਮਕਾਨ ਉਸਾਰਨ ਦਾ ਟੀਚਾ ਮਿਥਿਆ ਗਿਆ ਹੈ ।

25. ਲੋਕਾਂ ਨੂੰ ਤਬਦੀਲੀ ਅਤੇ ਵਿਕਾਸ ਲਈ ਹੱਲਾ ਸ਼ੇਰੀ ਦੇਣ ਲਈ ਸਿਖਿਆ ਦਾ ਪਸਾਰ ਇਕ ਬਹੁਤ ਮਹੱਤਵ ਪੂਰਣ ਸਾਧਨ ਹੈ । ਮੇਰੀ ਸਰਕਾਰ ਨੇ ਇਸ ਦੀ ਫੌਰੀ ਲੋੜ ਨੂੰ ਮਹਿਸੂਸ ਕੀਤਾ ਹੈ ਅਤੇ ਇਸ ਦਿਸ਼ਾ ਵੱਲ ਬਹੁਤ ਸਾਰੇ ਕਦਮ ਉਠਾਏ ਹਨ । ਇਨ੍ਹਾਂ ਵਿਚ ਸਿਖਿਆ ਖੋਜ ਅਤੇ ਸਿਖਲਾਈ ਦੀ ਸਟੇਟ ਕੌਂਸਲ ਸਥਾਪਤ ਕਰਨਾ, ਰਾਜ ਵਿਚ ਮਾਪੇ-ਅਧਿਆਪਕ ਸੰਸਥਾ ਦਾ ਜਾਲ ਵਿਛਾਉਣਾ, ਸੌ ਹਾਈ ਸਕੂਲਾਂ ਵਿਚ ਕਿੱਤਾ ਸੰਸਥਾਵਾਂ ਚਾਲੂ ਕਰਨਾ, 250 ਸਕੂਲਾਂ ਨੂੰ ਅੱਪਗ੍ਰੇਡ ਕਰਨਾ ਅਤੇ ਕਾਲਜ ਕੋਰਸਾਂ ਵਿਚ ਵਿਭਿੰਨਤਾ ਲਿਆਉਣਾ ਹੈ ।

26. ਪ੍ਰਾਇਮਰੀ ਸਕੂਲਾਂ ਦੇ ਕੰਮ ਕਾਜ ਦੀ ਅਸਰ ਭਰਪੂਰ ਨਿਗਰਾਨੀ ਕਰਨ ਲਈ ਹੈੱਡ ਟੀਚਰਾਂ ਅਤੇ ਸੈਂਟਰ ਟੀਚਰਾਂ ਦੀਆਂ 10,000 ਆਸਾਮੀਆਂ ਕਾਇਮ ਕੀਤੀਆਂ ਗਈਆਂ ਹਨ ।

27. ਮੇਰੀ ਸਰਕਾਰ ਇਸ ਗੱਲ ਉਤੇ ਬਜਾ ਫ਼ਖਰ ਕਰ ਸਕਦੀ ਹੈ ਕਿ ਵਾਗਡੋਰ ਸੰਭਾਲਣ ਤੋਂ ਛੇਤੀ ਹੀ ਪਿਛੋਂ ਇਸ ਨੇ ਪੰਜਾਬੀ ਨੂੰ ਕਾਨੂੰਨਾਂ ਦੀ ਸਰਕਾਰ ਭਾਸ਼ਾ ਅਤੇ ਮੁਕਾਬਲੇ ਦੇ ਇਮਿਤਿਹਾਨਾਂ ਲਈ ਮਾਧਿਅਮ ਵਜੋਂ ਘੋਸ਼ਿਤ ਕੀਤਾ ਹੈ ।

28. ਪੰਜਾਬ ਸਦਾ ਹੀ ਖੇਡਾਂ ਦੇ ਮੈਦਾਨ ਵਿਚ ਮੋਹਰੀ ਰਿਹਾ ਹੈ । ਰਾਜ ਖੇਡ ਅਕਾਦਮੀ ਦੀ ਸਥਾਪਨਾ ਲਈ ਇਕ ਸਕੀਮ ਉਲੀਕੀ ਜਾ ਚੁਕੀ ਹੈ । ਇਸ ਤੋਂ ਇਲਾਵਾ ਰਾਜ ਖੇਡ ਵਿਕਾਸ ਅਤੇ ਤਾਲ ਮੇਲ ਬੋਰਡ ਵੀ ਸਥਾਪਿਤ ਕੀਤਾ ਜਾ ਰਿਹਾ ਹੈ ।

29. ਪੜ੍ਹੇ ਲਿਖੇ ਨੌਜਵਾਨਾਂ ਲਈ ਰੋਜ਼ਗਾਰ ਮੌਕਿਆਂ ਵਿਚ ਸੁਧਾਰ ਲਿਆਉਣ ਲਈ ਰਾਜ ਵਿਚ ਤਕਨੀਕੀ ਸਿਖਿਆ ਦੇ ਵਿਸਤਾਰ ਅਤੇ ਇਸ ਨੂੰ ਅਪਗਰੇਡ ਕਰਨ ਨੂੰ ਪੰਜਾਬ ਸਰਕਾਰ ਵਿਸ਼ੇਸ਼ ਮਹੱਤਤਾ ਦਿੰਦੀ ਹੈ । ਪੰਜਵੀਂ ਯੋਜਨਾ ਵਿਚ 2.28 ਕਰੋੜ ਰੁਪਏ ਦਾ ਉਪਬੰਧ ਵਧਾ ਕਿ ਛੇਵੀਂ ਯੋਜਨਾ ਵਿਚ 3 ਕਰੋੜ ਰੁਪਏ ਕਰ ਦਿੱਤਾ ਗਿਆ ਹੈ । ਗੌਰਮਿੰਟ ਇੰਜੀਨੀਅਰਿੰਗ ਕਾਲਜ ਦੀ ਸਥਾਪਨਾ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ । ਛੇਵੀਂ ਯੋਜਨਾ ਵਿਚ ਇਕ ਨਵਾਂ ਪਾਲੀਟੈਕਨਿਕ ਖੋਹਲਿਆ ਜਾਵੇਗਾ ।

30. ਮੇਰੀ ਸਰਕਾਰ ਨੇ ਰੋਜ਼ਗਾਰ ਦਫ਼ਤਰਾਂ ਦੇ ਕੰਮ ਕਾਜ ਵਿਚ ਵੱਡੀ ਤਬਦੀਲੀ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਉਹ ਵੱਖ ਵੱਖ ਨੌਕਰੀਆਂ ਲਈ ਨਾਂ ਰਜਿਸਟਰ ਕਰਨ ਅਤੇ ਸਹੂਲਤਾਂ ਦੇਣ ਤੋਂ ਇਲਾਵਾ ਸਵੈ-ਰੋਜ਼ਗਾਰ ਮੁਹੱਈਆ ਕਰਨ ਦੇ ਕੇਂਦਰਾਂ ਵਜੋਂ ਵੀ ਕੰਮ ਕਰ ਸਕਣ ।

31. ਲੋਕਾਂ ਨੂੰ ਵਿਆਪਕ ਰੂਪ ਵਿਚ ਇਲਾਜ ਦੀਆਂ ਸਹੂਲਤਾਂ ਦੇਣ ਦੀ ਮਹੱਤਤਾ ਨੂੰ ਮਹਿਸੂਸ ਕਰਦੇ ਹੋਏ, ਮੇਰੀ ਸਰਕਾਰ ਦੁਆਰਾ 10 ਦੰਦ ਕਲਿਨਿਕ ਖੋਹਲੇ ਗਏ ਹਨ ਅਤੇ ਇਤਨੇ ਹੀ ਹੋਰ ਅਗਲੇ ਸਾਲ ਖੋਹਲੇ ਜਾਣਗੇ । "ਸਵੈ-ਇਛਕ ਸੰਸਥਾਵਾਂ ਲਈ ਸਹਾਇਤਾ ਸਕੀਮ ਅਧੀਨ ਭਾਰਤ ਸਰਕਾਰ ਤੋਂ ਬਾਕੀ ਰਹਿੰਦੇ 22 ਬਲਾਕਾਂ ਵਿਚ 25 ਬਿਸਤਰਿਆਂ

[ਸ੍ਰੀ ਸਪੀਕਰ]

ਵਾਲੇ ਹਸਪਤਾਲ ਖੋਹਲਣ ਲਈ ਸਹਾਇਤਾ ਪ੍ਰਾਪਤ ਕੀਤੀ ਜਾ ਰਹੀ ਹੈ । ਚਾਲੂ ਸਾਲ ਦੇ ਦੌਰਾਨ, ਹਰੇਕ ਪਿੰਡ ਵਿਚ ਇਕ ਦਾਈ ਨਿਯੁਕਤ ਕਰਨ ਲਈ 4,000 ਦਾਈਆਂ ਨੂੰ ਸਿਖਲਾਈ ਦਿੱਤੀ ਗਈ ਹੈ । ਸ਼ਹਿਰੀ ਗੰਦੀ ਬਸਤੀਆਂ ਵਿਚ, ਪਿਛਲੇ ਸਾਲ ਦੇ ਦੌਰਾਨ 5 ਨਵੀਆਂ ਸਹਾਇਕ ਡਿਸਪੈਂਸਰੀਆਂ ਖੋਹਲੀਆਂ ਗਈਆਂ ਸਨ ਅਤੇ 5 ਨਵੀਆਂ ਡਿਸਪੈਂਸਰੀਆਂ ਅਗਲੇ ਸਾਲ ਖੋਹਲਣ ਦੀ ਤਜਵੀਜ਼ ਹੈ । ਆਗਾਮੀ ਸਾਲ ਦੇ ਦੌਰਾਨ, ਤਹਿਸੀਲ ਪੱਧਰ ਤੇ ਇਕ ਹਸਪਤਾਲ ਨੂੰ ਵਧਾ ਕੇ 50 ਬਿਸਤਰਿਆਂ ਦਾ ਹਸਪਤਾਲ ਬਣਾ ਦਿੱਤਾ ਜਾਵੇਗਾ ।

32. ਗੁਲੂਕੋਸ ਬਣਾਉਣ ਵਾਲੇ ਦੋ ਪਲਾਂਟ ਇਸ ਸਾਲ ਵਿਚ ਅਤੇ ਦੋ ਹੋਰ ਪਲਾਂਟ ਅਗਲੇ ਸਾਲ ਵਿਚ ਲਗਾਏ ਜਾਣਗੇ । ਇਲੈਕਟ੍ਰੋ ਐਨਸੇਫਲੋਗਰਾਮ ਸਹੂਲਤਾਂ, ਜਿਹੜੀਆ ਰਾਜ ਵਿਚ ਅਜੇ ਤਕ ਕਿਤੇ ਵੀ ਪ੍ਰਾਪਤ ਨਹੀਂ ਸਨ ਹੁਣ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਵਿਚ ਦੇ ਦਿੱਤੀਆਂ ਗਈਆਂ ਹਨ । ਅਗਲੇ ਸਾਲ ਦੇ ਦੌਰਾਨ ਮੈਡੀਕਲ ਕਾਲਜ, ਪਟਿਆਲਾ ਵਿਚ ਕੈਂਸਰ ਦੇ ਰੋਗੀਆਂ ਲਈ ਕੋਬਾਲਟ ਥਿਰਾਪੀ ਪ੍ਰਣਾਲੀ ਚਾਲੂ ਕੀਤੀ ਜਾਵੇਗੀ । ਇਸ ਸਾਲ 10 ਆਯੁਰਵੈਦਿਕ ਅਤੇ 8 ਹੋਮਿਓਪੈਥਿਕ ਡਿਸਪੈਂਸਰੀਆਂ ਵੀ ਖੋਹਲੀਆ ਜਾਣਗੀਆਂ । ਦਿਹਾਤੀ ਇਲਾਕਿਆਂ ਵਿਚ ਡਾਕਟਰਾਂ ਲਈ ਰਿਹਾਇਸ਼ੀ ਮਕਾਨ ਵੀ ਬਣਾਉਣ ਦੀ ਤਜ਼ਵੀਜ਼ ਹੈ ।

33. ਬਸਤੀ ਸੁਧਾਰ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਲਈ ਪੱਕੀਆਂ ਗਲੀਆਂ ਅਤੇ ਨਾਲੀਆਂ ਦਾ ਪ੍ਰਬੰਧ ਕੀਤਾ ਜਾਵੇਗਾ । ਇਸ ਸਕੀਮ ਲਈ ਸਾਲ 1980-81 ਦੇ ਦੌਰਾਨ ਉਪਬੰਧ ਕੀਤੇ ਗਏ 66 ਲੱਖ ਰੁਪਏ ਦੇ ਮੁਕਾਬਲੇ ਤੇ ਸਾਲ 1981-82 ਲਈ 90 ਲੱਖ ਰੁਪਏ ਦੀ ਰਕਮ ਰਖੀ ਗਈ ਹੈ । ਸਾਲ 1981-82 ਦੇ ਦੌਰਾਨ 30 ਲੱਖ ਰੁਪਏ ਦੇ ਖਰਚੇ ਨਾਲ "ਧਰਮਸ਼ਾਲਾਂ ਅਤੇ ਚੌਪਾਲਾਂ ਦੀ ਉਸਾਰੀ" ਕੀਤੀ ਜਾ ਰਹੀ ਹੈ । ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਸਿਖਿਆ ਪਰੋਗਰਾਮ ਅਧੀਨ ਸਾਲ 1981-82 ਦੇ ਦੌਰਾਨ 89.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । ਪਿਛਲੇ ਸਾਲ ਜਾਰੀ ਕੀਤੀਆਂ ਗਈਆਂ "ਮੈਟਰਿਕ ਬਾਅਦ ਅਤੇ ਬੀ. ਏ. ਬਾਅਦ ਦੀਆਂ ਸ਼੍ਰੇਣੀਆਂ ਵਿਚ ਪੜ੍ਹ ਰਹੀਆਂ ਅਨੁਸੂਚਿਤ ਜਾਤੀਆਂ ਦੀਆਂ ਵਿਦਿਆਰਥੀ ਲੜਕੀਆਂ ਲਈ ਸਹਾਇਤਾ' ਅਤੇ "ਖਾਦ ਦੇ ਟੋਇਆਂ ਦੇ ਵਿਕਾਸ ਲਈ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਸਹਾਇਤਾ" ਨਾਂ ਦੀਆਂ ਦੋ ਸਕੀਮਾਂ ਅਧੀਨ ਕ੍ਰਮਵਾਰ 12 ਲੱਖ ਰੁਪਏ ਅਤੇ 25 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਸੀ ਅਤੇ ਇਤਨੀ ਹੀ ਰਕਮ ਸਾਲ 1981-82 ਲਈ ਤਜਵੀਜ਼ ਕੀਤੀ ਗਈ ਹੈ ।

34. ਮੇਰੀ ਸਰਕਾਰ ਨੇ ਹੇਠ ਲਿਖੀਆਂ ਸਕੀਮਾਂ ਦਾ ਕੰਮ, ਜ਼ਿਲ੍ਹਾ ਪੱਧਰ ਉਤੇ ਕਰਨ ਲਈ ਇਨ੍ਹਾਂ ਦਾ ਵਿਕੇਂਦਰੀਕਰਣ ਕੀਤਾ ਹੈ :

(1) ਬੁਢਾਪਾ ਪੈਨਸ਼ਨ;

(2) ਵਿਧਵਾਵਾਂ ਅਤੇ ਬੇਸਹਾਰਾ ਇਸਤਰੀਆਂ ਲਈ ਆਰਥਕ ਸਹਾਇਤਾ; ਅਤੇ

(3) ਆਸਰਿਤ ਬਚਿਆਂ ਲਈ ਆਰਥਕ ਸਹਾਇਤਾ ।

ਇਨ੍ਹਾਂ ਸਕੀਮਾਂ ਨੂੰ ਅਮਲ ਵਿਚ ਲਿਆਉਣ ਲਈ ਰਾਜ ਦੇ ਹਰੇਕ ਜ਼ਿਲ੍ਹਾ ਸਦਰ ਮੁਕਾਮ ਵਿਖੇ ਇਕ ਜ਼ਿਲ੍ਹਾ ਸਮਾਜ ਭਲਾਈ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

35. ਸਾਲ 1981 "ਅੰਗਹੀਣਾਂ ਲਈ ਅੰਤਰ ਰਾਸ਼ਟਰੀ ਸਾਲ" ਵਜੋਂ ਮਨਾਇਆ ਜਾ ਰਿਹਾ ਹੈ। ਸਰਕਾਰ ਨੇ ਅੰਗਹੀਣ ਵਿਅਕਤੀਆਂ ਲਈ ਨੌਕਰੀਆਂ ਵਿਚ 3 ਫੀ ਸਦੀ ਤਕ ਅਸਾਮੀਆਂ ਰਾਖਵੀਆਂ ਰਖਣ ਦਾ ਫੈਸਲਾ ਕੀਤਾ ਹੈ। ਸਰਕਾਰ ਦੁਆਰਾ ਮੁਕੰਮਲ ਕੀਤੇ ਗਏ ਆਰਥਕ ਸਰਵੇਖਣ ਅਨੁਸਾਰ ਅੰਗਹੀਣ ਵਿਅਕਤੀਆਂ ਦੀ ਪੂਰੀ ਗਿਣਤੀ ਕੀਤੀ ਗਈ ਹੈ, ਜਿਸ ਵਿਚ ਉਨ੍ਹਾਂ ਦੀ ਅੰਗਹੀਣਤਾ ਦਾ ਵੇਰਵਾ ਵੀ ਸ਼ਾਮਲ ਹੈ। ਕੇਂਦਰ ਦੇ ਨਮੂਨੇ ਅਨੁਸਾਰ ਲੁਧਿਆਣਾ ਵਿਖੇ ਕੇਂਦਰੀ ਕਿਰਤ ਮੰਤਰਾਲੇ ਦੁਆਰਾ ਚਲਾਏ ਜਾ ਰਹੇ ਪੇਸ਼ਾਵਾਰਾਨਾ ਅਤੇ ਮੁੜ ਵਸਾਊ ਕੇਂਦਰ ਹੋਰ ਥਾਵਾਂ ਉਤੇ ਵੀ ਇਸ ਸਾਲ ਦੇ ਦੌਰਾਨ ਸਥਾਪਤ ਕੀਤੇ ਜਾਣਗੇ।

36. ਮੇਰੀ ਸਰਕਾਰ ਰਾਜ ਵਿਚਲੇ ਯਾਤਰੂਆਂ ਲਈ ਬਸ ਸੇਵਾ ਵਿਚ ਸੁਧਾਰ ਲਿਆਉਣ ਨੂੰ ਵਿਸ਼ੇਸ਼ ਮਹੱਤਤਾ ਦਿੰਦੀ ਹੈ, ਅਤੇ ਇਸ ਲਈ ਲਗਭਗ 10 ਕਰੋੜ ਰੁਪਏ ਦੇ ਵਧੀਕ ਫੰਡ ਅਲਾਟ ਕੀਤੇ ਗਏ ਹਨ, ਜਿਨ੍ਹਾਂ ਸਦਕਾ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ 100 ਤੋਂ ਵਧ ਪੁਰਾਣੀਆਂ ਬੱਸਾਂ ਤਬਦੀਲ ਕਰਨ ਤੋਂ ਇਲਾਵਾ 750 ਹੋਰ ਨਵੀਆਂ ਬਸਾਂ ਖਰੀਦਣ ਦੇ ਸਮਰਥ ਹੋਵੇਗੀ। ਨਵੰਬਰ, 1980 ਤਕ ਬਸਾਂ ਦੀ ਗਿਣਤੀ ਵਿਚਲੇ ਵਾਧੇ ਕਾਰਣ 13 ਫ਼ੀ ਸਦੀ ਵਧ ਫਾਸਲਾ ਤੈ ਕੀਤਾ ਗਿਆ ਅਤੇ ਨਵੰਬਰ, 1980 ਅਤੇ ਇਸ ਤੋਂ ਬਾਅਦ 80,000 ਹੋਰ ਯਾਤਰੂ ਰੋਜ਼ਾਨਾ ਬਸਾਂ ਵਿਚ ਲਿਜਾਏ ਜਾ ਰਹੇ ਹਨ। ਪਬਲਿਕ ਬਸਾਂ ਦੇ 50 ਫ਼ੀ ਸਦੀ ਪਰਮਿਟ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਅਤੇ ਸਮਾਜ ਦੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਲਈ ਰਾਖਵੇਂ ਰਖੇ ਗਏ ਹਨ। ਹੁਣੇ ਜਿਹੇ ਮਾਲ ਦੀ ਢੁਆਈ ਲਈ ਮੇਰੀ ਸਰਕਾਰ ਨੇ 400 ਹੋਰ ਰਾਸ਼ਟਰੀ ਪਰਮਿਟ ਪ੍ਰਾਪਤ ਕੀਤੇ ਹਨ।

37. ਮੇਰੀ ਸਰਕਾਰ ਬਾਕੀ ਰਹਿੰਦੇ 153 ਜੁੜਣ ਯੋਗ ਪਿੰਡਾਂ ਦੀਆਂ ਸੜਕਾਂ ਬਣਾਉਣ ਦੀ ਜ਼ਰੂਰਤ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਕਦਮ ਚੁਕਣ ਨਾਲ ਰਾਜ ਦੇ ਸਾਰੇ ਪਿੰਡ ਸੜਕਾਂ ਨਾਲ ਜੁੜ ਜਾਣਗੇ। ਸਾਲ 1981-82 ਦੇ ਦੌਰਾਨ ਮੁਖ ਸੜਕਾਂ ਨੂੰ ਚੌੜਾ ਕਰਨ ਅਤੇ ਉਨ੍ਹਾਂ ਨੂੰ ਹੋਰ ਸੁਧਾਰਨ ਲਈ ਸਾਲਾਨਾ ਯੋਜਨਾ ਵਿਚ 13 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਪਿੰਡ ਦੀਆਂ ਉਨ੍ਹਾਂ ਸੜਕਾਂ ਦੀ ਮੁਰੰਮਤ ਅਤੇ ਸੰਭਾਲ ਵਲ, ਜਿਹੜੀਆਂ ਪਿਛਲੇ ਕਈ ਸਾਲਾਂ ਤੋਂ ਅਣਗੌਲੀਆਂ ਰਹੀਆਂ ਹਨ, ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

38. ਸੈਰ ਸਪਾਟਾ ਰਾਜ ਦੇ ਬਹੁਤ ਵਧਣ ਫੂਲਣ ਵਾਲੇ ਉਦਯੋਗਾਂ ਵਿਚੋਂ ਇਕ ਹੈ ਅਤੇ ਮੇਰੀ ਸਰਕਾਰ ਇਸ ਦੇ ਵਿਕਾਸ ਨੂੰ ਪੂਰੀ ਪੂਰੀ ਅਹਿਮੀਅਤ ਦੇ ਰਹੀ ਹੈ। ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਨੇ ਰਾਜ ਵਿਚ ਮੌਜੂਦਾ ਸੈਰ ਸਪਾਟਾ ਢਾਂਚੇ ਨੂੰ ਸੁਧਾਰਨ ਅਤੇ ਇਸ ਦੇ ਵਿਸਤਾਰ ਲਈ ਪ੍ਰਭਾਵਸ਼ਾਲੀ ਕਦਮ ਚੁਕੇ ਹਨ। ਇਸ ਨੇ ਸੈਰ ਗਾਹਾਂ ਦੇ ਵਾਤਾਵਰਨ ਵਿਚ ਪ੍ਰਕ੍ਰਿਤਿਕ ਸੁੰਦਰਤਾ ਵਧਾਉਣ ਤੋਂ ਇਲਾਵਾ, ਇਥੇ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਖਾਣ ਪੀਣ ਦੀਆਂ ਸਹੂਲਤਾਂ ਵਿਚ ਵੀ ਕਾਫੀ ਸੁਧਾਰ ਕੀਤਾ ਹੈ। ਮੇਰੀ ਸਰਕਾਰ ਸੈਲਾਨੀਆਂ ਲਈ ਆਯੋਜਿਤ ਟੂਰਾਂ ਦਾ ਪ੍ਰਬੰਧ ਕਰਨ ਵਾਸਤੇ ਵੱਖਰੇ ਤੌਰ ਤੇ ਮੁਕੰਮਲ ਟਰਾਂਸਪੋਰਟ ਵਿੰਗ ਸਥਾਪਤ ਕਰਨ ਦੀ ਤਜਵੀਜ਼ ਰਖਦੀ ਹੈ।

[ਸ੍ਰੀ ਸਪੀਕਰ]

39. ਸਾਡੀਆਂ ਹਥਿਆਰ-ਬੰਦ ਫੌਜਾਂ ਦਾ ਇਤਿਹਾਸ ਕੁਰਬਾਨੀ, ਕਰਤੱਵ ਲਈ ਮਰ ਮਿਟਣ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਲਾਸਾਨੀ ਗਾਥਾ ਹੈ। ਇਸ ਲਈ ਮੇਰੀ ਸਰਕਾਰ ਨੇ ਬਹਾਦਰ ਪੰਜਾਬੀ ਜਵਾਨਾਂ ਦੁਆਰਾ ਵਿਖਾਈ ਸੂਰਬੀਰਤਾ, ਬੁਲੰਦ ਹੌਂਸਲੇ ਅਤੇ ਦ੍ਰਿੜ੍ਹਤਾ ਦੇ ਕਾਰਨਾਮਿਆਂ ਦਾ ਸਨਮਾਨ ਕਰਨ ਹਿੱਤ ਕਦਮ ਚੁਕੇ ਹਨ।

ਮੇਰੀ ਸਰਕਾਰ ਨੇ ਸੂਰਬੀਰਤਾ ਲਈ ਇਨਾਮਾਂ ਦੀ ਰਕਮ ਵਿਚ ਨਿਮਨ ਅਨੁਸਾਰ ਵਾਧਾ ਕਰ ਦਿੱਤਾ ਹੈ :—

ਪਰਮਵੀਰ ਚੱਕਰ : ਜ਼ਮੀਨ ਅਤੇ 30 ਸਾਲਾਂ ਲਈ 1,000 ਰੁਪਏ ਸਾਲਾਨਾ ਵਾਰਸ਼ਿਕੀ ਦੀ ਥਾਂ ਇਕ ਲੱਖ ਰੁਪਏ ਤੋਂ ਇਲਾਵਾ ਇਨਾਮ ਦੀ ਰਕਮ 15,000 ਰੁਪਏ ਤੋਂ ਵਧਾ ਕੇ 22,500 ਰੁਪਏ ਕਰ ਦਿੱਤੀ ਗਈ ਹੈ।

ਮਹਾਂਵੀਰ ਚੱਕਰ : ਜ਼ਮੀਨ ਅਤੇ 30 ਸਾਲਾਂ ਲਈ 400 ਰੁਪਏ ਸਾਲਾਨਾ ਦੀ ਵਾਰਸ਼ਿਕੀ ਦੀ ਥਾਂ ਤੇ 50,000 ਰੁਪਏ ਨਕਦ ਅਤੇ ਇਸ ਤੋਂ ਇਲਾਵਾ ਇਨਾਮ ਦੀ ਰਕਮ 11,000 ਰੁਪਏ ਤੋਂ ਵਧਾ ਕੇ 15 000 ਰੁਪਏ ਕਰ ਦਿੱਤੀ ਗਈ ਹੈ।

ਵੀਰ ਚੱਕਰ : ਜ਼ਮੀਨ ਅਤੇ 30 ਸਾਲਾਂ ਲਈ 300 ਰੁਪਏ ਦੀ ਵਾਰਸ਼ਿਕੀ ਦੀ ਥਾਂ 25,000 ਰੁਪਏ ਤੋਂ ਇਲਾਵਾ ਇਨਾਮ ਦੀ ਰਕਮ 5 000 ਰੁਪਏ ਤੋਂ ਵਧਾ ਕੇ 7,000 ਰੁਪਏ ਕਰ ਦਿੱਤੀ ਗਈ ਹੈ।

40. ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਵੱਲ ਮੇਰੀ ਸਰਕਾਰ ਨੇ ਵਿਸ਼ੇਸ਼ ਧਿਆਨ ਦਿਤਾ ਹੈ ਅਤੇ ਉਨ੍ਹਾਂ ਦੀ ਹਾਲਤ ਸੁਧਾਰਨ ਲਈ ਉਨ੍ਹਾਂ ਦੀ ਪੈਨਸ਼ਨ ਦੁਗਣੀ ਅਰਥਾਤ 50 ਰੁਪਏ ਤੋਂ ਵਧਾ ਕੇ 100 ਰੁਪਏ ਮਾਹਵਾਰ ਕਰ ਦਿੱਤੀ ਹੈ।

41. ਮੇਰੀ ਸਰਕਾਰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ, ਜਿਹੜੇ ਕਿ ਆਪਣੀ ਜਨਮ-ਭੂਮੀ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ, ਮਕਾਨ ਦੇਣ ਦੀ ਜ਼ਰੂਰਤ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। ਨਗਰ ਸੁਧਾਰ ਟ੍ਰਸਟਾਂ ਅਤੇ ਸ਼ਹਿਰੀ ਵਿਕਾਸ ਵਿਭਾਗ ਦੁਆਰਾ ਵਿਉਂਤੀਆਂ ਨਵੀਆਂ ਰਿਹਾਇਸ਼ੀ ਮਿਲਖਾਂ ਵਿਚ 250 ਤੋਂ 500 ਵਰਗ ਗਜ਼ ਦੇ 15 ਫ਼ੀ ਸਦੀ ਪਲਾਟ ਇਨ੍ਹਾਂ ਲਈ ਰਾਖਵੇਂ ਕਰਨ ਦੀ ਨੀਤੀ ਪਰਵਾਨ ਕੀਤੀ ਗਈ ਹੈ। ਇਸੇ ਤਰ੍ਹਾਂ ਫੈਸਲਾ ਕੀਤਾ ਗਿਆ ਹੈ ਕਿ ਉਦਯੋਗਕ ਫੋਕਲ ਪੁਆਇੰਟਾਂ ਦੇ 15 ਫ਼ੀ ਸਦੀ ਪਲਾਂਟ ਬਾਹਰ ਵਸਦੇ ਪੰਜਾਬੀਆਂ ਲਈ ਰਾਖਵੇਂ ਕੀਤੇ ਜਾਣ।

ਸਰਕਾਰੀ ਪਾਲੀਟੈਕਨਿਕਾਂ ਅਤੇ ਮੈਡੀਕਲ ਕਾਲਜਾਂ ਵਿਚ ਵੀ ਕੁਝ ਸੀਟਾਂ ਰਾਖਵੀਆਂ ਕਰਨ ਦੀ ਸੰਭਾਵਨਾ ਤੇ ਵਿਚਾਰ ਕੀਤੀ ਜਾ ਰਹੀ ਹੈ। ਮੇਰੀ ਸਰਕਾਰ ਨੂੰ ਪੂਰਨ ਆਸ ਹੈ ਕਿ ਵਿਦੇਸ਼ਾਂ ਵਿਚ ਵਸਦੇ ਭਾਰਤੀ ਆਮ ਕਰ ਕੇ ਅਤੇ ਵਿਸ਼ੇਸ਼ ਕਰ ਕੇ ਪੰਜਾਬੀ ਆਪਣੇ ਸਰਮਾਏ ਅਤੇ ਤਕਨੀਕੀ ਨਿਪੁੰਨਤਾ ਨਾਲ ਰਾਜ ਦੇ ਸਮਾਜ ਆਰਥਕ ਵਿਕਾਸ ਵਿਚ ਚੋਖਾ ਹਿੱਸਾ ਪਾਉਣਗੇ।

42. ਮੇਰੀ ਸਰਕਾਰ ਦਾ ਆਪਣੇ ਕਰਮਚਾਰੀਆਂ ਦੀ ਭਲਾਈ ਸਬੰਧੀ ਨਿਸਚਿਤ ਹਿੱਤ, ਦੂਜੇ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੋਂ ਹੀ ਭਲੀ ਭਾਂਤ ਸਪੱਸ਼ਟ ਹੋ ਗਿਆ ਹੈ ਜਿਸ ਨਾਲ ਕਰਮਚਾਰੀਆਂ ਦੇ ਤਨਖਾਹ ਸਕੇਲਾਂ, ਭੱਤਿਆਂ, ਵਿਸ਼ੇਸ਼

ਤਨਖਾਹ, ਅਤੇ ਰੀਟਾਇਰਮੈਂਟ ਲਾਭਾਂ ਵਿਚ ਵੱਡੇ ਸੁਧਾਰ ਕੀਤੇ ਗਏ ਹਨ। ਉਨ੍ਹਾਂ ਪੈਨਸ਼ਨਰਾਂ ਦੀਆਂ ਤਕਲੀਫ਼ਾਂ ਘਟਾਉਣ ਲਈ, ਜਿਨ੍ਹਾਂ ਨੇ ਆਪਣੇ ਜੀਵਨ ਦਾ ਸਭ ਤੋਂ ਚੰਗਾ ਸਮਾਂ ਸਰਕਾਰ ਦੀ ਸੇਵਾ ਵਿਚ ਲਾ ਦਿੱਤਾ ਸੀ ਅਤੇ ਜਿਹੜੇ ਸੰਗਠਿਤ ਨਹੀਂ ਹਨ, ਮੇਰੀ ਸਰਕਾਰ ਨੇ ਉਨ੍ਹਾਂ ਦੀਆਂ ਪੈਨਸ਼ਨਾਂ ਕਾਫ਼ੀ ਵਧਾ ਦਿੱਤੀਆਂ ਹਨ। ਮੇਰੀ ਸਰਕਾਰ ਨੇ ਉਨ੍ਹਾਂ ਤਦ-ਅਰਥ ਕਰਮਚਾਰੀਆਂ ਦੀਆਂ ਸੇਵਾਵਾਂ ਵੀ ਨਿਯਮਤ ਕਰ ਦਿੱਤੀਆਂ ਹਨ, ਜਿਨ੍ਹਾਂ ਨੇ 30 ਸਤੰਬਰ, 1980 ਤਕ ਇਕ ਸਾਲ ਦੀ ਸੇਵਾ ਮੁਕੰਮਲ ਕਰ ਲਈ ਸੀ। ਇਸ ਤੋਂ ਇਲਾਵਾ 5 ਸਾਲ ਦੀ ਲਗਾਤਾਰ ਸੇਵਾ ਵਾਲੇ ਵਰਕ ਚਾਰਜਡ ਕਰਮਚਾਰੀਆਂ ਨੂੰ ਵੀ ਰੈਗੂਲਰ ਕਰ ਦਿੱਤਾ ਗਿਆ ਹੈ।

43. ਮੇਰੀ ਸਰਕਾਰ ਪੰਜਾਬ ਦੇ ਲੋਕਾਂ ਨੂੰ ਸਾਫ਼ ਸੁਥਰਾ ਪ੍ਰਬੰਧ ਦੇਣ ਲਈ ਅਤੇ ਇਸ ਪ੍ਰਬੰਧ ਵਿਚੋਂ ਰਿਸ਼ਵਤ, ਜਿਹੜੀ ਕਿ ਇਸ ਨੂੰ ਘੁਣ ਦੀ ਤਰ੍ਹਾਂ ਲਗੀ ਹੋਈ ਹੈ, ਨੂੰ ਖਤਮ ਕਰਨ ਲਈ ਵਚਨ-ਬੱਧ ਹੈ। ਆਪਣੇ ਵਚਨ ਨੂੰ ਪੂਰਾ ਕਰਨ ਲਈ ਪਿਛਲੇ ਸਾਲ 66 ਸਰਕਾਰੀ ਕਰਮਚਾਰੀਆਂ ਨੂੰ, ਜਿਨ੍ਹਾਂ ਵਿਚ 4 ਗਜ਼ਟਿਡ ਅਫ਼ਸਰ ਸ਼ਾਮਲ ਸਨ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਗਿਆ ਸੀ। ਇਸ ਤੋਂ ਇਲਾਵਾ 93 ਸਰਕਾਰੀ ਕਰਮਚਾਰੀਆਂ ਜਿਨ੍ਹਾਂ ਵਿਚ 37 ਗਜ਼ਟਿਡ ਅਫ਼ਸਰ ਸਨ, ਦੇ ਵਿਰੁਧ ਭਰਿਸ਼ਟਾਚਾਰ ਰੋਕ-ਥਾਮ ਐਕਟ ਦੇ ਅਧੀਨ 40 ਕੇਸ ਦਰਜ ਕੀਤੇ ਗਏ ਸਨ। 39 ਸਰਕਾਰੀ ਕਰਮਚਾਰੀਆਂ ਨੂੰ, ਜਿਨ੍ਹਾਂ ਵਿਚ 4 ਗਜ਼ਟਿਡ ਅਫ਼ਸਰ ਸ਼ਾਮਲ ਸਨ, ਭਰਿਸ਼ਟਾਚਾਰ ਦੇ ਭਿੰਨ ਭਿੰਨ ਕੇਸਾਂ ਵਿਚ ਅਦਾਲਤਾਂ ਦੁਆਰਾ ਸਜ਼ਾ ਦਿਤੀ ਗਈ। 31 ਗਜ਼ਟਿਡ ਅਫ਼ਸਰਾਂ ਅਤੇ 80 ਹੋਰ ਸਰਕਾਰੀ ਕਰਮਚਾਰੀਆਂ ਵਿਰੁਧ ਵਿਭਾਗੀ ਕਾਰਵਾਈ ਕੀਤੀ ਗਈ ਅਤੇ ਸਜ਼ਾ ਦਿੱਤੀ ਗਈ।

44. ਪਿਛਲੇ ਸਾਲ ਦੇ ਭਾਸ਼ਣ ਵਿਚ ਮੈਂ ਅਮਨ ਤੇ ਕਾਨੂੰਨ ਬਣਾਈ ਰਖਣ ਦੀ ਅਹਿਮੀਅਤ ਤੇ ਜ਼ੋਰ ਦਿੱਤਾ ਸੀ ਇਹ ਬੜੀ ਸੰਤੋਖ-ਜਨਕ ਗੱਲ ਹੈ ਕਿ ਰਾਜ ਵਿਚ ਅਮਨ ਤੇ ਕਾਨੂੰਨ ਵਿਵਸਥਾ ਕੰਟਰੋਲ ਵਿਚ ਤੇ ਸ਼ਾਂਤੀ ਪੂਰਨ ਰਹੀ ਹੈ। ਰਾਜ ਫ਼ਿਰਕਾਪ੍ਰਸਤੀ ਅਤੇ ਅਨੁਸੂਚਿਤ ਜਾਤੀਆਂ ਤੇ ਕਮਜ਼ੋਰ ਵਰਗਾਂ ਉਤੇ ਤਸ਼ੱਦਦ ਦੀ ਬੁਰਾਈ ਤੋਂ ਬਹੁਤ ਹਦ ਤਕ ਪਾਕ ਰਿਹਾ ਹੈ। ਮੌਜੂਦਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਅਪਣਾਏ ਗਏ ਸਾਧਨ ਜਿਹੜੇ ਕਿ ਬੁਨਿਆਦੀ ਤੌਰ ਤੇ ਇਹਤਿਆਤੀ ਕਿਸਮ ਦੇ ਸਨ ਜਿਵੇਂ ਕਿ ਗੈਰ-ਸਮਾਜੀ ਅੰਸਰਾਂ ਨੂੰ ਕਾਬੂ ਵਿਚ ਰਖਣਾ, ਅਨ-ਉਚਿੱਤ ਵਿਅਕਤੀਆਂ ਦੇ ਅਸਲਾ ਲਸੰਸ ਮਨਸੂਖ ਕਰਨੇ, ਪੁਲਿਸ ਦੀ ਗਸ਼ਤ ਨੂੰ ਹੋਰ ਵਧਾਉਣਾ ਆਦਿ ਨੇ ਹਾਲਾਤ ਨੂੰ ਕਾਬੂ ਵਿਚ ਰਖਿਆ ਹੈ। ਇਨ੍ਹਾਂ ਗੱਲਾਂ ਨੇ ਸਿਰਫ਼ ਸਰਕਾਰ ਦੇ ਵਕਾਰ ਨੂੰ ਹੀ ਨਹੀਂ ਵਧਾਇਆ ਬਲਕਿ ਲੋਕਾਂ ਦਾ ਵਿਸ਼ਵਾਸ ਜਿਤਣ ਵਿਚ ਵੀ ਸਹਾਇਤਾ ਕੀਤੀ ਹੈ।

45. ਮਾਨਯੋਗ ਮੈਂਬਰ ਸਾਹਿਬਾਨ, ਮੈਂ ਆਪਣੀ ਸਰਕਾਰ ਦੀਆਂ ਕੁਝ ਇਕ ਪ੍ਰਮੁਖ ਨੀਤੀਆਂ, ਪਰੋਗਰਾਮਾਂ ਅਤੇ ਪ੍ਰਾਪਤੀਆਂ ਤੇ ਰੋਸ਼ਨੀ ਪਾਈ ਹੈ। ਪਿਛਲੇ 7 ਮਹੀਨੇ ਦੇ ਥੋੜੇ ਜਿਹੇ ਸਮੇਂ ਵਿਚ ਇਸ ਨੇ ਲੋਕਾਂ ਨਾਲ ਕੀਤੇ ਆਪਣੇ ਵਾਅਦੇ ਪੂਰੇ ਕਰਨ, ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਅਤੇ ਉਨਾਂ ਦਾ ਸਮਾਜ ਆਰਥਕ ਜੀਵਨ ਸੁਧਾਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਉਨਤੀ ਤੇ ਖੁਸ਼ਹਾਲੀ ਵੱਲ ਸਾਡਾ ਇਹ ਸਫ਼ਰ ਬਹੁਤ ਲੰਮਾ ਅਤੇ ਕਠਿਨ ਹੈ। ਫਿਰ ਵੀ ਮੈਨੂੰ ਯਕੀਨ ਹੈ ਕਿ ਮੇਰੀ ਸਰਕਾਰ ਗਰੀਬਾਂ ਅਤੇ ਦਲਿਤ ਵਰਗਾਂ ਦੇ ਜੀਵਨ ਦੀ ਹਾਲਤ ਨੂੰ ਸੁਧਾਰਨ ਲਈ ਪੂਰੀ ਸੰਜੀਦਗੀ ਨਾਲ ਉਪਰਾਲਾ ਕਰੇਗੀ। ਹੁਣ

[ਸ੍ਰੀ ਸਪੀਕਰ]

ਵਕਤ ਹੈ ਕਿ ਅਸੀਂ ਪਹਿਲਾਂ ਖੋ ਚੁਕੇ ਸਮੇਂ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਅਤੇ ਆਉਂਦੀਆਂ ਪੀੜ੍ਹੀਆਂ ਵਾਸਤੇ ਖੁਸ਼ਹਾਲੀ ਦਾ ਨਵਾਂ ਯੁਗ ਸਥਾਪਤ ਕਰਨ ਲਈ ਰਾਜ ਦੀ ਆਰਥਕਤਾ ਨੂੰ ਨਵੀਆਂ ਲੀਹਾਂ ਤੇ ਉਸਾਰੀਏ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਆਪ ਸਾਰੇ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਸਰਬ ਸਾਂਝੇ ਉਦੇਸ਼ ਵਿਚ ਸਰਕਾਰ ਦੀ ਸਹਾਇਤਾ ਕਰੋ

ਮੈਂ ਆਪ ਜੀ ਦੇ ਵਿਚਾਰ ਵਟਾਂਦਰੇ ਦੀ ਸਫ਼ਲਤਾ ਲਈ ਕਾਮਨਾ ਕਰਦਾ ਹਾਂ।

ਜੈ ਹਿੰਦ (ਥੰਪਿੰਗ)

(ii) PANEL OF CHAIRMEN

Mr. Speaker : Under rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following members to serve on the Panel of Chairmen :—

1. Miss Sarla Prasher.
2. Sardar Birdevinder Singh.
3. Shri Ram Lal Chitti.
4. Sardar Basant Singh Khalsa.

(iii) ARREST OF SARDAR SURJIT SINGH BARNALA M.L.A.

Mr. Speaker : I have to inform the House under rule 265 of the Rules of Procedure and Conduct of Business in the Punjab Vidhan Sabha (Punjab Legislative Assembly) that Sardar Surjit Singh Barnala, M.L.A., has been arrested on the 21st January, 1981, under section 147/148/149/188/332/353/427 IPC and remanded to judicial lockup upto 3rd February, 1981, and is at present lodged in Sub-Jail Chandigarh, as intimated by the Chief Judicial Magistrate, Chandigarh.

ANNOUNCEMENT BY THE SECRETARY

ਸਕੱਤਰ : ਮੈਂ ਉਨ੍ਹਾਂ ਬਿਲਾਂ ਦਾ ਵਿਵਰਣ ਮੇਜ਼ ਤੇ ਰੱਖਦਾ ਹਾਂ ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪਹਿਲੇ (ਬਜਟ) ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ।

1. ਪੰਜਾਬ ਅਚੇਤ ਫੰਡ (ਸੋਧਨਾ) ਬਿਲ, 1980।
2. ਪੰਜਾਬ ਨਮਿੱਤਣ (ਨੰ: 2) ਬਿਲ, 1980।
3. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਆਰਜ਼ੀ ਅਧਿਲੰਘਣ) ਸੋਧਨਾ ਬਿਲ, 1980।
4. ਪੰਜਾਬ ਅਦਾਲਤਾਂ (ਸੋਧਨਾ) ਬਿਲ, 1980।
5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 1980।
6. ਪੰਜਾਬ ਨਰਸਾਂ ਦੀ ਰਜਿਸਟ੍ਰੇਸ਼ਨ (ਸੋਧਨਾ ਅਤੇ ਵੈਧਤਾ) ਬਿਲ, 1980।
7. ਪੰਜਾਬ ਮੈਡੀਕਲ ਰਜਿਸਟ੍ਰੇਸ਼ਨ (ਸੋਧਨਾ ਅਤੇ ਵੈਧਤਾ) ਬਿਲ, 1980।

POINTS OF ORDER REGARDING ADJOURNMENT MOTIONS AND PRIVILEGE MOTION

ਕਾਮਰੇਡ ਰਾਜ ਕੁਮਾਰ: ਆਨ ਏ ਪੁਆਇੰਟ ਆਫ ਆਰਡਰ (ਵਿਘਨ)

Shri Gopal Krishan Chatrath: Point of privilege has a precedent over all....(Interruptions—Noise)

Sardar Birdevinder Singh: Hon'ble member wants to raise a point of privilege.

Mr. Speaker: Let Comrade Raj Kumar say first.

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੇਰਾ ਇਕ ਆਦਮੀ ਅਜ ਸਵੇਰੇ 6-30 ਵਜੇ ਤੁਹਾਡੇ ਦਫਤਰ ਵਿਚ ਇਕ ਐਡਜਰਨਮੈਂਟ ਮੋਸ਼ਨ ਦੇਣ ਲਈ ਆਇਆ। ਅਨਫਾਰ-ਚੂਨੇਟਲੀ ਸਕੱਤਰ ਸਾਹਿਬ ਮੌਜੂਦ ਨਹੀਂ ਸਨ। ਫਿਰ ਸਰਦਾਰ ਨਰਿੰਦਰ ਸਿੰਘ, ਉਪ ਸਕੱਤਰ ਦੇ ਘਰ ਮੈਂ ਟੈਲੀਫੂਨ ਕੀਤਾ ਕਿ ਇਹ ਐਡਜਰਨਮੈਂਟ ਮੋਸ਼ਨ ਲੈ ਲਓ ਕਿਉਂਕਿ ਇਹ ਬੜੀ ਇੰਪਾਰਟੈਂਟ ਹੈ। (ਵਿਘਨ) (ਸ਼ੋਰ) ਇਹ ਇਸ ਹਾਊਸ ਦੀ ਮਰਿਆਦਾ ਰਹੀ ਹੈ ਕਿ ਜਦੋਂ ਕਿਸੇ ਦੀ ਐਡਜਰਨਮੈਂਟ ਮੋਸ਼ਨ ਆਈ ਹੈ ਜੇ ਉਸ ਨੂੰ ਠੀਕ ਨਹੀਂ ਸਮਝਿਆ ਜਾਂਦਾ ਤਾਂ ਉਸ ਬਾਰੇ ਇਨਫਾਰਮ ਕੀਤਾ ਜਾਂਦਾ ਰਿਹਾ ਹੈ ਕਿ ਇਹ ਐਡਜਰਨਮੈਂਟ ਮੋਸ਼ਨ ਐਡਮਿਟ ਕੀਤੀ ਹੈ ਜਾਂ ਨਹੀਂ। ਜਦੋਂ ਤੁਸੀਂ ਇਸ ਐਡਜਰਨਮੈਂਟ ਮੋਸ਼ਨ ਬਾਰੇ ਕੋਈ ਇਨਫਰਮੇਸ਼ਨ ਸਾਨੂੰ ਨਹੀਂ ਪਹੁੰਚਾਈ ਤਾਂ ਅਸੀਂ ਸਮਝ ਲਿਆ ਕਿ ਤੁਸੀਂ ਐਡਮਿਟ ਕਰ ਲਈ ਹੈ। (ਵਿਘਨ) ਇਹ ਇਥੋਂ ਦੀ ਹਿਸਟਰੀ ਵਿਚ ਪਹਿਲੀ ਵਾਰ ਹੋਇਆ ਹੈ ਅਤੇ ਅੱਜ ਤਕ ਇਸ ਤਰ੍ਹਾਂ ਕਦੇ ਨਹੀਂ ਹੋਇਆ ਕਿ ਅਸੈਂਬਲੀ ਦੇ ਬਾਹਰ ਅਸੈਂਬਲੀ ਦੇ ਮੈਂਬਰਾਂ ਨੂੰ ਲਾਠੀਆਂ ਮਾਰ ਮਾਰ ਕੇ ਉਨ੍ਹਾਂ ਦੇ ਹੱਡ ਗੋਡੇ ਤੋੜ ਦਿੱਤੇ ਗਏ ਹੋਣ (ਸ਼ੇਮ, ਸ਼ੇਮ) ਕਾਮਰੇਡ ਸੋਹਣ ਸਿੰਘ ਸੱਟਾਂ ਖਾ ਕੇ ਪੀ.ਜੀ. ਆਈ. ਵਿਚ ਪਿਆ ਹੈ ਅਤੇ ਉਸ ਦੇ ਹੱਡ ਗੋਡੇ ਟੁੱਟੇ ਹੋਏ ਹਨ। ਸਰਦਾਰ ਸੁਰਜੀਤ ਸਿੰਘ ਬਰਨਾਲਾ ਅਰੈਸਟ ਕਰ ਲਿਆ ਗਿਆ ਹੈ (ਵਿਘਨ) (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲ ਰਹੇ ਸਨ ਅਤੇ ਸਦਨ ਵਿਚ ਇਤਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

ਸ੍ਰੀ ਸਪੀਕਰ: ਜੋ ਕੁਝ ਇਹ ਮੈਂਬਰ ਸਾਹਿਬਾਨ ਬਗੈਰ ਆਗਿਆ ਦੇ ਕਹਿ ਰਹੇ ਹਨ, ਇਹ ਐਕਸਪੰਜ ਕਰ ਦਿੱਤਾ ਜਾਏ।

ਕਾਮਰੇਡ ਰਾਜ ਕੁਮਾਰ: ਮੈਂ ਅਤੇ ਅਪੋਜ਼ੀਸ਼ਨ ਦੇ ਲੀਡਰ ਉਸ ਵੇਲੇ ਮੌਜੂਦ ਸਨ ਜਿਸ ਵੇਲੇ ਪੁਲਿਸ ਵਲੋਂ ਲਾਠੀਆਂ ਮਾਰੀਆਂ ਜਾ ਰਹੀਆਂ ਸਨ। (ਵਿਘਨ) ਜੇ ਸਾਡੀ ਐਡਜਰਨਮੈਂਟ ਮੋਸ਼ਨ ਦਾ ਜਵਾਬ ਨਾ ਦਿੱਤਾ ਜਾਏ ਫਿਰ ਸਾਡੇ ਕੋਲ ਹੋਰ ਕੀ ਤਰੀਕਾ ਹੈ ਜਿਸ ਨਾਲ ਅਸੀਂ ਅਜਿਹੀਆਂ ਘਟਨਾਵਾਂ ਬਾਰੇ ਕਹਿ ਸਕੀਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੇਰੀ ਐਡਜਰਨ-ਮੈਂਟ ਮੋਸ਼ਨ ਐਡਮਿਟ ਹੋ ਗਈ ਹੈ ਜਾਂ ਨਹੀਂ (ਵਿਘਨ)

Let us adjourn the business of the House, please reply to my question.

(At this stage Sardar Sarwan Singh Phillaur showed his fractured arm and Jathedar Ujagar Singh Sekhwan waived his hand which was bandaged) (*Interruption, Noise*)

Mr. Speaker : Please sit down.

Comrade Raj Kumar: This is the proper time for bringing my adjournment motion. Please bring my adjournment motion first. That is the procedure.

ਸ੍ਰੀ ਸਪੀਕਰ: ਤੁਹਾਡੀ ਐਡਜਰਨਮੈਂਟ ਮੋਸ਼ਨ ਦਾ ਜਵਾਬ ਕਨਸਿਡਰ ਹੋ ਰਿਹਾ ਹੈ ਅਤੇ ਇਸ ਦਾ ਜਵਾਬ ਵਕਤ ਤੇ ਦਿੱਤਾ ਜਾਏਗਾ। (ਵਿਘਨ)

Comrade Raj Kumar: Please bring my adjournment motion first. (Interruptions)

Shri Gopal Krishan Chatrath: Sir, I would like to draw your attention to Rule 256 of the Rules of Procedure and Conduct of Business in the Punjab Vidhan Sabha (Punjab Legislative Assembly). The Rule reads as under:

"The Speaker may, if he is satisfied about the urgency of the matter, allow a question of privilege to be raised at any time during course of a sitting. Such question shall be raised at the earliest opportunity and shall not ordinarily require notice."

Mr. Speaker, I am going to bring to your notice this important Privilege Motion. Please permit me to raise a matter of constitutional importance which draws your immediate attention for referring the same to the Committee of Privileges of the House, namely, the subversive, anti-democratic and anti-constitutional action of Sardar Parkash Singh Badal and his associates by which they have threatened to gherao the Assembly to frustrate the normal functioning of the Punjab Vidhan Sabha which occupies vital importance in the scheme of the functioning of the Constitution of India. Mr. Parkash Singh Badal and his associates have violated the Oath of Allegiance which they took on the 27th June, 1980 on the Floor of the House by which they solemnly pledge and affirm their faith in the Constitution of India.

Mr. Speaker: I disallow your Privilege Motion.

(At this time a number f members both from the Ruling and Opposition Parties were speaking** simultaneously and nothing was audible).

Whatever is spoken without my permission, should not be recorded.

Shri Gopal Krishan Chatrath: How is my privilege motion disallowed.

ਸ੍ਰੀ ਸਪੀਕਰ: ਚਤਰਥ ਜੀ, ਤੁਸੀਂ ਬੈਠ ਜਾਓ। ਮੈਂ ਤੁਹਾਡੀ ਪ੍ਰਿਵਿਲਿਜ ਮੋਸ਼ਨ ਡਿਸਅਲਾਓ ਕਰ ਦਿਤੀ ਹੈ। (ਵਿਘਨ) ਤੁਸੀਂ ਬੈਠ ਜਾਓ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਗੁੰਡਾ ਗਰਦੀ ਕੀਤੀ ਹੈ.... (ਵਿਘਨ) (ਸ਼ੋਰ)

ਸ੍ਰੀ ਸਪੀਕਰ: ਚਤਰਥ ਜੀ, ਤੁਸੀਂ ਬੈਠ ਜਾਓ। (ਵਿਘਨ) ਹਾਂ ਜੀ, ਬਾਦਲ ਸਾਹਿਬ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਅਸੀਂ ਦੋ ਐਡਜਰਨਮੈਂਟ ਮੋਸ਼ਨਾਂ ਦਿੱਤੀਆਂ ਸਨ। (ਵਿਘਨ)

**Not recorded as ordered by the Chair.

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਪਹਿਲੀ ਐਡਜਰਨਮੈਂਟ ਮੋਸ਼ਨ ਮੇਰੀ ਸੀ। ਉਹ ਵਕਤ ਸਿਰ ਆਈ ਸੀ। (ਵਿਘਨ) (ਸ਼ੋਰ)

ਸ੍ਰੀ ਸਪੀਕਰ: ਮੈਂ ਬਾਦਲ ਸਾਹਿਬ ਨੂੰ ਬੋਲਣ ਲਈ ਕਿਹਾ ਹੈ। ਉਨ੍ਹਾਂ ਨੂੰ ਬੋਲਣ ਦਿਓ ਅਤੇ ਤੁਸੀਂ ਬੈਠ ਜਾਓ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਅਸੀਂ ਦੋ ਐਡਜਰਨਮੈਂਟ ਮੋਸ਼ਨਾਂ ਦਿੱਤੀਆਂ ਸਨ। ਇਕ ਇਹ ਸੀ ਕਿ ਕੱਲ ਗਵਰਨਰ ਸਾਹਿਬ ਇਥੇ ਐਡਰੈਸ ਕਰਨ ਵਾਸਤੇ 70 ਮਿੰਟ ਲੇਟ ਆਏ। (ਵਿਘਨ) ਅੱਜ ਤੱਕ ਇਸ ਤਰ੍ਹਾਂ ਕਦੇ ਨਹੀਂ ਹੋਇਆ ਕਿ ਜੇ 2 ਵਜੇ ਦਾ ਨੋਟੀਫੀਕੇਸ਼ਨ ਕੀਤਾ ਜਾਵੇ ਤਾਂ 2 ਵਜੇ ਗਵਰਨਰ ਸਾਹਿਬ ਇਥੇ ਐਡਰੈਸ ਕਰਨ ਨਾ ਆਉਣ। (ਵਿਘਨ) ਗਵਰਨਰ ਸਾਹਿਬ 2 ਵਜੇ ਆ ਕੇ ਐਡਰੈਸ ਨਹੀਂ ਕਰ ਸਕੇ। ਇਸ ਲਈ ਇਹ ਐਡਰੈਸ ਅਨਕੰਸਟੀਚਿਊਸ਼ਨਲ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ: ਮੈਂ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਇਸ ਨੂੰ ਡਿਸਕੱਸ ਕਰਨ ਵਾਸਤੇ ਟਾਈਮ ਦੇਣਾ ਚਾਹੀਦਾ ਹੈ। ਇਹ ਬੜੀ ਇੰਪਾਰਟੈਂਟ ਐਡਜਰਨਮੈਂਟ ਮੋਸ਼ਨ ਹੈ। (ਵਿਘਨ) ਦੂਸਰੀ ਐਡਜਰਨਮੈਂਟ ਮੋਸ਼ਨ ਇਹ ਸੀ ਕਿ ਅੱਜ ਪੰਜਾਬ ਵਿਚ ਡੈਮੋਕਰੇਸੀ ਖਤਰੇ ਵਿਚ ਹੈ। ਅਸੀਂ ਬੜੀਆਂ ਕੁਰਬਾਨੀਆਂ ਕਰਕੇ ਇਥੇ ਡੈਮੋਕਰੇਟਿਕ ਸੈਟ ਅੱਪ ਚਾਲੂ ਕੀਤਾ ਹੈ ਲੇਕਿਨ ਇਸ ਸਰਕਾਰ ਨੇ ਪਿਛਲ ਦਿਨਾਂ ਵਿਚ ਜੋ ਐਟੀਚਿਊਡ ਲਿਆ ਹੈ ਉਹ ਠੀਕ ਨਹੀਂ ਹੈ। ਅਸੀਂ ਆਪੋਜ਼ੀਸ਼ਨ ਵਾਲੇ ਪੀਸਫੁਲੀ ਰੈਲੀ ਕਰਨਾ ਚਾਹੁੰਦੇ ਸੀ ਪਰ ਇਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਟਰੱਕਾਂ, ਟਰਾਲੀਆਂ ਆਦਿ ਤੇ ਨਹੀਂ ਆਉਣ ਦੇਣਾ। ਇਥੇ ਆਉਣ ਤੋਂ ਰੋਕਿਆ ਗਿਆ (ਵਿਘਨ) (ਸ਼ੋਰ)

(ਇਸ ਸਮੇਂ ਰੂਲਿੰਗ ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ)

ਸ੍ਰੀ ਸਪੀਕਰ: ਮੈਂ ਤੁਹਾਨੂੰ ਲਿਖਕੇ ਜਵਾਬ ਦੇ ਦਿੱਤਾ ਹੈ। (ਵਿਘਨ) ਨੋ ਡਿਸਕੱਸ਼ਨ ਪਲੀਜ਼। (ਸ਼ੋਰ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਅਸੀਂ ਪੀਸਫੁੱਲੀ ਰੈਲੀ ਕਰਨਾ ਚਾਹੁੰਦੇ ਸੀ ਪਰ ਸਾਨੂੰ ਰੋਕਿਆ ਗਿਆ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬਗੈਰ ਆਗਿਆ ਦੇ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ੍ਰੀ ਸਪੀਕਰ: ਇਹ ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ, ਇਹ ਐਕਸਪੰਜ ਕੀਤਾ ਜਾਂਦਾ ਹੈ। (ਸ਼ੋਰ, ਬਹੁਤ ਸ਼ੋਰ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਜੇ ਤੁਸੀਂ ਸਾਨੂੰ ਅਲਾਓ ਨਹੀਂ ਕਰੋਗੇ ਤਾਂ ਅਸੀਂ ਵੀ ਇਨ੍ਹਾਂ ਨੂੰ ਅਲਾਓ ਨਹੀਂ ਕਰਾਂਗੇ।

(ਇਸ ਸਮੇਂ ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਅਤੇ ਬਹੁਤ ਸਾਰੇ ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਕੱਲ ਜੋ ਗਵਰਨਰ ਸਾਹਿਬ ਨੇ ਸਦਨ ਨੂੰ ਐਡਰੈਸ ਕੀਤਾ ਸੀ ਉਹ ਅਨਕਾਂਸਟੀਚਿਊਸ਼ਨਲ ਹੈ । ਉਹ ਇਨ ਦੀ ਵਾਇਊਲੇਸ਼ਨ ਆਫ ਰੂਲਜ਼ ਆਫ ਪਰੋਸੀਜਰ ਐਂਡ ਕੰਡਕਟ ਆਫ ਬਿਜ਼ਨੈਸ ਹੈ । (ਵਿਘਨ) ਉਹ ਰੂਲਜ਼ ਦੇ ਮੁਤਾਬਿਕ ਨਹੀਂ ਹੈ । ਤੁਸੀਂ ਗਵਰਨਰ ਐਡਰੈਸ ਦੁਬਾਰਾ ਕਰਾ ਲਓ ਤਾਂ ਹੀ ਅਸੀਂ ਆਪਣੇ ਵਿਚਾਰ ਪੇਸ਼ ਕਰ ਸਕਾਂਗੇ । (ਵਿਘਨ) (ਸ਼ੋਰ) ਇਸ ਲਈ ਸਾਡੀ ਐਡਜਰਨਮੈਂਟ ਮੋਸ਼ਨ No. 138 ਐਡਮਿਟ ਹੋਣੀ ਚਾਹੀਦੀ ਹੈ । (ਵਿਘਨ)

ਸ੍ਰੀ ਸਪੀਕਰ: ਤੁਹਾਡੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਕੱਲ ਜੋ ਕੁਝ ਇਥੇ ਹੋਇਆ ਹੈ ਉਸ ਬਾਰੇ ਸਾਰਿਆਂ ਨੂੰ ਪਤਾ ਹੈ । ਕਿਸ ਤਰ੍ਹਾਂ ਟੀਅਰ ਗੈਸ ਛੱਡੀ ਗਈ ' ਸਾਡੇ ਬਹੁਤ ਸਾਰੇ ਐਮ.ਐਲ.ਏਜ਼ ਜ਼ਖਮੀ ਹੋਏ । ਸਾਡੇ ਵਰਕਰਾਂ ਤੇ ਲਾਠੀ ਚਾਰਜ ਕੀਤਾ ਗਿਆ ਅਤੇ ਗੋਲੀਆਂ ਚਲਾਈਆਂ ਗਈਆਂ । ਡੈਮੋਕਰੇਸੀ ਖਤਰੇ ਵਿਚ ਹੈ । ਲੋਕਰਾਜ ਖਤਰੇ ਵਿਚ ਹੈ । (ਵਿਘਨ)

(ਇਸ ਸਮੇਂ ਰੂਲਿੰਗ ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਨਾਹਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ. ਇਹ ਜੋ ਨਾਹਰੇ ਲਗਾਏ ਜਾ ਰਹੇ ਹਨ, ਮੇਰੀ ਇਜਾਜ਼ਤ ਤੋਂ ਬਗੈਰ, ਇਹ ਐਕਸਪੰਜ ਕੀਤੇ ਜਾਂਦੇ ਹਨ ।

ਸਰਦਾਰ ਰਵੀ ਇੰਦਰ ਸਿੰਘ: ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਜੋ ਕਿਹਾ ਹੈ ਉਸ ਬਾਰੇ ਤੁਸੀਂ ਰੂਲਿੰਗ ਨਹੀਂ ਦਿੱਤੀ ।

ਸ੍ਰੀ ਸਪੀਕਰ: ਮੈਂ ਤਾਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਮੈਂ ਤੁਹਾਡੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ । (ਵਿਘਨ) ਹੋਰ ਕੋਈ ਗੱਲ ਕਰਨੀ ਹੈ ਤਾਂ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ।

Sardar Ravi Inder Singh: You have not given your ruling. You must give a ruling on the subject. Under which rule you have disallowed the Adjournment Motion.

ਸ੍ਰੀ ਸਪੀਕਰ: ਤੁਸੀਂ ਚੈਂਬਰ ਵਿਚ ਆ ਜਾਣਾ । (ਵਿਘਨ)

ਸਰਦਾਰ ਰਵੀ ਇੰਦਰ ਸਿੰਘ: ਤੁਸੀਂ ਕਿਸ ਰੂਲ ਥੱਲੇ ਐਡਜਰਨਮੈਂਟ ਮੋਸ਼ਨ ਡਿਸਅਲਾਓ ਕੀਤੀ ਹੈ । (ਵਿਘਨ) (ਸ਼ੋਰ) How can you disallow the Adjournment motions when the Rules provide.

Mr. Speaker: Please come to my Chamber.

Sardar Ravi Inder Singh: You can disallow these only under the Rules. The House is supreme and not the Speaker. Under what Rules have you disallowed the Adjournment motions? We are not satisfied....

Mr. Speaker: I have disallowed the Adjournment motions. You may come to my Chamber.

**Expunged as ordered by the Chair.

ਸਰਦਾਰ ਬਲਵੰਤ ਸਿਘ : ਸਪੀਕਰ ਸਾਹਿਬ, ਅਸੀਂ 2 ਐਡਜਰਨਮੈਂਟ ਮੋਸ਼ਨਜ਼ ਦਿੱਤੀਆਂ ਸਨ . . . .

ਸ੍ਰੀ ਸਪੀਕਰ : ਮੈਂ ਉਹ ਡਿਸਅਲਾਓ ਕਰ ਦਿੱਤੀਆਂ ਹਨ ।

(ਇਸ ਵਕਤ ਮਾਨਯੋਗ ਮੈਂਬਰ ਡਾਕਟਰ ਭਗਤ ਸਿੰਘ ਅਤੇ ਮਾਸਟਰ ਚੰਦ ਸਿੰਘ ਬੋਲਣ ਲਈ ਖੜੇ ਸਨ । ਸ੍ਰੀ ਸਪੀਕਰ ਨੇ ਡਾਕਟਰ ਭਗਤ ਸਿੰਘ ਜੀ ਨੂੰ ਬੋਲਣ ਲਈ ਇਜਾਜ਼ਤ ਦਿੱਤੀ)

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਜੋ ਕੁਝ ਕੱਲ ਇਥੇ ਹੋਇਆ, ਪੁਲਿਸ ਦਾ ਤਸ਼ੱਦਦ ਆਨਰੇਬਲ ਮੈਂਬਰਜ਼ ਔਰ ਵਰਕਰਜ਼, ਜੋ ਰੈਲੀ ਕਰ ਰਹੇ ਸਨ, ਤੇ ਜੋ ਹੋਇਆ, ਉਸ ਦੇ ਬਾਰੇ ਦਿੱਤੀ ਸੀ । (ਵਿਘਨ) (ਸ਼ੋਰ) ਉਹ ਮੋਸ਼ਨ ਇਨ ਟਾਈਮ ਸੀ ਅਤੇ ਰੂਲਜ਼ ਦੇ ਮੁਤਾਬਿਕ ਸੀ । (ਸ਼ੋਰ) ਉਸ ਦੇ ਬਾਅਦ ਕੱਲ ਬਠਿੰਡੇ ਅਤੇ ਹੋਰ ਜਗ੍ਹਾ ਗੋਲੀ ਚਲਾਈ ਗਈ ਅਤੇ ਲਾਠੀ ਚਾਰਜ ਕੀਤੇ ਗਏ। ਭੀਖੀ ਦਾ ਇਕ ਬੰਦਾ ਮਰ ਗਿਆ ਹੈ । ਮੇਰੀ ਪਾਰਟੀ ਦਾ ਸੀਨੀਅਰ ਮੈਂਬਰ ਇਨਕੁਆਇਰੀ ਵਾਸਤੇ ਚਲਾ ਗਿਆ ਹੈ । ਇਸ ਤੋਂ ਇਲਾਵਾ ਫਗਵਾੜੇ ਅਤੇ ਕਪੂਰਥਲੇ ਵਿਚ ਕਾਫੀ ਸਟੂਡੈਂਟਸ ਤੇ ਤਸ਼ੱਦਦ ਹੋਇਆ ਹੈ । (ਵਿਘਨ) (ਸ਼ੋਰ) ਮੇਰੀ ਐਡਜਰਨਮੈਂਟ ਮੋਸ਼ਨ ਇਨ ਟਾਈਮ ਸੀ ਔਰ ਅਕਾਰਡਿੰਗ ਟੂ ਰੂਲਜ਼ ਸੀ ਲੇਕਿਨ ਉਸ ਦਾ ਜਵਾਬ ਨਹੀਂ ਆਇਆ । ਮੈਂ ਅਰਜ਼ ਕਰਦਾ ਹਾਂ ਕਿ ਤੁਹਾਨੂੰ ਮੇਰੀ ਇਹ ਅਡਜਰਨਮੈਂਟ ਮੋਸ਼ਨ ਐਡਮਿਟ ਕਰਨੀ ਚਾਹੀਦੀ ਹੈ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਉਹ ਐਡਜਰਨਮੈਂਟ ਮੋਸ਼ਨ ਅੰਡਰ ਪਰੋਸੈਸ ਹੈ, ਉਸ ਦਾ ਜਵਾਬ ਤੁਹਾਨੂੰ ਮਿਲ ਜਾਵੇਗਾ । (ਵਿਘਨ) (ਸ਼ੋਰ)

(ਇਸ ਵਕਤ ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਜੇ ਤੁਸੀਂ ਇਸ ਤਰ੍ਹਾਂ ਆਪਣਾ ਵਕਤ ਜ਼ਾਇਆ ਕਰਨਾ ਹੈ ਤਾਂ ਅੱਜ ਜਿਹੜਾ ਨਾਨ-ਆਫੀਸ਼ੀਅਲ ਬਿਜ਼ਨੈਸ ਹੈ ਉਹ ਸਫਰ ਕਰੇਗਾ । ਹੁਣ ਮੈਂ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ ਵਾਸਤੇ ਕਾਲ ਕਰਦਾ ਹਾਂ । (ਵਿਘਨ) (ਸ਼ੋਰ) ।

Comrade Raj Kumar : Mr. Speaker, the Rules provide that after the questions and before the next item on the list of business is entered upon, the Chair may call the member concerned who shall rise in his place and ask for leave to move for the adjournment of the House. The Adjournment Motion is to be taken up first, but you are taking up the next item on the list of business first. You should follow the procedure. This is very very unprecedented.

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** **

**Expunged as Ordered by the Chair

Sardar Birdevinder Singh: Devils can not quote scriptures. (*Interruptions*)

ਆਵਾਜ਼ਾਂ : ਸਪੀਕਰ ਸਾਹਿਬ, ਤੁਸੀਂ ਪਾਂਧੀ ਸਾਹਿਬ ਨੂੰ ਕਿਹਾ ਹੈ, ਪਾਂਧੀ ਸਾਹਿਬ ਬੋਲਣ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** **

ਆਵਾਜ਼ਾਂ : ਤੁਸੀਂ ਟਾਈਮ ਤਾਂ ਪਾਂਧੀ ਸਾਹਿਬ ਨੂੰ ਦਿੱਤਾ ਹੈ, ਇਹ ਕਿਸ ਤਰ੍ਹਾਂ ਬੋਲ ਰਹੇ ਹਨ ?

ਸ੍ਰੀ ਸਪੀਕਰ : ਮੈਂ ਸਰਦਾਰ ਸੁਖਜਿੰਦਰ ਸਿੰਘ ਜੀ ਨੂੰ ਟਾਈਮ ਦਿੱਤਾ ਹੈ । (ਵਿਘਨ) (ਸ਼ੋਰ) ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** ** ।

ਸ੍ਰੀ ਸਪੀਕਰ : ਤੁਸੀ ਆਪਣਾ ਪੁਆਇੰਟ ਆਫ ਆਰਡਰ ਰੇਜ਼ ਕਰੋ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** ** ।

ਸਰਦਾਰ ਬੀਰਦਵਿੰਦਰ ਸਿੰਘ : ਹਾਊਸ ਨੂੰ ** ** ਕਹਿਣਾ ਹਾਊਸ ਦੀ ਕੰਟੈਂਪਟ ਹੈ, ਹਾਊਸ ਦੀ ਤੌਹੀਨ ਹੈ । (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** ** ।

ਆਵਾਜ਼ਾਂ : ਹਾਊਸ ਨੂੰ ** ** ਕਹਿਣਾ ਹਾਊਸ ਦੀ ਤੌਹੀਨ ਹੈ । (ਸ਼ੋਰ)

ਸ੍ਰੀ ਸਪੀਕਰ : ਇਹ ਅਨਪਾਰਲੀਮੈਂਟਰੀ ਲਫਜ਼ ਹਨ, ਇਨ੍ਹਾਂ ਨੂੰ ਐਕਸਪੰਜ ਕਰ ਦਿਓ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** ** ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਕੱਲ ਜਿਹੜੀ ਗੁੰਡਾਗਰਦੀ ਇਨ੍ਹਾਂ ਨੇ ਕੀਤੀ ਹੈ । (ਵਿਘਨ) (ਸ਼ੋਰ)

Sardar Birdevinder Singh : Speaker Sahib, you have rejected both the Adjournment Motions, then why are they speaking on the same Please give ruling on our privilege motion........

ਸ੍ਰੀ ਸਪੀਕਰ: ਇਨ੍ਹਾਂ ਨੂੰ ਪੁਆਇੰਟ ਆਫ ਆਰਡਰ ਕਰ ਲੈਣ ਦਿਓ, ਫਿਰ ਮੈਂ ਆਪਣੀ ਰੂਲਿੰਗ ਦਿਆਂਗਾ .. .. (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** ।

** Expunged as ordered by the Chair.

ਸ੍ਰੀ ਸਪੀਕਰ : ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਮਰਾਂ ਇਕ ਵਿਧਾਇਕ ਪਕੜਿਆ ਗਿਆ ! ਪੁਆਇੰਟ ਆਫ ਆਰਡਰ ਰਾਹੀਂ ਜਿਹੜੀ ਐਡਜਰਨਮੈਂਟ ਮੋਸ਼ਨਾਂ ਦੀ ਗੱਲ ਕੀਤੀ ਹੈ ਮੈਂ ਉਹ ਮੋਸ਼ਨਾਂ ਰੂਲਜ਼ ਮੁਤਾਇਕ ਪਹਿਲਾਂ ਡਿਸਅਲਾਓ ਕਰ ਚੁੱਕਾ ਹਾਂ ਔਰ ਉਨ੍ਹਾਂ ਦਾ ਲਿਖਤੀ ਜਵਾਬ ਵੀਂ ਦੇ ਦਿੱਤਾ ਗਿਆ ਹੈ, ਇਸ ਲਈ ਇਹ ਪੁਆਇੰਟ ਆਫ ਆਰਡਰ ਡਿਸਅਲਾਓ ਕੀਤਾ ਜਾਂਦਾ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ ਜਿਸ ਕਰਕੇ ਕੋਈ ਚੀਜ਼ ਸੁਣਾਈ ਨਹੀਂ ਦੇ ਰਹੀ ਸੀ ।)

Comrade Raj Kumar : Mr. Speaker, you have not given any reasons for rejection of our Adjournment Motion (*Interruption*)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਜਿਹੜਾ ਇਹ ਕਿਹਾ ਹੈ ਕਿ ਤੁਹਾਨੂੰ ਅਫਸੋਸ ਹੈ ਮੈਂਬਰ ਸਾਹਿਬ ਦੀ ਗਰਿਫਤਾਰੀ ਦੀ, ਇਹ ਗੱਲ ਠੀਕ ਨਹੀਂ ਹੈ । ਇਹ ਬਾਹਰ ਜੇ ਗੁੰਡਾਗਰਦੀ ਕਰਨਗੇ ਤਾਂ ਭੁਗਤਣਗੇ ਵੀ । ਸਾਡੀ ਪ੍ਰਿਵਿਲਿਜ ਮੋਸ਼ਨ ਹੈ ...... (ਸ਼ੋਰ) (ਵਿਘਨ) ।

Comrade Raj Kumar : Mr. Speaker, you have not given any reasons for rejection of our Adjournment Motion (*Interruptions*).

Mr. Speaker: I have called upon Birdevinder Singh to speak.

Sardar Birdevinder Singh : Speaker Sahib, any decision of the Chair is binding upon the Members. If they do not follow the rules .... (*Noise, Interruptions*)....

Comrade Raj Kumar : Mr. Speaker, I would request you to please read out Rule 62 of the Rules of Procedure and Conduct of Business of the Punjab Vidhan Sabha ......

(At this stage many hon. Members were standing in their seats and were raising Points of order.)

Mr. Speaker : No point of order please. Sardar Dalip Singh Pandhi ji, please read out your Call Attention Motion.

Comrade Raj Kumar: Please listen to me. If you want to save the honour of the House, please listen to me. At page 49 of the Rules of Procedure and Conduct of Business in the Punjab Vidhan Sabha, under Proviso to Rule 62, you are supposed to give us the reasons. No reason has been given.

Mr. Speaker : Raj Kumar ji, I have said that it is under process. Sardar Dalip Singh Pandhi ji, please read out your Call Attention Motion.

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਡੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿਤੀ ਹੈ, ਤੁਸੀਂ ਇਹ ਸਾਨੂੰ ਕਿਹਾ ਹੈ, (ਵਿਘਨ) ਪਰ ਹੁਣ ਕਹਿ ਦਿੱਤਾ ਹੈ ਕਿ ਇਹ ਅੰਡਰ ਪ੍ਰਾਸੈਸ ਹੈ, ਅੰਡਰ ਕੰਸਿਡਰੇਸ਼ਨ ਹੈ । ਇਨ੍ਹਾਂ ਦੋਨਾਂ ਵਿਚੋਂ ਕਿਹੜੀ ਗੱਲ ਠੀਕ ਹੈ ? (ਵਿਘਨ) (ਸ਼ੋਰ) ।

ਕਾਮਰੇਡ ਰਾਜ ਕਮਾਰ : ਸਪੀਕਰ ਸਾਹਿਬ, ਹਾਊਸ ਐਡਜਰਨ ਕਰ ਦਿਓ ਅਤੇ ਸਾਨੂੰ ਸੁਣ ਲਵੋ । (ਵਿਘਨ) (ਸ਼ੋਰ) ਉਸ ਦੇ ਬਾਦ ਜੋ ਵੀ ਰੀਜ਼ਨਜ਼ ਹੋਣ, ਤੁਸੀਂ ਦੇ ਦਿਓ (ਵਿਘਨ) (ਸ਼ੋਰ) ਸਾਨੂੰ ਪਤਾ ਲੱਗ ਜਾਏਗਾ . . (ਵਿਘਨ) (ਸ਼ੋਰ) ।

ਸ੍ਰੀ ਸਪੀਕਰ : ਸਰਦਾਰ ਦਲੀਪ ਸਿੰਘ ਪਾਂਧੀ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਸਾਡੀ ਪਰਿਵਲਿਜ ਮੋਸ਼ਨ ਹੈ (ਵਿਘਨ) ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਸਾਡੀ ਐਡਜਰਨਮੈਂਟ ਮੋਸ਼ਨ ਸੀ . . (ਵਿਘਨ) ।

(ਇਸ ਵੇਲੇ ਸੀ. ਪੀ. ਆਈ. (ਐਮ.) ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸੁਣਵਾਈ ਨਹੀਂ ਸੀ ਦੇ ਰਿਹਾ ।)

Comrade Raj Kumar : Mr. Speaker, please see the procedure. You have not given any reasons. Sardar Dalip Singh Pandhi will not read his Call Attention Motion unless you give us the reasons for the rejection of my Adjournment Motion.

Mr. Speaker : Comrade Raj Kumar ji, I will give my ruling at the appropriate time. Sardar Dalip Singh ji.. . . .

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਹਾਊਸ ਐਡਜਰਨ ਕਰ ਦਿਓ। ਚਾਹ ਪੀ ਕੇ ਫਿਰ ਆ ਜਾਂਦੇ ਹਾਂ । (ਸ਼ੋਰ, ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੇਰਾ : ਸਪੀਕਰ ਸਾਹਬ, ਹਾਊਸ ਨੂੰ ਕੁਝ ਦੇਰ ਲਈ ਐਡਜਰਨ ਕਰ ਦਿਓ । ਬਾਹਰ ਬੈਠ ਕੇ ਗੱਲ ਕਰ ਲੈਂਦੇ ਹਾਂ ।

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

(ਇਸ ਸਮੇਂ ਸੀ. ਪੀ.ਆਈ. ਅਤੇ ਸੀ. ਪੀ. ਆਈ.(ਐਮ.) ਦੇ ਬਹੁਤ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੋ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਸੀ ਜਿਸ ਕਾਰਣ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਸਰਦਾਰ ਦਲੀਪ ਸਿੰਘ ਪਾਂਧੀ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਨਹੀਂ ਪੜ੍ਹ ਰਹੇ ਇਸ ਲਈ ਮੈਂ ਨੈਕਸਟ ਆਈਟਮ ਆਨ ਦੀ ਏਜੰਡਾ: 'ਪੇਪਰਜ਼ ਟੂ ਬੀ ਲੇਡ' ਲੈਂਦਾ ਹਾਂ। ਹਾਂ ਜੀ, ਐਫ. ਐਮ. ਸਾਹਿਬ।

PAPERS LAID/RE-LAID ON THE TABLE

Finance Minister (Doctor Kewal Krishan) : Sir, I beg to lay on the Table—

(i) The Punjab Town Improvement (Amendment) Ordinance, 1980 (Punjab Ordinance No. 6 of 1980),

(ii) The Punjab Gram Panchayat (Amendment) Ordinance, 1980 (Punjab Ordinance No. 7 of 1980)

(iii) The Punjab Panchayat Samtis and Zila Parishads (Temporary Supersession) Second Amendment Ordinance, 1980 (Punjab Ordinance No. 8 of 1980)',

(iv) The Punjab Homeopathic Practitioners (Amendment and Validation) Ordinance, 1980 (Punjab Ordinance No. 9 of 1980), together with the Corrigendum.

(v) The Punjab Agricultural Produce Markets (Second Amendment) Ordinance, 1980 (Punjab Ordinance No. 10 of 1980), and

(vi) The Punjab Prohibition of Cow Slaughter (Amendment) Ordinance, 1980,

As required under Article 213 (2) (a) of the Constitution of India.

WALK—OUT (S)

(ਇਸ ਸਮੇਂ ਅਕਾਲੀ ਪਾਰਟੀ (ਐਲ), ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ.) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਸ਼ੋਰ ਕਾਰਣ ਕੁਝ ਸੁਣਾਈ ਨਹੀਂ ਸੀ ਦੇ ਰਿਹਾ। ਮੈਂਬਰਜ਼ ਇਹ ਨਾਅਰੇ ਲਗਾ ਰਹੇ ਸਨ ** ** ** ਸ਼੍ਰੋਮਣੀ ਅਕਾਲੀ ਦਲ (ਐਲ), ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ.) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਇਹ ਨਾਅਰੇ ਲਾਉਂਦੇ ਹੋਏ ** ** ** ਹਾਊਸ ਵਿਚੋਂ ਵਾਕ ਆਊਟ ਕਰ ਗਏ।

ਸ੍ਰੀ ਸਪੀਕਰ: ਇਹ ਜੋ ਸਲੋਗਨਜ਼ ਹਾਊਸ ਵਿਚ ਰੇਜ਼ ਹੋਏ ਹਨ, ਇਹ ਪਰੋਸੀਡਿੰਗਜ਼ ਦਾ ਭਾਗ ਨਾ ਬਣਨ। ਮੈਂ ਉਹ ਸਾਰ ਐਕਸਪੰਜ ਕਰਦਾ ਹਾਂ।

** Expunged as ordered by the Chair.

PAPERS LAID/RE-LAID ON THE TABLE (*Resumption*)

Finance Minister : Sir, I beg to re-lay on the Table the Punjab Land Improvement Schemes (First Amendment) Rules, 1978, as required under section 30(3) of the Punjab Land Improvement Schemes Act, 1963.

Sir, I beg to lay on the Table—

(i) the Annual Statement of Accounts of the Punjab Housing Development Board for the year 1977-78, as required under section 68(3) of the Punjab Housing Development Board Act, 1972.

(ii) a Statement explaining the reasons for delay in laying the Annual Statement of Accounts of the Punjab Housing Development Board for the year 1977-78.

Sir, I beg to lay on the Table :—

(1) the Notification issued by the Election Commission of India under section 73 of the Representation of the People Act, 1951, constituting the Eighth Punjab Vidhan Sabha.

(2) the Punjab Municipal Corporation (Investment of Surplus Money) Rules, 1979, as required under section 397(2) of the Punjab Municipal Corporation Act, 1976.

(3) the Third Annual Report of the Punjab Backward Classes Land Development and Finance Corporation for the year 1978-79, as required under section 27(6) of the Punjab Backward Classes Land Development and Finance Corporation Act, 1976.

(4) the Annual Accounts and Audit Report of the Pepsu Road Transport Corporation for the year 1975-76, as required under section 33(4) of the Road Transport Corporation Act, 1950.

(5) the Punjab Homoeopathic Practitioners (General) (First Amendment Rules, 1980, as required under section 55 of the Punjab Homoeopathic Practitioners Act, 1965.

(6) the Audit Report on the Accounts of the period 1st January, 1977 to 31st March, 1977, as required under section 45(2) (a) of the Punjab Water Supply and Sewerage Board Act. 1976.

(7) the Balance Sheets and Accounts of the Punjab School Education Board for the years from 1969-70 to 1977-78, as required under section 19(5) of the Punjab School Education Board Act, 1969.

(8) the Second Annual Report of the Punjab State Civil Supplies Corporation Limited for the year 1975-76, as required under section 619-A(3)

(b) of the Companies Act, 1956.

Sir, I also beg to lay on the Table :—

(i) the Punjab Public Service Commission (Limitation of Functions) (Second Amendment) Regulations, 1980, and

(ii) the Punjab Public Service Commission (Limitation of Functions) (Third Amendment) Regulations, 1980.

as required under Article 320 (5) of the Constitution of India.

Sir, I also lay on the Table :—

(i) the Finance Accounts, 1978-79,

(ii) the Appropriation Accounts, 1978-79,

(iii) the Report of the Comptroller and Auditor General of India (Civil) for the year 1978-79,

(iv) the Report of the Comptroller and Auditor General of India (Commercial) for the year 1978-79, and

(v) the Report of the Comptroller and Auditor General of India (Revenue Receipts) for the year 1978-79,

as required under Article 151(2) of the Constitution of India.

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਕੁਐਸ਼ਚਨ ਆਵਰ ਵਿਚ ਕੁਝ ਲਫਜ਼ ਵਰਤੇ ਗਏ ਸਨ ਕਿ ਸਾਡੇ ਅਫ਼ਸਰ ਆਯਾਸ਼ੀ ਕਰਨ ਵਾਸਤੇ ਬਾਹਰ ਗਏ ਸਨ। ਆਯਾਸ਼ੀ ਦਾ ਲਫਜ਼ ਕਾਰਵਾਈ ਵਿਚੋਂ ਕਢਾ ਦੇਣਾ ਚਾਹੀਦਾ ਹੈ।

WALK-OUT

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ੍ਰੀ ਸਪੀਕਰ : ਅਗਰ ਤੁਸੀਂ ਇਸ ਬਾਰੇ ਕੋਈ ਗਲ ਕਰਨੀ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਣਾ। ਇਥੇ ਇਸ ਬਾਰੇ ਗਲ ਨਾ ਕਰੋ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਟੀ) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

ਸ੍ਰੀ ਸਪੀਕਰ : ਜੋ ਕੁਝ ਲਾਲਪੁਰਾ ਸਾਹਿਬ ਨੇ ਕਿਹਾ ਹੈ ਉਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ।

FIRST REPORT OF THE BUSINESS ADVISORY COMMITTEE.

Mr. Speaker : I have to present to the House the First Report

---

**Expunged as ordered by the Chair.

(Mr. Speaker)

of the Business Advisory Committee. The Report reads as under :—

After some discussion, the Committee recommended that the following business be transacted at the sittings of the Vidhan Sabha from the 22nd January, 1981 to 30th January, 1981 :—

Thursday, the 22nd January.

(i) 9-00 A. M. (Morning Sitting)	(i) Laying the copy of the Governor's Address by the Speaker on the Table of the House under Rule 18 of the Rules of Procedure and Conduct of Business in the Punjab Vidhan Sabha. (ii) Laving of papers on the Table of the House. (iii) Non-Official Business.
(ii) (*2.30 P.M.* (Afternoon to 6-00 P.M. Sitting)	(i) No Question Hour. (ii) Discussion on the Governor's Address,
Friday the 23rd January (9-00 A.M.)	Resumption of the discussion on the Governor's Address.
Saturday, the 24th January	Off day.
Sunday, the 25th January	Holiday.
Monday, the 26th January	Holiday.
Tuesday, the 27th *January* (2.00 P.M.)	(i) Presentation of the Supplementary Estimates (1st Instalment) 1980-81. (ii) Presentation of Report of the Estimates Committee on the Supplementary Estimates (1st Instalment) 1980-81. (iii) Resumption of the discussion on the Governor's Address and Vote on the Motion of Thanks.
Wednesday, the 28th January (9-00 A.M.)	Discussion and Vote on Demands for Grants in respect of Supplementary Estimates (Ist Instalment) 1980-81.
Thursday, the 29th January	
(i) 9.00 A.M. (Morning Sitting)	Non-Ofiicial Business.
(ii) 2.30 P.M. to 7.00 P.M. (Afternoon Sitting)	Appropriation Bill in respect of Supplementary-Estimates (1st Instalment) 1980-81.
Friday, the 30th January (9.00 A.M.)	Presentation of the Budget Estimates for the year 1981-82.

If any rule/rules of the Rules of Procedure and Conduct of Business in the Punjab Vidan Sabha (Punjab Legislative Assembly) is/are inconsstent with the above recommendations, that rule/those rules will stand suspended to that extent.

(Interruption and Noise in the House)

Finance Minister : (Doctor Kewal Krishan): Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਗੱਲ ਇਹ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਕਲ ਹੋਈ ਸੀ । ਉਸ ਦੇ ਵਿਚ ਇਕ ਤਾਂ ਜਨਾਬ ਹਾਜ਼ਰ ਸੀ, ਇਕ ਡਾਕਟਰ ਕੇਵਲ ਕ੍ਰਿਸ਼ਨ ਜੀ, ਸਰਦਾਰ ਹਰਚਰਨ ਸਿੰਘ ਅਜਨਾਲਾ ਔਰ ਇਕ ਗੋਪਾਲ ਕ੍ਰਿਸ਼ਨ ਚਤਰਥ ਹਾਜ਼ਰ ਸਨ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਮੀਟਿੰਗ ਵਿਚ ਆਪੋਜ਼ੀਸ਼ਨ ਦਾ ਕੋਈ ਮੈਂਬਰ ਹਾਜ਼ਰ ਨਹੀਂ ਸੀ ਕਿਉਂਕਿ ਆਪੋਜੀਸ਼ਨ ਦੇ ਕਿਸੇ ਵੀ ਗਰੁਪ ਨੂੰ ਕੋਈ ਇਸ ਮੀਟਿੰਗ ਬਾਰੇ ਨੋਟਿਸ ਨਹੀਂ ਸੀ, ਮੈਨੂੰ ਕੋਈ ਇਸ ਦਾ ਨੋਟਿਸ ਨਹੀਂ ਸੀ । (ਸਰਕਾਰੀ ਬੈਂਚਾਂ ਵਲੋਂ ਵਿਘਨ) ਅਗਰ ਕੋਈ ਇਸ ਮੀਟਿੰਗ ਦੇ ਬਾਰੇ ਨੋਟਿਸ ਮੇਰੇ ਦਸਖਤਾਂ ਦੇ ਅਗੇਂਸਟ ਦਿੱਤਾ ਗਿਆ ਹੋਵੇ ਜਾਂ ਆਪੋਜ਼ੀਸ਼ਨ ਦੇ ਕਿਸੇ ਮੈਂਬਰ ਨੂੰ ਦਿੱਤਾ ਗਿਆ ਹੁੰਦਾ ਤਾਂ ਵੀ ਮੈਂ ਮੰਨ ਲੈਂਦਾ । ਪਰ ਇਸ ਤਰ੍ਹਾਂ ਆਪਣੇ ਆਪ ਹੀ ਕਹਿ ਦੇਣਾ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਇਹ ਫੈਸਲਾ ਕਰ ਲਿਆ ਹੈ, ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਤਰ੍ਹਾਂ ਕਿਵੇਂ ਹਾਊਸ ਚਲੇਗਾ । ਸਾਨੂੰ, ਸਪੀਕਰ ਸਾਹਿਬ, ਅਗਰ ਕਲ ਨਹੀਂ ਸੀ ਤਾਂ ਅੱਜ ਫਾਰਮਲੀ ਹੀ ਦੱਸ ਦਿੰਦੇ, ਸਾਡੇ ਨਾਲ ਗਲ ਕਰਦੇ ਕਿ ਅਸੀਂ ਹਾਊਸ ਦਾ ਬਿਜ਼ਨੈਸ ਇਸ ਤਰ੍ਹਾਂ ਚਲਾਉਣਾ ਹੈ ਪਰ ਤੁਸੀਂ ਤਾਂ ਇਹ ਵੀ ਨਹੀਂ ਕੀਤਾ। This is unprecedented. It is not a democratic way. ਸਪੀਕਰ ਸਾਹਿਬ, ਤੁਹਾਨੂੰ ਇਹ ਗੱਲ ਕਹਿੰਦਿਆਂ ਮੈਨੂੰ ਅਫਸੋਸ ਹੁੰਦਾ ਅਗਰ ਮੈਂ ਕੋਈ ਰੂਲਜ਼ ਦੀ ਵਾਇਉਲੇਸ਼ਨ ਵਿਚ ਸੁਜੈਸ਼ਨ ਦੇ ਰਿਹਾ ਹੁੰਦਾ । ਇਸ ਲਈ ਮੈਂ ਇਹ ਦਰਖਾਸਤ ਕਰ ਰਿਹਾ ਹਾਂ ਕਿ ਜੋ ਕੁਝ ਕਲ ਹੋਇਆ ਹੈ ਮੇਰੀ ਬੇਨਤੀ ਹੈ ਕਿ ਇਸ ਬਿਜ਼ੀਨੈਸ ਨੂੰ ਹਾਊਸ ਵਲੋਂ ਅਡਾਪਟ ਨਾ ਕੀਤਾ ਜਾਵੇ । ਸਾਡੇ ਰਿਟਨ ਰੂਲਜ਼ ਹਨ ਔਰ ਜੋ ਕੁਝ ਹੋਇਆ ਹੈ ਇਹ ਰੂਲਜ਼ ਦੇ ਮੁਤਾਬਿਕ ਠੀਕ ਨਹੀਂ ਹੋਇਆ। ਇਸ ਲਈ ਮੇਰੀ ਬੇਨਤੀ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਫਿਰ ਮੀਟਿੰਗ ਹੋਵੇ ਔਰ ਫਿਰ ਬਿਜ਼ਨੈਸ ਤੈਹਿ ਕੀਤਾ ਜਾਵੇ ।

ਸਰਦਾਰ ਬੀਰਪਾਲ ਸਿੰਘ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਮਤਾ ਅੱਜ ਹਾਊਸ ਦੇ ਸਾਹਮਣੇ ਪੇਸ਼ ਹੋਇਆ ਹੈ । ਇਸ ਬਾਰੇ ਸਾਡੇ ਸਾਥੀਆਂ ਨੇ ਆਪਣੇ ਵਿਚਾਰ ਇਥੇ ਰਖੇ ਹਨ । ਇਹ ਬਹੁਤ ਹੀ ਗੰਭੀਰ ਮਸਲਾ ਹੈ ਪਰ ਸਾਡੇ ਸਾਹਮਣੇ ਬੈਠੇ ਇਹ ਜਿਹੜੇ ਆਪੋਜੀਸ਼ਨ ਦੇ ਮੈਂਬਰ ਹਨ ਅਤੇ ਜਿਹੜੇ ਇਹਨਾਂ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ ਇਨ੍ਹਾਂ ਨੂੰ ਪਤਾ ਸੀ ਕਿ ਹੁਣ ਟ੍ਰਾਂਸਪੋਰਟ ਦੀ ਨੈਸ਼ਨੇਲਾਈਜੇਸ਼ਨ ਦਾ ਮਤਾ ਆਉਣ ਵਾਲਾ ਹੈ ਇਸ ਕਰਕੇ ਇਨ੍ਹਾਂ ਨੇ ਜਾਣਬੁਝ ਕੇ ਇਹ ਮਾਹੌਲ ਪੈਦਾ ਕਰ ਲਿਆ ਹੈ । ਇਹ ਨਹੀਂ ਚਾਹੁੰਦੇ ਕਿ ਮਤਾ ਪਾਸ ਹੋਵੇ । ਇਹ ਕਿਸਾਨਾਂ ਦੀ ਗਲ ਕਰਦੇ ਸਨ ਪਰ ਹੁਣ ਜਦੋਂ ਇਹ ਉਨ੍ਹਾਂ ਕੋਲ ਜਾਂਦੇ ਹਨ ਤਾਂ ਇਨ੍ਹਾਂ ਨੂੰ ਥੱਪੜ ਮਾਰਦੇ ਹਨ । ਕਲ ਇਨ੍ਹਾਂ ਨੇ ਹਾਊਸ ਦਾ ਘੇਰਾਓ ਕਰਕੇ ਡੈਮੋਕਰੇਸੀ ਦਾ ਕਤਲ ਕੀਤਾ ਅਤੇ ਜੋ ਜਮਹੂਰੀਅਤ ਦਾ ਨੰਗਾ ਨਾਚ ਨਚਕੇ ਵਿਖਾਇਆ ਉਹ ਬਹੁਤ ਹੀ ਸ਼ਰਮਨਾਕ ਗਲ ਹੈ । ਇਨ੍ਹਾਂ ਨੂੰ ਚਾਹੀਦਾ ਸੀ ਕਿ

[ਸਰਦਾਰ ਬੀਰਪਾਲ ਸਿੰਘ]

ਇਹ ਰਿਜ਼ਾਇਨ ਕਰ ਜਾਂਦੇ । ਪਿਛਲੇ 2 ਢਾਈ ਸਾਲਾਂ ਵਿਚ ਜਦੋਂ ਇਹਨਾਂ ਦਾ ਰਾਜ ਸੀ ਤਾਂ ਇਹਨਾਂ ਨੇ ਜੋ ਕੁਝ ਕੀਤਾ ਉਸ ਦੇ ਬਦਲੇ ਜਦੋਂ 1980 ਵਿਚ ਵੋਟਾਂ ਪਈਆਂ ਤਾਂ ਲੋਕਾਂ ਨੇ ਇਨ੍ਹਾਂ ਨੂੰ ਥੱਪੜ ਮਾਰ ਕੇ ਕੱਢ ਦਿਤਾ । ਹੁਣ ਟ੍ਰਾਂਸਪੋਰਟ ਦਾ ਮਸਲਾ ਆਇਆ ਹੈ ਤਾਂ ਇਹ ਫਿਰ ਨਹੀਂ ਚਾਹੁੰਦੇ ਕਿ ਇਸ ਦਾ ਕੌਮੀਕਰਨ ਕੀਤਾ ਜਾਵੇ । ਇਹ ਨਹੀਂ ਚਾਹੁੰਦੇ ਕਿ ਹਰਿਆਣਾ ਵਾਂਗ ਇਥੇ ਵੀ ਟ੍ਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਣ ਹੋਵੇ । ਇਹ ਚਾਹੁੰਦੇ ਹਨ ਕਿ ਜੋ ਟ੍ਰਾਂਸਪਰਟ ਵਿਚ ਲੁਟ ਖਸੁਟ ਹੋ ਰਹੀ ਹੈ ਉਹ ਚਲਦੀ ਰਹੇ । ਇਨ੍ਹਾਂ ਨੇ ਕਲ ਜੋ ਅੰਸਬਲੀ ਦੇ ਬਾਹਰ ਹਾਲ ਕੀਤਾ ਉਹ ਇਕ ਸ਼ਰਮਨਾਕ ਗਲ ਹੈ । ਇਨ੍ਹਾਂ ਵਿਚ ਜਿਹੜੇ ਇਹ ਕਮਿਊਨਿਸਟ ਵੀਰ ਬੈਠੇ ਹਨ ਜਿਹੜੇ ਹਮੇਸ਼ਾਂ ਹੀ ਟ੍ਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦੀ ਗੱਲ ਕਰਦੇ ਰਹੇ ਹਨ, ਉਹ ਵੀ ਅੱਜ ਇਨ੍ਹਾਂ ਨਾਲ ਰਲੇ ਬੈਠੇ ਹਨ । ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਸ ਮਸਲੇ ਤੇ ਸਾਡੇ ਨਾਲ ਆਕੇ ਚਲਣ । ਇਸ ਵੇਲੇ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਵਲੋਂ ਵਿਘਨ ਪਾਇਆ ਜਾ ਰਿਹਾ ਸੀ । ਇਹ ਨਹੀਂ ਚਾਹੁੰਦੇ ਕਿ ਲੋਕਾਂ ਦੀ ਸੇਵਾ ਕੀਤੀ ਜਾਵੇ । ਇਸ ਲਈ ਮੈਂ ਅੰਤ ਵਿਚ ਇਹ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਅਸੰਬਲੀ ਦੀ ਹਿਸਟਰੀ ਵਿਚ ਇਸ ਤਰ੍ਹਾਂ ਪਹਿਲੀ ਦਫਾ ਹੀ ਹੋਇਆ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਵੇ ਔਰ ਉਸ ਵਿਚ ਆਪੋਜ਼ੀਸ਼ਨ ਮੈਂਬਰਜ਼ ਬੁਲਾਏ ਹੀ ਨਾ ਜਾਣ । (ਸਰਕਾਰੀ ਬੈਂਚਾਂ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਇਕ ਗੱਲ ਮੰਨਦਾ ਹਾਂ ਕਿ ਇਹ (ਸਰਕਾਰੀ ਬੈਂਚਾਂ ਵਲੋਂ ਵਿਘਨ) ਰੌਲਾ ਪਾਉਣ ਵਿਚ ਤਕੜੇ ਹੋਣਗੇ ।....

ਸ੍ਰੀ ਸਪੀਕਰ : ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਆਪੋਜ਼ੀਸ਼ਨ ਨੂੰ ਆਪਣੀ ਗੱਲ ਕਹਿਣ ਦਿਓ । ਤੁਸੀਂ ਬਾਅਦ ਵਿਚ ਬੋਲ ਲੈਣਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਾਨੂੰ ਬਿਲਕੁਲ ਨੋਟਿਸ ਨਹੀਂ ਸੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਦਾ, ਕਿਸੇ ਪਾਰਟੀ ਦੇ ਰੀਪਰੇਜ਼ੈਂਟੇਟਿਵ ਨੂੰ ਇਸ ਮੀਟਿੰਗ ਦਾ ਕੋਈ ਨੋਟਿਸ ਨਹੀਂ ਸੀ । ਇਸ ਵਾਸਤੇ ਹੀ ਕਾਂਗਰਸ ਮੈਂਬਰ ਸਾਹਿਬਾਨ ਸ਼ਾਮਲ ਹੋਏ, ਤੁਸੀਂ ਸ਼ਾਮਲ ਹੋਏ ਔਰ ਇਹੋ ਜਿਹੇ ਫੈਸਲੇ ਕੀਤੇ ਹਨ ਕਿ ਇਕ ਸੈਕੰਡ ਪਹਿਲਾਂ ਸਾਨੂੰ ਹੁਣ ਨੋਟਿਸ ਆ ਗਿਆ ਹੈ ਕਿ ਅੱਜ ਵੀ ਦੂਸਰੀ ਸਿਟਿੰਗ ਕਰਨੀ ਹੈ, ਗਵਰਨਰ ਦੇ ਐਡਰੈਸ ਤੇ ਡਿਸ਼ਕਸ਼ਨ ਸ਼ੁਰੂ ਕਰਨੀ ਹੈ । ਸਾਨੂੰ ਤਾਂ ਸਪੀਕਰ ਸਾਹਿਬ, ਗਵਰਨਰ ਦਾ ਐਡਰੈਸ ਵੀ ਅੱਜ ਹੀ ਮਿਲਿਆ ਹੈ । ਇਸ ਤੇ ਅਸੀਂ ਕਿਸ ਤਰ੍ਹਾਂ ਸ਼ਾਮ ਨੂੰ ਡਿਸਕਸ਼ਨ ਕਰ ਸਕਦੇ ਹਾਂ, ਇਸ ਬਾਰੇ ਤੁਸੀਂ ਆਪ ਹੀ ਇਨਸਾਫ ਕਰੋ । ਜੇਕਰ ਇਨਸਾਫ ਨਾਲ ਸਾਰੀ ਗੱਲ ਨਾ ਚਲੀ ਤਾਂ ਸਾਨੂੰ ਸੋਚਣ ਵਾਸਤੇ ਮਜਬੂਰ ਹੋਣਾ ਪਵੇਗਾ ਕਿ ਅਸੀਂ ਸ਼ੈਸ਼ਨ ਨੂੰ ਚਲਣ ਦੇਣਾ ਹੈ ਜਾਂ ਨਹੀਂ । ਸਪੀਕਰ ਸਾਹਿਬ ਇਹ ਅਸੰਬਲੀ ਹੈ ਜਾਂ ਕੀ ਹੈ ? ਚੀਫ ਮਨਿਸਟਰ ਸਾਹਿਬ ਨੂੰ ਵੀ ਮੈਂ ਕਹਾਂਗਾ ਕਿ ਉਹ ਖੁਲੇ ਦਿਲ ਨਾਲ ਗੱਲ ਕਰਨ । ਡਿਸਕਸ਼ਨ ਵਾਸਤੇ ਮੈਂਬਰਜ਼ ਨੂੰ ਕਾਫੀ ਸਮਾਂ ਮਿਲਣਾ ਚਾਹੀਦਾ ਹੈ। ਜੇਕਰ ਇਨ੍ਹਾਂ ਨੂੰ ਆਪਣੇ ਵਿਚ ਹੀ ਕੋਈ ਖਤਰਾ ਹੋਵੇ ਤਾਂ ਭਾਵੇਂ ਹੋਵੇ, ਲੇਕਿਨ ਅਸੀਂ ਲੋਕਾਂ ਦੀਆਂ ਡੀਮਾਂਡਜ਼ ਜਿਹੜੀਆਂ ਹਨ, ਉਹ ਹਾਊਸ ਵਿਚ ਇਨ੍ਹਾਂ ਦੇ ਸਾਹਮਣੇ ਰੱਖਣਾ ਚਾਹੁੰਦੇ ਹਾਂ ਔਰ ਉਨ੍ਹਾਂ ਬਾਰੇ ਚੰਗੇ ਤਰੀਕੇ ਨਾਲ ਜ਼ਿਕਰ ਕਰਨ।

ਚਾਹੁੰਦੇ ਹਾਂ । ਜੇਕਰ ਇਨ੍ਹਾਂ ਨੇ ਦੋ ਚਾਰ ਦਿਨਾਂ ਵਿਚ ਸਾਰਾ ਸੈਸ਼ਨ ਮੁਕਾ ਕੇ ਭੱਜ ਜਾਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਕਿਤਨੀ ਵੱਡੀ ਵੀਕਨੈਸ ਹੋਵੇਗੀ ਜਿਹੜੀ ਕਿ ਹਿਸਟਰੀ ਬਰਦਾਸ਼ਤ ਨਹੀਂ ਕਰੇਗੀ । ਇਸ ਲਈ ਬੇਨਤੀ ਹੈ ਕਿ ਅੱਜ ਮੀਟਿੰਗ ਦੁਬਾਰਾ ਬੁਲਾ ਲਈ ਜਾਵੇ । ਇਕ ਇਕ ਸਿਟਿੰਗ ਕਰਕੇ ਹਾਊਸ ਦਾ ਬਿਜ਼ਨੈਸ ਟਰਾਂਜ਼ੈਕਟ ਕੀਤਾ ਜਾਵੇ, ਸਾਨੂੰ ਆਪੋਜ਼ੀਸ਼ਨ ਨੂੰ ਪੂਰਾ ਟਾਈਮ ਮਿਲੇ ਪਰ ਇਸ ਤਰ੍ਹਾਂ ਨਾਲ ਦੋ ਦੋ ਸਿਟਿੰਗਜ਼ ਰੱਖ ਕੇ ਤੁਸੀਂ ਦਸਾਂ ਦਿਨਾਂ ਵਿਚ ਹੀ ਅਸੰਬਲੀ ਦਾ ਸੈਸ਼ਨ ਮੁਕਾਉਣਾ ਚਾਹੁੰਦੇ ਹੋ । ਇਹ ਡੈਮੋਕ੍ਰੇਟਿਕ ਸੈਟ-ਅੱਪ ਦੇ ਖਿਲਾਫ ਹੈ । ਮੈਂ ਬੇਨਤੀ ਕਰਦਾ ਹਾਂ ਕਿ ਦੁਬਾਰਾ ਮੀਟਿੰਗ ਕਰ ਲਵੋ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਰਵੀ ਇੰਦਰ ਸਿੰਘ ਜੀ ਖੜੇ ਸਨ ਅਤੇ ਵਿੱਤ ਮੰਤਰੀ ਜੀ ਵੀ ਖੜੇ ਹੋਏ)

ਸਰਦਾਰ ਰਵੀਇੰਦਰ ਸਿੰਘ (ਮੋਰਿੰਡਾ) **:** ਸਪੀਕਰ ਸਾਹਿਬ, ਇਹ ਮਨਿਸਟਰ ਫਾਰ ਪਾਰਲੀਮੈਂਟਰੀ ਅਫੇਅਰਜ਼ ਵੀ ਹਨ। ਇਸ ਲਈ ਇਹ ਬਾਅਦ ਵਿਚ ਜਵਾਬ ਦੇ ਲੈਣ ।

ਸ੍ਰੀ ਸਪੀਕਰ: ਬਾਦਲ ਸਾਹਿਬ ਨੇ ਤੁਹਾਡੇ ਵਲੋਂ ਗਲ ਕਰ ਲਈ ਹੈ ।

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਉਹ ਆਪਣੀ ਥਾਂ ਮੈਂਬਰ ਹਨ ਅਸੀਂ ਆਪਣੀ ਥਾਂ ਮੈਂਬਰ ਹਾਂ । ਅਸੀਂ ਆਪਣੀ ਰਾਏ ਦੇਣੀ ਹੈ । ਸਰ, ਅੱਜ ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਪੜ੍ਹੀ ਹੈ ......

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਇਧਰ ਵਾਲਿਆਂ ਦੀ ਕੋਈ ਵਾਰੀ ਨਹੀਂ ਆਉਣੀ ?

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਦੀ ਵਾਰੀ ਜ਼ਰੂਰ ਆਉਣੀ ਚਾਹੀਦੀ ਹੈ । ਫਾਈਨਾਂਸ ਮਨਿਸਟਰ ਸਾਹਿਬ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਵੀ ਹਨ, ਬਾਅਦ ਵਿਚ ਇਹ ਸਮ-ਅਪ ਕਰਨ । ਅਗਰ, ਸਪੀਕਰ ਸਾਹਿਬ ਹਰ ਇਕ ਪ੍ਰੋਸੀਜਰ ਨੂੰ ਇਸ ਤਰ੍ਹਾਂ ਨਾਲ ਪ੍ਰੈਸ ਕਰੋਗੇ ਤਾਂ ਮੈਨੂੰ ਇਹ ਡਰ ਹੈ ਕਿ ਜੋ ਲੋਕ ਆਪੋਜ਼ੀਸ਼ਨ ਵਿਚ ਹਨ ਉਹ ਮਜ਼ਬੂਰ ਹੋ ਜਾਣਗੇ ਔਰ ਉਹ ਸਮਝਣਗੇ ਕਿ the opposition is being gagged.

ਇਸ ਲਈ ਇਸ ਦੇ ਵਿਚ ਕਿਉਂ ਵਾਧਾ ਵਧਾ ਰਹੇ ਹੋ । ਬਜਟ ਸੈਸ਼ਨ ਵਾਸਤੇ ਜਿਹੜਾ ਪ੍ਰੋਗਰਾਮ ਆਇਆ ਹੋਇਆ ਹੈ ਉਹ ਕੇਵਲ ਤਿੰਨ ਹਫਤੇ ਵਾਸਤੇ ਹੈ । ਇਹ ਵੀ ਇਕ ਅਨ-ਪ੍ਰੈਸੀਡੈਂਟਿਡ ਬਾਤ ਹੈ । ਜੇਕਰ ਤੁਸੀਂ ਪੁਰਾਣੇ ਤਿੰਨ ਸਾਲਾਂ ਦੇ ਪ੍ਰੈਸੀਡੈਂਟ ਕਢਾ ਕੇ ਵੇਖੋ ਤਾਂ ਪਤਾ ਲਗੇਗਾ ਕਿ ਬਜਟ ਸੈਸ਼ਨ ਹਮੇਸ਼ਾ ਪੰਜ ਪੰਜ ਹਫਤੇ ਦਾ ਬਲਕਿ ਇਸ ਤੋਂ ਵੱਧ ਪੀਰੀਅਡ ਦਾ ਹੁੰਦਾ ਰਿਹਾ ਹੈ । ਇਸ ਵੇਲੇ ਜਦੋਂ ਕਿ ਆਪੋਜ਼ੀਸ਼ਨ ਇਤਨੀ ਸਟ੍ਰਾਂਗ ਹੈ ਉਨ੍ਹਾਂ ਨੂੰ ਡਿਸਕਸ਼ਨ ਵਾਸਤੇ ਕਾਫ਼ੀ ਟਾਈਮ ਚਾਹੀਦਾ ਹੈ । ਸਪੀਕਰ ਸਾਹਿਬ, ਜਿਤਨੀ ਡਿਸਕਸ਼ਨ ਇਹ ਮੈਂਬਰ ਸਾਹਿਬਾਨ, ਜਿਹੜੇ ਕਿ ਅੱਜ ਵਜ਼ੀਰ ਬਣੇ ਬੈਠੇ ਹਨ, ਇਹ ਕਰਦੇ ਰਹੇ ਹਨ ਔਰ ਜਿਤਨਾ ਟਾਈਮ ਇਨ੍ਹਾਂ ਨੂੰ ਮਿਲਦਾ ਰਿਹਾ ਹੈ ਉਤਨਾ ਟਾਈਮ ਸ਼ਾਇਦ ਹੀ ਪਹਿਲਾਂ ਕਿਸੇ ਆਪੋਜ਼ੀਸ਼ਨ ਨੂੰ ਮਿਲਦਾ ਰਿਹਾ ਹੋਵੇ । ਤੁਸੀਂ ਇਹ ਗੱਲ ਜ਼ਰੂਰ ਮੰਨੋਗੇ ਕਿ ਪਹਿਲਾਂ ਸੰਨ 1952 ਦੇ ਵਿਚ ਵੀ ਅਸੈਂਬਲੀ ਦਾ ਜਿਹੜਾ ਹਾਊਸ ਸੀ ਔਰ ਸੰਨ 1957

[ਸ੍ਰੀ ਰਵੀ ਇੰਦਰ ਸਿੰਘ]

ਵਿਚ ਵੀ ਜਿਹੜਾ ਹਾਊਸ ਸੀ ਉਨ੍ਹਾਂ ਵਿਚ ਵੀ ਮੈਂਬਰਜ਼ ਨੂੰ ਖੁਲ੍ਹਾ ਟਾਈਮ ਡਿਸਕਸ਼ਨ ਲਈ ਮਿਲਦਾ ਰਿਹਾ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਹੁਣ ਲੋਕਾਂ ਦੀ ਆਵਾਜ਼ ਨੂੰ ਗੈਗ ਕਰਨ ਵਾਸਤੇ, ਜਿਸ ਤਰੀਕੇ ਨਾਲ ਸਰਕਾਰੀ ਮੁਲਾਜ਼ਮ ਪ੍ਰੋਗਰਾਮ ਸਾਡੇ ਸਾਹਮਣੇ ਪੇਸ਼ ਕਰ ਦਿੰਦੇ ਹਨ, ਅਸੀਂ ਇਲੈਕਟਿਡ ਰਿਪਰਜ਼ੈਂਟੇਟਿਵ ਉਸ ਤਰ੍ਹਾਂ ਹੀ ਉਸ ਤੇ ਦਸਖ਼ਤ ਕਰ ਦਿੰਦੇ ਹਾਂ। ਇਸ ਅਸੰਬਲੀ ਦੀ ਦੂਜੀ ਸਿਟਿੰਗ ਅੱਜ ਰੱਖੀ ਹੈ ਔਰ ਕੁਐਸਚਨ ਆਵਰ ਨਹੀਂ ਰੱਖਿਆ ਲੇਕਿਨ Question Hour is a most important aspect of the sitting of the House ਉਸ ਦੇ ਵਿਚ ਸਰਕਾਰ ਦੀਆਂ, ਸਰਕਾਰੀ ਅਫ਼ਸਰਾਂ ਦੀਆਂ, ਸਰਕਾਰੀ ਡਿਪਾਰਟਮੈਂਟਸ ਦੀਆਂ ਕਮਜ਼ੋਰੀਆਂ ਦਾ ਪਤਾ ਲਗ ਸਕਦਾ ਹੈ। ਅੱਜ ਸ਼ਾਮ ਨੂੰ ਕੁਐਸਚਨ ਆਵਰ ਕਿਉਂ ਨਹੀਂ ਰੱਖਿਆ ਗਿਆ, ? ਇਸ ਸਬੰਧ ਵਿਚ ਮੈਂ ਸਮਝਦਾ ਹਾਂ ਕਿ ਕੋਈ ਐਕਸਪਲੇਨੇਸ਼ਨ ਨਹੀਂ ਦਿੱਤੀ ਗਈ। ਇਕ ਗੱਲ, ਸਪੀਕਰ ਸਾਹਿਬ, ਮੈਂ ਤੁਹਾਡੇ ਗਿਆਤ ਵਾਸਤੇ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਬਿਜ਼ਨੈਸ ਐਡ-ਵਾਈਜ਼ਰੀ ਕਮੇਟੀ ਦੀ ਇਹ ਪੁਰਾਣੀ ਰਿਵਾਇਤ ਰਹੀ ਹੈ ਕਿ ਆਮ ਤੌਰ ਤੇ ਕੋਈ ਵੀ ਡਿਸੀਜ਼ਨ ਮੇਜਾਰਟੀ ਨਾਲ ਨਹੀਂ ਲਿਆ ਜਾਂਦਾ ਬਲਕਿ ਮੁਤਫਿਕਾ ਤੌਰ ਤੇ ਲਿਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਤੁਹਾਨੂੰ ਵੀ ਇਹ ਰਿਵਾਇਤ ਤੋੜਨੀ ਨਹੀਂ ਚਾਹੀਦੀ, ਇਸ ਨੂੰ ਕਾਇਮ ਰਖਣਾ ਚਾਹੀਦਾ ਹੈ। ਇਸ ਮੀਟਿੰਗ ਵਿਚ ਕਿਸੇ ਵੀ ਆਪੋਜ਼ੀਸ਼ਨ ਵਾਲੇ ਨੂੰ ਬੁਲਾਇਆ ਨਹੀਂ ਗਿਆ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਕੱਲ ਜਦੋਂ 2 ਵੱਜਣ ਵਿਚ 10 ਮਿੰਟ ਰਹਿੰਦੇ ਸਨ ਤਾਂ ਮੈਂ ਅਸੰਬਲੀ ਦੇ ਨੇੜੇ ਪੁਜਿਆ ਤਾਂ ਪੁਲਿਸ ਵਲੋਂ ਮੈਨੂੰ ਇਕ ਇਨਸਪੈਕਟਰ ਅਤੇ ਚਾਰ ਕਾਂਸਟੇਬਲਜ਼ ਵਲੋਂ ਰੋਕਿਆ ਗਿਆ ਅਤੇ ਇਕ ਰਿਵਾਲਵਰ ਔਰ ਚਾਰ ਰਾਈਫਲਜ਼ ਵਿਖਾਈਆਂ ਗਈਆਂ ਅਤੇ ਕਿਹਾ ਗਿਆ ਕਿ ਜੇ ਕਰ ਅੱਗੇ ਵਧਿਆ ਤਾਂ ਸ਼ੂਟ ਕਰ ਦਿਆਂਗੇ। ਕਾਰਾਂ ਤੇ ਤਾਂ ਅਸੀਂ ਆ ਨਹੀਂ ਸਕਦੇ ਸੀ, ਪੈਦਲ ਹੀ ਆਉਣਾ ਪਿਆ। ਇਹ ਕਾਂਗਰਸ ਵਾਲੇ ਪਤਾ ਨਹੀਂ ਕਿਸ ਤਰ੍ਹਾਂ ਆਏ। ਪੁਲਿਸ ਪਰੋਟੈਕਸ਼ਨ ਨਾਲ ਆਏ ਹੋਣਗੇ ਪਰ ਸਾਨੂੰ ਤਾਂ ਕੋਈ ਪੁਲਿਸ ਦੀ ਪਰੋਟੈਕਸ਼ਨ ਨਹੀਂ ਸੀ। ਤੁਸੀ ਅਥਾਰਟੀ ਹੋ, ਇਨ੍ਹਾਂ ਹਾਲਾਤ ਵਿਚ ਦਸੋ ਅਸੀਂ ਕਿਵੇਂ ਅੰਦਰ ਆ ਸਕਦੇ ਸੀ ? ਫਿਰ ਜਦੋਂ ਅਸੀਂ ਹਾਊਸ ਵਿਚ ਨਹੀਂ ਆ ਸਕੇ ਤਾਂ ਅਸੀਂ ਸਾਰੇ ਇਥੋਂ ਚਲੇ ਗਏ। ਮੈਂ ਆਪ ਕੋਈ 4-5 ਘੰਟੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਘਰ ਬੈਠਾ ਰਿਹਾ ਪਰ ਸਾਨੂੰ ਕੋਈ ਨੋਟਿਸ ਬਿਜ਼ਨੈਸ ਐਡ-ਵਾਈਜ਼ਰੀ ਕਮੇਟੀ ਦਾ ਨਹੀਂ ਮਿਲਿਆ। ਇਸ ਲਈ ਮੇਰੀ ਗੁਜ਼ਾਰਿਸ਼ ਇਹ ਹੈ ਕਿ ਜੇ ਤੁਸੀਂ ਕਿਸੇ ਦਬਦਬਾ ਦੇ ਹੇਠ ਆ ਕੇ ਇਹ ਫੈਸਲਾ ਕਰੋਗੇ ਤਾਂ ਇਹ ਚੰਗੀ ਪਰੰਪਰਾ ਨਹੀਂ ਹੋਵੇਗੀ। ਤੁਸੀਂ ਹਾਊਸ ਦੇ ਗਾਰਡੀਅਨ ਹੋ ਜੇ ਤੁਸੀਂ ਇਹ ਪਰੰਪਰਾ ਮੇਨਟੇਨ ਨਹੀਂ ਕਰੋਗੇ ਤਾਂ ਇਸ ਚੇਅਰ ਦੀ ਜਿਹੜੀ ਆਗਸਟ ਪੁਜੀਸ਼ਨ ਹੈ ਉਹ ਖਤਮ ਹੋ ਜਾਵੇਗੀ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ): ਸਪੀਕਰ ਸਾਹਿਬ, ਜੇ ਕੋਈ ਹੋਰ ਮੈਂਬਰ ਇਸ ਸਬੰਧ ਵਿਚ ਇਸ ਦੇ ਮੁਤੱਲਕ ਇਸ ਤਰ੍ਹਾਂ ਦੀ ਗੱਲ ਕਰਦਾ ਤਾਂ ਕੋਈ ਦੁੱਖ ਨਹੀਂ ਸੀ। ਹੋ ਸਕਦਾ ਹੈ ਸ਼ਾਇਦ ਪ੍ਰਕਾਸ਼ ਸਿੰਘ ਬਾਦਲ ਨੂੰ ਰੂਲਜ਼ ਦਾ ਪਤਾ ਨਾ ਹੋਵੇ। ਪਰ ਸਰਦਾਰ ਰਵੀਇੰਦਰ ਸਿੰਘ ਜਿਹੜੇ ਕਿ ਸਪੀਕਰ ਰਹਿ ਚੁੱਕੇ ਹਨ ਉਹ ਇਹ ਗਲਾਂ ਕਰਨ, ਠੀਕ ਨਹੀਂ ਹੈ। ਉਨ੍ਹਾਂ ਨੂੰ ਵੀ ਅਤੇ ਹੋਰ ਮੈਂਬਰਾਂ ਨੂੰ ਵੀ ਪਤਾ ਹੈ ਕਿ ਹਮੇਸ਼ਾਂ ਪਹਿਲੇ ਦਿਨ ਹੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੁੰਦੀ ਹੈ। ਇਨ੍ਹਾਂ ਨੇ ਗਵਰਨਰ ਐਡਰੈਸ ਦਾ

ਬਾਈਕਾਟ ਕੀਤਾ ਸੀ ਲੇਕਿਨ ਜਿਹੜੀ ਸੈਕਿੰਡ ਸੀਟਿੰਗ 5 ਵਜੇ ਸੀ ਜਿਸ ਵਿਚ ਕਿ ਇਨ੍ਹਾਂ ਦੇ ਮਾਨਯੋਗ ਮੈਂਬਰ ਜਸਮਤ ਸਿੰਘ ਢਿੱਲੋਂ ਦਾ ਵੀ ਓਬੀਚਰੀ ਰੇਫਰੈਂਸ ਹੋਣਾ ਸੀ ਉਸ ਦਾ ਵੀ ਇਨ੍ਹਾਂ ਨੇ ਬਾਈਕਾਟ ਕੀਤਾ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਸ ਤੋਂ ਇਲਾਵਾ ਸੰਤ ਰਾਮ ਨਾਭਾ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਲੜਾਈ ਲੜੀ ਅਤੇ ਹੋਰ ਕਈ ਐਮ.ਐਲ. ਸੀਜ਼., ਉਨ੍ਹਾਂ ਦੇ ਦੁਖ ਦੇ ਮਤੇ ਵਿਚ ਇਹ ਸ਼ਾਮਲ ਨਹੀਂ ਹੋਏ। (ਵਿਘਨ) ਫਿਰ ਇਸ ਬਾਰੇ ਕਾਮਰੇਡ ਰਾਜ ਕੁਮਾਰ ਜੀ ਨੂੰ ਪਤਾ ਹੈ ਅਤੇ ਬਰਨਾਲਾ ਜੀ ਨੂੰ ਵੀ ਪਤਾ ਹੈ। (ਵਿਘਨ) ਠੀਕ ਹੈ ਜੇ ਉਹ ਨਹੀਂ ਆ ਸਕਦੇ ਸਨ ਤਾਂ ਇਨ੍ਹਾਂ ਦੀ ਪਾਰਟੀ ਦਾ ਕੋਈ ਹੋਰ ਲੀਡਰ ਆ ਸਕਦਾ ਸੀ। ਇਥੇ ਇਹ ਕਹਿਣਾ ਕਿ ਇਸ ਕਮੇਟੀ ਵਿਚ ਮੈਜਾਰਟੀ ਦਾ ਡਿਸੀਜ਼ਨ ਨਹੀਂ ਹੁੰਦਾ ਬਲਕਿ ਯੂਨਾਨੀਮਸ ਡਿਸੀਜ਼ਨ ਹੁੰਦਾ ਹੈ ਇਹ ਠੀਕ ਹੈ। ਪਰ ਜੇ ਕੋਈ ਅਸੰਬਲੀ ਵਿਚ ਹਾਜ਼ਰ ਨਾ ਹੋਵੇ ਔਰ ਬਾਕੀ ਸਾਰੇ ਮੈਂਬਰ ਕਿਸੇ ਗੱਲ ਤੇ ਯੂਨਾਨੀਮਸ ਹੋਣ ਤਾਂ ਉਹ ਡਿਸੀਜ਼ਨ ਯੂਨਾਨੀਮਸ ਹੀ ਕਿਹਾ ਜਾਂਦਾ ਹੈ। ਐਬਸੈਂਟੀ ਇਜ਼ ਐਬਸੈਂਟੀ। (ਵਿਘਨ) ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹਵਾਂਗਾ ਕਿ ਇਨ੍ਹਾਂ ਦੇ ਅਕਾਲੀ ਪਾਰਟੀ ਦੇ ਮੈਂਬਰ ਸਰਦਾਰ ਬਲਵੰਤ ਸਿੰਘ, ਵੈਦ ਕਰਤਾਰ ਸਿੰਘ ਅਤੇ ਸੰਤ ਸਿੰਘ ਇਥੇ ਹਾਜ਼ਰ ਸਨ। ਉਹ ਬਾਹਰ ਲੌਂਜ ਵਿਚ ਹਾਜ਼ਰ ਸਨ। (ਵਿਘਨ) ਮੈਨੂੰ ਖ਼ਤਮ ਕਰ ਲੈਣ ਦਿਓ। ਮੈਂ ਇਹ ਅਰਜ਼ ਕਰਾਂਗਾ ਕਿ ਇਸ ਦਾ ਟੈਨਟੇਟਿਵ ਪ੍ਰੋਗਰਾਮ ਇਨ੍ਹਾਂ ਨੂੰ ਮਿਲ ਚੁੱਕਾ ਸੀ। ਸਵਾਲ ਅੱਜ ਦੀਆਂ 2 ਸੀਟਿੰਗਜ਼ ਕਰਨ ਦਾ ਹੈ। ਬਾਕੀ ਦਾ ਪ੍ਰੋਗਰਾਮ ਤਾਂ ਤਕਰੀਬਨ ਉਸੇ ਤਰ੍ਹਾਂ ਹੀ ਹੈ। ਇਸ ਲਈ ਜੇ ਅੱਜ ਪ੍ਰਾਈਵੇਟ ਰੈਜ਼ੋਲਿਊਸ਼ਨ ਕਰਨ ਤੋਂ ਬਾਅਦ ਦੂਜੀ ਸੀਟਿੰਗ ਵਿਚ ਮੈਂਬਰ ਕੁਝ ਕੰਮ ਕਰ ਲੈਣ ਤਾਂ ਇਸ ਵਿਚ ਸਾਡੀ ਸ਼ਾਨ ਦੀ ਗੱਲ ਹੈ। 8-10 ਘੰਟੇ ਇਕ ਦਿਨ ਵਿਚ ਲੋਕਾਂ ਲਈ ਕੰਮ ਕਰਨਾ ਉਨ੍ਹਾਂ ਦੀ ਸ਼ਾਨ ਦੀ ਗੱਲ ਹੈ (ਵਿਘਨ) ਸਪੀਕਰ ਸਾਹਿਬ, ਮੈਂ ਇਸ ਲਈ ਇਹ ਅਰਜ਼ ਕਰਾਂਗਾ ਕਿ ਇਹ ਜਿਹੜਾ ਮਤਾ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਰਖਿਆ ਹੈ ਇਸ ਨੂੰ ਪ੍ਰਵਾਨ ਕੀਤਾ ਜਾਵੇ। (ਵਿਘਨ)

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ ਪਰ ਸ੍ਰੀ ਸਪੀਕਰ ਨੇ ਸਰਦਾਰ ਬੀਰਦਵਿੰਦਰ ਸਿੰਘ ਨੂੰ ਕਾਲ ਅਪਾਨ ਕੀਤਾ।)

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਮੈਨੂੰ ਕਾਲ ਅਪਾਨ ਕੀਤਾ ਗਿਆ ਹੈ। ਮੈਨੂੰ ਬੋਲ ਲੈਣ ਦਿਓ। (ਵਿਘਨ) ਸਪੀਕਰ ਸਾਹਿਬ ਮੈਨੂੰ ਇਕ ਸ਼ੇਅਰ ਯਾਦ ਆਇਆ ਹੈ ਕਿ ..

"ਤੂਨੇ ਜੋ ਜਫ਼ਾ ਭੀ ਕੀ, ਕਾਇਦੇ ਸੇ ਕੀ, ਹਾਂ ਹਮੀਂ ਕਾਰ ਬੰਦੇ ਅਸੂਲੇ ਵਫ਼ਾ ਨਾ ਥੇ।"

ਸਪੀਕਰ ਸਾਹਿਬ, ਜੋ ਮਸਲਾ ਇਸ ਵੇਲੇ ਹਾਊਸ ਦੇ ਸਾਹਮਣੇ ਹੈ ਉਸ ਬਾਰੇ ਮੈਂ ਆਪਣੇ ਖਿਆਲ ਰੱਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ 3 ਮੈਂਬਰਾਂ ਦਾ ਇਸ ਕਮੇਟੀ ਦਾ ਕੋਰਮ ਹੁੰਦਾ ਹੈ ਔਰ ਕਲ੍ਹ ਇਹ ਕੋਰਮ ਪੂਰਾ ਸੀ। ਇਹ ਠੀਕ ਹੈ ਕਿ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਉਸ ਮੀਟਿੰਗ ਵਿਚ ਗ਼ੈਰ ਹਾਜ਼ਰ ਸਨ, ਉਸ ਦਾ ਕਾਰਨ ਵੀ ਇਹ ਆਪ ਦਸ ਸਕਦੇ ਹਨ। (ਵਿਘਨ) ਦਰਵਾਜ਼ੇ ਬੰਦ ਨਹੀਂ ਸਨ। ਅਸੀਂ ਵੀ ਇਨ੍ਹਾਂ ਦਰਵਾਜ਼ਿਆਂ ਤੋਂ ਹੀ ਆਏ ਹਾਂ। (ਵਿਘਨ) ਫਿਰ ਜੇ ਇਨ੍ਹਾਂ ਨੇ ਪਹਿਲੀ ਸਿਟਿੰਗ ਵਿਚ ਨਹੀਂ ਸੀ ਆਉਣਾ ਤਾਂ ਦੂਜੀ ਸਿਟਿੰਗ ਵਿਚ ਤਾਂ ਆ ਜਾਂਦੇ। ਸਪੀਕਰ ਸਾਹਿਬ, ਇਹ ਪਹਿਲੀ ਦਫ਼ਾ ਨਹੀਂ ਹੈ ਪਹਿਲਾਂ ਵੀ ਗਵਰਨਰ ਸਾਹਿਬ ਦੇ ਭਾਸ਼ਣ ਦਾ ਬਾਈਕਾਟ

[ਸਰਦਾਰ ਬੀਰਦਵਿੰਦਰ ਸਿੰਘ]

ਆਪੋਜ਼ੀਸ਼ਨ ਦੇ ਮੈਂਬਰ ਕਰਦੇ ਆਏ ਹਨ (ਵਿਘਨ) ਪਰ ਹਾਲਾਤ ਨੂੰ ਵੇਖਦੇ ਹੋਏ ਇਹ ਮਾਲੂਮ ਹੁੰਦਾ ਹੈ ਕਿ ਆਪੋਜ਼ੀਸ਼ਨ ਦੇ ਮੈਂਬਰਜ਼ ਦੀ ਡਿਸਕਸ਼ਨ ਵਿਚ ਕੋਈ ਦਿਲਚਸਪੀ ਨਹੀਂ ਹੈ। ਇਨ੍ਹਾਂ ਨੇ ਕੱਲ੍ਹ ਦਾ ਸਮਾਂ ਵੀ ਜ਼ਾਇਆ ਕੀਤਾ ਸੀ ਅਤੇ ਅੱਜ ਵੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੱਲ ਜਦੋਂ ਅਫਸੋਸ ਦਾ ਮਤਾ ਸ਼ਾਮ ਦੀ ਸਿਟਿੰਗ ਵਿਚ ਪਾਸ ਕਰਨਾ ਸੀ ਅਤੇ ਇਸ ਹਾਊਸ ਦੇ ਸਵਰਗੀ ਮੈਂਬਰ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰਨੀ ਸੀ ਉਸ ਵਕਤ ਵੀ ਇਨ੍ਹਾਂ ਨੇ ਜ਼ਰੂਰੀ ਨਹੀਂ ਸਮਝਿਆ ਜਦ ਕਿ ਖਾਲਸਾ ਜੀ ਅਤੇ ਵੈਦ ਜੀ ਵਿਧਾਨ ਸਭਾ ਦੀ ਕੰਟੀਨ ਵਿਚ ਕੁੱਕੜ ਖਾ ਰਹੇ ਸਨ। ਮੈਂ ਬੇਨਤੀ ਕਰਦਾ ਹਾਂ ਕਿ ਇਸ ਰਿਪੋਰਟ ਨੂੰ ਅਡਾਪਟ ਕਰ ਲਿਆ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਸ ਰੌਲੇ ਗੌਲੇ ਵਿਚ ਮੇਰੀ ਕਾਲ ਅਟੈਨਸ਼ਨ ਵਿਚੋਂ ਹੀ ਰਹਿ ਗਈ ਹੈ ਅਤੇ ਦੂਜੀ ਅਡਜਰਨਮੈਂਟ ਮੋਸ਼ਨ ਜਿਹੜੀ ਕਲ ਦਿੱਤੀ ਸੀ ....

ਸ੍ਰੀ ਸਪੀਕਰ : ਤੁਸੀਂ ਪਾਂਧੀ ਸਾਹਿਬ, ਬੀ.ਏ.ਸੀ. ਦੀ ਰਿਪੋਰਟ ਤੇ ਡਿਸਕਸ਼ਨ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ। ਮਨਿਸਟਰ ਸਾਹਿਬ ਮੇਰੀ ਕਾਲ ਅਟੈਨਸ਼ਨ ਨੋਟਿਸ ਦਾ ਜਵਾਬ ਦੇਣ ਲਈ ਤਿਆਰ ਸਨ। ਤੁਸੀਂ ਇਸ ਤੇ ਆਪਣਾ ਫੈਸਲਾ ਦਿਓ।

ਸਰਦਾਰ ਸੁਖਜਿੰਦਰ ਸਿੰਘ ਖੈਰਾ (ਭੁਲੱਥ):ਸਪੀਕਰ ਸਾਹਿਬ, ਇਹ ਮਾਮਲਾ ਬੜਾ ਹੀ ਸੰਜੀਦਗੀ ਦਾ ਹੈ ਔਰ ਇਸ ਮਸਲੇ ਨੂੰ ਅਨਨਸੈਸਰਲੀ ਖਤਮ ਨਾ ਕੀਤਾ ਜਾਵੇ। ਇਹ ਜਿਹੜੀ ਬੀ.ਏ. ਸੀ. ਦੀ ਰਿਪੋਰਟ ਹਾਊਸ ਵਿਚ ਪੇਸ਼ ਹੋਈ ਹੈ ਇਸ ਦੀ ਮੀਟਿੰਗ ਵਿਚ ਕੋਈ ਆਪੋਜੀਸ਼ਨ ਦਾ ਮੈਂਬਰ ਹਾਜ਼ਰ ਨਹੀਂ ਸੀ। ਸਾਨੂੰ ਹਾਲਾਤ ਨੇ ਮਜ਼ਬੂਰ ਕਰ ਦਿੱਤਾ ਸੀ ਅਤੇ ਸਾਨੂੰ ਪਹਿਲੇ ਹੀ ਅਨਾਊਂਸ ਕਰਨਾ ਪਿਆ ਸੀ ਕਿ ਅਸੀਂ ਹਾਊਸ ਵਿਚ ਹਾਜ਼ਰ ਨਹੀਂ ਹੋਵਾਂਗੇ ਅਤੇ ਬਾਈਕਾਟ ਕਰਾਂਗੇ ਇਸ ਗੱਲ ਦਾ ਸਰਕਾਰ ਨੂੰ ਅਤੇ ਤੁਹਾਨੂੰ ਵੀ ਪਤਾ ਹੈ। ਪਰ ਚੂੰਕਿ ਪੈਨਿਕ ਹੋ ਗਈ ਸੀ ਇਸ ਲਈ ਸੈਸ਼ਨ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤੁਸੀਂ ਬਾਦਲ ਸਾਹਿਬ ਨੂੰ ਕਨਵੇ ਕਰ ਸਕਦੇ ਸੀ ਕਿ ਬੀ.ਏ.ਸੀ. ਦੀ ਮੀਟਿੰਗ ਹੋਣੀ ਹੈ ਔਰ ਆਪਣੀ ਪਾਰਟੀ ਦੇ ਮੈਂਬਰ ਨੂੰ ਭੇਜ ਦੇਣਾ ਪਰ ਹੈਰਾਨਗੀ ਵਾਲੀ ਗੱਲ ਹੈ ਕਿ ਆਪੋਜ਼ੀਸਨ ਦੇ 4 ਮੈਂਬਰ ਇਥੇ ਹਾਊਸ ਵਿਚ ਹਾਜ਼ਰ ਸਨ ਉਨ੍ਹਾਂ ਨੂੰ ਹੀ ਬੁਲਾ ਲਿਆ ਜਾਂਦਾ ਅਤੇ ਉਹ ਮੀਟਿੰਗ ਵਿਚ ਹਿੱਸਾ ਲੈ ਲੈਂਦੇ। ਸਪੀਕਰ ਸਾਹਿਬ, ਬੀ. ਏ. ਸੀ. ਦੀ ਰਿਪੋਰਟ ਨੂੰ ਵਾਪਿਸ ਲੈਣਾ ਚਾਹੀਦਾ ਹੈ ਔਰ ਸ਼ਾਮ ਦੀ ਸਿਟਿੰਗ ਕੈਂਸਲ ਕਰ ਦੇਣੀ ਚਾਹੀਦੀ ਹੈ ਇਸ ਦੇ ਨਾਲ ਡੈਮੋਕਰੇਟਿਕ ਰਿਵਾਇਤਾਂ ਮਜ਼ਬੂਤ ਹੋਣਗੀਆਂ। ਜਿਹੜੀਆਂ ਆਪੋਜ਼ੀਸ਼ਨ ਦੀਆਂ ਗੱਲਾਂ ਚੰਗੀਆਂ ਹੁੰਦੀਆਂ ਹਨ-ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਤੁਸੀਂ ਮੀਟਿੰਗ ਦੁਬਾਰਾ ਬੁਲਾ ਲਵੋ ਅਤੇ ਮੀਟਿੰਗ ਵਿਚ ਏਜੰਡਾ ਅਪਰੂਵ ਕਰਵਾ ਲਵੋ। ਅਸੀਂ ਹਮੇਸ਼ਾਂ ਸਰਕਾਰ ਦੇ ਨਾਲ ਰਹੇ ਹਾਂ, ਐਸੀ ਕੋਈ ਗੱਲ ਨਹੀਂ ਹੈ। ਇਹ ਸਰਕਾਰ ਤਾਂ 2-4 ਵੋਟਾਂ ਦੇ ਬਲ-ਬੋਤੇ ਤੇ ਚਲ ਰਹੀ ਹੈ। ਤੁਸੀਂ ਇਸ ਰਿਪੋਰਟ ਨੂੰ ਵਾਪਿਸ ਲੈ ਲਵੋ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ.ਸੀ.): ਸਪੀਕਰ ਸਾਹਿਬ, ਮੈਂ ਇਕ ਪੁਰਾਣਾ ਇਸ ਹਾਊਸ ਦਾ ਮੈਂਬਰ ਹਾਂ । ਇਹ ਪਹਿਲੀ ਦਫਾ ਹੈ ਕਿ ਬੀ.ਏ.ਸੀ. ਦੀ ਮੀਟਿੰਗ ਵਿਚ ਆਪੋਜ਼ੀਸ਼ਨ ਦੇ ਕਿਸੇ ਮੈਂਬਰ ਨੂੰ ਨਾ ਲਿਆ ਗਿਆ ਹੋਵੇ ਅਤੇ ਸਰਕਾਰ ਦੇ ਹੀ ਮੈਂਬਰ ਹੋਣ। ਇਕ ਪਾਸੇ ਸਰਕਾਰ ਡੈਮੋਕਰੇਸੀ ਦੀ ਦੁਹਾਈ ਦਿੰਦੀ ਹੈ ਅਤੇ ਦੂਜੇ ਪਾਸੇ ਡੈਮੋਕਰੇਸੀ ਦਾ ਗਲਾ ਘੁੱਟ ਰਹੀ ਹੈ । ਕੱਲ ਜਿਹੜਾ ਡੀਮਾਨਸਟ੍ਰੇਸ਼ਨ ਬੜਾ ਪੀਸਫੁਲ ਸੀ ਪਰ ਸਰਕਾਰ ਨੇ ਉਸ ਨੂੰ ਵਾਈਲੈਂਟ ਕਰਾਰ ਦੇ ਦਿੱਤਾ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੇਰੇ ਗਰੁੱਪ ਦੇ 4 ਮੈਂਬਰ ਇਥੇ ਹਾਊਸ ਵਿਚ ਹਾਜ਼ਰ ਸਨ ਅਗਰ ਸਰਕਾਰ ਇਮਾਨਦਾਰ ਸੀ ਤਾਂ ਇਹ ਸਾਨੂੰ ਕਿਸੇ ਨੂੰ ਬੀ.ਏ.ਸੀ. ਦੀ ਮੀਟਿੰਗ ਵਿਚ ਸੱਦਾ ਦੇ ਸਕਦੀ ਸੀ । ਸਪੀਕਰ ਸਾਹਿਬ, ਤੁਹਾਡੇ ਕੋਲ ਪਾਵਰ ਹੈ ਕਿ ਤੁਸੀਂ ਕਿਸੇ ਮੈਂਬਰ ਨੂੰ ਮੀਟਿੰਗ ਵਿਚ ਬੁਲਾ ਸਕਦੇ ਹੋ । ਦੂਸਰੀ ਗੱਲ ਇਹ ਕਿ ਕੱਲ ਇਥੇ ਕੋਈ ਕੁਐਸਚਨ ਆਵਰ ਨਹੀਂ ਸੀ । ਕੁਐਸਚਨ ਆਵਰ ਇਕ ਬਹੁਤ ਜ਼ਰੂਰੀ ਆਈਟਮ ਹੁੰਦੀ ਹੈ ਜਿਸ ਦੇ ਨਾਲ ਮੈਂਬਰਜ਼ ਸਰਕਾਰ ਤੋਂ ਇਨਫਰਮੇਸ਼ਨ ਲੈਂਦੇ ਹਨ ਜਿਹੜੀ ਮੈਂਬਰਾਂ ਨੂੰ ਸਕੱਤਰੇਤ ਤੋਂ ਨਹੀਂ ਮਿਲਦੀ । ਸਪੀਕਰ ਸਾਹਿਬ, ਆਪੋਜ਼ੀਸ਼ਨ ਨੂੰ ਤੁਹਾਡੀ ਪ੍ਰੋਟੈਕਸ਼ਨ ਦੀ ਲੋੜ ਹੈ । ਪਰ ਇਹ ਸਰਕਾਰ ਡੈਮੋਕਰੇਸੀ ਦਾ ਗਲਾ ਘੁੱਟ ਰਹੀ ਹੈ । ਤੁਸੀਂ ਸ਼ਾਮ ਦੀ ਸੀਟਿੰਗ ਖਤਮ ਕਰ ਦੇਵੋ ਤਾਂ ਕਿ ਮੈਂਬਰ ਸਾਹਿਬਾਨ ਗਵਰਨਰ ਐਡਰੈਸ ਨੂੰ ਚੰਗੀ ਤਰ੍ਹਾਂ ਘੋਖ ਲੈਣ ਅਤੇ ਸਵੇਰੇ ਬਹਿਸ ਲਈ ਤਿਆਰ ਹੋ ਕੇ ਹਾਊਸ ਵਿਚ ਆ ਸਕਣ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.): ਸਪੀਕਰ ਸਾਹਿਬ, ਇਹ ਜਿਹੜੀ ਬੀ.ਏ.ਸੀ. ਦੀ ਰਿਪੋਰਟ ਹਾਊਸ ਵਿਚ ਪੇਸ਼ ਹੋਈ ਹੈ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਨਾਲ ਡੈਮੋਕਰੇਟਿਕ ਸੈਟ-ਅਪ ਕਮਜ਼ੋਰ ਹੋਵੇਗਾ । ਆਪੋਜ਼ੀਸ਼ਨ ਦੇ ਮੈਂਬਰ ਸਰਕਾਰ ਦੀਆਂ ਜਿਹੜੀਆਂ ਗਲਤੀਆਂ ਹਨ ਉਨ੍ਹਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ । ਅਗਰ ਤੁਸੀਂ ਆਪੋਜ਼ੀਸ਼ਨ ਨੂੰ ਕਰਬ ਕਰੋਗੇ ਫਿਰ ਡਿਕਟੇਟਰਸ਼ਿਪ ਸ਼ਕਤੀਆਂ ਨੂੰ ਹਵਾ ਮਿਲੇਗੀ । ਕੱਲ ਸ਼ਾਮ ਦੀ ਸਿਟਿੰਗ ਪਹਿਲੇ 2 ਵਜੇ ਰੱਖ ਲਈ ਅਤੇ ਫਿਰ 5 ਵਜੇ ਰੱਖ ਲਈ ਜਦ ਕਿ ਦੂਜੀ ਸਿਟਿੰਗ 6-30 ਵਜੇ ਖਤਮ ਹੁੰਦੀ ਹੈ । ਤੁਸੀਂ ਤਾਂ ਕਲ੍ਹ ਵਿਛੜੇ ਹੋਏ ਨੇਤਾਵਾਂ ਦਾ ਅਪਮਾਨ ਕੀਤਾ ਹੈ । ਤੁਹਾਨੂੰ ਬੀ. ਏ. ਸੀ. ਦੀ ਮੀਟਿੰਗ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਨਾਲ ਲੈ ਕੇ ਕਰਨੀ ਚਾਹੀਦੀ ਸੀ ਪਰ ਤੁਸੀਂ ਤਾਂ ਡੈਮੋਕਰੇਸੀ ਦਾ ਗਲਾ ਘੁੱਟ ਰਹੇ ਹੋ । ਪਿਛੇ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਪੰਜਾਬ ਵਿਚ ਆਈ ਤਾਂ ਕਾਂਗਰਸੀ ਟਰੱਕਾਂ ਅਤੇ ਟਰਾਲੀਆਂ ਭਰ ਕੇ ਲੋਕਾਂ ਨੂੰ ਲੈ ਕੇ ਗਏ ਸਨ ਪਰ ਜਦ ਅਸੀਂ ਲੋਕਾਂ ਨੂੰ ਚੰਡੀਗੜ੍ਹ ਲਿਆਉਣਾ ਚਾਹੁੰਦੇ ਸੀ ਤਾਂ ਇਨ੍ਹਾਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਨੂੰ ਟਰੱਕਾਂ, ਟਰਾਲੀਆਂ ਵਿਚ ਨਹੀਂ ਆਉਣ ਦਿੱਤਾ । ਇਹ ਡਿਕਟੇਟਰਸ਼ਿਪ ਦੇ ਕਦਮ ਹਨ । ਉਹ ਇਥੇ ਆਪਣੀਆਂ ਮੁਸ਼ਕਲਾਂ ਸਰਕਾਰ ਦੇ ਅੱਗੇ ਰੱਖਣ ਆਏ ਸਨ । ਤੁਸੀਂ ਬੱਸਾਂ ਦਾ ਕਿਰਾਇਆ 43% ਵਧਾ ਦਿੱਤਾ । (ਵਿਘਨ)

ਸਪੀਕਰ ਸਾਹਿਬ, ਇਸ ਕਰਕੇ ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਡਬਲ ਸਿਟਿੰਗਜ਼ ਨੂੰ ਮੁਲਤਵੀ ਕਰਨ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਬੁਲਾ ਕੇ ਦੋਬਾਰਾ ਗੱਲ ਕਰਨ । ਇਸ ਤਰ੍ਹਾਂ ਡਬਲ ਸਿਟਿੰਗ ਕਰਨ ਨਾਲ ਕੁਐਸਚਨਜ਼ ਆਵਰ ਅਲੋਪ ਹੋ ਗਿਆ ਹੈ । ਇਹ ਰਿਵਾਇਤ ਨਹੀਂ ਪਾਉਣੀ ਚਾਹੀਦੀ । (ਵਿਘਨ) (ਸ਼ੋਰ) ਇਹ ਕਾਂਗਰਸੀ ਮੈਂਬਰ ਛਾਲਾਂ ਮਾਰਦੇ ਹਨ ਕਿ ਅਸੀਂ ਵਜ਼ੀਰ ਬਣਨਾ ਹੈ ਪਰ ਤੁਹਾਨੂੰ ਵਜ਼ੀਰ ਕਿਸੇ ਨੇ ਨਹੀਂ ਬਣਾਉਣਾ ।

[ਮਾਸਟਰ ਚੰਦ ਸਿੰਘ]

ਮਜ਼ਦੂਰਾਂ, ਕਿਸਾਨਾਂ ਅਤੇ ਗਰੀਬ ਲੋਕਾਂ ਦੇ ਮਸਲੇ ਇਥੇ ਹਾਊਸ ਵਿਚ ਡਿਸਕਸ ਕਰਨੇ ਹਨ ਅਤੇ ਮੈਂ ਇਸ ਲਈ ਕਹਾਂਗਾ ਕਿ ਦੁਪਹਿਰ ਤੋਂ ਬਾਅਦ ਦੀ ਸੀਟਿੰਗ ਨੂੰ ਮੁਲਤਵੀ ਕਰਨ ਅਤੇ ਸੈਸ਼ਨ ਘੱਟੋ-ਘੱਟ 5 ਹਫਤੇ ਚੱਲਣਾ ਚਾਹੀਦਾ ਹੈ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਸਾਰੀ ਓਪੀਨੀਅਨ ਲੈ ਲਈ ਹੈ । ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਦੇ ਸੈਂਟੀਮੈਂਟਸ ਵੀ ਸਰਕਾਰ ਕੋਲ ਪਹੁੰਚ ਗਏ ਹਨ । ਇਸ ਲਈ ਹੁਣ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣ । (ਵਿਘਨ) (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ੍ਰੀ ਸਪੀਕਰ ਨੇ ਵਿੱਤ ਮੰਤਰੀ ਨੂੰ ਬੋਲਣ ਲਈ ਕਿਹਾ ।)

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਪਰਗਟ ਕੀਤੇ ਹਨ ਕਿ ਸਾਨੂੰ ਸੈਸ਼ਨ ਵਿਚ ਵੱਧ ਤੋਂ ਵੱਧ ਆਪਣੇ ਵਿਚਾਰ ਪਰਗਟ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ ਔਰ ਡਬਲ ਸਿਟਿੰਗ ਨਹੀਂ ਹੋਣੀ ਚਾਹੀਦੀ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਜੋ ਪਾਸ ਕੀਤਾ ਹੈ ਅਤੇ ਹਾਊਸ ਵਿਚ ਆਇਆ ਹੈ, ਉਸ ਦੇ ਬਾਰੇ ਮੈਂ ਦੋ ਤਿੰਨ ਗਲਾਂ ਕਹਿਣੀਆਂ ਚਾਹੁੰਦਾ ਹਾਂ । ਪਹਿਲੀ ਅਰਜ਼ ਇਹ ਕਰਨੀ ਚਾਹਵਾਂਗਾ ਕਿ ਸੈਸ਼ਨ ਦੇ ਪ੍ਰੋਗਰਾਮ ਵਿਚ ਵਕਤ ਬਿਲਕੁਲ ਘਟਾਇਆ ਨਹੀਂ ਗਿਆ । ਦੋ ਵਾਰ ਡਬਲ ਸਿਟਿੰਗ ਜ਼ਰੂਰ ਕੀਤੀ ਗਈ ਹੈ । ਇਹ ਕੋਈ ਨਵੀਂ ਗੱਲ ਨਹੀਂ ਹੈ । ਪਿੱਛੇ ਵੀ ਇਸ ਤਰ੍ਹਾਂ ਹੁੰਦਾ ਆਇਆ ਹੈ । ਪਿੱਛੇ ਵੀ ਬਹੁਤ ਵਾਰ ਡਬਲ ਸੀਟਿੰਗਜ਼ ਹੋਈਆਂ ਹਨ । ਇਹ ਨਹੀਂ ਕਿਹਾ ਜਾ ਸਕਦਾ ਕਿ ਡਬਲ ਸਿਟਿੰਗ ਕਦੇ ਨਹੀਂ ਹੋਈ । (ਵਿਘਨ) (ਸ਼ੋਰ)

ਸਰਦਾਰ ਰਵੀ ਇੰਦਰ ਸਿੰਘ : ਪਿੱਛੇ ਗਵਰਨਰ ਐਡਰੈਸ ਤੇ ਪੰਜ ਦਿਨ ਦੀ ਬਹਿਸ ਹੁੰਦੀ ਸੀ ਪਰ ਹੁਣ ਤਿੰਨ ਦਿਨ ਦੀ ਹੀ ਰੱਖੀ ਗਈ ਹੈ ।

ਵਿੱਤ ਮੰਤਰੀ : ਸਪੀਕਰ ਸਾਹਿਬ, ਦੂਸਰੀ ਅਰਜ਼ ਮੈਂ ਇਹ ਕਰਨੀ ਚਾਹਵਾਂਗਾ ਕਿ ਪੰਜਾਬ ਦੀ ਅਸੰਬਲੀ ਦੀ ਸਵੇਰ ਦੀ ਸਿਟਿੰਗ 9-00 ਵਜੇ ਤੋਂ 1-30 ਵਜੇ ਤਕ ਅਤੇ ਫਿਰ ਸ਼ਾਮ ਦੀ ਸਿਟਿੰਗ 2-00 ਵਜੇ ਤੋਂ ਸ਼ਾਮ ਦੇ 6-00 ਜਾਂ 6-30 ਵਜੇ ਤਕ ਚਲਦੀ ਰਹੀ ਹੈ । ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਵਿਚ ਸਵੇਰੇ 11-00 ਵਜੇ ਤੋਂ ਸ਼ਾਮ ਦੇ 6-00 ਵਜੇ ਤਕ ਪਾਰਟੀਸਿਪੇਟ ਕਰਦੇ ਹਨ । ਪਾਰਲੀਮੈਂਟ ਵਿਚ ਉਥੇ ਤਿੰਨ ਤਿੰਨ ਮਹੀਨੇ ਸੈਸ਼ਨ ਚਲਦਾ ਰਹਿੰਦਾ ਹੈ । (ਵਿਘਨ) (ਸ਼ੋਰ)

Sardar Prem Singh Lalpura : On a point of order......

Mr. Speaker : No interruptions please. The Minister is in possession of the House.

Sardar Ravi Inder Singh : I am sorry. The Minister is not in possession of the House. Member is in possession of the House. You have made a wrong statement. You must correct. I am sorry, Sir, I am on a Point of Order......*(Interruption)*

ਵਿੱਤ ਮੰਤਰੀ : ਸਪੀਕਰ ਸਾਹਿਬ, ਕੱਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਜੋ ਫੈਸਲਾ ਹੋਇਆ ਹੈ, ਉਹ ਯੂਨਾਨੀਮਸਲੀ ਫੈਸਲਾ ਹੋਇਆ ਹੈ । ਮੈਂ ਅਰਜ਼ ਕਰਾਂਗਾ ਕਿ ਇਹ ਜਿਹੜਾ ਕਿਹਾ ਗਿਆ ਹੈ ਕਿ ਕੁਐਸਚਨ ਆਵਰ ਖਤਮ ਕਰਕੇ ਮੈਂਬਰਾਂ ਦੇ ਹੱਕਾਂ ਤੇ ਛਾਪਾ ਮਾਰਿਆ ਗਿਆ ਹੈ, ਇਹੋ ਜਿਹੀ ਕੋਈ ਗੱਲ ਨਹੀਂ ਹੈ । ਸ਼ਾਮ ਦੀ ਸਿਟਿੰਗ ਵਿਚ ਕੁਐਸਚਨਜ਼ ਦਾ ਜਵਾਬ ਆਉਣਾ ਨਾਮੁਮਕਿਨ ਹੈ । ਇਸ ਕਰਕੇ ਕੁਐਸਚਨ ਆਵਰ ਰਖਿਆ ਨਹੀਂ ਜਾ ਸਕਦਾ ਸੀ । (ਵਿਘਨ) (ਸ਼ੋਰ) ਦੂਸਰਾ ਜੋ 23 ਤਾਰੀਖ ਦੇ ਕੁਐਸਚਨਜ਼ ਹਨ, ਉਹ ਬਕਾਇਦਾ ਕੱਲ ਨੂੰ ਹਾਊਸ ਵਿਚ ਆਉਣੇ ਹਨ । ਗੌਰਮਿੰਟ ਵਲੋਂ ਉਨ੍ਹਾਂ ਦਾ ਜਵਾਬ ਆਵੇਗਾ । ਇਸ ਲਈ ਮੈਂਬਰ ਸਾਹਿਬਾਨ ਦੇ ਹੱਕ ਤੇ ਛਾਪਾ ਮਾਰਨ ਵਾਲੀ ਕੋਈ ਗੱਲ ਨਹੀਂ ਹੈ । (ਵਿਘਨ) (ਸ਼ੋਰ)

Sardar Ravi Inder Singh : You have said that the Minister is in possession of the House. He is not in possession of the House. ਐਮਰਜੈਂਸੀ ਨਹੀਂ ਹੈ । ਕਮਾਲ ਹੋ ਗਈ ਹੈ । ਪੁਆਇੰਟ ਆਫ ਆਰਡਰ, ਸਰ । (ਵਿਘਨ) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਲੇਕਿਨ ਕੱਲ ਜੋ ਵਾਕਿਆ ਹੋਇਆ ਹੈ ਕਿ ਆਨਰੇਬਲ ਮੈਂਬਰਜ਼ ਦਾ ਘੇਰਾਓ ਕੀਤਾ ਗਿਆ, ਇਹ ਪੰਜਾਬ ਦੀ ਹਿਸਟਰੀ ਵਿਚ ਕਿਤੇ ਨਹੀਂ ਹੋਇਆ । ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਚਾਹੀਦਾ ਹੈ ਕਿ ਉਹ ਅਸੈਂਬਲੀ ਵਿਚ ਆਕੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਪਾਰਟੀਸਿਪੇਟ ਕਰਨ । (ਵਿਘਨ) ਕੱਲ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਐਡਰੈਸ ਕਰਨਾ ਸੀ, ਸਾਹਮਣੇ ਬੈਠੇ ਭਰਾਵਾਂ ਨੂੰ ਗਵਰਨਰ ਸਾਹਿਬ ਦਾ ਐਡਰੈਸ ਸੁਣਨ ਵਾਸਤੇ ਆਉਣਾ ਚਾਹੀਦਾ ਸੀ ਪਰ ਜੋ ਕੁਝ ਇਨ੍ਹਾਂ ਆਪੋਜ਼ੀਸ਼ਨ ਦੇ ਭਰਾਵਾਂ ਨੇ ਕੱਲ ਕੀਤਾ, ਉਹ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਨੂੰ ਕੈਬਨਿਟ ਮਨਿਸਟਰ ਦਾ ਦਰਜਾ ਮਿਲਿਆ ਹੋਇਆ ਹੈ ਪਰ ਇਨ੍ਹਾਂ ਨੇ ਉਨ੍ਹਾਂ ਦੀ ਰਹਿਨੁਮਾਈ ਕੀਤੀ । ਅਸੈਂਬਲੀ ਦੇ ਮੈਂਬਰਾਂ ਦਾ ਘਰਾਓ ਕੀਤਾ ਗਿਆ (ਸ਼ੇਮ, ਸ਼ੇਮ) ਅਤੇ ਕੋਸ਼ਿਸ਼ ਕੀਤੀ ਕਿ ਮੈਂਬਰ ਸਾਹਿਬਾਨ ਅਸੰਬਲੀ ਵਿਚ ਨਾ ਪਹੁੰਚ ਸਕਣ । ਇਹ ਪੰਜਾਬ ਦੇ ਇਤਿਹਾਸ ਵਿਚ ਅਨੋਖੀ ਗੱਲ ਹੋਈ ਹੈ । ਇਹ ਚੀਜ਼ ਕਾਲੇ ਅੱਖਰਾਂ ਦੇ ਨਾਲ ਲਿਖੀ ਜਾਵੇਗੀ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਪੰਜਾਬ ਸਰਕਾਰ ਪੂਰਾ ਬਜਟ ਪੇਸ਼ ਕਰੇਗੀ ਅਤੇ ਪੂਰਾ ਵਕਤ ਦੇਵੇਗੀ । ਦੋ ਦਫਾ ਡਬਲ ਸਿਟਿੰਗ ਹੋਈ ਹੈ । ਉਸ ਤੋਂ ਬਾਅਦ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਜੋ ਫੈਸਲਾ ਕਰੇਗੀ, ਉਸ ਦੇ ਮੁਤਾਬਿਕ ਕਾਰਵਾਈ ਚਲੇਗੀ । ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਜੋ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਫੈਸਲਾ ਹੈ, ਉਹ ਪਾਸ ਹੋਣਾ ਚਾਹੀਦਾ ਹੈ ਅਤੇ ਉਸ ਦੇ ਮੁਤਾਬਿਕ ਹੀ ਕੁਐਸਚਨ ਪੁੱਟ ਹੋਣਾ ਚਾਹੀਦਾ ਹੈ । (ਵਿਘਨ) (ਸ਼ੋਰ)

WALK-OUT

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**Expunged as ordered by the Chair.

ਸਰਦਾਰ ਪ੍ਰੇਮ ਸਿੰਘ ਲਾਲਪੁਰਾ : ਅਸੀਂ ਇਸ ਦੇ ਵਿਰੁਧ ਵਾਕ-ਵਾਊਟ ਕਰਦੇ ਹਾਂ ।

[ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਟੀ) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ ।]

FIRST REPORT OF THE BUSINESS ADVISORY COMMITTEE (*Resumption*)

ਸਰਦਾਰ ਰਵੀ ਇੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਐਨੀ ਜ਼ਿਆਦਾ ਟੈਨਸ਼ਨ ਹਾਊਸ ਵਿਚ ਹੈ ਇਹ as a repercussion of the mass uprising of yesterday ਹੈ । ਇਹ ਹਾਊਸ ਡੇਮੋਕ੍ਰੇਟਿਕ ਇਨਸਟੀਚਿਊਸ਼ਨ ਦਾ ਨੀਂਹ ਪੱਥਰ ਹੈ ।

You have said that the Minister is in possession of the House. The Minister cannot be in possession of the House. The Members are in possession of House, the people of Punjab are in possession of the House to whom this House has been dedicated. Neither you nor any Minister can be in possession of the House in an individual capacity. So I would request that it must be corrected.

Mr. Speaker : The matter has sufficiently been discussed. Now I put the question.

Mr. Speaker : Question is—

> That this House agrees with the recommendations contained in the First Report of the Business Advisory Committee.

The motion was carried.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੋ ਆਪੋਜ਼ੀਸ਼ਨ ਦੀ ਤਰਫੋਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਸਬੰਧੀ ਸੈਂਟੀਮੈਂਟਸ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਕੁਝ ਹੋਰ ਜੋ ਹਾਊਸ ਦੀਆਂ ਟਰੈਡੀਸ਼ਨਜ਼ ਹਨ, ਉਨ੍ਹਾਂ ਨੂੰ ਕਾਇਮ ਰਖਣ ਦੀ ਖਾਤਰ, ਬਜਟ ਸੈਸ਼ਨ ਚੰਗੀ ਤਰ੍ਹਾਂ ਚਲਾਉਣ ਦੀ ਖਾਤਰ, ਮੈਂ ਲੀਡਰ ਆਫ ਦੀ ਹਾਊਸ ਨੂੰ ਅਰਜ਼ ਕਰਾਂਗਾ ਕਿ ਹਾਊਸ ਨੂੰ ਐਡਜਰਨ ਕਰ ਦਿੱਤਾ ਜਾਏ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ ਜਾਏ ਅਤੇ ਫਿਰ ਫੈਸਲਾ ਕੀਤਾ ਜਾਏ । ਇਸ ਮਾਮਲੇ ਨੂੰ ਹੋਰ ਨਾ ਵਧਾਇਆ ਜਾਏ । ਇਹ ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਪੇਸ਼ ਹੋਈ ਹੈ, ਇਸ ਨੂੰ ਪਾਸ ਨਾ ਕੀਤਾ ਜਾਏ ।

ਸ੍ਰੀ ਸਪੀਕਰ : ਅਗਲਾ ਆਈਟਮ ਨਾਨ-ਆਫੀਸ਼ਿਅਲ ਰੈਜ਼ੋਲਿਊਸ਼ਨ ਹੈ...... (ਵਿਘਨ)

ਕਾਮਰੇਡ ਰਾਜ ਕੁਮਾਰ : ਇਹ ਇਲ-ਲੀਗਲ ਪ੍ਰੋਸੀਜਰ ਹੈ ਔਰ ਇਸ ਤਰ੍ਹਾਂ ਨਾਲ ਪਰੋਸੀਡ ਨਹੀਂ ਕਰਨਾ ਚਾਹੀਦਾ । ਸਪੀਕਰ ਸਾਹਿਬ, ਇਹ ਬਹੁਤ ਗਲਤ ਤਰੀਕੇ ਨਾਲ ਕੰਮ ਹੋ ਰਿਹਾ ਹੈ । (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ । ਮੈਂ ਤੁਹਾਡੇ ਰਾਹੀਂ ਵੀ ਬੇਨਤੀ ਕੀਤੀ ਸੀ ਔਰ ਸੀ.ਐਮ. ਸਾਹਿਬ ਨੂੰ ਮੈਸੰਜਰ ਰਾਹੀਂ ਵੀ ਬੇਨਤੀ ਕੀਤੀ ਸੀ । ਜੇ ਇਹ ਇਸ ਤਰ੍ਹਾਂ ਨਾਲ ਸੈਸ਼ਨ ਦੀ ਕਾਰਵਾਈ ਚਲਾਉਣਾ ਚਾਹੁਦੇ ਹਨ ਤਾਂ ਇਹ ਚਲ ਨਹੀਂ ਸਕਦੀ (ਵਿਘਨ) ਜੇ ਇਹ ਚਾਹੁੰਦੇ ਹਨ ਕਿ ਮੈਂਬਰਾਂ ਨੂੰ ਪੂਰਾ ਟਾਈਮ ਮਿਲੇ, ਪੀਸਫੁਲ ਡਿਸਕਸ਼ਨ ਹੋਏ ਔਰ ਕੰਸਟ੍ਰਕਟਿਵ ਡਿਸਕਸ਼ਨ ਹੋਏ, ਇਹ ਤਾਂ ਹੀ ਹੋ ਸਕਦਾ ਹੈ ਜੇਕਰ ਆਪੋਜ਼ੀਸ਼ਨ ਨੂੰ ਇਹ ਕਾਨਫੀਡੈਂਸ ਵਿਚ ਲੈਣ ਔਰ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੇ ਧਿਆਨ ਵਿਚ ਰਖਣ । ਪਰ ਜਿਸ ਤਰ੍ਹਾਂ ਨਾਲ ਗੱਲ ਹੋ ਰਹੀ ਹੈ ਇਹ ਚਾਰ ਪੰਜ ਮੈਂਬਰਾਂ ਦੇ ਵਾਧੇ ਨਾਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਨੂੰ ਪਾਸ ਕਰਾਉਣਾ ਚਾਹੁੰਦੇ ਹਨ ਤਾਂ ਫਿਰ ਇਕੋ ਹੀ ਤਰੀਕਾ ਰਹਿ ਜਾਂਦਾ ਹੈ ਕਿ ਡੈਮੋਕ੍ਰੈਟਿਕ ਵੇਜ਼ ਨੂੰ ਖਤਮ ਕੀਤਾ ਜਾਏ (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਤੋਂ ਬਾਅਦ ਜੋ ਇਹ ਤੁਹਾਡੇ ਵੱਲੋਂ ਜ਼ਿਆਦਤੀ ਕੀਤੀ ਜਾ ਰਹੀ ਹੈ, ਇਸ ਨਾਲ ਇਥੇ ਡੈਮੋਕ੍ਰੇਸੀ ਨਹੀਂ ਰਹੀ ਹੈ । (ਵਿਘਨ) ਸਰਦਾਰ ਦਰਬਾਰਾ ਸਿੰਘ ਨੇ ਕਿਹਾ ਸੀ ਕਿ ਮੈਂ ਤੁਹਾਨੂੰ ਜਾਣਦਾ ਹਾਂ ਅਤੇ ਤੁਹਾਨੂੰ ਵੇਖ ਲਵਾਂਗਾ । ਕੱਲ ਵੀ ਇਨ੍ਹਾਂ ਨੇ ਸਾਨੂੰ ਵੇਖ ਲਿਆ ਹੈ । ਮੀਸਾ ਲਗਾਕੇ ਇਥੇ ਸੈਸ਼ਨ ਹੋ ਸਕਦਾ ਹੈ ਅਤੇ ਉਂਝ ਨਹੀਂ ਹੋ ਸਕਦਾ । (ਵਿਘਨ)

Chief Minister: Sir, I would like to make a statement. I would tell you that no threat can be accepted like this.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਅਸੀਂ ਹਾਊਸ ਚਲਾਉਣਾ ਚਾਹੁੰਦੇ ਹਾਂ (ਵਿਘਨ) ਲੀਡਰ ਆਫ ਦੀ ਹਾਊਸ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ ਜਾਏ ਅਤੇ ਅੱਜ ਹੋਰ ਕੋਈ ਸੈਸ਼ਨ ਨਾ ਹੋਵੇ । ਕੱਲ ਨੂੰ ਸਮੂਥਲੀ ਸਾਰਾ ਕੰਮ ਚੱਲੇ, ਇਹ ਮੰਨ ਲੈਣ । ਜੇ ਇਨ੍ਹਾਂ ਨੇ ਇਹ ਗੱਲ ਨਹੀਂ ਮੰਨਣੀ ਤਾਂ ਫਿਰ ਇਨ੍ਹਾਂ ਦੀ ਮਰਜ਼ੀ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਕੁੱਝ ਕਹਿਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਮੈਨੂੰ ਸੁਨੇਹਾ ਭੇਜਿਆ ਸੀ। ਮੈਂ ਕਿਹਾ ਕਿ ਇਸ ਤੋਂ ਬਾਅਦ ਗੱਲ ਹੋਵੇਗੀ ਅਤੇ ਹੁਣ ਇਸ ਵੇਲੇ ਕੋਈ ਗੱਲ ਨਹੀਂ ਹੋ ਸਕਦੀ । ਇਨ੍ਹਾਂ ਨੇ ਇਸ ਨੂੰ ਤਰੋੜ ਮਰੋੜ ਕੇ ਪੇਸ਼ ਕਰ ਦਿੱਤਾ ਹੈ । ਇਥੇ ਇਨ੍ਹਾਂ ਨੇ ਇਸ ਤੇ ਵੋਟਿੰਗ ਵੀ ਨਹੀਂ ਮੰਗੀ ਜਦੋਂ ਇਹ ਪੇਸ਼ ਹੋਈ ਸੀ। (ਕੁਝ ਆਵਾਜ਼ਾਂ : ਅਸੀਂ ਵੋਟਿੰਗ ਮੰਗੀ ਹੈ ।) 14 ਤਾਰੀਖ ਨੂੰ ਮਿਲਣ ਤੋਂ ਬਾਅਦ ਮੈਂ ਕਿਹਾ ਕਿ ਇਹ ਇਨਫਰਮੇਸ਼ਨ ਦਿਓ ਤਾਂ ਫਿਰ ਮੈਂ ਤੁਹਾਡੇ ਜਵਾਬ ਦਿਆਂਗਾ । ਗੌਰਮਿੰਟ ਹਮੇਸ਼ਾਂ ਚਾਹੁੰਦੀ ਹੈ ਕਿ ਆਪੋਜ਼ੀਸ਼ਨ ਦੇ ਬੰਦੇ ਆਕੇ ਸਾਡੇ ਨਾਲ ਗੱਲ ਕਰ ਲੈਣ । ਅਸੀਂ ਆਪਣੇ ਦਰਵਾਜ਼ੇ ਬੰਦ ਨਹੀਂ ਕੀਤੇ (ਵਿਘਨ) ਮੇਰੀ ਅਰਜ਼ ਹੈ ਕਿ ਜਦੋਂ ਇਹ ਚਾਹੁੰਣ ਔਰ ਜਿਥੇ ਚਾਹੁੰਣ ਜਦੋਂ ਇਨ੍ਹਾਂ ਨੂੰ ਕਨਵੀਨੀਐਂਟ ਹੋਵੇ ਇਹ ਸਾਡੇ ਨਾਲ ਗੱਲ ਕਰ ਲੈਣ । ਕਾਮਰੇਡ ਰਾਜ ਕੁਮਾਰ ਨੇ ਮੈਨੂੰ ਖਤ ਲਿਖਿਆ, ਮੈਂ ਉਸ ਦਾ ਜਵਾਬ ਦੇ ਦਿੱਤਾ ਸੀ । ਇਸ ਤੋਂ ਬਾਅਦ ਲਿਖਤੀ ਰੂਪ ਵਿਚ ਅਤੇ ਜ਼ਬਾਨੀ ਵੀ ਇਨ੍ਹਾਂ ਨੂੰ ਕਿਹਾ ਹੈ । ਮੈਂ ਕਦੇ ਵੀ ਇਹ ਨਹੀਂ ਕਿਹਾ ਕਿ ਅਸੀਂ ਤੁਹਾਡੇ ਨਾਲ ਗੱਲ ਬਾਤ ਕਰਨ ਨੂੰ ਤਿਆਰ ਨਹੀਂ ਹਾਂ । ਹੁਣ ਵੀ ਇਥੇ ਇਨ੍ਹਾਂ ਵਲੋਂ ਤਰੋੜ ਮਰੋੜ ਕੇ ਕਿਹਾ ਜਾਂਦਾ ਹੈ । ਮੈਂ ਨਹੀਂ ਕਹਿਣਾ ਚਾਹੁੰਦਾ ਕਿ ਕੱਲ ਤੁਸੀਂ ਕੀ ਕੀਤਾ । ਚੀਫ ਕਮਿਸ਼ਨਰ, ਸਰਾਓ ਨੇ ਸਟੇਟਮੈਂਟ ਦਿੱਤੀ ਹੈ ਜੋ ਇਨ੍ਹਾਂ ਦੀ ਆਪਸ ਵਿਚ ਗੱਲ ਬਾਤ ਹੋਈ ਸੀ (ਵਿਘਨ)

Sardar Ravi Inder Singh : On a point of order, Sir. He is misleading the House. It must be withdrawn.

Chief Minister : You are wrong. I am only referring to the statement of the Chief Commissioner. I am not making any statement.

Sardar Ravi Inder Singh : It is absolutely wrong. I cannot accept it.

Chief Minister : You are telling a lie.

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਹਾਊਸ ਨੂੰ ਠੀਕ ਤਰੀਕੇ ਨਾਲ ਚਲਾਉਣਾ ਤੁਹਾਡੀ ਜ਼ਿਮੇਵਾਰੀ ਹੈ, ਇਸ ਲਈ ਜੇ ਤੁਸੀਂ ਮੌਕਾ ਨਹੀਂ ਸੰਭਾਲੋਗੇ ਤਾਂ ਫਿਰ ਇਹ ਤੁਹਾਡੀ ਜ਼ਿਮੇਵਾਰੀ ਹੋਵੇਗੀ । (ਵਿਘਨ) ਸੀ.ਐਮ. ਸਾਹਿਬ, ਗੈਰ-ਜ਼ਿਮੇਵਾਰੀ ਦਾ ਸਬੂਤ ਦੇ ਰਹੇ ਹਨ । ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

Chief Minister : I am not saying anything against the Chief Commissioner. I am only referring to his statement. I am not saying anything against him. I am only stating the facts.

ਸਰਦਾਰ ਰਵੀ ਇੰਦਰ ਸਿੰਘ : ਸੀ.ਐਮ. ਸਾਹਿਬ ਗੈਰ-ਜ਼ਿਮੇਂਵਾਰੀ ਦਾ ਸਬੂਤ ਦੇ ਰਹੇ ਹਨ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਪੁਲਿਸ ਨੇ ਪੰਜਾਬ ਤੋਂ ਬੰਦੇ ਨਹੀਂ ਆਉਣ ਦਿਤੇ ਲੇਕਿਨ ਫਿਰ ਵੀ ਲੋਕ ਆ ਗਏ । (ਵਿਘਨ) ਇਹ ਆਪਣੀ ਕਰਤੂਤ ਦੱਸਣ । (ਵਿਘਨ) ਕੀ ਇਨ੍ਹਾਂ ਨੇ ਇਥੇ ਬੰਦੇ ਆਉਣ ਤੋਂ ਰੋਕ ਲਏ ? ਇਹ ਐਵੇਂ ਐਲੀਗੇਸ਼ਨ ਨਾ ਲਾਉਣ, ਇਹ ਠੀਕ ਤਰ੍ਹਾਂ ਗੱਲ ਕਰਨ । (ਵਿਘਨ) (ਸ਼ੋਰ)

ਮੁੱਖ ਮੰਤਰੀ : ਥਰੈਟਸ ਨਾਲ ਗੱਲ ਨਹੀਂ ਨਿੱਬੜ ਸਕਦੀ । ਇਹ ਇਸ ਤਰ੍ਹਾਂ ਦੀ ਆਦਤ ਛੱਡ ਦੇਣ । ਅਗਰ ਇਨ੍ਹਾਂ ਨੇ ਕੋਈ ਗੱਲ ਕਰਨੀ ਹੈ ਤਾਂ ਬੈਠਕੇ ਕਰ ਲੈਣ । ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਹਾਊਸ ਨਹੀਂ ਚੱਲਣ ਦਿਆਂਗੇ, ਇਹ ਇਨ੍ਹਾਂ ਦਾ ਮੋਸਟ ਅਨਡੈਮੋਕਰੈਟਿਕ ਕਦਮ ਹੈ (ਵਿਘਨ) (ਸ਼ੋਰ)

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ, ਸੀ.ਐਮ. ਨਾਲ ਨਹੀਂ । ਤੁਸੀਂ ਕਮੇਟੀ ਦੇ ਚੇਅਰਮੈਨ ਹੋ, ਇਸ ਲਈ ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ ।

ਕਾਮਰੇਡ ਰਾਜ ਕੁਮਾਰ : ਅਸੀਂ ਜੋ ਪਰਪੋਜ਼ਲ ਦਿੱਤੀ ਹੈ, ਉਹ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ । (ਵਿਘਨ) (ਸ਼ੋਰ)

ਸਰਦਾਰ ਬਲਦੇਵ ਸਿੰਘ ਮਾਨ : ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਹੁੰਦੇ ਹਨ, ਸਾਰਿਆਂ ਦੇ ਸੁਝਾਓ ਲਏ ਜਾਂਦੇ ਹਨ ਪਰ ਇਸ ਚੀਜ਼ ਨੂੰ ਪਾਸੇ ਰੱਖਦੇ ਹੋਏ ਜੇ ਤੁਸੀਂ ਮੈਜਾਰਿਟੀ ਨਾਲ ਇਸ ਰਿਪੋਰਟ ਨੂੰ ਪਾਸ ਕਰਾਓ ਤਾਂ ਇਹ ਠੀਕ ਨਹੀਂ ਹੈ । ਮੈਂ ਬੇਨਤੀ ਕਰਾਂਗਾ ਕਿ ਤੁਸੀਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੁਲਾਕੇ, ਉਨ੍ਹਾਂ ਨਾਲ ਗੱਲ ਬਾਤ ਕਰ ਲਵੋ ਤਾਂਕਿ ਹਾਊਸ ਦੀ ਕਾਰਵਾਈ ਸੁਮੁਖਲੀ ਚੱਲ ਸਕੇ । ਜਿਹੜਾ

ਪਹਿਲਾ ਏਜੰਡਾ ਸੀ ਉਸ ਵਿਚ ਅੱਜ ਦੀ ਸੈਕਿੰਡ ਸਿਟਿੰਗ ਬਾਰੇ ਕੋਈ ਗੱਲ ਨਹੀਂ ਸੀ। ਮੈਂ ਬੇਨਤੀ ਕਰਾਂਗਾ ਕਿ ਇਸ ਮਾਮਲੇ ਤੇ ਫਿਰ ਵਿਚਾਰ ਕਰ ਲਿਆ ਜਾਵੇ ਅਤੇ ਅੱਜ ਦੀ ਸੈਕਿੰਡ ਸਿਟਿੰਗ ਨਾ ਕੀਤੀ ਜਾਵੇ । ਇਸ ਰਿਪੋਰਟ ਨੂੰ ਜਿਸ ਤਰੀਕੇ ਨਾਲ ਤੁਸੀਂ ਪਾਸ ਕਰਾਉਣਾ ਚਾਹੁੰਦੇ ਹੋ, ਮੈਂ ਉਸ ਦੀ ਵਿਰੋਧਤਾ ਕਰਦਾ ਹਾਂ (ਵਿਘਨ-ਸ਼ੋਰ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਜੋ ਫੈਸਲਾ ਹੋ ਚੁੱਕਾ ਹੈ ਉਸ ਉਤੇ ਬਹਿਸ ਨਹੀਂ ਹੋ ਸਕਦੀ । ਸਪੀਕਰ ਸਾਹਿਬ, ਕੀ ਉਸ ਉਤੇ ਫਿਰ ਬਹਿਸ ਹੋ ਸਕਦੀ ਹੈ ? (ਵਿਘਨ) (ਸ਼ੋਰ)

ਸਰਦਾਰ ਬੀਰਦਵਿੰਦਰ ਸਿੰਘ : ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਤੇ ਬਹਿਸ ਨਹੀਂ ਹੋ ਸਕਦੀ ਕਿਉਂਕਿ ਉਹ ਪਾਸ ਹੋ ਚੁੱਕੀ ਹੈ । (ਵਿਘਨ) (ਸ਼ੋਰ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਦੁਬਾਰਾ ਬੜੇ ਆਰਾਮ ਨਾਲ ਬੇਨਤੀ ਕਰਾਂਗਾ ਕਿ ਪੰਜਾਬ ਦਾ ਕੋਈ ਵੀ ਮਸਲਾ ਹੋਵੇ, ਆਪੋਜ਼ੀਸ਼ਨ ਹਰ ਵਕਤ ਤਿਆਰ ਹੈ ਕਿ ਗੌਰਮਿੰਟ ਨਾਲ ਡਿਸਕੱਸ ਕਰਕੇ ਉਸ ਮੈਟਰ ਨੂੰ ਠੀਕ ਤਰ੍ਹਾਂ ਡਿਸਾਈਡ ਕੀਤਾ ਜਾਵੇ। (ਵਿਘਨ) ਸੀ.ਐਮ. ਨੇ ਕਿਹਾ ਕਿ ਅਸੀਂ ਭੱਜ ਗਏ ਪਰ ਮੈਂ ਕਹਿੰਦਾ ਹਾਂ ਕਿ ਅਸੀਂ ਜੋ ਪਰਪੋਜ਼ਲ ਦਿੱਤੀ ਹੈ ਉਸ ਤੋਂ ਉਹ ਭੱਜ ਗਏ । ਜੇ ਆਪੋਜ਼ੀਸ਼ਨ ਕਹੇ ਕਿ ਬੱਸਾਂ ਦੇ ਕ਼ਿਰਾਏ ਵਧਾਏ ਗਏ ਹਨ ਇਸ ਬਾਰੇ ਵਿਚਾਰ ਕਰਨੀ ਹੈ . . . . (ਵਿਘਨ) (ਸ਼ੋਰ) ਤੁਸੀਂ ਮੇਰੀ ਗੱਲ ਤਾਂ ਆਰਾਮ ਨਾਲ ਸੁਣ ਲਵੋ । (ਵਿਘਨ) ਸਪੀਕਰ ਸਾਹਿਬ, ਤੁਸੀਂ ਉਸ ਕਮੇਟੀ ਦੇ ਚੇਅਰਮੈਨ ਹੋ, ਮੈਂ ਤੁਹਾਨੂੰ ਦੁਬਾਰਾ ਬੇਨਤੀ ਕਰਾਂਗਾ ਕਿ ਤੁਸੀਂ ਕਮੇਟੀ ਦੀ ਮੀਟਿੰਗ ਬੁਲਾਓ ਪਰ ਇਹ ਬਿਲਕੁਲ ਗਲਤ ਤਰੀਕਾ ਹੈ ਬੜਾ ਅਨਡੈਮੋਕਰੈਟਿਕ ਤਰੀਕਾ ਹੈ ਜਿਸ ਤਰ੍ਹਾਂ ਇਹ ਫੋਰਸ ਨਾਲ, ਆਪਣੀ ਸਟਰੈਂਥ ਨਾਲ ਕੰਮ ਚਲਾਉਣਾ ਚਾਹੁੰਦੇ ਹਨ । ਜੇ ਇਨ੍ਹਾਂ ਨੇ ਮੈਜਾਰਿਟੀ ਨਾਲ, ਫੋਰਸ ਨਾਲ ਹੀ ਕੰਮ ਚਲਾਉਣਾ ਹੈ ਤਾਂ ਫਿਰ ਇਹ ਮੈਜਾਰਿਟੀ ਨਾਲ, ਸੈਸ਼ਨ ਹੀ ਨਾ ਬੁਲਾਉਣ ਅਤੇ ਇਕੋ ਦਿਨ ਆ ਕੇ ਬੱਜਟ ਪਾਸ ਕਰ ਲੈਣ । ਪਰ ਇਸ ਦਾ ਜੋ ਹਸ਼ਰ ਹੋਵੇਗਾ ਉਹ ਠੀਕ ਨਹੀਂ ਹੋਵੇਗਾ । ਮੈਂ ਬੇਨਤੀ ਕਰਾਂਗਾ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਕੇ ਅੱਜ ਦੀ ਸੈਕੰਡ ਸਿਟਿੰਗ ਕੈਂਸਲ ਕੀਤੀ ਜਾਵੇ ਅਤੇ ਬੜੀ ਖੁਸ਼ਅਸਲੂਬੀ ਨਾਲ ਕੰਮ ਕੀਤਾ ਜਾਵੇ । ਤੁਸੀਂ ਫਰਾਖਦਿਲੀ ਦਾ ਸਬੂਤ ਦਿਓ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੋਸ਼ਨ ਪਾਸ ਹੋ ਚੁੱਕੀ ਹੈ। (ਵਿਘਨ) ਤੁਹਾਡੇ ਸੈਂਟੀਮੈਂਟਸ ਆ ਗਏ ਹਨ । (ਵਿਘਨ) ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਕਿ ਜਿਹੜੀ ਗੱਲ ਕਰਨੀ ਹੈ ਉਹ ਬਾਹਰ ਆ ਕੇ ਕਰ ਲੈਣਾ, ਇਸ ਤਰ੍ਹਾਂ ਕੋਈ ਗੱਲ ਬਾਕੀ ਨਹੀਂ ਰਹਿ ਜਾਂਦੀ । (ਵਿਘਨ)

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ, ਸੀ.ਐਮ. ਨਾਲ ਨਹੀਂ । ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਹੋ। ਇਸ ਲਈ ਸਾਡੀ ਤੁਹਾਡੇ ਪਾਸ ਦਰਖਾਸਤ ਹੈ । ਸੀ.ਐਮ. ਨੇ ਜੋ ਗੱਲ ਕਰਨੀ ਹੈ ਉਹ ਹੋਰ ਹੈ। ਸਾਡੀ ਗੱਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਮੁਤੱਲਕ ਹੈ ਇਸ ਲਈ ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ, । ਮੇਰੀ ਰਿਕੁਐਸਟ ਹੈ ਕਿ ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਦੁਬਾਰਾ ਬੁਲਾਓ । (ਵਿਘਨ) (ਸ਼ੋਰ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਿਲਬਾਗ ਸਿੰਘ ਬੋਲਣ ਲਈ ਖੜ੍ਹੇ ਹੋਏ ਅਤੇ

ਸ੍ਰੀ ਸਪੀਕਰ ਨੇ ਉਨ੍ਹਾਂ ਨੂੰ ਬੋਲਣ ਦੀ ਆਗਿਆ ਦਿੱਤੀ ।)

Comrade Raj Kumar : Mr. Speaker, I am on a point of Personal Explanation.

ਸ੍ਰੀ ਸਪੀਕਰ : ਪਹਿਲਾਂ ਸਰਦਾਰ ਦਿਲਬਾਗ ਸਿੰਘ ਨੂੰ ਬੋਲ ਲੈਣ ਦਿਓ, ਮੈਂ ਉਨ੍ਹਾਂ ਨੂੰ ਬੋਲਣ ਲਈ ਕਿਹਾ ਹੈ, ਤੁਸੀਂ ਫਿਰ ਬੋਲ ਲੈਣਾ ।

ਸਰਦਾਰ ਦਿਲਬਾਗ ਸਿੰਘ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਸ ਹਾਊਸ ਦੀਆਂ ਬਹੁਤ ਸਾਰੀਆਂ ਕਮੇਟੀਆਂ ਹਨ ਜਿਨ੍ਹਾਂ ਵਿਚੋਂ ਕੁਝ ਤੁਸੀਂ ਨਾਮੀਨੇਟ ਕੀਤੀਆਂ ਹਨ । ਇਨ੍ਹਾਂ ਵਿਚੋਂ ਇਕ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਹੈ । ਉਸ ਵਿਚ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਹਨ, ਰੂਲਿੰਗ ਪਾਰਟੀ ਦੇ ਮੈਂਬਰ ਹਨ । (ਵਿਘਨ) ਉਸ ਦਾ ਕੋਰਮ ਮੁਕੱਰਰ ਹੈ । ਅਗਰ ਪੂਰੇ ਕੋਰਮ ਦੇ ਨਾਲ ਯੂਨਾਨੀਮਸਲੀ ਫੈਸਲਾ ਕੀਤਾ ਜਾਵੇ . . . (ਵਿਘਨ-ਸ਼ੋਰ)

ਸਰਦਾਰ ਰਵੀ ਇੰਦਰ ਸਿੰਘ : ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਹਰ ਸੈਸ਼ਨ ਵਿਚ ਨਵੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਬਣਦੀ ਹੈ । ਪੁਰਾਣੀ ਕਮੇਟੀ ਡੀਫੰਕਟ ਹੋ ਗਈ ਹੈ । (ਵਿਘਨ)

ਵਿਕਾਸ ਮੰਤਰੀ : (ਬੈਠੇ, ਬੈਠੇ) ਨਵੀਂ ਕਮੇਟੀ ਬਣ ਗਈ ਹੈ ਅਤੇ ਉਹ ਨਵੀਂ ਕਮੇਟੀ ਦੀ ਗੱਲ ਕਰਦੇ ਹਨ।

ਸਰਦਾਰ ਦਿਲਬਾਗ ਸਿੰਘ : ਜੇ ਇਸ ਗੱਲ ਨੂੰ ਮੁੱਖ ਰੱਖ ਲਿਆ ਜਾਵੇ ਕਿ ਆਪੋਜ਼ੀਸ਼ਨ ਦੇ ਮੈਂਬਰਜ਼ ਉਸ ਕਮੇਟੀ ਵਿਚ ਨਹੀਂ ਸਨ ਤਾਂ ਇਸ ਦਾ ਮਤਬਲ ਹੈ ਕਿ ਜਿੰਨੀਆਂ ਵੀ ਕਮੇਟੀਆਂ ਹਨ ਜੇ ਉਨ੍ਹਾਂ ਵਿਚ ਆਪੋਜ਼ੀਸ਼ਨ ਦੇ ਮੈਂਬਰ ਕਿਸੇ ਕਮੇਟੀ ਵਿਚ ਨਾ ਹੋਣ ਤਾਂ ਉਹ ਸਾਰੀ ਕਾਰਵਾਈ ਇਲੀਗਲ ਹੋਵੇਗੀ । ਇਥੇ, ਸਪੀਕਰ ਸਾਹਿਬ, ਕਮੇਟੀਆਂ ਵਿਚ ਆਪੋਜ਼ੀਸ਼ਨ ਪਾਰਟੀ ਔਰ ਰੂਲਿੰਗ ਪਾਰਟੀ ਦਾ ਸਵਾਲ ਨਹੀਂ ਹੈ, ਸਵਾਲ ਸਿਰਫ਼ ਕੋਰਮ ਦਾ ਹੈ । ਇਸ ਕਮੇਟੀ ਵਿਚ ਕੋਰਮ ਨੇ ਯੂਨਾਨੀਮਸਲੀ ਫ਼ੈਸਲਾ ਕੀਤਾ ਹੈ । (ਵਿਘਨ) (ਸ਼ੋਰ) ਇਸ ਦਾ ਮਤਲਬ ਇਹ ਹੈ ਕਿ ਜੇ ਆਪੋਜ਼ੀਸ਼ਨ ਪਾਰਟੀ ਵਾਲੇ ਕੋ-ਆਪਰੇਟ ਨਹੀਂ ਕਰਨਗੇ ਤਾਂ ਹਾਊਸ ਨੂੰ ਨਹੀਂ ਚਲਾਉਣਾ, ਹਾਊਸ ਚਲ ਨਹੀਂ ਸਕਦਾ । (ਵਿਘਨ) ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਇਹ ਬਿਲਕੁਲ ਲੀਗਲ ਹੈ ਅਤੇ ਇਸ ਹਾਊਸ ਨੂੰ ਹੁਣ ਚਲਣ ਦੇਣਾ ਚਾਹੀਦਾ ਹੈ । (ਵਿਘਨ) (ਸ਼ੋਰ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਦੋ ਗੱਲਾਂ ਹਨ । ਮੈਂ ਚੀਫ ਮਨਿਸਟਰ ਸਾਹਿਬ ਨੂੰ ਇਕ ਰਿਕੁਐਸਟ ਕੀਤੀ ਸੀ । ਮੈਂ ਰਿਕੁਐਸਟ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਪਾਸ ਕਰਨ ਦੇ ਸਿਲਸਿਲੇ ਵਿਚ ਕੀਤੀ ਸੀ। ਦੂਜੀ ਗੱਲ ਜਿਹੜੀ ਹੁਣ ਇਨ੍ਹਾਂ ਨੇ ਗੱਲ ਬਾਤ ਛੇੜ ਦਿੱਤੀ, ਉਸ ਦੇ ਵਿਚੋਂ ਅਰਾਈਜ਼ ਹੋ ਗਈ, ਅਦਰਵਾਈਜ਼ ਮੈਂ ਹਾਊਸ ਦਾ ਟਾਈਮ ਨਾ ਲੈਂਦਾ। ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਦੇ ਬਾਰੇ ਮੈਂ ਡਿਵੀਜ਼ਨ ਦੀ ਗੱਲ ਕੀਤੀ ਸੀ । ਮੇਰਾ ਖ਼ਿਆਲ ਹੈ ਕਿ ਤੁਸੀਂ ਸੁਣਿਆ ਨਹੀਂ । (ਵਿਘਨ) ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੱਸਾਂ ਦੇ ਕਿਰਾਏ ਜੋ ਵਧਾਏ ਗਏ ਹਨ ਉਨ੍ਹਾਂ ਨੂੰ ਵਾਪਸ ਲੈਣ ਦੇ ਸਿਲਸਿਲੇ ਵਿਚ ਚਿੱਠੀ ਲਿਖੀ ਸੀ । ਉਸ ਦਾ ਮੈਨੂੰ ਇਨ੍ਹਾਂ ਨੇ ਜਵਾਬ ਦਿੱਤਾ ਹੈ । ਚੀਫ ਮਨਿਸਟਰ ਸਾਹਿਬ ਨੇ ਇਸ ਦੇ ਨਾਲ

ਲਗਦੇ ਕੁਝ ਕਹਿ ਦਿੱਤਾ ਜਿਹੜਾ ਕਿ ਮੈਨੂੰ ਕਤੱਅਨ ਉਮੀਦ ਨਹੀਂ ਸੀ। ਉਹ ਕਹਿੰਦੇ ਹਨ ਕਿ ਸਾਡੀ ਜਿਹੜੀ ਗੱਲ ਬਾਤ ਹੋਈ ਸੀ ਉਹ ਉਨ੍ਹਾਂ ਦੇ ਆਪਣੇ ਲਫਜ਼ਾਂ ਦੇ ਮੁਤਾਬਿਕ ਕਿ ਬੜੀ ਖੁਸ਼ਗਵਾਰ ਮਾਹੌਲ ਵਿਚ ਹੋਈ ਸੀ। ਇਨ੍ਹਾਂ ਨੇ ਬੜੀ ਅੰਡਰਸਟੈਂਡੇਬਲ ਗੱਲ ਕੀਤੀ ਸੀ। ਇਨ੍ਹਾਂ ਨੇ ਕਿਹਾ ਕਿ ਮੈਂ ਇਕੱਲਾ ਨਹੀਂ ਹਾਂ, ਮੈਂ ਸਲਾਹ ਕਰਾਂਗਾ। (ਵਿਘਨ) ਡੱਬਵਾਲੀ ਔਰ ਦਸੂਆ ਦੇ ਕੇਸ ਬਾਰੇ ਅਸੀਂ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕੀਤੀ ਸੀ ਉਹ ਵੀ ਵ੍ਹਿਟੱਲ ਡਾਊਨ ਹੋ ਗਈ। (ਵਿਘਨ) ਇਨ੍ਹਾਂ ਕਿਹਾ ਕਿ ਤੁਹਾਡੀ ਪ੍ਰਧਾਨਗੀ ਹੇਠ ਲੈਜਿਸਲੇਟਰਜ਼ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਔਰ ਉਹ ਇਹ ਮਾਮਲਾ ਦੇਖ ਲਵੇ। (ਵਿਘਨ) (ਸ਼ੋਰ) ਮੈਂ ਸੁਜੈਸਟ ਕੀਤਾ ਸੀ ਕਿ ਕਿਰਾਇਆਂ ਦੇ ਮੁਤੱਲਕ ਵੀ ਇਕ ਕਮੇਟੀ ਲੈਜਿਸਲੇਟਰਜ਼ ਦੀ ਬਣਾਓ ਜਿਹੜੀ 15 ਦਿਨ ਦੇ ਅੰਦਰ, 10 ਦਿਨ ਦੇ ਅੰਦਰ ਜਾਂ 5 ਦਿਨ ਦੇ ਅੰਦਰ ਆਪਣੀ ਰਿਪੋਰਟ ਦੇਵੇ ਔਰ ਉਤਨੀ ਦੇਰ ਤਕ ਜਿਹੜਾ ਕਿਰਾਏ ਵਿਚ ਵਾਧਾ ਹੈ ਉਹ ਸਸਪੈਂਡ ਕਰ ਦਿਓ। (ਵਿਘਨ) (ਸ਼ੋਰ) ਇਸ ਵਕਤ ਕਈ ਮਾਨਯੋਗ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੋਂ ਬੋਲ ਰਹੇ ਸਨ) ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਮੈਂ ਇਕੱਲਾ ਨਹੀਂ ਮੈਨੂੰ ਸਲਾਹ ਕਰ ਲੈਣ ਦਿਓ। (ਵਿਘਨ) ਲੇਕਿਨ ਐਗਰੀ ਕਰਨ ਦੇ ਬਾਅਦ ਇਨ੍ਹਾਂ ਦਾ ਫਰਜ਼ ਬਣਦਾ ਸੀ ਕਿ ਇਹ ਸਾਨੂੰ ਸੱਦਦੇ। ਲੇਕਿਨ ਇਨ੍ਹਾਂ ਨੇ ਸਾਨੂੰ ਸੱਦਿਆਂ ਬਗੈਰ ਆਊਟਰਾਈਟਲੀ ਸਾਡੀ ਹਰ ਦਲੀਲ ਨੂੰ ਰਿਜੈਕਟ ਕਰ ਦਿੱਤਾ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਗੱਲ ਨੂੰ, ਹਾਲਾਤ ਨੂੰ ਕਾਬੂ ਕਰਨ ਵਾਲੇ ਪਾਸੇ ਲੈ ਜਾਣ, ਗਲਤ ਪਾਸੇ ਵਲ ਧੱਕਣ ਵਿਚ ਮੱਦਦ ਨਾ ਕਰਨ। ਚੀਫ ਮਨਿਸਟਰ ਸਾਹਿਬ, ਸਾਰੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰਨ। (ਵਿਘਨ) ਇਨ੍ਹਾਂ ਦੇ ਵਿਚ ਵੀ ਕੰਮ ਛਿੜਿਆ ਹੋਇਆ ਹੈ। ਇਹ ਹਾਲਾਤ ਨੂੰ ਕਾਬੂ ਕਰਨ। (ਵਿਘਨ) ਅੰਤ ਵਿਚ ਮੇਰੀ ਹਾਊਸ ਅਗੇ ਅਪੀਲ ਹੈ ਕਿ ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਅੱਜ ਸੱਦੋ ਅਤੇ ਮੁੜ ਬੈਠ ਕੇ ਵਿਚਾਰ ਕਰਕੇ ਫੈਸਲਾ ਕਰੋ।

Finance Minister : Mr. Speaker, I bring to your notice that the matter which they are discussing is not before the House.

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਬੀਰਦਵਿੰਦਰ ਸਿੰਘ ਅਤੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਬੋਲਣ ਲਈ ਖੜ੍ਹੇ ਸਨ ਪਰ ਸ੍ਰੀ ਸਪੀਕਰ ਨੇ ਸਰਦਾਰ ਬੀਰਦਵਿੰਦਰ ਸਿੰਘ ਨੂੰ ਇਜਾਜ਼ਤ ਦਿੱਤੀ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਦੋ ਸੌ ਵਾਰੀ ਖੜ੍ਹਾ ਹੋਇਆ ਹਾਂ। (ਵਿਘਨ)

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਸੁਖਦੇਵ ਸਿੰਘ ਢੀਂਡਸਾ ਬੈਂਚ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ)

ਸਪੀਕਰ ਸਾਹਿਬ, ਇਧਰ ਨਜ਼ਰ ਮਾਰੋ, ਜੇ ਤੁਹਾਨੂੰ ਨਜ਼ਰ ਆਉਂਦਾ ਹੈ। ਮੈਂ 200 ਵਾਰੀ ਖੜ੍ਹਾ ਹੋਇਆ ਹਾਂ।

ਸ੍ਰੀ ਸਪੀਕਰ : ਇਨ੍ਹਾਂ ਦੇ ਬਾਅਦ ਤੁਸੀਂ ਆਪਣੀ ਗੱਲ ਕਰ ਲੈਣਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : (ਬੈਂਚ ਤੇ ਖੜੇ ਹੋ ਕੇ) ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਦਾ ਅਧਿਕਾਰ ਹੈ। ਪਹਿਲਾਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਹੇਠਾਂ ਆਵਾਂਗਾ ਨਹੀਂ ਤਾਂ ਇਥੇ ਹੀ ਖੜਾ ਰਹਾਂਗਾ। (ਵਿਘਨ) ਜਿੰਨਾ ਚਿਰ ਮੈਨੂੰ ਇਜਾਜ਼ਤ ਨਹੀਂ ਦੇਵੋਗੇ ਮੈਂ ਨਹੀਂ ਹੇਠਾਂ ਉਤਰਾਂਗਾ।

ਸ੍ਰੀ ਸਪੀਕਰ : ਇਨ੍ਹਾਂ ਦੇ ਬਾਅਦ ਤੁਸੀਂ ਗੱਲ ਕਰ ਲੈਣਾ। Please sit down.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਨ੍ਹਾਂ ਦੇ ਬਾਅਦ ਜ਼ਰੂਰ ਮੈਨੂੰ ਮੌਕਾ ਦੇਣਾ।

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਸੁਖਦੇਵ ਸਿਘ ਢੀਂਡਸਾ ਆਪਣੀ ਸੀਟ ਤੋਂ ਹੇਠਾਂ ਉਤਰ ਕੇ ਬੈਠ ਗਏ) (ਸ੍ਰੀ ਪਿਆਰਾ ਰਾਮ ਧੰਨੋਵਾਲੀ ਵਲੋਂ ਵਿਘਨ)

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਤੁਹਾਡੀ ਇਸ ਇਸ਼ੂ ਤੇ ਕਲੀਅਰ ਰੂਲਿੰਗ ਚਾਹੁੰਦਾ ਹਾਂ ਕਿ ਜਦੋਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਤੇ ਵੋਟਿੰਗ ਹੋ ਚੁੱਕੀ ਹੈ, ਹਾਊਸ ਨੇ ਰਿਪੋਰਟ ਅਡਾਪਟ ਕਰ ਲਈ ਹੈ ਤਾਂ ਕੀ ਇਸ ਤੋਂ ਬਾਅਦ ਡਿਸਕਸ਼ਨ ਹੋ ਸਕਦੀ ਹੈ ? (ਵਿਘਨ) ਇਸ ਮੈਟਰ ਨੂੰ ਕਲਿੰਚ ਕੀਤਾ ਜਾਵੇ, ਸਮਾਪਤ ਕੀਤਾ ਜਾਵੇ। (ਵਿਘਨ)

ਸ੍ਰੀ ਸਪੀਕਰ : ਇਸ਼ੂ ਤਾਂ ਸਮਾਪਤ ਹੋ ਚੁੱਕਾ ਹੈ। ਜੇ ਕੋਈ ਮੈਂਬਰ ਪੁਆਇੰਟ ਆਫ਼ ਆਰਡਰ ਰਾਹੀਂ ਫਿਰ ਇਸ ਇਸ਼ੂ ਨੂੰ ਲੈ ਲਵੇ ਤਾਂ ਮੈਂ ਕੀ ਕਰ ਸਕਦਾ ਹਾਂ। ਇਨ੍ਹਾਂ ਦੀ ਮਰਜ਼ੀ ਹੈ। ਇਹ ਹਾਊਸ ਦਾ ਵਕਤ ਜ਼ਾਇਆ ਕਰ ਰਹੇ ਹਨ। (ਵਿਘਨ) (ਸ਼ੋਰ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਤੇ ਬੜੀ ਡਿਸਕਸ਼ਨ ਹੋ ਚੁੱਕੀ ਹੈ ਔਰ ਤੁਸੀਂ ਕਾਮਰੇਡ ਰਾਜ ਕੁਮਾਰ ਦੇ ਕਹਿਣ ਦੇ ਬਾਵਜੂਦ ਕੋਈ ਵੋਟਿੰਗ ਨਹੀਂ ਕਰਵਾਈ ਔਰ ਇਹ ਰਿਪੋਰਟ ਪਾਸ ਕਰਵਾ ਦਿੱਤੀ। ਮੈਂ ਬੇਨਤੀ ਕਰਾਂਗਾ ਕਿ ** ** **

Mr. Speaker : I expunge these remarks.

ਸ੍ਰੀ ਸੁਰਿੰਦਰ ਕਪੂਰ : ਹਾਊਸ ਦੇ ਵਿਚ ਇਹ ਧਮਕੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। (ਵਿਘਨ) (ਸ਼ੋਰ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ ਔਰ ਇਸ ਹਾਊਸ ਦੀਆਂ ਜੋ ਪ੍ਰੰਪਰਾਵਾਂ ਹਨ ਉਨ੍ਹਾਂ ਨੂੰ ਤੁਹਾਨੂੰ ਕਾਇਮ ਰੱਖਣਾ ਚਾਹੀਦਾ ਹੈ। ਤੁਹਾਨੂੰ ਸਾਰੀਆਂ ਪਾਰਟੀਆਂ ਨੇ ਯੂਨਾਨੀਮਸਲੀ ਚੁਣਿਆ ਹੈ, ਤੁਹਾਨੂੰ ਪਾਰਟੀਬਾਜ਼ੀ ਵਿਚ ਨਹੀਂ ਆਉਣਾ ਚਾਹੀਦਾ। (ਵਿਘਨ) (ਸ਼ੋਰ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਪਾਸ ਹੋ ਚੁੱਕੀ ਹੈ। ਇਹ ਸਾਥੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਕਹਿੰਦੇ ਹਨ ਕਿ ਡੈਮੋਕਰੇਸੀ ਬਹਾਲ ਰਖਣੀ ਹੈ। ਇਥੇ 2 ਘੰਟੇ ਹੋ ਗਏ ਹਨ ਗਲਤ ਬਹਿਸ ਚਲ ਰਹੀ ਹੈ ਔਰ ਹਾਊਸ ਦਾ ਅਗੇ ਕੰਮ ਨਹੀਂ ਚੱਲਣ ਦਿੰਦੇ। ਸਾਨੂੰ ਪਬਲਿਕ ਨੇ ਚੁਣ ਕੇ ਭੇਜਿਆ ਹੈ, ਅਸੀਂ ਉਨ੍ਹਾਂ ਦੀ ਰਿਪ੍ਰੀਜ਼ੈਂਟੇਸ਼ਨ ਇਥੇ ਕਰਨੀ ਹੈ। ਅਸੀਂ ਕੱਲ ਦਾ ਦਿਨ ਜ਼ਾਇਆ ਕਰ ਦਿੱਤਾ, ਕੱਲ ਸ਼ਾਮ ਦਾ ਟਾਈਮ ਜ਼ਾਇਆ ਕਰ ਦਿੱਤਾ,

**Expunged as ordered by the Chair.

ਅਜ ਫਿਰ ਇਹ ਟਾਈਮ ਜ਼ਾਇਆ ਕਰ ਰਹ ਹਨ । ਇਹ ਪਬਲਿਕ ਨੂੰ ਕੀ ਜਵਾਬ ਦੇਣਗੇ ? (ਵਿਘਨ) ਟਰਾਂਸਪੋਰਟ ਦੀ ਜੋ ਗੱਲ ਕਰਦੇ ਹਨ, ਕਿਰਾਏ ਦੀ ਜੋ ਇਹ ਗੱਲ ਕਰਦੇ ਹਨ ਇਹ ਇਨ੍ਹਾਂ ਦੇ ਆਪਣੇ ਰਾਜ ਵਿਚ ਕਿਰਾਇਆ ਵਧਾਉਣ ਦਾ ਫੈਸਲਾ ਕੀਤਾ ਗਿਆ ਸੀ ਕਿ ਕਿਰਾਇਆ ਵਧਾਇਆ ਜਾਵੇ । ਸਰਦਾਰ ਬਲਵੰਤ ਸਿੰਘ ਦੇ ਦਸਖਤ ਹਨ, ਬਾਦਲ ਸਾਹਿਬ ਦੇ ਦਸਖਤ ਹਨ । (ਵਿਘਨ) ਅੱਜ ਇਸ ਗੱਲ ਦਾ ਫੈਸਲਾ ਕਰੋ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰੀਏ । ਕਿਉਂ ਨਹੀਂ ਕਹਿੰਦੇ ਕਿ ਟਰਾਂਸਪੋਰਟ ਨੂੰ ਨੈਸ਼ਨਿਲਾਈਜ਼ ਕੀਤਾ ਜਾਵੇ ? (ਥੰਪਿੰਗ) (ਵਿਘਨ) ਤੁਸੀਂ ਆਪ ਇਹ ਫੈਸਲਾ ਕੀਤਾ ਸੀ ਕਿ ਕਿਰਾਇਆ ਵਧਾਇਆ ਜਾਵੇ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

Mr. Speaker : Please sit down. I will not allow.

ਸਰਦਾਰ ਸੁਖਜਿੰਦਰ ਸਿੰਘ ਖੈਰਾ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਇਸ਼ੂ ਬੜਾ ਸੰਜੀਦਾ ਹੈ । ਇਹ ਜਿਹੜਾ ਰੌਲਾ ਪੈ ਰਿਹਾ ਹੈ ਇਹ ਸਾਰਾ ਕੁੱਝ ਤੁਹਾਡੇ ਨਾਲ ਸਬੰਧਤ ਹੈ । ਇਸ ਰਿਪੋਰਟ ਦਾ ਰੈਪਰਕਸ਼ਨ ਸਭ ਨਾਲੋਂ ਵੱਧ ਤੁਹਾਡੇ ਤੇ ਹੈ । ਮੌਰਲੀ ਤੁਸੀਂ ਵੀ ਫੀਲ ਕਰ ਰਹੇ ਹੋ ਕਿ ਇਹ ਕੰਮ ਗਲਤ ਹੋਇਆ ਹੈ । (ਵਿਘਨ) (ਸ਼ੋਰ) ਮੈਂ ਇਹ ਮਹਿਸੂਸ ਕਰ ਰਿਹਾ ਹਾਂ ਕਿ ਤੁਸੀਂ ਆਪਣੇ ਆਪ ਨੂੰ ਬੜੀ ਐਮਬਾਰਸਿੰਗ ਪੁਜ਼ੀਸ਼ਨ ਵਿਚ ਫੀਲ ਕਰ ਰਹੇ ਹੋ। (ਵਿਘਨ) ਸਰਦਾਰ ਦਰਬਾਰਾ ਸਿੰਘ ਪੁਰਾਣ ਪਾਰਲੀਮੈਂਟੇਰੀਅਨ ਹਨ ਅੌਰ ਬੜੇ ਤਜ਼ਰਬਾਕਾਰ ਹਨ, ਪਰ ਅੱਜ ਕੁਝ ਬੌਖਲਾਹਟ ਵਿਚ ਐਸੀ ਗੱਲ ਕੀਤੀ ਹੈ ਜਿਹੜੀ ਕਿ ਨਹੀਂ ਕਰਨੀ ਚਾਹੀਦੀ ਸੀ..(ਵਿਘਨ)

Chief Minister : I object to it. ਤੁਸੀਂ ਇਹ ਸ਼ਬਦ ਵਾਪਸ ਲਵੋ ਅੌਰ ਅਗਰ ਮੈਂ ਕੋਈ ਚੀਜ਼ ਕਹਿ ਦਿਤੀ ਤਾਂ ਤੁਸੀਂ ਗੁੱਸੇ ਹੋਵੋਗੇ । (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਇਹ ਹਾਊਸ ਦੇ ਲੀਡਰ ਹਨ ਅਗਰ ਇਨ੍ਹਾਂ ਨੇ ਹਾਊਸ ਨੂੰ ਠੀਕ ਨਹੀਂ ਚਲਾਉਣਾ ਤਾਂ ਫਿਰ ਇਨ੍ਹਾਂ ਦੀ ਮਰਜ਼ੀ । ਸਪੀਕਰ ਸਾਹਿਬ, ਕੋਈ ਟੈਕਸ ਵਾਪਸ ਨਹੀਂ ਲੈ ਰਹੇ, ਲਾਅ ਐਂਡ ਆਰਡਰ ਠੀਕ ਤਰ੍ਹਾਂ ਮੇਨਟੇਨ ਨਹੀਂ ਹੋ ਰਿਹਾ । ਇਹ ਛੋਟੀ ਜਿਹੀ ਗੱਲ ਹੈ ਕਿ ਕਿਸ ਤਰ੍ਹਾਂ ਹਾਊਸ ਨੂੰ ਕੰਡਕਟ ਕਰਨਾ ਹੈ । ਇਸ ਲਈ ਕਮੇਟੀ ਬਣੀ ਹੋਈ ਹੈ ਅਤੇ ਜੇ ਉਸ ਵਿਚ ਆਪੋਜ਼ੀਸ਼ਨ ਦੇ ਮੈਂਬਰ ਹੋਣਗੇ ਤਾਂ ਉਸ ਦੀ ਇੰਪਾਰਟੈਂਸ ਵਧੇਗੀ ।

ਸ੍ਰੀ ਸਪੀਕਰ : ਇਹ ਬਹੁਤ ਡਿਸਕਸ ਹੋ ਚੁਕੀ ਹੈ, ਹੋਰ ਡਿਸਕਸ ਕਰਨ ਦੀ ਲੋੜ ਨਹੀਂ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਅਸੀਂ ਤੁਹਾਡੀ ਇੰਟਰਵੈਨਸ਼ਨ ਸੀਕ ਕਰਦੇ ਹਾਂ । ਜੇਕਰ ਕੁਆਪਰੇਸ਼ਨ ਚਾਹੁੰਦੇ ਹਨ ਤਾਂ ਕਮੇਟੀ ਦੀ ਦੋਬਾਰਾ ਮੀਟਿੰਗ ਹੋਵੇ, ਸਾਰੇ ਡਿਸੀਜ਼ਨਜ਼ ਰੀਸ਼ੇਪ ਕੀਤੇ ਜਾਣ ਫਿਰ ਸਮਝਾਂਗੇ ਕਿ ਠੀਕ ਹੈ, ਨਹੀਂ ਤਾਂ ਸਮਝਾਂਗੇ ਕਿ ਇਹ ਆਪਣੀ ਤਾਕਤ ਦਾ ਗ਼ਰੂਰ ਕਰ ਰਹੇ ਹਨ..(ਸ਼ੋਰ) (ਵਿਘਨ)

ਸ੍ਰੀ ਸਪੀਕਰ : ਮੈਂ ਤੁਹਾਡੇ ਸੈਂਟੀਮੈਂਟਸ ਦਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ । (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਘੇਰਾ : ਸਪੀਕਰ ਸਾਹਿਬ, ਸ਼ੁਕਰੀਏ ਨਾਲ ਤਾਂ ਗੱਲ ਨਹੀਂ ਬਣਦੀ (ਵਿਘਨ) ਹਾਊਸ ਐਡਜਰਨ ਕਰ ਦਿਓ । ਬੈਠ ਕੇ ਕਮੇਟੀ ਦੀ ਮੀਟਿੰਗ ਹੋ ਜਾਏ ਤਾਂ ਹੀ ਗੱਲ ਬਣ ਸਕੇਗੀ । (ਵਿਘਨ)

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੇਰੀ ਬਨਤੀ ਇਹ ਹੈ ਕਿ ਤੁਹਾਨੂੰ ਵਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਫਿਰ ਕਰੋ । (ਵਿਘਨ) ਜਿਹੜੇ ਲੋਕਾਂ ਤੇ ਅਤਿਆਚਾਰ ਹੋਏ ਹਨ, ਕੱਲ ਇਕ ਨੌਜਵਾਨ ਗੋਲੀ ਨਾਲ ਸ਼ਹੀਦ ਕਰ ਦਿਤਾ । ਇਹੋ ਜਿਹੇ ਸਾਰੇ ਮਸਲੇ ਹਾਊਸ ਵਿਚ ਡਿਸਕਸ ਹੋਣੇ ਚਾਹੀਦੇ ਹਨ । ਹਾਊਸ ਮੁਲਤਵੀ ਕਰਕੇ ਇਨ੍ਹਾਂ ਚੀਜ਼ਾਂ ਤੇ ਵਿਚਾਰ ਕਰੀਏ । (ਵਿਘਨ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਔਰ ਹਾਊਸ ਵਿਚ ਬਹੁਤ ਸ਼ੋਰ ਸੀ ਜਿਸ ਕਰਕੇ ਕੁੱਝ ਸੁਣਾਈ ਨਹੀਂ ਸੀ ਦੇ ਰਿਹਾ ।)

ਕਾਮਰੇਡ ਸਰਵਣ ਸਿੰਘ : ਸਪੀਕਰ ਸਾਹਿਬ, ਇਸ ਤਰ੍ਹਾਂ ਹਾਊਸ ਠੀਕ ਨਹੀਂ ਚੱਲ ਸਕਦਾ....

ਸ੍ਰੀ ਸਪੀਕਰ : ਕਾਮਰੇਡ ਕੁਲਵੰਤ ਸਿੰਘ ਜੀ, ਤੁਸੀਂ ਅਪਣਾ ਰੈਜ਼ੋਲਿਊਸ਼ਨ ਪੇਸ਼ ਕਰੋ (ਵਿਘਨ) ਇਹ ਮਸਲਾ ਬਹੁਤ ਡਿਸਕਸ ਹੋ ਚੁੱਕਾ ਹੈ ਅਤੇ ਹਾਊਸ ਵਿਚ ਵੀ ਪਾਸ ਹੋ ਗਿਆ ਹੈ । (ਵਿਘਨ) **ਆਵਾਜ਼ਾਂ** : ਇਸ ਨੂੰ ਰਵਿਊ ਕਰੋ ਜੀ । (ਵਿਘਨ)

ਕਾਮਰੇਡ ਕੁਲਵੰਤ ਸਿੰਘ ਜੀ, ਤੁਸੀਂ ਅਪਣਾ ਰੈਜ਼ੋਲਿਊਸ਼ਨ ਪੇਸ਼ ਕਰੋ (ਵਿਘਨ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਦੁਬਾਰਾ ਬੁਲਾ ਲਈ ਜਾਵੇ, ਮੈਂ ਨਹੀਂ ਸਮਝਦਾ ਕਿ ਇਹ ਕੋਈ ਬਹੁਤ ਵੱਡੀ ਗੱਲ ਹੈ । ਇਸ ਦਾ ਮਤਲਬ ਹੈ ਕਿ ਮੀਟਿੰਗ ਵਿਚ ਬੈਠ ਕੇ ਸਾਰੀ ਗੱਲ ਤੇ ਵਿਚਾਰ ਕਰ ਲਵਾਂਗੇ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਚੰਗੀ ਸਲਾਹ ਦਿਓ (ਵਿਘਨ) (ਸ਼ੋਰ) ਇਹ ਜਿਹੜਾ ਕੱਲ ਇਨ੍ਹਾਂ ਨੇ 5 ਵਜੇ ਸੈਸ਼ਨ ਸੱਦਿਆ ਸੀ ਉਹ ਠੀਕ ਨਹੀਂ ਸੀ ਕਿਉਂਕਿ ਬਾਹਰ ਲੋਕ ਤਾਂ ਲਹੂ ਲੁਹਾਨ ਹੋਏ ਪਏ ਸਨ (ਵਿਘਨ) (ਸ਼ੋਰ) ਮੀਟਿੰਗ ਦੋਬਾਰਾ ਸੱਦ ਲੈਣੀ ਚਾਹੀਦੀ ਹੈ ।

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਇਕ ਬੜਾ ਸੀਰੀਅਸ ਮੈਟਰ ਦੱਸਣਾ ਚਾਹੁੰਦਾ ਹਾਂ । ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੱਲ ਜੋ ਇਨ੍ਹਾਂ ਨੇ ਡੈਮੋਕਰੇਸੀ ਦੀਆਂ ਧੱਜੀਆਂ ਉਡਾਈਆਂ ਉਹ ਤਾਂ ਅਲਹਿਦਾ ਗੱਲ ਹੈ । ਇਹ ਜਿਹੜਾ ਹਾਊਸ ਹੈ ਇਹ ਬੜਾ ਆਗਸਟ ਹਾਊਸ ਹੈ । ਮਾਨਯੋਗ ਸਪੀਕਰ ਸਾਹਿਬ ਦੀ ਪੋਜ਼ੀਸ਼ਨ ਬੜੀ ਅਹਿਮ ਹੈ (ਸਰਦਾਰ ਦਲੀਪ ਸਿੰਘ ਪਾਂਧੀ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹਾਊਸ ਦੀ ਬੜੀ ਭਾਰੀ ਤੌਹੀਨ

ਕੀਤੀ ਹੈ । ਸਪੀਕਰ ਸਾਹਿਬ, ਨੇ ਇਨ੍ਹਾਂ ਨੂੰ ਲੰਚ ਤੇ ਬੁਲਾਇਆ ਸੀ ਔਰ ਇਨਵੀਟੇਸ਼ਨ ਕਾਰਡ ਭੇਜੇ ਸਨ, ਉਹ ਸਰਦਾਰ ਸੰਤ ਸਿੰਘ ਅਤੇ ਦੂਜਿਆਂ ਨੇ ਹਾਊਸ ਵਿਚ ਸੁੱਟੇ ਹਨ, ਇਹ ਬੜਾ ਸੀਰੀਅਸ ਮੈਟਰ ਹੈ । ਇਸ ਦੇ ਲਈ ਇਹ ਮਾਫ਼ੀ ਮੰਗਣ (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਤੌਹੀਨ ਕੀਤੀ ਹੈ ਜਿਹੜੀ ਕਿ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ । ਜੇ, ਸਪੀਕਰ ਸਾਹਿਬ, ਸਾਡੇ ਵਲੋਂ ਇਨਵੀਟੇਸ਼ਨ ਹੁੰਦਾ ਤਾਂ ਇਹ ਬੇਸ਼ਕ ਸੁੱਟ ਦਿੰਦੇ ਪਰ ਸਪੀਕਰ ਦੇ ਇਨਵੀਟੇਸ਼ਨ ਨੂੰ ਇਸ ਤਰ੍ਹਾਂ ਸੁੱਟਣਾ ਠੀਕ ਨਹੀਂ । ਸਪੀਕਰ ਸਾਹਿਬ, ਇਨ੍ਹਾਂ ਨੂੰ ਦੱਸਿਆ ਜਾਵੇ ਕਿ ਡੈਮੋਕਰੇਸੀ ਕੀ ਹੁੰਦੀ ਹੈ । ਮੈਂ, ਸਪੀਕਰ ਸਾਹਿਬ, ਤੁਹਾਨੂੰ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ ਡੈਮੋਕਰੇਸੀ ਦਾ ਮਾਇਨਾ ਦੱਸੋ । ਬਾਦਲ ਸਾਹਿਬ ਅਤੇ ਸਰਦਾਰ ਸੁਖਜਿੰਦਰ ਸਿੰਘ ਇਥੇ ਡੈਮੋਕਰੇਸੀ ਦੀਆਂ ਗੱਲਾਂ ਕਰਦੇ ਹਨ ਇਹ ਆਪਣੇ ਮੈਂਬਰਾਂ ਨੂੰ ਕਿਉਂ ਨਹੀਂ ਸਿਖਾਉਂਦੇ । ਤੁਸੀਂ, ਸਪੀਕਰ ਸਾਹਿਬ, ਇਸ ਗੱਲ ਦਾ ਨੋਟਿਸ ਲਓ । ਤੁਹਾਡੀ ਤੌਹੀਨ ਸਾਰੇ ਹਾਊਸ ਦੀ ਤੌਹੀਨ ਹੈ ।

ਸ੍ਰੀ ਸਪੀਕਰ : ਜਿਤਨੇ ਨਾਅਰੇ ਸਨ ਉਹ ਮੈਂ ਐਕਸਪੰਜ ਕਰ ਦਿੱਤੇ ਹਨ । ਪਰਸੋਂ ਮੇਰੇ ਕੋਲ ਅਖ਼ਬਾਰਾਂ ਵਾਲੇ ਆਏ ਸਨ । ਉਨ੍ਹਾਂ ਨੇ ਮੈਨੂੰ ਇਕ ਗੱਲ ਪੁੱਛੀ ਸੀ ਜਿਹੜੀ ਕਿ ਟ੍ਰਿਬਿਊਨ ਵਿਚ ਵੀ ਛਪੀ ਸੀ । ਉਨ੍ਹਾਂ ਨੇ ਮੈਨੂੰ ਪੁੱਛਿਆ ਸੀ ਕਿ ਕੀ ਤੁਸੀਂ ਕਿਸੇ ਚੀਜ਼ ਦੀ ਉਮੀਦ ਕਰਦੇ ਹੋ । ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਸਾਰੇ ਵਧਾਇਕ ਸੀਜ਼ਨਡ ਪਾਰਲੀਮੈਂਟੇਰੀਅਨ ਹਨ । ਮੈਨੂੰ ਆਪਣੇ ਵਿਧਾਇਕਾਂ ਤੇ ਮਾਣ ਵੀ ਹੈ, ਗੌਰਵ ਵੀ ਹੈ । ਇਸ ਲਈ ਜੇ ਗੁੱਸੇ ਵਿਚ ਆ ਕੇ ਇਨ੍ਹਾਂ ਨੇ ਮੇਰੇ ਖ਼ਿਲਾਫ ਨਾਅਰੇ ਵੀ ਲਗਾਏ ਹਨ ਤਾਂ ਵੀ ਮੇਰੇ ਮਨ ਵਿਚ ਉਸਦਾ ਕੋਈ ਗਿਲਾ ਨਹੀਂ । ਮੈਂ ਫਿਰ ਆਨਰੇਬਲ ਮੈਂਬਰਜ਼ ਨੂੰ ਇਸ ਗਲ ਦੀ ਅਪੀਲ ਕਰਦਾ ਹਾਂ ਕਿ ਇਥੇ ਸਾਰੇ ਮੈਂਬਰ ਲੋਕਾਂ ਦੇ ਮਸਲੇ ਪ੍ਰੋਜੈਕਟ ਕਰਨ ਵਾਸਤੇ ਆਏ ਹਨ । ਇਸ ਲਈ ਛੋਟੀਆਂ ਛੋਟੀਆਂ ਗੱਲਾਂ ਵਿਚ ਪੈ ਕੇ ਹਾਊਸ ਦਾ ਕੀਮਤੀ ਵਕਤ ਜ਼ਾਇਆ ਕਰਨਾ ਠੀਕ ਨਹੀਂ ਹੈ । ਇਸ ਤਰੀਕੇ ਨਾਲ ਲੋਕਾਂ ਦੇ ਮਸਲੇ ਪਿੱਛੇ ਰਹਿ ਜਾਂਦੇ ਹਨ । ਮੈਂ ਮੈਂਬਰਜ਼ ਨੂੰ ਬੋਲਣ ਦਾ ਕਾਫੀ ਮੌਕਾ ਦਿੱਤਾ ਹੈ । ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਅਪੀਲ ਕਰਾਂਗਾ ਕਿ ਅਗਲੀ ਆਈਟਮ ਰੈਜ਼ੋਲਿਊਸ਼ਨ ਹੈ ।ਅੱਜ ਨਾਨ-ਆਫੀਸ਼ੀਅਲ ਡੇ ਹੈ । ਕਾਮਰੇਡ ਕੁਲਵੰਤ ਸਿੰਘ ਜੀ ਅਪਣਾ ਰੈਜ਼ੋਲਿਊਸ਼ਨ ਪੇਸ਼ ਕਰਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ ਆਰਡਰ, ਸਰ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ । ਤੁਸੀਂ ਸਾਨੂੰ ਬੋਲਣ ਨਹੀਂ ਦੇ ਰਹੇ । ਫਿਰ ਇਸ ਤਰ੍ਹਾਂ ਹਾਊਸ ਦੇ ਫੰਕਸ਼ਨ ਕਰਨ ਦਾ ਕੀ ਫਾਇਦਾ ਹੈ ?

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਜ ਕੁਲਵੰਤ ਸੰਘ ਜੀ ਅਪਣਾ ਰੈਜ਼ੋਲਿਊਸ਼ਨ ਪੇਸ਼ ਨਹੀਂ ਕਰਦੇ ਤਾਂ ਅਗਲਾ ਰੈਜ਼ੋਲਿਊਸ਼ਨ ਪੇਸ਼ ਕਰਨ ਲਈ ਕਿਹਾ ਜਾਵੇ ।

ਸ੍ਰੀ ਸਪੀਕਰ : ਕਾਮਰੇਡ ਕੁਲਵਤ ਸਿੰਘ ਜੀ, ਅਗਰ ਤੁਸੀਂ ਰੈਜ਼ੋਲਿਊਸ਼ਨ ਆਪਣਾ ਪੇਸ਼ ਨਹੀਂ ਕਰਨਾ ਤਾਂ ਮੈਂ ਅਗਲਾ ਰੈਜ਼ੋਲਿਊਸ਼ਨ ਲੈ ਲਵਾਂਗਾ । ਕਾਮਰੇਡ ਕੁਲਵੰਤ ਸਿੰਘ ਜੀ, ਮੈਂ ਤੁਹਾਨੂੰ ਦੁਬਾਰਾ ਚਾਂਸ ਦੇ ਰਿਹਾ ਹਾਂ । ਅਗਰ ਤੁਸੀਂ ਅਪਣਾ ਰੈਜ਼ੋਲਿਊਸ਼ਨ ਪੇਸ਼ ਨਹੀਂ ਕਰਦੇ ਤਾਂ ਮੈਂ ਅਗਲਾ ਰੈਜ਼ੋਲਿਊਸ਼ਨ ਪੇਸ਼ ਕਰਨ ਲਈ ਕਾਲ ਅਪਾਨ ਕਰਾਂਗਾ ।

(ਇਸ ਸਮੇਂ ਕਾਮਰੇਡ ਕੁਲਵੰਤ ਸਿੰਘ ਆਪਣਾ ਰੈਜ਼ੋਲਿਊਸ਼ਨ ਪੇਸ਼ ਕਰਨ ਲਈ ਨਹੀਂ ਖੜ੍ਹੇ ਹੋਏ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਲਈ ਟਾਈਮ ਨਹੀਂ ਦੇ ਰਹੇ।

SQUATTING ON THE FLOOR OF THE HOUSE

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਾਨੂੰ ਤੁਹਾਡੇ ਕੋਲੋਂ ਇਹ ਉਮੀਦ ਨਹੀਂ ਕਿ ਸਾਨੂੰ ਇਥੇ ਇਨਸਾਫ ਮਿਲੇਗਾ। ਇਸ ਲਈ ਅਸੀਂ ਮਜਬੂਰ ਹੋ ਕੇ ਐਜ਼ ਏ ਪ੍ਰੋਟੈਸਟ ਇਥੇ ਸਦਨ ਦੇ ਫਲੋਰ ਤੇ ਬੈਠਾਂਗੇ। ਸਾਡਾ ਅਗਲਾ ਜੋ ਐਕਸ਼ਨ ਹੋਵੇਗਾ ਉਹ ਤੁਹਾਡੇ ਸਾਹਮਣੇ ਆ ਜਾਵੇਗਾ। (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ), ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਫਲੋਰ ਤੇ ਆ ਕੇ ਬੈਠ ਗਏ ਅਤੇ ** ** ** ਨਾਅਰੇ ਲਗਾਉਣ ਲੱਗ ਪਏ।

ਸ੍ਰੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੋਂ ਨਹੀਂ ਬੋਲ ਰਹੇ ਅਤੇ ਸਦਨ ਦੇ ਫਲੋਰ ਤੇ ਆ ਕੇ ਬੈਠ ਕੇ ਨਾਅਰੇ ਲਗਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ। ਸਰਦਾਰ ਉਜਾਗਰ ਸਿੰਘ ਜੀ, ਤੁਸੀਂ ਅਪਣਾ ਰੈਜ਼ੋਲਿਊਸ਼ਨ ਮੂਵ ਕਰੋ।

RESOLUTION(S)

(i) Re. COMPLETE NATIONALISATION OF THE PASSENGER TRANSPORT IN THE STATE

Sardar Ujagar Singh (Balluana, S.C.) : Sir, I beg to move—

"With a view to ensure a reasonable passenger transport service to the public, this House recommends to the State Government to take steps for complete nationalisation of the passenger transport in the State."

ਸਪੀਕਰ ਸਾਹਿਬ, ਅੱਜ ਟਰਾਂਸਪੋਰਟ ਦੀ ਹਾਲਤ ਇਹ ਹੈ ਕਿ 60% ਸਰਕਾਰ ਚਲਾਉਂਦੀ ਹੈ ਅਤੇ 40% ਪ੍ਰਾਈਵੇਟ ਟਰਾਂਸਪੋਰਟਰਜ਼ ਚਲਾਉਂਦੇ ਹਨ। 40% ਉਹ ਪ੍ਰਾਈਵੇਟ ਟਰਾਂਸਪੋਰਟਜ਼ ਚਲਾਉਂਦੇ ਹਨ ਜਿਹੜੇ ਕਿ ਸਾਹਮਣੇ ਬੈਠੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਵੀਰਾਂ ਵਿੱਚੋਂ ਹਨ ਅਤੇ ਜਿਹੜੇ ਕਿਰਾਏ ਦੇ ਵਾਧੇ ਦੇ ਖਿਲਾਫ ਰੌਲਾ ਪਾਉਂਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਇੱਕ ਰਿਪਰਜ਼ੈਂਟੇਸ਼ਨ ਦਿੱਤੀ ਸੀ। ਇਨ੍ਹਾਂ ਨੇ ਪਤਾ ਨਹੀਂ ਉਸ ਰਿਪਰਜ਼ੈਂਟੇਸ਼ਨ ਦਾ ਕੀ ਕੀਤਾ। ਇਹ ਜਿਹੜੇ ਧਨਾਢ ਅਕਾਲੀ ਹਨ ਇਹ ਗੌਰਮਿੰਟ ਦਾ ਜਿਹੜਾ ਪੈਸੰਜਰ ਟੈਕਸ ਹੈ, ਉਸ ਤੋਂ ਬਚਣ ਲਈ ਟਿਕਟਾਂ ਨਹੀਂ ਕੱਟਦੇ ਪਰ ਲੋਕਾਂ ਤੋਂ ਪੂਰੇ ਪੈਸੇ ਵਸੂਲ ਕਰ ਲੈਂਦੇ ਹਨ। ਇਹ ਸਟੂਡੈਂਟਸ ਤੋਂ ਮੁਜ਼ਾਹਰੇ ਕਰਵਾਉਂਦੇ ਹਨ ਉਨ੍ਹਾਂ ਨੂੰ ਮਰਵਾਉਂਦੇ ਹਨ। ਪੰਜਾਬ ਦੇ ਸੂਬੇ ਦੀ ਲਾਅ ਐਂਡ ਆਰਡਰ ਦੀ ਹਾਲਤ ਨੂੰ ਇਨ੍ਹਾਂ ਨੇ ਵਿਗਾੜ ਛੱਡਿਆ ਹੈ। ਇਨ੍ਹਾਂ ਵਿੱਚ ਬੈਠੇ ਟਰਾਂਸਪੋਰਟਰਜ਼ ਇਹ ਨਹੀਂ ਚਾਹੁੰਦੇ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਜਾਵੇ।

**Not recorded as ordered by the Chair.

(ਇਸ ਵੇਲੇ ਸਦਨ ਦੀ ਮੇਜ਼ ਦੇ ਕੋਲ ਧਰਨਾ ਮਾਰੀ ਬੈਠੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨਾਅਰੇ ਲਗਾ ਰਹੇ ਸਨ, ਬੋਲ ਰਹੇ ਸਨ ਅਤੇ ਹਾਊਸ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਜਿਸ ਕਾਰਣ ਕੁਝ ਵੀ ਨਹੀਂ ਸੀ ਸੁਣਾਈ ਦੇ ਰਿਹਾ ।)

ਸਪੀਕਰ ਸਾਹਿਬ, ਇਨ੍ਹਾਂ ਵਿੱਚ ਬੈਠੇ ਵੱਡੇ ਟਰਾਂਸਪੋਰਟਰਜ਼ ਗੌਰਮਿੰਟ ਦਾ ਟੈਕਸ ਚੋਰੀ ਕਰਦੇ ਹਨ । ਸਰਕਾਰ ਇਨ੍ਹਾਂ ਦੇ ਖ਼ਿਲਾਫ ਐਕਸ਼ਨ ਲਵੇ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਤਨੀ ਬੇਨਤੀ ਕਰਾਂਗਾ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ । ਧੰਨਵਾਦ ।

Mr. Speaker : Motion moved—

"With a view to ensure a reasonable passenger transport service to the public, this House recommends to the State Government to take steps for complete nationalisation of the passenger transport in the State."

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕ ਠੀਕ ਤਰ੍ਹਾਂ ਨਾਲ ਸੁਣਾਈ ਨਹੀਂ ਸੀ ਦੇ ਰਿਹਾ । ਵਿਰੋਧੀ ਧਿਰ ਦੇ ਮਾਨਯੋਗ ਮੈਂਬਰ ਸਦਨ ਦੇ ਫਰਸ਼ ਤੇ ਧਰਨਾ ਮਾਰੀ ਬੈਠੇ ਸਨ । ਉਹ ਕੁਝ ਬੋਲ ਰਹੇ ਸਨ ਜੋ ਕਿ ਸ੍ਰੀ ਸਪੀਕਰ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ।)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) : ਸਪੀਕਰ ਸਾਹਿਬ, ਇਹ ਜੋ ਮਤੇ ਅੱਜ ਦੇ ਹਨ, ਇਨ੍ਹਾਂ ਵਿਚ ਇਕ ਮਤਾ ਸਰਦਾਰ ਉਜਾਗਰ ਸਿੰਘ ਜੀ ਦਾ ਹੈ । ਉਨ੍ਹਾਂ ਨੇ ਇਸ ਮਤੇ ਰਾਹੀਂ ਇਹ ਮੰਗ ਕੀਤੀ ਹੈ ਕਿ ਅੱਜ ਹਾਊਸ ਟਰਾਂਸਪੋਰਟ ਦੀ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਵਾਸਤੇ ਸਰਕਾਰ ਪਾਸ ਸਿਫਾਰਸ਼ ਕਰੇ । ਇਸ ਬਾਰੇ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਕਮਿਊਨਿਸਟ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਤਰ੍ਹਾਂ ਨਾ ਕਰਨ । ਸਰਮਾਇਦਾਰਾਂ ਦਾ, ਇਜ਼ਾਰੇਦਾਰਾਂ ਦਾ ਸਾਥ ਛੱਡ ਕੇ ਆਪਣੀਆਂ ਆਪਣੀਆਂ ਸੀਟਾਂ ਤੇ ਜਾ ਕੇ ਬੈਠਣ ।

(ਸਦਨ ਦੇ ਫਰਸ਼ ਤੇ ਬੈਠੇ ਮਾਨਯੋਗ ਮੈਂਬਰਾਂ ਵੱਲੋਂ ਵਿਘਨ ਤੇ ਸ਼ੋਰ)

ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੁੰਦਾ ਹੈ ਕਿ ਜਿਹੜੇ ਲੋਕ ਪਰਚਾਰ ਕਰਦੇ ਹੋਣ, ਆਪਣੇ ਮੈਨੀਫੈਸਟੋ ਦੇ ਵਿਚ ਇਹ ਬਾਰ ਬਾਰ ਲਿਖਦੇ ਹੋਣ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਵਾਵਾਂਗੇ ਉਹ ਅੱਜ ਵੇਖਿਆ ਗਿਆ ਹੈ ਕਿ ਇਜ਼ਾਰੇਦਾਰਾਂ ਦਾ ਸਾਥ ਦੇ ਰਹੇ ਹਨ । ਇਸ ਤੋਂ, ਸਪੀਕਰ ਸਾਹਿਬ, ਸਾਫ ਜ਼ਾਹਿਰ ਹੈ ਕਿ ਉਹ ਇਸ ਦੀ ਨੈਸ਼ਨੇਲਾਈਜ਼ੇਸ਼ਨ ਨਹੀਂ ਚਾਹੁੰਦੇ ।.... (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਕਮਿਊਨਿਸਟ ਭਰਾ ਅੱਜ ਇਨ੍ਹਾਂ ਅਕਾਲੀ ਵੀਰਾਂ ਦੀ ਝੋਲੀ ਵਿਚ ਪੈ ਚੁਕੇ ਹਨ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪੋਜ਼ੀਸ਼ਨ ਦੇ ਵੀਰਾਂ ਨੂੰ ਵੀ ਕਹਾਂਗਾ ਕਿ ਜੇਕਰ ਤੁਸੀਂ ਆਪਣੇ ਆਪ ਨੂੰ ਇਮਾਨਦਾਰ ਗਿਣਦੇ ਹੋ ਤਾਂ ਜਿਹੜੀਆਂ ਗੱਲਾਂ ਤੁਸੀਂ ਲੋਕਾਂ ਵਿਚ ਜਾ ਕੇ ਕਹਿੰਦੇ ਹੋ ਕਿ ਅਸੀਂ ਅਸੈਂਬਲੀ ਵਿਚ ਜਾ ਕੇ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਵਾਵਾਂਗੇ, ਉਨ੍ਹਾਂ ਆਪਣੇ ਕੀਤੇ ਵਾਇਦਿਆਂ ਨੂੰ ਪੂਰਾ ਕਰਵਾਉਣ ਵਾਸਤੇ ਤੁਸੀਂ ਆਉ, ਸਾਡੇ ਨਾਲ ਬੈਠੋ । ਜੇਕਰ ਤੁਸੀਂ ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਦੇ ਹਾਮੀ ਹੋ ਤਾਂ ਆਉ ਸਾਡੇ ਨਾਲ ਬੈਠੋ ।

[ਗੋਪਾਲ ਕ੍ਰਿਸ਼ਨ ਚਤਰਥ]

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪ੍ਰਾਈਵੇਟ ਟਰਾਂਸਪੋਰਟ ਜਿਹੜੀ ਹੈ ਇਹ ਇਕ ਅੱਜ ਪੁਲੀਟੀਕਲ ਕੁਰੱਪਸ਼ਨ ਦਾ ਅੱਡਾ ਬਣੀ ਹੋਈ ਹੈ। ਜਿਹੜੇ ਸਰਕਾਰੀ ਟੈਕਸ ਹਨ ਉਨ੍ਹਾਂ ਦੀ ਚੋਰੀ ਕੀਤੀ ਜਾਂਦੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਅੱਗੇ ਬੇਨਤੀ ਕਰਾਂਗਾ ਕਿ ਟਰਾਂਸਪੋਰਟ ਸਰਕਾਰ ਨੂੰ ਨੈਸ਼ਨੇਲਾਈਜ਼ ਕਰਨੀ ਚਾਹੀਦੀ ਹੈ। (ਥੰਪਿੰਗ) (ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ)

ਸਪੀਕਰ ਸਾਹਿਬ, ਤੁਸੀਂ ਵੇਖ ਲਵੋ, ਅਕਾਲੀ ਵੀਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੈਠਾ ਹੈ। ਇਸ ਦੀਆਂ 100 ਬੱਸਾਂ ਹਨ। ਢੀਂਡਸਾ ਸਾਹਿਬ ਬੈਠੇ ਹਨ। ਬਲਵੰਤ ਸਿੰਘ ਦਾ ਨਾਉਂ ਮੈਂ ਇਸ ਲਈ ਨਹੀਂ ਲੈਂਦਾ ਕਿਉਂਕਿ ਇਨ੍ਹਾਂ ਦਾ ਸਾਰਾ ਕਾਰੋਬਾਰ ਹੀ ਬੇਨਾਮੀ ਹੈ। (ਹਾਸਾ) (ਵਿਘਨ) (ਸ਼ੋਰ) ਜੇਕਰ ਇੰਡਸਟਰੀ ਹੈ ਤਾਂ ਉਹ ਵੀ ਬੇਨਾਮੀ, ਜੇਕਰ ਜ਼ਮੀਨ ਵਗੈਰਾ ਹੈ ਤਾਂ ਉਹ ਵੀ ਬੇਨਾਮੀ, ਮਤਲਬ ਕੀ ਕਿ ਇਸ ਦਾ ਤਾਂ ਸਭ ਕੁਝ ਹੀ ਬੇਨਾਮੀ ਹੈ, ਇਸ ਕਰਕੇ, ਸਪੀਕਰ ਸਾਹਿਬ, ਮੈਂ ਇਸ ਦਾ ਨਾਮ ਨਹੀਂ ਲੈਂਦਾ।

ਸਪੀਕਰ ਸਾਹਿਬ, ਜਿਤਨੀ ਚੋਰੀ ਟੈਕਸਾਂ ਦੀ ਪ੍ਰਾਈਵੇਟ ਟਰਾਂਸਪੋਰਟਰਜ਼ ਕਰ ਰਹੇ ਹਨ ਉਤਨੀ ਸ਼ਾਇਦ ਹੀ ਕੋਈ ਹੋਰ ਕਰ ਰਿਹਾ ਹੋਵੇ। ਇਸ ਕਰਕੇ ਹੀ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਘਾਟਾ ਪੈ ਰਿਹਾ ਹੈ। ਹੁਣ ਜਦੋਂ ਇਹ ਰੈਜ਼ੋਲਿਊਸ਼ਨ ਆਇਆ ਹੈ ਕਿ ਟਰਾਂਸਪੋਰਟ ਦੀ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਟਰਾਂਸਪੋਰਟ ਦਾ ਫਿਕਰ ਪੈ ਗਿਆ ਹੈ। ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਬਾਦਲ ਸਾਹਿਬ ਦੀ ਟਰਾਂਸਪੋਰਟ ਨੂੰ ਤਾਂ ਜ਼ਰੂਰ ਨੈਸ਼ਨੇਲਾਈਜ਼ ਕਰੋ (ਸ਼ੋਰ) ਮੈਂ ਇਹ ਗੱਲ, ਸਪੀਕਰ ਸਾਹਿਬ, ਬੜੀ ਇਮਾਨਦਾਰੀ ਨਾਲ ਕਹਿ ਰਿਹਾ ਹਾਂ ਕਿ ਅੱਜ ਪ੍ਰਾਈਵੇਟ ਪੈਸਿੰਜਰ ਟਰਾਂਸਪੋਰਟਰ ਟੈਕਸਾਂ ਦੀ ਬਹੁਤ ਚੋਰੀ ਕਰ ਰਿਹਾ ਹੈ। ਕਮਿਊਨਿਸਟ ਭਰਾਵਾਂ ਨੂੰ ਮੈਂ ਫਿਰ ਕਹਾਂਗਾ ਕਿ ਤੁਸੀਂ ਕਿਉਂ ਇਨ੍ਹਾਂ ਦੇ ਨਾਲ ਰਲਦੇ ਹੋ। 43% ਕਿਰਾਏ ਵਿਚ ਵਾਧਾ ਇਸ ਕਰਕੇ ਹੀ ਸਰਕਾਰ ਨੇ ਕੀਤਾ ਹੈ ਕਿ ਇਨ੍ਹਾਂ ਪ੍ਰਾਈਵੇਟ ਟਰਾਂਸਪੋਰਟਰਾਂ ਨੇ ਟੈਕਸਾਂ ਦੀ ਚੋਰੀ ਕਰਕੇ ਸਰਕਾਰ ਨੂੰ ਘਾਟੇ ਵਿਚ ਰੱਖਿਆ ਹੈ। ਇਸ ਲਈ ਕਾਮਰੇਡੋ, ਕੁਝ ਖ਼ਿਆਲ ਕਰੋ, ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਵਾਓ ਔਰ ਟਰਾਂਸਪੋਰਟ ਨੂੰ ਆਓ ਨੈਸ਼ਨੇਲਾਈਜ਼ ਕਰਵਾਓ। ਆਓ, ਆਪਾਂ ਸਾਰੇ ਹੀ ਇਹ ਯੂਨਾਨੀਮਸਲੀ ਸਰਕਾਰ ਨੂੰ ਰਿਕਮੈਂਡ ਕਰੀਏ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ। ਤੁਸੀਂ ਅੱਜ ਸਰਮਾਇਦਾਰ ਜਮਾਤ ਦੇ ਨਾਲ ਕਿਉਂ ਰਲੀ ਫਿਰਦੇ ਹੋ।

ਸਪੀਕਰ ਸਾਹਿਬ, ਮੈਂ ਇਹ ਮਾਨਯੋਗ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਅਸੀਂ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਪਾਸ ਕਰੀਏ ਤੇ ਸਰਕਾਰ ਨੂੰ ਕਹੀਏ ਕਿ ਉਹ ਪੈਸਿੰਜਰ ਟਰਾਂਸਪੋਰਟ ਦੀ ਕੰਪਲੀਟ ਨੈਸ਼ਨੇਲਾਜ਼ੇਸ਼ਨ ਕਰੇ ਔਰ ਜੋ ਕੁਝ ਟੈਕਸ ਚੋਰੀ ਕਰਕੇ ਬਾਦਲ ਸਾਹਿਬ ਨੇ ਔਰ ਢੀਂਡਸਾ ਸਾਹਿਬ ਨੇ ਰੱਖਿਆ ਹੈ, ਉਹ ਕਢਵਾਵੇ। (ਥੰਪਿੰਗ)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ।)

ਸਰਦਾਰ ਬੀਰਦਵਿੰਦਰ ਸਿੰਘ (ਸਰਹਿੰਦ) : ਸਪੀਕਰ ਸਾਹਿਬ, ਅਜ ਸੱਭ ਤੋਂ ਪਹਿਲਾ ਮਤਾ ਕਾਮਰੇਡ ਕੁਲਵੰਤ ਸਿੰਘ ਦਾ ਲਿਆ ਜਾਣਾ ਸੀ ਪਰ ਉਹ ਉਨ੍ਹਾਂ ਨੇ ਪੇਸ਼ ਨਹੀਂ ਕੀਤਾ। ਇਸ ਬਾਰੇ ਵੀ ਮੈਂ ਆਪਣੇ ਵਿਚਾਰ ਪੇਸ਼ ਕਰਨੇ ਸਨ ਪਰ ਇਨ੍ਹਾਂ ਮੇਰੇ ਵੀਰਾ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਸ ਤਰ੍ਹਾਂ ਕਰਕੇ ਇਸ ਵਿਚ ਬੰਧਨ ਪਾ ਦਿੱਤਾ ਹੈ।

ਸਪੀਕਰ ਸਾਹਿਬ, ਦੂਸਰਾ ਮਤਾ ਟਰਾਂਸਪੋਰਟ ਦੇ ਕੌਮੀ ਕਰਨ ਬਾਰੇ ਹਾਊਸ ਦੇ ਸਾਹਮਣੇ ਪੇਸ਼ ਹੈ (ਇਸ ਸਮੇਂ ਵਿਰੋਧੀ ਧਿਰ ਦੇ ਮਾਨਯੋਗ ਮੈਂਬਰ ਸਦਨ ਦੇ ਫਰਸ਼ ਤੇ ਬੈਠੇ ਬੋਲ ਰਹੇ ਸਨ ਜੋ ਕਿ ਸ਼੍ਰੀ ਸਪੀਕਰ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ।)

ਸਪੀਕਰ ਸਾਹਿਬ, ਪਤਾ ਨਹੀਂ ਇਹ ਮੇਰੇ ਵੀਰ ਜਿਹੜੇ ਭੁੰਜੇ ਬੈਠੇ ਹਨ ਕਿਸ ਮਤੇ ਤੇ ਬੋਲ ਰਹੇ ਹਨ । ਸਪੀਕਰ ਸਾਹਿਬ, ਅੱਜ ਟਰਾਂਸਪੋਰਟ ਦੇ ਕੌਮੀਕਰਨ ਦਾ ਮਤਾ ਹਾਊਸ ਦੇ ਦਰ ਪੇਸ਼ ਹੈ । ਮੈਂ ਇਹ ਗੱਲ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਜਿਹੜੇ ਮੈਂਬਰ ਭੁੰਜੇ ਬੈਠੇ ਹਨ ਇਹ ਕੌਮੀਕਰਨ ਦੇ ਖਿਲਾਫ ਹਨ । ਮੈਂ ਕਮਿਊਨਿਸਟ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੇ ਕੌਮੀਕਰਨ ਦਾ ਮਤਾ ਜਿਹੜਾ ਹੈ ਤੁਸੀਂ ਉਸ ਦੀ ਵਿਰੋਧਤਾ ਕਿਉਂ ਕਰਦੇ ਹੋ, ਇਸ ਬਾਰੇ ਤਾਂ ਤੁਸੀਂ ਮੰਗ ਕਰਦੇ ਹੁੰਦੇ ਸੀ । ਸਪੀਕਰ ਸਾਹਿਬ, ਮੈਂ ਤੁਹਾਨੂੰ ਐਡਰੈਸ ਕਰ ਰਿਹਾ ਹਾਂ । ਇਕ ਪੰਜਾਬੀਆਂ ਦੀ ਰਿਵਾਇਤ ਹੈ ਕਿ ਜਦੋਂ ਕਿਸੇ ਦਾ ਆਖਰੀ ਮੌਕਾ ਆ ਜਾਂਦਾ ਹੈ ਤਾਂ ਉਸ ਨੂੰ ਮੰਜੇ ਤੋਂ ਭੁੰਜੇ ਲਾਹ ਦਿੰਦੇ ਹਾਂ । (ਹਾਸਾ) (ਥੰਪਿੰਗ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਦਾ (ਵਿਰੋਧੀ ਧਿਰ ਵੱਲ ਇਸ਼ਾਰਾ) ਹੁਣ ਪੰਜਾਬ ਦੀ ਸਿਆਸਤ ਵਿਚ ਆਖਰੀ ਸਮਾਂ ਆ ਗਿਆ ਹੈ ।

(ਇਸ ਵੇਲੇ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬਾਨ ਵਿਚੋਂ ਬਹੁਤ ਸਾਰੇ ਮੈਂਬਰ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਜਿਸ ਕਾਰਨ ਸਰਦਾਰ ਬੀਰਦਵਿੰਦਰ ਸਿੰਘ ਜੀ ਦੀ ਸਪੀਚ ਚੰਗੀ ਤਰ੍ਹਾਂ ਸੁਣਾਈ ਨਹੀਂ ਸੀ ਦੇ ਰਹੀ ।)

ਸਪੀਕਰ ਸਾਹਿਬ, ਅੱਜ ਇਹ ਆਪੋਜ਼ੀਸ਼ਨ ਦੇ ਮੈਂਬਰ ਜੋ ਕੁਝ ਇਥੇ ਕਰ ਰਹੇ ਹਨ, ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਟ੍ਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਨਹੀਂ ਚਾਹੁੰਦੇ । ਬਾਦਲ ਸਾਹਿਬ ਨਹੀਂ ਚਾਹੁੰਦੇ ਕਿ ਇਹ ਟ੍ਰਾਂਸਪੋਰਟ ਦਾ ਮਤਾ ਇਥੇ ਆਉਂਦਾ । ਇਸ ਕਰਕੇ ਹੀ ਇਨ੍ਹਾਂ ਨੇ ਇਥੇ ਇਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਹੈ ।

(ਇਸ ਵੇਲੇ ਕਈ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨਾਅਰੇ ਵੀ ਲਾ ਰਹੇ ਸਨ ਜੋ ਕਿ ਸ਼੍ਰੀ ਸਪੀਕਰ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ।)

ਸਪੀਕਰ ਸਾਹਿਬ, ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਹ ਨਹੀਂ ਚਾਹੁੰਦੇ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦੇ ਬਾਰੇ ਕੋਈ ਗੱਲ ਇਥੇ ਕੀਤੀ ਜਾਵੇ । ਇਸ ਲਈ ਅੱਜ ਇਹ ਇਥੇ ਨਾਅਰੇ ਵੀ ਲਾਉਂਦੇ ਹਨ ਅਤੇ ਹਾਊਸ ਦੀ ਕਾਰਵਾਈ ਵੀ ਚਲਨ ਨਹੀਂ ਦੇ ਰਹੇ । ਸਪੀਕਰ ਸਾਹਿਬ, ਹੁਣ ਤੋਂ ਅੱਧਾ ਘੰਟਾ ਪਹਿਲੇ ਇਹ ਕਹਿ ਰਹੇ ਸਨ ਕਿ ਹਾਊਸ ਦੀ ਕਾਰਵਾਈ ਠੀਕ ਢੰਗ ਨਾਲ ਚਲਣੀ ਚਾਹੀਦੀ ਹੈ । ਪਰ ਜਿਸ ਤਰੀਕੇ ਨਾਲ ਇਹ ਹੁਣ ਹਾਲ ਕਰ ਰਹੇ ਹਨ ਇਹ ਇਨ੍ਹਾਂ ਵਾਸਤੇ ਬੜੀ ਸ਼ਰਮ ਦੀ ਗੱਲ ਹੈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਇਹ ਸਾਰੇ ਹਾਊਸ ਦੀ ਤੌਹੀਨ ਕਰ ਰਹੇ ਹਨ । ਇਹ ਜਿਹੜਾ ਰਵੱਈਆ ਆਪੋਜ਼ੀਸ਼ਨ ਦਾ ਹੈ, ਇਹ ਠੀਕ ਨਹੀਂ । ਇਹ ਬਾਰ ਬਾਰ ਕਹਿ ਰਹੇ ਹਨ ਕਿ ਜੇ ਹਾਊਸ ਇਸ ਤਰ੍ਹਾਂ ਨਾਲ ਚਲਾਉਗੇ ਤਾਂ ਇਸ ਦੇ ਨਤੀਜੇ ਭੈੜੇ ਨਿਕਲਣਗੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ :

"ਹਰ ਇਕ ਬਾਤ ਪਰ ਕਹਿਤੇ ਹੈਂ ਕਿ ਤੂੰ ਕਿਆ ਹੈ
ਹਮ ਇਨਸੇ ਪੂਛਤੇ ਹੈਂ ਕਿ ਤੂੰ ਹੀ ਬਤਾ ਅੰਦਾਜ਼ੇ ਗੁਫਤਗੂ ਕਿਆ ਹੈ ।"

[ਸਰਦਾਰ ਬੀਰਦਵਿੰਦਰ ਸਿੰਘ]

ਟ੍ਰਾਂਸਪੋਰਟ ਦੀ ਕੌਮੀਕਰਨ ਦਾ ਮਸਲਾ ਅੱਜ ਹਾਊਸ ਦੇ ਸਾਹਮਣੇ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਆਪੋਜ਼ੀਸ਼ਨ ਦੇ ਮੈਂਬਰਾਂ ਦੇ ਵਿਚ ਬਹੁਤ ਸਾਰੇ ਮੈਂਬਰਜ਼ ਵੱਡੇ ਵੱਡੇ ਟ੍ਰਾਂਸਪਰਟਰਜ਼ ਹਨ ਇਸ ਲਈ ਇਹ ਜ਼ਾਹਰ ਹੈ ਕਿ ਇਹ ਇਸ ਮਤੇ ਨਾਲ ਅਸਹਿਮਤ ਹਨ ਔਰ ਇਹ ਨਹੀਂ ਚਾਹੁੰਦੇ ਕਿ ਇਹ ਮਤਾ ਪਾਸ ਹੋਵੇ । ਪਰ ਸਪੀਕਰ ਸਾਹਿਬ ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਇਹ ਸਿਫਾਰਸ਼ ਕਰਦਾ ਹਾਂ ਕਿ ਸਰਦਾਰ ਉਜਾਗਰ ਸਿੰਘ ਨੇ ਜਿਹੜਾ ਇਹ ਮਤਾ ਲਿਆਂਦਾ ਹੈ ਇਸ ਨੂੰ ਸਰਵਸਮਤੀ ਨਾਲ ਪਾਸ ਕੀਤਾ ਜਾਵੇ ।

ਸ੍ਰੀ ਭਗਵਾਨ ਦਾਸ (ਕੋਟਕਪੂਰਾ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਇਥੇ ਪੇਸ਼ ਹੋਇਆ ਹੈ ਸਾਡੇ ਆਪੋਜ਼ੀਸ਼ਨ ਦੇ ਮੈਂਬਰ ਜਾਣਦੇ ਹਨ ਕਿ ਇਸ ਦੇ ਪਾਸ ਹੋਣ ਨਾਲ ਇਨ੍ਹਾਂ ਦੀ ਲੁੱਟ ਖਸੁੱਟ ਖਤਮ ਹੋ ਜਾਵੇਗੀ ! ਇਸ ਲਈ ਇਹ ਇਤਨਾ ਰੌਲਾ ਪਾਕੇ ਸਾਡੀ ਸਪੀਚ ਵੀ ਨਹੀਂ ਸੁਣਨਾ ਚਾਹੁੰਦੇ । ਕੱਲ੍ਹ ਇਨ੍ਹਾਂ ਨੇ ਜੋ ਇਥੇ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ ਹੈ ਉਹ ਤੁਹਾਨੂੰ ਪਤਾ ਹੀ ਹੈ । ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਅੰਗਰੇਜ਼ਾਂ ਤੋਂ ਵੀ ਨਹੀਂ ਡਰੇ ਸੀ ਅਤੇ ਉਨ੍ਹਾਂ ਦੇ ਵਿਰੁੱਧ ਲੜਾਈ ਲੜੀ ਸੀ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਅਸੀਂ ਇਨ੍ਹਾਂ ਦੀਆਂ ਗਿੱਦੜ ਭੱਬਕੀਆਂ ਤੋਂ ਡਰਨ ਵਾਲੇ ਨਹੀਂ । ਇਹ ਗਿੱਦੜ ਭੱਬਕੀਆਂ ਕਿਸੇ ਹੋਰ ਨੂੰ ਦਿਖਾਉਣ ਕਿਰਪਾਨਾਂ ਤੇ ਤਲਵਾਰਾਂ ਨਾਲ ਸਾਡਾ ਹੱਕ ਨਹੀਂ ਖੋਹ ਸਕਦੇ । ਇਹ ਜਿਹੜੇ ਇਥੇ ਨਾਅਰੇ ਲਾਕੇ ਸ਼ੋਰ ਪਾ ਰਹੇ ਹਨ, ਇਹ ਨਹੀਂ ਚਾਹੁੰਦੇ ਕਿ ਹਾਊਸ ਦੀ ਕਾਰਵਾਈ ਚਲੇ । ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਮਤੇ ਨੂੰ ਅੱਜ ਹਾਊਸ ਵਿਚ ਪਾਸ ਕਰਵਾਉਣ । (ਤਾੜੀਆਂ) ਸੀ.ਪੀ.ਆਈ. ਦੇ ਮੈਂਬਰ ਜਿਹੜੇ ਕਿ ਕੌਮਿਕਰਨ ਚਾਹੁੰਦੇ ਸਨ ਉਹ ਵੀ ਇਨ੍ਹਾਂ ਦੇ ਨਾਲ ਰਲੇ ਹੋਏ ਹਨ । ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਪਾਸ ਕਰਵਾਉਣ।

ਸ੍ਰੀ ਸੰਤ ਰਾਮ ਸਿੰਗਲਾ (ਸਮਾਣਾ) : ਸਪੀਕਰ ਸਾਹਿਬ, ਅੱਜ ਜਿਸ ਤਰ੍ਹਾਂ ਇਹ ਅਕਾਲੀ ਮੈਂਬਰ ਇਸ ਹਾਊਸ ਵਿਚ ਬਦਅਮਨੀ ਫੈਲਾ ਰਹੇ ਹਨ ਇਸ ਤੋਂ ਸਾਫ ਪਤਾ ਲਗਦਾ ਹੈ ਕਿ ਇਹ ਟ੍ਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦੇ ਕਿਤਨੇ ਖਿਲਾਫ ਹਨ । ਇਨ੍ਹਾਂ ਵਿਚ ਵੱਡੇ ਵੱਡੇ ਟ੍ਰਾਂਸਪੋਰਟਰਜ਼ ਬੈਠੇ ਹਨ ਉਹ ਨਹੀਂ ਚਾਹੁੰਦੇ ਕਿ ਇਸ ਦਾ ਕੌਮੀਕਰਨ ਕੀਤਾ ਜਾਵੇ । ਇਹ ਜਿਹੜੇ ਟੈਕਸ ਦੀ ਚੋਰੀ ਕਰਦੇ ਹਨ, ਇਹ ਇਸ ਕਰਕੇ ਇਸ ਮਤੇ ਨੂੰ ਪਾਸ ਨਹੀਂ ਹੋਣ ਦੇਣਾ ਚਾਹੁੰਦੇ । ਇਹ ਆਪਣੀ ਲੁੱਟ ਖਸੁੱਟ ਜਾਰੀ ਰਖਣਾ ਚਾਹੁੰਦੇ ਹਨ । ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰਕੇ ਇਹ ਇਸ ਹਾਊਸ ਦੀ ਬੇਹੁਰਮਤੀ ਕਰ ਰਹੇ ਹਨ ।

ਸਪੀਕਰ ਸਾਹਿਬ, ਟਰਾਂਸਪੋਰਟ ਨੂੰ ਕੌਮੀਕਰਨ ਕਰਨ ਦਾ ਜਿਹੜਾ ਮਤਾ ਇਸ ਹਾਊਸ ਵਿਚ ਪੇਸ਼ ਹੈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਆਪੋਜ਼ੀਸ਼ਨ ਦੇ ਮੈਂਬਰਜ਼ ਇਸ ਕਰਕੇ ਰੌਲਾ ਪਾ ਰਹੇ ਹਨ ਤਾਕਿ ਟਰਾਂਸਪੋਰਟ ਨੈਸ਼ਨੇਲਾਈਜ਼ ਨਾ ਹੋ ਜਾਵੇ । ਇਨ੍ਹਾਂ ਨੂੰ ਲੋਕਾਂ ਦੀ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ ਨਾ ਕਿ ਇਹ ਲਾਅ ਐਂਡ ਆਰਡਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਨ । ਇਹ ਹਰ ਤਰੀਕੇ ਨਾਲ ਲਾਅ ਐਂਡ ਆਰਡਰ ਨੂੰ ਖਤਮ ਕਰਨ ਦੇ ਯਤਨ ਕਰ ਰਹੇ ਹਨ । ਲੋਕਾਂ ਨੇ ਇਨ੍ਹਾਂ ਨੂੰ 1980 ਵਿਚ ਰਿਜੈਕਟ ਕੀਤਾ ਹੈ ਅਤੇ ਇਹ ਡੈਮੋਕਰੇਸੀ ਦੀਆਂ ਰਵਾਇਤਾਂ ਵਿਚ ਵਿਸ਼ਵਾਸ ਨਹੀਂ ਰੱਖਦੇ ਹਨ । ਅਗਰ ਇਹ ਵਾਇਲੈਂਸ ਕਰਨਗੇ ਤਾਂ ਫਿਰ ਸਾਡੀ ਸਰਕਾਰ ਸਖਤ ਤੋਂ ਸਖਤ ਕਦਮ ਚੁੱਕੇਗੀ (ਸ਼ੋਰ) (ਵਿਘਨ) (ਇਸ ਸਮੇਂ ਹਾਊਸ

ਦੇ ਵਿਚ ਇਤਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ ।) ਅਸੀਂ ਕਿਸੇ ਪਬਲਿਕ ਪ੍ਰਾਪਰਟੀ ਦਾ ਨੁਕਸਾਨ ਨਹੀਂ ਹੋਣ ਦਿਆਂਗੇ ਭਾਵੇਂ ਅਜਿਹਾ ਕਰਨ ਵਿਚ ਇਨ੍ਹਾਂ ਦੀਆਂ ਟੰਗਾਂ ਬਾਹਾਂ ਭੀ ਕਿਉਂ ਨਾ ਟੁੱਟ ਜਾਣ । ਇਨ੍ਹਾਂ ਦੀ ਇੱਟ ਦਾ ਜਵਾਬ ਪੱਥਰ ਦੇ ਨਾਲ ਦੇਵਾਂਗੇ (ਸ਼ੋਰ) ਅਸੀਂ ਲਾਅ ਐਂਡ ਆਰਡਰ ਨੂੰ ਕਾਇਮ ਕਰਨ ਲਈ ਹਰ ਤਰ੍ਹਾਂ ਨਾਲ ਕਦਮ ਚੁਕਾਂਗੇ। ਇਨ੍ਹਾਂ ਨੂੰ ਲੋਕਾਂ ਦੇ ਕੋਲ ਜਾਕੇ ਆਪਣੀ ਪਾਰਟੀ ਦਾ ਪ੍ਰੋਗਰਾਮ, ਪਾਲਿਸੀ ਦੇਣੀ ਚਾਹੀਦੀ ਹੈ (ਵਿਘਨ) ਇਨ੍ਹਾਂ ਨੇ ਜਿਹੜੀ ਲੁੱਟ ਖਸੁੱਟ ਪਾਈ ਹੋਈ ਹੈ ਉਸ ਨੂੰ ਖਤਮ ਕਰਨਾ ਪਵੇਗਾ । ਟਰਾਂਸਪੋਰਟ ਦੇ ਕੌਮੀਕਰਨ ਦਾ ਜਿਹੜਾ ਮਤਾ ਹੈ ਇਸ ਨੂੰ ਸਰਵਸੰਮਤੀ ਦੇ ਨਾਲ ਪਾਸ ਕਰ ਦੇਣਾ ਚਾਹੀਦਾ ਹੈ ।

ਸਰਦਾਰ ਸ਼ਮਸ਼ੇਰ ਸਿੰਘ : (ਖੰਨਾ–ਐਸ. ਸੀ.) ਸਪੀਕਰ ਸਾਹਿਬ, ਇਹ ਜਿਹੜਾ ਮਤਾ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਦਾ ਪੇਸ਼ ਕੀਤਾ ਗਿਆ ਹੈ ਇਸ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ । ਇਹ ਲੋਕਾਂ ਦੀ ਭਲਾਈ ਦਾ ਮਤਾ ਹੈ (ਵਿਘਨ) (ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਵੀ ਨਹੀਂ ਸੀ ਸੁਣਾਈ ਦਿੰਦਾ ।) ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ । (ਸ਼ੋਰ)

ਸ੍ਰੀ ਰਾਮ ਸਵਰੂਪ ਬਾਗੀ (ਪਠਾਨਕੋਟ) **:** ਸਪੀਕਰ ਸਾਹਿਬ, ਇਹ ਜਿਹੜਾ ਮਤਾ ਟਰਾਂਸ-ਪੋਰਟ ਦੇ ਕੌਮੀਕਰਣ ਦਾ ਪੇਸ਼ ਹੈ ਇਸ ਨੂੰ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ (ਸ਼ੋਰ) ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਵੱਡੇ ਵੱਡੇ ਟਰਾਂਸਪੋਰਟਰਜ਼ ਹਨ । ਇਹ ਟੈਕਸਾਂ ਦੀ ਚੋਰੀ ਕਰਦੇ ਹਨ । ਇਹ ਨਹੀਂ ਚਾਹੁੰਦੇ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਹੋਵੇ (ਤਾੜੀਆਂ) ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਇਹ ਲੋਕਾਂ ਦੀ ਭਲਾਈ ਦਾ ਮਤਾ ਹੈ ।(ਸ਼ੋਰ) (ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਨਹੀਂ ਸੀ ਸੁਣਾਈ ਦਿੰਦਾ ।)

ਟਰਾਂਸਪੋਰਟ ਨੈਸ਼ਨੇਲਾਈਜ਼ ਕਰਨ ਨਾਲ ਕਡਕਟਰਾਂ ਅਤੇ ਡਰਾਈਵਰਜ਼ ਦੀਆਂ ਨੌਕਰੀਆਂ ਪੱਕੀਆਂ ਹੋ ਸਕਣਗੀਆਂ । ਪ੍ਰਾਈਵੇਟ ਟਰਾਂਸਪੋਰਟਰਜ਼ ਇਨ੍ਹਾਂ ਗਰੀਬ ਕੰਡਕਟਰਾਂ ਅਤੇ ਡਰਾਈਵਰਜ਼ ਨੂੰ ਲਗਾਤਾਰ 6-6 ਦਿਨ ਚਲਾਈ ਰੱਖਦੇ ਹਨ । ਢੀਂਡਸਾ ਜੀ, ਸਾਬਕਾ ਟਰਾਂਸਪੋਰਟ ਮਨਿਸਟਰ ਨੇ ਟਰਾਂਸਪੋਰਟ ਦੇ ਵਿਚ ਬੜੀ ਹੇਰਾ ਫੇਰੀ ਕੀਤੀ । ਇਨ੍ਹਾਂ ਨੇ ਜੋ ਕੱਲ ਕੀਤਾ ਹੈ ਉਹ ਅਨਲਾਫੁਲ ਕੀਤਾ ਹੈ । ਇਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਜੀ ਦੀ ਸ਼ਰਾਫਤ ਦਾ ਨਜਾਇਜ਼ ਫਾਇਦ ਉਠਾਇਆ ਹੈ ਜਿਸ ਕਰਕੇ ਇਨ੍ਹਾਂ ਨੇ ਇਹ ਵਾਇਲੈਂਸ ਕੀਤੀ ਹੈ (ਸ਼ੋਰ) ਹੁਣ ਤਾਂ ਤੁਸੀਂ ਆਪਣੀਆਂ ਟੰਗਾਂ, ਬਾਹਾਂ ਨੂੰ ਰੋਂਦੇ ਹੋ ਫਿਰ ਤੁਸੀਂ ਸਿਰ ਨੂੰ ਵੀ ਰੋਣਾ ਹੈ । ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਮਤਾ ਹੈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ । (ਵਿਘਨ) ਸਾਡੇ ਚੀਫ ਮਨਿਸਟਰ ਨੂੰ ਕਮਜ਼ੋਰ ਨਾ ਸਮਝਣਾ ਉਹ ਕਾਫੀ ਤਕੜਾ ਹੈ ਅਗਰ ਸਖਤ ਕਾਰਵਾਈ ਕਰਨ ਤੇ ਆਇਆ ਤਾਂ ਫਿਰ ਤੁਸੀਂ ਚੀਕਾਂ ਮਾਰਨੀਆਂ ਹਨ । ਜਿਹੜੀ ਇਹ ਆਪੋਜ਼ੀਸ਼ਨ ਵਾਲੇ ਟੈਕਸਾਂ ਦੀ ਚੋਰੀ ਕਰਦੇ ਹਨ ਉਨ੍ਹਾਂ ਤੇ ਸਰਕਾਰ ਨੂੰ ਨਜ਼ਰ ਰਖਣੀ ਚਾਹੀਦੀ ਹੈ ।

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਲੰਧਰ ਦੱਖਣ, ਐਸ. ਸੀ.) ਸਪੀਕਰ ਸਾਹਿਬ, ਇਹ ਜਿਹੜਾ ਮਤਾ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਪੇਸ਼ ਹੋਇਆ ਹੈ ਅਤੇ ਮੇਰੀ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਪੇਸ਼ ਕੀਤਾ ਗਿਅ ਹੈ ਇਸ ਦੀ ਮੁਬਾਰਕਬਾਦ ਮੈਂ ਆਪਣੀ ਸਰਕਾਰ ਨੂੰ ਦਿੰਦਾ ਹਾਂ। ਇਸ ਨਾਲ ਲੋਕਾਂ ਦਾ ਭਲਾ ਹੋਵੇਗਾ। ਹੁਣ ਅਕਾਲੀ ਵੀਰ ਨਹੀਂ ਚਾਹੁੰਦੇ ਕਿ ਟਰਾਂਸਪੋਰਟ ਦੀ ਨੈਸਨੇਲਾਈਜ਼ੇਸ਼ਨ ਹੋਵੇ ਕਿਉਂਕਿ ਇਹ ਖੁਦ ਵੱਡੇ ਵੱਡੇ ਟਰਾਂਸਪੋਰਟਰ ਹਨ ਅਤੇ ਟੈਕਸਾਂ ਦੀ ਚੋਰੀ ਕਰਦੇ ਹਨ। ਲੋਕਾਂ ਨੇ ਇਨ੍ਹਾਂ ਦੇ ਖਿਲਾਫ ਵੋਟ ਦਿੱਤੇ ਹਨ। ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਇਸ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। (ਵਿਘਨ) (ਸ਼ੋਰ)। ਸੀ. ਪੀ. ਆਈ ਅਤੇ ਸੀ.ਪੀ.ਆਈ. (ਐਮ) ਦੇ ਮੈਂਬਰਜ਼ ਚਾਹੁੰਦੇ ਹਨ ਕਿ ਟਰਾਂਸਪੋਰਟ ਦਾ ਕੌਮੀਕਰਨ ਹੋਵੇ (ਵਿਘਨ) ਇਨ੍ਹਾਂ ਨੂੰ ਗਰੀਬ ਲੋਕਾਂ ਦੀ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ ਪਰ ਇਹ ਸਰਕਾਰ ਦੇ ਹਰ ਕੰਮ ਵਿਚ ਮੁਸ਼ਕਲਾਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਕਿ ਸਰਕਾਰ ਲੋਕਾਂ ਦੀ ਭਲਾਈ ਨਾ ਕਰ ਸਕੇ ਪਰ ਇਸ ਸਰਕਾਰ ਨੇ ਲਕਾਂ ਦੀ ਭਲਾਈ ਦੇ ਕੰਮ ਕਰਨੇ ਹਨ। (ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ।) ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।

(ਇਸ ਸਮੇਂ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬਾਨ ਬੋਲ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ)

ਸ਼੍ਰੀ ਗੁਰਦਿਆਲ ਸੈਣੀ (ਜਲੰਧਰ-ਉਤਰ) : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿਤੀ ਹੈ, ਇਸ ਲਈ ਮੈਂ ਤੁਹਾਡਾ ਧਨਵਾਦੀ ਹਾਂ। (ਵਿਘਨ) (ਸ਼ੋਰ) ਜੋ ਮਤਾ ਸਰਦਾਰ ਉਜਾਗਰ ਸਿੰਘ ਜੀ ਨੇ ਲਿਆਂਦਾ ਹੈ, ਮੈਂ ਉਸ ਨਾਲ ਸਹਿਮਤ ਹਾਂ। ਇਸ ਬਾਰੇ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਤੁਸੀਂ, ਸਪੀਕਰ ਸਾਹਿਬ, ਦੇਖਦੇ ਹੋ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਕਿਤਨਾ ਰੈਸਟ੍ਰੇਂਟ ਕੀਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਆਪਣੇ ਰਾਜ ਵਿਚ ਬਹੁਤ ਸਾਰੇ ਪਰਮਿਟ ਲਏ ਅਤੇ ਲੱਖਾਂ ਰੁਪਏ ਕਮਾਏ। (ਵਿਘਨ) (ਸ਼ੋਰ) ਜੇਕਰ ਤੁਸੀਂ ਉਨ੍ਹਾਂ ਦੀ ਇਨਕੁਆਰੀ ਕਰੋ ਤਾਂ ਤੁਹਾਨੂੰ ਸਾਰ ਪਤਾ ਲਗ ਜਾਵੇਗਾ। ਜਿਸ ਤਰੀਕੇ ਨਾਲ ਇਹ ਖੱਪ ਅਤੇ ਹੁਲੜਬਾਜ਼ੀ ਕਰ ਰਹੇ ਹਨ ਇਹ ਸਾਰੀ ਚੀਜ਼ ਹਾਊਸ ਦੀ ਤੋਹੀਨ ਹੈ ਅਤੇ ਜੋ ਕੁਝ ਇਨ੍ਹਾਂ ਨੇ ਕੱਲ ਕੀਤਾ ਹੈ, ਉਹ ਬਹੁਤ ਘਟੀਆ ਕੰਮ ਕੀਤਾ ਹੈ ਅਤੇ ਹੁਣ ਹੋਰ ਘਟੀਆ ਕੰਮ ਕਰ ਰਹੇ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਜਿਹੜਾ ਆਇਆ ਹੈ, ਇਹ ਬਿਲਕੁਲ ਠੀਕ ਹੈ ਅਤੇ ਮੈਂ ਮੰਗ ਕਰਦਾ ਹਾਂ ਕਿ ਟਰਾਂਸਪੋਰਟ ਦੀ ਨੈਸ਼ਨੈਲਾਈਜ਼ੇਸ਼ਨ ਹੋਣੀ ਚਾਹੀਦੀ ਹੈ। (ਕਾਮਰੇਡ ਬਲਦੇਵ ਸਿੰਘ ਨੂੰ ਜੀ ਦਾ ਰਿਹਾ)

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਜੋ ਸਰਦਾਰ ਉਜਾਗਰ ਸਿੰਘ ਜੀ ਨੇ ਮਤਾ ਇਥੇ ਲਿਆਂਦਾ ਹੈ ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜਾ ਹੋਇਆ ਹਾਂ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਆਪੋਜ਼ੀਸ਼ਨ ਵਾਲੇ ਅਸੈਂਬਲੀ ਦਾ ਕੰਮ ਠੀਕ ਤਰੀਕੇ ਨਾਲ ਚਲਣ ਨਹੀਂ ਦਿੰਦੇ। (ਵਿਘਨ) (ਸ਼ੋਰ) ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਬੱਸਾਂ ਦੇ ਕਿਰਾਏ

ਵਧਾਏ ਹਨ ਤਾਂ ਤੁਸੀਂ ਵੀ ਆਪਣੀਆਂ ਬੱਸਾਂ ਦੇ ਕਿਰਾਏ ਵਧਾ ਦਿਤੇ ਹਨ । ਇਹ ਤਾਂ ਬੇਅੰਦਾਜ਼ੇ ਤਰੀਕੇ ਨਾਲ ਲੋਕਾਂ ਨੂੰ ਲੁੱਟ ਰਹੇ ਹਨ । (ਵਿਘਨ) (ਸ਼ੋਰ) ਦੂਜੇ ਪਾਸੇ ਇਹ ਚਾਹੁੰਦੇ ਹਨ ਕਿ ਬੱਸਾਂ ਦੇ ਕਿਰਾਏ ਨਾ ਵਧਣ । ਜੇਕਰ ਇਹ ਚਾਹੁੰਦੇ ਹਨ ਕਿ ਬੱਸਾਂ ਦੇ ਕਿਰਾਏ ਨਾ ਵਧਣ ਤਾਂ ਆਪਣੀਆਂ ਬੱਸਾਂ ਦੇ ਕਿਰਾਏ ਇਨ੍ਹਾਂ ਨੇ ਕਿਉਂ ਵਧਾਏ ਹਨ । (ਵਿਘਨ) (ਸ਼ੋਰ) ਬਾਦਲ ਸਾਹਿਬ ਆਪ ਬਹੁਤ ਵੱਡੇ ਟਰਾਂਸਪੋਰਟਰ ਹਨ । ਜਿਸ ਤਰ੍ਹਾਂ ਹੁਣ ਇਹ ਫਲੋਰ ਆਫ ਦੀ ਹਾਊਸ ਤੇ ਬੈਠੇ ਹਨ ਅਤੇ ਰੌਲਾ ਪਾ ਰਹ ਹਨ ਇਹ ਬੜੇ ਦੁੱਖ ਦੀ ਗੱਲ ਹੈ । (ਵਿਘਨ) (ਸ਼ੋਰ) ਇਹ ਆਪਣੀਆਂ ਸੀਟਾਂ ਤੇ ਬੈਠਕੇ ਠੀਕ ਤਰੀਕੇ ਨਾਲ ਗੱਲ ਕਰਨ । ਗਲਤ ਕੰਮ ਨਹੀਂ ਕਰਨਾ ਚਾਹੀਦਾ । ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਇਨ੍ਹਾਂ ਦੇ ਵਿਰੁੱਧ ਜਾਂਦਾ ਹੈ ਕਿਉਂਕਿ ਇਹ ਆਪ ਟਰਾਂਸਪੋਰਟਰਜ਼ ਹਨ । ਇਸ ਲਈ ਇਹ ਬੱਸਾਂ ਦਾ ਕੌਮੀਕਰਨ ਬਰਦਾਸ਼ਤ ਨਹੀਂ ਕਰ ਸਕਦੇ । ਸਪੀਕਰ ਸਾਹਿਬ, ਇਨਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । (ਵਿਘਨ) (ਸ਼ੋਰ) (ਇਸ ਵਲੇ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬਾਨ ਬੋਲ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ ।)

ਸ੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ. ਸੀ.) : ਜੋ ਮਤਾ, ਸਪੀਕਰ ਸਾਹਿਬ, ਸਰਦਾਰ ਉਜਾਗਰ ਸਿੰਘ ਜੀ ਨੇ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਲਿਆਂਦਾ ਹੈ, ਮੈਂ ਉਸ ਦੀ ਪੁਰਜ਼ੋਰ ਹਿਮਾਇਤ ਕਰਨ ਵਾਸਤੇ ਖੜਾ ਹੋਇਆ ਹਾਂ (ਕਾਮਰੇਡ ਕੁਲਵੰਤ ਸਿੰਘ ਜੀ ਵਲੋਂ ਵਿਘਨ, ਸ਼ੋਰ)

ਸਪੀਕਰ ਸਾਹਿਬ, ਸੀ. ਪੀ. ਆਈ. (ਐਮ) ਵਾਲੇ ਵੀ ਆਪੋਜ਼ੀਸ਼ਨ ਪਾਰਟੀ ਦੇ ਨਾਲ ਰਲ ਗਏ ਹਨ ਜਦੋਂ ਕਿ ਇਹ ਪਾਰਟੀ ਆਪਣੇ ਆਪ ਨੂੰ ਮਜ਼ਦੂਰਾਂ ਦੀ ਹਾਮੀ ਪਾਰਟੀ ਕਹਿੰਦੀ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਕੱਲ ਕੀ ਹੋਇਆ ਇਹ ਲੋਕ ਨੰਗੀਆਂ ਤਲਵਾਰਾਂ ਲੈ ਕੇ ਫਿਰਦੇ ਸਨ । ਤਲਵਾਰਾਂ ਨਾਲ ਰੱਸੇ ਕੱਟੇ ਪੁਲਿਸ ਵਾਲਿਆਂ ਤੇ ਹਮਲੇ ਕੀਤੇ ਗਏ । ਅੱਜ ਹੁਣ ਇਥੇ ਫਲੋਰ ਆਫ ਦੀ ਹਾਊਸ ਤੇ ਬੈਠ ਗਏ ਹਨ । ਇਹ ਗੱਲਾਂ ਠੀਕ ਨਹੀਂ ਹਨ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਜਾਏ । ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਇਸ ਮਤੇ ਦੀ ਪੁਰਜ਼ੋਰ ਹਿਮਾਇਤ ਕਰਕੇ ਬੈਠਦਾ ਹਾਂ । (ਵਿਘਨ) (ਸ਼ੋਰ)

ਚੌਧਰੀ ਜਗਜੀਤ ਸਿੰਘ (ਕਰਤਾਰਪੁਰ-ਐਸ. ਸੀ.) : ਸਪੀਕਰ ਸਾਹਿਬ, ਇਹ ਸਰਦਾਰ ਉਜਾਗਰ ਸਿੰਘ ਜੀ ਨੇ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਮਤਾ ਜੋ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ, ਮੈਂ ਉਸ ਦੀ ਹਿਮਾਇਤ ਕਰਦਾ ਹਾਂ । ਇਸ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਏ । (ਵਿਘਨ) (ਸ਼ੋਰ) ਅੱਜ ਇਹ ਆਪੋਜ਼ੀਸ਼ਨ ਦੇ ਭਰਾ ਇਥੇ ਸਦਨ ਦੇ ਫਰਸ਼ ਤੇ ਬੈਠੇ ਹਨ ਅਤੇ ਰੌਲਾ ਪਾ ਰਹੇ ਹਨ ਪਰ ਇਨ੍ਹਾਂ ਨੂੰ ਸਹੀ ਤਰੀਕੇ ਨਾਲ ਦੱਸਣਾ ਚਾਹੀਦਾ ਹੈ ਕਿ ਇਹ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਦੇ ਹੱਕ ਵਿਚ ਹਨ ਜਾਂ ਨਹੀਂ । (ਥੰਪਿੰਗ) (ਵਿਘਨ) (ਸ਼ੋਰ) ਸਪੀਕਰ ਸਾਹਿਬ, ਕੱਲ ਜੋ ਅਸੰਬਲੀ ਦਾ ਘੇਰਾਓ ਕੀਤਾ ਗਿਆ ਸੀ ਇਹ ਠੀਕ ਨਹੀਂ ਹੈ ਲੋਕਾਂ ਨੇ ਇਨ੍ਹਾਂ ਨੂੰ ਭੇਜਿਆ ਹੈ ਕਿ ਤੁਸੀਂ ਅਸੰਬਲੀ ਵਿਚ ਜਾਕੇ ਲੋਕਾਂ ਦੀਆਂ ਤਕਲੀਫਾਂ ਦੂਰ ਕਰੋ ਪਰ ਇਹ ਗਲਤ ਗੱਲਾਂ ਕਰ ਰਹੇ ਹਨ । (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬਾਨ ਬੋਲ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ ਅਤੇ ਕਝ ਸੁਣਾਈ ਨਹੀਂ ਸੀ ਦੇ ਰਿਹਾ ।)

ਸ਼੍ਰੀ ਸੁਰਿੰਦਰ ਕਪੂਰ (ਬਠਿੰਡਾ) : ਇਹ ਜੋ ਪੈਸੰਜਰ ਟਰਾਂਸਪੋਰਟ ਦੀ ਨੈਸ਼ਨੇਲਾਈ-ਜ਼ੇਸ਼ਨ ਕਰਨ ਦਾ ਮਤਾ ਲਿਆਂਦਾ ਗਿਆ ਹੈ (ਵਿਘਨ) (ਇਸ ਸਮੇਂ ਐਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ)

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ, ਪੂਰਬ) : (ਵਿਘਨ) (ਸ਼ੋਰ) ਅੱਜ ਮੈਨੂੰ ਹੈਰਾਨੀ ਹੈ ਕਿ ਸੀ. ਪੀ. ਆਈ. ਔਰ ਸੀ. ਪੀ. ਆਈ. (ਅਮ.) ਵਾਲੇ ਕਿਸ ਤਰ੍ਹਾਂ ਨਾਲ ਇਨ੍ਹਾਂ ਦੇ ਮੋਢੇ ਤੇ ਸਵਾਰ ਹੋਏ ਹਨ (ਸ਼ੋਰ) ਵੈਸੇ ਤਾਂ ਇਹ ਲੋਕ ਨੈਸ਼ਨੇਲਾਈਜ਼ੇਸ਼ਨ ਦਾ ਨਾਅਰਾ ਲਗਾਉਂਦੇ ਹਨ ਪਰ ਹੁਣ ਜਦੋਂ ਇਹ ਨੈਸ਼ਨੇਲਾਈਜ਼ੇਸ਼ਨ ਦਾ ਮਤਾ ਆਇਆ ਹੈ ਤਾਂ ਇਹ ਲੋਕ ਇਨ੍ਹਾਂ ਨਾਲ ਸ਼ਾਮਿਲ ਹੋ ਗਏ ਹਨ । ਇਹ ਲੋਕ ਕਹਿੰਦੇ ਸਨ ਕਿ ਜਾਗੀਰਦਾਰੀ ਨਹੀਂ ਰਹਿਣ ਦਿਆਂਗੇ ਪਰ ਹੁਣ ਇਹ ਕੀ ਕਰ ਰਹੇ ਹਨ, ਲੋਕ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ (ਵਿਘਨ) (ਸ਼ੋਰ) ਸਪੀਕਰ ਸਾਹਿਬ, ਢਾਈ ਸਾਲ ਜੋ ਇਨ੍ਹਾਂ ਨੇ ਰਾਜ ਕੀਤਾ ਹੈ ਉਸ ਦਾ ਇਨ੍ਹਾਂ ਨੂੰ ਸਵਾਦ ਪੈ ਗਿਆ ਹੈ ਅਤੇ ਅਜੇ ਤਾਈਂ ਇਨ੍ਹਾਂ ਦਾ ਉਹ ਸਵਾਦ ਨਹੀਂ ਗਿਆ । ਇਹ ਬੜੀ ਜਲਦੀ ਰਾਜ ਹਾਸਲ ਕਰਨਾ ਚਾਹੁਦੇ ਹਨ । (ਸ਼ੋਰ) (ਵਿਘਨ) ਪਰ ਹੁਣ ਵੋਟਰ ਇਨ੍ਹਾਂ ਨੂੰ ਰਾਜ ਕਰਨ ਨਹੀਂ ਦੇਣਗੇ । ਜਦੋਂ ਕੱਲ ਇਨ੍ਹਾਂ ਨੇ ਮੁਜ਼ਾਹਰਾ ਕੀਤਾ ਤਾਂ ਉਸ ਵੇਲੇ ਜੋ ਯੂਨੀਅਨ ਟੈਰੇਟਰੀ ਦੀ ਪੁਲਿਸ ਨੇ ਕੰਮ ਕੀਤਾ ਉਸ ਲਈ ਅਸੀਂ ਉਨ੍ਹਾਂ ਦੇ ਮਸ਼ਕੂਰ ਹਾਂ । ਜੇ ਉਹ ਇਸ ਤਰ੍ਹਾਂ ਨਾ ਕਰਦੀ ਤਾਂ ਇਥੇ ਗੋਲੀਆਂ ਚਲ ਜਾਣੀਆਂ ਸਨ । ਇਨ੍ਹਾਂ ਕੋਲ ਬੰਦੂਕਾਂ ਅਤੇ ਤਲਵਾਰਾਂ ਸਨ । ਇਹ ਵਿਧਾਨ ਸਭਾ ਸਾਡੇ ਲੋਕਾਂ ਲਈ ਮੰਦਰ, ਗੁਰਦਵਾਰਾ ਅਤੇ ਮਸਜਿਦ ਹੈ । ਪਰ ਇਨ੍ਹਾਂ ਲੋਕਾਂ ਨੇ ਇਸ ਮੰਦਰ ਦੀ ਕਦਰ ਨਹੀਂ ਕੀਤੀ । ਇਸ ਮੰਦਰ ਤੇ ਇਨ੍ਹਾਂ ਨੇ ਪੱਥਰ ਮਾਰੇ ਅਤੇ ਜੁੱਤੀਆਂ ਮਾਰੀਆਂ ਅਤੇ ਇਨ੍ਹਾਂ ਨੂੰ ਇਸ ਲਈ ਕੋਈ ਸ਼ਰਮ ਨਹੀਂ ਆਈ । ਇਸ ਮੰਦਰ ਦਾ ਇਨ੍ਹਾਂ ਨੇ ਮਾਣ ਨਹੀਂ ਰਖਿਆ । ਅੱਜ ਇਹ ਚਾਹੁੰਦੇ ਹਨ ਕਿ ਪੈਸੰਜਰ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਨਾ ਹੋਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਰਾਜ ਕਦੇ ਨਹੀਂ ਆ ਸਕਦਾ । (ਸ਼ੋਰ) (ਵਿਘਨ) ਅੱਜ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਮਤਾ ਆਇਆ ਹੈ (ਵਿਘਨ) ਕਾਰਖਾਨੇ ਵੀ ਨੈਸ਼ਨੇਲਾਈਜ਼ ਕਰਨੇ ਹਨ । ਜਿਹੜੇ ਦੋ, ਦੋ ਹਜ਼ਾਰ ਏਕੜ ਜ਼ਮੀਨਾਂ ਸਾਂਭੀ ਬੈਠੇ ਹਨ ਉਨ੍ਹਾਂ ਤੋਂ ਜ਼ਮੀਨਾਂ ਵੀ ਖਾਲੀ ਕਰਾਉਣੀਆਂ ਹਨ । ਇਹ ਜਿਹੜੇ ਇਨ੍ਹਾਂ ਦੇ ਖੁਆਬ ਰਾਜ ਕਰਨ ਦੇ ਹਨ, ਇਹ ਮਾੜੇ ਹਨ ਔਰ ਇਹ ਕਦੇ ਪੂਰੇ ਨਹੀਂ ਹੋਣੇ ।

(ਇਸ ਸਮੇਂ ਆਪੋਜ਼ੀਸ਼ਨ ਵਲੋਂ ਕੁਝ** ਨਾਅਰੇ ਲਗਾਏ ਜਾ ਰਹੇ ਸਨ) ।

ਸ਼੍ਰੀ ਸਪੀਕਰ: ਇਹ ਜੋ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਮਤਾ ਪਾਸ ਕੀਤਾ ਜਾਏ । (ਵਿਘਨ) (ਸ਼ੋਰ) ।

ਪੰਡਿਤ ਸਰਵਣ ਰਾਮ (ਗੜ੍ਹਸ਼ੰਕਰ) : ਇਹ ਜੋ ਮਤਾ ਪੇਸ਼ ਕੀਤਾ ਗਿਆ ਹੈ, ਮੈਂ ਇਸ ਦੀ ਹਿਮਾਇਤ ਕਰਨ ਲਈ ਖੜਾ ਹੋਇਆ ਹਾਂ । ਇਹ ਜੋ ਮੇਰੇ ਭੁਲੜ ਵੀਰ ਹੇਠਾਂ ਜ਼ਮੀਨ ਤੇ ਬੈਠੇ ਹਨ, ਇਨ੍ਹਾਂ ਨੂੰ ਲੋਕਾਂ ਨੇ ਪਹਿਲਾਂ ਹੀ ਰਿਜੈਕਟ ਕਰ ਦਿੱਤਾ ਹੈ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਹ ਸੂਬੇ ਦੀ ਜਨਤਾ ਨਾਲ ਖਿਲਵਾੜ ਕਰ ਰਹੇ ਹਨ । (ਵਿਘਨ)

**Not recorded as ordered by the Chair.

ਅੱਜ ਕਮਿਊਨਿਸਟਾਂ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਟਰਾਂਸਪੋਰਟ ਦੀ ਨੇਸ਼ਨੇਲਾਈਜ਼ੇਸ਼ਨ ਦੇ ਨਾਲ ਨਹੀਂ ਹਨ । (ਵਿਘਨ) ਇਹ ਨੇਸ਼ਨੇਲਾਈਜ਼ੇਸ਼ਨ ਨਹੀਂ ਚਾਹੁੰਦੇ । (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬਾਨ ਕੁਝ ਬੋਲ ਰਹੇ ਸਨ ਅਤੇ ਉਨ੍ਹਾਂ ਵਿਚੋਂ ਇਕ ਮਾਨਯੋਗ ਮੈਂਬਰ ਉਠਕੇ ਭਾਸ਼ਣ ਦੇ ਰਿਹਾ ਸੀ ਜਿਸ ਕਰਕੇ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

ਸਰਦਾਰ ਉਜਾਗਰ ਸਿੰਘ ਨੇ ਇਹ ਜਿਹੜਾ ਮਤਾ ਪੇਸ਼ ਕੀਤਾ ਹੈ ਇਹ ਬਹੁਤ ਚੰਗਾ ਹੈ ਇਹ ਜਿਹੜੇ ਮੇਰੇ ਵੀਰ ਥੱਲੇ ਬੈਠੇ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਇਹ ਠੀਕ ਨਹੀਂ ਹੈ । ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ । ਇਥੇ ਅਸੰਬਲੀ ਵਿਚ ਟਰਾਂਸਪੋਰਟ ਦੀ ਨੇਸ਼ਨੇਲਾਈਜ਼ੇਸ਼ਨ ਦੀ ਗੱਲ ਚਲ ਰਹੀ ਹੈ, ਚਾਹੀਦਾ ਤਾਂ ਇਹ ਸੀ ਕਿ ਇਹ ਆਪੋਜ਼ਿਸ਼ਨ ਵਾਲੇ ਵੀਰ ਭੀ ਇਸ ਬਾਰੇ ਬੋਲਦੇ ਪਰ ਇਨ੍ਹਾਂ ਨੇ ਜਿਸ ਤਰੀਕੇ ਨਾਲ ਵਿਘਨ ਪਾਉਣਾ ਸ਼ੁਰੂ ਕਰ ਦਿਤਾ ਹੈ ਇਹ ਠੀਕ ਨਹੀਂ ਹੈ । ਪੰਜਾਬ ਦੇ ਲੋਕ ਇਨ੍ਹਾਂ ਨੂੰ ਕਦੇ ਮੁਆਫ ਨਹੀਂ ਕਰਨਗੇ । ਇਨ੍ਹਾਂ ਨੂੰ ਪੰਜਾਬ ਨਾਲ ਪਿਆਰ ਨਹੀਂ ਹੈ । ਮੈਂ ਕਹਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ।

ਸਰਦਾਰ ਪਿਰਥੀਪਾਲ ਸਿੰਘ (ਅੰਮ੍ਰਿਤਸਰ-ਦੱਖਣ): ਸਪੀਕਰ ਸਾਹਿਬ ਮੈਨੂੰ ਇਨ੍ਹਾਂ ਸਾਹਮਣੇ ਬੈਠੇ ਦੋਸਤਾਂ ਤੇ ਤਰਸ ਆਉਂਦਾ ਹੈ ਜਿਹੜੇ ਕਹਿੰਦੇ ਸਨ ਕਿ ਟਰਾਂਸਪੋਰਟ ਨੇਸ਼ਨੇਲਾਈਜ਼ ਹੋਣੀ ਚਾਹੀਦੀ ਹੈ । ਇਹ ਜਾਗੀਰਦਾਰਾਂ ਦੇ ਪਿੱਠੂ ਬਣੇ ਹੋਏ ਹਨ । ਇਹ ਉਨ੍ਹਾਂ ਦੇ ਖਰੀਦੇ ਹੋਏ ਹਨ । ਸਪੀਕਰ ਸਾਹਿਬ, ਇਹ ਲੋਕ ਮੁਲਕ ਵਿਚ ਬਦਅਮਨੀ ਪੈਦਾ ਕਰਨਾ ਚਾਹੁੰਦੇ ਸਨ । ਤੁਹਾਨੂੰ ਪਤਾ ਹੈ ਕਿ ਇਨ੍ਹਾਂ ਨੇ ਵਿਧਾਨ ਸਭਾ ਦਾ ਘੇਰਾਓ ਕੀਤਾ । ਵਿਧਾਨ ਸਭਾ ਦੀ ਇਮਾਰਤ ਦੇ ਸ਼ੀਸ਼ੇ ਤੋੜ ਦਿੱਤੇ । ਇਹ ਚੀਜ਼ ਅਸੀਂ ਬਰਦਾਸ਼ਤ ਨਹੀਂ ਕਰਾਂਗੇ । ਅਖੀਰ ਵਿਚ ਮੈਂ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ-ਕੇਂਦਰ) : ਇਹ ਜਿਹੜਾ ਸਰਦਾਰ ਉਜਾਗਰ ਸਿੰਘ ਨੇ ਟਰਾਂਸਪੋਰਟ ਦੀ ਨੇਸ਼ਨੇਲਾਈਜ਼ੇਸ਼ਨ ਬਾਰੇ ਰੈਜ਼ੋਲਿਊਸ਼ਨ ਲਿਆਂਦਾ ਹੈ ਇਹ ਬੜੀ ਅੱਛੀ ਗੱਲ ਹੈ । ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸੀ. ਪੀ. ਆਈ. ਅਤੇ ਸੀ.ਪੀ. ਆਈ. (ਐਮ.) ਵਾਲੇ ਜਿਹੜੇ ਕਹਿੰਦੇ ਸਨ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਅੱਜ ਉਹ ਕਿਸ ਤਰ੍ਹਾਂ ਦਾ ਮਾਹੌਲ ਪੈਦਾ ਕਰ ਰਹੇ ਹਨ । ਇਹ ਜਿਹੜੇ ਸਾਹਮਣੇ ਥੱਲੇ ਬੈਠੇ ਸਾਥੀ ਬੋਲ ਰਹੇ ਹਨ ਲੋਕ ਇਨ੍ਹਾਂ ਦੀਆਂ ਕਰਤੂਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ । ਇਸੇ ਕਰਕੇ ਲੋਕਾਂ ਨੇ ਇਨ੍ਹਾਂ ਨੂੰ ਆਪੋਜ਼ੀਸ਼ਨ ਵਿਚ ਬਿਠਾਇਆ ਹੈ ਅਤੇ ਸਾਨੂੰ ਇਸ ਪਾਸ ਬਿਠਾਇਆ ਹੈ । (ਤਾੜੀਆਂ) ਇਹ ਲੋਕ ਜਮਹੂਰੀ ਰਿਵਾਇਤਾਂ ਦੇ ਖਿਲਾਫ ਹਨ । ਅਖੀਰ ਵਿਚ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਹ ਜਿਹੜਾ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਬਾਰੇ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ, ਇਸ ਨੂੰ ਪਾਸ ਕੀਤਾ ਜਾਵੇ ।

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਇਹ ਜਿਹੜਾ ਰੈਜ਼ੋਲਿਊਸ਼ਨ ਸਰਦਾਰ ਉਜਾਗਰ ਸਿੰਘ ਨੇ ਪੇਸ਼ ਕੀਤਾ ਹੈ, ਮੈਂ ਉਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਉਨ੍ਹਾਂ ਨੇ ਆਪਣੇ ਮਤੇ ਵਿਚ ਕਿਹਾ ਹੈ ਕਿ ਸਾਨੂੰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ

[ਮੁੱਖ ਮੰਤਰੀ]

ਹੈ । ਸਪੀਕਰ ਸਾਹਿਬ, ਅਸੀਂ ਇਸ ਗੱਲ ਤੇ ਸਟੈਂਡ ਕਰਦੇ ਹਾਂ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਅਤੇ ਅਸੀਂ ਲਾਜ਼ਮੀ ਤੌਰ ਤੇ ਇਸ ਦੀ ਨੈਸ਼ਨੇਲਾਈਜ਼ੇਸ਼ਨ ਲਈ ਸਟੈਪਸ ਉਠਾਵਾਂਗੇ । (ਤਾੜੀਆਂ) ਮੈਂ ਅਰਜ਼ ਕਰਾਂਗਾ ਕਿ ਇਸ ਮਤੇ ਦੇ ਉਤੇ ਵੋਟ ਲਏ ਜਾਣ ਤਾਂ ਹੀ ਇਸ ਨੂੰ ਪਾਸ ਕੀਤਾ ਜਾਵੇ । ਮੈਂ ਇਹ ਵੀ ਅਰਜ਼ ਕਰਾਂਗਾ ਕਿ ਅਗਰ ਕੋਈ ਹੋਰ ਵੀ ਸੱਜਣ ਇਸ ਮਤੇ ਉਤੇ ਬੋਲਣ ਵਾਲਾ ਹੋਵੇ ਤਾਂ ਉਹ ਬੇਸ਼ੱਕ ਬੋਲ ਲਵੇ । ਅਸੀਂ ਨੈਸ਼ਨੇਲਾਈਜ਼ੇਸ਼ਨ ਦੇ ਪਾਸੇ ਤੇਜ਼ੀ ਨਾਲ ਚੱਲਾਂਗੇ । ਅਖੀਰ ਵਿਚ ਮੈਂ ਕਹਾਂਗਾ ਕਿ ਸਰਦਾਰ ਉਜਾਗਰ ਸਿੰਘ ਨੇ ਇਹ ਜਿਹੜਾ ਮਤਾ ਪੇਸ਼ ਕੀਤਾ ਹੈ ਇਸ ਨੂੰ ਪਾਸ ਕੀਤਾ ਜਾਵੇ । (ਤਾੜੀਆਂ) ।

Mr Speaker : Question is—

> "With a view to ensure a reasonable passenger transport service to the public, this House recommends to the State Government to take steps for complete nationalisation of the passenger transport in the State."

(After ascertaining the votes of the House by voices, Mr. Speaker said 'I think Ayes have it'. This opinion was challenged. The bells were sounded . The question was put again and Mr. Speaker said 'I think Ayes have it'. Again it was challenged. The Members were asked to rise in their places. Sixty- two Members rose in support of the motion and none against the Motion. The Motion was declared carried.)

The motion was carried unanimously.

Mr. Speaker .— Comrade Amar Singh to move his Resolution.

(Resolution was not moved by the honourable Member concerned)

Mr. Speakar.— Comrade Sohan Singh to move his Resolution.

(Resolution was not moved by the honourable Member concerned.)

Mr. Speaker.— Shri Brahm Mohindra to move his Resolution.

(II) RE. LINKING OF CHANDIGARH WITH LUDHIANA BY RAIL

Shri Brahm Mohindra (Patiala Town). Sir, I beg to move—

> "This House recommends to the State Government to approach the Union Government with the request that they should link Chandigarh with Ludhiana by rail."

ਸਪੀਕਰ ਸਾਹਿਬ, ਮੈਂ ਜੋ ਇਹ ਮਤਾ ਸਦਨ ਦੇ ਸਾਹਮਣੇ ਰੱਖਿਆ ਹੈ, ਇਸ ਰਾਹੀਂ ਮੰਗ ਕਰਦਾ ਹਾਂ ਕਿ ਚੰਡੀਗੜ੍ਹ ਸ਼ਹਿਰ ਜੋ ਕੈਪੀਟਲ ਵੀ ਹੈ ਇਸ ਨੂੰ ਲੁਧਿਆਣਾ ਨਾਲ, ਜਿਹੜਾ ਕਿ ਬਹੁਤ ਵੱਡਾ ਇੰਡਸਟ੍ਰੀਅਲ ਟਾਉਨ ਹੈ. ਇਸ ਨੂੰ ਬਹੁਤ ਛੇਤੀ

ਯੂਨੀਅਨ ਗੌਰਮਿੰਟ ਨਾਲ ਟੇਕ ਅੱਪ ਕਰਕੇ ਵਾਇਆ ਰਾਜਪੁਰਾ ਰੇਲ ਰਾਹੀਂ ਮਿਲਾਇਆ ਜਾਵੇ । ਸਟੇਟ ਗੌਰਮਿੰਟ ਨੂੰ ਚਾਹੀਦਾ ਹੈ ਕਿ ਸੈਂਟਰਲ ਗੌਰਮਿੰਟ ਨਾਲ ਇਹ ਮਾਮਲਾ ਜਲਦੀ ਟੇਕ ਅੱਪ ਕੀਤਾ ਜਾਵੇ । ਇਸ ਬਾਰੇ ਸਟੇਟ ਗੌਰਮਿੰਟ ਨੂੰ ਯੂਨੀਅਨ ਗੌਰਮਿੰਟ ਨੂੰ ਰਿਕੁਮੈਂਡ ਕਰਨਾ ਚਾਹੀਦਾ ਹੈ । (ਵਿਘਨ) (ਸ਼ੋਰ) ਇਸ ਲਈ ਮੈਂ ਇਹ ਮਤਾ ਸਦਨ ਦੇ ਸਾਹਮਣੇ ਰਖਦਾ ਹਾਂ ।

Mr. Speaker. Motion moved

> This House recommends to the State Government to approach the Union Goveinment with the request that they should link Chandigarh with Ludhiana by rail.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਸਪੀਕਰ ਸਾਹਿਬ, ਜੋ ਮੇਰੇ ਸਾਥੀ ਸ੍ਰੀ ਬ੍ਰਹਮ ਮਹਿੰਦਰਾ ਜੀ ਨੇ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਲਿਆਂਦਾ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ । ਲੁਧਿਆਣਾ ਨੂੰ ਚੰਡੀਗੜ੍ਹ ਦੇ ਨਾਲ ਮਿਲਾ ਦੇਣਾ ਚਾਹੀਦਾ ਹੈ । ਇਹ ਬੜਾ ਹੀ ਅਹਿਮ ਮਸਲਾ ਹੈ । ਜਿਹੜਾ ਲੁਧਿਆਣਾ ਹੈ ਇਹ ਸਾਡਾ ਇੰਡਸਟਰੀਅਲ ਟਾਊਨ ਹੈ ਔਰ ਚੰਡੀਗੜ੍ਹ ਵੀ ਜਿਹੜਾ ਹੈ ਉਸ ਦੇ ਵਿਚ ਪੰਜਾਬੀ ਵਸਦੇ ਹਨ ਔਰ ਪੰਜਾਬੀਆਂ ਦਾ ਇਹ ਵਸਾਇਆ ਹੋਇਆ ਹੈ, ਇਸ ਕਰਕੇ ਸਾਡੀ ਆਵਾਜਾਈ ਵਾਸਤੇ ਇਹ ਜ਼ਰੂਰੀ ਹੈ ਇਸ ਨੂੰ ਰੇਲ ਦੇ ਨਾਲ ਮਿਲਾਇਆ ਜਾਵੇ । ਇਹ ਸਕੀਮ ਬੜੀ ਦੇਰ ਦੀ ਪਈ ਹੋਈ ਹੈ । ਜਨਤਾ ਦਾ ਰਾਜ ਆਇਆ ਔਰ ਜਨਤਾ ਦੇ ਰਾਜ ਤੋਂ ਪਹਿਲਾਂ ਕਾਂਗਰਸ ਦੇ ਰਾਜ ਵੇਲੇ ਇਹ ਤਜਵੀਜ਼ ਲਿਆਂਦੀ ਗਈ ਸੀ ਲੇਕਿਨ ਜਨਤਾ ਰਾਜ ਵਾਲਿਆਂ ਨੇ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ । ਇਹ ਬਹੁਤ ਅਹਿਮ ਆਈਟਮ ਹੈ । ਚੰਡੀਗੜ੍ਹ ਨਾਲ ਲੁਧਿਆਣਾ ਮਿਲਾਉਣ ਨਾਲ ਆਵਾਜਾਈ ਸੁਖਾਲੀ ਹੋ ਜਾਵੇਗੀ । ਲੋਕਾਂ ਨੂੰ ਇਥੇ ਆਉਣ ਵਾਸਤੇ ਹੋਰ ਵੀ ਆਸਾਨੀ ਹੋ ਜਾਵੇਗੀ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਜਲਦੀ ਤੋਂ ਜਲਦੀ ਮਿਲਾਇਆ ਜਾਵੇ । ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਲੈਵਲ ਤੇ ਵੀ ਸੈਂਟਰ ਨਾਲ ਗੱਲ ਬਾਤ ਕਰਨ ।

(ਇਸ ਸਮੇਂ ਵਿਰੋਧੀ ਧਿਰ ਦੇ ਸਦਨ ਦੇ ਫਰਸ਼ ਤੇ ਬੈਠੇ ਮੈਂਬਰ ਸਾਹਿਬ *ਨਾਅਰੇ ਲਗਾ ਰਹੇ ਸਨ ਅਤੇ ਬੋਲਣ ਵਾਲੇ ਮੈਂਬਰ ਸਾਹਿਬ ਦੀ ਕੋਈ ਗਲ ਸੁਣਾਈ ਨਹੀਂ ਸੀ ਦੇ ਰਹੀ ।)

ਸ੍ਰੀ ਸਪੀਕਰ : ਇਹ ਜਿਹੜੇ ਸਲੋਗਨਜ਼ ਲਾਏ ਜਾ ਰਹੇ ਹਨ, ਰਿਕਾਰਡ ਨਾ ਕੀਤੇ ਜਾਣ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਅਸੀਂ ਚਾਹੁੰਦੇ ਹਾਂ ਕਿ ਛੇਤੀ ਤੋਂ ਛੇਤੀ ਇਸ ਲਾਈਨ ਨੂੰ ਲੁਧਿਆਣੇ ਨਾਲ ਮਿਲਾ ਦਿਤਾ ਜਾਏ, ਅਸੀਂ ਕਈ ਵਾਰੀ ਕਿਹਾ ਹੈ, ਮਗਰ ਇਹ ਹੋਣ ਹੀ ਨਹੀਂ ਦਿੰਦੇ । ਇਹ ਜਿਹੜੇ ਅਕਾਲੀ ਹਨ ਇਹ ਇਨ੍ਹਾਂ ਕੰਮਾਂ ਲਈ ਵੀ ਐਜੀਟੇਸ਼ਨ ਕਰੀ ਜਾਂਦੇ ਹਨ ਅਤੇ ਦੇਸ਼ ਦੀ ਤਰੱਕੀ ਨਹੀਂ ਚਾਹੁੰਦੇ । (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਵਲੋਂ *ਨਾਅਰੇ ਲਗਾਏ ਜਾ ਰਹੇ ਸਨ ।)

*Not recorded as ordered by the Chair.

ਸ੍ਰੀ ਸਪੀਕਰ : ਇਹ ਨਾਹਰੇ ਨੋਟ ਨਾ ਕੀਤੇ ਜਾਣ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇਸ ਤਰ੍ਹਾਂ ਕਰਕੇ ਪੰਜਾਬ ਨੂੰ ਪਿਛੇ ਰਖਣਾ ਚਾਹੁੰਦੇ ਹਨ ਔਰ ਇਹ ਪੰਜਾਬ ਨੂੰ ਛੋਟੇ ਤੋਂ ਛੋਟਾ ਕਰਨਾ ਚਾਹੁੰਦੇ ਹਨ । (ਵਿਘਨ) (ਸ਼ੋਰ) ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਪੰਜਾਬੀਆਂ ਦਾ ਹੀ ਰਹੇਗਾ ਅਸੀਂ ਇਨ੍ਹਾਂ ਦੀ ਇਹ ਧੱਕੇਸ਼ਾਹੀ ਨਹੀਂ ਚੱਲਣ ਦਿਆਂਗੇ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਤਨਾ ਰੇਟ ਝੋਨੇ ਦਾ ਹੋ ਗਿਆ ਹੋਰ ਵੀ ਕਿੰਨੀਆਂ ਸਹੂਲਤਾਂ ਦੇ ਦਿਤੀਆਂ, ਹੁਣ ਪਤਾ ਨਹੀਂ ਇਹ ਕੀ ਲੈਣਾ ਚਾਹੁੰਦੇ ਹਨ । ਇਨ੍ਹਾਂ ਨੇ ਭੂਣ ਇਹ ਗਲਤ ਤਰੀਕੇ ਨਾਲ ਐਜੀਟੇਸ਼ਨ ਦਾ ਢੰਗ ਕਢਿਆ ਹੈ । ਇਹ ਦੇਸ਼ ਵਿਚ ਅਨਾਰਕੀ ਪੈਦਾ ਕਰਨਾ ਚਾਹੁੰਦੇ ਹਨ । (ਵਿਘਨ) (ਸ਼ੋਰ) ਇਨ੍ਹਾਂ ਨੇ ਸਾਰਾ ਗੰਦ ਪਾਇਆ ਹੋਇਆ ਸੀ ਅਤੇ ਇਹ ਦੇਸ਼ ਦੀ ਅਕਾਨੋਮੀ ਨੂੰ ਸ਼ੈਟਰ ਕਰਨ ਤੇ ਤੁਲੇ ਪਏ ਹਨ । ਇਹ ਸਾਰੇ ਦੇਸ਼ ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ ਅਤੇ ਇਹੋ ਜਿਹੇ ਹਾਲਾਤ ਪੈਦਾ ਕਰ ਦਿਤੇ ਹਨ । (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਵਲੋਂ *ਨਾਅਰੇ ਲਗਾਏ ਜਾ ਰਹੇ ਸਨ)

ਸ੍ਰੀ ਸਪੀਕਰ : ਇਹ ਜਿਹੜੇ ਨਾਅਰੇ ਲਾਏ ਜਾ ਰਹੇ ਹਨ ਇਹ ਨੋਟ ਨਾ ਕੀਤੇ ਜਾਣ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਕੱਲ ਜਿਹੜੀਆਂ ਕਰਤੂਤਾਂ ਕੀਤੀਆਂ ਹਨ ਇਸ ਬਾਰੇ ਪਬਲਿਕ ਵਲੋਂ ਨਦਾਮਤ ਆਈ ਹੈ, ਸਾਰੇ ਦੇਸ਼ ਵਲੋਂ ਨਦਾਮਤ ਆਈ ਹੈ । ਵਿਧਾਨ ਸਭਾ ਦੇ ਮੈਂਬਰ ਬਣਨ ਤੇ ਜਿਹੜੀ ਸੌਂਹ ਖਾਧੀ ਸੀ, ਇਸ ਪਵਿੱਤਰ ਮੰਦਰ ਵਿੱਚ ਜਿਥੇ ਅਸੀਂ ਡੈਮੋਕਰੇਸੀ ਦੀ ਪੂਜਾ ਕਰਨੀ ਹੈ ਉਥੇ ਵਟੇ ਮਾਰੇ ਹਨ, ਜੁੱਤੀਆਂ ਮਾਰੀਆਂ ਹਨ ਅਤੇ ਕਿਰਪਾਨਾਂ ਚਲਾਈਆਂ ਹਨ... (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਵਲੋਂ *ਨਾਅਰੇ ਲਗਾਏ ਜਾ ਰਹੇ ਸਨ)

ਸ੍ਰੀ ਸਪੀਕਰ , ਇਹ ਜਿਹੜੇ ਨਾਅਰੇ ਲਗਾਏ ਜਾ ਰਹੇ ਹਨ ਇਹ ਨੋਟ ਨਾ ਕੀਤੇ ਜਾਣ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਅਫ਼ਸੋਸ ਇਸ ਗੱਲ ਦਾ ਹੈ ਕਿ ਜਿਹੜੇ ਸਾਡੇ ਤੇ ਇਲਜ਼ਾਮ ਲਗਾਏ ਜਾਂਦੇ ਹਨ ਤੁਹਾਨੂੰ, ਸਪੀਕਰ ਸਾਹਿਬ, ਪਤਾ ਹੈ ਇਹ ਸਾਡੇ ਨਾਲ ਧੱਕਾ ਹੈ...... (ਵਿਘਨ) ਇਨ੍ਹਾਂ ਨੂੰ ਇਹ ਦੁਖ ਹੈ ਕਿ ਇਹ ਕਿਸ ਤਰ੍ਹਾਂ ਇਤਨੇ ਆ ਗਏ......(ਵਿਘਨ) ਇਹ ਵੀ ਮੈਨੂੰ ਪਤਾ ਹੈ ਕਿ ਇਹ ਸਾਡੇ ਵਿਚ ਹੀ ਸਾਰੇ ਮਿਲਣ ਨੂੰ ਤਿਆਰ ਹਨ ।

Mr. Speaker : The House stands adjourned till 2.30 P.M. today the 22nd January, 1981.

*1.30 P.M. (*The Sabha then *adjourned.*)

*Not recorded as ordered by the Chair.

1804—27-4-81—325—ਕਾਪੀਆਂ ਪੰਜਾਬ ਸਰਕਾਰ ਪਰੈਸ, ਪਟਿਆਲਾ ।

APPENDIX

TO

PUNJAB VIDHAN SABHA DEBATES

Dated 22nd January, 1981

(Forenoon Sitting)

Vol. II No. 2

UNSTARRED QUESTION AND ANSWER

ਗਰਾਮ ਪੰਚਾਇਤ ਮੇਵਾ ਸਿੰਘ ਵਾਲਾ ਦੇ ਸਾਬਕਾ ਸਰਪੰਚ ਵਿਰੁਧ ਰਕਮ ਦੀ ਨਿਰਧਾਰਣ।

37. ਸਰਦਾਰ ਆਤਮਾ ਸਿੰਘ
ਜਥੇਦਾਰ ਨਰੰਜਨ ਸਿੰਘ ਪੱਟੀ
ਸਰਦਾਰ ਬਲਵਿੰਦਰ ਸਿੰਘ ਭੂੰਦੜ } ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਕੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸੁਲਤਾਨਪੁਰ ਲੋਧੀ ਨੇ ਆਪਣੇ ਹੁਕਮ ਨੰ: 929-29, ਮਿਤੀ 28.4.78 ਰਾਹੀਂ ਗਰਾਮ ਪੰਚਾਇਤ ਮੇਵਾ ਸਿੰਘ ਵਾਲਾ ਦੇ ਸਾਬਕਾ ਸਰਪੰਚ, ਸਰਦਾਰ ਗੁਰਬਖਸ਼ ਸਿੰਘ ਵਿਰੁੱਧ ਰਕਮ ਦਾ, ਜਿਸ ਦੀ ਸਾਬਕਾ ਸਰਪੰਚ ਨੇ ਆਪਣੀ ਸਰਪੰਚੀ ਦੇ ਦੌਰਾਨ ਕੁਵਰਤੋਂ ਕੀਤੀ ਸੀ, ਕੋਈ ਨਿਰਧਾਰਣ ਕੀਤਾ;

(ਅ) ਜੇਕਰ ਉਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਉਪਰੋਕਤ ਰਕਮ ਨੂੰ ਵਸੂਲਣ ਲਈ ਕੀ ਕਾਰਵਾਈ ਕੀਤੀ ਗਈ ਹੈ;

(ੲ) ਜੇਕਰ ਉਪਰੋਕਤ ਰਕਮ ਦੀ ਵਸੂਲੀ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਕੁਤਾਹੀ ਲਈ ਜ਼ਿੰਮੇਵਾਰ ਅਫ਼ਸਰ ਦਾ ਨਾਂ ਕੀ ਹੈ ਅਤੇ ਉਸ ਵਿਰੁਧ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ ਜੀ, ਸਾਬਕਾ ਸਰਪੰਚ ਵਲੋਂ ਪਹੁੰਚਾਏ ਗਏ ਨੁਕਸਾਨ ਬਾਰੇ ਨਿਰਧਾਰਣਾ ਕੀਤੀ ਗਈ ਸੀ।

(ਅ) ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸੁਲਤਾਨਪੁਰ ਲੋਧੀ ਦਾ ਹੁਕਮ ਮਿਤੀ 28-4-73 ਕਾਨੂੰਨ ਦੇ ਉਪਬੰਧਾਂ ਅਨੁਸਾਰ ਨਹੀਂ ਸੀ, ਇਸ ਲਈ ਸਰਕਾਰ ਵਲੋਂ ਮਨਸੂਖ ਕਰ ਦਿੱਤਾ ਗਿਆ ਹੈ।

(ੲ) ਉਕਤ ਭਾਗ (ਅ) ਦੇ ਉਤਰ ਨੂੰ ਮੁੱਖ ਰੱਖਦਿਆਂ ਸਵਾਲ ਪੈਦਾ ਨਹੀਂ ਹੁੰਦਾ।

———

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

22nd January, 1981

(Afternoon Sitting)

Vol. II—No. 3

OFFICIAL REPORT

CONTENTS

Thursday, the 22nd January, 1981

(Afternoon Sitting)

Punjab Vidhan Sabha Secretariat, Chandigarh.

Price : Rs.5.80

PUNJAB VIDHAN SABHA

Thursday, the 22nd January, 1981

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh at 2.30 P.M. of the Clock. Mr. Speaker (Shri Brij Bhushan Mehra) in the Chair.

DISCUSSION ON GOVERNOR'S ADDRESS

Shri Yash (Jullundur Central) : Sir, I beg to move—

That an Address be presented to the Governor in the following terms —

> "That the Members of this House assembled in this Session are deeply grateful to the Governor for the Address which he has been pleased to deliver to the House on the 21st January, 1981."

अध्यक्ष महोदय, मैं खड़ा तो इस लिए हुआ हूँ कि गवर्नर साहिब ने जो भाषण दिया है, उसके लिए उनका धन्यवाद करूँ। धन्यवाद करूंगा भी। लेकिन इससे पहिले मैं हाऊस की तर्फ से उनसे मुआफी भी मांगना चाहता हूँ कि उनका भाषण वक्त पर शुरु नहीं हो सका। कसूर सारे हाऊस का नहीं। लेकिन आप जानते हैं कि एक गंदी मछली सारे तालाब को गंदा कर देती है। कल जो कुछ हुआ उसके बारे में आज तरह तरह की आवाजें इस सदन में उठी हैं। लेकिन जिन लोगों ने घेराव किया या करने की कोशिश की वे इस बात को भूल गए कि जो सरकार बन जाती है और जो पार्टी विपक्ष बन जाती है उसके बाद फैसले सड़कों पर नहीं होते।

2.31 p.m.	(इस समय श्री डिप्टी स्पीकर ने प्रधानगी की कुर्सी संभाली)

अगर फैसले सड़कों पर होने लगें तो प्रजातन्त्र खत्म हो जाता है। यह पंजाब की बदकिस्मती कह लीजिए कि इस हाऊस के कुछ लोगों ने जनता को गुमराह करने के लिये तरह तरह के नाहरे इजाद किए। सभी तरह के लोग एक प्रदेश में होते हैं। उनको कोई बात अच्छी भी लग सकती है और कोई बात बुरी भी लग सकती है। सरकार जो फैसले करती है उसके अलग अलग पहलू भी होते हैं। लेकिन लोगों को गुमराह करके जो कुछ करने का यत्न किया जा रहा है, वह एक साजिश है कि किसी तरीके से पंजाब के अन्दर प्रजातन्त्र की जड़ें कमजोर हो जायें। हमारे अकाली और कम्यूनिस्ट भाई शायद बहुत खुश होते होंगे कि इन्होंने इतनें आदमी इकट्ठे करके गवर्नर के भाषण को 70 मिन्ट लेट कर दिया। यह महसूस नहीं करते कि वे खुद अपने पैरों पर कुलहाड़ा मार रहे हैं। प्रजातन्त्र में सरकारें बदलती हैं। कभी एक पार्टी अकसरियत में आ जाती है और कभी दूसरी। चंद महीने पहले यह अकाली

[श्री यश]

पार्टी वाले राज कर रहे थे। अब लोगों ने दूसरी पार्टी को चुन लिया। उचित और मुनासिब यह है कि हम यह बात बर्दाश्त करें। लोगों ने जो फतवा दिया है उसको कबूल करें। अगर हर तीन चार महीने के बाद चुनाव करते रहें या मुतालबा करें तो जमहूरियत चल नहीं सकती। एक सरकार को लोग पांच साल के लिये चुनते हैं। हो सकता है कि इस समयके दौरान वह कुछ गलती करें। मगर जिस दिन से ही कोई सरकार बनी हो उसी दिन से उसकी मुखालफत शुरू कर दी जाये, ट्रैफिक जाम किया जाये, धरने मारे जायें और बसें रोकी जायें तो हम निश्चय ही अपने पैरों पर कुल्हाड़ा मार कर प्रजातन्त्र की जड़ें कमजोर करते हैं। इस में कोई शक नहीं कि जो कुछ कल यहां हुआ वह बहुत अफसोसनाक है। अगर मैं यह कहूँ कि यह पंजाब की पार्लीमैन्ट्री हिस्ट्री में एक बेहद काला दिन था तो यह गलत बात नहीं होगी। अगर इन लोगों ने मुजाहरा करना है तो प्रजातन्त्र में उसकी इजाज़त है। लेकिन प्रदर्शन का अर्थ यह है कि हम कानून के अन्दर रह कर कानून का सम्मान करें, शान्ति बनाए रखें। इन लोगों ने दावा तो किया था कि हम शान्ति बनाए रखेंगे लेकिन इनकी नीयत यह नहीं थी। अगर इनकी नीयत पुरअमन मुजाहरा करने की होती तो यह ईट पत्थर, लाठियां और तलवारें उठा कर न लाते। कल विधान भवन के बाहर जितनी ईटें पड़ी थीं वह पहिले नज़र नहीं आ रही थीं। यह लोग पहले ही तैयारी करके आये थे कि हमने कानून को तोड़ना है। एक परम्परा बनी है। प्रजातन्त्र की उस परम्परा के अनुसार हमें शान्ति से रहना है। इस परम्परा को खत्म किया गया। ईटे पत्थर और तलवारें ही नहीं बल्कि बर्छे भी लाये गये। हम भी बर्सों जेलखानों में रहे। सत्याग्रह किये, गैर मुल्की सरकारके खिलाफ, अंग्रेजों के खिलाफ उस वक्त हमने यदि ऐसे तरीके अपनाये थे, तो वह जायज़ थे। लेकिन अब हमारा विधान बना हुआ है। उस विधान के मुताबिक बनी सरकार को उलटाना और कानून तोड़ना और अगर पुलिस रोकने की कोशिश करे तो उन पर टूट पड़ना, यह ठीक बात नहीं। डिप्टी स्पीकर साहिब, आपके इल्म में हो या न, कल मैंने खुद देखा कि एक दर्शनकारी ने एक सिपाही को तलवार मारी। तो भी यह दावा करते हैं कि हम पुरअमन ढंग से मुजाहरा कर रहे थे। अगर यह पुरअमन ढंग है तो बदअमनी का ढंग क्या होगा? कसूर सारे हाऊस का नहीं। एक हिस्से का, कुछ मैम्बरों का है। जैसे मैंने पहले कहा था कि एकगंदी मछली सारे तालाब को गंदा कर देती है ऐसे ही एक आदमी की गलती से सारा प्रजातन्त्र बदनाम हो जाता है कई बार ऐसा हो जाता है कि एक पार्टी की गल्ती से सारे देश में अंधकार हो जाता है। मैं गवर्नर साहिब से मुआफी चाहता हूँ क्योंकि वह भाषण देने में कुछ लेट हो गये। हम बैठ कर ऐसी परम्पराएं कायम करें जो प्रजातन्त्र को जिन्दा रखें। अकाली दल ने दो पार्टियों से गठजोड़ कर रखा है। सी. पी. आई. और सी. पी. आई. (एम.) दोनों पार्टियों का विश्वास प्रजातन्त्र में नहीं है। जहां कहीं भी इन दोनों पार्टियों की हकूमतें बनी हैं, वहां उन्होंने प्रजातन्त्र का ढोंग रचा है। यह लोग यह कोशिश कर रहे हैं कि किसी तरह हिन्दुस्तान में ऐसे हालात पैदा हो जायें कि यहां प्रजातन्त्र की जड़ें काट कर यहां कम्यूनिस्ट तानाशाही हो जाये। यह हमारे लिए एक ऐसी खतरे की घंटी है जिसकी तरफ पूरा ध्यान देना चाहिए।

मैं एक और बात अर्ज करना चाहता हूँ। आज एक आनरेबल मैंबर ने उसका जिक्र भी किया था। चंडीगढ़ के बारे में हमें विचार करना चाहिए। आज तक हम इस ख्याल में रहे कि कोई बात नहीं। जब फैसला हो जायेगा तो चंडीगढ़ पंजाब में शामिल कर लिया जायेगा। लेकिन कल एक नाखुशगवार घटना हुई। उसकी रोशनी में हमें यह विचार करना पड़ेगा कि क्या एक प्रदेश की राजधानी ऐसे इलाके में होनी चाहिए जहां उसका शासन न हो। मैं किसी की नीयत पर शक नहीं करता। चंडीगढ़ प्रशासन ने अपने ढंग से कुछ प्रबंध किये। लेकिन चीफ कमिश्नर ने यह मान लिया कि कल उनका सारा बंदोबस्त नाकामयाब रहा। मैं उन पर जिम्मेदारी नहीं देता। लेकिन यह बात जरूर सोचनी चाहिए कि जिस प्रदेश ने अपना सैशन जिस जगह पर करना है वहां का इन्तजाम उसके हाथ में है या नहीं। यह बहुत महत्वपूर्ण बात है। हम काफी देर तक इस बात को टालते आ रहे हैं। कभी कभी यह भी सोचते रहे कि चंडीगढ़ कौन सा चीन में चला गया है। कोई फर्क नहीं पड़ता अगर यहां केन्द्र का प्रशासन रहे। लेकिन एक सवाल पैदा हो गया है कि कल को कुछ और उलझनें, पेचीदगियां पैदा हो सकती हैं। कल जो कुछ हुआ एक बार ऐसे लगा जैसे पुलिस कुछ नहीं कर सकती। पुलिस को मैं इलजाम नहीं देता। हालात ही ऐसे हो गये थे जिनकी उनको आशा नहीं थी कि लोग इस तरह की साजिशें भी कर सकते हैं। Leader of the opposition ने वायदा दिया था कि आप चिन्ता न करें हम कानून को नहीं तोड़ेंगे। जो वचन उन्होंने दिया, उसको निभाए बगैर जैसे चोर चोर-रास्ते से घुसने की कोशिश करते हैं, ऐसे ही इन्होंने किया। एडमिनिस्ट्रेशन को यह भी देखना पड़ता है कि कितनी फोर्स कब इस्तेमाल करनी है। अगर ज्यादा फोर्स इस्तेमाल की जाये तो इस बात का भी डर रहता है कि लोगों की जानें न चली जायें। यह संतुलन भी कायम रखना जरूरी होता है। यह लोग बार बार नारे लगाते हैं। लेकिन सरकार का काम किसी को मारना, किसी पर अत्याचार करना नहीं लाठियां और गोलियां चलाना नहीं। लेकिन जब ऐसे हालात पैदा हो जायें तब सरकार को क्या करना चाहिए, यह एक अलग बहिस है। लेकिन इस बात पर हम सब को संजीदगी से गौर करना पड़ेगा कि जिस जगह पर हमारे प्रदेश का सैशन होता है, जहां विधान की रूप रेखा बनती है, जहां महत्वपूर्ण फैसले होते हैं, वहां का प्रबंध हमारे हाथ में रहना चाहिए या किसी और के हाथ में रहना चाहिए। इस बात के साथ मैं यह रैजोलयूशन मूव करता हूँ कि गवर्नर साहिब ने जो भाषण दिया है, उसके लिये यह हाऊस उनका आभारी है।

यह बात मैं रसमी तौर पर नहीं कह रहा। देखने की बात है कि इस सरकार को बने अभी 6, 7 महीने हुए हैं। किसी सरकार की कारगुजारी का हम 6, 7 महीने के अर्से में सही अंदाजा नहीं लगा सकते। बड़ा कम अर्सा हुआ है। इनके पास कोई जादू की छड़ी या अलादीन का चिराग तो है नहीं कि चुटकी बजाने से सारे काम हो जायें। और खास तौर पर इस लिए कि छ: महीनों से पहले जो तीन वर्ष गुजरे थे, वे अफसोसनाक थे। इनका उद्देश्य केवल एक था कि जो कुछ पहिले कांग्रेस ने किया था उसके उलट काम करना है। गुस्से में आकर और बदले की भावना से इन्होंने इस तरह की बातें की कि जमहूरी कीमतों और देश का

[श्री यश]

जो आर्थिक ढांचा था उसका हुलिया ही बिगाड़ दिया । प्रजातन्त्र को नष्ट करने की कोशिश की। डिप्टी स्पीकर साहिब, आप जानते हैं कि जब बुनियाद में दराड़ पड़ जाती है तो उसकी मुरम्मत करनी पड़ती है ।

डिप्टी स्पीकर साहिब, मैं रेल गाड़ी की मिसाल देता हूँ । अगर किसी ने शरारत करनी हो तो वह उस गाड़ी को ब्रेक लगा देता है । इससे भी अगर और शरारत करनी हो तो वह इंजन खराब कर सकता है, उस का कोई पुर्जा ढीला कर सकता है, अगर उसने इससे भी बढ़कर शरारत करनी हो तो वह उस गाड़ी को डीरेल कर सकता है । आप जानते हैं कि अगर गाड़ी डीरेल हो जाए, वह पटड़ी से उतर जाए तो उसको दुबारा ऊपर लाना बड़ा मुशकिल हो जाता है । इसी तरह से ही सन् 1977 से सन् 1979 के आखीर तक जो सरकारें रही हैं, उन्होंने गाड़ी को ब्रेक ही नहीं लगाई , इंजन ही खराब नहीं किया, गाड़ी को पटड़ी से केवल उतारा ही नहीं अपितु पटड़ी ही उखाड़ कर चले गए हैं । इसीलिये ही मौजूदा सरकार को मुशकिल पेश आ रही है । नई सरकार ने, जिसकी रहनुमाई सरदार दरबारा सिंह जी कर रहे हैं, जिस तरीके से, जिस फुर्ती के साथ विगड़े हुए हालात को सुधारना शुरु किया वह कोई साधारण बात नहीं है । सब से बड़ी बात यह है कि छे महीने के अन्दर पंजाब के आर्थिक ढांचे को मजबूत करने के लिये पंजाब सरकार ने जिस ढंग से किसानों की मदद की है उसकी हिन्दुस्तान भर में मिसाल नहीं है । (थंपिंग)

आपोज़ीशन वालों ने दो तीन बार किसानों को गुमराह करने की कोशिश की है लेकिन यह खुशी की बात है कि लोग गुमराह नहीं हुए । इन्होंने लोगों को जिनस की कीमतों के बारे में गुमराह करने की कोशिश की लेकिन, डिप्टी स्पीकर साहिब, मैं यह कहना चाहता हूँ कि कीमतें मुकर्रर करना कोई आसान बात नहीं है । सरकार की निगाह में केवल उत्पादक ही नहीं होता, उसकी निगाह में कन्ज्यूमर का मुफाद भी होता है । जहां उसने उत्पादक के हितों की रक्षा करनी होती है वहां कन्ज्यूमर का हित भी देखना होता है । सरकार ऐसा काम नहीं कर सकती जिससे कन्ज़यूमर कहे कि सरकार ने खाहमखाह हमारे ऊपर बोझ डाल दिया है प्रोडयूसर या कहे कि मुझे अपनी प्रोड्यूस का पूरा मुआवजा नहीं मिला । देखिए इस तरह के जो अहिम फैसले होते हैं वह न तो नारे-बाजी से होते हैं, न ट्रैफिक जाम करने से होते हैं न मुजाहिरे करने से होते हैं बल्कि इस तरह के फैसले तो बड़ी सूझबूझ के साथ होते हैं । जो लोग आज इस तरह से नारे लगाते हैं उनका भी तो राज रहा है, उस समय उन्होंने क्यों फैसले नहीं किये, क्या कमजोरी थी ? असल में उन में यह शक्ति तथा योग्यता नहीं थी । यह शक्ति और योग्यता केवल कांग्रस सरकार में ही है । वह दलेरी के साथ फैसले करती है और उन पर अमल करती है। यह जो कहते हैं कि किसानों का कोई फायदा नहीं हुआ यह सरासर गलत बात है । मैं कोई लम्बे चौड़े आंकड़े नहीं दूंगा पिछले छ: महीने की बात करता हूँ ।

धान पर जो अधिक आमदनी प्रोड्यूसर (Producer) को पंजाब में हुई है वह है 64,29,00,000 रुपये। किसान को पहले से ज्यादा इतनी आमदनी होगी। अब आप कहेंगे कि किसान का खर्च भी बढ़ा है। मैंने खर्च का अन्दाजा लगाया है, जो फालतू खर्च हुआ है, जैसे कि पैट्रोल की कीमत बढ़ी है, फर्टलाइजर्ज की कीमत बढ़ी है, उस खर्च को निकाल कर 32 करोड़ 79 लाख रुपया किसानों को अधिक मिला है। बहुत शोर मचाया गया, किसानों को रोका गया कि वे मिलों में गन्ना न ले जाएं, लेकिन यह कौन होते हैं उनको रोकने वाले या इजाजत देने वाले। किसानों ने खुद सोचा कि हमें ज्यादा दाम मिल रहे हैं तो हम क्यों न अपना गन्ना मिलों के पास बेचें, हम जरूर बेचेंगे। जरा गौर कीजिये, मिलों के बेचे जाने वाले गन्ने पर किसानों का कितना लाभ हुआ? पिछले वर्ष किसानों को 7 करोड़ 76 लाख रुपये मिले थे। इस वर्ष 15 करोड़ 12 लाख रुपये ज्यादा मिलेंगे इसके बावजूद भी आपोजीशन वाले कहें कि उन किसानों को कुछ नहीं मिला तो बताओ सरकार क्या करे?

कपास का भाव इनके वक्त 265 रुपये था और गन्ने का भाव 12-13 रुपये प्रति क्विंटल इन्होंने मुकर्रर किया था। यह रिकारड की बात है कि लोगों ने गन्ना खेतों में ही जला दिया था। अब सरकार ने गन्ने का भाव 17 या $17\frac{1}{2}$ रुपये मुकर्रर किया है लेकिन यह 22, 24, 26 और यहां तक कि 28 रुपये में बिक रहा है। कांग्रेस ने कपास की कीमत चाहे ज्यादा मुकर्रर न की हो लेकिन वह सवा पांच सौ और 550 रुपये बिक रही है। जो फिगरज़ मैंने आप को गन्ने के बारे में दिये हैं वह उस गन्ने के हैं जो शूगरकेन मिलों में जाता है। इसके अलावा जो गन्ना पैदा हो रहा है उससे किसान को जो फायदा होने वाला है, वह है 63 करोड़ 95 लाख का यानी 64 करोड़ है। यह कीमत बढ़ जाने से इतना फायदा हुआ है। खर्चा निकाल कर धान में 32 करोड़, 79 लाख और कपास में 56 करोड़ 11 लाख रुपये किसानों को ज्यादा मिलेंगे। यानी कांग्रेस सरकार ने पंजाब के किसान को पिछले छ महीनों में 152 करोड़ 85 लाख रुपये दिलवाए है। फिर भी आपोजीशन वाले कहेंगे कि कांग्रेस सरकार किसान की दुश्मन है। बादल साहिब किसानों को आठ रुपये गन्ने का भाव दिला कर हीरो बन सकते हैं और सरदार दरबारा सिंह 26 रुपये दिलाकर उनके दुश्मन बन गए, कितनी अजीब बात है? जब इन्होंने लोगों के नाम पर ट्रैफिक जाम करवाने की कोशिश की, जब एजीटेशन कराने की कोशिश की तो उनको पता चल गया कि यह हमें बेवकूफ बना रहे हैं। हमें तो गन्ने के भाव ज्यादा मिल रहे हैं तब वे लोग इनके पीछे ना चलें। फिर इन्होंने विद्यार्थियों को अपने पीछे चलाने की कोशिश की लेकिन वे भी इनके झांसे में नहीं आए।

डिप्टी स्पीकर साहिब, यहां मैं एक बात और कहना चाहता हूँ इन्होंने कहा था कि स्पीकर साहिब की चेयरमैनशिप में कमेटी बना दी जाती तो वह जो फैसला करती है, वह उसको मान लेंगे। इसका यह अर्थ है कि यह बसों में किरायों की वृद्धि का सिद्धान्त मानते हैं। सरकार ने कह दिया था कि जब जी चाहे हमारे साथ बात कर लो एजीटेशन की जरूरत

[श्री यश]

नहीं है लेकिन यह फिर भी कहते हैं कि हमें सरकार ने मुलाकात के लिये टाईम नहीं दिया और हमारे पास एजीटेशन के सिवा और रास्ता ही नहीं रह गया था। सरदार दरबारा सिंह जी ने बार बार कहा कि जब भी बात करनी हो, मेरा दरवाजा खुला है। आपोजीशन को शिकायत है कि सरदार दरबारा सिंह बात नहीं करते। सरदार जी तो इतनी लम्बी बातें करते हैं कि बात करने वाले थक जाते हैं। उन लोगों की डिप्टी स्पीकर साहिब, कोशिश है कि किसी न किसी तरीके से प्रजातंत्र की जड़ें कमजोर हो जाएं।

डिप्टी स्पीकर साहिब आपको पता है कि महाराष्ट्र की सरकार ने अपनी स्टेट के सारे किसानों पर जो Co-operative Societies के कर्जे थे माफ करने की तजवीज़ की थी। उनका ख्याल था कि इस तरह करने से किसान खुश हो जायेंगे। परन्तु फिर भी आपको पता है कि आपोजीशन ने किसानों को बहका कर लांग मार्च शुरु कर दिया। ऐसी प्रदर्शनी के पीछे सियासी मकसद था। इसी तरह आपोजीशन के मैम्बरज़ की नियत का पता चलता है कि उन लोगों की भावना पंजाब के लोगों की भलाई करना नहीं है वे तो यह चाहते हैं कि किसी तरह पंजाब में गड़ बड़ हो। पंजाब में बसों के जो किराये बढ़े हैं इससे पंजाब के स्टूडैन्टस के ऊपर कोई असर नहीं हुआ। उनके पासों के रेट नहीं बढ़े परन्तु फिर भी वे ऐजीटेशन कर रहे हैं इससे स्पष्ट है कि उनके पीछे कोई सियासी हाथ है।

बसों के किराये बढ़ाने से जो मुनाफा होना है, वह सरदार दरबारा सिंह ने अपनी जेब में रखकर घर नहीं ले जाना। सरकार के खजाने में ही रहेगा। किराया बढ़ाना जरूरी हो गया था। अब किराया बढ़ाने के बाद भी डीजल 50 पैसे पर लीटर और बढ़ गया है। यदि आप हिसाब किताब लगायें तो जिस तरह से तेल सप्लाई करने वाले देशों के रेट बढ़ रहे हैं तो यह डीज़ल का रेट 4-5 रुपये और तेल का रेट 7 रुपये से कम नहीं होना चाहिए। आप जानते हैं कि जब कोई खर्च बढ़ेगा तो किराया भी बढ़ेगा। आप को पता है कि जब भी डीज़ल का रेट बढ़ता है तो बादल साहिब कहते हैं कि गंदम के रेट बढ़ाये जायें। इसी तरह और उपज के रेट भी बढ़ाये जायें। यदि डीजल के रेट बढ़ेंगे तो क्या किराया नहीं बढ़ेगा ? डीज़ल से ही बसें चलती हैं। यह बात नहीं कि आप आपोजीशन के मैम्बर साहिबान यह बात नहीं जानते हैं। वह इस बात को समझते हैं, लेकिन उनकी नीयत यह है कि सरकार के खिलाफ एजीटेशन करनी है। कल जो कुछ यहां हुआ वह क्यों हुआ था। गुस्सा तो असल में यह था कि कैसे पंजाब में गड़बड़ हो और पंजाब में जल्दी चुनाव हो। इस तरह से यह पंजाब में प्रजातन्त्र खत्म करके गलत रास्ता अपनाना चाहते हैं। इनके प्रोग्राम से यह मालूम होता है कि इनके पीछे किसी विदेशी ताकत की शह है। इसमें कोई अचम्भे की बात नहीं। विदेशी ताकतें ऐसा करती हैं संकेत उनका होता है, यह नारे लगाते हैं। और फिर यहां आकर कहते हैं कि हमारा बाजू टूट गया था, हमारे ऊपर लाठी चार्ज हुआ। मैं आपको बताता हूँ कि इनके समय में जब बादल साहिब चीफ मिनिस्टर थे, तो जालन्धर में हम पर लाठी चार्ज हुआ। वहां पर दफ़ा 144 नहीं लगी हुई थी। परन्तु फिर भी चौधरी जगतराम की बाजू तोड़ दी गई, मास्टर

गुरबंता सिंह, जिनका निधन हो गया है, उन पर भी लाठी चार्ज हुआ। मैं भी उनके साथ था। मैं क्योंकि कुछ तकड़ा आदमी था इसलिये मेरी बाजू वगैरा तो नहीं टूटी लेकिन मुझ पर बेतहाशा लाठी चार्ज हुआ। और फिर लाठी चार्ज करने के बाद हमें किसी ने हस्पताल तक पहुंचाने की भी तकलीफ नहीं की। किसी डाक्टर को नहीं दिखाया गया। और हमें खाना भी नहीं दिया गया। और जब मुकदमा बना तो मुझ पर, चौधरी जगत राम और मास्टर गुरबंता सिंह पर कतल का मुकदमा बना दिया। इस तरह से झूठा मुकदमा बनाया और फिर 10–15 दिन बाद वह केस वापिस भी ले लिया।

मैं स्पष्ट शब्दों में कहता हूँ कि इनकी नीयत किसानों को अधिक पैसे दिलाने की नहीं है, बसों के किराये कम करने की नहीं है, यह तो चाहते हैं कि पंजाब में गड़बड़ हो, लोग तंग हों और दुबारा इलैक्शन हों। इसलिये मैं आपकी मार्फत यह अर्ज करना चाहता हूँ कि चाहे यह कुछ भी करें, पंजाब की जनता अब इन अकालियों और कम्यूनिस्ट पार्टीज़ को वोट देने वाली नहीं है। (तालियां)

2.57 P.M. (इस समय श्री स्पीकर ने प्रधानगी की कुर्सी संभाली)

एक और बात जिस पर यह बहुत जोर देते थे वह भी मैं बताता हूँ बसों के जो किराये बढ़े हैं यह किराये बढ़ाने की तजवीज़ तो इनकी भी थी परन्तु इतफाक से उस समय उनकी सरकार नहीं रही और कांग्रेस सरकार आ गई। परन्तु आज यह इन बातों को लेकर ऐजीटेशन करते हैं। एक और बात यह है कि हमारी सरकार ने किसानों की उपज के भाव बढ़ा कर दिये हैं। पैडी का भाव जो पहले 95 रुपये था वह अब 105 रुपये हो गया है। गन्ने का भाव जो पहिले 12 रुपये था वह अब 26 रुपये कर दिया है। और इसी तरह गंदम के भाव अभी नहीं आये हैं परन्तु उसके भाव भी बढ़ेंगे।

अभी पिछले दिनों जब नकोदर में श्रीमती इन्दिरा गांधी आई थीं तब वहां 30 करोड़ के कर्जे बिना सूद देने का सिलसिला जारी किया गया था। तो उस समय श्रीमती इन्दिरा गांधी ने कहा था कि यदि हमने किसानों का कोई फायदा नहीं किया है तो खेतों की पैदावार दुगनी तिगुनी कैसे हो गई है? आज पंजाब सारी दुनिया भर के देशों से पैदावार में आगे बढ़ गया है इतनी पैदावार अमरीका में नहीं होती। रूस में भी नहीं होती जितनी पंजाब में होती है। अगर हमने किसान का ख्याल न रखा होता तो उनको डीज़ल न मिलता, खाद न मिलती तो यह पैदावार कैसे बढ़ती। अब भी यह कहते हैं कि किसान का ख्याल नहीं रखा गया। जालन्धर में जो जमीन पहिले 5 हजार रुपये एकड़ थी उसका रेट 50 हजार और 75 हजार कैसे हो गया? यदि पैदावार न बढ़ती तो जमीन की कीमत नहीं बढ़नी थी।

इस लिये मैं यह कहता हूँ कि बसों के जो किराये बढ़े हैं, इनका मकसद वह कम करना नहीं है, बल्कि इनका खालिस सियासी मकसद है। 30 करोड़ रुपया बांटने की जो स्कीम बनी हैं यह स्कीम जुलाई में बनाई गई थी। जुलाई में रुपया मंजूर किया गया और दिसम्बर तक 9 करोड़ बांट भी दिया गया : 20 करोड़ की अलाटमैंट हो गई।

(ਇਸ ਵੇਲੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਜੋ ਸਵੇਰੇ ਹਾਜ਼ਰ ਨਹੀਂ ਸਨ ਸਦਨ ਵਿਚ ਆ ਗਏ।)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਪਿਛਲੀ ਮੀਟਿੰਗ ਵਿਚ ਜੋ ਕੁਝ ਹੋਇਆ ਇਸ ਦੀ ਕਿਸੇ ਨੂੰ ਕੋਈ ਖੁਸ਼ੀ ਨਹੀਂ। ਭਾਵੇਂ ਉਹ ਮੈਂਬਰ ਆਪੋਜ਼ੀਸ਼ਨ ਦਾ ਹੋਵੇ ਜਾਂ ਰੂਲਿੰਗ ਪਾਰਟੀ ਦਾ ਹੋਵੇ (ਵਿਘਨ)ਅਸੀ ਸਾਰੇ ਚਾਹੁੰਦੇ ਹਾਂ ਕਿ ਹਾਊਸ ਦੀ ਡੈਲੀਬਰੇਸ਼ਨ ਠੀਕ ਢੰਗ ਨਾਲ ਚਲੇ। ਇਸ ਲਈ ਅਸੀਂ ਜਦੋਂ ਤੁਹਾਨੂੰ ਬਾਅਦ ਵਿਚ ਮਿਲੇ ਤਾਂ ਤੁਸੀਂ ਸਾਡੀ ਗੱਲ ਬੜੇ ਧਿਆਨ ਨਾਲ ਸੁਣੀ ਅਤੇ ਗੌਰਮਿੰਟ ਦੀ ਤਰਫੋਂ ਇਕ ਮਨਿਸਟਰ ਨੂੰ ਵੀ ਬੁਲਾ ਕੇ ਇਹ ਮਸਲਾ ਹੱਲ ਕੀਤਾ। ਇਸ ਲਈ ਅਸੀਂ ਤੁਹਾਡੇ ਬੜੇ ਧੰਨਵਾਦੀ ਹਾਂ ਕਿ ਤੁਸੀਂ ਇਹ ਮਸਲਾ ਹਲ ਕਰ ਦਿੱਤਾ ਹੈ। ਹੁਣ ਅਸੀਂ ਇਹ ਚਾਹੁੰਦੇ ਹਾਂ ਕਿ ਤੁਸੀਂ ਜੋ ਮਸਲਾ ਹੱਲ ਕੀਤਾ ਸੀ ਉਸ ਨੂੰ ਹੁਣ ਲਾਗੂ ਕਰਵਾਓ।

ਮੁੱਖ ਮੰਤਰੀ : ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਤੁਹਾਨੂੰ ਯਕੀਨ ਦਿਵਾ-ਇਆ ਹੈ ਕਿ ਐਸੇ ਹਾਲਾਤ ਨਹੀਂ ਹੋਣਗੇ ਅਤੇ ਉਹ ਸਰਕਾਰ ਨੂੰ ਕੋਆਪ੍ਰੇਸ਼ਨ ਦੇਣਗੇ। ਮੈਂ ਸਮਝਦਾ ਹਾਂ ਕਿ ਇਸ ਸਦਨ ਦੀ ਜਮਹੂਰੀ ਰਿਵਾਇਤਾਂ ਨੂੰ ਕਾਇਮ ਰੱਖਦੇ ਹੋਏ ਅਗਰ ਇਹ ਵਾਤਾਵਰਣ ਸੁਣੋ ਅਤੇ ਸੁਣਾਓ ਦਾ ਰਹੇਗਾ ਤਾਂ ਇਹ ਇਕ ਬੜੀ ਚੰਗੀ ਗੱਲ ਹੋਵੇਗੀ। ਮੈਂ ਅਰਜ਼ ਕਰਦਾ ਹਾਂ ਕਿ ਇਸ ਸਾਰੀ ਚੀਜ਼ ਨੂੰ ਮੁਖ ਰਖਦੇ ਹੋਏ ਤੁਸੀ ਆਪਣੀ ਲੀਡਰਸ਼ਿਪ ਵਿਚ ਇਕ ਵਾਰ ਦੁਬਾਰਾ ਬੀ. ਏ. ਸੀ, ਦੀ ਮੀਟਿੰਗ ਰੱਖ ਲਵੋ।

ਸ੍ਰੀ ਸਪੀਕਰ : ਮੈਨੂੰ ਬੜੀ ਖੁਸ਼ੀ ਹੈ ਕਿ ਜਿਹੜਾ ਮੇਰਾ ਯਕੀਨ ਆਪਣੇ ਮੈਂਬਰ ਸਾਹਿਬਾਨ ਦੇ ਵਿਚ ਸੀ ਅਤੇ ਇਸ ਹਾਊਸ ਦੇ ਮੈਂਬਰ ਸਾਹਿਬਾਨ ਜੋ ਬੜੇ ਸੀਜ਼ਨਡ ਪਾਰਲੀਮੈਂਟੇਰੀਅਨ ਹਨ ਜਿੰਨ੍ਹਾਂ ਨੂੰ ਨਾ ਕੇਵਲ ਪੰਜਾਬ ਵਿਚ ਮੈਂ ਕਹਿੰਦਾ ਹਾਂ ਬਲਕਿ ਦੂਜੀਆਂ ਸਟੇਟਾਂ ਵਾਲੇ ਵੀ ਕਹਿੰਦੇ ਹਨ ਕਿ ਮੇਰੇ ਹਾਊਸ ਦੇ ਮੈਂਬਰਜ਼ ਬੜੇ ਸੀਜ਼ਨਡ ਪਾਰਲੀਮੈਂਟਰੀਅਨ ਹਨ, ਮੈਨੂੰ ਇਹ ਯਕੀਨ ਲੀਡਰ ਆਫ ਆਪੋਜ਼ੀਸ਼ਨ ਨੇ ਦਿਵਾਇਆ ਹੈ ਕਿ ਇਸ ਸਦਨ ਦੀ ਪਵਿਤਰਤਾ ਨੂੰ ਕਾਇਮ ਰੱਖਣਗੇ। ਮੈਨੂੰ ਖੁਸ਼ੀ ਹੈ ਕਿ ਹਰ ਦੇਸ਼ ਭਗਤ ਪੰਜਾਬੀ ਨੂੰ ਪਸੰਦ ਹੋਵੇਗਾ। ਜਿਸ ਤਰ੍ਹਾਂ ਹੁਣ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਕਿ ਬੀ. ਏ. ਸੀ. ਦੀ ਮੀਟਿੰਗ ਫਿਰ ਹੋਵੇਗੀ। ਇਹ ਫੈਸਲਾ ਹੋਇਆ ਹੈ। ਮੈਨੂੰ ਇਸ ਤੇ ਬੜੀ ਖੁਸ਼ੀ ਹੈ। ਹੁਣ ਹਾਊਸ ਨੂੰ ਐਡਜਰਨ ਕੀਤਾ ਜਾਂਦਾ ਹੈ ਅਤੇ ਕੱਲ ਨੂੰ ਸ੍ਰੀ ਯਸ਼ ਜੀ ਆਪਣੀ ਸਪੀਚ ਨੂੰ ਜਾਰੀ ਰਖਣਗੇ।

Mr. Speaker. The House stands adjourned till 9-00 A.M. on Friday, the 23rd January, 1981. *

*3.03 P. M.

(*The Sabha then adjourned till 9.00. A. M. on Friday, the 23rd January, 1981*).

1835—26-5-1981—325—ਕਾਪੀਆਂ—ਪੰਜਾਬ ਸਰਕਾਰ ਪਰੈਸ, ਪਟਿਆਲਾ।

1981

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

23rd January, 1981

Vol. II—No. 4

OFFICIAL REPORT

CONTENTS

Friday, the 23rd January, 1981

Punjab Vidhan Sabha Secretariat, Chandigarh.

Price : Rs. 80-65 P.

PUNJAB VIDHAN SABHA

Friday, the 23rd January, 1981

The Vidhan Sabha met in the Punjab Vidhan Sabha Hall, Vidhan Bhawan, Chandigarh, at 9-00 A. M. of the Clock. Mr. Speaker (Shri Brij Bhushan Mehra) in the-Chair.

STARRED QUESTIONS AND ANSWERS

LOCAL BUS SERVICE IN CORPORATION AREAS ON THE DELHI PATTERN

* **394 Comrade Raj Kumar**: Will the Minister for Finance be pleased to state whether the Government is Considering any proposal to run local bus service in Municipal Corporation areas f Amritsar, Jullundur and Ludhiana on the Delhi pattern under which 50 per cent of buses, with drivers, would be taken on lease from the private Transport operators; if so, the details thereof ?

ਡਾਕਟਰ ਕੇਵਲ ਕ੍ਰਿਸ਼ਨ : ਮਾਮਲਾ ਵਿਚਾਰ ਅਧੀਨ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਸਵਾਲ ਇਹ ਪੁੱਛਿਆ ਸੀ ਕਿ ਕੀ ਪੰਜਾਬ ਸਰਕਾਰ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਜਿਥੇ 100 ਪ੍ਰਤੀਸ਼ਤ ਨੈਸ਼ਨੇਲਾਈਜ਼ਡ ਲੋਕਲ ਬੱਸ ਟਰਾਂਸਪੋਰਟ ਦੀ ਚਲਦੀ ਹੈ, ਉਸ ਵਿਚੋਂ 50 % ਪਰਾਈਵੇਟ ਆਪਰੇਟਰਜ਼ ਨੂੰ ਦਿੱਲੀ ਪੈਟਰਨ ਉਤੇ ਦੇਣ ਲਗੇ ਹਨ ਪਰ ਮਨਿਸਟਰ ਸਾਹਿਬ ਨੇ ਜਵਾਬ ਦੇ ਦਿਤਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੱਲ 100% ਨੈਸ਼ਨੇਲਾਈਜੇਸ਼ਨ ਦਾ ਜੋ ਮਤਾ ਪਾਸ ਹੋਇਆ ਹੈ, ਉਸ ਦੀ ਰੋਸ਼ਨੀ ਵਿਚ ਹੁਣ 50% ਕਰਨਗੇ ਜਾਂ ਇਸ ਨੂੰ ਛੱਡ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਰਬਸੰਮਤੀ ਨਾਲ ਜੋ ਕੱਲ ਕੰਪਲੀਟ ਨੈਸ਼ਨੇਲਾਈਜੇਸ਼ਨ ਕਰਨ ਦਾ ਰੈਜ਼ੋਲਿਊਸ਼ਨ ਪਾਸ ਹੋਇਆ ਹੈ ਉਸ ਰੈਜ਼ੋਲਿਊਸ਼ਨ ਦੇ ਮੁਤਾਬਿਕ ਸਰਕਾਰ ਮੁੜ ਕੇ ਵਿਚਾਰ ਕਰ ਸਕਦੀ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਮੁੜ ਕੇ ਸਰਕਾਰ ਵਿਚਾਰ ਕਰ ਸਕਦੀ ਹੈ ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਤਾ ਪਾਸ ਕਰਨ ਤੋਂ ਬਾਅਦ ਇਸ ਪੁਆਇੰਟ ਨੂੰ ਬਿਲਕੁਲ ਹੀ ਛੱਡ ਦਿਤਾ ਜਾਣਾ ਚਾਹੀਦਾ ਹੈ ਅਤੇ ਵਿਚਾਰ ਨਹੀਂ ਕਰਨਾ ਚਾਹੀਦਾ ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਇਸ ਮਾਮਲੇ ਉਤੇ ਜਿਸ ਤਰ੍ਹਾਂ ਰੈਜ਼ੋਲਿਊਸ਼ਨ ਪਾਸ ਹੋਇਆ ਹੈ ਕਿ ਕੰਪਲੀਟ ਨੈਸ਼ਨੇਲਾਈਜੇਸ਼ਨ ਕਰਨ ਵਾਸਤੇ ਸਟੈਪਸ ਲਏਗੀ ? ਉਸ ਦੇ ਮੁਤਾਬਿਕ ਹੀ ਸਰਕਾਰ ਵਿਚਾਰ ਕਰਕੇ ਸਟੈਪਸ ਲਏਗੀ, ਉਸ ਤੇ ਜ਼ਰੂਰ ਫੁਲ ਚੜ੍ਹਾਏਗੀ ਅਤੇ ਫੈਸਲਾ ਜ਼ਰੂਰ ਕਰੇਗੀ

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਲੋਕਲ ਬੱਸਾਂ ਕਾਰਪੋਰੇਸ਼ਨਾਂ ਨੂੰ ਟਰਾਂਸਫਰ ਕੀਤੀਆਂ ਗਈਆਂ ਸਨ, ਉਹ ਬੱਸਾਂ ਬਿਲਕੁਲ ਘਟੀਆ ਅਤੇ ਪੀਪਾ ਸਨ । ਖਾਸ ਕਰਕੇ ਲੁਧਿਆਣਾ ਸ਼ਹਿਰ ਅੰਦਰ, ਜਿਥੇ ਕਿ 5-6 ਲੱਖ ਦੀ ਆਬਾਦੀ ਹੈ, ਇਹ ਬਹੁਤ ਵੱਡਾ ਸ਼ਹਿਰ ਹੈ ਅਤੇ ਸਾਰੀ ਦੁਨੀਆਂ ਦੇ ਲੋਕ ਉਥੇ ਆਉਂਦੇ ਜਾਂਦੇ ਹਨ, ਇਸ ਲਈ ਕੀ ਮਨਿਸਟਰ ਸਾਹਿਬ ਆਪਣੇ ਬੱਜਟ ਵਿਚ 15 ਨਵੀਆਂ ਬੱਸਾਂ ਲਈ ਪੈਸਾ ਦੇਵੇਗੀ ਜਾਂ ਕੋਈ ਹੋਰ ਇੰਤਜ਼ਾਮ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਜੋ ਕਿਹਾ ਹੈ, ਉਹ ਠੀਕ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਮਾੜੀਆਂ ਬੱਸਾਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਕਾਰਪੋਰੇਸ਼ਨਾਂ ਨੂੰ ਦਿੱਤੀਆਂ ਸਨ । ਉਹ ਸੱਚ ਮੁੱਚ ਬਹੁਤ ਪੁਰਾਣੀਆਂ ਬੱਸਾਂ ਸਨ । ਇਸ ਲਈ ਦਸ ਲੱਖ ਰੁਪਏ ਦਾ ਘਾਟਾ ਹਰ ਮਹੀਨੇ ਦਾ ਸਾਰੀਆਂ ਕਾਰਪੋਰੇਸ਼ਨਾਂ ਨੂੰ ਪੈਂਦਾ ਹੈ । ਸਪੀਕਰ ਸਾਹਿਬ, ਲੁਧਿਆਣੇ ਵਾਸਤੇ ਸਰਕਾਰ ਬੱਸਾਂ ਦਾ ਠੀਕ ਪ੍ਰਬੰਧ ਕਰਨ ਲਈ ਵਿਚਾਰ ਕਰ ਰਹੀ ਹੈ ਅਤੇ ਅਸੀਂ ਯਕੀਨਨ ਜਲਦੀ ਫੈਸਲਾ ਕਰਾਂਗੇ ।

ਗਿਆਨੀ ਅਰਜਨ ਸਿੰਘ ਲਿਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗੁਪਤਾ ਜੀ ਨੇ ਦਸਿਆ ਹੈ ਕਿ ਬੱਸਾਂ ਦੀ ਬੁਰੀ ਹਾਲਤ ਹੈ, ਮੈਂ ਕਹਿੰਦਾ ਹਾਂ ਕਿ ਬੱਸਾਂ ਟੁੱਟੀਆਂ ਹੋਈਆਂ ਹੁੰਦੀਆਂ ਹਨ ਅਤੇ ਕਪੜੇ ਫਾੜਦੀਆਂ ਹਨ । ਬੱਸਾਂ ਦੇ ਸ਼ੀਸ਼ੇ ਟੁੱਟੇ ਹੋਏ ਹੁੰਦੇ ਹਨ ਅਤੇ ਬਾਰਿਸ਼ ਦੇ ਦਿਨਾਂ ਵਿਚ ਬੁਰੀ ਹਾਲਤ ਹੁੰਦੀ ਹੈ । ਕੀ ਨਵੀਆਂ ਬੱਸਾਂ ਖਰੀਦਣ ਲਈ ਸਰਕਾਰ ਨੇ ਬਜਟ ਵਿਚ ਪੈਸਾ ਰੱਖਿਆ ਹੈ ਤਾਕਿ ਲੋਕ ਚੰਗੀ ਤਰ੍ਹਾਂ ਸਫਰ ਕਰ ਸਕਣ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਪੁਰਾਣੇ ਹਨ । ਮੈਂ ਇਨ੍ਹਾਂ ਨੂੰ ਬੱਜਟ ਬਾਰੇ ਕੁਝ ਨਹੀਂ ਕਹਿ ਸਕਦਾ ਪਰ ਬੱਸਾਂ ਨੂੰ ਸੁਧਾਰਨ ਬਾਰੇ ਸਰਕਾਰ ਪੂਰੀ ਤਰ੍ਹਾਂ ਧਿਆਨ ਦੇਵੇਗੀ ਅਤੇ ਪਿਛਲੀ ਸਰਕਾਰ ਦੀ ਤਰ੍ਹਾਂ ਨਹੀਂ ਕਰੇਗੀ । (ਵਿਘਨ) (ਸ਼ੋਰ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਵੇਂ ਹੁਣ 43% ਬੱਸਾਂ ਦਾ ਕਿਰਾਇਆ ਵਧਾ ਦਿੱਤਾ ਹੈ ਜਿਸ ਕਰਕੇ ਸਰਕਾਰ ਨੂੰ ਕਾਫੀ ਆਮਦਨ ਹੋਣੀ ਹੈ । ਕੱਲ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਕਿ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਸਰਕਾਰ ਕਰੇਗੀ । ਉਹ ਹੁਣ ਕਦੋਂ ਤੱਕ ਕਰ ਦੇਵੇਗੀ ਅਤੇ 100% ਬੱਸਾਂ ਕਦੋਂ ਤੱਕ ਚਾਲੂ ਕਰ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਦੇ ਚੁੱਕਾ ਹਾਂ । (ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਸਾਰੇ ਸਪਲੀਮੈਂਟਰੀਜ਼ ਦੇ ਜਵਾਬ ਮਨਿਸਟਰ ਸਾਹਿਬ ਨੇ ਦਿੱਤੇ ਹਨ ਪਰ ਕੱਲ ਗੌਰਮਿੰਟ ਜਦ 100% ਨੈਸ਼ਨੇਲਾਈਜ਼ੇਸ਼ਨ ਦਾ ਮਤਾ ਪਾਸ ਕਰਵਾ ਚੁੱਕੀ ਹੈ, ਕੀ ਇਸ ਕਥਨ ਨੂੰ ਮੁੱਖ ਰਖਦੇ ਹੋਏ ਜਿਹੜੇ ਸਟੈਪਸ ਗੌਰਮਿੰਟ ਨੇ ਚੁੱਕੇ ਹਨ, ਉਹ ਦੱਸਣ ਕਿ ਕੀ ਸਟੈਪਸ ਚੁੱਕੇ ਗਏ ਹਨ ? (ਵਿਘਨ) (ਸ਼ੋਰ) ਉਸ ਦੀ ਬੈਕਗਰਾਊਂਡ ਕੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ, ਕਾਮਰੇਡ ਰਾਜ ਕੁਮਾਰ ਜੀ, ਦੇ ਸਵਾਲ ਦਾ ਜਵਾਬ ਦੇ ਚੁੱਕਾ ਹਾਂ । ਪਹਿਲਾਂ 60:40 ਦੀ ਪੁਰਾਣੀ ਪਾਲਿਸੀ ਸੀ ਪਰ ਹੁਣ ਜੋ ਸਰਕਾਰ ਨੇ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਕਰਨ ਦਾ ਫੈਸਲਾ ਕੀਤਾ ਹੈ ਉਸ ਦੀ ਰੋਸ਼ਨੀ ਵਿਚ ਸਰਕਾਰ ਜ਼ਰੂਰ ਵਿਚਾਰ ਕਰੇਗੀ ਅਤੇ ਇਸ ਨੂੰ ਇੰਪਲੀਮੈਂਟ ਕਰੇਗੀ ।

Mr. Speaker. Next Question No. 311.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਪਹਿਲਾਂ ਮੇਰੀ ਇਕ ਬੇਨਤੀ ਹੈ ਕਿ ਮੇਰਾ ਸਵਾਲ ਇਹ ਸੀ ਕਿ ਗੌਰਮਿੰਟ ਕੀ ਕਨਕਰੀਟ ਸਟੈਪਸ ਪਰਪੋਜ਼ ਕਰ ਰਹੀ ਹੈ ਪਰ ਉਸ ਦਾ ਜਵਾਬ ਮਨਿਸਟਰ ਸਾਹਿਬ ਵਲੋਂ ਨਹੀਂ ਆਇਆ । ਸਪੀਕਰ ਸਾਹਿਬ, ਇਹ ਦੱਸਣ ਕਿ ਗੌਰਮਿੰਟ ਕੀ ਕਨਕਰੀਟ ਸਟੈਪਸ ਪਰਪੋਜ਼ ਕਰ ਰਹੀ ਹੈ ? ਮਨਿਸਟਰ ਸਾਹਿਬ ਦਾ ਜਵਾਬ ਇਵੇਸਿਵ ਅਤੇ ਅਸੱਪਸ਼ਟ ਹੈ । ਇਸ ਲਈ ਇਹ ਮੇਰੇ ਸਵਾਲ ਦਾ ਜਵਾਬ ਦੇਣ ਕਿ ਗੌਰਮਿੰਟ ਨੇ ਕੀ ਕਨਕਰੀਟ ਸਟੈਪਸ ਲਏ ਹਨ ?

ਸ੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ ।

MILK CENTRE IN VILLAGE MADHOPUR IN SIRHIND ASSEMBLY CONSTITUENCY

*311. **Sardar Birdevinder Singh**: Will the Minister for Development be pleased to state whether there is any proposal to set up a Milk Centre in village Madhopur in the Sirhind Assembly Constituency, if so, the time by which the proposal is likly to materialise ?

ਸਰਦਾਰ ਸੰਤੋਖ ਸਿੰਘ ਰੰਧਾਵਾ : ਨਹੀਂ ਜੀ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ੍ਰੀ ਸਪੀਕਰ : ਜੋ ਵੀ ਇਹ ਮੈਂਬਰ ਸਾਹਿਬ ਬਗੈਰ ਇਜਾਜ਼ਤ ਤੋਂ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ । (ਵਿਘਨ)

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਤੋਂ ਪੰਜਾਬ ਸਰਕਾਰ ਮਾਧੋਪੁਰ ਵਿਖੇ ਜ਼ਮੀਨ ਲੈਣ ਬਾਰੇ ਅਪਰੋਚ ਕਰ ਰਹੀ ਸੀ ਕਿ ਜ਼ਮੀਨ ਮਿਲ ਜਾਵੇ ਅਤੇ ਉਥੇ ਮਿਲਕ ਪਲਾਂਟ ਸਥਾਪਿਤ ਕੀਤਾ ਜਾ ਸਕੇ । ਸਾਰੀ ਫਤਹਿਗੜ੍ਹ ਸਬ-ਡਵੀਜ਼ਨ ਵਿਚ ਕੋਈ ਮਿਲਕ ਪਲਾਂਟ ਨਹੀਂ ਹੈ । ਦੁੱਧ ਦੀ ਪਰੋਡੈਕਸ਼ਨ ਉਥੇ ਬਹੁਤ ਜ਼ਿਆਦਾ ਹੈ । ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇ ਕੇ ਆਪਣੇ ਮਹਿਕਮੇ ਦੇ ਅਹਿਲਕਾਰ ਉਥੇ ਭੇਜਣਗੇ ਜੋ ਦੁਬਾਰਾ ਇਸ ਚੀਜ਼ ਨੂੰ ਦੇਖਣ ਕਿ ਆਇਆ ਉਥੇ ਦੁੱਧ ਕੇਂਦਰ ਖੋਲ੍ਹਣ ਦੀ ਜ਼ਰੂਰਤ ਹੈ ਜਾਂ ਨਹੀਂ ?

**Not recorded as ordered by the Chair.

ਮੰਤਰੀ : ਕੀ ਇਹ ਮਿਲਕ ਚਿਲਿੰਗ ਸੈਂਟਰ ਦੀ ਗੱਲ ਕਰਦੇ ਹਨ, ਅਸੈਂਬਲਿੰਗ ਸੈਂਟਰ ਦੀ ਗੱਲ ਕਰਦੇ ਹਨ ਜਾਂ ਫਿਰ ਮਿਲਕ ਕੁਲੈਕਸ਼ਨ ਸੈਂਟਰ ਦੀ ਗੱਲ ਕਰਦੇ ਹਨ ?

ਸਰਦਾਰ ਬੀਰਦਵਿੰਦਰ ਸਿੰਘ : ਮੈਂ ਚਿਲਿੰਗ ਸੈਂਟਰ ਦੀ ਗੱਲ ਕਰਦਾ ਹਾਂ ।

ਮੰਤਰੀ : ਇਥੇ ਮਿਲਕ ਚਿਲਿੰਗ ਸੈਂਟਰ ਇਸ ਕਰਕੇ ਨਹੀਂ ਖੋਲ੍ਹਿਆ ਜਾ ਸਕਦਾ ਕਿਉਂਕਿ ਬਹਾਦਰਗੜ੍ਹ ਜੋ ਕਿ ਉਥੋਂ ਸਿਰਫ 30 ਕਿੱਲੋਮੀਟਰ ਤੇ ਹੈ, ਉਥੇ ਅੱਗੇ ਹੀ ਇਹ ਸੈਂਟਰ ਚਲ ਰਿਹਾ ਹੈ । ਸਾਡੇ ਜਿਹੜੇ ਮਿਲਕ ਪਲਾਂਟ ਚੱਲ ਰਹੇ ਹਨ ਉਹ ਪਬਲਿਕ ਸੈਕਟਰ ਵਿਚ 3, ਕੋਆਪਰੇਟਿਵ ਸੈਕਟਰ ਵਿਚ 4 ਔਰ 33 ਅਜਿਹੇ ਮਿਲਕ ਚਿਲਿੰਗ ਸੈਂਟਰ ਖੋਲ੍ਹੇ ਹੋਏ ਹਨ । 10 ਅੰਡਰ ਕੰਸਟਰੱਕਸ਼ਨ ਹਨ ਔਰ 43 ਅਗਾਂਹ ਹੋਰ ਮਿਲਕ ਸੈਂਟਰਜ਼ ਖੋਲ੍ਹਣ ਦੀ ਸਕੀਮ ਹੈ ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸੋਸਾਇਟੀਆਂ ਤੋਂ ਕਿਉਂ ਨਹੀਂ ਦੁੱਧ ਖਰੀਦਿਆ ਜਾਂਦਾ ? ਦੁੱਧ ਉਨ੍ਹਾਂ ਤੋਂ ਖਰੀਦਿਆ ਜਾਣਾ ਚਾਹੀਦਾ ਹੈ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਦੀ ਸਕੀਮ ਹੈ ਕਿ ਸਾਰੇ ਪੰਜਾਬ ਲਈ ਜਿਹੜਾ ਦੁਧ ਇਕੱਠਾ ਕਰਨ ਦਾ ਪ੍ਰੋਗਰਾਮ ਹੈ ਉਹ ਕੋਆਪਰੇਟਿਵ-ਵਾਈਜ਼ ਕੀਤਾ ਜਾਏ । ਇਸ ਲਈ ਹਦਾਇਤਾਂ ਜਾਰੀ ਕਰ ਰਹੇ ਹਾਂ ਕਿ ਜਿਥੇ ਜਿਥੇ ਦੁੱਧ ਨਹੀਂ ਖਰੀਦ ਰਹੇ ਉਥੇ ਉਥੇ ਕੋਆਪਰੇਟਿਵ ਸੋਸਾਇਟੀਆਂ ਬਣਾ ਦਿੱਤੀਆਂ ਜਾਣ ਅਤੇ ਉਨ੍ਹਾਂ ਰਾਹੀਂ ਇਹ ਖਰੀਦਿਆ ਜਾਵੇ ।

ਮਾਸਟਰ ਬਾਬੂ ਸਿੰਘ : ਮੈਂ, ਸਪੀਕਰ ਸਾਹਿਬ, ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੁੱਧ ਪਰੋਡਿਊਸ ਕਰਨ ਵਾਸਤੇ ਜਿਹੜੇ ਪਸ਼ੂ ਰੱਖਦੇ ਹਨ ਕੀ ਉਨ੍ਹਾਂ ਨੂੰ ਪਸ਼ੂਆਂ ਲਈ ਸਬਸੇਡਾਈਜ਼ਡ ਰੇਟਸ ਤੇ ਫੀਡ ਦੇਣ ਦਾ ਕੋਈ ਪ੍ਰਬੰਧ ਕੀਤਾ ਜਾ ਰਿਹਾ ਹੈ ?

ਸਰਦਾਰ ਪ੍ਰੇਮ ਸਿੰਘ ਲਾਲਪੁਰ : ਸਪੀਕਰ ਸਾਹਿਬ, ਹਾਊਸ ਦਾ ਪ੍ਰੋਸੀਜਰ ਤਾਂ ਰੂਲਜ਼ ਦੇ ਮੁਤਾਬਿਕ ਹੀ ਅਡਾਪਟ ਕਰਨਾ ਹੈ, ਜਿਸ ਤਰ੍ਹਾਂ ਕਿ ਮਨਿਸਟਰ ਸਾਹਿਬ ਨੇ ਕਿਹਾ ਹੈ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਐਡਜਰਨਮੈਂਟ ਮੋਸ਼ਨ ਦਾ ਜਵਾਬ ਡਾਕਟਰ ਭਗਤ ਸਿੰਘ ਨੂੰ ਦਿੱਤਾ ਗਿਆ ਸੀ ਉਹੀ ਜਵਾਬ ਤੁਹਾਡੇ ਸਕੱਤਰੇਤ ਵਲੋਂ ਮੈਨੂੰ ਵੀ ਮਿਲਿਆ ਹੈ। ਪਰ ਮੇਰੀ ਐਡਜਰਨਮੈਂਟ ਮੋਸ਼ਨ ਇਹ ਨਹੀਂ । ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਠਿੰਡੇ ਜ਼ਿਲ੍ਹੇ ਵਿਚ ਜੋ ਗੋਲੀ ਚੱਲੀ, ਲਾਠੀਚਾਰਜ ਹੋਇਆ ਔਰ ਗ੍ਰਿਫ਼ਤਾਰੀਆਂ ਹੋਈਆਂ, ਉਸ ਨਾਲ ਉਥੋਂ ਦੇ ਸਿੱਖ ਸਟੂਡੈਂਟਸ ਵਿਚ ਬਹੁਤ ਹੀ ਰਿਜ਼ੈਂਟਮੈਂਟ ਹੈ । ਮੈਂ ਸਮਝਦਾ ਹਾਂ ਕਿ ਉਸ ਐਡਜਰਨਮੈਂਟ ਮੋਸ਼ਨ ਨੂੰ ਇਥੇ ਪੇਸ਼ ਹੋਣਾ ਚਾਹੀਦਾ ਹੈ ਅਤੇ ਉਸ ਉਤੇ ਬਹਿਸ ਕਰਨੀ ਚਾਹੀਦੀ ਹੈ।

ਸ੍ਰੀ ਸਪੀਕਰ: ਇਸ ਦਾ ਜਵਾਬ ਵੀ ਤੁਹਾਨੂੰ ਦੇ ਦਿੱਤਾ ਗਿਆ ਹੈ । ਆਪਣਾ ਰਿਕਾਰਡ ਵੇਖ ਲਵੋ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ** ** **

ਸ੍ਰੀ ਸਪੀਕਰ: ਇਹ ਜੋ ਕੁਝ ਬਗੈਰ ਇਜਾਜ਼ਤ ਦੇ ਕਿਹਾ ਜਾ ਰਿਹਾ ਹੈ, ਇਹ ਐਕਸ-ਪੰਜ ਕਰ ਦਿੱਤਾ ਜਾਵੇ ।

QUESTION OF PRIVILEGE

Shri Gopal Krishan Chatrath : Please allow us to move a Privilege motion under rule 256 of the Rules of Procedure and Conduct of Business in the Punjab Vidhan Sabha against the following Members :—

1. Sardar Parkash Singh Badal.

**Expunged as ordered by the Chair.

[Shri Gopal Krishan Chatrath]

2. Sardar Ravi Inder Singh.
3. Sardar Dalip Singh Pandhi.
4. Professor Balwant Singh.
5. Comrade Raj Kumar.
6. Sardar Sukhjinder Singh Khaira.
7. Comrade Baldev Singh Loomba.
8. Master Chand Singh.

It is prayed that the matter be referred to the Privileges Committee of the House for their behaviour during 1st sitting of the House on 22nd January, 1981, throwing papers towards the Speaker's Chair, raising slogans against the Speaker, using abusive language against the Hon'ble Members of the House, for not complying with the orders of the Chair and sitting on the Floor of the House. Hence this is a serious breach of privilege of the House. The matter be referred to the Committee of Privileges of the House.

ਸ੍ਰੀ ਸਪੀਕਰ : ਮੈਂ ਇਸ ਦੀ ਇਜਾਜ਼ਤ ਨਹੀਂ ਦੇ ਸਕਦਾ । (ਵਿਘਨ)

ਕੱਲ ਜਿਹੜੀ ਸਪਿਰਟ ਲੀਡਰ ਆਫ ਦੀ ਆਪੋਜ਼ੀਸਨ ਅਤੇ ਲੀਡਰ ਆਫ ਦੀ ਹਾਊਸ ਨੇ ਦੱਸੀ ਹੈ ਉਹੀ ਅਸੀਂ ਮੇਨਟੇਨ ਕਰਨੀ ਹੈ । (ਆਪੋਜ਼ੀਸਨ ਬੈਂਚਾਂ ਵਲੋਂ ਤਾੜੀਆਂ)

Shri Gopal Krishan Chatrath : Nobody is above the rules and regulations in conducting the business of the House. Either they should apologise before the House or this question of privilege be accepted. (*Interruptions*) Let them face the privilege issue. If you will not check them, other Members of the House will also show disrespect to the House. It does not behove them.

Sardar Dalip Singh Pandhi : Mr. Speaker, your orders are not obeyed by the Member of the Treasury Benches.

Comrade Raj Kumar : The Minister for Parliamentary Affairs has given an interpretation about the point of order. (*Interruptions*) I am on my legs. You should go through the Rules. Sir, I would like to say something on the interpretation given by the Minister for raising a point of order. After this, you should give your ruling. (*Interruptions*) Let me speak. I am not raising any privilege motion. I have the same privilege to speak as the hon. Minister and other Members have.

ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਪੁਆਇੰਟ ਆਫ ਆਰਡਰ ਦੀ ਇਟਰਪ੍ਰੀਟੇਸ਼ਨ ਦਿੱਤੀ ਹੈ ਅਤੇ ਫ਼ਰਮਾਇਆ ਸੀ ਕਿ ਇਸ ਨੂੰ ਫਾਲੋ ਕੀਤਾ ਜਾਵੇ । ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੱਲ ਇਹ ਫੈਸਲਾ ਹੋਇਆ ਸੀ ਕਿ ਇਸ ਹਾਊਸ ਨੂੰ ਇਨ ਆਰਡਰ ਚਲਾਉਣ ਦੀ ਕੋਸ਼ਿਸ਼ ਕੀਤੀ ਜਾਵੇ । ਸਪੀਕਰ ਸਾਹਿਬ, ਤੁਹਾਨੂੰ ਆਪਣੇ ਸਕੱਤਰੇਤ ਨੂੰ ਵੇਖਣ ਦੀ ਲੋੜ ਹੈ ।

On every point and on every matter your Secretariat gives a reply that you can raise the matter during the course of discussion on the Governor's Address and the Budget. The matter which I have raised is very relevant. I have demanded only one thing that the Chief Minister, who has been making the statement outside the House should make the statement here. Let him fix time and make a statement. (*Interruptions and Noise*)

ਸਰਦਾਰਨੀ ਸਤਵੰਤ ਕੌਰ ਸੰਧੂ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਹਾਊਸ ਵਿਚ ਸਪੱਸ਼ਟੀਕਰਨ ਦੇਣਾ ਚਾਹੁੰਦੀ ਹਾਂ ਕਿ ਅੱਜ ਦੇ 'ਪੰਜਾਬੀ ਟ੍ਰਿਬਿਊਨ' ਵਿਚ ਲਿਖਿਆ ਹੈ ਕਿ ਸਤਵੰਤ ਕੌਰ ਸੰਧੂ ਨੇ ਮਤੇ ਦਾ ਸਮਰਥਨ ਕੀਤਾ ਹੈ ਅਤੇ ਸੀ.ਪੀ.ਆਈ., ਸੀ.ਪੀ.ਆਈ.(ਐਮ.) ਅਤੇ ਅਕਾਲੀ ਮੈਂਬਰਾਂ ਨੇ ਧਰਨਾ ਮਾਰਨ ਦੀ ਆਲੋਚਨਾ ਕੀਤੀ ਹੈ । ਮੈਂ ਕੋਈ ਕੱਲ ਕਿਸੇ ਦੀ ਆਲੋਚਨਾ ਨਹੀਂ ਕੀਤੀ । ਮੈਂ ਤਾਂ ਕੱਲ ਇਹ ਬੇਨਤੀ ਕੀਤੀ ਸੀ ਕਿ ਹਾਊਸ ਦਾ ਡੈਕੋਰਮ ਕਾਇਮ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਨੂੰ ਕਾਇਮ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ।

ਸ੍ਰੀ ਸਪੀਕਰ : ਠੀਕ ਹੈ ਜੀ । ਪਾਂਧੀ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਨੰ: 6 ਦਿੱਤੀ ਸੀ ਕਿ ਰੱਲਾ ਥਾਣਾ ਭੀਖੀ ਵਿਚ ਇਕ ਮੁੰਡਾ ਮਾਰ ਦਿਤਾ ਹੈ । ਤੁਸੀਂ ਮੇਰੀ ਐਡਜਰਨਮੈਂਟ ਮੋਸ਼ਨ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਲਵੋ । ਤੁਹਾਡੇ ਕੋਲ ਪਾਵਰ ਹੈ । ਬਠਿੰਡੇ ਅਤੇ ਰੱਲਾ ਵਿਚ ਪੁਲਿਸ ਨੇ ਮੁੰਡਿਆਂ ਨੂੰ ਮਾਰਿਆ ਹੈ ।

ਸ੍ਰੀ ਸਪੀਕਰ : ਪਾਂਧੀ ਸਾਹਿਬ, ਤੁਹਾਡੀ ਕੱਲ ਕਾਲ ਅਟੈਨਸ਼ਨ ਮੋਸ਼ਨ ਸੀ, ਉਹ ਮੈਂ ਅੱਜ ਲਗਵਾ ਦਿੱਤੀ ਹੈ । ਤੁਸੀਂ ਹੁਣ ਐਡਜਰਨਮੈਂਟ ਮੋਸ਼ਨ ਦੀ ਗੱਲ ਨਾ ਕਰੋ ਬਲਕਿ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

CALL ATTENTION NOTICE UNDER RULE 66

(ਕ੍ਰਮ ਨੰ: 1)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਜ਼ਿਲ੍ਹਾ ਪਟਿਆਲਾ ਵਿਚ ਪਿਛਲੇ ਮਾਹ ਦੀ 22 ਤਾਰੀਖ ਤੋਂ ਇਸ ਮਹੀਨੇ ਦੀ 6 ਤਾਰੀਖ ਤੱਕ ਲਗਭਗ ਲਗਾਤਾਰ ਮੀਂਹ ਪੈਣ ਨਾਲ ਜ਼ਮੀਆਂ ਤੇ ਅਣਜ਼ਮੀਆਂ ਹਾੜ੍ਹੀ ਦੀਆਂ ਫਸਲਾਂ ਦਾ ਜ਼ਬਰਦਸਤ ਨੁਕਸਾਨ ਹੋਇਆ ਹੈ। ਇਸ ਤੋਂ ਪਹਿਲਾਂ ਵੀ ਬੀਜਣ ਸਮੇਂ ਨੁਕਸਾਨ ਹੋਇਆ ਸੀ, ਪਰ ਦੁਬਾਰਾ ਬੀਜ ਕੇ ਕੁਝ ਹੋਣ ਦੀ ਕੋਸ਼ਿਸ਼ ਕੀਤੀ ਸੀ । ਪਰ ਹੁਣ ਦੀ ਬਾਰਸ਼ ਨੇ ਉਨ੍ਹਾਂ ਦੀ ਤਬਾਹੀ ਕੀਤੀ ਹੈ ਤੇ ਕਿਸੇ ਕੀਮਤ ਤੇ ਵੀ ਨਵੀਂ ਬਿਜਾਈ ਨਹੀਂ ਹੋ ਸਕਦੀ ਤੇ ਇਨ੍ਹਾਂ ਖੇਤਾਂ ਵਿਚ ਸਾਉਣੀ ਦੀ

[ਸਰਦਾਰ ਦਲੀਪ ਸਿੰਘ ਪਾਂਧੀ]

ਫਸਲ ਹੀ ਹੁਣ ਬੀਜੀ ਜਾ ਸਕੇਗੀ। ਰਾਜ ਭਰ ਵਿਚ ਗੜਿਆਂ ਨਾਲ ਨੁਕਸਾਨ ਵੀ ਹੋਇਆ ਹੈ। ਇਸ ਕੁਦਰਤੀ ਆਫਤ ਕਰਕੇ ਪੰਜਾਬ ਦਾ ਚੋਖਾ ਨੁਕਸਾਨ ਹੋਇਆ ਹੈ ਜਿਸ ਕਰਕੇ ਕਿਸਾਨ ਖਾਸ ਕਰਕੇ ਤੇ ਆਮ ਲੋਕ ਆਮ ਕਰਕੇ ਪੀੜ੍ਹਤ ਤੇ ਪ੍ਰੇਸ਼ਾਨ ਹਨ। ਮੁਆਵਜ਼ਾ ਮਿਲਣ ਦੀ ਉਮੀਦ ਨਹੀਂ ਹੈ। ਸੋ ਮਾਲ ਮੰਤਰੀ ਸ਼ੀਘਰ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

Revenue Minister (Sardar Beant Singh) : Heavy rains during December, 1980 and January, 1981 have caused some damage to the Rabi crops in Patiala district. According to a preliminary survey, crops have suffered damage in 963 villages involving an area of 1,07,608 acres. I have visited the affected areas. Special Girdawari in the affected areas is being conducted and will be completed shortly.

Due to heavy winter rains and recent hailstorms Rabi crops in some of the other districts have also suffered damage. In the districts of Amritsar, Bhatinda, Faridkot, Ferozepur and Ropar no damage has been reported. In the districts of Jullundur, Hoshiarpur and Ludhiana, damage has been reported both on account of heavy rains and hailstorms. In Kapurthala and Gurdaspur districts, there has been some damage on account of heavy rains but no damage has been reported due to hailstorms. In Sangrur district crops have suffered damage on account of hailstorms but no damage has been reported due to rains.

As soon as the Government learnt that crops have suffered damage due to heavy rains and hailstorms, the Deputy Commissioners were directed to conduct special Girdawaris and report the extent of the damage so that appropriate relief could be given to the affected persons. Special Girdawaris are in progress. I assure the House that relief would be given to all those persons whose crops have suffered damage according to the scales approved by the Government.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਵਲਟੋਹਾ ਬਲਾਕ ਦੇ 27 ਪਿੰਡਾਂ ਵਿਚ ਮੀਂਹ ਪੈਣ ਕਾਰਣ ਬੜਾ ਨੁਕਸਾਨ ਹੋਇਆ ਹੈ। ਜ਼ਿਲ੍ਹਾ ਪਟਿਆਲਾ ਵਿਚ ਅਜੇ ਤੱਕ ਪਟਵਾਰੀ ਨਹੀਂ ਪਹੁੰਚੇ। ਕੀ, ਸਰਕਾਰ ਦੀਆਂ ਹਦਾਇਤਾਂ ਨਹੀਂ ਹਨ ਕਿ ਜਿਥੇ ਬਾਰਸ਼ਾਂ ਨਾਲ ਫਸਲਾਂ ਦਾ ਨੁਕਸਾਨ ਹੋਵੇ ਉਥੇ ਮੁਆਵਜ਼ਾ ਦਿੱਤਾ ਜਾਵੇ ਪਰ ਇਨ੍ਹਾਂ ਨੇ ਕਿਹਾ ਹੈ ਕਿ ਹੇਲਸਟਾਰਮ ਦੇ ਨਾਲ ਜਿਹੜਾ ਨੁਕਸਾਨ ਹੋਵੇਗਾ ਉਸ ਦਾ ਮੁਆਵਜ਼ਾ ਦੇਵਾਂਗੇ। ਕੀ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੀਂਹ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਸਰਕਾਰ ਦੇਵੇਗੀ ਅਤੇ ਫਸਲਾਂ ਦਾ ਬੀਮਾ ਸਰਕਾਰੀ ਖ਼ਰਚੇ ਤੇ ਕਰਾਉਣ ਲਈ ਤਿਆਰ ਹੈ ਤਾਕਿ ਕਿਸਾਨਾਂ ਦਾ ਨੁਕਸਾਨ ਨਾ ਹੋਵੇ ? ਇਸ ਕੰਮ ਲਈ ਕੀ ਸਰਕਾਰ ਚੋਖੀ ਰਕਮ ਰੱਖਣ ਲਈ ਤਿਆਰ ਹੈ ? ਲੋਕਾਂ ਨੂੰ ਅਜੇ ਤੱਕ ਚਾਰੇ ਦੇ ਪੈਸੇ ਨਹੀਂ ਮਿਲੇ ਹਨ, ਇਹ ਨੁਕਸਾਨ ਪਿਛਲੇ ਸਾਲ ਹੋਇਆ ਸੀ। ਕੀ ਉਸ ਹੋਏ ਨੁਕਸਾਨ

ਦੇ ਮੁਆਵਜ਼ੇ ਦੇ ਪੈਸੇ ਕਿਸਾਨਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਦੇ ਦੇਣਗੇ ? ਦੂਸਰੀ ਗੱਲ ਇਹ ਕਿ ਕੀ ਜਿਥੇ ਜਿਥੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਥੇ ਤਕਾਵੀਆਂ ਦੇ ਕਰਜ਼ੇ ਅਤੇ ਗਿਰਦਾਵਰੀਆਂ, ਲੈਂਡ ਮਾਰਗੇਜ ਬੈਂਕਾਂ ਦੇ ਕਰਜ਼ੇ ਰੋਕ ਦੇਣਗੇ ਔਰ ਸਰਕਾਰ ਕਿਸਾਨਾਂ ਨੂੰ ਸਪੈਸ਼ਲ ਰਿਲੀਫ ਦੇਵੇਗੀ ਕਿਉਂਕਿ ਜਿਹੜੀ ਬਿਜਾਈ ਉਸ ਨੇ ਦੋ ਵਾਰ ਕਰਨੀ ਸੀ ਉਹ ਦੋ ਵਾਰ ਨਹੀਂ ਕਰ ਸਕਣਗੇ ? ਇਸ ਦੇ ਲਈ ਸਰਕਾਰ ਪੈਸੇ ਦਾ ਪ੍ਰਬੰਧ ਕਦੋਂ ਤੱਕ ਕਰ ਦੇਵੇਗੀ ?

ਮਾਲ ਮੰਤਰੀ: ਸਪੀਕਰ ਸਾਹਿਬ, ਜੇਕਰ ਛੋਟੇ ਛੋਟੇ ਗੜੇ ਪੈਣ ਤਾਂ ਫ਼ਸਲ ਨੂੰ ਨੁਕਸਾਨ ਨਹੀਂ ਹੁੰਦਾ । ਇਸ ਬਾਰੇ ਮੇਰਾ ਜਾਤੀ ਤਜਰਬਾ ਹੈ । ਪਰ ਜਿਥੇ ਵੱਡੀ ਮਾਤਰਾ ਵਿਚ ਗੜੇ ਪੈ ਜਾਣ ਤਾਂ ਫਸਲ ਨੂੰ ਨੁਕਸਾਨ ਹੁੰਦਾ ਹੈ । ਸਰਕਾਰ ਬਹੁਤ ਭਾਰੀ ਸਰਵੇਅ ਕਰ ਰਹੀ ਹੈ ਔਰ ਅਸੀਂ ਦੋ ਵਾਰ, ਸਪੀਕਰ ਸਾਹਿਬ, ਗਿਰਦਾਵਰੀਆਂ ਕਰਾਵਾਂਗੇ । ਬਾਕੀ ਜੋ ਤੁਸੀਂ ਕਿਹਾ ਹੈ ਕਿ ਕਰਾਪ ਦੀ ਇੰਸ਼ੋਰੈਂਸ ਹੋਣੀ ਚਾਹੀਦੀ ਹੈ ਇਸ ਬਾਰੇ ਵੀ ਸਰਕਾਰ ਸੋਚ ਰਹੀ ਹੈ ਪਰ ਇਹ ਇੰਸ਼ੋਰੈਂਸ਼ ਸਕੀਮ ਦਾ ਕੰਮ ਇਤਨਾ ਆਸਾਨ ਕੰਮ ਨਹੀਂ ਹੈ, ਕਿਉਂਕਿ ਇਸ ਦੀਆਂ ਇਨਸਟਾਲਮੈਂਟਸ ਕੌਣ ਦੇਵੇਗਾ ? ਸਪੀਕਰ ਸਾਹਿਬ, ਅਸੀਂ ਐਗਜ਼ਾਮਿਨ ਕਰ ਰਹੇ ਹਾਂ ਕਿ ਕਰਾਪ ਇੰਸ਼ੋਰੈਂਸ ਸਕੀਮ ਲਾਗੂ ਕਰ ਸਕੀਏ । (ਵਿਘਨ) ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਇਥੇ ਬੈਠੇ ਹੋਏ ਹਨ, ਜਦੋਂ ਮੈਂ ਪਹਿਲਾਂ ਆਪੋਜੀਸ਼ਨ ਵਿਚ ਹੁੰਦਾ ਸੀ ਤਾਂ ਭੂੰਦੜ ਜੀ ਕਹਿੰਦੇ ਹੁੰਦੇ ਸਨ ਕਿ ਅਸੀਂ ਇਸ ਬਾਰੇ ਰੀਵਾਲਵਿੰਗ ਫੰਡ ਰੱਖ ਰਹੇ ਹਾਂ ਪਰ ਉਹ ਰੀਵਾਲਵਿੰਗ ਫੰਡ ਨਹੀਂ ਰੱਖ ਸਕੇ । ਸਪੀਕਰ ਸਾਹਿਬ, ਹੁਣ ਅਸੀਂ ਵੀ ਰੀਵਾਲਵਿੰਗ ਫੰਡ ਬਾਰੇ ਸੋਚ ਰਹੇ ਹਾਂ ਪਰ ਇਹ ਚੀਜ਼ ਵਿਚਾਰ ਅਧੀਨ ਹੈ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਜਦੋਂ ਪਿਛੇ ਭਾਰੀ ਹੜ੍ਹ ਆਏ ਸਨ ਤਾਂ 8 ਕਰੋੜ ਰੁਪਏ ਦਿਤੇ ਸਨ ਅਤੇ ਹੁਣ ਵੀ 1 ਕਰੋੜ 20 ਲੱਖ ਰੁਪਏ ਦਿਤੇ ਹਨ । (ਥੰਪਿੰਗ) ਸਪੀਕਰ ਸਾਹਿਬ, ਸਾਡੀ ਕੋਸ਼ਿਸ਼ ਹੈ ਕਿ ਗ਼ਰੀਬ ਕਿਸਾਨਾਂ ਨੂੰ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਵੱਧ ਤੋਂ ਵੱਧ ਰਾਹਤ ਦਿਤੀ ਜਾ ਸਕੇ । (ਵਿਘਨ)

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ।

ਸ੍ਰੀ ਸਪੀਕਰ : ਉਹ ਡਿਸਅਲਾਊਡ ਹੋ ਗਈ ਹੈ ।

ਸਰਦਾਰ ਮੇਜਰ ਸਿੰਘ ਉਬੋਕੇ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੋਰੀਏ ਦੀ ਫ਼ਸਲ ਤਬਾਹ ਹੋ ਗਈ ਹੈ ਅਤੇ ਬਰਸੀਨ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ । (ਵਿਘਨ) (ਸ਼ੋਰ) ਮਨਿਸਟਰ ਸਾਹਿਬ ਦੇ ਨੋਟਿਸ ਵਿਚ ਨਹੀਂ ਆਇਆ । ਉਥੇ ਕੋਈ ਗਿਰਦਾਵਰੀ ਨਹੀਂ ਹੋਈ । ਅਸੀਂ ਫੈਕਟਸ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਡਿਸਅਲਾਓ ਕਰ ਦਿਤੀ ਹੈ । ਇਸ ਲਈ ਅਸੀਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । (ਵਿਘਨ) (ਸ਼ੋਰ)

ਮਾਲ ਮੰਤਰੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਤੇ ਜੋ ਸਪਲੀਮੈਂਟਰੀ ਹੋਈ ਸੀ, ਉਸ ਦਾ ਜਵਾਬ ਮੈਂ ਦੇ ਚੁੱਕਾਂ ਹਾਂ । ਆਨਰੇਬਲ ਮੈਂਬਰ ਮੇਰੇ ਕੋਲ ਆ ਜਾਣ ਅਤੇ ਦੱਸਣ ਪਰ ਇਹ ਗਲ ਮੇਰੇ ਨੋਟਿਸ ਵਿਚ ਨਹੀਂ ਆਈ । ਸਾਰੇ ਡੀ.ਸੀਜ਼. ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਗਿਰਦਾਵਰੀਆਂ ਕਰੋ, ਜੇਕਰ ਕਿਤੇ ਗਿਰਦਾਵਰੀ ਨਹੀਂ ਹੋਈ ਤਾਂ ਮੇਰੇ ਨੋਟਿਸ ਵਿਚ ਲਿਆਉਣ, ਮੈਂ ਦੇਖ ਲਵਾਂਗਾ । (ਵਿਘਨ)

PERSONAL EXPLANATION BY SARDAR SUKHDEV SINGH DHINDSA

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਪਰਸਨਲ ਐਕਸ-ਪਲੇਨੇਸ਼ਨ, ਸਰ । ਸਪੀਕਰ ਸਾਹਿਬ, ਕਲ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਨੇ ਰੈਜ਼ੋਲਿਊਸ਼ਨ ਤੇ ਬੋਲਦਿਆਂ ਹੋਇਆਂ ਇਕ ਗੱਲ ਕਹੀ ਸੀ ਜੋ ਕਿ ਮੈਂ ਅਖ਼ਬਾਰ ਵਿਚ ਵੀ ਪੜ੍ਹੀ ਸੀ ਕਿ ਮੇਰੇ ਨਾਂ ਤੇ ਕੋਈ ਟਰਾਂਸਪੋਰਟ ਹੈ । ਸਪੀਕਰ ਸਾਹਿਬ, ਮੈਂ ਹਾਊਸ ਵਿਚ ਇਸ ਆਨਰੇਬਲ ਮੈਂਬਰ ਨੂੰ ਚੈਲੰਜ ਵੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਤੇ ਵੇਗ ਐਲੀਗੇਸ਼ਨਜ਼ ਲਗਾਏ ਗਏ ਹਨ । ਮੇਰਾ ਕਿਸੇ ਟਰਾਂਸਪੋਰਟ ਕੰਪਨੀ ਵਿਚ ਹਿੱਸਾ ਨਹੀਂ ਹੈ । ਪੰਜਾਬ ਵਿਚ ਹੀ ਨਹੀਂ ਬਲਕਿ ਹੋਰ ਕਿਤੇ ਵੀ ਨਹੀਂ ਹੈ । ਸਪੀਕਰ ਸਾਹਿਬ, ਜੇਕਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਸਾਬਤ ਕਰ ਦੇਣ ਤਾਂ ਮੈਂ ਅਸਤੀਫਾ ਦੇ ਦੇਵਾਂਗਾ ਔਰ ਜੇਕਰ ਸਾਬਤ ਨਾ ਹੋਵੇ ਤਾਂ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਅਸਤੀਫਾ ਦੇਣ । (ਥੰਪਿੰਗ) (ਵਿਘਨ) ਸਪੀਕਰ ਸਾਹਿਬ ਬੱਸ ਤਾਂ ਇਕ ਪਾਸੇ ਰਹੀ ਬੱਸ ਦਾ ਟਾਇਰ ਵੀ ਜੇਕਰ ਹੋਵੇ ਤਾਂ (ਵਿਘਨ) । ਸਪੀਕਰ ਸਾਹਿਬ, ਇਸ ਤਰ੍ਹਾਂ ਝੂਠੇ ਐਲੀਗੇਸ਼ਨ ਲਗਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ । (ਵਿਘਨ) ਜੇਕਰ, ਸਪੀਕਰ ਸਾਹਿਬ, ਤੁਸੀਂ ਇਸ ਤਰ੍ਹਾਂ ਇਜਾਜ਼ਤ ਦਿੰਦੇ ਰਹੇ ਤਾਂ ਹਾਊਸ ਦਾ ਮਾਹੌਲ ਠੀਕ ਨਹੀਂ ਰਹੇਗਾ । (ਵਿਘਨ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਰ ਚੀਜ਼ ਆਪਣੀ ਪਾਰਟੀ ਵਾਂਗ ਲਾਗੂ ਨਾ ਕਰੋ। ਇਸ ਵੇਲੇ ਸਪੀਕਰ ਸਾਹਿਬ, ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਹਾਜ਼ਰ ਨਹੀਂ ਹਨ ? ਇਸ ਲਈ ਜਦੋਂ ਵੀ ਉਹ ਆਉਣ ਤਾਂ ਉਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਉਹ ਆਪਣੇ ਲਫਜ਼ ਵਾਪਸ ਲੈਣ । ਸਪੀਕਰ ਸਾਹਿਬ, ਤੁਸੀਂ ਉਨ੍ਹਾਂ ਨੂੰ ਬੁਲਾ ਕੇ ਇਹ ਗੱਲ ਕਲੀਅਰ ਕਰੋ । (ਵਿਘਨ) (ਸ਼ੋਰ)

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰੀ ਬੇਨਤੀ ਹੈ ਕਿ ਹਾਊਸ ਦੇ ਸਤਿਕਾਰਯੋਗ ਮੈਂਬਰਾਂ ਨੂੰ ਪ੍ਰਿਵਿਲੇਜ਼ ਹੈ ਕਿ ਉਹ ਪੰਜਾਬ ਵਿਧਾਨ ਸਭਾ ਲਈ ਦੋ ਪਾਸ ਇਸ਼ੂ ਕਰ ਸਕਦੇ ਹਨ । ਇਸ ਲਈ ਅਸੀਂ ਪਰਸੋਂ ਤੋਂ ਪਾਸ ਇਸ਼ੂ ਕਰਨ ਲਈ ਲਿਖ ਕੇ ਦੇ ਰਹੇ ਹਾਂ ਪਰ ਪਾਸ ਇਸ਼ੂ ਨਹੀਂ ਹੋ ਰਹੇ ਹਨ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਪਬਲਿਕ ਚਾਹੁੰਦੀ ਹੈ ਕਿ ਅਸੀਂ ਹਾਊਸ ਵਿਚ ਆ ਕੇ ਦੇਖੀਏ ਕਿ ਸਾਡੇ ਨੁਮਾਇੰਦੇ ਹਾਊਸ ਵਿਚ ਕੀ ਕਰ ਰਹੇ ਹਨ । ਪਰ ਇਥੇ ਪਬਲਿਕ ਗੈਲਰੀਆਂ ਵਿਚ ਸੀ.ਆਈ.ਡੀ. ਦਾ ਸਟਾਫ ਬੈਠਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਪਾਸ ਇਸ਼ੂ ਕਰੋ ।

ਸ੍ਰੀ ਸਪੀਕਰ : ਸਰਦਾਰ ਆਤਮਾ ਸਿੰਘ ਜੀ, ਪਾਸ ਇਸ਼ੂ ਹੋ ਰਹੇ ਹਨ । ਹੁਣ ਮੈਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਸੈਕਿੰਡ ਰਿਪੋਰਟ ਪੇਸ਼ ਕਰ ਰਿਹਾ ਹਾਂ ।

PRESENTATION OF SECOND REPORT OF THE BUSINESS ADVISORY COMMITTEE

Mr. Speaker : I have to Present to the House the Second Report of the Business Advisory Committee. The Report reads as under :-

"After reconsidering the programme recommended by the Committee in its first Report which was adopted by the House on the 22nd January, 1981, the Committee recommends that the following

business be transacted at the sittings of the Vidhan Sabha from the 23rd January to 2nd February, 1981.

Friday, the 23rd January (9.00 A.M.)	Resumption of the discussion on the Governor's Address.
Saturday, the 24th January	Off day
Sunday, the 25th January	Holiday
Monday, the 26th January	Holiday
Tuesday, the 27th January (2.00 P.M.)	(i) Presentation of the Supplementary Estimates (1st Instalment) 1980-81. (ii) Presentation of Report of the Estimates Committee on the Supplementary Estimate (1st Instalment) 1980-81. (iii) Resumption of the discussion on the Governor, Address.
Wednesday, the 28th January (9.00 A.M.)	Resumption of the discussion on the Governor's Address.
Thursday, the 29th January, (i) 9.00 A.M. (Morning Sitting)	Resumption of the discussion on the Governor's Address and Vote on the Motion of Thanks.
(ii) 2.30 P.M. (Afternoon to 7.00 P.M. Sitting)	Non-Official Business.
Friday, the 30th January (9.00 A.M.)	(i) Discussion and Voting on Demands for Grants in respect of Suplementary Estimates (1st Instalment) 1980-81 (upto 1.00 P.M.). (Lunch Break from 1.00 P.M. to 2.00 P.M.) (ii) Appropriation Bill in respect of Supplementary Estimates (1st Instalment) 1980-81. (2.00 P.M. to 4.00 P.M.)
Saturday, the 31st January	Off day
Sunday, the 1st February	Holiday
Monday, the 2nd February (2.00 P.M.)	Presentation of the Budget Estimates for the year 1981-82.

[Mr. Speaker]

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rules/those rules will stand suspended to that extent."

Finance Minister (Doctor Kewal Krishan) : Sir I beg to move—

> That this House agrees with the recommendations contained in the Second Report of the Business Advisory Committee.

Mr. Speaker : Motion moved—

> That this House agrees with the recommendations contained in the Second Report of the Business Advisory Committee.

Mr. Speaker : Question is—

> That this House agrees with the recommendations contained in the Second Report of the Business Advisory Committee.

The motion was carried unanimously.

RESUMPTION OF DISCUSSION ON GOVERNOR'S ADDRESS

Mr. Speaker : Now I call upon Shri Yash to resume his speech on the *Motion of Thanks to the Governor's Address.

श्री यश (जालन्धर केन्द्रीय) : अध्यक्ष महोदय, कल आप ने हाऊस में हाऊस का काम ठीक ढंग से चलाने के लिये जिस तरह विपक्ष के मैंबरों को मुआफ कर दिया था, बड़े खुले दिल के साथ, मैं समझता हूं कि उसी खुले दिल के साथ विपक्षके साथी......(विघ्न)

Comrade Raj Kumar: Shri Yash is making an observation regarding what we decided yesterday. I would respectfully beg of you that whatever was decided and whatever was taken up in this House never amounted to your parting with Opposition Members. He is making a remark which I request you to kindly expunge from the proceedings of the House. (*Interruption*) (Noise). He is making remarks that you have pardoned the Opposition as if we were doing some crime here. Whatever he has stated is wrong. (Interruption) (Noise) He is making derogatory remarks. It is a contempt of the House. It is against the spirit of the rules.

Shri Yash: You please sit down.

Comrade Raj Kumar : Who are you to ask me to sit down ?

(*There were Interruptions and Noise in the House and nothing was audible.*)

---

*"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 21st January, 1981.'"

ਸ਼੍ਰੀ ਰਾਮ ਸਵਰੂਪ ਬਾਗੀ : ਜਿੰਨੀ ਵਾਰੀ ਇਹ ਖੜ੍ਹੇ ਹੋਣਗੇ ਉਨੀ ਵਾਰੀ ਹੀ ਮੈਂ ਵੀ ਖੜ੍ਹਾ ਹੋਵਾਂਗਾ। (ਵਿਘਨ) ਇਸ ਦੀ ਡਿਕਟੇਸ਼ਨ ਨਹੀਂ ਲੈਣੀ। (ਵਿਘਨ) (ਸ਼੍ਰੀ ਰਾਮ ਲਾਲ ਚਿੱਟੀ ਵਲੋਂ ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੋ ਕੁਝ ਕੱਲ ਹੋਇਆ ਹੈ ਉਸ ਨੂੰ ਮਿਸ-ਇੰਟਰਪਰੇਟ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। (ਵਿਘਨ)

ਸ਼੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਇਸ ਨੂੰ ਬੰਦ ਕਰਾਓ ਨਹੀਂ ਤਾਂ ਫਿਰ ਅਸੀਂ ਹਾਊਸ ਤੋਂ ਬਾਹਰ ਚਲੇ ਜਾਵਾਂਗੇ।

(ਇਸ ਵੇਲੇ ਮਾਨਯੋਗ ਮੈਂਬਰ ਸ਼੍ਰੀ ਓਮ ਪ੍ਰਕਾਸ਼ ਗੁਪਤਾ, ਪ੍ਰੋਫੈਸਰ ਦਰਬਾਰੀ ਲਾਲ, ਸ਼੍ਰੀ ਰਾਮ ਸਵਰੂਪ ਬਾਗੀ, ਅਤੇ ਸ਼੍ਰੀ ਰਾਮ ਲਾਲ ਚਿੱਟੀ ਖੜ੍ਹੇ ਹੋਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ। ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਵੀ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

ਸ਼੍ਰੀ ਸਪੀਕਰ : ਤੁਸੀਂ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਓ। ਗੱਲ ਸਿਰਫ ਇਹ ਹੈ ਕਿ ਕੱਲ ਆਪੋਜ਼ੀਸ਼ਨ ਨੇ ਔਰ ਸਰਕਾਰ ਨੇ ਜੋ ਆਪਸ ਵਿਚ ਫੈਸਲਾ ਕੀਤਾ ਉਹ ਬੜਾ ਵਧੀਆ ਹੋਇਆ। ਉਸਦੇ ਮੁਤਲੱਕ ਕੋਈ ਗੱਲ ਖਾਸ ਨਹੀਂ ਕਰਨੀ ਚਾਹੀਦੀ ਹੈ। ਉਸ ਦੀ ਸਪਿਰਿਟ ਨਾਲ ਚਲਣਾ ਚਾਹੀਦਾ ਹੈ। (ਵਿਘਨ)

श्री यश : आपने जो बात की है मैं उसका पूरा एहतराम करता हूं। जब राज कुमार जी ने एतराज किया, तब रूलिंग देने से पहिले आपको मुझे मौका जरूर देना चाहिए था। (विघ्न) जो राज कुमार जी समझते हैं, मैंने वह नहीं कहा बल्कि कल आपोजीशन वाले आपको जो गालियां दे रहे थे तो आपने कहा था कि इन गालियों का मेरे पर कोई असर नहीं। मैंने तो उसका जिक्र किया था। (थंपिंग) राज कुमार जी बहुत कच्ची हैं। जो कुछ मैंने कहा है मैं उसके एक एक शब्द पर स्टैंड करता हूं। जो कुछ मैंने कहा था दरुस्त कहा था। राजकुमार जी जब स्थायी तौर पर पैदा भी न हुए थे, तब से मैं लैजिस्लेचर का मैम्बर हूं।

ਕਾਮਰੇਡ ਰਾਜ ਕੁਮਾਰ : ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਇਥੇ ਪੜ੍ਹਨਾ ਚਾਹੀਦਾ ਹੈ। (ਵਿਘਨ) ਅਗਰ ਉਹ ਕੱਲ ਦੇ ਹੋਏ ਫੈਸਲੇ ਦੇ ਖ਼ਿਲਾਫ਼ ਹੋਵੇ ਤਾਂ ਉਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ।

श्री यश : कल आपने हाऊस का काम ठीक ढंग से चलाने के लिये...... (कामरेड राज कुमार और वैद करतार सिंह की ओर से विघ्न शोर

ਸਰਦਾਰ ਬਲਵੰਤ ਸਿੰਘ : ਇਸ ** ** ਨੂੰ ਖਿਠਾਓ। (ਵਿਘਨ)

ਆਵਾਜ਼ਾਂ : ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸਪੀਕਰ : ਇਹ ਲਫਜ਼ ਐਕਸਪੰਜ ਕੀਤੇ ਜਾਂਦੇ ਹਨ।

**Expunged as ordered by the Chair.

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਜਦ ਰੂਲਿੰਗ ਦੇ ਦਿਤੀ ਤਾਂ ਫਿਰ ਵੀ ਯਸ਼ ਜੀ ਉਹੀ ਗੱਲਾਂ ਕਰ ਰਹੇ ਹਨ ਇਸ ਲਈ ਇਹ ਉਨ੍ਹਾਂ ਦੇ ਲਫਜ਼ ਐਕਸਪੰਜ ਕਰਾਓ ਜੀ। ਯਸ਼ ਜੀ ਨੇ ਫਿਰ ਕਿਹਾ ਹੈ ਕਿ ਸਪੀਕਰ ਸਾਹਿਬ ਨੇ ਆਪੋਜ਼ੀਸ਼ਨ ਨੂੰ ਮੁਆਫ ਕੀਤਾ ਹੈ ਇਸ ਲਈ ਇਹ ਉਨ੍ਹਾਂ ਦੇ ਲਫਜ਼ ਐਕਸਪੰਜ ਕਰਾਓ ਜੀ।

Mr. Speaker : Yash ji, please continue.

ਸ਼੍ਰੀ ਚਮਨ ਲਾਲ : ** ** **

ਕਾਮਰੇਡ ਬਲਦੇਵ ਸਿੰਘ ਲੂੰਬਾ : ** ** **

Mr Speaker : This is no point of order. ਮੈਂ ਯਸ਼ ਜੀ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ, ਉਨ੍ਹਾਂ ਨੂੰ ਬੋਲਣ ਦਿਓ। ਮੇਰੀ ਇਜਾਜ਼ਤ ਤੋਂ ਬਗੈਰ ਜੋ ਕੁਝ ਕਿਹਾ ਗਿਆ ਹੈ, ਉਹ ਐਕਸਪੰਜ ਕੀਤਾ ਜਾਵੇ।

श्री यश : मैं कह रहा था कि कल यहां अच्छा माहौल पैदा हुआ। मैं भी इस बात का एहतराम करता हूं। (विघ्न) कल मैं लगभग 35 मिनट बोला हूं। और उस समय हाऊस में कोई इन्ट्रप्शन नहीं हुई। यह अच्छी बात है, मगर बगैर इन्ट्रप्शन के बोलने का पूरा मज़ा नहीं आता। बगैर इन्ट्रप्शन के बोलना वैसी ही बात है, जैसे बगैर नमक के खाना खाया जाये। स्पीकर साहिब, यह आप की फराखदिली है कि आपने माहौल को अच्छे ढंग से चलाने के लिये फराखदिली से काम लिया। मैं इस प्रसंग में कुछ कहना नहीं चाहता। मगर कल की कुछ बातें मैं दोहराना चाहता हूं। आपोजीशन पार्टी के मैम्बर कल हाजिर नहीं थे इन्होंने परसों विधान सभा भवन का घेराव किया, मैं उस पर एतराज नहीं करता क्योंकि आपोजीशन सरकार के विरुद्ध रोष प्रकट कर सकती है मगर ऐसा कोई काम नहीं करना चाहिए जिससे प्रजातन्त्र की जड़ें कमजोर हों। इन्होंने जिस ढंग से घेराव किया उससे प्रजातन्त्र की जड़ें कमजोर हुई हैं। सारे हिन्दुस्तान की अखबारों ने लिखा है कि आपोजीशन ने पुलीस के इन्तज़ाम को तोड़ कर अच्छा नहीं किया, इससे प्रजातन्त्र की जड़ें कमजोर हुई हैं। गवर्नर को ठीक समय पर बोलने नहीं दिया गया। इसके लिये This House owes an apology to the Governor अगर हाऊस को ठीक ढंग से चलने नहीं दिया जायेगा तब प्रजातन्त्र कमज़ोर होगा।

कामरेड राज कुमार बड़े 'प्रोग्रेसिव' हैं। लेकिन आजकल प्रोग्रेसिव का मतलब है जो काबू में न रहे। स्पीकर साहिब, मैं यह नहीं कहना चाहता कि आपके चैम्बर में क्या हुआ मगर मैं तो केवल यह कहना चाहता हूं कि आपने बड़ी फराखदिली से आपोजीशन को मुआफ कर दिया जिससे अच्छा माहौल पैदा हुआ। हमारा आपोजीशन को कमज़ोर करने का इरादा नहीं है। (विघ्न)

**Expunged as ordered by the Chair.

मैंने यह बात कल भी कही थी, आज भी कहना चाहता हूं कि हमारे देश में एक साजिश चल रही है कि जमहूरियत को खत्म कर दिया जाए। हमारे अड़ौस पड़ोस में कहीं भी जमहूरियत नहीं है। इस साजिश के तहत देश के भिन्न भिन्न हिस्सों में आन्दोलन चल रहे हैं। मेरी पक्की राय है, पंजाब में जो विपक्ष ने इस किस्म का जो आन्दोलन चलाया है, इससे जमहूरयित की जड़ें कमजोर हुई हैं। इसके पीछे किसी विदेशी ताकत का हाथ हो सकता है। आसाम में जो आन्दोलन चल रहा है उसमें विदेशी ताकत का हाथ है। हमारे आपोजीशन के लीडर ने कहा था कि वह पंजाब में आसाम जैसे हालात पैदा कर देंगे। (विघ्न) यह एक बड़ी गंभीर बात है। गंभीर इस लिये है कि पंजाब में कुछ आन्दोलन चल रहे हैं मैं इस को अधिक अहमीयत नहीं देता। आपने देखा होगा दीवारों पर लिखा हुआ है कि "हम खालिस्तान बनायेंगे" "हिन्दुस्तान हमारा देश नहीं है" "हम इसके नागरिक नहीं हैं।" ऐसी बातें वे लोग कर रहे हैं जिनका सम्बन्ध अकाली दल के साथ रहा है और आज भी है। (विघ्न) यह कहते हैं कि न इस आन्दोलन की बादल साहिब ने हमायत की है, न टोहरा ने की है और न ही तलवन्डी ने इसकी हमायत की है। मगर गौर तलब बात यह है कि इसमें से किसी ने इसकी मुज़म्मत भी नहीं की। इससे जाहिर होता है कि इनकी नीयत ठीक नहीं है।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਇਹ ਫਿਰ ਵਿੰਗੇ ਟੇਢੇ ਤਰੀਕੇ ਨਾਲ ਉਹੀ ਗੱਲਾਂ ਕਰਨ ਲੱਗ ਪਏ ਹਨ। ਇਹ ਇਨ੍ਹਾਂ ਵਾਸਤੇ ਠੀਕ ਨਹੀਂ ਹੈ।

ਸ੍ਰੀ ਸਪੀਕਰ : ਸੇਖਵਾਂ ਜੀ, ਤੁਸੀ ਅਪਣੀ ਸਪੀਚ ਵਿਚ ਜੋ ਕਹਿਣਾ ਹੋਵੇ ਕਹਿ ਲੈਣਾ।

ਸ੍ਰੀ ਯਸ਼ : ਸਪੀਕਰ ਸਾਹਿਬ, ਸੱਚੀ ਗੱਲ ਨੂੰ ਬਰਦਾਸ਼ਤ ਕਰਨ ਬਹੁਤ ਮੁਸ਼ਕਲ ਹੁੰਦਾ ਹੈ।

ਡਾਕਟਰ ਭਗਤ ਸਿੰਘ : ** ** **

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ** ** **

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ** ** **

ਸ੍ਰੀ ਸਪੀਕਰ : ਇਹ ਹਾਊਸ ਹੈ, ਤੁਸੀਂ ਇਸ ਤਰ੍ਹਾਂ ਨਾ ਕਰੋ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਮਾਨਯੋਗ ਮੈਂਬਰਾਂ ਵਲੋਂ ਮੇਰੀ ਇਜਾਜ਼ਤ ਦੇ ਬਗੈਰ ਕਿਹਾ ਗਿਆ ਹੈ, ਇਹ ਐਕਸਪੰਜ ਕੀਤਾ ਜਾਂਦਾ ਹੈ।

श्री यश : कल मैंने एक बात कही थी, वह मैं आज दोहराना चाहता हूं, क्योंकि आज बादल साहिब यहां बैठे हैं। मैं यह पूछना चाहता हूं कि यह किस तरीके से जमहूरियत चलाना चाहते हैं। जमहूरियत में सभी फैसले सरकार के दफ्तरों में बैठ कर होते हैं। (विघ्न) अगर सड़कों पर तलवारें चलें, गोली चले और बसों को रोकने की कोशिश की जाए। फिर इन दफ्तरों की अहमीयत खत्म हो जायेगी। सोचिये फिर क्या होगा? सिविल वार शुरु हो जायेगी।

**Expunged as ordered by the Chair.

[ਸ੍ਰੀ ਯਸ਼]

(ਸਰਦਾਰ ਗੁਰਦੇਵ ਸਿੰਘ ਬਾਦਲ ਵਲੋਂ ਵਿਘਨ)

ਮੈਂ ਤਾਂ ਬੜੀ ਨਿਮਰਤਾ ਨਾਲ ਬੇਨਤੀ ਕਰਦਾ ਹਾਂ ਕਿ ਅੱਜ ਕਾਂਗਰਸ ਦਾ ਰਾਜ ਹੈ, ਕਲ ਨੂੰ ਕਿਸੇ ਹੋਰ ਪਾਰਟੀ ਦਾ ਵੀ ਰਾਜ ਹੋ ਸਕਦਾ ਹੈ । (ਵਿਘਨ)

ਵੈਦ ਕਰਤਾਰ ਸਿੰਘ : ** ** **

ਸ੍ਰੀ ਯਸ਼ : ਮੈਂ ਤਾ ਇਹੀ ਅਰਜ਼ ਕਰ ਰਿਹਾ ਸੀ ਕਿ ਡੈਮੋਕਰੈਸੀ ਵਿਚ ਪਾਰਟੀਆਂ ਦਾ ਰਾਜ ਬਦਲਦਾ ਰਹਿੰਦਾ ਹੈ । ਕੌਲ ਤਕ ਤੁਹਾਡਾ ਰਾਜ ਸੀ, ਅਕਾਲੀ ਪਾਰਟੀ ਦਾ ਰਾਜ ਸੀ, ਅੱਜ ਕਾਂਗਰਸ ਪਾਰਟੀ ਦਾ ਰਾਜ ਹੈ, ਕੱਲ ਨੂੰ ਫਿਰ ਬਦਲ ਸਕਦਾ ਹੈ । (ਵਿਘਨ)

ਵੈਦ ਕਰਤਾਰ ਸਿੰਘ : ** ** **

ਸ੍ਰੀ ਸਪੀਕਰ : ਜੋ ਕੁਝ ਬਗੈਰ ਪ੍ਰਮਿਸ਼ਨ ਮਾਨਯੋਗ ਮੈਂਬਰ ਕਹਿ ਰਹੇ ਹਨ ਉਹ ਐਕਸਪੰਜ ਕਰ ਦਿੱਤਾ ਜਾਵੇ ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਚਮਨ ਲਾਲ ਜੀ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦੇ ਰਿਹਾ ਸੀ)

ਸ੍ਰੀ ਸਪੀਕਰ : ਜੋ ਕੁਝ ਵੀ ਯਸ਼ ਜੀ ਤੋਂ ਇਲਾਵਾ ਬਗੈਰ ਪ੍ਰਮਿਸ਼ਨ ਕਿਹਾ ਜਾ ਰਿਹਾ ਹੈ ਉਹ ਸਾਰਾ ਐਕਸਪੰਜਡ ਹੈ ।

श्री यश : पार्टियां बदलती रहती हैं, हकूमतें भी बदलती रहती हैं । उर्दू का एक शेयर है । बादल साहिब आप को मुखातिब होकर अर्ज़ करना चाहता हूं:—

'वही काफिले, वही रास्ते,
वही जिन्दगी, वही मरहले ।
मगर अपने अपने मुकाम पर
कभी तुम नहीं, कभी हम नहीं ।'

इसलिये कोई ऐसी बात नहीं करनी चाहिए जिसका आप पर कभी रिफलैक्ट बुरा पड़े । अगर आज हम ऐसी स्थिति पैदा करेंगे कि दफ्तरों की जगह सड़कों पर फैसले होने लगें, सड़कों पर बातचीत ऐसे होने लगे तो यह गैरजमहूरी बात होगी । मैंने तो अच्छी भावना से बात करनी चाही थी मगर कुछ लोगों को मेरी अच्छी बात भी अच्छी नहीं लगती । मैं यह अर्ज करनी चाहता हूं कि जितनी भी समस्याएं, अगर कोई हैं तो हमें आपस में बैठकर हल करनी चाहिए । राजकुमार जी ने एक बात का गलत मतलब निकाल लिया। अगर आप किसी बात में एक लफज भी टविस्ट कर दें जो उसका मतलब और का और ही हो जाता है । हमारे चीफ मिनिस्टर साहिब ने कहा कि मैं किसी मौके पर, किसी जगह पर बातचीत के लिये

**Expunged as ordered by the Chair.

तैयार हूं, बसों के किराये बढाने का सवाल है या कोई और सवाल है, लेकिन इन्होंने कहा कि "मैं हाऊस में बैठकर बात करूंगा"। हाऊस का मतलब पंजाब असैम्बली नहीं था पंजाब असैम्बली के लिये अकेला चीफ मिनिस्टर कुछ नहीं कर सकता। इसके लिये Business Advisory Committee बनी हुई है, वही कर सकती है। जो वह कहेगी वही यहां हो सकता है। एक बात, स्पीकर साहिब, मैं कहना चाहता हूं कि बजट सैशन में Adjournment Motions अलाओ नहीं की जातीं लेकिन आप की यह फराखदिली है कि आप फिर भी इनको (विरोधी पार्टी की ओर इशारा) बोलने के लिये इजाज़त दे देते हो। कुछ बातें अखबारों में भी आ जाती हैं और रिकार्ड में भी यह आप की फराखदिली है। मेरी अर्ज है कि हमें इस तरह की परम्पराएँ बनानी चाहिए, जो अच्छी हों। हाऊस का एक सैट प्रोसीजर है और हमें उस प्रोसीजर को, अच्छी परम्पराओं को कायम रखना चाहिए। अगर किसी बात पर किसी को कोई एतराज है तो आपस में बैठकर बातचीत कर लेनी चाहिए। (विघ्न) यही बात मैंने कल कही थी।

स्पीकर साहिब, जहां तक गवर्नर साहिब के भाषण का सवाल है उन्होंने प्राय: ऐसी बातों का जिक्र किया है जिन पर किसी को कोई एतराज़ नहीं हो सकता। यहां अब पंजाब में कांग्रेस पार्टी की सरकार है। कांग्रेस पार्टी जब इलैक्शन लड़ रही थी तो लोगों के साथ एक वायदा किया था कि अब तक पंजाब में जितने भी डिवैलपमैंट प्राजैक्टस बने हैं जितनी भी विकास की स्कीमें बनी हैं उनका फायदा बड़े बड़े लोग उठा लेते थे, अगर खेती के सुधार के लिये कोई योजना बनी तो उसका फायदा अधिकतर बड़े बड़े जिमीदार ले गये, अगर लोगों को पलाट देने की स्कीम बनी तो कुछ बड़े बड़े लोग Improvement Trusts के चेयरमैन के साथ मिल मिला कर प्लाट ले लेते थे, अब पँजाब कांग्रेस ने इस बात का फैसला किया था कि भविष्य में स्कीमें बनेंगी उनका फायदा सीधा गरीब लोगों को पहुँचेगा। उन लोगों को इनका फायदा पहुँचेगा जो कम साधनों के मालिक हैं। (विघ्न) बतायें इस में क्या बुरी बात है। इस Address में जिक्र किया गया है कि जुलाई में 30 करोड़ रुपये बिना सूद के गरीबों को देने का फैसला किया है। 30 करोड़ रुपये कोई छोटी बात नहीं। अब आप देखें कि जुलाई में इस बात का फैसला हुआ और नवम्बर में 20 करोड़ की ऐलोकेशन हो गई है और दिसम्बर में 9 करोड़ रुपया बांट दिया गया है। यह एक बहुत बड़ी बात है। इससे 54 हजार परिवारों को फायदा पहुंचा है। आप बतायें कि इस पर क्या एतराज है क्या सरकार ने अपने प्रोग्राम पर अमल नहीं किया? स्पीकर साहिब, हरिजनों को दिहात में एक दिक्कत थी खाद और कूड़ा रखने की। जब से मुरब्बाबन्दी हुई है, शामलात के सवाल पर झगड़ा हो गया। कितने ही सालों तक इस बात की तरफ ध्यान नहीं दिया गया कि हरीजनों को कूड़े और खाद के लिये कोई जगह दी जाए। यह पहली बार कांग्रेस सरकार ने किया है कि हर एक हरीजन को एक एक मरला जमीन दी जाये जहां वे गढ़ा खोद कर अपना कूड़ा और खाद रख सकें। क्या यह बुरी बात है? फिर आप देखें कि 113 करोड़ रुपये का एक और पलान है। उस 113 करोड़ रुपये में से 25 प्रतिशत रुपये सिर्फ हरीजनों को ही दिया जाएगा। मैंने इन कुछ ही बातों का जिक्र किया है। यह Welfare of the have nots in Punjab एक लम्बी चौड़ी लिस्ट है। इसमें सभी स्कीमों का जिक्र किया हुआ

[श्री यश]

है । मैं जो सिर्फ यही अर्ज करना चाहता हूं कि पंजाब की आर्थिकता को एक नई शक्ल देनी है । कोशिश की जा रही है और कोशिश इस बात की जा रही है कि जिन गरीब लोगों को पहले फायदा नहीं पहुंचा अब उनको सीधा फायदा पहुंचे । अगर इन सारी बातों को आपने सचमुच अच्छी शक्ल देनी है, अगर आप चाहते हैं कि ठीक ढंग के साथ काम हो तो एक अच्छा माहौल पैदा होना चाहिए लेकिन जब से यह सरकार बनी है पहले दिन से ही सारी विरोधी पार्टीयों ने कोशिश करनी शुरु कर दी है कि सरकार का काम न चल सके । कभी बसें रोक दीं, कभी विद्यार्थियों को बहका दिया, कभी कह दिया 1 या 2 फरवरी को काम नहीं करने देंगे, कभी कर्मचारियों में झगड़ा पैदा कर दिया । इन्होंने अपनी तरफ कोई कसर नहीं रखी कि पंजाब में काम रोका जाए । यह तो पंजाब के लोग पंजाब अवाम कांग्रेस के साथ थे, लेकिन इन्होंने तो गढ़े खोदने में कोई कसर नहीं छोड़ी थी । यह कहा गया कि इतने हजार लोग घेराव के लिये आयेंगे । इन्होंने कहा कि ट्रालियां, ट्रक आदि रोक लिए फिर भी इतने लोग आ गये । लोग आप के साथ नहीं हमारे साथ हैं । पंजाब के लोग दस बीस या पचीस हजार नहीं, पंजाब में डेढ़ करोड़ लोग बसते हैं । यह बीस पच्चीस हजार लोग पंजाब की किस्मत का फैसला नहीं कर सकते । पांधी साहिब ने एक बार कहा था कि बिहार, उड़ीसा, यू. पी. आदि प्रांतों के लोग पंजाब में आ रहे हैं वे लोग जो सारे पंजाब की उन्नति में हाथ बंटा रहे हैं उनकी मौजूदगी पर इनको एतराज था अब उन्हीं की मदद से घेराव और प्रदर्शन करते हैं । यह बार बार कहते हैं कि हम घेराव करेंगे । (विघ्न) मैं प्रार्थना करता हूं कि भगवान करे आप सारी उमर घेराव ही करते रहें । यह आपका कांस्टीच्यूशनल हक है, लेकिन आपको यह हक नहीं है कि लोगों के चुने हुए नुमाईंदों को काम न करने दें । काम में जो रुकावटें पैदा करते हैं वे जमहूरियत क दुशमन हैं । अकाली दल वाले कम्युनिस्टों से घिरे हुए हैं । उनका तो जमहूरियत में विश्वास ही नहीं है । (विघ्न)

(इस समय कामरेड राज कुमार जी बोलने के लिये खड़े हुए)

श्री स्पीकर : आपको भी बोलन का वक्त मिलेगा ।

कामरेड राज कुमार : स्पीकर साहिब, यह अपनी बात करें हमारी फिलास्फी को इन्ट्रप्रैट नहीं कर सकते । (विघ्न) (शोर)

श्री यश : कौन सी फिलास्फी इन्ट्रप्रैट करने का किसको हक है यह मैं अच्छी तरह से जानता हूं । मैं बता सकता हूं कि कम्युनिस्ट पार्टी की फिलास्फी क्या है । यह तो पेड वर्कर हैं कम्युनिस्ट पार्टी के, मैं आजाद हूं । इनको तो बोलने का अधिकार नहीं है सच बोलने का । (विघ्न) (शोर) स्पीकर साहिब, मैं अर्ज करना चाहता हूं कि यह वे लोग हैं जिनका प्रजातन्त्र में विश्वास ही नहीं । इसलिये जब भी कोई डैमोक्रेटिक पार्टी गरीबों के लाभ के लिये कोई प्रोग्राम बनाती है और उस पर अमल करती है तो ऐसे पार्टियां उसमें खलल डालती हैं । (विघ्न)

स्पीकर साहिब, आपोजीशन ने बहुत शोर मचाया कि किसानों का कुछ नहीं बन रहा । ज़रा सुनिए कि पिछले छे महीनों से जब से यह सरकार इन पावर आई है तब से पैडी, गन्ना कपास व दूसरी चीज़ों की बिक्री से पंजाब के किसान को एक अरब 52 करोड़ रुपया अधिक मिला है । मैं यह जो अधिक की बात करता हूँ वह अधिक खर्च निकाल कर डीज़ल के जो भाव बढ़े, खाद के जो भाव बढ़े, वह सब खर्चे को निकाल कर डेढ़ अरब रुपया पंजाब के किसान को ज्यादा मिला और बादल सरकार के वक्त डेढ़ अरब का किसानों को घाटा पड़ा । बादल सरकार के समय या चरण सिंह सरकार के समय इतना घाटा पड़े तो वह अच्छी सरकारें और अगर सरदार दरबारा सिंह की सरकार के समय या इंदिरा गांधी की सरकार के समय अगर किसान को फायदा हो तो यह सरकारें उनकी दुश्मन हो गईं ? (विघ्न) सरदार आत्मा सिंह ने कहा कि कोई फायदा नहीं हुआ मैं पूरा हिसाब बताता हूँ ।

सबसे पहले पैडी को लीजिए —, बादल सरकार के समय पैडी का भाव 95 रुपये था और कांग्रेस की सरकार के समय 105 रुपये हो गया । 10 रुपये एक साल में भाव कभी नहीं बढ़ा यह इस रजीम में बढ़ा है और इससे 64.29 करोड़ रुपये की फालतु आमदनी हुई । खर्चे बढ़ा । डीजल का 8.97 करोड़ रुपये और खाद का 22.53 करोड़ रुपये कुल 31.50 करोड़ रूपये का खर्च बढ़ा । बाकी 32 करोड़ रुपये अधिक आमदनी हो गई । अब गन्ने की बात सुनिए । बादल सरकार के समय किसानों को गन्ने के लिए 7.76 करोड़ रुपये मिले, दरबारा सिंह की सरकार के समय 15.12 करोड़ रुपये मिले ये मिलों को बेचे गन्ने का हिसाब है । कुल पैदावार 126 करोड़ रुपये की हुई और इससे 63.95 करोड़ रुपये ज्यादा मिले । डीज़ल और खाद के बढ़े भावों का खर्च निकाल कर यह फायदा हुआ है । मैं अधिक समय नहीं लेना चाहता, इतना कहूंगा कि सारा खर्च निकाल कर किसानों को 1 अरब 52 करोड़ रुपया ज्यादा मिला ।

11.16 पूर्व दोपहर । (इस समय श्री डिप्टी स्पीकर ने प्रधानगी की कुर्सी संभाली)

अकाली सरकार और कांग्रेस सरकार में सिर्फ इतना फर्क है कि अकाली सरकार के समय गन्ना जला दिया गया था । आलू गला दिया था, कोई खरीदार नहीं था । कांग्रेस सरकार ने गन्ने का भाव 28 रुपये दिया । आलू अगर उखाड़ते तो उनसे इतनी आमदनी भी नहीं होती थी कि मजदूरी निकल सके, आज आलू का भाव 100 रुपये, 125 रुपये चल रहा है। अगर फिर भी इनकी तसल्ली नहीं होती तो मैं क्या कर सकता हूँ ?

इंदिरा गांधी जब प्राईम मिनिस्टर थीं तो बादल साहिब कपास की दो चार गांठें दिल्ली ले गये थे जलाने के लिये, जला आये थे लेकिन बादल सरकार के समय लोगों ने घरों और मिलों में ही जला दी । मैं कह सकता हूँ कि जितना नुकसान बादल सरकार के समय किसानों का हुआ उतना कभी नहीं हुआ । (विघ्न)

मैं जिक्र कर रहा हूँ कि किस तरीके से यहां काम हुए । ऐजूकेशन के विभाग को ही ले लीजिए । जब तक यहां बादल सरकार रही करीब अढ़ाई-तीन वर्ष रही, अच्छा हुआ ज्यादा वक्त नहीं रही । इन पौने तीन वर्षों में इन्होंने शायद एक भी स्कूल अपग्रेड नहीं किया ।

ਸਰਦਾਰ ਬਲਦੇਵ ਸਿੰਘ ਮਾਨ: ਆਨ ਏ ਪੁਆਇੰਟ ਆਫ ਆਰਡਰ, ਸਰ ਇਹ ਤਾਂ ਹਾਊਸ ਦੀ ਬੇਇਜ਼ਤੀ ਕਰ ਰਹੇ ਹਨ। ਗਲਤ ਗੱਲਾਂ ਕਰ ਰਹੇ ਹਨ।

श्री यश : डिप्टी स्पीकर साहिब, यह कहते हैं कि हमने स्कूल अपग्रेड किये, मैं मान लेता हूँ। इनकी दो, तीन बारी छोटी छोटी जिन्दगी वाली सरकारें बनीं। इनकी किसी भी सरकार के वक्त 6 महीनों में 250 स्कूल अपग्रेड नहीं हुए।

ਅਵਾਜ਼ਾਂ: ਇਹ ਵੀ ਗਲਤ ਹੈ।

श्री यश: इस सरकार ने पहिले कभी स्कूलों की बिल्डिंगज़ बनाने के लिये फंडज नहीं रखे ऐजूकेशन में कुछ रिसर्च का काम शुरु किया गया है। छोटी छोटी बातों का मैं ज़िक्र नहीं करता। मैं यह कहना चाहता हूँ कि कांग्रेस पार्टी ने अपने मैनीफैस्टो में जो लोगों के साथ वायदे किये थे उनको पूरा करने के लिये हर मुमकिन कदम इस सरकार ने उठाए हैं। मैं यह नहीं कहता कि सारे वायदे पूरे हो गए हैं। हमने यह वायदा किया हुआ है कि अकाली सरकार सीवरेज का और हाऊस टैक्स का रेट बढ़ा गई थी उनको 1976 के लैवल पर लायेंगे। यह वायदे अभी पूरे करने है, मैंने कल भी अर्ज़ किया था कि यह केवल ईंजन ही खराब करके नहीं गए, ब्रेकें ही जाम करके नहीं गए, रेल को पटड़ी से नीचे ही नहीं उतार गये, बल्कि पटड़ी को भी उखाड़ गये हैं। इसलिये नई पटड़ी बना कर रेल को उसके ऊपर चलाने में वक्त लगेगा।

डिप्टी स्पीकर साहिब, हमारे किसानों को भी और मज़दूरों को भी शिकायत हो सकती है कारखानेदारों को ठीक ढंग से लोहा, सीमेंट और कोयला नहीं मिल रहा। काफी शिकायतें हैं जिन्हें दूर करना है। लेकिन आपोजीशन की कोशिश यह है कि सरकार काम न कर सके ताकि 5, 6 महीने के बाद यह कह सकें कि अगर हम कोई काम नहीं कर सके तो कांग्रेस वालों ने कौन सा कर दिया है। यह कांग्रेस को भी अपने लैवल पर लाना चाहते हैं।

डिप्टी स्पीकर साहिब, मैं ज्यादा वक्त न लेता हुआ सिर्फ इतनी बात कहूंगा कि This House owes an apology to the Governor. अच्छी बात यह है कि सरदार प्रकाश सिंह बादल खुद मुआफी मांगें। कम्यूनिस्ट पार्टी वाले तो इनके दुमछले हैं। यह कभी कांग्रेस के कंधों पर बैठ कर काम करते हैं और कभी अकालियों के कन्धों पर चढ़ कर मैम्बर बन जाते हैं। इस पंजाब के काम को अच्छे ढंग से चलाने के लिये जनता के मुफाद के लिये डैमोक्रेसी की जड़ें मज़बूत करने के लिये हिन्दुस्तान के भविष्य को सुरक्षित करने के लिये अच्छी बात तो यह है कि आपोजीशन अपनी जिम्मेदारी समझे। डिप्टी स्पीकर साहिब, स्पीकर की डैफीनीशन क्या होती है? स्पीकर वह होता है Who speaks the least (जो कम से कम बोले।) आपोजीशन वह होती है Who opposes the least. (जो कम से कम अपोज़ करे।) परन्तु इनका काम तो केवल अपोज़ करना ही रह गया है। कोआप्रेशन यह दे नहीं सकते। यहां कल अच्छा माहौल पैदा हुआ। इसलिये जहां हम गवर्नर साहिब का धन्यवाद करते हैं वहां मैं यह भी आशा करता हूँ कि पंजाब में माहौल अच्छा होगा ताकि जो काम रह गये हैं वह पंजाब सरकार पूरे कर सके।

बहुत बहुत धन्यवाद!

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏਕੋਟ): ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮਾਨਯੋਗ ਯਸ਼ ਜੀ ਨੇ ਜੋ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਮਤਾ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਉਸਦੀ ਪ੍ਰੋੜਤਾ ਲਈ ਖੜ੍ਹਾ ਹੋਇਆ ਹਾਂ। ਅਸਲ ਵਿਚ ਗਵਰਨਰ ਸਾਹਿਬ ਦਾ ਐਡਰੈਸ ਪੰਜਾਬ ਦੇ ਲੋਕਾਂ ਲਈ ਇਕ ਮਹਾਨ ਜਨਮ-ਪੱਤਰੀ ਹੈ ਜਿਸ ਦੇ ਵਿਚ ਪੰਜਾਬ ਦੇ ਲੋਕਾਂ ਦੀਆਂ ਆਸਾਂ, ਉਨ੍ਹਾਂ ਦੇ ਸੰਕਲਪਾਂ ਅਤੇ ਸਰਕਾਰ ਦੀ ਨੀਤੀ ਦੇ ਬਾਰੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਮੈਂ ਇਸ ਤੋਂ ਪਹਿਲਾਂ ਕਿ ਇਸ ਮਤੇ ਬਾਰੇ ਆਪਣੇ ਵਿਚਾਰ ਰੱਖਾਂ, ਮੈਂ ਇਹ ਜ਼ਰੂਰੀ ਸਮਝਦਾ ਹਾਂ ਕਿ ਇਸ ਮੌਕੇ ਉਤੇ ਜਦੋਂ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਇਸ ਸੁਨਹਿਰੀ ਦਸਤਾਵੇਜ਼ ਉਤੇ ਲੱਗੀਆਂ ਹੋਈਆਂ ਸਨ ਕਿ ਕੀ ਕੀ ਪਾਲਿਸੀ ਅਤੇ ਕੀ ਕੀ ਪ੍ਰੋਗਰਾਮ ਮਾਨਯੋਗ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਲੋਕਾਂ ਲਈ ਲਿਆਂਦੇ ਹਨ, ਜੋ ਵਚਨ ਲੋਕਾਂ ਨਾਲ ਕੀਤੇ ਹਨ ਉਨ੍ਹਾਂ ਨੂੰ ਕਿਤਨਾ ਕੁ ਪੂਰਾ ਕੀਤਾ ਹੈ ਜਾਂ ਕੀ ਪ੍ਰੋਗਰਾਮ ਉਨ੍ਹਾਂ ਨੂੰ ਪੂਰਾ ਕਰਨ ਲਈ ਉਲੀਕਿਆ ਹੈ, ਇਸ ਨੂੰ ਠਰੰਮੇ ਨਾਲ ਉਡੀਕਣ ਦੀ ਬਜਾਏ ਮੇਰੇ ਕੁਝ ਵੀਰਾਂ ਨੇ ਉਸੇ ਦਿਨ, ਬਲਕਿ ਮੈਂ ਕਹਾਂਗਾ ਕਿ ਪੰਜਾਂ ਪਾਰਟੀਆਂ ਨੇ, ਅਕਾਲੀ ਦਲ, ਕਮਿਊਨਿਸਟ ਪਾਰਟੀ ਆਫ ਇੰਡੀਆ, ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ), ਕਾਂਗਰਸ (ਯੂ) ਅਤੇ ਜਨਤਾ (ਐਸ) ਨੇ ਇਸ ਹਾਊਸ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਬਲਕਿ ਹਾਊਸ ਦੇ ਬਾਹਰ ਜੋ ਕੁਝ ਹੋਇਆ ਹੈ, ਜੋ ਤਾਂਡਵ ਨਾਚ ਹੋਇਆ, ਇਹ ਬੜਾ ਭਿਆਨਕ ਹਾਦਸਾ ਇਥੇ ਹੋਇਆ। ਮੈਨੂੰ ਇਕ ਕਹਾਵਤ ਯਾਦ ਆ ਗਈ ਹੈ:

'ਪੰਜ ਪੋਸਤੀ ਚੜ੍ਹੇ ਸ਼ਿਕਾਰ, ਮੱਖੀ ਮਾਰੀ ਵਿਚ ਬਜ਼ਾਰ,
ਮਾਰੀ ਨਹੀਂ ਪਰ ਲੰਗੜੀ ਕੀਨੀ, ਇਹ ਵੀ ਫਤਿਹ ਖੁਦਾ ਨੇ ਕੀਨੀ'

ਇਹ ਆਏ ਤਾਂ ਸਨ ਹਾਊਸ ਦਾ ਘੇਰਾਉ ਕਰਨ ਕਿ ਇਸ ਹਾਊਸ ਨੂੰ ਚਲਣ ਨਹੀਂ ਦੇਣਾ ਅਤੇ ਇਸ ਕਾਰਨ ਗਵਰਨਰ ਸਾਹਿਬ ਦਾ ਐਡਰੈਸ ਹਾਊਸ ਵਿਚ ਲੇਟ ਪੜ੍ਹਿਆ ਗਿਆ। ਅੱਜ ਵੀ ਹਾਊਸ ਵਿਚ ਕਾਰਵਾਈ ਜਾਰੀ ਹੈ। ਪਤਾ ਨਹੀਂ ਇਸ ਦੀ ਬੈਕਗਰਾਊਂਡ ਕੀ ਹੈ। ਪਰ ਇਕ ਚੰਗਾ ਕੰਮ ਵੀ ਹੋਇਆ ਹੈ। ਮੇਰੇ ਆਪੋਜੀਸ਼ਨ ਦੇ ਨੇਤਾ ਮਾਨਯੋਗ ਬਾਦਲ ਸਾਹਿਬ ਜਿਹੜੇ ਕਿ ਚਾਹੇ ਸਰਕਾਰ ਵਿਚ ਰਹੇ, ਚਾਹੇ ਗੁਰਦਵਾਰਿਆਂ ਦੀ ਪਾਲਿਟਿਕਸ ਵਿਚ ਰਹੇ, ਉਥੇ ਵੰਨ ਵੇਅ ਟਰੈਫਿਕ ਹੀ ਚਲਾਉਂਦੇ ਰਹੇ ਅਤੇ ਇਹ ਉਸ ਵਿਚ ਕਮਾਉਂਦੇ ਹੀ ਰਹੇ। ਇਹ ਪਹਿਲਾ ਮੌਕਾ ਸੀ ਜਿਸ ਦਿਨ ਇਨ੍ਹਾਂ ਨੇ ਦੋ ਹਜ਼ਾਰ ਆਦਮੀਆਂ ਨੂੰ 300 ਰੁਪਏ ਦਾ ਇਕ ਇਕ ਸਾਈਕਲ ਲੈ ਕੇ ਦਿਤਾ। 6 ਲੱਖ ਰੁਪਏ ਦੇ ਸਾਈਕਲ ਇਨ੍ਹਾਂ ਨੇ ਲੋਕਾਂ ਨੂੰ ਦਿਤੇ। ਇਹ ਚੰਗੀ ਗੱਲ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ।

ਸ੍ਰੀ ਡਿਪਟੀ ਸਪੀਕਰ: ਇਨ੍ਹਾਂ ਦੀ ਸਪੀਚ ਦੇ ਬਾਅਦ ਕਹਿ ਲੈਣਾ।

ਸਰਦਾਰ ਜਗਦੇਵ ਸਿੰਘ ਜੱਸੋਵਾਲ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦੇਵਾਂਗਾ ਕਿ ਉਹ ਸਾਈਕਲ ਕਿਥੋਂ ਲਏ ਗਏ। ਇਹ ਚੰਗੀ ਗੱਲ ਹੋਈ ਹੈ। ਲੇਕਿਨ ਦੇਖਣਾ ਇਹ ਹੈ ਕਿ ਉਸ ਦਿਨ ਹਾਊਸ ਉਤੇ ਜੇ ਇਹ ਪੱਕੇ ਤੌਰ ਤੇ ਵੀ ਕਬਜ਼ਾ ਕਰ ਲੈਂਦੇ, ਜਿਸ ਆਸ਼ੇ ਨਾਲ ਇਹ ਆਏ ਸਨ, ਤਾਂ ਕੀ ਇਨ੍ਹਾਂ ਦਾ ਸਰਕਾਰ ਉਤੇ ਕਬਜ਼ਾ ਹੋ ਜਾਣਾ ਸੀ ਜਾਂ

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਪੰਜਾਬ ਦੀ ਵਾਗਡੋਰ, ਹਕੂਮਤ ਇਨ੍ਹਾਂ ਦੇ ਹੱਥ ਵਿਚ ਚਲੀ ਜਾਣੀ ਸੀ? ਇਨ੍ਹਾਂ ਦਾ ਅੰਤਿਮ ਨਿਸ਼ਾਨਾ ਕੀ ਸੀ? ਇਹ ਕੋਈ ਬਾਬਾ ਸੋਂਢਲ ਦਾ ਮਦਰ ਤਾਂ ਹੈ ਨਹੀਂ ਕਿ ਚੰਦ ਆਦਮੀਆਂ ਨੇ ਹਥਿਆਰ ਲੈ ਕੇ ਉਸ ਤੇ ਕਬਜ਼ਾ ਕਰ ਲਿਆ ਅਤੇ ਉਥੇ ਨਿਸ਼ਾਨ ਸਾਹਿਬ ਗੱਡ ਕੇ ਝੰਡਾ ਲਹਿਰਾ ਦਿੱਤਾ। ਇਹ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ। ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਥੇ ਆਏ ਹਨ। ਇਸ ਨੂੰ ਲੋਕਾਂ ਦੇ ਫੈਸਲੇ ਨਾਲ ਹੀ ਬਦਲਿਆ ਜਾ ਸਕਦਾ ਹੈ। ਘੇਰਾਉ ਕਰਕੇ, ਤਲਵਾਰਾਂ ਨਾਲ ਜਾਂ ਨੇਜ਼ਿਆਂ ਨਾਲ ਨਾ ਕਿਸੇ ਨੂੰ ਡਰਾਇਆ ਜਾ ਸਕਦਾ ਹੈ ਅਤੇ ਨਾ ਹੀ ਕੋਈ ਡਰਿਆ ਹੈ। ਇਹ ਇਕ ਭਿਆਨਕ ਪਰੰਪਰਾ ਹੈ ਜਿਸਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਇਹ ਪਹਿਲਾ ਮੌਕਾ ਹੈ। ਇਸਦੀ ਬੈਕਗਰਾਊਂਡ ਕੀ ਹੈ? ਇਸਦਾ ਪਿਛੋਕੜ ਕੀ ਹੈ? ਇਹ ਪਰਮਾਤਮਾ ਜਾਣਦਾ ਹੈ ਜਾਂ ਇਹ ਜਾਣਦੇ ਹਨ ਲੇਕਿਨ ਇਨ੍ਹਾਂ ਵੀਰਾਂ ਦਾ ਬਹੁਤਾ ਅਸੀਂ ਦੋਸ਼ ਵੀ ਨਹੀਂ ਸਮਝਦੇ ਕਿਉਂਕਿ ਇਹ ਅਕਾਲੀ ਦਲ (ਐਲ) ਹੈ। ਤੁਸੀਂ, ਡਿਪਟੀ ਸਪੀਕਰ ਸਾਹਿਬ, 'ਐਲ' ਬਾਰੇ ਵੇਖਿਆ ਹੋਵੇਗਾ ਕਿ ਜਦੋਂ ਕੋਈ ਆਦਮੀ ਨਵਾਂ ਨਵਾਂ ਗੱਡੀ ਚਲਾਉਂਦਾ ਹੈ ਤਾਂ ਉਹ ਨੰਬਰ ਪਲੇਟ ਦੀ ਥਾਂ ਤੇ 'ਐਲ' ਲਿਖ ਦਿੰਦਾ ਹੈ ਜਿਸ ਦਾ ਮਤਲਬ ਹੁੰਦਾ ਹੈ ਕਿ ਇਹ ਲਰਨਰ ਹੈ, ਅਨਾੜੀ ਹੈ। (ਥੰਪਿੰਗ) ਕਈ ਵਾਰੀ ਉਸ ਲਰਨਰ ਦੀ ਵਜਾਹ ਨਾਲ ਗੱਡੀ ਖੜ੍ਹ ਜਾਂਦੀ ਹੈ ਔਰ ਟ੍ਰੈਫਿਕ ਜਾਮ ਹੋ ਜਾਂਦੀ ਹੈ। ਜਿਹੜੇ ਤਾਂ ਮੁਸਾਫਰ ਸਿਆਣੇ ਹੁੰਦੇ ਹਨ ਉਹ ਤਾਂ ਉਸ ਗੱਡੀ ਵਿਚੋਂ ਛਾਲ ਮਾਰ ਕੇ ਉਤਰ ਜਾਂਦੇ ਹਨ। ਇਸ ਤਰ੍ਹਾਂ ਹੀ ਉਹ ਚਾਰ ਮੁਸਾਫਰ (ਅਕਾਲੀ ਦਲ ਦੇ ਤਲਵੰਡੀ ਗਰੁੱਪ ਦੇ ਮਾਨਯੋਗ ਮੈਂਬਰਾਂ ਵੱਲ ਇਸ਼ਾਰਾ) ਸਿਆਣੇ ਸਨ ਔਰ ਉਹ ਉਤਰ ਗਏ ਹਨ। (ਥੰਪਿੰਗ) (ਹਾਸਾ) ਡਿਪਟੀ ਸਪੀਕਰ ਸਾਹਿਬ, ਹੋਰ ਵੀ ਉਤਰਨਗੇ। (ਇਕ ਆਵਾਜ਼: ਇਹ ਉਤਾਰੇ ਹਨ)

ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਆਪ ਨੂੰ ਕੁਰੈਕਟ ਕਰਦਾ ਹਾਂ ਜੀ। ਇਹ ਕਹਿੰਦੇ ਹਨ ਕਿ ਉਤਾਰੇ ਹਨ। ਇਨ੍ਹਾਂ ਨੂੰ ਉਤਾਰਿਆ ਹੈ ਜਾਂ ਇਹ ਆਪ ਉਤਰੇ ਹਨ ਮੈਂ ਇਸ ਗੱਲ ਵਿਚ ਨਹੀਂ ਜਾਂਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਗੱਲ ਇਕ ਹੀ ਹੈ। ਡਿਪਟੀ ਸਪੀਕਰ ਸਾਹਿਬ, ਫਿਰ ਹੋਰ ਵੇਖ ਲਵੋ, ਗੁਰਦਵਾਰਾ ਚਮਕੌਰ ਸਾਹਿਬ ਵਿਚ ਗੋਲੀਆਂ ਚੱਲੀਆਂ ਹਨ, ਅਸੀਂ ਵੀ ਮੰਨਦੇ ਹਾਂ ਕਿ ਇਹ ਬੜਾ ਭਿਆਨਕ ਹਾਦਸਾ ਹੋਇਆ ਹੈ। ਇਸ ਦਾ ਸਾਨੂੰ ਵੀ ਅਫਸੋਸ ਹੈ। ਮੈਂ ਸਮਝਦਾ ਹਾਂ ਕਿ ਦੋਨੋਂ ਮੇਰੇ ਵੀਰ ਇਸ ਗੱਲ ਦੇ ਲਈ ਅਕਾਲੀ ਦਲ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਹਨ। (ਵਿਘਨ) ਇਹ (ਅਕਾਲੀ ਪਾਰਟੀ ਲੌਂਗੋਵਾਲ ਗਰੁੱਪ ਵੱਲ ਇਸ਼ਾਰਾ) ਵੀ ਕਹਿੰਦੇ ਹਨ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਕਰਦੇ ਹਨ, ਔਰ ਉਹ (ਅਕਾਲੀ ਦਲ ਤਲਵੰਡੀ ਗਰੁੱਪ ਦੇ ਮਾਨਯੋਗ ਮੈਂਬਰਾਂ ਵੱਲ ਇਸ਼ਾਰਾ) ਮੇਰੇ ਵੀਰ ਵੀ ਕਹਿੰਦੇ ਹਨ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਕਰਦੇ ਹਨ। ਦੋਨੋਂ ਹੀ ਕਹਿੰਦੇ ਹਨ ਕਿ ਇਹ ਦੋਨੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਹਨ। ਇਹ (ਅਕਾਲੀ ਪਾਰਟੀ ਲੌਂਗੋਵਾਲ ਗਰੁੱਪ) ਵੀ ਕਹਿੰਦੇ ਹਨ ਕਿ ਇਹ ਪੰਥ ਦੇ ਰਾਖੇ ਹਨ ਔਰ ਉਹ ਵੀ ਕਹਿੰਦੇ ਹਨ ਕਿ ਉਹ ਪੰਥ ਦੇ ਰਾਖੇ ਹਨ, ਪੰਥ ਦੇ ਸੇਵਾਦਾਰ ਹਨ। ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਨਾਲ ਸੰਗਤ ਹੈ ਔਰ ਉਹ ਕਹਿੰਦੇ ਹਨ ਕਿ ਉਨ੍ਹਾਂ ਨਾਲ ਸੰਗਤ ਹੈ। ਇਨ੍ਹਾਂ ਦੀ ਇਹ ਗੱਲ ਵੀ ਡਿਪਟੀ ਸਪੀਕਰ ਸਾਹਿਬ, ਮੰਨ ਲੈਂਦੇ ਹਾਂ ਕਿ ਸੰਗਤ ਇਨ੍ਹਾਂ ਦੇ ਨਾਲ ਹੈ ਪਰ ਜੇਕਰ ਸੰਗਤ ਇਨ੍ਹਾਂ ਦੇ ਹੀ

ਨਾਲ ਹੈ ਤਾਂ ਫਿਰ ਅਸੀਂ ਕੀ ਹੋਏ? (ਵਿਘਨ) ਤੁਸੀਂ ਹੁਣ ਵੇਖ ਲਵੋ ਕਿ ਕਿਤਨੇ ਅਕਾਲੀ ਦਲ ਹਨ। ਛੇ ਅਕਾਲੀ ਦਲ ਪੈਦਾ ਹੋ ਗਏ ਹਨ। ਇਕ ਮਾਸਟਰ ਅਕਾਲੀ ਦਲ ਹੈ, ਇਕ ਲੌਂਗੋਵਾਲ ਅਕਾਲੀ ਦਲ ਹੈ, ਇਕ ਤਲਵੰਡੀ ਅਕਾਲੀ ਦਲ ਹੈ, ਇਕ ਦਲ ਖਾਲਸਾ ਅਕਾਲੀ ਦਲ ਹੈ, ਬੁੱਢਾ ਦਲ, ਇਨਕਲਾਬੀ ਅਕਾਲੀ ਦਲ ਹੈ। ਇਸ ਤਰ੍ਹਾਂ ਛੇ ਅਕਾਲੀ ਦਲ ਬਣੇ ਹੋਏ ਹਨ ਔਰ ਤੁਸੀਂ ਵੇਖ ਲੈਣਾ ਕਿ ਇਸ ਸਾਲ ਅੰਦਰ ਚਾਰ ਅਕਾਲੀ ਦਲ ਹੋਰ ਪੈਦਾ ਹੋ ਜਾਣੇ ਹਨ। ਜਿਸ ਤਰ੍ਹਾਂ ਰਾਵਣ ਦੇ ਦਸ ਸਿਰ ਸਨ ਉਸੇ ਤਰ੍ਹਾਂ ਹੀ ਫਿਰ ਇਨ੍ਹਾਂ ਦੇ ਵੀ ਦਸ ਅਕਾਲੀ ਦਲ ਹੋ ਜਾਣੇ ਹਨ ਔਰ ਜੋ ਰਾਵਣ ਦਾ ਹਸ਼ਰ ਹੋਇਆ ਸੀ ਉਹ ਹਸ਼ਰ ਹੀ ਇਨ੍ਹਾਂ ਦਾ ਹੋਵੇਗਾ। (ਹਾਸਾ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਇਕ ਕਾਂਗਰਸ ਅਕਾਲੀ ਦਲ ਵੀ ਹੈ ਜਿਸ ਦੇ ਇਹ ਪ੍ਰਧਾਨ ਹਨ (ਹਾਸਾ)

ਸਰਦਾਰ ਜਗਦੇਵ ਸਿਘ ਜੱਸੋਵਾਲ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਮੰਨ ਲੈਂਦਾ ਹਾਂ ਪਰ ਮੈਂ ਇਨ੍ਹਾਂ ਵਰਗਾ ਮਨਮੁੱਖ ਨਹੀਂ ਹਾਂ, ਮੈਂ ਗੁਰਮੁਖ ਹਾਂ ਔਰ ਸੱਚਾ ਸੁੱਚਾ ਅਕਾਲੀ ਵੀ ਹਾਂ ਤੇ ਇਨ੍ਹਾਂ ਵਰਗਾ ਮਨਮੁੱਖ ਤੇ ਬਹੁਰੂਪੀਆ ਨਹੀਂ। ਮੈਂ ਅਕਾਲ ਪੁਰਖ ਨੂੰ ਮੰਨਣ ਵਾਲਾ ਹਾਂ। ਡਿਪਟੀ ਸਪੀਕਰ ਸਾਹਿਬ, ਇਕ ਕਲਮੀ ਲੀਡਰ ਹੁੰਦੇ ਹਨ। ਜਦੋਂ ਸੈਂਟਰ ਦੇ ਅੰਦਰ ਜਨਤਾ ਦੀ ਸਰਕਾਰ ਸੀ ਔਰ ਇਥੇ ਬਾਦਲ ਸਾਹਿਬ ਦੀ ਸਰਕਾਰ ਸੀ, ਜਨਸੰਘ ਦੇ ਔਰ ਜਨਤਾ ਪਾਰਟੀ ਦੇ ਮੈਂਬਰ ਉਸ ਵਿਚ ਹਿੱਸੇਦਾਰ ਸਨ ਔਰ ਬਾਦਲ ਸਾਹਿਬ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਤਾਂ ਵਜ਼ੀਰੀਆਂ ਲੈ ਲਈਆਂ ਔਰ ਉਨ੍ਹਾਂ ਵੀਰਾਂ ਨੂੰ (ਤਲਵੰਡੀ ਗਰੁੱਪ ਵਲ ਇਸ਼ਾਰਾ) ਇਹ ਅਕਾਲੀ ਪਾਰਟੀ ਦੇ ਵਰਕਰ ਟੀਟਨੇ ਮਾਰਦੇ ਰਹੇ। ਉਨ੍ਹਾਂ ਨੂੰ ਵਜ਼ੀਰੀਆਂ ਨਹੀਂ ਦਿਤੀਆਂ। ਉਹ ਅਕਾਲੀ ਵਰਕਰ ਐਵੇਂ ਹੀ ਮਰਦੇ ਰਹੇ। ਕਹਿੰਦੇ ਹਨ "ਖਾਣ ਪੀਣ ਨੂੰ ਬਾਂਦਰੀ, ਸੋਟੇ ਖਾਣ ਨੂੰ ਰਿੱਛ।" (ਹਾਸਾ) ਉਹ ਗੱਲ ਇਨਾਂ ਨੇ ਅਕਾਲੀ ਵਰਕਰਾਂ ਨਾਲ ਕੀਤੀ। ਪਰ ਲੋਕਾਂ ਨੇ ਇਨ੍ਹਾਂ ਨੂੰ ਸਜ਼ਾ ਦੇ ਦਿਤੀ ਔਰ ਤੁਸੀਂ ਵੇਖ ਲਵੋ ਕਿ ਜਿਥੇ ਅਕਾਲੀ ਪਾਰਟੀ ਦਾ ਗੜ੍ਹ ਸੀ, ਜਿਥੋਂ ਕਿ ਸੰਨ 1947 ਤੋਂ ਬਾਅਦ ਕਦੇ ਕਾਂਗਰਸ ਨਹੀਂ ਸੀ ਜਿੱਤੀ ਉਥੋਂ ਮੈਂ ਜਿੱਤ ਕੇ ਆਇਆ ਹਾਂ। ਇਹ ਇਨ੍ਹਾਂ ਦੇ ਕੁਕਰਮਾਂ ਦੀ ਸਜ਼ਾ ਇਨ੍ਹਾਂ ਨੂੰ ਲੋਕਾਂ ਨੇ ਦਿਤੀ ਹੈ। ਇਹ ਤਾਂ ਕਲਮੀ ਲੀਡਰ ਹਨ। ਕੋਈ ਕਲਮੀ ਅੰਬ ਹੁੰਦੇ ਹਨ ਪਰ ਕਲਮੀ ਲੀਡਰ ਕਦੇ ਨਹੀਂ ਸੀ ਸੁਣੇ, ਉਹ ਵੀ ਹੁਣ ਸੁਣ ਲਏ ਹਨ। ਬਾਦਲ ਸਾਹਿਬ ਕਲਮੀ ਲੀਡਰ ਹਨ ਤੇ ਉਹ ਹੁਣ ਜਨਤਾ ਦੀ ਬਜਾਏ ਕਮਿਊਨਿਸਟਾਂ ਨੂੰ ਅਕਾਲੀ ਦਲ ਦੇ ਮੋਢਿਆਂ ਤੇ ਸਵਾਰੀ ਕਰਾ ਰਹੇ ਹਨ। ਔਹ ਮੇਰੇ ਵੀਰ ਬੈਠੇ ਹਨ (ਅਕਾਲੀ ਪਾਰਟੀ ਤਲਵੰਡੀ ਗਰੁੱਪ ਵਲ ਇਸ਼ਾਰਾ) ਉਨ੍ਹਾਂ ਦੀ ਇਨ੍ਹਾਂ ਨੇ ਇਕ ਨਾ ਸੁਣੀ ਔਰ ਕਹਿਣ ਲੱਗੇ ਕਿ ਅਸੀਂ ਅਸੈਂਬਲੀ ਦਾ ਜ਼ਰੂਰ ਘਰਾਓ ਕਰਨਾ ਹੈ। ਪਰ ਘਰਾਓ ਕੀਤਾ ਕਿਸ ਕਰਕੇ ਸੀ ਇਹ ਵੀ ਮੈਂ ਦਸ ਦਿੰਦਾ ਹਾਂ। ਇਨ੍ਹਾਂ ਨੇ ਕਿਹਾ ਸੀ ਕਿ ਜੇਕਰ ਘਰਾਓ ਕਰਕੇ ਅਸੀਂ ਕਬਜ਼ਾ ਕਰ ਲਵਾਂਗੇ ਤਾਂ ਦੂਸਰੇ ਵੀਰ ਜਿਹੜੇ ਇਨ੍ਹਾਂ ਦੇ ਨਾਲ ਸਨ ਉਨ੍ਹਾਂ ਨੂੰ ਕਿਹਾ ਸੀ ਕਿ ਅਸੀਂ ਤੁਹਾਨੂੰ ਵੀ ਵਿਚੋਂ ਹਿੱਸਾ ਦੇਵਾਂਗੇ ਤੇ ਸਾਡੀ ਸਰਕਾਰ ਬਣੇਗੀ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕਮਿਊਨਿਸਟ ਵੀਰ ਜਿਹੜੇ ਹਨ ਜਦੋਂ ਯੱਸ਼ ਜੀ ਤਕਰੀਰ ਕਰ ਰਹੇ ਸਨ ਤਾਂ ਉਨ੍ਹਾਂ ਨੇ ਵੀ ਉਨ੍ਹਾਂ ਵੀਰਾਂ ਬਾਰੇ ਨਰਾਜ਼ਗੀ ਪ੍ਰਗਟ ਕੀਤੀ ਸੀ ਕਿ ਉਹ ਪਤਾ ਨਹੀਂ ਕਿਉਂ ਇਸ ਤਰ੍ਹਾਂ ਕਰਦੇ ਹਨ। ਉਹ ਕਹਿੰਦੇ ਹਨ ਕਿ ਇਹ ਉਨ੍ਹਾਂ ਦੀ ਵਿਚਾਰ ਧਾਰਾ ਦੀ

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਗੱਲ ਹੈ । ਠੀਕ ਹੈ, ਮੈਂ ਉਨ੍ਹਾਂ ਦੀ ਵਿਚਾਰਧਾਰਾ ਤੇ ਬਹਿਸ ਨਹੀਂ ਕਰਦਾ ਪਰ ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਇਸ ਹਾਊਸ ਦੇ ਅੰਦਰ ਇਸ ਗੱਲ ਦਾ ਨਿਪਟਾਰਾ ਕਰਨਾ ਪਵੇਗਾ ਕਿ ਅਕਾਲੀ ਰਾਜਨੀਤੀ ਵਿਚ ਝਗੜੇ ਬਾਰ ਬਾਰ ਕਿਉਂ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਅਸਲ ਵਿਚ ਮੈਂ ਸਮਝਦਾ ਹਾਂ ਕਿ ਇਥੇ ਬੁਨਿਆਦੀ ਵਿਚਾਰਾਂ ਦਾ ਫਰਕ ਹੈ । ਇਕ ਪਾਸੇ ਤਾਂ ਗਰੀਬ ਛੋਟਾ ਕਿਸਾਨ ਹੈ ਔਰ ਦੂਸਰੇ ਪਾਸੇ ਇਜਾਰੇਦਾਰ ਔਰ ਵਿਸਵੇਦਾਰ ਲੋਕ ਹਨ । ਇਸ ਕਰਕੇ ਆਪਸੀ ਵਿਚਾਰਾਂ ਦਾ ਟਕਰਾਅ ਹੁੰਦਾ ਰਹਿੰਦਾ ਹੈ । ਇਨ੍ਹਾਂ ਦੀ ਪਾਲਿਸੀ ਦੇ ਅੰਦਰ ਐਡ-ਹਾਕਇਜ਼ਮ ਔਰ ਅਪਰਚੂਨਿਜ਼ਮ ਵੱਧ ਰਿਹਾ ਹੈ ਔਰ ਵਕਤਨ-ਬ-ਵਕਤਨ ਇਹ ਲੋਕਾਂ ਵਿਚ ਸ਼ੰਕੇ ਪਾਕੇ ਉਨ੍ਹਾਂ ਨੂੰ ਭੰਬਲਭੂਸੇ ਵਿਚ ਪਾਉਣ ਵਾਸਤੇ ਇਸ ਤਰ੍ਹਾਂ ਕਰਦੇ ਹਨ ।

ਡਿਪਟੀ ਸਪੀਕਰ ਸਾਹਿਬ, ਮਹਾਰਾਜਾ ਰਣਜੀਤ ਸਿੰਘ ਜੀ ਦੇ ਬਾਅਦ ਡੋਗਰਿਆਂ ਦੇ ਹੱਥ ਵਿਚ ਹਕੂਮਤ ਆ ਗਈ ਸੀ । ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਬੜੇ ਯੋਧੇ ਹਨ ਔਰ ਬੜੀ ਸ਼ਕਤੀ ਦੇ ਮਾਲਿਕ ਹਨ । ਇਸ ਲਈ ਉਨ੍ਹਾਂ ਨੇ ਸਿੱਖਾਂ ਦੀ ਸ਼ਕਤੀ ਨੂੰ ਅਜਾਈਂ ਕਰਨ ਵਾਸਤੇ ਖਾਹ-ਮਖਾਹ ਅੰਗਰੇਜ਼ਾਂ ਨਾਲ ਜੰਗ ਸ਼ੁਰੂ ਕਰ ਦਿਤੀ । ਅੰਗਰੇਜ਼ਾਂ ਨਾਲ ਝਗੜਾ ਛੇੜ ਲਿਆ ਔਰ ਅੰਗਰੇਜ਼ਾਂ ਨਾਲ ਲੜਕੇ ਖਾਲਸੇ ਦੀ ਹਕੂਮਤ ਖਤਮ ਹੋ ਗਈ । ਇਸ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਨਕਲੀ ਅਕਾਲੀ ਸੰਗਤਾਂ ਨੂੰ ਸਰਕਾਰ ਦੇ ਗਲ ਪੁਆਕੇ ਪੰਥ ਦੀ ਸ਼ਕਤੀ ਕਮਜ਼ੋਰ ਕਰ ਰਹੇ ਹਨ । ਅਕਾਲੀ ਪਾਰਟੀ ਜਿਹੜੀ ਹੈ ਇਸ ਦੇ ਅੰਦਰ ਜਿਸ ਤ੍ਰਾਂ ਦੀ ਭਾਵਨਾ ਹੈ, ਉਸ ਬਾਰੇ ਸੰਗਤਾਂ ਨੂੰ ਸੋਚਣਾ ਪਵੇਗਾ । ਜਿਸ ਤਰ੍ਹਾਂ ਹਿੰਦੁਸਤਾਨ ਦੀ ਆਜ਼ਾਦੀ ਲਈ ਤਕਰੀਰ ਕਰਦੇ ਸਮੇਂ ਪਾਰਲੀਮੈਂਟ ਦੇ ਅੰਦਰ ਸਰ ਅੱਟੇਲੀ ਨੇ ਕਿਹਾ ਸੀ ਕਿ ਹਿੰਦੁਸਤਾਨ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ਤੇ ਜ਼ੋਰਦਾਰ ਦਲੀਲਾਂ ਦਿੱਤੀਆਂ ਸਨ ਉਸ ਵੇਲੇ ਲਾਰਡ ਚਰਚਲ ਜੋ ਹਿੰਦੁਸਤਾਨ ਦੀ ਅਜ਼ਾਦੀ ਦਾ ਵਿਰੋਧੀ ਸੀ ਇਕੋ ਹੀ ਗੱਲ ਕਹੀ ਸੀ :—

I am not going to preside over the liquidation of the British Empire.

ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ is presiding over the leadership of Akali Legislature Party to liquidate it completely for all times to come.

ਵਿਰੋਧੀ ਵੀਰਾਂ ਵਿਚੋਂ ਇਕ ਵੀ ਵਿਅਕਤੀ ਨਹੀਂ ਹੈ ਜਿਸ ਨੇ ਮੁਲਕ ਦੀ ਆਜ਼ਾਦੀ ਲਈ ਇਕ ਵੀ ਤਸੀਹਾ ਝੱਲਿਆ ਹੋਵੇ । ਮੈਂ ਸਝਮਦਾ ਹਾਂ ਕਿ ਸਾਨੂੰ ਇਹੋ ਜਿਹਾ ਨੇਤਾ ਸਰਦਾਰ ਦਰਬਾਰਾ ਸਿੰਘ ਮਿਲਿਆ ਹੈ ਜਿਸ ਦੀ ਅਗਵਾਈ ਹੇਠ ਚੱਲ ਕੇ ਸਾਡਾ ਪੰਜਾਬ ਵੱਧ ਤੋਂ ਵੱਧ ਤਰੱਕੀ ਕਰ ਰਿਹਾ ਹੈ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਅਸੀਂ ਵੱਧ ਤੋਂ ਵੱਧ ਪ੍ਰਸੰਸਾ ਕਰੀਏ ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ । ਬਾਕੀ ਤਾਂ ਗੱਲ ਠੀਕ ਹਨ ਕਿ ਇਨ੍ਹਾਂ ਨੇ ਪਾਰਟੀਆਂ ਵੀ ਵੰਡ ਲਈਆਂ ਹਨ ।

(ਥੰਪਿੰਗ) (ਵਿਘਨ)

ਤੋਂ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਨੇ ਜੋ ਨਿਸ਼ਾਨੇ ਸਾਨੂੰ ਦਿੱਤੇ ਹਨ ਉਨ੍ਹਾਂ ਦੇ ਵਿਸਥਾਰ ਵਿਚ ਮੈਂ ਨਹੀਂ ਜਾਂਦਾ। ਮੈਂ ਉਨ੍ਹਾਂ ਦੀਆਂ ਕੁਝ ਗੱਲਾਂ ਜ਼ਰੂਰ ਸਮਝਦਾ ਹਾਂ ਕਿ ਤੁਹਾਡੇ ਨੋਟਿਸ ਵਿਚ ਲਿਆਵਾਂ। ਜਿਸ ਤਰ੍ਹਾਂ ਨਾਲ ਯਸ਼ ਜੀ ਨੇ ਬਹੁਤ ਸਾਰੇ ਪੁਆਇੰਟਸ ਡਿਸਕਸ ਕੀਤੇ ਹਨ, ਮੈਂ ਵੀ ਕੁਝ ਪੁਆਇੰਟ ਟੱਚ ਕਰਦਾਂ ਹਾਂ। ਉਨ੍ਹਾਂ ਨੇ ਦੱਸਿਆ ਹੈ ਕਿ 153 ਪਿੰਡ ਸੜਕਾਂ ਤੋਂ ਬਗੈਰ ਰਹਿ ਗਏ ਹਨ। ਇਕ ਤਾਂ ਉਨ੍ਹਾਂ ਨੂੰ ਜੋੜਨਾ ਹੈ ਔਰ ਦੂਸਰਾ ਹਰ ਪਿੰਡ ਦੇ ਅੰਦਰ ਹੈਲਥ ਦਾ ਕੋਈ ਸਰਵੇ ਵਗੈਰਾ ਦਾ ਪ੍ਰਬੰਧ ਪਹਿਲਾਂ ਨਹੀਂ ਸੀ, ਦਾਈਆਂ ਦਾ ਪਿੰਡਾਂ ਵਿਚ ਪ੍ਰਬੰਧ ਨਹੀਂ ਹੁੰਦਾ, ਉਨ੍ਹਾਂ ਦਾ ਪ੍ਰਬੰਧ ਕਰਨਾ ਹੈ। ਇਸ ਤਰ੍ਹਾਂ ਨਾਲ ਹੀ ਗਰੀਬ ਲੋਕਾਂ ਵਾਸਤੇ 8000 ਰਿਹਾਇਸ਼ੀ ਪਲਾਟ ਦੇਣੇ ਹਨ ਗੋਇੰਦਵਾਲ ਸਾਹਿਬ ਔਰ ਰਣਜੀਤਗੜ੍ਹ ਇਤਿਹਾਸਿਕ ਥਾਵਾਂ ਨੂੰ ਡਿਵੈਲਪ ਕਰਨਾ ਹੈ। ਇਸ ਦੇ ਨਾਲ ਹੀ ਸਹਿਕਾਰੀ ਬੈਂਕਾਂ ਵਿਚ 235 ਕਰੋੜ ਰੁਪਏ ਦੇ ਕਰਜ਼ੇ ਸਸਤੇ ਵਿਆਜ਼ ਦੀ ਦਰ ਤੇ ਲੋਕਾਂ ਨੂੰ ਦੇਣੇ ਔਰ ਕਰਜ਼ੇ ਦੀ ਵੱਧ ਤੋਂ ਵੱਧ ਹੱਦ 9 ਹਜ਼ਾਰ ਤੋਂ ਵਧਾ ਕੇ 12 ਹਜ਼ਾਰ ਕਰ ਦੇਣੀ ਔਰ ਇਸ ਦੇ ਨਾਲ ਪਿੰਡਾਂ ਦੇ ਅੰਦਰ ਬਲਾਕ ਸੰਮਤੀਆਂ ਦਾ ਸ਼ੁਰੂ ਕਰਨਾ, ਇਹ ਕੁਝ ਐਸੀਆਂ ਗੱਲਾਂ ਹਨ ਜਿਨ੍ਹਾਂ ਦੀ ਸਾਨੂੰ ਸ਼ਲਾਘਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਹੁਣੇ ਹੀ ਜੋ ਸਾਡੇ ਪਿੰਡਾਂ ਵਿਚ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦੇ ਲਈ ਵੀ ਪੰਜ ਕਰੋੜ ਰੁਪਏ ਮੁਆਵਜ਼ੇ ਵਜੋਂ ਦੇਣੇ ਇਹ ਇਕ ਅਹਿਮ ਕੰਮ ਹੈ। ਮੈਂ ਸਮਝਦਾ ਹਾਂ ਕਿ ਜਿਤਨੀ ਵੀ ਇਨ੍ਹਾਂ ਕੰਮਾਂ ਦੀ ਪ੍ਰਸੰਸਾਂ ਕਰੀਏ, ਉਹ ਥੋੜ੍ਹੀ ਹੈ (ਥਪਿੰਗ)

ਡਿਪਟੀ ਸਪੀਕਰ ਸਾਹਿਬ, ਇਹ ਸਭ ਕੁਝ ਇਸ ਕਰਕੇ ਹੋਇਆ ਹੈ ਕਿ ਸਾਡੀ ਪਾਰਟੀ ਦੇ ਨੇਤਾ ਸਰਦਾਰ ਦਰਬਾਰਾ ਸਿੰਘ ਜੀ ਹਨ ਜੋ ਕਿ ਇਕ ਉਹ ਵਿਅਕਤੀ ਹੈ ਜਿਸ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਲਈ ਨਾ ਸਿਰਫ ਘਾਲਣਾ ਘਾਲੀ, ਕੁਰਬਾਨੀ ਕੀਤੀ ਬਲਕਿ ਉਹ ਇਕ ਮਹਾਨ ਗੁਰਸਿੱਖ ਵੀ ਹਨ। ਉਹ ਗੁਰਮੱਤ ਨੂੰ ਮੰਨਦੇ ਹਨ, ਗੁਰਸਿੱਖੀ ਦੀ ਮਰਿਆਦਾ ਨੂੰ ਮੰਨਦੇ ਹਨ ਲੇਕਿਨ ਦੂਸਰੇ ਪਾਸੇ ਮੇਰੇ ਵੀਰ ਬਹੁਰੂਪੀਏ ਹਨ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਹੋਰ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਕਾਲੀਆਂ ਨੇ ਪਾਰਟੀਆਂ ਵੀ ਵੰਡ ਲਈਆਂ ਅਤੇ ਆਪਣੇ ਪੰਥ ਵੀ ਵੰਡ ਲਏ ਔਰ ਜਿਹੜਾ ਅਨੰਦਪੁਰ ਸਾਹਿਬ ਦੇ ਮਤੇ ਦਾ ਇਹ ਬਾਰ ਬਾਰ ਜ਼ਿਕਰ ਕਰਦੇ ਹਨ ਉਸ ਨੂੰ ਭੀ ਵੰਡ ਲਿਆ ਹੈ। ਉਸ ਦੇ ਬਾਰੇ ਇੰਡੀਅਨ ਐਕਸਪ੍ਰੈਸ ਅਖਬਾਰ ਵਿਚ ਇਹ ਆਇਆ ਹੈ Three facets of Akali demand, ਉਸ ਵਿਚ ਲਿਖਿਆ ਹੈ ਕਿ ਅਕਾਲੀਆਂ ਦੀ ਅਸਲ ਡੀਮਾਂਡ ਕੀ ਹੈ। ਅਕਾਲੀਆਂ ਦਾ ਅਸਲ ਨਿਸ਼ਾਨਾ ਕੀ ਹੈ। ਪਹਿਲੇ ਤਾਂ ਇਹ ਸੈਲਫ ਡਿਟਰਮਿੰਡ ਸਟੇਟ ਫਾਰ ਸਿੱਖਸ ਚਾਹੁੰਦੇ ਹਨ, ਦੂਜੇ ਪ੍ਰੋਵਿਨਸ਼ੀਅਲ ਅਟਾਨੋਮੀ ਚਾਹੁੰਦੇ ਹਨ ਔਰ ਤੀਜੀ ਆਪਣੀ ਸਿੱਖ ਹੋਮਲੈਂਡ ਬਣਾਉਣਾ ਚਾਹੁੰਦੇ ਹਨ। ਇਹੋ ਜਿਹੀਆਂ ਹਾਸੋਹੀਣੀਆਂ ਗਲਾਂ ਇਹ ਕਰਦੇ ਹਨ, ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਾਫ ਸਾਫ ਦੱਸਣਾ ਚਾਹੀਦਾ ਹੈ ਕਿ ਇਹ ਚਾਹੁੰਦੇ ਕੀ ਹਨ ਤਾਂਕਿ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਇਨ੍ਹਾਂ ਦੀ ਕਾਰਕਰਦਗੀ ਦਾ ਪਤਾ ਲੱਗ ਸਕੇ। ਲੇਕਿਨ ਇਹ ਬਾਰ ਬਾਰ ਲੋਕਾਂ ਦੇ ਦਿਲਾਂ ਵਿਚ ਕਨਫਿਊਜ਼ਨ ਕ੍ਰਿਏਟ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਹੀ ਇਕ ਹੋਰ ਅਕਾਲੀ ਦਲ ਹੋਰ ਅਕਾਲੀ ਵੀਰਾਂ ਦਾ ਵੱਖਰਾ ਜੱਥਾ ਬਣਿਆ ਹੈ। ਉਨ੍ਹਾਂ ਨੇ ਵੀ 28 ਅਕਤੂਬਰ ਨੂੰ ਅਨੰਦਪੁਰ ਸਾਹਿਬ ਵਿਖੇ ਮਤੇ ਵਿਚ ਇਹ ਸਾਫ ਹੀ ਲਿਖ ਦਿੱਤਾ ਹੈ ਕਿ ਸਿੱਖ ਹੋਮਲੈਂਡ ਉਨ੍ਹਾਂ ਦਾ ਨਿਸ਼ਾਨਾ ਹੈ। ਡਿਪਟੀ ਸਪੀਕਰ ਸਾਹਿਬ, ਇਥੋਂ ਤਕ ਕਿ ਇਨ੍ਹਾਂ

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਵੀ ਲੀਰੋ ਲੀਰ ਕਰਨ ਲਈ ਲੋਕਾਂ ਨੂੰ ਗੁਮਰਾਹ ਕੀਤਾ । ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ । ਜਿਥੋਂ ਤੱਕ ਇਨ੍ਹਾਂ ਦੇ ਜੱਥਿਆਂ ਦਾ ਸਬੰਧ ਹੈ ਉਹ ਵੀ ਮੈਂ ਦਸਦਾ ਹਾਂ । ਮੈਂ ਟ੍ਰਿਬਿਊਨ ਅਖਬਾਰ ਵਿਚ ਪੜ੍ਹਿਆ ਹੈ ਕਿ 'How the Jatha was made ? ਉਸ ਵਿਚ ਲਿਖਿਆ ਹੈ ਕਿ ਜਿਹੜਾ ਜੱਥਾ ਉਮਰਾਨੰਗਲ ਵਾਲਾ ਸੀ ਜਿਹੜਾ ਇਨ੍ਹਾਂ ਨੇ ਲੈਕੇ ਜਾਣਾ ਸੀ, ਉਹ ਇਹ ਜੱਥਾ ਲੈਕੇ ਨਹੀਂ ਜਾ ਸਕੇ । ਆਪ ਹੀ ਇਕੱਲੇ ਅੰਮ੍ਰਿਤਸਰ ਪਹੁੰਚ ਗਏ ਸਨ । ਉਥੇ ਜਦੋਂ ਅਖਬਾਰ ਵਾਲੇ ਪਹੁੰਚੇ ਤਾਂ ਉਨ੍ਹਾਂ ਨੇ ਉਮਰਾਨੰਗਲ ਜੀ ਨੂੰ ਪੁੱਛਿਆ ਕਿ ਤੁਹਾਡਾ ਜੱਥਾ ਕਿਥੇ ਹੈ ਤਾਂ ਉਹ ਕਹਿਣ ਲੱਗੇ ਕਿ ਲਾੜਾ ਤਾਂ ਪਹੁੰਚ ਗਿਆ ਹੈ ਅਤੇ ਬਾਰਾਤੀ ਆ ਰਹੇ ਹਨ । ਉਹ ਅਖ਼ਬਾਰ ਵਾਲੇ ਕਹਿਣ ਲਗੇ ਕਿ ਅਸੀਂ ਤਾਂ ਬਰਾਤੀ ਨਹੀਂ ਹਾਂ । ਉਹ ਜੱਥਾ ਕਦੋਂ ਆਉਣਾ ਹੈ ਤਾਂ ਉਮਰਾਨੰਗਲ ਜੀ ਨੇ ਕਿਹਾ ਕਿ ਲੌਂਗੋਵਾਲ ਸਾਹਿਬ ਨੇ ਇਥੇ ਆਉਣਾ ਹੈ ਅਤੇ ਉਹ ਜੱਥਾ ਉਨ੍ਹਾਂ ਦੇ ਨਾਲ ਆਏਗਾ (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਹੁਣ ਇਹ ਸੁਣ ਲੈਣ । ਇਹ ਅਖਬਾਰ ਵਿਚ ਆਇਆ ਹੈ । ਮੈਂ ਅਪਣੇ ਵਲੋਂ ਨਹੀਂ ਕਹਿ ਰਿਹਾ । ਮੈਂ ਦੱਸ ਰਿਹਾ ਸੀ ਕਿ ਜਦੋਂ ਉਥੇ ਜੱਥਾ ਨਾ ਪਹੁੰਚਿਆ ਤਾਂ ਇਹ ਕਹਿਣ ਲਗੇ ਕਿ ਟੈਲੀਫੂਨ ਆ ਗਿਆ ਹੈ ਅਤੇ ਜੱਥਾ ਹੁਣ ਅੰਮ੍ਰਿਤਸਰ ਨਹੀਂ ਆਏਗਾ, ਸਿਧਾ ਚਲੇ ਜਾਏਗਾ ।

(ਇਸ ਵੇਲੇ ਮਾਨਯੋਗ ਮੈਂਬਰ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਬਾਰ ਬਾਰ ਇੰਟ੍ਰਪਟ ਕਰ ਰਹੇ ਸਨ ਅਤੇ ਬੋਲਣ ਲਈ ਆਗਿਆ ਮੰਗ ਰਹੇ ਸਨ ।)

ਸ੍ਰੀ ਡਿਪਟੀ ਸਪੀਕਰ: ਤੁਸੀਂ ਆਪਣੀ ਗੱਲ ਬਾਅਦ ਵਿਚ ਕਹਿ ਲੈਣਾ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਚੰਗਾ ਜੀ, ਮੈਂ ਇਨ੍ਹਾਂ ਦੀ ਗੱਲ ਛਡਦਾ ਹਾਂ । ਕਮਿਊਨਿਸਟਾਂ ਦੀ ਗੱਲ ਕਰਦਾ ਹਾਂ । ਇਨ੍ਹਾਂ ਦਾ ਕੀ ਹਾਲ ਹੈ, ਇਨ੍ਹਾਂ ਦਾ ਇਹ ਹਾਲ ਹੈ ਕਿ ਜਿਵੇਂ ਕਿਸੇ ਜ਼ਖਮ ਤੇ ਮੱਖੀਆਂ ਭਿਣਕਦੀਆਂ ਹਨ ਉਸੇ ਤਰ੍ਹਾਂ ਹੀ ਜਿਥੇ ਕਿਤੇ ਕੋਈ ਵਰਕਰਜ਼ ਵਿਚ ਮੂਵਮੈਂਟ ਚਲਦੀ ਹੈ ਤਾਂ ਇਹ ਉਥੇ ਪਹੁੰਚ ਜਾਂਦੇ ਹਨ । ਉਥੇ ਜਾਕੇ ਵਰਕਰਜ਼ ਨੂੰ ਭੜਕਾਉਂਦੇ ਹਨ । ਅਕਾਲੀ ਪਾਲਿਟਿਕਸ ਵਿਚ ਵੀ ਇਹ ਜਿਹੜਾ ਸਾਥ ਦੇ ਰਹੇ ਹਨ, ਇਹ ਵੀ ਤੁਸੀਂ ਵੇਖ ਲੈਣਾ ਕਿਥੋਂ ਤਕ ਨਿਭੇਗਾ । ਇਹ ਪਹਿਲੀ ਦਫਾ ਹੈ ਕਿ ਅਕਾਲੀ ਵਰਕਰਜ਼ ਤਸ਼ੱਦਦ ਤੇ ਆਏ ਹਨ ਔਰ ਆਪਣੀਆਂ ਕਿਰਪਾਨਾਂ ਲਹਿਰਾਈਆਂ ਹਨ । ਇਹ ਆਪਣੇ ਤੋਂ ਸਿਵਾਏ ਹੋਰ ਕਿਸੇ ਨੂੰ ਸਿੱਖ ਨਹੀਂ ਸਮਝਦੇ । ਪਿਛੇ ਜਦੋਂ ਇਕ ਛਪਾਰ ਦੇ ਮੇਲੇ ਤੇ ਮੈਂ ਇਕ ਲੈਕਚਰ ਕਰ ਰਿਹਾ ਸੀ ਤਾਂ ਉਥੇ ਇਕ ਇਨ੍ਹਾਂ ਦੇ ਸਿੰਘ ਸਾਹਿਬ ਆ ਗਏ ਅਤੇ ਨੰਗੀ ਤਲਵਾਰ ਨਾਲ ਡਾਂਸ ਕਰਦੇ ਹੋਏ ਮੇਰੇ ਕੋਲ ਆ ਖੜੇ ਹੋਏ । ਲੋਕਾਂ ਨੇ ਕਿਹਾ ਕਿ ਤੂੰ ਕੀ ਕਰਨਾ ਹੈ ਤਾਂ ਉਹ ਕਹਿਣ ਲਗਾ ਕਿ ਮੈਂ ਇਸ ਨੂੰ ਵੱਢ ਦੇਣਾ ਹੈ । ਸੋ ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗਲਾਂ ਇਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ । ਇਹ ਤਾਂ ਆਪਣੇ ਆਪ ਨੂੰ ਹੀ ਸਿੱਖ ਸਮਝਦੇ ਹਨ । ਪਿਛੇ ਜਦੋਂ ਇਨ੍ਹਾਂ ਦੀ ਇਕ ਆਪੋਜੀਸ਼ਨ ਦੀ ਮੀਟਿੰਗ ਵਿਚ ਕਮਿਊਨਿਸਟ ਪਾਰਟੀ ਦੇ ਲੀਡਰ ਮਲਹੋਤਰਾ ਜੀ ਨੂੰ ਸਰਦਾਰ ਦੇ ਨਾਂ ਤੇ ਬੁਲਾਇਆ ਗਿਆ ਸੀ ਤਾਂ ਉਨ੍ਹਾਂ ਨੇ ਇਤਰਾਜ਼ ਕੀਤਾ ਸੀ, ਇਸ ਦਾ ਸਭ ਨੂੰ ਪਤਾ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਕਮਿਊਨਿਸਟਾਂ ਨਾਲ ਕਿਵੇਂ ਨਿਭ ਸਕਦੀ ਹੈ । ਉਨ੍ਹਾਂ ਨੇ ਇਨ੍ਹਾਂ ਨੂੰ ਸਰਦਾਰ ਨਹੀਂ ਰਹਿਣ ਦੇਣਾ । ਉਨ੍ਹਾਂ ਨੇ ਇਕ ਦਿਨ ਬਾਦਲ ਸਾਹਿਬ ਨੂੰ ਵੀ ਕਾਮਰੇਡ ਬਣਾ

ਲੈਣਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਗੱਲ ਕਰਨ ਲੱਗਾ ਹਾਂ । ਪਿੱਛੇ ਜਦੋਂ ਬੱਸਾਂ ਦੀਆਂ ਗੱਲਾਂ ਚਲਦੀਆਂ ਸਨ ਤਾਂ ਇਹ ਕਹਿੰਦੇ ਸਨ ਕਿ ਬੱਸਾਂ ਦਾ ਕੌਮੀਕਰਨ ਕਰੋ ਪਰ ਅਸਲ ਵਿਚ ਇਹ ਚਾਹੁੰਦੇ ਨਹੀਂ ਸਨ । ਲੌਂਗੋਵਾਲ ਸਾਹਿਬ ਜਿਹੜੇ ਅਕਾਲੀ ਪਾਰਟੀ (ਐਲ) ਦੇ ਪ੍ਰਧਾਨ ਹਨ ਉਨ੍ਹਾਂ ਨੇ ਚਿੱਠੀ ਲਿਖੀ ਪ੍ਰਧਾਨ ਮੰਤਰੀ ਜੀ ਨੂੰ ਕਿ ਬੱਸਾਂ ਦਾ ਕੌਮੀਕਰਨ ਹੋਣਾ ਚਾਹੀਦਾ ਹੈ।। ਹੁਣ ਜਦੋਂ ਸਾਡੀ ਸਰਕਾਰ ਨੇ ਬੱਸਾਂ ਦਾ ਕੌਮੀਕਰਨ ਲਈ ਮੱਤਾ ਲਿਆਂਦਾ ਤਾਂ ਬਾਦਲ ਸਾਹਿਬ ਜਲੂਸ ਲੈਕੇ ਆ ਗਏ ਅਤੇ ਕਹਿਣ ਲਗੇ ਕਿ ਅਸੀਂ ਅਸੈਂਬਲੀ ਨਹੀਂ ਚਲਣ ਦੇਣੀ। ਇਸ ਲਈ ਮੈਂ ਕਿਹਾ ਹੈ ਕਿ ਅਸਲ ਵਿਚ ਇਹ ਕੌਮੀਕਰਨ ਵੀ ਨਹੀਂ ਸੀ ਚਾਹੁੰਦੇ । ਮੈਂ ਸਮਝਦਾ ਹਾਂ ਕਿ ਇਹ ਸਾਡੀ ਕੌਮ ਵਿਚ ਬਹੁਰੂਪੀਏ ਹਨ ਜਿਨ੍ਹਾਂ ਨੂੰ ਸਿੱਖਾਂ ਨਾਲ ਵੀ ਕੋਈ ਪਿਆਰ ਨਹੀਂ । ਇਹ ਤਾਂ ਚਾਹੁੰਦੇ ਹਨ ਕਿ ਇਹ ਤਾਕਤ ਸਾਨੂੰ ਮਿਲ ਜਾਵੇ ਪਰ ਇਨ੍ਹਾਂ ਨੂੰ ਲੋਕਾਂ ਨਾਲ ਕੋਈ ਪਿਆਰ ਨਹੀਂ । ਇਹ ਤਾਂ ਉਹ ਗੱਲ ਹੈ ਕਿ ਇਹ ਘੋੜੇ ਤੇ ਚੜਨਾ ਚਾਹੁੰਦੇ ਹਨ ਪਰ ਉਸ ਦੀ ਲਗਾਮ ਨੂੰ ਫੜ ਕੇ ਨਹੀਂ ਬਲਕਿ ਪਿਛੋਂ ਦੀ ਆਕੇ ਉਸ ਤੇ ਚੜ੍ਹਨਾ ਚਾਹੁੰਦੇ ਹਨ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਜੇ ਤੁਸੀਂ ਪਿਛੋਂ ਦੀ ਆਵੋਗੇ ਤਾਂ ਘੋੜੇ ਨੇ ਟੀਟਣੇ ਹੀ ਮਾਰਨੇ ਹਨ । (ਵਿਘਨ)

ਚਲੋ ਮੈਂ ਅਕਾਲੀ ਦਲ (ਟੀ) ਦੀ ਗਲ ਕਰਦਾ ਹਾਂ । ਉਹ ਜਿਹੜੇ ਚਾਰ ਬੈਠੇ ਹਨ ਉਹ ਇਨ੍ਹਾਂ ਦੇ ਚਾਰ ਪਾਵੇ ਸਨ । ਉਨ੍ਹਾਂ ਚਾਰ ਪਾਵਿਆਂ ਦੇ ਟੁੱਟਣ ਨਾਲ ਹੁਣ ਇਨ੍ਹਾਂ ਦੀ ਹਾਲਤ ਇਹ ਹੈ ਕਿ ਇਹ ਕਮਿਊਨਿਸਟਾਂ ਦੀ ਸਟੈਚਰ ਤੇ ਚੜ੍ਹੇ ਫਿਰਦੇ ਹਨ ।..(ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤਲਵੰਡੀ ਗਰੁਪ ਦੀ ਗੱਲ ਕਰਦਾ ਹਾਂ ਤਾਂ ਵੀ ਇਹ ਗੁੱਸਾ ਕਰਦੇ ਹਨ, ਮੈਂ ਦੱਸਦਾ ਹਾਂ ਕਿ ਅਕਾਲੀ ਦਲ ਤਲਵੰਡੀ ਗਰੁੱਪ ਨੇ ਇਹ ਕਿਹਾ ਹੈ ਕਿ ਅਸੈਂਬਲੀ ਨੂੰ ਭੰਗ ਕਰ ਦਿਓ । ਉਨ੍ਹਾਂ ਨੇ ਇਹ ਇਕ ਨਵਾਂ ਰਸਤਾ ਲੱਭ ਲਿਆ ਹੈ । ਭਲਾ ਇਹ ਲੋਕਾਂ ਦੀ ਚੁਣੀ ਹੋਈ ਅਸੈਂਬਲੀ ਹੈ ਇਸ ਨੂੰ ਕਿਉਂ ਤੋੜ ਦਿੱਤਾ ਜਾਵੇ? ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ । ਇਹ ਤਾਂ ਚਾਹੁੰਦੇ ਹਨ ਕਿ ਦੁਸ਼ਮਣ ਦੀ ਮੱਝ ਮਰ ਜਾਵੇ ਭਾਵੇਂ ਸਾਡਾ ਸੰਗਲ ਨਾਲ ਚਲਾ ਜਾਵੇ। ਇਸ ਲਈ ਇਹ ਲੋਕਾਂ ਨੂੰ ਬਾਰ ਬਾਰ ਗੁਮਰਾਹ ਕਰਦੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਦੇ ਨਤੀਜੇ ਭੈੜੇ ਨਿਕਲਦੇ ਹਨ । ਜੋ ਕੁਝ ਪਿਛੇ ਹੁੰਦਾ ਰਿਹਾ ਹੈ ਉਹ ਇਨ੍ਹਾਂ ਨੂੰ ਪਤਾ ਹੀ ਹੈ ।। ਸਰਦਾਰ ਸੁਰਜੀਤ ਸਿੰਘ, ਸਰਦਾਰ ਬਲਦੇਵ ਸਿੰਘ ਔਰ ਫਿਰ ਸਰਦਾਰ ਲਛਮਣ ਸਿੰਘ ਗਿੱਲ ਵੇਲੇ ਜੋ ਕੁਝ ਹੋਇਆ ਉਹ ਇਨ੍ਹਾਂ ਨੂੰ ਪਤਾ ਹੈ । ਹੁਣ ਬਾਦਲ ਸਾਹਿਬ ਬੈਠੇ ਹਨ । ਇਹ ਸਾਰੇ ਜਗੀਰਦਾਰਾਂ ਦੇ ਹੱਥ ਵਿਚ ਇਨ੍ਹਾਂ ਦੀ ਵਾਗਡੋਰ ਰਹੀ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਹੁਣ ਆਪਣੀ ਜ਼ਬਾਨ ਬੰਦ ਕਰਨੀ ਚਾਹੀਦੀ ਹੈ । ਇਸ ਤਰ੍ਹਾਂ ਦੀਆਂ ਗੱਲਾਂ ਇਥੇ ਨਹੀਂ ਕਰਨੀਆਂ ਚਾਹੀਦੀਆਂ । ਇਨ੍ਹਾਂ ਸਾਰਿਆਂ ਦੇ ਬਾਰੇ ਇਨ੍ਹਾਂ ਦੇ ਲੀਡਰ ਸਰਦਾਰ ਕਪੂਰ ਸਿੰਘ ਜੋ ਕਿ ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਹਨ ਨੇ ਆਪਣੀ ਕਿਤਾਬ ਵਿਚ ਜੋ ਕੁਝ ਇਨਾਂ ਦੇ ਬਾਰੇ ਲਿਖਿਆ ਹੈ ਉਹ ਇਹ ਆਪ ਪੜ੍ਹ ਲੈਣ । ਮੈਂ ਕਹਿ ਕੇ ਆਪਣੀ ਜ਼ਬਾਨ ਖਰਾਬ ਨਹੀਂ ਕਰਦਾ । ਮੈਂ ਇਨ੍ਹਾਂ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ । ਮੈਂ ਸਮਝਦਾ ਹਾਂ ਕਿ 'ਬੇੜਾ ਬੰਧ ਨਾ ਸਕਿਉ ਬੰਧਨ ਕੀ ਬੇਲਾ', ਜਿਸ ਵਕਤ ਇਨ੍ਹਾਂ ਨੂੰ ਸਰਕਾਰ ਵਿਚ ਕੰਮ ਕਰਨ ਦਾ ਮੌਕਾ ਮਿਲਦਾ ਹੈ ਉਸ ਵਕਤ ਇਹ ਕੁਝ ਨਹੀਂ ਕਰਦੇ ਪਰ ਬਾਅਦ ਵਿਚ ਸਰਕਾਰ ਚਲੀ ਜਾਣ ਤੋਂ ਬਾਅਦ ਇਨ੍ਹਾਂ ਨੂੰ ਗੱਲਾਂ ਯਾਦ ਆ ਜਾਂਦੀਆਂ ਹਨ ਕਿ ਇਹ ਕੁਝ ਕਰਨਾ ਚਾਹੀਦਾ ਸੀ । ਗਲਤੀਆਂ ਤੁਸੀਂ ਕਰਦੇ ਹੋ ਪਰ ਦੋਸ਼ ਸਾਨੂੰ ਦੇ ਦਿੰਦੇ ਹੋ । ਦੋ ਸ਼ਾਹਿਬਜ਼ਾਦਿਆਂ

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਦੀ ਸ਼ਹੀਦੀ ਫਤਿਹਗੜ੍ਹ ਸਾਹਿਬ ਵਿਖੇ ਹੋਈ । ਇਸ ਗਲ ਦਾ ਇਹਿਤਾਸ ਗਵਾਹ ਹੈ । ਉਥੇ ਸਾਹਿਬਜ਼ਾਦਿਆਂ ਜ਼ੋਰਾਵਾਰ ਸਿੰਘ ਅਤੇ ਫਤਿਹ ਸਿੰਘ ਨੂੰ ਜਿਸ ਪੀਰ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ ਉਸ ਦਾ ਨਾ ਪੀਰ ਮਜ਼ਦਦ ਅਲਫ ਸਾਨੀ ਸੀ, ਉਸਦਾ ਨਾਲ ਹੀ ਮਜ਼ਾਰ ਹੈ ਅਤੇ ਉਸ ਮਜ਼ਾਰ ਦੀ ਉਸਾਰੀ ਵਾਸਤੇ ਬਾਦਲ ਸਾਹਿਬ ਨੇ ਅਕਾਲੀ ਸਰਕਾਰ ਦੇ ਖਜ਼ਾਨੇ ਵਿਚੋਂ 25 ਲੱਖ ਰੁਪਿਆ ਦਿੱਤਾ ਸੀ । ਜੋ ਰਹਿੰਦੀ ਦੁਨੀਆ ਤੱਕ ਅਕਾਲੀਆਂ ਦੇ ਮੂੰਹ ਤੇ ਕਾਲਖ ਦਾ ਟਿੱਕਾ ਰਹੇਗਾ । ਪਿਛਲੀ ਬਾਦਲ ਸਰਕਾਰ ਨੇ ਫਤਿਹਗੜ੍ਹ ਸਾਹਿਬ ਵਿਖੇ 500 ਸ਼ਹੀਦਾਂ ਦੀ ਯਾਦ ਲਈ ਇਕ ਸ਼ਹੀਦੀ ਗੈਲਰੀ ਬਣਾਉਣ ਦਾ ਫੈਸਲਾ ਕੀਤਾ ਸੀ ਜਿਸ ਤੇ ਇਕ ਕਰੋੜ ਰੁਪਿਆ ਖਰਚ ਹੋਣਾ ਸੀ, ਚਾਹੇ ਸ਼ਹੀਦ ਸਿੱਖ ਹੋਵੇ, ਚਾਹੇ ਮੁਸਲਮਾਨ ਹੋਵੇ, ਚਾਹੇ ਕਈ ਸ਼ਹੀਦ ਹਿੰਦੂ ਹੋਵੇ ਉਨ੍ਹਾਂ ਲਈ ਇਹ ਸ਼ਹੀਦੀ ਗੈਲਰੀ ਬਣਾਉਣੀ ਸੀ । ਇਸ ਕੰਮ ਲਈ ਮਾਡਲ ਵੀ ਤਿਆਰ ਹੋ ਗਏ ਅਤੇ ਸ਼੍ਰੋਮਣੀ ਕਮੇਟੀ ਨੇ ਜ਼ਮੀਨ ਵੀ ਦੇ ਦਿੱਤੀ ਪਰ ਚੂੰਕਿ ਬਾਦਲ ਸਾਹਿਬ ਦੀ ਸਰਕਾਰ ਵਿਚ ਜਨਸੰਘੀ, ਜਿਹੜੇ ਜਨਤਾ ਪਾਰਟੀ ਦੇ ਵਜ਼ੀਰਾਂ ਨੇ ਹਦਾਇਤ ਨਾਮਾ ਜ਼ਾਰੀ ਕਰ ਦਿੱਤਾ ਕਿ ਅਸੀਂ ਇਸ ਨੂੰ ਬਨਾਉਣ ਨਹੀਂ ਦੇਵਾਂਗੇ । ਇਨ੍ਹਾਂ ਵੱਡੇ ਸ਼ਹੀਦਾਂ ਲਈ ਪੈਸੇ ਨਹੀਂ ਦਿੱਤੇ ਗਏ । ਇਹ ਗੱਲ ਹਿਸਟਰੀ ਦੱਸਦੀ ਹੈ ਕਿ ਜਨਸੰਘੀ ਕੀ ਕਰਦੇ ਰਹੇ ਹਨ । ਮੈਂ ਕਿਸੇ ਧਰਮ ਜਾਂ ਮਜ਼੍ਹਬ ਦੇ ਵਿਚ ਨਹੀਂ ਜਾਣਾ ਚਾਹੁਦਾ ਮੈਂ ਹਰ ਇਕ ਧਰਮ ਦਾ ਸਤਿਕਾਰ ਕਰਦਾ ਹਾਂ । ਪਰ ਇਕ ਗੱਲ ਜ਼ਰੂਰ ਇਥੇ ਕਹਾਂਗਾ ਕਿ ਕਿ ਫਤਿਹਗੜ੍ਹ ਦੇ ਪੀਰ ਨੂੰ ਅਕਾਲੀ ਖਜ਼ਾਨੇ ਵਿਚੋਂ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਹੁਕਮ ਦਿੱਤੇ ਸਨ, ਇਨ੍ਹਾਂ ਨੇ ਆਪਣੇ ਖਜ਼ਾਨੇ ਵਿਚੋਂ 25 ਲੱਖ ਰੁਪਿਆ ਦਿੱਤਾ (ਵਿਘਨ) (ਸ਼ੋਰ) । ਮੈਨੂੰ ਕੋਈ ਇਨ੍ਹਾਂ ਤੇ ਨਰਾਜ਼ਗੀ ਨਹੀਂ ਹੈ ਅਤੇ ਨਾ ਹੀ ਕੋਈ ਗੁੱਸਾ ਹੈ ਪਰ ਇਨ੍ਹਾਂ ਦੀ ਕਰਨੀ ਇਨ੍ਹਾਂ ਨੂੰ ਭਰਨੀ ਪਵੇਗੀ (ਸ਼ੇਮ, ਸ਼ੇਮ) ਹੁਣ ਤੁਸੀਂ ਅਕਾਲ ਤਖਤ ਦੀ ਗੱਲ ਲੈ ਲਵੋ ਇਹ ਇਕ ਧਾਰਮਿਕ ਸਥਾਨ ਹੈ ਅਤੇ ਧਾਰਮਿਕ ਅਥਾਰਿਟੀ ਹੈ । ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਵਲੋਂ ਹੁਕਮ ਜਾਰੀ ਕਰ ਦਿੱਤੇ ਕਿ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਜਾਣ । ਇਹ ਅਕਾਲ ਤਖਤ ਦਾ ਹੁਕਮ ਹੈ ਪਰ ਜਦੋਂ ਹਾਈ ਕੋਰਟ ਵਿਚ ਇਲੈਕਸ਼ਨ ਰਿੱਟ ਪੈਟੀਸ਼ਨਾਂ ਇਸ ਅਕਾਲ ਤਖਤ ਦੇ ਹੁਕਨਾਮੇ ਬਾਰੇ ਲੱਗੀਆਂ ਤਾਂ ਇਹ ਬਿਲ-ਕੁਲ ਮੁੱਕਰ ਗਏ ਕਿਉਂਕਿ ਇਨ੍ਹਾਂ ਦੇ ਵਕੀਲਾਂ ਨੇ ਕਿਹਾ ਕਿ ਇਸ ਦੇ ਨਾਲ ਤੁਸੀਂ ਪੈਟੀਸ਼ਨ ਹਾਰ ਜਾਵੋਗੇ ਔਰ ਇਹ ਹਾਈ ਕੋਰਟ ਵਿਚ ਮੁੱਕਰ ਗਏ ਕਿ ਵੋਟਰਾਂ ਨੂੰ ਕੋਈ ਹੁਕਮਨਾਮਾ ਅਕਾਲ ਤਖਤ ਤੋਂ ਜਾਰੀ ਹੋਇਆ ਸੀ। ਤੁਸੀਂ ਰਿਕਾਰਡ ਕੱਢਵਾ ਕੇ ਵੇਖ ਲਵੋ, ਇਨ੍ਹਾਂ ਨੇ ਇਸ ਧਾਰਮਿਕ ਅਥਾਰਿਟੀ ਨੂੰ ਮਿਸਯੂਜ਼ ਕੀਤਾ ਹੈ । (ਵਿਘਨ) (ਸ਼ੋਰ)

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਅਕਾਲ ਤਖਤ ਦੇ ਸਬੰਧ ਵਿਚ ਜੋ ਕੁਝ ਕਿਹਾ ਹੈ ਇਹ ਐਕਸਪੰਜ ਹੋਣਾ ਚਾਹੀਦਾ ਹੈ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਨੇ ਪੰਜਾਬ ਪਬਲਿਕ ਸਰਵਿਸ਼ ਕਮਿਸ਼ਨ ਵਿਚ ਪੰਜਾਬੀ ਮੀਡੀਅਮ ਲਾਗੂ ਕੀਤਾ ਹੈ । ਹੁਣ ਵੱਡੇ ਵੱਡੇ ਅਫ਼ਸਰ ਵੀ ਪੰਜਾਬੀ ਵਿਚ ਪੇਪਰ ਦੇ ਸਕਦੇ ਹਨ । ਸਰਦਾਰ ਦਰਬਾਰਾ ਸਿੰਘ ਨੇ ਪੰਜਾਬੀ ਇਸ ਪਬਲਿਕ ਸਰਵਿਸ ਕਮਿਸ਼ਨ ਵਿਚ ਲਾਗੂ ਕਰ ਦਿੱਤੀ ਹੈ । (ਵਿਘਨ) (ਸ਼ੋਰ) ਆਪੋਜੀਸ਼ਨ ਨੂੰ ਉਹ ਗੱਲ ਕਰਨੀ ਚਾਹੀਦੀ ਹੈ ਜਿਸ ਦੇ ਨਾਲ ਲੋਕਾਂ ਦਾ ਭਲਾ ਹੋਵੇ ਨਾ

ਕਿ ਐਸੀ ਗੱਲ ਕਰੋ ਜਿਸ ਨਾਲ ਭਿਆਨਕ ਨਤੀਜੇ ਨਿਕਲਣ । ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਵਿਚ ਤਰਮੀਮ ਕਰਨੀ ਸੀ ਉਸ ਵਿਚੋਂ ਕੁਆਲੀਫੀਕੇਸ਼ਨ ਦੀ ਸ਼ਰਤ ਉਡਾਉਣੀ ਸੀ ਕਿ ਜਿਹੜਾ ਪ੍ਰਧਾਨ ਜਾਂ ਅਹੁਦੇਦਾਰ ਹੋਵੇਗਾ ਉਸ ਦੀ ਇਹ ਕੁਆਲੀਫੀਕੇਸ਼ਨ ਹੋਵੇਗੀ ਲੇਕਿਨ ਇਨ੍ਹਾਂ ਨੂੰ ਇਹ ਵੀ ਮਨਜ਼ੂਰ ਨਹੀਂ ਸੀ । ਮੈਨੂੰ ਨਹੀਂ ਪਤਾ ਟੌਹੜਾ ਸਾਹਿਬ ਕੋਲ ਕਿਹੜੀ ਡਿਗਰੀ ਹੈ, ਉਮਰਾਨੰਗਲ ਸਾਹਿਬ ਕੋਲ ਕਿਹੜੀ ਡਿਗਰੀ ਹੈ (ਘੰਟੀ) ਇਨ੍ਹਾਂ ਨੂੰ ਨੈਸ਼ਨਲ ਇਨਟਗਰੇਸ਼ਨ ਪੈਦਾ ਕਰਨੀ ਚਾਹੀਦੀ ਹੈ । (ਵਿਘਨ) 4 ਆਕਸੀਜ਼ਨ ਗੈਸ ਦੇ ਪਲਾਂਟ ਲੁਧਿਆਣੇ ਲਗਾਏ ਹਨ । ਜੋ ਕਿ ਇਨਸਾਨੀ ਜੀਵਨ ਲਈ ਖਤਰਨਾਕ ਹਨ ।

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਅਕਾਲ ਤਖਤ ਦੇ ਸਬੰਧ ਵਿਚ ਜੋ ਕੁੱਝ ਕਿਹਾ ਗਿਆ ਹੈ, ਉਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਇਨ੍ਹਾਂ ਨੇ ਜਿਹੜਾ ਗੈਸ ਪਲਾਂਟ ਲਗਾਇਆ ਹੈ ਉਸ ਦੀ ਪਰਮਿਸ਼ਨ ਹੈਲਥ ਡਿਪਾਰਟਮੈਂਟ ਤੋਂ ਨਹੀਂ ਲਈ ਹੈ ਪਰ ਲਾਇਸੰਸ ਲਿਆ ਹੈ । (ਵਿਘਨ) ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ । (ਘੰਟੀ)

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਦੇ ਬਗੈਰ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਜਗਦੇਵ ਸਿੰਘ ਜੱਸੋਵਾਲ : ਡਿਪਟੀ ਸਪੀਕਰ ਸਾਹਿਬ, ਅਸੀਂ ਟੀ.ਏ.ਡੀ.ਏ. ਲੈਣ ਵਾਸਤੇ ਇਥੇ ਨਹੀਂ ਆਏ । ਅਸੀਂ ਲੋਕਾਂ ਦੇ ਵਿਊਜ਼ ਨੂੰ ਐਕਸਪ੍ਰੈਸ ਕਰਨ ਵਾਸਤੇ ਇਥੇ ਆਉਂਦੇ ਹਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦੱਸਣ ਵਾਸਤੇ ਇਥੇ ਆਉਂਦੇ ਹਾਂ । ਇਸ ਲਈ ਡਿਪਟੀ ਸਪੀਕਰ ਸਾਹਿਬ ਸ੍ਰੀ ਯਸ਼ ਨੇ ਜੋ ਮੋਸ਼ਨ ਮੂਵ ਕੀਤੀ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ । ਮੈਂ ਆਪੋਜ਼ੀਸ਼ਨ ਵਲੋਂ ਆਸ ਕਰਦਾ ਹਾਂ ਕਿ ਮੇਰੇ ਵੀਰ ਚੰਗੀ ਚੀਜ਼ ਨੂੰ ਚੰਗੀ ਕਹਿਣਗੇ ਪਰ ਮਦਾਰੀ ਦੀ ਤਰ੍ਹਾਂ ਗਲਾਂ ਕਰਨਾ ਠੀਕ ਨਹੀਂ ਹੈ । (ਵਿਘਨ)(ਸ਼ੋਰ) ਮੈਂ, ਡਿਪਟੀ ਸਪੀਕਰ ਸਾਹਿਬ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਮਸ਼ਕੂਰ ਹਾਂ ਅਤੇ ਬੈਠਦਾ ਹਾਂ ।

Mr. Deputy Speaker : Motion moved—

"That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 21st January 1981"

Sardar Dalip Singh Pandhi to please speak.

Sardar Parkash Singh Badal : Deputy Speaker Sahib, the Leader of Opposition be allowed to speak first.

Mr. Deputy speaker : Badal Sahib you may speak.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਡਿਪਟੀ ਸਪੀਕਰ ਸਾਹਿਬ, ਕੱਲ ਤੋਂ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਧੰਨਵਾਦ ਦਾ ਮਤਾ ਟਰੈਜ਼ਰੀ ਬੈਂਚਿਜ਼ ਵਲੋਂ ਆਇਆ ਹੈ, ਮੈਂ ਉਸ ਦੀ ਮੁਖਾਲਫ਼ਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਕੁਝ ਗੱਲਾਂ ਸਾਹਮਣੇ ਬੈਠੇ ਵੀਰਾਂ ਨੇ ਕਹੀਆਂ ਹਨ ਜਿਨ੍ਹਾਂ ਨੇ ਇਹ ਮਤਾ ਲਿਆਂਦਾ ਹੈ। ਉਨ੍ਹਾਂ ਨੇ ਇਸ ਮਤੇ ਦੀ ਤਾਈਦ ਕੀਤੀ ਹੈ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਸ੍ਰੀ ਯਸ਼ ਜੀ ਵਕੀਲ ਦੀ ਤਰ੍ਹਾਂ ਵਕਾਲਤ ਕਰਦੇ ਹਨ। ਜਿਵੇਂ ਇਕ ਵਕੀਲ ਝੂਠੇ ਕੇਸ ਨੂੰ ਸੱਚ ਕਰਾਉਣ ਦੀ ਕੋਸ਼ਿਸ਼ ਕਰਦਾ ਹੈ ਤਾਕਿ ਕਿਸੇ ਵੀ ਤਰ੍ਹਾਂ ਇਹ ਝੂਠਾ ਕੇਸ ਸਿਰੇ ਚੜ੍ਹ ਜਾਵੇ। ਪਰ, ਡਿਪਟੀ ਸਪੀਕਰ ਸਾਹਿਬ, ਜੇਕਰ ਬਿਲਕੁਲ ਹੀ ਝੂਠਾ ਕੇਸ ਹੋਵੇ ਤਾਂ ਉਹ ਸਿਰੇ ਕਿਵੇਂ ਚੜ੍ਹ ਸਕਦਾ ਹੈ। (ਵਿਘਨ) ਦੂਜਾ ਸਰਦਾਰ ਜਗਦੇਵ-ਸਿੰਘ ਜੱਸੋਵਾਲ ਜੀ ਨੇ ਜੋ ਵਕਾਲਤ ਕੀਤੀ ਹੈ, ਉਸ ਨਾਲ ਸਾਰਾ ਕੇਸ ਹੀ ਮਿੱਟੀ ਵਿਚ ਮਿਲਾ ਦਿੱਤਾ ਹੈ। (ਥੰਪਿੰਗ) ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸਾਰਾ ਗਵਰਨਰ ਐਡਰੈਸ ਵੇਖ ਲੈਣ, ਪਰ ਇਕ ਗੱਲ ਵੀ ਗਵਰਨਰ ਐਡਰੈਸ ਦੇ ਮੁਤਾਬਿਕ ਨਹੀਂ ਕਹੀ ਗਈ ਬਲਕਿ, ਡਿਪਟੀ ਸਪੀਕਰ ਸਾਹਿਬ, ਸਾਨੂੰ ਕਿਹਾ ਗਿਆ ਹੈ ਕਿ ਇਨ੍ਹਾਂ ਨੇ ਜੋ ਅਸੰਬਲੀ ਦਾ ਘੇਰਾਓ ਕੀਤਾ ਹੈ, ਇਸ ਨਾਲ ਜਮਹੂਰੀਅਤ ਨੂੰ ਮਜ਼ਬੂਤ ਨਹੀਂ ਕੀਤਾ ਬਲਕਿ ਜਮਹੂਰੀਅਤ ਕਮਜ਼ੋਰ ਕੀਤੀ ਗਈ ਹੈ। ਸ੍ਰੀ ਯਸ਼ ਜੀ ਨੇ ਕੁਝ ਗੱਲਾਂ ਕੀਤੀਆਂ ਸਨ ਕਿ ਉਹ ਜਮਹੂਰੀਅਤ ਦੇ ਹੱਕ ਵਿਚ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਇਥੇ ਸਾਰੇ ਬੈਠੇ ਹਾਂ ਅਤੇ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਤੁਸੀਂ ਆਪ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਇਨ੍ਹਾਂ ਨੇ ਪਹਿਲਾਂ ਕਿਸ ਤਰ੍ਹਾਂ ਐਮਰਜੰਸੀ ਲਗਾਈ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਜੋ ਜਮਹੂਰੀਅਤ ਸ਼ਹੀਦ ਭਗਤ ਸਿੰਘ ਅਤੇ ਸਰਦਾਰ ਊਧਮ ਸਿੰਘ ਜੀ ਨੇ ਸਾਨੂੰ ਦਿੱਤੀ ਸੀ, ਇਨ੍ਹਾਂ ਨੇ ਉਸ ਜ਼ਮਹੂਰੀਅਤ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਲੈਕਚਰਾਂ ਨਾਲ ਸਿਰਫ ਜਮਹੂਰੀਅਤ ਤਕੜੀ ਨਹੀਂ ਹੋਣ ਲੱਗੀ। (ਵਿਘਨ) ਕੋਈ ਜਮਹੂਰੀਅਤ ਗੱਲਾਂ ਕਰਨ ਨਾਲ ਤਕੜੀ ਨਹੀਂ ਹੋਣ ਲੱਗੀ। ਡਿਪਟੀ ਸਪੀਕਰ ਸਾਹਿਬ, ਜਮਹੂਰੀਅਤ ਤਾਂ ਤਕੜੀ ਹੁੰਦੀ ਹੈ ਜੇਕਰ ਪ੍ਰੈਕਟੀਕਲ ਕੰਮ ਕਰੀਏ। ਗ਼ਰੀਬਾਂ ਦੇ ਭਲੇ ਦਾ ਕੰਮ ਕਰੀਏ, ਪਿੰਡਾਂ ਦੇ ਭਲੇ ਲਈ ਕੰਮ ਕਰੀਏ। (ਵਿਘਨ) ਪਰ, ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਕੋਈ ਵੀ ਇਹੋ ਜਿਹੀ ਗੱਲ ਨਹੀਂ ਹੈ। ਇਨ੍ਹਾਂ ਨੇ ਜਮ-ਹੂਰੀਅਤ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਤੁਸੀਂ ਆਪ ਵੀ ਪਿੰਡਾਂ ਵਿਚ ਰਹਿਣ ਵਾਲੇ ਹੋ। ਕੋਈ ਵੀ ਫੰਕਸ਼ਨ ਕਰਨਾ ਹੋਵੇ ਤਾਂ ਲੋਕ ਟਰੱਕਾਂ ਰਾਹੀਂ, ਟਰਾਲੀਆਂ ਰਾਹੀਂ ਜਾਂ ਸਾਈਕਲਾਂ ਰਾਹੀਂ ਆਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਕੋਈ ਵੀ ਸਰਕਾਰ ਹੋਵੇ ਜਦੋਂ ਕਿਸੇ ਨੇ ਫੰਕਸ਼ਨ ਕਰਨਾ ਹੋਵੇ ਤਾਂ ਇਹ ਟਰੱਕ, ਟਰਾਲੀਆਂ ਅਤੇ ਸਾਈਕਲਾਂ ਦਾ ਇਸਤੇਮਾਲ ਕਰਦੇ ਹਨ। ਪਰ, ਡਿਪਟੀ ਸਪੀਕਰ ਸਾਹਿਬ, ਹੁਣ ਜਮਹੂਰੀਅਤ ਦਾ ਜਨਾਜ਼ਾ ਹੀ ਨਿਕਲ ਚੁਕਾ ਹੈ ਜਦੋਂ ਕਿ ਇਨ੍ਹਾਂ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ। ਤੁਸੀਂ ਆਪ ਹੀ ਅੰਦਾਜ਼ਾ ਲਗਾ ਲਉ ਕਿ ਕੀ ਇਹ ਜਮਹੂਰੀਅਤ ਦੇ ਕਾਤਲ ਹਨ ਜਾਂ ਅਸੀਂ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੋ ਕੁਝ ਅਸੀਂ ਕੀਤਾ ਹੈ, ਉਸ ਦੀ ਲੋਕ ਪ੍ਰਸ਼ੰਸਾ ਕਰਦੇ ਹਨ। ਅਸੀਂ ਪਹਿਲਾਂ ਕਿਹਾ ਸੀ ਅਤੇ ਅਖਬਾਰਾਂ ਵਿਚ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਕਿਸੇ ਆਨਰੇਬਲ ਮੈਂਬਰ ਦਾ ਘੇਰਾਓ ਨਹੀਂ ਕਰਾਂਗੇ ਅਤੇ ਨਾ ਹੀ ਗਵਰਨਰ ਸਾਹਿਬ ਦਾ ਘੇਰਾਓ ਕਰਾਂਗੇ। ਪਰ ਇਨ੍ਹਾਂ ਨੇ ਆਪਣੀ ਡੀਫੈਂਸ ਵਾਸਤੇ ਇਹ ਦਲੀਲਾਂ ਦੇਣੀਆਂ

ਸ਼ੁਰੂ ਕਰ ਦਿੱਤੀਆਂ ਹਨ ਤਾਂ ਜੋ ਲੋਕਾਂ ਤੇ ਸਖ਼ਤੀ ਕਰ ਸਕੀਏ । ਡਿਪਟੀ ਸਪੀਕਰ ਸਾਹਿਬ, ਕਿਤੇ ਵੀ ਪਹਿਲਾਂ ਇਹੋ ਜਿਹੀ ਮਿਸਾਲ ਨਹੀਂ ਮਿਲਦੀ । ਅਸੀਂ ਇਥੇ ਪੀਸਫੁਲੀ ਆਏ ਅਤੇ ਆਪਣੇ ਮਿਸ਼ਨ ਨੂੰ ਪੂਰਾ ਕਰਕੇ ਅੱਧੇ ਘੰਟੇ ਬਾਅਦ ਲੋਕ ਡਿਸਪਰਸ ਕਰ ਦਿੱਤੇ । ਲੱਖਾਂ ਦੀ ਤਾਦਾਦ ਵਿਚ ਲੋਕ ਇਥੇ ਆਏ ਸਨ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਅਫਸਰਾਂ ਨੇ ਹੁਕਮ ਦੇ ਦਿੱਤਾ ਕਿ ਕਿਸੇ ਨੂੰ ਵੀ ਨਾ ਆਉਣ ਦਿਉ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਦੀ ਕੈਲਕੁਲੇਸ਼ਨ ਤੋਂ ਵੀ ਹੈਰਾਨੀ ਹੁੰਦੀ ਹੈ । ਸਰਦਾਰ ਦਰਬਾਰਾ ਸਿੰਘ ਜੀ ਕਹਿੰਦੇ ਹਨ ਕਿ 5,000 ਆਦਮੀ ਆਏ ਸਨ । ਇਸ ਬਾਰੇ ਮੁੱਖ ਮੰਤਰੀ ਜੀ ਨੇ ਬਿਆਨ ਦੇ ਦਿੱਤਾ ਪਰ ਅਖਬਾਰਾਂ ਵਿਚ ਜੋ ਆਇਆ ਹੈ ਉਹ ਤੁਸੀਂ ਵੇਖ ਲਉ । ਕਿਸੇ ਨੇ ਕਿਹਾ ਹੈ ਕਿ 50,000 ਆਏ ਹਨ ਅਤੇ ਕਿਸੇ ਨੇ 30,000 ਅਤੇ ਕਿਸੇ ਨੇ ਇਕ ਲੱਖ ਕਿਹਾ ਹੈ । (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਆ ਕੇ ਸਾਡੇ ਤੇ ਸਖ਼ਤੀ ਹੋਈ, ਗੋਲੀ ਚੱਲੀ, ਟੀਅਰ ਗੈਸ ਛੱਡੀ ਅਤੇ ਲਾਠੀ ਚਾਰਜ ਕੀਤਾ ਗਿਆ । ਇਸ ਦੇ ਬਾਵਜੂਦ ਵੀ ਅਸੀਂ ਪ੍ਰੋਵੋਕੇਸ਼ਨ ਤੇ ਨਹੀਂ ਆਏ । ਇਹ ਚੀਜ਼ ਅਸੀ ਪਹਿਲੀ ਦਫਾ ਦੇਖੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਰੋੜੇ ਸੁਟੇ ਗਏ ਅਤੇ ਬਹੁਤ ਹੀ ਅਤਿਆਚਾਰ ਹੋਏ ਪਰ ਅਸੀਂ ਪ੍ਰੋਵੋਕੇਸ਼ਨ ਤੇ ਨਹੀਂ ਆਏ ਅਤੇ ਜੋ ਸਾਡਾ ਨਿਸ਼ਾਨਾ ਸੀ ਉਸ ਨੂੰ ਪੂਰਾ ਕਰਕੇ ਅੱਧੇ ਘੰਟੇ ਬਾਅਦ ਸਭ ਲੋਕ ਵਾਪਿਸ ਹੋ ਗਏ । ਅਸੀਂ, ਡਿਪਟੀ ਸਪੀਕਰ ਸਾਹਿਬ, ਪੀਸਫੁਲੀ ਵਾਪਿਸ ਚਲੇ ਗਏ । ਇਸ ਲਈ, ਡਿਪਟੀ ਸਪੀਕਰ ਸਾਹਿਬ, ਡੈਮੋਕਰੇਸੀ ਦੇ ਸਹੀ ਮਾਹਨਿਆਂ ਵਿਚ ਰਾਖੇ ਇਸ ਪਾਸੇ ਵਾਲੇ ਹਨ ਨਾ ਕਿ ਉਸ ਪਾਸੇ (ਰੂਲਿੰਗ ਪਾਰਟੀ ਵਲ ਇਸ਼ਾਰਾ) ਵਾਲੇ ਹਨ । ਦੇਸ਼ ਦੀ ਬਿਹਤਰੀ ਵਾਸਤੇ ਇਨ੍ਹਾਂ ਗੱਲਾਂ ਦੀ ਮੰਗ ਕਰਨੀ ਚਾਹੀਦੀ ਹੈ । ਪਰ ਜਦੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਂ ਇਹ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਖਾਤਰ ਇਹ ਹਿੰਦੁਸਤਾਨ ਦੇ ਲੋਕਾਂ ਨੂੰ ਕਹਿ ਦਿੰਦੇ ਹਨ ਕਿ ਬਾਹਰਲੀਆਂ ਤਾਕਤਾਂ ਇਨ੍ਹਾਂ ਨੂੰ ਮਦਦ ਦਿੰਦੀਆਂ ਹਨ । ਇਹੋ ਜਿਹੀ ਤੁਹਮਤ ਲਗਾਉਣੀ ਮੈਂ ਸਮਝਦਾ ਹਾਂ ਕਿ ਇਹ ਕਿੰਨੀ ਮਾੜੀ ਗੱਲ ਹੈ ਜਿਹੜੀ ਕਿ ਬਰਦਾਸ਼ਤ ਨਹੀਂ ਹੋ ਸਕਦੀ । ਅਸੀਂ ਸਾਬਤ ਕੀਤਾ ਹੈ ਕਿ ਹਿੰਦੁਸਤਾਨ ਦੇ ਵਫ਼ਾਦਾਰ ਕੌਣ ਹਨ । ਜਦੋਂ ਕੋਈ ਲੜਾਈ ਲਗਦੀ ਹੈ ਤਾਂ ਇਥੋਂ ਦੇ ਬਹਾਦਰ ਲੋਕ ਬਾਰਡਰ ਤੇ ਜਾ ਕੇ ਆਪਣੀਆਂ ਜਾਨਾਂ ਵਾਰਦੇ ਹਨ । ਔਰ ਯਸ਼ ਜੀ ਉਸ ਵੇਲੇ ਜਦੋਂ ਕੋਈ ਠਾਹ ਠਾਹ ਹੁੰਦੀ ਹੈ ਤਾਂ ਇਹ ਜਲੰਧਰ ਤੋਂ ਦਿੱਲੀ ਚਲੇ ਜਾਂਦੇ ਹਨ । (ਵਿਘਨ) ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਚੀਫ ਮਨਿਸਟਰ ਸਾਹਿਬ ਨੂੰ ਇਸ ਚੀਜ਼ ਦਾ ਨੋਟਿਸ ਲੈਣਾ ਚਾਹੀਦਾ ਹੈ । ਇਸ ਤਰ੍ਹਾਂ ਦੇ ਵੇਗ ਜੋ ਐਲੀਗੇਸ਼ਨਜ਼ ਇਹ ਆਪੋਜ਼ੀਸ਼ਨ ਤੇ ਲਗਾ ਰਹੇ ਹਨ ਕਿ ਇਨ੍ਹਾਂ ਨੂੰ ਮਦਦ ਬਾਹਰ ਦੇ ਮੁਲਕ ਤੋਂ ਮਿਲਦੀ ਹੈ, ਇਹ ਆਬਜੈਕਸ਼ਨੇਬਲ ਚੀਜ਼ਾਂ ਹਨ । ਜਾਂ ਤਾਂ ਇਹ ਇਸ ਨੂੰ ਸਾਬਤ ਕਰ ਦੇਣ, ਕੋਈ ਚੀਫ ਜਸਟਿਸ ਇਸ ਗੱਲ ਦੀ ਇਨਕੁਆਇਰੀ ਤੇ ਲਗਾ ਦੇਣ ਕਿ ਆਪੋਜ਼ੀਸ਼ਨ ਨੂੰ ਬਾਹਰੋਂ ਮਦਦ ਮਿਲਦੀ ਹੈ ਜਾਂ ਨਹੀਂ । ਜਦੋਂ ਇਨ੍ਹਾਂ ਨੇ ਆਪਣੀ ਕਮਜ਼ੋਰੀ ਨੂੰ ਛੁਪਾਉਣਾ ਹੁੰਦਾ ਹੈ ਤਾਂ ਕਹਿ ਦਿੰਦੇ ਹਨ ਕਿ ਆਪੋਜ਼ੀਸ਼ਨ ਨੂੰ ਬਾਹਰ ਤੋਂ ਮਦਦ ਮਿਲਦੀ ਹੈ ਔਰ ਦੇਸ਼ ਨੂੰ ਬਾਹਰ ਤੋਂ ਖ਼ਤਰਾ ਹੈ । ਇਹ ਚੀਜ਼ਾਂ ਬੰਦ ਹੋਣੀਆਂ ਚਾਹੀਦੀਆਂ ਹਨ ।

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਰੈਲੀ ਕਿਉਂ ਕੀਤੀ ? ਇਹ ਅੱਜ ਦਾ ਪ੍ਰੋਗਰਾਮ ਬਹੁਤ ਸਮੇਂ ਤੋਂ ਚਲ ਰਿਹਾ ਹੈ । ਇਹ ਆਪੋਜ਼ੀਸ਼ਨ ਦਾ ਰੋਲ ਵੀ ਹੈ ਕਿ ਜੋ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਗੱਲਾਂ ਲੋਕ ਹਿੱਤ ਵਿਚ ਹੋਣ ਉਹ ਸਰਕਾਰ ਤੋਂ ਮੰਨਵਾਵੇ ਅੌਰ ਉਨ੍ਹਾਂ ਲੋਕਾਂ ਦੀ ਗੱਲ ਸਰਕਾਰ ਦੇ ਕੰਨਾਂ ਤਕ ਪਹੁੰਚਾ ਸਕੇ । ਇਹ ਲੋਕਾਂ ਦੀਆਂ ਜਾਇਜ਼ ਮੰਗਾਂ ਹਨ, ਇਨ੍ਹਾਂ ਨੂੰ ਸਰਕਾਰ ਨੂੰ ਮੰਨ ਲੈਣਾ ਚਾਹੀਦਾ ਹੈ । ਇਸ ਲਈ ਜੋ ਰੈਲੀ ਕੀਤੀ ਗਈ, ਕਾਨਫਰੰਸਾਂ ਕੀਤੀਆਂ ਗਈਆਂ ਅੌਰ ਧਰਨੇ ਦਿੱਤੇ ਗਏ, ਇਹ ਸਭ ਕੁਝ ਕਿਉਂ ਕੀਤਾ ਗਿਆ ? ਇਹ ਇਸ ਲਈ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਮੁਨਾਫ਼ਾਬਖਸ਼ ਭਾਅ ਦਿੱਤੇ ਜਾਣ । ਜੋ ਲੋਕ ਮਿਹਨਤ ਕਰਦੇ ਹਨ ਉਨ੍ਹਾਂ ਨੂੰ ਪੂਰੇ ਭਾਅ ਦਿੱਤੇ ਜਾਣ (ਵਿਘਨ) ਦੂਸਰੇ ਜੋ ਬੱਸਾਂ ਦੇ ਕਿਰਾਏ ਵਿਚ ਵਾਧਾ ਕੀਤਾ ਗਿਆ ਹੈ, ਉਹ ਵਾਪਸ ਲਿਆ ਜਾਏ । ਇਸ ਲਈ ਜਦੋਂ ਨੌਜਵਾਨਾਂ ਨੇ ਆਵਾਜ਼ ਉਠਾਈ ਤਾਂ ਉਨ੍ਹਾਂ ਤੇ ਗੋਲੀਆਂ ਚਲਾਈਆਂ ਗਈਆਂ । ਇਹ ਜੋ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਈਆਂ ਗਈਆਂ ਹਨ, ਇਸ ਲਈ ਜੁਡੀਸ਼ੀਅਲ ਇਨਕੁਆ-ਇਰੀ ਕਰਾਉਣੀ ਚਾਹੀਦੀ ਹੈ ।

ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪੋ-ਜ਼ੀਸ਼ਨ ਦਾ ਰੋਲ ਕੰਸਟ੍ਰੱਕਟਿਵ ਰੋਲ ਹੈ । ਅਸੀਂ ਚਾਹੁੰਦੇ ਹਾਂ ਕਿ ਹਰ ਮਸਲਾ ਗੱਲਬਾਤ ਨਾਲ ਹੱਲ ਕੀਤਾ ਜਾਏ । ਪਰ ਜੇ ਕੋਈ ਗੱਲ ਹੋਵੇ ਅੌਰ ਕੋਈ ਮੰਨੇ ਨਾ ਤਾਂ ਫਿਰ ਘਰ ਬੈਠੇ ਰਹੀਏ, ਇਹ ਤਾਂ ਠੀਕ ਨਹੀਂ ਹੋਏਗਾ । ਟਰਾਂਸਪੋਰਟ ਦੀ ਗੱਲ ਹੈ । ਇਕ ਦਿਨ ਵਿਚ 58% ਕਿਰਾਏ ਇਨ੍ਹਾਂ ਨੇ ਬੱਸਾਂ ਦੇ ਵਧਾ ਦਿੱਤੇ ਹਨ । ਕਦੇ ਅੱਜ ਤਕ ਕਿਸੇ ਸਰਕਾਰ ਨੇ ਇੰਨਾ ਟੈਕਸ ਨਹੀਂ ਲਗਾਇਆ । ਇਹ ਕਹਿੰਦੇ ਹਨ ਕਿ ਇਹ ਤਾਂ ਅਕਾਲੀ ਪਾਰਟੀ ਦੀ ਸਰਕਾਰ ਦੀ ਤਜ਼ਵੀਜ ਸੀ ਅਸੀਂ ਤਾਂ ਇਹ ਟੈਕਸ ਲਗਾਇਆ ਹੈ । ਮੈਂ ਇਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਸਾਡੀ ਕੋਈ ਤਜ਼ਵੀਜ ਨਹੀਂ ਸੀ । ਜੇਕਰ ਕੋਈ ਅਜਿਹਾ ਸਾਡਾ ਫੈਸਲਾ ਹੁੰਦਾ ਤਾਂ ਉਸੇ ਦਿਨ ਹੀ ਲਾਗੂ ਹੋ ਜਾਣਾ ਸੀ । ਜੇਕਰ ਕੋਈ ਫੈਸਲਾ ਕੈਬਨਿਟ ਕਰਦੀ ਹੈ ਤਾਂ ਉਹ ਉਸੇ ਦਿਨ ਤੋਂ ਹੀ ਲਾਗੂ ਹੋ ਜਾਂਦਾ ਹੈ । ਫਿਰ ਇਹ ਦਲੀਲ ਦਿੰਦੇ ਹਨ ਕਿ ਘਾਟਾ ਪੈਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਕੋਈ ਮੁਨਾਫ਼ਾਬਖਸ਼ ਧੰਦਾ ਨਹੀਂ ਹੈ । ਬੱਸ ਸਰਵਿਸ ਪਬਲਿਕ ਯੂਟੇਲਿਟੀ ਸਰਵਿਸ ਹੈ । ਇਸ ਰਾਹੀਂ ਰੈਵੇਨਿਊ ਇਕੱਠਾ ਨਹੀਂ ਕਰਨਾ ਚਾਹੀਦਾ । ਕੱਲ ਨੂੰ ਇਹ ਕਹਿ ਦੇਣਗੇ ਕਿ ਐਜੂਕੇਸ਼ਨ ਤੇ ਸੈੱਸ ਲਗਾ ਦਿਉ । ਕਈ ਅਜਿਹੀਆਂ ਸਰਵਿਸਿਜ਼ ਹਨ ਜਿਨ੍ਹਾਂ ਨੂੰ ਪਬਲਿਕ ਲਈ ਚਲਾਉਣਾ ਪੈਂਦਾ ਹੈ । ਬਾਹਰ ਦੇ ਦੇਸ਼ਾਂ ਵਿਚ ਚਲੇ ਜਾਉ । ਉਥੇ ਪਬਲਿਕ ਦੀ ਸਹੂਲਤ ਵਾਸਤੇ ਬੱਸ ਸਰਵਿਸ ਬਹੁਤ ਸਸਤੀ ਹੈ । ਇਸ ਵਿਚ ਜ਼ਿਆਦਾਤਰ ਗਰੀਬ ਆਦਮੀ ਹੀ ਸਫਰ ਕਰਦੇ ਹਨ ਅਤੇ ਇਨ੍ਹਾਂ ਨੂੰ ਸਹੂਲਤ ਦੇਣੀ ਚਾਹੀਦੀ ਹੈ । ਇਸ ਵਿਚ 35% ਪੈਸੰਜਰਜ਼ ਟੈਕਸ ਤਾਂ ਸਰਕਾਰ ਲੈ ਜਾਂਦੀ ਹੈ । ਟਰਾਂਸਪੋਰਟ ਕੰਪਨੀਆਂ ਸਰਕਾਰੀ ਖ਼ਜ਼ਾਨੇ ਵਿਚੋਂ ਟਿਕਟਾਂ ਲੈਂਦੀਆਂ ਹਨ ਜਿਸ ਨਾਲ ਰੁਪਿਆ ਪਹਿਲਾਂ ਹੀ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਹੋ ਜਾਂਦਾ ਹੈ । ਜਦੋਂ 35% ਮੁਨਾਫਾ ਪਹਿਲਾਂ ਹੀ ਲੈ ਲਿਆ ਤਾਂ ਫਿਰ ਹੋਰ ਮੁਨਾਫਾ ਕੀ ਲੈਣਾ ਹੈ । ਰੋਡ ਟੈਕਸ, ਟੋਕਨ ਟੈਕਸ ਇਹ ਕਿੰਨਾ ਹੀ ਪਹਿਲਾਂ ਲੈ ਲੈਂਦੇ ਹਨ । ਇਸ ਤਰ੍ਹਾਂ ਕਰਨ ਨਾਲ ਕੋਈ 35 ਕਰੋੜ ਰੁਪਿਆ ਪਹਿਲਾਂ ਹੀ ਸਰਕਾਰ ਨੂੰ ਮਿਲ ਜਾਂਦਾ ਹੈ । ਜੇਕਰ 3-4 ਕਰੋੜ ਰੁਪਏ ਦਾ ਘਾਟਾ ਪੈ ਗਿਆ ਤਾਂ ਫਿਰ ਕੀ ਗਲ ਹੈ । ਇਹ ਘਾਟਾ ਕਿਉਂ ਪੈਂਦਾ ਹੈ ? ਇਹ ਮਿਸ-ਮੈਨੇਜਮੈਂਟ ਕਰਕੇ ਘਾਟਾ ਪੈਂਦਾ ਹੈ । ਜਿਨ੍ਹਾਂ ਕਾਰਨਾਂ ਕਰਕੇ ਘਾਟਾ ਪੈਂਦਾ ਹੈ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਕਾਰਨਾਂ ਵੱਲ ਧਿਆਨ ਦੇਣਾ

ਚਾਹੀਦਾ ਹੈ ਅਤੇ ਜੋ ਇਸ ਵਿਚ ਰੁਕਾਵਟਾਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਕਦੇ ਕੋਈ ਪ੍ਰਾਈਵੇਟ ਬੱਸ ਕੰਪਨੀ ਬਦ ਹੋਈ ਹੈ ? ਜਿਹੜੀ ਵੀ ਕੋਈ ਇਹੋ ਜਿਹੀ ਕੰਪਨੀ ਚਲਦੀ ਹੈ ਉਹ ਮੁਨਾਫ਼ੇ ਵਾਸਤੇ ਚਲਦੀ ਹੈ ਅਤੇ ਘਾਟੇ ਵਾਸਤੇ ਤਾਂ ਕੋਈ ਚਲਾਉਂਦਾ ਨਹੀਂ ਹੈ। ਜੇਕਰ ਕੋਈ ਰੂਟ ਵਾਸਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ ਤਾਂ ਉਸ ਲਈ ਹਜ਼ਾਰਾਂ ਅਰਜ਼ੀਆਂ ਆ ਜਾਂਦੀਆਂ ਹਨ। ਲੋਕ ਮੁਨਾਫ਼ੇ ਕਰਕੇ ਹੀ ਰੂਟ ਪਰਮਿਟ ਵਾਸਤੇ ਅਪਲਾਈ ਕਰਦੇ ਹਨ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕਦੇ ਫਾਲਸ ਪ੍ਰੈਸਟੀਜ਼ ਵਾਸਤੇ ਖੜਨਾ ਨਹੀਂ ਚਾਹੀਦਾ। ਇਹ ਨਹੀਂ ਸੋਚਣਾ ਚਾਹੀਦਾ ਕਿ ਜੇਕਰ ਇਕ ਵਾਰੀ ਕੋਈ ਗਲਤੀ ਕਰ ਬੈਠੇ ਤਾਂ ਉਸੇ ਤਰ੍ਹਾਂ ਹੀ ਰਹਿਣ ਦਿੱਤਾ ਜਾਏ। ਬੜੀ ਫਰਾਖਦਿਲੀ ਨਾਲ ਸਰਕਾਰ ਨੂੰ ਚਲਾਉਣਾ ਚਾਹੀਦਾ ਹੈ। ਇਨ੍ਹਾਂ ਨੇ ਕਿਹਾ ਸੀ ਕਿ ਜਿਹੜੀ ਤੁਸੀਂ ਰਾਏ ਦਿੱਤੀ ਹੈ ਉਸ ਸਬੰਧੀ ਮੈਂ ਆਪਣੇ ਸਾਥੀਆਂ ਨਾਲ ਗੱਲ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਰਾਏ ਕੀ ਦਿੱਤੀ ? ਸਪੀਕਰ ਸਾਹਿਬ ਦੀ ਚੇਅਰਮੈਨ-ਸ਼ਿਪ ਹੇਠ ਆਨਰੇਬਲ ਮੈਂਬਰਜ਼ ਦੀ ਇਕ ਕਮੇਟੀ ਬਣਾ ਦਿੱਤੀ ਜਾਏ ਜੋ ਕਿ ਇਸ ਮਸਲੇ ਦੀ ਘੋਖ ਕਰੇ ਕਿ ਕੀ ਕਰਨਾ ਚਾਹੀਦਾ ਹੈ। ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਪਰ ਇਨ੍ਹਾਂ ਨੂੰ ਨਾ ਤਾਂ ਸਪੀਕਰ ਸਾਹਿਬ ਤੇ ਇਤਬਾਰ ਹੋਇਆ ਔਰ ਨਾ ਹੀ ਆਨਰੇਬਲ ਮੈਂਬਰਜ਼ ਤੇ ਇਤਬਾਰ ਹੋਇਆ। ਕਿਸੇ ਨੂੰ ਫਾਲਸ ਪ੍ਰੈਸਟੀਜ਼ ਤੇ ਨਹੀਂ ਖੜਨਾ ਚਾਹੀਦਾ ਹੈ।

ਮੈਂ ਫਿਰ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਅਸੀਂ ਕੋਆਪ੍ਰੇਸ਼ਨ ਦੇਣ ਨੂੰ ਤਿਆਰ ਹਾਂ। ਸੂਬੇ ਦੀ ਡਿਵੈਲਪਮੈਂਟ ਵਾਸਤੇ, ਹੋਰ ਵੀ ਸਾਰੇ ਮਾਮਲਿਆਂ ਵਾਸਤੇ, ਹਰ ਵਕਤ ਆਪੋਜ਼ੀਸ਼ਨ ਸਰਕਾਰ ਨੂੰ ਕੋਆਪ੍ਰੇਟ ਕਰਨ ਨੂੰ ਤਿਆਰ ਹੈ। ਇਹ ਜਿਹੜਾ ਮੈਂ ਸੁਝਾਉ ਦਿੱਤਾ ਹੈ, ਇਸ ਤੇ ਇਨ੍ਹਾਂ ਨੂੰ ਗੌਰ ਕਰ ਲੈਣਾ ਚਾਹੀਦਾ ਹੈ। ਇਹ ਸਾਨੂੰ ਫਿਰ ਸੱਦ ਲੈਣ, ਅਸੀਂ ਆਉਣ ਨੂੰ ਤਿਆਰ ਹਾਂ। ਇਨ੍ਹਾ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਤੁਹਾਡੇ ਲਈ ਹਮੇਸ਼ਾ ਸਾਡੇ ਦਰਵਾਜ਼ੇ ਖੁਲ੍ਹੇ ਹਨ। ਮੈਂ ਕਹਿੰਦਾ ਹਾਂ ਕਿ ਇਹ ਗੱਲ ਛੱਡੋ ਕੋਈ ਟਾਈਮ ਫਿਕਸ ਕਰਨਾ ਚਾਹੀਦਾ ਹੈ ਅਤੇ ਸਾਨੂੰ ਬੁਲਾਉਣਾ ਚਾਹੀਦਾ ਹੈ। ਜੇ ਹਰ ਵਕਤ ਇਨ੍ਹਾਂ ਨੇ ਦਰਵਾਜ਼ੇ ਖੁਲ੍ਹੇ ਰੱਖੇ ਤਾਂ ਫਿਰ ਇਹ ਜ਼ਿਮੇਂਵਾਰ ਸੱਜਣ ਹਨ ਇਨ੍ਹਾਂ ਨੂੰ ਔਖ ਹੋ ਜਾਏਗੀ। ਇਸ ਲਈ ਕੋਈ ਟਾਈਮ ਫਿਕਸ ਕਰਨਾ ਚਾਹੀਦਾ ਹੈ ਔਰ ਸਾਨੂੰ ਬੁਲਾਉਣਾ ਚਾਹੀਦਾ ਹੈ, ਜਿਸ ਲਈ ਕਿ ਅਸੀਂ ਤਿਆਰ ਹਾਂ। ਇਹ ਮਸਲਾ ਹੱਲ ਕਰਨਾ ਚਾਹੀਦਾ ਹੈ।

ਦੂਸਰੇ, ਡਿਪਟੀ ਸਪੀਕਰ ਸਾਹਿਬ, ਖੇਤੀ ਦਾ ਮਸਲਾ ਹੈ। ਇਹ ਬੜਾ ਗੰਭੀਰ ਮਸਲਾ ਹੈ। ਇਹ ਮਸਲਾ ਇਸ ਤਰ੍ਹਾਂ ਹੱਲ ਨਹੀਂ ਹੋਣਾ ਕਿ ਜਗਲਰੀ ਨਾਲ ਫਿਗਰਜ਼ ਦੇ ਦਿਉ।

ਇਕ ਸਮਾਂ ਐਸਾ ਸੀ ਕਿ ਕਿਸਾਨ ਕੁਝ ਨਹੀਂ ਸੀ ਸਮਝਦਾ। ਨਾ ਉਸ ਕੋਲ ਅਖ਼ਬਾਰ ਸੀ ਅਤੇ ਨਾ ਹੀ ਉਹ ਕੋਈ ਹੋਰ ਗੱਲ ਕਰਦਾ ਸੀ ਪਰ ਹੁਣ ਇਹ ਗੱਲ ਨਹੀਂ ਹੈ। ਹੁਣ ਕਿਸਾਨ ਨੂੰ ਜਾਗ੍ਰਿਤੀ ਆ ਗਈ ਹੈ। ਹੁਣ ਉਹ ਆਪਣੇ ਹੱਕ ਲਏ ਬਗੈਰ ਰਹਿ ਨਹੀਂ ਸਕਦਾ। ਮੈਂ ਕਹਿ ਸਕਦਾ ਹਾਂ ਕਿ 32 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਜੇ ਸਭ ਤੋਂ ਜ਼ਿਆਦਾ ਇਕਨਾਮਿਕ ਹਾਲਤ ਕਮਜ਼ੋਰ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹੋਈ ਹੈ ਤਾਂ ਉਹ ਕਿਸਾਨ ਦੀ ਹੋਈ ਹੈ । ਪਰ ਮੈਨੂੰ ਖੁਸ਼ੀ ਹੈ ਅਤੇ ਮੈਂ ਪੰਜਾਬ ਦੇ ਕਿਸਾਨ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਕਿਸ ਤਰ੍ਹਾਂ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਨੇ ਰਲਕੇ ਹਿੰਦੁਸਤਾਨ ਦਾ ਖੁਰਾਕ ਦਾ ਸਭ ਤੋਂ ਵੱਡਾ ਮਸਲਾ ਹੱਲ ਕੀਤਾ ਹੈ ਅਤੇ ਪੰਜਾਬ ਨੂੰ ਇਕਨਾਮੀਕਲੀ ਖੁਸ਼ਹਾਲ ਕੀਤਾ ਹੈ । ਇਸ ਗੱਲ ਨੂੰ ਤੁਸੀਂ ਸਾਰੇ ਜਾਣਦੇ ਹੋ ਕਿ ਐਗਰੀਕਲਚਰ ਤੋਂ ਸਾਡੀ 52% ਇਨਕਮ ਹੈ ਯਾਨੀ ਕਿ ਇਤਨੀ ਇਨਕਮ ਖੇਤੀਬਾੜੀ ਦੀ ਪ੍ਰੋਡਕਟਸ ਤੋਂ ਆਉਂਦੀ ਹੈ । 75% ਲੋਕ ਖੇਤੀਬਾੜੀ ਕਰਦੇ ਹਨ ਇਸ ਲਈ ਜੇ ਅਸੀਂ ਸਟੇਟ ਦੇ ਲੋਕਾਂ ਦੀ ਹਾਲਤ ਠੀਕ ਕਰਨੀ ਹੈ ਤਾਂ ਇਹ ਤਾਂ ਹੀ ਬਿਹਤਰ ਹੋ ਸਕਦੀ ਹੈ ਜੇ ਅਸੀਂ ਵੱਧ ਤੋਂ ਵੱਧ ਖੇਤੀ ਬਾੜੀ ਕਰਨ ਵਾਲਿਆਂ ਵਲ ਧਿਆਨ ਦੇਈਏ । ਇਸ ਗਲ ਦਾ ਵੀ ਸਾਨੂੰ ਮਾਣ ਹੈ ਕਿ ਪੰਜਾਬ ਇਕ ਛੋਟਾ ਜਿਹਾ ਸੂਬਾ ਹੈ ਲੇਕਿਨ ਇਹ ਸਾਰੇ ਦੇਸ਼ ਦੀ 25% ਕਣਕ ਪੈਦਾ ਕਰਦਾ ਹੈ । ਸਾਡਾ ਸੂਬਾ 16% ਨਰਮਾ ਪੈਦਾ ਕਰਦਾ ਹੈ, ਰਾਈਸ 6% ਪੈਦਾ ਕਰਦਾ ਹੈ । ਹਿੰਦੁਸਤਾਨ ਦੇ ਲੋਕਾਂ ਨੂੰ ਜਿੰਨਾ ਅਨਾਜ ਜਾਂਦਾ ਹੈ ਉਸ ਵਿਚੋਂ ਕਣਕ ਵਿਚ ਸਾਡਾ ਸੂਬਾ 74% ਹਿੱਸਾ ਦਿੰਦਾ ਹੈ । ਰਾਈਸ ਵਿਚ 52% ਹਿੱਸਾ ਦਿੰਦਾ ਹੈ । ਸਾਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਪੰਜਾਬ ਦਾ ਕਿਸਾਨ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਦਾ ਹੈ । (ਤਾੜੀਆਂ) ਬੇਸ਼ੱਕ ਉਥੇ ਉਨ੍ਹਾਂ ਮੁਲਕਾਂ ਵਿਚ ਕਿਸਾਨ ਨੂੰ ਬਹੁਤ ਸਹੂਲਤਾਂ ਹਨ ਪਰ ਫਿਰ ਵੀ ਪੰਜਾਬ ਦਾ ਕਿਸਾਨ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਦਾ ਹੈ । ਜੇ ਇਸ ਸਬੰਧ ਵਿਚ ਅਸੀਂ ਯੂ.ਐਸ.ਏ., ਕਨੇਡਾ ਅਤੇ ਯੂ.ਐਸ.ਐਸ.ਆਰ. ਆਦਿ ਮੁਲਕਾਂ ਦਾ ਮੁਕਾਬਲਾ ਕਰਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਯੂ.ਐਸ.ਏ. ਵਿਚ ਇਕ ਹੈਕਟੇਅਰ ਵਿਚੋਂ ਕਣਕ 2,128 ਕਿਲੋਗਰਾਮ ਪੈਦਾ ਹੁੰਦੀ ਹੈ । ਕਨੇਡਾ ਵਿਚ 1,900 ਕਿਲੋ ਗਰਾਮ ਪੈਦਾ ਹੁੰਦੀ ਹੈ । ਯੂ.ਐਸ.ਐਸ.ਆਰ. ਵਿਚ 1,920 ਕਿਲੋਗਰਾਮ ਅਤੇ ਪਾਕਿਸਤਾਨ ਵਿਚ 1,305 ਕਿਲੋਗਰਾਮ ਪੈਦਾ ਹੁੰਦੀ ਹੈ ਲੇਕਿਨ ਪੰਜਾਬ ਵਿਚ 2,715 ਕਿਲੋਗਰਾਮ ਪੈਦਾ ਹੁੰਦੀ ਹੈ । ਅਸੀਂ ਸਭ ਨਾਲੋਂ ਜ਼ਿਆਦਾ ਅਨਾਜ ਪੈਦਾ ਕਰਦੇ ਹਾਂ ਲੇਕਿਨ ਇਸ ਗੱਲ ਦੇ ਬਾਵਜੂਦ ਵੀ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਇਸ ਪਾਸੇ ਬੜੀ ਡੂੰਘਿਆਈ ਨਾਲ ਵਿਚਾਰਨ ਦੀ ਲੋੜ ਹੈ ਕਿਉਂਕਿ ਐਨੀ ਪੈਦਾਵਾਰ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਕਿਸਾਨ ਦੀ ਅੱਜ ਕੀ ਹਾਲਤ ਹੈ । ਇਹ ਕਹਿ ਦਿੰਦੇ ਹਨ ਕਿ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ । ਜਿਨ੍ਹਾਂ ਨੂੰ ਕਿਸਾਨੀ ਦਾ ਪਤਾ ਨਹੀਂ ਹੈ ਉਹ ਵੀ ਕਹਿ ਦਿੰਦੇ ਹਨ ਕਿ ਪੰਜਾਬ ਦਾ ਕਿਸਾਨ ਬੜਾ ਖੁਸ਼ਹਾਲ ਹੈ ਲੇਕਿਨ ਪੰਜਾਬ ਦੇ ਕਿਸਾਨ ਦੀ ਜੋ ਹਾਲਤ ਹੈ ਉਸ ਬਾਰੇ ਯੂਨੀਵਰਸਿਟੀ ਦੀ ਇਕ ਟੀਮ ਨੇ ਰਿਸਰਚ ਕਰਕੇ ਦੱਸਿਆ ਹੈ । ਮੇਰੇ ਕੋਲ ਉਸ ਟੀਮ ਦੀ ਰਿਪੋਰਟ ਦੀ ਕਾਪੀ ਹੈ ਜੇ ਲੋੜ ਹੋਵੇ ਤਾਂ ਮੈਂ ਚੀਫ ਮਨਿਸਟਰ ਨੂੰ ਭੇਜ ਦਿਆਂਗਾ ਵੈਸੇ ਤਾਂ ਉਨ੍ਹਾਂ ਕੋਲ ਹਰ ਚੀਜ਼ ਹੁੰਦੀ ਹੈ । ਮੈਂ ਦੱਸ ਦਿੰਦਾ ਹਾਂ, ਉਹ ਨੋਟ ਕਰ ਲੈਣ । ਐਨੁਅਲ ਰਿਸਰਚ ਰਿਪੋਰਟ 1979-80 — ਡਿਪਾਰਟਮੈਂਟ ਆਫ਼ ਇਕਨਾਮਿਕ ਐਂਡ ਸੋਸ਼ਲ, ਪੰਜਾਬ ਯੂਨੀਵਰਸਿਟੀ ਦੇ ਦੋ ਪ੍ਰੋਫੈਸਰ ਐਸ.ਐਸ. ਗਰੇਵਾਲ ਅੰਤੇ ਡੀ.ਐਸ. ਸਿੱਧੂ ਨੇ ਸਾਰੀ ਰਿਸਰਚ ਕਰਕੇ ਇਸ ਰਿਪੋਰਟ ਵਿਚ ਆਪਣੇ ਵਿਚਾਰ ਦੱਸੇ ਹਨ ਕਿ ਕਿਸਾਨੀ ਦਾ ਕੋਈ ਫਾਇਦਾ ਨਹੀਂ ਹੈ । ਉਸ ਵਿਚ ਦੱਸਿਆ ਗਿਆ ਹੈ ਕਿ ਸਾਰੇ ਕਿਸਾਨ ਕਰਜ਼ੇ ਥੱਲੇ ਦੱਬੇ ਪਏ ਹਨ । ਉਨ੍ਹਾਂ ਨੇ ਢਾਈ ਏਕੜ ਜ਼ਮੀਨ ਦੇ ਮਾਲਿਕ ਜਿਹੜੇ ਹਨ ਉਨ੍ਹਾਂ ਕਿਸਾਨਾਂ ਬਾਰੇ ਦੱਸਿਆ ਹੈ ਕਿ ਉਨ੍ਹਾਂ ਕਿਸਾਨਾਂ ਨੂੰ ਇਕ ਸਾਲ ਵਿਚ 1,800 ਰੁਪਏ ਬਚਦੇ ਹਨ ਅਤੇ 150 ਰੁਪਏ ਮਹੀਨਾ ਪਰਿਵਾਰ ਨੂੰ ਮਿਲਦਾ ਹੈ ਜਿਹੜਾ ਉਸ ਦਾ ਪਰਿਵਾਰ ਖੇਤੀਬਾੜੀ ਕਰਦਾ ਹੈ ।

ਉਸ ਕਿਸਾਨ ਦੀ 5-6 ਆਦਮੀਆਂ ਦੀ ਫੈਮਿਲੀ ਹੁੰਦੀ ਹੈ ਕੰਮ ਕਰਨ ਵਾਲੀ । ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਜਿਸ ਫੈਮਿਲੀ ਪਾਸ ਢਾਈ ਏਕੜ ਜ਼ਮੀਨ ਹੈ ਉਹ ਇਤਨੀ ਆਮਦਨੀ ਵਿਚ ਕਿਸ ਤਰ੍ਹਾਂ ਗੁਜ਼ਾਰਾ ਕਰਦੇ ਹੋਣਗੇ ? ਫਿਰ ਗਲ ਆਉਂਦੀ ਹੈ ਕਿ ਸਾਡਾ ਸੂਬਾ ਛੋਟੇ ਕਿਸਾਨਾਂ ਦਾ ਹੈ । ਇਥੇ ਜਿਹੜੇ 5 ਏਕੜ ਦੇ ਮਾਲਿਕ ਕਿਸਾਨ ਹਨ ਉਨ੍ਹਾਂ ਦੀ ਹਾਲਤ ਬਾਰੇ ਵੀ ਇਸ ਰਿਪੋਰਟ ਵਿਚ ਲਿਖਿਆ ਹੈ । 5 ਏਕੜ ਵਾਲੇ ਕਿਸਾਨ ਦਾ ਆਪਣੇ ਘਰ ਦਾ ਸਾਰਾ ਖਰਚਾ ਕੱਢਕੇ, ਰੋਟੀ ਪਾਣੀ ਆਦਿ ਦਾ ਖਰਚਾ ਕੱਢਕੇ, 1,550 ਰੁਪਏ ਦਾ ਘਾਟਾ ਹਰ ਸਾਲ ਦਾ ਪੈਂਦਾ ਹੈ ਜਿਹੜਾ ਕਿ ਕਰਜ਼ੇ ਦੀ ਸ਼ਕਲ ਵਿਚ ਉਸ ਦੇ ਸਿਰ ਚੜ੍ਹ ਜਾਂਦਾ ਹੈ ਅਤੇ ਫਿਰ ਉਹ ਲਹਿੰਦਾ ਨਹੀਂ ਹੈ । ਇਹ ਚੀਜ਼ਾਂ ਦੱਸਦੀਆਂ ਹਨ ਅੱਜ ਕਿਸਾਨ ਦੀ ਕੀ ਹਾਲਤ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 32 ਸਾਲ ਜਿਸ ਪਾਰਟੀ ਦਾ ਇਥੇ ਰਾਜ ਰਿਹਾ ਉਸ ਦੀ ਇਹ ਸੀਕਰਿਟ ਚਾਲ ਸੀ, ਉਸ ਦੀ ਇਹ ਪਲਾਨਿੰਗ ਸੀ ਕਿ ਪਿੰਡਾਂ ਵਿਚ ਜਿਹੜੇ ਖੇਤੀ ਕਰਨ ਵਾਲੇ ਕਿਸਾਨ, ਮਜ਼ਦੂਰ ਹਨ, ਉਹ ਕਮਜ਼ੋਰ ਹੋਣ । ਇਨ੍ਹਾਂ ਨੇ ਪਹਿਲੀ ਗੱਲ ਤਾਂ ਇਹ ਕੀਤੀ ਕਿ ਇਨ੍ਹਾਂ ਲੋਕਾਂ ਲਈ ਪਲਾਨ ਵਿਚ ਪੈਸਾ ਘੱਟ ਰੱਖਿਆ ਜਾਵੇ । ਪਹਿਲੀ ਪਲਾਨ ਵਿਚ ਇਨ੍ਹਾਂ ਲਈ 37% ਪੈਸਾ ਰੱਖਿਆ । ਚਾਹੀਦਾ ਤਾਂ ਇਹ ਸੀ ਕਿ ਦੂਜੀ ਪਲਾਨ ਵਿਚ ਇਸ ਵਿਚ ਜ਼ਿਆਦਾ ਪੈਸਾ ਰੱਖਦੇ ਪਰ ਇਨ੍ਹਾਂ ਨੇ ਘਟਾ ਕੇ 20% ਪੈਸਾ ਰੱਖਿਆ । ਤੀਜੀ ਪਲਾਨ ਵਿਚ ਇਹ 21% ਕਰ ਦਿਤਾ ਅਤੇ ਫਿਰ 24% ਕਰ ਦਿੱਤਾ । ਪਰ ਚੌਥੀ ਪਲਾਨ ਵਿਚ ਇਹ 12% ਕਰ ਦਿਤਾ । ਹਰ ਪਲਾਨ ਵਿਚ ਐਗਰੀ-ਕਲਚਰ ਲਈ ਘੱਟ ਪੈਸਾ ਰੱਖਿਆ ਗਿਆ । (ਵਿਘਨ) ਇਸ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਸ ਤਰੀਕੇ ਨਾਲ ਕਿਸਾਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ । ਕਿਸ ਤਰ੍ਹਾਂ ਪੀ.ਐਲ. 480 ਅਧੀਨ ਬਾਹਰੋਂ ਕਣਕ ਮੰਗਾਈ ਗਈ ਅਤੇ ਕਿਸ ਤਰ੍ਹਾਂ ਕਿਸਾਨ ਦੀਆਂ ਪਰੋਡਕਟਸ ਦੀਆਂ ਕੀਮਤਾਂ ਘੱਟ ਕੀਤੀਆਂ ਗਈਆਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਵਿਚ ਨਾ ਬੋਲਣ । ਮੈਂ ਤੁਹਾਨੂੰ ਬਹੁਤ ਕੁਝ ਦੱਸਣਾ ਚਾਹੁੰਦਾ ਹਾਂ ਟਾਈਮ ਭਾਵੇਂ ਜ਼ਿਆਦਾ ਹੀ ਲੱਗ ਜਾਵੇ ਪਰ ਇਸ ਵਿਸ਼ੇ ਨੂੰ ਡੂੰਘੇ ਤਰੀਕੇ ਨਾਲ ਦੇਖਣ ਦੀ ਲੋੜ ਹੈ । ਇਕ ਦੁਨੀਆਂ ਦਾ ਮਸ਼ਹੂਰ ਇਕਨਾਮਿਸਟ ਹੈ ਜੇ. ਐਸ. ਮਾਨ, ਇਹ ਪੰਜਾਬ ਦਾ ਹੀ ਹੈ । ਪੰਜਾਬੀ ਬਾਹਰ ਦੇ ਮੁਲਕਾਂ ਵਿਚ ਵੱਡੀ ਪੁਜ਼ੀਸ਼ਨ ਤੇ ਪਹੁੰਚੇ ਹੋਏ ਹਨ । ਇਸ ਇਕਨਾਮਿਸਟ ਦੀ ਕਿਤਾਬ ਮੇਰੇ ਕੋਲ ਹੈ । ਇਸ ਕਿਤਾਬ ਦਾ ਨਾਮ ਹੈ 'Impact of PL 480 on Indian Farmer's Income.'

J. S. Mann has estimated the losses to Indian farmers, through price cuts on their wheat sales caused by release of P.L. 480 food grains has been of the amount of :

> 1.9% of total agricultural income every year during the year 1957 to 1963.

ਉਸ ਨੇ ਦੱਸਿਆ ਹੈ ਕਿ ਹਜ਼ਾਰ ਕਰੋੜ ਰੁਪਏ ਦਾ ਕਿਸਾਨ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਇੰਡਸਟਰੀਅਲ ਸੈਕਟਰ ਨੂੰ ਫਾਇਦਾ ਹੋਇਆ ਹੈ ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇਕ ਹੋਰ ਐਸ.ਆਰ. ਲਿਵਿਸ ਇਕਨਾ-ਮਿਸਟ ਹੈ । ਉਸ ਨੇ ਵੀ ਕਾਫੀ ਦੱਸਿਆ ਹੈ ।

S.R. Lewis, an American Economist and many other independent scholars admitted that this was a defacto taxation. The agricultural sector was compelled to subsidise to the Urban-Industrial Sector during the period from 1957 to 1968.

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਹ ਇਕ ਕਿਸਮ ਦੀ ਟੈਕਸੇਸ਼ਨ ਸੀ । ਉਪਰੋਂ ਤਾਂ ਇਹ ਅਨਾਜ ਬਾਹਰੋਂ ਮੰਗਵਾਉਂਦੇ ਸਨ ਲੇਕਿਨ ਅਸਲ ਗੱਲ ਇਹ ਸੀ ਕਿ ਡਿਫੈਕਟੋ ਟੈਕਸੇਸ਼ਨ ਸੀ । ਡਿਪਟੀ ਸਪੀਕਰ ਸਾਹਿਬ, ਡਾਕਟਰ ਐਸ. ਮੰਡਲੇ ਕੀ ਕਹਿੰਦੇ ਹਨ :—

Dr. S. Mundle has made estimate of the net transfer of resources from the agricultural sector to the Urban-Industrial sector during the period from 1951-52 to 1970-71.

12.28 ਬਾਅਦ ਦੁਪਹਿਰ	(ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਨ੍ਹਾਂ ਦੀ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਦੀ ਰਿਪੋਰਟ ਮੇਰੇ ਕੋਲ ਹੈ । ਉਨ੍ਹਾਂ ਨੇ ਕੰਪੇਰੀਜ਼ਨ ਕੀਤਾ ਹੈ ਕਿ ਕਿਸ ਤਰ੍ਹਾਂ ਐਗਰੀਕਲਚਰਲ ਪ੍ਰੋਡਕਟਸ ਦੇ ਰੇਟ ਘਟੇ ਹਨ ਅਤੇ ਕਿਸਾਨ ਦੀ ਥਾਂ ਤੇ ਇੰਡਸਟਰੀਅਲ ਗੁੱਡਜ਼ ਦੀਆਂ ਕੀਮਤਾਂ ਕਿਵੇਂ ਵਧੀਆਂ ਹਨ । ਇਸ ਚੀਜ਼ ਦਾ ਕੰਪੇਰੀਜ਼ਨ ਕਰਕੇ ਦੱਸਿਆ ਹੈ । ਜਿਹੜਾ ਪ੍ਰਾਈਸ ਇੰਡੈਕਸ 1970-71 ਨੂੰ ਬੇਸ ਰੱਖਕੇ 100 ਸੀ ਉਹ ਮਾਰਚ, 1980 ਵਿਚ 193.5 ਹੋ ਗਿਆ ਐਗਰੀਕਲਚਰ ਦਾ ਅਤੇ ਮੈਨੂੰਫੈਕਚਰਡ ਗੁੱਡਜ਼ ਦਾ 231.8 ਹੋ ਗਿਆ । ਇਹ ਅਸਲੀ ਗੱਲ ਹੈ ਕਿ ਇਸ ਦਾ ਘਾਟਾ ਜਿਹੜਾ ਹੈ ਉਹ ਕਿਸਾਨ ਨੂੰ ਪਿਆ ਹੈ, ਐਗਰੀਕਲਚਰ ਸੈਕਟਰ ਨੂੰ ਪਿਆ ਹੈ ਔਰ ਇਸ ਦਾ ਫਾਇਦਾ ਇੰਡਸਟਰੀਅਲ ਸੈਕਟਰ ਨੂੰ ਪਹੁੰਚਿਆ ਹੈ । ਇਸ ਤਰੀਕੇ ਨਾਲ, ਸਪੀਕਰ ਸਾਹਿਬ, ਇਹ ਕਾਂਗਰਸ ਦੀ ਸਰਕਾਰ ਨੇ ਆਪਣੀ ਪਲੈਨਿੰਗ ਨਾਲ, ਸੀਕਰਿਟ ਪਲੈਨਿੰਗ ਨਾਲ ਕਿਸਾਨ ਦੇ ਹਿੱਤ ਜੋ ਹਨ ਉਨ੍ਹਾਂ ਨੂੰ ਕੁਰਬਾਨ ਕੀਤਾ ਹੈ । ਸਪੀਕਰ ਸਾਹਿਬ, ਸਾਡੀ ਮੰਗ ਕੀ ਹੈ ? ਇਹ ਆਮ ਕਹਿ ਦਿੰਦੇ ਹਨ ਕਿ ਪੰਜਾਬ ਦਾ ਕਿਸਾਨ ਦੂਜਿਆਂ ਸੂਬਿਆਂ ਨਾਲੋਂ ਚੰਗਾ ਹੈ । ਮੈਂ ਆਪ ਨੂੰ ਪੰਜਾਬ ਦੇ ਕਿਸਾਨ ਦੀ ਗੱਲ ਕਹਿ ਦਿੱਤੀ ਹੈ ਦੂਜਿਆਂ ਸੂਬਿਆਂ ਦੇ ਕਿਸਾਨਾਂ ਦੀ ਹਾਲਤ ਬਾਰੇ ਤੁਸੀਂ ਆਪ ਹੀ ਹੁਣ ਅੰਦਾਜ਼ਾ ਲਾ ਲਓ ਕਿ ਉਨ੍ਹਾਂ ਦੀ ਕੀ ਹਾਲਤ ਹੋਵੇਗੀ । ਇਸ ਦਾ ਹੱਲ ਕੀ ਹੈ ? ਇਸ ਦਾ ਹੱਲ ਇਹ ਹੈ ਕਿ ਕਿਸਾਨਾਂ ਨੂੰ ਰਿਮੂਨੇਰੇਟਿਵ ਪ੍ਰਾਈਸ ਦਿੱਤੀ ਜਾਵੇ । ਲੱਖਾਂ ਦੀ ਤਾਦਾਦ ਵਿਚ ਜਿਹੜੇ ਲੋਕ ਇੱਥੇ ਆਏ ਸੀ ਉਹ ਇਹੀ ਕਹਿੰਦੇ ਸੀ । (ਵਿਘਨ) (ਥੰਪਿੰਗ) (ਇਕ ਆਵਾਜ਼ : ਵਾਹ, ਵਾਹ ਲੱਖਾਂ ਦੀ ਤਾਦਾਦ ਵਿਚ) ।

ਸ੍ਰੀ ਸਪੀਕਰ : ਜਿਸ ਵੇਲੇ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹੋਣ ਤਾਂ ਇਧਰੋਂ ਕੋਈ ਇੰਟਰੱਪਸ਼ਨ ਨਹੀਂ ਹੋਣੀ ਚਾਹੀਦੀ ਔਰ ਜਦੋਂ ਲੀਡਰ ਆਫ ਦੀ ਹਾਊਸ ਬੋਲਣ ਤਾਂ ਫਿਰ ਉਧਰੋਂ ਕੋਈ ਇੰਟਰੱਪਸ਼ਨ ਨਹੀਂ ਹੋਣੀ ਚਾਹੀਦੀ (ਵਿਘਨ) ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਤੁਹਾਡੇ ਆ ਕੇ ਇਹ ਕਹਿਣ ਤੇ ਮੈਨੂੰ ਕੁਝ ਸੇਫ ਗਾਰਡ ਮਿਲਿਆ ਹੈ ਨਹੀਂ ਤਾਂ ਪਹਿਲਾਂ ਜਦੋਂ ਮੈਂ ਬੋਲਦਾ ਸੀ ਤਾਂ ਉਦੋਂ ਮੈਨੂੰ ਇਹ ਪੈ ਜਾਂਦੇ ਸੀ । (ਹਾਸਾ) (ਵਿਘਨ) ।

ਸਪੀਕਰ ਸਾਹਿਬ, ਇਸ ਦਾ ਹੱਲ ਇਹੀ ਹੈ ਕਿ ਕਿਸਾਨ ਨੂੰ ਰਿਮੂਨੀਰੇਟਿਵ ਪ੍ਰਾਈਸ ਮਿਲੇ। ਇਥੇ ਕਿਹਾ ਗਿਆ, ਯਸ਼ ਜੀ ਨੇ ਕਹਿ ਦਿੱਤਾ ਕਿ 5 ਰੁਪਏ ਭਾਅ ਵਧਾਇਆ ਹੈ। ਨਿਰੀ ਇਸ ਦੇ ਨਾਲ ਗੱਲ ਨਹੀਂ ਬਣਨੀ। ਸਾਨੂੰ ਕਾਸਟ ਆਫ਼ ਪ੍ਰੋਡਕਸ਼ਨ ਦੇਖਣੀ ਪਵੇਗੀ ਕਿ ਉਹ ਕਿੰਨੀ ਹੈ। ਸਾਨੂੰ ਇਹ ਸਾਰੀ ਚੀਜ਼ ਦੇਖਣੀ ਪਵੇਗੀ। ਸਾਨੂੰ ਇਸ ਦੀ ਪੈਰਿਟੀ ਮੁਕੱਰਰ ਕਰਨੀ ਚਾਹੀਦੀ ਹੈ ਮੈਨੂਫੈਕਚਰਡ ਗੁਡਜ਼ ਨਾਲ, ਸਾਨੂੰ ਇਸ ਦੀ ਪੈਰਿਟੀ ਕੰਜ਼ਿਊਮਰ ਗੁੱਡਜ਼ ਨਾਲ ਮੁਕੱਰਰ ਕਰਨੀ ਪਵੇਗੀ। ਜਦੋਂ ਤੱਕ ਅਸੀਂ ਇਹ ਦੋਨੋਂ ਗੱਲਾਂ ਨਹੀਂ ਮੰਨਦੇ ਉਦੋਂ ਤੱਕ ਕਿਸਾਨ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਥੋੜੀ ਜਿਹੀ ਰਿਆਇਤ ਦੇਣ ਨਾਲ ਜਾਂ ਪੰਜ ਚਾਰ ਰੁਪਏ ਪ੍ਰਾਈਸ ਵਧਾਉਣ ਨਾਲ ਉਹ ਆਪਣਾ ਗੁਜ਼ਾਰਾ ਨਹੀਂ ਕਰ ਸਕੇਗਾ, ਆਪਣੇ ਬੱਚੇ ਨਹੀਂ ਪਾਲ ਸਕਦਾ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਵਿਚ ਜਾਗ੍ਰਿਤੀ ਆਉਣ ਨਾਲ ਇਸ ਦੇਸ਼ ਵਿਚ ਕੁਝ ਇਸ ਤਰ੍ਹਾਂ ਦਾ ਐਟਮਾਸਫੀਅਰ ਬਣਿਆ ਹੈ। ਕੁਝ ਬਹੁਤ ਵੱਡੇ ਵੱਡੇ ਇਕਾਨੋਮਿਸਟਸ ਹਨ, ਉਨ੍ਹਾਂ ਨੇ ਜੋ ਕਿਹਾ ਹੈ ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਵਿਚੋਂ ਇਕ ਬਹੁਤ ਵਡੇ ਇਕਾਨੋਮਿਸਟ ਸ੍ਰੀ ਬਾਲਾ ਸੁਬਰਾਮਨੀਅਮ ਜੀ ਹਨ ਉਨ੍ਹਾਂ ਨੇ ਲੋਕਾਂ ਨੂੰ ਸਮਝਾਉਣ ਵਾਸਤੇ ਇਹ ਲਿਖਿਆ ਹੈ :—

'Don't blame the farm lobby.'

'The primary purpose of procurement price policy is to ensure sufficient incentive for the fast growth of commercial farming which is very much in the national interest.

The basic thrust of the policy for fixing procurement prices should be to make farming monetarily attractive and rewarding to the farmers who could become economically viable or produce more food and other crops more efficiently.

The principle of remunerative return is fairly freely acknowledged in industry. But it is assumed that price incentives, are not equally important in agriculture. Procurement price policy, therefore, has to be viewed by a strategy primarily for helping farm economy to consolidate its gains and forge further ahead. The prospectus of our country becoming a large exporter of farm products make it all the more desirable for public opinion to accept a policy of price incentive for farm production as a national need.'

ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਪਾਰਟੀ ਨੇ ਇਸ ਚੀਜ਼ ਦਾ ਫੈਸਲਾ ਕਰਨਾ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਫਾਰਮਰਜ਼ ਨੂੰ ਚੰਗੇ ਭਾਅ ਦਿੱਤੇ ਜਾਣ। ਬਹੁਤ ਸਾਰੀਆਂ ਦੇਸ਼ ਲੈਵਲ ਦੀਆਂ ਜੋ ਅਖ਼ਬਾਰਾਂ ਹਨ ਉਨ੍ਹਾਂ ਵਿਚ ਵੀ ਜ਼ਿਕਰ ਆਉਂਦਾ ਹੈ। ਅਖ਼ਬਾਰ 'ਟ੍ਰਿਬਿਊਨ' ਵਿਚ ਸਰਦਾਰ ਸਤਿੰਦਰ ਸਿੰਘ ਜਿਹੜੇ ਕਿ ਬਹੁਤ ਵੱਡੇ ਇਕਾਨੋਮਿਸਟ ਵੀ ਹਨ, ਉਹ ਲਿਖਦੇ ਹਨ :—

'EMERGENCE OF PEASANT POWER'.

'The grievances of the farmers are not only deep rooted but have also got accumulated over the last three decades, in fact they have now reached fla sh point.

This is not to suggest, even remotely, that the farmers have no case. Indeed they have a fool-proof case for higher prices for their produce. Between 1957 and 1976 the farmers were bled white. The prices of agricultural goods were delibertely and strictly kept depressed for nearly two decades through massive imports of foodgrains from the U.S.A. especially under PL 480 and other countries.

[Sardar Parkash Singh Badal]

Rather than getting alarmed over the widening gap between the prices of agricultural commodities and manufactured articles and taking quick remedical measures, the Government and the apologists have repeatedly justified it on the ground that it was imperative for the modernisation and industrialisation of country.

ਕਹਿੰਦੇ ਹਨ ਕਿ ਜੋ ਭਾਅ ਅਸੀਂ ਘਟਾਈ ਰਖਿਆ ਹੈ, ਡਿਪਰੈਸ ਰਖਿਆ ਹੈ ਇਹ ਜ਼ਰੂਰੀ ਸੀ ਇੰਡਸਟਰੀਜ਼ ਨੂੰ ਐਫੀਸ਼ੀਐਂਟਲੀ ਰਨ ਕਰਨ ਵਾਸਤੇ । ਇਕ ਹੋਰ ਵੱਡੇ ਇਕਾਨੋਮਿਸਟ ਹਨ ਸ੍ਰੀ ਰਮੇਸ਼ ਥਾਪਰ, ਉਨ੍ਹਾਂ ਨੇ ਲਿਖਿਆ ਹੈ :—

'It is foolish to dismiss these agitations as kulakinspired. So what ? For years, the land-holding peasantry watched the townfold amass wealth and comforts. The village has remained, in comparison, something that is far removed from the twentieth century. The prices paid for agricultural produce have been severely controlled in short contrast to industrial pricing.'

Now I quote the Governor of Reserve Bank of India,

'The Governor of the Reserve Bank, Dr. I. G. Patel, rightly pointed out that agriculture is subject to the law of Diminishing Returns. This has to be borne in mind while analysing the farmers' case for higher prices for agricultural produce.'

ਸਾਨੂੰ ਤਾਂ ਇਹ ਕਹਿੰਦੇ ਹਨ ਕਿ ਅਸੀਂ 5 ਰੁਪਏ ਵਧਾ ਦਿੱਤੇ ਹਨ । ਯਸ਼ ਜੀ ਨੇ ਵੀ ਇਥੇ ਕਹਿ ਦਿੱਤਾ ਕਿ 5 ਰੁਪਏ ਵਧਾ ਦਿੱਤੇ ਹਨ । ਯਸ਼ ਜੀ, ਤੁਹਾਨੂੰ ਪਤਾ ਨਹੀਂ ਕਿ ਖੇਤੀ ਕੀ ਹੁੰਦੀ ਹੈ, ਤੁਸੀਂ ਕਦੇ ਖੇਤ ਵਿਚ ਜਾ ਕੇ ਨਹੀਂ ਦੇਖਿਆ । ਪਹਿਲਾਂ ਜਿਹੜਾ ਪੰਜ ਚਾਰ ਸਾਲ ਬਾਅਦ ਇਕ ਖਾਦ ਦਾ ਕੱਟਾ ਪਾਉਣਾ ਪੈਂਦਾ ਸੀ ਹੁਣ ਸਾਲ ਵਿਚ ਪੰਜ ਪੰਜ ਕੱਟੇ ਪਾਉਣੇ ਪੈਂਦੇ ਹਨ । ਸਪੀਕਰ ਸਾਹਿਬ, ਖਰਚਾ ਪੰਜ ਗੁਣਾ ਵਧ ਗਿਆ ਹੈ ਪਰ ਇਹ ਕਹਿ ਦਿੰਦੇ ਹਨ ਕਿ ਅਸੀਂ 5 ਰੁਪਏ ਵਧਾ ਦਿੱਤੇ ਹਨ । ਇਹ ਤਾਂ ਉਹ ਗਲ ਹੋਈ ਜਿਵੇਂ ਕਿਸੇ ਨੇ ਪਾਣੀ ਪੀਣਾ ਹੋਵੇ ਚਾਰ ਗਿਲਾਸ ਤੇ ਉਸ ਦੇ ਮੂੰਹ ਨੂੰ ਤੁਸੀਂ ਲਾ ਦਿਓ ਇਕ ਚਮਚਾ । ਚੌਧਰੀ ਸਾਹਿਬ ਹੁਣ ਸਾਡੇ ਹੱਕ ਵਿਚ ਹਨ ।

There is also the fact that the contribution of the farm sector to the gross national product had dropped from about 50% in 1973-74 to 38.6% in 1978-79 while the share of industry has steadily gone upto 61.11% (Interruption).

ਰਿਜ਼ਰਵ ਬੈਂਕ ਦੇ ਗਵਰਨਰ ਨੇ ਲਾਅ ਆਫ ਡਿਮਨਿਸ਼ਿੰਗ ਦੀ ਗੱਲ ਕੀਤੀ ਹੈ । (ਵਿਘਨ) ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਹ ਵੀ ਖਤਰੇ ਵਾਲੀ ਗੱਲ ਹੈ ਕਿ ਨੈਸ਼ਨਲ ਪ੍ਰੋਡਕਟਸ ਹੇਠਾਂ ਨੂੰ ਗਈ ਹੈ । ਇਸੇ ਤਰ੍ਹਾਂ ਇਕ ਹੋਰ ਵੱਡੇ ਇਕਾਨੋਮਿਸਟ ਹਨ He is Mr. A. K. Ganduly, former Editor af Capital. He says—

"Nobody can say that the farmers do not have a case. With prices of manufactured goods rising sharply , there has virtually been a 'Scissors' crisis"

ਇਸ ਤਰ੍ਹਾਂ ਦਰਜਨਾਂ ਅਥਾਰਟੀਜ਼ ਹਨ ਜਿਹੜੀਆਂ ਇਹ ਸਾਬਤ ਕਰਦੀਆਂ ਹਨ ਕਿ ਕਿਸਾਨਾਂ ਨੂੰ 22 ਸਾਲਾਂ ਵਿਚ ਦਬਾਈ ਰਖਿਆ ਹੈ । ਸਪੀਕਰ ਸਾਹਿਬ, ਹੁਣ ਮੈਂ ਰਿਜ਼ਰਵ ਬੈਂਕ ਤੋਂ ਕਾਂਗਰਸ ਪਾਰਟੀ ਦੀ ਜਿਹੜੀ ਮੀਟਿੰਗ ਹੋਈ ਉਸ ਵਲ ਆਉਂਦਾ ਹਾਂ । ਇਕ ਪਾਸੇ ਇਕਲਾ

ਫਿਨਾਂਸ ਮਨਿਸਟਰ ਸੀ ਅਤੇ ਦੂਜੇ ਪਾਸੇ ਸਾਰੀ ਪਾਰਟੀ ਸੀ । ਇਹ ਗੱਲ ਮੈਂ ਸੈਂਟਰਲ ਕਾਂਗਰਸ ਪਾਰਲੀਮੈਂਟਰੀ ਮੀਟਿੰਗ, ਜਿਹੜੀ ਕਿ ਪਿਛਲੇ ਦਸੰਬਰ ਵਿਚ ਹੋਈ ਸੀ, ਉਸਦੀ ਕਰ ਰਿਹਾ ਹਾਂ । ਉਸ ਵਿਚ ਇਹ ਫੈਸਲਾ ਕੀਤਾ ਹੈ ਅਤੇ ਇਸ ਦੇ ਲਈ 21 ਮੈਂਬਰੀ ਕਮੇਟੀ ਮੁਕਰੱਰ ਕਰ ਦਿਤੀ ਹੈ । ਉਸ ਵਿਚ ਉਨ੍ਹਾਂ ਨੇ ਆਗੂ ਇਹ ਕੀਤਾ ਹੈ:

It was desirable to establish parity between profit made by industry and Agriculture.

ਮੈਂ ਸਮਝਦਾ ਹਾਂ ਕਿ ਸਾਡੀ ਅਸੈਂਬਲੀ ਵਿਚੋਂ ਹਿੰਦੁਸਤਾਨ ਦੀ ਸਰਕਾਰ ਨੂੰ ਇਕ ਰੈਜੋਲਿਊਸ਼ਨ ਜਾਣਾ ਚਾਹੀਦਾ ਹੈ ਕਿ ਅੱਗੇ ਨੂੰ ਇਹ ਪ੍ਰਾਈਸਿਜ਼ ਮੁਕਰੱਰ ਹੋਣ । ਮੈਂ ਕਹਿੰਦਾ ਹਾਂ ਕਿ ਜਿਹੜਾ ਪ੍ਰਾਫਿਟ ਇੰਡਸਟਰੀ ਕਮਾਉਂਦੀ ਹੈ ਐਗਰੀਕਲਚਰ ਵਿਚ ਵੀ ਉਹੀ ਬੇਸ ਹੋਣਾ ਚਾਹੀਦਾ ਹੈ । ਇਹ ਮੂਵ ਕਰ ਦੇਣ ਸਾਨੂੰ ਕੋਈ ਇਤਰਾਜ਼ ਨਹੀਂ । ਇਸ ਨਾਲ ਸਰਦਾਰ ਦਰਬਾਰਾ ਸਿੰਘ ਦੇ ਹੱਥ ਮਜ਼ਬੂਤ ਹੋਣਗੇ । ਉਨ੍ਹਾਂ ਨੇ ਅੱਗੇ ਕਿਹਾ ਹੈ :—

In their view there was a strong case for increasing the agricultural support price. They felt that major share of the profit was taken over by the middleman.

ਇਹ ਸਾਰਿਆਂ ਨੇ ਫੈਸਲਾ ਕਰ ਲਿਆ ਹੈ ਇਸ ਵਿਚ ਦਲੀਲਾਂ ਦੇਣ ਦੀ ਲੋੜ ਨਹੀਂ ਕਿ 32 ਸਾਲਾਂ ਵਿਚ ਜੋ ਕੁਝ ਹੋਇਆ ਹੈ ਉਸ ਵਿਚ ਮਿਡਲਮੈਨ ਨੂੰ ਫਾਇਦਾ ਹੋਇਆ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜਾ ਏ. ਪੀ. ਸੀ. ਹੈ ਇਸ ਨੂੰ ਦੁਬਾਰਾ ਰੀਕਾਂਸਟੀਚਿਊਟ ਕਰ ਦਿਤਾ ਜਾਏ ਔਰ ਇਸ ਵਿਚ ਵਧੇਰੇ ਮੈਂਬਰ ਕਿਸਾਨਾਂ ਦੇ ਹੋਣੇ ਚਾਹੀਦੇ ਹਨ । ਫਿਰ ਇਹ ਕਿਹਾ:

It was pointed out that the concrete steps must be taken to meet the demand of farmers and prevent the situation going out of hand

ਇਹ ਜਿਹੜੇ ਫੈਸਲੇ ਹਨ ਇਹ ਕਾਂਗਰਸ ਕਮੇਟੀ ਦੀ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਵਿਚ ਹੋਏ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਇਹ ਮੇਰੇ ਕੋਲੋਂ ਕਨਵਿੰਸ ਹੋ ਗਏ ਕਿ ਠੱਗੀ ਜ਼ਰੂਰ ਹੋ ਰਹੀ ਹੈ । ਇਹ ਚੀਜ਼ ਇਕਾਨੋਮਿਸਟਸ ਕਹਿੰਦੇ ਹਨ, ਲੋਕ ਕਹਿੰਦੇ ਹਨ ਕਾਂਗਰਸ ਪਾਰਟੀ ਦੀ ਪਾਰਲੀਮੈਂਟ ਕਮੇਟੀ ਕਹਿੰਦੀ ਹੈ । ਇਸ ਲਈ ਹੁਣ ਬਹੁਤੀਆਂ ਦਲੀਲਾਂ ਦੀ ਲੋੜ ਨਹੀਂ । ਮੈਂ ਕਹਿੰਦਾ ਹਾਂ ਕਿ ਇਕ ਰੈਜ਼ੋਲਿਊਸ਼ਨ ਸਾਡੇ ਵਲੋਂ ਸੈਂਟਰ ਨੂੰ ਜ਼ਰੂਰ ਜਾਣਾ ਚਾਹੀਦਾ ਹੈ । ਇਥੇ ਇਹ ਵੀ ਕਿਹਾ ਗਿਆ ਕਿ ਪਹਿਲਾਂ ਕਿਸਾਨ ਦਾ ਬਹੁਤ ਨੁਕਸਾਨ ਹੋਇਆ । ਇਹ ਜਿਹੜਾ ਗਵਰਨਰ ਦਾ ਭਾਸ਼ਣ ਹੈ ਇਸ ਵਿਚ ਇਸ ਬਾਰੇ ਕਿਹਾ ਹੈ । ਪਰ ਮੈਂ ਕਹਿੰਦਾ ਹਾਂ ਕਿ ਇਹ ਪੰਜਾਬ ਦੇ ਕਿਸੇ ਪਿੰਡ ਵਿਚ ਚਲੇ ਜਾਣ ਇਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੀ ਕੀ ਹਾਲਤ ਹੈ । ਜਿਨ੍ਹਾਂ ਲੋਕਾਂ ਨੇ ਇਸ ਵਾਰੀ ਕਾਂਗਰਸ ਨੂੰ ਵੋਟਾਂ ਪਾਈਆਂ ਉਨ੍ਹਾਂ ਨੂੰ ਲੋਕ ਕਹਿੰਦੇ ਹਨ ਕਿ ਜਿਹੜੀ ਬੋਰੀ ਕਾਂਗਰਸ ਵਾਲਿਆਂ ਦੀ ਹੈ ਉਹ ਹੀ ਲਿਆ ਦੇ । ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕਿਸਾਨ ਦਾ ਨੁਕਸਾਨ ਥੋੜਾ ਹੋਇਆ ਹੈ ਮੈਂ ਕਹਿੰਦਾ ਹਾਂ ਕਿ 128 ਕਰੋੜ ਰੁਪਏ ਦਾ ਨੁਕਸਾਨ ਇਕੱਲੀ ਖਾਦ ਅਤੇ ਡੀਜ਼ਲ ਦਾ ਹੋਇਆ ਹੈ । ਇਕੱਲੇ 39 ਕਰੋੜ ਰੁਪਏ ਦੇ ਫ਼ਰਟੇਲਾਈਜ਼ਰ ਹੁਣ ਅਤੇ 46 ਕਰੋੜ ਰੁਪਏ ਦਾ ਰੱਖੀ ਸਮੇਂ ਯਾਨੀ 85 ਕਰੋੜ ਰੁਪਏ ਵੱਧ ਗਏ । 143 ਕਰੋੜ ਰੁਪਏ ਦਾ ਵੱਧ ਡੀਜ਼ਲ ਦਿਤਾ ਹੈ । ਸਪੀਕਰ ਸਾਹਿਬ, ਇਹ ਇਸ ਸਰਕਾਰ ਦੇ ਰਾਜ ਵਿਚ ਹੋਇਆ ਹੈ । ਇਹ ਦਲੀਲਾਂ ਦਿੰਦੇ ਹਨ ਕਿ ਅਸੀਂ ਗੰਨੇ ਦਾ ਭਾਅ ਜ਼ਿਆਦਾ ਦਿੱਤਾ । ਮੈਂ ਕਹਿੰਦਾ ਹਾਂ ਕਿ ਇਹ ਵੀ ਠੀਕ ਹੈ ਕਿ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਅਖੀਰ ਗੱਲ ਤਾਂ ਸਮੇਂ ਦੀ ਸਰਕਾਰ ਨੇ ਮੰਨਣੀ ਹੁੰਦੀ ਹੈ । ਇਹ ਕਰੈਡਿਟ ਲੈ ਲੈਣ ਲੋਕਾਂ ਨੂੰ ਕਰੈਡਿਟ ਨਾ ਦੇਣ । ਕਰੈਡਿਟ ਤਾਂ ਉਹ ਹੁੰਦਾ ਹੈ ਜੇ ਪਹਿਲੇ ਦਿਨ ਹੀ ਗੱਲ ਮੰਨ ਲਈ ਜਾਵੇ । ਗੱਲ ਮੰਨਣੀ ਵੀ ਅਤੇ ਉਹ ਵੀ ਮੰਗਣਾ ਪਾ ਕੇ । ਮੈਂ ਕਹਿੰਦਾ ਹਾਂ ਕਿ ਐਗਰੀਕਲਚਰਿਸਟਸ ਨਾਲ ਇਨਸਾਫ ਹੋਣਾ ਚਾਹੀਦਾ ਹੈ । ਏ. ਪੀ. ਸੀ. ਸਾਰਾ ਕੁਝ ਵੇਖ ਕੇ ਭਾਅ ਮੁਕਰਰ ਕਰਦੀ ਹੈ । ਉਸ ਨੇ ਗੰਨੇ ਦਾ ਭਾਅ ਸਾਢੇ 12 ਰੁਪਏ ਮੁਕਰਰ ਕੀਤਾ ਸੈਂਟਰਲ ਗੌਰਮਿੰਟ ਦੀ ਇਕਾਨੌਮਿਸਟਸ ਦੀ ਕਮੇਟੀ ਜਿਹੜੀ ਕਿ ਸਭ ਤੋਂ ਵੱਡੀ ਕਮੇਟੀ ਹੁੰਦੀ ਹੈ ਉਸ ਨੇ ਕਿਹਾ ਕਿ ਇਹ ਇਨਸਾਫ ਨਹੀਂ ਕੀਤਾ ਗਿਆ । ਸਰਕਾਰ ਨੂੰ ਪਤਾ ਸੀ ਕਿ 300 ਕਿਲੋਮੀਟਰ ਦਾ ਮਾਰਚ ਹੋਣਾ ਹੈ ਅਤੇ ਮਹਾਰਾਸ਼ਟਰਾ ਵਿਚ ਲੋਕ ਇਸ ਦੇ ਵਿਰੁਧ ਖੜੇ ਹੋ ਜਾਣਗੇ, ਇਸ ਲਈ ਇਕਨਾਮਿਕ ਅਫੇਅਰਜ਼ ਕਮੇਟੀ ਨੇ ਫੈਸਲਾ ਕੀਤਾ ਕਿ ਗੰਨੇ ਦਾ ਭਾਅ 13 ਰੁਪਏ ਕਰ ਦਿਤਾ ਜਾਵੇ । ਇਸ ਦੇ ਬਾਦ ਜੋ ਰੀਐਕਸ਼ਨ ਹੋਇਆ, ਸਾਡੀ ਪ੍ਰਾਈਮ ਮਨਿਸਟਰ ਸਾਹਿਬਾਂ ਜਿਨ੍ਹਾਂ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ, ਨੇ ਕਿਹਾ ਕਿ ਚੀਫ਼ ਮਨਿਸਟਰਜ਼ ਵੇਖ ਲੈਣ ਅਤੇ ਆਨਾ ਦੋ ਆਨੇ ਇਧਰ ਉਧਰ ਕਰ ਦਿਤੇ । ਇਸ ਤੇ ਸਾਰਿਆਂ ਨੇ 16 ਰੁਪਏ ਭਾਅ ਦੇ ਦਿਤਾ । ਪਰ ਇਸ ਤੇ ਜਦੋਂ ਦੇਸ਼ ਦੇ ਲੋਕਾਂ ਨੇ ਅਤੇ ਆਪੋਜ਼ੀਸ਼ਨ ਪਾਰਟੀਆਂ ਨੇ ਫੈਸਲਾ ਕੀਤਾ ਕਿ ਜਦ ਤੱਕ ਭਾਅ 25,28 ਜਾਂ 30 ਰੁਪਏ ਨਹੀਂ ਮਿਲੇਗਾ ਤਦ ਤੱਕ ਅਸੀਂ ਸਾਰੇ ਪੰਜਾਬ ਵਿਚ ਔਰ ਸਾਰੇ ਦੇਸ਼ ਵਿਚ ਕੋਈ ਮਿਲ ਨਹੀਂ ਚਲਣ ਦਿਆਂਗੇ ਤਾਂ ਜਾਂ ਕੇ ਇਹ 28 ਰੁਪਏ ਰੇਟ ਮੁਕਰਰ ਹੋਇਆ । ਮੈਂ ਵਧਾਈ ਦਿੰਦਾ ਹਾਂ ਉਨ੍ਹਾਂ ਬਹਾਦੁਰ ਲੋਕਾਂ ਨੂੰ ਜਿਨ੍ਹਾਂ ਨੇ ਆਪਣੇ ਹੱਕਾਂ ਲਈ ਲੜਾਈ ਲੜੀ, ਲਾਠੀਆਂ ਖਾਧੀਆਂ, ਜੇਲ੍ਹਾਂ ਵਿਚ ਗਏ ਅਤੇ ਫਿਰ ਜਾ ਕੇ ਇਹ ਭਾਅ ਲਿਆ । ਸਪੀਕਰ ਸਾਹਿਬ, ਮੈਂ ਇਹ ਖੇਤੀਬਾੜੀ ਦੇ ਬਾਰੇ ਗੱਲ ਤੁਹਾਡੇ ਸਾਹਮਣੇ ਰਖੀ ਹੈ ਜਿਸ ਦੇ ਬਾਰੇ ਐਡਰੈਸ ਦੇ ਡੇਢ ਦੋ ਸਫੇ ਲਿਖੇ ਹੋਏ ਹਨ ਜਿਸ ਵਿਚ ਕਿਹਾ ਗਿਆ ਹੈ ਕਿ ਅਸੀਂ ਖੇਤੀ ਵਾਸਤੇ ਇਹ ਕੀਤਾ ਉਹ ਕੀਤਾ, ਪਰ ਜਿਹੜਾ ਪੰਜਾਬ ਦੀ ਬੈਕਬੋਨ ਹੈ ਉਸ ਦੀ ਕੀ ਹਾਲਤ ਹੈ, ਉਸ ਦੀ ਕੀ ਡਿਮਾਂਡ ਹੈ ਉਸ ਬਾਰੇ ਕੁਝ ਨਹੀਂ ਲਿਖਿਆ ।

ਦੂਸਰੀ ਜਿਹੜੀ ਸਭ ਤੋਂ ਵੱਡੀ ਇੰਪਾਰਟੈਂਟ ਗੱਲ ਹੈ, ਉਹ ਮੈਂ ਸਮਝਦਾ ਹਾਂ ਕਿ ਪਾਵਰ ਦੀ ਹੈ। ਪਾਵਰ ਬਿਨਾਂ ਨਾ ਇੰਡਸਟਰੀ ਚੱਲ ਸਕਦੀ ਹੈ ਅਤੇ ਨਾ ਹੀ ਕੋਈ ਹੋਰ ਕੰਮ ਹੋ ਸਕਦਾ ਹੈ । ਜਿਥੇ ਤਕਲੀਫ਼ ਇੰਡਸਟਰੀ ਵਾਲਿਆਂ ਨੂੰ ਹੈ ਉਥੇ ਖੇਤੀ ਵਾਲਿਆਂ ਨੂੰ ਵੀ ਟਿਊਬਵੈਲਜ਼ ਵਗੈਰਾ ਲਈ ਹੈ। ਅਸੀਂ ਵੇਖਣਾ ਇਹ ਚਾਹੁੰਦੇ ਹਾਂ ਕਿ ਇਸ ਬਾਰੇ ਇਸ ਸਰਕਾਰ ਨੇ ਕੀ ਕੁਝ ਕੀਤਾ ਹੈ ਇਸ ਦੇ ਲਈ ਜੇ ਕਿਸੇ ਸਰਕਾਰ ਦਾ ਪੀਰੀਅਡ ਵੇਖਣਾ ਹੋਵੇ ਤਾਂ ਉਸ ਲਈ ਦੋ ਚੀਜ਼ਾਂ ਹੁੰਦੀਆਂ ਹਨ ਇਕ ਤਾਂ ਇਹ ਕਿ ਸਰਕਾਰ ਦੇ ਪੀਰੀਅਡ ਵਿਚ ਕਿੰਨੀ ਪਾਵਰ ਜੈਨਰੇਟ ਹੋਈ ਅਤੇ ਕਨਜ਼ਿਊਮਰ ਨੂੰ ਕਿੰਨੀ ਦਿਤੀ ਗਈ । ਮੈਂ ਇਸ ਸਬੰਧ ਵਿਚ ਪਿਛਲੇ 5 ਸਾਲਾਂ ਦਾ ਮੁਕਾਬਲਾ ਕਰਦਿਆਂ ਕਿ ਕਿਹੜੇ ਕਿਹੜੇ ਸਾਲ ਵਿਚ ਕਿੰਨੀ ਬਿਜਲੀ ਜੈਨਰੇਟ ਹੋਈ ਅਤੇ ਕਿੰਨੀ ਕਨਜ਼ਿਊਮਰਜ਼ ਨੂੰ ਦਿਤੀ ਗਈ । ਜੇਕਰ ਅਸੀਂ ਸੋਚਾਂ ਵਿਚ ਪੈ ਰਹੇ ਤਾਂ ਮਸਲਾ ਬਹੁਤ ਗੰਭੀਰ ਹੋ ਜਾਣਾ ਹੈ ਔਰ ਇਹ ਜਿਹੜਾ ਕਰਾਈਸਿਜ਼ ਹੈ ਇਹ ਬਹੁਤ ਜ਼ਿਆਦਾ ਹੋ ਜਾਣਾ ਹੈ । ਅੱਜ ਸਾਡੇ 300 ਯੂਨਿਟ ਪਰ ਕੈਪਿਟਾ ਦੀ ਕਨਜ਼ੰਪਸ਼ਨ ਹੈ ਜਦ ਕਿ ਐਡਵਾਂਸਡ ਕੰਟਰੀਜ਼ ਵਿਚ ਪਰ ਕੈਪਿਟਾ ਕਨਜ਼ੰਪਸ਼ਨ 4,000 ਯੂਨਿਟ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਬਿਜਲੀ ਦੀ ਜੈਨਰੇਸ਼ਨ ਲਈ ਸਾਨੂੰ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ । ਜਿਹੜੇ ਵੀ ਕਿਸੇ ਸੋਰਸ ਤੋਂ ਬਿਜਲੀ ਪੈਦਾ ਹੋ ਸਕਦੀ ਹੈ ਉਹ ਸਾਨੂੰ ਛੱਡਣਾ ਨਹੀਂ ਚਾਹੀਦਾ, ਟੈਪ ਕਰਨਾ ਚਾਹੀਦਾ

ਹੈ । ਮੈਂ ਹੁਣ ਪਿਛਲੇ 5 ਸਾਲਾਂ ਦੀ ਗੱਲ ਕਰਦਾ ਹਾਂ । 1977-78 ਵਿਚ ਸਾਥੋਂ ਆਉਣ ਤੋਂ ਇਕ ਸਾਲ ਪਹਿਲਾਂ ਨਵੀਂ ਜੈਨਰੇਸ਼ਨ ਦਾ ਤਾਂ ਨਾਂ ਹੀ ਨਹੀਂ ਸੀ । ਫਿਰ 1977-78 ਅਤੇ 1978-79 ਜਦੋਂ ਸਾਨੂੰ ਸੇਵਾ ਕਰਨ ਦਾ ਮੌਕਾ ਮਿਲਿਆ, ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਪੀਰੀਅੱਡ ਸੀ ਇਸ ਸਰਕਾਰ ਵੇਲੇ ਜੋ ਬਿਜਲੀ ਜੈਨਰੇਟ ਹੋਈ ਉਸ ਨੇ ਸਾਰੇ ਰਿਕਾਰਡ ਮਾਤ ਕਰ ਦਿਤੇ । ਸਾਡੇ ਵੇਲੇ ਕੀ ਹੋਇਆ ਸੀ, ਉਹ ਵੀ ਵੇਖ ਲਓ । (ਵਿਘਨ) ਜੇ, ਸਪੀਕਰ ਸਾਹਿਬ, ਮੈਂ ਸਾਰੀ ਹਿਸਟਰੀ ਖੋਲ੍ਹ ਕੇ ਦੱਸਾਂ ਫਿਰ ਤਾਂ ਇਸ ਦੀ ਡਿਬੇਟ ਲਈ ਇਕ ਦਿਨ ਰੱਖ ਲਓ । ਜੋ ਤਿੰਨ ਸਾਲਾਂ ਵਿਚ ਅਕਾਲੀ ਪਾਰਟੀ ਦੀ ਸਰਕਾਰ ਨੇ ਕੀਤਾ ਅਤੇ ਜੋ ਕਾਂਗਰਸ ਦੀ ਸਰਕਾਰ ਨੇ ਕੀਤਾ ਹੈ, ਇਸ ਬਾਰੇ ਮੈਂ ਚੈਲਜ ਕਰਦਾ ਹਾਂ ਕਿ ਡਿਬੇਟ ਰੱਖ ਲਈ ਜਾਵੇ । ਮੈਂ ਦਸਾਂਗਾ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਕੀ ਕੀਤਾ ਅਤੇ ਚੀਫ ਮਨਿਸਟਰ ਸਾਹਿਬ ਦੱਸ ਦੇਣਗੇ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀ ਕੀਤਾ ਹੈ

ਸਪੀਕਰ ਸਾਹਿਬ, ਬਠਿੰਡੇ ਦੇ ਥਰਮਲ ਪਲਾਂਟ ਦੇ ਦੋ ਯੂਨਿਟ ਅਸੀਂ ਐਡ ਕੀਤੇ । ਪਰ ਅੱਜ ਕੀ ਹਾਲਤ ਹੈ ? ਕਦੇ ਦੋ ਯੂਨਿਟ ਬੰਦ ਰਹਿੰਦੇ ਹਨ ਅਤੇ ਕਦੇ ਚਾਰੇ ਯੂਨਿਟ ਬੰਦ ਹੋ ਜਾਂਦੇ ਹਨ । ਇਨ੍ਹਾਂ ਦੋ ਯੂਨਿਟਾਂ ਤੋਂ 200 ਮੈਗਾਵਾਟ ਬਿਜਲੀ ਜੈਨਰੇਟ ਹੋਈ । ਮੈਂ ਇਹ ਵੀ ਮਾਣ ਨਾਲ ਕਹਿ ਸਕਦਾ ਹਾਂ ਕਿ ਥਰਮਲ ਪਲਾਂਟ, ਬਠਿੰਡਾ ਬਣਾਉਣ ਦਾ ਸੇਹਰਾ ਵੀ ਅਕਾਲੀ ਪਾਰਟੀ ਦੇ ਚੀਫ ਮਨਿਸਟਰ, ਸਰਦਾਰ ਗੁਰਨਾਮ ਸਿੰਘ ਨੂੰ ਸੀ । ਉਦੋਂ ਵੀ ਇਹ ਕਹਿੰਦੇ ਹੁੰਦੇ ਸਨ ਕਿ ਮਨਜ਼ੂਰੀ ਤਾਂ ਨਹੀਂ । ਸਰਦਾਰ ਗੁਰਨਾਮ ਸਿੰਘ ਨੇ ਕਿਹਾ ਕਿ ਮਨਜ਼ੂਰੀ ਆਪਣੇ ਆਪ ਆਉਂਦੀ ਰਹੇਗੀ, ਥਰਮਲ ਪਲਾਂਟ ਲਾ ਦਿੱਤਾ ਜਾਵੇ ।

ਇਕ ਆਵਾਜ਼ : ਪਰ ਉਨ੍ਹਾਂ ਦੀ ਸਰਕਾਰ ਕਿਸ ਨੇ ਤੋੜੀ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜਿਹੜੇ ਉਨ੍ਹਾਂ ਦੇ ਸਲਾਹਕਾਰ ਸਨ, ਸ਼ਾਇਦ ਉਨ੍ਹਾਂ ਦਾ ਇਸ ਵਿਚ ਜ਼ਿਆਦਾ ਹੱਕ ਹੋਵੇ । ਹਾਈਡਰੋ ਬਿਜਲੀ ਇਥੇ 377 ਮੈਗਾਵਾਟ ਪੈਦਾ ਹੁੰਦੀ ਸੀ । ਰੈਨੋਵੇਸ਼ਨ ਕਰਕੇ ਇਹ 690 ਮੈਗਾਵਾਟ ਸਾਡੀ ਸਰਕਾਰ ਵੇਲੇ ਹੋ ਗਈ ਅਤੇ ਇਸ ਤਰ੍ਹਾਂ ਇਤਨੀ ਬਿਜਲੀ ਨਵੀਆਂ ਤਾਰਾਂ ਵਿਚ ਪੰਜਾਬ ਵਿਚ ਆਈ । ਪਰ, ਸਪੀਕਰ ਸਾਹਿਬ, ਹੁਣ ਦੀ ਸਰਕਾਰ ਦਾ ਪ੍ਰੋਗਰਾਮ ਵੇਖ ਲਉ । ਮੈਂ ਸਾਰਾ ਐਡਰੈਸ ਪੜ੍ਹਿਆ ਅਤੇ ਲੱਭਣ ਦੀ ਕੋਸ਼ਿਸ਼ ਕੀਤੀ । ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਬਿਜਲੀ ਦੀ ਕੋਈ ਨਵੀਂ ਜੈਨਰੇਸ਼ਨ ਦੀ ਸਕੀਮ ਨਹੀਂ ਹੈ । ਇਹ ਲਿਖਿਆ ਹੈ ਕਿ ਕੋਸ਼ਿਸ਼ ਕਰਾਂਗੇ ਕਿ ਕਿਧਰੋਂ ਮਿਲ ਜਾਵੇ । ਲੁੱਟ ਤਾਂ ਕੋਈ ਹੈ ਨਹੀਂ ਇਥੇ ਜੋ ਕਿਧਰੋਂ ਇਨ੍ਹਾਂ ਨੂੰ ਵੱਧ ਬਿਜਲੀ ਮਿਲ ਜਾਵੇਗੀ । ਕੋਈ ਨਵੀਂ ਬਿਜਲੀ ਦੀ ਜੈਨਰੇਸ਼ਨ ਇਨ੍ਹਾਂ ਨੇ ਨਹੀਂ ਕਰਨੀ । ਇਕੋਨੋਮੀ ਵਿਚ ਇਕ ਅਹਿਮ ਚੀਜ਼ ਵੇਖਣ ਵਾਲੀ ਇਹ ਵੀ ਹੁੰਦੀ ਹੈ ਕਿ ਪਹਿਲੇ ਸਾਲ ਨਾਲੋਂ ਦੂਜੇ ਸਾਲ ਵਿਚ ਜੈਨਰੇਸ਼ਨ ਵੱਧ ਹੋਵੇ ਅਤੇ ਦੂਜੇ ਸਾਲ ਨਾਲੋਂ ਤੀਜੇ ਸਾਲ ਵਿਚ ਵੱਧ ਹੋਵੇ । ਪਰ ਜੇ ਪਿਛਾਂਹ ਵਲ ਹੀ ਕੰਮ ਜਾਣ ਲਗ ਪਵੇ ਤਾਂ ਫਿਰ ਉਸ ਸਰਕਾਰ ਨੂੰ ਸਰਕਾਰ ਕਹਾਉਣ ਦਾ ਕੋਈ ਹੱਕ ਨਹੀਂ । ਜਿਹੜਾ ਇਲੈਕਸ਼ਨਾਂ ਵਿਚ ਪਰਫਾਰਮਿੰਗ ਗੌਰਮਿੰਟ ਦਾ ਨਾਅਰਾ ਲਾਇਆ ਸੀ, ਉਹ ਠੀਕ ਸਾਬਤ ਨਹੀਂ ਹੋਇਆ । ਸਪੀਕਰ ਸਾਹਿਬ, ਅਸੀਂ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

1977-78 ਵਿਚ ਕਿਤਨੇ ਟਿਊਬਵੈਲਾਂ ਨੂੰ ਕੁਨੈਕਸ਼ਨ ਦਿੱਤੇ ਸਨ ? ਅਸੀਂ 1977-78 ਵਿਚ 28,000, 1978-79 ਵਿਚ 32,000 ਅਤੇ 1979-80 ਵਿਚ 30,000 ਟਿਊਬਵੈਲਾਂ ਨੂੰ ਕੁਨੈਕਸ਼ਨ ਦਿੱਤੇ । ਇਸ ਨਾਲੋਂ ਪਹਿਲਾਂ 10 ਜਾਂ 20 ਹਜ਼ਾਰ ਤਕ ਇਕ ਸਾਲ ਵਿਚ ਟਿਊਬਵੈਲ ਕੁਨੈਕਸ਼ਨ ਦਿੱਤੇ ਜਾਂਦੇ ਰਹੇ ਹਨ ।

ਸ੍ਰੀ ਸਪੀਕਰ : ਤੁਸੀਂ, ਬਾਦਲ ਸਾਹਿਬ, ਹੁਣ ਵਾਈਂਡ ਅੱਪ ਕਰੋ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਬੋਲ ਰਿਹਾ ਹਾਂ । ਸਪੀਕਰ ਸਾਹਿਬ, ਹੁਣ ਇਨ੍ਹਾਂ ਦੀ ਸਰਕਾਰ ਦੇ ਵੇਲੇ ਦੀ ਗੱਲ ਲੈ ਲਓ । ਇਨ੍ਹਾਂ ਨੇ ਟਾਰਗੈਟ ਹੀ 30,000 ਤੋਂ ਘਟਾ ਕੇ 20,000 ਕੁਨੈਕਸ਼ਨ ਟਿਊਬਵੈਲਾਂ ਨੂੰ ਦੇਣ ਦਾ ਰੱਖਿਆ ਹੈ । ਇਸ ਤਰ੍ਹਾਂ 10,000 ਕੁਨੈਕਸ਼ਨ ਟਿਊਬਵੈਲਾਂ ਨੂੰ ਇਨ੍ਹਾਂ ਨੇ ਘਟ ਦੇਣ ਦਾ ਟੀਚਾ ਰੱਖਿਆ ਹੈ । ਅਜੇ ਇਹ 18,000 ਤਕ ਵੀ ਨਹੀਂ ਪਹੁੰਚੇ । ਜੇ ਇਹ 20,000 ਦਾ ਟਾਰਗੈਟ ਕੰਪਲੀਟ ਵੀ ਕਰ ਲੈਣ ਤਾਂ ਵੀ ਸਾਡੇ ਨਾਲੋਂ ਘੱਟ ਕੁਨੈਕਸ਼ਨ ਦੇਣਗੇ । ਅਸੀਂ, ਸਪੀਕਰ ਸਾਹਿਬ, ਇੰਡਸਟਰੀਅਲ ਕੁਨੈਕਸ਼ਨ ਆਪਣੇ ਸਮੇਂ ਵਿਚ 3,000 ਜਾਂ 3,500 ਇਕ ਸਾਲ ਵਿਚ ਦਿੱਤੇ । ਪਰ ਇਨ੍ਹਾਂ ਨੇ ਟਾਰਗੈਟ ਹੀ 2,000 ਇੰਡਸਟਰੀਅਲ ਕੁਨੈਕਸ਼ਨ ਦੇਣ ਦਾ ਇਕ ਸਾਲ ਦਾ ਰੱਖਿਆ ਹੈ । ਇਸ ਤਰ੍ਹਾਂ ਇੰਡਸਟਰੀਅਲ ਕੁਨੈਕਸ਼ਨ ਵੀ 1,000 ਘੱਟ ਇਨ੍ਹਾਂ ਨੇ ਦੇਣੇ ਹਨ । ਜਨਰਲ ਕਨਜ਼ਿਊਮਰਜ਼ ਨੂੰ ਅਸੀਂ 1,25,000 ਕੁਨੈਕਸ਼ਨ ਦਿੰਦੇ ਸੀ ਪਰ ਇਨ੍ਹਾਂ ਨੇ ਇਕ ਸਾਲ ਵਿਚ 1 ਲੱਖ ਕੁਨੈਕਸ਼ਨਜ਼ ਜਨਰਲ ਕਨਜ਼ਿਊਮਰਜ਼ ਨੂੰ ਦੇਣ ਦਾ ਟਾਰਗੈਟ ਰੱਖਿਆ ਹੈ । ਨਾ ਬਿਜਲੀ ਦੀ ਜੈਨਰੇਸ਼ਨ ਵੱਧ ਹੋਵੇ ਅਤੇ ਨਾ ਹੀ ਲੋਕਾਂ ਨੂੰ ਵੱਧ ਬਿਜਲੀ ਮਿਲੇ । ਫਿਰ ਵੀ ਇਹ ਕਹਿਣ ਅਸੀਂ ਪਾਵਰ ਦੀ ਜੈਨਰੇਸ਼ਨ ਵਾਸਤੇ ਬਹੁਤ ਕੁਝ ਕਰ ਰਹੇ ਹਾਂ ਤਾਂ ਇਹ ਠੀਕ ਨਹੀਂ ਹੈ । ਸਪੀਕਰ ਸਾਹਿਬ, ਬਠਿੰਡੇ ਥਰਮਲ ਪਲਾਂਟ ਦੀ ਜੈਨਰੇਸ਼ਨ ਆਫ ਪਾਵਰ ਬਹੁਤ ਘੱਟ ਗਈ ਹੈ । ਮੈਂ ਪਿਛਲੇ ਦਿਨੀਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਉਥੇ ਇਹ 40% ਹੀ ਰਹਿ ਗਈ ਹੈ । ਇਸ ਨੂੰ ਤਾਂ ਫਿਰ ਥਰਮਲ ਪਲਾਂਟ ਨਹੀਂ ਕਿਹਾ ਜਾ ਸਕਦਾ । ਇਹ ਤਾਂ ਕਬਾੜੀਏ ਦੀ ਦੁਕਾਨ ਹੀ ਕਹੀ ਜਾ ਸਕਦੀ ਹੈ । ਜਿਹੜੀਆਂ ਇੰਜਨੀਅਰਜ਼ ਦੀਆਂ ਡਿਮਾਂਡਾਂ ਹਨ ਉਨ੍ਹਾਂ ਨੂੰ ਮੰਨ ਲਓ ਅਤੇ ਉਨਾਂ ਨੂੰ ਖੁਸ਼ ਕਰਕੇ ਥਰਮਲ ਪਲਾਂਟ ਨੂੰ ਚਲਾਓ ਤਾਂ ਕਿ ਸੂਬੇ ਦੀ ਜਨਤਾ ਨੂੰ ਰਿਲੀਫ ਮਿਲ ਸਕੇ । ਸਾਡੇ ਕੋਲ ਬੜੇ ਲਿਮਿਟਿਡ ਸੋਰਸਜ ਹਨ । ਯੂ. ਬੀ. ਡੀ. ਸੀ. ਦਾ ਪ੍ਰਾਜੈਕਟ ਬਹੁਤ ਦੇਰ ਦਾ ਸੈਂਕਸ਼ਨ ਕਰਵਾਇਆ ਹੋਇਆ ਹੈ । 15 ਮੈਗਾਵਾਟ ਦਾ ਇਹ ਪ੍ਰਾਜੈਕਟ ਅਪੂਰਵ ਹੋਇਆ ਪਿਆ ਹੈ । ਜਿਥੇ ਹਾਈਡਲ ਪਾਵਰ ਜੈਨਰੇਟ ਹੋਣੀ ਹੋਵੇ ਅਤੇ ਕਿਸੇ ਦੂਜੀ ਸਟੇਟ ਦਾ ਕੋਈ ਝਗੜਾ ਨਾ ਹੋਵੇ, ਉਹ ਤਾਂ ਗੌਰਮਿੰਟ ਨੂੰ ਫੌਰਨ ਲਾਉਣਾ ਚਾਹੀਦਾ ਹੈ । ਇਹ ਯੂ. ਬੀ. ਡੀ. ਸੀ. ਪ੍ਰਾਜੈਕਟ ਦੀ ਦੂਜੀ ਸਟੇਜ ਹੈ । 45 ਮੈਗਾਵਾਟ ਦਾ ਪ੍ਰਾਜੈਕਟ ਹੈ । ਇਹ ਛੇਤੀ ਤਿਆਰ ਕਰਵਾਉਣੀ ਚਾਹੀਦੀ ਹੈ । ਮੁਕੇਰੀਆਂ ਹਾਈਡਲ ਪ੍ਰਾਜੈਕਟ, ਜਦੋਂ ਮੈਂ ਮੁੱਖ ਮੰਤਰੀ ਸਾਂ, ਉਦੋਂ ਉਥੇ ਜਾ ਕੇ ਆਇਆ ਸੀ । ਹੁਣ ਉਥੇ ਦੇ ਲੋਕਾਂ ਨੇ ਮੈਨੂੰ ਦੱਸਿਆ ਹੈ ਕਿ ਜਿਹੜੀ ਜ਼ਮੀਨ ਖਰੀਦਣੀ ਸੀ ਸੈਕੰਡ ਸਟੇਜ ਵਾਸਤੇ ਉਹ ਵੀ ਨਹੀਂ ਖਰੀਦੀ ਗਈ । ਉਸ ਦਾ ਤਾਂ ਥੀਨ ਡੈਮ ਵਾਂਗ ਕੋਈ ਝਗੜਾ ਨਹੀਂ ਹੈ । ਮੁਕੇਰੀਆਂ ਹਾਈਡਲ ਪ੍ਰਾਜੈਕਟ ਸਭ ਤੋਂ ਵਧੀਆ ਸਕੀਮ ਹੈ । ਇਸ ਵੱਲ ਸਰਕਾਰ ਧਿਆਨ ਦੇਵੇ ਅਤੇ ਉਸਨੂੰ ਜਲਦੀ ਤੋਂ ਜਲਦੀ ਕੰਪਲੀਟ ਕੀਤਾ ਜਾਵੇ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਰੋਪੜ ਥਰਮਲ ਪਲਾਂਟ ਹੈ ਜਿਸਦਾ ਬੁਨਿਆਦੀ ਪੱਥਰ ਰੱਖਿਆ ਗਿਆ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੀ ਪ੍ਰਧਾਨ ਮੰਤਰੀ ਉਥੇ ਆਏ ਅਤੇ ਉਨ੍ਹਾਂ ਨੇ ਇਸ ਸਕੀਮ ਦੀ ਸ਼ੁਰੂਆਤ ਕੀਤੀ। ਜਿਹੜੀਆਂ ਸਕੀਮਾਂ ਅਸੀਂ ਮਨਜ਼ੂਰ ਕਰਵਾਈਆਂ ਸਨ ਅਤੇ ਜਿਹੜੀਆਂ ਸਾਡੇ ਦਿਮਾਗ ਵਿਚ ਕਾਢਾਂ ਸਨ, ਇਨ੍ਹਾਂ ਨੂੰ ਇਹ ਹੁਣ ਸ਼ੁਰੂ ਕਰਨ ਲੱਗੇ ਹਨ। ਇਸੇ ਤਰ੍ਹਾਂ ਹਰੀਜਨ ਭਰਾਵਾਂ ਵਾਸਤੇ ਇੰਟਰੈਸਟ ਫਰੀ ਲੋਨ ਦੇਣ ਦਾ ਪ੍ਰੋਗਰਾਮ ਜਿਹੜਾ ਕਿ ਸਰਦਾਰ ਦਰਬਾਰਾ ਸਿੰਘ ਨੇ ਆਪਣੀ ਕੰਸਟੀਚਿਊਐਂਸੀ ਵਿਚ ਸ਼ੁਰੂ ਕੀਤਾ ਹੈ ਉਹ ਵੀ ਅਕਾਲੀ ਪਾਰਟੀ ਦੀ ਹੀ ਸਕੀਮ ਸੀ। (ਥੰਪਿੰਗ) ਸਾਨੂੰ ਇਹ ਵੀ ਮਾਣ ਹੈ ਕਿ ਫਿਲੌਰ ਦਾ ਸ਼ਹਿਰ ਡਿਵੈਲਪ ਕੀਤਾ ਜਾ ਰਿਹਾ ਹੈ। ਭਾਵੇਂ ਇਹ ਹੁਣ ਕਰੈਡਿਟ ਲੈ ਲੈਣ, ਪਰ ਸਕੀਮ ਤਾਂ ਅਸੀਂ ਹੀ ਇਹ ਬਣਾਈ ਸੀ। ਸਾਡੇ ਕੋਲ ਟਾਈਮ ਕਾਫੀ ਨਹੀਂ ਸੀ। ਦੋ ਚੀਜ਼ਾਂ ਦੀ ਲੋੜ ਹੁੰਦੀ ਹੈ। ਇਕ ਤਾਂ ਕਾਫੀ ਟਾਈਮ ਹੋਵੇ ਦੂਜਾ ਹਮਦਰਦੀ ਹੋਵੇ। ਇਕ ਤਾਂ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਨਹੀਂ ਦੂਜਾ ਇਨ੍ਹਾਂ ਦਾ ਅੱਧਾ ਟਾਈਮ ਦਿੱਲੀ ਵਿਚ ਲੰਘ ਜਾਂਦਾ ਹੈ।

ਮੁੱਖ ਮੰਤਰੀ (ਬੈਠੇ ਬੈਠੇ) : ਡਿਸਟੈਂਸ ਦਾ ਹੀ ਫਰਕ ਹੈ। ਤੁਸੀਂ ਅੰਮ੍ਰਿਤਸਰ ਟਾਈਮ ਲਗਾਉਂਦੇ ਹੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੇ ਅੰਮ੍ਰਿਤਸਰ ਜਾਵਾਂਗੇ ਤਾਂ ਰੱਬ ਦਾ ਖੌਫ ਖਾਵਾਂਗੇ। ਅਸੀਂ ਆਪਣੀ ਸਟੇਟ ਦੇ ਵਿਚ ਤਾਂ ਰਹਿੰਦੇ ਹਾਂ। ਸਪੀਕਰ ਸਾਹਿਬ, ਜਿਥੇ ਪੰਜਾਬ ਦੇ ਹਿੱਤ ਦੀ ਗੱਲ ਹੋਵੇ ਇਹ ਸਾਨੂੰ ਵੰਗਾਰ ਲੈਣ, ਅਸੀਂ ਪੰਜਾਬ ਦੇ ਹਿੱਤ ਵਾਸਤੇ ਆਪਣਾ ਖੂਨ ਵੀ ਜੇ ਇਹ ਮੰਗਣਗੇ ਤਾਂ ਦੇਵਾਂਗੇ। ਪਰ ਜਿਥੇ ਬੇਇਨਸਾਫੀ ਹੋਵੇਗੀ, ਉਹ ਬਰਦਾਸ਼ਤ ਨਹੀਂ ਕਰਾਂਗੇ। ਬੇਇਨਸਾਫੀਆਂ ਪਹਿਲਾਂ ਵੀ ਹੋਈਆਂ ਹੋਣਗੀਆਂ। ਪਰ ਅੱਜ ਕਾਂਗਰਸ ਦੇ ਰਾਜ ਵਿਚ ਪੰਜਾਬ ਲੁਟਿਆ ਜਾ ਰਿਹਾ ਹੈ। ਮੁਸ਼ਕਲ ਇਹ ਹੈ ਕਿ ਉਥੇ ਗੱਲ ਕਹਿਣ ਵਾਲਾ ਕੋਈ ਨਹੀਂ। ਜਿਵੇਂ ਸਰਕਸ ਵਿਚ ਜਾਓ ਤਾਂ ਉਥੇ ਸ਼ੇਰ ਵੀ ਘਬਰਾਉਂਦੇ ਹਨ। ਇਸ ਤਰ੍ਹਾਂ ਇਥੇ ਚਾਹੇ ਇਹ ਪੰਜਾਬ ਦੇ ਸ਼ੇਰ ਬਣ ਜਾਣ ਪਰ ਉਥੇ ਜਾ ਕੇ ਇਹ ਢਿੱਲੇ ਪੈ ਜਾਂਦੇ ਹਨ। ਇਕ ਨਵਾਂ ਭੈੜਾ ਫੈਸਲਾ ਹੋਇਆ ਹੈ। ਨਾਥਪਾ-ਝਾਖੜੀ ਪ੍ਰਾਜੈਕਟ ਦਰਿਆ ਸਤਲੁਜ ਤੇ ਬਣਾਇਆ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਸਾਡਾ ਗੁਆਂਢੀ ਸੂਬਾ ਹੈ। ਉਨ੍ਹਾਂ ਕੋਲ ਬੜੇ ਸੋਰਸਿਜ਼ ਹਨ। ਸਾਨੂੰ ਉਨ੍ਹਾਂ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ। ਉਸ ਵਿਚ ਹਿਮਾਚਲ ਪ੍ਰਦੇਸ਼ ਦਾ ਹੱਕ ਸੀ। ਮੈਂ ਸਮਝਦਾ ਹਾਂ ਕਿ ਸਾਰੇ ਹਿੰਦੁਸਤਾਨ ਦਾ ਹੱਕ ਬਣਦਾ ਹੋਵੇ ਤਾਂ ਅਸੀਂ ਦੇਣ ਨੂੰ ਤਿਆਰ ਹਾਂ ਲੇਕਿਨ ਇਥੇ ਹੋਇਆ ਕੀ ? ਹੋਇਆ ਇਹ ਕਿ ਜਿਹੜੀ ਬਿਜਲੀ ਇਥੋਂ ਨਿਕਲਣੀ ਹੈ ਜਿਸ ਲਈ ਪੰਜਾਬ ਦਾ ਰਿਪੇਰੀਅਨ ਹੱਕ ਸੀ, ਉਸ ਬਾਰੇ ਸੈਂਟਰ ਦੀ ਸਰਕਾਰ ਨੇ ਫੈਸਲਾ ਕਰ ਲਿਆ ਕਿ ਪੰਜਾਬ ਨੂੰ ਕੋਈ ਬਿਜਲੀ ਨਹੀਂ ਮਿਲੇਗੀ। ਉਸ ਵਿਚ ਕਿਹੜੇ ਕਿਹੜੇ ਹਿੱਸੇਦਾਰ ਹੋਣਗੇ ? ਲਉ, ਸਪੀਕਰ ਸਾਹਿਬ, ਇਹ ਵੀ ਸੁਣ ਲਵੋ। ਸਾਨੂੰ ਗੁੱਸਾ ਨਾ ਹੁੰਦਾ ਜੇਕਰ ਇਸ ਵਿਚੋਂ ਹਿਮਾਚਲ ਪ੍ਰਦੇਸ਼ ਨੂੰ ਹਿੱਸਾ ਦਿੱਤਾ ਜਾਂਦਾ, ਸਾਨੂੰ ਘੱਟ ਗੁੱਸਾ ਹੁੰਦਾ ਜੇਕਰ ਹਰਿਆਣਾ ਹਿੱਸਾ ਲੈ ਜਾਂਦਾ, ਪਰ ਸਾਨੂੰ ਗੁੱਸਾ ਇਸ ਕਰਕੇ ਹੈ ਕਿ ਯੂ.ਪੀ. ਨੂੰ ਉਸ ਵਿਚੋਂ ਬਿਜਲੀ ਦਿੱਤੀ ਜਾਣੀ ਹੈ ਔਰ ਦਿੱਲੀ ਦੀ ਕਾਰਪੋਰੇਸ਼ਨ ਹੈ, ਉਸ ਦਾ ਮੈਂ ਨਾਉਂ ਭੁੱਲ ਗਿਆ ਹਾਂ, "ਨੈਸ਼ਨਲ ਹਾਈਡਲ ਪਾਵਰ ਪ੍ਰਾਜੈਕਟ ਕਾਰਪੋਰੇਸ਼ਨ", ਇਸ ਵਿਚ ਉਨ੍ਹਾਂ ਦਾ ਵੀ ਹਿੱਸਾ ਰੱਖਿਆ ਹੈ। ਬਦਕਿਸਮਤੀ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਾਡੀ ਇਹ ਹੈ ਕਿ ਪਲਾਨਿੰਗ ਯੂ.ਪੀ. ਮਨਿਸਟਰ ਦੇ ਹਨ ਔਰ ਜੇਕਰ ਉਹ ਕੋਈ ਗੱਲ ਸੋਚਦੇ ਹਨ ਤਾਂ ਆਪਣੀ ਸਟੇਟ ਲਈ ਸੋਚਦੇ ਹਨ। ਸਪੀਕਰ ਸਾਹਿਬ, ਪਲਾਨਿੰਗ ਮਨਿਸਟਰ ਬਾਰੇ ਅਗਰ ਕੋਈ ਗਲ ਗਲਤ ਕਹੀ ਗਈ ਤੁਸੀਂ ਸਮਝੋ ਤਾਂ ਬੇਸ਼ਕ ਕਾਰਵਾਈ ਵਿਚੋਂ ਕਟਵਾ ਦਿਓ, ਮੇਰਾ ਉਨ੍ਹਾਂ ਦੀ ਜਾਤ ਨਾਲ ਕੋਈ ਗਿਲਾ ਨਹੀਂ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਜਿਹੜੇ ਇਸ ਦੇ ਜ਼ਿਮੇਵਾਰ ਹਨ ਉਨ੍ਹਾਂ ਨੇ ਕਿਹਾ ਕਿ ਮਨਜ਼ੂਰੀ ਇਸ ਪ੍ਰਾਜੈਕਟ ਦੀ ਤਾਂ ਦੇਵਾਂਗੇ ਜੇਕਰ ਇਸ ਵਿਚੋਂ ਯੂ.ਪੀ. ਨੂੰ ਵੀ ਬਿਜਲੀ ਮਿਲੇ। ਇਸ ਤਰ੍ਹਾਂ ਹੀ ਦਿੱਲੀ ਵਾਲਿਆਂ ਵੀ ਕੀਤਾ। ਸਪੀਕਰ ਸਾਹਿਬ, ਮੈਂ ਜੰਮੂ ਅਤੇ ਕਸ਼ਮੀਰ ਦੇ ਬਾਰਡਰ ਤੇ ਜਾ ਕੇ ਵੀ ਵੇਖਿਆ ਹੈ ਔਰ ਮੈਂ ਸਮਝਦਾ ਹਾਂ ਕਿ ਉਥੇ ਇਸ ਤਰ੍ਹਾਂ ਦੇ ਪ੍ਰਾਜੈਕਟਾਂ ਦਾ ਕਾਫੀ ਸਕੋਪ ਹੈ, ਹਿਮਾਚਲ ਵਿਚ ਵੀ ਕਾਫੀ ਸਕੋਪ ਹੈ, ਔਰ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਦੀ ਬਿਜਲੀ ਦੀ ਲੋੜ ਨੂੰ ਮੁੱਖ ਰੱਖ ਕੇ ਸਾਨੂੰ ਹੋਰ ਬਿਜਲੀ ਵਾਸਤੇ ਹਰ ਉਪਰਾਲਾ ਕਰਨਾ ਚਾਹੀਦਾ ਹੈ। ਪਰ ਦੂਜੇ ਪਾਸੇ, ਸਪੀਕਰ ਸਾਹਿਬ, ਸਾਡੀ ਬਦਕਿਸਮਤੀ ਹੀ ਕਹਿ ਲਵੋ ਕਿ ਸਾਡੇ ਪਾਸੋਂ ਨਾਥਪਾ-ਝਾਖੜੀ ਪ੍ਰਾਜੈਕਟ ਖੋਹਿਆ ਜਾ ਰਿਹਾ ਹੈ। ਇਸ ਲਈ ਸਾਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਅਸੈਂਬਲੀ ਵੱਲੋਂ ਵੀ ਇਕ ਰੈਜ਼ੋਲਿਊਸ਼ਨ ਇਸ ਦੇ ਬਾਰੇ ਹੋਣਾ ਚਾਹੀਦਾ ਹੈ ਕਿ ਸਾਨੂੰ ਉਥੋਂ ਹਿੱਸਾ ਮਿਲਣਾ ਚਾਹੀਦਾ ਹੈ।

ਫਿਰ, ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਔਰ ਦੱਸਦਾ ਹਾਂ ਕਿ ਵਿਚਾਰੇ ਗਰੀਬ ਕਿਸਾਨ ਦਾ, ਖੇਤੀ ਬਾੜੀ ਕਰਨ ਵਾਲੇ ਦਾ ਕਿਸ ਤਰ੍ਹਾਂ ਦਿੱਲੀ ਵਿਚ ਬੈਠੇ ਵੱਡੇ ਵੱਡੇ ਲੋਕ ਖੂਨ ਚੂਸ ਲੈਂਦੇ ਹਨ। ਸੈਂਟਰ ਵਾਲੇ ਕਹਿੰਦੇ ਹਨ ਕਿ ਇਕ ਨੈਸ਼ਨਲ ਗ੍ਰਿੱਡ ਬਣਾ ਲਵੋ ਦਿੱਲੀ ਵਿਚ ਔਰ ਜਿਸ ਤਰ੍ਹਾਂ ਮਰਜ਼ੀ ਹੋਵੇ ਬਿਜਲੀ ਦੀ ਵੰਡ ਕਰੀ ਜਾਵੇ। ਇਸ ਤਰ੍ਹਾਂ ਨਾਲ ਇਹ ਹੋਵੇਗਾ ਕਿ ਪੰਜਾਬ ਦਾ ਕਿਸਾਨ ਬਿਜਲੀ ਤੋਂ ਤਰਸਦਾ ਫਿਰੇਗਾ ਔਰ ਦਿੱਲੀ ਵਿਚ ਬੈਠੇ ਲੋਕ ਜਿਸ ਨੂੰ ਦਿਲ ਕਰੇਗਾ ਬਿਜਲੀ ਦੇਣਗੇ, ਜਿਸ ਨੂੰ ਨਹੀਂ ਕਰੇਗਾ ਨਹੀਂ ਦੇਣਗੇ। ਇਸ ਲਈ ਮੈਂ ਇਹ ਫਿਰ ਕਹਾਂਗਾ ਕਿ ਅਗਰ ਇਹ ਨੈਸ਼ਨਲ ਗ੍ਰਿੱਡ ਬਣਾਇਆ ਗਿਆ ਜਦੋਂ ਵੀ ਕੋਈ ਐਸੀ ਗੱਲ ਹੋਈ ਸਾਡੇ ਨਾਲ ਧੱਕਾ ਹੋਵੇਗਾ।

ਸਪੀਕਰ ਸਾਹਿਬ, ਇਕ ਥਾਂ ਨਹੀਂ ਪੰਜਾਬ ਨਾਲ ਹਰ ਥਾਂ ਧੱਕਾ ਹੁੰਦਾ ਹੈ। ਭਰਤੀ ਦੀ ਗੱਲ ਵੇਖ ਲਵੋ। ਬਦਕਿਸਮਤੀ ਸਾਡੀ ਇਹ ਹੈ ਕਿ ਇਸ ਵੇਲੇ ਜਿਹੜੇ ਲੋਕ ਸਰਕਾਰ ਦੀ ਵਾਗਡੋਰ ਸੰਭਾਲੀ ਬੈਠੇ ਹਨ ਉਹ ਇਹ ਨਹੀਂ ਸੋਚਦੇ ਕਿ ਕਿਸ ਕੰਮ ਵਿਚ ਸਾਡੇ ਸੂਬੇ ਦਾ ਕੀ ਮੁਫਾਦ ਹੈ। ਅੱਗੇ ਫੌਜ ਵਿਚ 35-40% ਪੰਜਾਬੀ ਹੁੰਦੇ ਸਨ ਪਰ ਹੁਣ ਕੀ ਕੀਤਾ ਗਿਆ ਹੈ ? ਹੁਣ ਇਹ ਕਰ ਦਿੱਤਾ ਗਿਆ ਹੈ ਕਿ ਆਬਾਦੀ ਦੇ ਹਿਸਾਬ ਨਾਲ ਭਰਤੀ ਹੋਵੇ। ਅੱਜ ਸਾਡੇ ਨੌਜਵਾਨ ਦੇਸ਼ ਦੀ ਰਾਖੀ ਲਈ ਫੌਜ ਵਿਚ ਭਰਤੀ ਹੋਣਾ ਚਾਹੁੰਦੇ ਹਨ, ਦੇਸ਼ ਤੋਂ ਮਰਨਾ ਚਾਹੁੰਦੇ ਹਨ ਪਰ ਰਿਕਰੂਟਿੰਗ ਅਫਸਰ ਉਨ੍ਹਾਂ ਨੂੰ ਭਰਤੀ ਨਹੀਂ ਕਰਦੇ। (ਵਿਘਨ) ਇਸ ਲਈ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਕ ਤਾਂ ਨੈਸ਼ਨਲ ਗ੍ਰਿੱਡ ਜਿਹੜਾ ਹੈ ਉਸ ਦੀ ਸਾਨੂੰ ਬੜੇ ਜ਼ੋਰ ਨਾਲ ਮੁਖਾਲਫਤ ਕਰਨ ਦੀ ਲੋੜ ਹੈ। ਲੋੜ ਇਸ ਗੱਲ ਦੀ ਹੈ ਕਿ ਅੱਜ ਜਦੋਂ ਕਿ ਸਾਡੇ ਸਾਰੇ ਸਾਧਨ ਖ਼ਤਮ ਹੋ ਗਏ ਹਨ ਬਿਜਲੀ ਪੈਦਾ

ਕਰਨ ਦੇ, ਥਰਮਲ ਪਲਾਂਟ, ਹਾਈਡਰੋ ਪਾਵਰ ਪਲਾਂਟ ਖ਼ਤਮ ਹੋ ਗਏ ਹਨ, ਇਸ ਵੇਲੇ ਅਸੀ ਜ਼ੋਰ ਲਗਾਈਏ ਕਿ ਸਾਨੂੰ ਐਟਾਮਿਕ ਐਨਰਜੀ ਪਲਾਂਟ ਮਿਲੇ । ਦੂਜੇ ਗਵਾਂਢੀ ਸਟੇਟਾਂ ਨਾਲ ਮਿਲਿਆ ਜਾਵੇ । ਜੰਮੂ ਐਂਰ ਕਸ਼ਮੀਰ ਹੈ, ਉਥੇ ਸ਼ੇਖ ਸਾਹਿਬ ਨਾਲ ਗੱਲ ਕਰਨੀ ਪਵ ਤਾਂ ਕਰੀ ਜਾਵੇ । ਹਿਮਾਚਲ ਪ੍ਰਦੇਸ਼ ਹੈ ਉਥੇ ਵੀ ਕਾਫੀ ਪ੍ਰਾਜੈਕਟਾਂ ਵਾਸਤੇ ਸਕੋਪ ਹੈ । ਇਸ ਲਈਂ ਜਿਤਨੀ ਬਿਜਲੀ ਸਾਨੂੰ ਚਾਹੀਦੀ ਹੈ ਉਸ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਤੁਹਾਡਾ ਕਾਫੀ ਟਾਈਮ ਹੋ ਗਿਆ ਹੈ ਜੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੇਕਰ ਟਾਈਮ ਹੋ ਗਿਆ ਹੈ ਤਾਂ ਮੈਂ ਇਕ ਮਿੰਟ ਵੀ ਆਪਣੀ ਪਾਰਟੀ ਦੇ ਟਾਈਮ ਤੋਂ ਵੱਧ ਨਹੀਂ ਲੈਂਦਾ । ਜਦੋਂ ਸਾਡਾ ਟਾਈਮ ਖ਼ਤਮ ਹੋਣ ਵਿਚ ਇਕ ਮਿੰਟ ਰਹਿੰਦਾ ਹੋਵੇ ਤਾਂ ਮੈਨੂੰ ਦੱਸ ਦਿਓ ।

ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਮੈਂ ਸੋਚਦਾ ਸਾਂ ਕਿ ਗਵਰਨਰ ਐਡਰੇਸ ਪੜ੍ਹਾਂ ਪਰ ਜੇਕਰ ਇਸ ਵਿਚ ਗੌਰਮਿੰਟ ਦੀ ਕੋਈ ਪਾਲਿਸੀ ਹੋਵੇ ਤਾਂ ਮੈਂ ਕੋਈ ਨੁਕਤਾਚੀਨੀ ਕਰਾਂ । ਪਰ ਜੇਕਰ ਇਨ੍ਹਾਂ ਨੇ ਕੰਮ ਹੀ ਕੁਝ ਨਹੀਂ ਕੀਤਾ ਤਾਂ ਮੈਂ ਸਮਝਦਾ ਹਾਂ ਕਿ ਮੈਂ ਨੁਕਤਾਚੀਨੀ ਕੀ ਕਰਾਂ, ਕੋਈ ਗੱਲ ਹੀ ਨੁਕਤਾਚੀਨੀ ਵਾਸਤੇ ਨਹੀਂ ਲਭਦੀ । ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਬਿਲਕੁਲ ਫੋਕਾ ਹੈ । ਇਕ ਅਨ-ਸੱਕਸੈਸਫੁੱਲ ਤਰੀਕੇ ਨਾਲ ਜਿਹੜੀਆਂ ਇਨ੍ਹਾਂ ਦੀਆਂ ਫੇਲੇਅਰਜ਼ ਸਨ, ਮਿੱਸ-ਡੀਡਜ਼ ਸਨ ਉਨ੍ਹਾਂ ਨੂੰ ਕਵਰ-ਅੱਪ ਕਰਨ ਦੀ ਕੋਸ਼ਿਸ਼ ਕੀਤੀ ਹੈ । ਕੋਈ ਇਸ ਵਿਚ ਗਾਈਡਲਾਈਨ ਨਹੀਂ, ਕੋਈ ਪਾਲਿਸੀ ਸਟੇਟਮੈਂਟ ਹੋਵੇ, ਇਸ ਤਰ੍ਹਾਂ ਦੀ ਵੀ ਕੋਈ ਗੱਲ ਨਹੀਂ । ਇਹ ਤਾਂ ਉਸ ਤਰਾਂ ਦੀ ਗੱਲ ਹੈ। Tissue of lies got together by the bureaucracy.

ਮੈਂ ਸਮਝਿਆ ਕਿ ਮੈਂ ਇਸ ਨੂੰ ਪੜ੍ਹ ਤਾਂ ਲਵਾਂ । ਪਰ ਜਦੋਂ ਮੈਂ ਇਸ ਨੂੰ ਪੜ੍ਹਿਆ ਤਾਂ ਬੜੀ ਮਾਯੂਸੀ ਹੋਈ । ਕੋਈ ਨਤੀਜਾ ਨਹੀਂ ਨਿਕਲ ਸਕਿਆ, ਕੋਈ ਪਾਲਿਸੀ ਦਾ ਜ਼ਿਕਰ ਇਸ ਵਿਚ ਨਹੀਂ ਹੈ । ਮੈਂ ਤਾਂ ਹੈਰਾਨ ਹਾਂ ਕਿ ਪਾਵਰ ਦੀ ਗੱਲ ਤਾਂ ਕੀਤੀ ਹੈ ਪਰ ਵਿਚ ਕੁਝ ਨਹੀਂ । ਪਾਵਰ ਮਹਿਕਮੇ ਦੇ ਵਜ਼ੀਰ ਸਾਹਿਬ ਹਨ, ਉਹ ਵੀ ਮੇਰੇ ਮਿੱਤਰ ਹਨ, ਉਨ੍ਹਾਂ ਦਾ ਮੇਰੇ ਸਿਰ ਤੇ ਕਾਫੀ ਅਹਿਸਾਨ ਹੈ, ਤੇ ਜੇਕਰ ਕੋਈ ਇਕ ਵਾਰੀ ਅਹਿਸਾਨ ਕਰ ਦੇਵੇ ਤਾਂ ਅਗਲਾ ਭੁੱਲਦਾ ਨਹੀਂ ਹੈ । ਇਹ ਹੈਲਥ ਮਨਿਸਟਰ ਸਾਹਿਬ ਬੈਠੇ ਹਨ, ਕਾਫੀ ਕਮਜ਼ੋਰ ਹਨ ਸਿਹਤ ਵਜੋਂ ਬੜੇ । ਭਲੇ ਲੋਕ ਹਨ, ਐਮਰਜੈਂਸੀ ਵਿਚ ਜਦੋਂ ਅਸੀਂ ਜੇਲ੍ਹ ਵਿਚ ਸੀ ਤਾਂ ਇਹ ਮੈਨੂੰ ਮਿਲਣ ਆਉਂਦੇ ਸਨ। ਹੈਲਥ ਡਿਪਾਰਟਮੈਂਟ ਦਾ ਇਨ੍ਹਾਂ ਨੇ ਵੀ ਜ਼ਿਕਰ ਕੀਤਾ ਹੈ । ਇਹ ਕੋਈ ਬੜੀ ਪਲਾਨਿੰਗ ਕਰ ਰਹੇ ਹਨ ਔਰ ਕਹਿੰਦੇ ਹਨ ਕਿ ਕੁਝ ਦਾਈਆਂ ਟ੍ਰੇਂਡ ਕਰ ਰਹੇ ਹਾਂ । ਮੈਂ ਆਪਣੇ ਸਾਰੇ ਕਾਗਜ਼ ਫਰੋਲੇ ਕਿ ਕੁਝ ਵੇਖਾਂ ਸ਼ਾਇਦ ਕੋਈ ਹਸਪਤਾਲ ਖੋਲਿਆ ਹੋਵੇ ਲੇਕਿਨ ਰਿਕਾਰਡ ਤੇ ਇਤਨਾ ਹੀ ਹੈ ਕਿ 200 ਡਿਸਪੈਂਸਰੀਆਂ ਮਨਜ਼ੂਰ ਹੋਈਆਂ ਲੇਕਿਨ ਬਜਟ ਨਵੇਂ ਸਾਲ ਦਾ ਆਵੇਗਾ ਉਸ ਵਿਚ ਸਪੀਕਰ ਸਾਹਿਬ, ਤੁਸੀਂ ਵੇਖ ਲੈਣਾ ਕਿ ਕਿਤਨਾ ਪੈਸਾ ਰੱਖਿਆ ਹੈ। ਇਕ ਸਬਸੀਡਾਈਜ਼ਡ ਹੈਲਥ ਸੈਂਟਰਜ਼ ਦੀ ਸਕੀਮ ਸੀ । ਅਸੀਂ ਆਪਣੀ ਸਰਕਾਰ ਵੇਲੇ ਇਹ 580 ਹੈਲਥ ਸੈਂਟਰ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਖੋਲ੍ਹੇ ਸਨ । ਪਰ ਜਦੋਂ ਦੀ ਇਨ੍ਹਾਂ ਨੇ ਸਰਕਾਰ ਸੰਭਾਲੀ ਹੈ ਜਾਂ ਪਿਛਲੇ ਇਨ੍ਹਾਂ ਦੇ 30 ਸਾਲਾਂ ਦੇ ਰਾਜ ਵਿਚ ਇਹ ਦੱਸ ਦੇਣ ਕਿ ਕਿਤਨੇ ਇਸ ਤਰ੍ਹਾਂ ਦੇ ਸੈਂਟਰ ਇਨ੍ਹਾਂ ਨੇ ਖੋਲ੍ਹੇ ਹਨ ? ਪਰ ਇਹ ਦੱਸਣ ਤਾਂ ਹੀ ਜੇਕਰ ਕੋਈ ਇਸ ਪਾਸੇ ਧਿਆਨ ਦਿੱਤਾ ਹੋਵੇ । ਲੇਕਿਨ, ਸਪੀਕਰ ਸਾਹਿਬ, ਅਸੀਂ ਆਪਣੇ ਤਿੰਨ ਸਾਲਾਂ ਦੇ ਸਮੇਂ ਵਿਚ ਹੀ 580 ਇਸ ਤਰ੍ਹਾਂ ਦੇ ਸੈਂਟਰ ਖੋਲ੍ਹੇ ਸਨ ਔਰ ਮੈਨੂੰ ਆਸ ਸੀ ਕਿ ਉਹ ਇਸ ਸਪੀਡ ਨੂੰ ਹੋਰ ਤੇਜ਼ ਕਰਨਗੇ ਲੇਕਿਨ ਇਨ੍ਹਾਂ ਨੇ ਇਕ ਡਿਸਪੈਂਸਰੀ ਇਸ ਕਿਸਮ ਦੀ ਮਨਜ਼ੂਰ ਕੀਤੀ ਸੀ ਪਰ ਉਹ ਵੀ ਖੋਲ੍ਹੀ ਨਹੀਂ, ਜੇਕਰ ਖੋਲ੍ਹੀ ਹੈ ਤਾਂ ਹੈਲਥ ਮਨਿਸਟਰ ਸਾਹਿਬ ਬੈਠੇ ਹਨ ਇਹ ਦੱਸ ਦੇਣ । ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੇਰੀ ਗੱਲ ਤੇ ਤੁਹਾਨੂੰ ਯਕੀਨ ਹੋ ਗਿਆ ਹੋਣਾ ਹੈ ਕਿਉਂਕਿ ਵਜ਼ੀਰ ਸਾਹਿਬ ਚੁੱਪ ਹਨ, ਨਹੀਂ ਤਾਂ ਇਹ ਜ਼ਰੂਰ ਕਹਿ ਦਿੰਦੇ ।

ਮੁੱਖ ਮੰਤਰੀ: ਉਹ ਤੁਹਾਡੇ ਬੋਲਣ ਕਰਕੇ ਹੀ ਜਵਾਬ ਨਹੀਂ ਦੇ ਰਹੇ ਤਾਂਕਿ ਡਿਸਕਸ਼ਨ ਸ਼ੁਰੂ ਨਾ ਹੋ ਜਾਵੇ ।

ਸਿਹਤ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਆਪਣਾ ਹੀ ਫੈਸਲਾ ਕੀਤਾ ਹੋਇਆ ਹੈ ਕਿ ਜਦੋਂ ਆਪੋਜ਼ੀਸ਼ਨ ਦਾ ਲੀਡਰ ਬੋਲਦਾ ਹੋਵੇ ਤਾਂ ਉਸ ਨੂੰ ਇੰਟਰੱਪਟ ਨਹੀਂ ਕਰਨਾ ।

(ਥੰਪਿੰਗ)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਇਹ ਤਾਂ ਤਿੰਨ ਚਾਰ ਆਈਟਮਜ਼ ਸਨ ਜਿਨ੍ਹਾਂ ਬਾਰੇ ਮੈਂ ਜ਼ਿਕਰ ਕੀਤਾ ਹੈ । ਪਰ ਮੈਂ ਸਮਝਦਾ ਹਾਂ ਕਿ ਜੇਕਰ ਇਨ੍ਹਾਂ ਨੇ ਕੁਝ ਕਰਨਾ ਹੀ ਨਹੀਂ ਹੈ ਤਾਂ ਇਹ ਹੈਲਥ ਦਾ ਮਹਿਕਮਾ ਵੈਸੇ ਹੀ ਵਾਈਂਡ ਅੱਪ ਕਰ ਦੇਣ । ਪਹਿਲਾਂ ਅਸੀਂ ਇਹ ਵੀ ਸਕੀਮ ਚਲਾਈ ਸੀ ਕਿ ਛੋਟੀਆਂ ਛੋਟੀਆਂ ਲੋਕਾਂ ਦੀਆਂ ਸਰੀਰਕ ਤਕਲੀਫਾਂ ਵਾਸਤੇ ਹੈਲਥ ਸੈਂਟਰ ਖੋਲ੍ਹੇ ਜਾਣ ਜਿਨ੍ਹਾਂ ਵਿਚ ਇਕ ਲੇਡੀ ਡਾਕਟਰ ਹੋਵੇ, ਇਕ ਮੇਲ ਡਾਕਟਰ ਹੋਵੇ ਔਰ ਇਸ ਤਰ੍ਹਾਂ ਦੇ ਸੈਂਟਰ ਅਸੀਂ 955 ਖੋਲ੍ਹੇ ਸਨ ਜਦੋਂ ਤੋਂ ਅਸੀਂ ਸਰਕਾਰ ਸੰਭਾਲੀ ਸੀ । ਅਸੀਂ ਤਿੰਨ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਨ੍ਹਾਂ ਵਿਚ ਵਾਧਾ ਕਰ ਦਿੱਤਾ ਔਰ 638 ਇਸ ਤਰ੍ਹਾਂ ਦੇ ਸੈਂਟਰ ਹੋਰ ਖੋਲ੍ਹ ਦਿਤੇ ਲੇਕਿਨ ਹੁਣ ਜੋ ਫਿੱਗਰਜ਼ ਮਿਲੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਇਕ ਵੀ ਅਜਿਹਾ ਸੈਂਟਰ ਨਹੀਂ ਖੋਲ੍ਹਿਆ । ਜੇਕਰ ਖੋਲ੍ਹਿਆ ਹੈ ਤਾਂ ਇਹ ਦੱਸ ਦੇਣ । ਇਕ ਹੋਰ ਸਾਡੀ ਸਕੀਮ ਸੀ ਕਿ ਬਲਾਕ ਲੈਵਲ ਤੇ 25 ਬੈਡਜ਼ ਹਸਪਤਾਲ ਖੋਲ੍ਹੇ ਜਾਣ । ਉਨ੍ਹਾਂ ਦੇ ਵਾਸਤੇ ਕਈਆਂ ਪਿੰਡਾਂ ਵਿਚ ਲੱਖਾਂ ਰੁਪਿਆ ਖਰਚ ਵੀ ਹੋ ਚੁਕਾ ਹੈ ਲੇਕਿਨ ਉਥੇ ਕੁਝ ਨਹੀਂ ਬਣਿਆ । ਉਹ ਕੰਮ ਉਥੇ ਹੀ ਰੋਕ ਦਿੱਤਾ ਗਿਆ ਹੈ । ਕਿਉਂਕਿ ਇਨ੍ਹਾਂ ਨੇ ਤਾਂ ਪਿੰਡਾਂ ਵਿਚ ਕੋਈ ਵੀ ਸਕੀਮ ਸਿਰੇ ਨਹੀਂ ਚੜ੍ਹਨ ਦੇਣੀ ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਸਕੀਮ ਸ਼ੁਰੂ ਕੀਤੀ ਸੀ ! ਭਾਵੇਂ ਇਹ ਅੱਜ ਉਸ ਨੂੰ ਬਿਲਕੁਲ ਹੀ ਫੋਕੀ ਸਕੀਮ ਕਹਿੰਦੇ ਹਨ ਅਤੇ ਕਹਿੰਦੇ ਹਨ ਕਿ ਬੰਦ ਕਰ ਦਿਓ ਪਰ ਅਸੀਂ ਸਮਝਦੇ ਹਾਂ ਕਿ ਇਹ ਇਕ ਚੰਗੀ ਸਕੀਮ ਸੀ। ਇਹ ਪਿੰਡਾਂ ਵਾਲਿਆਂ ਦੀ ਬਦਕਿਸਮਤੀ ਹੈ ਕਿ ਉਹ ਸਕੀਮ ਤੇ ਸਾਡੀ ਮੋਹਰ ਲਗੀ ਹੈ ਇਸ ਕਰਕੇ ਉਹ ਸਕੀਮ ਬੰਦ ਕੀਤੀ ਜਾ ਰਹੀ ਹੈ । ਉਨ੍ਹਾਂ ਨੂੰ ਪਤਾ ਹੈ ਕਿ ਇਸ

ਸਕੀਮ ਨਾਲ ਉਨ੍ਹਾਂ ਨੂੰ ਕਿੰਨਾ ਫਾਇਦਾ ਹੋਣਾ ਸੀ । ਫਿਰ ਅਸੀਂ ਇਕ ਆਦਰਸ਼ ਸਕੂਲ ਪਿੰਡਾਂ ਵਿਚ ਬਣਾਉਣ ਦੀ ਸਕੀਮ ਬਣਾਈ ਸੀ । ਮੈਂ ਸਮਝਦਾ ਹਾਂ ਕਿ ਅੱਜ ਹਿੰਦੁਸਤਾਨ ਵਿਚ ਹਰ ਬੱਚਾ ਇਹ ਚਾਹੁੰਦਾ ਹੈ ਕਿ ਉਸ ਨੂੰ ਚੰਗੀ ਅਜੂਕੇਸ਼ਨ ਮਿਲ । ਇਕੋ ਜਿਹੀ ਐਜੂਕੇਸ਼ਨ ਹੋਵੇ ਅਤੇ ਉਹ ਕੰਪੀਟੀਸ਼ਨ ਵਿਚ ਬੈਠਣ ਦੇ ਯੋਗ ਹੋਣ । ਗਰੀਬ ਘਰ ਦਾ ਬੱਚਾ ਵੀ ਇਹ ਚਾਹੁੰਦਾ ਹੈ ਕਿ ਉਹ ਆਈ. ਏ. ਐਸ. ਬਣ ਸਕੇ । ਲੇਕਿਨ ਇਹ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਉਹ ਚੰਗੀ ਤਾਲੀਮ ਨਹੀਂ ਦੇਣਾ ਚਾਹੁੰਦੇ । ਇਹ ਤਾਂ ਅਸੀਂ ਵੀ ਸਮਝਦੇ ਹਾਂ ਕਿ ਸਾਰੇ ਐਜੂਕੇਸ਼ਨ ਦੇ ਸਿਸਟਮ ਵਿਚ ਇਕਦਮ ਤਬਦੀਲੀ ਨਹੀਂ ਆ ਸਕਦੀ ਪਰ ਅਸੀਂ ਇਸ ਐਜੂਕੇਸ਼ਨ ਦੇ ਮਿਆਰ ਨੂੰ ਉਚਾ ਚੁੱਕਣ ਲਈ ਹਰ ਬਲਾਕ ਵਿਚ ਇਕ ਆਦਰਸ਼ ਸਕੂਲ ਬਣਾਉਣ ਦੀ ਸਕੀਮ ਸ਼ੁਰੂ ਕੀਤੀ ਸੀ । ਮੈਂ ਪਿਛਲੇ ਸੈਸ਼ਨ ਵਿਚ ਵੀ ਇਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਤੁਸੀਂ ਕਿਸੇ ਵੀ ਬਲਾਕ ਦੇ ਇਸ ਸਕੂਲ ਵਿਚ ਤਸ਼ਰੀਫ ਲੈ ਕੇ ਜਾਓ ਉਨ੍ਹਾਂ ਪਿੰਡਾਂ ਵਾਲਿਆਂ ਨਾਲ ਗੱਲ ਕਰੋ, ਬੱਚਿਆਂ ਨਾਲ ਗੱਲ ਕਰੋ, ਉਸਤਾਦਾਂ ਨਾਲ ਗੱਲ ਕਰੋ ਤਾਕਿ ਤੁਹਾਨੂੰ ਪਤਾ ਲੱਗੇ ਕਿ ਇਨ੍ਹਾਂ ਆਦਰਸ਼ ਸਕਲਾਂ ਨਾਲ ਉਨ੍ਹਾਂ ਨੂੰ ਕੀ ਫਾਇਦਾ ਹੋਇਆ ਹੈ । ਪਰ ਇਨ੍ਹਾਂ ਨੇ ਤਾਂ ਨਿਸ਼ਾਨਾ ਹੀ ਇਹ ਰਖਿਆ ਹੈ ਕਿ ਇਹ ਸਕੂਲ ਬੰਦ ਕਰਨੇ ਹਨ ।

ਫਿਰ, ਸਪੀਕਰ ਸਾਹਿਬ, ਮੈਂ ਹੁਣ ਹਰੀਜਨਾਂ ਦੀ ਗੱਲ ਕਰਦਾ ਹਾਂ । ਸਪੀਕਰ ਸਾਹਿਬ, ਹਰੀਜਨਾਂ ਵਾਸਤੇ ਜਿੰਨੀਆਂ ਵੀ ਸਕੀਮਾਂ ਸ਼ੁਰੂ ਕੀਤੀਆਂ ਉਹ ਸਾਰੀਆਂ ਅਸੀਂ ਹੀ ਕੀਤੀਆਂ ਸਨ । ਇਨ੍ਹਾਂ ਨੇ ਕੋਈ ਸਕੀਮ ਸ਼ੁਰੂ ਨਹੀਂ ਕੀਤੀ । (ਵਿਘਨ) ਜਿਹੜੀਆਂ ਵੀ ਸਕੀਮਾਂ ਅੱਜ ਚੱਲ ਰਹੀਆਂ ਹਨ ਉਹ ਸਾਡੀਆਂ ਹੀ ਚਲਾਈਆਂ ਹੋਈਆਂ ਹਨ । (ਵਿਘਨ) ਚਲੋ, ਇਸੇ ਗੱਲ ਤੇ ਚੈਲੰਜ ਕਰ ਲਓ । ਇਸੇ ਗੱਲ ਤੇ ਫੈਸਲਾ ਕਰ ਲਓ । ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ । ਤੁਹਾਨੂੰ ਪਤਾ ਹੈ ਹਰੀਜਨਾਂ ਵਾਸਤੇ ਕਾਰਪੋਰੇਸ਼ਨ ਕਿਸ ਨੇ ਬਣਾਈ ਜਿਸ ਤੇ ਅੱਜ ਇਹ ਸਾਰੇ ਮਾਣ ਕਰਦੇ ਹਨ? ਪਿੰਡਾਂ ਵਿਚ ਹਰੀਜਨਾਂ ਲਈ ਧਰਮਸ਼ਾਲਾ ਦੀ ਸਕੀਮ ਕਿਸਨੇ ਸ਼ੁਰੂ ਕੀਤੀ? ਅਕਾਲੀ ਪਾਰਟੀ ਨੇ ਹੀ ਇਹ ਸਕੀਮ ਸ਼ੁਰੂ ਕੀਤੀ ਸੀ । 2 ਹੋਰ ਨਵੇਂ ਫੈਸਲੇ ਅਕਾਲੀ ਸਰਕਾਰ ਨੇ ਕੀਤੇ ਸਨ ਇਕ ਇਹ ਕਿ ਜਿਹੜੇ ਹਰੀਜਨ ਭਰਾ ਸ਼ਹਿਰਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਬਗੈਰ ਪੈਸੇ ਤੋਂ ਪਲਾਟ ਦਿਤੇ ਜਾਣ । ਇਹ ਸਕੀਮ ਸ਼ੁਰੂ ਵੀ ਕਰ ਦਿਤੀ ਸੀ । ਜਲੰਧਰ ਵਿਚ ਪਲਾਟ ਦਿਤੇ ਸਨ, ਲੁਧਿਆਣੇ ਵਿਚ ਪਲਾਟ ਦਿਤੇ ਸਨ । (ਵਿਘਨ) ਲੇਕਿਨ ਇਨ੍ਹਾਂ ਨੇ ਕੀ ਹਰੀਜਨਾਂ ਲਈ ਕੀਤਾ ਹੈ? ਇਨ੍ਹਾਂ ਨੇ ਇਸ ਗਵਰਨਰ ਐਡਰੈਸ ਵਿਚ ਇਹ ਲਿਖਿਆ ਹੈ ਕਿ ਜਿਹੜੇ ਹੋਮਲੈਸ ਹਰੀਜਨ ਹਨ ਉਨ੍ਹਾਂ ਵਾਸਤੇ ਇਨ੍ਹਾਂ ਨੇ ਸਿਰਫ 25 ਲੱਖ ਰੁਪਿਆ ਰਖਿਆ ਹੈ । ਤੁਸੀਂ ਦੱਸੋ ਕਿ ਇਸ 25 ਲੱਖ ਰੁਪਏ ਨਾਲ ਉਨ੍ਹਾਂ ਦਾ ਕੀ ਬਣਨਾ ਹੈ? ਇਸ ਨਾਲ ਤਾਂ ਸਿਰਫ ਕਾਗਜ਼ ਹੀ ਭਰੇ ਜਾਣੇ ਹਨ । ਇਸ ਨਾਲ ਹਰੀਜਨਾਂ ਦਾ ਕੁਝ ਫਾਇਦਾ ਨਹੀਂ ਹੋਣ ਲੱਗਾ ।

ਅਸੀਂ ਉਨ੍ਹਾਂ ਹਰੀਜਨਾਂ ਵਾਸਤੇ ਇਕ ਹੋਰ ਸਕੀਮ ਵੀ ਬਣਾਈ ਸੀ । ਉਹ ਇਹ ਸੀ ਕਿ ਸ਼ਹਿਰਾਂ ਵਾਲੇ ਤਾਂ ਬਾਹਰ ਮੁਲਕਾਂ ਵਿਚ ਚਲੇ ਜਾਂਦੇ ਹਨ ਪਰ ਜਿਹੜੇ ਹਰੀਜਨ ਹਨ ਉਹ ਕਦੇ ਨਹੀਂ ਸੀ ਜਾ ਸਕਦੇ । ਉਨ੍ਹਾਂ ਲਈ ਅਸੀਂ ਫੈਸਲਾ ਕੀਤਾ ਸੀ ਕਿ ਉਨ੍ਹਾਂ ਨੂੰ ਕਰਜ਼ਾ ਦਿਤਾ ਜਾਵੇਗਾ । ਪਰ ਉਸ ਦੇ ਬਾਰੇ ਇਸ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ । ਸਪੀਕਰ ਸਾਹਿਬ, ਅਸੀਂ ਚਾਹੁੰਦੇ ਸੀ ਕਿ ਸਾਡੀਆਂ ਜੋ ਸਕੀਮਾਂ ਹਨ ਉਨ੍ਹਾਂ ਵਿਚ ਜੇ ਕੋਈ ਕਮੀਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵ ਪਰ ਇਨ੍ਹਾਂ ਨੇ ਤਾਂ ਉਨ੍ਹਾਂ ਸਕੀਮਾਂ ਨੂੰ ਹੀ ਬੰਦ ਕਰ ਦਿੱਤਾ ਹੈ ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮੈਨੂੰ ਤਾਂ ਇਕ ਹੋਰ ਗਲ ਦਾ ਪਤਾ ਲੱਗਾ ਹੈ ਕਿ ਇਹ 'ਪਨਸਪ' ਦਾ ਵੀ ਭੋਗ ਪਾਉਣ ਲੱਗੇ ਹਨ। ਅਸੀਂ ਇਹ ਫੈਸਲਾ ਕੀਤਾ ਸੀ ਕਿ ਚਾਹੇ ਕੋਈ ਸ਼ਹਿਰਾਂ ਵਿਚ ਰਹਿੰਦਾ ਹੈ ਜਾਂ ਪਿੰਡਾਂ ਵਿਚ, ਹਰ ਇਕ ਨੂੰ ਸਸਤੇ ਰੇਟ ਤੇ ਆਟਾ, ਘਿਓ, ਅਤੇ ਦਾਲਾਂ ਵਗੈਰਾ ਮਿਲ ਸਕਣ। ਇਨ੍ਹਾਂ ਨੇ ਪਹਿਲਾ ਤਾਂ ਜੋ ਅਸੀਂ ਰੇਟ ਰਖੇ ਸਨ ਉਹ ਹੀ ਵਧਾ ਦਿਤੇ ਅਤੇ ਹੁਣ ਸ਼ਾਇਦ ਇਸ ਨੂੰ ਬੰਦ ਕਰਨ ਦੀ ਹੀ ਸੋਚ ਰਹੇ ਹਨ (ਵਿਘਨ)

ਸਪੀਕਰ ਸਾਹਿਬ, ਇਕ ਮੈਂ ਹੋਰ ਰਿਕੁਐਸਟ ਕਰਾਂਗਾਂ ਕਿ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਇੰਪਲਾਈਜ਼ ਵੱਲੋਂ ਜਿਹੜਾ ਜਲਸਾ ਹੋਇਆ ਸੀ, ਮੈਂ ਸਮਝਦਾ ਹਾਂ ਕਿ ਉਸ ਦਿਨ ਉਹ ਵੀ ਸਾਡੇ ਨਾਲ ਸ਼ਿਕਾਰ ਹੋ ਗਏ। ਉਸ ਦਿਨ ਕੋਈ ਟਰੱਕ ਜਾਂ ਟਰੈਕਟਰ ਇਥੇ ਨਹੀਂ ਆਉਣ ਦਿੱਤਾ। ਕਈ ਤਾਂ ਪੈਦਲ ਹੀ ਆਏ। ਉਨ੍ਹਾਂ ਦੀਆਂ ਜਿਹੜੀਆਂ ਮੰਗਾਂ ਹਨ, ਮੈਂ ਸਮਝਦਾ ਹਾਂ ਕਿ ਉਹ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ। ਇਕ ਉਨ੍ਹਾਂ ਦੀ ਮੰਗ ਜਿਹੜੀ ਹਾਊਸ ਰੈਂਟ ਦੇ ਬਾਰੇ ਹੈ ਉਹ ਤਾਂ ਬੜੀ ਹੀ ਜਾਇਜ਼ ਹੈ। ਸਪੀਕਰ ਸਾਹਿਬ, ਅੱਜ ਜ਼ਮਾਨਾ ਬਦਲ ਗਿਆ ਹੈ। ਪਹਿਲੇ ਤਾਂ ਜੇ ਕੋਈ ਪਟਵਾਰੀ ਹੁੰਦਾ ਸੀ ਤਾਂ ਉਸ ਨੂੰ ਪਿੰਡ ਵਾਲੇ ਮਕਾਨ ਵੀ ਮੁਫਤ ਦੇ ਦਿੰਦੇ ਸਨ ਅਤੇ ਹੋਰ ਵੀ ਬਹੁਤ ਸਹੂਲਤਾਂ ਮਿਲਦੀਆਂ ਸਨ। ਪਰ ਹੁਣ ਤਾਂ ਪਿੰਡਾਂ ਵਿਚ ਮਕਾਨ ਰਹਿਣ ਲਈ ਨਹੀਂ ਮਿਲਦੇ। ਅੱਜ ਕਈ ਪਿੰਡਾਂ ਵਿਚ ਸ਼ਹਿਰਾਂ ਨਾਲੋਂ ਵੀ ਵੱਧ ਕਿਰਾਇਆ ਲਿਆ ਜਾਂਦਾ ਹੈ। ਲੁਧਿਆਣੇ ਵਿਚ ਘੱਟ ਕਿਰਾਇਆ ਹੋਣਾ ਹੈ ਪਰ ਉਸ ਦੇ ਨਾਲੋਂ ਪਿੰਡਾਂ ਵਿਚ ਜ਼ਿਆਦਾ ਕਿਰਾਇਆ ਹੈ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਜਿਹੜੀ ਇਹ ਉਨ੍ਹਾਂ ਦੀ ਮੰਗ ਹੈ ਹਾਊਸ ਰੈਂਟ ਦੇ ਬਾਰੇ ਵਿਚ ਇਹ ਜ਼ਰੂਰ ਮੰਨ ਲੈਣੀ ਚਾਹੀਦੀ ਹੈ। ਜਿਹੜੇ ਮੁਲਾਜ਼ਮ ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਜ਼ਰੂਰ ਹਾਊਸ ਰੈਂਟ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ ਉਨ੍ਹਾਂ ਦੀਆਂ ਕੁਝ ਆਨੋਮਲੀਜ਼ ਹਨ। ਅਸੀਂ ਉਨ੍ਹਾਂ ਦੀ ਮੰਗ ਤੇ ਪੇ-ਕਮਿਸ਼ਨ ਤਾਂ ਮੁਕੱਰਰ ਕਰ ਦਿੱਤਾ ਸੀ ਔਰ ਇਸ ਵਾਸਤੇ ਇਕ ਹਾਈ ਕੋਰਟ ਦੇ ਜੱਜ ਨੂੰ ਮੁਕੱਰਰ ਕੀਤਾ ਸੀ। ਫਿਰ ਜੋ ਕੁਝ ਉਸ ਕਮਿਸ਼ਨ ਨੇ ਫੈਸਲਾ ਕੀਤਾ ਅਸੀਂ ਉਸ ਤੋਂ ਵੱਧ ਹੀ ਮੁਲਾਜ਼ਮਾਂ ਨੂੰ ਦਿੱਤਾ। ਪਰ ਫਿਰ ਵੀ ਕੁਝ ਨਾ ਕੁਝ ਤਾਂ ਆਨੋਮਲੀਜ਼ ਰਹਿ ਹੀ ਜਾਂਦੀਆਂ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਆਨੋਮਲੀਜ਼ ਉਨ੍ਹਾਂ ਦੀਆਂ ਜਿਹੜੀਆਂ ਹਨ ਇਹ ਜ਼ਰੂਰ ਦੂਰ ਕਰ ਦੇਣੀਆਂ ਚਾਹੀਦੀਆਂ ਹਨ।

ਫਿਰ ਡੀ. ਏ. ਦੀ ਇਨਸਟਾਲਮੈਂਟ ਦੀ ਗੱਲ ਹੈ। ਉਨ੍ਹਾਂ ਨੂੰ ਪੂਰੀਆਂ ਇਨਸਟਾਲਮੈਂਟਾਂ ਕੈਸ਼ ਨਹੀਂ ਦਿੱਤੀਆਂ ਜਾਂਦੀਆਂ। ਇਹ ਕਹਿੰਦੇ ਹਨ ਕਿ ਇਤਨੇ ਪੀਰੀਅਡ ਦਾ ਪੈਸਾ ਅਸੀਂ ਤੁਹਾਡੇ ਨਾਂ ਲਿਖ ਦਿੰਦੇ ਹਾਂ, ਹੁਣ ਨਾ ਲਓ ਫਿਰ ਲੈ ਲੈਣਾ। ਮੈਂ ਸਮਝਦਾ ਹਾਂ ਕਿ ਇਹ ਪੈਸਾ ਉਨ੍ਹਾਂ ਨੂੰ ਜ਼ਰੂਰ ਦੇਣਾ ਚਾਹੀਦਾ ਹੈ ....(ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਜਿਹੜਾ ਗੱਦਾਰੀ ਭੱਤਾਂ ਦਿੱਤਾ ਸੀ ਉਸ ਦਾ ਵੀ ਐਲਾਨ ਕਰ ਦਿਓ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਹ ਇਕ ਹੋਰ ਵੀ ਬੇਨਤੀ ਕਰਦਾ ਹਾਂ ਕਿ ਅੱਜ ਵਿਕਟੇਮਾਈਜ਼ੇਸ਼ਨ ਇਨ ਸਰਵਿਸ ਬਹੁਤ ਕੀਤੀ ਜਾ ਰਹੀ ਹੈ। ਕੋਈ ਵੀ

ਨਵੀਂ ਗੌਰਮਿੰਟ ਆਵੇ ਤਾਂ ਕਿਹਾ ਜਾਂਦਾ ਹੈ ਕਿ ਇਹ ਐਸ. ਪੀ. ਅਕਾਲੀ ਪਾਰਟੀ ਦਾ ਹੈ, ਇਹ ਡੀ. ਸੀ. ਅਕਾਲੀ ਪਾਰਟੀ ਦਾ ਹੈ ਔਰ ਇਸ ਤਰ੍ਹਾਂ ਨਾਲ ਉਨ੍ਹਾਂ ਮੁਲਾਜ਼ਮਾਂ ਨਾਲ ਵਿਕਟੇਮਾਈਜ਼ੇਸ਼ਨ ਕੀਤੀ ਜਾਂਦੀ ਹੈ । ਵੱਡੇ ਵੱਡੇ ਸੀਨੀਅਰ ਅਫਸਰਾਂ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਅਕਾਲੀ ਦਲ ਨਾਲ ਸਬੰਧ ਹੈ ਅਤੇ ਇਸ ਦਾ ਕਿਸੇ ਹੋਰ ਪਾਰਟੀ ਨਾਲ ਸਬੰਧ ਹੈ । ਇਸੇ ਤਰ੍ਹਾਂ ਕਹਿ ਕੇ ਉਨ੍ਹਾਂ ਨਾਲ ਵਿਕਟੇਮਾਈਜ਼ੇਸ਼ਨ ਕਰਨਾ ਠੀਕ ਨਹੀਂ । ਮੈਂ ਸਮਝਦਾ ਹਾਂ ਕਿ ਕਿਸੇ ਵੀ ਅਫਸਰ ਦਾ ਕਿਸੇ ਪਾਰਟੀ ਨਾਲ ਕੋਈ ਸਬੰਧ ਨਹੀਂ ਹੁੰਦਾ । ਇਸ ਲਈ ਉਨ੍ਹਾਂ ਨਾਲ ਵਿਕਟੇਮਾਈਜ਼ੇਸ਼ਨ ਕਰਨਾ ਬੜੀ ਮਾੜੀ ਗੱਲ ਹੈ । ਐਜੂਕੇਸ਼ਨ ਦੇ ਮਹਿਕਮੇ ਵਿਚ ਮੈਨੂੰ ਪਤਾ ਲਗਿਆ ਹੈ ਕਿ ਟੀਚਰਜ਼ ਨੂੰ 200-200 ਮੀਲ ਤੇ ਬਦਲ ਦਿੱਤਾ ਹੈ । ਇਹ ਗੱਲ ਠੀਕ ਨਹੀਂ । ਮੈਂ ਸਮਝਦਾ ਹਾਂ ਕਿ ਸਾਨੂੰ ਫਰਾਖ ਦਿਲੀ ਨਾਲ ਕੰਮ ਲੈਣਾ ਚਾਹੀਦਾ ਹੈ ।

ਫਿਰ ਵਰਕਚਾਰਜ ਜਿਹੜੇ ਇਮਪਲਾਈ ਹਨ ਉਨ੍ਹਾਂ ਨੂੰ ਵੀ ਜ਼ਰੂਰ ਰੈਗੂਲਰ ਕਰਨਾ ਚਾਹੀਦਾ ਹੈ ।

ਸ੍ਰੀ ਸਪੀਕਰ : ਬਾਦਲ ਸਾਹਿਬ, ਹੁਣ ਵਾਈਂਡ ਅੱਪ ਕਰੋ । 2 ਮਿੰਟ ਤੁਸੀਂ ਹੋਰ ਲੈ ਲਵੋ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਹਾਡਾ ਹੁਕਮ ਅਸੀਂ ਹਮੇਸ਼ਾਂ ਮੰਨਦੇ ਰਹੇ ਹਾਂ (ਵਿਘਨ) ਮੈਂ ਥੋੜ੍ਹਾ ਜਿਹਾ ਲਾ ਐਂਡ ਆਰਡਰ ਦੇ ਮੁਤੱਲਕ ਵੀ ਕਹਿਣਾ ਚਾਹੁੰਦਾ ਹਾਂ । ਘਨੌਰ ਵਿਚ ਕੀ ਕੁਝ ਹੋਇਆ । ਉਹ ਤੁਹਾਨੂੰ ਪਤਾ ਹੈ । ਮੈਂ ਇਹ ਤਾਂ ਨਹੀਂ ਦਸਦਾ ਕਿ ਪਹਿਲੇ ਕਿੰਨੇ ਕਤਲ ਹੁੰਦੇ ਸਨ ਔਰ ਹੁਣ ਕਿੰਨੇ ਹੋਏ ਹਨ ਪਰ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਹੁਣ ਨਵੀਂ ਕਿਸਮ ਦਾ ਕ੍ਰਾਈਮ ਹੋਣ ਲੱਗ ਪਿਆ ਹੈ । ਉਸ ਤੇ ਜ਼ਰੂਰ ਕੰਟਰੋਲ ਕਰਨਾ ਚਾਹੀਦਾ ਹੈ । ਉਹ ਕ੍ਰਾਈਮ ਇਹ ਹੈ ਕਿ ਹੁਣ ਤਾਂ ਲੋਕਾਂ ਤੇ ਪੁਲਿਸ ਹੀ ਜ਼ਿਆਦਤੀ ਕਰਨ ਲੱਗ ਪਈ ਹੈ । ਐਸੇ ਦਰਜਨਾਂ ਕੇਸਿਜ਼ ਹਨ ਪੁਲਿਸ ਨੇ ਔਰਤਾਂ ਤੇ ਵੀ ਅਤਿਆਚਾਰ ਕੀਤਾ ਹੈ ।

ਸਪੀਕਰ ਸਾਹਿਬ, ਮੇਰੇ ਕੋਲ ਫਿਗਰਜ਼ ਬਹੁਤ ਹਨ । ਕਰਾਈਮਜ਼ ਦਾ ਹਵਾਲਾ ਦਿੰਦਾ ਹਾਂ ਕਿ ਇਕ 20 ਸਾਲਾ ਗਰੀਬ ਲੜਕੀ ਦੀ ਇਕ ਪੁਲਿਸ ਦੇ ਆਦਮੀ ਨੇ ਕਿਵੇਂ ਪੱਤ ਲੁੱਟੀ । ਕਾਨੋਵਾਲ ਵਿਚ ਪੁਲਿਸ ਨੇ ਫਾਇਰਿੰਗ ਕੀਤੀ, ਕਈ ਲੋਕ ਮਾਰੇ ਗਏ । 2 ਸਿਪਾਹੀਆਂ ਨੇ ਹਰੀਜਨ ਔਰਤਾਂ ਦੇ ਨਾਲ ਬਦਸਲੂਕੀ ਕੀਤੀ, ਉਨ੍ਹਾਂ ਦੀ ਇੱਜ਼ਤ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਟਾਈਮ ਬਹੁਤ ਥੋੜ੍ਹਾ ਹੈ ਨਹੀਂ ਤਾਂ ਮੈਂ ਇਨ੍ਹਾਂ ਨੂੰ ਦੱਸਦਾ ਕਿ ਕ੍ਰਾਈਮਜ਼ ਕਿਥੇ ਚਲਾ ਗਿਆ ਹੈ । ਕਿੰਨੀ ਬਦਕਿਸਮਤ ਵਾਲੀ ਗੱਲ ਹੈ ਅਸੀਂ ਝਬਾਲ ਅਤੇ ਦਸੂਹਾ ਵਿਚ ਹੋਈ ਫਾਇਰਿੰਗ ਦੀ ਜੁਡੀਸ਼ਰੀ ਇਨਕੁਆਇਰੀ ਦੀ ਮੰਗ ਕਰਦੇ ਹਾਂ ਪਰ ਇਹ ਮੰਨਦੇ ਨਹੀਂ ਹਨ । ਸਪੀਕਰ ਸਾਹਿਬ, ਇਨ੍ਹਾਂ ਨੇ ਐਡਰੈਸ ਦੇ ਸ਼ੁਰੂ ਵਿਚ ਲਿਖਿਆ ਹੈ ਕਿ ਸਾਨੂੰ ਇਕ ਰੋਸ਼ਨੀ ਮਿਲਦੀ ਹੈ, ਉਸ ਲਾਈਟ ਥੱਲੇ ਅਸੀਂ 25- ਨੁਕਾਤੀ ਪਰੋਗਰਾਮ ਚਲਾ ਰਹੇ ਹਾਂ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਕਿਸੇ ਮਨਿਸਟਰ ਨੂੰ 25-ਨੁਕਾਤੀ ਪ੍ਰੋਗਰਾਮ ਦਾ ਪਤਾ ਹੈ । ਸਾਨੂੰ ਤਾਂ ਪਤਾ ਨਹੀਂ ਕਿੰਨੇ ਨੁਕਾਤੀ ਪ੍ਰੋਗਰਾਮ ਹਨ । (ਹਾਸਾ) ਸਪੀਕਰ ਸਾਹਿਬ, ਲੀਡਰ ਭਾਵੇਂ ਕਿਸੇ ਪਾਰਟੀ ਦਾ ਵੱਡਾ ਹੋਵੇ ਮੈਂ ਉਸ ਦਾ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਤਿਕਾਰ ਕਰਦਾ ਹਾਂ ਲੇਕਿਨ ਅਗਰ ਸਰਕਾਰ ਗਲਤ ਕੰਮ ਕਰੇ ਤਾਂ ਆਪੋਜ਼ੀਸ਼ਨ ਦੀ ਡਿਊਟੀ ਬਣ ਜਾਦੀ ਹੈ ਕਿ ਉਸ ਨੂੰ ਕ੍ਰਿਟੇਸਾਈਜ਼ ਕਰੇ ਨਾ ਕਿ ਤੁਸੀਂ ਆਪੋਜ਼ੀਸ਼ਨ ਦੀ ਆਵਾਜ਼ ਨੂੰ ਦਬਾ ਦਿਉ । ਇਹ ਸਪੀਕਰ ਸਾਹਿਬ ਇਨ੍ਹਾਂ ਨੂੰ ਲਾਈਟ ਦਿੱਲੀ ਤੋਂ ਆਉਂਦੀ ਹੈ । ਜਿਹੜੀ ਲਾਈਟ ਇਨ੍ਹਾਂ ਨੂੰ ਦਿੱਲੀ ਤੋਂ ਆਉਂਦੀ, ਉਹ ਪਾਵਰ ਹਾਊਸ ਹੀ ਬੜਾ ਕਮਜ਼ੋਰ ਹੈ ਉਸ ਦੀ ਲਾਈਟ ਪੰਜਾਬ ਵਿਚ ਕਿਸ ਤਰ੍ਹਾਂ ਪਹੁੰਚ ਸਕਦੀ ਹੈ ।

ਮੁੱਖ ਮੰਤਰੀ: (ਬੈਠੇ ਬੈਠੇ) ਇਹ ਲਾਈਟ ਨਹੀਂ ਬਲਕਿ ਇਨਸਪੀਰੇਸ਼ਨ ਲਫ਼ਜ਼ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਚਲੋ ਕਹਿ ਦਿੰਦੇ ਹਾਂ ਕਿ ਇਨ੍ਹਾਂ ਨੂੰ ਇਨਸਪੀਰੇਸ਼ਨ ਦਿੱਲੀ ਤੋਂ ਮਿਲਦੀ ਹੈ ਪਰ ਸਾਡੇ ਪੰਜਾਬੀਆਂ ਨੂੰ ਤਾਂ ਗੁਰੂ ਮਹਾਰਾਜ ਤੋਂ ਇਨਸਪੀਰੇਸ਼ਨ ਮਿਲਦੀ ਹੈ । (ਵਿਘਨ) ਇਸ ਦੇਸ਼ ਵਿਚ ਜਿਹੜੀ ਇਨਸਪੀਰੇਸ਼ਨ ਮਿਲਦੀ ਹੈ, ਉਹ ਹੁਣ ਖਤਮ ਹੁੰਦੀ ਜਾ ਰਹੀ ਹੈ । 'ਇੰਡੀਆ ਟੂਡੇ' ਨੇ ਸਾਰੇ ਹਿੰਦੁਸਤਾਨ ਵਿਚੋਂ ਲੋਕਾਂ ਦੀ ਰਾਏ ਇਕੱਠੀ ਕੀਤੀ ਹੈ ਇਸ ਸਰਕਾਰ ਬਾਰੇ ਉਸ ਦੇ ਵਿਚਾਰ ਵਿਚ ਲੋਕਾਂ ਦੀ ਰਾਏ ਕੀ ਹੈ, ਇਕੱਠੀ ਕੀਤੀ ਹੈ । ਉਹ ਮੈਂ ਤੁਹਾਨੂੰ ਦੱਸ ਦਿੰਦਾ ਹਾਂ । ਸਵਾਲ ਤਾਂ ਬੜੇ ਹਨ ਪਰ ਇਥੇ ਇਕ ਦੋ ਸਵਾਲ ਹੀ ਪੜ੍ਹਾਂਗਾ । ਇਸ ਵਿਚ ਲਿਖਿਆ ਹੈ ਕਿ ਇਹ ਰੋਸ਼ਨੀ ਕਿਵੇਂ ਖਤਮ ਹੋ ਰਹੀ ਹੈ । ਇਸ ਦੇ ਵਿਚ ਹਿੰਦੁਸਤਾਨ ਦੇ 6,600 ਬੰਦਿਆਂ ਦਾ ਇੰਟਰਵਿਊ ਲਿਆ ਹੈ । ਇਹ ਸਾਰੀਆਂ ਸਟੇਟ ਦੀਆਂ ਕੈਪੀਟਲਜ਼ ਤੋਂ ਲਿਆ ਗਿਆ ਹੈ । ਇਨ੍ਹਾਂ ਨੇ ਸਵਾਲ ਕੀਤਾ ਹੈ ਕਿ are you satisfied or dissatisfied with Mrs. Indira Gandhi as Prime Minister of India?

ਉਨ੍ਹਾਂ ਨੇ ਕਿਹਾ ਹੈ ਕਿ......

ਸ਼੍ਰੀ ਸਪੀਕਰ: ਤੁਸੀਂ ਪੰਜਾਬ ਸਰਕਾਰ ਬਾਰੇ ਗੱਲ ਕਰੋ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਦੇਸ਼ ਸਾਡਾ ਹੈ ਅਤੇ ਇਸ ਸਰਕਾਰ ਬਾਰੇ ਗੱਲ ਕਹਿਣ ਦਾ ਸਾਡਾ ਹੱਕ ਹੈ । ਦੂਜਾ ਸਵਾਲ ਇਹ ਸੀ ਕਿ how do you feel things are going on in the country these days?

ਅੱਜ ਕੱਲ ਅੱਛਾ ਰਾਜ ਚਲ ਰਿਹਾ ਹੈ ਜਾਂ ਬੁਰਾ ਚਲ ਰਿਹਾ ਹੈ ਅਤੇ ਇਸ ਦਾ ਵੇਰਵਾ ਇਸ ਪ੍ਰਕਾਰ ਹੈ। ਬੰਬਈ ਵਿਚ 10% ਲੋਕਾਂ ਨੇ ਕਿਹਾ ਹੈ ਕਿ ਠੀਕ ਚਲ ਰਿਹਾ ਹੈ ਅਤੇ 80% ਲੋਕਾਂ ਨੇ ਕਿਹਾ ਕਿ ਬੁਰਾ ਚਲ ਰਿਹਾ ਹੈ । ਇਸੇ ਤਰ੍ਹਾਂ ਕਲੱਕਤੇ ਵਿਚ 11% ਲੋਕ ਕਹਿੰਦੇ ਹਨ ਕਿ ਠੀਕ ਹੈ 81% ਲੋਕ ਕਹਿੰਦੇ ਹਨ ਬਿਲਕੁਲ ਠੀਕ ਨਹੀਂ ਚੱਲ ਰਿਹਾ । ਫਿਰ ਦਿੱਲੀ ਵਿਚ ਜਿਥੇ ਇਨ੍ਹਾਂ ਦੀ ਸਰਕਾਰ ਹੈ ਉਥੇ ਦੇ 16% ਲੋਕ ਕਹਿੰਦੇ ਹਨ ਠੀਕ ਹੈ ਅਤੇ 73% ਲੋਕ ਕਹਿੰਦੇ ਹਨ, ਬੁਰਾ ਚੱਲ ਰਿਹਾ ਹੈ । ਇਸੇ ਤਰ੍ਹਾਂ ਲਖਨਊ ਵਿਚ 20% ਲੋਕਾਂ ਨੇ ਠੀਕ ਕਿਹਾ ਹੈ । ਇਸ ਦਾ ਮਤਲਬ ਹੈ ਕਿ ਸਿਰਫ 5 ਜਾਂ 10% ਲੋਕ ਹੀ ਠੀਕ ਸਮਝਦੇ ਹਨ । ਸਪੀਕਰ ਸਾਹਿਬ, ਇਸ ਐਡਰੈਸ ਵਿਚ ਪੰਜਾਬ ਦੇ ਲੋਕਾਂ ਲਈ ਕੁਝ ਨਹੀਂ ਹੈ ਇਸ ਲਈ ਇਸ ਐਡਰੈਸ ਦਾ ਧੰਨਵਾਦ ਕਰਨ ਵਾਲੀ ਕੋਈ ਗੱਲ ਨਹੀਂ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ) : ਸਪੀਕਰ ਸਾਹਿਬ, ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ ਪਰ ਤੁਹਾਡੀ ਮੇਹਰਬਾਨੀ ਹੈ ਕਿ ਤੁਸੀਂ ਫਿਰ ਵੀ ਮੈਨੂੰ ਟਾਈਮ ਦਿਤਾ ਹੈ। ਇਥੇ ਜਮਹੂਰੀਅਤ ਦਾ ਬੜਾ ਰੌਲਾ ਪਾਇਆ ਜਾਂਦਾ ਹੈ। ਜਿਸ ਵਕਤ ਇਹ ਕੁਰਸੀ ਤੇ ਆ ਜਾਂਦੇ ਹਨ ਤਾਂ ਇਨ੍ਹਾਂ ਨੂੰ ਜਮਹੂਰੀਅਤ ਦੀ ਯਾਦ ਆ ਜਾਂਦੀ ਹੈ। ਜਦ ਕੁਰਸੀ ਤੋਂ ਹੱਟ ਜਾਂਦੇ ਹਨ ਤਾਂ ਜਮਹੂਰੀਅਤ ਇਨ੍ਹਾਂ ਨੂੰ ਭੁਲ ਜਾਂਦੀ ਹੈ। ਇਨ੍ਹਾਂ ਕਾਂਗਰਸੀਆਂ ਨੇ ਕਿਵੇਂ ਜਮਹੂਰੀਅਤ ਦਾ ਜਲੂਸ ਕਢਿਆ ਸੀ। ਉਸ ਦਾ ਸਾਰਿਆਂ ਨੂੰ ਪਤਾ ਹੈ। ਕਿਵੇਂ ਸਰਦਾਰ ਕੰਵਲਜੀਤ ਸਿੰਘ, ਯੂਥ ਕਾਂਗਰਸ ਲੀਡਰ ਨੇ ਸਕੱਤਰੇਤ ਦੇ ਸ਼ੀਸ਼ੇ ਤੋੜੇ ਅਤੇ ਅੰਦਰ ਜਾ ਕੇ ਮੁੱਖ ਮੰਤਰੀ ਦੀ ਕੁਰਸੀ ਤੇ ਬੈਠ ਗਿਆ। ਉਸ ਵਕਤ ਇਨ੍ਹਾਂ ਨੂੰ ਜਮਹੂਰੀਅਤ ਯਾਦ ਨਹੀਂ ਸੀ। ਜਦੋਂ ਤਾਕਤ ਇਨ੍ਹਾ ਦੇ ਹਥ ਵਿਚ ਨਾ ਹੋਵੇ ਫਿਰ ਜ਼ਮਹੂਰੀਅਤ ਨੂੰ ਇਹ ਭੁੱਲ ਜਾਂਦੇ ਹਨ। ਦਿੱਲੀ ਵਿਚ ਮਰਹੂਮ ਸੰਜੇ ਗਾਂਧੀ ਨੇ ਹਾਈਕੋਰਟ ਅਤੇ ਸੁਪਰੀਮ ਕੋਰਟ ਦਾ ਘੇਰਾਉ ਕੀਤਾ ਸੀ ਉਦੋਂ ਜਮਹੂਰੀਅਤ ਕਿਥੇ ਸੀ ? ਪਰ ਹੁਣ ਜਦੋਂ ਲੋਕੀ ਪੀਸਫੁਲ ਐਜੀਟੇਸ਼ਨ ਕਰਨਾ ਚਾਹੁੰਦੇ ਸਨ ਅਤੇ ਜਿਹੜਾ ਇਨ੍ਹਾਂ ਨੇ ਬੱਸਾਂ ਦਾ ਕਿਰਾਇਆ 43% ਵਧਾਇਆ ਹੈ ਉਹ 43% ਨਹੀਂ ਬਲਕਿ 58% ਵਧਾਇਆ ਹੈ। ਇਹ ਵਾਕਿਆ ਲੋਕਾਂ ਤੇ ਬੋਝ ਸੀ ਅਤੇ ਲੋਕਾਂ ਨੇ ਮਹਿਸੂਸ ਕੀਤਾ ਸੀ। ਲੋਕਾਂ ਨੇ ਇਸ ਦੇ ਖਿਲਾਫ ਆਵਾਜ਼ ਉਠਾਈ ਔਰ ਪਾਰਟੀਆਂ ਨੇ ਸਹਿਯੋਗ ਦਿੱਤਾ ਪਰ ਇਨ੍ਹਾਂ ਨੇ ਪੀਸਫੁਲ ਐਜੀਟੇਸ਼ਨ ਤੇ ਕਿਸ ਤਰ੍ਹਾਂ ਲਾਠੀਆਂ ਚਲਾਈਆਂ, ਗਲੀਆਂ ਚਲਾਈਆਂ ਗੈਸ ਛੱਡੀ ਇਸ ਦੀ ਮਿਸਾਲ ਕਿਧਰੋ ਨਹੀਂ ਮਿਲਦੀ ਪਰ ਲੋਕਾਂ ਨੇ ਇਨ੍ਹਾਂ ਗਲਾਂ ਦੇ ਬਾਵਜੂਦ ਡਟਕੇ ਮੁਕਾਬਲਾ ਕੀਤਾ। ਇਹ ਜਿਹੜੀ ਹੁਕਮਰਾਨ ਪਾਰਟੀ ਬੈਠੀ ਹੈ ਇਨ੍ਹਾਂ ਨੂੰ ਤਾਕਤ ਦੇ ਨਸ਼ੇ ਵਿਚ ਨਹੀਂ ਰਹਿਣਾ ਚਾਹੀਦਾ। ਸਾਰੀ ਤਾਕਤ ਲੋਕਾਂ ਦੇ ਹੱਥ ਵਿਚ ਹੈ। ਲੋਕ ਸਰਕਾਰ ਬਣਾ ਵੀ ਸਕਦੇ ਹਨ ਅਤੇ ਬਦਲ ਵੀ ਸਕਦੇ ਹਨ। ਇਨ੍ਹਾਂ ਨੇ ਸਾਰੇ ਪੰਜਾਬ ਵਿਚ ਹਜ਼ਾਰਾਂ ਦੀ ਤਦਾਦ ਵਿਚ ਗ੍ਰਿਫਤਾਰੀਆਂ ਕੀਤੀਆਂ ਪਰ ਫਿਰ ਵੀ ਲੋਕਾਂ ਨੇ ਹਿੰਮਤ ਕੀਤੀ ਅਤੇ ਚੰਡੀਗੜ੍ਹ ਦੇ ਵਿਚ ਆ ਕੇ ਐਜੀਟੇਸ਼ਨ ਵਿਚ ਹਿੱਸਾ ਪਾਇਆ ਉਨ੍ਹਾਂ ਨੇ ਆਪਣਾ ਰੋਸ ਪ੍ਰਗਟ ਕੀਤਾ। ਇਹ ਪਹਿਲੀ ਵਾਰ ਹੈ ਕਿ ਆਪੋਜ਼ੀਸ਼ਨ ਦੀ ਰੈਲੀ ਨੂੰ ਖਤਮ ਕਰਨ ਲਈ ਇਨ੍ਹਾਂ ਨੇ ਟਰੱਕ, ਟਰਾਲੀਆ ਦੇ ਚਾਲਾਨ ਕੀਤੇ ਅਤੇ ਉਨ੍ਹਾਂ ਨੂੰ ਰੋਕਿਆ ਗਿਆ ਤਾਕਿ ਲੋਕ ਚੰਡੀਗੜ੍ਹ ਨਾ ਪਹੁੰਚ ਸਕਣ। ਇਨ੍ਹਾਂ ਨੇ ਮੋਟਰ ਵਹੀਕਲ ਐਕਟ ਵਿਚ ਅਮੈਂਡਮੈਂਟ ਕਰ ਦਿੱਤੀ ਜੋ ਕਿ ਅੱਜ ਤੱਕ ਨਹੀਂ ਹੋਇਆ ਸੀ। ਪਿਛਲੇ ਮਹੀਨੇ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਨਕੋਦਰ ਆਈ ਸੀ ਤਾਂ ਉਥੇ ਇਹ ਸਰਕਾਰ ਲੋਕਾਂ ਨੂੰ ਟਰੱਕਾਂ, ਟਰਾਲੀਆਂ ਵਿਚ ਲੈ ਗਈ ਸੀ ਪਰ ਉਸ ਵੇਲੇ ਤੁਸੀਂ ਟਰੱਕਾਂ ਅਤੇ ਟਰਾਲੀਆਂ ਤੇ ਬੈਨ ਕਿਉਂ ਨਹੀਂ ਕੀਤਾ ਸੀ ? ਇਸ ਚੀਜ਼ ਨੂੰ ਅਸੀਂ ਕੰਡੈਮ ਕਰਦੇ ਹਾਂ। ਇਸ ਤਰ੍ਹਾਂ ਦੇ ਐਕਸ਼ਨ ਨੂੰ ਸਾਰੀਆਂ ਪਾਰਟੀਆਂ ਨੂੰ ਕੰਡੈਮ ਕਰਨਾ ਚਾਹੀਦਾ ਹੈ। ਹਜ਼ਾਰਾਂ ਦੀ ਤਾਦਾਦ ਵਿਚ ਲੀਡਰਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਅਤੇ ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਲੋਕਾਂ ਨੇ ਚੰਡੀਗੜ੍ਹ ਵਿਚ ਐਜੀਟੇਸ਼ਨ ਕਰਨੀ ਨਹੀਂ ਛਡੀ। ਹਰ ਇਕ ਜੱਥੇ ਦੀ ਅਗਵਾਈ ਹਰ ਇਕ ਐਮ.ਐਲ.ਏ. ਕਰ ਰਿਹਾ ਸੀ। ਉਨ੍ਹਾਂ ਨੇ ਅਸੈਂਬਲੀ ਵਿਚ ਨਹੀਂ ਆਉਣਾ ਸੀ। ਸਪੀਕਰ ਸਾਹਿਬ, ਕਹਿਣ ਦਾ ਹਰ ਇਕ ਨੂੰ ਹੱਕ ਹੈ। ਇਹ ਜਿਹੜੀ ਗੌਰਮਿੰਟ ਨੇ ਐਜੀਟੇਸ਼ਨ ਕਰ ਰਹੇ ਲੋਕਾਂ ਤੇ ਜ਼ੁਲਮ ਕੀਤਾ ਹੈ ਇਹ ਕਾਬਲੇ ਬਰਦਾਸ਼ਤ ਨਹੀਂ ਹੈ ਜਦ ਕਿ ਉਹ ਪੀਸਫੁਲੀ ਐਜੀਟੇਸ਼ਨ ਕਰ ਰਹੇ ਸਨ। ਸਪੀਕਰ ਸਾਹਿਬ, ਗੌਰਮਿੰਟ ਨੂੰ ਵਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ ਕਿਰਾਇਆ ਜਿਹੜਾ ਬੱਸਾਂ ਦਾ ਵਧਾਇਆ ਗਿਆ ਹੈ, ਉਹ ਸਾਰੇ ਪੰਜਾਬ ਦੇ ਲੋਕਾਂ ਤੇ ਬੜਾ

[ਸਰਦਾਰ ਹਰਚਰਨ ਸਿੰਘ ਹੀਰੋ]

ਭਾਰੀ ਬੋਝ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਹੁਣ ਵੀ ਸਾਰੀਆਂ ਪਾਰਟੀਆਂ ਨੂੰ ਬੁਲਾਕੇ ਗੱਲਬਾਤ ਕਰਕੇ ਇਸ ਦਾ ਜਾਇਜ਼ ਹੱਲ ਕਢਿਆ ਜਾਣਾ ਚਾਹੀਦਾ ਹੈ। ਜੇਕਰ ਸਰਕਾਰ ਸਮਝਦੀ ਹੈ ਕਿ ਸਖਤੀ ਨਾਲ, ਗੋਲੀ ਚਲਾ ਕੇ, ਲਾਠੀ ਚਾਰਜ ਕਰਕੇ ਜਾਂ ਧੱਕੇ ਨਾਲ ਐਜੀਟੇਸ਼ਨਾਂ ਨੂੰ ਦਬਾਇਆ ਜਾ ਸਕਦਾ ਹੈ ਤਾਂ ਇਹ ਬਿਲਕੁਲ ਗਲਤ ਹੈ। ਬੱਸਾਂ ਦੇ ਕਿਰਾਏ ਦਾ ਬੋਝ ਹਰ ਇਕ ਆਦਮੀ ਤੇ ਪਿਆ ਹੈ ਚਾਹੇ ਉਹ ਵੱਡਾ ਹੈ ਜਾਂ ਛੋਟਾ ਹੈ। ਇਸ ਬਾਰੇ ਗੌਰਮਿੰਟ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਜੇਕਰ ਸਪੀਕਰ ਸਾਹਿਬ, ਸਰਕਾਰ ਕੋਈ ਚੰਗਾ ਕੰਮ ਕਰੇਗੀ ਜਿਸ ਤਰ੍ਹਾਂ ਟਰਾਂਸਪੋਰਟ ਨੂੰ ਨੈਸ਼ਨੇਲਾਈਜ ਕਰਨ ਦਾ ਸਵਾਲ ਹੈ ਤਾਂ ਸਾਡੀ ਪਾਰਟੀ ਵੀ ਉਸ ਦੀ ਸ਼ਲਾਘਾ ਕਰੇਗੀ ਪਰ ਸਪੀਕਰ ਸਾਹਿਬ, ਮੈਨੂੰ ਡਾਊਟ ਹੈ ਕਿ ਇਨ੍ਹਾਂ ਨੇ ਨੈਸ਼ਨੇਲਾਈਜ਼ੇਸ਼ਨ ਨਹੀਂ ਕਰਨੀ। ਅਸੀਂ ਸਮਝਦੇ ਹਾਂ ਕਿ ਨੈਸ਼ਨੇਲਾਈਜੇਸ਼ਨ ਹੋਣੀ ਚਾਹੀਦੀ ਹੈ। ਔਰ ਤੁਹਾਡੇ ਸਾਹਮਣੇ ਹੈ ਕਿ ਹਰਿਆਣੇ ਵਿਚ ਸਾਰੀ ਟਰਾਂਸਪੋਰਟ ਨੈਸ਼ਨੇਲਾਈਜਡ ਹੈ। ਉਨ੍ਹਾਂ ਦੀਆਂ ਬਹੁਤ ਵਧੀਆਂ ਬੱਸਾਂ ਹਨ ਅਤੇ ਲੋਕਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ ਪਰ ਪੰਜਾਬ ਵਿਚ ਟਰਾਂਸਪੋਰਟ ਨੈਸ਼ਨੇਲਾਈਜ਼ ਕਿਉਂ ਨਹੀਂ ਕਰਦੇ ? ਇਸ ਦਾ ਕਾਰਨ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਇਸ ਦਾ ਕੀ ਕਾਰਨ ਹੈ ? ਪ੍ਰਾਈਵੇਟ ਓਪਰੇਟਰਜ਼ ਜਿਹੜੇ ਹੁੰਦੇ ਹਨ, ਉਹ ਗੌਰਮਿੰਟ ਸਰਵੈਂਟਸ ਨੂੰ ਖਰੀਦ ਲੈਂਦੇ ਹਨ। ਇਸ ਲਈ ਸਰਕਾਰੀ ਟਰਾਂਸਪੋਰਟ ਘਾਟੇ ਵਿਚ ਜਾਂਦੀ ਹੈ ਅਤੇ ਪ੍ਰਾਈਵੇਟ ਟਰਾਂਸਪੋਰਟ ਵਾਲੇ ਮੁਨਾਫਾ ਕਮਾਂਉਦੇ ਹਨ। ਮੈਂ ਖੁਦ ਟਰਾਂਸਪੋਰਟਰ ਰਿਹਾ ਹਾਂ ਅਤੇ ਮੈਨੂੰ ਜ਼ਾਤੀ ਤਜ਼ਰਬਾ ਹੈ। ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਅਗਾਂਹ ਪਿਛਾਂਹ ਹੁੰਦਾ ਹੈ। ਸਰਕਾਰ ਜੇਕਰ ਸਹੀ ਮਾਹਨਿਆਂ ਵਿਚ ਚਾਹੁੰਦੀ ਹੈ ਕਿ ਕੰਪਲੀਟ ਨੈਸ਼ਨੇਲਾਈਜੇਸ਼ਨ ਪੰਜਾਬ ਅੰਦਰ ਹੋ ਜਾਵੇ ਤਾਂ ਇਸੇ ਸੈਸ਼ਨ ਵਿਚ ਬਿੱਲ ਸਰਕਾਰ ਨੂੰ ਲਿਆਉਣਾ ਚਾਹੀਦਾ ਹੈ। (ਥੰਪਿੰਗ) ਵਿਘਨ)

ਸ੍ਰੀ ਸਪੀਕਰ : ਇੱਕ ਮਿੰਟ ਵਿਚ ਸਰਦਾਰ ਹਰਚਰਨ ਸਿੰਘ ਹੀਰੋ ਜੀ ਖਤਮ ਕਰੋ ਕਿਉਂਕਿ ਵਕਤ ਹੋ ਗਿਆ ਹੈ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਜਿਤਨਾ ਚਿਰ ਬਿੱਲ ਨਹੀਂ ਲਿਆਂਦਾ ਜਾਂਦਾ, ਅਸੀਂ ਨਹੀਂ ਕਹਿ ਸਕਦੇ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦੇਣਗੇ। ਇਸ ਤਰ੍ਹਾਂ ਤਾਂ ਬਹੁਤ ਸਾਰੇ ਰੈਜ਼ੋਲਿਊਸ਼ਨ ਪਾਸ ਹੁੰਦੇ ਰਹਿੰਦੇ ਹਨ ਪਰ ਜੇਕਰ ਸਹੀ ਮਾਹਨਿਆਂ ਵਿਚ ਕੰਪਲੀਟ ਨੈਸ਼ਨੇਲਾਈਜੇਸ਼ਨ ਕਰਨਾ ਚਾਹੁੰਦੇ ਹਨ ਤਾਂ ਇਸੇ ਸੈਸ਼ਨ ਅੰਦਰ ਪੰਜਾਬ ਸਰਕਾਰ ਬਿੱਲ ਲੈ ਕੇ ਆਵੇ (ਵਿਘਨ)

Mr. Speaker : The House Stands adjourned till 2.00 P. M. on Tuesday, the 27th January, 1981

*1.30 P.M. | *(The Sabha then adjourned till 2.00 P. M. on Tuesday, the 27th January, 1981*

1873—2-7-81—325 Copy—Punjab Govt. Press, Patiala.

1981

Published under the Authority of the Punjab Vidhan Sabha and Prinited by the Controllor, Printing & Stationery, Punjab, at the Govt. Press, Patiala.

PUNJAB VIDHAN SABHA

DEBATES

27th January, 1981

Vol. II No. 5

OFFICIAL REPORT

CONTENTS

Tuesday, the 27th January, 1981

Punjab Vidhan Sabha Secretariat, Chandigarh

Price : Rs. /— 40,05

PUNJAB VIDHAN SABHA

Tuesday, the 27th January, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

STARRED QUESTION No. 411

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁੱਟ ਨਹੀਂ ਕੀਤਾ ਗਿਆ)

Veterinary Dispensaries Run by the Zila Parshads in the State

***443. Comrade Darshan Singh Jhabal** : Will the Minister for Development be pleased to state :—

(a) the total number of Veterinary Dispensaries run by the Zila Parishads in the State;

(b) whether the Government propose to take over the Dispensaries referred to in part (a) above; if so, the time by which that is likely to be done ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਨਿੱਲ।

(ਅ) (ਭਾਗ I. ਨਹੀਂ ਜੀ।)
(ਭਾਗ II. ਸੁਆਲ ਹੀ ਪੈਦਾ ਨਹੀਂ ਹੁੰਦਾ।)

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਡਿਸਪੈਂਸਰੀਆਂ ਪਿੰਡਾਂ ਵਿਚ ਚਲ ਰਹੀਆਂ ਹਨ ਕੀ ਉਹ ਸਾਰੀਆਂ ਸਰਕਾਰੀ ਹਨ ਜਾਂ ਉਹ ਬਲਾਕ ਸੰਮਤੀਆਂ ਚਲਾ ਰਹੀਆਂ ਹਨ ਜਾਂ ਮਿਊਂਸਪਲ ਕਮੇਟੀਆਂ ਚਲਾ ਰਹੀਆਂ ਹਨ ?

ਮੰਤਰੀ : ਇਨ੍ਹਾਂ ਦਾ ਵੈਟਰਨਰੀ ਹਸਪਤਾਲਾਂ ਬਾਰੇ ਸਵਾਲ ਸੀ, ਜੋ ਕਿ ਜ਼ਿਲ੍ਹਾ ਪ੍ਰੀਸ਼ਦ ਰਨ ਕਰ ਰਹੇ ਹਨ ਅਤੇ ਵੈਟਰਨਰੀ ਡਿਸਪੈਂਸਰੀਆਂ ਬਾਰੇ ਇਨ੍ਹਾਂ ਹੁਣ ਸਪਲੀਮੈਂਟਰੀ ਕੀਤਾ ਹੈ, ਜੋ ਕਿ ਬਲਾਕ ਸੰਮਤੀਆਂ ਰਨ ਕਰ ਰਹੀਆਂ ਹਨ। ਜ਼ਿਲ੍ਹਾ ਪ੍ਰੀਸ਼ਦ ਡਿਸਪੈਂਸਰੀਆਂ ਰਨ ਨਹੀਂ ਕਰਦੇ।

ਕਾਮਰੇਡ ਦਰਸ਼ਨ ਸਿੰਘ ਝਬਾਲ : ਇਨ੍ਹਾਂ ਨੇ ਦੱਸਿਆ ਹੈ ਕਿ ਡਿਸਪੈਂਸਰੀਆਂ ਬਲਾਕ ਸੰਮਤੀਆਂ ਰਨ ਕਰ ਰਹੀਆਂ ਹਨ, ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਨ੍ਹਾਂ ਡਿਸਪੈਂਸਰੀਆਂ ਨੂੰ ਆਪਣੇ ਅਧੀਨ ਲੈ ਲਵੇਗੀ ?

ਮੰਤਰੀ : ਇਸ ਵੇਲੇ ਪੰਜਾਬ ਵਿਚ ਜਿਹੜੇ ਹਸਪਤਾਲ ਹਨ ਇਹ ਜ਼ਿਲ੍ਹਾ ਪ੍ਰੀਸ਼ਦ ਤਕਰੀਬਨ 152 ਰਨ ਕਰ ਰਹੇ ਹਨ ਔਰ ਬਲਾਕ ਸੰਮਤੀਆਂ ਤਕਰੀਬਨ 48 ਡਿਸਪੈਂਸਰੀਆਂ ਰਨ ਕਰ ਰਹੀਆਂ ਹਨ ਔਰ ਮਿਊਂਸਪਲ ਕਮੇਟੀਆਂ 7 ਡਿਸਪੈਂਸਰੀਆਂ ਰਨ ਕਰ ਰਹੀਆਂ ਹਨ। ਇਹ ਚੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਇਨ੍ਹਾਂ ਅਦਾਰਿਆਂ ਨੂੰ ਜੇਕਰ ਫੰਡਜ਼ ਅਲਾਓ ਕਰਨ ਤਾਂ ਪ੍ਰੋਵਿਸ਼ੋਲਾਈਜ਼ ਕਰ ਲਿਆ ਜਾਏ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜੁਆਇੰਟ ਰਿਸਪਾਂਸੇਬਿਲਿਟੀ ਹੈ। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਫੰਡਜ਼ ਅਲਾਓ ਕਰਨਗੇ ਤਾਂ ਇਨ੍ਹਾਂ ਡਿਸਪੈਂਸਰੀਆਂ ਨੂੰ ਸਰਕਾਰ ਟੇਕ ਓਵਰ ਕਰ ਲਵੇਗੀ, ਇਸ ਵੇਲੇ ਇਨ੍ਹਾਂ ਡਿਸਪੈਂਸਰੀਆਂ ਵਿਚ ਨਾ ਦਵਾਈਆਂ ਮਿਲਦੀਆਂ ਹਨ, ਨਾ ਉਥੇ ਪੂਰਾ ਸਟਾਫ ਹੈ ਔਰ ਨਾ ਹੀ ਉਥੇ ਕੋਈ ਬਿਲ ਡਿੰਗ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਤੇ ਮੁੜ ਕੇ ਵਿਚਾਰ ਕਰਕੇ ਕਦੋਂ ਤਕ ਸਰਕਾਰ ਇਨ੍ਹਾਂ ਡਿਸਪੈਂਸਰੀਆਂ ਔਰ ਹਸਪਤਾਲਾਂ ਨੂੰ ਆਪਣੇ ਅਧੀਨ ਲੈ ਲਵੇਗੀ ?

ਮੰਤਰੀ : ਮੈਂ ਅੱਗੇ ਵੀ ਦੱਸਿਆ ਹੈ ਕਿ ਇਹ ਜਿਹੜੇ ਹਸਪਤਾਲ 152 ਜ਼ਿਲ੍ਹਾ ਪ੍ਰੀਸ਼ਦ ਰਨ ਕਰ ਰਹੇ ਹਨ ਔਰ ਡਿਸਪੈਂਸਰੀਆਂ ਜੋ ਕਿ ਸੰਮਤੀਆਂ ਰਨ ਕਰ ਰਹੀਆਂ ਹਨ, ਇਨ੍ਹਾਂ ਨੂੰ ਸਰਕਾਰ ਆਪਣੇ ਅਧੀਨ ਤਾਂ ਹੀ ਲੈ ਸਕਦੀ ਹੈ ਜੇਕਰ ਫੰਡਜ਼ ਅਲਾਓ ਕਰਨ। ਇਸ ਦਫਾ ਅਸੀਂ ਆਪਣੀ ਪਲੈਨ ਸਕੀਮ 2 ਕਰੋੜ 82 ਲੱਖ ਰੁਪਏ ਦੀ ਰੱਖੀ ਹੈ ਔਰ ਨਾਨ ਪਲੈਨ ਸਕੀਮ 5 ਕਰੋੜ 10 ਲੱਖ ਰੁਪਏ ਦੀ ਹੈ । ਇਹ ਠੀਕ ਹੈ ਕਿ ਉਥੇ ਪੂਰਾ ਸਟਾਫ ਨਹੀਂ ਹੈ, ਦਵਾਈਆਂ ਵੀ ਘਟ ਹਨ ਔਰ ਬਿਲਡਿੰਗਾਂ ਦੀ ਮੁਰੰਮਤ ਵੀ ਚੰਗੀ ਤਰ੍ਹਾਂ ਨਾਲ ਨਹੀਂ ਹੁੰਦੀ। ਇਸ ਵੇਲੇ ਜਿਹੜੇ ਫੰਡਜ਼ ਹਨ ਉਹ ਸਿਰਫ ਉਨ੍ਹਾਂ ਹਸਪਤਾਲਾਂ ਵਾਸਤੇ ਹੀ ਹਨ ਜਿਹੜੇ ਸਰਕਾਰ ਚਲਾ ਰਹੀ ਹੈ । ਅਗਲੇ ਸਾਲ ਇਸ ਲਈ ਸੋਚ ਵਿਚਾਰ ਕਰ ਲਈ ਜਾਵੇਗੀ। ਸਾਡੇ ਕੋਲ ਅਜਿਹੇ 1640 ਅਦਾਰੇ ਹਨ। 105 ਨਵੇਂ ਹਸਪਤਾਲ ਖੋਲ੍ਹ ਰਹੇ ਹਾਂ ਔਰ 100 ਡਿਸਪੈਂਸਰੀਆਂ ਖੋਲ੍ਹ ਰਹੇ ਹਾਂ ।

ਇਸ ਦਾ ਵਿਸਥਾਰ ਇਸ ਪ੍ਰਕਾਰ ਹੈ :—

ਹਸਪਤਾਲ	761
ਡਿਸਪੈਂਸਰੀਆਂ	460
ਏ. ਆਈ. ਸੈਂਟਰਜ਼	46
ਆਈ. ਸੀ. ਡੀ. ਪੀ. ਯੂਨਿਟਸ	316
ਹੋਰ ਯੂਨਿਟਸ	262
ਕੁਲ :	1,845

ਇਸ ਕਰਕੇ ਮੈਂ ਕਿਹਾ ਸੀ ਕਿ ਕੈਟਲ ਫੇਅਰ ਫੰਡ ਜਿਹੜਾ ਹੈ ਉਸ ਵਿਚੋਂ 25 ਪ੍ਰਤੀਸ਼ਤ ਰੁਪਿਆ ਇਧਰ ਦਿੰਦੇ ਹਾਂ। ਅਸੀਂ ਸੋਚ ਰਹੇ ਹਾਂ ਅਗਰ ਉਸ ਵਿਚੋਂ ਫੰਡਜ਼ ਅਵੇਲੇਬਲ ਹੋਣ ਤਾਂ ਇਹ ਡਿਸਪੈਂਸਰੀਆਂ ਟੇਕ ਓਵਰ ਕਰ ਲਈਏ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਇਨ੍ਹਾਂ ਨੇ ਇਹ ਗੱਲ ਆਪ ਮੰਨ ਲਈ ਹੈ ਕਿ ਇਨ੍ਹਾਂ ਡਿਸਪੈਂਸਰੀਆਂ

ਦੀ ਹਾਲਤ ਮਾੜੀ ਹੈ ਜ਼ਿਲ੍ਹਾ ਪ੍ਰੀਸ਼ਦ ਔਰ ਬਲਾਕ ਸੰਮਤੀਆਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਰਨ ਨਹੀਂ ਕਰ ਰਹੇ। ਕੀ ਇਸ ਦਾ ਇੱਕ ਕਾਰਣ ਇਹ ਨਹੀਂ ਹੈ ਕਿ ਪੰਜਾਬ ਵਿਚ ਜ਼ਿਲ੍ਹਾ ਪ੍ਰੀਸ਼ਦ ਔਰ ਬਲਾਕ ਸੰਮਤੀਆਂ ਦੀਆਂ ਚੋਣਾਂ ਨਹੀਂ ਹੋਈਆਂ ਹਨ? ਕੀ ਇਨ੍ਹਾਂ ਜ਼ਿਲ੍ਹਾ ਪ੍ਰੀਸ਼ਦਾਂ ਔਰ ਬਲਾਕ ਸੰਮਤੀਆਂ ਦੀਆਂ ਇਹ ਚੋਣਾਂ ਜਲਦੀ ਕਰਾਉਣ ਨੂੰ ਤਿਆਰ ਹਨ ਤਾਕਿ ਇਨ੍ਹਾਂ ਡਿਸਪੈਂਸਰੀਆਂ ਦੀ ਹਾਲਤ ਠੀਕ ਹੋ ਸਕੇ ?

ਸ੍ਰੀ ਸਪੀਕਰ : ਇਹ ਸਪਲੀਮੈਂਟਰੀ ਇਸ ਸਵਾਲ ਨੂੰ ਰਿਲੇਟ ਨਹੀਂ ਕਰਦੀ।

APPLICATIONS RECEIVED FROM THE FARMERS OF DISTRICT AMRITSAR FOR THE SUPPLY OF EUCALYPTUS SAPLINGS

*378. 1. **Jathedar Naranjan Singh Patti**
2. **Comrade Darshan Singh Jhabal** } Will the Minister for Agriculture and Forests be pleased to state :—

(a) whether any applications for the supply of Eucalyptus saplings were received from the farmers of district Amritsar by the Chief Conservator of Forests, Punjab, Chandigarh, during the last six months; if, so, the number thereof and the details of action taken there on;

(b) whether the Forests Department imparts any technical training or provides guidance or any other facility to the applicants for the plantation of saplings referred to in part (a) above; if so, the details there of ?

ਚੌਧਰੀ ਕਾਂਸ਼ੀ ਰਾਮ : (ੳ) ਹਾਂ ਜੀ, ਤਿੰਨ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਵਿਚੋਂ ਦੋ ਬਿਨੈਕਾਰਾਂ ਨੇ ਫਰਵਰੀ, 1981 ਵਿਚ ਪੌਦੇ ਮੰਗੇ ਸਨ। ਤਿੰਨੇ ਬਿਨੈਕਾਰਾਂ ਨੂੰ ਪੌਦੇ ਫਰਵਰੀ, 1981 ਵਿਚ ਸਪਲਾਈ ਕਰ ਦਿੱਤੇ ਜਾਣਗੇ।

(ਅ) ਹਾਂ ਜੀ, ਵਣ ਵਿਭਾਗ ਖੇਤਰ ਵਿਚ ਸਫੈਦੇ ਆਦਿ ਦੇ ਪੌਦਿਆਂ ਨੂੰ ਲਾਉਣ ਲਈ ਤਕਨੀਕੀ ਜਾਣਕਾਰੀ ਮੁਫਤ ਬਿਨੈਕਾਰਾਂ ਨੂੰ ਦਿੰਦਾ ਹੈ। ਇਸ ਤੋਂ ਇਲਾਵਾ ਪੌਦੇ ਰਿਆਇਤੀ ਮੁੱਲ ਤੇ ਸਪਲਾਈ ਕੀਤੇ ਜਾਂਦੇ ਹਨ।

ਕਾਮਰੇਡ ਦਰਸ਼ਨ ਸਿੰਘ ਝਬਾਲ : ਬਰਸਾਤ ਹੋਣ ਕਰਕੇ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਪਾਣੀ ਖਲੋ ਜਾਂਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕਿਸਾਨਾਂ ਨੂੰ ਉੱਚੇ ਪੌਦੇ ਜਿਹੜੇ ਕਿ ਪਾਣੀ ਵਿਚ ਡੁੱਬ ਨਾ ਸਕਣ, ਖੇਤਾਂ ਤਕ ਪਹੁੰਚਾਉਣ ਦਾ ਪਰਬੰਧ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਸੀ ਕਿ ਸੈਪਲਿੰਗਜ਼ ਅਸੀਂ ਸਬਸੇਡਾਈਜ਼ਡ ਰੇਟਸ ਤੇ ਦਿੰਦੇ ਹਾਂ। ਇਹ ਦੋ ਕਿਸਮ ਦੇ ਹੁੰਦੇ ਹਨ। ਇੱਕ ਬੈਗ ਪਲਾਂਟ ਔਰ ਦੂਜਾ ਗਾਚੀ ਪਲਾਂਟ। ਇਨ੍ਹਾਂ ਦੋਵਾਂ ਦੇ ਵੱਖਰੇ ਵੱਖਰੇ ਰੇਟਸ ਹੁੰਦੇ ਹਨ। ਜੇਕਰ ਇਨ੍ਹਾਂ ਦੇ ਪੌਦੇ ਡੁੱਬ ਜਾਂਦੇ ਹਨ ਤਾਂ ਇਹ ਜਿਹੜਾ ਉੱਚਾ ਪਲਾਂਟ ਗਾਚੀ ਵਾਲਾ ਹੈ ਔਰ 50 ਪੈਸੇ ਫੀ ਪਲਾਂਟ ਮਿਲਦਾ ਹੈ, ਉਹ ਇਹ ਖਰੀਦ ਸਕਦੇ ਹਨ।

ਮਾਸਟਰ ਬਾਬੂ ਸਿੰਘ : ਕੀ ਫਾਰਮਰਜ਼ ਨੂੰ ਉਨ੍ਹਾਂ ਦੀ ਰਿਕੁਈਜ਼ੀਸ਼ਨ ਅਨੁਸਾਰ ਪੌਦੇ ਉਨ੍ਹਾਂ ਨੂੰ ਇਨਡੀਵੀਜੂਲੀ ਦਿੱਤੇ ਜਾਂਦੇ ਹਨ ਜਾਂ ਪੰਚਾਇਤਾਂ ਰਾਹੀਂ ਦਿੱਤੇ ਜਾਂਦੇ ਹਨ? ਜੇਕਰ ਪੌਦੇ ਉਨ੍ਹਾਂ ਨੂੰ ਪੰਚਾਇਤਾਂ ਰਾਹੀਂ ਦਿੱਤੇ ਜਾਂਦੇ ਹਨ ਤਾਂ ਕੀ ਉਨ੍ਹਾਂ ਨੂੰ ਇਹ ਇੰਡੀਵੀਜੂਅਲੀ ਦੇਣ ਦਾ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਪੌਦੇ ਦੇਣ ਦਾ ਸਵਾਲ ਹੈ, ਬੇਸ਼ੱਕ ਪੰਚਾਇਤ ਲੈ ਲੈਣ ਅਤੇ ਬੇਸ਼ਕ ਇੰਡੀਵੀਜੂਅਲ ਲੈ ਲਵੇ, ਇਸ ਦੇ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ।

ਜੱਥੇਦਾਰ ਨਰੰਜਣ ਸਿੰਘ ਪੱਟੀ : ਅੰਮ੍ਰਿਤਸਰ ਜ਼ਿਲੇ ਵਿਚ ਪੌਦੇ ਲੈਣ ਦੀ ਬਹੁਤ ਮੰਗ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀਆਂ ਅਰਜ਼ੀਆਂ ਪੌਦੇ ਲੈਣ ਵਾਸਤੇ ਆਈਆਂ ਹਨ ਉਨ੍ਹਾਂ ਨੂੰ ਇਹ ਕਦੋਂ ਤੱਕ ਪੌਦੇ ਦੇ ਦੇਣਗੇ ?

ਮੰਤਰੀ : ਜਿਨ੍ਹਾਂ ਦੀਆਂ ਐਪਲੀਕੇਸ਼ਨਜ਼ ਆਈਆਂ ਹਨ, ਫਰਵਰੀ, 1981 ਤੱਕ ਅਸੀਂ ਉਨ੍ਹਾਂਨੂੰ ਪੌਦੇ ਦੇ ਦਿਆਂਗੇ।

THREE-STOREY BUILDING FOR HOSPITAL AT KAPURTHALA

***429. (1) Jathedar Naranjan Singh Patti
(2) Sardar Atma Singh :** Will the Minister for Health and Family Welfare be pleased to state—

(a) whether there is any scheme under the consideration of the Government to constructs a three storeyed building for hospital at Kapurthala district Headquarters;

(b) if the reply to part (a) above be in the affirmative, whether the plans etc. for the building have since been prepared;

(c) the amount sanctioned for the construction of the building of the said hospital and the time by which the construction work is likely to be completed ?

Shri Sardari Lal Kapoor: (a) Yes, Sir.

(b) Plans and estimates are yet to be finalised.

(c) In view of (b) above question does not arise.

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਦੀ ਤਬੀਅਤ ਠੀਕ ਨਹੀਂ ਹੈ, ਇਸ ਲਈ ਅਸੀਂ ਜ਼ਿਆਦਾ ਸਪਲੀਮੈਂਟਰੀ ਨਹੀਂ ਕਰਨਾ ਚਾਹੁੰਦੇ। (ਵਿਘਨ) ਮੈਂ ਐਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜ਼ਿਲ੍ਹਾ ਮੁਕਾਮ ਹੈ ਅਤੇ ਇਨ੍ਹਾਂ ਨੇ ਮੰਨਿਆ ਹੈ ਕਿ ਇਹ ਇੰਪਾਰਟੈਂਟ ਗੱਲ ਹੈ। ਕੀ ਇਹ ਇਸ ਨੂੰ ਫਾਈਨੈਂਸ਼ਲ ਯੀਅਰ ਵਿਚ ਬਣਾ ਦੇਣਗੇ ? ਇਸ ਬਾਰੇ ਇਹ ਕਮਿੱਟ ਕਰ ਲੈਣ, ਇਨ੍ਹਾਂ ਦੀ ਬੜੀ ਮਿਹਰਬਾਨੀ ਹੋਵੇਗੀ। ਅਸੀਂ ਹੋਰ ਕੋਈ ਸਪਲੀਮੈਂਟਰੀ ਨਹੀਂ ਪੁੱਛਦੇ।

UPGRADATION OF CIVIL HOSPITAL JAITU, DISTRICT FARIDKOT

ਮੰਤਰੀ : ਜਿਉਂ ਜਿਉਂ ਸਾਡੇ ਕੋਲ ਪੈਸੇ ਆਉਂਦੇ ਜਾਣਗੇ ਅਸੀਂ ਜ਼ਰੂਰ ਬਣਾ ਦਿਆਂਗੇ।

***452. Shri Bhagwan Dass :** Will the Minister for Health and Family Welfare be pleased to state whether he received any representation from a legislator representing the Kotkapura Assembly Constituency during the month of December, 1980, regarding upgradation of Civil Hospital, Jaitu, District Faridkot to 50-bed hospital, if so, the action taken or proposed to be taken thereon ?

Shri Sardari Lal Kapoor : Yes Sir. Due to constraint of funds.

the proposal has been deferred for the time being.

ਸ੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਇਨ੍ਹਾਂ ਨੇ ਫੰਡਜ਼ ਦੀ ਗੱਲ ਕੀਤੀ ਹੈ ਮੈਂ ਪਹਿਲਾਂ ਐਪਲੀਕੇਸ਼ਨ ਭੇਜੀ ਸੀ ਉਸ ਦੇ ਮੁਤਾਬਿਕ ਇਨ੍ਹਾਂ ਨੂੰ ਕਾਰਵਾਈ ਕਰਨੀ ਚਾਹੀਦੀ ਸੀ। ਇਨ੍ਹਾਂ ਨੂੰ ਫੰਡਜ਼ ਦੀ ਕੋਈ ਚਿੰਤਾ ਨਹੀਂ। ਇਹ ਸਾਨੂੰ ਜ਼ਮੀਨ ਐਕੁਆਇਰ ਕਰਾ ਦੇਣ ਅਤੇ ਜ਼ਮੀਨ ਦਾ ਕਬਜ਼ਾ ਦੇ ਦੇਣ। ਬਾਕੀ ਕੰਮ ਅਸੀਂ ਆਪ ਹੀ ਕਰ ਲਵਾਂਗੇ। ਇਜਾਜ਼ਤ ਦਿੱਤੀ ਜਾਵੇ।

ਮੰਤਰੀ : ਜ਼ਮੀਨ ਐਕੁਆਇਰ ਕਰਨ ਬਾਰੇ ਖਤੋ ਖਿਤਾਬਤ ਹੋ ਰਹੀ ਹੈ ਅਤੇ ਇਹ ਜਲਦੀ ਐਕੁਆਇਰ ਹੋ ਜਾਵੇਗੀ। ਬਾਕੀ ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਜਿਸ ਵੇਲੇ ਇਹ ਚੀਜ਼ ਪੂਰੀ ਹੋ ਜਾਵੇਗੀ ਤਾਂ ਲਾਜ਼ਮੀ ਤੌਰ ਤੇ ਹਸਪਤਾਲ ਬਣਨਾ ਸ਼ੁਰੂ ਹੋ ਜਾਵੇਗਾ।

ਸ੍ਰੀ ਸਪੀਕਰ : ਅਗਰ ਸੈਕਸ਼ਨ 17 ਦੇ ਥੱਲੇ ਜ਼ਮੀਨ ਐਕੁਆਇਰ ਕਰ ਲਈ ਜਾਵੇ ਤਾਂ ਇਕ ਮਹੀਨੇ ਵਿਚ ਹੋ ਜਾਵੇਗੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਬਿਲਡਿੰਗਾਂ ਕੰਪਲੀਟ ਹਨ, ਜਿਵੇਂ ਕਿ ਜ਼ਿਲ੍ਹਾ ਬਠਿੰਡਾ ਵਿਚ ਨਥੇਹਾ, ਕਰੰਡੀ ਪਿੰਡਾਂ ਵਿਚ 25-ਬੈਡਜ਼ ਹਸਪਤਾਲ ਲਈ ਬਿਲਡਿੰਗਾਂ ਕੰਪਲੀਟ ਹਨ ਪਰ ਉਥੇ ਸਟਾਫ ਨਹੀਂ ਹੈ, ਇਸ ਦੀ ਕੀ ਵਜ੍ਹਾ ਹੈ ਅਤੇ ਕਦੋਂ ਤੱਕ ਉਥੇ ਸਟਾਫ ਭੇਜ ਦੇਣਗੇ ?

ਮੰਤਰੀ : ਜਿਥੇ ਕੰਮ ਪੂਰਾ ਹੋ ਗਿਆ ਹੈ, ਉਥੇ ਪੂਰਾ ਸਟਾਫ ਦਿਆਂਗੇ।

ਸਰਦਾਰ ਹਰਚੰਦ ਸਿੰਘ ਬਰਾੜ : ** **

Sardar Avtar Singh Gatwali : I object to it. He should withdraw his words.

ਸ੍ਰੀ ਸਪੀਕਰ : ਤੁਸੀਂ ਰੈਲੇਵੈਂਟ ਗੱਲ ਕਰੋ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀ ਗੱਲ ਕਰਨਾ ਹਾਊਸ ਦੀ ਤੌਹੀਨ ਹੈ। ਉਨ੍ਹਾਂ ਨੂੰ ਕਹੋ ਕਿ ਉਹ ਆਪਣੇ ਲਫਜ਼ ਵਾਪਿਸ ਲੈਣ ਅਤੇ ਹਾਊਸ ਤੋਂ ਮੁਆਫੀ ਮੰਗਣ।

ਸ੍ਰੀ ਸਪੀਕਰ : ਸਰਦਾਰ ਹਰਚੰਦ ਸਿੰਘ ਬਰਾੜ ਦੇ ਰਿਮਾਰਕਸ ਐਕਸਪੰਜ ਕਰ ਦਿਤੇ ਜਾਣ।

ਸ੍ਰੀ ਮੰਗਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਵਿਚ ਵੀ ਮੇਰੇ ਸਵਾਲ ਦਾ ਜਵਾਬ ਦਿੱਤਾ ਗਿਆ ਸੀ। ਮਾਛੀਵਾੜਾ ਬਲਾਕ ਵਿਚ ਪਿੰਡ ਸੰਘੇਲ ਵਿਚ 25-ਬੈਡਜ਼ ਦਾ ਹਸਪਤਾਲ ਕੰਪਲੀਟ ਹੋ ਚੁੱਕਾ ਹੈ ਪਰ ਅਜੇ ਤਕ ਉਥੇ ਸਟਾਫ ਨਹੀਂ ਗਿਆ। ਪਿਛਲੇ ਸੈਸ਼ਨ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਸਟਾਫ ਭੇਜ ਦਿਆਂਗੇ ਪਰ ਅਜੇ ਤੱਕ ਉਥੇ ਸਟਾਫ ਨਹੀਂ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਉਥੇ ਸਟਾਫ ਭੇਜ ਦੇਣਗੇ ?

ਮੰਤਰੀ : ਇਹ ਸੈਪਰੇਟ ਨੋਟਿਸ ਭੇਜ ਦੇਣ, ਮੈਂ ਇਸ ਦਾ ਜਵਾਬ ਦੇ ਦਿਆਂਗਾ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਪਲੀਮੈਂਟਰੀ ਸਵਾਲ ਕਰਨ ਵਾਸਤੇ ਖੜੇ ਹੋਏ।)

**Expunged as ordered by the Chair.

ਸ੍ਰੀ ਸਪੀਕਰ : ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਸਿਹਤ ਮੰਤਰੀ ਜੀ ਬਿਮਾਰ ਹਨ ਇਸ ਲਈ ਉਨ੍ਹਾਂ ਨੂੰ ਵੱਖਰੇ ਸਵਾਲ ਪੁੱਛ ਲੈਣਾ ।

ਕਾਮਰੇਡ ਸੱਘੜ ਸਿੰਘ : ਸਪੀਕਰ ਸਾਹਿਬ, ਨਿਹਾਲ ਸਿੰਘ ਵਾਲਾ ਵਿਚ ਅੱਜ ਤੋਂ 2 ਸਾਲ ਪਹਿਲਾਂ ਹਸਪਤਾਲ ਚਲ ਰਿਹਾ ਹੈ ਪਰ ਉਥੇ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲ ਰਹੀ । ਇਸ ਲਈ ਕੀ ਵਜ਼ੀਰ ਸਾਹਿਬ ਸਾਨੂੰ ਵਿਸ਼ਵਾਸ਼ ਦਿਵਾਉਣਗੇ ਕਿ ਉਨ੍ਹਾਂ ਮੁਲਾਜ਼ਮਾਂ ਨੂੰ ਤਨਖਾਹ ਜਲਦੀ ਦਿਵਾਉਣਗੇ ?

ਮੰਤਰੀ : ਇਹ ਲਿਖ ਕੇ ਭੇਜ ਦੇਣ , ਮੈਂ ਜਵਾਬ ਦੇ ਦਿਆਂਗਾ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਿਮਾਰ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ...

Chief Minister : May I bring to your notice that the Minister is sitting to reply to all the questions and supplementaries. He should not be mentioned like this. He is as healthy as Prof. Balwant Singh.

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਿਸੇ ਹਸਪਤਾਲ ਨੂੰ ਅੱਪਗਰੇਡ ਕਰਨ ਵਾਸਤੇ ਕਿਹੜੀਆਂ ਕਿਹੜੀਆਂ ਸ਼ਰਤਾਂ ਹਨ ਜਿਹੜੀਆਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ? ਜਿਥੇ ਹਸਪਤਾਲ ਹਨ ਅਤੇ ਉਹ ਸ਼ਰਤਾਂ ਪੂਰੀਆਂ ਕਰਦੇ ਹਨ ਕੀ ਉਨ੍ਹਾਂ ਨੂੰ ਅੱਪਗਰੇਡ ਕਰ ਦੇਣਗੇ ?

ਮੰਤਰੀ : ਜਿਹੜਾ ਕਾਨੂੰਨ ਹੈ ਉਸ ਦੇ ਮੁਤਾਬਿਕ ਅੱਪਗਰੇਡ ਕਰਨ ਦੀ ਗੱਲ ਹੈ । ਜੇ ਇਹ ਲਿਖਕੇ ਭੇਜ ਦੇਣ ਤਾਂ ਮੈਂ ਉਸ ਦਾ ਜਵਾਬ ਦੇ ਦਿਆਂਗਾ ।

Consolidation of Holdings in Villages Bhungarani, District Hoshiarpur

*427. **Sardar Dilbagh Singh :** Will the Minister for Revenue be pleased to state :—

(a) the year in which the work rgarding consolidation of holdings in village Bhungarni, District Hoshiarpur, was taken in hand by the Government and the extent upto which it has been completed so far;

(b) if the consolidation work in the said village has not been completed the time by which it is likely to be completed ?

Sardar Beant Singh:(a) The Consolidation work in village Bhungarni was started in the year 1954-55. At present the representations of right holders under section 42 of the Consolidation Act are pending in the Court of Additional Director, Consolidation of Holdings, Punjab. Chandigarh.

(b) It is likely to be completed by 31st March, 1982.

ਮਾਸਟਰ ਬਾਬੂ ਸਿੰਘ : ਕੀ ਮਾਲ ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਸ ਤਰ੍ਹਾਂ ਡਿਸਟ੍ਰਿਕਟ ਹੁਸ਼ਿਆਰਪੁਰ ਦੀ ਗੱਲ ਇਸ ਸਵਾਲ ਵਿਚ ਪੁੱਛੀ ਗਈ ਹੈ ਇਸੇ ਤਰ੍ਹਾਂ ਹੀ ਡਿਸਟ੍ਰਿਕਟ ਬਠਿੰਡਾ ਵਿਚ ਰਾਮਪੁਰਾਫੂਲ ਦੇ ਪਿੰਡਾਂ ਵਿਚ ਮੁਰੱਬਾਬੰਦੀ ਸ਼ੁਰੂ ਨਹੀਂ ਕੀਤੀ ਗਈ । ਇਸੇ ਤਰ੍ਹਾਂ ਦੇ ਪੰਜਾਬ

ਵਿਚ ਹੋਰ ਵੀ ਕਈ ਪਿੰਡ ਰਹਿੰਦੇ ਹਨ ਜਿਥੇ ਮੁਰੱਬਾਬੰਦੀ ਨਹੀਂ ਕੀਤੀ ਗਈ। ਕੀ ਉਥੇ ਵੀ ਮੁਰੱਬਾਬੰਦੀ ਕਰਕੇ ਉਥੇ ਲੋਕਾਂ ਨੂੰ ਸਹੂਲਤਾਂ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਮਾਸਟਰ ਜੀ ਨਵਾਂ ਸਵਾਲ ਕਰ ਦੇਣ ਕਿਉਂਕਿ ਇਹ ਸੈਪਰੇਟ ਪਿੰਡ ਹਨ। ਅਸੀਂ ਯਤਨ ਕਰ ਰਹੇ ਹਾਂ ਕਿ ਮੁਰੱਬੇਬੰਦੀ ਦਾ ਕੰਮ ਜਲਦੀ ਖਤਮ ਹੋ ਜਾਵੇ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਿੰਡ ਦੇ ਵਿਚ 1954-55 ਤੋਂ ਕਨਸੋਲੀਡੇਸ਼ਨ ਦਾ ਕੰਮ ਸ਼ੁਰੂ ਹੋਇਆ ਸੀ ਅਤੇ ਹੁਣ ਵਜ਼ੀਰ ਸਾਹਿਬ ਨੇ ਜਵਾਬ ਵਿਚ ਦੱਸਿਆ ਹੈ ਕਿ ਇਹ ਚੱਕਬੰਦੀ ਦਾ ਕੰਮ 31 ਮਾਰਚ, 1982 ਤੱਕ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ। ਇਤਨੇ ਸਾਲਾਂ ਵਿਚ ਇਹ ਕੰਮ ਕੰਪਲੀਟ ਕਿਉਂ ਨਹੀਂ ਹੋਇਆ ਅਤੇ ਹੁਣ ਇਹ ਸਾਲ ਸਵਾ ਸਾਲ ਹੋਰ ਲੈ ਰਹੇ ਹਨ। ਇਸ ਦੇ ਨਾਲ ਹੀ ਵਜ਼ੀਰ ਸਾਹਿਬ ਨੂੰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੂੰ ਸ਼ਾਇਦ ਪਤਾ ਹੋਣਾ ਹੈ ਕਿ 1979 ਵਿਚ ਡਾਇਰੈਕਟਰ, ਕਨਸੋਲੀਡੇਸ਼ਨ ਨੇ ਹਾਈ ਕੋਰਟ ਵਿਚ ਲਿਖ ਕੇ ਦਿੱਤਾ ਸੀ ਕਿ ਇਕ ਮਹੀਨੇ ਵਿਚ ਦਫਾ 42 ਦੀਆਂ ਜੋ ਅਪੀਲਾਂ ਹਨ ਉਨ੍ਹਾਂ ਦਾ ਫੈਸਲਾ ਕਰ ਦਿੱਤਾ ਜਾਵੇਗਾ। ਇਕ ਤਾਂ, ਸਪੀਕਰ ਸਾਹਿਬ, 1955 ਤੋਂ ਕੰਮ ਸ਼ੁਰੂ ਹੋਇਆ ਹੈ ਜਿਹੜਾ ਕਿ ਸਿਰੇ ਨਹੀਂ ਲਗ ਸਕਿਆ ਔਰ ਦੂਸਰਾ ਇਨ੍ਹਾਂ ਦੇ ਡਾਇਰੈਕਟਰ ਨੇ ਹਾਈਕੋਰਟ ਵਿਚ ਲਿਖ ਕੇ ਦਿੱਤਾ ਹੈ ਪਰ ਉਸ ਦੀ ਉਲੰਘਣਾ ਕੀਤੀ ਗਈ ਹੈ। ਕੀ ਵਜ਼ੀਰ ਸਾਹਿਬ ਹੁਣ ਦੱਸਣਗੇ ਕਿ ਜਿਨ੍ਹਾਂ ਲੋਕਾਂ ਨਾਲ ਧੱਕਾ ਹੋਇਆ ਹੈ ਉਨ੍ਹਾਂ ਦੇ ਫੈਸਲੇ ਕਿੰਨੀ ਦੇਰ ਵਿਚ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਪਿੰਡ ਦੇ ਕੁਝ ਬੰਦੇ ਇਧਰ ਸਨ ਔਰ ਕੁਝ ਬੰਦੇ ਉਧਰ ਸਨ ਜਿਸ ਕਰਕੇ ਉਨ੍ਹਾਂ ਦੀ ਆਪਸ ਵਿਚ ਰਸਾ ਕਸ਼ੀ ਚਲਦੀ ਸੀ। 1955-56 ਵਿਚ ਇਕ ਸਕੀਮ ਬਣੀ ਸੀ ਉਹ ਸਕੀਮ ਹਾਈ ਕੋਰਟ ਨੇ ਰੱਦ ਕਰ ਦਿੱਤੀ ਸੀ। ਉਸ ਦੇ ਬਾਅਦ ਕੁਝ ਬੰਦੇ ਦੂਸਰੀ ਵਾਰ ਹਾਈ ਕੋਰਟ ਵਿਚ ਚਲੇ ਗਏ ਅਤੇ ਫਿਰ ਇਹ ਸਕੀਮ ਰੱਦ ਹੋ ਗਈ। ਜਦੋਂ ਇਹ ਸਕੀਮ ਰੱਦ ਹੋਈ ਤਾਂ ਸਰਕਾਰ ਵੀ ਸੁਪਰੀਮ ਕੋਰਟ ਵਿਚ ਚਲੀ ਗਈ। ਫਿਰ ਇਹ ਸਕੀਮ 1972-73 ਵਿਚ ਦੁਬਾਰਾ ਬਣੀ। ਇਸ ਦੇ ਵਿਚ ਕਾਫੀ ਗੱਲਾਂ ਇਧਰ ਉਧਰ ਦੀਆਂ ਹੁੰਦੀਆਂ ਰਹੀਆਂ। ਫਿਰ ਇਕ ਐਕਟ ਪੰਜਾਬ ਕਨਸੋਲੀਡੇਸ਼ਨ ਆਫ ਲੈਂਡ ਪ੍ਰੋਸੀਡਿੰਗ ਵੈਲੀਡੇਸ਼ਨ ਐਕਟ, 1957 ਬਣਿਆ। ਇਹ ਵੀ ਲਾਗੂ ਨਾ ਹੋਇਆ। ਇਨ੍ਹਾਂ ਗੱਲਾਂ ਦਾ ਨਤੀਜਾ ਇਹ ਹੋਇਆ ਕਿ ਮੁਰੱਬਾਬੰਦੀ ਦਾ ਕੰਮ ਲਮਕਦਾ ਰਿਹਾ। ਮੈਂ ਹੁਣ ਵਾਇਦਾ ਕਰਦਾ ਹਾਂ ਕਿ ਪਿਛਲੀਆਂ ਗੱਲਾਂ ਜੋ ਸਨ ਉਨ੍ਹਾਂ ਨੂੰ ਤਹਿ ਕਰਦੇ ਹੋਏ 31 ਮਾਰਚ, 1982 ਤਕ ਚੱਕਬੰਦੀ ਦਾ ਕੰਮ ਖਤਮ ਕਰ ਦੇਵਾਂਗੇ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 100 ਪਿੰਡ ਅਜਿਹੇ ਹਨ ਜਿਥੇ ਮੁਰੱਬਾਬੰਦੀ ਦਾ ਕੰਮ ਬਿਲਕੁਲ ਸ਼ੁਰੂ ਨਹੀਂ ਹੋਇਆ। ਕੀ ਜਿਹੜੇ ਪਿੰਡ ਰਹਿੰਦੇ ਹਨ ਜਿਥੇ ਮੁਰੱਬਾਬੰਦੀ ਨਹੀਂ ਹੋਈ ਉਥੇ ਸਰਕਾਰ ਮੁਰੱਬਾਬੰਦੀ ਕਰਵਾਏਗੀ ਜੇ ਕਰਵਾਏਗੀ ਤਾਂ ਕਦੋਂ ਤਕ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੁਰੱਬੇਬੰਦੀ ਇਕ ਚੰਗੀ ਚੀਜ਼ ਹੈ। ਜਿਹੜੇ ਪਿੰਡ ਰਹਿੰਦੇ ਹਨ ਉਨ੍ਹਾਂ ਦੇ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਦੇਖ ਲਵਾਂਗਾ ਕਿ ਉਨ੍ਹਾਂ ਦੀ ਪੋਜ਼ੀਸ਼ਨ ਕੀ ਹੈ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ

[ਸਰਦਾਰ ਬੀਰ ਦਵਿੰਦਰ ਸਿਘ]
ਕਿ ਸਰਹਿੰਦ ਬਲਾਕ ਵਿਚ ਪਿੰਡ ਗਡਹੇੜਾ ਵਿਚ ਮੁਰੱਬੇਬੰਦੀ ਕੁਝ ਲੋਕਾਂ ਦੇ ਕਹਿ ਣ ਤੇ ਵਜ਼ੀਰ ਸਾਹਿਬ ਨੇ ਸਟੇਅ ਕਰ ਦਿੱਤੀ ਹੈ। ਫਿਰ ਪਿੰਡ ਦੇ ਕੁਝ ਲੋਕਾਂ ਨੇ ਰਿਪ੍ਰਜ਼ੈਂਟੇਸ਼ਨ ਕੀਤੀ ਤਾਂ ਵਜ਼ੀਰ ਸਾਹਿਬ ਨੇ ਕਿਹਾ ਕਿ ਸਟੇਅ ਵੇਕੇਟ ਕਰਕੇ ਮੁਰੱਬੇਬੰਦੀ ਕਰਵਾਵਾਂਗੇ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸਟੇਅ ਵੇਕੇਟ ਕਰਵਾਕੇ ਮੁਰੱਬੇਬੰਦੀ ਕਦੋਂ ਤਕ ਕੰਪਲੀਟ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਸਮਾਂ ਤਾਂ ਨਹੀਂ ਮਿੱਥ ਸਕਦਾ ਲੇਕਨ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਅਗੇ ਵੀ ਗਲਬਾਤ ਹੋ ਚੁੱਕੀ ਹੈ। ਉਸ ਦੀ ਮੁਰੱਬੇਬੰਦੀ ਜ਼ਰੂਰ ਮੁਕੰਮਲ ਕਰਵਾਈ ਜਾਵੇਗੀ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬਲਾਚੌਰ ਵਿਚ ਦੋ ਪਿੰਡ ਹਨ, ਬੰਨਾ ਤੇ ਹੇਡੋਂ, ਉਥੇ ਪਲਾਟ ਬੰਦੀ ਹੋਈ ਸੀ। ਲੋਕਾਂ ਦੀ ਬਹੁਤ ਬੜੀ ਮੰਗ ਹੈ ਕਿ ਉਨ੍ਹਾਂ ਪਿੰਡਾਂ ਵਿਚ ਕਿੱਲੇ ਬੰਦੀ ਕੀਤੀ ਜਾਵੇ। ਕੀ ਮਨਿਸਟਰ ਸਾਹਿਬ ਉਨ੍ਹਾਂ ਪਿੰਡਾਂ ਦੇ ਲੋਕਾਂ ਦਾ ਦੁੱਖ ਜਾਣ ਕੇ ਕਿੱਲੇ ਬੰਦੀ ਕਰਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਰਿਪੋਰਟ ਮੰਗਵਾ ਲਵਾਂਗਾ ਕਿਉਂਕਿ ਇਸ ਦੇ ਬਾਰੇ ਕਈ ਗੱਲਾਂ ਹਨ। ਕਈ ਲੋਕ ਬਲਾਕਬੰਦੀ ਦੀ ਮੰਗ ਕਰਦੇ ਹਨ ਅਤੇ ਕਈ ਕਿੱਲੇਬੰਦੀ ਦੀ ਮੰਗ ਕਰਦੇ ਹਨ। ਕਈ ਜਗ੍ਹਾ ਤੇ ਬਲਾਕਬੰਦੀ ਹੈ ਅਤੇ ਲੋਕ ਕਹਿੰਦੇ ਹਨ ਕਿ ਕਿੱਲੇਬੰਦੀ ਹੋਵੇ ਅਤੇ ਕਈ ਜਗ੍ਹਾ ਤੇ ਕਿੱਲੇਬੰਦੀ ਹੈ ਅਤੇ ਲੋਕ ਕਹਿੰਦੇ ਹਨ ਕਿ ਬਲਾਕਬੰਦੀ ਕੀਤੀ ਜਾਵੇ। ਸੋ ਮੈਂ ਮਾਸਟਰ ਜੀ ਨੂੰ ਅਰਜ਼ ਕਰਾਂਗਾ ਉਹ ਮੈਨੂੰ ਆ ਕੇ ਉਨ੍ਹਾਂ ਪਿੰਡਾਂ ਬਾਰੇ ਦੱਸ ਦੇਣ ਮੈਂ ਸਬੰਧਤ ਅਫਸਰ ਨੂੰ ਭੇਜ ਕੇ ਰਿਪੋਰਟ ਮੰਗਵਾ ਲਵਾਂਗਾ।

STARRED QUESTION NO. 432

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਹੀਂ ਸਨ ਲੇਕਿਨ ਇਹ ਸਵਾਲ ਸਰਦਾਰ ਦਲੀਪ ਸਿੰਘ ਪਾਂਧੀ ਪੁੱਟ ਕਰਨਾ ਚਾਹੁੰਦੇ ਸਨ)।

ਇਕ ਆਵਾਜ਼ : ਲਿਖ ਕੇ ਪ੍ਰਮਿਸ਼ਨ ਚਾਹੀਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਜਨਾਬ ਨੂੰ ਪਾਵਰਾਂ ਹਨ ਜੀ। ਪਿਛਲੇ ਸ਼ੈਸ਼ਨ ਵਿਚ ਵੀ ਤੁਸੀਂ ਅਲਾਓ ਕੀਤਾ ਸੀ।

ਸ੍ਰੀ ਸਪੀਕਰ : ਸਬੰਧਤ ਮਾਨ ਯੋਗ ਮੈਂਬਰ ਤਾਂ ਹੈ ਨਹੀਂ, ਵੈਸੇ ਮੈਂ ਇਜਾਜ਼ਤ ਦੇ ਦਿੰਦਾ ਹਾਂ। (ਵਿਘਨ)

ਕਲਾਸੀਕਲ ਅਤੇ ਵਰਨੈਕੁਲਰ ਅਧਿਆਪਕ

*432. 1. **ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : (Put by Sardar Dalip Singh Pandhi)

2. **ਸਰਦਾਰ ਆਤਮਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਰਾਜ ਵਿਚ ਸਰਕਾਰੀ ਹਾਈ ਅਤੇ ਮਿਡਲ ਸਕੂਲਾਂ ਵਿਚ ਕਲਾਸੀਕਲ ਅਤੇ ਵਰਨੈਕੁਲਰ ਅਧਿਆਪਕਾਂ ਦੀਆਂ ਜ਼ਿਲ੍ਹਾ-ਵਾਰ ਕਿੰਨੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਆਸਾਮੀਆਂ ਕਿਸ ਮਿਤੀ ਤੋਂ ਖਾਲੀ ਪਈਆਂ ਹਨ;

(ਅ) ਉਕਤਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ

ਜਾ ਰਹੀ ਹੈ ਅਤੇ ਉਨ੍ਹਾਂ ਦੇ ਕਦੋਂ ਤਕ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ :

(ੳ) 1.	ਅੰਮ੍ਰਿਤਸਰ	..	8
2.	ਬਠਿੰਡਾ	..	2
3.	ਫ਼ਿਰੋਜ਼ਪੁਰ	..	—
4.	ਫ਼ਰੀਦਕੋਟ	..	3
5.	ਗੁਰਦਾਸਪੁਰ	..	21
6.	ਹੁਸ਼ਿਆਰਪੁਰ	..	5
7.	ਕਪੂਰਥਲਾ	..	39
8.	ਲੁਧਿਆਣਾ	..	—
9.	ਪਟਿਆਲਾ	..	3
10.	ਸੰਗਰੂਰ	..	5
11.	ਰੋਪੜ	..	14
12.	ਜਲੰਧਰ	..	16
	ਕੁਲ	..	116

ਇਹ ਆਸਾਮੀਆਂ 10/80 ਤੋਂ ਬਾਅਦ ਖਾਲੀ ਹੋਈਆਂ ਹਨ ।

(ਅ) ਇਸ ਬਾਰੇ ਜ਼ਿਲ੍ਹਾ ਰੋਜ਼ਗਾਰ ਦਫਤਰਾਂ ਨੂੰ ਮੰਗ ਪੱਤਰ ਭੇਜ ਦਿਤੇ ਹਨ ਅਤੇ ਇਕ ਮਹੀਨੇ ਵਿਚ ਇਨ੍ਹਾਂ ਆਸਾਮੀਆਂ ਦੇ ਭਰੇ ਜਾਣ ਦੀ ਸੰਭਾਵਨਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕਲਾਸੀਕਲ ਅਤੇ ਵਰਨੈਕੁਲਰ ਅਧਿਆਪਕਾਂ ਦੀਆਂ 116 ਆਸਾਮੀਆਂ ਖਾਲੀ ਪਈਆਂ ਹਨ । ਇਸ ਦੇ ਵਿਚ ਬੱਚਿਆਂ ਦੀ ਜ਼ਿੰਦਗੀ ਦਾ ਸਵਾਲ ਹੈ । ਇਨ੍ਹਾਂ ਨੇ ਫ਼ਰਮਾਇਆ ਹੈ ਕਿ ਜਲਦੀ ਹੀ ਭਰ ਦਿੱਤੀਆਂ ਜਾਣਗੀਆਂ; ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਖਾਲੀ ਰਹਿਣ ਦੇ ਕੀ ਕਾਰਨ ਹਨ ?

ਦੂਸਰਾ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਟੀਚਰਜ਼ ਐਸੇ ਹਨ ਜਿਨ੍ਹਾਂ ਨੇ [illegible] ਕੀਤੀ ਹੈ, ਕੋਈ ਬੀ. ਐਡ. ਕਰ ਗਿਆ ਹੈ ਔਰ ਕਿਸੇ ਨੇ ਐਮ. ਐਡ. ਕਰ

[ਸਰਦਾਰ ਦਲੀਪ ਸਿੰਘ ਪਾਂਧੀ]

ਲਈ ਹੈ। ਉਨ੍ਹਾਂ ਦੀ ਭਰਤੀ ਦਾ ਵੀ ਸਵਾਲ ਹੈ। ਹਾਈਕੋਰਟ ਵਿਚ ਅਤੇ ਸੁਪਰੀਮ ਕੋਰਟ ਵਿਚ ਉਹ ਜਿੱਤ ਗਏ ਹਨ। ਉਨ੍ਹਾਂ ਦੀ ਭਰਤੀ ਕਦੋਂ ਤਕ ਕਰ ਦੇਣਗੇ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਪਾਂਧੀ ਸਾਹਿਬ ਆਪਣੇ ਸਵਾਲ ਦੇ ਦੂਸਰੇ ਭਾਗ ਦੇ ਬਾਰੇ ਵੱਖਰਾ ਨੋਟਿਸ ਦੇ ਦੇਣ ਉਸ ਦਾ ਜਵਾਬ ਦੇ ਦਿੱਤਾ ਜਾਵੇਗਾ। ਪਹਿਲੇ ਭਾਗ ਦੇ ਜਵਾਬ ਵਿਚ ਮੈਂ ਪਹਿਲਾਂ ਹੀ ਸਪਸ਼ਟ ਤੌਰ ਤੇ ਦੱਸ ਦਿੱਤਾ ਹੈ ਕਿ ਇਹ ਆਸਾਮੀਆਂ 10/80 ਤੋਂ ਬਾਅਦ ਖਾਲੀ ਹੋਈਆਂ ਸਨ ਔਰ ਇਸ ਦੇ ਬਾਰੇ ਜ਼ਿਲ੍ਹਾ ਰੋਜ਼ਗਾਰ ਦਫਤਰਾਂ ਨੂੰ ਮੰਗ ਪੱਤਰ ਭੇਜ ਦਿੱਤੇ ਹਨ ਅਤੇ ਇਕ ਮਹੀਨੇ ਵਿਚ ਇਨ੍ਹਾਂ ਆਸਾਮੀਆਂ ਦੇ ਭਰੇ ਜਾਣ ਦੀ ਸੰਭਾਵਨਾ ਹੈ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 10/80 ਤੋਂ ਇਹ ਪੋਸਟਾਂ ਖਾਲੀ ਪਈਆਂ ਹਨ। ਇਨ੍ਹਾਂ ਦੇ ਖਾਲੀ ਪਏ ਰਹਿਣ ਦੇ ਕੀ ਕਾਰਨ ਹਨ ? ਇਹ ਪੋਸਟਾਂ ਹੁਣ ਤਕ ਕਿਉਂ ਨਹੀਂ ਫਿਲ ਅੱਪ ਕੀਤੀਆਂ ਗਈਆਂ ਹੁਣ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਐਮਪਲਾਇਮੈਂਟ ਐਕਸਚੇਂਜਿਜ਼ ਨੂੰ ਲਿਖਿਆ ਹੈ ਅਤੇ ਇਕ ਮਹੀਨੇ ਵਿਚ ਭਰੀਆਂ ਜਾਣਗੀਆਂ ਪਰ ਇਹ 2-3 ਮਹੀਨੇ ਖਾਲੀ ਕਿਉਂ ਪਈਆਂ ਰਹੀਆਂ ?

ਮੰਤਰੀ : ਸਪੀਕਰ ਸਾਹਿਬ, ਸਰਕਾਰ ਨੇ ਐਡਹਾਕ ਐਪੁਆਂਇਟਿਮੈਂਟਸ ਕੁਝ ਬੰਦ ਕੀਤੀਆਂ ਸਨ ਹੁਣ ਗੌਰਮਿੰਟ ਦੀ ਪ੍ਰਮੀਸ਼ਨ ਹੋ ਗਈ ਹੈ ਕਿ ਸ਼ਾਰਟ ਟਰਮ ਵੇਕੈਂਸੀਜ਼ ਫਿਲ ਅੱਪ ਕਰ ਲਈਆਂ ਜਾਣ ਜਦੋਂ ਹੀ ਪ੍ਰਮਿਸ਼ਨ ਹੋਈ ਅਸੀਂ ਉਸੇ ਵੇਲੇ ਮੰਗ ਪੱਤਰ ਭੇਜ ਦਿੱਤੇ ਹਨ ਐਮਪਲਾਇਮੈਂਟ ਐਕਸਚੇਂਜਾਂ ਨੂੰ।

ਸਰਦਾਰ ਅਵਤਾਰ ਸਿੰਘ ਗਟਵਾਲੀ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੁਣੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 116 ਆਸਾਮੀਆਂ ਸਰਕਾਰੀ ਸਕੂਲਾਂ ਵਿਚ ਖਾਲੀ ਪਈਆਂ ਹਨ। ਇਸੇ ਤਰ੍ਹਾਂ ਕੁਝ ਪ੍ਰਾਈਵੇਟ ਸਕੂਲ ਵੀ ਹਨ ਜਿਹੜੇ ਸਰਕਾਰ ਦੀ ਗਰਾਂਟ ਇਨ ਏਡ ਦੀ ਲਿਸਟ ਤੇ ਹਨ ਉਨ੍ਹਾਂ ਸਕੂਲਾਂ ਵਿਚ ਵੀ ਟੀਚਰਾਂ ਦੀ ਘਾਟ ਹੈ। ਕੀ ਉਨ੍ਹਾਂ ਦਾ ਕੇਸ ਵੀ ਕੰਸਿਡਰ ਕਰਕੇ ਉਨ੍ਹਾਂ ਸਕੂਲਾਂ ਨੂੰ ਵੀ ਪੋਸਟਾਂ ਦੇਣ ਵਾਸਤੇ ਮਾਮਲਾ ਵਿਚਾਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਤਾਂ ਕੋਈ ਬਹੁਤ ਸਪੱਸ਼ਟ ਨਹੀਂ ਹੈ। ਉਨ੍ਹਾਂ ਸਕੂਲਾਂ ਨੂੰ ਅਸੀਂ ਆਲਰੈਡੀ 95 ਫੀਸਦੀ ਗਰਾਂਟ ਦਿੰਦੇ ਹਾਂ। ਜਦੋਂ ਉਨ੍ਹਾਂ ਸਕੂਲਾਂ ਨੂੰ ਗਰਾਂਟ ਦਿੱਤੀ ਜਾਂਦੀ ਹੈ ਤਾਂ ਸਟਾਫ ਦੀ ਐਸਟੈਬਲਿਸ਼ਮੈਂਟ ਵਗੈਰਾ ਦੇਖੀ ਜਾਂਦੀ ਹੈ। ਇਹ ਇਮਪਾਰਟੈਂਟ ਪੋਸਟਾਂ ਹਨ ਅਤੇ ਇਹ ਪੋਸਟਾਂ ਵਗੈਰਾ ਦੇਖ ਕੇ ਹੀ ਗਰਾਂਟ ਇਨ ਏਡ ਦਿੱਤੀ ਜਾਂਦੀ ਹੈ। ਸਾਡੇ ਪਾਸ ਕੋਈ ਐਸੀ ਇਨਫਰਮੇਸ਼ਨ ਨਹੀਂ ਕਿ ਕਿਹੜੇ ਕਿਹੜੇ ਸਕੂਲ ਵਿਚ ਪੋਸਟ ਖਾਲੀ ਹੈ। । ਜੇ ਇਹ ਕੋਈ ਪਰਟੀਕੁਲਰ ਕੇਸ ਦੱਸਣਗੇ ਤਾਂ ਮੈਂ ਉਸ ਦਾ ਜਵਾਬ ਦੇ ਦੇਵਾਂਗਾ।

NUMBER OF THE SCHEDULED CASTE EMPLOYEES WORKING IN THE PUNJAB SCHOOL EDUCATION BOARD

*473. **Chaudhri Jagjit Singh** : Will the Minister for Education be pleased to state :—

(a) whether the reservation policy of the Government in services for the persons belonging to the Scheduled Castes is in force in the Punjab School Education Board, Sahibzada Ajit Singh Nagar ;

(b) the category-wise total number of the employees working in the said Board ;

(c) the category-wise number of employees belonging to the Scheduled Castes out of those referred to in part (b) above;

(d) whether the number of the Scheduled Castes employees referred to in part (c) above is in accordance with the said reservation policy; if not, the reasons therefor and the measures adopted by the Government to make up the deficiency ?

ਸਰਦਾਰ ਹਰਚਰਨ ਸਿੰਘ ਅਜਨਾਲਾ : (ਏ) ਹਾਂ ਜੀ, 15 ਜਨਵਰੀ, 1975 ਤੋਂ (ਵਿਦਿਅਕ ਅਤੇ ਟੈਕਨੀਕਲ ਆਸਾਮੀਆਂ ਨੂੰ ਛੱਡ ਕੇ ਅਨੁਸੂਚਿਤ ਜਾਤੀਆਂ ਸਬੰਧੀ ਰੀਜ਼ਰਵੇਸ਼ਨ ਪਾਲਿਸੀ ਲਾਗੂ ਹੈ।

(ਬੀ ਤੇ ਸੀ)	ਕਰਮਚਾਰੀਆਂ ਦੀ ਸ਼੍ਰੇਣੀ	ਕਰਮਚਾਰੀਆਂ ਦੀ ਗਿਣਤੀ (ਵਿਦਿਅਕ ਅਤੇ ਟੈਕਨੀ-ਕਲ ਨੂੰ ਛੱਡ ਕੇ)	ਇਸ ਗਿਣਤੀ ਵਿਚ ਅਨੁਸੂਚਿਤ ਜਾਤੀ ਨਾਲ ਸਬੰਧ ਰਖਣ ਵਾਲੇ ਕਰਮਚਾਰੀਆਂ ਦੀ ਗਿਣਤੀ
	ਏ	67	5
	ਬੀ	967	138
	ਸੀ	352	67

(ਡੀ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਨਿਸਚਿਤ ਗਿਣਤੀ ਨਾਲੋਂ ਹੇਠ ਲਿਖੇ ਕਾਰਨਾਂ ਕਰਕੇ ਘੱਟ ਹੈ :—

(1) ਪੰਜਾਬ ਸਕੂਲ ਸਿਖਿਆ ਬੋਰਡ ਦੀ ਸਥਾਪਨਾ ਸੰਨ 1969 ਵਿਚ ਹੋਣ ਸਮੇਂ ਬਹੁਤ ਸਾਰਾ ਸਟਾਫ ਪੰਜਾਬ ਯੂਨੀਵਰਸਿਟੀ ਤੋਂ ਐਲੋਕੇਟ ਹੋਕੇ ਆਇਆ ਸੀ ਜਿਸ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਣ ਵਾਲੇ ਕਰਮਚਾਰੀਆਂ ਦੀ ਗਿਣਤੀ ਨਾ ਮਾਤਰ ਹੀ ਸੀ।

(2) ਬੋਰਡ ਵਿਚ 15 ਜਨਵਰੀ, 1975 ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਲਈ ਆਸਾਮੀਆਂ ਰਾਖਵੀਆਂ ਕਰਨ ਲਈ ਨੀਤੀ ਲਾਗੂ ਨਹੀਂ ਸੀ। ਉਸ ਤੋਂ ਬਾਅਦ ਐਕੇਡੈਮਿਕ ਅਤੇ ਟੈਕਨੀਕਲ ਆਸਾਮੀਆਂ ਨੂੰ ਛੱਡ ਕੇ ਬਾਕੀ ਆਸਾਮੀਆਂ ਬਾਰੇ ਸਰਕਾਰ ਦੀ ਨੀਤੀ ਤੇ ਅਮਲ ਕੀਤਾ ਜਾ ਰਿਹਾ ਹੈ ਅਤੇ ਰਹਿੰਦੀ ਘਾਟ ਆਉਣ ਵਾਲੇ ਸਮੇਂ ਵਿਚ ਪੂਰੀ ਕਰ ਲਈ ਜਾਵੇਗੀ।

ਚੌਧਰੀ ਜਗਜੀਤ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਦੋਂ ਐਜੂਕੇਸ਼ਨ ਬੋਰਡ ਬਣਿਆ ਅਤੇ ਜਿਹੜੀਆਂ ਪੋਸਟਾਂ ਯੂਨੀਵਰਸਿਟੀ ਸਟਾਫ ਰਾਹੀਂ ਭਰੀਆਂ, ਜੇਕਰ ਯੂਨੀਵਰਸਿਟੀ ਵਿਚ ਸ਼ਡਿਊਲਡ ਕਾਸਟਸ ਨਹੀਂ ਸੀ ਮਿਲਦੇ ਤਾਂ ਕੀ ਸ਼ਡਿਊਲਡ ਕਾਸਟਸ ਦੇ ਉਮੀਦਵਾਰਾਂ ਨਾਲ ਪੋਸਟਾਂ ਭਰਨ ਲਈ ਕੋਈ ਐਡਵਰਟਾਈਜ਼ਮੈਂਟ ਕੀਤੀ ?

ਨੰਬਰ ਦੋ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਭਰੋਸਾ ਦਵਾਉਣਗੇ ਕਿ ਜਿਹੜਾ ਬੈਕਲੌਗ ਹੈ ਉਹ ਪੂਰਾ ਕਰਨ ਲਈ 50 ਪ੍ਰਤੀਸ਼ਤ ਭਰਤੀ ਸ਼ਡਿਊਲਡ ਕਾਸਟਸ ਦੇ ਉਮੀਦਵਾਰਾਂ ਦੀ ਕਰਨ ਨੂੰ

[ਚੌਧਰੀ ਜਗਜੀਤ ਸਿੰਘ]

ਤਿਆਰ ਹਨ ?

ਮੰਤਰੀ : ਜਿਹੜਾ ਪਹਿਲਾਂ ਸੁਆਲ ਪੁਛਿਆ ਹੈ ਮੈਂਬਰ ਸਾਹਿਬ ਨੇ ਉਸ ਬਾਰੇ ਤਾਂ ਮੈਂ ਪਹਿਲਾਂ ਦਸ ਚੁੱਕਾ ਹਾਂ। ਜਿਹੜੀ ਰਿਜ਼ਰਵੇਸ਼ਨ ਹੈ ਉਹ 15 ਜਨਵਰੀ, 1975 ਤੋਂ ਲਾਗੂ ਹੋਈ ਹੈ, ਉਸ ਤੋਂ ਪਹਿਲ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਜਿਥੋਂ ਤੱਕ ਬੈਕਲੌਗ ਦਾ ਤੁਅੱਲਕ ਹੈ ਇਸ ਨੂੰ ਪੂਰਾ ਕਰਨ ਲਈ ਅਸੀ ਅਗੇ ਵੀ ਉਪਰਾਲੇ ਕਰ ਰਹੇ ਹਾਂ ਅਤੇ ਹੁਣ ਵੀ ਜਲਦੀ ਤੋਂ ਜਲਦੀ ਰਿਜ਼ਰਵੇਸ਼ਨ ਪੂਰੀ ਕਰਨ ਦੇ ਯਤਨ ਕਰਾਂਗੇ।

ਚੌਧਰੀ ਜਗਜੀਤ ਸਿੰਘ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਹ ਜਲਦੀ ਤੋਂ ਜਲਦੀ ਬੈਕਲੌਗ ਪੂਰਾ ਕਰਨ ਦਾ ਯਤਨ ਕਰਨਗੇ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਸਮਾਂ ਮੁਕਰਰ ਕਰਨਗੇ ਕਿ ਕਦੋਂ ਤਕ ਬੈਕਲੌਗ ਪੂਰਾ ਹੋ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਸਮਾਂ ਨਿਯਤ ਕਰਨਾ ਤਾਂ ਠੀਕ ਨਹੀਂ ਹੋਵੇਗਾ। ਮੈਂ ਵਿਸ਼ਵਾਸ਼ ਦਿਵਾ ਦਿੱਤਾ ਹੈ, ਭਾਵੇਂ ਭਰਤੀ ਦੀ ਪਰਸੈਂਟੇਜ ਕਿਉਂ ਨਾ ਵਧਾਉਣੀ ਪਏ ਅਸੀਂ ਜ਼ਰੂਰ ਉਸ ਨੂੰ ਪੂਰਾ ਕਰਾਂਗੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਰਿਜ਼ਰਵੇਸ਼ਨ ਦੀ ਪਾਲਿਸੀ ਮੁਤਾਬਕ 50 ਪ੍ਰਤੀਸ਼ਤ ਰਿਜ਼ਰਵੇਸ਼ਨ ਬਾਲਮੀਕੀਆਂ ਨੂੰ ਦੇਣੀ ਜ਼ਰੂਰੀ ਹੈ। ਸਾਡੇ ਆਮ ਸ਼ਿਕਾਇਤ ਹੈ ਕਿ ਚਮਾਰਾਂ ਨੂੰ ਅਤੇ ਹੋਰ ਇਸ ਤਰ੍ਹਾਂ ਦਿਆਂ ਨੂੰ ਰਿਜ਼ਰਵੇਸ਼ਨ ਦਿਤੀ ਜਾਂਦੀ ਹੈ ਅਤੇ ਬਾਲਮੀਕੀਆਂ ਨੂੰ ਨਹੀਂ ਦਿਤੀ ਜਾਂਦੀ। ਕੀ ਵਜ਼ੀਰ ਸਾਹਿਬ ਇਸ ਬਾਰੇ ਇਨਕੁਆਇਰੀ ਕਰਾਕੇ ਬਾਲਮੀਕੀਆਂ ਦਾ ਕੋਟਾ ਪੂਰਾ ਕਰਨਗੇ ?

ਇਕ ਆਵਾਜ਼ : ਸਪੀਕਰ ਸਾਹਿਬ, ਇਹ ਚਮਾਰ ਸ਼ਬਦ ਠੀਕ ਨਹੀਂ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਲਫ਼ਜ਼ ਵਾਪਸ ਲੈਂਦਾ ਹਾਂ ਜੀ।

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਵੇਗ ਐਲੀਗੇਸ਼ਨਜ਼ ਲਗਾਏ ਹਨ। ਜਿਸ ਵੇਲੇ ਕੋਈ ਸਪੈਸਿਫਿਕ ਕੁਐਸਚਨ ਦੇਣਗੇ; ਮੈਂ ਜਵਾਬ ਦੇ ਦਿਆਂਗਾ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਅਤੇ ਚੀਫ਼ ਮਨਿਸਟਰ ਸਾਹਿਬ, ਚੂੰਕਿ ਜੁਆਇੰਟ ਰਿਸਪਾਂਸਿਬਿਲਟੀ ਹੈ, ਤੋਂ ਪੁਛਣਾ ਚਾਹੁੰਦਾ ਹਾਂ ਕਿ ਹਰ ਮਹਿਕਮੇ ਵਿਚ ਜੋ ਸ਼ਡਿਊਲਡ ਕਾਸਟਸ ਦੀ ਰਿਪ੍ਰੇਜ਼ੈਂਟੇਸ਼ਨ ਹੈ ਉਹ ਬਹੁਤ ਘੱਟ ਹੈ। ਸਾਡੇ ਬੀਬੀ ਜੀ ਜਿਹੜੇ ਪਹਿਲਾਂ ਸੋਸ਼ਲ ਵੈਲਫੇਅਰ ਮਨਿਸਟਰ ਸਨ ਉਨ੍ਹਾਂ ਨੇ ਇਕ ਬਿਲ ਬਣਾਇਆ ਸੀ ਸ਼ਡਿਊਲਡ ਕਾਸਟਸ ਰਿਜ਼ਰਵੇਸ਼ ਬਿਲ। ਸਾਡੇ ਵਿਚ ਉਸ ਵੇਲੇ ਜਨਸੰਘੀ ਮੌਜੂਦ ਸਨ ਉਹ ਪਾਸ ਨਹੀਂ ਸਨ ਹੋਣ ਦਿੰਦੇ। ਉਹ ਇਕ ਪੈਨੇਸ਼ੀਆ ਹੈ। ਕੀ ਹੁਣ ਦੀ ਸਰਕਾਰ ਉਹ ਸ਼ਡਿਊਲਡ ਕਾਸਟਸ ਰਿਜ਼ਰਵੇਸ਼ਨ ਬਿਲ ਇਸ ਸੈਸ਼ਨ ਵਿਚ ਲਿਆਉਣ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਸੁਆਲ ਐਜੂਕੇਸ਼ਨ ਡਿਪਾਰਟਮੈਂਟ ਦੇ ਮੁਤੱਲਕ ਹੈ। ਮੈਂ ਆਨਰੇਬਲ ਮੈਂਬਰ ਨੂੰ ਬੜੀ ਨਿਮਰਤਾ ਨਾਲ ਅਰਜ਼ ਕਰਾਂਗਾ ਕਿ ਇਹ ਸੁਆਲ ਇਸ ਵਿਚੋਂ ਨਹੀਂ ਉਠਦਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸਾਡੇ ਐਜੂਕੇਸ਼ਨ ਬੋਰਡ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ, ਲੇਕਿਨ ਯੂਨੀਵਰਸਿਟੀਆਂ ਵਿਚ ਰਿਜ਼ਰਵੇਸ਼ਨ ਬਿਲਕੁਲ ਨਹੀਂ ਹੈ। ਮੈਂ ਇਹ ਪੁਛਣ

ਚਾਹੁੰਦਾ ਹਾਂ ਕਿ ਜਿਹੜੀਆਂ ਅਟਾਨੋਮਸ ਬਾਡੀਜ਼ ਹਨ ਜਿਵੇਂ ਕਿ ਯੂਨੀਵਰਸਿਟੀਆਂ, ਕੀ ਉਨ੍ਹਾਂ ਵਿਚ ਰਿਜ਼ਰਵੇਸ਼ਨ ਚਾਲੂ ਕੀਤੀ ਜਾਏਗੀ ?

ਮੰਤਰੀ : ਆਮ ਤੌਰ ਤੇ ਇੰਸਟਰਕਸ਼ਨਜ਼ ਸਾਰਿਆਂ ਲਈ ਇਕੋ ਜਿਹੀਆਂ ਹੁੰਦੀਆਂ ਹਨ । ਇਨ੍ਹਾਂ ਨੇ ਯੂਨੀਵਰਸਿਟੀਆਂ ਦਾ ਜ਼ਿਕਰ ਕੀਤਾ ਹੈ ਮੈਂ ਕਹਿੰਦਾ ਹਾਂ ਕਿ ਇਹ ਕੋਈ ਸਪੈਸਿਫਿਕ ਕੁਐਸਚਨ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਯੂਨੀਵਰਸਿਟੀਆਂ ਵਿਚ ਰਿਜ਼ਰਵੇਸ਼ਨ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਨਰਲ ਪਾਲਿਸੀ ਇਹ ਹੈ ਕਿ ਜਿੰਨੀ ਰਿਜ਼ਰਵੇਸ਼ਨ ਹੈ, ਭਾਵੇਂ ਕੋਈ ਹਰੀਜਨ ਹੈ ਜਾਂ ਹੋਰ ਹੈ ਭਾਵੇਂ ਕੋਈ ਕਿਸੇ ਵੀ ਵਰਗ ਨਾਲ ਤੁਅੱਲਕ ਰਖਦਾ ਹੈ ਉਸ ਨੂੰ ਪੂਰਾ ਕਰਨਾ ਹੈ ਔਰ ਬਕਾਇਆ ਵੀ ਪੂਰਾ ਕਰਾਂਗੇ ਭਾਵੇਂ ਉਹ ਕਿਸੇ ਵੀ ਮਹਿਕਮੇ ਨਾਲ ਤੁਅੱਲਕ ਰਖਦਾ ਹੋਵੇ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਮੁੱਖ ਮੰਤਰੀ ਜੀ ਇਸ ਲਈ ਸਮਾਂ ਨਿਸ਼ਚਿਤ ਕਰਨਗੇ ?

ਮੁੱਖ ਮੰਤਰੀ : ਜੇਕਰ ਇਸ ਗੱਲ ਦੀ ਕੋਈ ਪੇਚੀਦਗੀ ਨਾਲ ਆਵੇ ਕਿ ਜੋ ਕੁਆਲੀਫਿਕੇਸ਼ਨਜ਼ ਮੁਕਰੱਰ ਕੀਤੀਆਂ ਹੋਣ ਉਨ੍ਹਾਂ ਲਈ ਅਵੇਲੇਬਿਲਿਟੀ ਹੋਵੇ, ਅਸੀਂ ਦੋ ਢਾਈ ਮਹੀਨਿਆਂ ਵਿਚ ਕਰ ਦਿਆਂਗੇ ।

ISSUANCE OF LICENCES TO PRIVATE TRANSPORTERS;

***382. Chaudhri Sajjan Kumar Jakhar** : Will the Chief Minister be pleased to state whether it is a fact that the Central Government has issued guidelines to the State Government regarding issuance of licences to the private transporters; if so, the details thereof and the time by which the licences are likely to be issued ?

Sardar Darbara Singh : No please.

ਚੌਧਰੀ ਸੱਜਨ ਕੁਮਾਰ ਜਾਖੜ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਜਿਹੜੇ ਲਸੰਸ ਹਨ ਕੀ ਇਹ ਪ੍ਰਾਈਵੇਟ ਓਪਰੇਟਰਾਂ ਨੂੰ ਇਸ਼ੂ ਨਹੀਂ ਕੀਤੇ ਜਾਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬੜਾ ਕੋਮਲ ਜਿਹਾ ਸੁਆਲ ਸੀ । ਉਸ ਵਿਚ ਮੈਨੂੰ ਇਹ ਨਹੀਂ ਲਭਿਆ ਕਿ ਮੈਂ ਜਵਾਬ ਕੀ ਦੇਵਾਂ । ਜੇ ਤਾਂ ਇਹ ਸੁਆਲ ਟਰੱਕ ਓਪਰੇਟਰਾਂ ਬਾਰੇ ਹੈ ਤਾਂ ਤੇ ਉਹ ਨਖੇੜ ਦੇਣ ਤਾਂ ਹੀ ਮੈਂ ਕੁਝ ਦੱਸ ਸਕਦਾ ਹਾਂ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਗੁੱਡਜ਼ ਕੈਰੀਅਰਜ਼ ਦੀ ਗੱਲ ਹੈ । ਸਾਨੂੰ ਨੈਸ਼ਨਲ ਪਰਮਿਟਸ ਆਏ ਸਨ ਔਰ ਸੈਂਟਰਲ ਗੌਰਮਿੰਟ ਦੀ ਕੋਈ ਗਾਈਡ ਲਾਈਨਜ਼ ਆਈਆਂ ਹਨ ਜਾਂ ਨਹੀਂ । ਕੀ ਮੁੱਖ ਮੰਤਰੀ ਸਾਹਿਬ ਪੰਜਾਬ ਬਾਰੇ ਕੋਈ ਗਾਈਡ ਲਾਈਨ ਬਣਾਉਣਗੇ ਕਿਉਂਕਿ ਹੁਣ ਤੱਕ ਤਾਂ ਜਿਹੜੇ ਪੁਰਾਣੇ ਹਨ ਉਹ ਹੀ ਫ਼ਾਇਦਾ ਉਠਾਈ ਜਾਂਦੇ ਹਨ ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਐਨ. ਜ਼ੈਡ ਅਤੇ ਡਬਲਿਊ ਜ਼ੈਡ ਨੈਸ਼ਨਲ

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਪਰਮਿਟ ਆਏ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲਈ ਕੋਈ ਕਰਾਈਟੇਰੀਆ ਬਣਾਇਆ ਹੈ ?

ਮੁੱਖ ਮੰਤਰੀ : ਇਨ੍ਹਾਂ ਲਈ ਸਾਰੀਆਂ ਲਿਸਟਾਂ ਤਿਆਰ ਹੋ ਰਹੀਆਂ ਹਨ ।

BUS SERVICE FROM MUKERIAN TO TALWARA

*491. **Jathedar Jiwan Singh Umranangal** : Will the Chief Minister be pleased to state :—

(a) whether it is a fact that a bus service from Mukerian to Talwara in the morning time via village Kotlikhas, Budhewarh etc. has been suspended, if so, the reasons therefor;

(b) whether the Government propose to restart the bus service on the said route in view of the difficulties being faced by the public in general and the employees working at Talwara (Pong Dam) in particular due to the said suspension; if so, the time by which that is likely to be done ?

ਸਰਦਾਰ ਦਰਬਾਰਾ ਸਿੰਘ : (ੳ) ਜੀ ਹਾਂ। ਸਤੰਬਰ, 1980 ਤੋਂ ਬਰੂਵਾਲ ਦੇ ਨੇੜੇ ਨਹਿਰ ਦਾ ਪੁਲ ਡਿਗ ਜਾਣ ਕਾਰਨ ਬੱਸ ਸੇਵਾ ਨੂੰ ਬੁਢੇਵਾੜਾ ਤੱਕ ਘਟਾਉਣਾ ਪਿਆ ਸੀ ।

(ਅ) ਜੀ ਹਾਂ, ਜਦੋਂ ਹੀ ਪੁਲ ਮੁੜ ਉਸਾਰਿਆ ਗਿਆ ਬੱਸ ਸੇਵਾ ਮੁੜ ਚਾਲੂ ਕੀਤੀ ਜਾਵਗੀ । ਇਸ ਨੂੰ ਤਕਰੀਬਨ ਇਕ ਮਹੀਨਾ ਲੱਗੇਗਾ। ਵੈਸੇ ਮੁਕੇਰੀਆਂ ਤੋਂ ਤਲਵਾੜਾ ਤੱਕ ਤਕਰੀਬਨ 12 ਮਿੰਟ ਦੇ ਵਕਫੇ ਨਾਲ ਬੱਸ ਸੇਵਾ ਚਲ ਰਹੀ ਹੈ ਅਤੇ ਮੁਸਾਫਰਾਂ ਨੂੰ ਸਣੇ ਮੁਲਾਜ਼ਮਾਂ ਦੇ ਕੋਈ ਦਿੱਕਤ ਨਹੀਂ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਕੋਈ ਪੁਲ ਨਹੀਂ ਬਣ ਜਾਂਦਾ ਕੀ ਉਦੋਂ ਤੱਕ ਪਿੰਡ ਬੁਢੇਵਾੜਾ ਤੋਂ ਤਲਵਾੜੇ ਤੱਕ ਸਵੇਰੇ ਅਤੇ ਸ਼ਾਮ ਲਈ ਬੱਸ ਸਰਵਿਸ ਸ਼ੁਰੂ ਕਰਨਗੇ ਤਾਂ ਕਿ ਜਿਹੜੇ ਲੋਕ ਨੌਕਰੀ ਕ੍ਰਰਨ ਤਲਵਾੜੇ ਜਾਂਦੇ ਹਨ ਉਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਇਤਨੀ ਹੈ ਕਿ ਜਦੋਂ ਤੱਕ ਪੁਲ ਨਹੀਂ ਬਣ ਜਾਂਦਾ, ਜੋ ਕੁਝ ਕੀਤਾ ਜਾ ਸਕਦਾ ਹੈ ਉਹ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਲੋਕਾਂ ਨੂੰ ਸਹੂਲਤ ਮਿਲ ਸਕੇ।

ਮਾਸਟਰ ਬਾਬੂ ਸਿੰਘ : ਕੀ ਮੁੱਖ ਮੰਤਰੀ ਹਾਊਸ ਨੂੰ ਇਹ ਐਸ਼ੋਅਰ ਕਰਾਉਣਗੇ ਕਿ ਜਿਹੜੇ ਰੂਟਸ ਘਟਾ ਦਿੱਤੇ ਗਏ ਸਨ ਅਤੇ ਜਿਥੇ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਸਨ, ਜਿਸ ਤਰ੍ਹਾਂ ਬਰਨਾਲੇ ਤੋਂ ਰਾਮਪੁਰਾ ਫੂਲ ਦੇ ਕਈ ਟਰਿੱਪ ਕੈਂਸਲ ਕਰ ਦਿੱਤੇ ਹਨ, ਕੀ ਕੋਈ ਸਮਾਂ ਜਾਂ ਤਰੀਖ ਨਿਸ਼ਚਿਤ ਕਰਨਗੇ ਜਦੋਂ ਤੱਕ ਉਥੇ ਬੱਸਾਂ ਫਿਰ ਚਾਲੂ ਕਰਨਗੇ ? ਹੁਣ ਤਾਂ ਸਰਕਾਰ ਦੀ ਨੈਸ਼ਨੇਲਾਇਜ਼ੇਸ਼ਨ ਦੀ ਪਾਲਿਸੀ ਹੈ ਅਤੇ ਸੀ. ਐਮ. ਸਾਹਿਬ ਬੜੀ ਸ਼ੀਘਰਤਾ ਨਾਲ ਇਸ ਵਿਚ ਇੰਪਰੂਵਮੈਂਟ ਕਰ ਰਹੇ ਹਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਅਸੀਂ ਇਹ ਵੇਖ ਰਹੇ ਹਾਂ ਕਿ

ਉਥੇ ਸੜਕ ਵੀ ਕਿਸੇ ਨੇ ਰਹਿਣ ਦਿੱਤੀ ਹੈ ਜਾਂ ਨਹੀਂ । ਪਤਾ ਨਹੀਂ ਪਹਿਲਾਂ ਉਥੇ ਰੂਟਸ ਕਿਨ੍ਹਾਂ ਕਾਰਣਾ ਕਰਕੇ ਛੱਡ ਦਿੱਤੇ ਗਏ.ਸਨ । ਅਸੀਂ ਨਵੀਆਂ ਗੱਡੀਆਂ ਪਾ ਰਹੇ ਹਾਂ । ਸਾਰੀਆਂ ਗੱਡੀਆਂ ਨੂੰ ਪੂਲ ਕਰਕੇ ਦੇਖਾਂਗੇ ਅਤੇ ਜਿਥੇ ਰੂਟਸ ਛੱਡੇ ਗਏ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਚਾਲੂ ਕਰਨ ਦੀ, ਜਿਥੇ ਹੋ ਸਕਦਾ ਹੋਇਆ , ਕੋਸ਼ਿਸ਼ ਕਰਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਰਕਾਰ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਦੀ ਪਾਲਿਸੀ ਦੀ ਰੌਸ਼ਨੀ ਵਿਚ ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਿਛਲੀ ਸਰਕਾਰ ਨੇ ਵੀ ਬੱਸ ਸਰਵਿਸ ਦਾ ਸਰਵੇ ਕਰਵਾਇਆ ਸੀ, ਕਿਰਾਏ ਵਧਣ ਦੇ ਬਾਵਜੂਦ ਵੀ ਲੋਕ ਬੱਸਾਂ ਦੇ ਉਪਰ ਚੜ੍ਹ ਕੇ ਸਫਰ ਕਰਦੇ ਹਨ, ਕੀ ਉਥੇ ਬੱਸ ਸੇਵਾ ਦਾ ਪ੍ਰਬੰਧ ਕਰਨਗੇ, ਜਿਹੜੀਆਂ ਨਵੀਆਂ ਬੱਸਾਂ ਪਾ ਰਹੇ ਹਨ ਉਹ ਅਜਿਹੇ ਰੂਟਸ ਤੇ ਚਲਾਉਣਗੇ ? ਪੀਪਾ ਸਰਵਿਸ ਤਾਂ ਹੁਣ ਰਹੀ ਨਹੀਂ ਕਿਉਂਕਿ ਸਰਕਾਰ ਨੂੰ ਸੁਧਾਰ ਕਰਦਿਆਂ ਛੇ ਮਹੀਨੇ ਤਾਂ ਹੋ ਗਏ ਹਨ। ਨੈਸ਼ਨੇਲਾਈਜ਼ੇਸ਼ਨ ਦੀ ਸਰਕਾਰ ਦੀ ਕੁਮਿਟ-ਮੈਂਟ ਹੈ। ਇਸ ਵੇਲੇ ਤਾਂ ਸਰਕਾਰ ਦੀ ਕੋਈ ਵੀ ਪਾਲਿਸੀ ਨਹੀਂ ਹੈ।

(ਕੋਈ ਜਵਾਬ ਨਹੀਂ ਦਿੱਤਾ ਗਿਆ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਸੜਕ ਵੀ ਕੋਈ ਟੁੱਟੀ ਹੋਈ ਨਾ ਹੋਵੇ, ਪੁਲ ਵੀ ਕੋਈ ਟੁੱਟਿਆ ਹੋਇਆ ਨਾ ਹੋਵੇ, ਕੀ ਉਥੇ ਬੱਸ ਸੇਵਾ ਚਾਲੂ ਕਰਨ ਦਾ ਭਰੋਸਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜਨਰਲ ਸਵਾਲ ਹੈ । ਕੋਈ ਸਪੈਸੇਫਿਕ ਗਲ ਮੇਰੇ ਨੋਟਿਸ ਵਿਚ ਲੈ ਆਉਣ ਤਾਂ ਜ਼ਰੂਰ ਧਿਆਨ ਦੇਵਾਂਗੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੀ. ਆਰ. ਟੀ. ਸੀ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਰੋਜ਼ ਹਜ਼ਾਰਾਂ ਕਿਲੋਮੀਟਰ ਰੂਟਸ ਮਿਸ ਕਰਦੀਆਂ ਹਨ । ਜਿਹੜੇ ਰੂਟ ਉਹ ਇਸ ਵੇਲੇ ਕਵਰ ਨਹੀਂ ਕਰ ਰਹੇ ਕੀ ਉਨ੍ਹਾਂ ਤੇ ਬੱਸਾਂ ਚਲਾਉਣ ਦਾ ਪ੍ਰਬੰਧ ਕਰਨਗੇ ਤਾਂ ਕਿ ਕੋਈ ਮਾਈਲੇਜ ਮਿਸ ਨਾ ਹੋਵੇ ?

ਮੁੱਖ ਮੰਤਰੀ : ਮਿਸ ਨਹੀਂ ਕਰਾਂਗੇ ਸਗੋਂ ਐਕਸੈਸ ਰੂਟ ਕਵਰ ਕਰਾਂਗੇ ।

ਸ੍ਰੀ ਚਮਨ ਲਾਲ : ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੁਜਾਨਪੁਰ ਮੇਰੀ ਕੰਸਟੀਚਿਊਐਂਸੀ ਹੈ ਅਤੇ ਸੁਜਾਨਪੁਰ ਸ਼ਹਿਰ ਦੀ ਕੋਈ 37,000 ਦੀ ਆਬਾਦੀ ਹੈ । ਇਥੇ ਕਈ ਸਾਲਾਂ ਦੀ ਮਿਉਂਸਪਲ ਕਮੇਟੀ ਹੈ। ਇਹ ਜੰਮੂ-ਕਸ਼ਮੀਰ ਦੇ ਦਰਵਾਜੇ ਤੇ ਹੈ। ਪਰ ਲੰਮੇ ਰੂਟਸ ਦੀਆਂ ਬੱਸਾਂ ਉਥੇ ਖੜਦੀਆਂ ਨਹੀਂ ਹਨ। ਕੀ ਉਥੇ ਅਜਿਹੀਆਂ ਬੱਸਾਂ ਖੜ੍ਹਾਉਣ ਦਾ ਕੋਈ ਇੰਤਜ਼ਾਮ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟਲੀ ਮੈਨੂੰ ਲਿਖ ਕੇ ਭੇਜ ਦੇਣ, ਮੈਂ ਦੇਖ ਲਵਾਂਗਾ ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਬੱਸਾਂ ਖਰੀਦੀਆਂ ਜਾਣ ਵਾਲੀਆਂ ਹਨ ਕੀ ਉਨ੍ਹਾਂ ਦੇ ਟਾਇਰ ਅਤੇ ਟਿਊਬ ਲੋਹੇ ਦੇ ਹੋਣ, ਅਜਿਹਾ ਪ੍ਰਬੰਧ ਕਰਨਗੇ ਤਾਂ ਕਿ ਉਨ੍ਹਾਂ ਦੀ ਹਵਾ ਨਾ ਕੱਢੀ ਜਾ ਸਕੇ ?

(ਕੋਈ ਉੱਤਰ ਨਹੀਂ ਆਇਆ)

SETTING UP OF HIDE MARKET, JULLUNDUR

*408. **Sardar Darshan Singh K.P.** Will the Minister for Finance be pleased to state whether the Government has acquired the land for setting up a Hide Market in front of the Railway Station, Jullundur, if so, the reasons for not setting up the same so far and the time by which it is likely to be set up ?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ । ਅਸੀਂ ਸਵਾਲ ਦਿਤਾ ਹੈ । ਸਵਾਲ ਸਹੀ ਹੈ । ਦਰਅਸਲ ਇਹ ਪੜਤਾਲ ਨਹੀਂ ਕਰ ਸਕੇ । ਦਰਅਸਲ ਇਹ ਚਮਾਰ ਮੰਡੀ ਰਵੀਦਾਸ ਇੰਡਸਟਰੀਅਲ ਸੋਸਾਇਟੀ ਦੇ ਨਾਂ ਰਜਿਸਟਰ ਕਰਵਾਈ ਸੀ । ਇਹ ਇੰਡਸਟਰੀ ਡਿਪਾਰਟਮੈਂਟ ਕੋਲ ਰਜਿਸਟਰ ਕਰਵਾਈ ਸੀ । ਉਥੇ ਜ਼ਮੀਨ ਵੀ ਦਿਵਾਈ ਸੀ ਪਰ ਕਬਜ਼ਾ ਨਹੀਂ ਦਿੱਤਾ ਗਿਆ । ਐਪਲੀਕੈਂਟਸ ਦਾ ਪੰਜ, ਪੰਜ ਸੌ ਰੁਪਿਆ ਜਮ੍ਹਾਂ ਹੋਇਆ ਹੈ । ਇੰਡਸਟਰੀ ਡਿਪਾਰਟਮੈਂਟ ਦੇ ਨਾਂ ਜ਼ਮੀਨ ਹੋ ਗਈ ਹੈ ਪਰ ਕਬਜ਼ਾ ਨਹੀਂ ਦਿਵਾ ਸਕੇ । ਵਜ਼ੀਰ ਸਾਹਿਬ ਕਦੋਂ ਤਕ ਇਸਦਾ ਕਬਜ਼ਾ ਦਿਵਾ ਦੇਣਗੇ ਅਤੇ ਕੀ ਉਥੇ ਚਮੜਾ ਮੰਡੀ ਬਣੇਗੀ ਵੀ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਕੁਝ ਇੰਡਸਟਰੀ ਡਿਪਾਰਟਮੈਂਟ ਦੇ ਨਾਲ ਸਬੰਧ ਰਖਦਾ ਹੈ ਅਤੇ ਕੁਝ ਲੋਕਲ ਬਾਡੀਜ਼ ਦੇ ਨਾਂਲ । ਇਸ ਜਗ੍ਹਾ ਤੇ ਵਾਕਈ ਚਮੜੇ ਦੀ ਮਾਰਕਿਟ ਹੈ । ਇਸ ਵੇਲੇ ਇਹ ਰੈਜ਼ੀਡੈਂਸ਼ਲ ਕੁਆਰਟਰਜ਼ ਵਿਚ ਹੈ । ਇਸ ਨੂੰ ਉਠਵਾਉਣ ਵਾਸਤੇ ਇੰਪਰੂਵਮੈਂਟ ਟਰੱਸਟ ਨੇ ਦੋ ਲੱਖ ਰੁਪਿਆ ਇੰਡਸਟਰੀ ਡਿਪਾਰਟਮੈਂਟ ਨੂੰ ਦਿੱਤਾ ਸੀ ਪਰ ਉਨ੍ਹਾਂ ਨੇ ਕਿਹਾ ਕਿ ਜਿੰਨਾ ਚਿਰ ਹੋਰ ਪ੍ਰਬੰਧ ਨਾ ਹੋ ਜਾਵੇ ਅਸੀਂ ਇਹ ਰੁਪਿਆ ਨਹੀਂ ਲੈਣਾ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹਾਂਗਾ ਕਿ ਉਸ ਜਗ੍ਹਾ ਤੋਂ ਇਹ ਚਮੜੇ ਦੀ ਮਾਰਕਿਟ ਜ਼ਰੂਰ ਉਠਾਉਣੀ ਚਾਹੀਦੀ ਹੈ । ਇੰਡਸਟਰੀ ਡਿਪਾਰਟਮੈਂਟ ਨੂੰ ਬਾਰ ਬਾਰ ਕਹਿ ਰਹੇ ਹਾਂ ਕਿ ਜਲਦੀ ਤੋਂ ਜਲਦੀ ਇਸ ਨੂੰ ਸ਼ਿਫਟ ਕਰਵਾਇਆ ਜਾਵੇ । ਉਨ੍ਹਾਂ ਨੇ ਯਕੀਨ ਦਿਵਾਇਆ ਹੈ ਕਿ ਉਹ ਜਲਦੀ ਤੋਂ ਜਲਦੀ ਇਸ ਨੂੰ ਸ਼ਿਫਟ ਕਰਵਾ ਦੇਣਗੇ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਥੇ ਪੁਰਾਣਾ ਕੰਮ ਚਲਦਾ ਪਿਆ ਹੈ ਉਸਨੂੰ ਜਲਦੀ ਤੋਂ ਜਲਦੀ ਬਦਲ ਦੇਵਾਂਗੇ । ਮਗਰ ਜਿਥੇ ਇਹ ਸ਼ਿਫਟ ਕਰਾਉਣਾ ਚਾਹੁੰਦੇ ਹਨ ਉਥੇ ਇਹ ਪਹਿਲਾਂ ਮਾਰਕਿਟ ਬਣਵਾਉਣ, ਦੁਕਾਨਾਂ ਬਣਾਉਣ । ਰੇਲਵੇ ਸਟੇਸ਼ਨ ਦੇ ਸਾਹਮਣੇ ਜਲੰਧਰ ਵਿਚ ਇਹ ਜ਼ਮੀਨ ਇੰਡਸਟਰੀ ਡਿਪਾਰਟਮੈਂਟ ਦੇ ਨਾਂ ਹੈ । ਉਥੇ ਇਹ ਕਬਜ਼ਾ ਨਹੀਂ ਦਿਵਾ ਸਕੇ । ਲੋਕਾਂ ਨੇ ਉਥੇ ਨਾਜਾਇਜ਼ ਮਕਾਨ ਬਣਾ ਲਏ ਹਨ । ਅਸੀਂ ਕਹਿੰਦੇ ਹਾਂ ਕਿ ਜੇ ਉਹ ਜਗ੍ਹਾ ਖਾਲੀ ਨਹੀਂ ਕਰਵਾ ਸਕਦੇ ਤਾਂ ਹੋਰ ਜਗ੍ਹਾ ਦੇ ਦਿਓ । ਸਰਕਾਰ ਕਦੋਂ ਤਕ ਜ਼ਮੀਨ ਖਾਲੀ ਕਰਵਾ ਕੇ ਉਥੇ ਚਮੜਾ ਮੰਡੀ ਬਣਾ ਦੇਵੇਗੀ ? ਜਦੋਂ ਤਕ ਨਵੀਂ ਚਮੜਾ ਮੰਡੀ ਨਹੀਂ ਬਣ ਜਾਂਦੀ ਉਸ ਪੁਰਾਣੀ ਚਲ ਰਹੀ ਮੰਡੀ ਨੂੰ ਬੰਦ ਨਾ ਕੀਤਾ ਜਾਵੇ ।

ਮੰਤਰੀ : ਸਪੀਕਰ ਸਾਹਿਬ, ਜਿਤਨੀ ਦੇਰ ਨਵੀਂ ਚਮੜਾ ਮੰਡੀ ਲਈ ਜਗ੍ਹਾ ਦਾ ਪ੍ਰਬੰਧ ਨਹੀਂ ਹੋ ਜਾਂਦਾ ਉਤਨੀ ਦੇਰ ਇਹ ਪਹਿਲੀ ਜਗ੍ਹਾ ਤੇ ਹੀ ਰਹੇਗੀ । ਜਿਸ ਵੇਲੇ ਨਵੀਂ ਮੰਡੀ ਉਥੇ ਬਣ ਜਾਵੇਗੀ ਫਿਰ ਜਲਦੀ ਤੋਂ ਜਲਦੀ ਉਥੇ ਸ਼ਿਫਟ ਕਰ ਦਿੱਤੀ ਜਾਵੇਗੀ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਐਸੀ ਸਕੀਮ ਬਣਾਉਣਗੇ ਜਿਸ ਦੇ ਨਾਲ ਸਾਰੀ ਸਟੇਟ ਵਿਚ ਜਿਥੇ ਵੀ ਆਬਾਦੀ ਦੇ ਵਿਚ ਹਾਈਡ ਮਾਰਕਿਟਾਂ ਜਾਂ ਬੋਅ ਮਾਰਕਿਟਸ ਬਣੀਆਂ ਹੋਈਆਂ ਹਨ ਜਿਸਦੇ ਨਾਲ ਇਤਨੀ ਅਨਹਾਈ-ਜਿਨਕ ਕੰਡੀਸ਼ਨ ਸ਼ਹਿਰਾਂ ਵਿਚ ਪੈਦਾ ਹੋਈ ਹੈ, ਕੀ ਉਨ੍ਹਾਂ ਨੂੰ ਆਬਾਦੀ ਦੇ ਬਾਹਰ ਲੈ ਜਾਣ ਲਈ ਪ੍ਰਬੰਧ ਕਰਨਗੇ ?

ਮੰਤਰੀ : ਮਾਨਯੋਗ ਮੈਂਬਰ ਨੇ ਸੁਝਾਓ ਦਿੱਤਾ ਹੈ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜਿਹੜੀ ਕੁਆਪਰੇਟਿਵ ਸੋਸਾਇਟੀ ਦਾ ਕੇ. ਪੀ. ਸਾਹਿਬ ਨੇ ਜ਼ਿਕਰ ਕੀਤਾ ਹੈ, ਉਹ ਜ਼ਮੀਨ ਇੰਡਸਟਰੀ ਡਿਪਾਰਟਮੈਂਟ ਨੇ ਲਈ ਹੋਈ ਹੈ । ਪਰ ਲੋਕਾਂ ਨੇ ਉਥੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਹ ਨਾਜਾਇਜ਼ ਕਬਜ਼ੇ ਕਦੋਂ ਤਕ ਹਟਾ ਦੇਣ ਦਾ ਸਰਕਾਰ ਪ੍ਰਬੰਧ ਕਰੇਗੀ ਤਾਂ ਕਿ ਇੰਡਸਟਰੀ ਡਿਪਾਰਟਮੈਂਟ ਨੂੰ ਉਸ ਜ਼ਮੀਨ ਦਾ ਕਬਜ਼ਾ ਮਿਲ ਜਾਵੇ ਅਤੇ ਉਥੇ ਚਮੜਾ ਮੰਡੀ ਬਣ ਜਾਵੇ

ਮੰਤਰੀ : ਸਪੀਕਰ ਸਾਹਿਬ, ਇੰਡਸਟਰੀ ਡਿਪਾਰਟਮੈਂਟ ਨੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਇਹ ਸ਼ਿਫਟ ਕਰਾ ਦਿਆਂਗੇ । ਅਸੀਂ ਉਨ੍ਹਾਂ ਨੂੰ ਬਾਰ ਬਾਰ ਇਸ ਲਈ ਕਿਹਾ ਹੈ । ਉਨ੍ਹਾਂ ਨੇ ਹੁਣ ਜਵਾਬ ਦਿੱਤਾ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਅਸੀਂ ਇਹ ਪ੍ਰਬੰਧ ਕਰ ਦੇਵਾਂਗੇ ।

DECISION TAKEN TO INCREASE THE PENSION OF RETIRED PUNJAB GOVERNMENT PENSIONERS

*414. **Sardarni Surjit Kaur Kalkat** : Will the Minister for Finance be pleased to state :—

(a) whether the Government has taken any decision, on the recommendation of the Punjab Pay Commission, relating to increase in the pension of Punjab Government pensioners who retired from service before 1st January, 1978;

(b) if the reply to part (a) above be in the affirmative, whether the Government have since issued any instructions to implement the said decision; if so, the details thereof ?

ਡਾਕਟਰ ਕੇਵਲ ਕ੍ਰਿਸ਼ਨ :

(ੳ) ਹਾਂ ਜੀ ।

(ਅ) ਹਾਂ ਜੀ । ਮਿਤੀ 1-11-1966 ਅਤੇ ਇਸ ਤੋਂ ਮਗਰੋਂ ਅਤੇ ਮਿਤੀ 1-1-1978 ਤੋਂ ਪਹਿਲਾਂ ਸੇਵਾ ਨਿਵਿਰਤ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਪੈਨਸ਼ਨ ਅਤੇ ਪ੍ਰਵਾਰਿਕ ਪੈਨਸਨ ਵਿਚ ਵਾਧੇ ਸਬੰਧੀ ਲੋੜੀਂਦੇ ਹੁਕਮ ਜਾਰੀ ਕੀਤੇ ਜਾ ਚੁਕੇ ਹਨ । ਪੈਨਸ਼ਨ ਵਿਚ ਇਹ ਵਾਧਾ ਮੂਲਕ ਪੈਨਸ਼ਨ ਦੇ 50% ਦੇ ਬਰਾਬਰ ਅਤੇ ਵੱਧ ਤੋਂ ਵੱਧ 100/- ਰੁਪਏ ਪ੍ਰਤੀ ਮਹੀਨਾ, ਮਿਤੀ 1-12-1979 ਤੋਂ ਕੀਤਾ ਗਿਆ ਹੈ । ਇਸੇ ਤਰ੍ਹਾਂ ਪਰਵਾਰਿਕ ਪੈਨਸ਼ਨ ਵਿੱਚ ਵਾਧਾ ਮੂਲਕ ਪੈਨਸ਼ਨ ਦੇ 30% ਦੇ ਬਰਾਬਰ ਅਤੇ ਵੱਧ ਤੋਂ ਵੱਧ 75/- ਪ੍ਰਤੀ ਮਹੀਨਾ, ਮਿਤੀ 1-12-1979 ਤੋਂ ਕੀਤਾ ਗਿਆ ਹੈ । ਇਸੇ ਮਿਤੀ ਤੋਂ ਇਨ੍ਹਾਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਘਟੋ ਘਟ ਪੈਨਸ਼ਨ 150/- ਰੁਪਏ ਪ੍ਰਤੀ ਮਹੀਨਾ ਅਤੇ ਪਰਵਾਰਿਕ ਪੈਨਸ਼ਨ 125/- ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ ।

ਸਰਦਾਰਨੀ ਸੁਰਜੀਤ ਕੌਰ ਕਲਕਟ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਖਜ਼ਾਨਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ 1 ਨਵੰਬਰ, 1966 ਤੋਂ ਪੰਜਾਬ ਸਰਕਾਰ ਨੇ ਕਰਮਚਾਰੀਆਂ ਦੀਆਂ ਪੈਨਸ਼ਨਾਂ ਵਧਾਉਣ ਵਾਸਤੇ ਹੁਕਮ ਜਾਰੀ ਕੀਤੇ ਹਨ ਕੀ ਸਰਕਾਰ ਦੇ ਰਸਤੇ ਵਿਚ ਇਹ ਹੁਕਮ ਸੰਨ 1950 ਤੋਂ ਜਾਰੀ ਕਰਨ ਵਿਚ ਕੋਈ ਅੜਚਣ ਸੀ, ਜੇਕਰ ਕੋਈ ਅੜਚਣ ਨਹੀਂ ਸੀ, ਤਾਂ ਮੈਂ ਬੇਨਤੀ ਕਰਦੀ ਹਾਂ ਕਿ ਇਹ ਵਾਧਾ 1950 ਤੋਂ (20 ਜਨਵਰੀ, 1950 ਤੋਂ ਪੈਨਸ਼ਨਾਂ ਵਿਚ ਵਾਧਾ,) ਕੀਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਦਾ ਫ਼ੈਸਲਾ 1 ਨਵੰਬਰ, 1966 ਤੋਂ ਹੀ ਹੋਇਆ ਹੈ ਅਤੇ ਇਹ ਵੀ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਦੀ ਹਾਲਤ ਨੂੰ ਵੇਖਦੇ ਹੋਏ ਅਤੇ ਮਹਿੰਗਾਈ ਨੂੰ ਵੇਖਦੇ ਹੋਏ ਵਾਧਾ ਕੀਤਾ ਹੈ। ਇਸ ਦੇ ਨਾਲ ਵੀ ਪੰਜਾਬ ਦੀ ਸਰਕਾਰ ਤੇ ਲੱਗਪਗ 4 ਕਰੋੜ ਰੁਪਏ ਦਾ ਹੁਣ ਬੋਝ ਪਿਆ ਹੈ ਅਤੇ ਦੋ ਕਰੋੜ ਰੁਪਏ ਮਾਹਵਾਰ ਦਾ ਬੋਝ ਲਗਾਤਾਰ ਰਹੇਗਾ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਬੰਧਤ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਸਰਕਾਰ ਨੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਵਧਾਈਆਂ ਹਨ ਪਰ ਕੀ ਸਰਕਾਰ ਆਉਣ ਵਾਲੇ ਸਮੇਂ ਵਿਚ ਮਹਿੰਗਾਈ ਦੇ ਲਗਾਤਾਰ ਵਾਧੇ ਨੂੰ ਮੁੱਖ ਰਖ ਕੇ ਪੈਨਸ਼ਨਾਂ ਨੂੰ ਨਿਊਟਰੇਲਾਈਜ਼ ਕਰੇਗੀ ਤਾਕਿ ਜਿਉਂ ਜਿਉਂ ਪ੍ਰਾਈਸ ਇੰਡੈਕਸ ਵਧੇ ਤਿਉਂ ਤਿਉਂ ਪੈਨਸ਼ਨ ਵਧਾਈ ਜਾਵੇ ? ਕੀ ਸਰਕਾਰ ਇਸ ਤਰ੍ਹਾਂ ਦਾ ਫੈਸਲਾ ਕਰਨ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਪੇ-ਕਮਿਸ਼ਨ ਨੇ ਜੋ ਪੈਨਸ਼ਨਾਂ ਵਧਾਉਣ ਵਾਸਤੇ ਰਿਕੁਮੈਂਡੇਸ਼ਨ ਕੀਤੀ ਸੀ ਉਸ ਦੇ ਮੁਤਾਬਿਕ ਹੀ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ। ਜਿਹੜਾ ਰਿਕੁਮੈਂਡੇਸ਼ਨ ਦੇ ਮੁਤਾਬਿਕ ਫੈਸਲਾ ਹੋਇਆ ਹੈ ਉਹ ਇਹ ਹੀ ਕਾਇਮ ਰਹੇਗਾ।

ਸਰਦਾਰ ਅਵਤਾਰ ਸਿੰਘ ਗਟਵਾਲੀ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ :—

(1) ਜਿਹੜੇ ਇੰਪਲਾਈਜ਼ ਆਨ ਡਿਊਟੀ ਮਰੇ ਹਨ ਉਨ੍ਹਾਂ ਦੀਆਂ ਵਿੱਡੋਜ਼ ਨੂੰ ਜਿਹੜੀਆਂ ਪੈਨਸ਼ਨਾਂ ਮਿਲਦੀਆਂ ਹਨ, ਕੀ ਉਨ੍ਹਾਂ ਪੈਨਸ਼ਨਾਂ ਵਿਚ ਵੀ ਇਹ ਵਾਧਾ ਕੀਤਾ ਜਾਵੇਗਾ ?

(2) ਜਿਹੜੀਆਂ ਪੈਨਸ਼ਨਾਂ ਇਸ ਪੰਜਾਬ ਨੂੰ ਛੋਟਾ ਕਰਾਉਣ ਵਾਲੇ ਲੋਕਾਂ ਨੂੰ ਪਿਛਲੀ ਸਰਕਾਰ ਨੇ ਦਿੱਤੀਆਂ ਸਨ ਅਤੇ ਫਿਰ ਬੰਦ ਕਰ ਦਿੱਤੀਆਂ ਗਈਆਂ ਸਨ, ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਦੁਬਾਰਾ ਪੈਨਸ਼ਨਾਂ ਲਗਾਉਣ ਲਈ ਤਾਂ ਨਹੀਂ ਸੋਚ ਰਹੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਪਰਿਵਾਰਿਕ ਜਿਹੜੀਆਂ ਪੈਨਸ਼ਨਾਂ ਲੱਗੀਆਂ ਹੋਈਆਂ ਹਨ, ਉਨ੍ਹਾਂ ਵਿਚ 30 ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ। ਉਨ੍ਹਾਂ ਵਿਚ 75 ਰੁਪਏ ਪਰ ਮੰਥ ਜਾਂ ਵੱਧ ਤੋਂ ਵੱਧ 125/- ਰੁਪਏ ਵਾਧਾ ਹੋਇਆ ਹੈ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜਿਵੇਂ ਬੀਬੀ ਜੀ ਨੇ ਕਿਹਾ ਸੀ ਕਿ ਸੰਨ 1950 ਤੋਂ ਪੈਨਸ਼ਨਾਂ ਮਿਲਣੀਆਂ ਚਾਹੀਦੀਆਂ ਹਨ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੰਨ 1966 ਵਾਲਿਆਂ ਦੀਆਂ ਪੈਨਸ਼ਨਾਂ ਵਿਚ ਵਾਧਾ ਹੋ ਸਕਦਾ ਹੈ ਤਾਂ ਸੰਨ 1950 ਵਾਲਿਆਂ ਦੀਆਂ ਪੈਨਸ਼ਨਾਂ ਵਿਚ ਵਾਧਾ ਕਿਉਂ ਨਹੀਂ ਹੋ ਸਕਦਾ, ਕੀ ਉਨ੍ਹਾਂ ਵਾਸਤੇ ਮਹਿੰਗਾਈ ਘੱਟ ਹੈ ?

ਮੰਤਰੀ : ਸਪੀਕਰ ਸਾਹਿਬ, ਪੇ ਕਮਿਸ਼ਨ ਦੀ ਰਿਕੁਮੈਂਡੇਸ਼ਨ ਦੇ ਮੁਤਾਬਿਕ ਇਹ ਸੀ ਕਿ ਇਹ ਵਾਧਾ 1 ਨਵੰਬਰ, 1966 ਤੋਂ ਕੀਤਾ ਜਾਵੇ। ਉਸ ਦੇ ਮੁਤਾਬਿਕ ਹੀ ਇਹ ਫੈਸਲਾ ਕੀਤਾ ਗਿਆ ਹੈ। ਸੰਨ 1950 ਦੇ ਪੈਨਸ਼ਨਰਾਂ ਬਾਰੇ ਮੈਂ ਇਸ ਵੇਲੇ ਕੁਝ ਨਹੀਂ ਕਹਿੰਦਾ, ਈਸ਼ਵਰ ਕਰੇ ਉਨ੍ਹਾਂ ਦੀ ਲੰਬੀ ਉਮੇਰ ਹੋਵੇ। .. (ਹਾਸਾ)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅੰਗ-ਹੀਣ ਮੁਲਾਜਮ ਹਨ ਕੀ ਉਨ੍ਹਾਂ ਦੀਆਂ ਪੈਨਸ਼ਨਾਂ ਵਿਚ ਵੀ ਸਰਕਾਰ ਵਾਧਾ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ। ਇਹ ਵੱਖਰਾ ਸਵਾਲ ਦੇ ਦੇਣ ।

HEAVY MACHINERY FOR THEIN DAM

*412. **Sardar Balwinder Singh Bhunder** : Will the Chief Minister be pleased to state :—

(a) whether heavy machinery for the Thein Dam was purchased from the open market during the years 1979-80 and 1980-81;

(b) if the reply to part (a) above be in the affirmative the total amount spent on the purchase of the said machinery;

(c) whether any machinery out of that referred to in para (a) above was transferred to some other projects; if so, the details thereof ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ ।

(ਅ) ਭਾਰੀ ਮਸ਼ੀਨਰੀ ਖਰੀਦਣ ਲਈ ਕੁਲ ਖਰਚਾ ਹੇਠ ਲਿਖੇ ਅਨੁਸਾਰ ਹੈ :—

ਸਾਲ	ਰਕਮ
	(ਰੁਪਏ ਲੱਖਾਂ ਵਿਚ)
1979-80	15.25
1980-81	107.27
ਕੁੱਲ :	122.52

(ੲ) ਉਕਤ 'ੳ' ਤੇ ਦੱਸੀ ਮਸ਼ੀਨਰੀ ਵਿਚੋਂ ਕੋਈ ਵੀ ਦੂਸਰੇ ਪ੍ਰੋਜੈਕਟਾਂ ਨੂੰ ਤਬਦੀਲ ਨਹੀਂ ਕੀਤੀ ਗਈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਹੈਵੀ ਮਸ਼ੀਨਰੀ ਪੌਂਗ ਡੈਮ ਤੋਂ ਫਾਲਤੂ ਹੋਈ ਸੀ ਉਸ ਦੇ ਬਣ ਜਾਣ ਕਰਕੇ , ਉਹ ਕਿਉਂ ਨਹੀਂ ਖਰੀਦੀ ਗਈ ਅੌਰ ਖੁਲ੍ਹੀ ਮਾਰਕਿਟ ਵਿਚੋਂ ਕਿਉਂ ਖਰੀਦੀ ਗਈ ਹੈ, ਇਸ ਦੇ

[ਸਰਦਾਰ ਬਲਵਿੰਦਰ ਸਿੰਘ ਭੂੰਦੜ]
ਕੀ ਕਾਰਣ ਹਨ ?

(2) ਇਸ ਮਸ਼ੀਨਰੀ ਖਰੀਦੀ ਨੂੰ ਦੋ ਸਾਲ ਦਾ ਵਕਫ਼ਾ ਹੋ ਗਿਆ ਹੈ ਪਰ ਉਸ ਦੀ ਵਰਤੋਂ ਨਹੀਂ ਹੋਈ। ਉਥੇ ਕਨਸਟਰੱਕਸ਼ਨ ਵਰਕ ਚਲ ਰਿਹਾ ਹੈ, ਇਸ ਲਈ ਇਹ ਮਸ਼ੀਨਰੀ ਖਰੀਦ ਕੇ ਰੱਖ ਲਈ ਗਈ ਹੈ ਔਰ ਇਸ ਤਰ੍ਹਾਂ ਖਜ਼ਾਨੇ ਤੇ ਫ਼ਾਲਤੂ ਬੋਝ ਪਾਉਣ ਦੇ ਕੀ ਕਾਰਨ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸੈਂਟਰਲ ਪਾਵਰ ਕਮਿਸ਼ਨ ਨੇ, ਗੌਰਮਿੰਟ ਆਫ਼ ਇੰਡੀਆ ਨੇ ਕਿਹਾ ਸੀ ਔਰ ਸੰਨ 1979-80 ਵਿਚ ਗਲੋਬਲ ਟੈਂਡਰ ਇਨਵਾਈਟ ਕੀਤੇ ਗਏ ਸਨ ਕਿਉਂਕਿ ਯੂ.ਕੇ. ਦੀ ਔਰ ਯੈਨ ਦੀ ਗਰਾਂਟ ਸੀ। ਇਸ ਵਿਚ ਛੇ ਸੱਤ ਆਈਟਮਾਂ ਸਨ ਔਰ ਫ਼ਾਰਨ ਐਕਸਚੇਂਜ ਨੂੰ ਬਚਾਉਣ ਵਾਸਤੇ ਇਸ ਤਰ੍ਹਾਂ ਕੀਤਾ ਗਿਆ ਸੀ ਔਰ ਗੌਰਮਿੰਟ ਆਫ਼ ਇੰਡੀਆ ਨੇ ਇਸ ਬਾਰੇ ਕਿਹਾ ਸੀ। ਇਹ ਰੁਪਿਆ ਕੋਈ 5 ਕਰੋੜ 9 ਲੱਖ 30 ਹਜ਼ਾਰ ਅਤੇ ਇਕ ਕਰੋੜ 50 ਲੱਖ ਸੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਠੀਕ ਹੈ ਕਿ ਸਮਝੌਤੇ ਦੇ ਅਧੀਨ ਇਹ ਕੰਮ ਕਰਨਾ ਪਿਆ ਪਰ ਕੀ ਸਰਕਾਰ ਇਸ ਮਸ਼ੀਨਰੀ ਨੂੰ ਚੰਗੀ ਤਰ੍ਹਾਂ ਨਾਲ ਵਰਤੋਂ ਵਿਚ ਲਿਆਉਣ ਵਾਸਤੇ ਕੰਮ ਵਿਚ ਤੇਜ਼ੀ ਲਿਆਏਗੀ ਤਾਕਿ ਇਸ ਮਸ਼ੀਨਰੀ ਨੂੰ ਜ਼ੰਗ ਵਗੈਰਾ ਨਾ ਲੱਗ ਜਾਵੇ ? ਸਪੀਕਰ ਸਾਹਿਬ, ਨੰਬਰ ਦੋ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਸ਼ੀਨਰੀ ਦੀ ਵਰਤੋਂ ਤੋਂ ਪਹਿਲਾਂ ਹੀ ਉਸ ਦੀ ਰਿਪੇਅਰ ਤੇ ਕਿਤਨਾ ਖਰਚ ਹੋ ਚੁਕਿਆ ਹੈ, ਮੁੱਖ ਮੰਤਰੀ ਸਾਹਿਬ ਇਹ ਵੀ ਦੱਸ ਦੇਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੇ ਪਾਸ ਰਿਪੇਅਰ ਵਾਸਤੇ ਤਾਂ ਇਨਫਰਮੇਸ਼ਨ ਨਹੀਂ ਹੈ। ਬਾਕੀ ਇਸ ਮਸ਼ੀਨਰੀ ਦੀ ਜਲਦੀ ਵਰਤੋਂ ਕਰਨ ਵਾਸਤੇ ਸਾਡੀ ਕੋਸ਼ਿਸ਼ ਹੈ। ਇਸ ਨੂੰ ਖਰੀਦ ਕੇ ਇਸ ਕਰਕੇ ਰਖਿਆ ਗਿਆ ਸੀ ਤਾ ਜੋ ਇਸ ਦੀਆਂ ਕੀਮਤਾਂ ਨਾ ਚੜ੍ਹ ਜਾਣ ਔਰ ਇਸ ਦੀ ਖਰੀਦ ਕਰਨ ਲਈ ਗੌਰਮਿੰਟ ਆਫ਼ ਇੰਡੀਆ ਨੇ ਕਿਹਾ ਸੀ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਸੰਨ 1967 ਵਿਚ ਪਿਛਲੇ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਨੇ ਕਿਹਾ ਸੀ ਕਿ ਥੀਨ ਡੈਮ ਦੀ ਕਲੀਅਰੈਂਸ ਮਿਲ ਗਈ ਹੈ ਔਰ ਉਸ ਤੋਂ ਬਾਅਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹਰ ਅਸੰਬਲੀ ਸੈਸ਼ਨ ਵਿਚ ਕਿਹਾ ਸੀ ਕਿ ਇਸ ਦੀ ਕਲੀਅਰੈਂਸ ਮਿਲ ਗਈ ਹੈ। ਸਪੀਕਰ ਸਾਹਿਬ, ਮੈਂ ਇਹ ਜਾਣਕਾਰੀ ਹਾਸਲ ਕਰਨਾ ਚਾਹੁੰਦਾ ਹਾਂ ਕਿ ਕੀ ਇਸ ਡੈਮ ਦੀ ਟੈਕਨੀਕਲ ਕਲੀਅਰੈਂਸ ਹਿੰਦ ਸਰਕਾਰ ਨੇ ਦੇ ਦਿੱਤੀ ਹੈ ਜਾਂ ਹਾਲੇ ਦੇਣੀ ਹੈ ?

ਨੰਬਰ ਦੋ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਸਾਡੀ ਸਟੇਟ ਨੇ ਕੋਈ 60-70 ਕਰੋੜ ਰੁਪਿਆ ਇਸ ਤੇ ਖਰਚ ਕਰ ਦਿੱਤਾ ਹੈ ਔਰ ਜੇਕਰ ਇਸ ਦੀ ਮਨਜ਼ੂਰੀ ਮਿਲੀ ਹੀ ਨਹੀਂ ਹੈ ਤਾਂ ਜਿਹੜਾ ਰੁਪਿਆ ਬਗੈਰ ਮਨਜ਼ੂਰੀ ਦੇ ਖਰਚ ਕੀਤਾ ਗਿਆ ਹੈ, ਕੀ ਉਹ ਸੈਂਟਰ ਦੀ ਸਰਕਾਰ ਨੇ ਦੇਣਾ ਹੈ, ਕੀ ਸੈਂਟਰ ਦੀ ਸਰਕਾਰ ਤੋਂ ਇਸ ਬਾਰੇ ਕੋਈ ਇਨਸਟਾਲਮੈਂਟ ਪੰਜਾਬ ਦੀ ਸਰਕਾਰ ਨੂੰ ਮਿਲੀ ਹੈ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਥੀਨ ਡੈਮ ਲਈ ਕੋਈ ਪੈਸਾ ਗੌਰਮਿੰਟ ਆਫ ਇੰਡੀਆ ਵਲੋਂ ਅਜੇ ਤੱਕ ਨਹੀਂ ਮਿਲਿਆ। ਲੇਕਿਨ ਅਸੀਂ 22 ਕਰੋੜ ਰੁਪਿਆ ਲਗਾਉਣ ਲਈ ਰਖਿਆ ਹੈ ਕਿਉਂਕਿ ਟੈਕਨੀਕਲ ਮਨਜ਼ੂਰੀ ਸਾਡੇ ਪਾਸ ਆਈ ਹੋਈ ਹੈ ਕਿ ਇਸ ਡੈਮ ਨੂੰ ਤੁਸੀਂ ਬਣਾਓ। ਉਸ ਦੇ ਲਈ ਅਸੀਂ 22 ਕਰੋੜ ਰੁਪਿਆ ਰਖਿਆ ਹੈ ਜਿਸ ਵਿੱਚ ਔਰ ਤੋਂ ਜ਼ਿਆਦਾ ਪੈਸਾ ਮਸ਼ੀਨਰੀ ਖਰੀਦਣ

ਵਾਸਤੇ, ਆਰਡਰ ਪਲੇਸ ਕਰਨ ਵਾਸਤੇ ਹੈ। ਬਾਕੀ ਇਹ ਗੱਲ ਗੌਰਮਿੰਟ ਆਫ਼ ਇੰਡੀਆ ਨੇ ਸਾਡੇ ਸਪੁਰਦ ਕੀਤੀ ਹੈ ਕਿ ਇਸ ਥੀਨ ਡੈਮ ਨੂੰ ਪੰਜਾਬ ਸਰਕਾਰ ਨੇ ਬਣਾਉਣਾ ਹੈ। (ਥੰਪਿੰਗ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਜਿਹੜੇ ਵਰਕਰ ਪੌਂਗ ਡੈਮ ਤੋਂ ਰਿਟਰੈਂਚ ਹੋਏ ਹਨ ਕੀ ਉਹ ਵਰਕਰ ਇਸ ਡੈਮ ਲਈ ਰੱਖੇ ਜਾਣਗੇ, ਕੀ ਸਰਕਾਰ ਉਨ੍ਹਾਂ ਨੂੰ ਇਸ ਡੈਮ ਤੇ ਰੱਖਣ ਵਿਚ ਪਹਿਲ ਦੇਵੇਗੀ ?

ਮੁੱਖ ਮੰਤਰੀ : ਅਜੇ ਕੰਮ ਚਾਲੂ ਹੋਣ ਦਿਓ ਫਿਰ ਵੇਖ ਲਵਾਂਗੇ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀਆਂ ਕਰਨ ਲਈ ਖੜੇ ਹੋਏ।) (ਵਿਘਨ)

Mr. Speaker : Next Question No. 438.

ਸਰਦਾਰ ਦਲਵਿੰਦਰ ਸਿੰਘ ਬੁੰਦਰ : ਸਪੀਕਰ ਸਾਹਿਬ, ਇਹ ਬੜਾ ਹੀ ਇੰਪਾਰਟੈਂਟ ਸਵਾਲ ਹੈ ਔਰ ਇਸ ਤੇ ਸਿਰਫ ਚਾਰ ਹੀ ਸਪਲੀਮੈਂਟਰੀਜ਼ ਹੋਈਆਂ ਹਨ। ਹੋਰ ਸਪਲੀਮੈਂਟਰੀਜ਼ ਕਰਨ ਲਈ ਇਜਾਜ਼ਤ ਦਿਓ ਜੀ।

ਸ੍ਰੀ ਸਪੀਕਰ : ਨਹੀਂ ਜੀ, ਅਗਲਾ ਸਵਾਲ।

DECISION TO EXTEND THE TAIL OF SUKHOWAL MINOR

***438. Jathedar Jiwan Singh Umranangal :** Will the Chief Minister be pleased to state :—

(a) whether it is a fact that a decision to extend the tail of Sukhowal Minor, which irrigates the lands of Amritsar and Gurdaspur Districts, was taken two years ago;

(b) if the reply to part (a) above be in the affirmative, whether the decision has since been implemented; if not, the reasons therefor and the time by which it is likely to be implemented ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ।

(ਅ) ਨਹੀਂ ਜੀ। ਟੇਲ ਦੀ ਖੁਦਾਈ ਜਿਸ ਜ਼ਮੀਨ ਵਿਚ ਹੋਣੀ ਸੀ ਉਸ ਜ਼ਮੀਨ ਦੇ ਮਾਲਕਾਂ ਵਲੋਂ ਕੜੀ ਵਿਰੋਧਤਾ ਹੋਣ ਕਾਰਨ ਇਹ ਪ੍ਰਵਾਨਤ ਹੋਈ ਸਕੀਮ ਸਿਰੇ ਨਹੀਂ ਚੜ੍ਹ ਸਕੀ। ਇਸ ਸਕੀਮ ਨੂੰ ਸੋਧਿਆ ਜਾ ਰਿਹਾ ਹੈ ਅਤੇ ਸੋਧ ਉਪਰੰਤ ਅੰਤਮ ਪ੍ਰਵਾਨਗੀ ਮਗਰੋਂ ਇਸ ਨੂੰ ਲਾਗੂ ਕੀਤਾ ਜਾਵੇਗਾ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਦੀ ਜ਼ਮੀਨ ਵਿਚੋਂ ਇਹ ਮਾਈਨਰ ਐਕਸਟੈਂਡ ਹੋਣਾ ਸੀ, ਉਨ੍ਹਾਂ ਲੋਕਾਂ ਦੀ ਕੜੀ ਵਿਰੋਧਤਾ ਕਾਰਣ ਇਹ ਪ੍ਰਵਾਨਤ ਹੋਈ ਸਕੀਮ ਸਿਰੇ ਨਹੀਂ ਚੜ੍ਹ ਸਕੀ। ਇਸ ਸਕੀਮ ਦੇ ਸਿਰੇ ਨਾ ਚੜ੍ਹਨ ਕਾਰਨ ਜਿਨ੍ਹਾਂ ਨੂੰ ਇਸ ਦਾ ਫਾਇਦਾ ਹੋਣਾ ਸੀ ਉਹ ਲੋਕ ਬਹੁਤ ਦੁੱਖੀ ਹਨ। ਉਥੇ ਕੋਈ ਟਿਊਬਵੈੱਲ ਵੀ ਨਹੀਂ। (ਵਿਘਨ) ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਸੁਣ ਲਉ। ਜਿਹੜੇ ਇਸ ਦੀ ਵਿਰੋਧਤਾ ਕਰਦੇ ਹਨ ਉਹ ਤਾਂ ਤਕੜੇ ਆਦਮੀ ਹਨ। ਪਰ ਜਿਨ੍ਹਾਂ ਨੂੰ ਇਸ ਮਾਈਨਰ ਨਾਲ ਫਾਇਦਾ ਹੋਣਾ ਸੀ ਉਨ੍ਹਾਂ ਨੂੰ ਪਾਣੀ ਪਹੁੰਚਾਣਾ ਸਰਕਾਰ ਦਾ ਫਰਜ਼ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਅਫਸਰਾਂ ਨੇ ਇਹ ਜਵਾਬ ਲਿਖ ਕੇ ਦਿੱਤਾ ਹੈ ਉਹ ਗਲਤ ਲਿਖ ਕੇ ਦਿੱਤਾ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਅੰਤ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ 50 ਸਾਲ ਪੁਰਾਣਾ ਰਕਬਾ ਪਾਣੀ ਨਾ ਮਿਲਣ ਕਰਕੇ ਖਰਾਬ ਹੋ ਰਿਹਾ ਹੈ ਕੀ ਇਸ ਜ਼ਮੀਨ ਨੂੰ ਪਾਣੀ ਦੇਣ ਵਾਸਤੇ ਇਕ ਮਹੀਨੇ ਦੇ ਅੰਦਰ ਅੰਦਰ ਇਹ ਮਾਈਨਰ ਐਕਸਟੈਂਡ ਕਰਕੇ ਪਾਣੀ ਪਹੁੰਚਾਇਆ ਜਾਵੇਗਾ ?

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਧਾਨ ਦਾ ਸਮਰੱਥਨ ਮੁੱਲ

*431. (1) ਜੱਥੇਦਾਰ ਗੁਰਬਚਨ ਸਿੰਘ }
(2) ਸਰਦਾਰ ਆਤਮਾ ਸਿੰਘ } ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਭਾਰਤ ਸਰਕਾਰ ਨੇ ਸਾਲ 1980 ਲਈ ਧਾਨ ਦੇ 105 ਰੁਪਏ ਪ੍ਰਤਿ ਕੁਇੰਟਲ ਸਮਰੱਥਨ ਮੁੱਲ ਦਾ ਐਲਾਨ ਕਿਸ ਮਿਤੀ ਨੂੰ ਕੀਤਾ ਸੀ ;

(ਅ) ਰਾਜ ਸਰਕਾਰ ਨੇ ਉਕਤ ਫੈਸਲੇ ਨੂੰ ਰਾਜ ਦੀਆਂ ਮੰਡੀਆਂ ਵਿਚ ਕਿਸ ਮਿਤੀ ਤੋਂ ਲਾਗੂ ਕੀਤਾ ;

(ੲ) ਉਕਤ ਭਾਗਾਂ (ੳ) ਅਤੇ (ਅ) ਵਿਚ ਵਰਣਿਤ ਮਿਤੀਆਂ ਦੇ ਵਿਚਕਾਰ ਰਾਜ ਵਿਚ ਖਰੀਦ ਕਰਨ ਵਾਲੀਆਂ ਵੱਖ ਵੱਖ ਏਜੰਸੀਆਂ ਨੇ ਮੰਡੀ-ਵਾਰ ਕੁਲ ਕਿੰਨਾ ਧਾਨ ਖਰੀਦਿਆ ਅਤੇ ਉਕਤ ਸਮੇਂ ਦੇ ਦੌਰਾਨ ਕਿਸਾਨਾਂ ਨੂੰ ਘਟੋ ਘੱਟ ਅਤੇ ਵੱਧ ਤੋਂ ਵੱਧ ਕਿੰਨਾ ਮੁੱਲ ਦਿਤਾ ਗਿਆ ;

(ਸ) ਕੀ ਰਾਜ ਵਿਚ ਕਿਸਾਨਾਂ ਨੂੰ ਧਾਨ ਤੇ ਬੋਨਸ ਦੇਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਹੈ ?

ਸਰਦਾਰ ਦਰਬਾਰਾ ਸਿੰਘ : (ੳ) 9 ਅਕਤੂਬਰ, 1980 ।

(ਅ) 10 ਅਕਤੂਬਰ, 1980 ।

(ੲ) ਕੋਈ ਮਿਤੀ (ੳ) ਅਤੇ (ਅ) ਦੇ ਵਿਚਕਾਰ ਨਹੀਂ ਆਉਂਦੀ ।

(ਸ) ਨਹੀਂ ਜੀ ।

COMPLETION OF ROADS IN TEHSIL JULLUNDUR

*409. **Sardar Darshan Singh K.P.** : Will the Chief Minister be pleased to state whether all these roads from which the Market Committees

have deposited the requisite amount with the department have since been completed in Tehsil Jullundur, if not, the details of the roads still lying incomplete and time by which these are likely to be completed ?

Sardar Darbara Singh : (a) No Please.

(b) The details of incomplete roads are given as under :—

1. Jullundur Pathankot road to Alamgir.
2. Charke to Bullowal.
3. Rastgo to Kharal Kalan.
4. Mokal Chak Shakur to Chollong.
5. Butran to Jamalpur.

(c) It is proposed to complete the above roads up to 1st coat of tarring during 1981-82.

KOTKAPURA—JAITU ROAD

***453. Shri Bhagwan Dass**: Will the Chief Minister be pleased to state :—

(a) whether the Government is aware of the fact that the road from Kotkapura to Jaitu in District Faridkot is in a very bad shape ;

(b) if the reply to part (a) above be in affirmative, the steps so far taken or proposed to be taken to repair the aforesaid road and the time by which it is likely to be repaired ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ।

(ਅ) ਇਸ ਸੜਕ ਨੂੰ ਉਚਾ ਅਤੇ ਮਜ਼ਬੂਤ ਕਰਨ ਦੀ ਤਜਵੀਜ਼ ਹੈ। ਧਨ ਅਤੇ ਮੈਟੀਰੀਅਲ ਦੇ ਉਪਲਬਧ ਹੋਣ ਤੇ ਛੇਵੀਂ ਪੰਜ ਸਾਲਾ ਯੋਜਨਾ ਦੇ ਅੰਤ ਤੱਕ ਇਹ ਕੰਮ ਪੂਰਾ ਹੋਣ ਦੀ ਆਸ ਹੈ।

Number of the Scheduled Castes Employees Working in the Punjab State Tubewell Corporation

***474. Chaudhri Jagjit Singh** : Will the Chief Minister be pleased to state .—

(a) whether the reservation policy of the Government in services for the persons belonging to the Scheduled Castes is in force in the Punjab State Tubewell Corporation ?

(b) the category-wise number of the employees working in the said Corporation ;

[Chaudhri Jagjit Singh]

(c) the category-wise number of the employees belonging to the Scheduled Castes out of these referred to in part (b) above;

(d) whether the number of the Scheduled Castes employees referred to in part (c) above is in accordance with the said reservation policy; if not, the reasons therefor and the steps taken by the Government to make up the deficiency?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ ।

(ਅ ਤੇ ੲ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

(ਸ) ਨਹੀਂ ਜੀ । ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਕੋਲ ਨਿਸ਼ਚਿਤ ਯੋਗਤਾਵਾਂ ਤੇ ਤਜਰਬੇ ਦਾ ਨਾ ਹੋਣਾ, ਉਹਨਾਂ ਦੀ ਸੇਵਾ ਵਿਚ ਘਾਟ ਦਾ ਕਾਰਣ ਹੈ । ਸਿਧੀ ਭਰਤੀ ਰਾਹੀਂ ਭਰੀਆਂ ਜਾਣ ਵਾਲੀਆਂ ਆਸਾਮੀਆਂ ਬਾਰੇ ਅਖਬਾਰਾਂ ਵਿਚ ਸਮੇਂ ਸਮੇਂ ਸਿਰ ਵਿਗਿਆਪਨ ਦਿਤੇ ਜਾਂਦੇ ਹਨ, ਤਾਂ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀ ਜਿਹਨਾਂ ਨੇ ਪਿਛਲੇ ਵਿਗਿਆਪਨਾਂ ਤੋਂ ਬਾਅਦ ਯੋਗਤਾਵਾਂ ਪ੍ਰਾਪਤ ਕਰ ਲਈਆਂ ਹਨ, ਵੀ ਫਿਰ ਅਰਜ਼ੀਆਂ ਦੇ ਸਕਣ ।

STATEMENT

Sr.No.	Name of Category	No. of Corporation employees working in each category	No.of Corporation employees belonging to the Scheduled castes category-wise
1	2	3	4
1.	Secretary	1	—
2.	Divisional Engineers	4	—
3.	Assistant Engineers	5	2
4.	Personnel Officer	1	—
5.	Research Assistants	11	—
6.	Sectional Officers	316	10
7.	Divisional Head Draftsmen	18	1
8.	Head Assistant	1	—
9.	Assistants	125	9
10.	Candidate Zilladars	27	7

1	2	3	4
11.	Draftsmen	40	10
12.	Surveyor	1	—
13.	Stenographers	8	—
14.	Stenotypists	18	1
15.	Assistant Revenue Clerks	20	—
16.	Duplicating Machine Operators	2	—
17.	Irrigation Booking Clerks	168	11
18.	Tracers/Ferro Printers	59	—
19.	Clerks	222	6
20.	Drivers	9	1
21.	Electrician	1	—
22.	Gatekeeper	1	—
23.	Artificier	1	—
24.	Daftries	7	2
25.	Dak-Runner	1	—
26.	Cycle Sowar	1	—
27.	Sweepers	4	4
28.	Mali	1	—
29.	Chowkidars	48	19
30.	Peons	255	35

CONSTRUCTION OF BUS STAND AT TARN TARAN

*442. **Comrade Darshan Singh Jhabal** : Will the Chief Minister be pleased to state :—

(a) whether the Government is aware of the fact that no bus stand of the Punjab Roadways has so far been constructed at Tarn Taran;

(b) the total amount paid so far by the Government by way of rent for the temporary bus stand there at;

(c) the time by which the bus stand at Tarn Taran is proposed

[Comrade Darshan Singh Jhabal]

to be constructed;

(d) whether it is a fact that there is no shed at the said bus stand for the passengers to sit and wait for the buses ?

ਸਰਦਾਰ ਦਰਬਾਰਾ ਸਿੰਘ : (ੳ) ਜੀ ਹਾਂ ।

(ਅ) ਨਿਲ

(ੲ) ਅੱਜੇ ਤਕ ਕੋਈ ਵੀ ਤਰੀਕ ਨਹੀਂ ਦੱਸੀ ਜਾ ਸਕਦੀ ਕਿਉਂਕਿ ਬਸ ਸਟੈਂਡ ਵਾਲੀ ਜ਼ਮੀਨ ਦਾ ਮਾਮਲਾ ਭਾਰਤ ਦੇ ਉੱਚ ਨਿਆਲਿਆ ਵਿਚ ਹੈ ।

(ਸ) ਜੀ ਹਾਂ । ਕਿਉਂਕਿ ਤਰਨਤਾਰਨ ਵਿਖੇ ਕੋਈ ਯੋਗ ਸਟੈਂਡ ਨਹੀਂ ਹੈ ।

Construction of Road from Dasuya to Kamahi Devi Via Rampur Haler In District Hoshiarpur

*462. **Sardar Gurbachan Singh Cheema :** Will the Chief Minister be pleased to state whether it is a fact that the construction of a road from Dasuya to Kamahi Devi via Rampur Haler in Hoshiarpur District was started in 1967; if so the reasons for not completing the said road so far together with the time by which it is likely to be completed ?

Sardar Darbara Singh : (a) The road consists of two sections viz. Dasuya to Passi Kandi and Passi Kandi to Kamahi Devi.

(b) Section Dasuya to Passi Kandi was sanctioned in 1969 and is complete. Section Passi Kandi to Kamahi Devi was sanctioned in 1976 and has been constructed upto Rampur Haler and has been provided with tarring also except 1.1/2 Km length near village Rampur Haler.

(c) Section Rampur Haler to Kamahi Devi is an interlink. No village is located on this section as both Rampur Haler and Kamahi Devi are independently connected with pucca roads, the work on this interlink shall be taken up after completion of all first links in the State. There is great paucity of funds even for completing first links to villages.

UNSTARRED QUESTIONS AND ANSWERS

Electric Connections provided to Tubewells on Priority basis in Bet Area of District Kapurthala

58. **Sardar Atma Singh :** Will the Chief Minister be pleased to State :—

(a) the details of the electric connections provided to the Tubewells on priority basis in the Bet Area of District Kapurthala during the year, 1979-80 and 1980-81;

(b) the particulars of persons whose applications for tubewell connections are lying pending together with the time within which they are likely to get tubewell connections;

(c) the criteria adopted by Government for giving electric connections to the Tube-wells in the Bet area ?

ਸਰਦਾਰ ਦਰਬਾਰਾ ਸਿੰਘ : (ੳ) (1) ਸਾਲ 1979-80 ਵਿਚ 89

(2) ਸਾਲ 1980-81 ਵਿੱਚ (ਦਸੰਬਰ, 1980 ਦੇ ਅੰਤ ਤਕ) 47

(ਅ) (1) 31 ਦਸੰਬਰ, 1980 ਨੂੰ ਟਿਊਬਵੈਲ ਕੁਨੈਕਸ਼ਨਾਂ ਲਈ 1006 ਅਰਜ਼ੀਆਂ ਲੰਬਿਤ ਸਨ। ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਲੰਬਿਤ ਹਨ ਉਹਨਾਂ ਦਾ ਵੇਰਵਾ ਦੇਣ ਵਿਚ ਹੋਣ ਵਾਲੀ ਮਿਹਨਤ ਉਸ ਤੋਂ ਪ੍ਰਾਪਤ ਹੋਣ ਵਾਲੇ ਲਾਭ ਨਾਲੋਂ ਅਨੁਪਾਤਨ ਜ਼ਿਆਦਾ ਹੋਵੇਗੀ।

(2) ਪੰਜਾਬ ਰਾਜ ਬਿਜਲੀ ਬੋਰਡ ਵਲੋਂ ਅਗਲੇ ਦੋ ਸਾਲਾਂ ਵਿੱਚ ਜ਼ਿਲ੍ਹਾ ਕਪੂਰਥਲਾ ਵਿਚ ਲੰਬਿਤ ਅਰਜ਼ੀਆਂ ਨੂੰ ਨਿਪਟਾਉਣ ਲਈ ਯਤਨ ਕੀਤੇ ਜਾਣਗੇ।

(ੲ) ਬੇਟ ਖੇਤਰ ਵਿਚ ਟਿਊਬਵੈਲ ਕੁਨੈਕਸ਼ਨ ਪ੍ਰਾਥਮਿਕਤਾ ਦੇ ਆਧਾਰ ਤੇ ਜਾਰੀ ਕੀਤੇ ਜਾਂਦੇ ਹਨ ਅਤੇ ਪ੍ਰਾਥਮਿਕਤਾ ਬਿਜਲੀ ਬੋਰਡ ਦੇ ਸਬ-ਡਵੀਜ਼ਨ/ਸਬ-ਆਫਿਸ ਪੱਧਰ ਤੇ ਰੱਖੀ ਜਾਂਦੀ ਹੈ। ਸੀਨੀਅਰਤਾ ਟੈਸਟ ਰਿਪੋਰਟ ਦੇ ਪ੍ਰਾਪਤ ਹੋਣ ਦੀ ਮਿਤੀ ਅਤੇ ਭਾਵੀ ਖਪਤਕਾਰਾਂ ਵਲੋਂ ਲੋੜੀਂਦੀਆਂ ਫਾਰਮੈਲਟੀਆਂ ਪੂਰੀਆਂ ਕਰਨ ਤੇ ਨਿਸਚਤ ਕੀਤੀ ਜਾਂਦੀ ਹੈ।

DENTAL UNITS IN THE DENTAL WINGS OF CIVIL HOSPITAL, KAPURTHALA

59. **Sardar Atma Singh :** Will the Minister for Health and Family Welfare be pleased to state :—

(a) the number of Dental Units in the Dental Wing of the Civil Hospital, Kapurthala at present;

(b) whether all the Dental Units of the said Hospital are in working order at present; if not, the date since when these have not been in working order and the reasons for not repairing the same;

(c) whether the Government have sanctioned any amount for the repair of the said units; if so, when and the time by which these are likely to be repaired?

ਸ੍ਰੀ ਸਰਦਾਰੀ ਲਾਲ ਕਪੂਰ : (ੳ) ਤਿੰਨ।

(ਅ) ਤਿੰਨ ਡੈਨਟਲ ਯੂਨਿਟਾਂ ਵਿਚੋਂ ਦੋ ਡੈਨਟਲ ਯੂਨਿਟ ਮਿਤੀ 16 ਸਤੰਬਰ, 1980 ਨੂੰ ਖਰਾਬ ਹੋ ਗਏ ਸਨ। ਇਨ੍ਹਾਂ ਦੀ ਮੁਰੰਮਤ ਕਪੂਰਥਲਾ ਤੇ ਜਲੰਧਰ ਤੋਂ ਕਰਵਾਈ ਗਈ ਸੀ। ਕੁਝ ਦਿਨ ਚਾਲੂ ਰਹਿਣ ਬਾਦ ਇਹ ਯੂਨਿਟ ਫਿਰ ਖਰਾਬ ਹੋ ਗਏ ਸਨ। ਕਪੂਰਥਲਾ ਅਤੇ ਜਲੰਧਰ ਦੇ ਮਕੈਨਿਕ ਇਨ੍ਹਾਂ ਨੂੰ ਠੀਕ ਨਹੀਂ ਕਰ ਸਕੇ। ਸਿਵਲ ਹਸਪਤਾਲ ਦੇ ਡੈਨਟਲ ਵਿੰਗ ਦਾ ਕੰਮ ਤੀਸਰੇ ਡੈਨਟਲ ਯੂਨਿਟ

[ਸਿਹਤ ਮੰਤਰੀ]

ਤੋਂ ਲਿਆ ਜਾ ਰਿਹਾ ਹੈ, ਜੋ ਤਸੱਲੀ ਬਖਸ਼ ਕੰਮ ਕਰ ਰਿਹਾ ਹੈ।

(ੲ) 5,000 ਰੁਪਏ ਸਿਵਲ ਸਰਜਨ, ਕਪੂਰਥਲਾ ਨੂੰ ਸੰਭਾਲ ਲਈ 19 ਅਗਸਤ, 1980 ਨੂੰ ਦਿੱਤੇ ਗਏ ਸਨ। ਉਨ੍ਹਾਂ ਨੂੰ ਖਰਾਬ ਹੋਏ ਡੈਨਟਲ ਯੂਨਿਟਾਂ ਦੀ ਮੁਰੰਮਤ ਅਸਲ ਮੈਨੂਫੈਕਚਰਰ/ਸਪਲਾਈ ਕਰਨ ਵਾਲੀ ਫਰਮ ਜਾਂ ਉਸ ਦੇ ਡੀਲਰ ਤੋਂ ਤੁਰੰਤ ਕਰਵਾਉਣ ਲਈ ਕਿਹਾ ਗਿਆ ਹੈ।

OPIUM AND OTHER NARCOTICS RECOVERED FROM THE SMUGGLERS IN THE STATE

60. **Sardar Atma Singh :** Will the Chief Minister be pleased to state :—

(a) the details and quantity of opium and other Narcotics recovered from the smugglers in the State district-wise during the years 1978-79, 1979-80 and 1980-81;

(b) the name of the authority in whose custody the things mentioned in part (a) above were/have been kept; and wherther the same have since been sold out; if so, the details of the amount deposited in the Government Treasury, district-wise, if not, the reasons therefor ?

ਸਰਦਾਰ ਦਰਬਾਰਾ ਸਿੰਘ (ੳ) ਅਤੇ (ਅ) ਲੋੜੀਂਦੀ ਸੂਚਨਾ ਨੱਥੀ ਕੀਤੀ ਸੂਚੀ ਪ੍ਰਕਾਰ ਹੈ।

ਸੂਚੀ (ੳ)

ਜ਼ਿਲਾ	1978-79		1979-80		1980-81 (31-1-1981)	
	ਅਫੀਮ (ਕਿਲੋ)	ਦੂਜੇ ਨਸ਼ੀਲੇ ਪਦਾਰਥ (ਗੋਲੀਆਂ/ਪਿਲਜ਼)	ਅਫੀਮ (ਕਿਲੋ)	ਦੂਜੇ ਨਸ਼ੀਲੇ ਪਦਾਰਥ (ਗੋਲੀਆਂ/ਪਿਲਜ਼)	ਅਫੀਮ (ਕਿਲੋ)	ਦੂਜੇ ਨਸ਼ੀਲੇ ਪਦਾਰਥ (ਗੋਲੀਆਂ/ਪਿਲਜ਼)
1	2	3	4	5	6	7
1. ਅੰਮ੍ਰਿਤਸਰ	326.06	—	444.00	—	994.000	—
2. ਜਲੰਧਰ	159.900	—	88.060	—	145.535	—
3. ਗੁਰਦਾਸਪੁਰ	165.278	—	284.848	—	331.251	—
4. ਕਪੂਰਥਲਾ	18.226	—	29.386	—	41.019	—
5. ਹੁਸ਼ਿਆਰਪੁਰ	27.950	—	12.500	—	52.575	—
6. ਪਟਿਆਲਾ	434.575	760	675.280	1018	1002.575	3600
7. ਲੁਧਿਆਣਾ	628.474	—	830.000	—	820.000	—
8. ਸੰਗਰੂਰ	255.762	23.051	22 3.38	11,897	415.000	46,678
9. ਰੋਪੜ	—	—	130.000	—	—	—
10. ਫਿਰੋਜ਼ਪੁਰ	277.214	—	476.775	—	864.567	—
11. ਬਠਿੰਡਾ	518.375	59.979	829.717	4,79,635	1012.500	4,09,772
12. ਫਰੀਦਕੋਟ	474.400	12,44,767	832.599	1,46,547	528.565	41,791

[ਮੁੱਖ ਮੰਤਰੀ]

(ਅ) ਅਫੀਮ ਅਤੇ ਦੂਜੀਆਂ ਨਸ਼ੀਲੀਆਂ ਵਸਤਾਂ ਬਰਾਮਦਗੀ ਦੇ ਸਮੇਂ ਹਰ ਇਕ ਪੁਲਿਸ ਥਾਣੇ ਦੇ ਮਾਲਖਾਨੇ ਵਿਚ , ਮੋਹੱਰਰ ਦੇ ਅਧਿਕਾਰ ਵਿੱਚ ਰੱਖੀਆਂ ਜਾਂਦੀਆਂ ਹਨ । ਜੇਕਰ ਬਰਾਮਦਗੀ ਦੀ ਮਿਕਦਾਰ ਜ਼ਿਆਦਾ ਹੋਵੇ ਤਾਂ ਟਰੈਜ਼ਰੀ ਵਿਚ ਖਜ਼ਾਨਾ ਅਫਸਰ ਦੀ ਨਿਗਰਾਨੀ ਵਿਚ ਤਾਲਾਬੰਦ ਰੱਖੀਆਂ ਜਾਂਦੀਆਂ ਹਨ। ਜਦੋਂ ਕੇਸ ਦਾ ਚਲਾਨ ਪੇਸ਼ ਅਦਾਲਤ ਹੋ ਜਾਂਦਾ ਹੈ ਤਾਂ ਕੇਸ ਪਰਾਪਰਟੀ ਅਦਾਲਤੀ ਮਾਲਖਾਨੇ ਵਿਚ ਅਦਾਲਤ ਦੇ ਅਧਿਕਾਰ ਵਿਚ ਰੱਖੀ ਜਾਂਦੀ ਹੈ। ਕੇਸ ਦੇ ਅਦਾਲਤੀ ਫੈਸਲੇ ਤੋਂ ਬਾਦ ਅਫੀਮ ਨੂੰ ਛੱਡ ਕੇ ਦੂਜੀਆਂ ਨਸ਼ੀਲੀਆਂ ਵਸਤਾਂ ਅਦਾਲਤ ਦੇ ਹੁਕਮ ਨਾਲ ਨਸ਼ਟ ਕਰ ਦਿੱਤੀਆਂ ਜਾਂਦੀਆਂ ਹਨ । ਅਫੀਮ ਅਤੇ ਦੂਜੇ ਨਸ਼ੀਲੇ ਉਪਯੋਗੀ ਪਦਾਰਥ ਜੋ ਨਸ਼ਟ ਕਰਨ ਵਾਲੇ ਨਾ ਹੋਣ, ਅਫੀਮ ਸੈਂਟਰ ਗਾਜ਼ਿਆਬਾਦ ਆਗਰਾ ਆਦਿ ਨੂੰ ਨਿਪਟਾਰੇ ਲਈ ਭੇਜ ਦਿੱਤੇ ਜਾਂਦੇ ਹਨ ।

ਭਾਗ (ੳ) ਵਿਚ ਵਰਣਿਤ ਵਸਤਾਂ ਕੁਝ ਪੁਲਿਸ ਮਾਲਖਾਨਿਆਂ , ਕੁਝ ਵੱਖ ਵੱਖ ਅਦਾਲਤੀ ਮਾਲਖਾਨਿਆਂ ਅਤੇ ਵੱਖ ਵੱਖ ਜ਼ਿਲ੍ਹਾਂ ਨਾਜ਼ਰਾਂ, ਟਰੈਜ਼ਰੀ ਅਫਸਰਾਂ ਦੇ ਅਧਿਕਾਰ ਵਿਚ ਹਨ ਅਤੇ ਜਿਨ੍ਹਾਂ ਕੇਸਾਂ ਵਿਚ ਅੰਤਮ ਫੈਸਲੇ ਹੋ ਚੁੱਕੇ ਹਨ ਅਦਾਲਤੀ ਹੁਕਮ ਅਨੁਸਾਰ ਨਸ਼ਟ ਕਰ ਦਿਤੀਆਂ ਗਈਆਂ ਹਨ। ਕਿਉਂ ਜੋ ਅਫੀਮ ਆਦਿ ਵਸਤੂਆਂ ਸ਼ਰਆਮ ਨੀਲਾਮ ਨਹੀਂ ਕੀਤੀਆਂ ਜਾਂਦੀਆਂ, ਅਫੀਮ ਸੈਂਟਰ ਗਾਜ਼ਿਆਬਾਦ ਆਗਰਾ ਤੋਂ ਇਸ ਦੇ ਨਿਪਟਾਰੇ ਦੀ ਕਾਰਵਾਈ ਬਾਰੇ ਅਤੇ ਇਸਦੀ ਕਿੰਨੀ ਰਕਮ ਪ੍ਰਾਪਤ ਹੋਈ ਜਾਂ ਸਰਕਾਰੀ ਖਜਾਨੇ ਵਿਚ ਜਮਾਂ ਹੋਈ ਹੈ ਬਾਰੇ ਸੂਚਨਾ ਹਾਲ ਦੀ ਘੜੀ ਉਪਲਬਧ ਨਹੀਂ ਹੈ।

ਜ਼ਿਲ੍ਹਾ ਫਿਰੋਜ਼ਪੁਰ ਦੇ ਰਿਟਾਇਰ ਹੋਏ ਜੇ. ਬੀ. ਟੀ., ਗਿਆਨੀ, ਪੰਜਾਬੀ ਅਤੇ ਵਰਨੈਕੂਲਰ ਟੀਚਰਾਂ ਦੇ ਪੈਨਸ਼ਨ ਕੇਸ

66. **ਸਰਦਾਰ ਆਤਮਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਜ਼ਿਲ੍ਹਾ ਫਿਰੋਜ਼ਪੁਰ ਦੇ ਜੇ. ਬੀ. ਟੀ. ਗਿਆਨੀ, ਪੰਜਾਬੀ ਅਤੇ ਵਰਨੈਕੂਲਰ ਟੀਚਰਾ, ਜੋ ਸਾਲਾ 1970 ਤੋਂ 1975 ਦੇ ਦੌਰਾਨ ਸੇਵਾ ਤੋਂ ਰਿਟਾਇਰ ਹੋਏ, ਨੂੰ ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ

(ਅ) ਦੱਸਣਗੇ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਸੂਚੀ ਵਿਚ ਸ਼ਾਮਲ ਵਿਅਕਤੀਆਂ ਵਿਚੋਂ ਉਨ੍ਹਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੇ ਪੈਨਸ਼ਨ ਦੇ ਕੇਸ ਅਜੇ ਪੈਂਡਿੰਗ ਹਨ, ਪੈਂਡਿੰਗ ਹੋਣ ਦੇ ਕਾਰਣ ਕੀ ਹਨ ਅਤੇ ਉਨ੍ਹਾਂ ਦੇ ਕੇਸ ਕਿਸ ਸਮੇਂ ਤਕ ਨਿਪਟਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਜ਼ਿਲ੍ਹਾ ਫਿਰੋਜ਼ਪੁਰ ਦੇ ਜੇ. ਬੀ. ਟੀ., ਗਿਆਨੀ ਪੰਜਾਬੀ ਅਤੇ ਵਰਨੈਕੂਲਰ ਟੀਚਰਜ਼ ਜਿਹੜੇ 1970 ਤੋਂ 1975 ਤਕ ਰਿਟਾਇਰ ਹੋਏ ਹਨ, ਦੀ ਸੂਚੀ ਅਨੁਲੱਗ—1 ਤੇ 2 ਤੇ ਨੱਥੀ ਕੀਤੀ ਜਾਂਦੀ ਹੈ।

(ਅ) ਜੇ . ਬੀ. ਟੀ. ਟੀਚਰਜ਼ ਦਾ ਕੋਈ ਪੈਨਸ਼ਨ ਕੇਸ ਪੈਂਡਿੰਗ ਨਹੀਂ , ਜਿਥੋਂ ਤਕ ਪੰਜਾਬੀ.ਗਿਆਨੀ

ਅਤੇ ਵਰਨੈਕੁਲਰ ਟੀਚਰਜ਼ ਦਾ ਸਬੰਧ ਹੈ, ਉਨ੍ਹਾਂ ਦੇ ਪੈਂਡਿੰਗ ਕੇਸਾਂ ਦਾ ਵੇਰਵਾ ਨਿਮਨ-ਲਿਖਤ ਅਨੁਸਾਰ ਹੈ:—

ਨਾਂ	ਪੈਂਡਿੰਗ ਰਹਿਣ ਦੇ ਕਾਰਨ
1. ਸ੍ਰੀ ਪਰੇਮ ਸਿੰਘ ਪੰਜਾਬੀ ਟੀਚਰ, ਸਰਕਾਰੀ ਮਿਡਲ ਸਕੂਲ, ਕਿਕਰ ਖੇੜਾ	ਇਸ ਕਰਮਚਾਰੀ ਨੇ ਆਪਣਾ ਪੈਨਸ਼ਨ ਕੇਸ ਜ਼ਿਲ੍ਹਾ ਸਿਖਿਆ ਅਫਸਰ ਫਿਰੋਜ਼ਪੁਰ ਨੂੰ ਮਿਤੀ 23 ਦਸੰਬਰ, 1980 ਨੂੰ ਦਿੱਤਾ ਅਤੇ ਕੇਸ ਮਹਾਂ ਲੇਖਾਕਾਰ, ਪੰਜਾਬ ਨੂੰ ਮਿਤੀ 6 ਜਨਵਰੀ, 1981 ਨੂੰ ਭੇਜ ਦਿੱਤਾ ਗਿਆ ਹੈ । ਇਸ ਕੇਸਦੇ ਨਿਪਟਾਏ ਜਾਣ ਦੀ ਛੇਤੀ ਆਸ ਹੈ ।
2. ਸ੍ਰੀਮਤੀ ਜੇ. ਰੌਨੰਸਰ ਐਸ. ਵੀ. ਟੀਚਰ, ਸਰਕਾਰੀ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ	ਇਸ ਕਰਮਚਾਰੀ ਨੇ ਹਾਈ ਕੋਰਟ ਵਿਚ ਸੀਨੀਅਰਤਾ ਸਬੰਧੀ ਰਿਟ ਕੀਤੀ ਹੋਈ ਹੈ। ਕੋਰਟ ਦਾ ਫੈਸਲਾ ਹੋਣ ਤੇ ਅਤੇ ਕਰਮਚਾਰੀ ਵਲੋਂ ਪੈਨਸ਼ਨ ਕਾਗਜ਼ ਪੇਸ਼ ਕਰਨ ਤੇ ਕੇਸ ਮਹਾਂ ਲੇਖਾਕਾਰ, ਪੰਜਾਬ ਨੂੰ ਭੇਜ ਦਿੱਤਾ ਜਾਵੇਗਾ ।
3. ਸ੍ਰੀ ਸੋਹਨ ਸਿੰਘ, ਪੰਜਾਬੀ ਟੀਚਰ ਸਰਕਾਰੀ ਹਾਈ ਸਕੂਲ, ਮੁਦਕੀ	ਇਸ ਕਰਮਚਾਰੀ ਨੇ ਆਪਣਾ ਕੇਸ ਪੇਸ਼ ਨਹੀਂ ਕੀਤਾ ਸੀ ਕਿਉਂਕਿ ਉਸ ਦੀ ਸਰਵਿਸ ਬੁਕ ਗੁਮ ਹੋ ਗਈ ਸੀ । ਦੋਹਰੀ ਸਰਵਿਸ ਬੁਕ ਬਣਾਉਣ ਬਾਰੇ ਮੰਨਜ਼ੂਰੀ ਦਿਤੀ ਜਾ ਚੁਕੀ ਹੈ ਅਤੇ ਜਿਸ ਸਕੂਲ ਵਿਚ ਇਸ ਕਰਮਚਾਰੀ ਨੇ ਕੰਮ ਕੀਤਾ ਉਥੋਂ ਦੇ ਰਿਕਾਰਡ ਅਨੁਸਾਰ ਇਹ ਤਿਆਰ ਕਾਰਵਾਈ ਜਾ ਰਹੀ ਹੈ । ਕਰਮਚਾਰੀ ਦੀ ਸਰਵਿਸ ਬੁਕ ਤਿਆਰ ਹੋਣ ਅਤੇ ਉਸ ਵਲੋਂ ਆਪਣਾ ਕੇਸ ਪੇਸ਼ ਕਰਨ ਤੇ , ਕੇਸ ਮਹਾਂ ਲੇਖਾਕਾਰ, ਪੰਜਾਬ ਨੂੰ ਭੇਜ ਦਿਤਾ ਜਾਵੇਗਾ ।

ਅਨੁਲੱਗ —1

ਸਾਲ 1970 ਤੋਂ 1975 ਤੱਕ ਜ਼ਿਲਾ ਫਿਰੋਜ਼ਪੁਰ ਵਿਚ ਰਿਟਾਇਰ ਹੋਏ ਜੇ. ਬੀ . ਟੀਚਰਾਂ ਦੀ ਸੂਚੀ

ਲੜੀ ਨੰ:	ਟੀਚਰ ਦਾ ਨਾਂ	ਰੀਟਾਇਰਮੈਂਟ ਦੀ ਮਿਤੀ
1	2	3
	ਸਰਵਸ੍ਰੀ/ਸ੍ਰੀਮਤੀ	
1.	ਸੁਭਜੀਵਨ ਲਾਲ	.. 31-5-70
2.	ਅਮਰ ਨਾਥ	.. 25-11-70
3.	ਬੇਅੰਤ ਸਿੰਘ	.. 22-10-70
4.	ਹਜ਼ਾਰਾ ਸਿੰਘ	.. 11-9-70
5.	ਗਿਆਨਵੰਤੀ	.. 11-12-70

[ਵਿਦਿਆ ਮੰਤਰੀ]

1	2		3
	ਸਰਵਸ਼੍ਰੀ/ਸ਼੍ਰੀਮਤੀ		
6.	ਸਰਦਾਰਾ ਸਿੰਘ	..	4-1-70
7.	ਹਰਦਿੱਤ ਸਿੰਘ	..	17-4-70
8.	ਹਜ਼ਾਰਾ ਸਿੰਘ	..	6-12-70
9.	ਹਰਚਰਨ ਸਿੰਘ	..	12-4-71
10.	ਖਰੈਤੀ ਰਾਮ	...	4-12-71
11.	ਹਰਭਜਨ ਸਿੰਘ	..	14-2-71
12.	ਗੁਰਦਿਆਲ ਕੌਰ	..	4-1-71
13.	ਜਗਜੀਤ ਸਿੰਘ	...	16-3-71
14.	ਬਹਾਦਰ ਸਿੰਘ	..	12-6-71
15.	ਦਲਜੀਤ ਸਿੰਘ	..	21-12-71
16.	ਕਸ਼ਮੀਰਾ ਸਿੰਘ	..	28-10-71
17.	ਹਰੀਚੰਦ	..	20-9-71
18.	ਨਿਵਾਸ	..	30-11-72
19.	ਜਸਵੰਤ ਕੌਰ	..	14-6-72
20.	ਕਰਤਾਰ ਸਿੰਘ	..	8-2-72
21.	ਪੰਜਾਬ ਕੌਰ	..	4-8-72
22.	ਪਰਮੇਸ਼ਵਰੀ ਦੇਵੀ	..	4-7-72
23.	ਵਿਦਿਆ ਵੰਤੀ	..	14-3-72
24.	ਹੰਸ ਰਾਜ	..	2-1-72
25.	ਕਿਸ਼ਨ ਸਿੰਘ	..	10-1-72
26.	ਗੁਰਨਾਮ ਕੌਰ	..	8-6-72
27.	ਮਕੰਦ ਲਾਲ	..	9-1-73
28.	ਮੁਕੰਦ ਲਾਲ	..	3-4-73
29.	ਬੱਗਾ ਸਿੰਘ	..	9-9-73
30.	ਤੋਤਾ ਸਿੰਘ	..	8-9-73
31.	ਰਾਮ ਲਾਲ	..	6-2-73
32.	ਕਰਤਾਰ ਸਿੰਘ	..	31-7-73
33.	ਬਰਕਤ ਰਾਮ	..	2-2-73
34.	ਗੁਰਦੇਵ ਸਿੰਘ	..	8-6-73
35.	ਅਸਚਰਜ ਲਾਲ	..	24-10-74
36.	ਪਰੀਤਮ ਕੌਰ	..	4-6-74
37.	ਬ੍ਰਿਜ ਲਾਲ	..	14-1-74

1	2		3
38.	ਸੁਭਾਸ਼ ਕੁਮਾਰੀ	..	25-1-74
39.	ਮੁਕੰਦ ਲਾਲ	..	9-1-74
40.	ਬਲਵੰਤ ਸਿੰਘ	..	31-3-75
41.	ਬ੍ਰਿਜ ਲਾਲ	..	31-1-75
42.	ਊਸ਼ਾ ਰਾਣੀ	..	31-8-75
43.	ਟੀਸਮੇਅਲ	..	30-11-75
44.	ਸੁਰਜਨ ਸਿੰਘ	..	28-2-75
45.	ਹਰਬੰਸ ਸਿੰਘ	..	31-12-75
46.	ਨਿਹਾਲ ਚੰਦ	..	31-12-75

ਅਨੁਲਗ—2

ਸਾਲ 1970 ਤੋਂ 1975 ਤਕ ਜ਼ਿਲ੍ਹਾ ਫਿਰੋਜ਼ਪੁਰ ਵਿਚ ਰੀਟਾਇਰ ਹੋਏ ਗਿਆਨੀ, ਪੰਜਾਬੀ ਅਤੇ ਵਰਨੈਕੂਲਰ ਟੀਚਰਾਂ ਦੀ ਸੂਚੀ

ਲੜੀ ਨੰ:	ਟੀਚਰ ਦਾ ਨਾਂ		ਰੀਟਾਇਰਮੈਂਟ ਦੀ ਮਿਤੀ
	ਸਰਵਸ਼੍ਰੀ/ਸ਼੍ਰੀਮਤੀ		
1.	ਪ੍ਰੇਮ ਸਿੰਘ, ਪੰਜਾਬੀ ਟੀਚਰ	..	9-3-71
2.	ਖੁਸ਼ਹਾਲ ਸਿੰਘ, ਐਸ. ਵੀ. ਟੀਚਰ	..	20-12-72
3.	ਮਹਿੰਦਰ ਸਿੰਘ, ਪੀ. ਟੀ. ਆਈ.	..	14-7-72
4.	ਹਰੀ ਸਿੰਘ, ਐਸ. ਵੀ. ਟੀਚਰ	..	1972
5.	ਰਵਨ ਲਾਲ, ਐਸ. ਵੀ ਟੀਚਰ	..	31-8-72
6.	ਬਰਕਤ ਰਾਮ, ਐਸ. ਵੀ. ਟੀਚਰ	..	1973
7.	ਰਘੂ ਨਾਥ, ਸ਼ਾਸਤਰੀ	.	15-8-73
8.	ਜੇ ਰੌਨਸਰ, ਐਸ. ਵੀ. ਟੀਚਰ	..	7-9-74
9.	ਨਰਿੰਦਰ ਸਿੰਘ, ਪੰਜਾਬੀ ਟੀਚਰ	..	19-3-75
10.	ਜਾਰਜ ਜੀਵਨ, ਡਰਾਇੰਗ ਟੀਚਰ	..	31-1-75
11.	ਗੰਡਾ ਸਿੰਘ, ਐਸ. ਵੀ. ਟੀਚਰ	..	3-5-75
12.	ਦੌਲਤ ਰਾਮ, ਐਸ. ਵੀ, ਟੀਚਰ	..	30-11-75
13.	ਕੁੰਦਨ ਲਾਲ, ਐਸ. ਵੀ. ਟੀਚਰ	..	30-11-75
14.	ਸੋਹਨ ਸਿੰਘ, ਪੰਜਾਬੀ ਟੀਚਰ	..	30-11-75

UNSTARRED QUESTION NO. 62

(EXTENSION WAS ASKED FOR IN RESPECT OF UNSTARRESD QUESTION NO. 62*

ਪ੍ਰੋਫੈਸਰ ਬਲਵੰਤ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ)

**Expunged as ordered by the Chair.

*For unstarred Question No. 69 and reply thereto, please see Appendix to this Debate.

ਸਰਦਾਰ ਹਰਚੰਦ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਟਰੈਕਟਰਾਂ ਦਾ ਚਲਾਨ ਕੀਤਾ ਜਾਂਦਾ ਹੈ, ਇਸ ਨਾਲ ਗਰੀਬ ਕਿਸਾਨਾਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਦੂਜਾ ਜਿਹੜਾ ਆਦਮੀ ਤਹਿਸੀਲਾਂ ਵਿਚ ਜਾਂਦਾ ਹੈ ਤਾਂ ਉਸ ਤੋਂ ਰੈਡ ਕਰਾਸ ਲਈ ਪੈਸੇ ਲਏ ਜਾਂਦੇ ਹਨ । ਇਹ ਉਨ੍ਹਾਂ ਨਾਲ ਬੜੀ ਬੇਇਨਸਾਫ਼ੀ ਹੈ... (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਕਿਹਾ ਹੈ ਉਸ ਬਾਰੇ ਮੈਂ ਐਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗੇ ਤੋਂ ਕਿਸੇ ਟਰੈਕਟਰ ਦਾ ਚਲਾਨ ਨਾ ਹੋਵੇ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਜਿਹੜੀ ਨੋਟੀਫ਼ੀਕੇਸ਼ਨ ਇਸ ਬਾਰੇ ਕੀਤੀ ਹੋਈ ਹੈ ਉਹ ਵਿਦਡਰਾ ਕਰਨਗੇ ?

ਮੁੱਖ ਮੰਤਰੀ : ਉਹ ਵੀ ਵਿਦਡਰਾ ਕਰ ਲਵਾਂਗੇ। ਦੂਜਾ ਜਿਹੜਾ ਮੈਂਬਰ ਸਾਹਿਬ ਨੇ ਰੈਡ ਕਰਾਸ ਦੇ ਬਾਰੇ ਰਿਹਾ ਹੈ ਉਹ ਅਸੀਂ ਬਿਲਕੁਲ ਬੰਦ ਕਰਾਂਗੇ। ਪਰ ਜੇ ਕੋਈ ਆਪਣੀ ਮਰਜ਼ੀ ਨਾਲ ਇਹ ਸਮਝਦਾ ਹੈ ਕਿ ਹਸਪਤਾਲਾਂ ਵਿਚ ਗਰੀਬ ਲੋਕ ਹੁੰਦੇ ਹਨ ਅਤੇ ਉਨ੍ਹਾਂ ਦੀ ਮਦਦ ਕਰਨ ਦੀ ਲੋੜ ਹੈ ਉਸ ਨੂੰ ਤਾਂ ਅਸੀਂ ਰੋਕ ਨਹੀਂ ਸਕਦੇ। । ਪਰ ਕਿਸੇ ਨਾਲ ਵੀ ਇਸ ਮਾਮਲੇ ਵਿਚ ਜ਼ਬਰਦਸਤੀ ਨਹੀਂ ਕੀਤੀ ਜਾਵੇਗੀ ।

ਕਾਮਰੇਡ ਬਲਦੇਵ ਸਿੰਘ ਲੁੰਬਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । ਮੈਂ ਤੁਹਾਡੇ ਸੈਂਟੀਮੈਂਟਸ ਸਮਝ ਲਏ ਹਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । ਮੈਂ ਤੁਹਾਡੇ ਸੈਂਟੀਮੈਂਟ ਸਮਝ ਲਏ ਹਨ ।

ਸ੍ਰੀ ਰਾਮ ਲਾਲ ਚਿੱਟੀ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਕੰਬਲ ਖਰੀਦੇ ਗਏ ਹਨ, ਅੱਜ ਆ ਜਾਣਗੇ ।

ਮਾਸਟਰ ਬਾਬੂ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

Shri Gopal Krishan Chatrath : Your Honour will recall that I have given a notice of Privilege Motion against some of the Akali and Communist Members who had behaved in a manner which brought contempt and dishonour to this House. I would like to know what has happened to my Privilege Motion (Interruption) (noise.) May I know your ruling on that ?

**Expunged as ordered by the Chair.

ਸ੍ਰੀ ਸਪੀਕਰ : ਇਹ ਅੰਡਰ ਕੰਸਿਡਰੇਸ਼ਨ ਹੈ ।

ਸਰਦਾਰ ਸ਼ਮਸ਼ੇਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਰੈਡ ਕਰਾਸ ਮੇਲੇ ਵਿਚ ਸਕਿੱਲ ਗੇਮਜ਼ ਖੇਲੀਆਂ ਜਾਂਦੀਆਂ ਹਨ ਜਿਸ ਦੇ ਵਿਚ ਹਜ਼ਾਰਾਂ ਅਤੇ ਲੱਖਾਂ ਰੁਪਏ ਦੀਆਂ ਗੇਮਜ਼ ਹੁੰਦੀਆਂ ਹਨ । ਲੁਧਿਆਣੇ ਵਿਚ ਸਟਾਲ ਲਗੇ ਹੋਏ ਹਨ । ਸਰਕਾਰ ਇਸ ਬਾਰੇ ਕੀ ਸੋਚ ਰਹੀ ਹੈ ? ਕੀ ਇਹ ਮਾਡਰਨ ਜੂਆ ਹੈ ?

ਸ੍ਰੀ ਸਪੀਕਰ : ਇਸ ਦਾ ਜਵਾਬ ਚੀਫ ਮਨਿਸਟਰ ਸਾਹਿਬ ਨੇ ਦੇ ਦਿੱਤਾ ਹੈ ।

ਸਰਦਾਰ ਰਵੀ ਇੰਦਰ ਸਿੰਘ : ਸਪੀਕਰ ਸਾਹਿਬ, ਆਮ ਤੌਰ ਤੇ ਵਾਤਾਵਰਣ ਐਸਾ ਹਾਊਸ ਵਿਚ ਹੁੰਦਾ ਹੈ ਅਤੇ ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਕੁਐਸਚਨ ਆਵਰ ਇਕ ਘੰਟੇ ਦਾ ਹੋਵੇ ਪਰ ਇਹ ਅਜ 1.05 ਘੰਟਾ ਚਲਿਆ ਹੈ ਅਤੇ ਤੁਸੀਂ ਸਵਾਲ ਨੂੰ ਐਂਟਰਟੇਨ ਵੀ ਕੀਤਾ ਹੈ ਅਤੇ ਉਸ ਦਾ ਜਵਾਬ ਵੀ ਐਂਟਰਟੇਨ ਕੀਤਾ ਹੈ । ਕੀ ਅਸੀਂ ਅਗੇ ਤੋਂ ਇਕ ਘੰਟੇ ਤੋਂ ਵੱਧ ਯੂਜ਼ ਕਰ ਸਕਦੇ ਹਾਂ ?

ਸ੍ਰੀ ਸਪੀਕਰ : ਤੁਸੀਂ ਜੋ ਕੁਝ ਕਿਹਾ ਹੈ ਉਹ ਫੈਕਟਜ਼ ਦੇ ਨਾਲ ਤਾਲਮੇਲ ਨਹੀਂ ਕਰਦਾ । ਮੈਂ ਸਵਾਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ । ਜਿਸ ਵੇਲੇ ਜੱਥੇਦਾਰ ਉਮਰਾਨੰਗਲ ਜੀ ਸਵਾਲ ਕਰ ਰਹੇ ਸਨ ਉਸ ਸਮੇਂ 2–57 ਵਜੇ ਸਨ ।

Sardar Ravi Inder Singh : Did you allow Mr. Brar to raise a question ? If not, then how did you allow the Chief Minister to answer. I want to know the rules which provide for it.

ਸਪੀਕਰ ਸਾਹਿਬ, ਮੈਂ ਚੇਅਰ ਦੀ ਬੜੀ ਇਜ਼ਤ ਕਰਦਾ ਹਾਂ ਪਰ ਜਿਹੜਾ ਵਾਕਿਆ ਹੋਇਆ ਹੈ ਉਹ ਸਾਰਿਆਂ ਦੇ ਸਾਹਮਣੇ ਹੈ ।

ਸ੍ਰੀ ਸਪੀਕਰ : ਬਰਾੜ ਸਾਹਿਬ ਨੇ ਪੁਆਇੰਟ ਆਫ਼ ਆਰਡਰ ਦੀ ਇਜਾਜ਼ਤ ਮੰਗੀ ਸੀ ਪਰ ਉਹ ਆਪਣੀ ਗੱਲ ਨੂੰ ਹੋਰ ਕਿਸੇ ਪਾਸੇ ਲੈ ਗਏ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਜਿਹੜਾ ਪੁਆਇੰਟ ਆਫ਼ ਆਰਡਰ ਇਨ ਆਰਡਰ ਹੁੰਦਾ ਹੈ ਉਸ ਨੂੰ ਤੁਸੀਂ ਡਿਸਆਰਡਰ ਕਰ ਦਿੰਦੇ ਹੋ ਔਰ ਜਿਹੜਾ ਡਿਸਆਰਡਰ ਹੁੰਦਾ ਹੈ ਉਸ ਨੂੰ ਇਨ ਆਰਡਰ ਕਰ ਦਿੰਦੇ ਹੋ । ਮੈਂ ਤੁਹਾਨੂੰ 22 ਤਾਰੀਖ ਨੂੰ ਇਕ ਐਡ ਜਰਨਮੈਂਟ ਮੋਸ਼ਨ ਦਿੱਤੀ ਸੀ ਕਿ ਬਠਿੰਡੇ ਅਤੇ ਹੋਰ ਦੂਜੀਆਂ ਥਾਵਾਂ ਤੇ ਕਾਲ ਜ ਦੇ ਮੁੰਡਿਆਂ (ਸਟੂਡੈਂਟਸ) ਨੂੰ ਗੋਲੀਆਂ ਨਾਲ ਮਾਰ ਦਿੱਤਾ ਹੈ । ਸਟੂਡੈਂਟਸ ਉੱਤੇ ਪੁਲਿਸ ਨੇ ਬਗੈਰ ਕਿਸੇ ਕਾਰਨ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕੀਤਾ ਹੈ । ਹਾਲਾਤ ਬੜੇ ਖਰਾਬ ਹਨ । ਹਾਲੇ ਤੱਕ ਮੈਨੂੰ ਤੁਹਾਡਾ ਜਵਾਬ ਨਹੀਂ ਆਇਆ । ਕਾਨੂੰਨੀ ਤੌਰ ਤੇ ਇਹ ਪਰਜ਼ਿਊਮ ਕਰ ਲਿਆ ਜਾਵੇ ਕਿ ਮੇਰੀ ਮੋਸ਼ਨ ਐਡਮਿਟ ਹੋ ਗਈ ਹੈ ।

ਸ੍ਰੀ ਸਪੀਕਰ : ਤੁਹਾਡੀ ਮੋਸ਼ਨ ਦਾ ਜਵਾਬ ਮੈਂ ਤੁਹਾਨੂੰ ਦੇ ਦਿੱਤਾ ਹੈ ।

ਸ੍ਰੀ ਭਗਵਾਨ ਦਾਸ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਬਣਦਾ ।

** Expunged as ordered by the chair.

ਮਾਸਟਰ ਬਾਬੂ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ੍ਰੀ ਸੁਰਿੰਦਰ ਕਪੂਰ : : ** ** **

ਸ੍ਰੀ ਸਪੀਕਰ : ਮੇਰੀ ਇਜਾਜ਼ਤ ਤੋਂ ਬਗੈਰ ਜੋ ਕੁਝ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹੁਣ ਕਾਲ ਅਟੈਨਸ਼ਨ ਨੋਟਿਸ ਪ੍ਰੋ: ਦਰਬਾਰੀ ਲਾਲ ਜੀ ਪੜ੍ਹੋ।

Comrade Raj Kumar : Speaker Sahib, you are permitting to read a Call Attention Motion regarding a Hindi movie ' Insaf Ka Tarazau which is objectionable on various grounds being screened in the Punjab State. Sir, I have raised a question of privilege on this very Call Atton-tion Motion, which you are permitting to be read before listening me. Sir, I have preferred a Privilege Motion on this very Call Attention Motion, which my friend has started reading.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਤੁਸੀਂ ਹਾਲੇ ਐਡਮਿਟ ਨਹੀਂ ਸੀ ਕੀਤੀ ਪਰ ਇਨ੍ਹਾਂ ਨੇ ਅਖਬਾਰਾਂ ਵਿਚ ਛਪਵਾ ਦਿੱਤੀ। ਇਸ ਬਾਰੇ ਮੈ ਰੂਲ ਕੋਟ ਕਰਦਾ ਹਾਂ। (ਵਿਘਨ) ਜਿਨ੍ਹਾਂ ਸਵਾਲਾਂ ਦੇ ਜਵਾਬ ਤੁਹਾਡੇ ਹਾਊਸ ਵਿਚ ਇਥੇ ਆਉਣੇ ਹਨ ਪਰ ਐਡਮਿਟ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਪਬਲੀਸਿਟੀ ਹੋਵੇ, ਇਹ ਗਲਤ ਹੈ ਇਹ ਰੂਲ 48 ਹੈ। ਉਸ ਰੂਲ ਦੇ ਮੁਤਾਬਿਕ ਜਦ ਤੱਕ ਹਾਊਸ ਵਿਚ ਜਵਾਬ ਨਹੀਂ ਆ ਜਾਂਦਾ ਤਦ ਤਕ ਉਸ ਦੀ ਪਬਲੀਸਿਟੀ ਨਹੀਂ ਹੋ ਸਕਦੀ। ਇਹ ਚੀਜ਼ ਅਖਬਾਰਾਂ ਵਿਚ ਛਪਵਾਈ ਹੈ। ਰੇਪ ਦੇ ਖਿਲਾਫ "ਇਨਸਾਫ ਕਾ ਤਰਾਜ਼ੂ" ਫਿਲਮ ਵਿਚ (ਵਿਘਨ) (ਸ਼ੋਰ) ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਮੁਜ਼ਰਮ ਨੂੰ ਸਮਝਾਇਆ ਜਾਵੇ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਔਰਤ ਨੇ ਪਹਿਲੀ ਵਾਰ ਆਪਣੇ ਖਿਲਾਫ ਆਵਾਜ਼ ਉਠਾਈ। (ਵਿਘਨ) (ਸ਼ੋਰ)

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ।)

ਸਪੀਕਰ ਸਾਹਿਬ, ਗਲਤ ਕਿਸਮ ਦੇ ਮਾਮਲੇ ਉਠਾਉਣ ਦੇ ਯਤਨ ਕੀਤੇ ਗਏ ਹਨ। ਸਪੀਕਰ ਸਾਹਿਬ, ਇਸ ਵਿਚ ਔਰਤ ਦੀ ਇਜ਼ਤ ਦਾ ਸਵਾਲ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਜਿਹੜੀ ਤੁਹਾਡੀ ਪ੍ਰਿਵਲਿਜ ਮੋਸ਼ਨ ਆਈ ਹੈ, ਮੈਂ ਉਸ ਨੂੰ ਐਗਜ਼ਾਮਿਨ ਕਰ ਰਿਹਾ ਹਾਂ, ਕਾਲ ਅਟੈਨਸ਼ਨ ਮੋਸ਼ਨ ਅਤੇ ਪ੍ਰਿਵਲਿਜ ਮੋਸ਼ਨ ਇਹ ਦੋ ਅਲੱਗ ਅਲੱਗ ਚੀਜ਼ਾਂ ਹਨ। ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਹੋ ਲੈਣ ਦਿਓ।

CALL ATTENTION NOTICE UNDER RULE 66

(*Serial No.* 5)

1. **Prof. Darbari Lal**
2. **Sardar Iqbal Singh**
3. **Sardar Lakha Singh**

} Sir, I **beg** to draw the attention of the Govern-

** Expunged as ordered by the Chair.

ment towards a matter of urgent public importance, namely, the picture "Insaf Ka Tarazu" be immediately banned in the State of Punjab for reasons given below :

1. Aspersion on Judiciary and law are ridiculed in name of justice;

2. Too much naked sex exploited for minting money, but in fact degenerating the young boys and girls;

3. It hurts the religious sentiments of a certain section of the community;

4. Young educated girls will have apprehensions in getting re-employment opportunities in the private firms;

5. It creates suspicions in the heart of the parents against the private firms;

6. It is a direct attack on the employers and breeding of hatred against them in the society ?

Chief Minister (Sardar Darbara Singh) : The film "Insaf Ka Tarazu" is being exhibited at some places in the State. Punjab Government have not as yet received any complaint from any individual or group/society of persons with regard to the film being objectionable.

2. Under Section 6 of the Punjab Cinemas (Regulation) Act 1952, the Government in respect of the whole of the State of Punjab or any part thereof, and the District Magistrate, in respect of the district within his jurisdiction, may, if it or he, as the case may be, is of opinion that any film which is being publically exhibited is likely to cause a breach of peace, by order, suspend the exhibition of the film and during such suspension the film shall be deemed to be uncertified film in the State, part of the State or district, as the case may be.

3. Normally, such action regarding suspension of exhibition of any objectionable film is taken after getting the film previewed by the respectable members of the society and Government officers.

4. A view in the matter can be taken only after the film is previewed. District Magistrates of Amritsar, Jullundur and Ludhiana have been requested to preview this film and send their reports urgently.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਨੋਟਿਸ ਵਿਚ ਇਹ ਗੱਲ ਲਿਆਉਣਾ ਚਾਹੁੰਦਾ ਸੀ ਕਿ ਇਸ ਪਿਕਚਰ ਵਿਚ ਕੁਝ ਸੀਨ ਬੜੇ ਆਬਜੈਕਸ਼ਨੇਬਲਜ਼ ਹਨ ਅਤੇ ਪਰਿਵਾਰ ਸਮੇਤ ਪਿਕਚਰ ਵੇਖਣ ਦੇ ਯੋਗ ਨਹੀਂ ਹੈ। (ਵਿਘਨ) ਨਾਰਮਲੀ ਗਲਤ ਕਿਸਮ ਦੇ ਸੀਨ ਵਿਖਾਏ ਗਏ ਹਨ। ਮੈਂ ਸਪੀਕਰ ਸਾਹਿਬ ਜਿਹੜੀ ਗੱਲ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਨੌਜਵਾਨਾਂ ਤੇ ਬੁਰਾ ਅਸਰ ਪਵੇਗਾ ਜਿਹੜੀ ਕਿ ਪੰਜਾਬੀ

[ਪ੍ਰੋਫੈਸਰ ਦਰਬਾਰੀ ਲਾਲ]

ਰਵਾਇਤ ਔਰ ਪਰੰਪਰਾ ਦੇ ਵਿਰੁਧ ਹੈ। ਸਪੀਕਰ ਸਾਹਿਬ, ਇਸ ਲਈ ਪਿਕਚਰ "ਇਨਸਾਫ ਕਾ ਤਰਾ ਵਿਚ ਗੰਦੇ ਸੀਨ ਕੱਟ ਦਿਤੇ ਜਾਣ। (ਵਿਘਨ) (ਸ਼ੋਰ) ਅੰਮ੍ਰਿਤਸਰ ਵਿਚੋਂ ਕਈ ਸੰਸਥਾਵਾਂ ਨੇ ਆਪ ਜੀ ਨੂੰ ਚਿੱਠੀਆਂ ਵੀ ਲਿਖੀਆਂ ਹਨ ਅਤੇ ਉਸੇ ਤਰ੍ਹਾਂ ਦੀਆਂ ਚਿੱਠੀਆਂ ਮੇਰੇ ਕੋਲ ਵੀ ਆਈਆਂ ਹਨ। 500 ਆਦਮੀਆਂ ਨੇ ਇਸ ਪਿਕਚਰ ਦੇ ਵਿਰੁਧ ਡੀਮਾਂਸਟਰੇਸ਼ਨ ਵੀ ਕੀਤੀ ਸੀ ਜਿਹੜੇ ਨੰਗੇ ਸੀਨ ਦਿਖਾਏ ਗਏ ਹਨ, ਉਨ੍ਹਾਂ ਨੂੰ ਬੰਦ ਕੀਤਾ ਜਾਵੇ। ਬੇਸ਼ਕ ਬਾਕੀ ਪਿਕਚਰ ਨੂੰ ਕੰਟੀਨਿਊ ਰਖਿਆ ਜਾਵੇ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜਨਰਲ ਸਵਾਲ ਕੀਤਾ ਗਿਆ ਹੈ। ਮੈਂ ਇਸ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਮਾਜ ਵਿਚ ਜੋ ਖਰਾਬ ਕੁਰੀਤੀਆਂ ਆਈਆਂ ਹੋਈਆਂ ਹਨ ਅਗਰ ਉਨ੍ਹਾਂ ਨੂੰ ਪਬਲਿਕ ਵਿਚ ਲਿਆਂਦਾ ਜਾਵੇ ਤਾਂ ਸਮਾਜ ਦੇ ਵਿਰੁਧ ਹੋਵੇਗਾ। ਜੋ ਲੋਕ ਗੰਦੇ ਕੰਮ ਕਰਦੇ ਹਨ ਉਨ੍ਹਾਂ ਨੂੰ ਸੁਧਾਰਨ ਦੀ ਲੋੜ ਹੈ ਪਰ ਇਸ ਬਾਰੇ ਹਾਲੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਡਿਸਟ੍ਰਿਕਟ ਮੈਜਿਸਟਰੇਟ ਵਲੋਂ ਜਦੋਂ ਰਿਪੋਰਟ ਆਵੇਗੀ ਤਾਂ ਬਹੁਤ ਕੁਝ ਕੀਤਾ ਜਾਵੇਗਾ। ਇਸ ਵੇਲੇ ਇਤਨਾ ਹੀ ਕਹਾਂਗਾਕਿ ਸਮਾਜ ਵਿਚ ਤਬਦੀਲੀ ਲਿਆਉਣੀ ਨਿਹਾਇਤ ਹੀ ਜ਼ਰੂਰੀ ਹੈ। ਸਾਡੇ ਲੋਕ ਬਰਦਾਸ਼ਤ ਨਹੀਂ ਕਰ ਸਕਦੇ ਜੋ ਰਪ ਦੇ ਕੇਸਿਜ਼ ਹਨ, ਉਨ੍ਹਾਂ ਨੂੰ ਨੰਗੇਜ਼ ਨਾ ਕੀਤਾ ਜਾਵੇ, ਲੋਕਾਂ ਦੇ ਸਾਹਮਣੇ ਨਾ ਰਖਿਆ ਜਾਵੇ। (ਵਿਘਨ) ਸਪੀਕਰ ਸਾਹਿਬ, ਐਸੇ ਹਾਲਤ ਨੂੰ ਦਰੁਸਤ ਕਰਨ ਬਾਰੇ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਬਾਕੀ "ਇਨਸਾਫ ਕਾ ਤਰਾਜ਼ੂ" ਬਾਰੇ ਜੋ ਰਿਪੋਰਟ ਆਵੇਗੀ, ਉਸ ਦੀ ਡੀਟੇਲ ਮੈਂ ਫਿਰ ਦੇਵਾਂਗਾ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਜੋ ਸਰਦਾਰ ਦਲੀਪ ਸਿੰਘ ਪਾਂਧੀ ਜੀ ਬੋਲ ਰਹੇ ਹਨ, ਉਹ ਸਾਰਾ ਐਕਸਪੰਜ ਕਰ ਦਿੱਤਾ ਜਾਵੇ। Next Call Attention Motion.

(ਕ੍ਰਮ ਨੰ: 8)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਰਾਜ ਭਰ ਵਿਚ ਕਾਫੀ ਸਮੇਂ ਤੋਂ ਬਿਜਲੀ ਦੀ ਜ਼ਬਰਦਸਤ ਘਾਟ ਹੈ ਤੇ ਪਿੰਡਾਂ ਵਿਚ ਨਵੇਂ ਟਿਊਬਵੈਲ ਕੁਨੈਕਸ਼ਨ 1 ਮਾਰਚ, 1978 ਤੋਂ ਬੰਦ ਹਨ ਅਤੇ ਅਜਿਹਾ ਹੀ ਉਦਯੋਗਿਕ ਨਵੇਂ ਅਦਾਰਿਆਂ ਦਾ ਹੈ। ਬਿਜਲੀ ਆਉਣ ਜਾਣ ਦਾ ਵੀ ਕੋਈ ਸਮਾਂ ਨਹੀਂ ਤੇ ਨਾ ਹੀ ਇਸ ਬਾਰੇ ਪਹਿਲਾਂ ਸੂਚਨਾ ਖਪਤਕਾਰਾਂ ਨੂੰ ਦਿੱਤੀ ਜਾਂਦੀ ਹੈ। ਬਿਜਲੀ ਦੀ ਅਨਪ੍ਰੀਸੀਡੈਂਟਿਡ ਘਾਟ ਕਰਕੇ ਰਾਜ ਵਿਚ ਉਤਪਾਦਨ ਵਿਚ ਜ਼ਬਰਦਸਤ ਘਾਟਾ ਪੈ ਰਿਹਾ ਹੈ। ਰਾਜ ਘਾਟੇ ਵਲ ਜਾ ਰਿਹਾ ਹੈ। ਕਾਲੇ ਤੇ ਡੀਜ਼ਲ ਤਲਾਂ ਦੀ ਘਾਟ ਹੈ ਨਹੀਂ ਤਾਂ ਲੋਕ ਇੰਜਨ ਵੀ ਲਾਉਣ ਲਈ ਤਿਆਰ ਹਨ। ਅਜਿਹਾ ਹੋਣ ਕਰਕੇ ਰਾਜ ਭਰ ਵਿਚ ਬਿਜਲੀ ਖਪਤਕਾਰਾਂ ਵਿਚ ਪ੍ਰੇਸ਼ਾਨੀ ਤੇ ਚਿੰਤਾ ਹੈ ਤੇ ਸਰਕਾਰ ਤੋਂ ਦੁੱਖੀ ਹਨ। ਸਰਕਾਰ ਉਚੇਚਾ ਪ੍ਰਬੰਧ ਕਰਨ ਵਿਚ ਨਾਕਾਮ ਹੈ। ਮੰਤਰੀ ਜੀ ਸ਼ੀਘਰ ਸਦਨ ਵਿਚ ਬਿਆਨ ਦੇਣ।

Chief Minister (Sardar Darbara Singh): The State has been facing shortage of electricity because of which restrictions had to be imposed on supply of power to industries, tubewells, and general consumers. These restrictions have been imposed to contain the demand of electricity within the power available. The reasons for the current shortage of power are decreased inflow of water in rivers feeding reservoirs, decrease in reservoir level of Gobind Sagar due to less rain in its

*Expunged as ordered by the Chair.

catchment area. short and poor supply of coal to Guru Nanak Dev Thermal Plant, sizeable increase in energy demand with the increased number of connections of various categories like agriculture, industries and general and increased requirements of energy for agricultural operations with the adoption of intensive and scientific methods of cultivation. It may be mentioned that the inflow of water in rivers this year has been even less than those of the driest years.

My Government have been seized with the matter of increasing the generation capacity. Steps have been taken to increase the generation capacity by taking up new projects like Shanan Extension and Shanan Renovation, Mukerian Project, Anandpur Sahib Hydel Project , Thein Dam and Ropar Thermal Plant. Efforts are also afoot to obtain share from Central projects like Bairasiul, Singrauli and Atomic Power Plants in the Northern Region. We have also taken up vigrously at the highest level with the Central Government the establishment of a nuclear power plant in Punjab.

Inspite of these efforts to increase generation pavcity, there is a big gap between the demand for power and actual availability. Augmentation of power supply has not kept pace with the increasing demand for power because of limitations of resources, both financial as well as natural. Currently, the gap between demand and availability of power is of the order of about 74 MUs to 198 MUs per month. This has necessitated a power cut ranging up to 33% .

Power is supplied to various categories of consumers as per declared hours of supply, determined on day-to day basis. For the convenience of consumers, the Punjab State Electricity Board has arranged with the All India Radio, Jullundur to announce the power supply timings for the next day in its local news bulletin at 6.00 P.M. daily. Besides, information centres in big cities like Jullundur and Ludhiana have been set up for informing the public about power supply. schedules. Some times and not very after these hours get disturbed due to sudden fall in generation.

Though unlimited number of tubewells and power connections cannot be given, in view of constraints of availability of power and of financial resources, connections are being released in a regulated manner. The release of tubewell connections during the current financial year has been limited to the applications received upto 31st March, 1973. In areas covered under REC schemes, however, connections are released irrespective of the date of receipt of applications. In addition, connections to certain areas and categories indentified by the Board are given on priority basis.

High speed diesel and light diesel oil is made available on ration cards at prescribed scale to ensure fair distribution and guard against mal-practices by unscrupulous elements. Due to power shortage the demand for diesel has gone up. We have aproached the Government of India for additional allocation of diesel for the month of January, 1981 to help tide over the power shortage. At present against estimated monthly requirement of over 1 lac kiloliters, Punjab is allotted only 60,000 kilo liters. Of the available supply of diesel, 75% is earmarked for agricultural sector.

[Chief Minister]

It would be seen that the Government is sparing no efforts to maintain supply of power and diesel to the extent practicable and to reduce the difficulties of energy users.

Sardar Dalip Singh Pandhi : Will the Chief Minister be pleased to state whether this unprecedented shortage of electricity is due to shortage of diesel and L.D.O. and also mis-management of PSEB and the State Government has completely failed to get clearance of the Thein Dam from the Central Government.

Mr. Speaker : Your question should be relevant.

Sardar Dalip Singh Pandhi : My second question is that due to work-to-rule by the Engineers of the P.S.E.B. due to failure of the Thermal Plant which is not functioning properly and due to failure of the Government to run the administration there is shortage of electricity . What steps the Government has taken to give connections to the consumers & farmers. Even the farmers are not informed when the light will come and when the light will go so that they should make their own arrangements and may not depend on this efficient Government.

Mr. Speaker : You should not make aspersion on the Government.

Sardar Dalip Singh Pandhi : I am not making aspersion on the Government. Even the M. L. A's Hostel is not getting supply of electricity. Even the domestic consumer is not getting power supply properly.

Chief Minister : Sir, I have made it clear in my statement that these are the factors which stand in our way of power generation. It is due to Thein Dam. He has admitted himself that the previous Government could not get clearance of Thein Dam.

ਪ੍ਰੋਫੈਸਰ ਬਲਵੰਤ ਸਿੰਘ : ਪੰਜਾਬੀ ਵਿਚ ਬੋਲਣਾ ਚਾਹੀਦਾ ਹੈ ।

ਮੁੱਖ ਮੰਤਰੀ : ਮੇਰੀ ਅਰਜ਼ ਇਹ ਹੈ ਕਿ ਜੋ ਸਵਾਲ ਪਾਂਧੀ ਸਾਹਿਬ ਨੇ ਕੀਤਾ ਹੈ ਉਸ ਦੇ ਵਿਚ ਉਨ੍ਹਾਂ ਨੇ ਖੁਲ ਕੇ ਆਖਿਆ ਹੈ । (ਵਿਘਨ) ਇੱਕ ਤਰ੍ਹਾਂ ਨਾਲ ਵਿੰਗੇ ਟੇਢੇ ਤਰੀਕੇ ਨਾਲ ਇਹ ਮੰਨ ਲਿਆ ਹੈ ਕਿ ਪਿਛਲੀ ਸਰਕਾਰ ਥੀਨ ਡੈਮ ਬਾਰੇ ਕੋਈ ਕਲੀਅਰੈਂਸ ਨਹੀਂ ਲੈ ਸਕੀ । ਮੈਂ ਕਿਹਾ ਹੈ ਕਿ ਜਿਹੜਾ ਪੈਸਾ ਇਸ ਤੇ ਲਗ ਰਿਹਾ ਹੈ ਉਹ ਉਨ੍ਹਾਂ ਦੀ ਆਗਿਆ ਤੋਂ ਬਗੈਰ ਨਹੀਂ ਲਗ ਰਿਹਾ ਹੈ । ਇਹ ਜਿਹੜਾ 22 ਕਰੋੜ ਰੁਪਿਆ ਹੈ, ਇਹ ਵੀ ਉਨ੍ਹਾਂ ਦੀ ਮਨਜ਼ੂਰੀ ਨਾਲ ਰਖਿਆ ਗਿਆ ਹੈ । ਸਾਨੂੰ ਉਨ੍ਹਾਂ ਦੀ ਮਨਜ਼ੂਰੀ ਹੈ ਕਿ ਇਹ ਬਣਾਉਣਾ ਹੈ । ਸਾਡੀ ਕੋਸ਼ਿਸ਼ ਇਹੀ ਹੈ ਪਿੱਛੇ ਵੀ ਰਹੀ ਹੋਏਗੀ । ਮੈਂ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਨੇ ਨਹੀਂ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਢਿਲੀ ਕੋਸ਼ਿਸ਼ ਕੀਤੀ ਹੋਣੀ ਹੈ । ਲੇਕਿਨ ਥੀਨ ਡੈਮ ਬਾਰੇ ਸਾਡੀ ਕੋਸ਼ਿਸ਼ ਹੈ ਭਾਵੇਂ ਪੈਸੇ ਵਰਲਡ ਬੈਂਕ ਤੋਂ ਮਿਲਣ ਭਾਵੇਂ ਗੌਰਮਿੰਟ ਆਫ ਇੰਡੀਆ ਕੋਈ ਬੰਦੋਬਸਤ ਕਰੇ । ਪੰਜਾਬ ਸਰਕਾਰ ਦੀ ਇਸ ਥੀਨ ਡੈਮ ਵਾਸਤੇ ਕੋਸ਼ਿਸ਼ ਹੈ ਕਿ ਕੋਈ ਸਪੈਸ਼ਲ ਐਲੋਕੇਸ਼ਨ ਹੋਵੇ ਤਾਕਿ ਥੀਨ ਡੈਮ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਇਸ ਘਾਟ ਨੂੰ ਪੂਰਾ ਕਰ ਸਕੀਏ । ਸਾਨੂੰ ਲੋੜ ਹੈ ਅੱਜ ਵੀ ਇਸ ਦੀ ਬਹੁਤ ਜ਼ਿਆਦਾ ਤਾਕਿ ਸਾਰੇ ਕੁਨੈਕਸ਼ਨਜ਼ ਦਿੱਤੇ ਜਾਣ । ਇਸ ਸਾਲ ਦੇ ਅਖੀਰ ਤੱਕ 1,000 ਮੈਗਾਵਾਟ ਬਿਜਲੀ ਦੀ ਲੋੜ ਹੋਏਗੀ, ਜੇ ਪਿਛਲੇ ਕੁਨੈਕਸ਼ਨਜ਼ ਦਿਤੇ ਜਾਣ । ਪਿਛਲੇ ਕੁਨੈਕਸ਼ਨਜ਼ ਇਸ ਚੀਜ਼ ਨੂੰ ਮੁੱਖ ਰਖ ਕੇ ਨਹੀਂ ਦਿੱਤੇ ਗਏ ਕਿ ਬਿਜਲੀ ਇਨ੍ਹਾਂ ਪਾਸ ਐਨੀ ਸੀ

ਅਤੇ ਉਨ੍ਹਾਂ ਨੂੰ ਚਾਲੂ ਰਖ ਸਕਣ। ਜੋ ਮੈਂ ਦਸਿਆ ਹੈ ਅਗਰ ਪਾਧੀ ਸਾਹਿਬ ਨੇ ਉਸ ਨੂੰ ਸੁਣ ਲਿਆ ਹੁੰਦਾ ਤਾਂ ਇਨ੍ਹਾਂ ਦੇ ਸਾਰੇ ਸਵਾਲਾਂ ਦਾ ਜਵਾਬ ਮੈਂ ਦਿੱਤਾ ਹੈ।

PAPERS LAID ON THE TABLE

Finance Minister (Doctor Kewal Krishan): Sir, I beg to lay on the Table —

(i) the Punjab Motor Vehicles (Third Amendment) Rules, 1980.

AND

(ii) the Punjab Motor Vehicles (Fourth Amendment) Rules, 1980 as required under section 133(3) of the Motor Vehicles Act, 1939.

FINANCIAL BUSINESS

(i) Presentation of Supplementary Estimates (First Instalment) for the year 1980-81 .

Finance Minister (Doctor Kewal Krishan): Sir I beg to present the Supplementary Estimates (First Instalment) for the year 1980-81.

(ii) Presentation of Report of the Committee on Estimates on the Supplementary Estimates (First Instalment) for the year 1980-81

Chairman Estimates Committee (Giani Arjan Singh Litt); Sir I beg to present the Report of the Committee on Estimates on the Supplementary Estimates (First instalment) for the year 1980-81.

ਸ਼੍ਰੀ ਸਪੀਕਰ : ਪੇਪਰਜ਼ ਲੇਅ ਹੋ ਗਏ ਹਨ ਅਤੇ ਹੁਣ ਗਵਰਨਰ ਦੇ ਐਡਰੈਸ ਤੇ ਡਿਸਕਸ਼ਨ ਹੋਏਗੀ। (ਵਿਘਨ) ਇਸ ਤੇ ਡਿਸਕਸ਼ਨ ਹੀਰੋ ਜੀ ਸ਼ੁਰੂ ਕਰਨਗੇ।

RESUMPTION OF DISCUSSION ON GOVERNOR'S ADDRESS

ਸਰਦਾਰ ਹਰਚਰਨ ਸਿੰਘ ਹੀਰੋ (ਜੀਰਾ) : ਸਪੀਕਰ ਸਾਹਿਬ, ਮੈਂ ਉਸ ਦਿਨ ਬੋਲਦਿਆਂ ਹੋਇਆਂ ਇਹ ਦੱਸਿਆ ਸੀ ਕਿ ਕਾਂਗਰਸ ਸਰਕਾਰ ਨੇ ਬੱਸਾਂ ਦੀ ਨੈਸ਼ਨੇਲਾਈਜ਼ੇਸ਼ਨ ਦਾ ਰੈਜ਼ੋਲਿਊਸ਼ਨ ਪਾਸ ਕਰ ਦਿੱਤਾ ਹੈ ਅਤੇ ਇਸ ਬਾਰੇ ਅਖਬਾਰਾਂ ਵਿਚ ਬੜੀਆਂ ਖਬਰਾਂ ਆ ਰਹੀਆਂ ਹਨ ਪਰ ਮੈਂ ਉਸ ਦਿਨ ਵੀ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਅੱਗੇ ਵੀ ਇਨ੍ਹਾਂ ਦੀ ਪਿਛਲੀ ਸਰਕਾਰ ਨੇ ਸਿਨੇਮਿਆਂ ਅਤੇ ਕੋਲਡ ਸਟੋਰਾਂ ਦੀ ਨੈਸ਼ਨੇਲਾਈਜ਼ੇਸ਼ਨ ਬਾਰੇ ਰੈਜ਼ੋਲਿਊਸ਼ਨ ਲਿਆਂਦਾ ਸੀ ਪਰ ਪਤਾ ਨਹੀਂ ਕਿਸ ਕਾਰਨ ਕਰਕੇ ਉਨ੍ਹਾਂ ਦੀ ਨੈਸ਼ਨੇਲਾਈਜ਼ੇਸ਼ਨ ਸਿਰੇ ਨਹੀਂ ਚੜ੍ਹੀ। ਮੈਂ ਉਸ ਦਿਨ ਵੀ ਕਿਹਾ ਸੀ ਕਿ ਇਨ੍ਹਾਂ ਨੂੰ ਆਪਣੀ ਪਾਲਿਸੀ ਕਲੀਅਰ ਕਰਨੀ ਚਾਹੀਦੀ ਹੈ ਕਿ ਇਹ ਨੈਸ਼ਨੇਲਾਈਜ਼ੇਸ਼ਨ ਕਰਨਗੇ ਵੀ ਕਿ ਨਹੀਂ । ਇਹ ਤਾਂ ਨਹੀਂ ਹੋਵੇਗਾ ਕਿ ਇਹ ਥੈਲੇ ਭਰ ਕੇ, ਮਾਇਆ ਇਕੱਠੀ ਕਰਕੇ ਨੈਸ਼ਨੇਲਾਈਜ਼ੇਸ਼ਨ ਵਾਲੇ ਪਾਸੇ ਆਉਣ ਹੀ ਨਾ। ਇਸ ਲਈ ਸੀ. ਐਮ. ਸਾਹਿਬ ਇਹ ਗੱਲ ਨੋਟ ਕਰ ਲੈਣ ਅਤੇ ਜਦ ਉਨ੍ਹਾਂ ਨੇ ਭਾਸ਼ਣ ਦੇਣਾ ਹੈ ਉਸ ਵੇਲੇ ਇਸ ਗੱਲ ਨੂੰ ਕਲੀਅਰ ਕਰਨ। ਮੇਰੀ ਪਾਰਟੀ ਇਸ ਦੇ ਹੱਕ ਵਿਚ ਹੈ ਪਰ ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਸਾਡੇ ਆਪੋਜ਼ੀਸ਼ਨ ਦੇ ਲੀਡਰ ਨੇ ਆਪਣੀ ਸਪੀਚ ਵਿਚ ਇਸ ਦੇ ਮੁਤਅੱਲਕ ਇਕ ਅੱਖਰ ਨਹੀਂ ਕਿਹਾ। ਉਨ੍ਹਾਂ ਨੂੰ ਇਸ ਗੱਲ ਬਾਰੇ ਪਜ਼ੀਸ਼ਨ ਕਲੀਅਰ ਕਰਨੀ ਚਾਹੀਦੀ ਹੈ ਕਿ ਉਹ ਇਸ ਦੀ ਨੈਸ਼ਨੇਲਾਈਜ਼ੇਸ਼ਨ ਦੇ ਹੱਕ ਵਿਚ ਹਨ ਜਾਂ ਨਹੀਂ। ਮੇਰੀ ਪਾਰਟੀ ਅਤੇ ਮੈਂ ਇਸ ਦੇ ਬਿਲਕੁਲ ਹੱਕ ਵਿਚ ਹਾਂ। ਇਹ ਇਸ ਪਾਸੇ ਨੂੰ ਬੜਾ ਚੰਗਾ ਗੌਰਮਿੰਟ ਦਾ ਸਟੈਪ ਹੈ। ਇਨ੍ਹਾਂ ਨੂੰ ਛੇਤੀ ਤੋਂ ਛੇਤੀ ਇਸ ਸਬੰਧ ਵਿਚ ਬਿਲ ਲਿਆਉਣਾ ਚਾਹੀਦਾ ਹੈ ਅਤੇ ਇਸ ਦੀ ਨੈਸ਼ਨੇਲਾਈਜ਼ੇਸ਼ਨ ਕਰਨੀ ਚਾਹੀਦੀ ਹੈ ਤਾਕਿ ਛੇਤੀ ਤੋਂ ਛੇਤੀ ਲੋਕਾਂ ਨੂੰ ਰਾਹਤ ਮਿਲ ਸਕੇ ਅਤੇ ਲੁੱਟ ਖਸੁਟ ਬੰਦ ਹੋ ਸਕੇ

ਸ੍ਰੀ ਸਪੀਕਰ : ਤੁਹਾਡੇ ਗਰੁੱਪ ਕੋਲ 24 ਮਿੰਟ ਹਨ, ਇਸ ਲਈ ਤੁਸੀਂ ਉਸੇ ਹਿਸਾਬ ਨਾਲ ਬੋਲੋ।

ਸਰਦਾਰ ਹਰਚਰਨ ਸਿੰਘ ਹੀਰੋ : ਅਸੀਂ ਟਾਈਮ ਵੰਡ ਲਵਾਂਗੇ। ਜਦੋਂ ਇਹ ਸਰਕਾਰ ਬਣੀ ਸੀ ਤਾਂ ਬੜੀ ਖੁਸ਼ੀ ਹੋਈ ਸੀ। ਜਦੋਂ ਸੀ. ਐਮ. ਸਾਹਿਬ ਨੇ ਦਾਅਵਾ ਕੀਤਾ ਸੀ ਕਿ ਅਸੀਂ ਕੁਰੱਪਸ਼ਨ ਜ਼ਰੂਰ ਦੂਰ ਕਰ ਦੇਵਾਂਗੇ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਹਟਣ ਦੀ ਬਜਾਏ ਅੱਗੇ ਨਾਲੋਂ ਵਧ ਗਈ ਹੈ ਅਤੇ ਇਹ ਕੁਰੱਪਸ਼ਨ ਐਨੀ ਵਧ ਗਈ ਹੈ ਜਿਸ ਦੀ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਵੈਸੇ ਤਾਂ ਮੇਰੇ ਪਾਸ ਬਹੁਤ ਸਾਰੀਆਂ ਮਿਸਾਲਾਂ ਹਨ। ਜਦੋਂ ਇਹ ਸੀ. ਐਮ. ਬਣੇ ਨਹੀਂ ਸਨ ਤਾਂ ਉਦੋਂ ਇਨ੍ਹਾਂ ਨੇ ਗਵਰਨਰ ਸਾਹਿਬ ਨੂੰ ਫੂਡ ਡਿਪਾਰਟਮੈਂਟ ਦੇ ਇਕ ਅਫਸਰ ਦੇ ਖਿਲਾਫ ਲਿਖਿਆ ਸੀ ਕਿ ਇਹ ਅਫਸਰ ਐਨਾ ਕੁਰੱਪਟ ਹੈ ਕਿ ਇਸ ਨੂੰ ਫੌਰਨ ਬਦਲਣਾ ਚਾਹੀਦਾ ਹੈ ਪਰ ਉਹ ਅਫਸਰ 3 ਮਹੀਨੇ ਹਟਿਆ ਰਿਹਾ ਅਤੇ 3 ਮਹੀਨੇ ਬਾਅਦ ਉਹ ਅਫਸਰ ਜਿਸ ਨੂੰ ਇਹ ਕਹਿੰਦੇ ਸਨ ਕਿ ਬਹੁਤ ਕੁਰੱਪਟ ਹੈ ਉਹ ਫਿਰ ਉਥੇ ਪੋਸਟ ਹੋ ਗਿਆ। ਇਸ ਦਾ ਕੀ ਕਾਰਨ ਹੈ ? ਕੀ ਸੌਦੇ ਬਾਜ਼ੀ ਹੋ ਗਈ ਕਿਉਂਕਿ ਪਹਿਲਾਂ ਤਾਂ ਇਨ੍ਹਾਂ ਨੇ ਗਵਰਨਰ ਸਾਹਿਬ ਨੂੰ ਚਿੱਠੀ ਲਿਖੀ ਸੀ ਇਹ ਬੜਾ ਕੁਰੱਪਟ ਅਫਸਰ ਹੈ ਪਰ ਫਿਰ ਉਹ ਉਥੇ ਕਿਉਂ ਪੋਸਟ ਹੋਇਆ ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸੀ. ਐਮ. ਸਾਹਿਬ ਆਪਣੇ ਭਾਸ਼ਣ ਵਿਚ ਇਸ ਬਾਰੇ ਜਵਾਬ ਦੇਣ। ਇਨ੍ਹਾਂ ਨੇ ਇਹ ਪਾਲਿਸੀ ਅਡਾਪਟ ਕੀਤੀ ਸੀ ਕਿ ਕੁਰੱਪਸ਼ਨ ਹਟਾਉਣੀ ਹੈ, ਇਸ ਬਾਰੇ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਵੀ ਲਿਖਿਆ ਹੈ। ਇਹ ਕੁਰੱਪਸ਼ਨ ਰੋਕਣ ਲਈ ਵਚਨਬੱਧ ਹਨ ਪਰ ਫਿਰ ਕੀ ਕਾਰਣ ਹੈ ਕਿ 3 ਮਹੀਨੇ ਬਾਅਦ ਉਹ ਅਫਸਰ ਉਥੇ ਕਿਉਂ ਲੱਗਿਆ ? ਪਤਾ ਨਹੀਂ ਕੀ ਸੌਦੇ ਬਾਜ਼ੀ ਹੋ ਗਈ ਹੈ ? ਕੁਰੱਪਸ਼ਨ ਖਤਮ ਕਰਨ ਵਿਚ ਇਹ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਮੈਂ ਸਮਝਦਾ ਹਾਂ ਕਿ ਅੰਦਰੋ ਅੰਦਰੀ ਸੌਦੇਬਾਜ਼ੀ ਹੋਈ ਹੈ। ਸੀ. ਐਮ. ਸਾਹਿਬ ਨੂੰ ਇਸ ਬਾਰੇ ਆਪਣੀ ਸਪੀਚ ਵਿਚ ਜਵਾਬ ਦੇਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿੰਨਾ ਚਿਰ ਪੁਲੀਟੀਕਲ ਕੁਰੱਪਸ਼ਨ ਦੂਰ ਨਹੀਂ ਹੁੰਦੀ, ਉਤਨਾ ਚਿਰ ਹੇਠਾਂ ਕੁਰੱਪਸ਼ਨ ਹਟ ਨਹੀਂ ਸਕਦੀ। ਇਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਮੈਂ ਪੁਲੀਟੀਕਲ ਕੁਰੱਪਸ਼ਨ ਦੂਰ ਕਰਾਂਗਾ, ਇਹ ਇਨ੍ਹਾਂ ਨੇ ਵਾਅਦਾ ਕੀਤਾ ਸੀ ਪਰ ਅਸੀਂ ਵੇਖ ਰਹੇ ਹਾਂ ਕਿ 6 ਮਹੀਨੇ ਲੰਘ ਗਏ ਹਨ ਪਰ ਇਸ ਪਾਸੇ ਕੋਈ ਕਦਮ ਨਹੀਂ ਪੁੱਟੇ ਗਏ। ਜਿਨ੍ਹਾਂ ਪੁਲੀਟੀਕਲ ਬੰਦਿਆਂ ਨੇ ਕੁਰੱਪਸ਼ਨ ਕੀਤੀ ਹੈ ਜਾਂ ਜਿਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ ਲੱਗੇ ਹਨ ਪਤਾ ਨਹੀਂ ਉਨ੍ਹਾਂ ਨਾਲ ਇਨ੍ਹਾਂ ਨੇ ਸਮਝੌਤਾ ਕਰ ਲਿਆ ਹੈ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਤੇ ਕੁਰੱਪਸ਼ਨ ਦੇ ਇਲਜ਼ਾਮ ਲੱਗੇ ਹਨ ਉਨ੍ਹਾਂ ਦੀ ਪੂਰੀ ਪੜਤਾਲ ਕਰਕੇ ਸਜ਼ਾ ਦੇਣੀ ਚਾਹੀਦੀ ਹੈ। ਇਨ੍ਹਾਂ ਨੂੰ ਪਤਾ ਹੈ ਕਿ ਕੁਰੱਪਸ਼ਨ ਕਿਸ ਨੇ ਕੀਤੀ ਹੈ। (ਵਿਘਨ) ਕਾਂਗਰਸ ਵਾਲਿਆਂ ਨੂੰ ਵੀ ਪਤਾ ਹੈ ਕਿ ਕਿਸ ਕਿਸ ਨੇ ਕਿੰਨੀ ਕੁਰੱਪਸ਼ਨ ਕੀਤੀ ਹੈ। (ਵਿਘਨ) ਸਪੀਕਰ ਸਾਹਿਬ , ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿੰਨਾ ਚਿਰ ਪੁਲੀਟੀਕਲ ਕੁਰੱਪਸ਼ਨ ਖਤਮ ਨਹੀਂ ਹੁੰਦੀ ਉਤਨਾ ਚਿਰ ਹੇਠਾਂ ਕੁਰੱਪਸ਼ਨ ਖਤਮ ਨਹੀਂ ਹੋਣੀ। ਪਰ ਇਥੇ ਹੁੰਦਾ ਕੀ ਹੈ ਕਿ ਗਰੀਬ ਆਦਮੀ ਅੰਦਰ ਦਿਤੇ ਜਾਂਦੇ ਹਨ। ਜੇ ਕੋਈ ਪਟਵਾਰੀ 10 ਰੁਪਏ ਲੈ ਲੈਂਦਾ ਹੈ ਤਾਂ ਉਹ ਫੜ ਲੈਂਦੇ ਹਨ ਇਸੇ ਤਰ੍ਹਾਂ ਹੀ ਜੇ ਕੋਈ ਕਲੱਰਕ 10 ਰੁਪਏ ਲੈ ਲੈਂਦਾ ਹੈ ਤਾਂ ਉਸ ਨੂੰ ਫੜ ਲੈਂਦੇ ਹਨ। ਵੱਡੇ ਅਫਸਰਾਂ ਨਾਲ ਇਨ੍ਹਾਂ ਨੇ ਹਿੱਸਾ ਪੱਤੀਆਂ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ। ਹਰ ਇਕ ਨੂੰ ਪਤਾ ਹੈ ਕਿ ਅਫਸਰ ਕੀ ਕਰਦੇ ਹਨ। ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ ਇਨ੍ਹਾਂ ਨੂੰ ਸਭ ਪਤਾ ਹੈ। (ਵਿਘਨ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜੇ ਕੁਰੱਪਸ਼ਨ ਦੂਰ ਕਰਨੀ ਹੈ ਤਾਂ ਪੁਲਿਟੀਕਲ ਲੈਵਲ ਤੋਂ ਖਤਮ ਕਰੋ ਅਤੇ ਫਿਰ ਇਸੇ ਤਰ੍ਹਾਂ ਹੇਠਲੇ ਲੈਵਲ ਤੇ ਖਤਮ ਕਰੋ।

Mr. Speaker : Please wind up.

ਸਰਦਾਰ ਹਰਚਰਨ ਸਿੰਘ ਹੀਰੋ : ਮੈਂ ਥੋੜ੍ਹਾ ਹੀ ਟਾਈਮ ਲੈਣਾ ਹੈ ਜੀ । ਸੀ. ਐਮ. ਨੇ ਆਪਣੀ ਪਿਛਲੀ ਸਪੀਚ ਵਿਚ ਕਿਹਾ ਸੀ ਕਿ ਸਮੱਗਲਿੰਗ ਮੈਂ ਜੜ੍ਹੋਂ ਕੱਢ ਦਿਆਂਗਾ । ਗਵਰਨਰ ਸਾਹਿਬ ਦੇ ਭਾਸ਼ਣ ਵਿਚ ਵੀ ਇਨ੍ਹਾਂ ਨੇ ਇਸ ਬਾਰੇ ਦਾਅਵਾ ਕੀਤਾ ਹੈ । ਪਰ, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਮਗਲਿੰਗ 1 ਪ੍ਰਤੀਸ਼ਤ ਵੀ ਖਤਮ ਨਹੀਂ ਹੋਈ । ਸਮਗਲਿੰਗ ਅੱਗੇ ਨਾਲੋਂ ਕਈ ਗੁਣਾ ਵਧ ਗਈ ਹੈ । ਜੇ ਇਨ੍ਹਾਂ ਨੇ ਫੜਕੇ ਅੰਦਰ ਦੇਣੇ ਸ਼ੁਰੂ ਕੀਤੇ ਤਾਂ ਉਸਦਾ ਹਸ਼ਰ ਇਹ ਹੋਇਆ ਕਿ ਜਾਂ ਤਾਂ ਪੁਲਿਸ ਵਾਲਿਆਂ ਨੇ ਆਪਣੇ ਢਿੱਡ ਭਰ ਲਏ ਜਾਂ ਫਿਰ ਪੁਲੀਟੀਕਲ ਆਦਮੀਆਂ ਨੇ ਵਿਚ ਪੈ ਕੇ ਆਪਣੇ ਢਿੱਡ ਭਰ ਲਏ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ ।

ਸਰਦਾਰ ਹਰਚਰਨ ਸਿੰਘ ਹੀਰੋ : ਮੈਂ ਹਾਲਾਂ ਬੋਲਣਾ ਹੈ ਜੀ । ਸਾਡਾ ਜਿੰਨਾ ਟਾਈਮ ਹੈ ਮੈਂ ਉਸ ਦੇ ਮੁਤਾਬਿਕ ਹੀ ਬੋਲਣਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਮੱਗਲਿੰਗ ਖਤਮ ਕਰਨੀ ਹੈ ਤਾਂ ਜਿਹੜੇ ਮੱਗਰਮੱਛ ਹਨ ਉਨ੍ਹਾਂ ਨੂੰ ਪਹਿਲਾਂ ਹੱਥ ਪਾਉਣਾ ਚਾਹੀਦਾ ਹੈ । ਜਿਹੜੇ ਬਾਹਿਰ ਤੁਰੇ ਫਿਰਦੇ ਹਨ ਉਨ੍ਹਾਂ ਨੂੰ ਕਿਸੇ ਨੂੰ ਕਿਸੇ ਐਮ. ਪੀ. ਦੀ ਸ਼ਹਿ ਹੈ ਅਤੇ ਕਿਸੇ ਨੂੰ ਕਿਸੇ ਐਮ. ਐਲ. ਏ. ਦੀ ਸ਼ਹਿ ਹੈ । ਇਸ ਤਰ੍ਹਾਂ ਸਮੱਗਲਿੰਗ ਖਤਮ ਨਹੀਂ ਹੋ ਸਕਦੀ । ਜੇ ਸਮੱਗਲਿੰਗ ਖਤਮ ਕਰਨੀ ਹੈ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਹਥ ਪਾਓ । ਜੇ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਫਿਰ ਇਹ ਫੋਕੇ ਦਾਅਵੇ ਸਰਕਾਰ ਦੇ ਕਾਗਜ਼ਾਂ ਵਿਚ ਹੀ ਰਹਿ ਜਾਣਗੇ ।

ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਸੀ ਕਿ ਅਮਨ ਅਤੇ ਕਾਨੂੰਨ ਦੀ ਹਾਲਤ ਵਿਚ ਬੜਾ ਸੁਧਾਰ ਆਇਆ ਹੈ ਪਰ ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਮਨ ਅਤੇ ਕਾਨੂੰਨ ਦੀ ਹਾਲਤ ਬਾਰੇ ਅੰਕੜੇ ਦਸਦੇ ਹਨ ਕਿ ਅੱਜ ਕੀ ਹਾਲਤ ਹੈ । ਕਿਸ ਤਰ੍ਹਾਂ ਰੇਪ ਹੋ ਰਹੇ ਹਨ, ਕਿਸ ਤਰ੍ਹਾਂ ਕਤਲ ਹੋ ਰਹੇ ਹਨ । (ਵਿਘਨ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਕਾਨੂੰਨ ਦੇ ਰਾਖੇ ਵੀ ਅਜਿਹੇ ਕੇਸਾਂ ਵਿਚ ਇਨਵਾਲਵ ਹੋਣ ਅਤੇ ਇਨ੍ਹਾਂ ਦੀ ਐਡਮਨਿਸਟਰੇਸ਼ਨ ਐਨੀ ਢਿੱਲੀ ਹੋ ਜਾਵੇ ਤਾਂ ਫਿਰ ਗੌਰਮਿੰਟ ਬਿਲਕੁਲ ਫੇਲ੍ਹ ਹੋ ਜਾਵੇਗੀ । ਫਿਰ ਤਾਂ ਇਨ੍ਹਾਂ ਦੇ ਡਰਾਮੇ ਹੀ ਹੋਣਗੇ ਅਤੇ ਕਰਨਾ ਕਰਾਉਣਾ ਕੁਝ ਨਹੀਂ ਹੈ । ਜੇ ਸਮੱਗਲਿੰਗ ਦੂਰ ਕਰਨੀ ਹੈ, ਚੰਗੀ ਐਡਮਨਿਸਟਰੇਸ਼ਨ ਦੇਣੀ ਹੈ ਤਾਂ ਇਸ ਵੱਲ ਤਕੜੇ ਹੋ ਕੇ ਅੱਗੇ ਵਧਣਾ ਚਾਹੀਦਾ ਹੈ ।

(ਇਸ ਸਮੇਂ ਸ਼੍ਰੀ ਸਪੀਕਰ ਨੇ ਸ਼੍ਰੀ ਭਗਵਾਨ ਦਾਸ ਨੂੰ ਬੋਲਣ ਲਈ ਕਿਹਾ ।)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਕਿਹਾ ਸੀ, ਇਸ ਲਈ ਹੁਣ ਮੈਂ ਬੋਲਣਾ ਚਾਹੁੰਦਾ ਹਾਂ । (ਵਿਘਨ) ਤੁਸੀਂ ਮੈਨੂੰ ਪਹਿਲਾਂ ਕਾਲ ਅਪਾਨ ਕੀਤਾ ਸੀ ।

ਸ਼੍ਰੀ ਸਪੀਕਰ : ਤੁਸੀਂ ਭਗਵਾਨ ਦਾਸ ਜੀ ਤੋਂ ਬਾਅਦ ਬੋਲ ਲੈਣਾ ।

(ਸ਼੍ਰੀ ਭਗਵਾਨ ਦਾਸ ਜੀ ਬਿਲਕੁਲ ਮਾਈਕ ਦੇ ਨੇੜੇ ਹੋ ਕੇ ਬੋਲ ਰਹੇ ਸਨ ਪਰ ਉਨ੍ਹਾਂ ਦੀ ਆਵਾਜ਼ ਸਾਫ ਸੁਣਾਈ ਨਹੀਂ ਸੀ ਦੇ ਰਹੀ ।)

ਸ਼੍ਰੀ ਭਗਵਾਨ ਦਾਸ (ਕੋਟ ਕਪੂਰਾ) : ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਜੋ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਟਾਈਮ ਦਿੱਤਾ ਹੈ । ਇਸ ਭਾਸ਼ਣ ਵਿਚ ਪਛੜੀਆਂ ਸ਼੍ਰੇਣੀਆਂ, ਗਰੀਬ ਲੋਕਾਂ ਆਦਿ ਵਾਸਤੇ ਕਾਫੀ ਕੁਝ ਕਿਹਾ ਗਿਆ ਹੈ । ਇਸ ਭਾਸ਼

[ਸ਼੍ਰੀ ਭਗਵਾਨ ਦਾਸ]

ਵਿਚ ਪੰਜਾਬ ਦੀ ਰੂਪ ਰੇਖਾ ਬੜੀ ਸੋਹਣੀ ਤਰ੍ਹਾਂ ਉਲੀਕੀ ਗਈ ਹੈ। ਪੰਜਾਬ ਦੀ ਤਰੱਕੀ ਦੀਆਂ ਬੜੀਆਂ ਸੋਹਣੀਆਂ ਗੱਲਾਂ ਦਾ ਇਸ ਵਿਚ ਜ਼ਿਕਰ ਕੀਤਾ ਗਿਆ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਇਹ ਆਪੋਜ਼ੀਸ਼ਨ ਵਿਚ ਬੈਠੇ ਵੀਰ ਵੀ ਸਾਡਾ ਇਸ ਵਿਚ ਸਾਥ ਦੇਣ ਪਰ ਇਹ ਇਸ ਤਰ੍ਹਾਂ ਦਾ ਸਾਥ ਨਾ ਦੇਣ ਜਿਸ ਤਰ੍ਹਾਂ ਇਨ੍ਹਾਂ ਨੇ ਤਲਵਾਰਾਂ ਅਤੇ ਡਾਂਗਾਂ ਚਲਾਕੇ ਦੱਸਿਆ ਸੀ।

ਸ੍ਰੀ ਸਪੀਕਰ : ਭਗਵਾਨ ਦਾਸ ਜੀ, ਤੁਹਾਡੀ ਆਵਾਜ਼ ਸਾਫ ਸੁਣਾਈ ਨਹੀਂ ਦੇ ਰਹੀ ਇਸ ਲਈ ਤੁਸੀਂ ਥੋੜ੍ਹਾ ਜਿਹਾ ਪਿਛੇ ਹਟ ਕੇ ਬੋਲੋ।

ਸ੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ 21 ਜਨਵਰੀ ਨੂੰ ਡਾਂਗਾਂ ਅਤੇ ਤਲਵਾਰਾਂ ਨਾਲ ਮੁਜ਼ਾਹਰਾ ਕੀਤਾ ਸੀ ਇਸ ਤਰ੍ਹਾਂ ਕਰਕੇ ਇਹ ਜਮਹੂਰੀਅਤ ਨੂੰ ਖਤਮ ਕਰਨ ਦੀਆਂ ਗੱਲਾਂ ਕਰ ਰਹੇ ਹਨ ਜਿਸ ਜਮਹੂਰੀਅਤ ਨੂੰ ਹਜ਼ਾਰਾਂ ਲੋਕਾਂ ਨੇ ਆਪਣੀਆਂ ਕੁਰਬਾਨੀਆਂ ਦੇਕੇ ਪ੍ਰਾਪਤ ਕੀਤਾ ਹੈ।

ਸਾਨੂੰ ਇਹ ਜਮਹੂਰੀਅਤ ਜੋ ਮਿਲੀ ਹੈ ਅਤੇ ਸਾਨੂੰ ਵੋਟਾਂ ਦੇਣ ਦਾ ਹੱਕ ਜੋ ਮਿਲਿਆ ਹੈ ਉਸਨੂੰ ਇਹ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਛੀਨਣਾ ਚਾਹੁੰਦੇ ਹਨ। ਇਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ—

'ਕਿਆ ਇਸੀ ਲੀਏ ਤਕਦੀਰ ਨੇ ਚੁਣਵਾਏ ਥੇ ਤਿਨਕੇ
ਕੇ ਬਨ ਜਾਵੇ ਤੋ ਨਸੀਮਨ ਕੋਈ ਆਗ ਲਗਾ ਦੇ।'

ਸਪੀਕਰ ਸਾਹਿਬ, ਮੈਂ ਸੱਜੇ ਖੱਬੇ ਬੈਠੇ ਸਾਹਮਣੇ ਦੋਸਤਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਥੇ ਗਏ ਇਨ੍ਹਾਂ ਦੇ ਗਰੀਬਾਂ ਨਾਲ ਹਮਦਰਦੀ ਦੇ ਨਾਹਰੇ, ਕਿੱਥੇ ਗਈ ਕਿਸਾਨਾਂ ਨਾਲ ਇਨ੍ਹਾਂ ਦੀ ਹਮਦਰਦੀ ? ਇਨ੍ਹਾਂ ਢਾਈ ਸਾਲ ਵਿਚ ਪੰਜਾਬ ਦੇ ਕਿਸਾਨ ਦਾ ਬੁਰਾ ਹਾਲ ਕਰ ਦਿੱਤਾ। ਇਨ੍ਹਾਂ ਦੇ ਰਾਜ ਵਿਚ 208 ਰੁਪਏ ਤੋਂ 250 ਰੁਪਏ ਤਕ ਨਰਮੇ ਦਾ ਭਾਅ ਗਿਆ ਸੀ। ਕੀ ਇਹ ਕਿਸਾਨਾਂ ਨਾਲ ਹਮਦਰਦੀ ਸੀ ਤੁਹਾਡੀ ? (ਵਿਘਨ) (ਮਾਨਯੋਗ ਮੈਂਬਰ ਸਰਦਾਰ ਬਲਦੇਵ ਸਿੰਘ ਮਾਨ ਵਲੋਂ ਵਿਘਨ) ਮਾਨ ਸਾਹਿਬ, ਧਿਆਨ ਨਾਲ ਸੁਣੋ। ਇੰਟ੍ਰਪਟ ਨਾ ਕਰੋ। ਪੰਜਾਬ ਦੇ ਲੋਕ ਜਾਣਦੇ ਹਨ ਕਿ ਪੰਜਾਬ ਦੇ ਲੋਕਾਂ ਦੇ ਹਿਤੈਸ਼ੀ ਕੌਣ ਹਨ ? ਜ਼ਿਮੀਦਾਰਾਂ ਦੇ, ਛੋਟੇ ਕਿਸਾਨਾਂ ਦੇ ਹਮਦਰਦ ਕੌਣ ਹਨ ? ਤੁਸੀਂ ਪੰਜਾਬ ਦੇ ਕਿਸਾਨਾਂ ਦੇ ਹਿਤੈਸ਼ੀ ਨਹੀਂ ਹੋ, ਤੁਸੀਂ ਕਿਸਾਨਾਂ ਦੇ ਹਿੱਤਾਂ ਤੇ ਡੰਗ ਮਾਰਿਆ ਹੈ। ਤੁਸੀਂ ਤਾਂ ਉਨ੍ਹਾਂ ਵਾਸਤੇ ਡਾਕੂ ਹੋ ਜਿਨ੍ਹਾਂ ਦੇ ਹੱਕਾਂ ਤੇ ਤੁਸੀਂ ਡਾਕਾ ਮਾਰਿਆ ਹੈ। ਚੰਦ ਇਕ ਸਰਮਾਇਦਾਰ ਅਤੇ ਬੜੇ ਜ਼ਿਮੀਦਾਰਾਂ ਨੇ ਇਕੱਠੇ ਹੋ ਕੇ ਛੋਟੇ ਕਿਸਾਨ ਨੂੰ ਲੁਟਿਆ ਹੈ, ਜਿਸ ਨੇ ਮਜ਼ਦੂਰੀ ਕਰਕੇ 5-10 ਘੁਮਾਂ ਜ਼ਮੀਨ ਵਿਚ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਭਰਨਾ ਹੈ ਉਨ੍ਹਾਂ ਦੇ ਹੱਕ ਤੁਸੀਂ ਛੀਨੇ ਹਨ। ਸਾਹਮਣੇ ਸੱਜੇ ਪਾਸੇ ਬੈਠੇ ਦੋਸਤਾਂ ਜਿਹੜੇ ਮਜ਼ਦੂਰਾਂ ਦੇ ਬੜੇ ਹਮਦਰਦ ਬਣਦੇ ਹਨ, ਮਜ਼ਦੂਰਾਂ ਦੀ ਹਮਦਰਦੀ ਦੀ ਗੱਲ ਕਰਦੇ ਹਨ ਉਹ ਇਨ੍ਹਾਂ ਦੇ ਪਿੱਠੂ ਬਣ ਗਏ। (ਵਿਘਨ)— ਜਦੋਂ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਦੇ ਬਾਰੇ ਇਥੇ ਰੈਜ਼ੋਲਿਊਸ਼ਨ ਲਿਆਂਦਾ ਤਾਂ ਇਹ ਇਨ੍ਹਾਂ ਦੇ ਪਿੱਠੂ ਬਣ ਗਏ। ਕਿਥੇ ਗਈ ਇਨ੍ਹਾਂ ਦੀ ਪੰਜਾਬ ਦੇ ਲੋਕਾਂ ਨਾਲ, ਪੰਜਾਬ ਦੇ ਮਜ਼ਦੂਰਾਂ ਨਾਲ, ਪੰਜਾਬ ਦੇ ਛੋਟੇ ਕਿਸਾਨਾਂ ਨਾਲ, ਪੰਜਾਬ ਦੇ ਛੋਟੇ ਦੁਕਾਨਦਾਰਾਂ ਨਾਲ ਹਮਦਰਦੀ, ਕਿਥੇ ਗਿਆ ਇਨ੍ਹਾਂ ਦਾ ਅਸੂਲ? (ਕਾਮਰੇਡ ਸੱਘੜ ਸਿੰਘ ਜੀ ਵਲੋਂ ਵਿਘਨ) ਇਹ ਤਾਂ ਉਹ ਗਲ ਹੋਈ—

'ਮੁੱਛ ਵੇਚ ਕੇ ਘੋੜੀ ਲਈ, ਦੁਧ ਪੀਣੋਂ ਗਏ ਲਿੱਦ ਚੁੱਕਣੀ ਪਈ।'

ਮੈਂ ਇਨ੍ਹਾਂ ਦੋਸਤਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਆਜ਼ਾਦੀ ਬੜੀ ਕੁਰਬਾਨੀਆਂ ਨਾਲ ਹਾਸਲ ਕੀਤੀ ਹੈ। ਇਨ੍ਹਾਂ ਨੂੰ ਸਿਵਾਏ ਇਸ ਗਲ ਤੋਂ ਕਿ ਸਾਡੇ ਨੌਜਵਾਨਾਂ ਨੂੰ, ਸਾਡੇ ਬੱਚਿਆਂ ਨੂੰ ਜਿਨ੍ਹਾਂ ਤੇ ਸਾਡੀਆਂ ਨਿਗਾਵਾਂ ਹਨ ਜਿਨ੍ਹਾਂ ਨੇ ਪੰਜਾਬ ਦਾ ਭਵਿਖ ਬਣਨਾ ਹੈ, ਜਿਹੜੇ ਹਿੰਦੁਸਤਾਨ ਦਾ ਭਵਿਖ ਹਨ ਉਨ੍ਹਾਂ ਨੂੰ ਗਲਤ ਰਾਹਾਂ ਤੇ ਚਲਾਉਣ ਦ ਬਿਨਾਂ ਹੋਰ ਕੋਈ ਕੰਮ ਨਹੀਂ। (ਕਾਮਰੇਡ ਸੱਘੜ ਸਿੰਘ ਜੀ ਵਲੋਂ ਵਿਘਨ) ਅਸੀਂ ਲੋਕਾਂ ਦੇ ਨਾਲ ਵਾਇਦਾ ਕਰਕੇ ਆਏ ਹਾਂ। ਇਹ ਸਰਕਾਰ ਬਣੀ ਨੂੰ ਹਾਲੀਂ ਛੇ ਮਹੀਨੇ ਹੀ ਹੋਏ ਹਨ। (ਵਿਘਨ)

ਕਾਮਰੇਡ ਸੱਘੜ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ)

ਸ੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਇਸ ਸਰਕਾਰ ਬਣੇ ਨੂੰ ਹਾਲੀਂ ਛੇ ਮਹੀਨੇ ਹੀ ਹੋਏ ਹਨ ਲੇਕਿਨ ਪੰਜਾਬ ਦੀ ਜਨਤਾ ਵਾਸਤੇ, ਪੰਜਾਬ ਦੇ ਪਛੜੇ ਵਰਗ ਵਾਸਤੇ, ਪੰਜਾਬ ਦੇ ਗਰੀਬ ਕਿਸਾਨ ਵਾਸਤੇ, ਪੰਜਾਬ ਦੇ ਛੋਟੇ ਦੁਕਾਨਦਾਰ ਵਾਸਤੇ ਕਾਫੀ ਕੰਮ ਕਰਨੇ ਸ਼ੁਰੂ ਕਰ ਦਿੱਤੇ ਹਨ। ਸਰਕਾਰ ਨੂੰ ਹਾਲੀਂ ਛੇ ਮਹੀਨੇ ਹੀ ਹੋਏ ਹਨ ਪਰ ਸਾਹਮਣੇ ਬੈਂਚਾਂ ਤੇ ਬੈਠਿਆਂ ਇਨ੍ਹਾਂ ਦੋਸਤਾਂ ਨੇ ਕਦੇ ਜੁਆਕਾਂ ਨੂੰ ਅਗੇ ਲਿਆ ਕੇ ਖੜਾ ਕਰ ਦਿੱਤਾ, ਕਦੇ ਕੋਈ ਐਜੀਟੇਸ਼ਨ ਕਰਾ ਦਿੱਤੀ ਅਤੇ ਕਦੇ ਕੋਈ ਝਗੜਾ ਖੜਾ ਕਰਵਾ ਦਿੱਤਾ। ਇਹ ਆਪਣੇ ਆਪ ਨੂੰ ਪੰਜਾਬ ਦੇ ਲੋਕਾਂ ਦਾ ਹਿਤੈਸ਼ੀ ਦਸਦੇ ਹਨ ਪਰ ਨਾ ਇਨ੍ਹਾਂ ਲੋਕਾਂ ਦੇ ਮਨ ਵਿਚ ਪੰਜਾਬ ਦੇ ਲੋਕਾਂ ਨਾਲ ਪਿਆਰ ਹੈ, ਨਾ ਦੇਸ਼ ਨਾਲ ਪਿਆਰ ਹੈ, ਨਾ ਡੈਮੋਕਰੇਸੀ ਨਾਲ ਪਿਆਰ ਹੈ। ਇਨ੍ਹਾਂ ਦਾ ਤਾਂ ਇਹ ਹਾਲ ਹੈ ਕਿ

'ਰੋਂਦੀ ਯਾਰਾਂ ਨੂੰ ਨਾਮ ਲੈ ਲੈ ਕੇ ਭਰਾਵਾਂ ਦਾ'

(ਥੇਪਿੰਗ) (ਵਿਘਨ) ਅਸੀਂ ਦੇਸ਼ ਨੂੰ ਬੜੀਆਂ ਕੁਰਬਾਨੀਆਂ ਦੇ ਨਾਲ ਆਜ਼ਾਦ ਕਰਵਾਇਆ ਹੈ। ਜਦੋਂ ਕੁਰਸੀ ਇਨ੍ਹਾਂ ਤੋਂ (ਵਿਰੋਧੀ ਪਾਰਟੀ ਵਲ ਇਸ਼ਾਰਾ) ਖੁਸ ਗਈ ਤਾਂ ਕਦੇ ਜੁਆਕਾਂ ਨੂੰ ਅਗੇ ਲਾ ਦਿੱਤਾ, ਕਦੇ ਮਜ਼ਦੂਰਾਂ ਨੂੰ ਅਗੇ ਲਾ ਦਿੱਤਾ। ਰੱਬ ਦੇ ਵਾਸਤੇ, ਵਾਹਿਗੁਰੂ ਦੇ ਵਾਸਤੇ ਪੰਜਾਬ ਦੀ ਗਰੀਬ ਜਨਤਾ ਦੇ ਵਾਸਤੇ, ਪੰਜਾਬ ਦੇ ਪੱਛੜੇ ਹੋਏ ਵਰਗ ਦੇ ਵਾਸਤੇ ਕ੍ਰਿਪਾ ਕਰਕੇ ਇਹ ਸਰਕਾਰ ਜੋ ਪੰਜਾਬ ਦੀ ਤਰੱਕੀ ਦੇ ਕੰਮ ਕਰ ਰਹੀ ਹੈ, ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਜੋ ਕੰਮ ਕਰ ਰਹੀ ਹੈ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜੋ ਤਰੱਕੀ ਦੀਆਂ ਚੀਜ਼ਾਂ ਪੇਸ਼ ਕੀਤੀਆਂ ਹਨ ਉਨ੍ਹਾਂ ਦਾ ਸਹਿਯੋਗ ਦਿਉ। ਤੁਸੀਂ ਤਾਂ 3 ਸਾਲਾਂ ਵਿਚ ਪੰਜਾਬ ਦਾ ਨਕਸ਼ਾ ਹੀ ਵਿਗਾੜ ਕੇ ਰੱਖ ਦਿੱਤਾ ਸੀ, ਪੰਜਾਬ ਦੀ ਖੂਬਸੂਰਤੀ ਨੂੰ ਵਿਗਾੜ ਕੇ ਰੱਖ ਦਿੱਤਾ ਸੀ, ਚਲਦੀ ਗਡੀ ਨੂੰ ਲੀਹ ਤੋਂ, ਪੱਟੜੀ ਤੋਂ ਉਤਾਰ ਕੇ ਰੱਖ ਦਿੱਤਾ ਸੀ, ਹੁਣ ਉਸ ਵਿਗੜੀ ਸੂਰਤ ਨੂੰ ਸੰਵਾਰਨ ਵਿਚ ਤੁਸੀਂ ਸਾਡਾ ਸਾਥ ਦਿਉ। 32-33 ਸਾਲਾਂ ਦੀ ਆਜ਼ਾਦੀ ਤੋਂ ਬਾਦ ਹੁਣ ਇਸ ਸਰਕਾਰ ਨੂੰ ਮੌਕਾ ਮਿਲਿਆ ਹੈ ਸੇਵਾ ਕਰਨ ਦਾ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਲੋਕਾਂ ਨਾਲ ਵਚਨ ਬੱਧ ਹੈ ਕਿ ਹਰ ਗਰੀਬ ਨੂੰ, ਹਰ ਛੋਟੇ ਕਿਸਾਨ ਨੂੰ, ਹਰ ਛੋਟੇ ਦੁਕਾਨਦਾਰ ਨੂੰ ਸਹੂਲਤ ਦਿਤੀ ਜਾਵੇ। ਹਰ ਪਿੰਡ ਵਿਚ ਗਲੀਆਂ, ਨਾਲੀਆਂ ਪੱਕੀਆਂ ਕਰਨੀਆਂ ਹਨ ਔਰ ਪੰਜਾਬ ਵਿਚ, ਪਿੰਡਾਂ ਔਰ ਸ਼ਹਿਰਾਂ ਵਿਚ ਕੋਈ ਇਮਤਿਆਜ਼ ਨਹੀਂ ਰਖਿਆ ਜਾਵੇਗਾ, ਇਸ ਗਲ ਦੇ ਲਈ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵਚਨਬੱਧ ਹੈ। ਜਿਵੇਂ ਹੀਰੋ ਸਾਹਿਬ ਨੇ ਆਪਣੀ ਸਪੀਚ ਵਿਚ ਕੁਰੱਪਸ਼ਨ ਦਾ ਜ਼ਿਕਰ ਕੀਤਾ ਹੈ ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਕੁਰੱਪਸ਼ਨ ਜਿਹੜੀ ਹੈ ਉਹ ਹਰ ਪਹਿਲੂ ਤੋਂ

** Expunged as ordered by the Chair.

[ਸ੍ਰੀ ਭਗਵਾਨ ਦਾਸ]

ਖਤਮ ਹੋਣੀ ਚਾਹੀਦੀ ਹੈ। ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਆਪਣੇ ਢਾਈ ਸਾਲ ਦੇ ਰਾਜ ਵਿਚ ਲੁਟ ਖਸੁਟ ਮਚਾਈ ਰਖੀ ਅਤੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ। ਪੰਜਾਬ ਦੇ ਕਿਸਾਨ ਨੂੰ, ਪੰਜਾਬ ਦੇ ਮਜ਼ਦੂਰ ਨੂੰ, ਪੰਜਾਬ ਦੇ ਛੋਟੇ ਦੁਕਾਨਦਾਰ ਨੂੰ ਇਨ੍ਹਾਂ ਨੇ ਰੱਜ ਕੇ ਲੁਟਿਆ ਹੈ। (ਵਿਘਨ) ਹੁਣ 21 ਜਨਵਰੀ ਵਾਲਾ ਦਿਨ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ। ਅਸੀਂ ਆਪਣੇ ਦੇਸ ਨੂੰ ਬੜੀਆਂ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਇਆ ਹੈ। ਇਹ ਹੁਣ ਆਜ਼ਾਦੀ ਨੂੰ ਛੀਨਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਆਜ਼ਾਦੀ ਅਸੀਂ ਅੰਗਰੇਜ਼ਾਂ ਤੋਂ ਲਈ ਹੈ ਔਰ ਬੜੀਆਂ ਕੁਰਬਾਨੀਆਂ ਦੇ ਕੇ ਲਈ ਹੈ। (ਵਿਘਨ)

'ਲਾਏ ਹੈਂ ਤੂਫਾਨ ਸੇ ਕਿਸ਼ਤੀ ਨਿਕਾਲ ਕਰ,
ਇਸ ਦੇਸ਼ ਕੋ ਰਖਨਾ ਦੇਸ਼ ਵਾਸੀਓ ਸੰਭਾਲ ਕਰ"

ਇਹ ਆਜ਼ਾਦੀ ਹੁਣ ਗਿਦੜਭਬਕੀਆਂ ਨਾਲ ਨਹੀਂ ਛੀਨੀ ਜਾ ਸਕਦੀ। ਇਹ ਤੁਹਾਡੀਆਂ ਕਿਰਪਾਨਾਂ, ਤਲਵਾਰਾਂ ਧਰੀਆਂ ਧਰਾਈਆਂ ਰਹਿ ਜਾਣਗੀਆਂ। ਇਹ ਸਰਕਾਰ ਲੋਕਾਂ ਦੇ ਵਾਸਤੇ ਹੈ। ਪੰਜਾਬ ਦੀ ਵਾਗ ਡੋਰ ਲੋਕਾਂ ਨੇ ਕਾਂਗਰਸ ਨੂੰ ਦਿੱਤੀ ਹੈ, ਤੁਹਾਡੀਆਂ ਤਲਵਾਰਾਂ ਅਤੇ ਕਿਰਪਾਨਾਂ ਹੁਣ ਲੋਕਾਂ ਦੀ ਦਿੱਤੀ ਤਾਕਤ ਖੋਹ ਨਹੀਂ ਸਕਦੀਆਂ। (ਵਿਘਨ) ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਪੰਜਾਬ ਦੀ ਖੁਸ਼ਹਾਲੀ ਲਈ, ਪੰਜਾਬ ਦੇ ਛੋਟੇ ਕਿਸਾਨ ਨੂੰ ਉਚਾ ਚੁਕਣ ਲਈ, ਪੰਜਾਬ ਦੇ ਛੋਟੇ ਦੁਕਾਨਦਾਰ ਨੂੰ ਉਚਾ ਚੁਕਣ ਲਈ ਪੰਜਾਬ ਦੇ ਮਜ਼ਦੂਰ ਦੇ ਭਲੇ ਲਈ, ਪੰਜਾਬ ਦੀ ਜਨਤਾ ਲਈ ਤਰੱਕੀ ਦੇ ਰਾਹ ਵਿਚ ਰੁਕਾਵਟ ਨਾ ਬਣੋ। ਇਹ ਸਰਕਾਰ ਪੰਜਾਬ ਦੇ ਛੋਟੇ ਕਿਸਾਨ ਨੂੰ ਚੰਗੇ ਭਾਅ ਦੇ ਰਹੀ ਹੈ। ਨਰਮੇ ਦੇ, ਗੰਨੇ ਦੇ ਭਾਅ ਤੁਸੀਂ ਆਪ ਹੀ ਦੇਖ ਲਓ ਕਿ ਇਸ ਸਰਕਾਰ ਨੇ ਕੀ ਦਿੱਤੇ ਹਨ। ਸ਼ਹਿਰਾਂ ਦੇ ਹਰੀਜਨਾਂ ਨੂੰ ਪਲਾਟ ਦਿੱਤੇ ਹਨ, ਮਿਊਂਸਪਲ ਕਮੇਟੀਆਂ ਨੂੰ ਜਗ੍ਹਾ ਜਗ੍ਹਾ ਹਦਾਇਤਾਂ ਕੀਤੀਆਂ ਹਨ ਕਿ ਬੇਘਰਿਆਂ ਨੂੰ ਘਰ ਦਿਓ। ਇਹ ਸਾਰਾ ਕੁਝ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ 20 ਨੁਕਾਤੀ ਪ੍ਰੋਗਰਾਮ, 25 ਨੁਕਾਤੀ ਪ੍ਰੋਗਰਾਮ ਨੂੰ ਜੋ ਕਿ ਲੋਕਾਂ ਦੇ ਸਾਹਮਣੇ ਰਖਿਆ ਗਿਆ ਹੈ ਉਸ ਨੂੰ ਪੂਰਾ ਕਰਨ ਦੇ ਯਤਨ ਹਨ। ਜੋ ਅਸੀਂ ਲੋਕਾਂ ਨੂੰ ਵਚਨ ਦੇ ਕੇ ਆਏ ਹਾਂ, ਜੋ ਲੋਕਾਂ ਨਾਲ ਵਾਇਦਾ ਕਰਕੇ ਆਏ ਹਾਂ ਉਸ ਨੂੰ ਪੂਰਾ ਕਰਨ ਦੇ ਯਤਨ ਹਨ। ਮੇਰੀ ਹਥ ਜੋੜ ਕੇ ਅਪੀਲ ਹੈ ਕਿ ਪੰਜਾਬ ਦੀ ਖੁਸ਼ਹਾਲੀ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ, ਪੰਜਾਬ ਦੇ ਛੋਟੇ ਕਿਸਾਨ, ਮਜ਼ਦੂਰ ਅਤੇ ਗਰੀਬ ਵਾਸਤੇ ਜੋ ਇਹ ਸਰਕਾਰ ਤਰੱਕੀ ਦੇ ਕੰਮ ਕਰ ਰਹੀ ਹੈ ਉਸ ਦੇ ਵਿਚ ਸਾਡਾ ਤੁਸੀਂ ਪੂਰਾ ਪੂਰਾ ਸਹਿਯੋਗ ਦਿਓ। ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦੀ ਪੁਰ ਜ਼ੋਰ ਤਾਈਦ ਕਰਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ.ਸੀ.): ਸਪੀਕਰ ਸਾਹਿਬ, ਜਿਹੜਾ ਯਸ਼ ਜੀ ਨੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ ਕਿਉਂਕਿ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਤੱਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਹ ਲੋਕਾਂ ਤੋਂ ਪਰੇ, ਬੇਦਲੀਲ ਤੇ ਥੋਥਾ ਭਾਸ਼ਣ ਹੈ। ਸਪੀਕਰ ਸਾਹਿਬ ਇਹ ਸਾਡੇ ਲੋਕਾਂ ਦੀ ਗਵਰਨਰ ਸਾਹਿਬ ਨੇ ਤੌਹੀਨ ਕੀਤੀ ਹੈ।

ਇਕ ਪਾਸੇ ਸਾਡੇ ਪੰਜਾਬ ਦੇ ਵਿਚੋਂ ਆਏ ਕੋਨੇ ਕੋਨੇ ਤੋਂ ਸਾਰੇ ਲੋਕ ਇਥੇ ਇਕੱਠੇ ਹੋ ਕੇ ਆਪਣੀਆਂ ਮੰਗਾਂ ਲੈ ਕੇ ਆਏ ਹੋਣ ਦੂਸਰੇ ਪਾਸੇ ਉਨ੍ਹਾਂ ਤੇ ਲਾਠੀ ਚਾਰਜ ਕੀਤਾ ਜਾਵੇ, ਅਥਰੂ ਗੈਸ ਦੇ ਗੋਲੇ ਚਲਾਏ ਜਾਣ ਅਤੇ ਗੋਲੀਆਂ ਚਲਾਈਆਂ ਜਾਂਦੀਆਂ ਹੋਣ, ਗਵਰਨਰ ਸਾਹਿਬ ਨੇ ਉਸ ਬਾਰੇ ਇਕ ਲਫਜ਼ ਤਕ ਨਹੀਂ ਵਰਤਿਆ ਕਿ ਇਹ ਅਫਸੋਸਨਾਕ ਗੱਲ ਹੋਈ ਹੈ। ਇਸ ਨਾਲ ਗਵਰਨਰ ਸਾਹਿਬ ਨੇ ਸਾਡੇ ਲੋਕਾਂ ਦੀ ਤੌਹੀਨ ਕੀਤੀ ਹੈ। ਇਸ ਦੇ ਨਾਲ ਹਾਂ ਸਾਡੇ ਜਿਹੜੇ ਮਿਹਨਤ ਕਰਨ ਵਾਲੇ ਲੋਕਾਂ ਦੇ ਮਸਲ੍ਹ

ਹਨ ਉਨ੍ਹਾਂ ਨੂੰ ਟੱਚ ਤਕ ਨਹੀਂ ਕੀਤਾ। ਇਹ ਗਲ ਕਹਿ ਦਿਤੀ ਹੈ ਕਿ ਮੇਰੀ ਸਰਕਾਰ ਨੇ ਗਰੀਬੀ ਦੀ ਹੱਦ ਥੱਲੇ ਜਿਹੜੇ ਲੋਕ ਰਹਿੰਦੇ ਹਨ ਉਨ੍ਹਾਂ ਦਾ ਸਰਵੇ ਕੀਤਾ ਹੈ ਜਿਨ੍ਹਾਂ ਵਿਚੋਂ 38 ਪ੍ਰਤੀਸ਼ਤ ਸ਼ਹਿਰਾਂ ਵਿਚ ਰਹਿੰਦੇ ਹਨ ਅਤੇ 12 ਪ੍ਰਤੀਸ਼ਤ ਪਿੰਡਾਂ ਵਿਚ ਰਹਿੰਦੇ ਹਨ । ਇਹ ਤਾਂ 50 ਪ੍ਰਤੀਸ਼ਤ ਹੋ ਗਿਆ। ਪਰ ਉਨ੍ਹਾਂ ਵਾਸਤੇ ਕੀ ਸਕੀਮ ਹੈ ਜਾਂ ਸਰਕਾਰ ਕੀ ਕਰ ਰਹੀ ਹੈ ਇਸ ਬਾਰੇ ਇਕ ਸ਼ਬਦ ਵੀ ਐਡ ਨਹੀਂ ਕੀਤਾ। ਜ਼ਮੀਨੀ ਸੁਧਾਰ ਦਾ ਮਸਲਾ ਹੈ ਜਿਸ ਨਾਲ ਗਰੀਬਾਂ ਦਾ ਭਲਾ ਹੋਣਾ ਸੀ ਇਸ ਬਾਰੇ ਵੀ ਭਾਸ਼ਣ ਵਿਚ ਕੋਈ ਲਫ਼ਜ਼ ਨਹੀਂ । ਗਰੀਬ ਲੋਕਾਂ ਦੀਆਂ ਉਜਰਤਾਂ ਬਾਰੇ ਕਿਸੇ ਮਸ਼ੀਨਰੀ ਦਾ ਕੋਈ ਜ਼ਿਕਰ ਨਹੀਂ । ਹਰੀਜਨਾਂ ਤੇ ਜਿਹੜੇ ਜ਼ੁਲਮ ਹੋ ਰਹੇ ਹਨ ਉਨ੍ਹਾਂ ਵਾਸਤੇ ਮੂੰਹ ਤੱਕ ਨਹੀਂ ਖੋਲ੍ਹਿਆ। ਇਸ ਲਈ ਗਵਰਨਰ ਸਾਹਿਬ ਦਾ ਜਿਹੜਾ ਭਾਸ਼ਣ ਹੈ ਇਹ ਓਪਰਾ ਓਪਰਾ ਹੈ, ਹਕੀਕਤ ਨਾਲ ਮੇਲ ਨਹੀਂ ਖਾਂਦਾ। ਸਾਡੇ ਜਿਹੜੇ ਖੇਤ ਮਜ਼ਦੂਰ ਹਨ, ਉਨ੍ਹਾਂ ਦੀਆਂ ਕੀ ਕਦਰਾਂ ਹਨ, ਕੀ ਲੋੜਾਂ ਹਨ ਉਨ੍ਹਾਂ ਨੂੰ ਭਾਂਪਿਆ ਨਹੀਂ । ਉਨ੍ਹਾਂ ਨੇ ਸਿਰਫ ਇਤਨਾ ਕਿਹਾ ਕਿ 50 ਪ੍ਰਤੀਸ਼ਤ ਲੋਕ ਗਰੀਬੀ ਦੀ ਹਦ ਤੋਂ ਥੱਲੇ ਰਹਿੰਦੇ ਹਨ । ਇਨ੍ਹਾਂ ਦੇ ਰਾਜ ਵਿਚ ਗਰੀਬੀ ਦੀ ਗਿਣਤੀ ਵਧਦੀ ਜਾ ਰਹੀ ਹੈ । ਇਨ੍ਹਾਂ ਨੇ ਕੀ ਕੀਤਾ । ਹਿੰਦੁਸਤਾਨ ਪੱਧਰ ਦੇ ਅੰਕੜੇ, 1971 ਦੀ ਮਰਦਮ ਸ਼ੁਮਾਰੀ ਵੇਖਣ ਤੋਂ ਪਤਾ ਲਗਦਾ ਹੈ ਕਿ 42 ਪ੍ਰਤੀਸ਼ਤ ਲੋਕ ਸਨ ਪਰ ਅੱਜ ਉਨ੍ਹਾਂ ਦੀ ਗਿਣਤੀ 72 ਪ੍ਰਤੀਸ਼ਤ ਹੋ ਗਈ ਹੈ । ਇਨ੍ਹਾਂ ਵਿਚੋਂ 60 ਪ੍ਰਤੀਸ਼ਤ ਥਿਲੋ ਪਾਵਰਟੀ ਲਾਈਨ ਤੇ ਹਨ । ਐਸੇ ਸਾਡੇ ਪੰਜਾਬ ਵਿਚ 8 ਲੱਖ ਪਰਿਵਾਰ ਹਨ ਜਿਨ੍ਹਾਂ ਦੀ ਗਿਣਤੀ 40 ਲੱਖ ਹੈ , ਉਨ੍ਹਾਂ ਲਈ ਪੰਜਾਬ ਸਰਕਾਰ ਨੇ ਕੀ ਕੀਤਾ। ਕੀ ਉਨ੍ਹਾਂ ਦੀ ਗਰੀਬੀ ਦੂਰ ਕਰਨ ਲਈ ਕੋਈ ਪ੍ਰਬੰਧ ਕੀਤਾ, ਕੀ ਕੋਈ ਜ਼ਮੀਨਾਂ ਦਾ ਸੁਧਾਰ ਕੀਤਾ ? ਕੁਝ ਵੀ ਨਹੀਂ । ਸਿਰਫ ਅੱਖਾਂ ਪੂੰਝੀਆਂ ਹਨ, ਗਰੀਬੀ ਦੂਰ ਕਰਨ ਲਈ ਸਿਰਫ ਨਾਅਰਾ ਹੀ ਲਾਇਆ ਹੈ ਔਰ ਕਿਹਾ ਹੈ ਕਿ ਗਰੀਬੀ ਹਟਾਉਣ ਲਈ 20 ਨੁਕਾਤੀ ਪ੍ਰੋਗਰਾਮ ਤਿਆਰ ਕੀਤਾ ਹੈ ਜਿਸ ਦਿਨ ਤੋਂ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਕਿਹਾ ਸੀ ਕਿ ਗਰੀਬੀ ਦੂਰ ਕਰਾਂਗੀ ਉਸ ਦਿਨ ਤੋਂ ਗਰੀਬੀ ਵੱਧ ਰਹੀ ਹੈ । ਇਨ੍ਹਾਂ ਦੀਆਂ ਪਾਲਿਸੀਆਂ ਗਰੀਬਾਂ ਨੂੰ ਮਾਰਨ ਵਾਲੀਆਂ ਹਨ । ਇਹ ਤਾਂ ਸਰਮਾਇਆਦਾਰਾਂ, ਜਾਗੀਰਦਾਰਾਂ ਨੂੰ ਪਾਲਣ ਵਾਲੇ ਹਨ। 1972 ਵਿਚ ਗਿਆਨੀ ਜ਼ੈਲ ਸਿੰਘ ਦੀ ਹਕੂਮਤ ਦੇ ਸਮੇਂ ਇਥੇ ਕਿਹਾ ਗਿਆ ਕਿ ਜ਼ਮੀਨਾਂ ਦਾ ਸੁਧਾਰ ਕਰਾਂਗੇ ਅਤੇ ਗਰੀਬਾਂ ਨੂੰ ਜ਼ਮੀਨ ਲੈ ਕੇ ਦੇਣੀ ਹੈ । ਉਨ੍ਹਾਂ ਨੂੰ ਬਹੁਤ ਵੱਡੀਆਂ ਰਿਆਇਤਾਂ ਦੇਣੀਆਂ ਹਨ। ਉਨ੍ਹਾਂ ਨੇ ਕਿਹਾ ਸੀ ਕਿ ਇਕ ਲੱਖ ਏਕੜ ਜ਼ਮੀਨ ਕੱਢਾਂਗੇ, ਪਰ ਕੱਢੀ ਸਿਰਫ 13,750 ਏਕੜ ਅਤੇ ਉਸ ਵਿਚੋਂ ਵੰਡੀ 3,570 ਏਕੜ ਅਤੇ 1097 ਵਿਅਕਤੀਆਂ ਨੂੰ ਦਿੱਤੀ। ਬਾਕੀ ਜ਼ਮੀਨ ਹਾਲੇ ਤਕ ਪਈ ਹੈ। ਇਹ ਗਰੀਬਾਂ ਦੇ ਹਮਦਰਦ ਨਹੀਂ ਹਨ , ਕਹਿੰਦੇ ਜ਼ਰੂਰ ਹਨ। ਸਪੀਕਰ ਸਾਹਿਬ, ਇਹ ਤਾਂ ਵੱਡੇ ਵੱਡੇ ਜਗੀਰਦਾਰਾਂ ਅਤੇ ਸਰਮਾਇਆਦਾਰਾਂ ਦੇ ਹਨ। ਉਨ੍ਹਾਂ ਕੋਲ ਵੱਡੀਆਂ ਵੱਡੀਆਂ ਜਾਇਦਾਦਾਂ ਹਨ। ਵੱਡੇ ਵੱਡੇ ਫਾਰਮ ਹਨ, ਹਜ਼ਾਰਾਂ ਏਕੜ ਜ਼ਮੀਨਾਂ ਹਨ, ਬਾਗਾਂ ਦੇ ਨਾਮ ਤੇ ਅਤੇ ਗਲਤ ਨਾਂਵਾਂ ਤੇ ਜ਼ਮੀਨ ਦਬੀ ਹੋਈ ਹੈ। ਇਹ ਜਿਹੜੀਆਂ ਜ਼ਮੀਨਾਂ ਗਲਤ ਦਬੀ ਬੈਠੇ ਹਨ ਇਹ ਸਾਰੀਆਂ ਕੱਢ ਕੇ 5, 5 ਏਕੜ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਦੇਣੀ ਚਾਹੀਦੀ ਹੈ ਤਾਂਕਿ ਸਾਡੇ ਗਰੀਬ ਲੋਕਾਂ ਨੂੰ ਰਾਹਤ ਮਿਲ ਸਕੇ ਔਰ ਸਾਡੀ ਖਰੀਦ ਸ਼ਕਤੀ ਵੱਧ ਸਕੇ ਹੁਣ ਤਾਂ ਖਰੀਦ ਸ਼ਕਤੀ ਇੰਨੀ ਕਮਜ਼ੋਰ ਹੋ ਗਈ ਹੈ ਕਿ ਆਟਾ ਤੱਕ ਨਹੀਂ ਖਰੀਦਿਆ ਜਾ ਸਕਦਾ ਇਹ ਗਰੀਬਾਂ ਦੀ ਤਾਕਤ ਤੋਂ ਬਾਹਰ ਹੈ । ਇਨ੍ਹਾਂ ਨੇ ਕਿਸਾਨਾਂ ਨੂੰ ਕਣਕ ਦਾ ਦਾਮ 117 ਰੁਪਏ ਦਿਤਾ ਸੀ ਅੱਜ ਹੁਣ 220 ਰੁਪਏ ਕੁਇੰਟਲ ਆਟਾ ਵਿਕ ਰਿਹਾ ਹੈ। ਸਾਡੇ ਗਰੀਬਾਂ ਨੂੰ ਇਸ਼ੂ ਪ੍ਰਾਈਸ ਜਿਹੜੀ ਕਿ 1·30 ਰੁਪਏ ਕਿਲੋ ਹੈ, ਦੇ ਹਿਸਾਬ ਨਾਲ ਆਟਾ 1.40 ਪੈਸੇ ਕਿਲੋ ਦੇਣਾ ਚਾਹੀਦਾ ਹੈ ਇਸ ਦੇ ਨਾਲ ਹੀ ਜਿਹੜੀਆਂ ਦੂਸਰੀਆਂ ਜ਼ਰੂਰੀ ਵਸਤਾਂ ਹਨ ਜਿਵੇਂ ਕਿ ਖੰਡ, ਦਾਲ, ਘੀ, ਮਿੱਟੀ ਦਾ ਤੇਲ ਆਦਿ ਉਹ ਸਾਰੀਆਂ ਚੀਜ਼ ਦੇਣੀ ਆਂ ਚਾਹੀਦੀਆਂ ਹਨ ਤਾਕਿ ਸਾਡਾ ਗਰੀਬ ਆਪਣੇ ਆਪ ਨੂੰ ਜਿਉਂਦਾ ਰਖ ਸਕੇ । (ਵਿਘਨ) (ਸ਼ੋਰ)

[ਮਾਸਟਰ ਚੰਦ ਸਿੰਘ]

ਸਪੀਕਰ ਸਾਹਿਬ, ਗਰਵਨਰ ਸਾਹਿਬ ਨੇ ਉਜਰਤਾਂ ਲਾਗੂ ਕਰਨ ਲਈ ਕੁਝ ਨਹੀਂ ਕਿਹਾ ਕਿ ਕਿਹੜੀ ਮਸ਼ੀਨਰੀ ਲਾਗੂ ਕੀਤੀ ਜਾਵੇਗੀ। ਅੱਜ ਪੰਜਾਬ ਦੇ ਵਿਚ ਸਰਕਾਰ ਵਲੋਂ ਦਿਹਾੜੀ 7.70 ਰੁਪਏ ਰੋਟੀ ਨਾਲ ਅਤੇ 9.70 ਰੁਪਏ ਬਿਨਾ ਰੋਟੀ ਦੇ ਮੁਕਰੱਰ ਕੀਤੀ ਹੋਈ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਜਿਹੜੀ ਨਿਯਤ ਕੀਤੀ ਦਿਹਾੜੀ ਹੈ ਉਸ ਨੂੰ ਲਾਗੂ ਕਰਨ ਲਈ ਬਲਾਕ ਪੱਧਰ ਤੇ ਕੋਈ ਨਾ ਕੋਈ ਇਨਸਪੈਕਟਰ ਹੋਣਾ ਚਾਹੀਦਾ ਹੈ ਤਾਕਿ ਜਿਥੇ ਕਿਤੇ ਕੋਈ ਝਗੜਾ ਹੋਵੇ, ਗੱਲ ਬਾਤ ਕਰਕੇ ਝਗੜਾ ਮਿਟਾਇਆ ਜਾ ਸਕੇ ਅਤੇ ਅਸਰਦਾਰ ਮਸ਼ੀਨਰੀ ਕਾਇਮ ਕਰਨੀ ਚਾਹੀਦੀ ਹੈ। ਜਿਹੜੀ ਮਿਨੀਮੱਮ ਵੇਜਿਜ਼ ਐਗਰੀ-ਕਲਚਰ ਲੇਬਰ ਵਾਸਤੇ ਮੁਕੱਰਰ ਹੈ ਉਹ ਲਾਗੂ ਕਰ ਸਕੇ। ਸਰਕਾਰ ਇਹ ਲਾਗੂ ਕਰਨ ਵਿਚ ਫੇਲ੍ਹ ਰਹੀ ਹੈ। ਗਵਰਨਰ ਸਾਹਿਬ ਨੇ ਇਸ ਬਾਰੇ ਇਕ ਸ਼ਬਦ ਤਕ ਨਹੀਂ ਕਿਹਾ। (ਵਿਘਨ) ਸਪੀਕਰ ਸਾਹਿਬ ਮੈਂ ਦਸਦਾ ਹਾਂ ਕਿ ਚੰਡੀਗੜ੍ਹ ਬਸ-ਸਟੈਂਡ ਤੇ ਗਰੀਬਾਂ ਦੇ ਬੱਚਿਆਂ ਨੂੰ ਵੇਖ ਲਵੋ। ਜਿਹੜੀਆਂ ਬੋਤਲਾਂ ਦੁੱਧ, ਦੀਆਂ ਲੋਕ ਪੀ ਕੇ ਰੱਖ ਦਿੰਦੇ ਹਨ ਅਤੇ ਉਨ੍ਹਾਂ ਦੇ ਵਿਚ ਜਿਹੜਾ ਦੁੱਧ ਬਚ ਜਾਂਦਾ ਹੈ ਉਹ ਇਕੱਠਾ ਕਰਕੇ ਲੈ ਜਾਂਦੇ ਹਨ ਅਤੇ ਜਾ ਕੇ ਫਿਰ ਚਾਹ ਬਣਾ ਕੇ ਪੀਂਦੇ ਹਨ। ਇਨ੍ਹਾਂ ਨੇ 33 ਸਾਲਾਂ ਵਿਚ ਵੱਡੇ ਵੱਡੇ ਸਰਮਾਇਆਦਾਰਾਂ ਨੂੰ ਹੀ ਪਾਲਿਆ ਹੈ ਅਤੇ ਜਗੀਰਦਾਰਾਂ ਕੋਲੋਂ ਇਕ ਇੰਚ ਜ਼ਮੀਨ ਵੀ ਨਹੀਂ ਕੱਢੀ। ਇਨ੍ਹਾਂ ਗਲਾਂ ਨਾਲ ਕੁਝ ਨਹੀਂ ਬਣਨਾ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਕ ਗੱਲ ਕਹੀ ਹੈ ਕਿ ਪਰ ਕੈਪੀਟਾ ਇਨਕਮ ਪਹਿਲਾਂ ਨਾਲੋਂ ਵੱਧੀ ਹੈ। ਮੈਂ ਕਹਿੰਦਾ ਹਾਂ ਕਿ ਇਸ ਦੇ ਨਾਲ ਬਾਕੀ ਚੀਜ਼ਾਂ ਨੂੰ ਵੀ ਵਖਣਾ ਪੈਂਦਾ ਹੈ। ਆਟੇ ਦਾ ਬੁਰਾ ਹਾਲ ਹੈ ਗਰੀਬਾਂ ਨੂੰ ਹੋਰ ਕੋਈ ਚੀਜ਼ ਮਿਲਦੀ ਨਹੀਂ। ਇਸ ਤਰ੍ਹਾਂ ਦੇ ਫੋਕੇ ਆਂਕੜੇ ਪੇਸ਼ ਕਰਨਾ ਠੀਕ ਨਹੀਂ ਮੈਂ ਕਹਿਣਾ ਚਾਹੁੰਦਾ ਹਾਂਕਿ ਬੱਸਾਂ ਦਾ ਕਿਰਾਇਆ ਵਧਿਆ ਹੈ। ਅੱਜ ਤਕ ਇਤਨਾ ਜ਼ਿਆਦਾ ਕਿਰਾਇਆ ਕਦੇ ਨਹੀਂ ਵਧਿਆ ਜਿਹੜਾ 43 ਪ੍ਰਤੀਸ਼ਤ ਇਨ੍ਹਾਂ ਨੇ ਵਧਾਇਆ ਹੈ। ਮੈਂ ਕਹਿੰਦਾ ਹਾਂ ਕਿ ਟਰਾਂਸਪੋਰਟ ਪਬਲਿਕ ਯੂਟਿਲਟੀ ਹੈ। ਮੈਂ ਕਹਿੰਦਾ ਹਾਂ ਕਿ ਇਹ ਅਗਰ ਪਬਲਿਕ ਯੂਟਿਲਟੀ ਹੈ ਤਾਂ ਫਿਰ ਟੈਕਸ ਲਾਉਣ ਦੀ ਕੀ ਲੋੜ ਸੀ। ਟੈਕਸ ਕਿਉਂ ਲਾਉਂਦੇ ਹਨ ? ਇਹ ਮੁਨਾਫਾ ਕਮਾਉਣ ਲਈ ਹੈ। ਮੈਂ ਕਹਿੰਦਾ ਹਾਂ ਕਿ ਪਿਛਲੇ ਸਮੇਂ ਤੋਂ ਲੈ ਕੇ ਹੁਣ ਤੱਕ ਪ੍ਰਾਈਵੇਟ ਆਪਰੇਟਰ ਕਦੇ ਵੀ ਘਾਟੇ ਵਿਚ ਨਹੀਂ ਰਿਹਾ, ਉਹ ਵਾਧੇ ਵਿਚ ਹੀ ਜਾਂਦੇ ਹਨ। ਕਿਸੇ ਵੀ ਰੂਟ ਤੇ ਪਰਮਿਟ ਲਈ ਦਰਖ਼ਾਸਤਾਂ ਮੰਗ ਲਵੋ ਹਜ਼ਾਰਾਂ ਦਰਖਾਸਤਾਂ ਆ ਜਾਣਗੀਆਂ। ਜੇ ਸਪੀਕਰ ਸਾਹਿਬ, ਇਹ ਘਾਟੇ ਦਾ ਧੰਦਾ ਹੋਵੇ ਤਾਂ ਉਥੇ ਕੋਈ ਰੂਟ ਪਰਮਿਟ ਲੈਣ ਲਈ ਨਾ ਆਵੇ। ਇਹ ਮੁਨਾਫ਼ਾ-ਬਖ਼ਸ਼ ਧੰਧਾ ਹੈ। ਇਹ ਤੇ ਸਰਕਾਰ ਟੈਕਸ ਇਤਨਾ ਕਮਾਉਂਦੀ ਹੈ ਜਿਸਦੀ ਕੋਈ ਹੱਦ ਨਹੀਂ। ਘਾਟਾ ਇਸ ਲਈ ਦਿਖਾਇਆ ਜਾ ਰਿਹਾ ਹੈ ਕਿਉਂਕਿ ਉਥੇ ਮਿਸਮੈਨੇਜਮੈਂਟ ਹੈ ਅਤੇ ਹੋਰ ਕਈ ਦੁਰਪ੍ਰਬੰਧ ਹਨ। ਮੈਂ ਪੀ. ਆਰ. ਟੀ. ਸੀ. ਦੀ ਮਿਸਾਲ ਦੇਣਾ ਚਾਹੁੰਦਾ ਹਾਂ। 1976-77 ਵਿਚ ਇਸ ਦਾ ਘਾਟਾ 1.58 ਕਰੋੜ ਸੀ ਜਿਹੜਾ ਕਿ ਸਾਢੇ ਬਾਰਾਂ ਫੀ ਸਦੀ ਬਣਦਾ ਸੀ। 1979-80 ਵਿਚ ਇਹ ਘੱਟ ਕੇ 64 ਲੱਖ ਰਹਿ ਗਿਆ ਜਿਹੜਾ ਕਿ ਸਵਾ ਤਿੰਨ ਪਰਸੈਂਟ ਬਣਦਾ ਹੈ। ਇਸ ਤਰ੍ਹਾਂ ਇਹ ਘਾਟਾ ਘੱਟਦਾ ਜਾ ਰਿਹਾ ਹੈ। ਪਰ ਤੁਹਾਡਾ ਘਾਟਾ ਕਿਉਂ ਵੱਧਦਾ ਜਾ ਰਿਹਾ ਹੈ। ਇਸਦਾ ਕਾਰਣ ਇਹ ਹੈ ਕਿ ਜਿਹੜੇ ਟੈਕਸ ਤੁਸੀਂ ਲੈਂਦੇ ਹੋ ਇਕ ਸਾਲ ਵਿਚ 654 ਲੱਖ ਦੇ ਹਨ। ਇਸ ਦੇ ਵਿਚ ਸਲਜ਼ ਟੈਕਸ 760 ਲੱਖ ਦਾ ਹੈ ਅਤੇ ਪਰਮਿਟ ਫੀਸ 4 ਲੱਖ ਦੀ ਹੈ, ਪੰਜਾਬ ਸਰਕਾਰ ਦਾ ਵਿਆਜ 47 ਲੱਖ ਬਣਦਾ ਹੈ ਅਤੇ ਮੁਸਾਫਰ ਟੈਕਸ 414 ਲੱਖ ਹੈ ਅਤੇ ਟੋਕਨ ਟੈਕਸ 129 ਲੱਖ ਹੈ। ਇਹ ਸਾਰਾ 654 ਲੱਖ ਰੁਪਏ ਬਣਦਾ ਹੈ ਜਿਹੜਾਕਿ ਇਕ ਸਾਲ ਵਿਚ ਸਰਕਾਰ ਕੋਲ ਜਾਂਦਾ ਹੈ। ਬਾਕੀ ਹੋਰ ਖਰਚਾ ਹੈ। ਜਿਸ ਤਰ੍ਹਾਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਸਪੇਅਰ ਪਾਰਟਸ ਖਰੀਦਣੇ ਹੁੰਦੇ ਹਨ ਅਤੇ ਗਰੇਡਾਂਵਿਚ ਸੋਧ ਦਾ ਪੁਰਾਣਾ ਬਕਾਇਆ ਵੀ ਦੇਣਾ ਹੁੰਦਾ ਹੈ। ਇਹ ਸਾਰਾ ਖਰਚਾ ਇਕ ਸਾਲ ਵਿਚ 11 ਕਰੋੜ 37 ਲੱਖ ਬਣਦਾ ਹੈ। ਬੈਂਕਾਂ

ਤੋਂ ਜਿਹੜਾ ਕਰਜ਼ਾ ਲੈਂਦੇ ਹਨ ਉਸਦਾ ਵਿਆਜ 109 ਲੱਖ ਰੁਪਿਆ ਦਿੰਦੇ ਹਨ । ਰੋਡ ਟੈਕਸ ਇਕ ਸਾਲ ਵਿਚ 132 ਲੱਖ ਰੁਪਏ ਹੈ। ਸਾਰੇ ਟੈਕਸ ਅਤੇ ਖਰਚਾ ਪਾਕੇ ਟੋਟਲ ਖਰਚਾ 21 ਕਰੋੜ 32 ਲੱਖ ਰੁਪਏ ਬਣਦਾ ਹੈ। ਪਰ ਇਹ ਘਾਟਾ ਇਸ ਲਈ ਵਿਖਾਉਂਦੇ ਹਨ ਕਿਉਂਕਿ ਇਕ ਸਾਲ ਵਿਚ ਟਿਕਟਾਂ 20 ਕਰੋੜ 38 ਲੱਖ ਰੁਪਏ ਦੀਆਂ ਵਿਕੀਆਂ ਹਨ । ਪਰ ਟੈਕਸ ਤਾਂ ਸਰਕਾਰ ਦੇ ਕੋਲ ਹੀ ਆਉਂਦੇ ਹਨ। ਇਹ ਸਰਕਾਰੀ ਖਜ਼ਾਨੇ ਵਿਚ ਜਮਾਂ ਹੁੰਦੇ ਹਨ। 7 ਕਰੋੜ 86 ਲੱਖ ਬਤੌਰ ਟੈਕਸ ਸਰਕਾਰ ਦੇ ਖ਼ਜ਼ਾਨੇ ਵਿਚ ਜਮਾਂ ਹੁੰਦਾ ਹੈ । ਫਿਰ ਜਿਹੜਾ ਸਿੱਧ ਬੈਂਕ ਤੋਂ ਕਰਜ਼ਾ ਲੈਂਦੇ ਹਨ ਉਸ ਤੇ ਵਿਆਜ ਸਵਾ ਅੱਠ ਫੀਸਦੀ ਲਗਦਾ ਹੈ । ਇਸ ਤਰ੍ਹਾਂ ਦੂਹਰੀ ਪਾਲਿਸੀ ਕਰਕੇ ਇਹ ਜਾਣ ਬੁਝ ਕੇ ਘਾਟਾ ਦਿਖਾਉਂਦੇ ਹਨ। ਅਸਲੀਅਤ ਇਹ ਹੈ ਕਿ ਇੱਕ ਸਾਲ ਵਿਚ ਇੱਕ ਬੱਸ ਆਪਣੀ ਸਾਰੀ ਕੀਮਤ ਪੂਰੀ ਕਰ ਦਿੰਦੀ ਹੈ ਅਤੇ ਬਾਕੀ ਸੱਤ ਅੱਠ ਸਾਲ ਉਹ ਮੁਨਾਫਾ ਕਮਾ ਕੇ ਦਿੰਦੀ ਹੈ। ਇਹ ਆਪਣੇ ਦੁਰਪ੍ਰਬੰਧ ਕਰਕੇ ਸਾਰਾ ਘਾਟਾ ਜਾਣ ਬੁਝ ਕੇ ਦਿਖਾ ਰਹੇ ਹਨ। ਸਪੀਕਰ ਸਾਹਿਬ, ਫਿਰ ਮਿਸਿੰਗ ਮਾਈਲੇਜ ਦੀ ਗਲ ਕਰ ਲਓ। ਇੱਕ ਸਾਲ ਵਿਚ ਸਰਕਾਰ ਦੇ ਆਪਣੇ ਅੰਕੜਿਆਂ ਦੇ ਮੁਤਾਬਿਕ 1.7 ਕਰੋੜ ਮੀਲ ਮਾਈਲੇਜ ਮਿਸ ਹੋਈ ਹੈ। ਇੱਕ ਮੀਲ ਤੇ 1. 70 ਰੁਪਏ ਕਮਾਈ ਹੁੰਦੀ ਹੈ ਅਤੇ ਇਸ ਤੋਂ 2 ਕਰੋੜ ਦੇ ਕਰੀਬ ਪੈਸਾ ਜ਼ਾਇਆ ਹੋਇਆ ਹੈ । ਇਸ ਪੈਸੇ ਨਾਲ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਸਨ । ਪਰ ਲੋਕਾਂ ਨਾਲ ਬੇਇਨਸਾਫੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਿੱਚ ਇਹ ਸਰਕਾਰ ਸਫਲ ਹੋਈ ਹੈ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੇ ਪ੍ਰਬੰਧ ਨੂੰ ਬਦਲਣ ਅਤੇ ਜਿਹੜਾ ਕਾਰਪੋਰੇਸ਼ਨ ਅਤੇ ਰੋਡਵੇਜ਼ ਦਾ ਟੈਕਸ ਸਰਕਾਰ ਲੈਂਦੀ ਹੈ ਇਹ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕਰਨ ਇਸ ਤਰ੍ਹਾਂ ਇਹ ਕਦੇ ਵੀ ਘਾਟੇ ਵਿੱਚ ਨਹੀਂ ਜਾਵੇਗੀ। ਇਹ ਮੁਨਾਫਾਬਖਸ਼ ਧੰਧਾ ਹੈ। ਇਨ੍ਹਾਂ ਦੇ ਆਪਣੇ ਅੰਕੜੇ ਵੇਖ ਲਓ। । 43 ਪ੍ਰਤੀਸ਼ਤ ਇਨ੍ਹਾਂ ਨੇ ਕਿਰਾਇਆ ਵਧਾਇਆ ਹੈ। ਇਤਨਾ ਕਿਰਾਇਆ ਵਧਾਉਣ ਦੇ ਬਾਵਜੂਦ 24 ਲੱਖ ਰੁਪਏ ਦਾ ਘਾਟਾ ਇੱਕ ਮਹੀਨੇ ਵਿਚ ਹੋ ਗਿਆ ਹੈ ਅਤੇ ਫਿਰ ਇਹ ਇਹ ਵੱਧ ਕੇ 41 ਲੱਖ ਦੂਜੇ ਮਹੀਨੇ ਹੋ ਗਿਆ ਹੈ। ਵੱਧ ਟੈਕਸ ਅਤੇ ਵੱਧ ਮੁਨਾਫਾ ਕਿਧਰ ਨੂੰ ਜਾਂਦਾ ਹੈ। ਇਸ ਨੂੰ ਪਬਲਿਕ ਯੂਟਿਲਟੀ ਡਿਕਲੇਅਰ ਕਰਨ । ਸਾਰੀਆਂ ਪਾਰਟੀਆਂ ਨੇ ਇਹ ਪੁਰਅਮਨ ਮੁਜ਼ਾਹਿਰਾ ਕੀਤਾ ਕਿ ਵਧਾਇਆ ਹੋਇਆ ਕਿਰਾਇਆ ਵਾਪਸ ਲਿਆ ਜਾਵੇ। ਅਸੀਂ ਇਹ ਵੀ ਕਿਹਾ ਕਿ. ਸਪੀਕਰ ਸਾਹਿਬ, ਤੁਹਾਡੀ ਰਹਿਨੁਮਾਈ ਥੱਲੇ ਕਮੇਟੀ ਬਣਾ ਲਈ ਜਾਵੇ । ਅਤੇ ਜਿਹੜੀ ਉਹ ਕਮੇਟੀ ਰਿਪੋਰਟ ਦੇਵੇ, ਉਹ ਡਿਸਕਸ ਕਰ ਲਓ । ਪਰ ਸਰਕਾਰ ਇਹ ਵੀ ਕਰਨ ਨੂੰ ਤਿਆਰ ਨਹੀਂ । ਸਪੀਕਰ ਸਾਹਿਬ, ਜਿਸ ਦਿਨ ਰੌਲਾ ਰੱਪਾ ਪੈ ਰਿਹਾ ਸੀ ਤੁਸੀਂ ਉਸ ਨੂੰ ਹੱਲ ਕਰਵਾਇਆ । ਕਾਹਲੀ ਕਾਹਲੀ ਵਿਚ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਇਨ੍ਹਾਂ ਨੇ ਇਥੇ ਰੈਜ਼ੋਲਿਊਸ਼ਨ ਪੇਸ਼ ਕਰ ਦਿੱਤਾ ਕਿ ਟਰਾਂਸਪੋਰਟ ਦਾ ਕੌਮੀਕਰਣ ਕੀਤਾ ਜਾਵੇ। ਜੇ ਸਰਕਾਰ ਇਸ ਬਾਰੇ ਸੰਜੀਦਾ ਹੈ ਤਾਂ ਬਿਲ ਲਿਆਵੇ । ਅਸੀਂ ਉਸ ਬਿਲ ਦਾ ਵਿਰੋਧ ਨਹੀਂ ਕਰਾਂਗੇ। ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਸੀ ਉਸਦੀ ਵੀ ਅਸੀਂ ਵਿਰੋਧਤਾ ਨਹੀਂ ਕੀਤੀ । ਇਹ ਬਿਲ ਲਿਆਉਣ। ਅਸੀਂ ਪੂਰੀ ਸਪੋਰਟ ਕਰਾਂਗੇ । ਪਰ ਜਿਸ ਦਿਨ ਇਹ ਕੌਮੀਕਰਣ ਦਾ ਨਾਂ ਲੈਂਦੇ ਹਨ ਤਾਂ ਵੱਡੇ ਵੱਡੇ ਟਰਾਂਸਪੋਟਰਾਂ ਤੋਂ ਪੈਸੇ ਲੈ ਲੈਂਦੇ ਹਨ। ਕੌਮੀਕਰਣ ਕੀ ਕਰਨਾ ਹੈ ਇਨ੍ਹਾਂ ਨੇ।

ਸ੍ਰੀ ਸਪੀਕਰ : ਮਾਸਟਰ ਚੰਦ ਸਿੰਘ ਜੀ, 15 ਮਿੰਟ ਹੋ ਗਏ ਹਨ। ਤੁਸੀਂ ਹੁਣ ਖ਼ਤਮ ਕਰੋ ।

ਮਾਸਟਰ ਚੰਦ ਸਿੰਘ : ਮੇਰੀ ਪਾਰਟੀ ਵਲੋਂ ਮੈਂ ਇਕੱਲੇ ਨੇ ਹੀ ਬੋਲਣਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਸਰਕਾਰ ਸੰਜੀਦਾ ਹੈ ਤਾਂ ਇਸੇ ਸੈਸ਼ਨ ਵਿਚ ਬਿਲ ਲਿਆਵੇ । ਜੇ ਇਹ ਕਮੀਕਰਣ ਕਰਨ ਲਈ ਬਿਲ ਲਿਆਵੇਗੀ ਤਾਂ ਮੇਰੀ ਪਾਰਟੀ ਡੱਟ ਕੇ ਇਨ੍ਹਾਂ ਦੀ ਸਪੋਰਟ

[ਮਾਸਟਰ ਚੰਦ ਸਿੰਘ]

ਕਰੇਗੀ। (ਤਾੜੀਆਂ) (ਵਿਘਨ) ਰੌਲਾਂ ਪਾਉਣ ਨਾਲ ਗੱਲ ਨਹੀਂ ਬਣਨੀ । ਲੋਕਾਂ ਵਿਚ ਜਾਓਗੇ ਤਾਂ ਪਤਾ ਲਗੇਗਾ। (ਵਿਘਨ) ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਲੋਕ ਬੱਸਾਂ ਵਿਚ ਕੀਤੇ ਕਿਰਾਏ ਦੇ ਵਾਧੇ ਨੂੰ ਵਾਪਸ ਲੈਣ ਲਈ ਥਾਂ ਥਾਂ ਐਜੀਟੇਸ਼ਨਾਂ ਪੁਰਅਮਨ ਤਰੀਕੇ ਨਾਲ ਕਰ ਰਹੇ ਸਨ। ਦਸੂਹਾ, ਸਪੀਕਰ ਸਾਹਿਬ, ਜ਼ਿਲਾ ਹੁਸ਼ਿਆਰਪੁਰ ਇਕ ਸ਼ਹਿਰ ਹੈ। ਇਹ ਵਿੱਤ ਮੰਤਰੀ ਸਾਹਿਬ ਦਾ ਜ਼ਿਲਾ ਹੈ। ਉਥੇ ਕੀ ਹੋਇਆ। ਉਥੇ ਐਸ. ਡੀ. ਐਮ. ਨੂੰ ਮੈਮੋਰੰਡਮ ਦੇ ਕੇ ਵਿਦਿਆਰਥੀ ਕਾਲਜ ਵਾਪਸ ਆਏ ਤਾਂ ਪੁਲਿਸ ਨੇ ਤਾੜ ਤਾੜ ਗੋਲੀਆਂ ਉਨ੍ਹਾਂ ਤੇ ਚਲਾ ਦਿੱਤੀਆਂ ਅਤੇ ਪੰਜ ਮੁੰਡੇ ਗੰਭੀਰ ਜ਼ਖ਼ਮੀ ਕਰ ਦਿੱਤੇ। ਇਸ ਤਰ੍ਹਾਂ ਦੀ ਹਾਲਤ ਹੋਣੀ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸੀ. ਐਮ. ਸਾਹਿਬ ਨੂੰ ਵੀ ਕਿਹਾ ਸੀਕੀ ਅਸੀਂ ਐਜੀਟੇਸ਼ਨ ਫਾਰ ਦੀ ਸੇਕ ਆਫ ਐਜੀਟੇਸ਼ਨ ਨਹੀਂ ਕਰ ਰਹੇ। ਅਸੀਂ ਤਾਂ ਲੋਕਾਂ ਦੀਆ ਮੰਗਾਂ ਨੂੰ ਲੈ ਕੇ ਐਜੀਟੇਸ਼ਨ ਕਰ ਰਹੇ ਹਾਂ। ਅਸੀਂ ਤਾਂ ਇਹ ਵੀ ਕਿਹਾ ਕਿ ਸਪੀਕਰ ਸਾਹਿਬ ਦੀ ਰਹਿਨੁਮਾਈ ਥੱਲੇ ਇਕ ਕਮੇਟੀ ਬਣਾ ਦਿੱਤੀ ਜਾਵੇ। ਜੋ ਵੀ ਉਹ ਡਿਸੀਜ਼ਨ ਦੇਵੇਗੀ ਅਸੀਂ ਉਸ ਨੂੰ ਮੰਨ ਲਵਾਂਗੇ। ਪਰ ਇਸ ਲਈ ਵੀ ਤਿਆਰ ਨਹੀਂ। ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਇਸਦੀ ਅਦਾਲਤੀ ਜਾਂਚ ਕਰਾਓ। ਜਿਹੜੇ ਵਿਅਕਤੀ ਐਜੀਟੇਸ਼ਨ ਤੋਂ ਪਹਿਲਾਂ ਦੇ ਗ੍ਰਿਫਤਾਰ ਹੋਏ ਹਨ ਉਨ੍ਹਾਂ ਨੂੰ ਛੱਡ ਦਿਓ ਅਤੇ ਉਨ੍ਹਾਂ ਦੇ ਵਿਰੁਧ ਜਿਹੜੇ ਕੇਸ ਕੀਤੇ ਹਨ ਉਹ ਵਾਪਸ ਲਓ । ਜਿਹੜਾ ਵਾਕਿਆ 21 ਤਰੀਖ ਨੂੰ ਹੋਇਆ ਉਹ ਬਹੁਤ ਨਿੰਦਣਯੋਗ ਹੈ। ਇਹ ਜਮਹੂਰੀਅਤ ਦੀਆਂ ਗੱਲਾਂ ਕਰਦੇ ਹਨ। ਇਨ੍ਹਾਂ ਨੇ ਇਥੇ ਜਮਹੂਰੀਅਤ ਖਤਮ ਕਰ ਦਿੱਤੀ । (ਵਿਘਨ)

ਸ਼੍ਰੀ ਸਪੀਕਰ : ਕਾਂਗਰਸੀ ਬੈਂਚਾਂ ਵੱਲੋਂ ਡਿਸਟਰਬੈਂਸ ਨਾ ਕੀਤੀ ਜਾਵੇ ।

ਮਾਸਟਰ ਚੰਦ ਸਿੰਘ : ਯੱਸ਼ ਜੀ ਨੇ ਉਸ ਦਿਨ ਕਿਹਾ ਕਿ ਅਸੀਂ ਜਮਹੂਰੀਅਤ ਵਿੱਚ ਵਿਸ਼ਵਾਸ ਨਹੀਂ ਰਖਦੇ। ਅਸੀਂ ਤਾਂ ਲੋਕਾਂ ਦੀਆਂ ਮੰਗਾਂ ਨੂੰ ਲੈ ਕੇ ਇਥ ਲੜ ਰਹੇ ਹਾਂ। ਅਸੀਂ ਪੁਰਅਮਨ ਤਰੀਕੇ ਨਾਲ ਸਰਕਾਰ ਤੋਂ ਹੱਕ ਮੰਗਦੇ ਹਾਂ । ਇਸ ਸਿਲਸਿਲੇ ਵਿਚ ਅਸੀਂ 1975 ਵਿੱਚ ਵੀ ਘੋਲ ਕੀਤਾ। ਪਰ ਇਨ੍ਹਾਂ ਦੀ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਕਿਉਂਕਿ ਉਹ ਲੋਕਾਂ ਦੇ ਘੋਲਾਂ ਅਤੇ ਬੇਚੈਨੀ ਤੋਂ ਡਰਦੀ ਸੀ, ਇਸ ਲਈ ਇਨ੍ਹਾਂ ਨੇ ਜਮਹੂਰੀਅਤ ਦਾ ਗਲਾ ਘੁੱਟ ਕੇ ਅਮਰਜੈਂਸੀ ਉਦੋਂ ਲਗਾ ਦਿੱਤੀ ਸੀ। ਅੱਜ ਵੀ ਇਨ੍ਹਾਂ ਦੇ ਕਦਮ ਜਮਹੂਰੀਅਤ ਦੇ ਵਿਰੁੱਧ ਹਨ। ਨੈਸ਼ਨਲ ਸਿਕਉਰਟੀ ਐਕਟ ਲਾਗੂ ਕੀਤਾ ਹੈ ਅਸੀਂ ਕਹਿੰਦੇ ਹਾਂ ਕਿ ਇਹ ਨੈਸ਼ਨਲ ਸਿਕਊਰਟੀ ਐਕਟ ਕਿਸ ਤੇ ਲਾਗੂ ਕਰਨਾ ਹੈ । ਇਨ੍ਹਾਂ ਦੀ ਸਰਕਾਰ ਨੇ, ਸਪੀਕਰ ਸਾਹਿਬ, ਜਮਹੂਰੀਅਤ ਜੋ ਰਹਿੰਦੀ ਖੂੰਹਦੀ ਹੈ, ਉਹ ਵੀ ਖ਼ਤਮ ਕਰ ਦੇਣੀ ਹੈ। ਇਨ੍ਹਾਂ ਦਾ ਰੁਝਾਨ ਤਾਨਾਸ਼ਾਹੀ ਵਲ ਹੈ। ਸੁਪਰੀਮ ਕੋਰਟ ਦੇ ਜੱਜ ਇਨ੍ਹਾਂ ਨੇ ਬਦਲ ਦਿੱਤੇ ਹਨ । ਫਿਰ ਇਨ੍ਹਾਂ ਨੇ ਭਾਗਲਪੁਰ ਵਿੱਚ ਕੀ ਕੀਤਾ। ਤੇਜ਼ਾਬ ਲਾ ਕੇ ਕੈਦੀਆਂ ਨੂੰ ਅੰਨ੍ਹਾ ਕਰ ਦਿੱਤਾ ਅਤੇ ਅੰਨ੍ਹਿਆਂ ਤੇ ਲਾਠੀ-ਚਾਰਜ ਕਰ ਦਿੱਤਾ। ਇਹ ਇਨ੍ਹਾਂ ਦੀ ਜ਼ਮਹੂਰੀਅਤ ਹੈ । ਅਸੀਂ ਤਾਂ ਕਹਿੰਦੇ ਹਾਂ ਕਿ ਤਾਨਾਸ਼ਾਹੀ ਤਾਕਤਾਂ ਨੂੰ ਹਰਾਉਣ ਲਈ ਹਿੰਮਤ ਕਰਕੇ ਇਕੱਠੇ ਹੋਈਏ ਅਤੇ ਇਸ ਤਰ੍ਹਾਂ ਹੀ ਤਾਨਾਸ਼ਾਹੀ ਤਾਕਤਾਂ ਨੂੰ ਰੋਕਿਆ ਜਾ ਸਕਦਾ ਹੈ। ਅੱਜ, ਸਪੀਕਰ ਸਾਹਿਬ, ਭਗਵਾਨ ਦਾਸ ਜੀ ਨੇ ਕਿਹਾ ਕਿ ਪਹਿਲੀ ਸਰਕਾਰ ਨੇ ਕਿਸਾਨਾਂ ਦਾ ਲਹੂ ਪੀ ਲਿਆ ।

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਹੁਣ ਬੈਠੇ ਨਹੀਂ ਹਨ, ਉਨ੍ਹਾਂ ਨੇ ਪਿਛਲੇ ਅਸੈਂਬਲੀ ਸੈਸ਼ਨ ਵਿਚ ਇਹ ਗੱਲ ਕਹੀ ਸੀ ਕਿ ਕਿਸਾਨਾਂ ਨੂੰ ਅਸੀਂ 110 ਰੁਪਏ ਪਰ ਕੁਵਿੰਟਲ ਤੋਂ ਘੱਟ ਝੋਨੇ ਦਾ ਭਾਅ ਨਹੀਂ ਦਿਲਾਵਾਂਗੇ। ਇਹ ਉਨ੍ਹਾਂ ਦੀ ਇਥੇ ਕਮਿੱਟਮੈਂਟ ਸੀ ਪਰ ਇਹ ਉਸ ਗੱਲ ਤੋਂ ਵੀ ਭੱਜ ਗਏ ਹਨ। ਉਨ੍ਹਾਂ ਨੂੰ ਪਤਾ ਹੋਣਾ ਹੈ ਕਿ ਕਿਸਾਨ ਦੇ ਝੋਨੇ ਦਾ ਮਾਰਕਿਟ ਵਿਚ ਕੀ ਹਾਲ ਹੁੰਦਾ ਰਿਹਾ ਹੈ, ਸਪੀਕਰ ਸਾਹਿਬ, 70-80 ਰੁਪਏ ਕੁਵਿੰਟਲ ਮਾਰਕਿਟ ਵਿਚ ਝੋਨਾ ਰੁਲਦਾ ਰਿਹਾ ਹੈ ਔਰ ਇਨ੍ਹਾਂ ਦੀ ਸੈਂਟਰ ਸਰਕਾਰ ਨੇ ਭਾਅ ਹੀ ਨਿਸ਼ਚਿਤ ਨਹੀਂ ਸੀ ਕੀਤਾ । ਕੇਰਲਾ ਹੈ

ਬੰਗਾਲ ਹੈ, ਮਦਰਾਸ ਹੈ, ਉਥੇ ਦੇ ਲੋਕਾਂ ਨੂੰ 105 ਤੋਂ ਵੱਧ ਭਾਅ ਦਿੱਤੇ। ਔਰ ਅਸੀਂ ਵੀ ਕਿਹਾ ਹੈ ਕਿ ਤੁਸੀਂ ਕਿਸਾਨਾਂ ਨੂੰ 15 ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿਓ। ਅਸੀਂ ਇਹ ਵੀ ਕਹਿੰਦੇ ਹਾਂ ਕਿ ਜ਼ਿਲਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਝੋਨੇ ਨੂੰ ਬਿਮਾਰੀ ਪੈ ਗਈ ਸੀ ਅਤੇ ਕਿਸਾਨ ਦਾ ਝੋਨਾ ਖਰਾਬ ਹੋ ਗਿਆ ਸੀ। ਇਹ ਗੱਲ ਸਰਕਾਰ ਨੇ ਆਪ ਵੀ ਮੰਨੀ ਹੈ ਤਾਂ ਹੀ ਇਸ ਨੇ ਉਥੇ ਦੇ ਕਿਸਾਨਾਂ ਦੀਆਂ ਤਕਾਵੀਆਂ ਅਤੇ ਮਾਮਲੇ ਦੀ ਵਸੂਲੀ ਅੱਗੇ ਪਾ ਦਿੱਤੀ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਇਹ ਮੰਨਦੀ ਹੈ ਕਿ ਉਥੇ ਕਿਸਾਨਾਂ ਦੀ ਫਸਲ ਦਾ ਨੁਕਸਾਨ ਹੋਇਆ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਪਾਸੋਂ ਇਹ ਮੰਗ ਕਰਾਂਗਾ ਕਿ ਉਨ੍ਹਾਂ ਕਿਸਾਨਾਂ ਨੂੰ ਜਿਨ੍ਹਾਂ ਦੀ ਝੋਨੇ ਦੀ ਫਸਲ ਖਰਾਬ ਹੋ ਗਈ ਹੈ, ਮੁਆਵਜ਼ਾ ਦਿੱਤਾ ਜਾਵੇ। 15 ਰੁਪਏ ਬੋਨਸ ਪ੍ਰਤੀ ਕਵਿੰਟਲ ਵੀ ਸਰਕਾਰ ਕਿਸਾਨਾਂ ਨੂੰ ਦੇਵੇ। ਇਕ ਗੱਲ ਹੋਰ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਬੰਗਾਲ ਵਿਚ ਕਿਸਾਨਾਂ ਨੂੰ ਕੈਰਿਜ ਦੇ ਪੰਜ ਰੁਪਏ ਮਿਲੇ ਹਨ ਉਸੇ ਤਰ੍ਹਾਂ ਹੀ ਇਥੇ ਪੰਜਾਬ ਦੇ ਕਿਸਾਨਾਂ ਨੂੰ ਵੀ ਕੈਰਿਜ ਦੇ ਪੰਜ ਰੁਪਏ ਫੀ ਕੁਇੰਟਲ ਦਿੱਤੇ ਜਾਣ।

ਸਪੀਕਰ ਸਾਹਿਬ, ਕਿਸਾਨ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਇਸ ਲਈ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਦੀ ਜਿਣਸ ਦਾ ਵੱਧ ਤੋਂ ਵੱਧ ਭਾਅ ਦੇਵੇ ਪਰ ਇਹ ਸਰਕਾਰ ਉਨ੍ਹਾ ਨੂੰ ਉਨ੍ਹਾਂ ਦੀ ਜਿਣਸ ਦੇ ਮੁਨਾਸਿਬ ਭਾਅ ਦੇਣ ਨੂੰ ਤਿਆਰ ਨਹੀਂ ਹੈ ਔਰ ਦੂਸਰੇ ਪਾਸੇ ਚੌਲਾਂ ਦਾ ਭਾਅ ਵਧਾ ਦਿੱਤਾ ਹੈ। ਹੁਣ ਮੈਂ ਨਰਮੇ ਦੀ ਗੱਲ ਕਰਦਾ ਹਾਂ। ਇਹ ਕਹਿੰਦੇ ਹਨ ਕਿ ਨਰਮਾ ਸਾਢੇ ਪੰਜ ਸੌ ਰੁਪਏ ਵਿਕ ਰਿਹਾ ਹੈ, ਪਰ ਅਸਲੀਅਤ ਇਹ ਨਹੀਂ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਤੁਸੀਂ ਕਿਸਾਨ ਦੇ ਨਰਮੇ ਦੇ ਸਾਢੇ ਪੰਜ ਸੌ ਰੁਪਏ ਫੀ ਕੁਵਿੰਟਲ ਦੇਣ ਦੀ ਗਰੰਟੀ ਕਰ ਲਓ ਪਰ ਇਹ ਇਸ ਗੱਲ ਨੂੰ ਵੀ ਨਹੀਂ ਮੰਨਦੇ ਔਰ ਨਰਮਾ ਹਾਲੇ ਵੀ ਮਾਰਕਿਟ ਵਿਚ ਰੁਲਦਾ ਪਿਆ ਹੈ। ਪਰ ਕੱਪੜੇ ਦੇ ਭਾਅ ਪਿਛਲੇ ਸਾਲ ਵਿਚ 20 ਪ੍ਰਤੀਸ਼ਤ ਵਧ ਗਏ ਹਨ। ਇਸ ਲਈ, ਮੈਂ ਇਨ੍ਹਾ ਨੂੰ ਪੁਛਦਾ ਹਾਂ ਕਿ ਕੀ ਕਿਸਾਨਾਂ ਦੀ ਜਿਣਸ ਦੇ ਵੀ ਭਾਅ ਇਸ ਤਰ੍ਹਾਂ ਵਧ ਹਨ ? ਨਹੀਂ, ਸਪੀਕਰ ਸਾਹਿਬ, ਬਿਲਕੁਲ ਉਨ੍ਹਾਂ ਦੀ ਜਿਣਸ ਦੇ ਭਾਅ ਨਹੀਂ ਵਧੇ। ਜੇਕਰ ਸਰਕਾਰ ਉਸ ਦੀ ਜਿਣਸ ਦੇ ਭਾਵਾਂ ਨੂੰ ਹੋਰ ਚੀਜ਼ਾਂ ਦੇ ਭਾਵਾਂ ਨਾਲ ਲਿੰਕ ਕਰ ਦੇਵੇ ਅਸੀਂ ਮੰਨ ਲਵਾਂਗੇ ਕਿ ਸਰਕਾਰ ਨੇ ਕੁਝ ਕਿਸਾਨ ਲਈ ਸੋਚਿਆ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਸ ਜਿਸ ਤਰ੍ਹਾਂ ਮਹਿੰਗਾਈ ਵੱਧਦੀ ਜਾਂਦੀ ਹੈ, ਜਿਤਨੇ ਪੁਆਇੰਟ ਮਹਿੰਗਾਈ ਵੱਧੀ ਹੈ, ਉਸ ਹਿਸਾਬ ਨਾਲ ਹੀ ਮਜ਼ਦੂਰ ਦੀ ਉਜਰਤ ਵੀ ਵਧਣੀ ਚਾਹੀਦੀ ਹੈ। (ਸ੍ਰੀ ਚਮਨ ਲਾਲ ਜੀ ਵੱਲੋਂ ਵਿਘਨ) ਚੌਧਰੀ ਸਾਹਿਬ, ਸੁਣ ਲਓ, ਅਸੀਂ ਉਜਰਤਾਂ ਦੀ ਗੱਲ ਕਰਦੇ ਹਾਂ। ਅੱਜ ਮਜ਼ਦੂਰ ਦੀ ਕੀ ਹਾਲਤ ਹੈ। ਉਸ ਨੂੰ ਸਾਲ ਵਿੱਚੋਂ ਕੋਈ ਸੌ ਜਾਂ ਸਵਾ ਸੌ ਦਿਨ ਹੀ ਕੰਮ ਮਿਲਦਾ ਹੈ ਬਾਕੀ ਛੇ ਸੱਤ ਮਹੀਨੇ ਉਹ ਵੇਹਲੇ ਰਹਿੰਦੇ ਹਨ, ਕੋਈ ਕੰਮ ਨਹੀਂ ਮਿਲਦਾ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਇਹ 'ਫੂਡ ਫਾਰ ਵਰਕ' ਦੀ ਸਕੀਮ ਚਾਲੂ ਕਰਨੀ ਚਾਹੀਦੀ ਹੈ। ਇਹ ਸਕੀਮ ਸਰਕਾਰ ਦੇ ਕਾਗਜ਼ਾਂ ਵਿਚ ਹੈ ਪਰ ਇਸ ਤੇ ਅਮਲ ਨਹੀਂ ਹੋ ਰਿਹਾ। ਇਸ ਤਰ੍ਹਾਂ ਅਸੀਂ ਬੰਗਾਲ ਵਿਚ ਕੀਤਾ ਹੈ। ਉਥੇ ਜਿਹੜਾ ਖੇਤ ਮਜ਼ਦੂਰ ਹੈ ਅੱਠ ਘੰਟੇ ਕੰਮ ਕਰਦਾ ਹੈ, ਉਸ ਨੂੰ ਸ਼ਾਮ ਨੂੰ ਦੋ ਕਿਲੋ ਚਾਵਲ ਤੇ ਦੋ ਰੁਪਏ ਹਰ ਰੋਜ਼ ਦੇ ਮਿਲਦੇ ਹਨ ਪਰ ਕੇਂਦਰ ਸਰਕਾਰ ਦੀ ਗਲਤ ਨੀਤੀ ਕਾਰਨ ਇਹ ਸਕੀਮ ਬੰਗਾਲ ਨੂੰ ਬੰਦ ਕਰਨੀ ਪਈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਹੇਠਲੇ ਲੈਵਲ ਤੇ ਕਮੇਟੀਆਂ ਬਣਾ ਕੇ ਇਹ ਸਕੀਮ ਲਾਗੂ ਕਰੋ ਔਰ ਉਨ੍ਹਾਂ ਕਮੇਟੀਆਂ ਦੇ ਚੇਅਰਮੈਨ ਬੀ. ਡੀ. ਓਜ਼. ਜਾਂ ਐਸ. ਡੀ. ਐਮਜ਼ ਨਾ ਹੋਣ। ਉਨ੍ਹਾਂ ਕਮੇਟੀਆਂ ਦੇ ਚੇਅਰਮੈਨ ਉਨ੍ਹਾਂ ਮਜ਼ਦੂਰਾਂ ਦੇ ਆਪਣੇ ਆਦਮੀ ਹੋਣ ਕਿਉਂਕਿ ਜੇਕਰ ਬੀ. ਡੀ. ਓਜ਼, ਜਾਂ ਐਸ. ਡੀ. ਐਮਜ਼, ਉਨ੍ਹਾਂ ਕਮੇਟੀਆਂ ਦੇ ਚੇਅਰਮੈਨ ਹੋਣਗੇ ਤਾਂ ਮਜ਼ਦੂਰਾਂ ਨੂੰ ਕੁਝ ਨਹੀਂ ਮਿਲੇਗਾ। ਇਸ ਸਕੀਮ ਤੇ ਇਮਾਨਦਾਰੀ ਨਾਲ ਸਰਕਾਰ ਨੂੰ ਅਮਲ ਕਰਾਉਣਾ ਚਾਹੀਦਾ ਹੈ ਤਾਕਿ ਉਨ੍ਹਾਂ ਗਰੀਬ ਮਜ਼ਦੂਰਾਂ ਨੂੰ

[ਮਾਸਟਰ ਚੰਦ ਸਿੰਘ]
ਰਾਹਤ ਮਿਲ ਸਕੇ ।

ਹੁਣ ਮੈਂ ਹਰੀਜਨਾਂ ਤੇ ਜ਼ਬਰ ਦੀ ਗੱਲ ਕਰਦਾ ਹਾਂ । (ਵਿਘਨ) ਸਪੀਕਰ ਸਾਹਿਬ, ਬਠਿੰਡੇ ਵਿਚ ਕੀ ਹੋਇਆ ਹੈ । ਉਥੇ ਇਕ ਫੈਕਟਰੀ ਦੇ ਮਾਲਕ ਨੇ ਮਜ਼ਦੂਰਾਂ ਨਾਲ ਕੀ ਕੀਤਾ ਹੈ, ਇਹ ਵੀ ਇਨ੍ਹਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਯਾਦ ਹੋਣਾ ਹੈ । ਸਪੀਕਰ ਸਾਹਿਬ, ਫਰੀਦਕੋਟ ਦੇ ਵਿਚ ਹਰੀਜਨ ਔਰਤ ਬਾਹਰ ਪੱਠਿਆਂ ਨੂੰ ਗਈ ਸੀ ਔਰ ਉਸ ਦੀ ਬੇਪਤੀ ਕੀਤੀ ਗਈ। ਇਸ ਤਰ੍ਹਾਂ ਹੀ ਬਠਿੰਡੇ ਜ਼ਿਲੇ ਵਿਚ ਬਰਕੀ ਵਿਚ ਪੁਲਿਸ ਨੇ ਗ਼ਰੀਬ ਲੋਕਾਂ ਨੂੰ ਬੇਤਹਾਸ਼ਾ ਕੁੱਟਿਆ। ਉਥੇ ਤਿੰਨ ਹਰੀਜਨਾਂ ਨਾਲ ਪੁਲਿਸ ਨੇ ਕੀ ਕੀਤਾ, ਉਸ ਬਾਰੇ ਵੀ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਜਾਣਦੇ ਹਨ । ਉਥੇ ਇਨ੍ਹਾਂ ਦੇ ਹਰੀਜਨਾਂ ਨਾਲ ਕੀ ਹੋ ਰਿਹਾ ਹੈ ।......

ਇਕ ਆਵਾਜ਼ : ਤੁਸੀਂ ਕੌਣ ਹੋ ? (ਹਾਸਾ)

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਦੀ ਰਾਖੀ ਕਰਦੇ ਹਾਂ । ਮੈਂ ਇਨ੍ਹਾਂ ਨੂੰ ਹਰੀਜਨ ਦੀ ਗਲ ਕਹਿੰਦਾ ਹਾਂ। ਰਾਜਪੁਰੇ ਕਾਲਜ ਦਾ ਪ੍ਰਧਾਨ ਜੋ ਹਰੀਜਨ ਹੈ, ਫੜਲਿਆ ਔਰ ਹੁਣ ਉਸ ਨੂੰ ਕਹਿੰਦੇ ਹਨ ਕਿ 50 ਹਜ਼ਾਰ ਰੁਪਏ ਦੀ ਜ਼ਮਾਨਤ ਉਹ ਦੇਵੇ । ਉਹ ਤਾਂ ਗ਼ਰੀਬ ਵਿਚਾਰਾ ਮੇਰਾ ਖਿਆਲ ਹੈ ਕਿ 50 ਹਜ਼ਾਰ ਠੀਕਰੀਆਂ ਵੀ ਇਕੱਠੀਆਂ ਨਹੀਂ ਕਰ ਸਕਦਾ ਤੇ 50 ਹਜ਼ਾਰ ਰੁਪਿਆ ਜ਼ਮਾਨਤ ਵਾਸਤੇ ਕਿੱਥੋਂ ਦੇ ਸਕਦਾ ਹੈ। ਇਸ ਤਰ੍ਹਾਂ ਹੋਰ ਵੀ ਮੈਂ ਗੱਲ ਪਟਿਆਲੇ ਦੀ ਦਸਦਾ ਹਾਂ । ਉਥੇ ਇਕ ਪਿੰਡ ਸ਼ਾਮਾਦ ਹੈ । ਉਸ ਪਿੰਡ ਵਿਚ ਗ਼ਰੀਬਾਂ ਪਾਸੋਂ ਜ਼ਬਰਦਸਤੀ ਚੁੱਲ੍ਹਾ ਟੈਕਸ ਲਿਆ ਜਾ ਰਿਹਾ ਹੈ। ਚੁੱਲ੍ਹਾ ਟੈਕਸ ਸਰਕਾਰ ਵਲੋਂ ਮੁਆਫ ਕੀਤਾ ਹੋਇਆ ਹੈ ਪਰ ਉਨ੍ਹਾਂ ਗਰੀਬਾਂ ਵਿਚਾਰਿਆਂ ਨੂੰ ਕਿਹਾ ਜਾਂਦਾ ਹੈ ਕਿ ਜੇਕਰ ਖੰਡ ਲੈਣੀ ਹੈ ਤਾਂ ਚੁਲ੍ਹਾ ਟੈਕਸ ਦਿਓ । ਇਸ ਵੇਲੇ, ਸਪੀਕਰ ਸਾਹਿਬ, ਇਹ ਗ਼ਰੀਬਾਂ ਨਾਲ ਵਰਤ ਰਿਹਾ ਹੈ ।...

ਸ਼੍ਰੀ ਸਪੀਕਰ : ਤੁਸੀਂ ਦੋ ਮਿੰਟਾਂ ਵਿਚ ਹੀ ਖ਼ਤਮ ਕਰ ਦਿਓ । ਤੁਹਾਡਾ ਟਾਈਮ ਹੋਣ ਵਾਲਾ ਹੈ।

ਮਾਸਟਰ ਚੰਦ ਸਿੰਘ : ਠੀਕ ਹੈ ਜੀ । ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਹ ਗੱਲ ਆਈ ਹੈ ਕਿ ਪੰਜ ਸਾਲਾਂ ਦੀ ਸਰਵਿਸ ਵਾਲੇ ਮੁਲਾਜ਼ਮਾਂ ਨੂੰ ਪੱਕਿਆਂ ਕਰ ਦੇਣਾ ਹੈ। ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੇ ਡਿਪਾਰਟਮੈਂਟਸ ਵੇਖੋ ਕੀ ਕਰ ਰਹੇ ਹਨ। ਡਰੇਨੇਜ ਡਿਪਾਰਟਮੈਂਟ, ਅੰਮ੍ਰਿਤਸਰ ਨੇ ਹੁਣੇ ਹੀ 324 ਮੁਲਾਜ਼ਮ ਕੱਢ ਦਿੱਤੇ ਹਨ, ਇਸ ਤਰ੍ਹਾਂ ਹੀ ਜਲੰਧਰ ਜ਼ਿਲ੍ਹੇ ਵਿੱਚ 209 ਮੁਲਾਜ਼ਮ ਕੱਢੇ ਗਏ ਹਨ ਔਰ ਫਿਰੋਜ਼ਪੁਰ ਵਾਲੇ ਵੀ ਕੱਢ ਰਹੇ ਹਨ। ਉਹ ਮੁਲਾਜ਼ਮਾਂ ਨੂੰ ਨੋਟਿਸ ਦੇ ਰਹੇ ਹਨ। ਐਸ. ਈ. ਕਹਿੰਦਾ ਹੈ ਕਿ ਮੇਰੇ ਪਾਸ ਕੰਮ ਹੈ ਪਰ ਪੈਸੇ ਨਹੀਂ ਹਨ, ਇਸ ਲਈ ਪੈਸੇ ਦਿਓ ਪਰ ਉਨ੍ਹਾਂ ਦਾ ਚੀਫ ਕਹਿੰਦਾ ਹੈ ਕਿ ਨਹੀਂ ਪੈਸੇ ਨਹੀਂ ਹਨ, ਅਸੀਂ ਤਾਂ ਆਦਮੀ ਹੀ ਕੱਢਣੇ ਹਨ । ਇਹ ਅੱਜ ਉਸ ਮਹਿਕਮੇ ਦੇ ਮੁਲਾਜ਼ਮਾਂ ਨਾਲ ਹੋ ਰਿਹਾ ਹੈ । ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ 22-22 ਸਾਲ ਦੀ ਉਨ੍ਹਾਂ ਦੀ ਸਰਵਿਸ ਹੋ ਗਈ ਹੈ। ਇਹ ਪੰਜ ਸਾਲ ਦੀ ਸਰਵਿਸ ਦਾ ਨਾਮ ਲੈ ਕੇ ਕਹਿੰਦੇ ਹਨ ਕਿ ਮੁਲਾਜ਼ਮਾਂ ਨਾਲ ਜਸਟਿਸ ਹੋਇਆ ਹੈ, ਮੈਂ ਕਹਿੰਦਾ ਹਾਂ ਕਿ ਬਿਲਕੁਲ ਜਸਟਿਸ ਨਹੀਂ ਹੋਇਆ, ਇਹ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਫੋਕੀ ਗੱਲ ਕੀਤੀ ਗਈ ਹੈ । ਸੰਗਰੂਰ ਪੇਪਰ ਮਿਲ ਦਾ ਮਸਲਾ ਸੀ, ਅਸੀਂ ਮੰਨ ਲਿਆ ਸੀ ਕਿ ਜੋ ਫੈਸਲਾ ਚੌਧਰੀ ਜਗਤ ਰਾਮ ਜੀ ਕਰਨਗੇ ਵਰਕਰ ਮੰਨਣਗੇ। ਪਰ ਇਨ੍ਹਾਂ ਨੇ ਕੋਈ ਫੈਸਲਾ ਨਾ ਕੀਤਾ । ਪਰ ਇਨ੍ਹਾਂ ਦੇ ਇਸ਼ਾਰੇ ਤੇ 6 ਵਰਕਰ ਕੱਢ ਦਿੱਤੇ । ਕਪੂਰ ਸਾਹਿਬ ਵੀ ਬੈਠੇ । ਇਹ ਵੀ ਵਰਕਰਾਂ ਦਾ ਝੰਡਾ ਚੁੱਕੀ ਫਿਰਦੇ ਹਨ ...

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਆਨ ਏ ਪਰਸਨਲ ਐਕਸਪਲੇਨੇਸ਼ਨ , ਸਰ । ਸਪੀਕਰ ਸਾਹਿਬ, ਮਾਸਟਰ ਚੰਦ ਸਿੰਘ ਚੋਪੜਾ ਜੀ ਨੂੰ ਹਕੀਕਤ ਦਾ ਨਹੀਂ ਪਤਾ। ਇਹ ਹਾਲਾਤ ਤੇ ਨਾਕਾਬੂ ਪਾ ਰਹੇ ਹਨ। ਇਨ੍ਹਾਂ ਨੇ ਮਜ਼ਦੂਰਾਂ ਦਾ ਨਾਮ ਲੈ ਕੇ ਉਨ੍ਹਾਂ ਨਾਲ ਧੱਕਾ ਕੀਤਾ ਹੈ, ਇਹ ਮਜ਼ਦੂਰਾਂ ਦੀ ਹਾਨੀ ਕਰ ਹਨ, ਇਹ ਮਜ਼ਦੂਰਾਂ ਦੇ ਕਾਤਲ ਹਨ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ । ਪ੍ਰਾਈਵੇਟ ਸਕੂਲ ਅਤੇ ਕਾਲਿਜ ਹਨ, ਉਥੇ ਕਈ ਤਰ੍ਹਾਂ ਦੀਆਂ ਗਲਤ ਡਿਵੈਲਪਮੈਂਟਸ ਹੁੰਦੀਆਂ ਹਨ ਔਰ ਉਨ੍ਹਾਂਨੂੰ ਵੇਖ ਕੇ ਮੈਂ ਇਹ ਮੰਗ ਕਰਦਾ ਹਾਂ ਕਿ ਉਹ ਅਦਾਰੇ ਨੈਸ਼ਨੇਲਾਈਜ਼ ਹੋਣੇ ਚਾਹੀਦੇ ਹਨ ਔਰ ਟੀਚਰਜ਼ ਦੀ ਵਿਕਟੇਮਾਈਜੇਸ਼ਨ ਬੰਦ ਹੋਣੀ ਚਾਹੀਦੀ ਹੈ ਅਤੇ ਬਦਲੀਆਂ ਘਰਾਂ ਤੋਂ ਦੂਰ ਦੁਰਾਡੇ ਕੀਤੀਆਂ ਗਈਆਂ ਹਨ ਇਹ ਬੰਦ ਹੋਣੀ ਚਾਹੀਦੀ ਹੈ। ਇਕ, ਸਪੀਕਰ ਸਾਹਿਬ, ਹੋਰ ਗੱਲ ਦੱਸਦਾ ਹਾਂ। ਪਟਿਆਲੇ ਵਿਚ ਡੈਂਟਲ ਸਰਜਨਾਂ ਦੀ ਮੰਗ ਸੀ। ਬੜੀ ਦੇਰ ਤੋਂ ਉਹ ਧਰਨੇ ਤੇ ਬੈਠੇ ਸੀ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਤੁਰੰਤ ਮੰਨ ਲੈਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹੀ ਆਯੁਰਵੈਦਿਕ ਸਟੂਡੈਂਟਸ ਹਨ ਉਨ੍ਹਾਂ ਦੀਆਂ ਮੰਗਾਂ ਤੇ ਤਾਂ ਕਪੂਰ ਸਾਹਿਬ, ਖ਼ਰਚ ਨਹੀਂ ਆਉਂਦਾ, ਉਹ ਤੁਰੰਤ ਪਰਵਾਨ ਕਰ ਲੈਣੀਆਂ ਚਾਹੀਦੀਆਂ ਹਨ ।

ਇਕ, ਸਪੀਕਰ ਸਾਹਿਬ, ਮੈਂ ਹੋਰ ਗੱਲ ਸਰਕਾਰ ਦੇ ਨੋਟਿਸ ਵਿਚ ਲਿਆਉਂਦਾ ਹਾਂ। ਪਿੰਡ ਸਲਾਣਾ ਜਿਉਣ ਸਿੰਘ, ਬਲਾਕ ਸਰਹੰਦ ਦਾ ਸਰਪੰਚ ਹੈ, ਉਸ ਨੇ 75 ਹਜ਼ਾਰ ਰੁਪਏ ਦਾ ਗਬਨ ਕੀਤਾ ਹੈ ਔਰ ਹੁਣ ਕਪੂਰ ਸਾਹਿਬ ਵਰਗੇ ਉਨ੍ਹਾਂ ਨੂੰ ਬਚਾ ਰਹੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਕੁਰੱਪਸ਼ਨ ਨੂੰ ਕੱਢੋ। ਇਕ ਗੱਲ ਹੋਰ ਹੈ ਕਿ ਸਰਕਾਰ ਛੋਟੀ ਇੰਡਸਟਰੀ ਨੂੰ ਡਿਵੈਲਪ ਕਰੇ। ਮੇਰੇ ਸ਼ੇਰਪੁਰ ਏਰੀਆ ਵਿਚ ਕੋਈ ਇੰਡਸਟਰੀ ਨਹੀਂ ਹੈ ਉਥੇ ਲਾਓ ਔਰ ਜਿੱਥੇ ਕਿਤੇ ਇੰਡਸਟਰੀ ਡਿਵੈਲਪ ਹੋਈ ਹੈ, ਇਹ ਸਰਕਾਰ ਉਥੇ ਪੂਰੀਆਂ ਸਹੂਲਤਾਂ ਨਹੀਂ ਦਿੰਦੀ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਮਾਸਟਰ ਚੰਦ ਸਿੰਘ : ਬੱਸ ਜੀ ਕਰਨ ਲੱਗਾ ਹਾਂ। ਸਪੀਕਰ ਸਾਹਿਬ, ਬਠਿੰਡੇ ਇਕ ਛੋਟੇ ਇੰਡਸਟਰੀ ਵਾਲੇ ਸੁਰਜੀਤ ਸਿੰਘ ਨੂੰ ਇਕ ਲੱਖ 4 ਹਜ਼ਾਰ ਲੋਨ ਸੈਂਕਸ਼ਨ ਕਰ ਦਿੱਤਾ ਔਰ ਹੋਰ ਵੱਡੀਆਂ ਇੰਡਸਟਰੀਆਂ ਨੂੰ ਵੀ ਕੀਤਾ ਗਿਆ ਪਰ ਜਿਹੜਾ ਛੋਟੀ ਇੰਡਸਟਰੀ ਵਾਲਾ ਹੈ ਉਸ ਤੇ ਸ਼ਰਤਾਂ ਲਗਾ ਦਿੱਤੀਆਂ ਗਈਆਂ ਕਿਉਂਕਿ ਉਸ ਨੇ ਪੈਸਾ ਨਹੀਂ ਸੀ ਝੋਕਿਆ । ਹੁਣ ਕਹਿੰਦੇ ਹਨ ਕਿ ਅਸੀਂ ਐਲ. ਆਰ. ਤੋਂ ਐਡਵਾਈਸ ਲੈਣੀ ਹੈ। ਇਸ ਲਈ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਛੋਟੇ ਕਾਰਖਾਨੇਦਾਰ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਲੁੱਟ ਨੂੰ ਬੰਦ ਕਰਨਾ ਚਾਹੀਦਾ ਹੈ।

ਇਹ ਸਰਕਾਰ ਦਾ 1965 ਦਾ ਆਰਡਰ ਹੈ ਕਿ ਜਿਹੜਾ ਵੀ ਹੈਡ ਆਫ ਦੀ ਡਿਪਾਰਟਮੈਂਟ ਹੈ ਉਹ ਇਕ ਥਾਂ ਤੇ ਪੰਜ ਸਾਲਾਂ ਤੋਂ ਵੱਧ ਨਾ ਰਹੇ, ਉਸ ਨੂੰ ਹੋਰ ਪਾਸੇ ਲਗਾ ਦੇਣਾ ਚਾਹੀਦਾ ਹੈ । ਤਾਕਿ ਉਸ ਮਹਿਕਮੇ ਵਿਚ ਉਹ ਧਾਂਦਲੀਆਂ ਨਾ ਕਰ ਸਕੇ। ਪਰ ਇਸ ਆਰਡਰ ਤੇ ਵੀ ਅਮਲ ਨਹੀਂ ਹੋ ਰਿਹਾ । ਇਸ ਲਈ ਜਿਤਨੇ ਵੀ ਮਹਿਕਮਿਆਂ ਦੇ ਮੁੱਖੀ ਹਨ ਉਨ੍ਹਾਂ ਨੂੰ ਹਟਾ ਕੇ ਉਨ੍ਹਾਂ ਦੀ ਜਗ੍ਹਾ ਤੇ ਹੋਰ ਲਗਾਉਣੇ ਚਾਹੀਦੇ ਹਨ। ਮੈਂ ਇਹ ਕਹਿੰਦਾ ਹਾਂ ਕਿ ਇਥੇ ਕੁਰੱਪਸ਼ਨ ਫੈਲ ਰਹੀ ਹੈ। ਇਹ ਬੰਦ ਹੋਣੀ ਚਾਹੀਦੀ ਹੈ ਪਰ ਹੋ ਨਹੀਂ ਰਹੀ । ਇਸ ਲਈ ਇਨ੍ਹਾਂ ਗੱਲਾਂ ਕਰਕੇ ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਵਿਰੋਧਤਾ ਕਰਦਾ ਹਾਂ।

ਸਰਦਾਰ ਬਲਦੇਵ ਸਿੰਘ ਮਾਨ (ਦਿੜਬਾ): ਸਪੀਕਰ ਸਾਹਿਬ, ਇਸ ਸਦਨ ਵਿਚ ਰਾਜ ਪਾਲ ਜੀ

[ਸਰਦਾਰ ਬਲਦੇਵ ਸਿੰਘ ਮਾਨ]

ਵਲੋਂ ਜੋ ਭਾਸ਼ਣ ਦਿੱਤਾ ਗਿਆ ਹੈ ਅਤੇ ਉਸ ਸਬੰਧ ਵਿਚ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਵਿਰੋਧ ਕਿਉਂ ਕਰ ਰਿਹਾ ਹਾਂ? ਇਸ ਲਈ ਇਹ ਕਰ ਰਿਹਾ ਹਾਂ ਕਿ ਕਿਉਂਕਿ ਇਸ ਦਾ ਉਹ ਹਾਲ ਹੈ ਕਿ ਜਦੋਂ ਰੋਮ ਜਲ ਰਿਹਾ ਸੀ ਤਾਂ ਨੀਰੋ ਬੰਸਰੀ ਵਜਾ ਰਿਹਾ ਸੀ। ਜਦੋਂ ਪੰਜਾਬ ਦੇ ਲੋਕ ਆਪਣੇ ਹੱਕਾਂ ਲਈ ਚੰਡੀਗੜ੍ਹ ਆਕੇ ਲਾਠੀਆਂ ਅਤੇ ਟੀਅਰ ਗੈਸਾਂ ਦਾ ਸ਼ਿਕਾਰ ਹੋ ਰਹੇ ਸਨ ਤਾਂ ਉਸ ਵੇਲੇ ਗਵਰਨਰ ਸਾਹਿਬ ਦੇ ਭਾਸ਼ਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਥੇ ਹੀ ਬਸ ਨਹੀਂ, ਇਸ ਸਦਨ ਵਿਚ ਜਿਹੜੇ ਆਪੋਜ਼ੀਸ਼ਨ ਦੇ ਮੈਂਬਰ ਬੈਠੇ ਹਨ ਉਨ੍ਹਾਂ ਵਿਚ ਕੋਈ ਅਜਿਹਾ ਨਹੀਂ ਜਿਸ ਨੇ ਉਸ ਵੇਲੇ ਪੁਲਿਸ ਦੀਆਂ ਲਾਠੀਆਂ ਨਾ ਖਾਧੀਆਂ ਹੋਣ। ਇਸ ਤੋਂ ਵੀ ਅੱਗੇ ਹਾਲੇ ਤਕ ਵੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਵਰਗੇ ਜੇਲ੍ਹਾਂ ਵਿਚ ਦਿੱਤੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਹਜ਼ਾਰਾਂ ਹੋਰ ਆਦਮੀ ਹਾਲੇ ਵੀ ਪੰਜਾਬ ਦੀਆਂ ਜੇਲਾਂ ਵਿਚ ਬੈਠੇ ਹਨ ਉਨ੍ਹਾਂ ਨੂੰ ਆਪਣੇ ਹੱਕਾਂ ਵਾਸਤੇ ਆਵਾਜ਼ ਉਠਾਉਣ ਦੀ ਵੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ।

4.31 ਬਾਅਦ ਦੁਪਹਿਰ (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਫਿਰ ਇਹ ਕਹਿੰਦੇ ਹਨ ਕਿ ਇਥੇ ਬਹੁਤ ਰੌਲਾ ਪਾਇਆ ਗਿਆ ਅਤੇ ਸ਼ੀਸ਼ੇ ਤੋੜੇ ਗਏ। ਡਿਪਟੀ ਸਪੀਕਰ ਸਾਹਿਬ, ਮਨੁੱਖ ਦੀ ਯਾਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ। ਇਹ ਵੀ ਭੁਲ ਗਏ ਹਨ ਕਿ ਜਦੋਂ ਮੌਜੂਦਾ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟ ਦੇ ਸਦਨ ਵਿਚੋਂ ਕਢਿਆ ਸੀ ਤਾਂ ਉਸ ਵੇਲੇ ਇਨ੍ਹਾਂ ਦੀ ਪਾਰਟੀ ਨੇ ਦੇਸ਼ ਵਿਚ ਕੀ ਹਾਲ ਕੀਤਾ ਸੀ। ਇਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੇ ਸਕੱਤਰੇਤ ਦੇ ਸ਼ੀਸ਼ੇ ਤੋੜੇ ਅਤੇ ਇਨ੍ਹਾਂ ਦੀ ਪਾਰਟੀ ਦਾ ਇਕ ਮੈਂਬਰ ਚੀਫ ਮਨਿਸਟਰ ਸਾਹਿਬ ਦੀ ਕੁਰਸੀ ਤੇ ਜਾ ਬੈਠਿਆ। (ਵਿਘਨ) ਅਸੀਂ ਤਾਂ ਫਿਰ ਵੀ ਕੋਈ ਇਹੋ ਜਿਹਾ ਕੰਮ ਨਹੀਂ ਕੀਤਾ। ਕੋਈ ਸ਼ੀਸ਼ਾ ਨਹੀਂ ਤੋੜਿਆ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਜ਼ ਵਫਾਦਾਰ ਸਿਪਾਹੀ ਹੁੰਦੇ ਹਨ। ਇਨ੍ਹਾਂ ਨੂੰ ਵੀ ਪਤਾ ਹੈ ਕਿ ਉਹ ਪੰਜਾ ਸਾਹਿਬ ਦੀ ਰੇਲ ਅੱਗੇ ਜਾਕੇ ਪੈ ਗਏ। ਇਨ੍ਹਾਂ ਨੂੰ ਜੈਤੋਂ ਦੇ ਮੋਰਚਾ ਦਾ ਸਮਾਂ ਵੀ ਯਾਦ ਹੋਵੇਗਾ ਕਿ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਜ਼ ਗੋਲੀਆਂ ਤੋਂ ਨਹੀਂ ਡਰੇ ਅਤੇ ਹਮੇਸ਼ਾਂ ਅੱਗੇ ਵਧਦੇ ਰਹੇ। ਹੁਣ ਜਦੋਂ ਇਹ ਐਜੀਟੇਸ਼ਨ ਹੋਈ ਤਾਂ ਇਹ ਕਹਿੰਦੇ ਹਨ ਕਿ ਚੰਡੀਗੜ੍ਹ ਦੀ ਐਡਮਨਿਸਟਰੇਸ਼ਨ ਦਾ ਪ੍ਰਬੰਧ ਠੀਕ ਨਹੀਂ ਸੀ। ਇਹ ਸਮਝਦੇ ਹਨ ਕਿ ਗੋਲੀ ਨਹੀਂ ਚਲਾਈ ਗਈ। ਡਿਪਟੀ ਸਪੀਕਰ ਸਾਹਿਬ, ਜੇ ਇਥੇ ਗੋਲੀ ਚਲ ਜਾਂਦੀ ਤਾਂ ਪੰਜਾਬ ਵਿਚ ਇਹ ਦਿਨ ਅੱਜ ਦਾ ਨਾ ਆਉਂਦਾ। ਅੱਜ ਇਥੇ ਹਾਲਾਤ ਹੋਰ ਹੀ ਹੁੰਦੇ। ਲੋਕ ਜਦੋਂ ਆਪਣੇ ਹੱਕਾਂ ਦੀ ਮੰਗ ਕਰ ਰਹੇ ਹੋਣ ਤਾਂ ਉਨ੍ਹਾਂ ਦੀ ਆਵਾਜ਼ ਨੂੰ ਲਾਠੀਆਂ ਨਾਲ ਦਬਾਇਆ ਜਾਵੇ। ਇਸ ਲਈ ਮੈਂ ਇਹ ਜਿਹੜਾ ਮਤਾ ਪੇਸ਼ ਹੋਇਆ ਹੈ ਉਸ ਦੀ ਵਿਰੋਧਤਾ ਕਰਦਾ ਹਾਂ।

ਦੂਜੀ ਗੱਲ ਇਹ ਵੀ ਹੈ ਕਿ ਇਸ ਭਾਸ਼ਣ ਵਿਚ ਕਿਹਾ ਵੀ ਕੁਝ ਨਹੀਂ ਗਿਆ। ਜੇ ਗੌਰਮਿੰਟ ਦੀ ਪਾਲਿਸੀ ਦੇ ਵਾਸਤੇ ਕੁਝ ਕਿਹਾ ਗਿਆ ਹੁੰਦਾ ਤਾਂ ਜਦੋਂ ਸ੍ਰੀ ਯੱਸ਼ ਜੀ ਸਪੀਚ ਕਰ ਰਹੇ ਸਨ ਤਾਂ ਉਸ ਵੇਲੇ ਉਹ ਆਪਣਾ ਜ਼ਿਆਦਾ ਸਮਾਂ ਸਾਡੀ ਐਜੀਟੇਸ਼ਨ ਦੀਆਂ ਗੱਲਾਂ ਤੇ ਨਾ ਜ਼ਾਇਆ ਕਰਦੇ। ਸਾਡੇ ਪਾਰਟੀ ਦੇ ਲੀਡਰ ਨੇ ਬੋਲਦੇ ਹੋਏ ਐਗਰੀਕਲਚਰ ਦੇ ਬਾਰੇ ਬਹੁਤ ਕੁਝ ਦਸਿਆ ਹੈ ਕਿ ਕਿਸ ਤਰ੍ਹਾਂ ਨਾਲ ਇਨ੍ਹਾਂ ਦੇ ਵੇਲੇ ਪੈਦਾਵਾਰ ਘਟਦੀ ਚਲੀ ਗਈ ਹੈ। ਇਹ ਕੋਈ ਮੈਂ ਵੀ ਆਪੇ ਨਹੀਂ ਦਸ ਰਿਹਾ ਇਨ੍ਹਾਂ ਦੀਆਂ ਦਿੱਤੀਆਂ ਹੋਈਆਂ ਫਿਗਰਜ਼ ਦੇ ਮੁਤਾਬਕ ਹੀ ਦਸਣ ਲਗਾ ਹਾਂ। 1971 ਵਿਚ ਜਦੋਂ ਸ਼੍ਰੋਮਣੀ ਅਕਾਲੀ ਪਾਰਟੀ ਦਾ ਰਾਜ ਸੀ ਤਾਂ ਉਸ ਵੇਲੇ ਪੈਦਾਵਾਰ ਕਿੰਨੀ ਵੱਧ ਰਹੀ ਸੀ ਅਤੇ ਜਦੋਂ ਫਿਰ 1972 ਵਿਚ ਇਨ੍ਹਾਂ ਦੀ ਸਰਕਾਰ ਆਈ ਅਤੇ 1977 ਤੱਕ ਰਹੀ ਤਾਂ ਉਸ ਵੇਲੇ ਕਿਸ ਤਰਾਂ ਨਾਲ ਪੈਦਾਵਾਰ ਘੱਟਣੀ ਸ਼ੁਰੂ ਹੋ ਗਈ ਸੀ। ਫਿਰ 1977 ਵਿਚ ਸਮਾਂ ਆਇਆ ਜਦੋਂ ਅਕਾਲੀ ਪਾਰਟੀ ਦੀ ਸਰਕਾਰ ਆਈ ਤਾਂ ਕਿਸ ਤਰ੍ਹਾਂ ਨਾਲ ਪੈਦਾਵਾਰ ਵੱਧੀ। ਇਹ ਸਭ ਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਉਸ ਸਮੇਂ 8 ਲੱਖ

ਟਨ ਅਨਾਜ ਦੀ ਪੈਦਾਵਾਰ ਵੱਧ ਗਈ ਸੀ। ਔਰ ਹੁਣ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਜਦੋਂ ਅਸੀਂ ਸੋਚਦੇ ਸੀ ਕਿ ਪੈਦਾਵਾਰ ਹੋਰ ਜ਼ਿਆਦਾ ਵਧੇਗੀ ਤਾਂ ਇਹ ਘੱਟ ਕੇ 2 ਲੱਖ ਟਨ ਰਹਿ ਗਈ। ਇਹ ਕਿਉਂ ਘੱਟੀ ਹੈ। ਇਸ ਦਾ ਕਾਰਣ ਇਹ ਹੈ ਕਿ ਐਗਰੀਕਲਚਰ ਵਿਚ ਰੀਟਾਰਡੇਸ਼ਨ ਸ਼ੁਰੂ ਹੋ ਗਈ ਹੈ। ਕਿਸਾਨ ਨੂੰ ਚੰਗੇ ਬੀਜ਼ ਨਹੀਂ ਮਿਲਦੇ, ਖਾਦ ਨਹੀਂ ਮਿਲਦੀ, ਡੀਜ਼ਲ ਨਹੀਂ ਮਿਲਦਾ ਅਤੇ ਹੋਰ ਜਿਹੇੜ ਪੈਦਾਵਾਰ ਵਧਾਉਣ ਦੇ ਸਾਧਨ ਹਨ ਉਹ ਨਹੀਂ ਮਿਲਦੇ। ਬਿਜਲੀ ਦਾ ਜੋ ਹਾਲ ਹੈ ਉਹ ਤੁਹਾਨੂੰ ਪਤਾ ਹੈ। ਇਹ ਫਿਗਰਜ਼ ਮੈਂ ਕੋਈ ਆਪੋਂ ਨਹੀਂ ਦੇ ਰਿਹਾ, ਬਲਕਿ ਇਨ੍ਹਾਂ ਦੇ ਵੱਲੋਂ ਇਹ ਜਿਹੜਾ ਗਵਰਨਰ ਐਡਰੈਸ ਪੇਸ਼ ਕੀਤਾ ਗਿਆ ਹੈ ਉਸ ਵਿਚ ਹੀ ਲਿਖੀਆਂ ਹਨ। ਹਰ ਚੀਜ਼ ਦੇ ਭਾਅ ਵੱਧ ਰਹੇ ਹਨ। ਹੁਣ ਇਹ ਕਹਿੰਦੇ ਹਨ ਕਿ ਗੰਨੇ ਦਾ ਰੇਟ ਵੱਧਾ ਦਿੱਤਾ ਹੈ। ਪਹਿਲੇ ਸਾਢੇ ਬਾਰ੍ਹਾਂ ਰੁਪਏ ਸੀ ਪਰ ਹੁਣ 23 ਰੁਪਏ ਕੁਇੰਟਲ ਹੋ ਗਿਆ ਹੈ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਜਦੋਂ ਸਾਢੇ 12 ਰੁਪਏ ਦਾ ਭਾਅ ਕਿਸਾਨ ਨੂੰ ਦਿੱਤਾ ਜਾਂਦਾ ਸੀ ਉਸ ਵੇਲੇ ਖੰਡ ਦਾ ਭਾਅ ਸਵਾ ਦੋ ਰੁਪਏ ਕਿਲੋ ਸੀ, ਹੁਣ ਜਦੋਂ ਇਨ੍ਹਾਂ ਨੇ ਗੰਨੇ ਦਾ ਭਾਅ 23 ਰੁਪਏ ਕੁਇੰਟਲ ਕੀਤਾ ਹੈ ਤਾਂ ਖੰਡ ਦਾ ਭਾਅ ਸਾਂਢੇ ਸੱਤ ਰੁਪਏ ਕਿਲੋ ਹੋ ਗਿਆ ਹੈ। ਜਿਹੜੀ ਲੈਵੀ ਦੀ ਸ਼ੂਗਰ ਪਹਿਲੇ 2 ਰੁਪਏ ਕਿਲੋ ਸੀ ਉਹ ਹੁਣ ਸਾਢੇ ਤਿੰਨ ਰੁਪਏ ਕਿਲੋ ਹੋ ਗਈ ਹੈ। ਫਿਰ ਜੋ ਇਨ੍ਹਾਂ ਨੇ ਗੰਨੇ ਦਾ ਭਾਅ ਦਿੱਤਾ ਹੈ ਜੇ ਉਸ ਦਾ ਵੀ ਅੱਜ ਦੀ ਖੰਡ ਦੇ ਭਾਅ ਦੇ ਮੁਤਾਬਿਕ ਹਿਸਾਬ ਲਾਇਆ ਜਾਵੇ ਤਾਂ 27.65 ਪੈਸੇ ਗੰਨੇ ਦਾ ਕੁਇੰਟਲ ਪਿਛੇ ਭਾਅ ਬਣਦਾ ਹੈ ਜਿਹੜਾ ਕਿ ਇਨ੍ਹਾਂ ਨੇ 23 ਰੁਪਏ ਦਿੱਤਾ ਹੈ।

ਸਾਡਾ ਸੂਬਾ ਜਿਹੜਾ ਸਾਰੇ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ 73 ਪ੍ਰਤੀਸ਼ਤ ਆਪਣਾ ਹਿੱਸਾ ਪਾਉਂਦਾ ਸੀ ਉਸ ਦੇ ਸਬੰਧ ਵਿਚ ਵੀ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਨਾਲ ਪੈਦਾਵਾਰ ਵਧਾਉਣ ਵਾਸਤੇ ਯਤਨ ਕਰਨੇ ਪੈਣਗੇ। ਇਰੀਗੇਸ਼ਨ ਵਧਾਉਣ ਦੇ ਯਤਨ ਕਰਨੇ ਪੈਣਗੇ। ਅਸਲ ਵਿਚ ਹੁਣ ਪੈਦਾਵਾਰ ਵਧ ਨਹੀਂ ਰਹੀ ਬਲਕਿ ਘੱਟਦੀ ਜਾ ਰਹੀ ਹੈ। ਪਿਛਲੇ ਸਾਲ ਜਦੋਂ ਥੀਨ ਡੈਮ ਦਾ ਜ਼ਿਕਰ ਆਇਆ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇਸ ਵਾਸਤੇ ਬਹੁਤ ਪੈਸਾ ਰੱਖਿਆ ਗਿਆ ਹੈ। ਉਸ ਵੇਲੇ ਵੀ ਮੈਂ ਬੋਲਦੇ ਹੋਏ ਕਿਹਾ ਸੀ ਕਿ ਇਹ ਪੈਸਾ ਥੀਨ ਡੈਮ ਤੇ ਨਹੀਂ ਲਗਣਾ ਬਲਕਿ ਉਸ ਦੇ ਪ੍ਰਬੰਧਕੀ ਖਰਚਿਆਂ ਤੇ ਹੀ ਲਗ ਜਾਣਾ ਹੈ। ਉਹੀ ਹਾਲ ਹੋਇਆ ਹੈ ਔਰ ਉਹ ਅੱਜੇ ਤਕ ਨਹੀਂ ਬਣ ਸਕਿਆ। ਇਸ ਥੀਨ ਡੈਮ ਦੇ ਬਾਰੇ ਇਸ ਐਡਰੈਸ ਵਿਚ ਇਹ ਲਿਖਿਆ ਹੈ ਕਿ ਹੁਣ ਇਸਦੇ ਖਰਚ ਵਾਸਤੇ ਬਾਹਰਲੇ ਸਾਧਨਾਂ ਤੋਂ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਨਹੀਂ ਲਿਖਿਆ ਕਿ ਕਿਹੜੇ ਬਾਹਰਲੇ ਸਾਧਨ ਹਨ। ਸੈਂਟਰ ਗੌਰਮਿੰਟ ਤੋਂ ਮੰਗ ਰਹੇ ਹਨ ਜਾਂ ਕਿਸੇ ਹੋਰ ਤੋਂ ਮੰਗ ਰਹੇ ਹਨ। ਇਸੇ ਤਰ੍ਹਾਂ ਹੀ ਹੋਰ ਸਕੀਮਾਂ ਦਾ ਹਾਲ ਹੈ। ਪਿਛਲੇ ਸਾਲ ਕਿਹਾ ਗਿਆ ਸੀ ਖਾਲੇ ਪੱਕੇ ਕਰਾਂਗੇ, ਨਹਿਰਾਂ ਪੱਕੀਆਂ ਕਰਾਂਗੇ। ਪਰ ਹੁਣ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਡਿਪਟੀ ਸਪੀਕਰ ਸਾਹਿਬ, ਸਿੰਜਾਈ ਵਾਸਤੇ ਬਿਜਲੀ ਦੀ ਬਹੁਤ ਲੋੜ ਹੁੰਦੀ ਹੈ ਔਰ ਬਿਜਲੀ ਦਾ ਜੋ ਹਾਲ ਹੈ ਉਹ ਤੁਹਾਨੂੰ ਪਤਾ ਹੈ। ਟਿਊਬਵੈਲ ਵਾਲਿਆਂ ਨੂੰ ਬਿਜਲੀ ਮਿਲਦੀ ਨਹੀਂ, ਉਹ ਦੇਖਦੇ ਰਹਿੰਦੇ ਹਨ ਕਿ ਬਿਜਲੀ ਆਵੇਗੀ ਔਰ ਜੇ ਆਵੇਗੀ ਤਾਂ ਕਦੋਂ ਤਕ ਰਹੇਗੀ ਇਸਦਾ ਕਿਸੇ ਨੂੰ ਪਤਾ ਨਹੀਂ। ਬਿਜਲੀ ਇਨ੍ਹਾਂ ਦੇ ਆਪਣੇ ਵਸ ਵਿਚ ਨਹੀਂ। ਬੀ. ਐਮ. ਬੀ. ਤੇ ਸੈਂਟਰ ਗੌਰਮਿੰਟ ਦਾ ਕੰਟਰੋਲ ਹੈ। ਕਿੰਨੀ ਵਾਰ ਕਿਹਾ ਗਿਆ ਹੈ ਕਿ ਬੀ. ਐਮ. ਬੀ. ਦਾ ਕੰਟਰੋਲ ਸੈਂਟਰ ਗੌਰਮਿੰਟ ਤੋਂ ਲੈਕੇ ਆਪਣੇ ਹੱਥਾਂ ਵਿਚ ਰੱਖਣਾ ਚਾਹੀਦਾ ਹੈ ਪਰ ਉਹ ਇਹ ਨਹੀਂ ਕਰ ਸਕੇ। ਬੀ. ਅਮ. ਬੀ. ਵਾਲੇ ਜਦੋਂ ਮਰਜ਼ੀ ਆਏ ਉਪਰੋਂ ਹੀ ਬਿਜਲੀ ਕੱਟ ਦਿੰਦੇ ਹਨ। ਉਨ੍ਹਾਂ ਨੂੰ ਤਾਂ ਕੀ ਪਤਾ ਹੋਣਾ ਹੈ। ਇਹ ਤਾਂ

[ਸਰਦਾਰ ਬਲਦੇਵ ਸਿੰਘ ਮਾਨ]

ਬਾਹਰ ਪਿੰਡਾਂ ਵਿਚ ਜਾਂਦੇ ਹੀ ਨਹੀਂ। ਇਹ ਤਾਂ ਚੰਡੀਗੜ੍ਹ ਵਿਚ ਹੀ ਰਹਿ ਜਾਂਦੇ ਹਨ। ਬਿਜਲੀ ਦਾ ਕੀ ਹਾਲ ਹੈ। ਇਨ੍ਹਾਂ ਨੂੰ ਪਤਾ ਨਹੀਂ। ਪੰਜਾਬ ਵਿਚ ਬਿਜਲੀ ਰਾਤ ਨੂੰ 2.00 ਵਜੇ ਤੋਂ ਲੈ ਕੇ 5.00 ਵਜੇ ਤਕ ਬੰਦ ਰਹਿੰਦੀ ਹੈ। ਇਸ ਵੇਲੇ ਬਿਜਲੀ ਨੂੰ ਬੰਦ ਕਰਨਾ ਭੈੜੇ ਅਨਸਰ ਨੂੰ ਹੋਰ ਤੇਜ਼ ਕਰਨਾ ਹੈ। ਇਸ ਨਾਲ ਚੋਰੀਆਂ ਹੋਰ ਜ਼ਿਆਦਾ ਹੋਣਗੀਆਂ..(ਵਿਘਨ)

ਉਸ ਵੇਲੇ ਅਸੀਂ ਤਾਂ ਗਲੀਆਂ ਵਿਚ ਨਹੀਂ ਘੁੰਮਦੇ ਪਰ ਚੋਰ ਜ਼ਰੂਰ ਘੁੰਮਦੇ ਹਨ। ਉਸ ਵੇਲੇ ਬਿਜਲੀ ਬੰਦ ਕਰ ਦੇਣਾ ਠੀਕ ਨਹੀਂ। (ਵਿਘਨ) 18 ਘੰਟੇ ਵੀ ਬਿਜਲੀ ਸਾਡੇ ਵੇਲੇ ਕਦੇ ਬੰਦ ਨਹੀਂ ਹੋਈ। ਇਹ ਤੁਹਾਡੇ ਵੇਲੇ ਹੀ ਬੰਦ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਡੀਜ਼ਲ ਦਾ ਕੀ ਹਾਲ ਹੈ। ਇਸ ਬਾਰੇ ਸਾਰੇ ਮੈਂਬਰਜ਼ ਸਾਹਿਬਾਨ ਨੂੰ ਪਤਾ ਹੀ ਹੈ।

ਸਰਕਾਰ ਨੂੰ ਇਸ ਪਾਸੇ ਕਦਮ ਚੁੱਕਣੇ ਚਾਹੀਦੇ ਹਨ। ਬਿਜਲੀ ਸਪਲਾਈ ਵਿਚ ਸੁਧਾਰ ਕਰਨਾ ਚਾਹੀਦਾ ਹੈ। ਸਿੰਚਾਈ ਸਹੂਲਤਾਂ ਸਸਤੇ ਭਾਅ ਤੇ ਦੇਣੀਆਂ ਚਾਹੀਦੀਆਂ ਹਨ। ਪਰ ਸੁਣਿਆ ਹੈ ਕਿ ਸਰਕਾਰ ਬਾਰਡਰ ਦਾ ਅਲਾਊਂਸ ਵਧਾ ਰਹੀ ਹੈ। ਦੂਸਰਾ ਇਨ੍ਹਾਂ ਨੇ ਕਿਹਾ ਹੈ ਕਿ 250 ਕਰੋੜ ਰੁਪਏ ਦੇ ਕਰਜ਼ੇ ਕਿਸਾਨਾਂ ਨੂੰ ਵੰਡੇ ਗਏ ਹਨ, ਅਤੇ ਜਿਹੜੀ 9 ਹਜ਼ਾਰ ਰੁਪਏ ਦੀ ਲਿਮਿਟ ਸੀ ਉਸ ਨੂੰ ਵਧਾ ਕੇ 12 ਹਜ਼ਾਰ ਰੁਪਿਆ ਕਰ ਦਿੱਤੀ ਗਈ ਹੈ। ਇਹ ਜਿਹੜੀ ਲਿਮਿਟ ਵਧਾਈ ਹੈ ਇਹ 30 ਪ੍ਰਤੀਸ਼ਤ ਵਧੀ ਹੈ। ਪਰ ਖਾਦ ਦੇ ਭਾਅ 40 ਪ੍ਰਤੀਸ਼ਤ ਵਧੇ ਹਨ ਅਤੇ ਡੀਜ਼ਲ ਦੇ ਰੇਟ 45 ਪ੍ਰਤੀਸ਼ਤ ਵਧੇ ਹਨ। ਪਿਛਲੀ ਸਰਕਾਰ ਨੇ ਕਰਜ਼ਾ ਘੱਟ ਦਿੱਤਾ ਸੀ ਪਰ ਉਸ ਸਮੇਂ ਭਾਵ ਵੀ ਘੱਟ ਸਨ ਅਤੇ ਵਿਆਜ ਦੀ ਦਰ ਵੀ ਘੱਟ ਸੀ ਪਰ ਹੁਣ 2 ਪ੍ਰਤੀਸ਼ਤ ਵੱਧ ਵਿਆਜ ਲਗ ਗਏ। ਅਗਰ ਸਰਕਾਰ ਕਿਸਾਨਾਂ ਨੂੰ 2 ਪ੍ਰਤੀਸ਼ਤ ਦੀ ਛੋਟ ਦੇਵੇ ਤਾਂ ਸਰਕਾਰ ਤੇ 5 ਕਰੋੜ ਰੁਪਏ ਦਾ ਬੋਝ ਪਵੇਗਾ। ਸਰਕਾਰ ਨੂੰ 2 ਪ੍ਰਤੀਸ਼ਤ ਰਿਆਇਤ ਦੇਣੀ ਚਾਹੀਦੀ ਹੈ। ਔਰ ਜਿਹੜੀਆਂ ਗਰੀਬ ਕਿਸਾਨਾਂ ਨੂੰ ਉਗਰਾਈ ਦੇ ਸਮੇਂ ਤੰਗੀਆਂ ਆਉਂਦੀਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਬਾਰੇ ਇਥੇ ਕਿਹਾ ਗਿਆ ਹੈ ਕਿ ਰਾਜ ਦੀ ਆਰਥਿਕਤਾ ਦੇ ਸਮੁੱਚੇ ਵਿਕਾਸ ਵਿਚ ਬਿਜਲੀ ਦਾ ਪ੍ਰਮੁੱਖ ਸਥਾਨ ਹੈ। ਵਿੱਤੀ ਸਾਧਨਾਂ ਤੇ ਉਸਾਰੀ ਸਮੱਗਰੀ ਦੀ ਕਿੱਲਤ ਦੇ ਬਾਵਜੂਦ, ਇਸ ਗੱਲ ਨੂੰ ਮੁੱਖ ਰੱਖਦਿਆਂ ਹੋਇਆਂ ਕਿ ਖੇਤੀਬਾੜੀ ਅਤੇ ਉਦਯੋਗਿਕ ਉਤਪਾਦਨ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਵਿਚ ਬਿਜਲੀ ਦਾ ਮਹੱਤਵਪੂਰਨ ਹਿੱਸਾ ਹੈ। ਇਨ੍ਹਾਂ ਨੇ ਇਹ ਨਹੀਂ ਦਸਿਆ ਹੈ ਕਿ ਬਿਜਲੀ ਕਿਥੋਂ ਲੈਣਗੇ ਅਤੇ ਕੀ ਕਰਨਗੇ? ਇਤਨਾ ਜ਼ਰੂਰ ਕੀਤਾ ਹੈ ਕਿ ਇਨ੍ਹਾਂ ਨੇ ਰੋਪੜ ਥਰਮਲ ਪਾਵਰ ਪਲਾਂਟ ਦਾ ਨੀਂਹ ਪੱਥਰ ਰੱਖ ਦਿੱਤਾ ਹੈ ਜਿਸ ਦੀ ਮਨਜ਼ੂਰੀ ਮੇਰੀ ਸਰਕਾਰ ਲੈ ਕੇ ਆਈ ਸੀ। ਇਹ ਇਕ ਚੰਗੀ ਗੱਲ ਹੈ। ਤੁਸੀਂ ਬਿਜਲੀ ਦੀ ਜਨਰੇਸ਼ਨ ਵਧਾਈ ਨਹੀਂ ਹੈ ਅਤੇ ਬਿਜਲੀ ਦੀ ਕੱਟ ਲੋਕਾਂ ਤੇ ਪੈ ਰਹੀ ਹੈ। ਇਸ ਦਾ ਅਸਰ ਲੋਕਾਂ ਤੇ ਪਵੇਗਾ। ਅਤੇ ਇਸ ਦੇ ਨਾਲ ਪੰਜਾਬ ਦੇ ਲੋਕਾਂ ਦੀ ਪਰ ਕੈਪੀਟਾ ਇਨਕਮ ਘੱਟ ਜਾਵੇਗੀ। ਜਿਹੜੇ ਵੱਡੇ ਵੱਡੇ ਕਾਰਖਾਨੇਦਾਰ ਜਨਰੇਟਿੰਗ ਸੈਟ ਲਗਾ ਸਕਦੇ ਹਨ ਉਨ੍ਹਾਂ ਨੂੰ ਇਜਾਜ਼ਤ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ 25 ਪ੍ਰਤੀਸ਼ਤ ਦੀ ਸਬਸਿਡੀ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਨੂੰ ਉਤਸ਼ਾਹ ਮਿਲੇ ਅਤੇ ਬਿਜਲੀ ਦੀ ਕੱਟ ਉਨ੍ਹਾਂ ਤੇ ਲਗਣੀ ਚਾਹੀਦੀ ਹੈ ਸਬਸਿਡੀ ਦੇਣ ਲੱਗੇ ਇਕ ਅੰਡਰਟੇਕਿੰਗ ਲੈਣੀ ਚਾਹੀਦੀ ਹੈ ਕਿ ਬਿਜਲੀ ਦੀ ਵਰਤੋਂ ਨਹੀਂ ਕਰੇਗਾ। ਇਸ ਦੇ ਨਾਲ ਸ਼ਹਿਰਾਂ ਵਿਚ ਬਿਜਲੀ ਦੀ ਕਮੀ ਦੂਰ ਕੀਤੀ ਜਾ ਸਕਦੀ ਹੈ। ਇਹ ਵੀ ਕੋਈ ਮਾੜੀ ਗੱਲ ਨਹੀਂ ਹੈ। ਇਹ ਪਾਬੰਦੀ ਵੱਡੇ ਵੱਡੇ ਕਾਰਖਾਨਿਆਂ ਤੇ ਲਗਣੀ ਚਾਹੀਦੀ ਹੈ ਅਤੇ ਬਿਜਲੀ ਪੈਦਾ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦਾ ਜ਼ਿਕਰ ਕਰਦਾ ਹਾਂ ਕਿ ਇਸ ਦਾ ਸਥਾਨ ਪ੍ਰਮੁਖ ਹੈ। ਕਿਸੇ ਸੂਬੇ ਦੀ ਉੱਨਤੀ ਦੇ ਵਾਸਤੇ ਉਸ ਸੂਬੇ ਦੀ ਇੰਡਸਟਰੀ ਦੀ ਉਨਤੀ ਬੜੀ ਜ਼ਰੂਰੀ ਹੈ। ਪਰ ਸਾਡਾ ਸੂਬਾ ਇਕ ਖੇਤੀ ਪ੍ਰਧਾਨ ਸੂਬਾ ਹੈ। ਇਸ ਸੂਬੇ ਵਿਚ ਖੇਤੀ ਨੂੰ ਉੱਨਤ ਕਰਨਾ ਹੈ। ਇਨ੍ਹਾਂ ਨੇ ਭਾਸ਼ਣ ਵਿਚ ਕਿਹਾ ਹੈ ਕਿ ਸਾਨੂੰ ਸੇਧ ਇੰਦਰਾ ਗਾਂਧੀ ਤੋਂ ਮਿਲਦੀ ਹੈ ਅਤੇ ਕਿਹਾ ਹੈ ਕਿ ਅਸੀਂ ਪ੍ਰਾਈਵੇਟ ਸੈਕਟਰ ਨੂੰ ਉਤਸ਼ਾਹ ਦਿੰਦੇ ਹਾਂ। ਇਨ੍ਹਾਂ ਦੀ ਪਾਰਟੀ ਦਾ ਮੈਨੀਫੈਸਟੋ ਲੋਕਾਂ ਨੂੰ ਭੁਲੇਖੇ ਵਿਚ ਪਾਉਣ ਵਾਲਾ ਹੈ। ਇਸ ਲਈ ਸਰਕਾਰ ਗੌਰਮਿੰਟ ਸੈਕਟਰ ਵਿਚ ਕਾਰਖਾਨੇ ਲਗਾਉਣਾ ਚਾਹੁੰਦੀ ਹੈ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਲਾਇਸੈਂਸ, ਲੋਨ, ਰਜਿਸਟਰੀਆਂ, ਇੰਡਸਟਰੀਅਲ ਲਾਇਸੈਂਸ, ਲੋਨ ਦਾ ਪ੍ਰਬੰਧ ਕਰੇਗੀ। ਪਿਛੇ ਬਰਨਾਲੇ ਵਿਚ ਇਕ ਕਤਾਈ ਮਿਲ ਲਗਾਈ ਸੀ ਉਹ ਪੀ. ਐਸ. ਆਈ. ਡੀ. ਸੀ. ਨੇ ਲਗਾਈ ਸੀ ਪਰ ਸਰਕਾਰ ਨੇ ਉਸ ਨੂੰ ਚਲਾਉਣ ਲਈ ਲੁਧਿਆਣੇ ਦੇ ਮਸ਼ਹੂਰ ਕਾਰਖਾਨੇਦਾਰ ਜੋ ਰਾਜ ਸਭਾ ਦਾ ਮੈਂਬਰ ਹੈ, ਉਸ ਦਾ 51 ਪ੍ਰਤੀਸ਼ਤ ਹਿੱਸਾ ਪਾਕੇ ਉਸ ਨੂੰ ਹਿੱਸੇਦਾਰ ਬਣਾ ਲਿਆ ਹੈ। ਇੰਡਸਟਰੀ ਨੂੰ ਵਧਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਕ ਸਟੇਟ ਗੌਰਮਿੰਟ ਨੂੰ ਸੈਂਟਰ ਤੋਂ ਸੈਂਟਰਲ ਸਬਸਿਡੀ ਮਿਲਦੀ ਹੈ, ਕਾਰਖਾਨੇ ਲਗਾਉਣ ਵਾਸਤੇ ਉਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਹ ਸਬਸਿਡੀ ਡਾਇਰੈਕਟਰ ਆਫ ਇੰਡਸਟਰੀਜ਼ ਦੇ ਰਾਹੀਂ ਮਿਲਣੀ ਚਾਹੀਦੀ ਹੈ। ਲੋਨ ਵੀ ਉਥੋਂ ਡਿਸਬਰਸ ਹੋਣਾ ਚਾਹੀਦਾ ਹੈ ਕਿਉਂਕਿ ਇਸ ਦੇ ਨਾਲ ਅਗਰ ਲੋਨ ਡਿਸਬਰਸ ਪਾਰਟੀ ਤੋਂ ਕਰਨਾ ਵੀ ਹੋਵੇ ਤਾਂ ਕਰ ਸਕਣ ਅਤੇ ਇਸ ਵਿਚ ਕੋਈ ਆਬ-ਜੈਕਸ਼ਨ ਵਾਲੀ ਕਈ ਗਲ ਨਹੀਂ ਹੈ ਔਰ ਉਸ ਦਾ ਲੋਨ ਵੀ ਐਡਜੈਸਟ ਹੋ ਜਾਵੇਗਾ। ਜਿਹੜੀ ਕਾਰਖਾਨੇਦਾਰਾਂ ਨੂੰ ਬਿਜਲੀ ਮਿਲਦੀ ਹੈ ਉਸ ਦੇ ਵਿਚ ਇਕ ਕੰਡੀਸ਼ਨ ਹੁੰਦੀ ਹੈ ਕਿ ਮਿਨੀਮਮ ਇਤਨੇ ਪੈਸੇ ਚਾਰਜਿਜ਼ ਕੀਤੇ ਜਾਣਗੇ ਅਗਰ ਕਾਰਖਾਨੇਦਾਰ ਲਿਮਿਟਡ ਬਿਜਲੀ ਉਤਨੀ ਯੂਜ਼ ਕਰ ਲੈਂਦਾ ਹੈ ਤਾਂ ਵੀ ਉਸ ਨੂੰ ਉਤਨੇ ਪੈਸੇ ਦੇਣੇ ਪੈਣਗੇ ਔਰ ਅਗਰ ਯੂਜ਼ ਨਹੀਂ ਕਰਦਾ ਫਿਰ ਵੀ ਉਤਨੇ ਪੈਸੇ ਦੇਣੇ ਪੈਣਗੇ। ਇਹ ਨਹੀਂ ਹੋਣਾ ਚਾਹੀਦਾ ਜਿਹੜਾ ਯੂਜ਼ ਨਹੀਂ ਕਰਦਾ ਉਸ ਨੂੰ ਛੋਟ ਹੋਣੀ ਚਾਹੀਦੀ ਹੈ। ਇਸ ਪਾਸੇ ਬੋਰਡ ਨੂੰ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ। ਪਾਵਰ ਸਪਲਾਈ ਪਹਿਲੇ ਹੀ ਘੱਟ ਹੁੰਦੀ ਹੈ ਜਿਸ ਨੇ ਪੈਸੇ ਦੇਣੇ ਹਨ ਉਹ ਬਿਜਲੀ ਯੂਜ਼ ਕਰੇਗਾ। ਇਸ ਦੇ ਵਿਚ ਸੁਧਾਰ ਕਰਨਾ ਚਾਹੀਦਾ ਹੈ। ਵੱਡੇ ਵੱਡੇ ਕਾਰਖਾਨੇ-ਦਾਰਾਂ ਨੂੰ ਜਨਰੇਟਿੰਗ ਸੈਟ ਲਗਾਉਣੇ ਚਾਹੀਦੇ ਹਨ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਵਾਟਰ ਸਪਲਾਈ ਸੀਵਰੇਜ਼ ਦੇ ਲਈ ਸਰਕਾਰ ਯਤਨ ਕਰ ਰਹੀ ਹੈ। ਇਸ ਸਕੀਮ ਨੂੰ ਬਾਦਲ ਸਾਹਿਬ ਦੀ ਸਰਕਾਰ ਨੇ ਲੋਨ ਲਿਆ ਕੇ ਦਿੱਤਾ ਸੀ ਅਤੇ ਸ਼ੁਰੂ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿਚ ਇਕ ਛੋਟੀ ਜਿਹੀ ਮਿਊਂਸਪੈਲਿਟੀ ਲਹਿਰਾ ਗਾਗਾ ਹੈ ਉਥੇ ਇਸ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਲਈ ਲੋਨ ਦਿੱਤਾ ਗਿਆ, 39 ਲੱਖ ਰੁਪਿਆ ਜਦ ਕਿ ਉਸ ਮਿਊਂਸਪੈਲਟੀ ਦੀ ਆਮਦਨ ਬਹੁਤ ਘੱਟ ਹੈ। 30 ਲੱਖ ਸਰਕਾਰ ਨੇ ਅਤੇ 8-9 ਲੱਖ ਰੁਪਿਆ ਐਲ. ਆਈ. ਸੀ. ਨੇ ਦਿੱਤਾ ਹੈ। ਇਕ ਦਿਨ ਇਹ ਸਾਰਾ ਬੋਝ ਲੋਕਾਂ ਤੇ ਪਵੇਗਾ। ਕਿਉਂਕਿ ਮਿਊਂਸਪੈਲਟੀ ਦੀ ਇਤਨੀ ਆਮਦਨ ਨਹੀਂ ਹੈ। ਸਰਕਾਰ ਨੂੰ ਐਸੀਆਂ ਸਹੂਲਤਾਂ ਮੁਫਤ ਵਿਚ ਦੇਣੀਆਂ ਚਾਹੀਦੀਆਂ ਹਨ।

ਐਜੂਕੇਸ਼ਨ ਦੇ ਸਬੰਧ ਵਿਚ ਇਹ ਹੈ ਕਿ ਐਜੂਕੇਸ਼ਨ ਲੋਕਾਂ ਦਾ ਇਕ ਸੰਵਿਧਾਨਕ ਹੱਕ ਬਣਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ 250 ਸਕੂਲਾਂ ਨੂੰ ਅਪਗਰੇਡ ਕੀਤਾ ਗਿਆ ਹੈ। ਇਹ ਬੜੀ ਅਜੀਬ ਜਿਹੀ ਗੱਲ ਹੈ। ਇਨ੍ਹਾਂ ਨੇ ਸੈਸ਼ਨ ਤੋਂ 2-3 ਦਿਨ ਪਹਿਲਾਂ ਇਕ ਛੋਟੀ ਮੋਟੀ ਜਿਹੀ ਅਪਗਰੇਡ ਸਕੂਲਾਂ ਦੀ ਲਿਸਟ ਕੱਢ ਦਿੱਤੀ ਹੈ। ਇਸ ਲਿਸਟ ਵਿਚ ਕਈ ਸਕੂਲ ਅਜਿਹੇ ਸਨ ਜਿਸ ਦੇ ਵਿਚ ਸਟਾਫ ਪਹਿਲੇ ਪਹੁੰਚ ਗਿਆ ਅਤੇ ਬੱਚੇ ਪੜ੍ਹਦੇ ਪਏ ਹਨ ਪਰ ਬਾਦ ਵਿਚ ਅਪਗਰੇਡੇਸ਼ਨ ਲਿਸਟ ਕੱਢ ਦਿੱਤੀ ਜਾਂਦੀ ਹੈ। ਇਸ ਲਿਸਟ ਵਿਚ ਆਪੋਜ਼ੀਸ਼ਨ ਦਾ ਟਾਵਾਂ ਟਾਵਾਂ ਹੀ ਕੋਈ ਸਕੂਲ ਹੋਵੇਗਾ ਇਨ੍ਹਾਂ 250 ਸਕੂਲਾਂ ਦੇ ਵਿਚੋਂ (ਘੰਟੀ)

ਡਿਪਟੀ ਸਪੀਕਰ ਸਾਹਿਬ, ਹਰ ਮੈਂਬਰ ਦਾ ਹੱਕ ਹੈ ਕਿ ਐਜੂਕੇਸ਼ਨ ਦਾ ਪ੍ਰਸਾਰ ਕਰ ਸਕੇ। ਇਸ

[ਸਰਦਾਰ ਬਲਦੇਵ ਸਿੰਘ ਮਾਨ]

ਲਈ ਉਸ ਦੀ ਮਰਜ਼ੀ ਅਨੁਸਾਰ ਸਕੂਲ ਜ਼ਰੂਰ ਖੋਲ੍ਹਣਾ ਚਾਹੀਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਜ਼ਰੂਰ ਕਰਨਾ ਚਾਹੁੰਦਾ ਹਾਂ, ਜਿਸ ਦੀਆਂ ਥਰੈਸ਼ਰ ਨਾਲ ਬਾਹਾਂ ਕੱਟ ਜਾਣ ਉਨ੍ਹਾਂ ਨੂੰ ਜ਼ਰੂਰ ਪੈਨਸ਼ਨ ਦੇਣੀ ਚਾਹੀਦੀ ਹੈ। ਨਾਕਾਰਾ ਵਿਅਕਤੀ ਲਈ ਉਮਰ ਕੱਟਣੀ ਮੁਸ਼ਕਲ ਹੋ ਜਾਂਦੀ ਹੈ। ਉਸ ਦਾ ਸਾਰਾ ਜੀਵਨ ਕੱਟਣਾ ਬਹੁਤ ਹੀ ਮੁਸ਼ਕਲ ਹੈ। ਮੁੱਖ ਮੰਤਰੀ ਜੀ ਨੇ ਪਹਿਲਾਂ ਵੀ ਕਿਹਾ ਸੀ ਕਿ ਇਸ ਤੇ ਵਿਚਾਰ ਕਰਾਂਗੇ। ਇਸ ਲਈ ਇਸ ਤੇ ਜ਼ਰੂਰ ਵਿਚਾਰ ਕਰਕੇ ਥਰੈਸ਼ਰ ਨਾਲ ਜਿਸ ਦੀਆਂ ਬਾਹਾਂ ਕੱਟੀਆਂ ਜਾਣ, ਉਨ੍ਹਾਂ ਨੂੰ ਪੈਨਸ਼ਨ ਜ਼ਰੂਰ ਮਿਲਣੀ ਚਾਹੀਦੀ ਹੈ। (ਵਿਘਨ)

Mr. Deputy Speaker : Please wind up.

ਸਰਦਾਰ ਬਲਦੇਵ ਸਿੰਘ ਮਾਨ : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਹੋਰ ਪੰਜ ਮਿੰਟ ਹੀ ਲਵਾਂਗਾ। ਅਸਲ ਗੱਲ ਤਾਂ ਅਜੇ ਕਰਨੀ ਹੀ ਹੈ।(ਵਿਘਨ) (ਸ਼ੋਰ), ਕੁਰੱਪਸ਼ਨ ਦੀ ਗੱਲ ਕੀਤੀ ਗਈ ਹੈ। ਬੜੇ ਰੌਲੇ ਪੈਂਦੇ ਹਨ ਕਿ ਫਲਾਨਾ ਕੁਰੱਪਟ ਹੈ ਅਤੇ ਫਲਾਨੇ ਨੇ ਪੈਸੇ ਲਏ ਹਨ। ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਬਾਰੇ ਹਾਲਾਤ ਦਸਦੇ ਹੁੰਦੇ ਹਨ। ਕੁਰੱਪਸ਼ਨ ਕਿਵੇਂ ਹੋਈ ਹੈ ਅਤੇ ਕਿਸ ਤਰ੍ਹਾਂ ਦੀ ਹੁੰਦੀ ਹੈ। ਮੈਂ ਦਸਦਾ ਹਾਂ ਕਿ, ਡਿਪਟੀ ਸਪੀਕਰ ਸਾਹਿਬ, ਜੇ ਕੋਈ ਕਹੇ ਕਿ ਮੈਂ ਇਮਾਨਦਾਰ ਹਾਂ ਪਰ ਲੋਕ ਉਸਨੂੰ ਬੇਈਮਾਨ ਦਸਦੇ ਹਨ। (ਵਿਘਨ) ਪਿਛਲੇ ਸੈਸ਼ਨ ਵਿਚ ਵੀ ਅਤੇ ਸੈਸ਼ਨ ਤੋਂ ਪਹਿਲਾਂ ਵੀ ਬੜਾ ਕੁਰੱਪਸ਼ਨ ਦਾ ਰੌਲਾ ਪਿਆ ਹੋਇਆ ਹੈ। ਸ਼ਰਾਬ ਦੇ ਠੇਕੇਦਾਰਾਂ ਕੋਲੋਂ ਪੈਸੇ ਲਏ ਗਏ ਹਨ। ਦੂਜਾ ਲੋਕਾਂ ਨੂੰ ਲੁਟਿਆ ਜਾ ਰਿਹਾ ਹੈ। ਸਰਕਾਰ ਨੇ ਸ਼ਰਾਬ ਦੀ ਬੋਤਲ ਦੀ ਕੀਮਤ 45 ਰੁਪਏ 69 ਪੈਸੇ ਰੱਖੀ ਪਰ ਸਰਕਾਰ ਨੇ ਬਾਅਦ ਵਿਚ ਸ਼ੀਰੇ ਦੀ ਕਿੱਲਤ ਕਰ ਦਿੱਤੀ। (ਵਿਘਨ) ਡਿਸਟਿਲਰੀ ਵਾਲਿਆਂ ਨੇ ਕਿਹਾ ਕਿ ਗਲਬਾਤ ਕਰੋ ਅਤੇ ਉਨ੍ਹਾਂ ਨੇ ਗਲਬਾਤ ਕੀਤੀ। ਡਿਪਟੀ ਸਪੀਕਰ ਸਾਹਿਬ, ਗਲਬਾਤ ਤੋਂ ਬਾਅਦ ਸਪੈਸ਼ਲ ਸਟਾਫ ਲੈ ਆਏ ਅਤੇ 60 ਪ੍ਰਤੀਸ਼ਤ ਡਿਗਰੀ ਸ਼ਰਾਬ ਦੀ ਕੀਮਤ 137 ਰੁਪਏ ਕਰ ਦਿੱਤੀ ਗਈ ਜਦੋਂ ਕਿ ਦੇਸੀ ਸ਼ਰਾਬ ਦੀ ਕੀਮਤ 68/-ਰੁਪਏ ਸੀ। ਡਿਪਟੀ ਸਪੀਕਰ ਸਾਹਿਬ, ਲੇਬਲ ਬਦਲ ਦਿਤੇ ਗਏ ਪਰ ਲੇਬਲ ਬਦਲਣ ਨਾਲ ਸ਼ਰਾਬ ਨਹੀਂ ਬਦਲਦੀ ਹੁੰਦੀ। ਸ਼ਰਾਬ ਉਹੀ ਸੀ। ਇਹ ਸਾਰਾ ਕੁਝ ਕਿਵੇਂ ਹੋਇਆ? ਡਿਪਟੀ ਸਪੀਕਰ ਸਾਹਿਬ, ਲੈਣ ਦੇਣ ਤੋਂ ਬਗੈਰ ਕੋਈ ਗੱਲ ਨਹੀਂ ਹੁੰਦੀ। (ਵਿਘਨ) ਇਸ ਵਿਚ ਅਫਸਰ ਵੀ ਮੌਜੂਦ ਹਨ, ਵੱਡੇ ਵੱਡੇ ਘਪਲੇ ਹੋਏ ਹਨ। (ਵਿਘਨ)

ਆਵਾਜ਼ਾਂ : ਹੁਣ ਸਮਝ ਆਈ ਹੈ।

ਸਰਦਾਰ ਬਲਦੇਵ ਸਿੰਘ ਮਾਨ : ਹੁਣ ਸਮਝ ਨਹੀਂ ਆਈ ਸਾਨੂੰ ਬਹੁਤ ਦੇਰ ਤੋਂ ਸਮਝ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਕਿਸੇ ਮੈਂਬਰ ਦਾ ਨਾਂ ਇਥੇ ਹਾਊਸ ਵਿਚ ਨਹੀਂ ਲੈ ਸਕਦਾ ਲੇਕਿਨ ਮੈਂ ਜਾਣਦਾ ਹਾਂ ਕਿ ਚੰਡੀਗੜ੍ਹ ਵਿਚ ਹੀ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ। ਚੀਫ ਮਨਿਸਟਰ ਦਾ ਨਾਂ ਲੈਕੇ ਪੈਸੇ ਲੈ ਜਾਂਦੇ ਹਨ। ਇਸ ਤਰ੍ਹਾਂ ਚੰਡੀਗੜ੍ਹ ਵਿਚ ਵੀ ਹੋ ਰਿਹਾ ਹੈ ਅਤੇ ਪੰਜਾਬ ਵਿਚ ਵੀ ਇਸੇ ਤਰ੍ਹਾਂ ਹੋ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਬਾਰੇ ਕਿਹਾ ਗਿਆ ਹੈ ਕਿ ਬਹੁਤ ਸੁਧਾਰ ਇਥੇ ਆਇਆ ਹੈ। ਲਾਅ ਐਂਡ ਆਰਡਰ ਬਾਰੇ ਤੁਸੀਂ ਦੇਖ ਲਉ ਅਖਬਾਰਾਂ ਤੋਂ ਹੀ ਪਤਾ ਲਗ ਸਕਦਾ ਹੈ। ਮੇਰੇ ਜ਼ਿਲ੍ਹੇ ਸੰਗਰੂਰ ਵਿਚ ਹੀ ਮੂਨਕ ਪੁਲਿਸ ਵਾਲਿਆਂ ਨੇ ਇੱਕ ਅਕਾਲੀ ਵਰਕਰ ਮਰਵਾ ਦਿੱਤਾ। (ਵਿਘਨ) ਧੋਖੇ ਨਾਲ ਉਸ ਨੂੰ ਰੇਲ ਦੀ ਪਟੜੀ ਤੇ ਪਾ ਦਿਤਾ ਅਤੇ ਕੋਲ ਮੋਟਰ ਸਾਈਕਲ ਰੱਖ ਦਿੱਤਾ। ਉਹ ਵਿਚਾਰਾ ਕਿਸੇ ਫੰਕਸ਼ਨ ਵਾਸਤੇ ਕਾਰਡ ਵੰਡ ਰਿਹਾ ਸੀ। ਨਾਇਬ ਤਹਿਸੀਲਦਾਰ ਅਤੇ ਸਰਕਾਰੀ ਅਫਸਰਾਂ ਨੇ ਇਸ ਨੂੰ ਅਨਰੈਂਟੀਫਾਈ ਕਰਵਾ ਦਿਤਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਪੋਸਟ ਮਾਰਟਮ ਕੀਤਾ ਜਾ ਰਿਹਾ ਸੀ ਜਦੋਂ ਵਾਰਸਾਂ ਨੂੰ ਪਤਾ ਲਗਾ ਤਾਂ ਉਹ ਬੰਦੇ ਲੈ ਆਏ ਪਰ ਉਨ੍ਹਾਂ ਬੰਦਿਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਥੇ ਕਾਂਗਰਸੀ ਟਿਕਟ ਤੇ ਇੱਕ ਬੰਦਾ ਚੋਣ ਲੜਿਆ ਸੀ ਪਰ ਉਸ ਬੰਦੇ ਨੇ ਉਨ੍ਹਾਂ ਦੀ ਪਨਾਹ ਲਈ ਅਤੇ ਕੇਸ ਨੂੰ ਖਤਮ ਕੀਤਾ ਜਾ ਰਿਹਾ ਹੈ। (ਵਿਘਨ) ਡਿਪਟੀ

ਸਪੀਕਰ ਸਾਹਿਬ, ਜਦੋਂ ਲੋਕਾਂ ਨੂੰ ਇਨਸਾਫ ਨਾ ਮਿਲੇ ਅਤੇ ਲੋਕ ਮੰਗ ਕਰਨ ਲਈ ਆਉਣ ਤਾਂ ਉਨ੍ਹਾਂ ਤੇ ਲਾਠੀਆਂ ਅਤੇ ਗੋਲੀਆਂ ਚਲਾਈਆਂ ਗਈਆਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਲੋਕ ਗਲਤ ਗੱਲਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪੁਰ ਜ਼ੋਰ ਵਿਰੋਧਤਾ ਕਰਦਾ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ-ਪੂਰਬੀ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ। ਗਵਰਨਰ ਸਾਹਿਬ ਦਾ ਐਡਰੈਸ ਪੇਸ਼ ਹੋਇਆ ਸੀ ਅਤੇ ਸਾਡੇ ਸਾਥੀ ਸ਼੍ਰੀ ਯਸ਼ ਜੀ ਨੇ ਸ਼ੁਕਰੀਆ ਦਾ ਪ੍ਰਸਤਾਵ ਲਿਆਂਦਾ ਹੈ, ਮੈਂ ਉਸ ਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਗਵਰਨਰ ਸਾਹਿਬ ਦੇ ਐਡਰੈਸ ਵਿਚ 6-7 ਮਹੀਨੇ ਦੀਆਂ ਸਾਡੀ ਸਰਕਾਰ ਦੀਆਂ ਕਾਰਵਾਈਆਂ ਪ੍ਰੋਗਰੈਸਿਵ ਹਨ ਅਤੇ ਛੋਟੇ ਜਿਹੇ ਅਰਸੇ ਵਿਚ ਕਰ ਵਿਖਾਈਆਂ ਹਨ, ਉਹ ਸਾਰੀਆਂ ਦਸੀਆਂ ਗਈਆਂ ਹਨ। ਉਹ ਬਹੁਤ ਹੀ ਐਪਰੀਸ਼ੀਏਬਲ ਹਨ। ਡਿਪਟੀ ਸਪੀਕਰ ਸਾਹਿਬ, ਥੋੜ੍ਹੇ ਜਿਹੇ ਅਰਸੇ ਵਿਚ ਹੀ ਅਕਾਲੀ-ਜਨਤਾ ਸਰਕਾਰ ਨੇ ਬਹੁਤ ਗੰਦ ਪਾਇਆ ਸੀ ਅਸੀਂ ਉਨ੍ਹਾਂ ਨੂੰ ਸਾਫ ਕੀਤਾ ਹੈ। ਜੋ ਅਕਾਲੀ-ਜਨਤਾ ਸਰਕਾਰ ਕੂੜਾ-ਕਵਾੜ ਇਕੱਠਾ ਕਰ ਗਈ ਹੈ, ਉਸ ਨੂੰ ਸਾਫ ਕਰਨ ਲਈ ਟਾਈਮ ਲਗਦਾ ਹੈ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾ 30 ਸਾਲਾਂ ਦੀ ਬੜੀ ਰੱਟ ਲਾਉਂਦੇ ਫਿਰਦੇ ਹਨ ਕਿ ਇੰਦਰਾ ਗਾਂਧੀ ਜੀ ਨੇ ਡਿਕਟੇਟਰਾਨਾ ਤਰੀਕਾ ਇਖਤਿਆਰ ਕੀਤਾ ਹੋਇਆ ਹੈ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਇਹ ਬਹੁਤ ਗਲਤ ਗੱਲਾਂ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, 21 ਤਾਰੀਖ ਨੂੰ ਜੋ ਮੇਰੇ ਸਾਥੀਆਂ ਨੇ ਕੀਤਾ ਕਿ ਮਾਨਯੋਗ ਮੈਂਬਰਾਂ ਨੇ ਇਥੇ ਆਕੇ ਇਸ ਵਿਧਾਨ ਸਭਾ ਦੇ ਮੰਦਰ ਦੇ ਸ਼ੀਸ਼ੇ ਤੋੜੇ ਜੋ ਕਿ ਸਭ ਤੋਂ ਵੱਡੀ ਦੁੱਖ ਦੀ ਗੱਲ ਹੈ। ਜਿਹੜਾ ਜਲੂਸ ਇਹ ਲੈ ਕੇ ਆਏ, ਉਹ ਸਾਰਾ ਹਥਿਆਰਬੰਦ ਜਲੂਸ ਸੀ। (ਵਿਘਨ) ਕਾਂਗਰਸੀਆਂ ਨੇ ਵੀ ਐਜੀਟੇਸ਼ਨਾਂ ਕੀਤੀਆਂ ਅਤੇ ਮੋਰਚੇ ਲਗਾਏ ਸਨ ਪਰ ਕਦੇ ਵੀ ਇਸ ਤਰ੍ਹਾਂ ਨਹੀਂ ਕੀਤਾ ਅਤੇ ਸੋਟੀ ਤੱਕ ਵੀ ਨਹੀਂ ਲਿਆਏ ਸੀ। ਜੋ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਇਨ੍ਹਾਂ ਨੇ ਕੀਤਾ ਉਸ ਨਾਲ ਸਾਰੇ ਪੰਜਾਬ ਨੂੰ ਬੜਾ ਅਫਸੋਸ ਹੈ। ਅਸੀਂ ਯੂਨੀਅਨ ਟੈਰੀਟੈਰੀ ਨੂੰ ਵਧਾਈ ਦਿੰਦੇ ਹਾਂ ਅਤੇ ਐਪਰੀਸ਼ੀਏਟ ਕਰਦੇ ਹਾਂ ਜਿਨ੍ਹਾਂ ਨੇ ਕਾਬੂ ਪਾਇਆ। ਜਿਸ ਤਰੀਕੇ ਦੇ ਨਾਲ ਇਨ੍ਹਾਂ ਨੇ ਰੌਲਾ ਪਾਇਆ, ਪ੍ਰੋਵੋਕੇਸ਼ਨ ਕੀਤੀ, ਲਾਠੀ ਚਾਰਜ ਕੀਤੀ ਅਤੇ ਸਾਡੇ ਸਿਪਾਹੀਆਂ ਨੂੰ ਜਖਮੀ ਕੀਤਾ, ਅਫਸਰਾਂ ਨੂੰ ਜਖਮੀ ਕੀਤਾ। ਜੇਕਰ, ਡਿਪਟੀ ਸਪੀਕਰ ਸਾਹਿਬ, ਪੁਲਿਸ ਵਾਲੇ ਕੁਝ ਕਰਦੇ ਤਾਂ ਆਦਮੀ ਮਾਰੇ ਜਾਂਦੇ ਅਤੇ ਵਿਧਾਇਕ ਮਰ ਜਾਂਦੇ ਅਤੇ ਸਾਨੂੰ ਇਥੇ ਸ਼ਰਧਾਂਜਲੀ ਦੇਣੀ ਪੈਂਦੀ। (ਵਿਘਨ) ਇਸ ਲਈ ਅਸੀਂ ਯੂਨੀਅਨ ਟੈਰੀਟਰੀ ਦੀ ਐਪਰੀਸੀਏਸ਼ਨ ਕਰਦੇ ਹਾਂ ਜਿਨ੍ਹਾਂ ਦਾ ਐਕਸ਼ਨ ਠੀਕ ਸੀ।

ਇਨ੍ਹਾਂ ਪੰਜ ਛੇ ਪਾਰਟੀਆਂ ਨੇ ਇਕੱਠੇ ਹੋਕੇ ਢਾਈ ਤਿੰਨ ਸਾਲ ਰਾਜ ਕੀਤਾ ਸੀ ਪਰ ਮੈਨੂੰ ਹੁਣ ਇਨ੍ਹਾਂ ਦੀ ਐਜੀਟੇਸ਼ਨ ਦਾ ਮਕਸਦ ਦੀ ਸਮਝ ਨਹੀਂ ਆਈ ਅਤੇ ਲੋਕਾਂ ਨੂੰ ਐਜੀਟੇਸ਼ਨ ਦੀ ਸਮਝ ਨਹੀਂ ਆਈ ਕਿ ਇਹ ਜਲੂਸ ਜੋ ਕੱਢਿਆ ਸੀ, ਉਹ ਕਾਹਦੇ ਵਾਸਤੇ ਕਢਿਆ ਗਿਆ ਸੀ। ਅਸਲ ਗੱਲ ਮੈਂ ਇਹ ਸਮਝਦਾ ਹਾਂ ਕਿ ਇਹ ਜਲੂਸ ਇਸ ਵਾਸਤੇ ਆਇਆ ਸੀ ਕਿ ਪਿਛੇ ਜਿਹੜਾ ਇਨ੍ਹਾਂ ਵਲੋਂ ਜੇਲ੍ਹ ਭਰੋ ਪ੍ਰੋਗਰਾਮ ਚਲਾਇਆ ਗਿਆ ਸੀ, ਉਹ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਇਆ ਸੀ। ਇਨ੍ਹਾਂ ਦੀ ਉਸ ਵੇਲੇ ਬੜੀ ਹੇਠੀ ਹੋਈ ਸੀ। ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਜੋ ਰਾਜ ਕਰਨ ਦਾ ਸਵਾਦ ਪੈ ਗਿਆ ਹੈ, ਇਹ ਸਮਝਦੇ ਹਨ ਇਸ ਤਰ੍ਹਾਂ ਕਰਨ ਨਾਲ ਸ਼ਾਇਦ ਬਾਈ ਇਲੈਕਸ਼ਨਜ਼ ਹੋ ਜਾਣਗੇ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਔਰ ਰਾਜ ਦੀ ਸਰਕਾਰ ਬਹੁਤ ਮਜ਼ਬੂਤ ਹੈ। ਇਹ ਤੁਹਾਡੇ ਖੁਆਬ ਮੁੜ ਤਾਕਤ ਵਿਚ ਆਉਣ ਦੇ ਕਦੇ ਪੂਰੇ ਨਹੀਂ ਹੋਣੇ। ਜਦੋਂ ਤੁਹਾਡਾ ਰਾਜ ਸੀ ਤਾਂ ਉਦੋਂ ਕਾਂਗਰਸ ਨੇ ਤੁਹਾਡੀ ਕੋਈ ਮੁਖਾਲਫਤ ਨਹੀਂ ਕੀਤੀ ਔਰ ਤੁਹਾਡੀ ਹਕੂਮਤ ਤੁਹਾਡੇ ਆਪਣੇ ਭਾਰ ਨਾਲ ਹੀ ਢਹਿ

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਗਈ ਸੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸ ਮਕਸਦ ਵਾਸਤੇ ਇਹ ਆਪਣਾ ਜਲੂਸ ਕੱਢਣਾ ਚਾਹੁੰਦੇ ਸਨ । ਇਨ੍ਹਾਂ ਨੇ ਆਪਣਾ ਦਿਨ ਜ਼ਾਇਆ ਕੀਤਾ, ਐਨਰਜੀ ਜ਼ਾਇਆ ਕੀਤੀ ਪਰ ਮਕਸਦ ਕੋਈ ਨਹੀਂ ਨਿਕਲਿਆ । ਅਸਲ ਵਿਚ ਇਹ ਆਪਣੀ ਫਿਰਕਾਪ੍ਰਸਤੀ ਵਾਲੀ ਲਾਈਨ ਨੂੰ ਜਾਰੀ ਰਖਣਾ ਚਾਹੁੰਦੇ ਸਨ ਅਤੇ ਆਪਣੀਆਂ ਗੱਲਾਂ ਨੂੰ ਹਵਾ ਦੇਣਾ ਚਾਹੁੰਦੇ ਸੀ, ਜੋ ਇਨ੍ਹਾਂ ਨੇ ਆਪਣੇ ਵੇਲੇ ਮਤੇ ਪਾਸ ਕੀਤੇ ਸਨ, ਕਾਨ-ਫਰੰਸਿਜ਼ ਕੀਤੀਆਂ ਸਨ । ਇਨ੍ਹਾਂ ਨੇ ਆਪਣੇ ਵੇਲੇ ਮੰਦਰਾਂ ਔਰ ਡੇਰਿਆਂ ਤੇ ਕਬਜ਼ੇ ਕਰਵਾਏ । ਪਰ ਸਾਡੀ ਸਰਕਾਰ ਆਉਣ ਤੇ ਇਹ ਕਬਜ਼ੇ-ਬਾਜ਼ੀ ਬੰਦ ਹੋ ਗਈ ਹੈ । ਇਹ ਸੱਤ ਮਹੀਨਿਆਂ ਦੇ ਅੰਦਰ ਕੋਈ ਅਜਿਹੀ ਚੀਜ਼ ਨਹੀਂ ਵਾਪਰੀ ਹੈ । ਇਹ ਸਾਡੀ ਸਰਕਾਰ ਦਾ ਸ਼ਲਾਘਾ ਯੋਗ ਕੰਮ ਹੈ । ਜਦੋਂ ਪਹਿਲਾਂ 6 ਮਹੀਨੇ ਜਾਂ 9 ਮਹੀਨੇ ਇਨ੍ਹਾਂ ਦਾ ਰਾਜ ਆਇਆ ਸੀ, ਉਦੋਂ ਵੀ ਅਜਿਹੇ ਕਬਜ਼ੇ ਹੋਏ ਸਨ । ਸਾਡੀ ਸਰਕਾਰ ਨੇ ਐਨੀ ਮਜ਼ਬੂਤੀ ਨਾਲ ਕੰਮ ਕੀਤਾ ਹੈ ਕਿ ਕਿਸੇ ਜ਼ਮੀਨ ਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ।

ਬਾਦਲ ਸਾਹਿਬ ਵੇਲੇ ਜਦੋਂ ਨਿਰੰਕਾਰੀਆਂ ਦਾ ਜਲੂਸ ਅੰਮ੍ਰਿਤਸਰ ਵਿਚ ਨਿਕਲਿਆ ਸੀ ਤਾਂ ਉਸ ਵੇਲੇ ਇਨ੍ਹਾਂ ਦੇ ਆਪਣੀ ਪਾਰਟੀ ਦੇ 200 ਵਰਕਰਾਂ ਨੂੰ ਰੋਕਿਆ ਜਾ ਸਕਦਾ ਸੀ, ਪਰ ਉਨ੍ਹਾਂ ਨੂੰ ਕਿਸੇ ਨੇ ਨਹੀਂ ਰੋਕਿਆ ਔਰ ਗੜਬੜ ਹੋਈ । ਉਸ ਤੋਂ ਬਾਅਦ ਫਿਰ ਦਿੱਲੀ ਵਿਚ ਔਰ ਫਿਰ ਕਾਨਪੁਰ ਵਿਚ ਇਨ੍ਹਾਂ ਨੇ ਧਾਂਦਲੀ ਮਚਾਈ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਨੂੰ ਥਲੇ ਆਉਣਾ ਪਿਆ ਹੈ ।

ਜਨ ਸੰਘ ਵਾਲੇ ਇਨ੍ਹਾਂ ਦੇ ਨਾਲ ਸਨ, ਉਨ੍ਹਾਂ ਦਾ ਸਿਰਫ ਹੁਣ ਇਕ ਮੈਂਬਰ ਇਥੇ ਆਇਆ ਹੈ । ਹੁਣ ਸੀ.ਪੀ.ਆਈ. (ਐਮ.) ਵਾਲੇ ਜਾਂ ਕੋਈ ਹੋਰ ਜੋ ਇਨ੍ਹਾਂ ਦੇ ਮੋਢੇ ਤੇ ਚੜ੍ਹੇ ਹੋਏ ਹਨ, ਇਨ੍ਹਾਂ ਦਾ ਵੀ ਇਹੀ ਹਾਲ ਹੋਣਾ ਹੈ, ਜੇਕਰ ਇਹ ਇਨ੍ਹਾਂ ਦੇ ਮੋਢੇ ਤੇ ਚੜ੍ਹੇ ਰਹੇ । ਇਨ੍ਹਾਂ ਦੇ ਜਨਰਲ ਸਕੱਤਰ, ਅਕਾਲੀ ਦਲ ਦਾ ਜਨਰਲ ਸਕੱਤਰ, ਸਰਦਾਰ ਭਰਪੂਰ ਸਿੰਘ ਬੀਰ, ਦਾ ਹਿੰਦ ਸਮਾਚਾਰ ਅਖਬਾਰ ਵਿਚ ਬਿਆਨ ਹੈ। (ਵਿਘਨ) ਇਸ ਅਖਬਾਰ ਨੇ ਕਦੇ ਕਾਂਗਰਸ ਨੂੰ ਸਪੋਰਟ ਨਹੀਂ ਕੀਤਾ ਔਰ ਇਨ੍ਹਾਂ ਦਾ ਉਹ ਹਾਸ਼ੀਆ ਬਰਦਾਰ ਹੈ। ਉਸ ਅਖਬਾਰ ਵਿਚ ਲਿਖਿਆ ਹੋਇਆ ਹੈ, ਜੋ ਕਿ ਮੈਂ ਪੜ੍ਹਦਾ ਹਾਂ :—

"ਪ੍ਰਧਾਨ ਮੰਤਰੀ ਜੰਮੂ ਕਸ਼ਮੀਰ ਪੈਟਰਨ ਪਰ ਪੰਜਾਬ ਮੇਂ ਇਕਤਦਾਰ ਸਿੱਖੋਂ ਕੋ ਸੌਂਪਦੇਂ ।"

ਅੱਗੇ ਚਲ ਕੇ ਇਸ ਅਖਬਾਰ ਵਿਚ ਲਿਖਿਆ ਹੈ :—

"ਅਕਾਲੀ ਦਲ ਕਾ ਲੁਧਿਆਣਾ ਕਾ ਪ੍ਰਸਤਾਵ—ਸਿੱਖ ਏਕ ਅਲਗ ਕੌਮ ਹੈ" ।

ਕੀ ਇਹ ਕੋਈ ਅਕਲ ਦੀ ਗੱਲ ਕੀਤੀ ਗਈ ਹੈ (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਕੋਈ ਇੰਟਰੱਪਸ਼ਨ ਨਹੀਂ ਹੋਣੀ ਚਾਹੀਦੀ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਹ ਸਾਡੇ ਬਜ਼ੁਰਗਾਂ ਦਾ ਖ਼ੂਨ ਹੈ ਤੁਹਾਡੇ ਵਿਚ (ਵਿਘਨ) ਤੁਸੀਂ ਅਗਲੀ ਗੱਲ ਸੁਣੋ । ਅੱਗੇ ਚਲ ਕੇ ਅਖਬਾਰ ਵਿਚ ਲਿਖਿਆ ਹੈ :—

"ਅਕਾਲੀ ਦਲ ਕਾ ਲੁਧਿਆਣਾ ਕਾ ਪ੍ਰਸਤਾਵ ਅਕਾਲੀ ਦਲ ਕੇ ਇਸ ਮਤਲਬ ਕੋ ਵਾਜ਼ਾ ਕਰਤਾ ਹੈ ...."

ਦੋਨੋਂ ਕਮਿਊਨਿਸਟ ਪਾਰਟੀਓਂ ਪਰ ਸ਼ਦੀਦ ਨੁਕਤਾਚੀਨੀ ਕਰਤੇ ਹੁਏ ਸ੍ਰੀ ਬਲਬੀਰ ਨੇ ਕਹਾ :—

"ਯੇ ਪਾਰਟੀਏ ਸਰਮਾਏਦਾਰੋਂ ਔਰ ਜਾਗੀਰਦਾਰੋਂ ਕਾ ਦੁਮਛੱਲਾ ਹੈਂ" ।

ਅੱਗੇ ਚਲਕੇ ਫਿਰ ਲਿਖਿਆ ਹੈ ਕਿ :—

"ਯੇ ਜਾਗੀਰਦਾਰੋਂ ਕਾ ਦੁਮਛੱਲਾ ਹੈਂ। ਯੇ ਦੋਨੋਂ ਪਾਰਟੀਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਸੇ ਮਿਲ ਕਰ ਪੰਜਾਬ ਮੇਂ ਕਮਿਊਨਿਜ਼ਮ ਲਾਨਾਂ ਚਾਹਤੀ ਹੈਂ, ਜਿਸ ਤਰ੍ਹਾਂ ਅਫਗਾਨਿਸਤਾਨ ਔਰ ਪਾਕਿਸਤਾਨ ਮੇਂ ਕੀਆ ਜਾ ਰਹਾ ਹੈ"

(ਵਿਘਨ) ਚਲੋ ਅੱਗੇ ਹੋਰ ਮੈਂ ਨਹੀਂ ਪੜ੍ਹਦਾ ।

ਸਾਡੀ ਸਰਕਾਰ ਨੇ ਸਾਰਿਆਂ ਦੇ ਪੂਜਾ ਅਸਥਾਨਾਂ ਦਾ ਸਤਿਕਾਰ ਕੀਤਾ ਹੈ । ਜਿਹੜੇ ਇਨ੍ਹਾਂ ਵੇਲੇ ਨਿਰੰਕਾਰੀਆਂ ਦੇ ਪੂਜਾ ਅਸਥਾਨ ਬੰਦ ਹੋਏ ਸਨ, ਉਨ੍ਹਾਂ ਸਾਰਿਆਂ ਨੂੰ ਹੁਣ ਇਜਾਜ਼ਤ ਹੈ ਕਿ ਉਹ ਆਪਣੇ ਤਰੀਕੇ ਨਾਲ ਪੂਜਾ ਕਰਨ ।

ਜਨਤਾ ਪਾਰਟੀ ਵਾਲੇ ਉਸ ਵੇਲੇ ਇਨ੍ਹਾਂ ਨਾਲ ਮਿਲੇ ਹੋਏ ਸੀ। ਉਨ੍ਹਾਂ ਨੇ ਇਨ੍ਹਾਂ ਨਾਲ ਮਿਲਕੇ ਬੜੀਆਂ ਹੇਰਾ-ਫੇਰੀਆਂ ਕੀਤੀਆਂ। ਸਮੱਗਲਿੰਗ ਕੀਤੀ, ਕੋਟੇ ਵੇਚੇ। ਰਾਅ ਮੈਟੀਰੀਅਲ ਵੇਚੇ, ਜੋ ਬੁਰੇ ਕੰਮ ਉਹ ਕਰ ਸਕਦੇ ਸਨ ਉਹ ਉਨ੍ਹਾਂ ਨੇ ਅਕਾਲੀ ਸਰਕਾਰ ਨਾਲ ਮਿਲ ਕੇ ਕੀਤੇ। (ਵਿਘਨ)

ਇਕ ਹੋਰ ਬੜੀ ਵੱਡੀ ਗੱਲ ਮੈਂ ਦੱਸਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਜਿਸ ਵੇਲੇ ਬਾਦਲ ਸਾਹਿਬ, ਮੁੱਖ ਮੰਤਰੀ ਸਨ ਤਾਂ ਉਸ ਵੇਲੇ ਪੰਜਾਬ ਬਰਿਊਰੀ ਬਣਾਈ ਜਿਸ ਤੇ ਕਰੋੜਾਂ ਰੁਪਏ ਲਗੇ ਸਨ ਪਰ ਉਹ ਲੱਖਾਂ ਵਿਚ ਇਨ੍ਹਾਂ ਨੇ ਆਪਣੇ ਇਕ ਸਾਥੀ ਨੂੰ ਵੇਚ ਦਿੱਤੀ ਔਰ ਇਸ ਤਰ੍ਹਾਂ ਕਰ ਕੇ ਕਰੋੜਾਂ ਰੁਪਏ ਇਹ ਆਪਣੀ ਪਾਰਟੀ ਵਾਸਤੇ ਲੈ ਗਏ। ਸਾਡੇ ਮੁੱਖ ਮੰਤਰੀ ਜੀ ਸਾਡੀ ਗੱਲ ਨਹੀਂ ਮੰਨਦੇ ਅਤੇ ਸਾਡੇ ਤੇ ਸ਼ੱਕ ਕਰ ਲੈਂਦੇ ਹਨ (ਆਪੋਜ਼ੀਸ਼ਨ ਵਲੋਂ ਥੰਪਿੰਗ) (ਸ਼ੋਰ)

ਇਹ ਜਿਹੜੀਆਂ ਚਾਰ ਪੰਜ ਪਾਰਟੀਆਂ ਇਕੱਠੀਆਂ ਹੋਈਆਂ ਹਨ, ਇਹ ਇਸ ਤਰ੍ਹਾਂ ਨਾਲ ਹੈ ਜਿਸ ਤਰ੍ਹਾਂ ਕਿ ਟਾਂਗੇ ਦੀ ਸਵਾਰੀ ਹੁੰਦੀ ਹੈ। ਪਿੰਡੋਂ ਟਾਂਗਾ ਚਲ ਪੈਂਦਾ ਅਤੇ ਬਜ਼ੁਰਗ ਨੇ ਕਚਹਿਰੀ ਜਾਣਾ ਹੁੰਦਾ ਹੈ ਅਤੇ ਪਿੱਛੋਂ ਬੱਚਾ ਭੱਜਦਾ ਆਉਂਦਾ ਹੈ ਕਿ ਮੈਨੂੰ ਨਾਲ ਲੈ ਜਾ । ਇਨ੍ਹਾਂ ਦਾ ਹਾਲ ਤਾਂ ਇਸ ਤਰ੍ਹਾਂ ਦਾ ਹੈ। ਅਕਾਲੀਆਂ ਦੀ ਪਾਲੈਟਿਕਸ ਅੰਮ੍ਰਿਤਸਰ ਤਕ ਹੈ। ਇਨ੍ਹਾਂ ਨੇ ਕਿਸੇ ਨੈਸ਼ਨਲ ਪਾਰਟੀ ਵਿਚ ਨਹੀਂ ਮਿਲਣਾ। ਇਨ੍ਹਾਂ ਨੇ ਪੰਜਾਬ ਛੱਡਣਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਆਪਣੀ ਪਾਲਿਸੀ ਬਦਲਣੀ ਪੈਣੀ ਹੈ। ਅਤੇ ਜੇਕਰ ਇਹ ਰਾਜ ਕਰਨਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਕਮਿਊਨਲ ਲਾਈਨ ਛਡਣੀ ਪੈਣੀ ਹੈ।

ਇਹ ਕਹਿੰਦੇ ਹਨ ਕਿ 30 ਸਾਲ ਕਾਂਗਰਸ ਦੇ ਰਾਜ ਵਿਚ ਇਨ੍ਹਾਂ ਨੇ ਕੁਝ ਨਹੀਂ ਕੀਤਾ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੀ ਬਹੁਤ ਤਫਸੀਲ ਵਿਚ ਨਹੀਂ ਜਾਂਦਾ ਕਿਉਂਕਿ ਟਾਈਮ ਇਜਾਜ਼ਤ ਨਹੀਂ ਦਿੰਦਾ । (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਜਨਤਾ ਪਾਰਟੀ ਦੇ ਰਾਜ ਵਿਚ 1976-77 ਦੀ ਪਲਾਨਿੰਗ ਦੇ ਮੁਤਾਬਿਕ 1977-78 ਵਿਚ ਚੀਨੀ 65 ਲੱਖ ਟਨ ਪੈਦਾ ਹੋਈ ਸੀ ਔਰ 1979-80 ਵਿਚ ਜਦੋਂ ਬਾਦਲ ਸਾਹਿਬ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਰਹੇ ਅਤੇ ਬਰਨਾਲਾ ਜੀ ਵੀ ਉਥੇ ਅਗਰੀਕਲਚਰ ਮਨਿਸਟਰ ਸਨ, ਇਨ੍ਹਾਂ ਦੀਆਂ ਪਾਲਸੀਆਂ ਦੇ ਨਾਲ ਉਸ ਵੇਲੇ ਚੀਨੀ ਦੀ ਜੋ ਪਰੋਡਕਸ਼ਨ ਹੋਈ ਉਸ ਬਾਰੇ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਬਿਆਨ ਵਿਚ ਦੱਸਿਆ ਹੈ ਕਿ ਉਦੋਂ 35 ਲੱਖ ਟਨ ਚੀਨੀ ਦੀ ਪਰੋਡਕਸ਼ਨ ਰਹਿ ਗਈ। ਇਹ ਪਰੋਡਕਸ਼ਨ ਘਟੀ ਕਿਉਂ? ਇਹ ਇਨ੍ਹਾਂ ਦੀ ਗ਼ਲਤ ਪਾਲਿਸੀ ਅਤੇ ਗ਼ਲਤ ਪਲਾਨਿੰਗ ਦੀ ਵਜ੍ਹਾ ਕਾਰਨ ਹੋਈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 30 ਸਾਲਾਂ

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਵਿਚ ਐਗਰੀਕਲਚਰ ਦੇ ਮੁਤੱਲਕ ਕੀ ਕੁਝ ਕੀਤਾ। (ਵਿਘਨ) ਬਾਦਲ ਸਾਹਿਬ ਨੂੰ ਅਸੀਂ ਕਹਿੰਦੇ ਹੁੰਦੇ ਸੀ ਕਿ ਤੁਸੀਂ ਪਰੋਡਿਊਸ ਦੇ ਪੈਸੇ ਵਧਾਓ ਇਹ ਠੀਕ ਸੀ ਕਿ ਇਸ ਦਾ ਬੋਝ ਮਜ਼ਦੂਰ ਤੇ ਪੈਣਾ ਸੀ ਪਰ ਅਸੀਂ ਕਹਿੰਦੇ ਸੀ ਕਿ ਕਿਸਾਨ ਨੂੰ ਉਸ ਦੀ ਪਰੋਡਿਊਸ ਦੇ ਪੈਸੇ ਵੱਧ ਮਿਲਣ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਰਾਜ ਦੇ 3 ਸਾਲ ਦੇ ਸਮੇਂ ਵਿਚ ਕਿਸਾਨ ਦੀ ਪਰੋਡਿਊਸ ਦੇ ਪੈਸੇ ਨਹੀਂ ਵਧਾਏ। (ਵਿਘਨ) ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਸੀ ਕਿ ਧਾਨ ਦੀ ਕੀਮਤ 95/-ਰੁਪਏ ਤੋਂ 105/-ਰੁਪਏ ਕਰ ਦਿੱਤੀ। ਕਣਕ ਦਾ ਭਾਅ 117 ਰੁਪਏ ਹੈ ਪਰ ਆਉਣ ਵਾਲੀ ਫਸਲ ਤੇ ਇਸ ਦਾ ਭਾਅ ਵੀ ਵਧਾਉਣਾ ਹੈ। ਇਸੇ ਤਰ੍ਹਾਂ ਵੀ ਕਪਾਹ ਦੇ ਰੇਟ ਵੀ ਵਧੇ ਹਨ। ਗੰਨੇ ਦਾ ਭਾਅ ਪੰਜਾਬ ਵਿਚ ਕਿਸਾਨ ਨੂੰ ਜੋ ਦਿੱਤਾ ਹੈ ਉਹ 23 ਰੁਪਏ ਤੋਂ 28 ਰੁਪਏ ਤਕ ਦਿੱਤਾ ਹੈ ਅਤੇ ਇਤਨਾ ਭਾਅ ਹਿੰਦੁਸਤਾਨ ਦੇ ਕਿਸੇ ਹਿਸੇ ਵਿਚ ਨਹੀਂ ਦਿਤਾ ਗਿਆ। (ਵਿਘਨ) ਜੇ ਤੁਸੀਂ ਗਾਰੰਟੀ ਪ੍ਰਾਈਸ ਕਿਸੇ ਪਰੋਡਕਸ਼ਨ ਦੀ ਦੇਣੀ ਹੋਵੇ ਤਾਂ ਜਿਹੜੇ ਬੀਜਣ ਵਾਲੇ ਹਨ ਉਹ ਸਾਰਾ ਹਿਸਾਬ ਲਾ ਲੈਂਦੇ ਹਨ ਕਿ ਮੈਨੂੰ ਇਸ ਚੀਜ਼ ਦੇ ਪੈਸੇ ਮਿਲਣੇ ਹਨ। ਅੱਜ ਸਰਕਾਰ ਗਾਰੰਟੀ ਪ੍ਰਾਈਸ ਦਿੰਦੀ ਹੈ। ਕਣਕ ਦੀ ਗਾਰੰਟੀ ਪ੍ਰਾਈਸ ਦਿਦੀ ਹੈ, ਚੌਲਾ ਦੀ ਗਾਰੰਟੀ ਪ੍ਰਾਈਸ ਦਿੰਦੀ ਹੈ ਅਤੇ ਜੇ ਪ੍ਰਾਈਵੇਟ ਸੈਕਟਰ ਨਹੀਂ ਚੁੱਕ ਸਕਦਾ ਤਾਂ ਇਸ ਦੀ ਚੁੱਕਣ ਦੀ ਜ਼ਿਮੇਵਾਰੀ ਸਰਕਾਰ ਦੀ ਹੈ। ਇਹ ਸਰਕਾਰ ਗਾਰੰਟੀ ਪ੍ਰਾਈਸ ਦਿੰਦੀ ਹੈ ਅਤੇ ਇਹ ਕਾਂਗਰਸ ਸਰਕਾਰ ਦੇ ਵੇਲੇ ਦੀ ਪਾਲਿਸੀ ਚਲਦੀ ਆ ਰਹੀ ਹੈ। (ਵਿਘਨ) ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਜਨਤਾ ਸਰਕਾਰ ਵੇਲੇ ਕੁਝ ਨਹੀਂ ਕਰ ਸਕੇ। (ਵਿਘਨ) ਇਹ ਕਹਿੰਦੇ ਹਨ ਕਿ ਕਾਂਗਰਸ ਸਰਕਾਰ 30 ਸਾਲਾਂ ਵਿਚ ਕੁਝ ਨਹੀਂ ਕਰ ਸਕੀ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕਣਕ ਦੀ ਪੈਦਾਵਾਰ ਵੱਲ ਹੀ ਦੇਖ ਲੈਣ। 1962 ਵਿਚ 1.7 ਮਿਲੀਅਨ ਟਨ ਕਣਕ ਪੈਦਾ ਹੋਈ ਸੀ ਅਤੇ 1980 ਦੇ ਵਿਚ 7.9 ਮਿਲੀਅਨ ਟਨ ਕਣਕ ਪੈਦਾ ਹੋਈ। ਇਹ ਕੋਈ ਜਾਦੂ ਨਹੀਂ ਹੋ ਗਿਆ, ਇਹ ਸਰਕਾਰ ਦੀਆਂ ਚੰਗੀਆਂ ਪਾਲਿਸੀਆਂ ਦੇ ਨਾਲ, ਸਰਕਾਰ ਦੇ ਪੈਸੇ ਨਾਲ, ਸਰਕਾਰ ਦੀ ਮਸ਼ੀਨਰੀ ਨਾਲ ਅਤੇ ਸਰਕਾਰ ਦੀ ਟੈਕਨੀਕ ਨਾਲ ਇਹ ਸਾਰੀ ਚੀਜ਼ ਹੋਈ ਸੀ। ਸਰਕਾਰ ਦਾ ਜਿੰਨਾ ਵੀ ਬਜਟ ਸੀ ਡਿਫੈਂਸ ਦੇ ਬਾਅਦ ਸੈਕੰਡ ਪ੍ਰਾਇਰਟੀ ਐਗਰੀਕਲਚਰ ਨੂੰ ਦਿੱਤੀ ਹੈ। ਤੁਸੀਂ ਸਾਡੀਆਂ ਪਿਛਲੀਆਂ ਸਰਕਾਰਾਂ ਦੀਆਂ ਪਲਾਨਿੰਗਜ਼ ਦੇਖ ਲਵੋ (ਵਿਘਨ) 1962 ਵਿਚ ਕਣਕ ਪਰ ਹੈਕਟੇਅਰ 1230 ਕਿਲੋਗ੍ਰਾਮ ਪੈਦਾ ਹੋਈ ਸੀ ਪਰ 1980 ਵਿਚ ਇਸ ਦੀ ਪੈਦਾਵਾਰ 2805 ਕਿਲੋ-ਗਰਾਮ ਹੋ ਗਈ ਹੈ। ਇਹ ਸਾਰਾ ਕੁਝ ਨਵੇਂ ਇੰਸਟਰੂਮੈਂਟਸ, ਖਾਦ ਵਗੈਰਾ ਜੋ ਸਰਕਾਰ ਨੇ ਲਿਆਂਦੀਆਂ ਅਤੇ ਨੋ ਹਾਉ ਜੋ ਸਰਕਾਰ ਨੇ ਲਿਆਂਦੇ ਉਨ੍ਹਾਂ ਦੀ ਵਜ੍ਹਾ ਕਾਰਨ ਹੋਇਆ ਹੈ। ਪੈਡੀ (ਰਾਈਸ) ਦੀ ਪੈਦਾਵਾਰ ਜਿਹੜੀ ਉਦੋਂ 1000 ਕਿਲੋਗਰਾਮ ਹੁੰਦੀ ਸੀ ਅੱਜ ਉਸ ਦੀ ਪੈਦਾਵਾਰ 2938 ਕਿਲੋਗਰਾਮ ਹੋ ਰਹੀ ਹੈ। (ਵਿਘਨ) ਇਹ ਕੋਈ ਜਾਦੂ ਨਾਲ ਨਹੀਂ ਹੋਇਆ ਸਗੋਂ ਸਰਕਾਰ ਦੀਆਂ ਚੰਗੀਆਂ ਪਾਲਿਸੀਆਂ ਨਾਲ ਹੋਇਆ ਹੈ। ਐਗਰੀਕਲਚਰ ਨੂੰ ਬੜਾਵਾ ਦੇਣ ਲਈ ਐਗਰੀਕਲਚਰਲ ਯੂਨੀਵਰਸਿਟੀ ਬਣਾਈ ਗਈ ਸੀ। ਉਸ ਦੇ ਅੱਜ ਕੱਲ ਵਾਈਸ-ਚਾਂਸਲਰ ਏ. ਐਸ. ਚੀਮਾ ਹਨ। ਉਹ ਇਨ੍ਹਾਂ ਦੇ (ਆਪੋਜ਼ੀਸ਼ਨ ਵੱਲ ਇਸ਼ਾਰਾ) 3 ਸਾਲ ਦੇ ਸਮੇਂ ਦੇ ਦੌਰਾਨ ਵੀ ਰਹੇ ਹਨ। (ਵਿਘਨ) ਉਨ੍ਹਾਂ ਨੇ ਇਕ ਪੈਂਫਲਟ ਜਾਰੀ ਕੀਤਾ ਸੀ (ਵਿਘਨ) ਦੱਸਿਆ ਗਿਆ ਕਿ ਯੂਨੀਵਰਸਿਟੀ ਤੇ ਸਰਕਾਰ ਦਾ 10 ਕਰੋੜ ਰੁਪਿਆ ਲਗਦਾ ਹੈ ਪਰ ਇਹ 10 ਕਰੋੜ ਰੁਪਿਆ ਸਰਕਾਰ ਦਾ ਵਿਅਰਥ ਨਹੀਂ ਗਿਆ। ਹਰ ਸਾਲ 10 ਕਰੋੜ ਰੁਪਿਆ ਐਗਰੀਕਲਚਰ ਦੀ ਤਰੱਕੀ ਵਾਸਤੇ ਲੱਗ ਰਿਹਾ ਹੈ। (ਵਿਘਨ) ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ ਕਿ ਸਾਡੇ ਲੀਡਰਾਂ ਨੇ ਬਦਾਮਾਂ ਦੇ ਬਾਗ ਲਗਾ ਲਏ। ਚਲੋ, ਉਸ ਦਾ ਵੀ ਕੋਈ ਫਾਇਦਾ ਹੀ ਹੋਇਆ ਹੈ। (ਵਿਘਨ) ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ। ਕਾਂਗਰਸ ਸਰਕਾਰ ਨੇ ਐਗਰੀਕਲਚਰਲ ਯੂਨੀਵਰਸਿਟੀ ਇਸ ਕਰਕੇ ਬਣਾਈ ਸੀ ਕਿ ਐਗਰੀਕਲਚਰ ਦੀ ਤਰੱਕੀ ਕਰਨੀ ਹੈ। 4.50 ਕਰੋੜ ਰੁਪਿਆ ਰਿਸਰਚ ਤੇ ਲੱਗਦਾ ਹੈ। ਜੇ ਰਿਸਰਚ ਨਾ ਹੁੰਦੀ ਹੋਵੇ ਤਾਂ ਫਾਰਮ ਪਰੋਡਿਊਸ ਨਹੀਂ ਵੱਧ ਸਕਦੀ। (ਵਿਘਨ) ਰਿਮੂਨੀ-

ਰੇਟਿਵ ਪਰਾਈਸ ਤੇ ਐਜੀਟੇਸ਼ਨਾਂ ਸ਼ੁਰੂ ਹੋ ਜਾਂਦੀਆਂ ਹਨ। ਇਹ ਕਹਿੰਦੇ ਹਨ ਕਿ ਰਿਮੂਨੀਰੇਟਿਵ ਪਰਾਈਸ ਅਜੇ ਵੀ ਥੋੜ੍ਹੀ ਹੈ। ਇਨ੍ਹਾਂ ਦੇ ਮਾਰਕਸਿਸਟਾਂ ਦੇ ਭਰਾ ਬੰਗਾਲ ਵਿਚ ਫਾਈਨੈਂਸ ਮਨਿਸਟਰ ਹਨ, ਮੈਂ ਤੁਹਾਨੂੰ ਉਨ੍ਹਾਂ ਦਾ ਬਿਆਨ ਪੜ੍ਹ ਕੇ ਸੁਣਾਉਂਦਾ ਹਾਂ। ਉਹ ਕਹਿੰਦੇ ਹਨ :—

"We (the Marxist Parties) have always been campaigning for remunerative price for farmers. But we differentiate between different elements of the agricultural community. There is no logic in indiscriminate subsidies in the form of support prices for produce or subsidised farm inputs extending, even to big farmers.

If support prices are raised in respect of small and marginal farmer there can be no danger of inflation. This will raise their standard of living and ensure substantial increase in the agricultural production, which in turn will have restraining effect on inflationary trends. The existing produce price formulae cater to the interests of big farmers and rural tycoons, who use support prices for their profit needs, as a result of which inflationary trends emerge ."

ਸੁਣ ਲਓ ਭਰਾਓ ਤੁਸੀਂ ਇਨ੍ਹਾਂ ਦੇ ਮੋਢੇ ਤੇ ਚੜ੍ਹੇ ਹੋਏ ਹੋ। ਇਹ ਇਨ੍ਹਾਂ ਦੇ ਲੀਡਰ ਦੀ ਗੱਲ ਹੈ ਜਿਸ ਦਾ ਬੰਗਾਲ ਵਿਚ ਰਾਜ ਹੈ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਚੀਜ਼ਾਂ ਤੁਹਾਡੇ ਸਾਹਮਣੇ ਹਨ। (ਵਿਘਨ) ਇਹ ਲੋਕ ਅੱਜ ਵੀ ਕਿਸਾਨ ਨੂੰ ਭੜਕਾਉਂਦੇ ਹਨ, ਇਸ ਵਿਚ ਇਨ੍ਹਾਂ ਦਾ ਹੋਰ ਮਕਸਦ ਕੁਝ ਨਹੀਂ, ਸਿਰਫ ਇਨ੍ਹਾਂ ਨੂੰ ਇਕ ਰਾਜ ਦੀ ਭੁੱਖ ਲਗੀ ਹੋਈ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਅਜੇ ਤਾਂ ਮੈਂ ਅਸਲੀ ਮਜ਼ਮੂਨ ਤੇ ਆਇਆ ਹੀ ਨਹੀਂ ਜੀ। (ਵਿਘਨ) ਇਹ ਜਿਹੜੀਆਂ ਇਨ੍ਹਾਂ ਨੇ ਐਜੀਟੇਸ਼ਨਾਂ ਸ਼ੁਰੂ ਕੀਤੀਆਂ ਹੋਈਆਂ ਹਨ ਇਹ ਆਪਣੇ ਗੁਰੂ ਤੋਂ ਕੁਝ ਸਿੱਖ ਲੈਣ। ਚੌਧਰੀ ਚਰਨ ਸਿੰਘ ਨੇ 'ਇੰਡੀਆ ਟੂਡੇ" ਅਖਬਾਰ ਵਿਚ ਬੜੀ ਲੰਬੀ ਚੌੜੀ ਸਟੇਟਮੈਂਟ ਦਿੱਤੀ ਹੈ। ਉਸ ਨੂੰ ਬਾਦਲ ਸਾਹਿਬ ਨੇ ਵੀ ਕੋਟ ਕੀਤਾ ਸੀ। ਉਸ ਬਾਰੇ ਮੈਂ ਵੀ ਦੱਸਦਾ ਹਾਂ। ਇਹ ਜਿਹੜੇ ਐਜੀਟੇਸ਼ਨ ਕਰਦੇ ਹਨ ਇਸ ਬਾਰੇ ਉਨ੍ਹਾਂ ਨੇ ਲਿਖਿਆ ਹੈ :

I am against 'Rasta Roko' stoppage of buses. Our country cannot afford any disruption of normal life. I am against sabotage and violence I do not believe even in 'Satyagraha'. 'Satyagraha' is a form of sabotage though of non-violent charactor. It is only when civil rights are sought to be abolished that 'Satyagraha' can be pursued.

ਇਹ ਕੁਝ ਉਨ੍ਹਾਂ ਨੇ ਕਿਹਾ ਹੈ। ਉਹ ਤੁਹਾਡੇ ਲੀਡਰ ਰਹੇ ਹਨ, ਤੁਹਾਡੇ ਪ੍ਰਾਈਮ ਮਨਿਸਟਰ ਰਹੇ ਹਨ, ਸਾਡੇ ਵੀ ਪ੍ਰਾਈਮ ਮਨਿਸਟਰ ਸਨ। ਉਨ੍ਹਾਂ ਦੀ ਕੋਈ ਗੱਲ ਸਿੱਖਣੀ ਚਾਹੀਦੀ ਹੈ। ਅਸਲੀ ਗੱਲ, ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਦੀ ਜਨਤਾ ਪਾਰਟੀ ਬਣੀ ਸੀ, ਇਹ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਡੀਫੇਮ ਕਰਦੇ ਹਨ, ਕਦੇ ਉਨ੍ਹਾਂ ਨੂੰ ਡਿਕਟੇਟਰ ਕਹਿੰਦੇ ਹਨ, ਉਹ ਡਿਕਟੇਟਰ ਕਿਥੋਂ ਰਹਿ ਗਏ ਜਦੋਂ ਉਨ੍ਹਾਂ ਦੀ ਇੱਟ ਇੱਟ ਫਰੋਲ ਦਿਤੀ ਕਿ ਕਿਥੇ ਉਨ੍ਹਾਂ ਦਾ ਪੈਸਾ ਪਿਆ ਹੈ, ਕਿਥੇ ਉਨ੍ਹਾਂ ਦਾ ਕਾਗਜ਼ ਪਿਆ ਹੈ, ਇਨ੍ਹਾਂ ਦੇ ਰਾਜ ਵਿਚ ਉਦੋਂ ਤਿੰਨ ਪ੍ਰਾਈਮ ਮਨਿਸਟਰ ਬਣਨਾ ਚਾਹੁੰਦੇ ਸਨ। ਉਹ ਤਿੰਨੇ ਪ੍ਰਾਈਮ ਮਨਿਸਟਰ ਲੜਦੇ ਲੜਦੇ ਖਤਮ ਹੋ ਗਏ। ਇਨ੍ਹਾਂ ਦੀ ਆਪਣੀ ਅਖਬਾਰ ਇੰਡੀਅਨ ਐਕਸਪ੍ਰੈਸ ਜਿਹੜੀ 13-14 ਜਨਵਰੀ ਦੀ ਹੈ ਇਸ ਦੇ ਵਿਚ ਇਕ ਬੜੇ ਪਾਪੂਲਰ ਜਰਨਲਿਸਟ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਕ੍ਰਿਟੇਸਾਈਜ਼ ਕੀਤਾ ਹੈ—

While the 1977 poll results had surprised the Janata by the peoples

[Shri Om Parkash Gupta]

massive mandate for it, the outright rejection in 1980 left it benumbed. And the facade of unity brought in by expediency in 1977 fell apart in 1980 when there remained no spoils to share. The only noticeable change in their behaviour has been that instead of three claimants to the Prime. Minister's office then there are more than six now.

ਹੁਣ 6 ਹੋ ਗਏ ਹਨ। ਮੈਂ ਦੱਸਦਾ ਹਾਂ ਕਿ ਉਹ ਕਿਹੜੇ ਕਿਹੜੇ ਹਨ। ਇਕ ਸਾਰਿਆਂ ਨਾਲੋਂ ਪਹਿਲਾਂ ਆਰ. ਐਸ. ਐਸ. ਦੇ ਹਨ ਜਿਨ੍ਹਾਂ ਨੇ ਅੱਜ ਕੱਲ ਬੰਬਈ ਵਿਚ ਕਾਨਫਰੰਸ ਕੀਤੀ ਸੀ। ਉਨ੍ਹਾਂ ਨੇ ਹੁਣ ਭਾਰਤੀਆ ਜਨਤਾ ਪਾਰਟੀ ਨਾਮ ਰੱਖ ਦਿੱਤਾ ਹੈ। ਜਿਥੇ ਭਾਰਤੀਆ ਲਿਖਿਆ ਜਾਏ ਉਥੇ ਸਮਝੋ ਆਰ. ਐਸ. ਐਸ. ਹੁੰਦਾ ਹੈ। (ਵਿਘਨ) 'ਇੰਡੀਆ ਟੂਡੇ' ਵਿਚ ਉਨ੍ਹਾਂ ਦੇ ਬਾਰੇ ਲਿਖਿਆ ਹੈ। ਉਥੇ ਐਲਾਨ ਕੀਤਾ ਗਿਆ ਕਿ ਸ੍ਰੀ ਬਾਜਪਾਈ ਆਪਣਾ ਭਾਸ਼ਣ 'ਗਾਂਧੀਅਨ ਸੋਸ਼ਲਿਜ਼ਮ' ਤੇ ਦੇਣਗੇ। ਲੇਕਿਨ ਉਨ੍ਹਾਂ ਦੀ ਸੀਰੀਅਸਨੈਸ ਦੇਖੋ ਕਿ ਕਿੰਨੀ ਹੈ। ਇਕ ਉਨ੍ਹਾਂ ਦੇ ਲੇਡੀ ਲੀਡਰ ਹਨ ਜਿਨ੍ਹਾਂ ਦਾ ਨਾਮ ਵਿਜੇ ਸਿੰਧੀਆ ਹੈ। ਉਹ ਬੜੇ ਵੱਡੇ ਲੀਡਰ ਹਨ, ਬੜਾ ਫਾਈਨਾਂਸ ਕਰਦੇ ਹਨ ਪਾਰਟੀ ਨੂੰ। ਰਾਜੇ ਵੀ ਹਨ। ਉਨ੍ਹਾਂ ਨੇ ਸੋਸ਼ਲਿਜ਼ਮ ਦਾ ਮਜ਼ਾਕ ਉਡਾਇਆ ਹੈ। ਇਸ ਦੇ ਵਿਚ ਲਿਖਿਆ ਹੈ—

Gandhian Socialism a theoretician like Bhai Mahabir could be summoned to give it a pedigree.

True, dissenters like Vijaye Raje Scindia drew embarrasingly loud applause when socialism as a concept was flayed.

ਉਨ੍ਹਾਂ ਨੇ ਮਜ਼ਾਕ ਉਡਾਇਆ ਹੈ ਇਸ ਚੀਜ਼ ਦਾ। ਅਸਲ ਗੱਲ ਇਹ ਹੈ, ਡਿਪਟੀ ਸਪੀਕਰ ਸਾਹਿਬ, ਕਿ 90 ਪ੍ਰਤੀਸ਼ਤ ਜਿਹੜੇ ਹਨ ਉਹ ਆਰ. ਐਸ. ਐਸ. ਦੇ ਹਨ। ਜਿਹੜੇ ਤੁਹਾਡੇ ਨਾਲੋਂ ਵੀ, ਅਕਾਲੀ ਪਾਰਟੀ ਨਾਲੋਂ ਵੀ ਕਮਿਊਨਲ ਹਨ। ਇਸ ਤਰ੍ਹਾਂ ਤੁਸੀਂ ਉਨ੍ਹਾਂ ਦੇ ਨਾਲ ਕਿਸ ਤਰ੍ਹਾਂ ਚਲ ਸਕਦੇ ਹੋ ? ਤੁਸੀਂ ਨਹੀਂ ਉਨ੍ਹਾਂ ਦੇ ਨਾਲ ਚਲ ਸਕਦੇ। ਤੁਹਾਡੀ ਲਾਈਨ ਇਕੋ ਹੈ। ਲੇਕਿਨ ਤੁਹਾਡੀ ਲਾਈਨ ਡਿਫਰੈਂਟ ਹੈ ਉਨ੍ਹਾਂ ਦੀ ਲਾਈਨ ਡਿਫਰੈਂਟ ਹੈ ਅਸਲ ਵਿਚ। ਇਕ ਤਾਂ ਇਹ ਪ੍ਰਧਾਨ ਬਣਾਉਣ ਨੂੰ ਫਿਰਦੇ ਹਨ।

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ, ਤੁਸੀਂ ਦੋ ਮਿੰਟਾਂ ਵਿਚ ਆਪਣੀ ਸਪੀਚ ਕਨਕਲੂਡ ਕਰ ਦਿਓ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਬਸ ਜੀ, ਮੈਂ 5-7 ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ।

ਉਥੇ ਕਾਨਫਰੰਸ ਵਿਚ, ਡਿਪਟੀ ਸਪੀਕਰ ਸਾਹਿਬ, ਨਾਹਰਾ ਲਗਾਇਆ ਗਿਆ 'ਪ੍ਰਧਾਨ ਮੰਤਰੀ ਅਗਲੀ ਬਾਰ', 'ਅਟਲ ਬਿਹਾਰੀ ਬਾਜਪਾਈ, 'ਅਟਲ ਬਿਹਾਰੀ ਬਾਜਪਈ'

ਉਥੇ ਇਹ ਨਾਹਰਾ ਲਗਾਇਆ ਗਿਆ। ਇਹ ਇਕ ਮੈਂਬਰ ਸੀ ਪ੍ਰਾਈਮ ਮਨਿਸਟਰ ਬਣਨ ਲਈ। ਉਸ ਦੇ ਬਾਅਦ ਦੂਸਰੇ ਨੰਬਰ ਤੇ ਸ੍ਰੀ ਜਗਜੀਵਨ ਰਾਮ ਜੀ ਹਨ ਅਤੇ ਤੀਸਰੇ ਨੰਬਰ ਤੇ ਸ੍ਰੀ ਵਾਈ ਬੀ. ਚਵਾਨ। ਉਨ੍ਹਾਂ ਦੇ ਬਾਰੇ ਅਖਬਾਰ ਵਾਲਿਆਂ ਨੇ ਲਿਖਿਆ ਹੈ—

Mr. Jagjiwan Ram and Mr. Y.B. Chavan having lost the initiative to youngsters in their power bases, are now waiting eagerly for a call from the big house.

ਯਾਨੀ ਉਡੀਕਦੇ ਫਿਰਦੇ ਹਨ ਕਿ ਕਦੋਂ ਇੰਦਰਾ ਜੀ ਬੁਲਾਉਣ ਤੇ ਐਡਜਸਟ ਹੋ ਜਾਈਏ। (ਵਿਘਨ) ਇਕ ਸ੍ਰੀ ਚੰਦਰ ਸ਼ੇਖਰ ਜੀ ਹਨ। ਉਸ ਦੇ ਬਾਰੇ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਉਹ ਤਾਂ ਸਿਰਫ ਲੀਡਰ ਹੀ ਹਨ ਜਾਂ ਉਹ ਲੀਡਰ ਉਸ ਪਾਰਟੀ ਦਾ ਹੈ ਜੋ ਕਾਂਗਰਸ ਤੋਂ ਭੱਜ ਗਏ ਹਨ ਉਹ ਉਨ੍ਹਾਂ ਦੇ ਨਾਲ ਹਨ।

ਇਕ ਆਵਾਜ਼ : ਪੰਜਾਬ ਦੀ ਤੁਸੀਂ ਕੋਈ ਗਲ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਹੁਣੇ ਮੈਂ ਪੰਜਾਬ ਦੀ ਵੀ ਗਲ ਕਰਦਾ ਹਾਂ। ਇਹ ਤਾਂ ਤੁਹਾਡੀਆਂ ਗਲਾਂ ਕੀਤੀਆਂ ਹਨ। (ਵਿਘਨ)

ਸਰਦਾਰ ਜਗਦੇਵ ਸਿੰਘ ਜੱਸੋਵਾਲ : ** **

(ਇਕ ਆਵਾਜ਼ : ਕੀ ਇਹ ਪੁਆਇੰਟ ਆਫ ਆਰਡਰ ਹੈ ?)

ਸਰਦਾਰ ਜਗਦੇਵ ਸਿੰਘ ਜੱਸੋਵਾਲ: ** **

(ਇਕ ਆਵਾਜ਼ : ਅਸੀਂ ਰਿਕਾਰਡ ਤੇ ਲਿਆ ਦਿੱਤਾ ਹੈ। (ਵਿਘਨ) (ਸ਼ੋਰ) ਪਿਛਲੇ 10 ਸਾਲਾਂ ਵਿਚ ਤੂੰ ਹੀ ਆਪਣੀਆਂ ਗਲਾਂ ਤੋਂ ਮੁਕਰ ਗਿਆ ਹੈ।)

ਸਰਦਾਰ ਜਗਦੇਵ ਸਿੰਘ ਜੱਸੋਵਾਲ : ** **

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਜ਼ਿਮੀਦਾਰ ਲਾਬੀ ਇਤਨੀ ਵੱਡੀ ਹੈ ਕਿ ਫਾਰਮ ਲੇਬਰ ਦਾ ਕੋਈ ਵਾਲੀ ਵਾਰਸ ਹੀ ਨਹੀਂ ਰਿਹਾ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਜੋ ਜੱਸੋਵਾਲ ਸਾਹਿਬ ਨੇ ਕਿਹਾ ਹੈ ਕੀ ਉਹ ਤੁਸੀਂ ਤਸਲੀਮ ਕਰ ਲਿਆ ਹੈ ਕਿ ਪੁਆਇੰਟ ਆਫ ਆਰਡਰ ਹੈ ?

Mr. Deputy Speaker. No. That was not a Point of Order.

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਫਾਰਮ ਲੇਬਰ ਦਾ ਕੋਈ ਵਲੀ ਵਾਰਸ ਹੀ ਨਹੀਂ ਬਣਿਆ। ਫਾਰਮ ਲੇਬਰ ਸਾਡੇ ਪੰਜਾਬ ਵਿਚ ਸਾਰਿਆਂ ਨਾਲੋਂ ਜ਼ਿਆਦਾ ਹੈ। ਉਨ੍ਹਾਂ ਵਿਚਾਰਿਆਂ ਦੇ ਕਈਆਂ ਦੇ ਲਿੰਬਜ਼ ਕਟੇ ਜਾਂਦੇ ਹਨ, ਕਈਆਂ ਦੇ ਸੱਟਾਂ ਲਗ ਜਾਂਦੀਆਂ ਹਨ ਅਤੇ ਇਥੋਂ ਤੱਕ ਕਿ ਕਈਆਂ ਦੀ ਮੌਤ ਹੋ ਜਾਂਦੀ ਹੈ। ਜੇ ਇੰਨਸੈਕਟੀਸਾਈਡ ਦੇ ਨਾਲ ਮੌਤ ਹੋ ਜਾਵੇ ਤਾਂ ਉਨ੍ਹਾਂ ਵਿਚਾਰਿਆਂ ਨੂੰ ਕੋਈ ਏਜੰਸੀ ਨਹੀਂ ਹੈ ਜਿਹੜੀ ਪੈਸੇ ਦੇਵੇ ਜਾ ਵਾਲੀਵਾਰਸ ਬਣੇ। ਜ਼ਿਮੀਦਾਰ ਲਾਬੀ ਬਣੀ ਹੋਈ ਸੀ, ਹੁਣ ਸਾਡੀ ਸਰਕਾਰ ਆਈ ਹੈ ਇਸ ਤੇ ਜਲਦੀ ਤੋਂ ਜਲਦੀ ਗੌਰ ਕੀਤਾ ਜਾਵੇ।

ਇਥੇ ਜ਼ਿਕਰ ਆਇਆ ਹੈ ਪਾਵਰ ਸ਼ਾਰਟੇਜ਼ ਦਾ। ਇੰਡਸਟਰੀ ਵਾਸਤੇ ਪਾਵਰ ਸ਼ਾਰਟੇਜ ਹੈ ਇਸ ਦੇ ਲਈ ਰਾਅ-ਮੈਟੀਰੀਅਲ ਵੀ ਬਹੁਤ ਕੰਮ ਹੈ। ਪਾਵਰ ਸ਼ਾਰਟੇਜ ਦੇ ਮੌਕੇ ਸਾਰੀ ਲੇਬਰ ਬੇਕਾਰ ਹੋ ਜਾਂਦੀ ਹੈ। ਫਿਰ ਉਹ ਹੜਤਾਲਾਂ ਅਤੇ ਐਜ਼ੀਟੇਸ਼ਨਾਂ ਤੇ ਆ ਜਾਂਦੀ ਹੈ। ਨਾ ਇੰਡਸਟਰੀ ਨੂੰ ਕੋਈ

**Expunged as ordered by the Chair.

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਕੰਪਨਸੇਸ਼ਨ ਮਿਲਦਾ ਹੈ ਅਤੇ ਨਾ ਹੀ ਮਜ਼ਦੂਰ ਨੂੰ। ਐਗਰੀਕਲਚਰ ਵਿਚ ਤਾਂ ਇਹ ਹੈ ਕਿ ਅਗਰ ਔਲੇ ਪੈ ਜਾਣ ਤਾਂ ਉਨ੍ਹਾਂ ਨੂੰ ਉਸੇ ਵਕਤ ਕੰਪਨਸੇਸ਼ਨ ਮਿਲ ਜਾਂਦਾ ਹੈ ਜਦੋਂ ਕਾਰਖਾਨੇਦਾਰ ਦੀ ਬਿਜਲੀ ਬੰਦ ਕਰ ਦਿਤੀ ਜਾਵੇ ਤਾਂ ਮਜ਼ਦੂਰ ਦੀ ਜ਼ਰੂਰ ਮਦਦ ਕਰਨੀ ਚਾਹੀਦੀ ਹੈ। ਕਾਰਖਾਨੇਦਾਰ ਤਾਂ ਬਰਦਾਸ਼ਤ ਕਰ ਲੈਂਦਾ ਹੈ ਪਰ ਮਜ਼ਦੂਰ ਨੂੰ ਮੁਸ਼ਕਲ ਹੁੰਦੀ ਹੈ।

25 ਨੁਕਾਤੀ ਪ੍ਰੋਗਰਾਮ ਸ੍ਰੀਮਤੀ ਇੰਦਰਾ ਗਾਂਧੀ ਔਰ ਸਵਰਗਵਾਸੀ ਸੰਜੇ ਗਾਂਧੀ ਨੇ ਦਿੱਤਾ ਹੈ ਉਸ ਨੂੰ ਅਮਲੀਜਾਮਾ ਪਹਿਨਾਉਣਾ ਬਹੁਤ ਜ਼ਰੂਰੀ ਹੈ। ਉਸ ਦੇ ਲਈ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ ਤਾਂ ਜੋ ਬੜੇ ਜ਼ੋਰ ਨਾਲ ਉਨ੍ਹਾਂ ਨੂੰ ਚਲਾਇਆ ਜਾ ਸਕੇ ਔਰ ਆਪਣੀ ਸਟੇਟ ਵਿਚੋਂ ਗਰੀਬੀ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਜਾ ਸਕਣ।

ਇਸ ਤੋਂ ਅੱਗੇ ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ ਇਥੇ ਐਂਟੀ ਡੋਰੀ ਐਕਟ ਬਣਾਇਆ ਸੀ ਪਰ ਅਜੇ ਤਕ ਉਸ ਤੇ ਕੋਈ ਅਮਲ ਨਹੀਂ ਹੋਇਆ। ਅੱਜ ਵੀ ਹਰ ਸ਼ਹਿਰ ਵਿਚ ਅਤੇ ਹਰ ਪਿੰਡ ਵਿਚ ਕਈ ਜਗ੍ਹਾ ਮੌਤਾਂ ਹੋਈਆਂ ਔਰ ਉਹ ਇਸ ਕਰਕੇ ਹੋਈਆਂ ਕਿਉਂਕਿ ਕਈ ਗਰੀਬ ਡੋਰੀ ਨਹੀਂ ਦੇ ਸਕੇ। ਕਿਸੇ ਵੀ ਸਰਕਾਰ ਦੇ ਵੇਲੇ ਕੋਈ ਕੇਸ ਦਰਜ ਨਹੀਂ ਹੋਇਆ। ਜਾਂ ਤਾਂ ਐਕਟ ਵਿਚ ਕੋਈ ਤਾਕਤ ਨਹੀਂ ਜਾਂ ਸਾਡੀ ਸਰਕਾਰ ਤੇਜ਼ ਨਹੀਂ ਹੋਈ। ਇਸ ਵਿਚ ਅਗਰ ਅਮੈਂਡਮੈਂਟਸ ਦੀ ਲੋੜ ਹੈ ਤਾਂ ਮੁੜ ਕੇ ਹਾਊਸ ਵਿਚ ਲਿਆਂਦਾ ਜਾਏ ਤਾਂਕਿ ਜੋ ਜ਼ੁਲਮ ਔਰਤਾਂ ਤੇ ਹੁੰਦਾ ਹੈ ਉਹ ਨਾ ਹੋਵੇ।

ਹੁਣ ਇਕ ਗੱਲ ਮੈਂ ਐਸ. ਐਸ. ਐਸ. ਬੋਰਡ ਬਾਰੇ ਕਹਿਣੀ ਚਾਹੁੰਦਾ ਹਾਂ। ਕਦੇ ਉਹ ਟੁੱਟ ਜਾਂਦਾ ਹੈ ਔਰ ਕਦੇ ਬਣ ਜਾਂਦਾ ਹੈ। ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਕਈ ਵਾਰੀ ਉਸ ਦੇ ਭਜ ਟੁੱਟ ਵਿਚ ਉਨ੍ਹਾਂ ਦੀਆਂ ਦਰਖਾਸਤਾਂ ਤੇ ਫੈਸਲੇ ਨਹੀਂ ਹੁੰਦੇ ਔਰ ਉਨ੍ਹਾਂ ਦੀ ਉਮਰ ਟਪ ਜਾਂਦੀ ਹੈ। ਇਸ ਦੇ ਬਾਅਦ ਉਹ ਵਿਚਾਰੇ ਕਿਤੇ ਵੀ ਅਪਲਾਈ ਨਹੀਂ ਕਰ ਸਕਦੇ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਦਾ ਭਾਵੇਂ ਕਿਸੇ ਵੀ ਐਮਪਲਾਇਮੈਂਟ ਵਿਚ ਨਾਂ ਦਰਜ ਹੋਵੇ ਉਹ ਉਮਰ ਵਾਲੀ ਕਲਾਜ਼ ਤੋਂ ਐਗਜ਼ੈਂਪਟ ਹੋਣੇ ਚਾਹੀਦੇ ਹਨ ਤਾਕਿ ਉਹ ਸਰਕਾਰ ਦੀ ਨੌਕਰੀ ਹਾਸਲ ਕਰ ਸਕਣ।

ਓਲਡ ਏਜ ਅਤੇ ਵਿਡੋ ਪੈਨਸ਼ਨ ਦੇ ਬਾਰੇ ਬੇਨਤੀ ਹੈ ਕਿ ਉਨ੍ਹਾਂ ਨੂੰ ਸਿਰਫ 50/- ਰੁਪਏ ਮਹੀਨਾ ਮਿਲਦੇ ਹਨ। ਜੇਕਰ 30/- ਰੁਪਏ ਮਹੀਨੇ ਦਾ ਕਮਰਾ ਲਾਇਆ ਜਾਵੇ ਤਾਂ 20/- ਰੁਪਏ ਵਿਚ ਰੋਟੀ ਨਹੀਂ ਮਿਲਦੀ ਇਸ ਕਰਕੇ ਉਨ੍ਹਾਂ ਦਾ ਘੱਟ ਤੋਂ ਘੱਟ 100/- ਰੁਪਿਆ ਕਰ ਦਿਤਾ ਜਾਏ। ਤੁਸੀਂ ਮੁਲਾਜ਼ਮਾਂ ਦਾ ਵੀ ਕੀਤਾ ਹੈ ਉਨਾਂ ਦਾ ਵੀ ਕਰੋ ਸਾਡਾ ਇਹ ਮੁਸ਼ਲ ਫਰਜ਼ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਕੋਈ ਸਹਾਰਾ ਦੇਈਏ।

ਇਕ ਜਿਹੜਾ ਡਿਸਟਰੀਬਿਊਸ਼ਨ ਆਫ ਰਾਸ਼ਨ ਹੈ ਇਸ ਦੇ ਵਿਚ ਅੱਜ ਬਹੁਤ ਨੁਕਸ ਪੈ ਗਏ ਹਨ। ਪਨਸਪ ਦੀਆਂ ਦੁਕਾਨਾਂ ਬਿਲਕੁਲ ਕੰਮ ਨਹੀਂ ਕਰਦੀਆਂ। ਜਿਹੜੇ ਉਥੇ ਠੇਕੇਦਾਰ ਬੈਠੇ ਹਨ ਉਹ ਸੱਭ ਕੁਝ ਖਾ ਜਾਂਦੇ ਹਨ, ਥਲੇ ਕੋਈ ਚੀਜ਼ ਨਹੀਂ ਪਹੁੰਚਦੀ। ਜਾਂ ਤੇ ਇਸ ਨੂੰ ਤੋੜ ਦਿੱਤਾ ਜਾਵੇ ਜਾਂ ਫਿਰ ਇਸ ਵਿਚ ਸੁਧਾਰ ਕੀਤੇ ਜਾਣ। ਹੁਣ ਮਾਰਕੀਟ ਵਿਚ ਆਟਾ ਦੋ ਰੁਪਏ ਕਿਲੋ ਹੋ ਗਿਆ ਹੈ ਅਤੇ ਡਿਪੂ ਤੋਂ ਜਿਹੜਾ ਸਸਤਾ ਆਟਾ ਹੈ ਉਹ ਹੋਲ-ਮੀਲ ਮਿਲਦਾ ਹੈ। ਪਰ ਡਿਪੂਆਂ ਵਾਲੇ ਜਾਂ ਤਾ ਆਟਾ ਬਦਲ ਦਿੰਦੇ ਹਨ ਜਾਂ ਇਨਫੀਰੀਅਰ ਕੁਆਲਿਟੀ ਦਾ ਲਿਆ ਕੇ ਦੇ ਦਿੰਦੇ ਹਨ। ਇਸ ਬਾਰੇ ਪੜਤਾਲ ਕਰਨੀ ਚਾਹੀਦੀ ਹੈ ਤਾਕਿ ਅਸੀਂ ਠੀਕ ਰਾਸ਼ਨ ਲੋਕਾਂ ਨੂੰ ਦੇ ਸਕੀਏ।

ਸਰਪਲੱਸ ਲੈਂਡ ਬਾਰੇ ਅਰਜ਼ ਹੈ ਕਿ ਇਹ ਸਾਡੇ 20 ਨੁਕਾਤੀ ਪ੍ਰੋਗਰਾਮ ਵਿਚ ਹੈ ਪਰ ਇਹ ਅੱਜ ਬਹੁਤ ਥੋੜ੍ਹੀ ਨਿਕਲੀ ਹੈ। ਵੱਡੇ ਵੱਡੇ ਜ਼ਿਮੀਦਾਰਾਂ ਨੇ, ਭਾਵੇਂ ਉਹ ਅਕਾਲੀ ਹਨ ਚਾਹੇ ਕਾਂਗਰਸੀ ਹਨ, ਲੁਕਾ ਰੱਖੀ ਹੈ, ਕੁੱਤਿਆਂ ਦੇ ਨਾਂ ਤੇ ਜਾਂ ਬਿਲਿਆਂ ਦੇ ਨਾਂ ਤੇ। ਪਿਛੇ ਅਕਾਲੀ ਰਾਜ ਵੇਲੇ ਵੀ ਇਸ ਗਲ ਦਾ ਰੌਲਾ ਪਿਆ ਸੀ। ਜੇਕਰ 25 ਨੁਕਾਤੀ ਪ੍ਰੋਗਰਾਮ ਤੇ ਅਮਲ ਕਰਨਾ ਹੈ ਤਾਂ ਉਹ ਜ਼ਮੀਨਾਂ ਅੱਛੀ ਤਰ੍ਹਾਂ ਕੱਢੀਆਂ ਜਾਣ ਔਰ ਜੇ ਕਿਸੇ ਦਾ ਕੋਈ ਕੰਪਨਸੇਸ਼ਨ ਰਹਿੰਦਾ ਹੈ ਤਾਂ ਜਲਦੀ ਤੋਂ ਜਲਦੀ ਪੈਸੇ ਦਿੱਤੇ ਜਾਣ ਤਾਂ ਕਿ ਜਿਨ੍ਹਾਂ ਦੀਆਂ ਜ਼ਮੀਨਾਂ ਹਨ ਉਨ੍ਹਾਂ ਨੂੰ ਮਿਲ ਜਾਣ। ਮੈਂ ਇਨ੍ਹਾਂ ਸ਼ਬਦਾਂ ਨਾਲ ਉਸ ਰੈਜ਼ੋਲਿਊਸ਼ਨ ਦੀ ਬੜੇ ਜ਼ੋਰ ਨਾਲ ਤਾਈਦ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ।

ਸਰਦਾਰ ਦਲੀਪ ਸਿੰਘ ਪਾਂਧੀ : (ਅਮਲੋਹ, ਐਸ. ਸੀ.) : ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਬੜਾ ਕੀਮਤੀ ਸਮਾਂ ਦਿੱਤਾ ਹੈ। ਇਥੇ ਬੜੇ ਮੈਗਜ਼ੀਨਾਂ ਦਾ ਜ਼ਿਕਰ ਹੋ ਰਿਹਾ ਸੀ। ਮੈਂ ਇਕ ਮੈਗਜ਼ੀਨ 'ਨਿਊ ਦਿਲੀ' ਜਿਹੜਾ ਕਿ ਦਸੰਬਰ 22, 1980 ਤੋਂ ਜਨਵਰੀ 4, 1981 ਤੱਕ ਦਾ ਹੈ। ਉਸ ਵਿਚੋਂ ਕੁਝ ਹਵਾਲੇ ਦੇਣਾ ਚਾਹੁੰਦਾ ਹਾਂ...

Darbara's Homegrown Generosity: Punjab Chief Minister Darbara Singh is particularly fond of his son. In 1970 when Singh became a member of the Congress Parliamentary Board he quickly ensured that his son got the sole selling agency of Mohan Meakins for Bihar. Ten years later Singh continues to patronise Junior. Weeks after he became Chief Minister his son bagged the sole selling agency for Jagatjit Industries in West Bengal. For Darbara, Charity obviously bengins-and-ends-at home..Darbara : a good father.

ਸਾਨੂੰ ਇਸ ਗਲ ਦਾ ਬਿਲਕੁਲ ਪਤਾ ਨਹੀਂ ਸੀ। ਸਰਦਾਰ ਦਰਬਾਰਾ ਸਿੰਘ ਐਸੇ ਨੇਕ ਇਨਸਾਨ ਹਨ ਅਤੇ ਉਨ੍ਹਾਂ ਨੇ ਜਦੋਂ ਕੁਰਸੀ ਸੰਭਾਲੀ ਤਾਂ ਮੈਨੂੰ ਬੜੀ ਖੁਸ਼ੀ ਹੋਈ ਸੀ... (ਵਿਘਨ)

Chief Minister : This is something personal. ਇਸ ਬਾਰੇ ਮੇਰੀ ਅਰਜ਼ ਹੈ ਕਿ ਮੇਰੇ ਚੀਫ ਮਨਿਸਟਰ ਬਣਨ ਤੋਂ ਜਾਂ ਉਸ ਤੋਂ ਪਹਿਲਾਂ ਅਗਰ ਕੋਈ ਇਹ ਚੀਜ਼ ਸਾਬਤ ਕਰ ਦੇਵੇ ਕਿ ਮੈਂ ਕਿਸੇ ਕੰਮ ਵਿਚ ਕੋਈ ਦਖਲ ਦਿੱਤਾ ਹੋਵੇ ਤਾਂ I will resign otherwise he will resign (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬਲਿਟਜ਼ ਨਵੰਬਰ 22, 1980 ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜਿਸ ਦੇ ਵਿੱਚ (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਜੀਨ ਡਿਕਸਨ ਦੀ ਇਕ ਬੁਕ Yesterday, To-day and Forever ਹੈ ਉਸ ਦੇ ਪੇਜ 484 ਤੇ ਉਸ ਨੇ ਦੱਸਿਆ ਹੈ ਕਿ ਹਿੰਦੁਸਤਾਨ ਦੇ ਟੁਕੜੇ ਟੁਕੜੇ ਹੋਣਗੇ (ਵਿਘਨ) ਉਸ ਨੇ ਪਰਡਿਕਸ਼ਨ ਕੀਤੀ ਹੈ। (ਵਿਘਨ) ਹੋ ਸਕਦਾ ਹੈ ਕਿ ਇਸ ਦੇ ਵਿਚ ਬਾਹਰਲੀਆਂ ਤਾਕਤਾਂ ਵੀ ਅਸਰਅੰਦਾਜ਼ ਹੋਣ। (ਵਿਘਨ) ਪਰ ਦੇਸ਼ ਦੇ ਹਾਲਾਤ ਠੀਕ ਨਹੀਂ ਹਨ ਜਦੋਂ ਦੀ ਇੰਦਰਾ ਸਰਕਾਰ ਆਈ ਹੈ। ਇਹ ਬੁਕ ਜਿਸ ਨੇ ਲਿਖੀ ਹੈ ਉਹ ਵਰਲਡ ਦੀ ਮੰਨੀ ਪਰਮੰਨੀ ਜੋਤਿਸ਼ੀ ਹੈ। ਉਸ ਨੇ ਕੈਨੇਡੀ ਦੀ ਡੈਥ ਬਾਰੇ ਪਰਡਿਕਸ਼ਨ ਕੀਤੀ ਸੀ। ਆਸਾਮ ਦੀ ਹਾਲਤ ਵੇਖ ਲਵੋ, ਠੀਕ ਨਹੀਂ ਹੋ ਰਹੀ। ਥਾਂ ਥਾਂ ਤੇ ਗੋਲੀਆਂ ਚਲ ਰਹੀਆਂ ਹਨ। ਸੈਂਟਰ ਦੀ ਸਰਕਾਰ ਮਸਲੇ ਸੁਲਝਾ ਨਹੀਂ ਸਕੀ। ਪੰਜਾਬ ਦੇ ਹਾਲਤ ਵੇਖ ਲਵੋਂ ਆਟਾ

[ਸਰਦਾਰ ਦਲੀਪ ਸਿੰਘ ਪਾਧੀ]

ਭਾਵੇਂ 200 ਰੁਪਏ ਕੁਇੰਟਲ ਵੇਚੋ, ਭਾਵੇਂ 500 ਰੁਪਏ ਕੁਇੰਟਲ ਵੇਚੋ, ਕੋਈ ਪੁੱਛਣ ਵਾਲਾ ਨਹੀਂ। ਸੀਮਿੰਟ ਤਾਂ ਮਿਲਦਾ ਹੀ ਨਹੀਂ। ਪੰਜਾਬ ਦੀਆਂ ਸੜਕਾਂ ਕੋਈ ਬਣ ਨਹੀਂ ਰਹੀਆਂ, ਕੋਈ ਲੁਕ ਨਹੀਂ, ਥੀਨ ਡੈਮ ਬੰਦ ਪਿਆ ਹੈ। ਬਿਜਲੀ ਕਿਥੋਂ ਮਿਲਣੀ ਹੈ ਇਹ ਸਰਕਾਰ ਦੀ ਨਾਨ-ਪਰਫਾਰਮੈਂਸ ਵਾਲੀ ਗਲ ਹੈ। ਪੰਜਾਬ ਵਿਚ ਕਿਸੇ ਕਿਸਮ ਦਾ ਕੋਈ ਕੰਮ ਨਹੀਂ ਹੋ ਰਿਹਾ। ਬਿਚੂਮੈਨ ਨਹੀਂ ਹੈ, ਮੈਂ ਕਹਿੰਦਾ ਹਾਂ ਕਿ ਪੀ. ਡਬਲਿਊ. ਡੀ. ਤੋੜ ਦੇਣਾ ਚਾਹੀਦਾ ਹੈ। ਹੈਲਥ ਡਿਪਾਰਟਮੈਂਟ ਕੋਈ ਕੰਮ ਨਹੀਂ ਕਰ ਰਿਹਾ। ਟੈਟਨੈਸ ਫੈਲ ਰਹੀ ਹੈ, ਕੋਈ ਧਿਆਨ ਨਹੀਂ। ਲਾਅ ਐਂਡ ਆਰਡਰ ਦੀ ਹਾਲਤ ਬਹੁਤ ਬੁਰੀ ਹੈ, ਕੋਈ ਮਹਿਫੂਜ਼ ਨਹੀਂ। ਸਾਡੇ ਵਿਧਾਇਕ ਦੀ ਚੰਡੀਗੜ੍ਹ ਵਿਚੋਂ ਕਾਰ ਗੁਮ ਹੋਈ ਹਾਲੇ ਤਕ ਨਹੀਂ ਮਿਲੀ। ਤੁਸੀਂ ਬਸ ਸਰਵਿਸਿਜ ਦੇ ਕਰਾਏ ਵਧਾਏ। ਇਸ ਦੇ ਨਾਲ ਲੋਕਾਂ ਨੂੰ ਬਸਾਂ ਹੋਰ ਦੇਣੀਆਂ ਚਾਹੀਦੀਆਂ ਹਨ। ਸਰਦੀ ਦੇ ਮੌਸਮ ਵਿੱਚ ਲੋਕ ਹੁਣ ਵੀ ਛਤਾਂ ਤੇ ਸਫਰ ਕਰ ਰਹੇ ਹਨ। ਹਾਲਾਤ ਕੀ ਹਨ। ਅੱਜ ਰਵਾਇਤ ਪਈ ਹੋਈ ਹੈ ਕਿ ਸਟਾਫ ਮੈਂਬਰ ਜਿਥੇ ਮਰਜ਼ੀ ਉਹ ਚਾਹੁਣ ਬੱਸ ਰੋਕ ਲੈਣ। ਬਹੁਤ ਸਾਰੇ ਕਰਮਚਾਰੀ ਮੁਫਤ ਸਫਰ ਕਰਦੇ ਹਨ। ਜਿਸ ਕਾਰਨ ਪੀ. ਆਰ. ਟੀ. ਸੀ. ਅਤੇ ਪੰਜਾਬ ਰੋਡਵੇਜ਼ ਵਿਚ ਘਾਟਾ ਪੈ ਰਿਹਾ ਹੈ। ਇਸ ਤੇ ਚੈਕ ਕੋਈ ਨਹੀਂ ਹੈ ਕਿਉਂਕਿ ਮੁੱਖ ਮੰਤਰੀ ਸਾਹਿਬ ਨੂੰ ਬਹੁਤਾ ਸਮਾਂ ਦਿਲੀ ਲਾਉਣਾ ਪੈਂਦਾ ਹੈ। ਇਨ੍ਹਾਂ ਦੀ ਮਜਬੂਰੀ ਹੈ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਸਟੇਟਾਂ ਵਿਚ ਰਿਜਨਲ ਪਾਰਟੀਆਂ ਦੀਆਂ ਸਰਕਾਰਾਂ ਹੋਣੀਆਂ ਚਾਹੀਦੀਆਂ ਹਨ ਤਾਂਕਿ ਉਨ੍ਹਾਂ ਨੂੰ ਸੈਂਟਰ ਵਿਚ ਸਿਰ ਨਾ ਝੁਕਾਉਣਾ ਪਵੇ। ਅੱਜ ਸਟੇਟਾਂ ਦੀਆਂ ਸਰਕਾਰਾਂ ਇਕ ਮਿਉਂਸਪਲ ਕਮੇਟੀਆਂ ਜਾਂ ਪੰਚਾਇਤਾਂ ਹੀ ਬਣ ਕੇ ਰਹਿ ਗਈਆਂ ਹਨ। ਸੀ. ਐਮ. ਸਾਹਿਬ ਕੋਲ ਨਾ ਫਰੀ ਟਾਈਮ ਹੈ ਅਤੇ ਨਾ ਹੀ ਫਰੀ ਵਿੱਲ ਹੈ ਜਿਸ ਕਾਰਨ ਉਹ ਆਪਣੀ ਮਰਜ਼ੀ ਮੁਤਾਬਿਕ ਸਰਕਾਰ ਚਲਾ ਨਹੀਂ ਸਕਦੇ। ਕੰਸਟੀਚਿਊਸ਼ਨਜ਼ ਦੇ ਮੁਤਾਬਿਕ ਕਈ ਐਸੀਆਂ ਚੀਜ਼ਾਂ ਹਨ ਜਿਵੇਂ ਥੀਨ ਡੈਮ ਦਾ ਮਸਲਾ ਹੈ, ਥਰਮਲ ਪਲਾਂਟ ਲਾਉਣ ਦਾ ਮਸਲਾ ਹੈ ਜਾਂ ਬਿੱਗ ਇੰਡਸਟਰੀਜ਼ ਲਾਉਣ ਦਾ ਮਸਲਾ ਹੈ, ਇਨ੍ਹਾਂ ਦੀ ਮਨਜ਼ੂਰੀ ਸੈਂਟਰ ਤੋਂ ਲੈਣੀ ਪੈਂਦੀ ਹੈ। ਇਸ ਕਾਰਨ ਬੜੀ ਦਿੱਕਤ ਪੇਸ਼ ਆ ਰਹੀ ਹੈ। ਇਸ ਲਈ ਇਹ ਆਵਾਜ਼ ਬੁਲੰਦ ਹੋ ਰਹੀ ਹੈ ਕਿ ਸਰਕਾਰ ਨੂੰ ਬਹੁਤ ਅਧਿਕਾਰ ਦੇਣੇ ਚਾਹੀਦੇ ਹਨ। ਸਟੇਟਾਂ ਨੂੰ ਅਟਾਨੋਮੀ ਮਿਲਣੀ ਚਾਹੀਦੀ ਹੈ। ਜਿਹੜੀ ਹੁਕਮਰਾਨ ਸਰਕਾਰ ਹੋਵੇ ਉਹ ਲੋਕਾਂ ਦੀ ਠੀਕ ਤਰ੍ਹਾਂ ਸੇਵਾ ਕਰ ਸਕੇ। ਅੱਜ ਸਟੇਟਾਂ ਵਿਚ ਹਾਲਾਤ ਕੀ ਹਨ। ਕਿਸੇ ਪਾਸੇ ਚਲੇ ਜਾਓ, ਇਹੀ ਹਾਲਤ ਹੈ। (ਵਿਘਨ) ਸਰਕਾਰ ਕੋਈ ਕਿਸੇ ਇਕ ਪਾਰਟੀ ਦੀ ਠੇਕੇਦਾਰੀ ਨਹੀਂ। ਜਿਹੜਾ ਅੱਜ ਸਰਕਾਰੀ ਬੈਂਚਾਂ ਤੇ ਹੈ ਕੱਲ ਨੂੰ ਉਹ ਆਪੋਜ਼ੀਸ਼ਨ ਬੈਂਚਾਂ ਤੇ ਵੀ ਆ ਸਕਦਾ ਹੈ। ਕੋਈ ਨਹੀਂ ਸੀ ਕਹਿੰਦਾ ਕਿ 1975 ਵਿਚ ਅਜਿਹੇ ਹਾਲਾਤ ਹੋਣਗੇ ਅਤੇ ਲੋਕ ਐਸਾ ਫਤਵਾ ਦੇਣਗੇ। ਲੇਕਿਨ ਮੈਂ ਕਹਾਂਗਾ ਕਿ ਪੰਜਾਬ ਦੇ ਪਾਲੀਟੀਸ਼ਨਜ਼ ਨੂੰ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਨਾਲ ਸਬੰਧ ਰਖਦੇ ਹੋਣ, ਉਨ੍ਹਾਂ ਨੂੰ ਸਟੇਟ ਦਾ ਇੰਟਰੈਸਟ ਪਹਿਲਾਂ ਹੋਣਾ ਚਾਹੀਦਾ ਹੈ। ਅੱਜ ਸਟੇਟ ਵਿਚ ਕਿਸੇ ਪਾਸੇ ਚਲੇ ਜਾਓ। ਹਾਲਾਤ ਬੜੇ ਸੀਰੀਅਸ ਹਨ। ਮੈਂ ਸੀ. ਐਮ. ਸਾਹਿਬ ਨੂੰ ਉਚੇਚੇ ਤੌਰ ਤੇ ਬੜੇ ਅਦਬ ਨਾਲ ਬੇਨਤੀ ਕਰਾਂਗਾ, ਉਹ ਆਪਣੀ ਪਾਰਟੀ ਦੇ ਪ੍ਰਧਾਨ ਵੀ ਹਨ ਅਤੇ ਸਰਕਾਰ ਦੇ ਮੁੱਖ ਪ੍ਰਬੰਧਕ ਵੀ ਹਨ, ਇਨ੍ਹਾਂ ਦੀ ਪਾਰਟੀ ਵਿਚ ਹਾਲਾਤ ਬੜੇ ਗੰਭੀਰ ਹਨ। ਇਨ੍ਹਾਂ ਦੀ ਪਾਰਟੀ ਵਿੱਚ ਬੜਾ ਕੁਝ ਚਲ ਰਿਹਾ ਹੈ। ਸਾਨੂੰ ਫਿਕਰ ਹੈ...... (ਵਿਘਨ) ਮੈਂ ਕਾਂਗਰਸ (ਆਈ) ਪਾਰਟੀ ਦਾ ਨਾਂ ਨਹੀਂ ਸੀ ਲੈਣਾ ਚਾਹੁੰਦਾ। ਡਿਪਟੀ ਸਪੀਕਰ ਸਾਹਿਬ, 26 ਜਨਵਰੀ ਨੂੰ ਮੰਡੀ ਗੋਬਿੰਦ ਗੜ੍ਹ ਵਿਚ ਇੰਡਸਟਰੀਅਲ ਡਿਵੈਲਪਮੈਂਟ ਸੈਂਟਰ ਦਾ ਇਨ੍ਹਾਂ ਦੇ ਵੱਡੇ ਸਪੋਰਟਰ ਨੇ ਸਰਕਾਰੀ ਤੌਰ ਤੇ ਇਸਤੇਮਾਲ ਕੀਤਾ। ਠੇਕੀਦਾਰ ਨੂੰ ਅਤੇ

ਸਰਕਾਰੀ ਮੁਲਾਜ਼ਮਾਂ ਨੂੰ ਕੁੱਟਿਆ ਗਿਆ ਅਤੇ ਸਾਰੀ ਜਗ੍ਹਾ ਨੂੰ ਪਾਰਟੀ ਲਈ ਇਸਤੇਮਾਲ ਕੀਤਾ ਗਿਆ। ਕੱਲ ਰਿਪਬਲਿਕ ਡੇ ਸੀ। ਇਸ ਨਹੀਂ ਇਥੇ ਨਗਰਪਾਲਿਕਾ ਵਿਚ ਦਾਰੂ ਦਾ ਦੌਰ ਵੀ ਚਲਿਆ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਗੇਟ ਲਾਉਣੇ ਬੰਦ ਕਰ ਦਿੱਤੇ ਸਨ। ਪਰ ਅਸੀਂ ਵੇਖਿਆ ਕਿ ਬਨੂੜ ਵਿਖੇ ਸਵਾਗਤਮ ਦੇ ਗੇਟ ਮਿਊਂਸਪਲ ਕਮੇਟੀ ਵੱਲੋਂ ਲੱਗੇ ਹੋਏ ਸਨ। ਸਰਦਾਰ ਦਰਬਾਰਾ ਸਿੰਘ ਪ੍ਰੈਕਟੀਕਲ ਆਦਮੀ ਹਨ। ਪਤਾ ਨਹੀਂ ਕਿਸ ਮੰਤਵ ਨਾਲ ਇਹ ਕੰਮ ਦੁਬਾਰਾ ਸ਼ੁਰੂ ਕੀਤਾ ਹੈ। ਬਾਕੀ ਜੋ ਗਰੀਬਾਂ ਨੂੰ ਲੋਨ ਦੇਣ ਦੀ ਸਕੀਮ ਬਣਾਈ ਹੈ ਅਤੇ ਆਪ ਪ੍ਰਧਾਨ ਮੰਤਰੀ ਨੂੰ ਬੁਲਾ ਕੇ ਉਥੇ ਲੋਕਾਂ ਨੂੰ ਪੈਸੇ ਵੰਡੇ ਹਨ ਇਸ ਬਾਰੇ ਅਖਬਾਰਾਂ ਵਿਚ ਆ ਗਿਆ ਹੈ ਕਿ ਵੀਕਰ ਸੈਕਸ਼ਨਜ਼ ਅਤੇ ਸ਼ਡਿਊਲਡ ਕਾਸਟ ਦੇ ਲੋਕਾਂ ਨੂੰ ਕੋਈ ਪੈਸਾ ਨਹੀਂ ਮਿਲਿਆ। ਨਾ ਨਕੋਦਰ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਪੈਸਾ ਮਿਲਿਆ ਹੈ ਅਤੇ ਨਾ ਹੀ ਡੇਰਾ ਬੱਸੀ ਵਾਲਾ ਮਿਲਿਆ ਹੈ। ਇਸ ਬਾਰੇ ਅਖਬਾਰਾਂ ਵਿਚ ਆ ਗਿਆ ਹੈ। (ਵਿਘਨ) ਸਾਡੇ ਵੇਲੇ ਬੰਦੇ ਇਕੱਠੇ ਕਰਕੇ ਲਿਆਉਣ ਦੀ ਰਵਾਇਤ ਵੀ ਖਤਮ ਕੀਤੀ ਸੀ ਕਿ ਟਰੱਕਾਂ ਰਾਹੀਂ ਬੰਦੇ ਲਿਆਉਣ ਵਾਲਾ ਕੰਮ ਬੰਦ ਕਰਨਾ ਚਾਹੀਦਾ ਹੈ। ਸਰਦਾਰ ਸੰਤੋਖ ਸਿੰਘ ਆਪ ਟਰੱਕਾਂ ਵਿਚ ਬੰਦੇ ਲੈ ਕੇ ਨਕੋਦਰ ਗਏ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਡਿਵੈਲਪਮੈਂਟ ਦੇ ਕੰਮ ਕੀਤੇ ਹਨ। ਇਨ੍ਹਾਂ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਬੈਂਕਾਂ ਦੇ ਥਰੂ ਲੋਕਾਂ ਨੂੰ ਪੈਸਾ ਦੇਵਾਂਗੇ। ਪਰ ਇਹ ਪੈਸੇ ਮਿਲ ਨਹੀਂ ਰਹੇ। (ਵਿਘਨ) ਨਾ ਨਕੋਦਰ ਵੰਡੇ ਹੋਏ ਪੈਸੇ ਮਿਲੇ ਹਨ ਅਤੇ ਨਾ ਹੀ ਡੇਰਾ ਬੱਸੀ ਵਾਲੇ ਮਿਲੇ ਹਨ। ਇਹ ਡਰਾਮੇ-ਬਾਜ਼ੀ ਬਿਊਰੋਕਰੇਟ ਹਮੇਸ਼ਾ ਕਰਦੇ ਰਹਿੰਦੇ ਹਨ। ਪ੍ਰੈਕਟੀਕਲੀ ਉਥੇ ਲੋਕਾਂ ਨੂੰ ਕੁਝ ਨਹੀਂ ਮਿਲਿਆ। ਜ਼ਬਰਦਸਤੀ ਲੋਕਾਂ ਨੂੰ ਇਕੱਠੇ ਕੀਤਾ ਗਿਆ। ਅਸੀਂ ਆਪਣੀ ਸਰਕਾਰ ਵੇਲੇ 10 ਕਰੋੜ ਰੁਪਿਆ ਪੰਜਾਬ ਸ਼ਡਿਊਲਡ ਕਾਸਟਸ ਵੈਲਫੇਅਰ ਕਾਰਪੋਰੇਸ਼ਨ ਨੂੰ ਦਿੱਤਾ ਸੀ। ਇਹ ਅਕਾਲੀ ਸਰਕਾਰ ਵੇਲੇ ਹੋਇਆ ਸੀ। ਸਰਕਾਰ ਆਪਣੇ ਕੋਲੋਂ ਲੋਕਾਂ ਨੂੰ ਪੈਸੇ ਦੇਵੇ। ਇਸ ਦਾ ਉਚੇਚਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂਕਿ ਕਾਰਪੋਰੇਸ਼ਨ ਲੋਕਾਂ ਨੂੰ ਪੈਸਾ ਦੇਵੇ। ਲੋਕ ਪਰੇਸ਼ਾਨ ਹੋ ਰਹੇ ਹਨ। ਕਿਧਰੇ ਪੈਸੇ ਨਹੀਂ ਮਿਲ ਰਹੇ। ਇਹ ਪਤਾ ਕਰ ਲੈਣ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹਾਂਗਾ ਕਿ ਗੋਬਿੰਦਗੜ੍ਹ ਵਿਚ ਇਕ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਦਾ ਸਟਾਕ-ਯਾਰਡ ਹੈ। ਉਥੇ ਹੋਰਾਂ ਦੇ ਵੀ ਟੈਂਡਰ ਆਏ ਸਨ, ਘੱਟ ਰੇਟ ਦੇ ਵੀ ਸਨ ਪਰ ਇਨ੍ਹਾਂ ਨੇ ਆਪਣੇ ਬੰਦੇ ਨੂੰ ਠੇਕਾ ਦਿੱਤਾ। ਇਹ ਪੜਤਾਲ ਕਰਵਾ ਲੈਣ। ਮੈਂ ਇਨ੍ਹਾਂ ਨੂੰ ਕਈ ਵਾਰੀ ਲਿਖ ਕੇ ਵੀ ਭੇਜਿਆ ਹੈ, ਚਿੱਠੀਆਂ ਲਿਖੀਆਂ ਹਨ। ਪਰ ਇਨ੍ਹਾਂ ਕੋਲ ਟਾਈਮ ਹੀ ਕੋਈ ਨਹੀਂ। ਇਨ੍ਹਾਂ ਨੇ ਹੁਣ ਇਕ ਹੁਕਮ ਕੀਤਾ ਹੈ ਕਿ ਵਿਧਾਇਕਾਂ ਦੀਆਂ ਚਿੱਠੀਆਂ ਦਾ ਵਜ਼ੀਰ ਸਾਹਿਬ ਅਤੇ ਸਰਕਾਰ ਦੇ ਅਫਸਰ ਜਵਾਬ ਦੇਣ। ਪਰ ਇਹ ਰਵਾਇਤ ਹੈ ਨਹੀਂ। ਜਾਂ ਤਾਂ ਇਨ੍ਹਾਂ ਕੋਲ ਟਾਈਮ ਨਹੀਂ ਜਾਂ ਬਿਊਰੋਕਰੇਟ ਹੀ ਐਸੇ ਹਨ। ਇਹ ਸਰਕਾਰ ਪਹਿਲਾਂ ਹੀ ਖਾਨਾਪੂਰੀ ਦੀ ਸਰਕਾਰ ਦੇ ਨਾਂ ਨਾਲ ਮਸ਼ਹੂਰ ਹੋ ਰਹੀ ਹੈ। ਕੰਮ ਕੋਈ ਨਹੀਂ ਹੋ ਰਿਹਾ। ਬਿਊਰੋਕਰੇਸੀ ਸਰਕਾਰ ਤੇ ਕਾਬਜ਼ ਹੈ। ਸੀ.ਐਮ. ਸਾਹਿਬ ਨੂੰ ਇਥੇ ਰਹਿਣ ਦਾ ਟਾਈਮ ਨਹੀਂ। ਇਥੋਂ ਤਕ ਕਿ ਆਪਣੇ ਵਿਧਾਇਕਾਂ ਨੂੰ ਵੀ ਮਿਲਣ ਦਾ ਟਾਈਮ ਨਹੀਂ। ਜ਼ਿਆਦਾ ਸਮਾਂ ਇਹ ਦਿੱਲੀ ਰਹਿੰਦੇ ਹਨ ਅਤੇ ਸਰਕਾਰ ਦਿੱਲੀ ਤੋਂ ਹੀ ਚਲਦੀ ਹੈ। ਇਹ ਤਾਂ ਬਰਾਏਨਾਮ ਚੀਫ ਮਨਿਸਟਰ ਹਨ। ਜਿਤਨਾ ਚਿਰ ਉਥੋਂ ਮਨਜ਼ੂਰੀ ਨਹੀਂ ਮਿਲਦੀ ਕੋਈ ਕੰਮ ਇਥੇ ਨਹੀਂ ਚਲਦਾ। ਇਸ ਲਈ ਇਹ ਬੜਾ ਸੀਰੀਅਸ ਮਾਮਲਾ ਹੈ। ਸਟੇਟ ਦੇ ਇੰਟਰੈਸਟ ਵੱਲ ਘੱਟ ਧਿਆਨ ਦਿੱਤਾ ਜਾ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਸਟੇਟ ਵਿਚ ਰੇਪਸ ਦੇ ਕੇਸ ਬਹੁਤ ਹੋ ਰਹੇ ਹਨ। ਸੈਂਟਰ ਦੀਆਂ ਇਨ੍ਹਾਂ ਨੂੰ ਹਦਾਇਤਾਂ ਹਨ ਕਿ ਜਬਰ-ਜਿਨਾਹ ਦੇ ਕੇਸ ਦਰਜ ਨਾ ਕੀਤੇ ਜਾਣ ਅਤੇ ਪ੍ਰੈਸ ਵਿਚ ਇਹ ਨਾ ਜਾਣ।

[ਸਰਦਾਰ ਦਲੀਪ ਸਿੰਘ ਪਾਂਧੀ]

ਇਨ੍ਹਾਂ ਨੇ ਮੇਰੇ ਇਕ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ ਕ੍ਰਿਪਾਲ ਕੌਰ ਇੱਕ ਲੜਕੀ ਐਬਡੱਕਟ ਹੋਈ, ਉਸ ਦਾ ਰੇਪ ਹੋਇਆ ਅਤੇ ਉਸ ਦਾ ਕੇਸ ਵੀ ਦਰਜ ਹੋ ਗਿਆ। ਪਰ ਪਤਾ ਨਹੀਂ ਕਿਸ ਗੱਲ ਤੇ ਏ. ਐਸ. ਆਈ. ਅਤੇ ਐਸ. ਐਚ. ਓ. ਨੂੰ ਉਥੋਂ ਤਬਦੀਲ ਕਰ ਦਿੱਤਾ। ਇਹ ਇਸ ਕਾਰਨ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਕੇਸ ਦਰਜ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਫਗਵਾੜੇ ਦਾ ਮਾਮਲਾ ਹੈ, ਉਥੇ ਇੱਕ ਮਾਈਨਰ ਗਰਲ ਅਬਡਕਟ ਹੋਈ ਅਤੇ ਫਿਰ ਉਸ ਦਾ ਰੇਪ ਹੋਇਆ (ਵਿਘਨ) ਅਜੇ ਤਕ ਪੁਲਿਸ ਨੇ ਕੋਈ ਬੰਦਾ ਗਿਰਫਤਾਰ ਨਹੀਂ ਕੀਤਾ। ਇੱਕ ਮਾਇਆ ਦੇਵੀ ਲੜਕੀ ਹੈ, ਉਸ ਦਾ ਤਾਜ਼ਾ, ਤਾਜ਼ਾ ਵਿਆਹ ਹੋਇਆ। ਉਸ ਦੀ ਲਾਸ਼ ਅਜੇ ਤਕ ਨਹੀਂ ਮਿਲੀ। ਬਹੁਤ ਸਾਰੇ ਮੁਜ਼ਾਹਰੀਨ ਇਥੇ ਆਏ ਹੋਏ ਸਨ। ਮੈਂ ਬੇਨਤੀ ਕਰਾਂਗਾ ਕਿ 107/151 ਦੇ ਕੇਸਾਂ ਵਿਚ ਬਹੁਤ ਸਾਰੇ ਬੰਦੇ ਅੰਦਰ ਪਏ ਹਨ। ਇਹ ਪੁਲੀਟੀਕਲ ਤੌਰ ਤੇ ਅੰਦਰ ਕੀਤੇ ਗਏ ਹਨ। ਕਾਨੂੰਨ ਕਾਇਦੇ ਮੁਤਾਬਿਕ ਚਲੋ। (ਵਿਘਨ) ਮੈਂ ਸੀ. ਐਮ. ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਖੰਨੇ ਵੀ ਭੇਸ ਬਦਲ ਕੇ ਗਏ ਸਨ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫਗਵਾੜੇ ਦੀ ਗੱਲ ਕੀਤੀ ਹੈ। ਇਸ ਸਬੰਧ ਵਿਚ ਮੈਂ ਦਸੱਣਾ ਚਾਹੁੰਦਾ ਹਾਂ ਕਿ ਪੁਲਿਸ ਨੇ ਦੋ ਲੜਕੇ ਅਤੇ ਉਨ੍ਹਾਂ ਦਾ ਬਾਪ ਜਿਹੜਾ ਕਿ ਪਿੰਡ ਦਾ ਸਰਪੰਚ ਹੈ, ਇਸ ਕੇਸ ਵਿਚ ਫੜ ਲਏ ਹਨ। ਇਸ ਲਈ ਪੁਲਿਸ ਨੇ ਉਸ ਕੇਸ ਵਿਚ ਪੂਰਾ ਐਕਸ਼ਨ ਲਿਆ ਹੈ। ਇਹ ਮੇਰੇ ਹਲਕੇ ਦੀ ਗੱਲ ਹੈ, ਇਸ ਲਈ ਮੈਂ ਗੱਲ ਦੱਸੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਬੜੀ ਮਿਹਨਤ ਨਾਲ ਪੰਜਾਬੀ ਸੂਬਾ ਬਣਿਆ। ਸਾਡੀ ਸਰਕਾਰ ਵੀ ਪੰਜਾਬੀ ਲਾਗੂ ਨਹੀਂ ਕਰ ਸਕੀ। ਮੈਂ ਇਸ ਬਾਰੇ ਬੜਾ ਕਿਹਾ। ਬੇਸ਼ਕ ਸਦਨ ਦੀਆਂ ਪ੍ਰੋਸੀਡਿੰਗਜ਼ ਕਢਾ ਕੇ ਵੇਖ ਲਓ। ਲੈਂਗੂਏਜ ਐਕਟ ਦੇ ਤਹਿਤ ਸਰਕਾਰ ਨੇ ਨੋਟੀਫੀਕੇਸ਼ਨ ਜਾਰੀ ਕਰਨੀ ਹੁੰਦੀ ਹੈ, ਸੀ. ਐਮ. ਸਾਹਿਬ ਨੂੰ ਚਾਹੀਦਾ ਹੈ ਕਿ ਉਹ ਨੋਟੀਫੀਕੇਸ਼ਨ ਜਾਰੀ ਕਰਨ। ਸਾਨੂੰ ਮਾਣ ਹੈ ਕਿ ਪਹਿਲੀ ਵਾਰੀ ਹਰਿਆਣੇ ਅਤੇ ਹਿਮਾਚਲ ਨੇ ਸਟੇਟ ਦਿਵਸ ਮਨਾਇਆ ਹੈ ਪਰ ਪੰਜਾਬ ਦੀ ਸਰਕਾਰ ਨੇ ਬਿਲਕੁਲ ਨਹੀਂ ਮਨਾਇਆ। ਸਾਡੀ ਸਟੇਟ ਛੋਟੀ ਬਣੀ ਅਤੇ ਹਰ ਪਹਿਲੂ ਨਾਲ ਸਾਡੀ ਤਰੱਕੀ ਹੋਈ। ਅੱਜ ਸਾਡੀ ਤਰੱਕੀ ਨਾਲ ਹਰਿਆਣਾ ਅਤੇ ਹਿਮਾਚਲ ਵੀ ਖੁਸ਼ ਹਨ। ਪਰ ਇਥੇ ਪੰਜਾਬੀ ਵਿਚ ਲਿਖਤ ਪੜ੍ਹਤ ਨਹੀਂ ਹੁੰਦੀ। ਅੱਜੇ ਵੀ ਸਦਨ ਵਿਚ ਵਜ਼ੀਰ ਸਾਹਿਬਾਨ ਬਹੁਤ ਸਾਰਾ ਅੰਗਰੇਜ਼ੀ ਵਿਚ ਬੋਲਦੇ ਹਨ। ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਆਪਣੀ ਆਫੀਸ਼ੀਅਲ ਕਾਰਗੁਜ਼ਾਰੀ ਪੰਜਾਬੀ ਵਿਚ ਕਰਨੀ ਚਾਹੀਦੀ ਹੈ। ਹੁਕਮ ਪੰਜਾਬੀ ਵਿਚ ਕਰਨੇ ਚਾਹੀਦੇ ਹਨ ਤਾਕਿ ਪੰਜਾਬ ਦੀ ਜਨਤਾ ਇਹ ਗਲ ਸਮਝ ਸਕੇ ਅਤੇ ਅਸੀਂ ਆਪਣੀ ਗੱਲ, ਖੋਲ੍ਹ ਕੇ ਆਪਣੀ ਜ਼ਬਾਨ ਵਿੱਚ ਕਹਿ ਸਕੀਏ। ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਅੰਡਰ ਸੈਕਸ਼ਨ 5 ਆਫ ਦੀ ਪੰਜਾਬ ਆਫੀਸ਼ੀਅਲ ਲੈਂਗੂਏਜ ਐਕਟ, ਪੰਜਾਬ ਸਰਕਾਰ ਨੂੰ ਇਹ ਨੋਟੀਫੀਕੇਸ਼ਨ ਕਰਨੀ ਚਾਹੀਦੀ ਹੈ ਤਾਂ ਹੀ ਇਹ ਲਾਗੂ ਹੋਵੇਗੀ। ਡਿਪਟੀ ਸਪੀਕਰ ਸਾਹਿਬ ਅਸੀਂ ਸਰਹਿੰਦ ਥਾਣੇ ਵਿਚ ਗਏ। ਸੱਭ ਨੂੰ ਪਤਾ ਹੈ ਕਿ ਉਥੇ ਕੀ ਝਗੜਾ ਸੀ। ਇੰਡੀਅਨ ਐਕਸਪ੍ਰੈਸ ਨੇ ਇਹ ਖਬਰ ਦਿੱਤੀ। ਕਿਉਂਕਿ ਉਥੇ ਦਾ ਥਾਣੇਦਾਰ ਕਿਸੇ ਅਫਸਰ ਦਾ ਰਿਸ਼ਤੇਦਾਰ ਹੈ ਇਸ ਲਈ ਕੇਸ ਦਰਜ ਨਹੀਂ ਕੀਤਾ। ਉਥੇ ਕਾਰ ਚੋਰੀ ਹੋਈ। ਗੋਬਿੰਦਗੜ੍ਹ ਵਿਚ ਸੀਮੈਂਟ ਬਲੈਕ ਵਿਚ ਮਿਲ ਰਿਹਾ ਹੈ। 70-75 ਰੁਪਏ ਪਰ ਬੈਗ ਜਿਤਨਾ ਮਰਜ਼ੀ ਹੈ ਸੀਮਿੰਟ ਲੈ ਲਓ। ਕੋਠੀਆਂ ਉਥੇ ਬਣਦੀਆਂ ਪਈਆਂ ਹਨ। ਮੈਂ ਇਸ ਇੰਡਸਟਰੀਅਲ ਟਾਊਨ ਨਾਲ ਸਬੰਧ ਰਖਦਾ ਹੈ। ਗੋਬਿੰਦਗੜ੍ਹ ਇਸ ਵੇਲੇ 83 ਕੋਠੀਆਂ ਬਣ ਰਹੀਆਂ ਹਨ। ਸੀਮੈਂਟ ਬਲੈਕ ਵਿਚ ਵੇਚਣ ਵਾਲੇ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੁੰਦਾ ਪਰ ਜਿਹੜੇ ਖਰੀਦਾਰ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਹੋ ਸਕਦਾ ਹੈ। ਉਥੇ ਕਾਰਖਾਨੇਦਾਰ ਆਪਣੇ ਕਾਰਖਾਨੇ ਚਲਾਉਣ ਲਈ ਤੇਲ ਬਲੈਕ ਵਿਚ ਲੈਂਦੇ ਸਨ। ਸਰਹਿੰਦ ਦੀ ਪੁਲਿਸ ਨੇ 93 ਹਜ਼ਾਰ ਰੁਪਏ ਰਿਸ਼ਵਤ ਲੋਕਾਂ

ਤੋਂ ਲਏ। ਮੈਂ ਉਨ੍ਹਾਂ ਦੇ ਖਿਲਾਫ ਸੀ. ਐਮ. ਸਾਹਿਬ ਨੂੰ ਲਿਖ ਕੇ ਭੇਜਿਆ। ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਵਿੱਚ ਵੀ ਇਹ ਈਸ਼ੂ ਉਠਾਇਆ ਸੀ। ਉਨ੍ਹਾਂ ਦੇ ਖਿਲਾਫ ਪਰਚਾ ਦਰਜ ਹੋਵੇ, ਉਨ੍ਹਾਂ ਦੇ ਖਿਲਾਫ ਚਾਰਜਿਜ਼ ਲਗਾਏ ਜਾਣ। ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਗਲ ਨਹੀਂ ਹੋ ਰਹੀ। ਐਸ. ਐਸ. ਪੀ. ਨੂੰ ਪਰਸਨਲੀ ਦੱਸਿਆ ਗਿਆ ਕਿ 93 ਹਜ਼ਾਰ ਰੁਪਿਆ ਉਨ੍ਹਾਂ ਦੇ ਬੰਦਿਆਂ ਨੇ ਲਿਆ ਹੈ। ਇਹ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਰੁਪਿਆ ਇਤਨਾ ਕੋਈ ਛੋਟਾ ਆਦਮੀ ਤਾਂ ਲੈ ਨਹੀਂ ਸਕਦਾ, ਕਿਸੇ ਵੱਡੇ ਆਦਮੀ ਨੇ ਹੀ ਲਏ ਹੋਣੇ ਹਨ। ਪਰ ਚੀਫ ਮਨਿਸਟਰ ਸਾਹਿਬ ਨੇ ਮੇਰੀ ਚਿੱਠੀ ਦਾ ਜਵਾਬ ਹੀ ਨਹੀਂ ਦਿੱਤਾ। ਅਸੀਂ ਚਾਹੁੰਦੇ ਸਾਂ ਕਿ ਅਸੀਂ ਇਸ ਤਰ੍ਹਾਂ ਦੇ ਕੇਸ ਇਨ੍ਹਾਂ ਦੇ ਧਿਆਨ ਵਿਚ ਲਿਆਈਏ, ਅੱਜ ਬਿਊਰੋਕ੍ਰੇਸੀ ਦੇ ਹਾਲਾਤ ਵਿਗੜ ਰਹੇ ਹਨ। ਔਰ ਇਨ੍ਹਾਂ ਵਿਗੜ ਰਹੇ ਹਾਲਾਤ ਤੇ ਕੰਟਰੋਲ ਕਰਨ ਦੀ ਲੋੜ ਹੈ। ਹਸਨਪੁਰ ਦੇ ਵਾਕਿਆ ਦਾ ਤੁਹਾਨੂੰ ਪਤਾ ਹੀ ਹੈ, ਉਥੇ ਅੱਜ ਵੀ ਲੋਕ ਵਿਚਾਰੇ ਪ੍ਰੇਸ਼ਾਨ ਹਨ। (ਵਿਘਨ) ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਗਰੀਬਾਂ ਨਾਲ ਜ਼ਿਆਦਤੀ ਨਹੀਂ ਹੋਣੀ ਚਾਹੀਦੀ। ਚੀਫ ਮਨਿਸਟਰ ਸਾਹਿਬ ਨੇ ਗੁੰਡੇ ਫੜੇ ਸਨ। ਠੀਕ ਹੈ, ਅਸੀਂ ਇਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਸੀ। ਪਰ ਉਤਨੇ ਨਾਲ ਹੀ ਕੰਮ ਨਹੀਂ ਬਣ ਜਾਂਦਾ, ਇਨ੍ਹਾਂ ਦੇ ਹੀ ਕਾਂਗਰਸੀ ਲੋਕ ਗੜਬੜ ਕਰਦੇ ਹਨ, ਚੋਰੀਆਂ ਕਰ ਰਹੇ ਹਨ। ਅੱਜ ਲੜਕੀਆਂ ਐਬਡਕਟ ਹੋ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਸ਼ਾਹਪੁਰ ਦਾ ਬੰਦਾ ਮਾਰ ਦਿੱਤਾ ਪਰ ਪੁਲਿਸ ਨੇ ਦੋ ਨੰਬਰ ਦਾ ਚਲਾਨ ਕੀਤਾ ਕਿਉਂਕਿ ਕਾਂਗਰਸੀ ਵਰਕਰ ਇਨਵਾਲਵਡ ਸਨ। ਉਸ ਕੇਸ ਵਿਚ ਅੱਜ ਤਕ ਕੋਈ ਅਰੈਸਟ ਨਹੀਂ ਹੋਈ। ਇਸ ਤਰ੍ਹਾਂ ਹੀ ਕਾਨ੍ਹਪੁਰ ਦੇ ਸ਼ਰਾਬ ਦੇ ਠੇਕੇ ਤੇ ਆਦਮੀ ਮਾਰ ਦਿੱਤਾ ਗਿਆ ਪਰ ਅਜੇ ਤਕ ਨਾ ਮੁਲਜ਼ਮ ਫੜੇ ਗਏ ਹਨ, ਨਾ ਕੋਈ ਹੋਰ ਕਾਰਵਾਈ ਕੀਤੀ ਗਈ ਹੈ। ਪਿੰਡ ਭਦਲ ਥੂਹਾ ਵਿਚ 25 ਸਾਲ ਦਾ ਬੱਚਾ ਘਰ ਮੋਹਰੇ ਮਰਿਆ ਪਿਆ ਮਿਲਿਆ ਪਰ ਉਸ ਕੇਸ ਦਾ ਵੀ ਕੁਝ ਨਹੀਂ ਬਣਿਆ।

ਫਰਟੇਲਾਈਜ਼ਰ ਦੀ ਵੈਸੇ ਹੀ ਘਾਟ ਹੈ, ਮਿਲਦੀ ਨਹੀਂ ਹੈ, ਪਰ ਜਿਹੜੀ ਮਿਲਦੀ ਹੈ ਉਹ ਅੱਡਲਟਰੇਟਿਡ ਹੁੰਦੀ ਹੈ। ਅਨੁਪਮ ਟਰੇਡਰਜ਼, ਸਮਾਨਾ ਦੇ ਖਿਲਾਫ ਕਿਸਾਨਾਂ ਨੇ ਰੌਲਾ ਪਾਇਆ ਪਰ ਉਨ੍ਹਾਂ ਵਿਚਾਰਿਆਂ ਦੀ ਕੋਈ ਨਾ ਸੁਣੀ ਗਈ ਕਿਉਂਕਿ ਉਹ ਟਰੇਡਰ ਕਾਂਗਰਸ (ਆਈ) ਨਾਲ ਤੁਅਲਕ ਰੱਖਦਾ ਹੈ। ਜਨਾਰਧਨ ਵਿਚ ਕੀ ਹੋਇਆ, ਉਥੇ ਖਾਦ ਦੀ ਪੜਤਾਲ ਕਰਵਾਈ ਗਈ ਤਾਂ 78% ਉਸ ਵਿਚੋਂ ਲੂਣ ਨਿਕਲਿਆ। ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਜਿਸ ਖਾਦ ਵਿਚ 78% ਲੂਣ ਹੋਵੇ ਉਸ ਨਾਲ ਫਸਲ ਕਿਸ ਤਰ੍ਹਾਂ ਚੰਗੀ ਹੋ ਸਕਦੀ ਹੈ। ਇਸ ਕਰਕੇ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ। ਅੱਜ ਸਾਡੇ ਦੇਸ਼ ਦੇ ਹਾਲਾਤ ਨਿਘਰਦੇ ਪਏ ਹਨ। ਇਸ ਤਰ੍ਹਾਂ ਵਿਗੜ ਰਹੇ ਹਾਲਾਤ ਨੂੰ ਕਾਬੂ ਵਿਚ ਕਰਨਾ ਇਨ੍ਹਾਂ ਦਾ ਕੰਮ ਹੈ ਪਰ ਇਹ ਪਤਾ ਨਹੀਂ ਕਿਉਂ ਇਸ ਪਾਸੇ ਧਿਆਨ ਨਹੀਂ ਦੇ ਰਹੇ। ਇਨ੍ਹਾਂ ਨੇ ਪੰਚਾਇਤ ਅਕਟ ਵਿਚ ਅਮੈਂਡਮੈਂਟ ਕਰ ਦਿੱਤੀ ਹੈ ਕਿ ਦੋ ਤਿਹਾਈ ਬੰਦੇ ਆਪਣੀ ਮਰਜ਼ੀ ਨਾਲ ਸਰਪੰਚ ਲੈ ਸਕਦੇ ਹਨ। ਅੱਗੇ ਇਹ ਸੀ ਕਿ ਹਰ ਇਕ ਬੰਦਾ ਸੋਚ ਸਕਦਾ ਸੀ ਕਿ ਉਹ ਸਰਪੰਚ ਬਣ ਸਕਦਾ ਹੈ ਪਰ ਇਨ੍ਹਾਂ ਨੇ ਕੀਤਾ ਕਿ ਜਦ ਤਕ ਦੋ ਤਿਹਾਈ ਮੈਂਬਰ ਉਸ ਦੇ ਨਾਲ ਪੂਰੇ ਨਾ ਹੋਣ ਸਰਪੰਚ ਨਹੀਂ ਬਣਨ ਦੇਣਾ। ਇਸ ਤਰ੍ਹਾਂ ਦੀ ਹੀ ਅਮੈਂਡਮੈਂਟ ਮਿਊਂਸਪਲ ਕਮੇਟੀਆਂ ਦੇ ਐਕਟ ਵਿਚ ਹੋਈ ਸੀ ਉਸ ਬਾਰੇ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ ਕੀ ਕੁਝ ਹੋਇਆ ਹੈ।

ਹੁਣ ਐਜੂਕੇਸ਼ਨ ਦੀ ਗੱਲ ਵੀ ਸੁਣ ਲਓ। ਗੋਬਿੰਦਗੜ੍ਹ ਅਮਲੋਹ ਵਿਚ ਹਸਪਤਾਲ ਅਗਰੇਡ ਹੋਇਆ ਪਰ ਡਾਕਟਰ ਨਹੀਂ ਮਿਲੇ, ਨਾ ਹੀ ਏਡ ਦਿੱਤੀ। ਉਹ ਕਿਉਂ ਇਸ ਤਰ੍ਹਾਂ ਹੋਇਆ, ਇਸ ਕਰਕੇ ਹੋਇਆ ਕਿ ਉਨ੍ਹਾਂ ਲੋਕਾਂ ਨੂੰ ਕਿਹਾ ਗਿਆ ਸੀ ਕਿ ਜਕਰ ਕਾਂਗਰਸ (ਆਈ) ਨੂੰ ਤੁਸੀਂ ਤਾਕਤ ਦਿਓਗੇ

[ਸਰਦਾਰ ਦਲੀਪ ਸਿੰਘ ਪਾਂਧੀ]

ਤਾਂ ਤੁਹਾਨੂੰ ਬਹੁਤ ਪੈਸੇ ਮਿਲਣਗੇ ਲੇਕਿਨ ਕੀਤਾ ਕਰਾਇਆ ਕੁਝ ਨਹੀਂ ਹੈ। ਕਝ ਹੁਣ ਇਨ੍ਹਾਂ ਦੀ ਆਡੀਸ਼ਨਲ ਵਰਸ਼ਨ ਆ ਰਹੀ ਹੈ। ਕਿਉਂਕਿ ਸਟੇਟ ਪਾਸ ਪੈਸਾ ਨਹੀਂ ਹੈ ਇਸ ਲਈ ਆਮ ਤੌਰ ਤੇ ਵੇਖੋ ਸਕੂਲਾਂ ਦੀਆਂ ਬਿਲਡਿੰਗਾਂ ਇਨਕੰਪਲੀਟ ਪਈਆਂ ਹਨ, ਹਸਪਤਾਲਾਂ ਵਿਚ ਡਾਕਟਰ ਨਹੀਂ ਹਨ। ਜੇਕਰ ਬਿਲਡਿੰਗਾਂ ਹਨ ਤਾਂ ਡਾਕਟਰ ਨਹੀਂ ਹਨ ਔਰ ਸਰਕਾਰ ਪਾਸ ਇਤਨਾ ਟਾਈਮ ਨਹੀਂ ਹੈ ਕਿ ਉਹ ਇਸ ਪਾਸੇ ਸੋਚੇ ਕਿ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ ਮੈਂ ਇਹ ਮੰਗ ਕਰਦਾ ਹਾਂ ਕਿ ਜਿਹੜੀਆਂ ਬਿਲਡਿੰਗਾਂ ਕੰਪਲੀਟ ਹਨ ਉਨ੍ਹਾਂ ਨੂੰ ਸਰਕਾਰ ਨੂੰ ਟੇਕਓਵਰ ਕਰ ਲੈਣਾ ਚਾਹੀਦਾ ਹੈ ਔਰ ਜੋ ਹਾਲਾਤ ਹਨ, ਉਨ੍ਹਾਂ ਨੂੰ ਠੀਕ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਹੀ ਪ੍ਰਾਇਮਰੀ ਐਜੂਕੇਸ਼ਨ ਐਕਟ ਰੀਡੰਡੈਂਟ ਬਣ ਗਿਆ ਹੈ। 11 ਸਾਲ ਤੋਂ ਉਪਰ ਦੇ ਸਾਰੇ ਬੱਚੇ ਇਹ ਸਮਝਦੇ ਹਨ ਕਿ ਸਕੂਲਾਂ ਵਿਚ ਜਾਂਦੇ ਹਨ ਪਰ ਅਸਲ ਵਿਚ ਇਸ ਤਰ੍ਹਾਂ ਨਹੀਂ। ਇਸ ਲਈ ਜਾਂ ਤਾਂ ਉਸ ਐਕਟ ਨੂੰ ਸਕਰੈਚ ਕਰ ਦਿਓ ਜਾਂ ਉਸ ਤੇ ਪੂਰੀ ਤਰ੍ਹਾਂ ਅਮਲ ਕਰੋ। ਜਿਸ ਤਰ੍ਹਾਂ ਐਂਟੀ ਬੇਗਾਰੀ ਐਕਟ ਪਾਸ ਹੋਇਆ ਪਿਆ ਹੈ। ਇਸ ਤਰ੍ਹਾਂ ਹੀ ਇਹ ਐਕਟ ਵੀ ਪਿਆ ਹੈ। ਇਕ ਇਹ ਹੀ ਨਹੀਂ ਹੋਰ ਵੀ ਕਈ ਕਾਨੂੰਨ ਇਸ ਤਰ੍ਹਾਂ ਦੇ ਬਣੇ ਪਏ ਹਨ। ਜਿਨ੍ਹਾਂ ਤੇ ਅਮਲ ਨਹੀਂ ਹੋ ਰਿਹਾ। ਇਸ ਲਈ ਮੈਂ ਇਹ ਕਹਾਂਗਾ ਕਿ ਜਾਂ ਤਾਂ ਇਨ੍ਹਾਂ ਕਾਨੂੰਨਾਂ ਤੇ ਅਮਲ ਹੋਣਾ ਚਾਹੀਦਾ ਹੈ ਜਾਂ ਇਨ੍ਹਾਂ ਨੂੰ ਸਕਰੈਚ ਕਰ ਦੇਣਾ ਚਾਹੀਦਾ ਹੈ। (ਘੰਟੀ) ਅੱਜ ਬਹੁਤ ਸਾਰੇ ਸਰਪੰਚ, ਪੰਚ ਸਸਪੈਂਡ ਹੋਏ ਬੈਠੇ ਹਨ ਪਰ ਉਧਰ ਵੀ ਸਰਕਾਰ ਕੋਈ ਤਵੱਜੋ ਨਹੀਂ ਦੇ ਰਹੀ। ਮੈਂ ਸਰਕਾਰ ਨੂੰ ਇਸ ਬਾਰੇ ਚਿੱਠੀ ਵੀ ਲਿਖੀ ਸੀ ਲੇਕਿਨ ਮੈਨੂੰ ਕੋਈ ਜਵਾਬ ਨਹੀਂ ਮਿਲਿਆ। ਡੈਮੋਕ੍ਰੇਸੀ ਇਸ ਤਰ੍ਹਾਂ ਨਹੀਂ ਚੱਲੇਗੀ। ਇਸ ਲਈ ਆਪਾਂ ਅਦਾਲਤਾਂ ਵਿਚ ਵਿਸ਼ਵਾਸ ਰੱਖਕੇ, ਲੋਕਰਾਜ ਵਿਚ ਵਿਸ਼ਵਾਸ ਰੱਖ ਕੇ ਕੰਮ ਕਰੀਏ ਤਾਂ ਇਹ ਹਲਾਤ ਠੀਕ ਹੋ ਸਕਦੇ ਹਨ। ਮੈਂ ਗੋਬਿੰਦਗੜ੍ਹ ਦੀ ਇਕ ਹੋਰ ਗੱਲ ਦੱਸਦਾ ਹਾਂ। ਉਥੇ ਈ. ਐਸ. ਆਈ. ਹਸਪਤਾਲ ਵਾਸਤੇ ਅਸੀਂ ਉਪਰਾਲਾ ਕੀਤਾ ਸੀ ਪਰ ਉਹ ਵੀ ਨਹੀਂ ਚੱਲਿਆ। ਉਹ ਇਕ ਇੰਡਸਟਰੀਅਲ ਟਾਊਨ ਹੈ, ਉਸ ਦਾ ਲੋਕਾਂ ਨੂੰ ਫਾਇਦਾ ਹੋਣਾ ਚਾਹੀਦਾ ਹੈ। ਫਿਰ ਉਥੇ ਪੀ. ਡਬਲਯੂ. ਡੀ. ਦਾ ਦਫਤਰ ਹੁੰਦਾ ਸੀ ਉਹ ਵੀ ਉਥੋਂ ਹਟਾ ਲਿਆ ਗਿਆ ਹੈ। ਇਸ ਨਾਲ ਉਸ ਦੀ ਇੰਪਾਰਟੈਂਸ ਘਟੀ ਹੈ। ਇਕ ਹੋਰ ਗੱਲ ਮੈਂ ਦੱਸਦਾ ਹਾਂ ਕਿ ਉਥੇ ਜਿਤਨੇ ਵੀ ਕਾਂਗਰਸ (ਆਈ) ਵਾਲਿਆਂ ਦੇ ਸਿਨੇਮੇ ਹਨ ਉਹ ਸੱਜਣ ਕਦੇ ਵੀ ਐਂਟਰਟੇਨਮੈਂਟ ਟੈਕਸ ਪੇਅ ਨਹੀਂ ਕਰਦੇ। ਤੁਸੀਂ ਕਦੇ ਵੀ ਵੇਖ ਲਵੋ, ਸੀ. ਐਮ. ਸਾਹਿਬ, ਆਪ ਜਾ ਕੇ ਵੇਖ ਲੈਣ। ਉਥੇ ਖੁਲ੍ਹੇ ਆਮ ਟੈਕਸ ਦੀ ਚੋਰੀ ਹੋ ਰਹੀ ਹੈ। ਇਸ ਕਰਕੇ ਹੀ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਘਾਟਾ ਪੈ ਰਿਹਾ ਹੈ। ਇਸ ਤਰ੍ਹਾਂ ਹੀ ਪ੍ਰਾਈਵੇਟ ਕਾਰਾਂ ਵਾਲੇ, ਅਸਰ-ਰਸੂਖ ਵਾਲੇ ਆਦਮੀ ਆਪਣੀਆਂ ਕਾਰਾਂ ਨੂੰ ਟੈਕਸੀਆਂ ਦੇ ਰੂਪ ਵਿੱਚ ਚਲਾਉਂਦੇ ਹਨ ਔਰ ਟੈਕਸ ਦੀ ਚੋਰੀ ਕਰਦੇ ਹਨ। ਇਹ ਨਹੀਂ ਹੋਣਾ ਚਾਹੀਦਾ।

ਪੁਲਿਸ ਦੇ ਕੰਮ ਬਾਰੇ ਵੇਖ ਲਵੋ। ਇਕ ਬਚਨ ਕੌਰ 50 ਸਾਲਾ ਔਰਤ ਨੂੰ ਕੋਟਲੀ ਪਿੰਡ, ਚਮਕੌਰ ਸਾਹਿਬ ਦੇ ਨੇੜੇ, ਕਿਸ ਤਰ੍ਹਾਂ ਥਾਣੇ ਵਿਚ ਤੰਗ ਕੀਤਾ ਗਿਆ, ਉਸ ਨੂੰ ਕੁੱਟਿਆ ਗਿਆ। ਬਠਿੰਡੇ ਵਿਚ ਤਲਵੰਡੀ ਸਾਬੋ ਦੇ ਨਾਬਾਲਗ ਬੱਚਿਆਂ ਨੂੰ ਅੰਦਰ ਰਖਿਆ ਗਿਆ ਔਰ ਉਨ੍ਹਾਂ ਤੇ ਸਿਰਫ 10 ਕਿੱਲੋ ਕਾਟਨ ਦਾ ਕੇਸ ਸੀ। ਅੱਜ ਪੁਲਿਸ ਸਟੇਸ਼ਨਾਂ ਵਿਚ ਲੋਕਾਂ ਦਾ ਬੁਰਾ ਹਾਲ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਪੁਲਿਸ ਪਰਚੇ ਹੀ ਦਰਜ ਨਹੀਂ ਕਰਦੀ ਸੀ. ਆਰ. ਪੀ. ਸੀ ਦੀ ਸੈਕਸ਼ਨ 154 ਇਸ ਗੱਲ ਤੇ ਪਰਵੇਲ ਕਰਦੀ ਹੈ ਕਿ ਕੇਸ ਦਰਜ ਹੋਣ ਪਰ ਨਹੀਂ ਹੁੰਦੇ। ਅੱਜ ਸਮੱਗਲਿੰਗ ਬੜੇ ਜ਼ੋਰਾਂ ਤੇ ਹੋ ਰਹੀ ਹੈ। ਪਤਾ ਨਹੀਂ ਹੈ ਕਿ ਅਫੀਮ ਕਿੱਥੋਂ ਆਉਂਦੀ ਹੈ। (ਇਕ ਆਵਾਜ਼ : ਤੁਹਾਡੇ ਆਦਮੀ ਕਰਦੇ ਹਨ।) (ਹਾਸਾ) (ਵਿਘਨ) ਇਕ ਹੋਰ ਅਰਜ਼ ਕਰਾਂ ਕਿ ਨਾਨ-ਜੁਡੀਸ਼ੀਅਲ ਪੇਪਰ ਦੀ ਸ਼ਾਰਟੇਜ ਹੈ, ਉਹ ਨਹੀਂ ਮਿਲ ਰਿਹਾ। ਇਸ ਲਈ ਸਰਕਾਰ ਇਸ ਪਾਸੇ ਵੀ ਧਿਆਨ ਦੇਵੇ। ਬੱਸ ਸਰਵਿਸ

[ਸਰਦਾਰ ਦਲੀਪ ਸਿੰਘ ਪਾਂਧੀ]

ਕਈਆਂ ਪਿੰਡਾਂ ਵਿਚੋਂ ਇਸ ਸਰਕਾਰ ਨੇ ਬੰਦ ਕਰ ਦਿੱਤੀ ਹੈ। ਇਹ ਨਹੀਂ ਸੀ ਹੋਣੀ ਚਾਹੀਦੀ।...

Mr. Deputy Speaker : Please wind up.

ਸਰਦਾਰ ਦਲੀਪ ਸਿੰਘ ਪਾਂਧੀ : ਜਦੋਂ ਹੁਕਮ ਕਰੋਗੇ ਜੀ, ਮੈਂ ਬੰਦ ਕਰ ਦੇਵਾਂਗਾ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਕਲਾਸ ਫੋਰਥ ਇੰਪਲਾਈਜ਼ ਹਨ ਉਨ੍ਹਾਂ ਤੋਂ ਘਰ ਦਾ ਕੰਮ ਲਿਆ ਜਾਂਦਾ ਹੈ। ਠੀਕ ਹੈ, ਜੇਕਰ ਕੋਈ ਬਿਉਰੋਕ੍ਰੇਟ ਕੋਈ ਪ੍ਰਾਈਵੇਟ ਨੌਕਰ ਰੱਖ ਲੈਂਦਾ ਹੈ, ਉਸ ਤੋਂ ਘਰ ਦਾ ਕੰਮ ਕਰਵਾਏ ਪਰ ਕਲਾਸ ਫੋਰਥ ਇੰਪਲਾਈ ਤੋਂ ਘਰ ਦਾ ਕਮ ਲਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਇੰਪਲਾਈਜ਼ ਵਿਚ ਰੋਸ ਪੈਦਾ ਹੋਇਆ ਹੈ। ਇਸ ਲਈ ਕਿਸੇ ਵੀ ਇੰਪਲਾਈ ਤੋਂ ਘਰ ਦਾ ਕੰਮ ਨਹੀਂ ਲੈਣਾ ਚਾਹੀਦਾ।

ਫਿਰ ਬੈਕਵਰਡ ਕਲਾਸਿਜ਼ ਵਾਸਤੇ ਕਾਰਪੋਰੇਸ਼ਨ ਹੈ, ਹੋਰ ਵੀ ਕਾਰਪੋਰੇਸ਼ਨਾਂ ਹਨ ਪਰ ਉਨ੍ਹਾਂ ਤੋਂ ਲੋਕਾਂ ਨੂੰ ਜੋ ਫਾਇਦਾ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਰਿਹਾ ਕਿਉਂਕਿ ਉਨ੍ਹਾਂ ਵਿਚ ਗਲਤ ਕੰਮ ਹੁੰਦੇ ਹਨ। ਉਨ੍ਹਾਂ ਦੇ ਜਿਹੜੇ ਵਹੀਕਲਜ਼ ਹਨ ਉਹ ਅਫਸਰ ਆਪ ਚਲਾਈ ਫਿਰਦੇ ਰਹਿੰਦੇ ਹਨ। ਪੀ. ਆਰ. ਟੀ. ਸੀ ਜਾਂ ਮਿਉਂਸਪਲ ਕਮੇਟੀਆਂ ਦੇ ਵਹੀਕਲਜ਼ ਹਨ ਉਹ ਮਿੱਸ ਯੂਜ਼ ਹੁੰਦੇ ਹਨ। ਉਨ੍ਹਾਂ ਤੇ ਲਿਖਿਆ ਨਹੀਂ ਹੁੰਦਾ ਕਿ ਇਹ ਕਿਸ ਕਾਰਪੋਰੇਸ਼ਨ ਦੀ ਗੱਡੀ ਹੈ ਇਸ ਲਈ ਇਹ ਲਿਖਿਆ ਜਾਣਾ ਚਾਹੀਦਾ ਹੈ ਤਾਕਿ ਪਤਾ ਲੱਗ ਸਕੇ ਕਿ ਇਹ ਗੱਡੀ ਕਿਸ ਕਾਰਪੋਰੇਸ਼ਨ ਦੀ ਹੈ ਅੌਰ ਇਸ ਨਾਲ ਸਰਕਾਰ ਨੂੰ ਪਤਾ ਲੱਗ ਸਕੇਗਾ ਕਿ ਕਿਸ ਤਰ੍ਹਾਂ ਉਹ ਮਿਸਯੂਜ਼ ਹੋ ਰਹੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਲਿਖਿਆ ਵੀ ਸੀ ਕਿ ਅਸੀਂ ਤਾਂ ਕਾਰਾਂ ਵਗੈਰਾ ਤੇ ਜੋ ਸਰਕਾਰੀ ਹਨ, ਕਾਰਪੋਰੇਸ਼ਨਾਂ ਦੀਆਂ ਹਨ, ਨਹੀਂ ਲਿਖਵਾ ਸਕੇ ਤੁਸੀਂ ਲਿਖਵਾ ਦਿਓ। ਪਰ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਵਾਸਤੇ ਸ਼ਾਇਦ ਟਾਈਮ ਹੀ ਨਹੀਂ ਹੈ। ਮੇਰੀ ਚਿੱਠੀ ਦਾ ਜਵਾਬ ਵੀ ਨਹੀਂ ਦਿੱਤਾ ਗਿਆ।

ਪਿੱਛਲੀ ਸਰਕਾਰ ਨੇ ਵਿਧਾਇਕਾਂ ਦੀਆਂ ਬਗੈਰ ਕਿਸੇ ਭਿੰਨ ਭੇਦ ਦੇ ਕਿ ਇਹ ਕਿਸ ਪਾਰਟੀ ਦਾ ਵਿਧਾਇਕ ਹੈ ਅੌਰ ਉਹ ਕਿਸ ਪਾਰਟੀ ਦਾ ਹੈ ਕਮੇਟੀਆਂ ਬਣਾਈਆਂ ਸਨ। ਉਸ ਨਾਲ ਮਹਿਕਮਿਆਂ ਦਾ ਕੰਮ ਸਟਰੀਮਲਾਈਨ ਹੁੰਦਾ ਸੀ ਪਰ ਹੁਣ ਸਰਕਾਰ ਨੇ ਉਹ ਕਮੇਟੀਆਂ ਵੀ ਨਹੀਂ ਬਣਾਈਆਂ। ਇਹ ਜੋ ਹਾਲ ਇਸ ਵੇਲੇ ਹੋ ਰਹੇ ਹਨ ਇਸ ਕਰਕੇ ਹੀ ਸਰਕਾਰ ਦੀ ਸਖਤੀ ਦੇ ਬਾਵਜੂਦ ਵੀ ਸਾਰੇ ਪੰਜਾਬ ਦੇ ਲੋਕ ਇਥੇ ਆਏ। ਗ੍ਰਿਫਤਾਰੀਆਂ ਦਿੱਤੀਆਂ ਅਤੇ ਲਾਠੀਆਂ ਖਾਧੀਆਂ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਹ ਵਕਾਰ ਦਾ ਸਵਾਲ ਨਹੀਂ ਬਣਾ ਲੈਣਾ ਚਾਹੀਦਾ ਬਲਕਿ ਲੋਕਾਂ ਦੀਆਂ ਜਿਹੜੀਆਂ ਜਾਇਜ਼ ਮੰਗਾਂ ਹਨ ਇਹ ਜਿਹੜਾ ਬੱਸਾਂ ਦੇ ਕਿਰਾਏ ਵਿਚ ਵਾਧਾ ਹੋਇਆ ਹੈ, ਇਸ ਨੂੰ ਘਟਾਉਣ ਦੀ ਮੰਗ ਹੈ ਇਸ ਨੂੰ ਜ਼ਰੂਰ ਮੰਨ ਲੈਣਾ ਚਾਹੀਦਾ ਹੈ। ਅੱਜ ਪੰਜਾਬ ਵਿਚ ਕੀ ਹਾਲ ਹੋ ਰਿਹਾ ਹੈ, ਚੀਨੀ ਨਹੀਂ ਮਿਲਦੀ, ਪਨਸਪ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਹਨ। ਜਿਹੜਾ ਆਟਾ ਸਾਡੇ ਵੇਲੇ ਗਰੀਬਾਂ ਨੂੰ 1.30 ਰੁਪਏ ਕਿਲੋ ਮਿਲਦਾ ਸੀ ਉਹ ਹੁਣ 1.45 ਰੁਪਏ ਹੀ ਨਹੀਂ ਬਲਕਿ 2 ਰੁਪਏ ਕਿਲੋ ਤਕ ਵੀ ਨਹੀਂ ਮਿਲਦਾ। ਇਸ ਕਰਕੇ ਹੀ ਪੰਜਾਬ ਦੇ ਲੋਕ ਦੁੱਖੀ ਹੋ ਰਹੇ ਹਨ। ਸਾਡੇ ਆਪੋਜ਼ੀਸ਼ਨ ਦੇ ਲੀਡਰ ਨੇ ਬੋਲਦੇ ਹੋਏ ਕਿਹਾ ਸੀ ਕਿ ਸਾਡੇ ਪੰਜਾਬ ਨਾਲ ਵਿਤਕਰਾ ਹੋ ਰਿਹਾ ਹੈ। ਡੀਜ਼ਲ ਨਹੀਂ ਮਿਲ ਰਿਹਾ, ਚੀਨੀ ਨਹੀਂ ਮਿਲ ਰਹੀ, ਹੋਰ ਕਈ ਚੀਜ਼ਾਂ ਦੀ ਪੰਜਾਬ ਵਿਚ ਕਮੀ ਹੋ ਰਹੀ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਚੇਚੇ ਤੌਰ ਤੇ ਇਨ੍ਹਾਂ ਚੀਜ਼ਾਂ ਦਾ ਪ੍ਰਬੰਧ ਕਰੇ ਅਤੇ ਸਾਡੇ ਸੂਬੇ ਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ ਉਹ ਦੇਣ ਦਾ ਪ੍ਰਬੰਧ ਕਰੇ ਤਾਂ ਹੀ ਪੰਜਾਬ ਦੇ ਲੋਕ ਖੁਸ਼ ਹੋਣਗੇ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਸ਼ਮਸ਼ੇਰ ਸਿੰਘ (ਖੰਨਾ, ਐਸ. ਸੀ): ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਐਡਰੈਸ ਤੇ ਜਿਸ ਵਾਸਤੇ ਧੰਨਵਾਦ ਦਾ ਮਤਾ ਸਾਡੇ ਮਾਨਯੋਗ ਮੈਂਬਰ ਸ੍ਰੀ ਯਸ਼ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਹ ਜਿਹੜਾ ਸਵਾਗਤੀ ਦਾ ਮਤਾ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗਾ ਹੈ। ਇਸ ਐਡਰੈਸ ਵਿਚ ਸਾਡੇ ਉਸ ਮਹਾਨ ਲੀਡਰ ਦੇ 25-ਪੁਆਇਟ ਪ੍ਰੋਗ੍ਰਾਮਾਂ ਨੂੰ ਲਿਆ ਗਿਆ ਹੈ ਜਿਨ੍ਹਾਂ 25-ਪੁਆਇੰਟ ਪ੍ਰੋਗ੍ਰਾਮਾਂ ਦਾ ਨਾਹਰਾ ਲਾ ਕੇ ਸਾਡੀ ਪਾਰਟੀ ਮੈਜਾਰਿਟੀ ਦੀ ਗਿਣਤੀ ਵਿਚ ਵੋਟਾਂ ਲੈ ਕੇ ਇਥੇ ਕਾਬਜ਼ ਹੋਈ ਹੈ। ਮੇਰਾ ਭਾਵ ਸ੍ਰੀਮਤੀ ਇੰਦਰਾ ਗਾਂਧੀ ਤੋਂ ਹੈ ਜਿਹੜੇ ਕਿ ਸਿਰਫ ਇਕ ਕਲਾਸ ਦੀ ਹੀ ਨੇਤਾ ਨਹੀਂ ਬਲਕਿ ਹਿੰਦੁਸਤਾਨ ਸਮੁਚੀ ਬਰਾਦਰੀ ਅਤੇ ਸਮੁਚੇ ਲੋਕਾਂ ਦੀ ਕਾਮਨ ਨੇਤਾ ਹਨ ਜਿਨ੍ਹਾਂ ਦੀ ਬਦੌਲਤ ਹਿੰਦਸਤਾਨ ਵਿਚ 25-ਪੁਆਇੰਟ ਪ੍ਰੋਗ੍ਰਾਮ ਨੂੰ ਬੜੀ ਤੇਜ਼ੀ ਨਾਲ ਚਲਾਇਆ ਜਾ ਰਿਹਾ ਹੈ ਮੈਂ ਸਮਝਦਾ ਹਾਂ ਕਿ ਇਸ ਨਾਲ ਆਉਣ ਵਾਲੇ ਸਮੇਂ ਵਿਚ ਇਕਨਾਮਿਕ ਬੈਕਵਰਡਨੈਸ ਅਤੇ ਆਰਥਿਕ ਊਣਤਾਈਆਂ ਨੂੰ ਦੂਰ ਕਰਨ ਲਈ ਇਹ ਜਿਹੜਾ ਪ੍ਰੋਗਰਾਮ ਉਲੀਕਿਆ ਗਿਆ ਹੈ, ਇਹ ਬਹੁਤ ਹੀ ਚੰਗਾ ਹੈ। ਸਾਡੀ ਸਰਕਾਰ ਨੇ ਪੰਜਾਬ ਦੇ ਅੰਦਰ ਇਕ ਇਕਨਾਮਿਕ ਸਰਵੇ ਸ਼ੁਰੂ ਕੀਤਾ ਹੈ ਜਿਸ ਮੁਤਾਬਿਕ ਜਿਹੜੇ 3600 ਰੁਪਏ ਸਾਲਾਨਾ ਤੋਂ ਘੱਟ ਲੈਣ ਵਾਲੇ ਆਦਮੀ ਹਨ ਉਨ੍ਹਾਂ ਦੀ ਗਿਣਤੀ ਕਰਕੇ ਇਹ ਵੇਖਣਾ ਹੈ ਕਿ ਪੰਜਾਬ ਵਿਚ ਕਿੰਨੀਆਂ ਫੈਮਿਲੀਜ਼ ਹਨ ਜਿਹੜੀਆਂ ਕਿ ਬੀਲੋਂ ਪਾਵਰਟੀ ਲਾਈਨ ਹਨ ਤਾਂਕਿ ਉਨ੍ਹਾਂ ਲਈ ਕੋਈ ਪ੍ਰਬੰਧ ਕੀਤਾ ਜਾ ਸਕੇ। ਉਨ੍ਹਾਂ ਨੂੰ ਫਰੀ ਇੰਟਰਸਟ ਲੋਨ ਅਤੇ ਹੋਰ ਲੋੜਵੰਦ ਚੀਜ਼ਾਂ ਦਿੱਤੀਆਂ ਜਾ ਸਕਣ। ਇਸ ਲਈ ਮੈਂ ਆਪਣੀ ਸਰਕਾਰ ਦਾ ਸ਼ੁਕਰਗੁਜ਼ਾਰ ਹਾਂ । ਮੈਂ ਇਹ ਸੁਝਾਓ ਦਿੰਦਾ ਹਾਂ ਕਿ Class IV Employees ਵੀ ਇਨ੍ਹਾਂ ਵਿਚ ਸ਼ਾਮਲ ਕੀਤੇ ਜਾਣ ਕਿਉਂ ਕਿ ਇਹ ਵੀ ਗ਼ਰੀਬੀ ਦੀ ਜਦ ਵਿਚ ਆਉਂਦੇ ਹਨ।

ਇਸ ਦੇ ਨਾਲ ਮੈਂ ਇਕ ਹੋਰ ਵੀ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਨੇ ਜਿਹੜਾ 30 ਕਰੋੜ ਦਾ ਸਰਮਾਇਆ ਪੰਜਾਬ ਦੇ ਗਰੀਬ ਵਰਗ, ਹਰੀਜਨਾਂ ਅਤੇ ਬੈਕਵਰਡ ਵਾਸਤੇ ਰੱਖਿਆ ਹੈ, ਇਸ ਲਈ ਮੈਂ ਸਰਕਾਰ ਦਾ ਬਹੁਤ ਹੀ ਧੰਨਵਾਦੀ ਹਾਂ। ਇਹ ਪੈਸਾ ਗਰੀਬ ਲੋਕਾਂ ਨੂੰ, ਹਰੀਜਨਾਂ ਨੂੰ, ਅਤੇ ਬੈਕਵਰਡ ਕਲਾਸ ਦੇ ਲੋਕਾਂ ਨੂੰ ਦਿੱਤਾ ਜਾਣਾ ਹੈ। ਇਸ ਨਾਲ ਉਹ ਅਪਣਾ ਕੋਈ ਕੰਮ ਜਾਂ ਕੋਈ ਛੋਟੀ ਮੋਟੀ ਇੰਡਸਟਰੀ ਲਾਉਣਾ ਚਾਹੁੰਣਗੇ ਤਾਂ ਉਹ ਲਾ ਸਕਣਗੇ।

ਹੁਣ ਤਕ ਪੰਜਾਬ ਵਿਚ ਕਿੰਨੀਆਂ ਹੀ ਸਰਕਾਰਾਂ ਆਉਂਦੀਆਂ ਰਹੀਆਂ ਹਨ ਅਤੇ ਜਾਂਦੀਆਂ ਰਹੀਆਂ ਹਨ। ਇਹ ਜਿਹੜੇ ਸਾਡੇ ਆਪੋਜੀਸ਼ਨ ਵਿਚ ਵੀਰ ਬੈਠੇ ਹਨ ਇਹ ਹਮੇਸ਼ਾ ਹੀ ਲੋਕਾਂ ਨੂੰ ਖਾਸ ਤੌਰ ਤੇ ਕਿਸਾਨਾਂ ਦਾ ਨਾਹਰਾ ਦੇਕੇ ਗੁੰਮਰਾਹ ਕਰਦੇ ਰਹੇ ਹਨ। ਇਸ ਐਡਰੈਸ ਤੇ ਜਦੋਂ ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਡੇਢ ਘੰਟਾ ਬੋਲੇ ਸਨ ਤਾਂ ਉਨ੍ਹਾਂ ਨੇ ਹਰੀਜਨਾਂ ਦੇ ਵਾਸਤੇ ਕੋਈ ਗੱਲ ਕਰਨ ਲਈ ਅੱਧਾ ਮਿੰਟ ਵੀ ਨਹੀਂ ਲਿਆ ਹੋਣਾ। ਬਲਕਿ ਆਪਣੀ ਸਾਰੀ ਸਪੀਚ ਵਿੱਚ ਵਡੇ ਵਡੇ land lords ਦੀ ਅਤੇ ਜਾਗੀਰ-ਦਾਰਾਂ ਦੀ ਗੱਲ ਕਰਦੇ ਰਹੇ ਹਨ। ਉਨ੍ਹਾਂ ਦੀਆਂ ਜਿਹੜੀਆਂ ਪ੍ਰਾਬਲਮਜ਼ ਹਨ ਉਹੀ ਦੱਸਦੇ ਰਹੇ ਹਨ। ਗ਼ਰੀਬ ਲੋਕਾਂ ਵਾਸਤੇ ਕੁਝ ਨਹੀਂ ਬੋਲੇ। ਜਦੋਂ ਇਹ ਐਗਰੀਕਲਚਰ ਮਨਿਸਟਰ ਸੈਂਟਰ ਵਿਚ ਸਨ ਤਾਂ ਤੁਹਾਨੂੰ ਪਤਾ ਹੈ ਕਿ ਇਹ ਉਨ੍ਹਾਂ ਗ਼ਰੀਬ ਕਿਸਾਨਾਂ ਦੀਆਂ ਵੀ ਪ੍ਰਬਲਮਜ਼ ਨੂੰ ਹੱਲ ਨਹੀਂ ਸਨ ਕਰ ਸਕੇ ਅਤੇ ਮੁੜ ਪੰਜਾਬ ਵਿਚ ਵਾਪਸ ਆ ਗਏ। ਅੱਜ ਇਹ ਕਹਿੰਦੇ ਹਨ ਕਿ ਪੰਜਾਬ ਵਿਚ 30-32 ਸਾਲਾਂ ਦੇ ਕਾਂਗਰਸ ਦੇ ਰਾਜ ਵਿਚ ਅਸੀਂ ਕੁਝ ਨਹੀਂ ਕਰ ਸਕੇ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ 30- 32 ਸਾਲਾਂ ਦੇ ਰਾਜ ਵਿਚ ਇਨ੍ਹਾਂ ਨੇ ਢਾਈ ਤਿੰਨ ਸਾਲ ਰਾਜ ਕੀਤਾ ਹੈ। ਉਸ ਵੇਲੇ ਇਹ ਆਪ ਮਨਿਸਟਰ ਰਹੇ ਹਨ ਅਤੇ ਇਨ੍ਹਾਂ ਦੇ ਲੀਡਰ ਚੌਧਰੀ ਚਰਨ ਸਿੰਘ ਜਿਹੜੇ ਕਿ ਆਪਣੇ ਆਪ ਨੂੰ ਕਿਸਾਨਾਂ ਦਾ ਨੇਤਾ ਮੰਨਦੇ ਹਨ ਉਹ ਵੀ ਦੇਸ਼ ਦੇ ਪ੍ਰਾਈਮ ਮਨਿਸਟਰ ਦੇ ਤੌਰ ਤੇ ਰਹਿ ਗਏ ਹਨ। ਪਰ ਉਹ ਆਪਣੇ ਸਮੇਂ ਵਿਚ ਵੀ ਇਨ੍ਹਾਂ ਕਿਸਾਨਾਂ ਦੀ ਪ੍ਰਬਲਮ ਹੱਲ ਨਹੀਂ ਸਨ ਕਰ ਸਕੇ। ਜੇ ਉਹ ਚਾਹੁੰਦੇ ਤਾਂ ਉਹ ਇਨ੍ਹਾਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰ ਸਕਦੇ ਸਨ। ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ

ਨੇ ਬਤੌਰ ਐਗਰੀਕਲਚਰ ਮਨਿਸਟਰ ਹੁੰਦੇ ਹੋਏ ਉਨ੍ਹਾਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ। ਅਸਲ ਵਿਚ ਇਹ ਵੱਡੇ ਵੱਡੇ ਜਾਗੀਰਦਾਰਾਂ ਦੀ ਵਿਚਾਰ ਧਾਰਾ ਦੇ ਲੋਕੀ ਹਨ। ਇਨ੍ਹਾਂ ਨੇ ਉਸ ਵੇਲੇ ਇਨ੍ਹਾਂ ਗ਼ਰੀਬ ਕਿਸਾਨਾਂ ਅਤੇ ਹਰੀਜਨਾਂ ਵਾਸਤੇ ਕੁਝ ਨਹੀਂ ਕੀਤਾ। ਉਸ ਵੱਲ ਇਹ ਆਪਣੀਆਂ ਅਲਹਿਦਾ ਅਲਹਿਦਾ ਪਾਲੀਸੀਆਂ ਬਣਾ ਕੇ ਲੜਦੇ ਰਹੇ ਅਤੇ ਦੇਸ਼ ਦਾ ਕੁਝ ਨਾ ਕਰ ਸਕੇ। ਇਨ੍ਹਾਂ ਦੇ ਵੇਲੇ ਜੋ ਦੇਸ਼ ਵਿਚ ਲਾਅ ਐਂਡ ਆਰਡਰ ਦੀ ਹਾਲਤ ਰਹੀ ਹੈ ਉਹ ਤੁਹਾਨੂੰ ਪਤਾ ਹੀ ਹੈ। 28 ਮਹੀਨੇ ਦੇ ਰਾਜ ਵਿਚ ਕਿਤਨੇ ਕਤਲ ਹੋਏ, ਕਿੰਨੇ ਜਬਰ ਜਨਾਹ ਹੋਏ ਔਰ ਕਿੰਨੀਆਂ ਟੈਕਸ ਦੀਆਂ ਚੋਰੀਆਂ ਇਹ ਕਰਦੇ ਰਹੇ, ਇਹ ਸਭ ਨੂੰ ਪਤਾ ਹੈ। ਆਮ ਲੋਕਾਂ ਨੂੰ ਫਰੀ ਹੈਂਡ ਦਿੱਤਾ ਗਿਆ ਸੀ। ਹੁਣ ਅਸੀਂ ਵੇਖਦੇ ਹਾਂ ਕਿ ਜਦੋਂ ਦੇ ਸਾਡੇ ਚੀਫ਼ ਮਨਿਸਟਰ ਨੇ ਪੰਜਾਬ ਦੀ ਬਾਗ਼ਡੋਰ ਸੰਭਾਲੀ ਹੈ, ਪੰਜਾਬ ਵਿਚੋਂ ਸਮੱਗਲਰਾਂ ਅਤੇ ਬਲੈਕ ਮਾਰਕੀਟੀਆਂ ਦੇ ਅਨਸਰਾਂ ਨੂੰ ਪਕੜ ਕੇ ਜੇਲ੍ਹਾਂ ਦੇ ਅੰਦਰ ਦਿੱਤਾ ਹੈ। ਪੰਜਾਬ ਵਿਚ ਇਕਨਾਮਿਕ ਸਰਵੇ ਕਰਵਾਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ। ਫਿਰ ਜਿਹੜਾ ਇਹ ਕਹਿੰਦੇ ਹਨ ਕਿ 32 ਸਾਲ ਵਿਚ ਕੁਝ ਨਹੀਂ ਕੀਤਾ। ਮੈਂ ਇਨ੍ਹਾਂ ਤੋਂ ਹੀ ਪੁੱਛਦਾ ਹਾਂ ਕਿ ਆਮ ਕਿਸੇ ਵੀ ਕਿਸਾਨ ਨੂੰ ਪੁੱਛਕੇ ਵੇਖੇ ਕਿ ਉਸਦੀ ਅੱਜ ਤੋਂ 30 ਸਾਲ ਪਹਿਲਾਂ ਕੀ ਹਾਲਤ ਸੀ। ਇਨ੍ਹਾਂ ਨੂੰ ਹੀ ਪੁੱਛੋ ਕਿ ਇਨ੍ਹਾਂ ਦੀ 30 ਸਾਲ ਪਹਿਲਾਂ ਕੀ ਹਾਲਤ ਸੀ। ਉਸ ਵੇਲੇ ਨਾਲੋਂ ਹੁਣ ਪੰਜਾਬ ਦੇ ਕਿਸਾਨ ਨੇ ਕਿੰਨੀ ਤਰੱਕੀ ਕੀਤੀ ਹੈ। ਇਸ ਬਾਰੇ ਇਹ ਆਪਣੇ ਅੰਦਰ ਝਾਤ ਮਾਰਕੇ ਵੇਖਣ। ਪੰਜਾਬ ਵਿਚ ਕਿੰਨੀਆਂ ਇੰਡਸਟਰੀਆਂ ਖੁਲ੍ਹੀਆਂ ਹਨ ਅਗਰੀਕਲਚਰ ਯੂਨੀਵਰਸਿਟੀ ਲਿਆਂਦੀ ਹੈ, ਲੈਂਡ ਮਾਰਟਗੇਜ ਬੈਂਕ ਅਤੇ ਕੋਅਪਰੇਟਿਵ ਸੁਸਾਇਟੀਆਂ ਰਾਹੀਂ ਉਨ੍ਹਾਂ ਦੀ ਕਿੰਨੀ ਸਹਾਇਤਾ ਕੀਤੀ ਗਈ ਹੈ।

ਇਹ ਕਿਸਾਨਾਂ ਦਾ ਭਲਾ ਇੰਦਰਾ ਗਾਂਧੀ ਅਤੇ ਨਹਿਰੂ ਜੀ ਦੇ ਰਾਜ ਵਿਚ ਹੀ ਹੋਇਆ ਹੈ ਅਤੇ ਇਨ੍ਹਾਂ ਦੇ ਰਾਜ ਵਿਚ ਖੁਸ਼ਹਾਲ ਹੋਏ ਹਨ। ਹੁਣ ਕਿਸਾਨਾਂ ਦੇ ਕੋਲ ਟਰੈਕਟਰਜ਼ ਹਨ ਅਤੇ ਕਾਰਾਂ ਲਈ ਫਿਰਦੇ ਹਨ (ਵਿਘਨ) ਨਵੇਂ ਬੀਜ, ਨਵੇਂ ਖੇਤੀ ਬਾੜੀ ਦੇ ਔਜ਼ਾਰ ਅਤੇ ਬਾੜੀ Research Institute ਖੋਲ੍ਹੇ ਗਏ ਮੈਂ ਜ਼ਿਆਦਾ ਡੀਟੇਲਜ਼ ਵਿਚ ਨਾ ਜਾਂਦਾ ਹੋਇਆ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਰਾਜ ਪੈਡੀ, ਗੰਨਾ ਤੇ ਆਲੂ ਦਾ ਜੋ ਹਾਲ ਹੋਇਆ ਉਸ ਦਾ ਸਾਰਿਆਂ ਨੂੰ ਪਤਾ ਹੈ। ਉਹਨਾਂ ਨੂੰ ਵਾਜਬ ਭਾ ਵੀ ਨਹੀਂ ਮਿਲੇ ਸਨ ਅਤੇ ਕਿਸਾਨਾਂ ਦੇ ਨਾਲ ਧੱਕਾ ਹੋਇਆ ਹੈ। ਇਨ੍ਹਾਂ ਦੇ ਧੱਕਿਆ ਕਰਕੇ ਕਿਸਾਨਾਂ ਨੇ ਇਨ੍ਹਾਂ ਦੀ ਪਾਰਟੀ ਨੂੰ ਵੋਟਾਂ ਨਹੀਂ ਪਾਈਆਂ ਅਤੇ ਸਾਡੀ ਪਾਰਟੀ ਦੀ ਸਰਕਾਰ ਬਣਾਈ ਹੈ। ਇਹ ਸਰਕਾਰ ਨਾ ਕੇਵਲ ਪੰਜਾਬ ਵਿਚ ਹੀ ਬਣਾਈ ਹੈ ਬਲਕਿ ਸੈਂਟਰ ਦੇ ਵਿਚ ਵੀ ਬਣਾਈ ਹੈ। ਅਕਾਲੀ-ਜਨਤਾ ਪਾਰਟੀ ਦੇ ਲੋਕ ਐਮਰਜੈਂਸੀ ਦਾ ਗਲਤ ਪ੍ਰਚਾਰ ਕਰਦੇ ਰਹੇ ਅਤੇ ਲੋਕਾਂ ਨੇ ਭੁਲੇਖੇ ਵਿਚ ਆਕੇ ਇਨ੍ਹਾਂ ਨੂੰ ਵੋਟਾਂ ਪਾ ਦਿੱਤੀਆਂ ਅਤੇ ਇਹ ਆਪਸ ਵਿਚ ਲੜਦੇ ਰਹੇ ਅਤੇ ਲੋਕਾਂ ਦਾ ਭੱਲਾ ਨਹੀਂ ਕੀਤਾ। ਇਹ ਡੈਮੋਕਰੇਸੀ ਦੀ ਬੜੀ ਦੁਹਾਈ ਦਿੰਦੇ ਹਨ। ਇਨ੍ਹਾਂ ਨੇ ਆਪਣੀ ਕਲਮ ਦੀ ਨੋਕ ਥੱਲੇ ਪੰਚਾਇਤਾਂ ਅਤੇ 168 ਬਲਾਕ ਸੰਮਤੀਆਂ ਨੂੰ ਤੋੜ ਦਿੱਤਾ (ਤਾੜੀਆਂ) ਇਸ ਦੀ ਮਿਸਾਲ ਹਿਸਟਰੀ ਵਿਚ ਨਹੀਂ ਮਿਲਦੀ ਹੈ। ਇਨ੍ਹਾਂ ਨੇ ਪੰਚਾਇਤੀ ਰਾਜ ਨੂੰ ਟੂ ਟਾਇਰ ਸਿਸਟਮ ਵਿਚ ਬਦਲ ਦਿੱਤਾ ਪਰ ਹੁਣ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਥ੍ਰੀ ਟਾਇਰ ਸਿਸਟਮ ਹੀ ਚਲਾਲਿਆ ਜਾਵੇ। ਗਰੀਬ ਜਾਂ ਹਰੀਜਨ ਮੈਜਾਰਿਟੀ ਵੋਟ ਦੇ ਨਾਲ ਸਰਪੰਚ ਬਣ ਸਕੇ। ਇਸ ਦੇ ਲਈ ਸਰਕਾਰ ਮੁਬਾਰਕ ਬਾਦ ਦੀ ਹੱਕਦਾਰ ਹੈ। ਪਿਛਲੇ 28 ਮਹੀਨਿਆਂ ਦੇ ਅਕਾਲੀ ਜਨਤਾ ਰਾਜ ਵਿਕਾਸ ਦਾ ਕੋਈ ਕੰਮ ਨਹੀਂ ਹੋਇਆ ਅਤੇ ਨਾ ਹੀ ਕੋਈ ਸੜਕਾਂ ਬਣੀਆਂ ਹਨ। ਇਨ੍ਹਾਂ ਦੇ ਰਾਜ ਵਿਚ ਸੜਕਾਂ ਦਾ ਬਹੁਤ ਬੁਰਾ ਹਾਲ ਸੀ। ਸੜਕਾਂ ਤੇ ਚਲਣ ਲਈ ਸਾਇਕਲ, ਵੈਹੀਕਲ ਜਾਂ ਹੋਰ ਕਿਸੇ ਸਵਾਰੀ ਕਰਕੇ ਚਲਣਾ ਕੀ ਸੀ ਉਨ੍ਹਾਂ ਸੜਕਾਂ ਤੇ ਪੈਦਲ ਚਲਣਾ ਬੜਾ ਮੁਸ਼ਕਲ ਸੀ ਹੁਣ ਮੇਰੀ ਸਰਕਾਰ ਨੇ ਪਿਛਲੇ 6-7 ਮਹੀਨਿਆਂ ਵਿਚ ਸੜਕਾਂ ਦੀ ਮੁਰੰਮਤ ਲਈ ਪੈਸੇ ਦਾ ਪ੍ਰਬੰਧ ਕੀਤਾ ਹੈ ਅਤੇ ਸਰਕਾਰ ਨੇ ਵੀਕਰ ਸੈਕਸ਼ਨ ਦੇ ਲੋਕਾਂ ਲਈ ਪਲਾਟ ਦੇਣ ਦਾ ਫੈਸਲਾ ਕੀਤਾ ਹੈ। ਪਲਾਟਾਂ ਤੇ ਮਕਾਨ ਬਣਾਕੇ ਦੇਣ ਦਾ ਵੀ ਫੈਸਲਾ ਕੀਤਾ ਗਿਆ। ਹੈ 1980-81 ਵਿਚ ਇਨ੍ਹਾਂ ਮਕਾਨਾਂ ਦੀ ਉਸਾਰੀ ਲਈ ਸਰਕਾਰ ਨੇ 10

[ਸਰਦਾਰ ਸ਼ਮਸ਼ੇਰ ਸਿੰਘ]

ਹਜ਼ਾਰ ਮਕਾਨ ਬਣਾਕੇ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਦੇ ਇਰਦ ਗਿਰਦ ਦੇਣੇ ਹਨ ਔਰ ਇਸ ਕੰਮ ਲਈ 5 ਕਰੋੜ ਰੁਪੈਏ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ, ਅਰਬਨ ਡਿਵੈਲਪਮੈਂਟ ਅਤੇ ਸਲੱਮ ਏਰੀਏ ਲਈ ਅਤੇ ਗੰਦੀਆਂ ਬਸਤੀਆਂ ਨੂੰ ਸਾਫ ਕਰਨ ਲਈ ਪ੍ਰਬੰਧ ਕੀਤੇ ਗਏ ਹਨ। ਇਸ ਦੇ ਲਈ ਬਜਟ ਵਿਚ 80 ਲੱਖ ਰੁਪਿਆ ਰੱਖਿਆ ਗਿਆ ਹੈ। ਇਸੇ ਤਰ੍ਹਾਂ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਟੇਟ ਲੈਵਲ ਤੇ ਜ਼ਿਲ੍ਹਾ ਲੈਵਲ ਤੇ ਕਮੇਟੀਆਂ ਨਿਗਰਾਨੀਆਂ ਲਈ ਬਣਾ ਦਿਤੀਆਂ ਜਾਣ। ਇਸ ਦੇ ਲਈ ਹਰ ਮਹਿਕਮੇ ਵਿਚੋਂ 20% ਬਜਟ ਸੁਰਖਿਅਤ ਰਖਿਆ ਗਿਆ ਹੈ। ਇਹ ਕਮੇਟੀਆਂ ਜਨਤਾ ਦੀ ਭਲਾਈ ਲਈ ਕੰਮ ਕਰਨਗੀਆਂ। ਹਰੀਜਨਾਂ ਦੇ ਬੱਚਿਆਂ ਲਈ ਵਜ਼ੀਫਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਕ ਸੋਸ਼ਲ ਵੈਲਫੇਅਰ ਸਕੀਮ ਅਧੀਨ ਹੁਣ ਹਰੀਜਨਾਂ ਨੂੰ ਕੂੜਾ ਕਰਕਟ ਸੁੱਟਣ ਲਈ ਇਕ ਮਰਲਾ ਜ਼ਮੀਨ ਦਿੱਤੀ ਜਾਵੇਗੀ। ਸਰਕਾਰ ਨੂੰ ਇਹ ਵਚਨ ਦਿੱਤਾ ਹੈ ਕਿ 6 ਵੀ ਪੰਜ ਸਾਲਾ ਪਲਾਨ ਵਿਚ ਸਕੂਲ, ਕਮਿਉਨਿਟੀ ਸੈਂਟਰ ਬਣਾਉਣ ਲਈ 32 ਕਰੋੜ ਰੁ: ਰਖਿਆ ਗਿਆ ਹੈ। ਇਹ ਸਾਰੇ ਉਪਰਾਲੇ ਕਮਜ਼ੋਰ ਵਰਗਾਂ ਲਈ ਕੀਤੇ ਜਾ ਰਹੇ ਹਨ। ਪੋਸਟ ਗ੍ਰੈਜੂਏਸ਼ਨ ਕਰਨ ਲਈ ਹਰੀਜਨ ਲੜਕੀਆਂ ਲਈ 12 ਲੱਖ ਰੁਪਿਆ ਰਖਿਆ ਗਿਆ ਹੈ ਅਤੇ ਵਜ਼ੀਫਾ ਅਲੱਗ ਦਿੱਤਾ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਇਹ ਮਦ ਬਹੁਤ ਥੋੜ੍ਹੀ ਹੈ। ਇਹ ਵਜ਼ੀਫਾ ਬਹੁਤ ਘੱਟ ਮਿਕਦਾਰ ਵਿਚ ਮਿਲਦਾ ਹੈ। ਪਰ ਉਸ ਦੀ ਪੜ੍ਹਾਈ ਬੜੀ ਕਾਸਟਲੀ ਪੈਂਦੀ ਹੈ। ਇਸੇ ਤਰ੍ਹਾਂ ਸਰਕਾਰ ਨੇ ਸਟੈਨੋਗ੍ਰਾਫੀ ਲਈ ਸਪੈਸ਼ਲ ਕੋਰਸ ਸ਼ੁਰੂ ਕੀਤੇ ਹਨ। ਪਹਿਲੇ 8ਵੀਂ ਅਤੇ 10 ਵੀਂ ਜਮਾਤ ਲਈ ਹਰੀਜਨ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਦਿੱਤੀਆਂ ਜਾਂਦੀਆਂ ਸਨ ਪਰ ਹੁਣ 9ਵੀਂ ਅਤੇ 10ਵੀਂ ਜਮਾਤਾਂ ਲਈ ਵੀ ਕਿਤਾਬਾਂ ਮੁਫਤ ਦਿੱਤੀਆਂ ਜਾਂਦੀਆਂ ਹਨ ਅਤੇ ਕਮਜ਼ੋਰ ਵਿਦਿਆਰਥੀਆਂ ਲਈ ਸਪੈਸ਼ਲ ਕੋਚਿੰਗ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਇਸੇ ਤਰ੍ਹਾਂ ਇੰਡਸਟਰੀ ਦਾ ਪ੍ਰਸਾਰ ਕਰਨ ਲਈ ਮੇਰੀ ਸਰਕਾਰ ਨੇ 6 ਮਹੀਨਿਆਂ ਦੇ ਵਿਚ ਹੀ ਰਾਜ ਦੇ ਪਛੜੇ ਹੋਏ ਦਿਹਾਤੀ ਇਲਾਕਿਆਂ ਦੇ ਵਿਚ ਉਦਯੋਗਾਂ ਦੇ ਵਿਕਾਸ ਨੂੰ ਨਿਯਮਤ ਰੂਪ ਦੇਣ ਲਈ ਸ੍ਰੀ ਗੋਇੰਦਵਾਲ ਸਾਹਿਬ ਦਾ ਉਦਯੋਗਿਕ ਕੰਪਲੈਕਸ ਪ੍ਰਾਜੈਕਟ ਸ਼ੁਰੂ ਕਰਨ ਲਈ ਮਹੱਤਵਪੂਰਨ ਕੰਮ ਕੀਤਾ ਹੈ। ਇਸ ਦੇ ਨਾਲ ਦੇਸ਼ ਦੇ ਬੇਰੁਜ਼ਗਾਰ ਟੈਕਨੀਕਲ ਆਦਮੀਆਂ ਨੂੰ ਰੁਜਗਾਰ ਮਿਲ ਸਕੇਗਾ ਅਤੇ ਰਾਜ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲਣਗੀਆਂ। ਪਿਛਲੇ ਮਹੀਨਿਆਂ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਰੋਪੜ ਥਰਮਲ ਪਲਾਂਟ ਦਾ ਨੀਂਹ ਪੱਥਰ ਰਖਿਆ ਤਾਕਿ ਰਾਜ ਵਿਚ ਬਿਜਲੀ ਦੀ ਪੈਦਾਵਾਰ ਵਧ ਸਕੇ ਇਸ ਦੇ ਲਈ ਸਰਕਾਰ ਦਾ ਮੈਂ ਧੰਨਵਾਦੀ ਹਾਂ।

ਇਕ ਗੱਲ ਮੈਂ ਇਥੇ ਜ਼ਰੂਰ ਕਹਾਂਗਾ ਕਿ ਲੇਬਰ ਐਗਰੀਕਲਚਰਲ ਜਿਹੜੀ ਪਿੰਡਾਂ ਦੇ ਵਿਚ ਕੰਮ ਕਰਦੀ ਹੈ ਉਨ੍ਹਾਂ ਦੀ ਮਦਦ ਲਈ ਸਰਕਾਰ ਨੂੰ ਬਲਾਕ ਲੈਵਲ ਤੇ ਲੇਬਰ ਇਨਸਪੈਕਟਰ ਲਗਾਉਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਨੂੰ ਤਨਖਾਹ ਵਗੈਰਾ ਟਾਇਮ ਸਿਰ ਮਿਲ ਸਕੇ ਅਤੇ ਕਦੀ ਮਜ਼ਦੂਰਾਂ ਦੇ ਕੰਮ ਕਰਦੇ ਹੋਏ ਹੱਥ ਵਗੈਰਾ ਕੱਟੇ ਜਾਂਦੇ ਹਨ ਔਰ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਦਾ ਹੈ। ਸਰਕਾਰ ਨੂੰ ਬਲਾਕ ਲੈਵਲ ਤੇ ਲੇਬਰ ਇੰਨਸਪੈਕਟਰ ਜ਼ਰੂਰ ਲਗਾ ਦੇਣੇ ਚਾਹੀਦੇ ਹਨ।

ਹੁਣ ਮੈਂ ਡੈਮੋਕਰੇਸੀ ਦੀ ਗੱਲ ਕਰਦਾ ਹਾਂ। 21 ਜਨਵਰੀ ਨੂੰ ਆਪੋਜ਼ੀਸ਼ਨ ਪਾਰਟੀਆਂ ਨੇ ਚੰਡੀਗੜ੍ਹ ਵਿਚ ਆ ਕੇ ਮੁਜ਼ਾਹਰਾ ਕੀਤਾ। ਮੈਂ ਸਮਝਦਾ ਹਾਂ ਕਿ ਮੁਜ਼ਾਹਰਾ ਕਰਨਾ ਹਰ ਇਕ ਪਾਰਟੀ ਦਾ ਹੱਕ ਹੈ ਅਤੇ ਉਹ ਮੁਜ਼ਾਹਰਾ ਪੀਸਫੁਲ ਹੋਣਾ ਚਾਹੀਦਾ ਹੈ ਪਰ ਇਨ੍ਹਾਂ ਨੇ 21 ਜਨਵਰੀ ਮੁਜ਼ਾਹਰੇ ਵਾਲੇ ਦਿਨ ਤਲਵਾਰਾਂ, ਲਾਠੀਆਂ ਅਤੇ ਹੋਰ ਕਈ ਪੱਥਰਾਂ ਦੇ ਨਾਲ ਕੀਤਾ ਜਿਸ ਦੀ ਮਿਸਾਲ ਹਿਸਟਰੀ ਵਿਚ ਨਹੀਂ ਮਿਲਦੀ ਹੈ ਬਾਕੀ ਕਮਿਊਨਿਸਟ ਭਰਾਵਾਂ ਦਾ ਵਿਸ਼ਵਾਸ਼ ਡੈਮੋਕਰੇਸੀ ਵਿਚ ਪਹਿਲੇ ਹੀ ਨਹੀਂ ਹੈ। ਇਹ ਤਾਂ ਚੀਨ ਜਾਂ ਰੂਸ ਵਰਗੇ ਰਾਜ ਚਾਹੁੰਦੇ ਹਨ। ਇਸ ਤਰ੍ਹਾਂ ਦੇ ਨਿਜ਼ਾਮ ਵਿਚ ਵਿਸ਼ਵਾਸ਼ ਰੱਖਦੇ ਹਨ। (ਵਿਘਨ) ਅਲੱਗ ਵਿਚਾਰ ਧਾਰਾਂ ਵਾਲੇ ਲੋਕਾਂ ਨੂੰ ਰਹਿਣ ਨਹੀਂ ਦਿਤਾ ਜਾਂਦਾ

ਚੀਨ ਵਿਚ ਮਾਓ ਦੀ ਪਤਨੀ ਦੇ ਨਾਲ ਅਤੇ ਉਸਦੇ ਚਾਰ ਸਾਥੀਆਂ ਦੇ ਨਾਲ ਚੀਨ ਸਰਕਾਰ ਕਿਸ ਤਰ੍ਹਾਂ ਦਾ ਸਲੂਕ ਕਰ ਰਹੀ ਹੈ। ਉਸ ਨੂੰ ਨਜ਼ਰਬੰਦ ਕੀਤਾ ਹੋਇਆ ਹੈ ਅਤੇ ਕੇਸ ਚਲ ਰਹੇ ਹਨ। ਇਸ ਤਰ੍ਹਾਂ ਦੀ ਸੈਟ-ਅੱਪ ਵਿਚ ਇਹ ਭਰਾ ਵਿਸ਼ਵਾਸ਼ ਰਖਦੇ ਹਨ। ਮੇਰੀ ਸਰਕਾਰ ਕਿਸਾਨ ਪੱਖੀ ਹੈ ਇਹ ਅਕਾਲੀ ਭਰਾ ਕਿਸਾਨਾਂ ਦੇ ਪੱਖੀ ਨਹੀਂ ਹਨ । ਤੇ ਮੈਂ ਆਖਿਰ ਵਿਚ ਸੀ. ਐਮ. ਸਾਹਿਬ ਨੂੰ ਬਨਤੀ ਕਰਦਾ ਹਾਂ ਕਿ ਉਹ ਪੰਜਾਬ ਦੇ ਕਿਸਾਨ, ਗਰੀਬ ਮਜਦੂਰਾਂ ਲਈ Development ਜਾਂ ਤਰੱਕੀ ਦ ਰਾਹ ਪੈਦਾ ਕਰੇ ਤਾਂ ਜੋ ਪੰਜਾਬ ਖੁਸ਼ਹਾਲੀ ਵੱਲ ਵੱਧਦਾ ਨਜ਼ਰ ਆਵੇ । ਮੈਂ ਗਵਰਨਰ ਦੇ ਭਾਸ਼ਣ ਵਾਲੇ ਮਤੇ ਦੀ ਪ੍ਰੋੜਤਾ ਕਰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਹ ਕਿਸਾਨਾਂ ਦੇ ਰੇਟ ਵਧਾਉਣ ਲਈ ਲੱਗੇ ਹੋਏ ਹਨ। ਇਨ੍ਹਾਂ ਦਾ ਮਹਿੰਗਾਈ ਨਾਲ ਕੋਈ ਤੁਅੱਲਕ ਨਹੀਂ ਹੈ ਕਿ ਘੱਟ ਕਰੋ ਬਲਕਿ ਇਹ ਕਹਿੰਦੇ ਹਨ ਕਿ ਮਹਿੰਗਾਈ ਜ਼ਿਆਦਾ ਕਰੋ (ਵਿਘਨ) (ਸ਼ੋਰ) ਟਰਾਂਸਪੋਰਟ ਬਾਰੇ ਅਰਜ਼ ਕਰਾਂ ਕਿ ਇਹ ਬਹੁਤ ਵੱਡਾ ਮਸਲਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਕਿਹਾ ਜਾਂਦਾ ਹੈ ਕਿ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਬਹੁਤ ਖਰਾਬ ਹੈ। ਪਰ ਚੀਫ ਮਨਿਸਟਰ ਸਾਹਿਬ ਨੇ ਬੈਡ ਐਲੀਮੈਂਟ ਤੇ ਨਕੇਲ ਪਾਈ ਹੈ। ਪੰਜਾਬ ਵਿਚ ਜਿਨ੍ਹਾਂ ਨੇ ਹਨੇਰ ਗਰਦੀ ਪਾਈ ਹੋਈ ਸੀ ਅਤੇ ਪਹਿਲਾਂ ਜਦੋਂ ਕਿ ਮੇਰੀ ਭੈਣ ਬਜਾਰ ਵਿਚੋਂ ਕੋਈ ਚੀਜ ਖਰੀਦਣ ਲਈ ਨਹੀਂ ਸੀ ਜਾ ਸਕਦੀ ਉਹ ਅੱਜ ਬਾਹਰ ਜਾ ਸਕਦੀ ਹੈ। ਪੰਜਾਬ ਵਿਚ ਚੀਫ ਮਨਿਸਟਰ ਸਾਹਿਬ ਨੇ ਚਾਨਣ ਮੁਨਾਰੇ ਦਾ ਕੰਮ ਕੀਤਾ ਹੈ। ਇੰਦਰਾ ਗਾਂਧੀ ਜੀ ਦੇ 25 ਨੁਕਾਤੀ ਪ੍ਰੋਗਰਾਮ ਅਨੁਸਾਰ ਗਵਰਨਰ ਸਾਹਿਬ ਦਾ ਐਡਰੈਸ ਤਿਆਰ ਕੀਤਾ ਗਿਆ ਹੈ ਹਿੰਦੁਸਤਾਨ ਵਿਚ ਜਿਹੜੇ ਕਮਜ਼ੋਰ ਲੋਕ ਹਨ ਉਨ੍ਹਾਂ ਨੂੰ ਸੁਸਾਇਟੀ ਵਿਚ ਬਰਾਬਰ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇੰਦਰਾ ਗਾਂਧੀ ਜੀ ਦੇ 20 ਨੁਕਾਤੀ ਪ੍ਰੋਗਰਾਮ ਅਤੇ ਸੰਜੇ ਗਾਂਧੀ ਦੇ 5 ਨੁਕਾਤੀ ਪ੍ਰੋਗਰਾਮ ਨੂੰ ਮੁਖ ਰਖਦਿਆਂ ਹੋਇਆਂ ਅਤੇ ਇਨ੍ਹਾਂ 25 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਇਕ ਸੇਪਰੇਟ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਲਾਗੂ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਸਰਵਿਸ ਵਿਚ ਮੇਰੇ ਹਰੀਜਨ ਭਰਾਵਾਂ ਨੂੰ ਇਗਨੋਰ ਕੀਤਾ ਜਾਂਦਾ ਹੈ। ਕਈ ਪੋਸਟਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਸੂਟੇਬਲ ਨਾ ਮਿਲਣ ਕਰਕੇ ਟਾਲ ਦਿੱਤਾ ਜਾਂਦਾ ਹੈ। ਇਸ ਲਈ ਮੇਰੀ ਆਪਣੀ ਸੁਜੈਸ਼ਨ ਹੈ ਕਿ ਰਿਜ਼ਰਵੇਸ਼ਨ ਲਈ ਬਿਲ ਲਿਆਂਦਾ ਜਾਵੇ। (ਥਪਿੰਗ) ਸਾਡੇ ਪੜ੍ਹੇ ਲਿਖੇ ਨੌਜਵਾਨ ਜੋ ਕਿ ਸ਼ਡਿਊਲਡ ਕਾਸਟ ਨਾਲ ਸਬੰਧ ਰਖੱਦੇ ਹਨ, ਉਨ੍ਹਾਂ ਨੂੰ ਹਰ ਮਹਿਕਮੇਂ ਵਿਚ ਸਹੀ ਥਾਂ ਮਿਲ ਸਕੇ, ਉਨ੍ਹਾਂ ਦਾ ਜੋ ਹੱਕ ਬਣਦਾ ਹੈ, ਉਹ ਉਨ੍ਹਾਂ ਨੂੰ ਦਿੱਤਾ ਜਾਵੇ। ਇਸ ਬਾਰੇ ਸੈਪਰੇਟ ਮਨਿਸਟਰ ਵੀ ਬਣਾਉਣਾ ਚਾਹੀਦਾ ਹੈ ਤਾਂਕਿ ਰਿਜਰਵੇਸ਼ਨ ਦੀ ਜਿਹੜੀ ਕਮੀ ਹੈ, ਉਹ ਦੂਰ ਕੀਤੀ ਜਾ ਸਕੇ। ਇਸ ਲਈ ਚੀਫ ਮਨਿਸਟਰ ਸਾਹਿਬ, ਨੂੰ ਕਹਾਂਗਾ ਕਿ ਸੈਪਰੇਟ ਮਨਿਸਟਰ ਜਰੂਰ ਹੋਣਾ ਚਾਹੀਦਾ ਹੈ। ਸਾਡੇ ਜਿਤਨੇ ਵੀ ਵਜ਼ੀਰ ਹਨ ਉਨ੍ਹਾਂ ਨੂੰ ਇਸ ਸ਼ੈਡਿਊਲਡ ਕਾਸਟ ਦੀ ਪਾਲਿਸੀ ਨੂੰ ਲਾਗੂ ਕਰਾਉਣਾ ਚਾਹੀਦਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ ਮੈਂ ਬੇਨਤੀ ਕਰਦਾ ਹਾਂ ਕਿ ਗਰੀਬਾਂ ਨੂੰ ਉਪਰ ਉਠਾਉਣ ਲਈ ਖਾਸ ਕਰਕੇ ਪੱਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਉਪਰ ਉਠਾਉਣ ਲਈ ਬਿਲ ਅਸੈਂਬਲੀ ਵਿਚ ਪਾਸ ਕਰੀਏ ਜਿਸ ਤਰ੍ਹਾਂ ਹੋਰ ਸਟੇਟਾਂ ਵਿਚ ਬਿਲ ਪਾਸ ਹੋਇਆ ਹੈ। ਆਖੀਰ ਵਿਚ ਮੈਂ ਡਿਪਟੀ ਸਪੀਕਰ ਸਾਹਿਬ, ਚਾਹੁੰਦਾ ਹਾਂ ਕਿ ਅਨਇੰਪਲਾਇਮੈਂਟ ਭੱਤਾ ਮੇਰੇ ਵੀਰਾਂ ਨੂੰ ਮਿਲਦਾ ਨਹੀਂ ਅਤੇ ਜੇ ਮਿਲਦਾ ਹੈ ਤਾਂ ਉਹ ਬਹੁਤ ਹੀ ਥੋੜ੍ਹਾ ਮਿਲਦਾ ਹੈ। ਕਈ ਵਾਰੀ ਉਨ੍ਹਾਂ ਦਾ ਨਾਂ ਕੱਟ ਦਿੱਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਭੱਤਾ ਨਾ ਮਿਲ ਸਕੇ। ਉਨ੍ਹਾਂ ਵਿਚਾਰਿਆਂ ਨੂੰ ਦੁਬਾਰਾ ਰਜਿਸਟਰੇਸ਼ਨ ਕਰਵਾਉਣੀ ਪੈਂਦੀ ਹੈ ਅਤੇ ਉਹ ਵਿਚਾਰੇ ਭੱਤੇ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਦੇ ਭੱਤਿਆਂ ਦਾ ਪ੍ਰਬੰਧ ਕੀਤਾ ਜਾਵੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਹੜੇ ਪੰਜਾਬ ਦੇ ਮਜ਼ਦੂਰ ਹਨ, ਚਾਹੇ ਉਹ ਖੇਤ ਮਜ਼ਦੂਰ ਹਨ ਜਾਂ ਇੰਡਸਟ੍ਰੀਅਲ ਲੇਬਰ ਹੈ ਉਨ੍ਹਾਂ ਨੂੰ ਬਹੁਤ ਘਟ ਲੇਬਰ ਮਿਲਦੀ ਹੈ। ਇੰਡਸਟਰੀਅਲਿਸਟ ਆਪਣਾ ਪ੍ਰਾਫਿਟ ਵਿਚੋਂ ਲੈਕੇ ਕਿਸ ਤਰ੍ਹਾਂ ਲੱਖਾਂ ਰੁਪਿਆ ਕਮਾ ਲੈਂਦੇ ਹਨ ਅਤੇ ਉਹ ਧਨਾਢ ਬਣ ਜਾਂਦੇ ਹਨ ਪਰ ਗਰੀਬ ਵਿਚਾਰਾ ਗਰੀਬ ਹੀ ਰਹਿੰਦਾ ਹੈ। ਉਨ੍ਹਾਂ ਦੀ ਮਜ਼ਦੂਰੀ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ।

(ਸਰਦਾਰ ਸ਼ਮਸ਼ੇਰ ਸਿੰਘ)

ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਖੇਤ ਮਜ਼ਦੂਰ ਹੋਵੇ ਜਾਂ ਇੰਡਸਟਰੀ ਦਾ ਮਜ਼ਦੂਰ ਹੋਵੇ, ਉਨ੍ਹਾਂ ਨੂੰ ਵੱਧ ਲੇਬਰ ਮਿਲਣੀ ਚਾਹੀਦੀ ਹੈ ਅਤੇ ਉਸ ਲਈ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਮੇਰੇ ਵੀਰਾਂ ਨੇ ਕੋਆਪਰੇਟਿਵ ਅਦਾਰਿਆਂ ਬਾਰੇ ਦਸਿਆ ਹੈ। ਸਾਡੀ ਸਰਕਾਰ ਨੇ 9,000 ਰੁਪਏ ਤੋਂ 12,000 ਰੁਪਏ ਕਰਜ਼ਾ ਕਰ ਦਿੱਤਾ ਹੈ। ਮੈਂ ਇਸ ਦਾ ਬੜਾ ਮਸ਼ਕੂਰ ਹਾਂ।(ਥੰਪਿੰਗ) ਪਿੰਡਾਂ ਵਿਚ, ਡਿਪਟੀ ਸਪੀਕਰ ਸਾਹਿਬ, ਕਈ ਲੈਂਡ ਲਾਰਡਾਂ ਨੇ ਸਟਾਕ ਕਰ ਰਖਿਆ ਹੋਇਆ ਸੀ। ਕਈ ਵਾਰ ਡੀਜ਼ਲ ਦਾ ਸਟਾਕ ਰੱਖ ਲੈਂਦੇ ਸੀ ਜਾਂ ਹੋਰ ਸਟਾਕ ਕਰ ਲੈਂਦੇ ਸੀ । ਹੁਣ ਕਿਸਾਨ ਕੋਆਪਰਟਿਵ ਸੁਸਾਇਟੀ ਤੋਂ ਪੇਸੇ ਲੈ ਕੇ ਖਾ ਦ ਲੈਕੇ ਫਸਲ ਬੀਜ ਸਕਦਾ ਹੈ । ਜੋ ਮਤਾ ਡਿਪਟੀ ਸਪੀਕਰ ਸਾਹਿਬ, ਸ੍ਰੀ ਯਸ਼ ਜੀ ਨੇ ਰਖਿਆ ਹੈ, ਮੈਂ ਉਸਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਚੀਫ ਮਨਿਸਟਰ ਸਾਹਿਬ ਨੂੰ ਸੁਜੈਸ਼ਨ ਦਿੰਦਾ ਹਾਂ ਕਿ ਬੈਕਵਰਡ ਕਲਾਸਿਜ਼ ਦੇ ਪੋਸਟ ਗਰੈਜੂਏਟ ਲੜਕੇ ਜਿਹੜੇ ਫੇਲ੍ਹ ਹੋ ਜਾਂਦੇ ਹਨ ਜਦੋਂ ਉਹ ਦਾਖਲਾ ਲੈਣ ਜਾਂਦੇ ਹਨ ਤਾਂ ਉਨ੍ਹਾਂ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਲੜਕਿਆਂ ਨੂੰ ਟੀਚਰ ਅਤੇ ਪ੍ਰੋਫੈਸਰ ਦਾਖਲਾ ਨਹੀਂ ਦਿੰਦੇ ਅਤੇ ਕਹਿ ਦਿੰਦੇ ਹਨ ਕਿ ਇਹ ਤਾਂ ਵਜ਼ੀਫਾ ਲੈਣ ਲਈ ਦਾਖਲਾ ਲੈਂਦੇ ਹਨ ਅਤੇ ਪੜ੍ਹਾਈ ਨਹੀਂ ਕਰਦੇ। ਮੈਂ ਚੌਧਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਹ ਇਸ ਵੱਲ ਧਿਆਨ ਦੇਣ। ਉਨ੍ਹਾਂ ਬੱਚਿਆਂ ਨੂੰ ਦਾਖਲਾ ਮਿਲਣਾ ਚਾਹੀਦਾ ਹੈ ਅਤੇ ਵਜ਼ੀਫਾ ਵੀ ਮਿਲੇ ਤਾਂ ਕਿ ਉਹ ਬੱਚੇ ਪੜ੍ਹ ਸਕਣ। (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਇਹ ਸੁਜੈਸਨ ਵੀ ਦਿੰਦਾ ਹਾਂ ਕਿ ਜੋ ਬੇਰੁਜ਼ਗਾਰੀ ਭੱਤਾ ਮਿਲਦਾ ਹੈ, ਉਹ ਬਹੁਤ ਥੋੜ੍ਹਾ ਮਿਲਦਾ ਹੈ, ਉਹ ਵਧਾਇਆ ਜਾਣਾ ਚਾਹੀਦਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੈਠਦਾ ਹਾਂ।

ਸ੍ਰੀ ਰਤਨ ਲਾਲ (ਗੁਰਦਾਸਪੁਰ) : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਮਸ਼ਕੂਰ ਹਾਂ ਕਿ ਤੁਸੀ ਵਕਤ ਦਿੱਤਾ ਹੈ। ਇਹ ਸਾਡੀ ਬੜੀ ਖੁਸ਼ਕਿਸਮਤੀ ਹੈ ਕਿ ਜੰਗੇ ਆਜ਼ਾਦੀ ਵਿਚ ਹਿਸਾ ਲੈਣ ਵਾਲਿਆਂ ਵਿਚੋਂ ਚੰਦ ਵਿਅਕਤੀਆਂ ਵਿਚੋਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਪਦਵੀ ਤੇ ਪਹੁੰਚੇ। ਇਨ੍ਹਾਂ ਨੇ ਆਜਾਦੀ ਦੀ ਲਹਿਰ ਵਿਚ ਬਹੁਤ ਵੱਡਾ ਹਿੱਸਾ ਪਾਇਆ। ਜਿਹੜਾ ਮੇਰਾ ਸੁਪਨਾ ਸੀ ਉਹ ਪੂਰਾ ਹੋਇਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਰਦਾਰ ਸ਼ਮਸ਼ੇਰ ਸਿੰਘ ਜਿਹਨਾਂ ਦਾ ਜਨਮ ਜੰਗੇ ਆਜਾਦੀ ਦੇ ਨੇੜੇ ਤੇੜੇ ਹੋਇਆ। ਉਨ੍ਹਾਂ ਦੀ ਪੰਜਾਬ ਦੇ ਬਾਰੇ ਇਸ ਤਰ੍ਹਾਂ ਦੀ ਤਕਰੀਰ ਸੁਣੀ। ਇਹ ਤਕਰੀਰ ਪੰਜਾਬ ਨੂੰ ਕੌਮ ਨੂੰ ਇੱਕ ਨਿੱਘ ਹੈ। ਇਹ ਮੇਰੇ ਸਾਹਮਣੇ ਬੈਠੇ ਅਕਾਲੀ ਵੀਰਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀ ਵੀ ਭੁਲਣ ਦੀ ਕੋਸ਼ਿਸ਼ ਨਾ ਕਰੋ ਹਿੰਦੁਸਤਾਨ ਵਿਚੋਂ ਅੰਗਰੇਜ਼ਾਂ ਨੂੰ ਕਢਣ ਵਾਸਤੇ ਅਤੇ ਹਿੰਦੁਸਤਾਨ ਦਾ ਨਾਂ ਉਚਾ ਚੁਕਣ ਵਾਸਤੇ ਕੁਰਬਾਨੀਆਂ ਕੀਤੀਆਂ। ਕਮਿਊਨਿਸਟ ਪਾਰਟੀ ਨੇ ਵੀ ਸਾਡੇ ਨਾਲ ਪੀਘਾਂ ਪਾਈਆਂ ਸਨ ਔਰ ਸਾਡੇ ਨਾਲ ਇਕਠੇ ਰਹੇ ਸੀ ਪਰ ਸਾਡੀ ਆਲ ਇੰਡੀਆ ਦੀ ਬਹੁਤ ਵੱਡੀ ਪਾਰਟੀ ਸੀ। ਅਸੀਂ ਇਨ੍ਹਾਂ ਨੂੰ ਤਸੱਦਦ ਵਾਲੇ ਪਾਸੇ ਨਹੀਂ ਤੁਰਨ ਦਿਤਾ ਪਰ ਤੁਸੀਂ ਇਕਲੇ ਸੀ । ਬਾਦਲ ਸਾਹਿਬ, ਤੁਸੀਂ ਕਮਿਉਨਿਸਟ ਪਾਰਟੀ ਕੋਲੋਂ ਪੰਜਾਬ ਦੀ ਨੇਸ਼ਨ ਨੂੰ ਬਚਾਓ । ਤੁਸੀਂ ਕੋਈ ਹਮਾਇਤ ਨਹੀਂ ਕੀਤੀ (ਵਿਘਨ) ਡਿਪਟੀ ਸਪੀਕਰ ਸਾਹਿਬ, 21 ਤਾਰੀਖ ਨੂੰ ਕਿਸ ਤਰ੍ਹਾਂ ਨਾਲ ਇਹ ਇਥੇ ਆਏ। ਕਿਰਪਾਨਾਂ ਨਾਲ ਲਿਆਏ। ਕਿਰਪਾਨਾਂ ਦੇ ਸਾਹਮਣੇ ਇੱਕ ਡਾਂਗ ਕੀ ਕਰ ਸਕਦੀ ਹੈ? ਵਿਘਨ) ਡਿਪਟੀ ਸਪੀਕਰਲ ਸਾਹਿਬ ਸੈਂਟਰਲ ਸਰਕਾਰ ਵੱਲੋਂ ਅਤੇ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਵਲੋਂ ਕੋਈ ਸਖਤੀ ਨਾ ਕਰਨ ਦੇ ਆਰਡਰ ਸਨ ਜਿਹੜੇ ਕਿ ਤੁਸੀ ਇਥੇ ਆ ਗਏ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਬਹੁਤ ਚੰਗੇ ਕੰਮ ਕੀਤੇ ਹਨ ਜਿਸ ਨਾਲ ਆਵਾਮ ਨੂੰ ਰੀਲੀਫ ਮਿਲੇਗਾ ਅਤੇ ਅਨਇੰਪਲਾਇਮੈਂਟ ਘੱਟੇਗੀ । ਇਹ ਰਣਜੀਤ ਗੜ ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਬਣਾਇਆ ਜਾ ਰਿਹਾ ਹੈ ਇਹ ਸਰਦਾਰ ਦਰਬਾਰਾ ਸਿੰਘ ਦੀ ਉੱਚੀ ਸੋਚ ਦਾ ਨਤੀਜਾ ਹੈ। ਇਥੇ ਜਿਹੜੀ ਇੰਡਸਟਰੀ ਅਤੇ ਹਾਊਸ ਬਣਨਗੇ ਉਥੇ ਫਾਰਨ ਦਾ ਰੁਪਿਆ ਲੱਗੇਗਾ ਔਰ ਰੁਜਗਾਰ ਪੰਜਾਬੀ ਆਵਾਮ ਨੂੰ ਮਿਲੇਗਾ।

ਇਹ ਪੰਜਾਬ ਵਿਚ ਪੰਜ ਪਾਰਟੀਆਂ ਦਾ ਬੇਅਸੂਲਾ ਇਕੱਠ ਹੈ। ਇਨ੍ਹਾਂ ਦਾ ਹਰ ਇੱਕ ਦਾ ਅਲਹਿਦਾ ਅਲਹਿਦਾ ਝੰਡਾ ਹੈ, ਅਲਹਿਦਾ ਅਲਹਿਦਾ ਲੀਡਰ ਹਨ ਔਰ ਅਲਹਿਦਾ ਅਲਹਿਦਾ ਮੈਨੀਫੈਸਟੋ ਹਨ। ਇਹ ਕਾਂਗਰਸ ਦੇ ਖਿਲਾਫ ਇਨ੍ਹਾਂ ਪਾਰਟੀਆਂ ਦਾ ਇਕੱਠ ਫਬਦਾ ਨਹੀਂ ਹੈ। ਮੈਂ ਸਾਰਿਆਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਪੰਜਾਬ ਦੇ ਵੋਟਰਾਂ ਨੇ ਮੈਜਾਰਿਟੀ ਕਾਂਗਰਸ(ਆਈ) ਨੂੰ ਦਿੱਤੀ ਹੈ। ਇਨ੍ਹਾਂ ਵੀਰਾਂ ਦੇ ਸਾਹਮਣੇ ਪੰਜਾਬੀ ਆਵਾਮ ਦੀ ਮੈਜਾਰਿਟੀ ਪਾਰਟੀ ਬੈਠੀ ਹੈ। ਇਨ੍ਹਾਂ ਨੂੰ ਬੇਅਸੂਲਾ ਇਕੱਠ ਕਰਨ ਦੀ ਲੋੜ ਨਹੀਂ ਸੀ। ਇਸ ਦਾ ਜਵਾਬ ਇਨ੍ਹਾਂ ਨੂੰ ਆਉਣ ਵਾਲੇ ਇਲਕਸ਼ਨਜ ਵਿਚ ਮਿਲੇਗਾ(ਥੰਪਿੰਗ) ਸਾਡੀ ਕਾਂਗਰਸ ਪਾਰਟੀ ਦੀਆਂ ਜਦੋਂ ਮੀਟਿੰਗਾਂ ਹੁੰਦੀਆਂ ਹਨ ਤਾਂ ਉਹ ਇਕ ਗੁਲਦਸਤੇ ਵਾਂਗ ਮੀਟਿੰਗਾਂ ਹੁੰਦੀਆਂ ਹਨ। ਉਸ ਇਕੱਠ ਵਿਚ ਹਰ ਕਿਸਮ ਦੇ ਬੰਦੇ ਹੁੰਦੇ ਹਨ। ਪਰ ਜਦੋਂ ਇਨ੍ਹਾਂ ਪੰਜਾਂ ਪਾਰਟੀਆਂ ਦੀਆਂ ਮੀਟਿੰਗਾਂ ਹੁੰਦੀਆਂ ਹਨ ਤਾਂ ਉਨ੍ਹਾਂ ਮੀਟਿੰਗਾਂ ਵਿਚ ਸਿਰਫ ਇਕ ਕਿਸਮ ਦੇ ਬੰਦੇ ਹੀ ਹਾਜ਼ਰ ਹੁੰਦੇ ਹਨ। (ਵਿਘਨ)

ਇਸ ਵੇਲੇ ਮੇਰੀ ਡਿਊਟੀ ਪੰਜਾਬ ਤੱਕ ਹੈ। ਮੈਂ ਹਿੰਦੁਸਤਾਨ ਜਾਂ ਵਰਲਡ ਦੀਆਂ ਡੀਗਾਂ ਨਹੀਂ ਮਾਰਨੀਆਂ (ਵਿਘਨ)

Mr. Deputy Speaker : House stands adjourned till 9.00 A.M. on Wednesday, the 28th January, 1981

*6.30 P. M.

(The Sabha then *adjourned till 9·00 A.M. on Wednesday, the 28th January, 1981.)

1952—13-8-81—325 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ

APPENDIX

To

PUNJAB VIDHAN SABHA DEBATE

Vol. II—No. 5

Dated the 27th January, 1981

UNSTARRED QUESTION AND ANSWER

BENEFICIARIES OF SOCIAL WELFARE SCHEMES

62. 1. **Comrade Raj Kumar**
2. **Comrade Saghar Singh** } Will the Minister for Welfare be pleased to state :—

(a) the number of beneficiaries under the Social Welfare Schemes of old age and widow pensions and assistance to destitute women and dependent children as at the end of December, 1980, districtwise, in the State ?

(b) the number of applications still pending under each of the said scheme district-wise.

ਚੌਧਰੀ ਜਗਤ ਰਾਮ। (ੳ) ਅਤੇ (ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਕ੍ਰਮਵਾਰ ਅਨੁਲੱਗ 'ੳ' ਅਤੇ ਅਨੁਲੱਗ 'ਅ' ਅਨੁਸਾਰ ਰੱਖੀ ਜਾਂਦੀ ਹੈ ।

ਅਨੁਲੱਗ "ੳ"

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ		ਬੁਢਾਪਾ ਪੈਨਸ਼ਨ	ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ	ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ
1.	Amritsar ਅੰਮ੍ਰਿਤਸਰ	..	11,790	3,538	552
2.	Bhatinda ਬਠਿੰਡਾ	..	3,150	712	223
3.	Faridkot ਫਰੀਦਕੋਟ	..	7,395	1,865	245
4.	Ferozepur ਫਿਰੋਜ਼ਪੁਰ	..	2,153	704	225
5.	Gurdaspur ਗੁਰਦਾਸਪੁਰ	..	5,734	3,679	401
6.	Hoshiarpur ਹੁਸ਼ਿਆਰਪੁਰ	..	7,500	1,951	1,060
7.	Jullundur ਜਲੰਧਰ	..	7,612	3,176	925
8.	Kapurthala ਕਪੂਰਥਲਾ	..	3,009	784	215
9.	Ludhiana ਲੁਧਿਆਣਾ	..	6,001	1,826	1,003
10.	Patiala ਪਟਿਆਲਾ	..	4,495	1,130	634
11.	Ropar ਰੋਪੜ	..	4,953	1,013	658
12.	Sangrur ਸੰਗਰੂਰ	..	4,293	1,003	296
	Total ਜੋੜ		68,145	21,431	6,437

ਅਨੁਲੱਗ "ਅ"

ਕ੍ਰਮ ਨੰ:	ਜ਼ਿਲ੍ਹੇ ਦਾ ਨਾਂ		ਬੁਢਾਪਾ ਪੈਨਸ਼ਨ	ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ	ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ
1.	Amritsar ਅੰਮ੍ਰਿਤਸਰ	..	1,325	430	150
2.	Bhatinda ਬਠਿੰਡਾ	..	813	600	90
3.	Ferozepur ਫਿਰੋਜ਼ਪੁਰ	..	1,590	1.220	530
4.	Faridkot ਫ਼ਰੀਦਕੋਟ	..	2,978	1,040	955
5.	Gurdaspur ਗੁਰਦਾਸਪੁਰ	..	1,014	650	255
6.	Hoshiarpur ਹੁਸ਼ਿਆਰਪੁਰ	..	1,076	1,110	20
7.	Kapurthala ਕਪੂਰਥਲਾ	..	365	10	—
8.	Ludhiana ਲੁਧਿਆਣਾ	..	2,800	729	172
9.	Jullundur ਜਲੰਧਰ	..	5,500	1,700	500
10.	Patiala ਪਟਿਆਲਾ	..	2,263	801	111
11.	Ropar ਰੋਪੜ	..	1,400	810	320
12.	Sangrur ਸੰਗਰੂਰ	..	1,248	199	—
	Total ਜੋੜ	..	22,372	9,699	3,103

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

28th January, 1981

Vol. II—No. 6

OFFICIAL REPORT

CONTENTS

Wednesday, the 28th January, 1981

Punjab Vidhan Sabha Secretariat, Chandigarh.

Price : Rs. [illegible]2-95

PUNJAB VIDHAN SABHA

Wednesday, the 28th January, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

ELECTIONS TO THE MARKET COMMITTEES IN THE STATE

***508. Sardar Mohinder Singh Sarupwali :** Will the Minister for Agriculture and Forests be pleased to state —

(a) whether there is any proposal under the consideration of the Government to nominate/hold elections to the Market Committees in the State;

(b) if the Government propose to hold elections to the said Committees, the time by which the elections are likely to be held ?

ਸ੍ਰੀ ਕਾਂਸ਼ੀ ਰਾਮ : (ੳ) ਅਤੇ (ਅ) ਮਾਰਕਿਟ ਕਮੇਟੀਆਂ ਦੇ ਭੰਗ ਰੱਖਣ ਦਾ ਸਮਾਂ ਹੋਰ ਅੱਗੇ ਮਿਤੀ 12 ਮਈ, 1981 ਤੱਕ ਵਧਾਇਆ ਜਾ ਚੁੱਕਾ ਹੈ । ਕੇਂਦਰ ਸਰਕਾਰ ਵੀ ਚਾਹੁੰਦੀ ਸੀ ਕਿ ਆਉਣ ਵਾਲੀ ਮਰਦਮਸ਼ੁਮਾਰੀ ਦੇ ਕੰਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੀਆਂ ਚੋਣਾਂ ਮਾਰਚ, 1981 ਤੋਂ ਬਾਅਦ ਹੀ ਕਰਵਾਈਆਂ ਜਾਣ । ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਦੀ ਤਜਵੀਜ਼ ਤੇ ਹੁਣ ਕੇਵਲ ਮਾਰਚ, 1981 ਤੋਂ ਬਾਅਦ ਹੀ ਵਿਚਾਰ ਕੀਤਾ ਜਾਵੇਗਾ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਇਸ ਸਵਾਲ ਦੇ ਪਹਿਲੇ ਪਾਰਟ ਵਿਚ ਬੜਾ ਕਲੀਅਰ ਪੁੱਛਿਆ ਗਿਆ ਸੀ। ਇਸ ਲਈ ਮੈਂ ਪਹਿਲਾਂ ਸਵਾਲ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੋਣਾਂ ਕਰਵਾਈਆਂ ਜਾਣਗੀਆਂ ਜਾਂ ਨਾਮਜ਼ਦਗੀਆਂ ਕੀਤੀਆਂ ਜਾਣਗੀਆਂ ? ਦੂਸਰਾ ਮੇਰਾ ਸਵਾਲ ਇਹ ਹੈ ਕਿ ਜੋ ਚੋਣਾ ਕਰਵਾਈਆਂ ਜਾਣਗੀਆਂ ਤਾਂ ਉਸ ਬਾਰੇ ਟਾਈਮ ਦੱਸਿਆ ਜਾਵੇ ਕਿ ਕਦੋਂ ਤੱਕ ਕਰਵਾਈਆਂ ਜਾਣਗੀਆਂ ?

ਮੰਤਰੀ : ਸਪਕੀਰ ਸਾਹਿਬ, ਮੈਂ ਜੁਆਬ ਬੜਾ ਕਲੀਅਰ ਦਿਤਾ ਹੈ । ਸਵਾਲ ਇਹ ਪੁੱਛਿਆ ਗਿਆ ਸੀ ਕਿ ਕੀ ਇਲੈਕਸ਼ਨਾਂ ਕਰਵਾਈਆਂ ਜਾਣਗੀਆਂ ਅਤੇ ਜੇ ਕਰਵਾਈਆਂ ਜਾਣਗੀਆਂ ਤਰ੍ਹਾਂ ਕਦੋਂ ਕਰਵਾਈਆਂ ਜਾਣਗੀਆਂ ? (ਵਿਘਨ) ਮੈਂ ਤੁਹਾਡਾ ਸਵਾਲ ਪੜ੍ਹ ਦਿੰਦਾ ਹਾਂ, ਉਹ ਇਸ ਤਰ੍ਹਾਂ ਹੈ :-

> "Whether there is any proposal under the consideration of the Govt. to nominate/ hold elections to the Market Committees in the State.,"

[ਖੇਤੀਬਾੜੀ ਮੰਤਰੀ]

ਇਸ ਦਾ ਮੈਂ ਜਵਾਬ ਇਸ ਤਰ੍ਹਾਂ ਦਿਤਾ ਹੈ :-

"ਮਾਰਕਿਟ ਕਮੇਟੀਆਂ ਦੇ ਭੰਗ ਰੱਖਣ ਦਾ ਸਮਾਂ ਹੋਰ ਅੱਗੇ ਮਿਤੀ 12-5-1981 ਤੱਕ ਵਧਾਇਆ ਜਾ ਚੁੱਕਾ ਹੈ । ਕੇਂਦਰ ਸਰਕਾਰ ਵੀ ਚਾਹੁੰਦੀ ਸੀ ਕਿ ਆਉਣ ਵਾਲੀ ਮਰਦਮਸ਼ੁਮਾਰੀ ਦੇ ਕੰਮ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੀਆਂ ਚੋਣਾਂ ਮਾਰਚ, 1981 ਤੋਂ ਬਾਅਦ ਹੀ ਕਰਵਾਈਆਂ ਜਾਣ । ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਾਉਣ ਦੀ ਤਜ਼ਵੀਜ਼ ਤੇ ਹੁਣ ਕੇਵਲ ਮਾਰਚ, 1981 ਤੋਂ ਬਾਅਦ ਹੀ ਵਿਚਾਰ ਕੀਤਾ ਜਾਵੇਗਾ।"

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਨਾਮਜ਼ਦਗੀਆਂ ਕਰਨੀਆਂ ਹਨ ਜਾਂ ਚੋਣਾਂ ਕਰਾਉਣੀਆਂ ਹਨ ? ਜੇ ਚੋਣਾਂ ਕਰਾਉਣੀਆਂ ਹਨ ਤਾਂ ਕਦੋਂ ਕਰਾਉਣੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਜੋ ਵੀ ਕਾਨੂੰਨ ਦੇ ਵਿਚ ਪਰੋਵੀਜਨ ਹੋਈ, ਉਸ ਤੇ ਪੂਰਾ ਅਮਲ ਕੀਤਾ ਜਾਵੇਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਾਂਗਰਸ ਪਾਰਟੀ ਇਲੈਕਸ਼ਨਾਂ ਕਰਾਉਣ ਤੋਂ ਟਲਦੀ ਜਾ ਰਹੀ ਹੈ ? ਸੰਮਤੀਆਂ ਦੀਆਂ ਚੋਣਾਂ ਚਾਰ ਸਾਲ ਹੋ ਗਏ ਹਨ ਨਹੀਂ ਕਰਵਾਈਆਂ ਗਈਆਂ । ਇਸੇ ਤਰ੍ਹਾਂ ਹੀ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਵੀ ਨਹੀਂ ਕਰਵਾਈਆਂ ਗਈਆਂ । ਇਸ ਸਵਾਲ ਦੇ ਜਵਾਬ ਵਿਚ ਇਹ ਕਹਿੰਦੇ ਹਨ ਕਿ ਕੇਵਲ ਮਾਰਚ, 1981 ਤੋਂ ਬਾਅਦ ਹੀ ਵਿਚਾਰ ਕੀਤਾ ਜਾਵੇਗਾ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਰਚ ਤੋਂ ਬਾਅਦ ਨਾਮੀ-ਨੇਸ਼ਨਜ਼ ਹੋਣਗੀਆਂ ਜਾਂ ਚੋਣਾਂ ਕਰਵਾਈਆਂ ਜਾਣਗੀਆਂ, ਇਸ ਬਾਰੇ ਇਹ ਸਾਫ ਸਾਫ ਦੱਸ ਦੇਣ ?

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਬੜਾ ਸੰਖੇਪ ਜਿਹਾ ਦੱਸਿਆ ਸੀ ਕਿ ਜੋ ਵੀ ਕਾਨੂੰਨ ਦੇ ਵਿਚ ਪਰੋਵੀਜਨ ਹੋਈ ਉਸ ਤੇ ਅਮਲ ਦਰਾਮਦ ਕੀਤਾ ਜਾਵੇਗਾ ।

(ਇਸ ਸਮੇਂ ਆਵਾਜ਼ ਸਾਫ ਸੁਣਾਈ ਨਹੀਂ ਸੀ ਦੇ ਰਹੀ)

ਡਾਕਟਰ ਭਗਤ ਸਿੰਘ: ਪਿਛੇ ਜਿਹੇ ਸੁਪਰੀਮ ਕੋਰਟ ਨੇ ਸਰਕਾਰ ਦੇ ਖਿਲਾਫ ਇਕ ਫੈਸਲਾ ਦਿਤਾ ਸੀ ਕਿ ਤੁਸੀਂ ਮਾਰਕਿਟ ਫੀਸ ਨਹੀਂ ਲੈ ਸਕਦੇ ਅਤੇ ਇਸ ਤਰ੍ਹਾਂ ਮਾਰਕਿਟ ਫੀਸ ਇਕੱਠੀ ਕਰਨ ਤੇ ਪਾਬੰਦੀ ਲੱਗ ਗਈ ਸੀ । ਇਸ ਨੂੰ ਤਿੰਨ ਸਾਲ ਹੋ ਗਏ ਹਨ। ਉਸ ਕਾਨੂੰਨ ਵਿਚ ਜਿਹੜੀ ਢਿੱਲ (flaw) ਸੀ, ਉਸ ਨੂੰ ਦੂਰ ਕਰਨ ਵਾਸਤੇ ਉਸ ਫੈਸਲੇ ਦੇ ਖਿਲਾਫ ਨਾ ਇਨ੍ਹਾਂ ਨੇ ਕੋਈ ਅਪੀਲ ਕੀਤੀ ਹੈ ਅਤੇ ਨਾ ਹੀ ਉਸ ਵਿਚ ਕੋਈ ਅਮੈਂਡਮੈਂਟ ਲਿਆਂਦੀ ਹੈ । ਕੀ ਸਰਕਾਰ ਇਸ ਲਕੂਨੇ ਨੂੰ ਦੂਰ ਕਰਨ ਵਾਸਤੇ ਮਾਰਕੀਟਿੰਗ ਬੋਰਡ ਦੇ ਐਕਟ ਵਿਚ ਲੋੜੀਂਦੀ ਤਰਮੀਮ ਲਿਆਕੇ ਇਸ ਲਕੂਨੇ ਨੂੰ ਦੂਰ ਕਰੇਗੀ ਤਾਕਿ ਮਾਰਕਿਟ ਕਮੇਟੀਆਂ ਦੇ ਖੇਤਰ ਨੂੰ ਡਿਵੈਲਪ ਕਰਨ ਵਾਸਤੇ ਪੈਸਾ ਆ ਸਕੇ ?

ਮੰਤਰੀ : ਡਾਕਟਰ ਸਾਹਿਬ ਨੇ ਸੁਪਰੀਮ ਕੋਰਟ ਨੇ ਮਈ, 1979 ਵਿਚ ਮਾਰਕੀਟਿੰਗ ਬੋਰਡ ਦੇ ਖਿਲਾਫ ਜਿਹੜਾ ਡਿਸੀਜ਼ਨ ਦਿਤਾ ਸੀ,ਉਸ ਦੇ ਰੈਫਰੈਂਸ ਵਿਚ ਕੁਐਸਚਨ ਕੀਤਾ ਹੈ । ਡਿਸੀਜ਼ਨ ਡਿਕਲੇਅਰਡ ਹੈ । ਉਸ ਨੂੰ ਸਾਹਮਣੇ ਰੱਖਕੇ ਅੱਗੇ ਸੋਚਿਆ ਜਾ ਸਕਦਾ ਹੈ ਮਗਰ ਉਸ ਡਿਸੀਜ਼ਨ ਨੂੰ ਅਮੈਂਡ ਕਰਨ ਦੀ ਤਾਕਤ ਕਿਸੇ ਵਿਚ ਨਹੀਂ ਹੋਵੇਗੀ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜਾ ਸਪੈਸਿਫਿਕ ਸਵਾਲ ਪੁੱਛਿਆ ਗਿਆ ਸੀ ਕਿ :—

> "Whether there is any proposal under the consideration of the Government to nominate /hold elections to the Market Committees in the State"'

ਇਹ ਇਕ ਬੜਾ ਸਪੈਸਫਿਕ ਸਵਾਲ ਪੁੱਛਿਆ ਗਿਆ ਸੀ ਕਿ ਕੀ ਇਹ ਨਾਮੀਨੇਸ਼ਨਜ਼ ਕਰਨਗੇ ਜਾਂ ਇਲੈਕਸ਼ਨਾਂ ਕਰਾਉਣਗੇ ? ਇਨ੍ਹਾਂ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ ਚੋਣਾਂ ਕਰਾਉਣ ਦੀ ਤਜਵੀਜ਼ ਤੇ ਹੁਣ ਕੇਵਲ ਮਾਰਚ, 1981 ਤੋਂ ਬਾਅਦ ਹੀ ਵਿਚਾਰ ਕੀਤਾ ਜਾਵੇਗਾ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮਾਰਚ ਤੋਂ ਬਾਅਦ ਇਲੈਕਸ਼ਨਾਂ ਕਰਾਉਣਗੇ, ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਮਾਰਕਿਟ ਕਮੇਟੀਆਂ ਦੇ ਸੁਪਰਸੈਸ਼ਨ ਦਾ ਸਮਾਂ ਮਿਤੀ 12-5-1981 ਤੱਕ ਵਧਾਇਆ ਗਿਆ ਹੈ । ਇਸ ਲਈ ਇਸ ਟਾਈਮ ਦੇ ਅੰਦਰ ਅੰਦਰ ਸਾਨੂੰ ਇਸ ਦੇ ਲਈ ਕਾਨੂੰਨ ਦੇ ਮੁਤਾਬਿਕ ਕੁਝ ਕਰਨਾ ਹੀ ਪਵੇਗਾ ।

BETTERMENT LEVY

***535. (1) Comrade Sohan Singh**
(2) Comrade Baldev Singh Loomba : Will the Minister for Revenue be pleased to state whether betterment levy has been imposed in some villages of the Verka Assembly Constituency; if so, the reasons therefor ?

Sardar Darbara Singh (Chief Minister) : No, Sir.

LAND ACQUIRED FOR THE NEW GRAIN MARKET AT PHAGWARA

***517. Shri Piara Ram Dhanowalia**: Will the Minister for Revenue be pleased to state whether it is a fact that the land for New Grain Market at Phagwara, District Kapurthala was acquired but the construction of the Market has not been started so far; if so, the reasons therefor and the date by which its construction is likely to be started ?

ਸ੍ਰੀ ਕਾਂਸ਼ੀ ਰਾਮ (ਖੇਤੀ ਬਾੜੀ ਅਤੇ ਜੰਗਲਾਤ ਮੰਤਰੀ) : ਨਹੀਂ ; ਜੀ । ਭੋਂ ਪ੍ਰਾਪਤੀ ਦੀ ਕਾਰਵਾਈ ਹਾਲੇ ਮੁਕੰਮਲ ਨਹੀਂ ਹੋਈ । ਭੋਂ ਦੀ ਪ੍ਰਾਪਤੀ ਉਪਰੰਤ ਵਿਕਾਸ ਦੇ ਕੰਮ ਤਤਕਾਲ ਹੀ ਹੱਥ ਵਿਚ ਲੈ ਲਏ ਜਾਣਗੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਉਨ੍ਹਾਂ ਨੇ ਕਿਹਾ ਹੈ ਕਿ ਛੇਤੀ ਉਪਰਾਲੇ ਕੀਤੇ ਜਾਣਗੇ, ਇਹ ਮਾਮਲਾ 1975-76 ਤੋਂ ਲਟਕਦਾ ਆ ਰਿਹਾ ਹੈ । ਇਸ ਲਈ ਕੀ ਇਹ ਕੋਈ ਟਾਈਮ ਲਿਮਿਟ ਦੱਸਣਗੇ ਕੀ ਇਹ ਕਦੋਂ ਤਕ ਇਸ ਨੂੰ ਕੰਪਲੀਟ ਕਰ ਲੈਣਗੇ ?

ਖੇਤੀ ਬਾੜੀ ਮੰਤਰੀ: ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਹਾਲਾਂ ਤੱਕ ਇਸ ਬਾਰੇ ਜ਼ਮੀਨ ਐਕੁਆਇਰ ਨਹੀਂ ਹੋਈ। ਜਿਸ ਦਿਨ ਜ਼ਮੀਨ ਐਕੁਆਇਰ ਹੋ ਜਾਵੇਗੀ ਉਸ ਦੇ ਬਾਅਦ ਅਸੀਂ ਜਲਦੀ ਡਿਵੈਲਪਮੈਂਟ ਦਾ ਕੰਮ ਹੱਥ ਵਿਚ ਲਵਾਂਗੇ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਨਰਲੀ ਜ਼ਮੀਨ ਐਕੁਆਇਰ ਕਰਨ ਵਾਸਤੇ ਕਿੰਨਾਂ ਟਾਇਮ ਲੱਗ ਜਾਂਦਾ ਹੈ? ਇਸ ਕੇਸ ਵਿਚ 4-5 ਸਾਲ ਦਾ ਸਮਾਂ ਹੋ ਗਿਆ ਹੈ । ਸੋ ਇਸ ਬਾਰੇ ਇਹ ਕੀ ਸਟੈਪਸ ਲੈ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਪ੍ਰਾਜੈਕਟ 19-1-1977 ਨੂੰ ਸੈਂਕਸ਼ਨ ਹੋਇਆ ਸੀ ਅਤੇ ਨੋਟੀਫੀਕੇਸ਼ਨ ਅੰਡਰ ਸੈਕਸ਼ਨ -6 ਆਫ ਲੈਂਡ ਐਕੁਈਜ਼ੀਸ਼ਨ ਐਕਟ ਇਸ਼ੂਡ ਆਨ 19 ਅਕਤੂਬਰ, 1979 ਟੋਟਲ ਏਰੀਆ 77 ਏਕੜ ਹੈ। ਕਲੇਮ ਅੰਡਰ ਸੈਕਸ਼ਨ-9 ਆਫ ਦੀ ਲੈਂਡ ਐਕੁਈਜ਼ੀਸ਼ਨ ਐਕਟ ਹਰਡ ਆਨ 25 ਦਸੰਬਰ, 1979 । ਹੁਣ ਮਾਰਕਿਟ ਰੇਟ ਦੀ ਅਵੇਲੇਬਲਟੀ ਜਿਹੜੀ ਹੈ, ਡੀ.ਸੀ. ਲੈਂਡ ਕੁਲੈਕਟਰ ਹੁੰਦਾ ਹੈ, ਉਨ੍ਹਾਂ ਦੀ ਰਿਪੋਰਟ ਆਉਣ ਤੇ ਉਨ੍ਹਾਂ ਦਾ ਕਲੇਮ ਸੈਟਲ ਕਰਕੇ ਪੈਸੇ ਦੇ ਦਿੱਤੇ ਜਾਣਗੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਲੈਂਡ ਐਕੁਆਇਰ ਕਰਨ ਵਾਸਤੇ ਛੇਤੀ ਉਪਰਾਲੇ ਕੀਤੇ ਜਾਣਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਜਿਹੜੀ ਟਾਊਨ ਪਲਾਨਰ ਦੀ ਪਹਿਲੀ ਪਲਾਨ ਹੈ , ਉਸ ਦੇ ਮੁਤਾਬਕ ਮੰਡੀ ਬਣ ਰਹੀ ਹੈ ਜਾਂ ਕਿਸੇ ਹੋਰ ਜਗ੍ਹਾ ਤੇ ਜ਼ਮੀਨ ਐਾਇਰ ਅਕੁਕਰ ਰਹੇ ਹਨ ?

ਮੰਤਰੀ : ਇਹ ਜੋ ਨਵੀਆਂ ਮੰਡੀਆਂ ਸਥਾਪਤ ਕਰ ਰਹੇ ਹਾਂ ਉਸ ਵਿਚ ਡਾਇਰੈਕਟਰ ਕਾਲੋਨਾਈਜੇਸ਼ਨ ਦੀ ਸੇਵਾ ਹਾਸਲ ਕੀਤੀ ਜਾਂਦੀ ਹੈ ਅਤੇ ਇਸ ਨੂੰ ਕਾਲੋਨਾਈਜੇਸ਼ਨ ਡਿਪਾਰਟ-ਮੈਂਟ ਕਰਦਾ ਹੈ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਪੰਜਾਬ ਐਗਰੀਕਲਚਰ ਮਾਰਕਿਟਿੰਗ ਬੋਰਡ ਵਿਚ ਇੰਜੀਨੀਅਰਿੰਗ ਵਿੰਗ ਹੈ, ਜਿਸ ਦੇ ਰਾਹੀਂ ਮੰਡੀਆਂ ਵਿਚ ਡਿਵੈਲਪਮੈਂਟ ਦੇ ਕੰਮ ਹੁੰਦੇ ਹਨ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਪਿੰਡਾਂ ਵਿਚ ਸੜਕਾਂ ਦੇ ਖਰਚੇ ਬੰਦ ਹੋ ਗਏ ਹਨ। ਮੇਰੇ ਹਲਕੇ ਵਿਚ ਮਾਰਕਿਟ ਕਮੇਟੀ ਦਾ 6 ਲੱਖ ਰੁਪਿਆ ਮਾਰਕੀਟਿੰਗ ਬੋਰਡ ਕੋਲ ਬਹੁਤ ਦੇਰ ਦਾ ਜਮ੍ਹਾਂ ਕਰਵਾਇਆ ਹੋਇਆ ਹੈ । ਮੈਂ ਇਹ ਪੁੱਛਣਾ ਚਾਹੰਦਾ ਹਾਂ ਕਿ ਮਾਰਕੀਟਿੰਗ ਬੋਰਡ ਦਾ ਇੰਜੀਨੀਅਰਿੰਗ ਵਿੰਗ ਕਦੋਂ ਤਕ ਚਾਲੂ ਕਰਵਾ ਦਿਤਾ ਜਾਵੇਗਾ ਤਾਂ ਕਿ ਲੋਕਾਂ ਨੂੰ ਸਹੂਲਤ ਮਿਲ ਸਕੇ ?

ਮੰਤਰੀ : ਸਪੀਕਰ ਸਾਹਿਬ, ਇਹ ਦੇਖ ਲਵਾਂਗੇ ਅਤੇ ਕੰਮ ਛੇਤੀ ਚਾਲੂ ਕਰਵਾ ਦੇਵਾਂਗੇ।

HARIJAN DHARAMSHALAS CONSTRUCTED IN THE SAMANA ASSEMBLY CONSTITUENCY

***485. Shri Sant Ram Singla** : Will the Minister for Welfare be pleased to State :—

(a) the number of Harijan Dharamshalas which are completely constructed or under construction at present in the Samana Assembly Constituency;

(b) the number of villages in the said constituency where the Government propose to construct such Dharamshalas ?

ਚੌਧਰੀ ਜਗਤ ਰਾਮ: (ੳ) 109, ਹੁਣ ਕੋਈ ਵੀ ਧਰਮਸ਼ਾਲਾ ਉਸਾਰੀ ਅਧੀਨ ਨਹੀਂ ਹੈ ।

(ਅ) ਇਸ ਚੋਣ ਹਲਕੇ ਵਿਚ 30 ਪਿੰਡ ਅਜਿਹੇ ਹਨ, ਜਿਥੇ ਧਰਮਸ਼ਾਲਾ ਨਹੀਂ ਹਨ । ਪਰ ਇਨ੍ਹਾਂ 30 ਪਿੰਡਾਂ ਵਿਚੋਂ ਇਕ ਪਿੰਡ ਵਿਚ ਸਾਲ 1980-81 ਵਿਚ ਇਕ ਧਰਮਸ਼ਾਲਾ ਮਨਜ਼ੂਰ ਕੀਤੀ ਜਾ ਚੁਕੀ ਹੈ । ਬਾਕੀ ਪਿੰਡਾਂ ਵਿਚ ਉਥੇ ਧਰਮਸ਼ਾਲਾਵਾਂ ਮਨਜ਼ੂਰ ਕੀਤੀਆਂ ਜਾਣਗੀਆਂ ਜਿਥੇ ਉਸਾਰੀ ਲਈ ਪਿੰਡ ਦੀ ਹਰੀਜਨ ਪੰਚਾਇਤ ਪਾਸ ਵੱਧ ਤੋਂ ਵੱਧ 10 ਮਰਲਾ ਪਲਾਟ ਹੋਵੇ ਅਤੇ ਸਰਕਾਰ ਪਾਸ ਇਸ ਕੰਮ ਲਈ ਫੰਡਜ਼ ਦੀ ਪ੍ਰਾਪਤੀ ਹੋਵੇਗੀ ।

ਸ੍ਰੀ ਸੰਤ ਰਾਮ ਸਿੰਗਲਾ : ਕੀ ਵਜ਼ੀਰ ਸਾਹਿਬ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਬਹੁਤ ਸਾਰੀਆਂ ਧਰਮਸ਼ਾਲਾਵਾਂ ਇਨਕਮਪਲੀਟ ਪਈਆਂ ਹਨ ? ਸਰਕਾਰ ਨੇ ਧਰਮਸ਼ਾਲਾਵਾਂ ਲਈ 7 ਹਜ਼ਾਰ ਰੁਪਏ ਦੀ ਬਜਾਏ 10 ਹਜ਼ਾਰ ਰੁਪਿਆ ਕਰ ਦਿੱਤਾ ਹੈ ਯਾਨੀ 3 ਹਜ਼ਾਰ ਰੁਪਿਆ ਵਧਾ ਦਿੱਤਾ ਹੈ । ਕੀ ਵਜ਼ੀਰ ਸਾਹਿਬ ਆਪਣੇ ਅਫਸਰਾਂ ਨੂੰ ਕਹਿਣਗੇ ਕਿ ਜਿਨ੍ਹਾਂ ਧਰਮਸ਼ਾਲਾਵਾਂ ਦੀ ਹਾਲਤ ਖਰਾਬ ਹੈ ਉਨ੍ਹਾਂ ਨੂੰ 3 ਹਜ਼ਾਰ ਰੁਪਿਆ ਹੋਰ ਦਿੱਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਪਹਿਲਾਂ ਹੀ ਸਰਕਾਰ ਨੇ ਫੈਸਲਾ ਕਰ ਦਿੱਤਾ ਹੈ ਕਿ ਜਿਥੋਂ ਕੋਈ ਰੈਜ਼ੋਲਿਊਸ਼ਨ ਆ ਜਾਵੇ ਕਿ ਧਰਮਸ਼ਾਲਾ ਅਧੂਰੀ ਹੈ ਉਥੇ 3 ਹਜ਼ਾਰ ਰੁਪਏ ਦੀ ਹੋਰ ਸੈਂਕਸ਼ਨ ਦੇ ਦਿੰਦੇ ਹਾਂ । ਜਿਥੋਂ ਤਕ 7 ਹਜ਼ਾਰ ਰੁਪਏ ਦੀ ਇਹ ਗੱਲ ਕਹਿੰਦੇ ਹਨ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਦਾ ਹਿਸਾਬ ਕਿਤਾਬ ਇਹ ਸੀ ਕਿ 7 ਹਜ਼ਾਰ ਰੁਪਏ ਵਿਚ ਹੀ ਧਰਮਸ਼ਾਲਾ ਮੁਕਮਲ ਹੋ ਜਾਂਦੀ ਸੀ । ਕਈ ਥਾਂ ਤੇ ਇਸ ਤਰ੍ਹਾਂ ਵੀ ਹੈ ਕਿ ਪੈਸੇ ਵੀ ਚਲੇ ਗਏ ਹਨ ਅਤੇ ਲਾਪ੍ਰਵਾਹੀ ਨਾਲ ਉਹ ਅਧੂਰੀ ਰਹਿ ਗਈ ਹੈ ਇਹ ਇਕ ਵੱਖਰੀ ਗੱਲ ਹੈ । ਜਿਥੇ ਸਹੀ ਮਾਨਿਆ ਵਿਚ ਅਧੂਰੀ ਹੈ, ਉਹ ਰੈਜ਼ੋਲਿਊਸ਼ਨ ਭੇਜਣ, 3 ਹਜ਼ਾਰ ਰੁਪਏ ਦੀ ਸੈਂਕਸ਼ਨ ਦੇ ਦਿੱਤੀ ਜਾਵੇਗੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਹਰੀਜਨਾਂ ਦੀਆਂ ਧਰਮਸ਼ਾਲਾਵਾਂ 29 ਤਾਂ ਇਸੇ ਹਲਕੇ ਵਿਚ ਹੀ ਇਨਕਮਪਲੀਟ ਰਹਿੰਦੀਆਂ ਹਨ, ਜਿਸ ਦਾ ਇਥੇ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ । ਕੀ ਸਰਕਾਰ ਦੀ ਕੋਈ ਪ੍ਰੋਪੋਜ਼ਲ ਹੈ ਕਿ ਕੋਈ ਕਰੈਸ਼ ਪ੍ਰੋਗਰਾਮ, ਜਿਸ ਤਰ੍ਹਾਂ ਅਕਾਲੀ ਸਰਕਾਰ ਨੇ ਕਰੈਸ਼ ਪ੍ਰੋਗਰਾਮ ਅਧੀਨ ਸੜਕਾਂ ਬਣਾਈਆਂ ਸਨ,ਬਣਾ ਕੇ ਲੋਕਾਂ ਨੂੰ ਇਕ ਵਾਰੀ ਸਾਰੀਆਂ ਧਰਮਸ਼ਾਲਾਵਾਂ ਬਣਾ ਕੇ ਦਿੱਤੀਆਂ ਜਾਣ ? (ਵਿਘਨ) ਕੀ ਕੋਈ ਐਸੀ ਪ੍ਰੋਪੋਜ਼ਲ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਕਰੈਸ਼ ਪ੍ਰੋਗਰਾਮ ਦੇ ਮੁਤਾਬਿਕ ਬਣਾ ਕੇ ਦਿੱਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮਨਸ਼ਾ ਇਸ ਢੰਗ ਨਾਲ ਦੱਸੀ ਹੈ ਕਿ ਇਹ ਗਰੀਬਾਂ ਦੇ ਬੜੇ ਹਮਦਰਦ ਹਨ ਪਰ ਨਾਲ ਦੀ ਨਾਲ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਹ ਬੜੇ ਸਿਆਣੇ ਤੇ ਸੁਲਝੇ ਹੋਏ ਮੈਂਬਰ ਹਨ । ਇਹ ਸਾਨੂੰ ਪਲਾਟ ਜਲਦੀ ਤੋਂ ਜਲਦੀ ਉਨ੍ਹਾਂ ਤੋਂ ਦਿਵਾ ਦੇਣ ਕਿਉਂਕਿ ਧਰਮਸ਼ਾਲਾਵਾਂ ਲਈ ਜਗ੍ਹਾਂ ਨਹੀਂ ਮਿਲਦੀ । (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । (ਵਿਘਨ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1975-76 ਵਿਚ ਜ਼ਿਲ੍ਹਾ ਬਠਿੰਡਾ ਵਿਚ ਜੋ ਹਰੀਜਨਾਂ ਲਈ ਧਰਮਸ਼ਾਲਾਵਾਂ ਬਣਾਉਣ ਵਾਸਤੇ ਗਰਾਂਟਾਂ ਮਿਲੀਆਂ ਸਨ, ਉਸ ਰਾਜ ਵਿਚ ਜਿਸਦੇ ਵਿਚ ਬਹੁਤ ਗਬਨ ਹੋਏ ਸਨ ਅਤੇ 40 ਧਰਮਸ਼ਾਲਾਂਵਾਂ ਐਸੀਆਂ ਹਨ ਜਿਸ ਦੇ ਵਿਚ ਦੂਸ਼ਣ ਲਾਏ ਗਏ ਸਨ ਅਤੇ ਕੇਸ ਰਜਿਸਟਰ ਹੋਏ ਸਨ ਔਰ ਉਹ ਧਰਮਸ਼ਾਲਾਵਾਂ ਵਿਚੇ ਅਧੂਰੀਆਂ ਖੜੀਆਂ ਹਨ । ਕੀ ਉਨ੍ਹਾਂ ਦੇ ਖਿਲਾਫ਼ ਜਿਨ੍ਹਾਂ ਨੇ ਗਰਾਂਟ ਖਾਧੀ ਸੀ ਐਕਸ਼ਨ ਲਿਆ ਜਾਵੇਗਾ ਅਤੇ ਹੁਣ ਨਵੀਂ ਗਰਾਂਟ ਦੇ ਕੇ ਉਹ ਧਰਮਸ਼ਾਲਾ ਮੁਕੰਮਲ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਬਹੁਤ ਚੰਗੇ ਢੰਗ ਨਾਲ ਕਿਹਾ ਹੈ । ਜਿਹੜਾ ਐਸਾ ਕੋਈ ਕੇਸ ਨੋਟਿਸ ਵਿਚ ਆਵੇਗਾ, ਉਸ ਦਾ ਖਿਆਲ ਕੀਤਾ ਜਾਵੇਗਾ । ਨਾਲ ਦੀ ਨਾਲ ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ..(ਵਿਘਨ)

ਇਕ ਆਵਾਜ਼ : ਜਵਾਬ ਦਿਓ, ਜਵਾਬ । ਗੱਲ ਨੂੰ ਟਾਲੋ ਨਾ ।

ਮੰਤਰੀ : ਜਵਾਬ ਹੀ ਦੇਣ ਲਗਾ ਹਾਂ। ਸੁਣ ਤਾਂ ਲਓ। ਸਪੀਕਰ ਸਹਿਬ, ਮੈਂ ਤੁਹਾਡੇ ਰਾਹੀਂ ਬਿਲਕੁਲ ਬਹੁਤ ਪਿਆਰ ਨਾਲ, ਰਿਸਪੈਕਟ ਨਾਲ ਬੇਨਤੀ ਕਰਾਂਗਾ। ਇਥੇ ਇਹ ਸਾਰੇ ਸਿਆਣੇ ਤੇ ਸੁਲਝੇ ਹੋਏ ਆਨਰੇਬਲ ਮੈਂਬਰ ਹਨ, ਜੇ ਇਹ ਹਰੀਜਨਾਂ ਦੀ ਦਿਲ ਤੋਂ ਹਮਦਰਦੀ ਕਰਨਾ ਚਾਹੁੰਦੇ ਹਨ, ਉਨ੍ਹਾਂ ਦਾ ਭਲਾ ਚਾਹੁੰਦੇ ਹਨ ਤਾਂ ਇਕ ਧਰਮਸ਼ਾਲਾ **ਤਾਂ ਕੀ** ਕਈ ਉਸਰ ਸਕਦੀਆਂ ਹਨ। (ਵਿਘਨ) (ਥੰਪਿੰਗ) (ਸ਼ੋਰ)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਮਾਜ ਭਲਾਈ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਦੇ ਵਿਚ ਪਹਿਲਾਂ 5,500 ਰੁਪਏ ਜਾਂ 7,000 ਰੁਪਏ ਦਿੱਤੇ ਹਨ, ਉਹ ਤਕਰੀਬਨ ਸਾਰੀਆਂ ਧਰਮਸ਼ਾਲਾਵਾਂ ਇਨਕਮਪਲੀਟ ਪਈਆਂ ਹਨ ਔਰ ਇਹ ਕਹਿੰਦੇ ਹਨ ਕਿ ਅਸੀਂ ਪ੍ਰਬੰਧ ਕਰ ਦਿਤਾ ਹੈ ਕਿ ਜਿਥੇ ਅਸੀਂ 7,000 ਰੁਪਏ ਦਿੱਤੇ ਹਨ, ਉਥੇ 3,000 ਰੁਪਏ ਹੋਰ ਦੇਵਾਂਗੇ ਮਗਰ ਥਲੇ ਲੈਵਲ ਤੇ ਅਮਲੀ ਰੂਪ ਵਿਚ ਦੇਖਿਆ ਜਾ ਰਿਹਾ ਹੈ ਕਿ ਜਿਹੜੇ ਸਮਾਜ ਭਲਾਈ ਅਫ਼ਸਰ ਹਨ, ਉਹ ਲੋਕਾਂ ਨੂੰ ਰਾਹ ਨਹੀਂ ਦੇ ਰਹੇ। ਕੀ ਵਜ਼ੀਰ ਸਾਹਿਬ ਕੋਈ ਸਪੈਸ਼ਲ ਹਦਾਇਤਾਂ ਜਾਰੀ ਕਰਨਗੇ ਜਾਂ ਕੋਈ ਸਪੈਸ਼ਲ ਡਿਊਟੀ ਅਫ਼ਸਰਾਂ ਦੀ ਲਗਾਉਣਗੇ ਕਿ 3,000 ਰੁਪਏ ਦੇ ਕੇ ਧਰਮਸ਼ਾਲਾਵਾਂ ਮੁਕੰਮਲ ਕਰਵਾਈਆਂ ਜਾਣ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਚੋਪੜਾ ਸਾਹਿਬ ਬਹੁਤ ਸਿਆਣੇ ਤੇ ਸੁਲਝੇ ਹੋਏ ਮੈਂਬਰ ਹਨ ਔਰ ਇਨ੍ਹਾਂ ਦੀ ਗਰੀਬਾਂ ਨਾਲ ਬੜੀ ਹਮਦਰਦੀ ਹੈ, ਪਰ ਕੁਝ ਮੇਰੇ ਮਨ ਵਿਚ ਗੱਲ ਇਹ ਹੈ ਅਤੇ ਤੁਹਾਡੇ ਰਾਹੀਂ ਆਪਣੀ ਜਾਣਕਾਰੀ ਨਾਲ ਅਰਜ਼ ਕਰਾਂਗਾ ਕਿ ਜੇ ਸੱਚ ਮੁੱਚ ਜਿੰਨਾ ਇਥੇ ਸ਼ੋਰੋ ਗੁਲ ਮਚਾਉਂਦੇ ਹਨ, 'ਹਰੀਜਨ' 'ਹਰੀਜਨ' ਤਾਂ ਇਨ੍ਹਾਂ ਨੂੰ ਫੁਟਬਾਲ ਨਾ ਸਮਝੋ ਕਿ ਇਧਰੋਂ ਕਿੱਕ ਮਾਰੀ ਤਾਂ ਉਧਰ ਅਤੇ ਉਧਰੋਂ ਕਿੱਕ ਮਾਰੀ ਤਾਂ ਇਧਰ। (ਵਿਘਨ) (ਸ਼ੋਰ) (ਅਵਾਜ਼ਾਂ : ਜਵਾਬ ਦਿਓ, ਜਵਾਬ) ਜਵਾਬ ਹੀ ਦੇ ਰਿਹਾ ਹਾਂ, ਸੁਣੋ ਤਾਂ ਸਹੀ। ਇਨ੍ਹਾਂ ਦਾ ਕੰਮ ਇਹ ਹੋ ਗਿਆ ਹੈ ਕਿ ਜੇ ਕੋਈ ਗਰੀਬਾਂ ਦੇ ਮੁਤੱਲਕ ਗੱਲ ਆਵੇ ਤਾਂ ਰੌਲਾ ਪਾ ਦਿਓ। (ਵਿਘਨ) ਜਦੋਂ ਸਪੀਕਰ ਸਾਹਿਬ, 5,500 ਰੁਪਏ ਸੀ ਤਾਂ ਉਸ ਵੇਲੇ ਸਾਰੀਆਂ ਚੀਜ਼ਾਂ ਸਸਤੀਆਂ ਸਨ ਔਰ 5,500 ਰੁਪਏ ਵਿਚ ਧਰਮਸ਼ਾਲਾ ਬਣ ਜਾਂਦੀ ਸੀ। ਜੇ ਹੁਣ ਉਸ ਦੀ ਕੋਈ ਰਿਪੇਅਰ ਹੋਣ ਵਾਲੀ ਹੈ ਤਾਂ ਹੋਰ ਮੰਗ ਕਰੋ ਕਿ ਪੈਸਾ ਦਿੱਤਾ ਜਾਵੇ। (ਵਿਘਨ)

(ਇਸ ਵਕਤ ਬਹੁਤ ਸਾਰੇ ਮਾਨਯੋਗ ਮੈਂਬਰਜ਼ ਸਪਲੀਮੈਂਟਰੀ ਕਰਨ ਲਈ ਖੜੇ ਸਨ)(ਸ਼ੋਰ)

ਸ਼੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੇ ਇਕੋ ਗੱਲ ਕੀਤੀ ਹੈ ਕਿ ਜਿਹੜੀਆਂ ਧਰਮਸ਼ਾਲਾਵਾਂ ਇਨਕਮਪਲੀਟ ਹਨ, ਕੀ ਉਹ ਕਮਪਲੀਟ ਕਰਵਾਈਆਂ ਜਾਣਗੀਆਂ ? ਇਸ ਦੇ ਬਾਰੇ ਜਵਾਬ ਦਿੱਤਾ ਜਾਵੇ। (ਵਿਘਨ) (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਸਵਾਲ ਕੀਤਾ ਗਿਆ ਹੈ ਮਨਿਸਟਰ ਸਾਹਿਬ ਨੇ ਉਸ ਦੇ ਜਵਾਬ ਵਿਚ ਕਹਿ ਦਿੱਤਾ ਹੈ ਕਿ ਜੋ ਧਰਮਸ਼ਾਲਾਵਾਂ ਰਹਿ ਗਈਆਂ ਹਨ, ਉਨ੍ਹਾਂ ਦੇ ਦੋ ਕਾਰਨ ਹੋ ਸਕਦੇ ਹਨ। ਇਕ ਕਾਰਨ ਇਹ ਹੋ ਸਕਦਾ ਹੈ ਕਿ ਜੋ ਪੈਸੇ ਮਿਲੇ ਸਨ ਉਹ ਲਾਏ ਨਹੀਂ ਅਤੇ ਉਸ ਨੂੰ ਬਣਾਉਣਾ ਚਾਲੂ ਨਹੀਂ ਕੀਤਾ। (ਵਿਘਨ)

ਇਕ ਆਵਾਜ਼ : ਪੰਦਰਾਂ ਪੰਦਰਾਂ ਸੌ ਰੁਪਿਆ ਭਲਾਈ ਅਫ਼ਸਰ ਖਾ ਗਏ ਹਨ। (ਵਿਘਨ)

ਮੁਖ ਮੰਤਰੀ : ਜੋ ਪੈਸੇ ਉਨ੍ਹਾਂ ਨੂੰ ਮਿਲੇ ਸਨ, ਉਹ ਉਨ੍ਹਾਂ ਨੇ ਲਾਏ ਨਹੀਂ ਜਾਂ ਉਨ੍ਹਾਂ ਨੇ ਧਰਮਸ਼ਾਲਾ ਬਣਾਈ ਨਹੀਂ ਜਾਂ ਜਿਸ ਤਰ੍ਹਾਂ ਇਥੇ ਕਿਹਾ ਗਿਆ ਹੈ ਕਿ ਪੈਸੇ ਖਾ ਗਏ ਹਨ ਉਸ ਦੀ ਇਨਕੁਆਇਰੀ ਕਰਵਾਈ ਜਾਵੇ, ਇਹ ਇਕ ਅਲਹਿਦਾ ਸਵਾਲ ਹੈ । ਸਵਾਲ ਇਹ ਹੈ ਕਿ ਜਿਨ੍ਹਾਂ ਨੇ ਬਣਾਉਣੀ ਚਾਲੂ ਕੀਤੀ ਸੀ ਔਰ ਕਿਸ ਹੱਦ ਤਕ ਬਣ ਗਈ ਹੈ ਔਰ ਕੁਝ ਹੱਦ ਤਕ ਉਥੇ ਕੰਮ ਵਿਚਾਲੇ ਪਿਆ ਹੈ ਉਸ ਦੇ ਲਈ ਸਰਕਾਰ ਨੇ 3,000 ਰੁਪਿਆ ਦੇਣਾ ਹੈ । (ਵਿਘਨ)

Mr. Speaker: Next question.

ਸਰਦਾਰ ਸੁਖਜਿੰਦਰ ਸਿੰਘ ਖੈਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜੀ ਮਿਸਲੀਡਿੰਗ ਇਨਫਰਮੇਸ਼ਨ ਦਿੱਤੀ ਹੈ। (ਵਿਘਨ) ਇਹ ਬੜੀ ਜ਼ਰੂਰੀ ਗੱਲ ਹੈ । ਹਰੀਜਨਾਂ ਦੀ ਬਹੁਤ ਇਮਪਾਰਟੈਂਟ ਗੱਲ ਸੀ । ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਹਾਂ । (ਵਿਘਨ) ਮਨਿਸਟਰ ਸਾਹਿਬ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ। (ਵਿਘਨ)

ਸ੍ਰੀ ਸਪੀਕਰ : ਚੀਫ਼ ਮਨਿਸਟਰ ਸਾਹਿਬ ਦੇ ਜਵਾਬ ਆਉਣ ਤੋਂ ਬਾਅਦ ਮੈਂ ਹੋਰ ਕੋਈ ਸਪਲੀਮੈਂਟਰੀ ਅਲਾਓ ਨਹੀਂ ਕਰਾਂਗਾ । (ਵਿਘਨ) I am sorry ਮੈਂ ਅਗਲਾ ਸਵਾਲ ਕਾਲ ਅਪੌਨ ਕਰ ਲਿਆ ਹੈ । (ਵਿਘਨ)

—0—

ਰਾਜ ਵਿਚ ਹਿਸਾਬ ਅਤੇ ਸਾਇੰਸ ਅਧਿਆਪਕਾਂ ਦੀਆਂ ਖ਼ਾਲੀ ਆਸਾਮੀਆਂ

*483 (1) **ਸਰਦਾਰ ਰਘਬੀਰ ਸਿੰਘ**
(2) **ਸਰਦਾਰ ਆਤਮਾ ਸਿੰਘ** :ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ :—

(ੳ) ਰਾਜ ਦੇ ਸਰਕਾਰੀ ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਇਸ ਸਮੇਂ ਹਿਸਾਬ ਅਤੇ ਸਾਇੰਸ ਅਧਿਆਪਕਾਂ ਦੀਆਂ ਜ਼ਿਲ੍ਹਾਵਾਰ ਕਿੰਨੀਆਂ ਆਸਾਮੀਆਂ ਖ਼ਾਲੀ ਹਨ ਅਤੇ ਇਸ ਦੇ ਕੀ ਕਾਰਣ ਹਨ ;

(ਅ) ਉਪਰੋਕਤ ਭਾਗ (ੳ) ਵਿਚ ਹਵਾਲਾ ਦਿਤੀਆਂ ਖ਼ਾਲੀ ਆਸਾਮੀਆਂ ਕਾਰਣ ਵਿਦਿਆਰਥੀਆਂ ਨੂੰ ਉਕੱਤ ਵਿਸ਼ੇ ਪੜ੍ਹਾਉਣ ਦੇ ਲਈ ਕੀ ਬਦਲਵੇਂ ਪ੍ਰਬੰਧ, ਜੇਕਰ ਕੋਈ ਹੋਣ, ਕੀਤੇ ਗਏ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਪੂਰ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਨੂੰ ਕਦੋਂ ਤਕ ਪੂਰ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : ਸੂਚਨਾ ਹੇਠ ਲਿਖੇ ਅਨੁਸਾਰ ਹੈ:-

(ੳ)	ਕਪੂਰਥਲਾ	19
	ਰੂਪ ਨਗਰ	22
	ਲੁਧਿਆਣਾ	19
	ਗੁਰਦਾਸਪੁਰ	14

[ਸਿਖਿਆ ਮੰਤਰੀ]

ਅੰਮ੍ਰਿਤਸਰ	29
ਹੁਸ਼ਿਆਰਪੁਰ	21
ਜਲੰਧਰ	21
ਫਿਰੋਜ਼ਪੁਰ	27
ਫਰੀਦਕੋਟ	26
ਬਠਿੰਡਾ	17
ਸੰਗਰੂਰ	28
ਪਟਿਆਲਾ	19
ਕੁੱਲ	262

ਕਿਉਂਕਿ ਵਿਭਾਗੀ ਚੋਣ ਕਮੇਟੀ ਹੋਂਦ ਵਿਚ ਨਹੀਂ ਆਈ ਅਤੇ ਸਰਕਾਰ ਨੇ ਐਡਹਾਕ ਨਿਯੁਕਤੀਆਂ ਤੇ ਰੋਕ ਲਗਾਈ ਹੋਈ ਸੀ, ਇਸ ਲਈ ਇਹ ਖ਼ਾਲੀ ਆਸਾਮੀਆਂ ਨਹੀਂ ਭਰੀਆਂ ਜਾ ਸਕੀਆਂ ।

(ਅ) ਸਕੂਲਾਂ ਦੇ ਮੁੱਖੀਆਂ ਨੇ ਇਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਲਈ ਅੰਤਰਿਕ ਪ੍ਰਬੰਧ ਕੀਤਾ ਹੋਇਆ ਹੈ ।

(ੲ) ਸਰਕਾਰ ਨੇ ਥੋੜ੍ਹੇ ਸਮੇਂ ਵਾਲੀਆਂ ਆਸਾਮੀਆਂ ਭਰਨ ਦੀ ਆਗਿਆ ਦੇ ਦਿਤੀ ਹੈ । ਹੁਣ ਇਹ ਆਸਾਮੀਆਂ ਇਕ ਮਹੀਨੇ ਦੇ ਅੰਦਰ-ਅੰਦਰ ਭਰੇ ਜਾਣ ਦੀ ਸੰਭਾਵਨਾ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਫਰਮਾਇਆ ਹੈ ਕਿ ਪੰਜਾਬ ਦੇ 12 ਜ਼ਿਲ੍ਹਿਆਂ ਵਿਚ ਹਾਈ ਸਕੂਲਾਂ ਅਤੇ ਹਾਇਰ-ਸੈਕੰਡਰੀ ਸਕੂਲਾਂ ਵਿਚ 262 ਪੋਸਟਾਂ ਸਾਇੰਸ ਅਤੇ ਮੈਥੇਮੈਟਿਕਸ ਟੀਚਰਾਂ ਦੀਆਂ ਖਾਲੀ ਹਨ । ਉਨ੍ਹਾਂ ਨੇ ਇਹ ਵੀ ਫਰਮਾਇਆ ਹੈ ਕਿ ਹੁਣ ਪੋਸਟਾਂ ਐਡਹਾਕ ਬੇਸਿਜ਼ ਤੇ ਭਰਨ ਦੀ ਇਜਾਜ਼ਤ ਵੀ ਦੇ ਦਿਤੀ ਹੈ ਔਰ ਇਹ ਵੀ ਫਰਮਾਇਆ ਹੈ ਕਿ ਉਹ ਪੋਸਟਾਂ ਇਕ ਮਹੀਨੇ ਦੇ ਅੰਦਰ ਅੰਦਰ ਭਰ ਦਿਤੀਆਂ ਜਾਣਗੀਆਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲਾਂ ਦੇ ਹੈਡਜ਼ ਹਨ, ਹੈਡਮਾਸਟਰਜ਼ ਹਨ ਉਨ੍ਹਾਂ ਨੇ ਆਪਣੇ ਤੌਰ ਤੇ ਅੰਦਰ ਅੰਦਰ ਬੱਚਿਆ ਨੂੰ ਇਹ ਸਬਜੈਕਟ ਪੜ੍ਹਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ , ਪਰ ਜਿਹੜੇ ਟੀਚਰਜ਼ ਸਾਇੰਸ ਪੜ੍ਹੇ ਹੋਏ ਨਹੀਂ ਉਹ ਬੱਚਿਆ ਨੂੰ ਕੀ ਸਾਇੰਸ ਪੜ੍ਹਾਉਂਦੇ ਹੋਣਗੇ । ਜਿਨ੍ਹਾਂ ਵਿਚ ਟਰੇਂਡ ਸਾਇੰਸ ਟੀਚਰ ਨਹੀਂ ਸਨ, ਉਨ੍ਹਾਂ ਸਕੂਲਾਂ ਵਿਚ ਬੱਚਿਆ ਨੂੰ ਸਾਇੰਸ ਪੜ੍ਹਾਉਣ ਦਾ ਪ੍ਰਬੰਧ ਕਿਵੇਂ ਕੀਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਜਵਾਬ ਬੜਾ ਸਪੱਸ਼ਟ ਦਿੱਤਾ ਹੈ ਕਿ ਇਸ ਸਬੰਧੀ ਕਿਸੇ ਕਿਸਮ ਦੀ ਕੋਈ ਸ਼ਕਾਇਤ ਨਹੀਂ ਆਈ ਕਿ ਫਲਾਂ ਜਗ੍ਹਾ ਤੇ ਸਾਇੰਸ ਜਾਂ ਹਿਸਾਬ ਦੇ ਟੀਚਰਜ਼ ਦਾ ਕੋਈ ਤਸੱਲੀ ਬਖ਼ਸ਼ ਇੰਤਜ਼ਾਮ ਨਹੀਂ ਸੀ ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਦੇ ਸਕੂਲਾਂ ਵਿਚ ਟੀਚਰਜ਼ ਲੌਂਗ ਲੀਵ ਲੈ ਕੇ ਚਲੇ ਜਾਂਦੇ ਹਨ ਅਤੇ ਉਨ੍ਹਾਂ ਸਕੂਲਾਂ ਵਿਚ ਉਸ ਦੌਰਾਨ ਕੋਈ ਇੰਤਜ਼ਾਮ ਨਹੀਂ ਹੁੰਦਾ ਅਤੇ ਕਈ ਤਾਂ ਸਕੂਲ ਐਸੇ ਹਨ ਜਿਹੜੇ ਕਿ ਬੰਦ ਹੀ ਰਹਿੰਦੇ ਹਨ। ਕੀ ਮੰਤਰੀ ਸਾਹਿਬ ਲੀਵ-ਅਰੇਂਜਮੈਂਟ ਦਾ ਪ੍ਰਬੰਧ ਕਰ ਰਹੇ ਹਨ ਕਿਉਂਕਿ ਬੱਚਿਆ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ?

ਮੰਤਰੀ : ਸਪੀਕਰ ਸਾਹਿਬ, ਜਵਾਬ ਵਿਚ ਦਸ ਦਿਤਾ ਹੈ ਕਿ ਸ਼ਾਰਟ ਟਰਮ ਵੇਕੈਂਸੀਆਂ ਭਰੀਆਂ ਜਾ ਰਹੀਆਂ ਹਨ ।

ਸਰਦਾਰ ਬਸੰਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਪੋਸਟਾਂ ਭਰਨੀਆਂ ਹਨ, ਕੀ ਇਨ੍ਹਾਂ ਦੇ ਭਰਨ ਵਿਚ ਜਿਹੜਾ ਹਰੀਜਨਾਂ ਦਾ ਬੈਕ-ਲਾਗ ਹੈ, ਉਹ ਪੂਰਾ ਕਰ ਦਿਤਾ ਜਾਏਗਾ ?

ਮੰਤਰੀ : ਹਰੀਜਨਾਂ ਦੀ ਰਿਜ਼ਰਵੇਸ਼ਨ ਲਈ ਹਮੇਸ਼ਾਂ ਹੀ ਉਪਰਾਲੇ ਕੀਤੇ ਜਾਂਦੇ ਹਨ ।

ਮਾਸਟਰ ਚੰਦ ਸਿੰਘ ਚੋਪੜਾ : ਸਪੀਕਰ ਸਾਹਿਬ,ਸਾਰੇ ਪੰਜਾਬ ਦੇ ਅੰਦਰ ਸੈਂਕੜੇ ਪੋਸਟਾਂ ਸਾਇੰਸ ਮਾਸਟਰਾਂ ਦੀਆਂ ਖਾਲੀ ਪਈਆਂ ਹਨ ਅਤੇ ਮੰਤਰੀ ਜੀ ਨੇ ਕਹਿ ਦਿਤਾ ਹੈ ਕਿ ਉਹ ਮਹੀਨੇ ਦੇ ਅੰਦਰ ਅੰਦਰ ਭਰ ਦੇਣਗੇ । ਕੀ ਉਹ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ ਹੈਡਮਾਸਟਰਜ਼ ਹਨ ਉਹ ਡਰਾਇੰਗ ਅਤੇ ਡਿਸਬਰਸਿੰਗ ਆਫੀਸਰਜ਼ ਵੀ ਹਨ । ਇਹ ਪੋਸਟਾਂ ਭਰਨ ਲਈ ਡੀ.ਈ.ਓਜ਼. ਨੂੰ ਕਿਉਂ ਅਖਤਿਆਰ ਹਨ ਅਤੇ ਹੈਡਮਾਸਟਰਜ਼ ਨੂੰ ਕਿਉਂ ਨਹੀਂ ਹਨ ?

ਮੰਤਰੀ : ਹਮੇਸ਼ਾਂ ਚੋਣ ਕਮੇਟੀਆਂ ਜ਼ਿਲ੍ਹਾ ਪੱਧਰ ਤੇ ਹੁੰਦੀਆਂ ਹਨ ਅਤੇ ਹੁਣ ਉਹ ਕਮੇਟੀਆਂ ਐਕਟੀਵੇਟ ਕਰਕੇ ਇਹ ਪੋਸਟਾਂ ਭਰ ਦਿਆਂਗੇ ।

ਸ੍ਰੀ ਚਮਨ ਲਾਲ : ਸਪੀਕਰ ਸਾਹਿਬ, ਕੁਝ ਟੀਚਰਜ਼ ਸਾਹਿਬਾਨ ਐਸੇ ਹਨ ਜੋ ਸਾਰਾ ਦਿਨ ਸਟੇਜਾਂ ਤੇ ਲੈਕਚਰਜ਼ ਹੀ ਕਰਦੇ ਰਹਿੰਦੇ ਹਨ। ਗੌਰਮਿੰਟ ਡਿਊਟੀ ਤੇ ਹੁੰਦੇ ਹੋਏ ਵੀ ਉਹ ਜ਼ਿੰਦਾਬਾਦ ਮੁਰਦਾਬਾਦ ਹੀ ਕਰਦੇ ਰਹਿੰਦੇ ਹਨ । ਕੀ ਉਨ੍ਹਾਂ ਦੇ ਬਾਰੇ ਵਿਚ ਕੋਈ ਇੰਤਜ਼ਾਮ ਕਰਨਗੇ ?

ਮੰਤਰੀ : ਇਸ ਦੇ ਮੁਤਅੱਲਕ ਅਰਜ਼ ਹੈ ਕਿ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਦੇ ਖਿਲਾਫ਼ ਪੂਰੀ ਕਾਰਵਾਈ ਕੀਤੀ ਜਾਏਗੀ ਅਤੇ ਅਗਰ ਇਲਜ਼ਾਮ ਸਾਬਤ ਹੋ ਗਏ ਤਾਂ ਡਿਸਿਪਲੀਨਰੀ ਐਕਸ਼ਨ ਲਿਆ ਜਾਏਗਾ ।

ਮਾਸਟਰ ਬਾਬੂ ਸਿੰਘ : ਸਾਡੀ ਸਰਕਾਰ ਨੂੰ ਬਣੇ ਨੂੰ 8 ਮਹੀਨੇ ਦੇ ਕਰੀਬ ਹੋ ਗਏ ਹਨ, ਕੀ ਇਹ ਇਸ ਦੀ ਇਨਐਫੀਸ਼ੈਂਸੀ ਨਹੀਂ ਕਿ ਹਾਲੇ ਤਕ ਕੋਈ ਡਿਪਾਰਟਮੈਂਟਲ ਕਮੇਟੀਆਂ ਹੀ ਨਹੀਂ ਬਣੀਆਂ ? ਦੂਸਰੇ ਐਡਹਾਕ ਭਰਤੀ ਹੁਣ ਖੋਲ੍ਹੀ ਹੈ । ਅਜੇ ਤਕ ਡਿਪਾਰਟਮੈਂਟਲ ਕਮੇਟੀਆਂ ਨਾ ਬਣਾਉਣ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਜ਼ਰੂਰਤ ਪਈ ਹੈ ਕਮੇਟੀਆਂ ਐਕਟੀਵੇਟ ਕਰ ਦਿਤੀਆਂ ਗਈਆਂ ਹਨ । ਐਨੀਆਂ ਪੋਸਟਾਂ ਵਿਚੋਂ 262 ਦਾ ਖਾਲੀ ਰਹਿਣਾ ਕੋਈ ਵੱਡੀ ਗੱਲ ਨਹੀਂ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 516 (ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

SUPPLY OF SPECIAL LIQUOR INSTEAD OF ORDINARY LIQUOR

*515. **Sardar Baldev Singh Maan:** Will the Chief Minister be pleased to state :

(a) whether he received any representation from any legislator during the month of November, 1980 about the supply of special country liquor instead of ordinary country liquor and charging exorbitant price from the vendors by the distilleries in the State; if so, the details thereof;

(b) whether any inquiry has been held on the basis of the representation referred to in part (a) above; if so, the result thereof, if not, the reasons therefor ?

ਸਰਦਾਰ ਦਰਬਾਰਾ ਸਿੰਘ : (ੳ) ਹਾਂ, ਜੀ। ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਹਾਂ, ਜੀ। ਇਸ ਮਾਮਲੇ ਦੀ ਘੋਖ ਕਰਨ ਉਪਰੰਤ ਮਾਨਯੋਗ ਸਦਨ ਦੇ ਮੈਂਬਰ ਨੂੰ ਅੱਧ ਸਰਕਾਰੀ ਪੱਤਰ ਰਾਹੀਂ ਮਿਤੀ 27 ਜਨਵਰੀ, 1981 ਨੂੰ ਜਵਾਬ ਭੇਜਿਆ ਗਿਆ ਹੈ।

Baldev Singh Mann

Member,
Punjab Vidhan Sabha,
Dated 5th November, 1980.

My dear Sardar Darbara Singh Ji,

During President's Rule the State of Punjab was deprived of atleast ten crores of rupees as revenue by allowing the country liquor contractors the sale of the vends at lower rates, whereas the quota of the liquor was increased by 25%.

Now again, the poor consumers of the liquor are being looted by the owners of the distilleries by raising the price with the connivance of some high authorities.

At the time of the auction of these vends the country liquor of 600 proof was issued by the distilleries at the rate of Rs. 450.79 P per two dozens i.e. Rs. 22.90 P. per dozen. They created an artificial scarcity of the liquor and named the same liquor as 'SPECIAL' by changing its label. The rate of this so called 'special' brand of liquor has been fixed Rs. 137/-per two dozens i.e. Rs. 68.50 P. per dozen.

I would also like to bring it to your kind notice that Indian made foreign liquor, also known as 'Angrezi Sharab' and is being manufactured by the same distilleries in Punjab is sold by them at Rs. 44 per dozen. This liquor is of 75 degree proof. I do not find any justification for the increase in rate of the country liquor to such an extent which makes it dearer to the English Liquor. Moreover, when the contractors approach the distilleries they are being told that the ordinary type of liquor is not available due to the shortage of molasses, whereas, the so-called special brand of liquor is available in abundance and is being manufactured from the same quality of molasses and are of the same strength, it seems a clear-cut fraud with the people of Punjab by the owners of the distilleries by befooling the government or with the connivance of the higher authorities.

I would, therefore, like that you may kindly hold an immediate inquiry into the matter and make it known to the public as to why this increase in rate has been allowed by the government.

With regards,

Yours sincerely,

Sd/—
(Baldev Singh Mann)

Sardar Darbara Singh,
Chief Minister, Punjab,
Chandigarh.

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੁੱਖ ਮੰਤਰੀ ਸਹਿਬ ਨੇ ਪਾਰਟ 'ਅ' ਦੇ ਜਵਾਬ ਵਿਚ ਦਸਿਆ ਹੈ ਕਿ ਮਿਤੀ 27-1-81 ਨੂੰ ਕਾਪੀ ਭੇਜ ਦਿਤੀ ਗਈ ਹੈ । ਮੈਂ, ਸੀ. ਐਮ. ਸਾਹਿਬ ਨੂੰ ਮਿਤੀ 5-11-1980 ਨੂੰ ਚਿੱਠੀ ਲਿਖੀ ਸੀ ਪਰ ਕੋਈ ਜਵਾਬ ਨਾ ਆਇਆ ਪਰ ਹੁਣ ਚੂੰਕਿ ਅਸੰਬਲੀ ਵਿਚ ਸੁਆਲ ਮਨਜ਼ੂਰ ਹੋ ਗਿਆ ਅਤੇ ਜਵਾਬ ਭੇਜ ਦਿਤਾ ਜਿਹੜਾ ਕਿ ਮੈਨੂੰ ਹਾਲੇ ਤਕ ਮਿਲਿਆ ਨਹੀਂ, ਮੈਂ ਅਰਜ਼ ਕਰਦਾ ਹਾਂ ਕਿ ਲੱਖਾਂ ਰੁਪਏ ਡਿਸਟਿਲਰੀ ਵਾਲਿਆਂ ਤੋਂ ਲੈ ਕੇ ਸ਼ਰਾਬ ਦੀ ਕੀਮਤ ਵਧਾ ਦਿਤੀ ਗਈ, ਕੀ ਇਸ ਗੱਲ ਦੀ ਇਨਕੁਆਇਰੀ ਕਰਵਾ ਕੇ ਉਸ ਦੀ ਰਿਪੋਰਟ ਹਾਊਸ ਵਿਚ ਰਖਣ ਨੂੰ ਤਿਆਰ ਹਨ ?

** ** **

Mr. Speaker : No aspersions. ਮੈਂ ਇਹ ਰਿਮਾਰਕਸ ਐਕਸਪੰਜ ਕਰਦਾ ਹਾਂ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ 1979-80 ਦੀ ਗੱਲ ਹੈ । ਜਿਸ ਵੇਲੇ ਇਹ ਚੀਜ਼ ਮੇਰੇ ਨੋਟਿਸ ਵਿਚ ਲਿਆਂਦੀ ਗਈ, ਮੈਂ ਜਵਾਬ ਦੇ ਦਿਤਾ । ਮੈਂ ਉਸ ਦੀ ਕਾਪੀ ਇਨ੍ਹਾਂ ਨੂੰ ਭਿਜਵਾ ਦਿਤੀ; ਜੇਕਰ ਉਸ ਦੀ ਕਾਪੀ ਤੁਹਾਨੂੰ ਨਹੀਂ ਮਿਲੀ ਤਾਂ ਇਹ ਤੁਹਾਡੀ ਆਪਣੀ ਅਨਗਹਿਲੀ ਹੈ ਮੈਂ ਜਵਾਬ ਭੇਜ ਦਿਤਾ ਸੀ । ਸਪੀਕਰ ਸਾਹਿਬ, ਮੋਲੇਸਿਜ਼ ਦੀ ਘਾਟ ਸੀ, ਵੈਂਡਰਜ਼ ਦਾ ਕੋਟਾ ਫ਼ਿਕਸ ਹੈ । ਉਨ੍ਹਾਂ ਦੀ ਵੇਚਣ ਦੀ ਪਰਸੈਂਟੇਜ ਮੁਕਰੱਰ ਹੈ । ਇਹ ਅੱਜ ਦਾ ਰੂਲ ਨਹੀਂ ਇਹ ਪੁਰਾਣਾ ਰੂਲ ਚਲਿਆ ਆਉਂਦਾ ਹੈ । ਵੈਂਡਰਜ਼ ਨਾਲ ਐਗਰੀਮੈਂਟ ਹੁੰਦਾ ਹੈ ਕਿ ਨਿਯਤ ਕੀਤੀ ਮਿਕਦਾਰ ਵਾਸਤੇ ਜਿੰਨੇ ਵੀ ਪੈਸੇ ਉਹ ਜਮ੍ਹਾਂ ਕਰਾਉਣਗੇ ਉਸ ਦੇ ਮੁਤਾਬਕ ਸਪਲਾਈ ਕੀਤੀ ਜਾਏਗੀ । ਵੈਂਡਰਜ਼ ਨੂੰ ਪੂਰੀ ਸਪਲਾਈ ਨਹੀਂ ਸੀ ਮਿਲ ਰਹੀ । ਉਨ੍ਹਾਂ ਨੇ ਉਨ੍ਹਾਂ ਦੀ ਸਪਲਾਈ ਪੂਰੀ ਕਰਨ ਲਈ, ਸਾਡੇ ਸੂਬੇ ਵਿਚ ਸ਼ੀਰਾ ਘੱਟ ਹੁੰਦਾ ਹੈ, ਬਾਹਰੋਂ ਬੜਾ ਮਹਿੰਗਾ ਸ਼ੀਰਾ ਲਿਆ ਕੇ ਸਪਲਾਈ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਬਿਲਕੁਲ ਜਵਾਬ ਨਹੀਂ ਦੇ ਰਹੇ । ਪਹਿਲਾਂ ਤਾਂ ਕਹਿ ਦਿਤਾ ਕਿ 1979-80 ਦਾ ਕੇਸ ਹੈ ਜਦ ਕਿ ਮੈਂ 5 ਨਵੰਬਰ, 1980 ਨੂੰ ਚਿਠੀ ਲਿਖੀ ਸੀ । ਇਹ ਜਿਹੜੀ 45 ਰੁਪਏ 79 ਪੈਸੇ ਦੀਆਂ ਦੋ ਦਰਜਨ ਬੋਤਲਾਂ ਡਿਸਟਿਲਰੀ ਵਾਲੇ ਨੇ ਸਪਲਾਈ ਕਰਨੀਆਂ ਸਨ, ਪਰ ਉਹ 137 ਰੁਪਏ ਦੋ ਦਰਜਨ ਦੇ ਚਾਰਜ ਕਰਦੇ ਹਨ । ਉਹੀ ਚੀਜ਼ ਹੈ ਉਹੀ ਰੰਗ ਹੈ ਸਭ ਕੁਝ ਉਹੀ ਹੈ ਸਿਰਫ਼ ਇਕ ਲਫ਼ਜ਼ ਸਪੈਸ਼ਲ ਲਿਖ ਦਿਤਾ ਹੈ ਅਤੇ ਜ਼ਿਆਦਾ ਪੈਸੇ ਚਾਰਜ ਕਰ ਲਏ। ਇਸੇ ਤਰ੍ਹਾਂ ਅੰਗਰੇਜ਼ੀ ਸ਼ਰਾਬ ਇਸ ਸ਼ਰਾਬ ਨਾਲੋਂ ਸਸਤੀ ਹੈ । ਮੈਂ ਪੁੱਛਦਾ ਹਾਂ ਕਿ ਇਹ ਜਿਹੜਾ ਕਹਿੰਦੇ ਹਨ ਕਿ ਸ਼ੀਰਾ ਘੱਟ ਗਿਆ, ਇਹ ਵਜ੍ਹਾ ਬਿਆਨ ਕਰਨ ਕਿ ਇਹ ਕਿਸ ਤਰ੍ਹਾਂ ਹੋਇਆ ਔਰ ਕਿਸ ਦੀ ਜ਼ਿੰਮੇਵਾਰੀ ਸੀ ?

ਮੁਖ ਮੰਤਰੀ : ਮੈਂ ਪਹਿਲੋਂ ਹੀ ਦੱਸਿਆ ਹੈ ਕਿ ਮੋਲੈਸਿਜ਼ ਦੀ ਥੁੜ ਸੀ, ਵੈਂਡਰਜ਼ ਨੂੰ ਜਿਹੜਾ ਕੋਟਾ ਦੇਣਾ ਸੀ ਉਹ ਪੂਰਾ ਕਰਨਾ ਸੀ, ਐਗਰੀਮੈਂਟ ਦੇ ਮੁਤਾਬਕ । ਮੋਲੈਸਿਜ਼ ਉਨ੍ਹਾਂ ਨੇ ਦੂਸਰੇ ਸੂਬਿਆਂ ਤੋਂ ਲਿਆ ਕੇ ਥੁੜ ਨੂੰ ਪੂਰਾ ਕੀਤਾ । ਮੋਲੈਸਿਜ਼ ਜਿਹੜਾ ਬਾਹਰੋਂ ਆਇਆ ਬਹੁਤ ਮਹਿੰਗਾ ਆਇਆ । ਗੌਰਮੈਂਟ ਘਾਟਾ ਨਹੀਂ ਪਾ ਸਕਦੀ ।

** Expunged as ordered by the Chair.

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਤਾਂ ਸ਼ੀਰੇ ਦੀ ਜੋ ਹਾਲਤ ਰਹੀ ਹੈ, ਉਹ ਤਾਂ ਗੱਲ ਹੁਣ ਖਤਮ ਹੋ ਗਈ ਹੈ। ਪਰ ਇਸ ਵਾਰੀ ਵੀ ਉਹੀ ਹਾਲਤ ਹੋਣੀ ਹੈ। ਜਿਹੜੀਆਂ 100 ਵਿਚੋਂ 33 ਰਸਭਰੀ ਦੀਆਂ ਬੋਤਲਾਂ ਦਿੱਤੀਆਂ ਜਾਂਦੀਆਂ ਸਨ, ਉਹ ਕਿਸੇ ਵੀ ਠੇਕੇ ਤੇ ਨਹੀਂ ਵਿਕੀਆਂ। ਉਹ ਸਾਰੀਆਂ ਬਾਹਰ ਵਿਕੀਆਂ ਅਤੇ ਉਹ ਪੈਸੇ ਅਫ਼ਸਰ ਅਤੇ ਠੇਕੇਦਾਰ ਖਾ ਗਏ। ਕੀ ਮੁੱਖ ਮੰਤਰੀ ਸਾਹਿਬ ਉਸਦੀ ਇਨਕੁਆਇਰੀ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇ ਕੋਈ ਵੀ ਕਿਸੇ ਤਰ੍ਹਾਂ ਦਾ ਕਿਸੇ ਜਗਾ ਇਨ੍ਹਾਂ ਨੂੰ ਨੁਕਸ ਦਿਖਾਈ ਦਿੰਦਾ ਹੈ ਤਾਂ ਉਸਦੀ ਜ਼ਰੂਰ ਇਨਕੁਆਇਰੀ ਕਰਾਂਗੇ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡੇ ਜ਼ਿਲ੍ਹੇ ਵਿਚ ਨਕਲੀ ਸ਼ਰਾਬ ਭਰਨ ਦੇ ਲੇਬਲ ਪਕੜੇ ਗਏ ਸਨ, ਉਸ ਠੇਕੇਦਾਰ ਦੇ ਸਬੰਧ ਵਿਚ ਕੀ ਕਾਰਵਾਈ ਕੀਤੀ ਗਈ ਹੈ ਅਤੇ ਅੱਗੇ ਤੋਂ ਅਜਿਹੀ ਗੱਲ ਰੋਕਣ ਵਾਸਤੇ ਸਰਕਾਰ ਕੀ ਸਟੈਪਸ ਲੈ ਰਹੀ ਹੈ ?

ਮੁੱਖ ਮੰਤਰੀ : ਇਹ ਅਲਹਿਦਾ ਸਵਾਲ ਕਰ ਦੇਣ, ਜ਼ਰੂਰ ਜਵਾਬ ਦੇਵਾਂਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਟਰੀਵਾਈਨ ਦੇ ਵੈਂਡਜ਼ ਫਿਕਸਡ ਹਨ ਅਤ ਰੈਵੀਨਿਊ ਵੀ ਸਰਕਾਰ ਨੂੰ ਫਿਕਸਡ ਆਉਂਦ ਹੈ। ਪਲਾਨਿੰਗ ਦੇ ਅਨੁਸਾਰ ਸਰਕਾਰ ਵਲੋਂ ਡਿਸਟਿਲਰੀਜ਼ ਨੂੰ ਮੋਲੈਸਿਜ਼ ਦੀ ਫਿਕਸਡ ਸਪਲਾਈ ਹੁੰਦੀ ਹੈ। ਕੀ ਇਹ ਅਫਸਰਾਂ ਦੀ ਗਲਤ ਪਲਾਨਿੰਗ ਦਾ ਸਿੱਟਾ ਸੀ ਕਿ ਮੋਲੈਸਿਜ਼ ਘੱਟ ਸਪਲਾਈ ਹੋਏ ਸ਼ਰਾਬ ਦੇ ਰੇਟ ਵੀ ਹਾਈ ਹੋ ਗਏ ਅਤੇ ਰੈਵੇਨਿਊ ਵੀ ਘਟਨ ਦਾ ਖਤਰਾ ਹੋ ਗਿਆ ਅਤੇ ਨਕਲੀ ਸ਼ਰਾਬ ਵੀ ਜ਼ਿਆਦਾ ਵਿਕੀ ? ਕੀ ਚੀਫ ਮਨਿਸਟਰ ਸਾਹਿਬ ਇਸ ਗਲਤ ਪਲਾਨਿੰਗ ਦੀ ਇਨਕੁਆਇਰੀ ਕਰਾਉਣਗੇ ?

ਮੁੱਖ ਮੰਤਰੀ : ਜੋ ਮੈਂਬਰ ਸਾਹਿਬ ਨੇ ਦੱਸਿਆ ਹੈ ਇਸ ਨੂੰ ਮੁੱਖ ਰੱਖ ਕੇ ਨਵੇਂ ਸਿਰੇ ਤੋਂ ਇਸ ਗੱਲ ਦੀ ਦੇਖ ਭਾਲ ਕਰਾਂਗੇ।

CONSTRUCTION OF A BRIDGE ON PURIDKE DRAIN, DISTRICT GURDASPUR

***509. Sardar Mohinder Singh Sarupwali :** Will the Chief Minister be pleased to state whether there is any proposal under the consideration of the Government to construct a bridge on Puridke Drain, Tehsil Batala, District Gurdaspur between Village Thatha and Fatehgarh Churian Town; if so, the time by which it is expected to be constructed ?

ਸਰਦਾਰ ਦਰਬਾਰਾ ਸਿੰਘ : ਹਾਂ, ਜੀ। ਪੁਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਦੀ ਪੂਰਤੀ ਲੋੜੀਂਦੀ ਕਾਰਵਾਈ ਕਰਨ ਉਪਰੰਤ ਅਤੇ ਭਾਰਤ ਸਰਕਾਰ ਤੋਂ ਕਲੀਅਰੈਂਸ ਲੈ ਕੇ ਕੀਤੀ ਜਾ ਸਕਦੀ ਹੈ। ਇਹ ਕੰਮ ਫੰਡਜ਼ ਉਪਲਬਧ ਹੋਣ ਤੇ ਕੀਤਾ ਜਾ ਸਕਦਾ ਹੈ (ਪਿੰਡ ਦਾ ਨਾਂ ਮੁਰੀਦਕੇ ਹੈ ਪੁਰੀਦਕੇ ਨਹੀਂ)।

ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਪੁਲ ਬਣਾਉਣ ਦੀ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਮਹਿਕਮੇ ਵਾਲੇ ਆਪਣੇ ਕੰਮ ਵਿੱਚ ਕਿਤਨੇ ਐਫੀਸ਼ੈਂਟ ਅਤੇ ਪੰਕਚੂਅਲ ਹਨ ਇਹ ਵੀ ਵੇਖ ਲਓ ਕਿ ਉਨ੍ਹਾਂ ਨੇ ਪਿੰਡ ਅਤੇ ਡਰੇਨ ਦੇ ਨਾਂ ਦਾ ਹੀ ਝਗੜਾ ਪਾ ਦਿਤਾ ਹੈ। ਇਥੋਂ ਹੀ ਪਤਾ ਲਗਦਾ ਹੈ ਕਿ ਕਿਤਨੀ ਸਮਝ ਨਾਲ ਇਹ ਜਵਾਬ ਮਹਿਕਮੇ ਨੇ ਤਿਆਰ ਕਰਕੇ ਭੇਜਿਆ ਹੈ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਕੋਈ ਐਡਾ ਵੱਡਾ ਦਰਿਆ ਨਹੀਂ ਜਿਸਤੇ ਪੁੱਲ ਬਣਾਉਣ ਦੀ ਮਨਜ਼ੂਰੀ ਸੈਂਟਰ ਤੋਂ ਲੈਣੀ ਪੈਣੀ ਹੈ। ਕੀ ਇਸ ਸਾਲ ਦੇ ਬਜਟ ਵਿਚ ਫੰਡਜ਼ ਐਲੋਕੇਟ ਕਰਕੇ ਇਹ ਪੁਲ ਬਣਾਉਣ ਦਾ ਸਰਕਾਰ ਪ੍ਰਬੰਧ ਕਰੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਡਰੇਨ ਤੇ ਪੁੱਲ ਬਣਾਉਣ ਵਾਸਤੇ ਡਿਫੈਂਸ ਵਾਲਿਆਂ ਨੇ ਪਾਬੰਦੀ ਲਾਈ ਸੀ। ਅਸੀਂ ਉਨ੍ਹਾਂ ਤੋਂ ਇਜਾਜ਼ਤ ਲੈ ਕੇ ਹੀ ਇਹ ਪੁਲ ਬਣਾ ਸਕਦੇ ਹਾਂ। ਇੰਟਰਨੈਸ਼ਨਲ ਬਾਰਡਰ ਤੋਂ ਦੂਰ ਕੁਝ ਏਰੀਏ ਤੱਕ ਉਨ੍ਹਾਂ ਨੇ ਬੰਦਿਸ਼ ਲਾਈ ਹੋਈ ਹੈ, ਜਿਸ ਕਾਰਣ ਇਹ ਪੁੱਲ ਬਣਾਉਣ ਲਈ ਉਨ੍ਹਾਂ ਤੋਂ ਇਜਾਜ਼ਤ ਅਸੀਂ ਲੈਂਦੇ ਹਾਂ।

ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪਹਿਲਾਂ ਹੀ ਇਸ ਡਰੇਨ ਉਤੇ ਬਹੁਤ ਸਾਰੇ ਪੁੱਲ ਬਣੇ ਹੋਏ ਹਨ। ਇਹ ਪੁੱਲ ਇਸ ਲਈ ਜ਼ਰੂਰ ਹੈ ਕਿਉਂਕਿ ਫਤਿਹਗੜ੍ਹ ਚੂੜੀਆਂ, ਬਲਾਕ ਦਾ ਹੈਡਕੁਆਰਟਰ ਹੈ, ਛੋਟਾ ਜਿਹਾ ਟਾਊਨ ਹੈ ਅਤੇ ਉਥੇ ਮਿਊਂਸਪੈਲਟੀ ਵੀ ਹੈ। ਇਹ ਪੁੱਲ ਬਣਨ ਨਾਲ 20,25 ਪਿੰਡਾਂ ਦੇ ਲੋਕਾਂ ਨੂੰ ਉਥੇ ਜਾਣ ਵਿੱਚ ਸਹੂਲਤ ਮਿਲੇਗੀ। ਇਸ ਦੇ ਬਣਾਉਣ ਵਿੱਚ ਕੋਈ ਜ਼ਿਆਦਾ ਫੰਡਜ਼ ਵੀ ਇਨਵਾਲਵਡ ਨਹੀਂ ਹਨ। ਕੀ ਚੀਫ ਮਨਿਸਟਰ ਸਾਹਿਬ ਅਸ਼ਿਓਰ ਕਰਾਉਣਗੇ ਕਿ ਆਉਣ ਵਾਲੇ ਸਾਲ ਦੇ ਬਜਟ ਵਿੱਚ ਇਹ ਪੁੱਲ ਬਣਾਉਣ ਲਈ ਫੰਡਜ਼ ਐਲੋਕੇਟ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਗਰ ਡਿਫੈਂਸ ਵਾਲੇ ਇਸ ਲਈ ਇਜਾਜ਼ਤ ਨਾ ਦੇਣ ਤਾਂ ਸਾਡੇ ਲਈ ਇਹ ਬਣਾਉਣਾ ਮੁਸ਼ਕਲ ਹੋਵੇਗਾ। ਇਸਤੇ ਤਕਰੀਬਨ 60,000 ਰੁਪਿਆ ਖਰਚ ਆਉਣਾ ਹੈ। ਅਸੀਂ ਦੁਬਾਰਾ ਡਿਫੈਂਸ ਵਾਲਿਆਂ ਨੂੰ ਲਿਖ ਰਹੇ ਹਾਂ ਕਿ ਸਾਨੂੰ ਕਲੀਅਰੈਂਸ ਦੇ ਦਿਓ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਜਗ੍ਹਾ ਡਰੇਨਾਂ ਇਸ ਤਰ੍ਹਾਂ ਸਥਿਤ ਹਨ ਕਿ ਪਿੰਡ ਦੀ ਆਬਾਦੀ ਇੱਕ ਪਾਸੇ ਹੈ ਅਤੇ ਜ਼ਮੀਨ ਦੂਜੇ ਪਾਸੇ ਹੈ ਜਿਸ ਕਾਰਣ ਆਉਣਾ ਜਾਣਾ ਮੁਸ਼ਕਲ ਹੋ ਜਾਂਦਾ ਹੈ। ਡਰੇਨ ਪਾਰ ਕਰਨੀ ਮੁਸ਼ਕਲ ਹੋ ਜਾਂਦੀ ਹੈ। ਕੀ ਚੀਫ ਮਨਿਸਟਰ ਸਾਹਿਬ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਅਗਲੇ ਸਾਲ ਦੇ ਬਜਟ ਵਿੱਚ ਸਭ ਤੋਂ ਪਹਿਲਾਂ ਅਜਿਹੇ ਪੁੱਲਾਂ ਦਾ ਖਿਆਲ ਰਖਿਆ ਜਾਵੇ ਅਤੇ ਉਹ ਬਣਾਏ ਜਾਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਬਹੁਤ ਸਾਰੇ ਪੈਸੇ ਅਸੀਂ ਜਿਹੜੇ ਪ੍ਰਾਜੈਕਟਸ ਕੰਪਲੀਟ ਕਰਨ ਵਾਲੇ ਹੁੰਦੇ ਹਨ ਉਨ੍ਹਾਂ ਲਈ ਰੱਖਦੇ ਹਾਂ। ਬਾਕੀ ਜੇ ਕਿਸੇ ਥਾਂ ਤੇ ਪੁੱਲ ਬਣਾਉਣਾ ਬਹੁਤ ਜ਼ਰੂਰੀ ਹੋਵੇਗਾ ਉਹ ਵੇਖ ਲਵਾਂਗੇ।

ਕਾਮਰੇਡ ਦਯਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਹਲਕਾ ਬੇਟ ਲੁਧਿਆਣੇ ਦਾ ਹੈ, ਇਥੇ 200 ਪਿੰਡ ਹਨ ਜਿਹੜੇ ਕਿ ਪਿਛਲੇ ਸਾਲ ਹੜ੍ਹਾਂ ਦੇ ਆਉਣ ਕਾਰਣ ਤਬਾਹ ਹੋਏ। ਉਥੇ ਨਵੀਆਂ ਡਰੇਨਾਂ ਵੀ ਪੁਟੀਆਂ ਗਈਆਂ ਹਨ। ਕੁਝ ਪੁਲ ਢਹਿ ਵੀ ਗਏ ਹਨ। ਇਹ ਤਕਰੀਬਨ 100 ਮੀਲ ਦਾ ਏਰੀਆ ਹੈ। ਜਗਰਾਂਉ ਤਹਿਸੀਲ ਵਿਚ ਪਿਛਲੇ ਸਾਲ 7 ਬੰਦੇ ਮਰੇ ਸਨ ਅਤੇ ਸਮਰਾਲਾ ਤਹਿਸੀਲ ਵਿਚ 3 ਬੰਦੇ ਮਰੇ ਸਨ। ਉਥੇ ਲੋਕਾਂ ਨੂੰ ਬੜੀ ਤਕਲੀਫ ਹੈ ਅਗੇ ਵੀ ਬੇਟ ਏਰੀਏ ਵਾਸਤੇ ਕਮੇਟੀ ਬਣੀ ਸੀ। ਕੀ ਅਜਿਹੀ ਕਮੇਟੀ ਫਿਰ ਬਣਾਉਣਗੇ ਤਾਂ ਕਿ ਲੋਕਾਂ ਦੀਆਂ ਮੁਸ਼ਕਲਾਂ ਉਹ ਦੂਰ ਕਰਵਾ ਸਕਣ ?

(ਕੋਈ ਉਤਰ ਨਹੀਂ ਆਇਆ)

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਡਰੇਨਾਂ ਸਰਕਾਰ ਨੇ ਪੁਟਵਾ ਦਿਤੀਆਂ ਹਨ। ਬਹੁਤ ਅੱਛਾ ਕੀਤਾ ਹੈ। ਇਸ ਨਾਲ ਲੱਖਾਂ ਏਕੜ ਜ਼ਮੀਨ ਬਚ ਗਈ ਹੈ। ਪਰ ਜਿਥੇ ਪੁਲ ਜ਼ਰੂਰੀ ਚਾਹੀਦੇ ਸਨ ਉਹ ਨਹੀਂ ਬਣਾਏ। ਕੀ ਮੁੱਖ ਮੰਤਰੀ ਸਾਹਿਬ ਇਹ ਸਰਵੇਅ ਕਰਾਉਣਗੇ ਕਿ ਕਿਥੇ ਕਿਥੇ ਪੁਲ ਬਣਾਉਣੇ ਜ਼ਰੂਰੀ ਹਨ ?

ਮੁੱਖ ਮੰਤਰੀ : ਵੈਸੇ ਤਾਂ ਇਹ ਪਹਿਲਾਂ ਹੀ ਹੋਵੇਗਾ ਪਰ ਪ੍ਰਾਇਰਟੀ ਤੇ ਕਿਹੜਾ ਬਣਾਉਣਾ ਹੈ, ਉਸ ਦੀ ਲਿਸਟ ਬਣਾਉਨ ਲਈ ਮਹਿਕਮੇ ਨੂੰ ਕਿਹਾ ਜਾ ਸਕਦਾ ਹੈ।

ਸਰਦਾਰ ਲੱਖਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਕੁੜੀਵਾਲਾ ਅਤੇ ਮਸਰਵਾਲੇ ਕੋਲ ਰੋਹੀਂ ਡਰੇਨ ਬਹੁੱਤ ਨੁਕਸਾਨ ਕਰਦੀ ਹੈ। ਕੀ ਉਥੇ ਸਰਕਾਰ ਕਿਰਪਾ ਕਰਕੇ ਪੁੱਲ ਬਣਾ ਦੇਵੇਗੀ ਤਾਂ ਕਿ ਲੋਕਾਂ ਦਾ ਨੁਕਸਾਨ ਨਾ ਹੋਵੇ ?

ਮੁਖ ਮੰਤਰੀ : ਵਿਚਾਰ ਕਰਾਂਗੇ।

ਕਾਮਰੇਡ ਸੋਹਨ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਵੇਰਕਾ ਵਿਚ ਪੁਲ ਮੋਹਣੀਆਂ ਦਾ ਹੈ। ਤਕਰੀਬਨ 33 ਸਾਲ ਕਾਂਗਰਸ ਸਰਕਾਰਾਂ ਰਹੀਆਂ ਹਨ ਅਤੇ ਹੋਰ ਵੀ ਸਰਕਾਰਾਂ ਬਦਲਦੀਆਂ ਰਹੀਆਂ ਹਨ। ਪਰ ਇਹ ਪੁਲ ਨਹੀਂ ਬਣਾਇਆ ਗਿਆ। ਤਕਰੀਬਨ 20, 25 ਪਿੰਡਾਂ ਨੂੰ ਉਸ ਪੁਲ ਦੇ ਬਨਣ ਨਾਲ ਫਾਇਦਾ ਹੋਵੇਗਾ। ਇਸ ਨਾਲ ਸਰਕਾਰ ਨੂੰ ਵੀ ਫਾਇਦਾ ਹੋਵੇਗਾ। ਮੈਂ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਲਗਾਤਾਰ 33 ਸਾਲ ਸਾਡੇ ਨਾਲ ਵਿਤਕਰਾ ਹੋਇਆ ਹੈ, ਕੀ ਉਹ ਹੁਣ ਇਹ ਪੁਲ ਬਣਾਉਣ ਦਾ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਸਪਲੀਮੈਂਟਰੀ ਦਾ ਪਤਾ ਨਹੀਂ ਲਗਾ ਕਿ ਕੀ ਕਹਿਣਾ ਚਾਹੁੰਦੇ ਹਨ। ਇਹ ਮੈਨੂੰ ਲਿਖ ਕੇ ਭੇਜ ਦੇਣ ਮੈਂ ਵੇਖ ਲਵਾਂਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 511*

ਸ੍ਰੀ ਸਪੀਕਰ : ਕੁਐਸਚਨ ਨੰ: 511 ਦੀ ਐਕਸਟੈਨਸ਼ਨ ਮੰਗੀ ਗਈ ਹੈ। Next question by Comrade Kulwant Singh.

---

*For Starred Question No. 511 and reply thereto, please see Debate dated the 10th February 1981.

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਸਰ, ਕੁਐਸਚਨ ਨੰ: 511 ਵਿਚ ਸਰਕਾਰ ਨੂੰ ਐਕਸਟੈਸ਼ਨ ਮੰਗਣ ਦੀ ਲੋੜ ਨਹੀਂ ਸੀ। ਸਵਾਲ ਬੜਾ ਸਿੰਪਲ ਹੈ ਕਿ ਸੈਂਟਰਲ ਅਸਿਸਟੈਂਸ ਕਿਤਨੀ ਮਿਲੀ ਹੈ। ਇਸ ਵਿਚ ਕੋਈ ਡੀਟੇਲ ਇੱਕਠੀ ਕਰਨ ਦੀ ਲੋੜ ਨਹੀਂ ਸੀ, ਸਿਰਫ ਇਤਨਾ ਹੀ ਦੱਸਣਾ ਸੀ ਕਿ ਦਿੱਲੀ ਤੋਂ ਇਤਨੇ ਪੈਸੇ ਮਿਲੇ ਹਨ ਅੋਰ ਮੈਂ ਸਮਝਦਾ ਹਾਂ ਕਿ ਇਹ ਚੀਜ਼ ਇਨ੍ਹਾਂ ਦੇ ਟਿਪਸ ਤੇ ਹੋਣੀ ਚਾਹੀਦੀ ਹੈ। Sir, I seek your protection. (noise). Sir, in a situation like this, I seek your protection. ਸਰ, ਜਾਂ ਇਹ ਕਰ ਦਿਓ ਕਿ ਸਰਕਾਰ ਕਲ੍ਹ ਨੂੰ ਜਵਾਬ ਦੇ ਦੇਵੇ, ਪਰਸੋਂ ਨੂੰ ਦੇ ਦੇਵੇ। ਇਸ ਤਰ੍ਹਾਂ ਪਿੰਨ ਪੁਆਇੰਟ ਕਰ ਦਿਓ।

Mr. Speaker : I will do.

ROUTE PERMITS ISSUED TO M/S NEW SUTLEJ TRANSPORT CO. P. LTD. JULLUNDUR

***505.** (1) **Comrade Kulwant Singh**
(2) **Comrade Saghar Singh** } will the Chief Minister be pleased to state :

(a) the number of route permits issued by the Transport Department to M/s New Sutlej Transport Co. (P) Ltd. Jullundur, for plying buses between Jullundur and Ludhiana in 1979-80;

(b) the arrears, if any, on account of token tax and route permits due from the said company so far ;

(c) the adda fee (for number of trips) received for plying buses at both ends from the said company in the months of August and September, 1980;

(d) the number of special timings availed of by the Punjab Roadways between Jullundur and Ludhiana during the months of August and September, 1980 ?

ਸਰਦਾਰ ਦਰਬਾਰਾ ਸਿੰਘ : (ੳ) ਕੋਈ ਨਵਾਂ ਪਰਮਿਟ ਮਨਜ਼ੂਰ ਨਹੀਂ ਕੀਤਾ ਗਿਆ।

(ਅ) ਕੋਈ ਬਕਾਇਆ ਨਹੀਂ ਹੈ ਜੀ। ਟੋਕਨ ਟੈਕਸ 31-12-1980 ਤੱਕ ਦਿਤਾ ਹੋਇਆ ਹੈ ਅਤੇ ਪਰਮਿਟ ਫੀਸ ਕੋਈ ਬਕਾਇਆ ਨਹੀਂ ਹੈ।

(ੲ) ਅੱਡਾ ਫੀਸ 1333.00 ਰੁਪਏ ਅਤੇ 12,90 ਰੁਪਏ ਅਗੱਸਤ ਅਤੇ ਸਤੰਬਰ, 1980 ਲਈ ਜਲੰਧਰ ਵਿਖੇ ਦਿੱਤੇ ਹਨ ਅਤੇ 1,615.00 ਰੁਪਏ ਤੇ 1,560.00 ਰੁਪਏ ਅਗਸਤ ਅਤੇ ਸਤੰਬਰ,1980 ਲਈ ਲੁਧਿਆਣਾ ਵਿਖੇ ਦਿੱਤੇ ਹਨ।

(ਸ) ਪੰਜਾਬ ਰੋਡਵੇਜ਼, ਜਲੰਧਰ ਅਤੇ ਲੁਧਿਆਣਾ ਵੱਲੋਂ ਮਹੀਨਾ ਅਗੱਸਤ ਅਤੇ ਸਤੰਬਰ, 1980 ਵਿੱਚ ਕੋਈ ਸਪੈਸ਼ਲ ਟਾਈਮ ਨਹੀਂ ਲਿਆ ਗਿਆ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਪਾਸ ਰਿਕੁਐਸਟ ਕਰਾਂਗਾ ਕਿ ਮੈਂਬਰਜ਼ ਦੇ ਰਾਈਟਸ ਨੂੰ ਕਿਸੇ ਹਿਸਾਬ ਨਾਲ ਬਚਾਓ। ਸਵਾਲ ਮੈਂਬਰ ਦਾ ਕੁਝ ਹੁੰਦਾ ਹੈ ਪਰ ਸਰਕਾਰ ਵਲੋਂ ਉਸ ਦਾ ਜਵਾਬ ਕੁਝ ਦਿੱਤਾ ਹੁੰਦਾ ਹੈ। ਸਵਾਲ ਦਾ ਜਿਹੜਾ ਪੰਜਾਬੀ ਵਰਸ਼ਨ ਹੈ, ਉਸ ਨੂੰ ਤੁਸੀਂ ਪੜ੍ਹ ਕੇ ਵੇਖੋ ਉਸ ਵਿਚ ਲਿਖਿਆ ਹੋਇਆ ਹੈ:-

> "(ੳ) ਟਰਾਂਸਪੋਰਟ ਵਿਭਾਗ ਨੇ 1979-80 ਵਿਚ ਮੈਸਰਜ਼ ਨਿਊ ਸਤਲੁਜ ਟਰਾਂਸਪੋਰਟ ਕੰਪਨੀ (ਪ੍ਰਾ:) ਲਿਮਟਿਡ, ਜਲੰਧਰ ਨੂੰ ਜਲੰਧਰ ਅਤੇ ਲੁਧਿਆਣਾ ਵਿਚਕਾਰ ਬੱਸਾਂ ਚਲਾਉਣ ਲਈ ਕਿੰਨੇ ਰੂਟ ਪਰਮਿਟ ਦਿਤੇ;"

ਇਸ ਦਾ ਜਵਾਬ ਮੁੱਖ ਮੰਤਰੀ ਜੀ ਨੇ ਦਿਤਾ ਹੈ ਕਿ "ਕੋਈ ਨਵਾਂ ਪਰਮਿਟ ਮਨਜ਼ੂਰ ਨਹੀਂ ਕੀਤਾ ਗਿਆ।" ਇਸ ਵਿਚ ਨਵੇਂ ਬਾਰੇ ਤਾਂ ਮੈਂ ਸਵਾਲ ਨਹੀਂ ਸੀ ਪੁੱਛਿਆ। ਮੈਂ ਤਾਂ ਇਹ ਪੁਛਿਆ ਸੀ ਕਿ ਕਿਤਨੇ ਪਰਮਿੱਟ ਇਸ ਕੰਪਨੀ ਨੂੰ ਦਿੱਤੇ ਹਨ। ਸੋ, ਸਪੀਕਰ ਸਾਹਿਬ, ਜੇਕਰ ਇਸ ਤਰ੍ਹਾਂ ਦੇ ਜਵਾਬ ਹੀ ਇਥੇ ਮਿਲਣੇ ਹਨ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਸਵਾਲ ਕਰਨ ਦਾ ਕੋਈ ਫਾਇਦਾ ਨਹੀਂ ਹੈ। ਇਸ ਲਈ ਜੇਕਰ ਪਹਿਲਾਂ ਨਹੀਂ ਠੀਕ ਜਵਾਬ ਦਿੱਤਾ ਗਿਆ ਤਾਂ ਹੁਣ ਦੇ ਦੇਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਰੂਟ ਪਰਮਿੱਟ ਦਿਤੇ ਗਏ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :—

ਸਾਲ 1966 ਵਿਚ 13, ਸਾਲ 1970 ਵਿਚ 2 ਔਰ ਸਾਲ 1974 ਵਿਚ ਤਿੰਨ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਵੇਖ ਲਵੋ ਕਿ ਸਵਾਲ ਦਾ ਜਵਾਬ ਦੇਣ ਲਗਿਆਂ ਸਰਕਾਰ ਵਲੋਂ ਕਿਸ ਤਰ੍ਹਾਂ ਫੈਕਟਸ ਨੂੰ ਲੁਕਾਇਆ ਜਾਂਦਾ ਹੈ। ਸਵਾਲ ਤਾਂ ਇਹ ਹੈ ਕਿ ਕਿਤਨੇ ਰੂਟ ਪਰਮਿੱਟ ਦਿੱਤੇ ਹਨ, ਪਰ ਇਨ੍ਹਾਂ ਨੇ ਦੱਸਿਆ ਹੈ ਇਕ ਸਾਲ 13, ਇਕ ਸਾਲ ਦੋ ਔਰ ਫਿਰ ਇਕ ਸਾਲ ਵਿਚ ਤਿੰਨ। ਦੂਜੇ ਪਾਸੇ ਅੱਡਾ ਫੀਸ ਦੀ ਜੋ ਇਨ੍ਹਾਂ ਨੇ ਡੀਟੇਲ ਦਿੱਤੀ ਹੈ, ਉਸ ਨੂੰ ਵੀ ਵੇਖ ਲਵੋ। ਇਨ੍ਹਾਂ ਨੇ ਕਿਹਾ ਹੈ ਕਿ ਅੱਡਾ ਫੀਸ 1,333.00 ਰੁਪਏ ਅਤੇ 1,290 ਰੁਪਏ ਅਗੱਸਤ ਅਤੇ ਸਤੰਬਰ 1980 ਲਈ ਜਲੰਧਰ ਵਿਖੇ ਦਿੱਤੇ ਹਨ ਅਤੇ 1615.00 ਰੁਪਏ ਤੇ 1560.00 ਰੁਪਏ ਅਗਸਤ ਤੇ ਸਤੰਬਰ, 1980 ਲਈ ਲੁਧਿਆਣਾ ਵਿਖੇ ਦਿੱਤੇ ਹਨ। ਜਲੰਧਰ ਔਰ ਲੁਧਿਆਣਾ ਦੀ ਅੱਡਾ ਫੀਸ ਦਾ ਕਾਫੀ ਫਰਕ ਹੈ, ਇਸ ਦਾ ਮਤਲਬ ਹੈ ਕਿ ਕੁਝ ਵਾਧੂ ਟਰਿੱਪ ਲਗਾਏ ਗਏ ਹਨ। ਇਸ ਲਈ ਮੈਂ ਇਹ, ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਪਨੀ ਨੇ ਰੂਟ ਪਰਮਿੱਟ ਤੋਂ ਵਾਧੂ ਕਿਤਨੇ ਟਰਿੱਪ ਲਗਾਏ ਹਨ ?

ਸਪੀਕਰ ਸਾਹਿਬ, ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਬੱਸ ਟਰਾਸਪੋਰਟਰਜ਼ ਨੂੰ ਸ਼ਪੈਸ਼ਲ ਰੂਟਸ ਦਿਤੇ ਜਾਂਦੇ ਹਨ ਕਿ ਉਹ ਜਦੋਂ ਮਰਜ਼ੀ ਹੈ ਜਿਤਨੇ ਮਰਜ਼ੀ ਹੈ ਗੇੜੇ ਲਗਾ ਲਵੇ। ਇਸ ਤਰ੍ਹਾਂ ਉਹ ਇਕ ਇਕ ਪਰਮਿੱਟ ਤੇ ਦੋ ਦੋ ਬੱਸਾਂ ਚਲਾਉਂਦੇ ਹਨ। ਕੀ ਇਸ ਗੱਲ ਦੀ ਚੀਫ ਮਨਿਸਟਰ ਸਾਹਿਬ ਇਨਕੁਆਰੀ ਕਰਾਉਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਰਜ਼ ਹੈ ਕਿ ਜਿਹੜੇ ਜਲੰਧਰ ਔਰ ਲੁਧਿਆਣਾ ਦੇ ਅੱਡੇ ਹਨ, ਉਨ੍ਹਾਂ ਦੇ ਅੱਡਾ ਚਾਰਜ਼ਿਜ਼ ਵੱਖਰੇ ਵੱਖਰੇ ਹਨ। ਲੁਧਿਆਣਾ ਵਿਚ ਦੋ ਰੁਪਏ ਫੀ ਟਰਿਪ ਲਏ ਜਾਂਦੇ ਹਨ ਔਰ ਜਲੰਧਰ ਵਿਚ ਇਕ ਰੁਪਿਆ ਫੀ ਟਰਿਪ ਲਿਆ ਜਾਂਦਾ ਹੈ। ਇਸ ਕਰਕੇ ਹੀ ਅੱਡਾ ਫੀਸ ਵਿਚ ਫਰਕ ਹੈ। (ਇਸ ਸਮੇਂ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਲਈ ਆਗਿਆ ਮੰਗਣ ਲੱਗੇ)

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਪੂਰਾ ਜਵਾਬ ਨਹੀਂ ਆਇਆ ਹੈ । ਇਸ ਜਵਾਬ ਵਿੱਚੋਂ ਸਪਲੀਮੈਂਟਰੀ ਨਿਕਲਦੀ ਹੈ । ਇਸ ਲਈ ਕਿਸੇ ਹੋਰ ਨੂੰ ਸਪਲੀਮੈਂਟਰੀ ਕਰਨ ਦੀ ਅਜੇ ਇਜਾਜ਼ਤ ਨਾ ਦਿਆ ਜੇ, ਮੈਨੂੰ ਕਰ ਲੈਣ ਦਿਉ ਜੀ । (ਵਿਘਨ)

ਸਪੀਕਰ ਸਾਹਿਬ ਮੈਂ ਪੰਜਾਬ ਰੋਡਵੇਜ਼, ਲੁਧਿਆਣਾ ਬਾਰੇ ਔਰ ਪੰਜਾਬ ਰੋਡਵੇਜ਼ ਜਲੰਧਰ ਬਾਰੇ ਪੁਛਿਆ ਸੀ ਕਿ ਆਇਆ ਉਨ੍ਹਾਂ ਨੇ ਜਲੰਧਰ ਔਰ ਲੁਧਿਆਣਾ ਵਿਚਕਾਰ ਕੋਈ ਸਪੈਸ਼ਲ ਗੇੜਾ ਲਗਾਇਆ ਹੈ ? ਇਸ ਸਵਾਲ ਦਾ ਜਵਾਬ ਦਿਤਾ ਹੈ ਕਿ ਕੋਈ ਸਪੈਸ਼ਲ ਗੇੜਾ ਨਹੀਂ ਲਗਾਇਆ ਗਿਆ । ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਸਰਕਾਰੀ ਰੋਡਵੇਜ਼ ਤੋਂ ਸਿਵਾ ਹੋਰ ਟਰਾਂਸਪੋਰਟਰਾਂ ਨੇ ਕਿਤਨੇ ਗੇੜੇ ਸਪੈਸ਼ਲ ਲਗਾਏ ਹਨ ? ਸਪੀਕਰ ਸਾਹਿਬ, ਕੀ ਇਹ ਇਕ ਵੱਡੀ ਸਾਜ਼ਸ਼ ਨਹੀਂ ਹੈ ਕਿ ਪ੍ਰਾਈਵੇਟ ਕੰਪਨੀਆਂ ਵਾਲੇ ਘੱਟੋ ਘਟ ਪੰਜ ਛੇ ਸਪੈਸ਼ਲ ਗੇੜੇ ਇਸ ਰੂਟ ਤੇ ਲਗਾਉਂਦੇ ਹਨ ਪਰ ਪੰਜਾਬ ਰੋਡਵੇਜ਼ ਕੋਈ ਗੇੜਾ ਨਹੀਂ ਲਗਾਉਂਦੀ ਇਸ ਦਾ ਕੀ ਕਾਰਣ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੱਤਾ ਹੈ ਕਿ ਕੋਈ ਨਵਾਂ ਗੇੜਾ ਨਹੀਂ ਲਾਇਆ ਜਾਂਦਾ । ਜੋ ਮਨਜ਼ੂਰ ਹਨ ਉਹ ਹੀ ਲਗਾਏ ਜਾਂਦੇ ਹਨ ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਿਊ ਸਤਲੁਜ ਟਰਾਂਸਪੋਰਟ ਵੱਲੋਂ ਜਲੰਧਰ–ਲੁਧਿਆਣਾ ਵਿਚਕਾਰ, ਨਵਾਂ-ਸ਼ਹਿਰ-ਲੁਧਿਆਣਾ ਵਿਚਕਾਰ ਔਰ ਲੁਧਿਆਣਾ– ਨੂਰਮਹਿਲ ਵਿਚਕਾਰ ਦੇ ਰੂਟਾਂ ਤੇ ਰੋਜ਼ ਕਿਤਨੇ ਟਾਇਮ ਅਵੇਲ ਕੀਤੇ ਜਾਂਦੇ ਹਨ ?

ਮੁੱਖ ਮੰਤਰੀ: ਇਹ ਨਵਾਂ ਸਵਾਲ ਹੈ ਜੀ । ਇਸ ਦੀ ਇਨਫਰਮੇਸ਼ਨ ਜੇਕਰ ਇਹ ਕਹਿਣ ਤ ਕੁਲੈਕਟ ਕਰਕੇ ਦੇ ਦਿਆਂਗਾ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਕ ਡੱਬਵਾਲੀ ਟਰਾਂਸਪੋਰਟ ਕੰਪਨੀ ਬਠਿੰਡਾ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਕੰਪਨੀ ਨੂੰ ਕਿਤਨੇ ਰੂਟ ਪਰਮਿੱਟ ਮਿਲੇ ਹਨ ? ਇਹ ਕੰਪਨੀ ਪਹਿਲਾਂ ਨੈਸ਼ਨੇਲਾਈਜ਼ ਹੋ ਗਈ ਸੀ ਫਿਰ ਡੀ-ਨੈਸ਼ਨੇਲਾਈਜ਼ ਹੋ ਗਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਵੱਲ ਸਰਕਾਰੀ ਡਿਊਜ਼ ਕਿਤਨੇ ਹਨ ।

ਮੁੱਖ ਮੰਤਰੀ: ਇਹ ਇਨਫਰਮੇਸ਼ਨ ਇਸ ਵੇਲੇ ਮੇਰੇ ਪਾਸ ਨਹੀਂ ਹੈ । ਜੇਕਰ ਤੁਸੀਂ ਇਸ ਬਾਰੇ ਸੈਪੇਰੇਟ ਨੋਟਿਸ ਦੇ ਦਿਉਗੇ, ਤਾਂ ਮੈਂ ਜ਼ਰੂਰ ਜਵਾਬ ਦੇ ਦਿਆਂਗਾ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ । ਜਿਸ ਤਰ੍ਹਾਂ ਮਾਨਯੋਗ ਮੈਂਬਰ ਸਾਹਿਬ ਇਸ ਸਵਾਲ ਤੇ ਸਪਲੀਮੈਂਟਰੀਜ਼ ਕਰ ਰਹੇ ਹਨ ਇਸ ਤੋਂ ਸਾਫ ਪਤਾ ਲਗਦਾ ਹੈ ਕਿ ਸ਼ਾਇਦ ਵਾਕਿਆ ਹੀ ਟਰਾਂਸਪੋਰਟ ਵਿਚ ਧਾਂਧਲੀ ਮਚੀ ਹੋਈ ਹੈ । ਸ਼ਇਦ ਪ੍ਰਾਈਵੇਟ ਟਰਾਂਸਪੋਰਟਰਜ਼ ਦੀ ਕਿਸੇ ਡਿਪੂ ਮੈਨੇਜਰ ਨੇ ਜਾਂ ਕਿਸੇ ਹੋਰ ਅਫਸਰ ਨੇ ਕਦੇ ਪੜਤਾਲ ਨਹੀਂ ਕੀਤੀ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਉਨ੍ਹਾਂ ਦੀ ਪੜਤਾਲ ਕਰਕੇ ਮੁਖ ਮੰਤਰੀ ਜੀ ਇਸੇ ਸ਼ੈਸ਼ਨ ਵਿਚ ਮੁਕੰਮਲ ਰਿਪੋਰਟ ਹਾਊਸ ਵਿਚ ਪੇਸ਼ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਗਰ ਇਹ ਇਸ ਦੇ ਬਾਰੇ ਹੋਰ ਵਜ਼ਾਹਤ ਚਾਹੁੰਦੇ ਹਨ ਤਾਂ ਵਜ਼ਾਹਤ ਦਿੱਤੀ ਜਾਵੇਗੀ ਜੀ ।

GRANT OF BUS PERMITS TO THE PRIVATE TRANSPORTERS IN THE STATE

*482. **Shri Ram Lal Chitti.**—Will the Chief Minister be pleased to state :—

(a) the total number of the bus permits with the private transporters as on 31st December, 1980 in the State;

(b) the number of permits granted on regular basis and temporary basis separately during the year 1979- 80;

(c) the date since when the present temporary permits have been in force;

(d) the period for which the temporary permit is granted and the criterion for its renewal .

(e) whether the performance of a permit holder is taken into consideration while renewing the temporary permits and the regular permits;

(f) the reasons for continuing the practice of granting the temporary permits ?

ਸਰਦਾਰ ਦਰਬਾਰਾ ਸਿੰਘ : (ੳ) 2209

(ਅ) (1) ਰੈਗੂਲਰ ਕੋਈ ਨਹੀਂ

(2) ਆਰਜ਼ੀ : 243

(ੲ) ਅਕਤੂਬਰ, 1978

(ਸ) ਚਾਰ ਮਹੀਨੇ ਤੱਕ: ਨਵਿਆਉਣ ਕੰਪਨੀ ਦੀ ਕਾਰਗੁਜ਼ਾਰੀ ਲਗਾਤਾਰ ਮੋਟਰ ਵਹੀਕਲਜ਼ ਟੈਕਸ ਦੀ ਅਦਾਇਗੀ ਅਤੇ ਪਬਲਿਕ ਦੀ ਮੰਗ ਨੂੰ ਮੁੱਖ ਰਖ ਕੇ ਕੀਤਾ ਜਾਂਦਾ ਹੈ ।

(ਹ) ਹਾਂ, ਜੀ ;

(ਕ) ਰਾਜ ਸਰਕਾਰ ਦੀ ਪੈਸੰਜਰ ਰੋਡ ਟਰਾਂਸਪੋਰਟ ਪਾਲਸੀ ਦੇ ਮੁਕੰਮਲ ਹੋਣ ਤਕ ਆਰਜ਼ੀ ਪਰਮਿਟ ਦਿਤੇ ਗਏ ਸਨ ।

ਸ਼੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 2209 ਪਰਮਿਟ ਦਿਤੇ ਗਏ ਹਨ ਔਰ ਇਕ ਇਨ੍ਹਾਂ ਨੇ ਦਸਿਆ ਹੈ ਕਿ 243 ਟੈਂਪਰੇਰੀ ਪਰਮਿਟ ਦਿਤੇ ਗਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਾਧੂ ਪਰਮਿਟਾਂ ਤੇ ਬੱਸਾਂ ਚਲਦੀਆਂ ਹਨ, ਕੀ ਉਨ੍ਹਾਂ ਨੂੰ ਰੈਗੂਲਰ ਪਰਮਿੱਟ ਦਿੱਤੇ ਗਏ ਹਨ ਜਾਂ ਟੈਂਪਰੇਰੀ ਦਿਤੇ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਤਾਂ ਪਤਾ ਨਹੀਂ ਹੈ ਕਿ ਕਿਹੜੇ ਪਰਮਿੱਟਾਂ ਤੇ ਵਾਧੂ ਬੱਸਾਂ ਚਲਾਉਂਦੇ ਹਨ । ਜੇਕਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਚੀਜ਼ ਹੈ ਤਾਂ ਇਹ ਮੈਨੂੰ ਦੱਸ ਦੇਣ ਜ਼ਰੂਰ ਪੜਤਾਲ ਕਰ ਲਵਾਂਗੇ । ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਨੂੰ ਪੂਰਾ ਕਰਨ ਵਾਸਤੇ ਟੈਂਪਰੇਰੀ ਪਰਮਿੱਟ ਦਿੱਤੇ ਜਾਂਦੇ ਹਨ । ਇਹ ਚਾਰ-ਚਾਰ ਮਹਿਨਿਆਂ ਵਾਸਤੇ ਵੈਲਿਡ ਹੁੰਦੇ ਹਨ ।

ਸ੍ਰੀ ਰਾਮ ਲਾਲ ਵਿੱਟੀ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 243 ਪਰਮਿਟ ਅਕਤੂਬਰ, 1978 ਤੱਕ ਦੇ ਹਨ ਔਰ ਇਹ ਪਰਮਿਟ ਚਾਰ-ਚਾਰ ਮਹਿਨਿਆਂ ਬਾਅਦ ਰਿਨਿਊ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਪਰਮਿਟ ਰੈਗੂਲਰ ਬੇਸਿਜ਼ ਤੇ ਕਿਉਂ ਨਹੀਂ ਦਿੱਤੇ ਜਾਂਦੇ, ਚਾਰ ਚਾਰ ਮਹਿਨਿਆਂ ਬਾਅਦ ਰਿਨਿਊ ਕਰਨ ਦਾ ਕੀ ਕਾਰਣ ਹੈ ? ਪ੍ਰਾਈਵੇਟ ਕੰਪਨੀਆਂ ਵਾਲੇ ਇਸ ਤਰ੍ਹਾਂ ਨਾਲ ਹਰ ਚਾਰ ਚਾਰ ਮਹੀਨੇ ਬਾਅਦ ਸੈਕਟਰੀਜ਼ ਦੇ ਔਰ ਟਰਾਂਸਪੋਰਟ ਦੇ ਹੋਰ ਅਫਸਰਾਂ ਦੇ ਤਰਲੇ ਕਿਉਂ ਕਰਦੇ ਰਹਿਣ, ਕਿਉਂ ਨਾ ਉਨ੍ਹਾਂ ਨੂੰ ਰੈਗੂਲਰ ਬੇਸਿਜ਼ ਤੇ ਸਰਕਾਰ ਪਰਮਿਟ ਦੇ ਦੇਵੇ ?

ਮੁੱਖ ਮੰਤਰੀ : ਟੈਂਪਰੇਰੀ ਪਰਮਿਟ ਕਾਫੀ ਸਮੇਂ ਤੋਂ ਦਿੱਤੇ ਜਾ ਰਹੇ ਹਨ । ਜਿਹੜਾ ਸਰਕਾਰ ਨੇ ਟਰਾਂਸਪੋਰਟ ਨੂੰ ਲਗਾਤਾਰ ਨੈਸ਼ਨੇਲਾਈਜ਼ ਕਰਨਾ ਹੈ, ਉਸ ਚੀਜ਼ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਆਰਜ਼ੀ ਤੌਰ ਤੇ ਪਰਮਿਟ ਦਿੱਤੇ ਜਾਂਦੇ ਹਨ । ਅਗਰ ਪੱਕੇ ਤੌਰ ਤੇ ਦੋ ਤਿੰਨ ਸਾਲ ਵਾਸਤੇ ਦਿੱਤੇ ਜਾਣ ਫਿਰ ਸਰਕਾਰ ਉਨ੍ਹਾਂ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਕੋਈ ਕਾਰਵਾਈ ਨਹੀਂ ਕਰ ਸਕਦੀ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੁੱਖ ਮੰਤਰੀ ਨੇ ਦਸਿਆ ਹੈ ਕਿ 2209 ਪਰਮਿਟਸ ਦਿੱਤੇ ਗਏ ਔਰ ਉਨ੍ਹਾਂ ਵਿਚ 243 ਆਰਜ਼ੀ ਦਿੱਤੇ ਗਏ ਹਨ। ਮੈਂ ਇਹ ਪੁੱਛਦਾ ਹਾਂ ਕਿ ਇਨ੍ਹਾਂ ਪਰਮਿਟਸ ਵਿਚ ਜਿਹੜੀ ਸ਼ੈਡਿਊਲਡ ਕਾਸਟਸ ਲਈ 25% ਦੀ ਰਿਜ਼ਰਵੇਸ਼ਨ ਹੈ, ਕੀ ਇਹ ਉਨ੍ਹਾਂ ਨੂੰ ਮੁਕੰਮਲ ਦਿੱਤੀ ਗਈ ਹੈ ?

ਮੁੱਖ ਮੰਤਰੀ : ਇਸ ਲਈ ਇਹ ਵੱਖਰਾ ਸਵਾਲ ਕਰ ਦੇਣ'ਤੇ ਜਵਾਬ ਦਿਤਾ ਜਾ ਸਕਦਾ ।

ਮਾਸਟਰ ਬਾਬੂ ਸਿੰਘ : ਜਿਹੜਾ ਬੱਸਾਂ ਦਾ 21 ਜਨਵਰੀ ਨੂੰ ਘਿਰਾਓ ਹੋਇਆ ਸੀ ਔਰ ਇਸ ਤੋਂ ਬਾਅਦ ਇਨ੍ਹਾਂ ਬਸਾਂ ਨੂੰ ਨੈਸ਼ਨੇਲਾਈਜ਼ ਕਰਨ ਲਈ ਇਥੇ ਹਾਊਸ ਵਿਚ ਮਤਾ ਵੀ ਪਾਸ ਕੀਤਾ ਗਿਆ ਸੀ, ਇਸ ਨੂੰ ਮੁੱਖ ਰਖਦੇ ਹੋਏ ਕੀ ਇਹ ਅਸ਼ੋਅਰ ਕਰਨਗੇ ਕਿ ਫਰਵਰੀ ਤੋਂ ਬਾਅਦ ਕਿਸੇ ਪ੍ਰਾਈਵੇਟ ਟਰਾਂਸਪੋਰਟਰ ਨੂੰ ਪਰਮਿਟ ਨਹੀਂ ਦਿਤਾ ਜਾਏਗਾ ?

ਮੁੱਖ ਮੰਤਰੀ : ਘੇਰਾਓ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਭਰੋਸਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਸਾਂ ਦਾ ਨੈਸ਼ਨੇਲਾਈਜੇਸ਼ਨ ਦਾ ਮਤਾ ਪਾਸ ਹੋਇਆ ਹੈ ਇਸ ਵਾਸਤੇ ਕੀ ਇਹ ਕੋਈ ਮੁਕੰਮਲ ਡੈਡ ਲਾਈਨ ਮੁਕੱਰਰ ਕਰ ਦੇਣਗੇ ਔਰ ਨਵੇਂ ਰੂਟ ਪਰਮਿਟ ਨਹੀਂ ਦਿੱਤੇ ਜਾਣਗੇ ?

ਮੁੱਖ ਮੰਤਰੀ : ਪਹਿਲੇ ਤੁਸੀਂ ਆਪਸ ਵਿਚ ਸਲਾਹ ਕਰ ਲਵੋਂ, ਫਿਰ ਮੈਨੂੰ ਦਸ ਦੇਣਾ । (ਹਾਸਾ)

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਕੰਪਨੀਆਂ ਨੂੰ ਰੂਟ ਪਰਮਿਟ ਦਿੱਤੇ ਹੋਏ ਹਨ ਉਨ੍ਹਾਂ ਵਿਚ ਕਿਨੀਆਂ ਅਜਿਹੀਆਂ ਕੰਪਨੀਆਂ ਹਨ ਜਿਹੜੀਆਂ ਰਜਿਸਟਰ ਨਹੀਂ ਹੋਈਆਂ ?

ਮੁੱਖ ਮੰਤਰੀ : ਇਨ੍ਹਾਂ ਦਾ ਸਵਾਲ ਤਾਂ ਇਸ ਵਿਚੋਂ ਉਠਦਾ ਨਹੀਂ। ਲੇਕਿਨ ਐਸੀ ਕੋਈ ਕੰਪਨੀ ਸੜਕ ਤੇ ਚਲ ਨਹੀਂ ਸਕਦੀ ਜਿਹੜੀ ਕਿ ਰਜਿਸਟਰ ਨਾ ਹੋਵੇ ।

ਸ਼੍ਰੀ ਗੁਰਦਿਆਲ ਸੈਣੀ : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਮਿੰਨੀ ਬਸਾਂ ਜਿਹੜੀਆਂ ਪੰਜਾਬ ਵਿਚ ਚਲ ਰਹੀਆਂ ਹਨ, ਉਹ ਪੈਸੰਜਰ ਟੈਕਸ ਨਹੀਂ ਦਿੰਦੀਆਂ ਕੀ ਸਰਕਾਰ ਉਨ੍ਹਾਂ ਨੂੰ ਚੈਕ ਕਰਨ ਦਾ ਕੋਈ ਪ੍ਰਬੰਧ ਕਰੇਗੀ ?

ਮੁੱਖ ਮੰਤਰੀ : ਅਸੀਂ ਐਡਮਨਿਸਟਰੇਸ਼ਨ ਨੂੰ ਇਸ ਲਈ ਕਹਿ ਦਿਤਾ ਹੈ ਕਿ ਹਰ ਇਕ ਬਸ ਚੈਕ ਕਰੋ। ਅਗਰ ਉਹ ਪਬਲਿਕ ਵਹੀਕਲ ਹੋਵੇ ਤਾਂ ਬਗੈਰ ਟੈਕਸ ਦੇ ਸੜਕ ਤੇ ਨਹੀਂ ਆ ਸਕਦੀ।

ਪੰਡਿਤ ਸਰਵਨ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਜਿਹੜੀਆਂ ਕੰਪਨੀਆਂ ਦੀਆਂ ਬਸਾਂ ਚਲ ਰਹੀਆਂ ਹਨ, ਉਨ੍ਹਾਂ ਵਿਚ ਬਾਦਲ ਸਾਹਿਬ ਦੀਆਂ ਕਿੰਨੀਆਂ ਕੰਪਨੀਆਂ ਹਨ ?

Mr. Speaker : It is not relevant.

STARRED QUESTION NO. 514*

Mr. Speaker : Extension has been askd for in respect of Starred Question No. 514.

CIVIL COURT AT SAMANA

***484. Shri Sant Ram Singla:** Will the Chief Minister be pleased to state whether the Government proposes to establish a Civil Court at Samana Sub Division; if so, the approximate time by which it is likely to be set up?

ਸਰਦਾਰ ਦਰਬਾਰਾ ਸਿੰਘ : ਨਹੀ, ਜੀ ।

ਸ਼੍ਰੀ ਸੰਤ ਰਾਮ ਸਿੰਗਲਾ : ਸਪੀਕਰ ਸਾਹਿਬ, ਸਮਾਣੇ ਦਾ ਇਲਾਕਾ ਬਹੁਤ ਬੈਕਵਰਡ ਇਲਾਕਾ ਹੈ ਸਮਾਣਾ ਪਟਿਆਲਾ ਰੂਟ ਵੀ Nationalised ਹੈ। ਬਸ ਸਰਵਿਸ ਵੀ ਬਹੁਤ ਨਾਕਸ ਹੈ । ਸਿਵਾਏ ਪੀ. ਆਰ. ਟੀ. ਸੀ. ਦੇ ਹੋਰ ਕੋਈ ਬੱਸ ਨਹੀ ਚਲਦੀ ਅਤੇ ਇਸ ਸਬ ਡਵੀਜਨ ਵਿਚ ਸ਼ਤਰਾਣਾ ਹਲਕਾ ਵੀ ਪੈਂਦਾ ਹੈ ਲੋਕਾਂ ਨੂੰ ਪੇਸ਼ੀਆਂ ਤੇ ਜਾਣ ਵਾਸਤੇ ਬਹੁਤ ਖਰਚ ਕਰਨਾ ਪੈਂਦਾ ਹੈ । ਉਥੇ ਇਹ ਦੀਵਾਨੀ ਅਦਾਲਤ ਸਥਾਪਤ ਕਰਨ ਲਈ ਬਹੁਤ ਜਿਆਦਾ ਜਗ੍ਹਾ ਦੀ ਵੀ ਲੋੜ ਨਹੀਂ । ਕੀ ਮੁੱਖ ਮੰਤਰੀ ਸਾਹਿਬ, ਉਥੋਂ ਦੇ ਲੋਕਾਂ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਉਥੇ ਦੀਵਾਨੀ ਅਦਾਲਤ ਖੋਲ੍ਹਣ ਦਾ ਕੋਈ ਪ੍ਰਬੰਧ ਕਰਨਗੇ ? ਇਸ ਤੇ ਕੋਈ ਜ਼ਿਆਦਾ ਖਰਚ ਵੀ ਨਹੀਂ ਆਉਣਾ । ਕੇਵਲ ਇਕ ਕਚਿਹਰੀ ਲਈ ਦਫਤਰ ਅਤੇ ਮਕਾਨ ਦੀ ਲੋੜ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ ਇਹ ਸਵਾਲ ਪਹਿਲੇ ਵੀ ਨੋਟਿਸ ਵਿਚ ਆਇਆ ਸੀ ਕਿ ਉਥੋਂ ਦੇ ਲੋਕਾਂ ਨੂੰ ਛੋਟੀ ਛੋਟੀ ਲਿਟੀਗੇਸ਼ਨ ਵਾਸਤੇ ਪਟਿਆਲੇ ਜਾਣਾ ਪੈਂਦਾ ਹੈ। ਇਸ ਲਈ ਸਮਾਣਾ ਵਿਖੇ ਇਹ ਅਦਾਲਤ ਖੋਲ੍ਹਣ ਲਈ ਹਾਈ ਕੋਰਟ ਨੂੰ ਐਪਰੋਚ ਕੀਤਾ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਸਮਾਣਾ ਵਿਖੇ ਸਬ-ਜਜ-ਕਮ ਜੁਡੀਸ਼ੀਅਲ ਕੋਰਟ ਉਥੇ ਬਣਾ ਦਿੱਤੀ ਜਾਵੇ । ਪਰ ਹਾਈ ਕੋਰਟ ਨੇ ਇਸ ਪਰਪੋਜ਼ਲ ਨੂੰ ਡਰਾਪ ਕਰ ਦਿੱਤਾ ਸੀ। ਅਸੀਂ ਹੁਣ ਫਿਰ ਹਾਈ ਕੋਰਟ ਨੂੰ ਅਪਰੋਚ ਕਰਾਂਗੇ। ਇਸ

*For Starred Question No. 514 and reply thereto please see Debate dated the 24th February, 1981

ਲਈ ਕੰਪਲੈਕਸ ਬਣਾਉਣ ਤੇ 2-3 ਲੱਖ ਰੁਪਏ ਦਾ ਖ਼ਰਚ ਆਇਗਾ ਅਤੇ ਫਿਰ 40 ਹਜ਼ਾਰ ਪਰ ਐਨਮ ਖ਼ਰਚ ਕਰਨਾ ਪਵੇਗਾ। ਪਰ ਅਸੀਂ ਫਿਰ ਵੀ ਲੋਕਾਂ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਹਾਈ ਕੋਰਟ ਨੂੰ ਅਪਰੋਚ ਕਰਾਂਗੇ।

ਸਰਦਾਰ ਅਵਤਾਰ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਮਾਣਾ ਦੀ ਤਰ੍ਹਾਂ ਹੀ ਤਲਵੰਡੀ ਸਾਬੋ ਵੀ ਸਬ-ਡਵੀਜਨ ਬਣੀ ਸੀ। ਉਥੇ ਪਿਛਲੇ ਸਾਲ ਸਿਵਲ ਕੋਰਟ ਲਈ ਕੰਪਲੈਕਸ ਬਣਾਉਣ ਵਾਸਤੇ ਪੈਸੇ ਦੀ ਅਲਾਟਮੈਂਟ ਵੀ ਕੀਤੀ ਗਈ ਸੀ। ਪਰ ਉਹ ਹੁਣ ਤਕ ਨਹੀਂ ਬਣੀ ਜਿਸ ਕਾਰਣ ਲੋਕਾਂ ਨੂੰ ਬਹੁਤ ਤਕਲੀਫ ਹੋ ਰਹੀ ਹੈ। ਕੀ ਮੁੱਖ ਮੰਤਰੀ ਸਾਹਿਬ ਉਥੇ ਵੀ ਜਗ੍ਹਾ ਐਕਵਾਇਰ ਕਰਕੇ ਇਹ ਕੰਪਲੈਕਸ ਬਣਾਉਣਗੇ ?

ਮੁੱਖ ਮੰਤਰੀ : ਜਗ੍ਹਾ ਐਕੁਆਇਰ ਕਰਨ ਤੋਂ ਬਾਅਦ ਕੰਮ ਸ਼ੁਰੂ ਕੀਤਾ ਜਾਵੇਗਾ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਖੰਨਾ ਸ਼ਹਿਰ ਦੀ 60 ਹਜ਼ਾਰ ਦੀ ਪਾਪੂਲੇਸ਼ਨ ਹੈ ਅਤੇ ਏਸ਼ੀਆ ਦੀ ਵੱਡੀ ਗਰੇਨ ਮਾਰਕੀਟ ਹੈ। ਉਹ ਵੀ ਨਵੀਂ ਸਬ-ਡਵੀਜਨ ਬਣੀ ਹੈ। ਉਥੇ ਕੋਈ ਜੁਡੀਸ਼ਲ ਕੋਰਟ ਨਹੀ ਹੈ। ਪਿਛਲੇ ਸ਼ੈਸ਼ਨ ਵਿਚ ਜਦੋਂ ਇਸ ਬਾਰੇ ਅਸੀਂ ਕਿਹਾ ਸੀ ਤਾਂ ਇਹ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਜਲਦੀ ਹੀ ਸਬ ਜੱਜ ਭੇਜਿਆ ਜਾਵੇਗਾ। ਖੰਨਾ ਏਰੀਆ ਦੇ ਤਕਰੀਬਨ 70% ਕੇਸਿਜ਼ ਚਲਦੇ ਹਨ ਅਤੇ ਕਾਫੀ ਸਮਾਂ ਸਫਰ ਕਰਕੇ ਸਮਰਾਲੇ Court ਜਾਣਾ ਪੈਂਦਾ ਹੈ। ਖੰਨਾ ਮਿਊਂਸਪਲ ਕਮੇਟੀ ਨੇ ਇਸ ਕੰਮ ਲਈ ਆਫਿਸ ਔਰ ਰੈਜ਼ੀਡੈਂਸ਼ਲ ਜਗ੍ਹਾਂ ਵੀ ਦੇਣ ਲਈ ਮਤਾ ਪਾਸ ਕਰ ਚੁਕੀ ਹੈ। ਔਰ ਇਹ ਮਤਾ ਹਾਈ ਕੋਰਟ ਨੂੰ ਵੀ ਭੇਜ ਚੁਕੀ ਹੈ। ਕੀ ਚੀਫ ਮਨਿਸਟਰ ਸਾਹਿਬ ਉਥੇ ਜੁਡੀਸ਼ੀਅਲ ਕੋਰਟ ਖੋਲ੍ਹਣ ਦਾ ਪ੍ਰਬੰਧ ਕਰਨਗੇ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਨਾਲ ਤਾਲ-ਮੇਲ ਕਰਕੇ ਇਸ ਨੂੰ ਨੇਪਰੇ ਚੜ੍ਹਾਉਣਗੇ ?

ਮਾਲ ਮੰਤਰੀ : ਸਪੀਕਰ ਸਾਹਿਬ, ਖੰਨਾ ਬਾਰੇ ਜੋ ਸਵਾਲ ਉਠਾਇਆ ਗਿਆ ਹੈ, ਇਸ ਦਾ ਸਬੰਧ ਮੇਰੇ ਮਹਿਕਮੇ ਨਾਲ ਹੈ। ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਖੰਨਾ ਵਿਖੇ ਇਸ ਸਬੰਧ ਵਿਚ ਜਿਹੜਾ ਕੰਪਲੈਕਸ ਬਣਾਉਣ ਵਾਸਤੇ ਜਗ੍ਹਾਂ ਲਈ ਗਈ ਸੀ, ਉਹ ਬਹੁਤ ਥੋੜੀ ਸੀ। ਉਸ ਨਾਲ ਸਿਰਫ ਐਸ. ਡੀ. ਐਮ. ਦਾ ਦਫਤਰ ਹੀ ਬਣ ਸਕਦਾ ਸੀ। ਜੁਡੀਸ਼ੀਅਲ ਮੈਜਿਸਟਰੇਟ ਲਈ ਜਗ੍ਹਾ ਨਹੀਂ ਸੀ। ਹੁਣ ਇਸ ਕੇਸ ਨੂੰ ਦੁਬਾਰਾ ਰਿਵੀਊ ਕੀਤਾ ਗਿਆ ਹੈ ਅਤੇ ਜ਼ਿਆਦਾ ਜਗ੍ਹਾ ਲੈ ਕੇ ਜੁਡੀਸ਼ੀਅਲ ਸਬ-ਜੱਜ ਵੀ ਉਥੇ ਬਿਠਾਇਆ ਜਾਵੇਗਾ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸਮਾਣਾ ਵਿਖੇ ਦਿਵਾਨੀ ਅਦਾਲਤ ਖੋਲ੍ਹਣ ਲਈ 2-3 ਲੱਖ ਰੁਪਏ ਖ਼ਰਚ ਹੋਵੇਗਾ। ਇਸ ਸਬੰਧ ਵਿਚ ਸਿੰਗਲਾ ਸਾਹਿਬ ਨੂੰ ਵੀ ਜਾਣਕਾਰੀ ਹੋਵੇਗੀ ਕਿ ਇਸ ਸਬੰਧ ਵਿਚ ਜਦੋਂ ਹਾਈ ਕੋਰਟ ਨੂੰ ਮੂਵ ਕੀਤਾ ਗਿਆ ਸੀ ਤਾਂ ਸਰਕਾਰ ਨੇ ਜੱਜ ਲਈ ਰੈਜ਼ੀਡੈਂਸ਼ਲ ਕੁਆਰਟਰ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹਾਈ ਕੋਰਟ ਨੇ ਕਚਹਿਰੀ ਉਥੇ ਬਣਾਉਣ ਲਈ ਮੰਨ ਲਿਆ, ਪਰ ਸਰਕਾਰ ਨੇ ਜੱਜ ਲਈ ਕੁਆਟਰ ਦੇਣਾ ਨਾ ਮੰਨਿਆ ਔਰ ਹਾਈ ਕੋਰਟ ਨੇ ਜੱਜ ਨੂੰ ਪ੍ਰਾਈਵੇਟ ਕੁਆਰਟਰ ਵਿਚ ਰਹਿਣ ਲਈ ਇਜ਼ਾਜਤ ਨਾ ਦਿੱਤੀ। ਇਸ ਕਰਕੇ ਇਹ ਕੇਸ ਹੁਣ ਤਕ ਰੁਕਿਆ ਪਿਆ ਹੈ। ਜੇ ਸਾਡੀ ਸਰਕਾਰ ਉਸ ਲਈ ਰੈਜ਼ੀਡੈਂਸ਼ਲ ਕੁਆਟਰ ਦਾ ਪ੍ਰਬੰਧ ਕਰ ਦੇਵੇ ਤਾਂ ਉਥੇ ਕਚਿਹਰੀ ਬਣ ਸਕਦੀ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਲਈ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਦੇਖ ਲਵਾਂਗੇ ।

Mr. Speaker : Question Hour is over. The remaining questio ns shall be deemed to have been answered under Rule 38 of the Rules of Procedure and Conduct of Business in the Punjab Vidhan Sabha. (Punjab Legislative Assembly)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

POLICE FIRING IN VILLAGE VALE, DISTRICT AMRITSAR

*536. (1) **Comrade Sohan Singh**

(2) **Comrade Baldev Singh Loomba:** Will the Chief Minister be pleased to state whether he received a telegram on 19th November, 1980 from a legislator regarding Police firing in Village Vale, District Amritsar; if so, the action taken/proposed to be taken thereon ?

ਸਰਦਾਰ ਦਰਬਾਰਾ ਸਿੰਘ : ਹਾਂ, ਜੀ ।

ਇਸ ਮਾਮਲੇ ਦਾ ਸਬੰਧ ਮੁਕੱਦਮਾ ਨੰ: 814, ਮਿਤੀ 9-11-1980 ਅਧੀਨ ਧਾਰਾ 452/506/356 ਆਈ. ਪੀ. ਸੀ. ਥਾਣਾ ਸਦਰ ਅੰਮ੍ਰਿਤਸਰ ਨਾਲ ਹੈ । ਜਿਸ ਵਿਚ 2 ਹਰੀਜਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਪਿੰਡ ਵੱਲਾ ਗਈ ਸੀ । ਐਡੀਸ਼ਨਲ ਪੁਲਿਸ ਕਪਤਾਨ ਦੀ ਪੜਤਾਲ ਅਨੁਸਾਰ ਤਾਰ ਵਿਚ ਲਾਏ ਗਏ ਸਾਰੇ ਦੋਸ਼ ਬੇ-ਬੁਨਿਆਦ ਸਾਬਤ ਹੋਏ ਹਨ ।

PERSONS ARRESTED IN THE ANTI-SMUGGLING DRIVE IN THE STATE

*258. **Master Babu Singh :** Will the Chief Minister be pleased to state:

(a) the total number of persons arrested in the State, district-wise, by police in the anti-smuggling drive during the period from 1st August, 1980 todate,

(b) the total quantity of Opium, illicit liquor and the total numbe r of fire arms recovered from the arrested persons referred to in para (a) above ?

ਸਰਦਾਰ ਦਰਬਾਰਾ ਸਿੰਘ : (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ; ਜੀ ।

(ਅ) ਅਫੀਮ	ਨਾਜਾਇਜ਼ ਸ਼ਰਾਬ	ਅਸਲਾ
22 ਕੁਵਿੰਟਲ 33 ਕਿ: 137 ਗ:	82,628 ਲਿਟਰ, 637 ਮਿ: ਲਿਟਰ	884

ਸੂਚੀ

ਰਾਜ ਵਿਚ ਸਮੱਗਲਿੰਗ ਵਿਰੁੱਧ ਮੁਹਿੰਮ ਵਿਚ ਮਿਤੀ 1-8-1980 ਤੋਂ 30-11-1980 ਤਕ ਗ੍ਰਿਫ਼ਤਾਰ ਕੀਤੇ ਗਏ ਵਿਅੱਕਤੀਆਂ ਦੀ ਸੂਚੀ ਜ਼ਿਲ੍ਹਾਵਾਰ :-

ਕ੍ਰਮ ਨੰ:	ਜ਼ਿਲ੍ਹੇ ਦਾ ਨਾਮ		ਵਿਅੱਕਤੀ ਗ੍ਰਿਫ਼ਤਾਰ
1.	ਫਿਰੋਜ਼ਪੁਰ	..	1799
2	ਜਲੰਧਰ	..	1495
3.	ਬਠਿੰਡਾ	..	973
4.	ਕਪੂਰਥਲਾ	..	414
5.	ਹੁਸ਼ਿਆਰਪੁਰ	..	500
6.	ਅੰਮ੍ਰਿਤਸਰ	..	2271
7.	ਰੋਪੜ	..	48
8.	ਲੁਧਿਆਣਾ	..	1074
9.	ਪਟਿਆਲਾ	..	1017
10.	ਸੰਗਰੂਰ	..	543
11.	ਗੁਰਦਾਸਪੁਰ	..	132
12.	ਫਰੀਦਕੋਟ	..	1549
	ਕੁਲ ਜੋੜ		11815

CONSTRUCTION OF BRIDGE OF TANGRI NADI ON JULKAN-OJHAN ROAD, IN DISTRICT PATIALA

***519. Sardarni Jasdev Kaur Sandhu** :—Will the Chief Minister be pleased to state the date when the construction of the bridge of Tangri Nadi on Julkan-Ojhan Road in District Patiala was started and the time by which it is likely to be completed ?

ਸਰਦਾਰ ਦਰਬਾਰਾ ਸਿੰਘ : ਇਸ ਪੁਲ ਦੀ ਬਣਤਰ ਦਾ ਕੰਮ 25-2-1974 ਨੂੰ ਹੱਥ ਵਿਚ ਲਿਆ ਗਿਆ ਸੀ ਅਤੇ ਇਸ ਕੰਮ ਦੇ 1981-82 ਦੇ ਮਾਲੀ ਸਾਲ ਦੇ ਅਖੀਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ, ਜੇਕਰ ਬਣਤਰ ਲਈ ਸਮੱਗਰੀ ਮਿਲਦੀ ਰਹੀ ।

BRICK LINING OF BANUR CANAL

***237. Master Chand Singh :** Will the Chief Minister be pleased to state whether any amount has been spent on brick-lining of the Banur Canal since its construction; if so, how much and the total mileage of the canal so far bricklined?

ਸਰਦਾਰ ਦਰਬਾਰਾ ਸਿੰਘ : ਨਹੀਂ, ਜੀ। ਸਵਾਲ ਪੈਦਾ ਨਹੀਂ ਹੁੰਦਾ।

STOPPAGE OF BUSES AT RAJPURA BUS STAND

***518. Sardarni Jasdev Kaur Sandhu:** Will the Chief Minister be pleased to state whether it is a fact that all the buses of State Transport going from Amritsar, Jullundur, Ludhiana or Jammu to Delhi via Rajpura and vice versa do not touch Rajpura Bus Stand; if so, the reasons therefor and the steps the Government propose to take to require these buses to touch the Bus Stand, Rajpura ?

ਸਰਦਾਰ ਦਰਬਾਰਾ ਸਿੰਘ : ਨਹੀਂ, ਜੀ।

ਰਾਜ ਦੇ ਦਿਹਾਤੀ ਇਲਾਕਿਆਂ ਵਿੱਚ ਵੰਡੀ ਗਈ ਲੈਵੀ ਸ਼ੂਗਰ

*506. 1. **ਕਾਮਰੇਡ ਕੁਲਵੰਤ ਸਿੰਘ**
2. **ਕਾਮਰੇਡ ਸੱਘੜ ਸਿੰਘ**
} ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਅਪਰੈਲ, 1980 ਤੋਂ ਲੈ ਕੇ ਰਾਜ ਦੇ ਦਿਹਾਤੀ ਇਲਾਕਿਆਂ ਵਿੱਚ ਜ਼ਿਲ੍ਹਾਵਾਰ ਕਿੰਨੀ ਕਿੰਨੀ ਲੈਵੀ ਸ਼ੂਗਰ ਵੰਡੀ ਗਈ ;

(ਅ) ਕੀ ਦਿਹਾਤੀ ਇਲਾਕਿਆਂ ਵਿੱਚ ਅਕਤੂਬਰ-ਨਵੰਬਰ, 1980 ਲਈ ਲੈਵੀ ਸ਼ੂਗਰ ਅਜੇ ਤੱਕ ਨਹੀਂ ਵੰਡੀ ਗਈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ;

(ੲ) ਅਕਤੂਬਰ-ਨਵੰਬਰ, 1980 ਦੇ ਕੋਟੇ ਲਈ ਕਿੰਨੀ ਕੀਮਤ ਵਸੂਲ ਕੀਤੀ ਜਾਵੇਗੀ।

ਸਰਦਾਰ ਦਰਬਾਰਾ ਸਿੰਘ : (ੳ) ਸੂਚੀ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ;

(ਅ) ਅਕਤੂਬਰ ਮਹੀਨੇ ਦੀ ਲੈਵੀ ਖੰਡ ਦੀ ਵੰਡ ਮੁਕੰਮਲ ਹੋ ਚੁੱਕੀ ਹੈ। ਜਿਥੋਂ ਤੱਕ ਨਵੰਬਰ ਦੇ ਕੋਟੇ ਦਾ ਸਬੰਧ ਹੈ, ਲੈਵੀ ਖੰਡ ਦੇ ਜੋ ਸਟਾਕ ਰਾਜ ਵਿੱਚ ਪੁੱਜੇ ਸਨ, ਉਨ੍ਹਾਂ ਦੀ ਵੰਡ 31-12-1980 ਤੱਕ ਕਰ ਦਿੱਤੀ ਗਈ ਸੀ। ਨਵੰਬਰ ਦਾ ਕੋਟਾ ਹੁਣ ਵੀ ਮਿੱਲਾਂ ਤੋਂ ਚੁੱਕਿਆ ਜਾ ਰਿਹਾ ਹੈ ਅਤੇ ਪ੍ਰਦੇਸ਼ ਵਿਚ ਪੁੱਜ ਰਿਹਾ ਹੈ। ਇਸ ਲਈ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਜੋ ਕਾਰਡ ਹੋਲਡਰ 31-12-1980 ਤੱਕ ਨਵੰਬਰ ਦਾ ਕੋਟਾ ਪ੍ਰਾਪਤ ਨਹੀਂ ਕਰ ਸਕੇ ਉਹ ਇਸ ਕੋਟੇ ਨੂੰ 7-2-1981 ਤੱਕ ਹਾਸਲ ਕਰ ਸਕਦੇ ਹਨ ;

(ੲ) ਲੈਵੀ ਖੰਡ ਦਾ ਪ੍ਰਚੂਨ ਭਾਅ ਭਾਰਤ ਸਰਕਾਰ ਨੇ 1-12-80 ਤੋਂ 2.85 ਰੁਪਏ ਪ੍ਰਤੀ ਕਿਲੋ ਤੋਂ ਵਧਾ ਕੇ 3.50 ਰੁਪਏ ਪ੍ਰਤੀ ਕਿਲੋ ਕਰ ਦਿੱਤਾ ਹੈ। ਜਿਨ੍ਹਾਂ ਲੋਕਾਂ ਨੇ ਨਵੰਬਰ, 1980 ਦਾ ਲੈਵੀ ਖੰਡ ਦਾ ਕੋਟਾ 1-12-80 ਜਾਂ ਉਸ ਤੋਂ ਬਾਅਦ ਪ੍ਰਾਪਤ ਕੀਤਾ ਹੈ/ਕਰਨਾ ਹੈ, ਉਨ੍ਹਾਂ ਤੇ 3.50 ਪੈਸੇ ਪ੍ਰਤੀ ਕਿਲੋ ਦਾ ਸੋਧਿਆ ਹੋਇਆ ਭਾਅ ਲਾਗੂ ਹੁੰਦਾ ਹੈ।

THE AMOUNT OF LEVY SUGAR DISTRIBUTED DISTRICT WISE IN RURAL AREAS IN THE STATE FROM APRIL, 1980 TO DECEMBER, 1980 (FIGURES IN QUINTALS)

Sr. No.	Name of the district	April 80	May 80	June 80	July 80	August 80	September 80	October 80	November 80	December 80	Total
1	2	3	4	5	6	7	8	9	10	11	12
1.	Amritsar ..	7,967	13,116	6,257	6,022	2,858	3,926	7,436	5,883	6,219	59,684
2.	Bhatinda ..	3497	7,327	2,794	3,833	2,209	3,595	4,032	364	3,691	31,342
3.	Faridkot ..	1,434	8,039	4,094	4,290	1,673	1,749	4,388	990	3,694	30,351
4.	Ferozepur ..	4,430	4,410	4,370	3,500	3,769	3,395	4,030	4,230	3,280	35,414
5.	Gurdaspur ..	4,922	8,437	4,783	4,270	1,278	5,620	3,810	2,505	2,410	38,035
6.	Hoshiarpur ..	2,667	1,839	1,333	1,333	1,050	1,135	1.333	400	250	11,340
7.	Jullundur ..	3,500	3,295	3,250	7,375	4,280	3,290	3,200	—	—	24,190
8.	Kapurthala ..	1,562	1,033	1,850	1,186	169	1,725	1,105	180	440	9,250
9.	Ludhiana ..	3,332	6,978	3,576	3,825	2,565	1,902	1,969	2,569	2,612	29,328
10.	Ropar ..	1,517	1,903	2,391	1,950	2,529	2,840	2,437	2,437	1,912	19,916
11.	Patiala ..	3,803	8,427	4,392	4,558	2,838	3,887	4,031	828	5,042	37,806
12.	Sangrur ..	4,517	8,439	3,973	3,159	3,246	3,863	3,945	4,605	931	36,678
	Total ..	43,148	73,243	43,063	41,301	28,464	36,927	41.716	24,991	30,481	3,63,331

PUCCA BUNDH ON GHAGGAR RIVER

*238. **Master Chand Singh:** Will the Chief Minister be pleased to state whether the Government proposes to construct a Pucca Bundh on Ghaggar River in order to make the Banur Canal perennial; if so, the time by which the same is likely to be done ?

ਸਰਦਾਰ ਦਰਬਾਰਾ ਸਿੰਘ : ਨਹੀਂ; ਜੀ ।

UNSTARRED QUESTIONS AND ANSWERS

VACANT POST OF A DOCTOR IN VILLAGE KHAIRA DONA, BLOCK KAPURTHALA

63. **Sardar Atma Singh :** Will the Minister for Health and Family Welfare be pleased to state —

(a) the date since when the post of a Doctor has been lying vacant in village Khaira Dona, Block Kapurthala togetherwith the reasons therefor ;

(b) the action, if any, being taken by the Government to fill up the post mentioned in part (a) above and the time by which it is likely to be filled up ?

ਸ੍ਰੀ ਸਰਦਾਰੀ ਲਾਲ ਕਪੂਰ (ੳ) ਸਬਸੀਡੀਅਰੀ ਹੈਲਥ ਸੈਂਟਰ ਖੇੜਾ ਦੋਨਾ, ਬਲਾਕ ਕਪੂਰਥਲਾ ਵਿਖੇ ਮਿਤੀ 3-6-80 ਤੋਂ ਡਾਕਟਰ ਦੀ ਆਸਾਮੀ ਇਸ ਕਰਕੇ ਖਾਲੀ ਹੈ ਕਿ ਉਥੋਂ ਦਾ ਡਾਕਟਰ ਮਿਤੀ 3-6-80 ਤੋਂ ਬਗੈਰ ਛੁੱਟੀ ਮਨਜ਼ੂਰ ਕਰਾਏ ਤੋਂ ਚਲਾ ਗਿਆ ਹੈ ।

(ਅ) ਸਿਵਲ ਸਰਜਨ, ਕਪੂਰਥਲਾ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਲੀਵ ਰੀਜ਼ਰਵ ਮੈਡੀਕਲ ਅਫਸਰਾਂ ਵਿਚੋਂ ਇਕ ਨੂੰ ਸਬਸੀਡੀਅਰੀ ਹੈਲਥ ਸੈਂਟਰ ਖੇੜਾ ਦੋਨਾਂ ਵਿਖੇ ਤੁਰੰਤ ਪੋਸਟ ਕਰ ਦਿੱਤਾ ਜਾਵੇ ।

EMPLOYEES OF THE VETERINARY HOSPITAL KAPURTHALA FOUND ABSENT FROM DUTY.

64. **Sardar Atma Singh :** Will the Minister for Development be pleased to state —

(a) the names and details of the employees of the Veterinary Hospital, Kapurthala who were found absent by him from duty on 6th August 1980 during his visit to the Hospital

(b) whether any action has since been taken against the employees referred in part (a) above; if not, the reasons therefor;

(c) the period since when the employees mentioned in part (a) above have been working in the said Hospital ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਸ: ਬਖਸ਼ੀਸ਼ ਸਿੰਘ, ਸਟਾਕ ਸਹਾਇਕ, ਮਸਨੂਈ ਗਰਭਦਾਨ ਕੇਂਦਰ, ਕਪੂਰਥਲਾ ;

(ਅ) ਹਾਂ, ਜੀ;

(ੲ) 10-1-1976 ਤੋਂ ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮੈਂ ਇਕ ਐਡਜਰਨਮੈਂਟ ਮੋਸ਼ਨ ਨੰ: 12 ਦਿੱਤੀ ਸੀ, ਜਿਹੜੀ ਕਿ ਅੰਗਹੀਣਾਂ ਦੇ ਬਾਰੇ ਵਿਚ ਹੈ । ਅਸੀਂ ਇੰਟਰਨੈਸ਼ਨਲ ਈਅਰ ਅੰਗਹੀਣਾਂ ਦਾ ਮਨਾ ਰਹੇ ਹਾਂ । ਪਰ ਕਲ੍ਹ ਇਥੇ ਅੰਗਹੀਣ ਆਏ ਸਨ, ਉਨ੍ਹਾਂ ਨੂੰ ਸੁਣਿਆ ਨਹੀਂ ਗਿਆ ਬਲਕਿ ਸਰਕਾਰ ਨੇ ਉਨ੍ਹਾਂ ਨੂੰ ਧੱਕੇ ਮਾਰੇ, ਲਾਠੀ ਚਾਰਜ ਕੀਤਾ । ਕੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਹੈ ?

ਸ੍ਰੀ ਸਪੀਕਰ : ਇਸ ਦਾ ਜਵਾਬ ਤੁਹਾਨੂੰ ਦੇ ਦਿੱਤਾ ਹੈ ।

PAPER LAID ON THE TABLE

Finance Minister (Doctor Kewal Krishan): Sir, I beg to lay on the Table the Annual Report on the activities of the Punjab Housing Development Board for the year 1977-78 (April,1977 to March 1978) as required under section 79(2) of the Punjab Housing Development Board Act, 1972.

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

ਸ੍ਰੀ **ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

RESUMPTION OF DISCUSSION ON GOVERNOR'S ADDRESS

Mr. Speaker : Now the House will resume discussion on the motion* moved by Shri Yash M.L.A. on the 22nd January 1981 (afterenoon sitting) which was seconded by Sardar Jagdev Singh Jassowal M.L.A. on the 23rd January, 1981. Shri Rattan Lal who was on his legs when the House adjourned on the 27th January, 1981 may please resume his speech.

ਸ੍ਰੀ ਰਤਨ ਲਾਲ (ਗੁਰਦਾਸਪੁਰ) : ਸਪੀਕਰ ਸਾਹਿਬ, ਮੈਂ ਜਮਹੂਰੀਅਤ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਕਿ ਜਮਹੂਰੀਅਤ ਇਕ ਬੜੀ ਵੱਡੀ ਮਹਾਨ ਦੇਣ ਹੈ । ਲੇਕਿਨ ਸਾਡੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਦੇ ਭਰਾ ਕਦੇ ਰੂਸ ਵੱਲ ਵੇਖਦੇ ਹਨ ਅਤੇ ਕਦੇ ਚੀਨ ਵੱਲ ਵੇਖਦੇ ਹਨ ਕਿ ਉਨ੍ਹਾਂ ਵਲੋਂ ਇਨ੍ਹਾਂ ਨੂੰ ਕੀ ਇਸ਼ਾਰਾ ਮਿਲਦਾ ਹੈ । ਇਹ ਕੀ ਰੂਸ ਜਾਂ ਚੀਨ ਵਰਗਾ ਇਨਕਲਾਬ ਇੰਡੀਆ ਵਿਚ ਲਿਆਉਣਾ ਚਾਹੁੰਦੇ ਹਨ । ਇਨ੍ਹਾਂ ਦਾ ਡੈਮੋਕਰੇਸੀ ਵਿਚ ਕੋਈ ਵਿਸ਼ਵਾਸ ਨਹੀਂ ਹੈ । ਇਹ ਹਿੰਦੁਸਤਾਨ ਵਿਚ ਕਿਹੜਾ ਇਨਕਲਾਬ ਲਿਆਉਣਾ ਚਾਹੁੰਦੇ

---

*That an Address be pleseneted to the Governor in the following terms-

"That the Members of this house assembed in this session are deeply grateful to the Governor for the Address which he has been pleased to deliver to the House on the 21st January, 1981."

**Expunged as ordered by the Chair

[ਸ੍ਰੀ ਰਤਨ ਲਾਲ

ਹਨ। ਪਰ ਮੈਂ ਆਪਣੇ ਅਕਾਲੀ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਨ੍ਹਾਂ ਦੇ ਨਾਲ ਕਿਵੇਂ ਇਕੱਠੇ ਹੋ ਗਏ ਹੋ। ਤੁਹਾਡੀ ਤਾਂ ਹਿੰਦੋਸਤਾਨ ਦੀ ਜਮਹੂਰੀਅਤ ਵਿਚ ਵਿਸ਼ਵਾਸ ਹੈ ਕਿ ਕਿਧਰੇ ਤੁਸੀਂ ਵੀ ਇਨ੍ਹਾਂ ਦੇ ਨਾਲ ਮਿਲ ਗਏ ਹੋ। (ਵਿਘਨ) (ਸਰਦਾਰ ਦਲੀਪ ਸਿੰਘ ਪਾਂਧੀ ਵਲੋਂ ਵਿਘਨ) ਅਕਾਲੀਆਂ ਦੀ ਹਦੂਦ ਪੰਜਾਬ ਵਿਚ ਹੀ ਹੈ। ਇਹ ਬਾਹਰਲੇ ਮੁਲਕਾਂ ਵੱਲ ਨਾ ਵੇਖਣ। (ਕਾਮਰੇਡ ਬਲਦੇਵ ਸਿੰਘ ਲੰਬਾ ਵੱਲੋਂ ਵਿਘਨ)

ਸ੍ਰੀ ਸਪੀਕਰ : ਸ੍ਰੀ ਰਤਨ ਲਾਲ ਜੀ ਤੁਸੀ ਇਕ ਮਿੰਟ ਬੈਠੋ। ਹਾਂ ਜੀ ਲੂੰਬਾ ਸਾਹਿਬ।

ਕਾਮਰੇਡ ਬਲਦੇਵ ਸਿੰਘ ਲੂੰਬਾ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਰਤਨ ਲਾਲ : ਸਪੀਕਰ ਸਾਹਿਬ, ਹੁਣੇ ਹੀ ਮੇਰੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਗੜ੍ਹ ਵਸਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਹੈ। ਇਹ ਮਹਾਰਾਜਾ 1699 ਵਿਚ ਸਿੱਖ ਸਾਜਇਆ ਸੀ। ਉਸ ਦੇ ਵਕਤ ਵਿਚ ਅਤੇ ਸਿੱਖ ਹਿਸਟਰੀ ਦੱਸਦੀ ਹੈ ਕਿ ਉਸ ਨੇ ਆਪਣੇ ਰਾਜ ਵਿਚ ਕਿਸ ਤਰ੍ਹਾਂ ਜਮਹੂਰੀਅਤ ਕਾਇਮ ਕੀਤੀ ਹੋਈ ਸੀ ਅਤੇ ਇਸ ਦੀਆਂ ਜੜ੍ਹਾਂ ਨੂੰ ਕਿਸ ਤਰਾਂ ਮਜ਼ਬੂਤ ਕੀਤਾ ਹੋਇਆ ਸੀ। (ਵਿਘਨ) ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜਾਤੀ ਰਾਜ ਸੀ, ਪਰ ਉਨ੍ਹਾਂ ਨੇ 10 ਗੁਣਾਂ ਜ਼ਿਆਦਾ ਜ਼ਮਹੂਰੀਅਤ ਕਾਇਮ ਕੀਤੀ ਹੋਈ ਸੀ। ਉਨ੍ਹਾਂ ਦੇ ਰਾਜ ਵਿਚ ਹਿੰਦੂ, ਸਿੱਖ, ਮੁਸਲਮਾਨ ਵੀ ਸਨ ਅਤੇ ਇਕੱਠੇ ਹੋਕੇ ਕੰਮ ਕਰਦੇ ਸਨ। ਪਰ ਇਥੇ ਮੈਂ ਵੇਖਿਆ ਹੈ ਕਿ ਜਿਹੜੇ ਹਰੀਜਨਾਂ ਦੇ ਹਿਤੈਸ਼ੀ ਬਣੀ ਫਿਰਦੇ ਹਨ, ਉਹ ਉਨ੍ਹਾਂ ਦਾ ਨਾਂ ਲੈ ਲੈ ਕੇ ਪੁਲੀਟੀਕਲ ਮਕਸਦ ਹਾਸਲ ਕਰਨਾ ਚਾਹੁੰਦੇ ਹਨ ਪਰ ਪ੍ਰੈਕਟੀਕਲੀ ਕੁੱਝ ਉਨਾਂ ਦੀ ਭਲਾਈ ਨਹੀਂ ਕਰਨਾ ਚਾਹੁੰਦੇ ਅਤੇ ਦੂਸਰੇ ਕਿਸਾਨਾਂ ਦੇ ਹਿਤੈਸ਼ੀ ਬਣੀ ਫਿਰਦੇ ਹਨ, ਪਰ ਕਰਦੇ ਉਨ੍ਹਾਂ ਲਈ ਕੁਝ ਨਹੀਂ ਅਗਰ ਕੱਚਾ ਮਾਲ ਪੈਦਾ ਹੋਵੇਗਾ ਤਾਂ ਹੀ ਫਿਰ ਪੱਕਾ ਮਾਲ ਪੈਦਾ ਹੋਵੇਗਾ। ਪਰ ਇਹ ਹਰੀਜਨਾਂ ਅਤੇ ਕਿਸਾਨਾਂ ਦਾ ਨਾਂ ਲੈਕੇ ਉਨਾਂ ਨੂੰ ਐਕਸਪਲਾਇਟ ਕਰ ਰਹੇ ਹਨ। ਸਪੀਕਰ ਸਾਹਿਬ, ਮੇਰੀ ਸਰਕਾਰ ਨੇ ਗ਼ਰੀਬੀ ਦੀ ਪਧਰ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦਾ ਪਤਾ ਕੀਤਾ ਹੈ ਅਤੇ ਉਨ੍ਹਾਂ ਦੀ ਭਲਾਈ ਲਈ ਸਕੀਮਾਂ ਲਾਗੂ ਕਰ ਰਹੀ ਹੈ। ਇਨ੍ਹਾਂ ਆਪੋਜੀਸ਼ਨ ਦੇ ਵੀਰਾਂ ਨੂੰ ਗਰੀਬ ਲੋਕਾਂ ਦੀ ਮਦਦ ਕਰਨ ਲਈ ਸਾਡਾ ਸਾਥ ਦੇਣਾ ਚਾਹੀਦਾ ਹੈ। ਸਾਡੀ ਕਾਂਗਰਸ ਪਾਰਟੀ ਦੀ ਪਾਲੀਸੀ 1947 ਤੋਂ ਪਹਿਲਾਂ ਦੀ ਹੈ ਕਿ ਗਰੀਬ ਲੋਕਾਂ ਦੀ ਮਦਦ ਕਰਨੀ ਹੈ ਅਤੇ ਇਹ ਹੁਣ ਹੀ ਨਹੀਂ ਬਣਾਈ ਹੈ। 1977 ਵਿਚ ਅਕਾਲੀ ਜਨਤਾ ਰਾਜ ਪੰਜਾਬ ਵਿਚ ਕਾਇਮ ਹੋਇਆ ਅਤੇ ਸੈਂਟਰ ਵਿਚ ਜਨਤਾ ਪਾਰਟੀ ਦਾ ਰਾਜ ਆਇਆ ਪਰ ਇਨ੍ਹਾਂ ਨੇ ਗਰੀਬ ਲੋਕਾਂ ਲਈ ਕੁਝ ਵੀ ਨਹੀ ਕੀਤਾ। ਪਰ ਇਨ੍ਹਾਂ ਦੀ ਪਾਰਟੀ ਨੇ ਜਮਹੂਰੀਅਤ ਦੀਆਂ ਨੀਹਾਂ ਤੋੜਣ ਦੀ ਕੋਸ਼ਿਸ਼ ਕੀਤੀ। ਜੈ ਹਿੰਦ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਇੰਟਰਵੀਨ ਕਰਦਾ ਹਾਂ।

Mr. Speaker : I dont allow it. ਜੋ ਸਰਦਾਰ ਦਲੀਪ ਸਿੰਘ ਪਾਂਧੀ ਜੀਬਗੈਰ ਇਜਾਜ਼ਤ ਤੋਂ ਕਹਿ ਰਹੇ ਹਨ, ਉਹ ਸਾਰਾ ਐਕਸਪੰਜ ਕਰ ਦਿਤਾ ਜਾਵੇ।

**Expunged as ordered by the Chair.

ਸਰਦਾਰ ਸੁਰਿੰਦਰ ਸਿੰਘ ਕੈਰੋਂ (ਨੌਸ਼ਹਿਰਾ ਪਨੂੰਆਂ) ਸਪੀਕਰ ਸਾਹਿਬ, ਮੈਂ, ਗਵਰਨਰ ਐਡਰਸ ਜਿਹੜਾ 21 ਤਾਰੀਖ਼ ਨੂੰ ਗਵਰਨਰ ਸਾਹਿਬ ਨੇ ਸੁਣਾਇਆ ਸੀ, ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨ ਲਈ ਖੜ੍ਹਾ ਹੋਇਆ ਹਾਂ। ਸਾਡੀ ਸਰਕਾਰ ਨੇ ਜਿਹੜੇ 7 ਮਹੀਨਿਆਂ ਦੇ ਅੰਦਰ ਥੋੜੇ ਸਮੇ ਵਿਚ ਕੰਮ ਕੀਤੇ ਹਨ, ਉਨ੍ਹਾਂ ਦਾ ਜ਼ਿਕਰ ਇਸ ਗਵਰਨਰ ਐਡਰੈਸ ਵਿਚ ਕੀਤਾ ਗਿਆ ਹੈ। ਸਪੀਕਰ ਸਾਹਿਬ, 1947 ਵਿਚ ਦੇਸ਼ ਆਜ਼ਾਦ ਹੋਇਆ ਸੀ। ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵਧ ਹਿੱਸਾ ਕਾਂਗਰਸ ਦੇ ਲੀਡਰ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਹੋਰ ਸਾਥੀਆਂ ਨੇ ਪਾਇਆ ਹੈ ਅਤੇ 1947 ਵਿਚ ਦੇਸ਼ ਆਜ਼ਾਦ ਹੋਇਆ। ਜਦੋਂ ਸਾਡੇ ਦੇਸ਼ ਨੂੰ ਅੰਗਰੇਜ਼ ਛਡ ਕੇ ਗਏ ਸੀ ਤਾਂ ਉਸ ਵੇਲੇ ਹਾਲਾਤ ਬਹੁਤ ਖਰਾਬ ਸਨ, ਖਸਤਾ ਸਨ। ਉਸ ਵੇਲੇ ਸੂਈ ਤੱਕ ਬਣਾਉਣ ਦੀ ਇੰਡਸਟਰੀ ਵੀ ਭਾਰਤ ਵਿਚ ਨਹੀਂ ਸੀ ਪਰ ਅਜ ਭਾਖੜਾ ਡੈਮ ਅਤੇ ਹੋਰ ਵੱਡੇ ਵੱਡੇ ਪ੍ਰਾਜੈਕਟਸ ਬਣ ਗਏ ਹਨ। ਇਹ ਕੋਈ ਅਕਾਲੀ ਪਾਰਟੀ ਦੀ ਦੇਣ ਨਹੀਂ ਹੈ ਜੋ ਅੱਜ ਪੰਜਾਬ ਇਤਨਾ ਮਜ਼ਬੂਤ ਹੋ ਗਿਆ ਹੈ ਅਤੇ ਬਲੱਬਗੜ੍ਹ ਤਕ ਇੰਡਸਟਰੀ ਲਗ ਗਈ ਹੈ। ਐਗਰੀਕਲਚਰਲ ਯੂਨੀਵਰਸਿਟੀ ਬਣੀ ਅਤੇ ਹੋਰ ਪੰਜਾਬ ਵਿਚ ਬਹੁਤ ਕੁਝ ਹੋਇਆ ਹੈ। ਅਕਾਲੀ ਜਨਤਾ ਸਰਕਾਰ ਨੇ ਪੰਜਾਬ ਦੇ ਲਈ ਕੁਝ ਵੀ ਨਹੀਂ ਕੀਤਾ। (ਸ਼ੇਮ, ਸ਼ੇਮ) (ਵਿਘਨ) ਸਪੀਕਰ ਸਾਹਿਬ, ਲੋਕਾਂ ਨੇ ਇਕ ਵਾਰ ਪਾਰਲੀਮੈਂਟ ਵਿਚ ਅਤੇ ਅਸੈਂਬਲੀ ਵਿਚ ਜਨਤਾ-ਅਕਾਲੀ ਸਰਕਾਰ ਨੂੰ ਮੌਕਾ ਦਿਤਾ ਸੀ, ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ, ਜਿਸ ਕਰਕੇ ਲੋਕਾਂ ਨੂੰ ਅਹਿਸਾਸ ਹੋ ਗਿਆ ਅਤੇ ਲੋਕਾਂ ਨੇ ਫਿਰ ਜਲਦੀ ਹੀ ਸ੍ਰੀਮਤੀ ਇੰਦਰਾਂ ਗਾਂਧੀ ਦੀ ਕਾਂਗਰਸ ਸਰਕਾਰ ਨੂੰ ਵੋਟਾਂ ਪਾ ਕੇ ਕਾਂਗਰਸ ਸਰਕਾਰ ਬਣਾਈ। ਪੰਜਾਬ ਵਿਚ ਵੀ ਲੋਕਾਂ ਨੇ ਕਾਂਗਰਸ ਸਰਕਾਰ ਨੂੰ ਵੋਟਾਂ ਪਾਈਆਂ ਅਤੇ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਸਰਕਾਰ ਬਣੀ। (ਵਿਘਨ) ਅਕਾਲੀ ਵੀਰਾਂ ਨੂੰ ਸਬਕ ਸਿਖਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਕਾਰਵਾਈਆਂ ਨਹੀਂ ਕਰਨੀਆਂ ਚਾਹਦੀਆਂ ਕਿ ਘਰਾਓ ਕਰੋ, ਡਿਸਟਰਬੈਂਸ ਪੈਦਾ ਕਰੋ। (ਵਿਘਨ) ਸਪੀਕਰ ਸਾਹਿਬ, ਜਦੋਂ ਅਕਾਲੀ ਜਨਤਾ ਸਰਕਾਰ ਸੀ ਤਾਂ ਉਸ ਵੇਲੇ ਮੈਂ ਅੰਮ੍ਰਿਤਸਰ ਗਿਆ ਤਾਂ ਅੰਮ੍ਰਿਤਸਰ ਦੇ ਲੋਕ ਬੱਧਾਂ ਬਾਰੇ ਕਹਿੰਦੇ ਸਨ ਕਿ ਅੰਮ੍ਰਿਤਸਰ ਦੀਆਂ ਲਾਰੀਆਂ ਨਾ "ਬੂਹੇ ਨਾ ਬਾਰੀਆਂ"। ਸਪੀਕਰ ਸਾਹਿਬ, ਸੈਂਟਰ ਵਿਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਮਨਿਸਟਰ ਸਨ ਅਤੇ ਪੰਜਾਬ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਚੀਫ ਮਨਿਸਟਰ ਸਨ ਤਾਂ ਉਸ ਵੇਲੇ ਵੀ ਲੋਕ ਕਹਿੰਦੇ ਸਨ –

"ਉਪਰ ਵੀ ਜੱਟ
ਹੇਠਾਂ ਵੀ ਜੱਟ,
ਨਤੀਜਾ ਵਿਕੇ 26)'

ਸਪੀਕਰ ਸਾਹਿਬ, ਜਦੋਂ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਰਾਜ ਭਾਗ ਸੰਭਾਲਿਆ ਤਾਂ ਉਨ੍ਹਾਂ ਨੇ ਸਹੁੰ ਖਾਧੀ ਕਿ ਗਰੀਬੀ ਨੂੰ ਦੂਰ ਕਰਨਾ ਹੈ। ਉਸੇ ਤਰ੍ਹਾਂ ਹੀ ਮੁੱਖ ਮੰਤਰੀ ਜੀ ਨੇ ਪੰਜਾਬ ਵਿਚ 25- ਨੁਕਾਤੀ ਪ੍ਰੋਗਰਾਮ ਨੂੰ ਮੁੱਖ ਰੱਖਦਿਆਂ ਹੋਇਆ ਸਕੀਮਾਂ ਬਣਾਈਆਂ ਹਨ। (ਵਿਘਨ) ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਸਭ ਤੋਂ ਪਹਿਲਾਂ ਪਲੈਨਿੰਗ ਬੋਰਡ ਬਣਾਇਆ ਅਤੇ ਸਾਰੇ ਪੰਜਾਬ ਦਾ ਸਰਵੇਅ ਕਰਵਾਇਆ ਕਿ ਬੀਲੋਅ ਪਾਵਰਟੀ ਲਾਈਨ ਤੋਂ ਅਰਬਨ ਅਤੇ ਰੂਰਲ ਏਰੀਏ ਵਿਚ ਕਿਤਨੇ ਲੋਕ ਰਹਿੰਦੇ ਹਨ, ਜਿਨ੍ਹਾਂ ਦੀ ਇਨਕਮ 3500 ਰੁਪਏ ਸਾਲਾਨਾ ਤੋਂ 6,000/- ਰੁਪਏ ਸਾਲਾਨਾ ਹੈ। ਇਸ ਗੱਲ ਦੀ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਸਰਵੇਅ ਕੰਪਲੀਟ ਕਰਵਾਇਆ ਅਤੇ ਅੱਜ ਸਹੀ ਨਕਸ਼ਾ ਸਾਡੇ ਸਾਹਮਣੇ ਆਇਆ ਹੈ। ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਅਸੀਂ ਡਿਵੈਲਪਮੈਂਟ ਕਰਨੀ ਹੈ। ਐਗਰੀਕਲਚਰ ਸਾਈਡ ਵੱਲ, ਟਰਾਂਸਪੋਰਟ ਵੱਲ, ਅਤੇ ਹੋਰ ਕਈ ਸਕੀਮਾਂ ਬਣਾਉਣੀਆਂ ਹਨ ਤਾਕਿ ਗਰੀਬ ਵਰਗ ਨੂੰ ਉਚਾ ਚੁਕਿਆ ਜਾ ਸਕੇ। ਸਪੀਕਰ ਸਾਹਿਬ, ਜਿਹੜਾ ਫਰੀ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਇੰਟਰੈਸਟ ਲੋਨ ਦੇਣ ਬਾਰੇ ਰੁਪਿਆ ਰੱਖਿਆ ਗਿਆ ਹੈ, ਉਹ ਕੋਈ 30 ਕਰੋੜ ਰੁਪਿਆ ਰੱਖਿਆ ਗਿਆ ਹੈ। (ਵਿਘਨ) ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਚੀਫ ਮਨਿਸਟਰ ਹੁੰਦੇ ਸਨ ਤਾਂ ਉਸ ਵੇਲੇ 787 ਹਾਊਸ ਬਣੇ ਸੀ, ਪਰ ਸਾਡੀ ਸਰਕਾਰ ਨੇ ਇਸ ਕਰੰਟ ਫਾਈਨੈਨਸ਼ੀਅਲ ਈਯਰ ਵਿਚ 10,000 ਮਕਾਨ ਬਣਾ ਦੇਣੇ ਹਨ। (ਥੰਪਿੰਗ) ਓਲਡ ਏਜ ਪੈਨਸ਼ਨ ਸਕੀਮ ਅਧੀਨ ਜਿਹੜੀ ਪੈਨਸ਼ਨ ਪਹਿਲਾਂ ਚੰਡੀਗੜ੍ਹ ਤੋਂ ਮਿਲਦੀ ਸੀ ਅਤੇ ਲੋਕਾਂ ਦਾ ਚੰਡੀਗੜ੍ਹ ਆਉਣ ਲਈ ਕਾਫੀ ਪੈਸਾ ਖ਼ਰਚ ਹੋ ਜਾਂਦਾ ਸੀ, ਹੁਣ ਸਾਡੀ ਸਰਕਾਰ ਨੇ ਇਹ ਸਕੀਮ ਜ਼ਿਲ੍ਹਿਆਂ ਵਿਚ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਓਲਡ ਏਜ ਪੈਨਸ਼ਨ ਅਧੀਨ 60,503 ਫਾਈਨੈਨਸ਼ੀਅਲ ਅਸਿਸਟੈਂਟਸ ਟੂ ਵਿਡੋਜ਼ 23,690 ਅਤੇ ਡੀਪੈਂਡੈਂਟ ਚਿਲਡਰਨ 6,071 ਹਨ, ਜਿੰਨ੍ਹਾਂ ਨੂੰ ਇਹ ਸਹਾਇਤਾ ਦਿਤੀ ਜਾ ਰਹੀ ਹੈ। (ਥਪਿੰਗ) ਸਪੀਕਰ ਸਾਹਿਬ, ਗਰੀਬਾਂ ਲਈ ਬਹੁਤ ਕੰਮ ਕੀਤੇ ਗਏ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਕਹਿੰਦੇ ਸਨ ਕਿ ਐਗਰੀਕਲਚਰਲ ਸਾਈਡ ਵੱਲ ਕੁਝ ਨਹੀਂ ਕੀਤਾ ਗਿਆ ਪਰ ਮੈਂ ਕਹਿੰਦਾ ਹਾਂ ਕਿ Punjab is the granary of India ਸਪੀਕਰ ਸਾਹਿਬ, ਕਣਕ ਅਤੇ ਝੋਨੇ ਦੀ ਜੋ ਪੈਦਾਵਾਰ ਹੋਈ ਹੈ, ਉਹ ਅਕਾਲੀ ਜਨਤਾ ਸਰਕਾਰ ਦੀ ਦੇਣ ਨਹੀਂ ਹੈ। ਇਹ ਦੇਣ ਕਾਂਗਰਸ ਸਰਕਾਰ ਦੀ ਹੀ ਹੈ, ਜਿਸ ਨੇ ਐਗਰੀਕਲਚਰ ਯੂਨੀਵਰਸਟੀ ਬਣਾਈ ਅਤੇ ਡੈਮ ਬਣਾਏ। ਅਮਰੀਕਾ ਤੋਂ ਕਣਕ ਲਿਆ ਕੇ ਮਾਹਿਰਾਂ ਨੇ ਪੰਜਾਬ ਵਿਚ ਬੀਜੀ ਅਤੇ ਡਿਵੈਲਪਮੈਂਟ ਕੀਤੀ। ਇਹ ਸਾਰਾ ਕੁਝ ਕਰਨ ਦੇ ਬਾਵਜੂਦ ਹੀ ਅੱਜ ਅਸੀਂ 75% ਕਣਕ ਸੈਂਟਰ ਪੂਲ ਵਿਚ ਦੇ ਰਹੇ ਹਾਂ ਅਤੇ ਝੋਨਾ 70 ਪ੍ਰਤੀਸ਼ਤ ਦੇ ਰਹੇ ਹਾਂ। ਜਦੋਂ ਪਿਛੇ ਜਿਹੇ ਅਕਾਲੀ-ਜਨਤਾ ਸਰਕਾਰ ਦਾ ਰਾਜ ਸੀ ਤਾਂ ਇਨ੍ਹਾਂ ਦਾ ਇਕ ਹੱਥ ਪੱਗ ਉਤੇ ਸੀ ਅਤੇ ਦੂਜਾ ਹੱਥ ਕੁਰਸੀ ਉਤੇ ਸੀ। ਮੈਂ ਦਸਣਾ ਚਾਹੁੰਦਾ ਹਾਂ ਕਿ ਸਪੀਕਰ ਸਾਹਿਬ, ਜਦੋਂ ਅਕਾਲੀ-ਜਨਤਾ ਸਰਕਾਰ ਦਾ ਰਾਜ ਸੀ ਤਾਂ ਉਸ ਵੇਲੇ ਗੰਨੇ ਨੂੰ ਪਾਰਲੀਮੈਂਟ ਅੱਗੇ ਲਿਜਾ ਕੇ ਸਾੜਿਆ ਗਿਆ ਸੀ। ਪਰ ਹੁਣ ਜਦੋਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਰਾਜ ਭਾਗ ਸੰਭਾਲਿਆ ਤਾਂ ਗੰਨੇ ਦੀ ਪੂਰੀ ਕੀਮਤ ਦਿਲਾਈ ਗਈ। ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਡੀਜ਼ਲ, ਕੈਮੀਕਲ ਫਰਟੇਲਾਈਜ਼ਰ ਅਤੇ ਨਾਈਟਰੋਜਨ ਆਦਿ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਹੁਣ ਇਕ ਏਕੜ ਵਿਚ 300 ਕੁਇੰਟਲ ਗੰਨਾ ਹੁੰਦਾ ਹੈ ਅਤੇ 5400/- ਰੁਪਏ ਖ਼ਰਚ ਹੁੰਦਾ ਹੈ।

ਅੱਜ ਭਾਅ ਕੀ ਹਨ, ਜਿਹੜੇ ਕਿ ਸ਼ੂਗਰ ਮਿੱਲਾਂ ਤੋਂ ਇਨ੍ਹਾਂ ਨੂੰ ਦਿਵਾਏ ਹਨ? ਇਹ 25/- ਰੁਪਏ ਤੋਂ 28/- ਰੁਪਏ ਕੁਇੰਟਲ ਤੱਕ ਦਿਵਾਏ ਹਨ। ਇਸ ਨਾਲ 3,000/- ਰੁਪਏ ਪ੍ਰਤੀ ਏਕੜ ਜ਼ਿਮੀਦਾਰ ਨੂੰ ਗੰਨੇ ਵਿਚ ਫਾਇਦਾ ਹੋਇਆ ਹੈ। ਇਸੇ ਕਰਕੇ ਇਨ੍ਹਾਂ ਨੇ ਜੋ ਮਿਲਾਂ ਦਾ ਘੇਰਾਓ ਕਰਨ ਦਾ ਪ੍ਰੋਗਰਾਮ ਬਣਾਇਆ ਸੀ, ਉਹ ਫੇਲ੍ਹ ਹੋ ਗਿਆ ਹੈ ਅੌਰ ਲੋਕਾਂ ਨੇ ਇਨ੍ਹਾਂ ਦਾ ਸਾਥ ਨਹੀਂ ਦਿਤਾ ਹੈ। ਸ੍ਰੀਮਤੀ ਇੰਦਰਾ ਗਾਂਧੀ ਦੀ ਥਾਂ ਥਾਂ ਪਰਸ਼ੰਸਾ ਹੋਈ ਹੈ ਅੌਰ ਸਰਦਾਰ ਦਰਬਾਰਾ ਸਿੰਘ ਨੇ ਜੋ ਕੁਝ ਕੀਤਾ ਹੈ, ਉਸ ਬਾਰੇ ਲੋਕਾਂ ਨੇ ਪਰਸ਼ੰਸਾ ਕੀਤੀ ਹੈ। ਮਹਾਰਾਸ਼ਟਰਾ ਵਿਚ 88% ਗੰਨਾ ਮਿਲਾਂ ਚੱਕਦੀਆਂ ਹਨ, ਜਦ ਕਿ ਸਾਡੇ ਇਥੇ ਸਿਰਫ 16% ਗੰਨਾ ਮਿੱਲਾਂ ਚੁੱਕਦੀਆਂ ਹਨ। ਦੋ ਮਿੱਲਾਂ ਗੁਰਦਾਸਪੁਰ ਅੌਰ ਜ਼ੀਰਾ ਚਲ ਰਹੀਆਂ ਹਨ ਅੌਰ 6 ਲਾਈਸੈਂਸ ਹੋਰ ਲੈਣ ਵਾਸਤੇ ਅਸੀਂ ਅਪਲਾਈ ਕੀਤਾ ਹੋਇਆ ਹੈ। ਜੇਕਰ ਇਹ ਸਾਨੂੰ ਮਿਲ ਜਾਣ ਤਾਂ ਸਾਡਾ 28% ਗੰਨਾ ਮਿੱਲਾਂ ਚੁੱਕਣ ਲਗ ਜਾਣਗੀਆਂ। ਪਿਛਲੀ ਸਰਕਾਰ ਵੇਲੇ ਸਾਢੇ ਸੱਤ ਕਰੋੜ ਰੁਪਿਆ ਕਿਸਾਨਾਂ ਨੂੰ ਫਾਇਦਾ ਹੋਇਆ ਸੀ। ਇਸ ਦਫਾ ਕਿਸਾਨਾਂ ਨੂੰ ਇਸ ਵਿਚ ਜੋ ਫਾਇਦਾ ਹੋਣਾ ਹੈ, ਉਹ ਮੈਂ ਦਸਦਾ ਹਾਂ।

ਸਾਰਾ ਗੰਨਾ ਮਿੱਲਾਂ ਵਿਚ ਨਹੀਂ ਆਉਂਦਾ ਔਰ ਇਹ ਸਿਰਫ 16% ਹੀ ਮਿਲਾਂ ਵਿਚ ਆਉਂਦਾ ਹੈ ਔਰ ਬਾਕੀ ਦਾ 84% ਘਰਾਂ ਵਿਚ ਖੰਡ ਸਾਰੀ ਆਦਿ ਵਿਚ ਹੀ ਖ਼ਰਚ ਹੋ ਜਾਂਦਾ ਹੈ । ਇਸ ਦਫਾ ਗੰਨਾ ਬੀਜਣ ਵਾਲਿਆਂ ਨੂੰ ਟੋਟਲ ਬੈਨੇਫਿਟ ਕੋਈ 64 ਕਰੋੜ ਰੁਪਏ ਦਾ ਪਹੁੰਚਣਾ ਹੈ ।

ਹੁਣ ਸਪੀਕਰ ਸਾਹਿਬ, ਮੈਂ ਪੈਡੀ ਦੀ ਗਲ ਕਰਨਾ ਚਾਹੁੰਦਾ ਹਾਂ । ਪੈਡੀ ਪੰਜਾਬ ਦੀ ਬੜੀ ਉਘੀ ਕਰਾਪ ਹੈ। ਇਹ ਸਾਡੇ ਲੋਕ ਇਥੇ ਬੀਜਦੇ ਹਨ ਐਤਕੀਂ ਇਹ ਪੈਡੀ 45 ਲੱਖ ਟਨ ਮਾਰਕਿਟ ਵਿਚ ਆਈ ਹੈ। ਲੋਕ ਪੈਡੀ ਨੂੰ ਘਰੇਲੂ ਵਰਤੋਂ ਵਾਸਤੇ ਰੱਖਣ ਤੋਂ ਬਾਅਦ ਜੋ ਮਾਰਕਿਟ ਵਿਚ ਲਿਆਏ ਹਨ, ਉਹ 45 ਲੱਖ ਟਨ ਹੈ । ਯਾਨੀ ਕਿ 970 ਕਰੋੜ ਰੁਪਏ ਦੀ ਫਸਲ ਮਾਰਕਿਟ ਵਿਚ ਆਈ ਹੈ। ਇਨ੍ਹਾਂ ਦੇ ਵੇਲੇ 95/- ਰੁਪਏ ਕੁਇੰਟਲ ਭਾਅ ਸੀ ਔਰ ਹੁਣ 105/- ਰੁਪਏ ਕੁਇੰਟਲ ਭਾਅ ਹੈ । ਟੋਟਲ ਗਰਾਸ ਇਨਕਮ ਇਸ ਨਾਲ ਕਿਸਾਨਾਂ ਦੀ 63 ਕਰੋੜ ਰੁਪਏ ਦੀ ਹੋਈ । ਅਗਰ ਇਸ ਵਿਚੋਂ ਪ੍ਰਾਈਸਿਜ਼ ਵਧਣ ਨਾਲ ਫਰਟੇਲਾਈਜ਼ਰ ਤੇ 22 ਕਰੋੜ ਦਾ ਖ਼ਰਚਾ ਹੋਇਆ ਔਰ ਡੀਜ਼ਲ ਤੇ 9 ਕਰੋੜ ਰੁਪਏ ਦਾ ਖ਼ਰਚਾ ਹੋਇਆ । ਇਹ ਟੋਟਲ 31 ਕਰੋੜ ਦਾ ਖ਼ਰਚਾ ਹੋਇਆ । ਜੇਕਰ ਇਹ ਖ਼ਰਚਾ ਟੋਟਲ ਗਰਾਸ ਇਨਕਮ ਵਿਚੋਂ ਮਨਫੀ ਕਰ ਦਈਏ ਤਾਂ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਸ ਦੀ ਸਰਕਾਰ ਵੇਲੇ ਨੈਟ ਜੋ ਕਿਸਾਨਾਂ ਨੂੰ ਇਸ ਫਸਲ ਵਿਚ ਫਾਇਦਾ ਹੋਇਆ ਹੈ, ਉਹ 32 ਕਰੋੜ ਰੁਪਏ ਦਾ ਹੋਇਆ ।

ਹੁਣ ਮੈਂ ਕਾਟਨ ਦੀ ਗਲ ਕਰਦਾ ਹਾਂ । ਕਾਟਨ ਅੱਜ ਸਾਢੇ ਚਾਰ ਸੌ ਰੁਪਏ ਕੁਇੰਟਲ ਹੈ । ਇਸ ਦੀ ਟੋਟਲ ਗਰਾਸ ਇਨਕਮ 56 ਕਰੋੜ ਰੁਪਏ ਹੋਈ । ਫਰਟੇਲਾਈਜ਼ਰ ਤੇ 6. 5 ਕਰੋੜ ਰੁਪਏ ਖ਼ਰਚ ਆਏ ਔਰ ਡੀਜ਼ਲ ਤੇ 1 ਕਰੋੜ ਖ਼ਰਚ ਆਇਆ ਬਾਕੀ ਦੂਜੀ ਮਿਹਨਤ ਆਦਿ ਤੇ ਕੋਈ 3.5 ਕਰੋੜ ਖਰਚ ਆਏ । ਇਹ ਟੋਟਲ ਖ਼ਰਚਾ ਕੋਈ 11 ਕਰੋੜ ਦਾ ਹੋਇਆ । ਇਹ ਵਾਧੂ ਭਾਰ ਜੋ 11 ਕਰੋੜ ਦਾ ਹੋਇਆ ਇਸ ਨੂੰ ਅਗਰ 56 ਕਰੋੜ ਵਿਚੋਂ ਕਢ ਦਈਏ ਤਾਂ ਬਾਦਲ ਸਾਹਿਬ ਦੇ ਇਲਾਕੇ ਦੇ ਕਿਸਾਨਾਂ ਨੂੰ ਸਰਦਾਰ ਦਰਬਾਰਾ ਸਿੰਘ ਨੇ ਨੈਟ 45 ਕਰੋੜ ਰੁਪਏ ਦਾ ਫਾਇਦਾ ਕਰਾਇਆ (ਥੰਪਿੰਗ) ।

ਮੈਂ ਅੱਗੇ ਵੀ ਕਿਹਾ ਹੈ ਕਿ ਕਈ ਵਾਰੀ ਸਰਦਾਰ ਦਰਬਾਰਾ ਸਿੰਘ ਨਾਲ ਗੱਲਾਂ ਹੋਈਆਂ ਹਨ ਅਤੇ ਮੈਨੂੰ ਪਤਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਕਿਸਾਨਾਂ ਲਈ ਕਿੰਨਾ ਦਰਦ ਹੈ । ਸਾਡੇ ਚੀਫ ਮਨਿਸਟਰ ਸਾਹਿਬ ਨੇ ਚੀਫ ਮਨਿਸਟਰਜ਼ ਕਾਨਫਰੰਸ ਵਿਚ ਕਿਹਾ ਔਰ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੂੰ ਲਿਖ ਕੇ ਭੇਜਿਆ ਕਿ ਕਣਕ ਦੀ ਕੀਮਤ 142/- ਰੁਪਏ ਕੁਇੰਟਲ ਹੋਣੀ ਚਾਹੀਦੀ ਹੈ । ਇਨ੍ਹਾਂ ਨੇ ਆਪਣੀ ਚਿੱਠੀ ਵਿਚ ਅੰਕੜੇ ਦੇ ਕੇ ਸਿੱਧ ਕੀਤਾ ਹੈ ਕਿ ਕਣਕ ਦਾ ਭਾਅ 142/- ਰੁਪਏ ਕੁਇੰਟਲ ਹੋਣਾ ਚਾਹੀਦਾ ਹੈ । ਅੱਗੇ ਕਣਕ ਦਾ ਭਾਅ 117/- ਰੁਪਏ ਕੁਇੰਟਲ ਸੀ । ਪਰ ਜੋ ਅੱਜ ਕਲ ਦਿੱਲੀ ਵਿਚ ਇਸ ਦੇ ਭਾਅ ਬਾਰੇ ਗਲ ਚਲ ਰਹੀ ਹੈ, ਉਸ ਤੋਂ ਪਤਾ ਲਗਦਾ ਹੈ ਕਿ ਇਸ ਦਾ ਭਾਅ 137/- ਰੁਪਏ ਕੁਇੰਟਲ ਭਾਰਤ ਦੀ ਸਰਕਾਰ ਕਰਨਾ ਚਾਹੁੰਦੀ ਹੈ । ਇਸ ਨਾਲ ਵੀ 20/- ਰੁਪਏ ਕੁਇੰਟਲ ਦਾ ਵਾਧਾ ਹੋਏਗਾ ਅਤੇ ਪ੍ਰਾਈਸਿਜ਼ ਵਧਣ ਨਾਲ ਜੋ ਭਾਰ ਕਿਸਾਨਾਂ ਤੇ ਪਿਆ ਹੈ, ਉਹ 45 ਕਰੋੜ ਰੁਪਏ ਦਾ ਭਾਰ ਫਰਟੇਲਾਈਜ਼ਰ ਵਿਚ ਪਿਆ ਹੈ ਔਰ 22 ਕਰੋੜ ਦਾ ਡੀਜ਼ਲ ਵਿਚ ਪਿਆ ਹੈ । ਇਹ ਟੋਟਲ 67 ਕਰੋੜ ਰੁਪਏ ਦਾ ਕਿਸਾਨਾਂ ਤੇ ਭਾਰ ਪੈਣਾ ਹੈ । ਅਗਰ 137/- ਰੁਪਏ ਕੁਇੰਟਲ ਭਾਅ ਹੋ ਜਾਏ ਤਾਂ ਇਸ ਨਾਲ 92 ਕਰੋੜ ਰੁਪਏ ਦਾ ਕਿਸਾਨਾਂ ਨੂੰ ਗੇਨ ਹੁੰਦਾ ਹੈ । ਇਹ 67 ਕਰੋੜ ਦਾ ਜੋ ਭਾਰ ਪਿਆ ਹੈ, ਇਸ ਨੂੰ ਇਸ ਵਰਤੋਂ ਵਿਚੋਂ ਜੇਕਰ ਮਨਫੀ ਕਰ ਦਈਏ ਤਾਂ ਨੈਟ ਗੇਨ 25 ਕਰੋੜ ਰੁਪਏ ਦਾ ਪੰਜਾਬ ਦੇ ਕਿਸਾਨਾਂ ਨੂੰ ਜੋ ਕਣਕ ਬੀਜਦੇ ਹਨ, ਪਹੁੰਚੇਗਾ ।

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਐਗਰੀਕਲਚਰ ਦੇ ਖੇਤਰ ਵਿਚ ਸਾਡੀ ਸਰਕਾਰ ਨੇ ਕੀ ਕੁਝ ਕੀਤਾ, ਇਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ। ਇਨ੍ਹਾਂ 7 ਮਹੀਨਿਆਂ ਦੇ ਅੰਦਰ ਇਸ ਸਰਕਾਰ ਨੇ ਐਗਰੀਕਲਚਰਲ ਪ੍ਰੋਡਿਊਸ ਵਧਾਉਣ ਦੀ ਖਾਤਰ ਕੀ ਕੁਝ ਕੀਤਾ ਇਹ ਵੀ ਮੈਂ ਦੱਸਣਾ ਚਾਹੁੰਦਾ ਹਾਂ। ਖੇਤੀਬਾੜੀ ਦੀ ਉਪਜ ਵਧਾਉਣ ਲਈ ਇਹ ਚੀਜ਼ ਪਾਣੀ ਅਤੇ ਬਿਜਲੀ ਤੇ ਨਿਰਭਰ ਕਰਦੀ ਹੈ। ਜਿੰਨਾ ਚਿਰ ਖੁਲ੍ਹਾ ਪਾਣੀ ਅਤੇ ਬਿਜਲੀ ਨਹੀਂ ਹੋਵੇਗੀ ਉਨਾਂ ਚਿਰ ਇਹ ਖੇਤਰ ਫਲਰਿਸ਼ ਨਹੀਂ ਕਰ ਸਕਦਾ। ਰੋਪੜ ਥਰਮਲ ਪਲਾਂਟ ਦੀ ਨੀਂਹ ਸਾਡੇ ਮਹਿਬੂਬ ਪ੍ਰਧਾਨ ਮੰਤਰੀ ਜੀ ਨੇ ਰੱਖੀ। ਇਸ ਲਈ ਟੀਚਾ ਮੁਕੱਰਰ ਕੀਤਾ ਹੈ ਕਿ ਇਹ ਪਲਾਂਟ 1983 ਵਿਚ ਚਲਾ ਦਿਆਂਗੇ। ਇਸ ਨਾਲ 260 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਔਰ ਇਸ ਤੇ 264 ਕਰੋੜ ਰੁਪਏ ਖ਼ਰਚ ਹੋਣਗੇ। ਇਸ ਤੋਂ ਇਲਾਵਾ ਆਨੰਦਪੁਰ ਹਾਈਡਲ ਪ੍ਰਾਜੈਕਟ ਔਰ ਸ਼ਾਨਨ ਪ੍ਰਾਜੈਕਟ ਵੀ ਚਲ ਰਹੇ ਹਨ। ਥੀਨ ਡੈਮ ਬਾਰੇ ਸਰਦਾਰ ਦਰਬਾਰਾ ਸਿੰਘ ਜੀ ਬੰਬਈ ਗਏ। ਉਨ੍ਹਾਂ ਦੀ ਮੇਰੇ ਨਾਲ ਗਲਬਾਤ ਹੋਈ। ਉਨ੍ਹਾਂ ਨੇ ਦਸਿਆ ਕਿ ਮੈਂ ਉਥੇ ਇੰਡਸਟ੍ਰੀਅਲਿਸਟਸ ਨੂੰ ਇਨ-ਵਾਈਟ ਕਰਨ ਗਿਆ ਸੀ ਕਿ ਉਹ ਇਥੇ ਪੰਜਾਬ ਵਿਚ ਇੰਡਸਟਰੀ ਲਗਾਉਣ। ਦੂਜੇ ਰਿਜ਼ਰਵ ਬੈਂਕ ਔਰ ਵਰਲਡ ਬੈਂਕ ਨਾਲ ਵੀ ਇਹ ਗਲ ਬਾਤ ਕਰ ਰਹੇ ਹਨ ਤਾਕਿ ਅਗਰ ਕਿਸੀ ਵਜ੍ਹਾ ਕਰਕੇ ਸੈਂਟਰ ਤੋਂ ਪੈਸਾ ਨਾ ਮਿਲੇ ਤਾਂ ਇਹ ਇਨ੍ਹਾਂ ਬੈਂਕਾਂ ਤੋਂ ਹੀ ਪੈਸਾ ਲੈ ਲੈਣ ਔਰ ਥੀਨ ਡੈਮ ਦਾ ਕੰਮ ਚਲਾਉਣ। ਇਹ ਥੀਨ ਡੈਮ ਬਣਨ ਨਾਲ 8 ਲੱਖ ਏਕੜ ਜ਼ਮੀਨ ਪਾਣੀ ਥੱਲੇ ਆ ਜਾਏਗੀ ਜਿਸ ਨਾਲ ਅਸੀਂ ਪ੍ਰੋਡਿਊਸ ਚੰਗੀ ਤਰ੍ਹਾਂ ਨਾਲ ਕਰ ਸਕਾਂਗੇ।

ਇਥੇ ਹੀ ਬੱਸ ਨਹੀਂ, ਮੈਂ ਸਪੀਕਰ ਸਾਹਿਬ, ਇਹ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਵੇਲੇ ਹਾਈਡਰੋ ਇਲੈਕਟ੍ਰਿਕ ਜੈਨਰੇਸ਼ਨ ਦੀਆਂ ਸਕੀਮਾਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਇਨ੍ਹਾਂ ਦੇ ਵੇਲੇ ਇਨ੍ਹਾਂ ਸਕੀਮਾਂ ਵਲ ਕੋਈ ਧਿਆਨ ਨਹੀਂ ਦਿਤਾ ਗਿਆ। ਪੰਜਾਬ ਨੂੰ ਵੱਢ ਟੁੱਕ ਕਰਕੇ ਇਨ੍ਹਾਂ ਨੇ ਛੋਟਾ ਕਰ ਦਿਤਾ। ਅਕਾਲੀ ਪਾਰਟੀ ਦੀ ਪਾਲਿਸੀ ਕਰਕੇ ਹਾਈਡਰੋ ਇਲੈਕ-ਟ੍ਰਿਕ ਜੈਨਰੇਸ਼ਨ ਜੋ ਕਿ ਪਹਾੜੀ ਇਲਾਕੇ ਤੋਂ ਹੋਣੀ ਸੀ, ਉਹ ਇਲਾਕਾ ਹਿਮਾਚਲ ਪ੍ਰਦੇਸ਼ ਨੂੰ ਚਲਾ ਗਿਆ।

ਹੁਣ ਮੈਂ ਇੰਡਸਟਰੀਅਲ ਖੇਤਰ ਦੀ ਗੱਲ ਕਰਨਾ ਚਾਹੁੰਦਾ ਹਾਂ। ਪਰ ਕੈਪੀਟਾ ਇਨਕਮ ਤਾਂ ਵਧ ਸਕਦੀ ਹੈ ਜੇਕਰ ਇੰਡਸਟਰੀਅਲ ਸੈਕਟਰ ਵਿਚ ਪਰਾਫਿਟ ਵਧੇਗਾ। ਇੰਡਸਟਰੀਅਲ ਸੈਕਟਰ ਵਾਸਤੇ ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਕੀਤਾ ਹੈ। ਇਨ੍ਹਾਂ ਨੇ ਇਸ ਸੈਕਟਰ ਵਿਚ ਕੁਝ ਨਹੀਂ ਕੀਤਾ ਹੈ। ਮੇਰੇ ਕੋਲ ਇਕ ਲੰਬੀ ਲਿਸਟ ਹੈ, ਜੋ ਕਿ ਸਰਦਾਰ ਦਰਬਾਰਾ ਸਿੰਘ ਨੇ ਬੋਗਸ ਕੋਟੇ ਇਨ੍ਹਾਂ ਦੇ ਵੇਲੇ ਦੇ ਪਕੜੇ ਹਨ। ਸਰਦਾਰ ਦਰਬਾਰਾ ਸਿੰਘ ਨੇ ਕੋਈ 6 ਕਰੋੜ ਦੇ ਬੋਗਸ ਕੋਟੇ ਪਕੜੇ ਹਨ। ਇਹ ਲਿਸਟ ਕਾਫੀ ਲੰਬੀ ਹੈ, ਇਹ ਮੈਂ ਪੜ੍ਹਨਾ ਵੀ ਚਾਹੁੰਦਾ ਸੀ, ਪਰ ਲਿਸਟ ਲੰਬੀ ਹੋਣ ਕਰਕੇ ਮੈਂ ਪੜ੍ਹ ਨਹੀਂ ਸਕਦਾ ਕਿਉਂਕਿ ਇਸ ਲਈ ਕਾਫੀ ਸਮਾਂ ਦਰਕਾਰ ਹੈ। ਇਹ ਇਕ ਮੈਸਰਜ਼ ਰੈਕੋ ਇੰਡਸਟ੍ਰੀਅਲ ਕਾਰਪੋਰੇਸ਼ਨ ਮੰਡੀ, ਜ਼ਿਲ੍ਹਾ ਹੁਸ਼ਿਆਰਪੁਰ ਹੈ, ਇਸ ਦੇ 34 ਲੱਖ ਦੇ ਬੋਗਸ ਅਸੈਂਸ਼ਿਅਲ ਸਰਟੀਫਿਕੇਟਸ ਪਕੜੇ ਹਨ। ਦੂਸਰੇ ਗੁਰੂ ਨਾਨਕ ਇੰਡਸਟ੍ਰੀਅਲ ਢਾਬਾ ਵਿਖੇ 23.5 ਲੱਖ ਦਾ ਬੋਗਸ ਕੋਟਾ ਪਕੜਿਆ ਹੈ। ਇਸ ਤਰ੍ਹਾਂ ਹੋਰ ਵੀ ਕਈ ਹਨ, ਇਹ ਸਾਰੇ ਮਿਲਾਕੇ 6 ਕਰੋੜ ਦੇ ਕੋਟੇ ਹਨ, ਜੋ ਕਿ ਬੋਗਸ ਸਨ ਔਰ ਸਰਦਾਰ ਦਰਬਾਰਾ ਸਿੰਘ ਨੇ ਪਕੜੇ ਹਨ। ਕੱਚਾ ਮਾਲ ਸਾਡੇ ਪੰਜਾਬ ਦੀ ਧਰਤੀ ਤੇ ਨਾ ਆਵੇ ਔਰ ਪੰਜਾਬ ਤੋਂ ਬਾਹਰ ਹੀ ਵਿਕੀ ਜਾਏ,

ਇਹ ਠੀਕ ਨਹੀਂ ਹੈ। ਇਹ ਚਿੱਠੀ ਮੇਰੇ ਕੋਲ ਹੈ। ਜਿਹੜੇ ਚੈਕਿੰਗ ਕਰਦੇ ਹਨ, ਉਨ੍ਹਾਂ ਨੂੰ ਐਸੀਆਂ ਚਿਠੀਆਂ ਜਾਂਦੀਆਂ ਹਨ ਕਿ ਜੇਕਰ ਉਨ੍ਹਾਂ ਨੇ ਚੈਕਿੰਗ ਕੀਤੀ ਤਾਂ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਜਾਏਗਾ। ਸਾਡੇ ਕੋਟੇ ਬੰਬਈ ਵਿਚ ਜਾਣ ਔਰ ਪੰਜਾਬ ਵਿਚ ਨਾ ਆਉਣ, ਇਹ ਕਿੰਨੀ ਮਾੜੀ ਗੱਲ ਹੈ। ਜੇਕਰ ਇਹ ਮਾਲ ਪੰਜਾਬ ਵਿਚ ਆਵੇ ਤਾਂ ਸੇਲਜ਼ ਟੈਕਸ ਰਾਹੀਂ ਜਾਂ ਹੋਰ ਸਾਧਨਾਂ ਰਾਹੀਂ ਇਥੇ ਪੰਜਾਬ ਦੀ ਇਨਕਮ ਵਧ ਸਕਦੀ ਹੈ ਔਰ ਲੋਕਾਂ ਨੂੰ ਇਥੇ ਇੰਡਸਟਰੀ ਲਗਣ ਨਾਲ ਐਂਪਲਾਇਮੈਂਟ ਮਿਲ ਸਕਦੀ ਹੈ ਔਰ ਇਥੇ ਅਨ-ਐਂਪਲਾਇਮੈਂਟ ਦੂਰ ਹੋ ਸਕਦੀ ਹੈ। ਬਾਦਲ ਸਾਹਿਬ ਦੇ ਰਿਜੀਮ ਵਿਚ ਇਹ ਬੋਗਸ ਕੋਟੇ ਦਿੱਤੇ ਗਏ, ਜੋ ਕਿ ਸਰਦਾਰ ਦਰਬਾਰਾ ਸਿੰਘ ਨੇ ਪਕੜੇ ਹਨ। ਇਹ ਕਾਫੀ ਲੰਬੀ ਲਿਸਟ ਹੈ ਔਰ ਅਗਰ ਬਾਦਲ ਸਾਹਿਬ ਚਾਹੁੰਣ ਤਾਂ ਇਹ ਇਸ ਲਿਸਟ ਨੂੰ ਮੇਰੇ ਕੋਲੋਂ ਲੈ ਸਕਦੇ ਹਨ। ਔਰ ਮੈਂ ਇਨ੍ਹਾਂ ਨੂੰ ਇਹ ਲਿਸਟ ਦੇਣ ਨੂੰ ਤਿਆਰ ਹਾਂ।

ਇਹ 7 ਮਹੀਨਿਆਂ ਦੇ ਦੌਰਾਨ ਸਾਡੀ ਸਰਕਾਰ ਨੇ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ, 20 ਲੈਟਰਜ਼ ਆਫ ਇੰਟੈਂਟ ਲਏ, 48 ਲੈਟਰਜ਼ ਆਫ ਰਿਜਿਸਟ੍ਰੇਸ਼ਨ ਲਏ ਔਰ 8 ਇੰਡਸਟ੍ਰੀਅਲ ਲਾਈਸੈਂਸ ਲਏ ਔਰ ਐਗਰੋ-ਬੇਸਡ ਮੇਜਰ ਇੰਡਸਟਰੀ ਇਥੇ ਲਗਾਉਣ ਦਾ ਪ੍ਰਬੰਧ ਕੀਤਾ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਵੀ ਮਿਲ ਸਕੇ ਔਰ ਉਹ ਪੈਸਾ ਕਮਾ ਕੇ ਇਥੇ ਪੰਜਾਬ ਦੀ ਪਰ ਕੈਪੀਟਾ ਇਨਕਮ ਵਿਚ ਵਾਧਾ ਕਰ ਸਕਣ।

ਸਪੀਕਰ ਸਾਹਿਬ, ਮੈਂ ਧੌਣ ਉੱਚੀ ਕਰਕੇ ਕਹਿ ਸਕਦਾ ਹਾਂ ਕਿ ਸਾਡੇ ਸੂਬੇ ਦੀ ਪਰ ਕੈਪੀਟਾ ਇਨਕਮ ਹੋਰਨਾਂ ਸੂਬਿਆਂ ਨਾਲੋਂ ਜ਼ਿਆਦਾ ਹੈ। ਅੱਜ ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਰਹਿਨੁਮਾਈ ਥੱਲੇ ਚਲ ਰਹੀ ਹੈ, ਮੈਨੂੰ ਆਸ ਹੈ ਕਿ ਸਾਡੇ ਸੂਬੇ ਦੀ ਪਰ ਕੈਪੀਟਾ ਇਨਕਮ ਹੋਰ ਵਧ ਜਾਵੇਗੀ।

ਸ੍ਰੀ **ਸਪੀਕਰ**: ਵਾਈਂਡ ਅੱਪ ਕਰੋ ਜੀ।

ਸਰਦਾਰ ਸੁਰਿੰਦਰ ਸਿੰਘ ਕੈਰੋਂ: ਸਪੀਕਰ ਸਾਹਿਬ, ਗੋਇੰਦਵਾਲ ਇਕ ਧਾਰਮਿਕ ਅਸਥਾਨ ਹੈ, ਜਿਥੇ ਅਸੀਂ ਸਿਰ ਝੁਕਾਉਂਦੇ ਹਾਂ। ਉਥੇ ਇੰਡਸਟਰੀਅਲ ਕੰਪਲੈਕਸ ਡਿਵੈਲਪ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਦਿਨ ਉਥੇ ਇੰਡਸਟਰੀਅਲ ਕੰਪਲੈਕਸ ਦਾ ਨੀਂਹ ਪੱਥਰ ਰੱਖਣਾ ਸੀ, ਚਾਹੀਦਾ ਤਾਂ ਇਹ ਸੀ ਕਿ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਸਾਡਾ ਸਾਥ ਦਿੰਦੇ ਮਗਰ, ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਨ੍ਹਾਂ ਨੇ ਉਥੇ ਜਾਣ ਵਾਲਿਆਂ ਦੀਆਂ ਕਾਰਾਂ, ਜੀਪਾਂ ਆਦਿ ਰੋਕੀਆਂ ਤਾਕਿ ਉਹ ਉਥੇ ਪਹੁੰਚ ਨਾ ਜਾਣ। ਇਨ੍ਹਾਂ ਨੇ ਲੋਕਾਂ ਨੂੰ ਉਥੇ ਜਾਣ ਤੋਂ ਰੋਕਿਆ ਤਾਕਿ ਗੋਇੰਦਵਾਲ ਲੋਕਾਂ ਦਾ ਇਕੱਠ ਨਾ ਹੋ ਜਾਵੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਦੇ ਬਾਰੇ ਅੰਕੜੇ ਦੇਣਾ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਕਿਰਾਏ ਵਧਣ ਕਾਰਨ ਅਸੀਂ ਘੇਰਾਉ ਕੀਤਾ। ਇਹ ਠੀਕ ਹੈ ਕਿ ਬੱਸਾਂ ਦੇ ਕਿਰਾਏ ਵਧੇ ਹਨ। ਇਹ ਕਿਸ ਤਰ੍ਹਾਂ ਵਧੇ ਹਨ? ਇਹ ਵੀ ਮਜ਼ਬੂਰੀ ਸੀ। ਡੀਜ਼ਲ ਦੀ ਪ੍ਰਾਈਸ ਵਧ ਗਈ ਹੈ, ਟਾਇਰਾਂ ਦੀ ਪ੍ਰਾਈਸ ਵਧ ਗਈ ਹੈ, ਚੈਸੀਜ਼ ਦੀ ਪ੍ਰਾਈਸ ਵਧ ਗਈ ਹੈ ਅਤੇ ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕਿਰਾਏ ਵੀ ਵਧਾਉਣੇ ਪੈਣੇ ਸਨ। ਮੈਂ ਦੱਸਦਾ ਹਾਂ ਕਿ 1976-77 ਵਿਚ ਪ੍ਰਤੀ ਬੱਸ ਪ੍ਰਤੀ ਕਿਲੋਮੀਟਰ ਖ਼ਰਚਾ 156 ਪੈਸੇ ਸੀ, ਪਰ ਕਿਉਂਕਿ ਉਸ ਦੇ ਬਾਅਦ ਡੀਜ਼ਲ ਦੀ ਪ੍ਰਾਈਸ ਵਧ ਗਈ, ਟਾਇਰ ਅਤੇ ਟਿਊਬ ਦੀ ਪ੍ਰਾਈਸ ਵਧ ਗਈ, ਸਪੇਅਰ ਪਾਰਟਸ ਦੀ ਪ੍ਰਾਈਸ ਵਧ ਗਈ, ਇਨ੍ਹਾਂ ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ) ਦੇ ਕਹਿਣ ਮੁਤਾਬਿਕ ਵਰਕਰਾਂ ਦੀਆਂ ਤਨਖਾਹਾਂ ਵਧਾਉਣੀਆਂ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਪਈਆਂ, ਪੈਟਰੋਲ ਦੀ ਕੀਮਤ ਵਧ ਗਈ, ਸੋ ਇਸ ਤਰ੍ਹਾਂ 1980-81 ਵਿਚ ਪ੍ਰਤੀ ਬੱਸ ਪ੍ਰਤੀ ਕਿਲੋਮੀਟਰ ਖ਼ਰਚਾ 256.60 ਪੈਸੇ ਹੋ ਗਿਆ। ਇਸ ਸਾਰੇ ਖ਼ਰਚੇ ਨੂੰ ਮੁੱਖ ਰੱਖਦੇ ਹੋਏ ਕਿਰਾਇਆ ਵੀ ਵਧਾਉਣਾ ਲਾਜ਼ਮੀ ਸੀ। ਸੋ ਇਹ ਇਕ ਮਜ਼ਬੂਰੀ ਸੀ।

Mr. Speaker: Please wind up

ਸਰਦਾਰ ਸੁਰਿੰਦਰ ਸਿੰਘ ਕੈਰੋਂ : ਬੱਸ ਜੀ, ਮੈਂ ਇਕ ਮਿੰਟ ਹੋਰ ਲੈਣਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਵਧੇ ਹੋਏ ਖਰਚਿਆਂ ਦੇ ਅੰਕੜੇ ਨਹੀਂ ਦੇਖੇ। (ਵਿਘਨ) ਜੇ ਬਾਕੀ ਸੂਬਿਆਂ ਦੇ ਕਿਰਾਏ ਦੇਖੇ ਜਾਣ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਮੁਕਾਬਲੇ ਤੇ ਅਸੀਂ ਕਿਰਾਇਆ ਕੁਝ ਵੀ ਨਹੀਂ ਵਧਾਇਆ। ਇਹ ਠੀਕ ਹੈ ਕਿ 43% ਕਿਰਾਇਆ ਇਕ ਦਮ ਵਧਾ ਦਿਤਾ ਹੈ, ਇਹ ਵੀ ਇਕ ਮਜ਼ਬੂਰੀ ਸੀ। ਪਰ ਜੇ ਇਹ ਹੌਲੀ ਹੌਲੀ ਵਧਾਉਂਦੇ ਤਾਂ ਫਿਰ ਕਿਸੇ ਨੇ ਇਤਰਾਜ਼ ਨਹੀਂ ਸੀ ਕਰਨਾ (ਵਿਘਨ) ਤੁਸੀਂ ਇਹ ਅੰਦਾਜ਼ਾ ਲਗਾ ਲਓ ਕਿ ਪਹਿਲਾਂ ਪਰ ਬੱਸ ਪਰ ਕਿਲੋਮੀਟਰ ਖ਼ਰਚ ਆਉਂਦਾ ਸੀ 156 ਪੈਸੇ ਪਰ ਅੱਜ ਇਹ ਖ਼ਰਚ 256.60 ਪੈਸੇ ਆਉਂਦਾ ਹੈ। ਇਸ ਕਰਕੇ ਇਹ ਇਕ ਮਜ਼ਬੂਰੀ ਸੀ, ਜਿਸ ਕਰਕੇ ਕਿਰਾਏ ਵਧਾਏ ਗਏ ਹਨ। ਕਿਰਾਇਆ 43% ਵਧਾਇਆ ਗਿਆ ਹੈ, ਪਰ ਹਾਲਾਂ ਵੀ ਖ਼ਰਚਾ ਇਸ ਤੋਂ ਜ਼ਿਆਦਾ ਹੈ, ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਜ਼ਰੂਰ ਕਹਾਂਗਾ ਕਿ ਜਿਸ ਤਰ੍ਹਾਂ ਪਹਿਲਾਂ ਵੀ ਸਾਡੀ ਸਰਕਾਰ ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਇੰਡਸਟਰੀਅਲਿਸਟਸ ਦੀ ਭਲਾਈ ਕਰਦੀ ਰਹੀ ਹੈ, ਉਸੇ ਤਰ੍ਹਾਂ ਹੀ ਸਰਦਾਰ ਦਰਬਾਰਾ ਸਿੰਘ ਦੀ ਚੀਫ ਮਨਿਸਟਰਸ਼ਿਪ ਥੱਲੇ ਹੁਣ ਦੀ ਇਹ ਸਰਕਾਰ ਇਨ੍ਹਾਂ ਲੋਕਾਂ ਦੀ ਬੜੇ ਚੰਗੇ ਢੰਗ ਨਾਲ ਭਲਾਈ ਦੇ ਕੰਮ ਕਰੇਗੀ ਅਤੇ ਆਉਣ ਵਾਲੇ ਬਜਟ ਸੈਸ਼ਨ ਤੱਕ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਆਪ ਸਾਨੂੰ ਵਧਾਈ ਦੇਣਗੇ ਕਿ ਸਾਡੀ ਸਰਕਾਰ ਨੇ ਬਹੁਤ ਲੋਕ ਭਲਾਈ ਦੇ ਕੰਮ ਕੀਤੇ ਹਨ। (ਤਾੜੀਆਂ)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦੇ ਧੰਨਵਾਦ ਦੇ ਮਤੇ ਅਤੇ ਇਸ ਸਰਕਾਰ ਦੀ 7 ਮਹੀਨਿਆਂ ਦੀ ਜੋ ਕਾਰਕਰਦਗੀ ਹੈ ਅਤੇ ਇਸ ਸਰਕਾਰ ਦੀਆਂ ਆਉਣ ਵਾਲੀਆਂ ਜੋ ਨੀਤੀਆਂ ਹਨ, ਉਸ ਦੀ ਸ਼ਲਾਘਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਸ ਦੇ ਨਾਲ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਇਥੇ ਕੁਝ ਐਸੀਆਂ ਗੱਲਾਂ ਵਾਪਰੀਆਂ ਹਨ, ਜਿਨ੍ਹਾਂ ਦੇ ਬਾਰੇ ਇਥੇ ਕਾਫੀ ਸ਼ੋਰ ਹੈ। ਸਪੀਕਰ ਸਾਹਿਬ, ਅਸਲੀਅਤ ਕੁਝ ਹੋਰ ਹੁੰਦੀ ਹੈ, ਪਰ ਉਸ ਨੂੰ ਦੱਸਿਆ ਹੋਰ ਤਰੀਕੇ ਨਾਲ ਜਾਂਦਾ ਹੈ। ਇਥੇ ਟਰਾਂਸਪੋਰਟ ਦੀ ਨੈਸ਼ਨੇਲਾਈਜੇਸ਼ਨ ਦੇ ਮੁਤੱਲਕ ਬਹੁਤ ਕੁਝ ਕਿਹਾ ਗਿਆ ਹੈ। ਸਾਰੀਆਂ ਪਾਰਟੀਆਂ ਉਸ ਦੀਆਂ ਦਾਅਵੇਦਾਰ ਬਣਦੀਆਂ ਹਨ। ਇਹ ਮੇਰੇ ਕਮਿਊਨਿਸਟ ਪਾਰਟੀਆਂ ਵਾਲੇ ਵੀਰ, ਅਕਾਲੀ ਪਾਰਟੀ ਵਾਲੇ ਵੀਰ ਇਸ ਦੇ ਦਾਅਵੇਦਾਰ ਬਣਦੇ ਹਨ, ਕਾਂਗਰਸ ਨੇ ਤਾਂ ਦਾਅਵੇਦਾਰ ਬਣਨਾ ਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸਲੀਅਤ ਇਹ ਹੈ ਕਿ ਟਰਾਂਸਪੋਰਟ ਪਹਿਲੇ ਲੋਕਾਂ ਨੇ ਆਪਣੇ ਆਪ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਸ਼ੁਰੂ ਕਰਨ ਤੋਂ ਬਾਅਦ ਸਰਕਾਰ ਨੇ ਮਹਿਸੂਸ ਕੀਤਾ ਕਿ ਇਸ ਵਿਚ ਬੜਾ ਪ੍ਰਾਫਿਟ ਹੈ, ਇਸ ਲਈ ਕਿਉਂ ਨਾ ਇਸ ਨੂੰ ਕੌਮੀ ਬਣਾਇਆ ਜਾਵੇ। ਇਹ ਕਦਮ ਕਿਸ ਨੇ ਪੁੱਟਿਆ ਸੀ? ਇਹ ਕਦਮ ਕਾਂਗਰਸ ਸਰਕਾਰ ਨੇ ਚੁੱਕਿਆ ਸੀ। 1969 ਵਿਚ ਜਿਹੜੀ ਉਦੋਂ ਦੀ ਸਰਕਾਰ ਸੀ, ਉਸ ਦੀ ਕੈਬਨਿਟ ਵਿਚ ਸਰਦਾਰ ਦਰਬਾਰਾ ਸਿੰਘ ਵੀ ਸਨ ਉਸ ਵੇਲੇ ਉਸ ਸਰਕਾਰ ਨੇ ਇਸ ਪਾਸੇ ਕਦਮ ਚੁੱਕਿਆ ਸੀ। ਉਸ ਵੇਲੇ ਦੀ ਸਰਕਾਰ ਨੇ ਸੋਚਿਆ ਕਿ

ਕਿਸੇ ਦਾ ਨੁਕਸਾਨ ਵੀ ਨਾ ਹੋਵੇ ਅਤੇ ਟਰਾਂਸਪੋਰਟ ਨੂੰ ਕੌਮੀ ਵੀ ਕੀਤਾ ਜਾਵੇ। ਬੜੀ ਸੋਚ ਵਿਚਾਰ ਤੋਂ ਬਾਅਦ ਇਕ ਸਕੀਮ ਬਣਾਈ ਗਈ ਅਤੇ ਨਾਲ ਹੀ ਟਰਾਂਸਪੋਰਟਰਾਂ ਨੂੰ ਕਹਿ ਦਿਤਾ ਕਿ 10 ਸਾਲਾਂ ਬਾਅਦ ਪੂਰੀ ਨੈਸ਼ਨੇਲਾਈਜ਼ੇਸ਼ਨ ਕਰਕੇ ਤੁਹਾਨੂੰ ਵਿਚੋਂ ਕੱਢ ਦਿਤਾ ਜਾਵੇਗਾ ਅਤੇ ਤੁਸੀਂ ਕੋਈ ਹੋਰ ਧੰਦਾ ਸ਼ੁਰੂ ਕਰ ਦੇਣਾ। ਇਸ ਤਰ੍ਹਾਂ 50-50 ਦੀ ਸਕੀਮ ਬਣਾਈ ਗਈ ਸੀ, ਇਹ ਜਿਹੜੀ 50-50 ਦੀ ਸਕੀਮ ਬਣੀ ਸੀ, ਅਪਰੂਵ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਉਸ ਵੇਲੇ ਇਸ ਦੇ ਖਿਲਾਫ਼ ਇਨ੍ਹਾਂ ਇਸ ਨੂੰ ਕੈਬਨਿਟ ਨੇ ਵਿਚੋਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ। ਇਸ ਤਰ੍ਹਾਂ 10 ਸਾਲ ਲੰਘ ਗਏ ਅਤੇ 1969 ਵਿਚ ਸਾਡੀ ਸਰਕਾਰ ਚਲੀ ਗਈ। ਉਸ ਦੇ ਬਾਅਦ ਜਿਹੜੀ ਇਨ੍ਹਾਂ ਦੀ ਸਰਕਾਰ ਆਈ ਉਸ ਨੂੰ ਚਾਹੀਦਾ ਤਾਂ ਇਹ ਸੀ ਕਿ ਜਿਹੜੀ ਸਾਡੀ ਸਰਕਾਰ ਨੇ ਸਕੀਮ ਬਣਾਈ ਸੀ ਉਸ ਨੂੰ ਸਿਰੇ ਚੜ੍ਹਾਉਂਦੀ ਮਗਰ ਇਨ੍ਹਾਂ ਦੀ ਸਰਕਾਰ ਨੇ ਸਾਡੀ ਉਸ ਸਰਕਾਰ ਦੇ 50-50 ਦੇ ਐਗਰੀਮੈਂਟ ਨੂੰ ਖ਼ਤਮ ਕਰ ਦਿੱਤਾ। ਅੱਜ ਇਹ ਸਾਰੇ ਕਹਿੰਦੇ ਹਨ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ। ਪਰ ਉਸ ਵੇਲੇ ਇਨ੍ਹਾਂ ਨੇ ਉਸ ਸਾਡੀ ਬਣੀ ਬਣਾਈ ਸਕੀਮ ਨੂੰ ਖਤਮ ਕਰ ਦਿਤਾ। (ਵਿਘਨ) ਸਾਡੀ ਉਸ ਵੇਲੇ ਦੀ ਸਰਕਾਰ ਨੇ ਟਰਾਂਸਪੋਰਟਰਾਂ ਨੂੰ 10 ਸਾਲ ਪਹਿਲਾਂ ਵਾਰਨਿੰਗ ਦੇ ਦਿਤੀ ਸੀ ਕਿ ਤੁਸੀਂ ਹੋਰ ਕੰਮ ਸ਼ੁਰੂ ਕਰ ਲਵੋ ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰ ਦੇਣੀ ਹੈ, ਪਰ ਇਨ੍ਹਾਂ ਦੀ ਸਰਕਾਰ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਹੋਰ ਸਕੀਮ ਬਣਾ ਲਈ। ਇਨ੍ਹਾਂ ਨੇ 60-40 ਦੀ ਸਕੀਮ ਬਣਾ ਲਈ। 60% ਗੌਰਮਿੰਟ ਦਾ ਹਿੱਸਾ ਅਤੇ 40% ਪ੍ਰਾਈਵੇਟ ਓਪਰੇਟਰਾਂ ਦਾ ਹਿੱਸਾ ਰੱਖਿਆ ਗਿਆ। ਇਹ ਸਕੀਮ ਇਨ੍ਹਾਂ ਦੀ ਸਰਕਾਰ ਨੇ ਬਣਾਈ ਅਤੇ ਇਸ ਤੋਂ ਇਹ ਬਚ ਨਹੀਂ ਸਕਦੇ। ਉਸ ਵੇਲੇ ਇਨ੍ਹਾਂ ਨਾਲ ਕਮਿਊਨਿਸਟ ਅਤੇ ਜਨਸੰਘ ਵਾਲੇ ਵੀ ਸਨ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਇਨ੍ਹਾਂ ਨਾਲ ਸਨ। ਇਨ੍ਹਾਂ ਨੇ ਇਕ ਹਾਈ ਪਾਵਰਡ ਕਮੇਟੀ ਬਣਾਈ ਸੀ। ਇਸ ਤਰ੍ਹਾਂ ਪਹਿਲੀ ਸਰਕਾਰ ਦੀ ਸਕੀਮ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਨੇ ਇਕ ਨਵੀਂ ਸਕੀਮ ਬਣਾ ਦਿਤੀ ਅਤੇ 60 : 40 ਦੀ ਸਕੀਮ ਚਾਲੂ ਕਰ ਦਿਤੀ। ਇਹ ਸਕੀਮ 10 ਸਾਲ ਚਲਣੀ ਸੀ। ਪਹਿਲੇ 7 ਸਾਲ ਤਾਂ ਇਹ ਸਕੀਮ 60 : 40 ਦੇ ਹਿਸਾਬ ਨਾਲ ਚਲਣੀ ਸੀ ਫਿਰ ਬਾਕੀ ਦੇ 3 ਸਾਲਾਂ ਵਿਚ ਹਰ ਸਾਲ 1/3, 1/3 ਦੇ ਹਿਸਾਬ ਨਾਲ ਟਰਾਂਸਪੋਰਟ ਨੈਸ਼ਨੇਲਾਈਜ਼ ਕਰੀ ਜਾਣੀ ਸੀ। ਇਸ ਤਰ੍ਹਾਂ 10 ਸਾਲਾਂ ਵਿਚ ਇਨ੍ਹਾਂ ਨੇ ਨੈਸ਼ਨੇਲਾਈਜ਼ੇਸ਼ਨ ਕਰਨੀ ਸੀ। ਇਸ ਸਕੀਮ ਨੂੰ ਇਨ੍ਹਾਂ ਸਾਰੀਆਂ ਪਾਰਟੀਆਂ ਨੇ ਰਲ ਕੇ ਬਣਾਇਆ ਸੀ, ਪਰ ਇਸ ਵਿਚ ਕਾਂਗਰਸ ਪਾਰਟੀ ਸ਼ਾਮਿਲ ਨਹੀਂ ਸੀ। ਇਹ ਸਕੀਮ ਬਣਾਉਣ ਤੋਂ ਬਾਅਦ ਇਨ੍ਹਾਂ ਨੇ ਉਸ ਤੇ ਕੋਈ ਅਮਲ ਨਹੀਂ ਕੀਤਾ। ਇਹ ਜਿਹੜੇ ਬਾਕੀ ਦੇ ਤਿੰਨ ਸਾਲ ਸਨ 1977, 1978 ਅਤੇ 1979 ਇਨ੍ਹਾਂ ਸਾਲਾਂ ਵਿਚ ਇਨ੍ਹਾਂ ਨੇ ਕੋਈ ਇਸ ਬਾਰੇ ਗਲ ਨਹੀਂ ਕੀਤੀ ਸਗੋਂ ਉਲਟਾ ਇਹ ਕਰ ਦਿਤਾ ਕਿ ਇਕੱਲੇ ਇਕੱਲੇ ਪ੍ਰਾਈਵੇਟ ਓਪਰੇਟਰਾਂ ਨੂੰ ਹੋਰ ਪਰਮਿਟ ਦੇ ਦਿਤੇ ਅਤੇ ਇਸ ਤਰ੍ਹਾਂ ਇਨ੍ਹਾਂ ਨੇ ਆਪਣੀ ਪਹਿਲੀ ਸਕੀਮ ਤੇ ਕੋਈ ਅਮਲ ਨਹੀਂ ਕੀਤਾ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਕਿਸੇ ਵੇਲੇ ਵੀ ਕਿਸੇ ਆਪਣੀ ਸਕੀਮ ਤੋਂ ਪਿਛੇ ਨਹੀਂ ਹਟੀ। (ਵਿਘਨ) ਹੁਣ ਕਿਰਾਇਆਂ ਦੀ ਗੱਲ ਕਰ ਲਈਏ। (ਵਿਘਨ) ਪਹਿਲੇ ਜਿਸ ਵੇਲੇ ਇਹ ਸਕੀਮ ਬਣੀ ਸੀ, ਉਦੋਂ ਕਾਂਗਰਸ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਅਤੇ ਇਤਰਾਜ਼ ਮੰਗੇ ਸਨ। ਇਹ ਜਿਹੜੇ ਮੇਰੇ ਭਰਾ ਇਧਰ ਬੈਠੇ ਹਨ, ਇਨ੍ਹਾਂ ਨੇ ਕੋਈ ਇਤਰਾਜ਼ ਨਹੀਂ ਕੀਤਾ ਕਿ ਸਾਨੂੰ 50-50 ਦੀ ਸਕੀਮ ਮਨਜ਼ੂਰ ਨਹੀਂ ਹੈ, ਇਸ ਦੇ ਵਿਚ ਕੋਈ ਤਬਦੀਲੀ ਕਰੋ। ਇਸੇ ਤਰ੍ਹਾਂ ਸਪੀਕਰ ਸਾਹਿਬ, ਕਿਰਾਇਆਂ ਦੀ ਨੋਟੀਫਿਕੇਸ਼ਨ ਕੀਤੀ ਗਈ ਹੈ। ਉਸ ਦੇ ਵਿਚ ਮੈਨੂੰ ਪਤਾ ਹੈ ਕਿ ਸੱਜੇ ਕਮਿਊਨਿਸਟਸ ਨੇ ਇਤਰਾਜ਼ ਕੀਤਾ ਹੈ ਬਾਕੀਆਂ ਨੇ ਕੋਈ ਇਤਰਾਜ਼ ਨਹੀਂ ਕੀਤਾ ਪਰ ਉਹ ਵੀ ਮੌਕੇ ਤੇ ਨਹੀਂ ਪਹੁੰਚਿਆ। ਉਸ ਦੇ ਬਾਅਦ ਘੇਰਾਓ ਪੈਦਾ ਕਰਨੇ, ਪਹੀਆ ਜਾਮ ਕਰਨਾ ਜਾਂ ਹੋਰ

[ਸਰਦਾਰ ਦਿਲਬਾਗ ਸਿੰਘ]

ਕੁਝ ਕਰਨਾ ਮੈਂ ਸਮਝਦਾ ਹਾਂ ਕਿ ਨਾਮੁਨਾਸਿਬ ਹੈ ਉਨ੍ਹਾਂ ਲੋਕਾਂ ਵਾਸਤੇ ਜਿਹੜੇ ਲੋਕਾਂ ਦੇ ਨੁਮਾਇੰਦੇ ਅਸੈਂਬਲੀ ਵਿਚ ਆਉਂਦੇ ਹਨ ਅਤੇ ਉਹ ਪੂਰੀ ਤਰ੍ਹਾਂ ਵਾਕਿਫ਼ ਹੁੰਦੇ ਹਨ ਕਿ ਇਹ ਇਕ ਸਰਕਾਰ ਦੀ ਗਲਤੀ ਵੀ ਹੈ ਜਾਂ ਨਹੀਂ ਜਾਂ ਇਸ ਨੂੰ ਇਕ ਪੁਲੀਟੀਕਲ ਸਟੰਟ ਬਣਾਉਣਾ ਹੈ । ਇਹ ਸਾਰਾ ਕੁਝ ਪੁਲੀਟੀਕਲ ਸਟੰਟ ਬਣਾਉਣਾ ਚਾਹੁੰਦੇ ਹਨ। ਅਕਾਲੀ ਪਾਟੀ ਨੇ ਪੰਜਾਬ ਦਾ ਬੇੜਾ ਗ਼ਰਕ ਕੀਤਾ ਹੈ । ਇਨ੍ਹਾਂ ਨੇ ਪੰਜਾਬੀ ਸੂਬੇ ਨਾਲ ਪੰਜਾਬ ਨੂੰ ਛੋਟਾ ਕਰ ਦਿਤਾ ਹੈ । ਪੰਜਾਬੀ ਸੂਬਾ ਲੈਣ ਵੇਲੇ 50 ਹਜ਼ਾਰ ਆਦਮੀ ਅੰਦਰ ਭੇਜ ਦੇਣਾ, ਪੰਜਾਬ ਨੂੰ ਛੋਟਾ ਬਣਾਉਣ ਵਾਸਤੇ ਇਸ ਤਰ੍ਹਾਂ ਕਰਨਾ ਮੈਂ ਸਮਝਦਾ ਹਾਂ ਕਿ ਕੋਈ ਦੁਨੀਆਂ ਵਿਚ ਐਸੀ ਮਿਸਾਲ ਨਹੀਂ ਕਿ 50 ਹਜ਼ਾਰ ਆਦਮੀ ਅੰਦਰ ਭੇਜ ਕੇ ਸੂਬੇ ਨੂੰ ਛੋਟਾ ਕਰਵਾਇਆ ਜਾਵੇ । (ਵਿਘਨ) ਸਪੀਕਰ ਸਾਹਿਬ, ਫਸਟ ਵਰਲਡ ਵਾਰ ਵਿਚ ਸਿੱਖਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਉਸ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਬੁਲਾਇਆ ਕਿ ਤੁਸੀਂ ਸਾਡੀ ਬੜੀ ਮੱਦਦ ਕੀਤੀ ਹੈ ਕੁਝ ਮੰਗ ਲਓ ਤਾਂ ਇਨ੍ਹਾਂ ਨੇ ਕਿਹਾ ਕਿ ਸਲਾਹ ਕਰਕੇ ਦੱਸਾਂਗੇ। ਸਲਾਹ ਕਰਕੇ ਇਨ੍ਹਾਂ ਨੇ ਇਹ ਕਿਹਾ ਕਿ ਸਾਨੂੰ ਇਹ ਦੇ ਦਿਉ ਕਿ ਜਿਹੜੇ ਸਟੇਸ਼ਨਾਂ ਤੇ ਰੇਲਵੇ ਦੇ ਫੱਟੇ ਲਗੇ ਹਨ, ਉਨ੍ਹਾਂ ਤੇ ਗੁਰਮੁਖੀ ਵਿਚ ਲਿਖ ਦਿਓ ਅਤੇ ਦੂਸਰਾ ਕਹਿ ਦਿਓ ਕਿ ਤਮਾਕੂ ਨਹੀਂ ਪੀਣਾ। ਹਜ਼ਾਰਾਂ ਸਿੱਖ ਮਰਵਾ ਕੇ ਇਹ ਦੋ ਚੀਜ਼ਾਂ ਮੰਗੀਆਂ। (ਵਿਘਨ) (ਸ਼ੋਰ)

ਸਰਦਾਰ ਜਗਦੇਵ ਸਿੰਘ ਜੱਸੋਵਾਲ : ਸਪੀਕਰ ਸਾਹਿਬ, ਜਿਹੜਾ ਇਹ ਕਹਿ ਰਹੇ ਹਨ ਕਿ ਸਿੱਖਾਂ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ ਹੈ, ਇਹ ਹਿਸਟੋਰੀਕਲ ਫੈਕਟ ਨਹੀਂ ਹੈ । (ਵਿਘਨ)

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ, । ਸਪੀਕਰ ਸਾਹਿਬ, ਇਹ ਜਿਹੜੀ ਗਲ ਸਿੱਖਾਂ ਦੇ ਬਾਰੇ ਕਹਿ ਰਹੇ ਹਨ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਅਤੇ ਹਿੰਦ ਦਾ ਖੁਦ ਮੁਖਤਿਆਰ (Sovereign) ਸੌਵਰਨ ਰਾਜ ਪੂਰਬੀਆਂ ਨੇ ਅੰਗਰੇਜ਼ਾਂ ਨਾਲ ਰਲ ਕੇ ਖ਼ਤਮ ਕੀਤਾ ਸੀ। ਇਹ ਮਾਨਯੋਗ ਮੈਂਬਰ ਸ਼ਾਇਦ ਹਿਸਟਰੀ ਤੋਂ ਵਾਕਿਫ਼ ਨਹੀਂ ਹਨ। ਇਸ ਲਈ ਹਾਊਸ ਵਿਚ ਮੈਂ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਮਾਨਯੋਗ ਮੈਂਬਰ ਨੂੰ ਇਸ ਵਿਸ਼ੇ ਤੇ ਬੋਲਣਾ ਬੰਦ ਕਰਨਾ ਚਾਹੀਦਾ ਹੈ ਜਾਂ ਮੈਨੂੰ ਵੀ ਸਮਾਂ ਦਿਓ ਕਿ ਜੋ ਕੁਰਬਾਨੀਆਂ ਸਿੱਖਾਂ ਅਤੇ ਪੰਜਾਬੀ ਵੀਰਾਂ ਨੇ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੀਤੀਆਂ ਹਨ ਉਨ੍ਹਾਂ ਨੂੰ ਮੈਂ ਵਰਣਨ ਕਰ ਸਕਾਂ। ਕੀ ਇਹ ਮਾਨਯੋਗ ਮੈਂਬਰ ਆਪ ਸਿੱਖ ਨਹੀਂ ਹੈ?

ਸਰਦਾਰ ਦਿਲਬਾਗ ਸਿੰਘ : ਮੈਂ ਹਿਸਟਰੀ ਤੋਂ ਵਾਕਿਫ ਹਾਂ। ਮੈਨੂੰ ਬਹੁਤ ਸਾਰਾ ਕੁਝ ਪਤਾ ਹੈ, ਇਨ੍ਹਾਂ ਨੂੰ ਸ਼ਾਇਦ ਨਹੀਂ ਪਤਾ। (ਵਿਘਨ) ਸਪੀਕਰ ਸਾਹਿਬ, ਇਹ ਇਸ ਗੱਲ ਤੋਂ ਗੁੱਸੇ ਹੁੰਦੇ ਹਨ, ਮੈਂ ਹੁਣ ਹੋਰ ਪਾਸੇ ਆਉਂਦਾ ਹਾਂ। (ਵਿਘਨ) (ਸਰਦਾਰ ਗੁਰਦੇਵ ਸਿੰਘ ਬਾਦਲ ਵਲੋਂ ਵਿਘਨ)

ਸਪੀਕਰ ਸਾਹਿਬ, ਯੂਨਾਈਟਿਡ ਪੰਜਾਬ ਦਾ ਖਿਜ਼ਰ ਹਿਆਤ ਖਾਂ ਚੀਫ਼ ਮਨਿਸਟਰ ਸੀ, ਉਹ ਕਹਿੰਦਾ ਸੀ ਕਿ ਸਿੱਖਾਂ ਨੂੰ ਖੁਸ਼ ਕਰਨ ਦਾ ਕੀ ਹੈ । (ਵਿਘਨ) (ਇਕ ਆਵਾਜ਼: ਇਹ ਗਲਤ ਗਲਾਂ ਕਹਿ ਰਹੇ ਹਨ) ਜੇਲ੍ਹਾਂ ਵਿਚ ਭੇਜ ਦਿਓ । ਝਟਕੇ ਦਾ ਕਹਿ ਦਿਉ। (ਵਿਘਨ) ਮਿਆਂ ਤੋਂ ਜੋ ਗਲ ਮਨਵਾਉਣੀ ਹੋਵੇ ਤਾਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾ ਦਿਓ।

ਇਕ ਅਵਾਜ਼ : ਸਿੱਖ ਤਾਂ ਦੇਸ਼ ਭਗਤ ਹਨ। (ਵਿਘਨ)

ਸਰਦਾਰ ਦਿਲਬਾਗ ਸਿੰਘ : ਤਗੜੇ ਹੋ ਕੇ ਗਲ ਸੁਣੋ, ਤਗੜੇ ਹੋ ਕੇ ਗਲ ਕਰਾਂਗਾ। **ਤੁਸੀਂ** ਸਰਕਾਰੀ ਕਾਰ ਲੈ ਕੇ - ਬਲਾਕਾਂ ਵਿਚ ਜਾਂਦੇ ਸੀ ਅਤੇ ਕਛੇ, ਕੜੇ ਤੇ ਕਿਰਪਾਨਾਂ ਪੁਆਉਂਦੇ ਸੀ (ਵਿਘਨ) (ਸ਼ੋਰ)

ਵੈਦ ਕਰਤਾਰ ਸਿੰਘ : ** ** **
(ਵਿਘਨ) (ਸ਼ੋਰ)

ਸ੍ਰੀ **ਸਪੀਕਰ** : ਵੈਦ ਜੀ ਤੁਸੀਂ ਬੈਠੋ। ਜੋ ਕੁਝ ਆਨਰੇਬਲ ਮੈਂਬਰ ਇਜ਼ਾਜਤ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (ਵਿਘਨ)

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦਾ ਇਕ ਐਕਸ ਮਨਿਸਟਰ ਪਿਛਲੇ ਦਿਨਾਂ ਵਿਚ ਯੂ.ਕੇ. ਗਿਆ ਸੀ। (ਵਿਘਨ)

Shri Vinod Sharma : ** ** **

Shri. Gopal Krishan Chatrath : ** ** **

Mr. Speaker Whatever is being said without my permission should not be recorded.

ਸਰਦਾਰ ਦਿਲਬਾਗ ਸਿੰਘ : ਗੱਲ ਅਗਰ ਮੈਂ ਕਰਦਾ ਹਾਂ ਤਾਂ ਮੇਰੇ ਖਿਲਾਫ ਇਹ ਵੀ ਗਲ ਕਰਨ। (ਵਿਘਨ) (ਵੈਦ ਕਰਤਾਰ ਸਿੰਘ ਜੀ ਵਲੋਂ ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦਾ ਇਕ ਐਕਸ ਮਨਿਸਟਰ ਇੰਗਲੈਂਡ ਗਿਆ ਅਤੇ ਉਥੇ ਉਹ ਗੁਰਦੁਆਰੇ ਵਿਚ ਲੈਕਚਰ ਕਰਦਾ ਹੈ। ਉਹ ਉਥੇ ਜਾ ਕੇ ਲੋਕਾਂ ਨੂੰ ਭੜਕਾਉਂਦਾ ਹੈ। ਉਹ ਲੋਕਾਂ ਵਿਚ ਉਥੇ ਲੈਕਚਰ ਕਰਦਾ ਹੈ ਕਿ ਅਸੀਂ ਇਹ ਸੂਬਾ ਲਿਆ ਹੈ। (ਵਿਘਨ) ਕੁਝ ਇਧਰੋਂ ਵੀ ਕੱਢ ਦਿੱਤੇ ਅਤੇ ਕੁਝ ਉਧਰੋਂ ਵੀ ਕੱਢ ਦਿੱਤੇ ਔਰ ਅਸੀਂ 70%75% ਦੇ ਨੇੜੇ ਨੇੜੇ ਪਹੁੰਚ ਗਏ ਸੀ। ਨਿਰੋਲ ਸਿੱਖਾਂ ਦਾ ਰਾਜ ਰਹਿ ਜਾਵੇ। ਕਹਿਣ ਲਗੇ ਕਿ ਇੰਦਰਾਂ ਗਾਂਧੀ ਸਿੱਖਾਂ ਨਾਲ ਬੜੀ ਲਗਦੀ ਹੈ। ਇਹ ਯੂ.ਪੀ. ਦੇ ਜਿਹੜੇ ਕੰਮ ਕਰਨ ਵਾਲੇ ਬੰਦੇ ਹਨ, ਉਨ੍ਹਾਂ ਨੂੰ ਲਿਆ ਕੇ ਉਨ੍ਹਾਂ ਦੀਆਂ ਇਥੇ ਵੋਟਾਂ ਬਣਾ ਕੇ ਸਾਡੀ ਸਿੱਖਾਂ ਦੀ ਮੈਜਾਰਿਟੀ ਨੂੰ ਮਾਇਨਾਰਿਟੀ ਬਣਾ ਦਿਤਾ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) (ਵਿਘਨ) (ਸ਼ੋਰ)

ਹੁਣ ਸਪੀਕਰ ਸਾਹਿਬ, ਮੈਂ ਕਿਰਾਇਆਂ ਦੀ ਗੱਲ ਕਰਨਾ ਚਾਹੁੰਦਾ ਹਾਂ ਜਿਹੜਾ ਅੱਜ ਕਲ੍ਹ ਮਸਲਾ ਚਲ ਰਿਹਾ ਹੈ। ਕਿਰਾਇਆਂ ਦੇ ਮੁਤੱਲਕ ਸਿਰਫ ਮੈਂ ਇਤਨੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਕੋਲ ਇਹ ਕਿਤਾਬ ਹੈ, Facts about Punjab (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਕਿਰਾਇਆਂ ਦਾ ਮਸਲਾ ਹੈ, ਇਹ ਠੀਕ ਹੈ ਕਿ ਕਿਰਾਇਆ ਜਿਹੜਾ ਹੈ ਜਦੋਂ ਮਹਿੰਗਾਈ

**Not recorded as ordered by the Chair.

[ਸਰਦਾਰ ਦਿਲਬਾਗ ਸਿੰਘ]

ਵਧੀ, ਜਿਸ ਤਰ੍ਹਾਂ ਕੈਰੋਂ ਸਾਹਿਬ ਨੇ ਕਿਹਾ ਕਿ ਸਾਰੀਆਂ ਸਟੇਟਾਂ ਨੇ ਕਿਰਾਇਆ ਵਧਾਇਆ ਪਰ ਪੰਜਾਬ ਨੇ ਨਹੀਂ ਸੀ ਵਧਾਇਆ। ਸਾਡੇ ਪੰਜਾਬ ਵਿਚ 1976 ਵਿਚ ਕਿਰਾਇਆ 3.9 ਪੈਸੇ ਪ੍ਰਤੀ ਕਿਲੋਮੀਟਰ ਸੀ ਅਤੇ ਹਰਿਆਣਾ ਨੇ ਇਹ 4 ਪੈਸੇ ਕਰ ਦਿਤਾ ਸੀ ਪਰ ਸਾਡਾ ਉਹੀ 3.9 ਪੈਸੇ ਰਿਹਾ। ਫਿਰ 1979 ਵਿਚ ਹਰਿਆਣਾ ਨੇ 4 ਪੈਸੇ ਪ੍ਰਤੀ ਕਿਲੋ ਮੀਟਰ ਤੋਂ ਵਧਾ ਕੇ 4.4 ਪੈਸੇ ਪ੍ਰਤੀ ਕਿਲੋਮੀਟਰ ਕਰ ਦਿਤਾ ਅਤੇ ਐਕਸਪ੍ਰੈਸ ਦਾ 5.5 ਪੈਸੇ ਕਰ ਦਿਤਾ ਪਰ ਸਾਡਾ ਉਹੀ ਰਿਹਾ। ਇਸ ਤੋਂ ਬਾਅਦ ਫਿਰ 1980 ਵਿਚ ਸਾਰੇ ਹਿੰਦੁਸਤਾਨ ਦੀਆਂ ਸਟੇਟਾਂ ਦੇ ਕਿਰਾਏ ਵਧੇ, ਪਰ ਪੰਜਾਬ ਨੇ ਉਹੀ ਰਖਿਆ। ਹਰਿਆਣਾ ਨੇ 4.4 ਪੈਸੇ ਪ੍ਰਤੀ ਕਿਲੋ ਮੀਟਰ ਤੋਂ ਵਧਾ ਕੇ 4.5 ਪੈਸੇ ਪ੍ਰਤੀ ਕਿਲੋ ਮੀਟਰ ਕਰ ਦਿਤਾ ਅਤੇ ਐਕਸਪ੍ਰੈਸ ਦਾ 6.9 ਪੈਸੇ ਪ੍ਰਤੀ ਕਿਲੋ ਮੀਟਰ ਕਰ ਦਿਤਾ। 17.11.1980 ਨੂੰ ਕਾਂਗਰਸ ਸਰਕਾਰ ਨੇ 3.9 ਪੈਸੇ ਤੋਂ ਵਧਾ ਕੇ 5.6 ਪੈਸੇ ਪ੍ਰਤੀ ਕਿਲੋ ਮੀਟਰ ਕਰ ਦਿਤਾ। ਇਹ ਬਿਲਕੁਲ ਠੀਕ ਹੈ ਕਿ ਪਹਿਲੇ 3 ਸਾਲਾਂ ਵਿਚ ਕੋਈ ਕਿਰਾਇਆ ਨਹੀਂ ਵਧਿਆ, ਪਰ ਇਸ ਦੇ ਮੁਤੱਲਕ ਮੈਂ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। 1977-78 ਵਿਚ ਪੰਜਾਬ ਰੋਡਵੇਜ਼ ਦੀ ਆਮਦਨ 23,81,41,000/- ਰੁਪਏ ਸੀ ਅਤੇ ਖਰਚ 24,13,63,000/- ਰੁਪਏ ਸੀ ਅਤੇ ਇਸ ਤਰ੍ਹਾਂ 32 ਲਖ ਰੁਪਏ ਦਾ ਘਾਟਾ ਪਿਆ। ਪਰ ਕਿਰਾਇਆ ਫਿਰ ਵੀ ਨਹੀਂ ਸੀ ਵਧਾਇਆ। 1978-79 ਵਿਚ ਆਮਦਨ 26,54,65,000 ਰੁਪਏ ਸੀ ਅਤੇ ਖਰਚ 28,19,37,000 ਰੁਪਏ ਸੀ ਅਤੇ ਇਸ ਤਰ੍ਹਾਂ ਘਾਟਾ 1,64,72,000/- ਰੁਪਏ ਹੋ ਗਿਆ। ਕੀਮਤਾਂ ਵਧਦੀਆਂ ਗਈਆਂ ਅਤੇ ਘਾਟਾ ਵੀ ਵਧਦਾ ਗਿਆ। 1979-80 ਵਿਚ ਆਮਦਨ 29,23,41,000/- ਰੁਪਏ ਸੀ ਅਤੇ ਖਰਚਾ 32,97,23,000/- ਰੁਪਏ ਅਤੇ ਘਾਟਾ 3,73,82,000/- ਰੁਪਏ ਹੋ ਗਿਆ। ਇਸ ਤਰ੍ਹਾਂ ਘਾਟਾ ਸਿਰਫ ਸਟੇਟ ਅੰਡਰਟੇਕਿੰਗ ਦਾ ਸੀ। ਜਿਹੜਾ ਕਿ ਸਰਕਾਰ ਕੰਮ ਕਰ ਰਹੀ ਸੀ। ਸਰਕਾਰ ਨੇ ਕਿਹਾ ਕਿ ਅਗਰ ਇਸ ਘਾਟੇ ਨੂੰ ਪੂਰਾ ਨਾ ਕੀਤਾ ਗਿਆ ਜਿਹੜਾ ਕਿ ਹਰ ਸਾਲ ਵਧਦਾ ਜਾ ਰਿਹਾ ਸੀ ਤਾਂ ਹਾਲਾਤ ਠੀਕ ਨਹੀਂ ਰਹਿਣੇ ਕਿਉਂਕਿ ਇਸ ਸਰਕਾਰ ਨੇ ਵੇਖਿਆ ਕਿ ਪਹਿਲੀ ਸਰਕਾਰ ਖਜ਼ਾਨਾ ਪਹਿਲਾਂ ਹੀ ਖਾਲੀ ਕਰ ਗਈ ਸੀ। ਲੋਕਾਂ ਨੂੰ ਬੱਸ ਸਰਵਿਸ ਪੂਰੀ ਨਹੀਂ ਸੀ ਦੇ ਸਕਦੇ ਔਰ ਘਾਟਾ ਦਿਨ ਬਦਿਨ ਵਧ ਰਿਹਾ ਸੀ। ਇਸ ਤੋਂ ਇਲਾਵਾ ਹਰ ਇਕ ਚੀਜ਼ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਸਨ। ਚੈਸੀ ਦੀ ਕੀਮਤ ਜਿਹੜੀ ਪਹਿਲਾਂ 99 ਹਜ਼ਾਰ ਰੁਪਏ ਸੀ, ਉਹ 1.60 ਲੱਖ ਰੁਪਏ ਹੋ ਗਈ। ਬੌਡੀ ਜਿਹੜੀ 26 ਹਜ਼ਾਰ ਦੀ ਸੀ, ਉਹ 50 ਹਜ਼ਾਰ ਰੁਪਏ ਦੀ ਹੋ ਗਈ। ਇਸੇ ਤਰ੍ਹਾਂ ਡੀਜ਼ਲ ਜਿਹੜਾ 1.42 ਰੁਪਏ ਪਰ ਲੀਟਰ ਸੀ, ਉਹ 2.71 ਰੁਪਏ ਪਰ ਲੀਟਰ ਹੋ ਗਿਆ। ਇਸੇ ਤਰ੍ਹਾਂ ਮੋਬਿਅਲ ਆਇਲ ਜਿਹੜਾ 5 ਰੁਪਏ ਪਰ ਲੀਟਰ ਸੀ, ਉਹ 11.50 ਰੁਪਏ ਪਰ ਲੀਟਰ ਹੋ ਗਿਆ। ਟਾਇਰ ਜਿਸ ਦੀ ਕੀਮਤ 1,000/- ਰੁਪਏ ਸੀ ਉਹ 3 ਹਜ਼ਾਰ ਦਾ ਹੋ ਗਿਆ। ਸੂਦ ਦਾ ਰੇਟ 12% ਤੋਂ ਵੱਧ ਕੇ 18% ਹੋ ਗਿਆ। ਡਰਾਈਵਰ ਦੀ ਤਨਖਾਹ 280 ਰੁਪਏ ਮਹੀਨਾ ਤੋਂ 372 ਰੁਪਏ ਮਹੀਨਾ ਹੋ ਗਈ, ਕੰਡਕਟਰ ਦੀ ਤਨਖਾਹ 230 ਰੁਪਏ ਤੋਂ 312 ਰੁਪਏ ਮਹੀਨਾ ਹੋ ਗਈ। ਇਸੇ ਤਰ੍ਹਾਂ ਕਰੈਂਕ ਸ਼ਾਫਟ ਦੀ ਕੀਮਤ 3 ਹਜ਼ਾਰ ਰੁਪਏ ਤੋਂ 9 ਹਜ਼ਾਰ ਰੁਪਏ ਹੋ ਗਈ। ਬੈਰਿੰਗ 16 ਰੁਪਏ ਤੋਂ 60 ਰੁਪਏ ਦਾ ਹੋ ਗਿਆ। ਟੈਕਸ ਜਿਹੜਾ 5,200/- ਰੁਪਏ ਸੀ ਉਹ 15,600/- ਰੁਪਏ ਹੋ ਗਿਆ। ਇਤਨੀ ਮਹਿੰਗਾਈ ਵੱਧ ਗਈ ਤਾਂ ਕਿਰਾਇਆ ਵਧਣਾ ਹੀ ਸੀ। ਇਹ ਜਿਸ ਤਰ੍ਹਾਂ ਬਾਕੀ ਸਟੇਟਾਂ ਨੇ ਵਧਾਇਆ ਉਸੇ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਵਧਾ ਦਿੱਤਾ। ਵਧਾਉਣਾ ਤਾਂ ਇਨ੍ਹਾਂ ਨੇ ਸੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਜੋ ਕਿ ਨਹੀਂ ਵਧਾਇਆ। ਇਨ੍ਹਾਂ ਨੂੰ ਪਤਾ ਸੀ ਕਿ ਸਾਡੇ ਖਜ਼ਾਨੇ ਤੇ ਇਸਦਾ ਬਹੁਤ

ਬੋਝ ਪੈ ਰਿਹਾ ਹੈ । ਇਨ੍ਹਾਂ ਦੇ ਵੇਲੇ ਫਾਈਲ ਬਣੀ ਹੋਈ ਸੀ ਔਰ ਮਹਿਕਮੇ ਨੇ ਉਸ ਦੇ ਉਤੇ ਲਿਖ ਦਿਤਾ ਸੀ ਕਿ ਦਿਨ ਬਦਿਨ ਘਾਟਾ ਵਧ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਇਹ ਪੀਪਾ ਬੱਸਾਂ ਐਵੇਂ ਨਹੀਂ ਬਣੀਆਂ। ਮੈਂ ਇਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦਾ ਕੋਈ ਇਲਾਜ ਕਰੋ। ਇਹ ਮੁੜ ਮੁੜਕੇ ਸਾਨੂੰ ਸੱਦਦੇ ਸੀ ਔਰ ਕਹਿੰਦੇ ਸੀ ਕਿ ਸੌਦਾ ਕਰੋ ਕਿੰਨਾ ਕਿਰਾਇਆ ਵਧਾਇਆ ਜਾਏ। (ਸ਼ੇਮ, ਸ਼ੇਮ) 3 ਸਾਲ ਇਨ੍ਹਾਂ ਨੇ ਲੰਘਾ ਦਿੱਤੇ ਸੌਦਾ ਕਰਦੇ ਕਰਦੇ। ਸਾਡੇ ਕੋਲ ਤਾਂ ਪੈਸੇ ਨਹੀਂ ਸੀ ਅਸੀ ਤਾਂ ਅੱਗੇ ਹੀ ਮਰੇ ਪਏ ਸੀ ਅਤੇ ਅਸੀਂ ਪੈਸੇ ਇਨ੍ਹਾਂ ਨੂੰ ਦੇ ਨਹੀਂ ਸੀ ਸਕਦੇ। ਇਨ੍ਹਾਂ ਨੇ ਇਹ ਕੀਤਾ ਕਿ ਫਾਈਲ ਰੱਖ ਲਈ ਇਸ ਕਰਕੇ ਕਿ ਸਾਡੇ ਨਾਲ ਸੌਦਾ ਹੋਵੇਗਾ ਤਾਂ ਫਿਰ ਇਹ ਕਿਰਾਇਆ ਵਧਾਉਣਗੇ। ਕਿਰਾਇਆ ਵਧਾਉਣਾ ਹੀ ਸੀ, ਕਿਉਂਕਿ ਸਾਰੀਆਂ ਸਟੇਟਾਂ ਨੇ ਵਧਾਇਆ ਸੀ ਔਰ ਐਸੇ ਹਾਲਾਤ ਵਿਚ ਇਸ ਦੇ ਬਗੈਰ ਚਲ ਵੀ ਨਹੀਂ ਸੀ ਸਕਦੇ। ਹੁਣ ਇਧਰ ਆ ਕੇ ਕਹਿੰਦੇ ਹਨ ਕਿ ਉਸੇ ਕਿਰਾਏ ਤੇ ਬੱਸਾਂ ਚਲਣੀਆਂ ਚਾਹੀਦੀਆਂ ਹਨ । ਜ਼ਰੂਰ ਚਲਣੀਆਂ ਚਾਹੀਦੀਆਂ ਹਨ, ਲੋਕਾਂ ਤੇ ਜ਼ਿਆਦਾ ਬੋਝ ਨਹੀਂ ਪੈਣਾ ਚਾਹੀਦਾ, ਪਰ ਇਹ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਬਿਲਕੁਲ ਨਹੀਂ ਦਸਿਆ ਕਿ ਇਹ ਘਾਟਾ ਪੂਰਾ ਕਰਨ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ਔਰ ਹੋਰ ਕਿਹੜਾ ਟੈਕਸ ਲਾਉਣਾ ਚਾਹੀਦਾ ਹੈ, ਜਿਸ ਨਾਲ ਇਹ ਘਾਟਾ ਪੂਰਾ ਹੋ ਸਕੇ । ਇਹ ਜ਼ਰੂਰ ਕਿਹਾ ਕਿ ਇਹ ਜਿਹੜਾ ਟੈਕਸ ਵਧਾਇਆ ਹੈ ਇਹ ਨਾ ਵਧਾਓ (ਵਿਘਨ) ਮੈਂ ਕਹਿੰਦਾ ਹਾਂ ਕਿ ਇਸ ਸਾਰੇ ਘਾਟੇ ਨੂੰ ਪੂਰਾ ਕਰਨ ਵਾਸਤੇ ਇਹ ਠੀਕ ਹੈ ਕਿ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਕਰੋ ਔਰ ਨੋ-ਪ੍ਰਾਫਿਟ ਨੋ-ਲੋਸ ਤੇ ਚਲਾਓ। ਦੂਜੀਆਂ ਸਟੇਟਾਂ ਵਿਚ 9, 9 ਪੈਸੇ ਪਰ ਪੈਸੇਂਜਰ ਪਰ ਕਿਲੋਮੀਟਰ ਹੈ। ਇਸ ਅਨੁਸਾਰ ਇਥੇ ਵੀ ਵਧਾਉਣਾ ਪਵੇਗਾ । (ਵਿਘਨ) (ਸਰਦਾਰ ਸੰਤ ਸਿੰਘ ਵਲੋਂ ਵਿਘਨ) ਜ਼ੈਲਦਾਰ ਸਾਹਿਬ ਅਗਰ ਤੁਸੀਂ ਇਹ ਖਿਤਾਬ ਨਾ ਕਬੂਲ ਕੀਤੇ ਹੁੰਦੇ ਤਾਂ ਅੰਗਰੇਜ਼ ਸੌ ਸਾਲ ਪਹਿਲਾਂ ਇਥੋਂ ਤੁਰ ਜਾਂਦੇ। ਮੈਂ ਕਾਂਗਰਸੀ ਸੀ ਅਤੇ ਕਾਂਗਰਸੀ ਰਿਹਾ ਹਾਂ ਅਤੇ ਕਾਂਗਰਸੀ ਹਾਂ।

ਇਕ ਆਵਾਜ਼ : ਇਹ ਜ਼ੈਲਦਾਰ ਨਹੀਂ, ਇਹ ਇਸ ਸਰਕਾਰ ਦੀ ਪੂਜਾ ਕਰਨ ਵਾਲੇ ਹਨ

ਸਰਦਾਰ ਦਿਲਬਾਗ ਸਿੰਘ : **ਸਪੀਕਰ ਸਾਹਿਬ,** ਇਨ੍ਹਾਂ ਨੇ ਮੈਨੂੰ ਇੰਗਲੈਂਡ ਵਿਚ ਬੁਲਾ ਕੇ ਕਿਹਾ ਕਿ ਤੁਸੀਂ ਇਧਰ ਆ ਜਾਵੋ, ਪਰ ਮੈਂ ਨਹੀਂ ਗਿਆ। ਜੇ ਮੈਂ ਸਰਕਾਰ ਦੀ ਪੂਜਾ ਕਰਨ ਵਾਲਾ ਹੁੰਦਾ ਤਾਂ ਮੈਂ ਆ ਜਾਂਦਾ। (ਵਿਘਨ)

ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਇਥੇ ਕਿਹਾ ਕਿ ਅਸੀਂ ਘੇਰਾਓ ਕੀਤਾ ਸੀ। ਸਪੀਕਰ ਸਾਹਿਬ, ਇਨ੍ਹਾਂ ਦਾ ਘੇਰਾਓ ਦੇਖ ਲਓ । ਤਲਵਾਰਾਂ, ਗੰਡਾਸੇ ਲੈ ਕੇ ਅਤੇ ਸਿਰ ਤੇ ਪਟਕੇ ਬੰਨ ਕੇ ਵਿਧਾਨ ਸਭਾ ਜਿਹੜੀ ਪੰਜਾਬ ਦੇ ਲੋਕਾਂ ਦੀ ਹੈ, ਇਨ੍ਹਾਂ ਨੇ ਉਸਦੇ ਸ਼ੀਸ਼ੇ ਤੋੜ ਦਿੱਤੇ। ਪੁਲਿਸ ਜਿਹੜੀ ਲੋਕਾਂ ਦੀ ਹਿਫਾਜ਼ਤ ਕਰਨ ਵਾਸਤੇ ਹੁੰਦੀ ਹੈ, ਉਸ ਤੇ ਹਮਲਾ ਕਰ ਦਿਤਾ ਅਤੇ ਉਨ੍ਹਾਂ ਨੂੰ ਗੁੰਡੇ ਕਿਹਾ। ਇਹ ਕਿਸ ਤਰ੍ਹਾਂ ਆਪਣੇ ਆਪ ਨੂੰ ਡੈਮੋਕਰੇਸੀ ਦਾ ਹਾਮੀ ਕਹਿੰਦੇ ਹਨ। ਜੇ ਇਹ ਘੇਰਾਓ ਹੈ ਤਾਂ ਫਿਰ, ਸਪੀਕਰ ਸਾਹਿਬ, ਬਗਾਵਤ ਕਿਹੜੀ ਹੁੰਦੀ ਹੈ ਉਹ ਦਸ ਦਿਓ। ਇਸ ਤੋਂ ਜ਼ਿਆਦਾ ਇਹ ਹੋਰ ਕੀ ਕਰ ਸਕਦੇ ਹਨ। ਇਹ ਦਸ ਦੇਣ। ਇਸ ਨੂੰ ਇਹ ਕਿਸ ਤਰ੍ਹਾਂ ਘੇਰਾਓ ਕਹਿੰਦੇ ਹਨ। ਇਹ ਪ੍ਰੋਟੈਸਟ ਕਰਦੇ। ਮਹਾਤਮਾਂ ਗਾਂਧੀ ਜੀ ਨੇ ਵਿਦੇਸ਼ੀ ਕਪੜਾ ਬੰਦ ਕਰਵਾ ਕੇ ਦੇਸੀ ਕਪੜਾ ਪਾਉਣਾ ਸ਼ੁਰੂ ਕਰ ਦਿਤਾ। ਇਸ ਲਈ ਪ੍ਰੋਟੈਸਟ ਕੀਤਾ। ਲੂਣ ਤੇ ਜਦੋਂ ਟੈਕਸ ਲਗਿਆ ਤਾਂ ਉਸ ਲਈ ਪ੍ਰੋਟੈਸਟ ਕੀਤਾ। ਪਰ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ 2 ਤਰੀਕ ਨੂੰ ਇਨ੍ਹਾਂ ਨੇ ਤਿਨ, ਚਾਰ ਘੰਟੇ ਪਹੀਆ ਜਾਮ ਕਰਨਾ ਹੈ । ਇਸ ਨਾਲ ਇਨ੍ਹਾਂ ਨੂੰ ਕੀ ਮਿਲੇਗਾ। ਉਨ੍ਹਾਂ ਬਸਾਂ ਵਿਚ

ਜਿਹੜੀਆਂ ਔਰਤਾਂ ਬੈਠੀਆਂ ਹੋਣਗੀਆਂ, ਉਹ ਸਾਡੀਆਂ ਹੀ ਮਾਵਾਂ, ਭੈਣਾਂ ਹੋਣਗੀਆਂ। ਉਨ੍ਹਾਂ ਵਿਚ ਜਿਹੜੇ ਬੱਚੇ ਬੈਠੇ ਹੋਣਗੇ ਉਹ ਸਾਡੇ ਹੀ ਬੱਚੇ ਹੋਣਗੇ ਅਤੇ ਜਿਹੜੇ ਕਾਮੇ, ਮਜ਼ਦੂਰ ਉਨ੍ਹਾਂ ਵਿਚ ਬੈਠੇ ਹੋਣਗੇ ਉਹ ਸਾਡੇ ਹੀ ਭਰਾ ਹੋਣਗੇ। ਜਿਹੜਾ ਇਹ ਚਾਰ, ਪੰਜ ਘੰਟੇ ਕੰਮ ਰੁਕੇਗਾ ਉਸ ਦੀ ਕੀਮਤ ਦਾ ਕੋਈ ਮੁਆਵਜ਼ਾ ਨਹੀਂ ਮਿਲ ਸਕਦਾ। ਸਾਡਾ ਇਹ ਗਰੀਬ ਮੁਲਕ ਹੈ ਜਿਸਨੇ ਮਿੰਟ, ਮਿਟ ਅੱਗੇ ਵਧਣਾ ਹੈ, ਪਰ ਇਹ ਇਸ ਮੁਲਕ ਨੂੰ ਚਾਰ, ਪੰਜ ਘੰਟੇ ਪਿਛੇ ਕਰਨਾ ਚਾਹੁੰਦੇ ਹਨ। ਇਸ ਤੋਂ ਵੱਧ ਗੱਦਾਰੀ ਦੇਸ਼ ਨਾਲ ਹੋਰ ਕੀ ਹੋ ਸਕਦੀ ਹੈ। ਬਾਕੀ, ਸਪੀਕਰ ਸਾਹਿਬ, ਮੈਂ ਬਜਟ ਤੇ ਬੋਲਣ ਵੇਲੇ ਇਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਵਾਂਗਾ। ਧੰਨਵਾਦ।

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਮੇਰੀ ਪਾਰਟੀ ਦਾ ਕਿਤਨਾ ਟਾਈਮ ਹੈ, ਉਹ ਦਸ ਦਿਓ।

ਸ੍ਰੀ ਸਪੀਕਰ : ਤੁਹਾਡੀ ਪਾਰਟੀ ਦਾ ਟਾਈਮ 54 ਮਿੰਟ ਹੈ।

ਕਾਮਰੇਡ ਰਾਜਕੁਮਾਰ : ਸਪੀਕਰ ਸਾਹਿਬ, ਮੇਰੇ ਮਾਨਯੋਗ ਦੋਸਤ ਸ੍ਰੀ ਯੱਸ਼ ਜੀ ਨੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਪ੍ਰਸਤਾਵ ਇਨ੍ਹਾਂ ਸ਼ਬਦਾਂ ਨਾਲ ਆਪਣੀ ਤਕਰੀਰ ਖਤਮ ਕਰਕੇ ਤੁਹਾਡੇ ਸਾਹਮਣੇ ਰਖਿਆ ਕਿ ਸਪੀਕਰ ਸਾਹਿਬ, ਤੁਸੀਂ ਘਟ ਬੋਲੋ, ਆਪੋਜ਼ੀਸ਼ਨ ਘਟ ਬੋਲੇ। ਪਰ ਜਿਹੜੀ ਗਲ ਬਹੁਤ ਜ਼ਰੂਰੀ ਕਹਿਣ ਵਾਲੀ ਸੀ, ਮੈਂ ਨਹੀਂ ਇਹ ਯਕੀਨ ਕਰਦਾ ਕਿ ਉਨ੍ਹਾਂ ਨੂੰ ਪਤਾ ਨਹੀਂ, ਉਹ ਇਨ੍ਹਾਂ ਨੇ ਨਹੀਂ ਕਹੀ ਕਿ ਗੌਰਮਿੰਟ ਲੀਸਟ ਗਵੱਰਨ ਕਰੇ। ਇਹ ਗੱਲ ਉਨ੍ਹਾਂ ਨੇ ਜਾਣ ਕੇ ਨਹੀਂ ਕਹੀ ਕਿਉਂਕਿ ਜਿਸ ਦਿਨ ਉਨ੍ਹਾਂ ਨੇ ਤਕਰੀਰ ਕੀਤੀ ਸੀ, ਉਸ ਤੋਂ ਇਕ ਦਿਨ ਪਹਿਲਾਂ ਅਸੈਂਬਲੀ ਤੋਂ ਬਾਹਰ ਜੋ ਕੁਝ ਹੋਇਆ ਸੀ, ਉਹ ਸਭ ਕੁਝ ਵੇਖਣ ਤੋਂ ਬਾਅਦ ਉਹ ਇਹ ਕਹਿ ਨਹੀਂ ਸਕਦੇ। ਇਸ ਤਰ੍ਹਾਂ ਦਾ ਘੇਰਾਓ ਇਥੇ ਸੈਕਰੇਟੇਰੀਅਟ ਦੇ ਸਾਹਮਣੇ ਮੇਰੇ ਦੋਸਤਾਂ ਨੇ ਵੀ ਕੀਤਾ ਸੀ, ਅਸੀਂ ਉਸ ਨੂੰ ਵੈਲਕਮ ਕੀਤਾ ਸੀ। ਚੀਫ ਮਨਿਸਟਰ ਦੀ ਕੁਰਸੀ ਉਤੇ ਜਾ ਕੇ ਇਹ ਬੈਠ ਗਏ ਸਨ। ਅਸੀਂ ਉਸਨੂੰ ਵੀ ਵੈਲਕਮ ਕੀਤਾ ਸੀ। ਇਥੇ ਮੇਰੇ ਦੋਸਤ ਸਰਦਾਰ ਸੰਤੋਖ ਸਿੰਘ ਰੰਧਾਵਾ ਬੈਠੇ ਨਹੀਂ ਹਨ, ਇਹ ਉਸ ਵੇਲੇ ਡਿਵੈਲਪਮੈਂਟ ਮਨਿਸਟਰ ਦੀ ਕੁਰਸੀ ਤੇ ਬੈਠਣ ਦੀ ਬਜਾਏ ਐਸ. ਡੀ. ਐਮ. ਦੀ ਕੁਰਸੀ ਤੇ ਜਾ ਬੈਠੇ। ਅਸੀਂ ਉਸਨੂੰ ਵੀ ਵੈਲਕਮ ਕੀਤਾ। ਇਨ੍ਹਾਂ ਨੇ ਸਾਰੇ ਪੰਜਾਬ ਦੇ ਅੰਦਰ ਡਿਮਾਂਸਟਰੇਸ਼ਨਜ਼ ਕੀਤੀਆਂ ਸਨ। ਇਹ ਐਜੀਟੇਸ਼ਨਾਂ ਉਨ੍ਹਾਂ ਇਸ਼ੂਜ਼ ਤੇ ਸਨ ਜਿਨ੍ਹਾਂ ਉਤੇ ਜਨਤਾ ਪਾਰਟੀ ਲੋਕਾਂ ਲਈ ਦੁੱਖ ਪੈਦਾ ਕਰਦੀ ਸੀ। ਅਸੀਂ ਇਸ ਨੂੰ ਵੈਲਕਮ ਕੀਤਾ। ਪਰ ਅੱਜ ਡਿਮਾਂਸਟਰੇਸ਼ਨ ਕਰਨਾ ਕਿਵੇਂ ਵਾਇਲੈਂਸ ਹੋ ਗਿਆ, ਤਸ਼ੱਦਦ ਹੋ ਗਿਆ ਅਤੇ ਡੈਮੋਕਰੇਸੀ ਤੇ ਅਟੈਕ ਹੋ ਗਿਆ। (ਵਿਘਨ)

ਸ੍ਰੀ ਸਪੀਕਰ: ਇੰਟਰੱਪਸ਼ਨ ਨਾ ਕੀਤੀ ਜਾਵੇ।

ਕਾਮਰੇਡ ਰਾਜ ਕੁਮਾਰ : ਇਥੇ ਸਪੀਕਰ ਸਾਹਿਬ, ਬਹੁਤ ਚਿੰਤਾ ਪ੍ਰਗਟ ਕੀਤੀ ਗਈ ਕਿ ਪ੍ਰਜਾਤੰਤਰ ਉਤੇ ਹਮਲਾ ਹੋਇਆ। ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਅੱਜ ਪ੍ਰਜਾਤੰਤਰ ਖਤਰੇ ਵਿਚ ਹੈ। ਕੀ ਇਸਦੇ ਖਤਰੇ ਦੀ ਸ਼ਕਲ ਇਹ ਹੈ ਕਿ ਲੋਕ ਆਪਣੇ ਹੱਕਾਂ ਵਾਸਤੇ ਅਵਾਜ਼ ਵੀ ਆਪਣੀ ਬੁਲੰਦ ਕਰਨ ਤਾਂ ਇਸਨੂੰ ਪ੍ਰਜਾਤੰਤਰ ਲਈ ਖਤਰਾ ਸਮਝਿਆ ਜਾਵੇ। ਪ੍ਰਜਾਤੰਤਰ ਤੇ ਖਤਰਾ

ਇਥੇ ਨਹੀਂ ਕਿਸੇ ਹੋਰ ਥਾਂ ਤੇ ਹੈ । ਜਦੋਂ ਤੱਕ ਉਸ ਚੀਜ਼ ਨੂੰ ਨਾ ਵੇਖਿਆ ਗਿਆ, ਪ੍ਰਜਾਤੰਤਰ ਖਤਰੇ ਤੋਂ ਬਾਹਰ ਨਹੀਂ ਰਹਿ ਸਕਦਾ । ਕਿਸੇ ਨੇ ਭਾਵੇਂ ਡਾਂਗ ਲਿਆਂਦੀ ਅਤੇ ਕਿਸੇ ਨੇ ਗੰਡਾਸਾ ਲਿਆਂਦਾ, ਪਰ ਇਸ ਤਰ੍ਹਾਂ ਕਹੀ ਜਾਣ ਨਾਲ ਤੁਸੀਂ ਪ੍ਰਜਾਤੰਤਰ ਨੂੰ ਡਿਫੈਂਡ ਨਹੀਂ ਕਰ ਸਕੋਗੇ । ਇਸ ਖਤਰੇ ਤੋਂ ਰੀਅਲੀ ਬੱਚਣ ਦਾ ਇੱਕੋ ਤਰੀਕਾ ਹੈ ਕਿ ਮਾਸ ਮੋਬੇਲਾਈਜ਼ੇਸ਼ਨ ਹੋਵੇ, ਅਵਾਮ ਨੂੰ ਇਕੱਠਾ ਕੀਤਾ ਜਾਵੇ ।

ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੋਈ ਜਦੋਂ ਯਸ਼ ਜੀ ਨੇ ਕਿਹਾ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕਿਸਾਨਾਂ ਨੂੰ ਬੜੇ ਪੈਸੇ ਦਿੱਤੇ ਹਨ । ਜਦੋਂ ਕਿਸਾਨ ਨੂੰ ਕੁਝ ਪ੍ਰਾਪਤੀ ਹੋਵੇ ਤਾਂ ਉਸਤੇ ਅਸੀਂ ਕਿਉਂ ਨਾ ਖੁਸ਼ ਹੋਈਏ । ਪਰ ਇਹ ਪ੍ਰਾਪਤੀ ਉਨ੍ਹਾਂ ਦੀ ਇੱਕ ਤਕੜੀ ਜਦੋ-ਜਹਿਦ ਅਤੇ ਸੰਘਰਸ਼ ਦਾ ਸਿੱਟਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਤਨੇ ਸੰਘਰਸ਼ ਕਰਨ ਤੋਂ ਬਾਅਦ ਇਹ ਗਲ ਸਰਕਾਰ ਵਲੋਂ ਸਵੀਕਾਰ ਕੀਤੀ ਗਈ ਤਾਂ ਇਸ ਕਾਰਣ ਕਿ ਇਹ ਵਾਜਬ ਸੀ । ਜੇ ਇਹ ਵਾਜਬ ਸੀ ਤਾਂ ਕਿਉਂ ਐਜੀਟੇਸ਼ਨ ਦੀ ਨੌਬਤ ਆਉਣ ਦਿੱਤੀ । ਗੰਨੇ ਦਾ ਭਾਅ 12, 12 ਰੁਪਏ ਕੁਇੰਟਲ ਸੀ ਅਤੇ ਇਹ 23 ਰੁਪਏ, 28 ਰੁਪਏ ਅਤੇ ਹੁਣ 32 ਰੁਪਏ ਕੁਇੰਟਲ ਤੱਕ ਪਹੁੰਚ ਗਿਆ ਹੈ । ਇਸਨੂੰ ਪਹਿਲਾਂ ਕਿਉਂ ਨਹੀਂ ਤਸਲੀਮ ਕਰ ਲਿਆ ਗਿਆ । ਐਗਰੀਕਲਚਰ ਪ੍ਰਾਈਸ ਕਮਿਸ਼ਨ ਦੇ ਬਾਰੇ ਅਸੀਂ ਬਹੁੱਤ ਕੁਝ ਜਾਣਦੇ ਹਾਂ ਅਤੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੂੰ ਬਣਾਉਣ ਵਾਲੇ ਹਨ, ਉਨ੍ਹਾਂ ਦੇ ਮੁਤੱਲਕ ਵੀ ਚੰਗੀ ਤਰ੍ਹਾਂ ਜਾਣਦੇ ਹਾਂ । ਇਸ ਲਈ ਇਹ ਕਰੈਡਿਟ ਅੱਜ ਬੇਸ਼ਕ ਲੈ ਲੈਣ । ਪਰ ਲੋਕਾਂ ਨੂੰ ਇਹ ਪੁੱਛਣ ਕਿ ਇਹ ਭਾਅ ਕਿਵੇਂ ਵੱਧੇ ਹਨ । ਮੈਂ ਹੁਣ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਆਪਣੀ ਡੈਮੋਕਰੈਟਿਕ ਲਿਬਰਟੀ ਦੀ ਕਾਂਸਟੀ-ਚਿਊਸ਼ਨ ਵਿਚ ਜੋ ਗਾਰੰਟੀ ਹੋਈ ਹੈ, ਉਸਦਾ ਬੜੀ ਜ਼ਿੰਮੇਵਾਰੀ ਨਾਲ ਇਸਤੇਮਾਲ ਕਰਨ ਦਾ ਹੀ ਇਹ ਸਿੱਟਾ ਹੈ ਕਿ ਅੱਜ ਸਾਰੇ ਹਿੰਦੁਸਤਾਨ ਵਿਚ, ਇਕੱਲੇ ਪੰਜਾਬ ਵਿਚ ਹੀ ਨਹੀਂ, ਐਜੀਟੇਸ਼ਨਾਂ ਹੋ ਰਹੀਆਂ ਹਨ । ਪਰ ਪੰਜਾਬ ਵਿਚ ਜਦੋਂ ਅਸੀਂ ਐਜੀਟੇਸ਼ਨ ਕੀਤੀ ਤਾਂ ਜੇ ਕਿਸੇ ਬੱਚੇ ਨੇ ਵੀ ਅਪਸ਼ਬਦ ਬੋਲਣ ਦਾ ਯਤਨ ਕੀਤਾ ਤਾਂ ਅਸੀਂ ਉਸਦੇ ਮੂੰਹ ਵਿਚ ਕਪੜਾ ਪਾ ਕੇ ਉਸਦਾ ਮੂੰਹ ਬੰਦ ਕਰ ਦਿੱਤਾ। ਪਰ ਅੱਜ ਸਾਰੇ ਹਿੰਦੁਸਤਾਨ ਵਿਚ ਇਹ ਸਭ ਕੁਝ ਹੋ ਰਿਹਾ ਹੈ । ਜੋ ਕੁਝ ਅਸੀਂ ਇਥੇ ਮੰਗ ਰਹੇ ਹਾਂ, ਆਂਧਰਾ ਪ੍ਰਦੇਸ਼ ਅੰਦਰ ਉਥੋਂ ਦੀ ਕਾਂਗਰਸ ਸਰਕਾਰ ਨੇ ਉਹ ਤਸਲੀਮ ਕਰ ਲਿਆ ਹੈ । ਮਾਰਜਿਨਲ ਕਿਸਾਨਾਂ ਦੇ ਉਤੇ ਜਿਤਨੇ ਕਰਜ਼ੇ ਸਨ ਉਨ੍ਹਾਂ ਤੇ ਟੈਮਪੋਰੇਰੀ ਮੋਰੇਟੋਰੀਅਮ ਲਾ ਦਿਤਾ ਹੈ । ਵਸੂਲੀਆਂ ਕਰਜ਼ੇ ਦੀਆਂ ਬੰਦ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਦੀਆਂ ਜਿਣਸਾਂ ਦੇ ਭਾਅ ਕਈ ਗੁਣਾ ਜ਼ਿਆਦਾ ਕਰ ਦਿੱਤੇ ਹਨ। ਸਰਕਾਰ ਨੇ ਉਨ੍ਹਾਂ ਨਾਲ 29 ਨੁਕਾਤੀ ਐਗਰੀਮੈਂਟ ਕੀਤਾ ਹੈ । ਅਗਰ ਉਸਨੂੰ ਇਹ ਪੜ੍ਹ ਲੈਣ ਤਾਂ ਫਿਰ ਮੇਰਾ ਖਿਆਲ ਨਹੀਂ ਕਿ ਜਿਸ ਜ਼ਬਾਨ ਨਾਲ ਸਾਨੂੰ ਤੁਸੀਂ ਐਡਰੈਸ ਕਰਦੇ ਰਹੇ ਹੋ, ਜਿਸ ਜ਼ਬਾਨ ਵਿਚ ਬਹੁਤ ਸਾਰੇ ਮੈਂਬਰਾਂ ਨੇ ਸਾਨੂੰ ਅਬਊਜ਼ ਕੀਤਾ ਹੈ, ਉਸ ਜ਼ਬਾਨ ਵਿਚ ਤੁਸੀਂ ਸਾਨੂੰ ਐਡਰੈਸ ਕਰੋਗੇ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਇਹ ਗੰਨੇ ਦਾ 20 ਰੁਪਏ ਕੁਇੰਟਲ ਭਾਅ ਮੰਗਦੇ ਸਨ, ਸਾਡੇ ਚੀਫ ਮਨਿਸਟਰ ਨੇ 28 ਰੁਪਏ ਕਰ ਦਿੱਤਾ ਹੈ । ਫਿਰ ਵੀ ਇਹ ਗੱਲਾਂ ਕਰੀ ਜਾਂਦੇ ਹਨ ।

ਸ੍ਰੀ ਸਪੀਕਰ : ਇੰਟਰੱਪਟ ਨਾ ਕਰੋ ।

[ਕਾਮਰੇਡ ਰਾਜ ਕੁਮਾਰ]

ਕਾਮਰੇਡ ਰਾਜਕੁਮਾਰ : ਸਪੀਕਰ ਸਾਹਿਬ, ਮੈਂ ਇਸ ਗਲ ਤੇ ਖੁਸ਼ ਨਹੀਂ। ਜਿਸ ਦਿਨ ਤੁਸੀਂ ਇਹ ਕੁਰਸੀ ਸੰਭਾਲੀ ਸੀ ਅਤੇ ਮੇਰੇ ਫਾਜ਼ਲ ਦੋਸਤ ਸਰਦਾਰ ਦਰਬਾਰਾ ਸਿੰਘ ਨੇ ਤੁਹਾਨੂੰ ਇਸ ਕੁਰਸੀ ਤੇ ਸੁਸ਼ੋਭਿਤ ਕੀਤਾ ਸੀ। ਸਪੀਕਰ ਸਾਹਿਬ, ਉਸ ਦਿਨ ਇਸ ਹਾਊਸ ਵਿਚ ਹਾਲਤ ਹੋਰ ਸੀ, ਇਸ ਦੀਆਂ ਗੈਲਰੀਆਂ ਦੀ ਹਾਲਤ ਹੋਰ ਸੀ। ਸਪੀਕਰ ਸਾਹਿਬ, ਕਿਸੇ ਨੇ ਕਿਹਾ ਸੀ ਉਸ ਦਿਨ ਕਿ ਤੁਸੀਂ ਇਜਾਜ਼ਤ ਨਹੀਂ ਦਿੱਤੀ ਗੈਲਰੀਆਂ ਵਿਚ ਲੋਕਾਂ ਨੂੰ ਜਾਣ ਦੀ, ਸ਼ਾਇਦ ਤੁਸੀਂ ਇਸ ਬਾਰੇ ਕੋਈ ਫੈਸਲਾ ਕੀਤਾ ਹੋਇਆ ਹੋਵੇਗਾ ਲੇਕਿਨ ਇਕ ਗੱਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਹੀ ਗੈਲਰੀਆਂ ਪਹਿਲਾਂ ਫੁੱਲੀ-ਪੈਕਡ ਹੁੰਦੀਆਂ ਸਨ ਔਰ ਲੋਕ ਸਾਰਾ ਸਾਰਾ ਦਿਨ ਇੰਤਜ਼ਾਰ ਕਰਦੇ ਰਹਿੰਦੇ ਸਨ ਕਿ ਕਦੋਂ ਸਾਡੀ ਵਾਰੀ ਆਵੇਗੀ ਅੰਦਰ ਜਾਣ ਦੀ। ਕਿਉਂ ? ਕਿਉਂਕਿ ਲੋਕਾਂ ਨੂੰ ਬੜੀਆਂ ਉਸ ਵੇਲੇ ਉਮੀਦਾਂ ਹੁੰਦੀਆਂ ਸਨ ਜਦੋਂ ਇਹ ਹਾਊਸ ਸਜਿਆ ਸੀ। ਪਰ ਅੱਜ ਦੀ ਹਾਲਤ ਲੋਕਾਂ ਦੀ ਕੀ ਹੈ, ਉਮੀਦਾਂ ਅੱਜ ਕਿੱਥੇ ਗਈਆਂ ? ਸਪੀਕਰ ਸਾਹਿਬ, ਜੇਕਰ ਤੁਸੀਂ ਇਸ ਐਡਰੈਸ ਦੀ ਮੈਥੇਮੈਟੀਕਲ ਕੈਲਕੁਲੇਸ਼ਨ ਕਰੋ ਤਾਂ ਪਤਾ ਲਗੇਗਾ ਕਿ ਉਸ ਵਿਚ ਕੋਈ ਐਸਾ ਪਰਪਜ਼ ਨਹੀਂ ਹੈ, ਜਿਸ ਨਾਲ ਲੋਕਾਂ ਨੂੰ ਕੁਝ ਉਮੀਦ ਹੋ ਸਕਦੀ ਹੋਵੇ। ਤੁਸੀਂ ਪਿਛਲੀਆਂ ਸਾਰੀਆਂ ਤਕਰੀਰਾਂ ਨੂੰ ਕਢਵਾ ਲਵੋ ਤਾਂ ਤੁਸੀਂ ਵੇਖੋਗੇ ਕਿ ਬੜੀ ਹੀ ਮਾਰਜਿਨਲ ਪ੍ਰਾਬਲਮਜ਼ ਵੱਲ ਇਸ਼ਾਰਾ ਇਸ ਭਾਸ਼ਣ ਵਿਚ ਕੀਤਾ ਹੋਇਆ ਨਜ਼ਰ ਆਵੇਗਾ। ਸਗੋਂ ਅਸਲੀਅਤ ਇਹ ਹੈ ਕਿ ਗਵਰਨਰ ਦੇ ਭਾਸ਼ਣ ਤੋਂ ਲੋਕਾਂ ਦੀਆਂ ਉਮੀਦਾਂ ਟੁੱਟ ਗਈਆਂ ਹਨ। ਪੰਜਾਬ ਵਿਚ, ਸਪੀਕਰ ਸਾਹਿਬ, ਸਾਡੀ ਸਭ ਤੋਂ ਵੱਡੀ ਫੋਰਸ ਲੇਬਰ ਹੈ। ਇਹ ਫੋਰਸ ਜੇਕਰ ਚੁੱਪ ਹੋ ਜਾਵੇ ਤਾਂ ਜ਼ਿੰਦਗੀ ਨਾਕਸ ਹੋ ਜਾਂਦੀ ਹੈ, ਪਰ ਉਸ ਫੋਰਸ ਬਾਰੇ ਗਵਰਨਰ ਸਾਹਿਬ ਨੇ ਕੋਈ ਵੀ ਗੱਲ ਕਰਨੀ ਆਪਣੇ ਭਾਸ਼ਣ ਵਿਚ ਮੁਨਾਸਿਬ ਔਰ ਜ਼ਰੂਰੀ ਨਹੀਂ ਸਮਝੀ। ਮੈਂ ਤੁਹਾਡੇ ਸਾਹਮਣੇ ਇਹ ਗਲ ਡੀਟੇਲ ਵਿਚ ਵੀ ਲਿਆਵਾਂਗਾ ਲੇਕਿਨ ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇਸ ਪਾਸੇ ਵਿਚਾਰ ਕਰਨ ਦੀ ਲੋੜ ਹੈ ਔਰ ਲੋਕਾਂ ਦੀ ਤਵੱਜੋ ਦਾ ਮਰਕਜ਼ ਇਹ ਸਦਨ ਜ਼ਰੂਰ ਬਣਿਆ ਰਹਿਣਾ ਚਾਹੀਦਾ ਹੈ। ਮੈਂ ਇਸ ਗਲ ਤੇ ਖੁਸ਼ ਨਹੀਂ ਹੋਵਾਂਗਾ ਕਿ ਇਸ ਵਲ ਲੋਕਾਂ ਦੀ ਤਵੱਜੋ ਘਟੇ ਪਰ ਅਸਲੀਅਤ ਇਹ ਹੈ ਕਿ ਲੋਕਾਂ ਦੀ ਤਵੱਜੋ ਇਸ ਪਾਸੇ ਘਟੀ ਹੈ। ਇਸ ਮਰਕਜ਼ ਵੱਲ ਲੋਕਾਂ ਦੀ ਤਵੱਜੋ ਘਟ ਹੋ ਗਈ ਹੈ। ਤੁਸੀਂ ਅੱਜ ਵੇਖ ਸਕਦੇ ਹੋ ਕਿ ਅਨ-ਸਕਿਲਡ ਵਰਕਰ ਤੋਂ ਲੈ ਕੇ ਕਲਾਸ ਵੰਨ ਤੱਕ, ਜਿਨ੍ਹਾਂ ਵਿਚ ਇੰਜੀਨਿਅਰਜ਼ ਹਨ, ਡਾਕਟਰਜ਼ ਹਨ, ਪ੍ਰੋਫੈਸਰਜ਼ ਹਨ, ਪ੍ਰਿੰਸੀਪਲਜ਼ ਹਨ, ਇਹ ਸਾਰੇ ਹੀ ਵਰਗ ਹਨ, ਇਨ੍ਹਾਂ ਦੀ ਇਕ ਹੀ ਜ਼ਬਾਨ ਹੈ। ਸਪੀਕਰ ਸਾਹਿਬ, ਮੇਰੇ ਕੋਲ ਡਾਕ-ਟਰਜ਼ ਦੇ, ਪ੍ਰੋਫੈਸਰਜ਼ ਦੇ, ਟੀਚਰਜ਼ ਦੇ ਨੁਮਾਇੰਦੇ ਮੈਮੋਰੈਂਡਮ ਦੇਣ ਵਾਸਤੇ ਆਏ ਸੀ ਔਰ ਇਹ ਗੱਲ ਨਹੀਂ ਕਿ ਉਨ੍ਹਾਂ ਨੇ ਇਹ ਮੈਮੋਰੈਂਡਮ ਮੈਨੂੰ ਹੀ ਦਿਤਾ ਹੋਵੇ, ਉਨ੍ਹਾਂ ਨੇ ਸਾਰਿਆਂ ਨੂੰ ਇਕ ਇਕ ਚਿੱਠੀ ਲਿਖੀ ਹੈ। ਉਸ ਵਿਚ ਲਿਖਿਆ ਹੈ ਕਿ ਅਸੀਂ ਸੰਨ 1979 ਵਿਚ ਇਹ ਗੱਲ ਸਰਕਾਰ ਨੂੰ ਕਹੀ ਸੀ, ਉਸ ਤੋਂ ਬਾਅਦ ਅਸੀਂ ਮੁੱਖ ਮੰਤਰੀ ਨੂੰ, ਮੰਤਰੀ ਨੂੰ, ਸੈਕਟਰੀ ਕਨਸਰਨਡ ਨੂੰ, ਡਾਇਰੈਕਟਰ ਨੂੰ ਮਿਲ ਚੁੱਕੇ ਹਾਂ ਪਰ ਸਾਡੀ ਗੱਲ ਨਹੀਂ ਮੰਨੀ ਗਈ, ਇਸ ਲਈ ਹੁਣ ਅਸੀਂ ਅਲਟੀਮੇਟਮ ਦੇਣ ਵਾਸਤੇ ਆਏ ਹਾਂ। ਪਰ ਇਸ ਬਾਰੇ ਗਵਰਨਰ ਸਾਹਿਬ ਨੇ ਬਿਲਕੁਲ ਕੁਝ ਨਹੀਂ ਕਿਹਾ। ਸਪੀਕਰ ਸਾਹਿਬ, ਮੈਂ ਕਿਸੇ ਵਿਅੱਕਤੀ ਦੀ ਇੰਟੈਨਸ਼ਨ ਵਿਚ ਨਹੀਂ ਜਾਂਦਾ, ਮੈਂ ਇਹ ਨਹੀਂ ਕਹਿੰਦਾ ਕਿ ਇਸ ਵਿਚ ਸਰਦਾਰ ਦਰਬਾਰਾ ਸਿੰਘ ਦੀ ਇੰਟੈਨਸ਼ਨ ਕੀ ਹੈ, ਲੇਕਿਨ ਇਹ ਗਲ ਜ਼ਰੂਰ ਕਹਿੰਦਾ ਹਾਂ ਕਿ ਹਕੀਕਤ ਇਹ ਹੈ ਕਿ ਇਨ੍ਹਾਂ ਨੇ ਸਰਕਾਰੀ ਮਸ਼ੀਨਰੀ ਨੂੰ ਗੇਅਰ-ਅੱਪ ਨਹੀਂ ਕੀਤਾ। ਇਸ ਦੇ ਬਾਰੇ ਡਿਟੇਲ ਵਿਚ ਸਪੀਕਰ ਸਾਹਿਬ, ਮੈਂ ਵੰਨ ਬਾਈ ਵੰਨ ਜਦੋਂ ਇਸ ਪੁਆਇੰਟ ਤੇ ਆਵਾਂਗਾ ਤਾਂ ਫੈਕਟਸ ਤੁਹਾਡੇ ਸਾਹਮਣੇ ਆਉਣਗੇ।

ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਤਵੱਜੋ ਦੇਣ ਤੋਂ ਬਾਅਦ ਪੈਡੀ ਦਾ ਭਾਅ 105 ਰੁਪਏ ਕੁਇੰਟਲ ਮੁਕੱਰਰ ਕੀਤਾ। ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੇਰੀ ਰਾਏ ਹੈ ਕਿ ਮੈਂ ਸੈਂਟਰ ਨੂੰ ਸੁਜੈਸਟ ਕਰਾਂ ਕਿ ਪੈਡੀ ਦਾ ਭਾਅ 110 ਰੁਪਏ ਕੁਇੰਟਲ ਹੋਵੇ। ਪਰ ਉਨ੍ਹਾਂ ਦੀ ਰਾਏ ਕਿਸੇ ਨੇ ਮੰਨੀ ਨਹੀਂ ਹੈ। ਔਰ ਮੈਂ ਸਮਝਦਾ ਹਾਂ ਕਿ ਮੰਨੀ ਵੀ ਨਹੀਂ ਸੀ ਜਾ ਸਕਦੀ ਕਿਉਂਕਿ ਜਿਨ੍ਹਾਂ ਹਾਲਾਤਾ ਦੇ ਵਿਚ ਸਾਡੇ ਸਟੇਟ-ਸੈਂਟਰ ਰਿਲੇਸ਼ਨਜ਼ ਹਨ ਉਨ੍ਹਾਂ ਬਾਰੇ ਤੁਹਾਨੂੰ ਵੀ ਪਤਾ ਹੈ। ਮੈਂ ਇਸ ਲਈ ਚੀਫ ਮਨਿਸਟਰ ਸਾਹਿਬ ਨੂੰ ਬਿਲਕੁਲ ਕਸੂਰਵਾਰ ਨਹੀਂ ਕਹਿੰਦਾ ਕਿਉਂਕਿ ਇਨ੍ਹਾਂ ਨੇ ਤਾਂ ਜੋ ਕੁਝ ਇਥੇ ਹਾਊਸ ਵਿਚ ਕਿਹਾ ਸੀ, ਉਹ ਹੀ ਉਥੇ ਦਿੱਲੀ ਜਾ ਕੇ ਕਿਹਾ ਸੀ ਲੇਕਿਨ ਇਨ੍ਹਾਂ ਦੀ ਗੱਲ ਮੰਨੀ ਨਹੀਂ ਗਈ ਪਰ ਜੋ ਕੁਝ ਇਹ ਕਰ ਸਕਦੇ ਸਨ ਉਹ ਵੀ ਨਹੀਂ ਹੋ ਸਕਿਆ। ਇਨ੍ਹਾਂ ਨੇ 105 ਰੁਪਏ ਕੁਇੰਟਲ ਉਸ ਵੇਲੇ ਭਾਅ ਕੀਤਾ ਜਦੋਂ ਮਾਰਜਿਨਲ ਫਾਰਮਰਜ਼ ਆਪਣੀ ਸਾਰੀ ਪੈਡੀ ਦੀ ਫਸਲ 85 ਰੁ. ਤੋਂ 95 ਰੁ. ਪਰ ਕੁਇੰਟਲ ਦੇ ਹਿਸਾਬ ਨਾਲ ਵੇਚ ਬੈਠੇ ਸਨ। ਬਾਅਦ ਵਿਚ ਜਦੋਂ ਪਨਸੱਪ ਔਰ ਐਫ.ਸੀ.ਆਈ. ਮੈਦਾਨ ਵਿਚ ਆ ਗਏ ਤਾਂ ਸਪੀਕਰ ਸਾਹਿਬ, ਕੀ ਹੋਇਆ ? ਪਨਸੱਪ ਔਰ ਐਫ.ਸੀ.ਆਈ. ਦੇ ਰੀਪਰਜ਼ੈਂਟੇਟਿਵਜ਼ ਤੇ ਸ਼ੈਲਰਜ਼ ਦੇ ਮਾਲਕ ਕਾਨਫਰੰਸ ਕਰਦੇ ਹਨ ਕਿ ਤੂੰ ਤਾਂ ਕਿਸਾਨ ਤੋਂ ਪਰਚੇਜ਼ ਪੈਡੀ ਕਰ 85 ਰੁ. ਔਰ 95 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਹੀ ਔਰ ਬਾਅਦ ਵਿਚ 105 ਰੁਪਏ ਕੁਇੰਟਲ ਨੂੰ ਅਸੀਂ ਲਵਾਂਗੇ। ਸੋ, ਜਿਹੜਾ ਗੌਰਮਿੰਟ ਦਾ ਇਹ ਕਲੇਮ ਹੈ ਕਿ ਗੌਰਮਿੰਟ ਦੀ ਤਰਫੋਂ ਕਿਸਾਨਾਂ ਨੂੰ 105 ਰੁਪਏ ਕੁਇੰਟਲ ਦਾ ਭਾਅ ਮਿਲਿਆ ਹੈ, ਇਹ ਠੀਕ ਨਹੀਂ ਹੈ। ਪਨਸੱਪ ਔਰ ਐਫ. ਸੀ. ਆਈ. ਨੇ ਸ਼ੈਲਰ ਓਨਰਜ਼ ਨਾਲ ਅਨਹੋਲੀ ਅਲਾਇੰਸ ਕਰ ਲਿਆ ਹੈ ਔਰ ਕਿਸਾਨਾਂ ਨੂੰ ਇਸ 105 ਰੁਪਏ ਕੁਇੰਟਲ ਦੇ ਭਾਅ ਦਾ ਫਾਇਦਾ ਨਹੀਂ ਹੋਣ ਦਿਤਾ। ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਮਸ਼ੀਨਰੀ ਨੂੰ ਗੀਅਰ-ਅਪ ਨਹੀਂ ਕੀਤਾ। ਇਹ ਨਹੀਂ ਕਿਹਾ ਜਾ ਸਕਦਾ ਕਿ ਅਸੀਂ ਇਹ ਗੱਲ ਅੱਜ ਹੀ ਕਹੀ ਹੈ ਜਾਂ ਘੇਰਾਓ ਵਾਲੇ ਦਿਨ ਹੀ ਕਹੀ ਹੈ। ਅਸੀਂ ਪਹਿਲਾਂ ਵੀ ਇਕ ਤੋਂ ਵੱਧ ਵਾਰੀ ਇਨ੍ਹਾਂ ਦੇ ਨੋਟਿਸ ਵਿਚ ਇਹ ਗਲ ਲਿਆਂਦੀ ਹੈ, ਪਰ ਪਤਾ ਨਹੀਂ ਹੈ ਇਹ ਕਿਉਂ ਜਵਾਬ ਦੇਣ ਤੋਂ ਜਾਂ ਕਾਰਵਾਈ ਕਰਨ ਤੋਂ ਇਨਕਾਰੀ ਸਨ। ਅਸੀਂ ਮੰਗ ਕਰਦੇ ਹਾਂ, ਸਪੀਕਰ ਸਾਹਿਬ, ਕਿ ਤੁਸੀਂ ਇਸ ਹਾਊਸ ਦੀ ਕੋਈ ਕਮੇਟੀ ਬਣਾ ਦਿਓ, ਇਕ ਕਮੇਟੀ ਮੁਕੱਰਰ ਕਰ ਦਿਓ, ਉਹ ਇਸ ਗਲ ਦੀ ਪੜਤਾਲ ਕਰ ਲਵੇ ਔਰ ਫਿਰ ਤੁਸੀਂ ਵੇਖੋਗੇ ਕਿ ਮੇਰੀ ਸਾਰੀ ਗੱਲ ਦਰੁੱਸਤ ਸਾਬਤ ਹੋਵੇਗੀ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕਿਸਾਨਾਂ ਨੂੰ ਪੈਸੇ ਵੱਧ ਮਿਲੇ ਹਨ, ਮੈਨੂੰ ਇਸ ਗਲ ਦੀ ਬਹੁਤ ਖੁਸ਼ੀ ਹੈ। ਪਰ ਗੱਲ ਇਹ ਨਹੀਂ ਹੈ ਕਿ ਇਸ ਸਰਕਾਰ ਵੱਲੋਂ ਕਿਸਾਨਾਂ ਨੂੰ ਕੀ ਮਿਲਦਾ ਹੈ, ਔਰ ਪਿਛੇ ਕੀ ਮਿਲਿਆ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੀ ਤਕਰੀਰ ਵਿਚ ਇਸ ਗੱਲ ਦਾ ਜ਼ਿਕਰ ਬੜੇ ਠੀਕ ਤਰੀਕੇ ਨਾਲ ਕੀਤਾ ਸੀ। ਮੈਂ ਉਸ ਦੇ ਨਾਲ ਬਿਲਕੁਲ ਇਤਫ਼ਾਕ ਕਰਦਾ ਹਾਂ।

ਇਸ ਗੱਲ ਨਾਲ, ਸਪੀਕਰ ਸਾਹਿਬ, ਤੁਸੀਂ ਵੀ ਇਤਫ਼ਾਕ ਕਰੋਗੇ ਕਿ ਐਗਰੀਕਲਚਰ ਸਾਡੇ ਦੇਸ਼ ਦੇ ਲੋਕਾਂ ਦਾ ਇਕ ਬੜਾ ਵੱਡਾ ਕਿੱਤਾ ਹੈ ਔਰ ਇਸ ਦੇ ਬਾਰੇ ਮੈਂ ਆਪਣੇ ਲਫਜ਼ਾਂ ਵਿਚ ਕੋਈ ਗੱਲ ਨਹੀਂ ਕਹਿੰਦਾ ਬਲਕਿ ਐਗਰੀਕਲਚਰ ਦੇ ਮਾਹਰ ਔਰ ਇਕਨਾਮਿਕਸ ਦੇ ਮਾਹਰ ਦੇ ਲਫਜ਼ਾਂ ਵਿਚ ਕਹਿੰਦਾ ਹਾਂ :—

"Agriculture is continuing to be subservient to the interests of Indian and foreign industrial, financial and commercial exploiters"

ਸਪੀਕਰ ਸਾਹਿਬ, ਉਨ੍ਹਾਂ ਕੋਲੋਂ ਅਸੀਂ ਕੀ ਕੁਝ ਪ੍ਰਾਪਤ ਕਰ ਸਕਦੇ ਹਾਂ ਇਹ ਗੱਲ ਵੇਖਣ ਵਾਲੀ ਹੈ। ਜਿਹੜੇ ਉਸ ਫਾਜ਼ਲ ਇਕਾਨੋਮਿਸਟ ਦੇ ਲਫਜ਼ ਹਨ, ਇਹ ਇਕ ਐਗਜ਼ੈਂਪਲ ਹੀ ਹੈ ਕਿ ਕਿਸ ਤਰ੍ਹਾਂ

[ਕਾਮਰੇਡ ਰਾਜ ਕੁਮਾਰ]

ਦੇ ਨਾਲ ਫਾਇਨਾਂਸ਼ੀਅਲ ਔਰ ਕਮੱਰਸ਼ੀਅਲ ਇੰਟਰੈਸਟਸ ਜਿਹੜੇ ਹਨ, ਉਹ ਲਗਾਤਾਰ ਕਿਸਾਨ ਨੂੰ ਲੁਟਦੇ ਚਲੇ ਆ ਰਹੇ ਹਨ। ਇਥੇ ਇਕ ਚੀਫ ਮਨਿਸਟਰ ਜਾਂ ਦੂਜੇ ਚੀਫ ਮਨਿਸਟਰ ਦਾ ਸਵਾਲ ਨਹੀਂ ਹੈ। ਸਵਾਲ ਤਾਂ ਇਹ ਹੈ ਕਿ ਆਰਥਿਕਤਾ ਉਤੇ ਕੰਟਰੋਲ ਕਿਸ ਦਾ ਹੈ। ਪਰ ਇਸ ਗੱਲ ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਜੋ ਕੁਝ ਇਥੇ ਕਿਸਾਨ ਨੂੰ ਪ੍ਰਾਪਤ ਹੋਇਆ, ਉਹ ਮਾਣ ਵਾਲੀ ਗੱਲ ਹੈ ਲੇਕਿਨ ਇਹ ਮੱਤ ਕਹੋ ਕਿ ਇਹ ਸਾਡੀ ਦੇਣ ਹੈ। ਇਹ ਦੇਣ ਇਥੇ ਦੇ ਡੈਮੋਕ੍ਰੈਟਿਕ ਰਾਈਟਸ ਦੀ ਐਕਸ-ਰਸਾਈਜ਼ ਦੀ ਹੈ, ਉਨ੍ਹਾਂ ਡੈਮੋਕ੍ਰੈਟਿਕ ਰਾਈਟਸ ਦੀ ਹੈ ਜਿਨ੍ਹਾਂ ਦਾ ਇਸਤੇਮਾਲ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ। ਇਸ ਸਬੰਧ ਵਿਚ ਅੱਗੇ ਲਿਖਿਆ ਹੈ :—

> "It is accepted by all hands that three quintals of raw staple cotton can yield 5,000 worth of finished cloth, which is being sold in the market and in the industrialists accepting the fact that at least 50 per cent of the value of the cloth sold comes from the raw cotton produced by the peasant."

This means even at today,s rates at least Rs. 800 should be given as the price for one quintal of raw staple cotton.

ਸਪੀਕਰ ਸਾਹਿਬ, ਜਿਹੜਾ ਸਰਕਾਰ ਦਾ ਕਲੇਮ ਹੈ ਕਿ ਕਾਟਨ 400 ਰੁਪਏ ਕੁਇੰਟਲ ਤੱਕ ਵਿਕਦੀ ਰਹੀ ਹੈ, ਇਹ ਗੱਲ ਨਹੀਂ ਹੈ। ਇਹ ਦੋ ਸੌ ਔਰ ਢਾਈ ਸੌ ਰੁਪਏ ਕੁਇੰਟਲ ਵਿਕਦੀ ਰਹੀ ਹੈ। ਕੁਐਸਚਨ ਇਸ ਵੇਲੇ ਇਹ ਹੈ ਕਿ ਇਹ ਕਿਉਂ ਇਤਨੇ ਥੋੜੇ ਭਾਅ ਤੇ ਵਿਕਦੀ ਰਹੀ ਹੈ (ਇਕ ਅਵਾਜ਼: ਇਹ ਕਦੋਂ ਦੀ ਕਿਤਾਬ ਹੈ?) (ਵਿਘਨ) ਇਹ ਸੰਨ 1980 ਦੀ ਹੈ। ਤੁਸੀਂ ਮੇਰ ਗੱਲ ਸੁਣ ਲਵੋ, ਜੇਕਰ ਨਾ ਪਸੰਦ ਹੋਵੇਗੀ ਤਾਂ ਨਾ ਮੰਨਣਾ। ਸਪੀਕਰ ਸਾਹਿਬ, ਮੇਰਾ ਮਤਲਬ ਹੈ ਕਿ ਕਿਸਾਨ ਨੂੰ ਕੀ ਮਿਲ ਰਿਹਾ ਹੈ, ਇਹ ਅਸੀਂ ਵੇਖੀਏ ਔਰ ਕੀ ਮਿਲਣਾ ਚਾਹੀਦਾ ਹੈ, ਇਸ ਵਲ ਤਵੱਜੋ ਦੇਈਏ। ਜੇਕਰ ਅਸੀਂ ਖੰਡ ਦੀ ਗੱਲ ਲੈਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਜ ਖੰਡ ਲੈਵੀ 3.50 ਰੁਪਏ ਕਿਲੋ ਮਿਲਦੀ ਹੈ ਜਿਸ ਵੇਲੇ ਕਿ ਗੰਨੇ ਦਾ ਭਾਅ 28 ਰੁਪਏ ਤੋਂ ਕਈ ਥਾਂਵਾ ਤੇ 32 ਰੁਪਏ ਕੁਇੰਟਲ ਹੈ। ਪਰ ਸਪੀਕਰ ਸਾਹਿਬ, ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਇਹ ਭਾਅ ਗੰਨੇ ਦਾ 13 ਰੁਪਏ ਕੁਇੰਟਲ ਸੀ ਤਾਂ ਵੀ ਤਕਰੀਬਨ ਇਹ ਹੀ ਭਾਅ ਖੰਡ ਦਾ ਸੀ ਔਰ ਰਿਕਵਰੀ ਵੀ ਉਤਨੀ ਹੀ ਸੀ। ਇਸ ਦਾ ਮਤਲਬ ਹੈ ਕਿ ਪਹਿਲਾਂ ਕਿਤਨੀ ਗੰਨੇ ਦੀ ਕੀਮਤ ਥੱਲੇ ਰਹੀ ਹੈ, ਕਿਸਾਨ ਦੀ ਕਿਤਨੀ ਜ਼ਬਰਦਸਤ ਲੁੱਟ ਹੋਈ ਹੈ। ਅੱਜ ਗਰੀਬ ਕਿਸਾਨ ਜਿਹੜਾ ਕਿ ਪਹਿਲਾਂ ਚੁੱਪ ਸੀ ਉਹ ਹੀ ਆਪਣੀ ਇਸ ਲੁੱਟ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ, ਉਹ ਖੜ੍ਹਾ ਹੋਇਆ ਹੈ ਪਰ ਤੁਸੀਂ ਅੱਜ ਇਹ ਕਹਿ ਦਿਓ ਕਿ ਇਹ ਅਨਡੈਮੋਕ੍ਰੈਟਿਕ ਹੋ ਗਿਆ ਹੈ ਆਪਣੀ ਗੱਲ ਕਹਿਣ ਵਾਸਤੇ ਤਾਂ ਇਹ ਤੁਹਾਡੀ ਗੱਲ ਲੋਕਾਂ ਨੂੰ ਨਹੀਂ ਜਚਦੀ। (ਵਿਘਨ) (ਆਵਾਜ਼: ਕ੍ਰੈਡਿਟ ਸਾਨੂੰ ਵੀ ਦਿਓ) ਤੁਹਾਨੂੰ ਵੀ ਕ੍ਰੈਡਿਟ ਦਿੰਦੇ ਹਾਂ ਲੇਕਿਨ ਕ੍ਰੈਡਿਟ ਲੋਕਾਂ ਨੂੰ ਦਿਓ ਜਿਨ੍ਹਾਂ ਨੇ ਆਪਣੀ ਪਾਵਰ ਐਕਸਰਸਾਈਜ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਕਰੈਡਿਟ ਲੋਕਾਂ ਨੂੰ ਦੇਵੋ ਜਿਨ੍ਹਾਂ ਨੇ ਆਪਣੀਆਂ ਪਾਵਰਜ਼ ਐਕਸਰਸਾਈਜ਼ ਕੀਤੀਆਂ ਤੁਸੀਂ ਸਿਰਫ ਉਸੇ ਗਲ ਦਾ ਕਰੈਡਿਟ ਲੈ ਸਕਦੇ ਹੋ, ਜਿਸ ਲਈ ਤੁਹਾਡਾ ਕਲੇਮ ਬਣਦਾ ਹੈ।

ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਐਗਰੀਕਲਚਰ ਦਾ ਮਸਲਾ ਬਹੁਤ ਅਹਿਮ ਸਮਝਿਆ ਜਾਂਦਾ ਹੈ। ਕਦੇ ਤਾਂ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਹਲ ਜ਼ਮੀਨੀ ਸੁਧਾਰ ਹੈ। ਕਦੇ ਇਹ

ਸਮਝਿਆ ਜਾਂਦਾ ਹੈ ਕਿ ਇਸ ਦਾ ਹਲ ਸਿਰਫ਼ ਕੀਮਤਾਂ ਨੂੰ ਘਟਾਉਣਾ ਹੀ ਹੈ। ਪਰ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਦਾ ਮਸਲਾ ਇਕ ਇੰਟੈਗਰੇਟਿਡ ਐਗਰੀ-ਕਲਚਰ ਡਿਵੈਲਪਮੈਂਟ ਦਾ ਮਸਲਾ ਹੈ। ਇਹ ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਦਾ ਮਸਲਾ ਨਹੀਂ ਅਤੇ ਗਰੋ ਮੋਰ ਫ਼ੂਡ ਦਾ ਮਸਲਾ ਨਹੀਂ। ਪਿਛੇ ਜਿਹੇ ਖਾਲੇ ਪੱਕੇ ਕਰਨ ਦਾ ਫੈਸਲਾ ਕੀਤਾ ਗਿਆ ਸੀ ਤਾਂ ਕਿ ਪਾਣੀ ਦੇ ਲਾਸਿਜ਼ ਖ਼ਤਮ ਕੀਤੇ ਜਾ ਸਕਣ। ਇਹ ਬੜਾ ਚੰਗਾ ਫੈਸਲਾ ਸੀ। ਇਸ ਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਅਸੀਂ ਇਹ ਨਹੀਂ ਵੇਖਣਾ ਕਿ ਇਹ ਕਿਸ ਗੌਰਮਿੰਟ ਦਾ ਫੈਸਲਾ ਸੀ। ਜਿਸ ਵੀ ਗੌਰਮਿੰਟ ਨੇ ਇਹ ਫੈਸਲਾ ਕੀਤਾ ਬੜਾ ਚੰਗਾ ਫੈਸਲਾ ਕੀਤਾ ਸੀ (ਵਿਘਨ) ਵੈਸੇ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਸਨ ਤਾਂ ਉਸ ਵੇਲੇ ਇਹ ਫੈਸਲਾ ਹੋਇਆ ਸੀ। ਅਸੀਂ ਇਸ ਦਾ ਸਵਾਗਤ ਕੀਤਾ ਸੀ। ਪਰ ਅਜ ਉਨ੍ਹਾਂ ਕਿਸਾਨਾਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ 800 ਤੋਂ 900 ਰੁਪਏ ਤਕ ਪਰ ਏਕੜ ਦੇ ਹਿਸਾਬ ਨਾਲ ਇਸ ਦਾ ਖਰਚ ਲਿਆ ਜਾਵੇਗਾ। ਮੈਂ ਸਮਝਦਾ ਹਾਂ ਕਿ ਇਹ ਬੜਾ ਗਲਤ ਫੈਸਲਾ ਹੈ। ਇਸ ਤਰ੍ਹਾਂ ਕਹਿ ਕੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਕਿਸਾਨਾਂ ਦਾ ਖ਼ੂਨ ਨਚੋੜਿਆ ਜਾ ਰਿਹਾ ਹੈ। ਇਹ ਬਹੁਤ ਨਾ ਵਾਜਬ ਗੱਲ ਹੈ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਕਿਸਾਨਾਂ ਨਾਲ ਇਸ ਤਰ੍ਹਾਂ ਦਾ ਹਾਲ ਨਹੀਂ ਹੋਣਾ ਚਾਹੀਦਾ। ਇਹ ਖਰਚ ਸਰਕਾਰ ਦੇ ਪਲਿਓਂ ਹੋਣਾ ਚਾਹੀਦਾ ਹੈ। ਪਰ ਹੋ ਕੀ ਰਿਹਾ ਹੈ? ਜਿਹੜੇ ਇਹ ਪੈਸੇ ਨਹੀਂ ਦੇ ਰਹੇ ਉਨ੍ਹਾਂ ਨੂੰ ਅੰਦਰ ਦਿੱਤਾ ਜਾ ਰਿਹਾ ਹੈ। ਮੈਂ ਇਹ ਗੱਲ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਵੀ ਲਿਆਂਦੀ ਹੈ। ਇਥੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਗਿਆ ਸੀ ਕਿ ਪੈਸੇ ਕਿਥੋਂ ਆਉਣ। ਮੈਂ ਸਮਝਦਾ ਹਾਂ ਕਿ ਸਾਡੇ ਮੁਲਕ ਵਿਚ ਬਹੁਤ ਪੈਸਾ ਹੈ। ਪੈਸੇ ਦੇ ਕਾਰਣ ਗਰੀਬੀ ਨਹੀਂ। ਗਰੀਬੀ ਦਾ ਕਾਰਣ ਸਾਡੀ ਸੋਚ ਹੈ। ਅਸੀਂ ਆਪ ਸਿਧਾਂਤਕ ਰੂਪ ਵਿਚ ਬੜੇ ਕਮਜ਼ੋਰ ਹੋ ਚੁਕੇ ਹਾਂ। ਵੈਸੇ ਸਾਡੇ ਮੁਲਕ ਵਰਗਾ ਖ਼ੂਬਸੂਰਤ ਹੋਰ ਕੋਈ ਮੁਲਕ ਨਹੀਂ ਹੋਵੇਗਾ। ਜਿਤਨੀ ਸਾਡੇ ਮੁਲਕ ਵਿਚ ਕਾਬਲੀਅਤ ਅਤੇ ਯੋਗਤਾ ਹੈ ਇਹ ਅਨ ਪੈਰਲੱਲਡ ਹੈ ਔਰ ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਮੁਲਕ ਦੀ ਖਾਕ ਵੀ ਸਾਡੇ ਮੱਥੇ ਤੇ ਲਗਣੀ ਚਾਹੀਦੀ ਹੈ। ਸਾਨੂੰ ਆਪਣੇ ਇਸ ਮੁਲਕ ਤੇ ਮਾਣ ਕਰਨਾ ਚਾਹੀਦਾ ਹੈ। ਕਮੀ ਹੈ ਤਾਂ ਸਿਰਫ ਇਹ ਹੈ ਕਿ ਜਿਹੜੀ ਸਾਡੀ ਸੋਚ ਹੈ, ਜਿਹੜੇ ਸਾਡੇ ਸਿਧਾਂਤ ਹਨ ਇਹ ਠੀਕ ਨਹੀਂ ਹਨ। ਅਸੀਂ ਇਸ ਗੁਰਬਤ ਤੋਂ ਅੱਜ ਤਕ ਅਜ਼ਾਦ ਨਹੀਂ ਹੋ ਸਕੇ ਜੇ ਸਾਡੇ ਸਿਧਾਂਤ ਠੀਕ ਹੋਣ, ਸਾਡੀ ਸੋਚ ਠੀਕ ਹੋਵੇ ਤਾਂ ਸਾਡੇ ਦੇਸ਼ ਵਿਚ ਕਿਸੇ ਚੀਜ਼ ਦੀ ਕਮੀ ਨਹੀਂ। ਇਹ ਜਿਹੜਾ ਖਾਲੇ ਪੱਕੇ ਕਰਨ ਦਾ ਫੈਸਲਾ ਸੀ ਇਹ ਬੜਾ ਚੰਗਾ ਫੈਸਲਾ ਸੀ। ਪਰ ਹੁਣ ਇਹ ਜਿਹੜੀ ਸੋਚ ਦਿਤੀ ਗਈ ਹੈ ਕਿ ਇਸ ਵਾਸਤੇ ਕਿਸਾਨਾਂ ਤੋਂ ਪੈਸੇ ਲਏ ਜਾਣ, ਇਹ ਬੜੀ ਮਾੜੀ ਗੱਲ ਹੈ। ਇਹ ਪੈਸੇ ਸਰਕਾਰ ਨੂੰ ਆਪਣੇ ਪਲਿਓਂ ਲਗਾਉਣੇ ਚਾਹੀਦੇ ਹਨ।

ਫਿਰ, ਸਪੀਕਰ ਸਾਹਿਬ, ਜਿਹੜਾ ਕਿਸਾਨਾਂ ਨੂੰ ਕਰੈਡਿਟ ਦਿੱਤਾ ਜਾਂਦਾ ਹੈ ਇਹ ਪਹਿਲੇ ਤਾਂ ਬਹੁਤ ਥੋੜ੍ਹਾ ਹੈ। ਸਾਰੇ ਮੁਲਕ ਨੂੰ ਜਿਹੜਾ ਕਰੈਡਿਟ ਦਿੱਤਾ ਜਾਂਦਾ ਹੈ, ਉਸ ਦਾ ਕੇਵਲ 8 ਪ੍ਰਤੀਸ਼ਤ ਹੀ ਕਰੈਡਿਟ ਸਾਡੇ ਪਾਸ ਪੰਜਾਬ ਦੇ ਕਿਸਾਨ ਨੂੰ ਦਿੱਤਾ ਜਾਂਦਾ ਹੈ। ਫਿਰ ਇਹ ਕਰੈਡਿਟ ਜਿਹੜੇ 80% ਮਾਰਜਿਨਲ ਫਾਰਮਰਜ਼ ਹਨ, ਉਨ੍ਹਾਂ ਨੂੰ ਬੜੇ ਐਗਜ਼ਾਰਬੀਟੈਂਟ ਰੇਟ ਤੇ ਦਿੱਤਾ ਜਾਂਦਾ ਹੈ। ਸ਼ਾਹੂਕਾਰਾਂ ਨੇ ਕਿਸਾਨਾਂ ਨੂੰ ਲੁੱਟਣ ਲਈ ਇਹ ਇਕ ਨਵਾਂ ਤਰੀਕਾ ਅਪਣਾਇਆ ਹੈ। ਇਸ ਹਾਈ ਰੇਟ ਆਫ਼ ਇੰਟਰੈਸਟ ਨਾਲ ਸਾਡੇ ਪੰਜਾਬ ਦਾ ਕਿਸਾਨ ਦਬਿਆ ਜਾ ਰਿਹਾ ਹੈ। ਸਾਡੀ ਸਰਕਾਰ ਵੀ ਐਗਰੀਕਲਚਰ ਲਈ ਕਿਸਾਨਾਂ ਨੂੰ ਵੱਧ ਰੇਟ ਆਫ ਇੰਟਰੈਸਟ ਨਾਲ ਰਕਮ ਦਿੰਦੀ ਹੈ ਅਤੇ ਇੰਡਸਟਰੀ ਲਈ ਘੱਟ ਰੇਟ ਆਫ ਇੰਟਰੈਸਟ ਨਾਲ ਰਕਮ ਦਿਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਡਿਸਪੈਰਿਟੀ ਨਹੀਂ ਹੋਣ

[ਕਾਮਰੇਡ ਰਾਜ ਕੁਮਾਰ]

ਚਾਹੀਦੀ । ਫਿਰ ਕਿਸਾਨਾਂ ਤੋਂ ਜਿਹੜਾ ਇੰਟਰੈਸਟ ਲਿਆ ਜਾਂਦਾ ਹੈ ਜੇ ਉਹ ਸਮੇਂ ਸਿਰ ਪੇਅ ਨਹੀਂ ਕਰ ਸਕਦਾ ਤਾਂ ਉਸ ਤੇ ਕੰਪਾਊਂਡ ਇੰਟਰੈਸਟ 16% ਲਿਆ ਜਾਂਦਾ ਹੈ ਔਰ ਫਿਰ ਵੀ ਜੇ ਉਹ ਨਾ ਦੇ ਸਕੇ ਤਾਂ ਇਸ ਤੇ ਪੀਨਲ ਇੰਟਰੈਸਟ 18% ਚਾਰਜ ਕੀਤਾ ਜਾਂਦਾ ਹੈ । ਮੈਂ ਸਮਝਦਾ ਹਾਂ ਕਿ ਇਹ ਬੜੀ ਮਾੜੀ ਗਲ ਹੈ । ਰੂਸ ਵਿਚ ਭਾਵੇਂ ਕਿਸੇ ਕੰਮ ਲਈ ਕਰਜ਼ਾ ਦਿਤਾ ਜਾਵੇ ਉਸ ਤੇ ਸਿਰਫ 2% ਇੰਟਰੈਸਟ ਲਿਆ ਜਾਂਦਾ ਹੈ । ਜੇ ਉਹ ਇਸ ਰੇਟ ਆਫ ਇੰਟਰੈਸਟ ਤੇ ਕਰਜ਼ਾ ਦੇ ਸਕਦੇ ਹਨ ਤਾਂ ਅਸੀ ਕਿਉਂ ਨਹੀਂ ਦੇ ਸਕਦੇ ? ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਾਡੀ ਆਪਣੀ ਸੋਚ ਹੈ ਕਿ ਇੰਡਸਟਰੀ ਤੋਂ ਘੱਟ ਇੰਟਰੈਸਟ ਲਿਆ ਜਾਂਦਾ ਹੈ ਅਤੇ ਐਗਰੀਕਲਚਰ ਵਾਸਤੇ ਜਿਹੜਾ ਲੋਨ ਦਿਤਾ ਜਾਂਦਾ ਹੈ ਉਸ ਤੇ ਜ਼ਿਆਦਾ ਇੰਟਰੈਸਟ ਲਿਆ ਜਾਂਦਾ ਹੈ । ਇਹ ਨਹੀਂ ਹੋਣਾ ਚਾਹੀਦਾ ।

ਫਿਰ, ਸਪੀਕਰ ਸਾਹਿਬ, ਇਕ ਗਲ ਮੇਰੇ ਨੋਟਿਸ ਵਿਚ ਹੋਰ ਆਈ ਹੈ ਕਿ ਇਨ੍ਹਾਂ ਕਰ-ਜ਼ਿਆਂ ਦੀ ਵਸੂਲੀ ਵਾਸਤੇ ਸਰਕਾਰੀ ਕਰਮਚਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ । ਫਿਰੋ-ਜ਼ਪੁਰ ਦੇ ਇਲਾਕੇ ਵਿਚ ਜਿਹੜੇ ਕਰਜ਼ੇ ਵਾਪਿਸ ਨਹੀਂ ਕਰ ਸਕੇ, ਉਹ ਤਕਰੀਬਨ 600 ਆਦਮੀ ਹਨ, ਜਿਨ੍ਹਾਂ ਨੂੰ ਅੰਦਰ ਕਰ ਦਿੱਤਾ ਗਿਆ ਹੈ ਅਤੇ 300 ਆਦਮੀਆਂ ਦੇ ਹੋਰ ਵਰੰਟ ਜਾਰੀ ਕੀਤੇ ਹੋਏ ਹਨ । ਇਸ ਤਰ੍ਹਾਂ ਦਾ ਉਨ੍ਹਾਂ ਗਰੀਬਾਂ ਨਾਲ ਹਾਲ ਕੀਤਾ ਜਾ ਰਿਹਾ ਹੈ । ਫਿਰ, ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਗਰੀਬਾਂ ਤੋਂ ਇਹ ਪੈਸਾ ਲੈਣ ਵਾਸਤੇ ਕਿਵੇਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਦਿਤਾ ਜਾ ਰਿਹਾ ਹੈ । ਪਰ ਧਾਰੀਵਾਲ ਮਿੱਲ ਵਲ ਵਰਕਰਾਂ ਦਾ 1.50 ਕਰੋੜ ਰੁਪਿਆ ਰਹਿੰਦਾ ਹੈ, ਜਿਸ ਵਾਸਤੇ ਸੁਪਰੀਮ ਕੋਰਟ ਦਾ 1978 ਦਾ ਫੈਸਲਾ ਹੋ ਚੁੱਕਾ ਹੈ । 85 ਲੱਖ ਰੁਪਿਆ ਉਹ ਦੇ ਚੁੱਕੇ ਹਨ ਅਤੇ ਬਾਕ ਰਹਿੰਦਾ ਹੈ, ਜਿਹੜਾ ਕਿ ਹਾਲੇ ਤਕ ਉਨ੍ਹਾਂ ਗਰੀਬ ਵਰਕਰਾਂ ਨੂੰ ਨਹੀਂ ਦਿਤਾ ਜਾ ਰਿਹਾ । ਪਰ ਉਨ੍ਹ ਮਿਲਾਂ ਵਾਲਿਆਂ ਨੂੰ ਕੋਈ ਅਫ਼ਸਰ ਇਹ ਨਹੀਂ ਕਹਿੰਦਾ ਕਿ ਇਹ ਪੈਸਾ ਜਲਦੀ ਵਾਪਿਸ ਕਰੋ ਦੂਜੇ ਪਾਸੇ ਗਰੀਬ ਕਿਸਾਨ ਨੂੰ ਇਕ ਇਕ ਹਜ਼ਾਰ ਰੁਪਏ ਵਾਸਤੇ ਅੰਦਰ ਦਿਤਾ ਜਾ ਰਿਹਾ ਹੈ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਿਹੜਾ ਉਨ੍ਹਾਂ ਦਾ ਪ੍ਰੋਵੀਡੈਂਟ ਫੰਡ ਦਾ ਪੈਸਾ ਮਿਲ ਵਲ ਰਹਿਦਾ ਹੈ ਉਹ ਜ਼ਰੂਰ ਵਾਪਿਸ ਕਰਨਾ ਚਾਹੀਦਾ ਹੈ । ਔਰ ਇਸ ਦੇ ਨਾਲ ਹੀ ਜਿਹੜੀ ਕੋਆਪਰੇਟਿਵ ਐਕਟ ਦੇ ਅੰਦਰ ਧਾਰਾ 67 (ਏ) ਰਖੀ ਹੋਈ ਹੈ, ਜਿਸ ਨਾਲ ਉਨ੍ਹਾਂ ਗਰੀਬ ਕਿਸਾਨਾਂ ਨੂੰ ਤੰਗ ਕੀਤਾ ਜਾ ਰਿਹਾ ਹੈ, ਇਹ ਜ਼ਰੂਰ ਵਿਦਡਰਾ ਕਰ ਲੈਣੀ ਚਾਹੀਦੀ ਹੈ । ਜਿਸ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ ਫੈਸਲਾ ਹੋਇਆ ਹੈ ਕਿ ਤਮਾਮ ਕਿਸਾਨਾਂ ਨੂੰ ਜਿਨ੍ਹਾਂ ਵਲ 5 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਸੀ ਉਨ੍ਹਾਂ ਨੂੰ ਰਿਮੀਸ਼ਨ ਦਿੱਤੀ ਗਈ ਹੈ ਔਰ ਕਈ ਜਗ੍ਹਾ ਤੇ ਰਿਕਵਰੀ ਪੋਸਟਪੋਨ ਕੀਤੀ ਗਈ ਹੈ, ਇਸੇ ਤਰ੍ਹਾਂ ਹੀ ਸਾਡੇ ਪੰਜਾਬ ਵਿਚ ਵੀ ਜਿਹੜੇ ਕਿਸਾਨਾਂ ਵਲ 5 ਹਜ਼ਾਰ ਰੁਪਏ ਤੋਂ ਵੱਧ ਦਾ ਕਰਜ਼ਾ ਹੈ ਉਨ੍ਹਾਂ ਨੂੰ ਰਿਮੀਸ਼ਨ ਦੇਣੀ ਚਾਹੀਦੀ ਹੈ, ਜਿਹੜਾ ਇਹ ਇੰਡਸਟਰੀ ਅਤੇ ਐਗਰੀਕਲਚਰ ਵਿਚ ਕਰੈਡਿਟ ਤੇ ਰੇਟ ਆਫ਼ ਇੰਟਰੈਸਟ ਦਾ ਫ਼ਰਕ ਹੈ, ਇਹ ਨਹੀਂ ਹੋਣਾ ਚਾਹੀਦਾ ਹੈ । ਇੰਡਸਟਰੀ ਵਾਲਾ ਰੇਟ ਹੀ ਐਗਰੀਕਲਚਰਿ-ਸਟਸ ਤੋਂ ਲਿਆ ਜਾਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਹੁਣ ਮੈਂ ਨੈਚੂਰਲ ਕਲੈਮਿਟੀਜ਼ ਦੇ ਬਾਰੇ ਗਲ ਕਰਦਾ ਹਾਂ । ਸਪੀਕਰ ਸਾਹਿਬ ਹਰ ਸਾਲ ਹੜ੍ਹ ਆਉਂਦੇ ਹਨ, ਬਾਰਸ਼ਾਂ ਪੈਂਦੀਆਂ ਹਨ ਅਤੇ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ । ਉਨ੍ਹਾਂ ਕਿਸਾਨਾਂ ਦੀ ਸਹਾਇਤਾ ਕਰਨ ਵਾਸਤੇ ਅਸੀਂ ਇਹ ਕਿਹਾ ਸੀ ਕਿ ਇਕ ਰੀਵਾਲਵਿੰਗ ਫੰਡ ਕ੍ਰੀਏਟ ਕੀਤਾ ਜਾਵੇ । ਪਰ ਇਸ ਤੇ ਫਿਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਰੀਵਾਲਵਿੰਗ ਫੰਡ ਕਾਂਸਟੀਚਿਊਸ਼ਨਲੀ ਠੀਕ ਨਹੀਂ ਹੈ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੰਟਿਨਜੈਂਸੀ ਫੰਡ

ਕ੍ਰੀਏਟ ਕੀਤਾ ਗਿਆ ਸੀ ਤਾਂ ਕੀ ਉਹ ਕਾਂਸਟੀਚਿਊਸ਼ਨਲੀ ਠੀਕ ਸੀ ? ਜੇ ਇਸੇ ਤਰ੍ਹਾਂ ਹੀ ਰੀਵਾਲਵਿੰਗ ਫੰਡ ਕ੍ਰੀਏਟ ਕੀਤਾ ਜਾਵੇ ਤਾਂ ਇਸ ਨਾਲ ਜਿਨ੍ਹਾਂ ਕਿਸਾਨਾਂ ਦਾ ਬਹੁਤ ਨੁਕਸਾਨ ਹੜ੍ਹਾਂ ਕਾਰਣ ਹੋ ਜਾਂਦਾ ਹੈ, ਉਨ੍ਹਾਂ ਦੀ ਸਹਾਇਤਾ ਹੋ ਸਕੇਗੀ। ਪਿਛੇ ਜਦੋਂ ਹੜ੍ਹ ਆਏ ਤਾਂ ਪੰਜਾਬ ਦੇ ਵਿਚ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ। ਨੁਕਸਾਨ ਦਾ ਜਾਇਜ਼ਾ ਲੈਣ ਵਾਸਤੇ ਅਸੈਸਮੈਂਟ ਕੀਤੀ ਗਈ ਅਤੇ ਗਿਰਦਾਵਰੀਆਂ ਵੀ ਕੀਤੀਆਂ ਗਈਆਂ ਪਰ ਹਾਲੇ ਤੱਕ ਸਿਵਾਏ ਸਰਦਾਰ ਸੰਤੋਖ ਸਿੰਘ ਦੇ ਹਲਕੇ ਦੇ ਕਿਸੇ ਹੋਰ ਨੂੰ ਕੋਈ ਪੈਸਾ ਨਹੀਂ ਮਿਲਿਆ। ਸਰਦਾਰ ਸੰਤੋਖ ਸਿੰਘ ਦੇ ਹਲਕੇ ਵਿਚ ਸਭ ਨੂੰ ਪੈਸੇ ਮਿਲ ਗਏ ਹਨ ਮੇਰੇ ਹਲਕੇ ਵਿਚ ਜਾਂ ਹੋਰ ਕਿਸੇ ਨੂੰ ਨਹੀਂ ਮਿਲੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਗਲਾਂ ਨੂੰ ਪੁਲੀਟੀਕਲੀ ਨਹੀਂ ਲੈਣਾ ਚਾਹੀਦਾ। ਪਿਛਲੇ ਸਾਲ ਅਨਪ੍ਰੈਸੀਡੈਂਟਿਡ ਬਾਰਸ਼ਾਂ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਸੀ। ਪਰ ਕਿਸੇ ਨੂੰ ਕੋਈ ਪੈਸਾ ਨਹੀਂ ਦਿੱਤਾ ਗਿਆ। ਪਰ ਜਦੋਂ ਕੋਈ ਇਹੋ ਜਿਹੀ ਕਲੈਮਿਟੀ ਇੰਡਸਟਰੀ ਤੇ ਆਉਂਦੀ ਹੈ ਤਾਂ ਉਨ੍ਹਾਂ ਨੂੰ ਬਹੁਤ ਫੈਸਲਿਟੀਜ਼ ਦਿੱਤੀਆਂ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਇਸੇ ਤਰ੍ਹਾਂ ਹੀ ਐਗਰੀਕਲਚਰ ਵਾਸਤੇ ਵੀ ਉਨ੍ਹਾਂ ਕਿਸਾਨਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਸ ਵਾਸਤੇ ਇਕ ਪਰਮਾਨੈਂਟ ਰੀਵਾਲਵਿੰਗ ਫੰਡ ਜ਼ਰੂਰ ਕਰੀਏਟ ਕਰਨ ਚਾਹੀਦਾਂ ਹੈ। ਇਸ ਨਾਲ ਉਨ੍ਹਾਂ ਦਾ ਭਲਾ ਹੋ ਸਕੇਗਾ।

ਫਿਰ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਸਾਡੀ ਸਰਕਾਰ ਕਿਸ ਤਰ੍ਹਾਂ ਨਾਲ ਪੈਸਾ ਵੇਸਟ ਕਰਦੀ ਹੈ। ਟਿਊਬਵੈਲ ਕਾਰਪੋਰੇਸ਼ਨ ਨੇ ਕਲਾਨੌਰ ਦੇ ਇਲਾਕੇ ਵਿਚ ਨਹਿਰੀ ਪਾਣੀ ਲਈ ਇਕ ਸਕੀਮ ਬਣਾਈ ਸੀ ਅਰ ਉਸ ਤੇ 65 ਲੱਖ ਰੁਪਿਆ ਵੀ ਖਰਚਿਆ ਗਿਆ, ਪਰ ਉਹ ਸਕੀਮ ਵਿਚੋਂ ਹੀ ਛੱਡ ਦਿੱਤੀ ਔਰ ਉਹ ਪੂਰੀ ਨਹੀਂ ਹੋਈ। ਇਸ ਤਰ੍ਹਾਂ ਨਾਲ ਇਹ 65 ਲੱਖ ਰੁਪਿਆ ਵੀ ਬਰਬਾਦ ਹੋਇਆ।

11-30 ਵਜੇ। (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ "ਬੰਦਾ ਜੋੜੇ ਪਲੀ ਪਲੀ ਰੱਬ ਰੁੜ੍ਹਾਏ ਕੁੱਪਾ" ਵਾਲੀ ਗੱਲ ਬਣ ਗਈ ਹੈ। ਇਹ ਕਹਿੰਦੇ ਹਨ ਕਿ ਟਰਾਂਸਪੋਰਟ ਨੂੰ ਚਲਾਉਣ ਵਾਸਤੇ ਸਾਡੇ ਕੋਲ ਪੈਸੇ ਨਹੀਂ ਹਨ, ਪਰ ਤੁਸੀਂ ਤਾਂ 65 ਲੱਖ ਰੁਪਿਆ ਟੂਰਿਜ਼ਮ ਕਾਰਪੋਰੇਸ਼ਨ ਤੇ ਬਰਬਾਦ ਕਰ ਰਹੇ ਹੋ। ਇਕ ਕਲਾਨੌਰ ਵਿਚ ਪਾਣੀ ਵਧਾਉਣ ਦੀ ਸਕੀਮ ਸੀ ਜਿਸ ਉਤੇ ਅਫਸਰਾਂ ਨੇ ਇਕ ਪ੍ਰੋਜੈਕਟ ਬਣਾਈ ਸੀ। ਇਸ ਸਕੀਮ ਤੇ ਲੱਖਾਂ ਰੁਪਏ ਖਰਚ ਹੋਏ ਪਰ ਬਾਅਦ ਵਿਚ ਅਫਸਰਾਂ ਨੇ ਉਸ ਪ੍ਰੋਜੈਕਟ ਰਿਪੋਰਟ ਨੂੰ ਰਿਜੈਕਟ ਕਰ ਦਿੱਤਾ ਔਰ ਸਰਕਾਰ ਲੱਖਾਂ ਰੁਪਏ ਉਸ ਰਿਪੋਰਟ ਤੇ ਬਰਬਾਦ ਹੋਏ। ਉਹ ਕੌਣ ਅਫਸਰ ਸਨ ਜਿਨ੍ਹਾਂ ਨੇ ਰਿਪੋਰਟ ਬਣਾਈ ਸੀ ? ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਔਰ ਉਨ੍ਹਾਂ ਅਫਸਰਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ।

ਦੂਸਰੀ ਗੱਲ ਮੈਂ ਕੰਢੀ ਏਰੀਏ ਬਾਰੇ ਕਰਨੀ ਚਾਹੁੰਦਾ ਹਾਂ ਕਿ ਇਸ ਪਾਸੇ ਸਰਕਾਰ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ। ਜਿਹੜੀ ਟਿਊਬਵੈਲ ਕਾਰਪੋਰੇਸ਼ਨ ਬਣਾਈ ਹੋਈ ਹੈ ਇਹ ਇਕ ਸਾਨੂੰ ਪਰਮਾਨੈਂਟ ਕਲੈਮਿਟੀ ਮਿਲੀ ਹੋਈ ਹੈ। ਜਿਸ ਤਰ੍ਹਾਂ ਨੈਚੂਰਲ ਕਲੈਮਿਟੀ ਮੁਲਕ ਤੇ ਬਣੀ ਰਹਿੰਦੀ ਹੈ ਉਸੇ ਤਰ੍ਹਾਂ ਸਟੇਟ ਤੇ ਇਹ ਪਰਮਾਨੈਂਟ ਕਲੈਮਿਟੀ ਬਣੀ ਹੋਈ ਹੈ ਇਸ ਦੇ ਵਿਚ ਸੁਧਾਰ ਕਰਨ ਦੀ ਲੋੜ ਹੈ।

(ਕਾਮਰੇਡ ਰਾਜ ਕੁਮਾਰ)

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬਾਰਡਰ ਏਰੀਏ ਦੇ ਬਾਰੇ ਦੱਸਦਾ ਹਾਂ ਕਿ ਉਥੇ ਇਕ ਬੀ.ਐਸ.ਐਫ ਬਾਰਡਰ ਤੇ ਹੁੰਦੀ ਹੈ, ਜਿਸ ਦਾ ਕੰਮ ਹੁਣ ਕੇਵਲ ਸਮੱਗਲਿੰਗ ਕਰਨਾ ਹੀ ਰਹਿ ਗਿਆ ਹੈ। ਲੋਕਾਂ ਨੇ ਇਸ ਦਾ ਨਾਂ ਬਾਰਡਰ ਸਮੱਗਲਿੰਗ ਫੋਰਸ ਦੇ ਦਿੱਤਾ ਹੈ। ਅਗਰ ਬਾਰਡਰ ਏਰੀਆ ਦਾ ਕੋਈ ਬੰਦਾ ਇਨ੍ਹਾਂ ਦੇ ਖਿਲਾਫ ਇਨ੍ਹਾਂ ਦੀਆਂ ਕਾਰਵਾਈਆਂ ਦੇ ਖਿਲਾਫ ਆਵਾਜ਼ ਉਠਾਏ ਤਾਂ ਇਹ ਤੀਸਰੇ ਦਿਨ ਇਹ ਕਹਿ ਕੇ ਕਿ ਸਾਨੂੰ ਪਾਕਿਸਤਾਨ ਸਮੱਗਲਰ ਤੋਂ ਇਤਲਾਹ ਮਿਲੀ ਹੈ ਕਿ ਤੂ ਸਮੱਗਲਿੰਗ ਕਰਦਾ ਹੈ ਔਰ ਅਸੀਂ ਤੇਰੀ ਇਨਵੈਸਟੀਗੇਸ਼ਨ ਕਰਨੀ ਚਾਹੁੰਦੇ ਹਾਂ ਇਹ ਕਹਿ ਕੇ ਉਸ ਨੂੰ ਫੜ ਕੇ ਅੰਮ੍ਰਿਤਸਰ ਇਨਵੈਸਟੀਗੇਸ਼ਨ ਸੈਂਟਰ ਵਿਚ ਭੇਜ ਦਿੰਦੇ ਹਨ। ਇਸ ਦੀ ਇਕ ਮਿਸਾਲ ਮੈਂ ਦਿੰਦਾ ਹਾਂ ਕਿ ਮੇਰੇ ਹਲਕੇ ਦੇ ਗੁਰਦਿਆਲ ਸਿੰਘ, ਪਿੰਡ ਕੁਕੜ ਛੋਟਾ ਨੂੰ ਜੋ ਪਿੰਡ ਦਾ ਸਰਪੰਚ ਹੈ ਉਸ ਨੇ ਬਾਰਡਰ ਪੁਲਸ ਦੇ ਖਿਲਾਫ ਸ਼ਕਾਇਤ ਕੀਤੀ ਸੀ ਉਸ ਨੂੰ ਫੜ ਕੇ ਲੈ ਗਏ ਕਿ ਤੂੰ ਸਮਗਲਿੰਗ ਕਰਦਾ ਹੈ ਔਰ ਉਸ ਨੂੰ ਅੰਮ੍ਰਿਤਸਰ ਇਨਵੈਸਟੀਗੇਸ਼ਨ ਸੈਂਟਰ ਵਿਚ ਭੇਜ ਦਿਤਾ ਔਰ ਉਸ ਨੂੰ ਮਾਰ ਮਾਰ ਕੇ ਅੱਧ ਮੋਇਆ ਕਰ ਦਿੱਤਾ ਪਰ ਉਸ ਦੇ ਕੋਲੋਂ ਕੁਝ ਨਹੀਂ ਨਿਕਲਿਆ ਕਿਉਂਕਿ ਉਸ ਸਰਪੰਚ ਨੇ ਬਾਰਡਰ ਪੁਲਸ ਦੇ ਅਫਸਰ ਦੇ ਖਿਲਾਫ ਸ਼ਿਕਾਇਤ ਕੀਤੀ ਸੀ ਔਰ ਹੁਣ ਉਸ ਦੇ ਭਰਾ ਨੂੰ ਤੰਗ ਕਰ ਰਹੇ ਹਨ, ਜੋ ਕਿ ਇਕ ਸਰਕਾਰੀ ਮੁਲਾਜ਼ਮ ਹੈ। ਇਸ ਸਬੰਧ ਵਿਚ ਮੈਂ ਚੀਫ ਮਨਿਸਟਰ ਸਾਹਿਬ ਨੂੰ ਵੀ ਦੋ ਚਿੱਠਿਆ ਲਿਖੀਆਂ ਪਰ ਹਾਲੇ ਤਕ ਮੈਨੂੰ ਕੋਈ ਜਵਾਬ ਨਹੀਂ ਮਿਲਿਆ ਅਤੇ ਮੈਂ ਇਸ ਮਾਮਲੇ ਨੂੰ ਐਸ.ਐਸ.ਪੀ ਅਤੇ ਡੀ.ਸੀ. ਦੇ ਨੋਟਿਸ ਵਿਚ ਲਿਆਂਦਾ, ਅਤੇ ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਦੇ ਵਿਚ ਵੀ ਉਠਾਇਆ ਗਿਆ ਪਰ ਹਾਲ ਤਕ ਇਸ ਬਾਰੇ ਕੋਈ ਕਾਰ-ਵਾਈ ਨਹੀਂ ਹੋਈ ਹੈ ਇਸ ਤਰੀਕੇ ਦੇ ਨਾਲ ਬੀ. ਐਸ. ਐਫ. ਵਾਲੇ ਲੋਕਾਂ ਨੂੰ ਨਜਾਇਜ਼ ਤੰਗ ਕਰ ਰਹੇ ਹਨ। ਇਹ ਸਰਪੰਚ ਬੀ. ਐਸ. ਐਫ. ਦੇ ਕਹਿਣ ਦੇ ਮੁਤਾਬਿਕ ਨਹੀਂ ਚਲਦਾ ਸੀ ਇਸ ਲਈ ਉਸ ਨੂੰ ਸਮੱਗਲਿੰਗ ਦੇ ਕੇਸ ਵਿਚ ਫਸਾ ਦਿਤਾ ਹੈ।

ਡਿਪਟੀ ਸਪੀਕਰ ਸਾਹਿਬ ਐਗਰੀਕਲਚਰ ਨੂੰ ਬਿਲਕੁਲ ਨਿਗਲੈਕਟ ਕੀਤਾ ਜਾ ਰਿਹਾ ਹੈ। ਇਸ ਦੇ ਵਿਚ ਸਰਕਾਰ ਨੂੰ ਮਦਦ ਕਰਨੀ ਚਾਹੀਦੀ ਹੈ। ਐਗਰੀਕਲਚਰ ਵਲ ਖਾਸ ਧਿਆਨ ਦੇਣਾ ਹੀ ਸਾਡੀ ਪ੍ਰਮਾਤਮਾ ਦੀ ਭਗਤੀ ਹੈ। ਇਸ ਦੇ ਵਿਚ ਸੁਧਾਰ ਦੀ ਲੋੜ ਹੈ। ਮੇਰੇ ਕੋਲ ਟਾਇਮ ਬਹੁਤ ਥੋੜ੍ਹਾ ਹੈ. ਇਸ ਲਈ ਮੈਂ ਥੋੜ੍ਹਾ ਥੋੜ੍ਹਾ ਹੀ ਟੱਚ ਕਰ ਸਕਦਾ ਹਾਂ।

ਡਿਪਟੀ ਸਪੀਕਰ ਸਾਹਿਬ. ਸਰਕਾਰ ਨੇ 10 ਹਜ਼ਾਰ ਮਕਾਨ ਬਣਾ ਕੇ ਦੇਣ ਦਾ ਵਾਅਦਾ ਕੀਤਾ ਹੈ। ਮੈਂ ਇਨ੍ਹਾਂ ਮਕਾਨਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਮਕਾਨ ਮਨੁੱਖ ਦੇ ਰਹਿਣ ਵਾਸਤੇ ਕਾਬਿਲ ਨਹੀਂ ਹਨ। ਇਹ ਇਤਨੇ ਭੈੜੇ ਹਨ ਕਿ ਉਸ ਦੇ ਵਿਚ ਮਨੁੱਖ ਤਾਂ ਰਹਿ ਹੀ ਨਹੀਂ ਸਕਦਾ ਅਤੇ ਇਸ ਦੀ ਹਾਲਤ ਸੂਰਾਂ ਦੇ ਸ਼ੈਡਾਂ ਤੋਂ ਵੀ ਭੈੜੀ ਹੈ। ਇਸ ਨੂੰ ਮਨੁੱਖ ਦੇ ਰਹਿਣ ਲਈ ਬਣਾਉਣ ਦੀ ਕੋਸ਼ਿਸ਼ ਕਰੋ। ਇਸ ਦੇ ਡੀਜ਼ਾਈਨ ਨੂੰ ਬਦਲੋ ਅਤੇ ਇਨ੍ਹਾਂ ਮਕਾਨਾਂ ਨੂੰ ਲੋਕਾਂ ਦੇ ਰਹਿਣ ਦੇ ਕਾਬਿਲ ਬਣਾਓ! ਸਰਕਾਰ ਨੇ 3,200 ਮਕਾਨਾਂ ਦੀ ਸਾਈਟਸ ਇੰਡੀਕੇਟ ਕੀਤੀਆਂ ਹਨ। ਇਨ੍ਹਾਂ ਸਾਈਟਸ ਨੂੰ ਆਈਡੈਂਟੀਫਾਈ ਕਰਨ ਦੀ ਲੋੜ ਹੈ। ਹਾਲੇ ਤੱਕ ਲੋਕਾਂ ਨੂੰ ਕਬਜ਼ਾ ਨਹੀਂ ਦਿਤਾ ਗਿਆ। ਇਹ ਮਕਾਨ ਤਾਂ ਤੂੜੀ ਭਰਨ ਵਾਲੇ ਬਣ ਰਹੇ ਹਨ। ਪਿਛੇ ਜਿਹੇ ਸਰਦਾਰ ਗੁਰਦੇਵ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣੀ ਸੀ ਔਰ ਉਸ ਕਮੇਟੀ ਨੇ ਆਪਣੀ ਇਕ ਰਿਪੋਰਟ ਸਰਕਾਰ ਨੂੰ ਦਿੱਤੀ ਸੀ, ਪਰ ਉਹ ਰਿਪੋਰਟ ਹਾਲੇ ਤੱਕ ਲੋਕਾਂ ਲਈ ਸ਼ਾਇਆ ਨਹੀਂ ਹੋਈ ਹੈ। ਉਸ ਰਿਪੋਰਟ ਨੂੰ ਸ਼ਾਇਆ ਕਰਵਾ ਦਿਓ ਤਾਕਿ ਲੋਕਾਂ ਨੂੰ ਉਸ ਰਿਪੋਰਟ ਦਾ ਪਤਾ ਲਗ ਸਕੇ ਸ਼ਾਇਦ ਤੁਹਾਡੇ ਸਾਹਮਣੇ ਕੋਈ ਚੰਗੀ ਗੱਲ ਆ ਜਾਵੇ ਔਰ ਤੁਸੀਂ ਅਕਾਲੀਆਂ ਦੀ

ਰਿਪੋਰਟ ਦਾ ਫਾਇਦਾ ਉਠਾ ਸਕੇ। ਇਹ ਹਾਊਸ ਸਾਈਟਸ, ਜਿਹੜੇ ਲੋਕਾਂ ਨੂੰ ਦਿੱਤੇ ਜਾਣੇ ਸਨ, ਉਹ ਹਾਲੇ ਤੱਕ ਲੋਕਾਂ ਨੂੰ ਨਹੀਂ ਮਿਲੇ ਹਨ। ਇਨ੍ਹਾਂ ਦਾ ਪ੍ਰਬੰਧ ਸਰਕਾਰ ਨੂੰ ਕਰ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ 3,099 ਪਿੰਡ ਪੰਜਾਬ ਵਿਚ ਐਸੇ ਹਨ, ਜਿਥੇ ਐਗਰੀਕਲਚਰਲ ਲੇਬਰਰਜ਼ ਲਈ ਕੋਈ ਹਾਊਸ ਸਾਈਟ ਨਹੀਂ ਹੈ। ਉਨ੍ਹਾਂ ਨੂੰ ਹਾਊਸ ਸਾਈਟਸ ਦੇਣ ਲਈ ਇਕ ਸਰਵੇ ਕਰਵਾਉਣ ਦੀ ਲੋੜ ਹੈ ਔਰ ਇਹ ਸਰਵੇ ਇਕ ਕਮੇਟੀ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ। ਇਸ ਕਮੇਟੀ ਦੇ ਬਣ ਜਾਣ ਨਾਲ ਇਸ ਉਤੇ ਕਾਰਵਾਈ ਜਲਦੀ ਤੋਂ ਜਲਦੀ ਹੋ ਸਕੇਗੀ ਔਰ ਗਰੀਬ ਹਰੀਜਨਾਂ ਨੂੰ, ਬੇਘਰ ਲੋਕਾਂ ਨੂੰ, ਬੇ ਸਹਾਰਾ ਲੋਕਾਂ ਨੂੰ ਹਾਊਸ ਸਾਈਟਸ ਮਿਲ ਜਾਣਗੇ। ਇਸ ਸਾਰੇ ਕੰਮ ਨੂੰ ਕਮੇਟੀ ਹੀ ਕਰ ਸਕਦੀ ਹੈ।

ਹੁਣ ਮੈਂ ਵੇਜਿਜ਼ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਬਗੈਰ ਰੋਟੀ ਦੇ ਇਕ ਲੇਬਰਰ ਨੂੰ 9.70 ਰੁਪਏ ਮਿਲਦੇ ਹਨ ਔਰ ਰੋਟੀ ਦੇ ਨਾਲ 7.90 ਰੁਪਏ ਮਿਲਦੇ ਹਨ ਪਰ ਇਸ ਸਰਕਾਰ ਦੇ ਫੈਸਲੇ ਨੂੰ ਕੋਈ ਲਾਗੂ ਨਹੀਂ ਕਰਦਾ ਹੈ। ਐਗਰੀਕਲਚਰਲ ਲੇਬਰਰ ਨੂੰ ਦਿਹਾੜੀ ਘੱਟ ਮਿਲਦੀ ਹੈ। ਇਸ ਦੀ ਇੰਪਲੀਮੈਂਟੇਸ਼ਨ ਦੇ ਲਈ ਸਰਕਾਰ ਵਲੋਂ ਕੋਈ ਮਸ਼ੀਨਰੀ ਨਹੀਂ ਹੈ, ਜਿਹੜੀ ਫੰਕਸ਼ਨ ਕਰਦੀ ਹੋਵੇ। ਇਸ ਮਸ਼ੀਨਰੀ ਨੂੰ ਕਾਇਮ ਕਰਨਾ ਚਾਹੀਦਾ ਹੈ। ਪੰਜਾਬ ਵਿਚ ਲੋਕਾਂ ਦਾ ਕਾਸਟ ਆਫ ਲਿਵਿੰਗ ਇੰਡੈਕਸ ਵੱਧ ਗਿਆ ਹੈ, । ਇਸ ਨੂੰ ਰੀਵਾਈਜ਼ ਕਰਨ ਦੀ ਲੋੜ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਪਿਛੇ ਸਰਕਾਰ ਨੇ ਇਕ ਸਰਵੇ ਕਰਵਾਇਆ ਸੀ ਕਿ ਪੰਜਾਬ ਵਿਚ ਕਿੰਨੇ ਪ੍ਰਤੀਸ਼ਤ ਲੋਕ ਗਰੀਬੀ ਪੱਧਰ ਤੋਂ ਹੇਠਾਂ ਰਹਿੰਦੇ ਹਨ, । ਪਰ ਜਿਹੜਾ ਸਰਵੇ ਕੀਤਾ ਗਿਆ ਹੈ ਉਹ ਬਿਲਕੁਲ ਗਲਤ ਹੈ ਔਰ ਉਸ ਦਾ ਐਸਟੀਮੇਟ ਹੀ ਗਲਤ ਹੈ। ਇਸ ਸਰਵੇ ਨੂੰ ਦੁਬਾਰਾ ਕਰਵਾਉਣਾ ਚਾਹੀਦਾ ਹੈ ਤਾਕਿ ਸਰਕਾਰ ਨੂੰ ਅਸਲੀਅਤ ਦਾ ਪਤਾ ਲਗ ਸਕੇ ਕਿਉਂਕਿ ਸਰਵੇ ਕਰਨ ਵਾਲੇ ਤਾਂ ਝੁਗੀਆਂ ਵਿਚ, ਝੌਂਪੜੀਆਂ ਵਿਚ ਅਤੇ ਗੰਦੀਆਂ ਬਸਤੀਆਂ ਵਿਚ ਜਿਥੇ ਸਲੱਮ ਏਰੀਆ ਹੈ, ਉਥੇ ਗਏ ਹੀ ਨਹੀਂ ਹਨ। ਮੇਰੇ ਇਲਾਕੇ ਵਿਚ ਖਾਸ ਤੌਰ ਤੇ ਗਏ ਹੀ ਨਹੀਂ ਹਨ। ਇਨ੍ਹਾਂ ਦੇ ਸਰਵੇ ਦੇ ਮੁਤਾਬਿਕ ਸ਼ਹਿਰਾਂ ਦੇ ਵਿਚ ਗਰੀਬੀ ਦੀ ਸਤ੍ਹਾ ਤੋਂ ਥੱਲੇ ਲੋਕ 12% ਰਹਿੰਦੇ ਹਨ ਪਰ ਮੇਰੇ ਖਿਆਲ ਵਿਚ ਇਹ ਲਗਭਗ 30% ਬਣਦਾ ਹੈ। ਪਿੰਡਾ ਦੇ ਵਿਚ 38% ਦਸਿਆ ਗਿਆ ਹੈ ਉਥੇ 50% ਤੋਂ ਉਪਰ ਲੋਕ ਗਰੀਬੀ ਦੀ ਸਤ੍ਹਾ ਤੋਂ ਥੱਲੇ ਰਹਿੰਦੇ ਹਨ। ਇਸ ਲਈ ਇਹ ਸਰਵੇ ਠੀਕ ਕਰਵਾਉਣਾ ਚਾਹੀਦਾ ਹੈ। ਇਹ ਵੀ ਹੋ ਸਕਦਾ ਹੈ ਕਿ ਸਰਕਾਰ ਫਿਗਰਜ਼ ਘੱਟ ਸ਼ੋਅ ਕਰੇ ਤਾਕਿ ਜੋ ਵਾਅਦਾ ਸਰਕਾਰ ਕਰੇ ਉਸ ਨੂੰ ਉਹ ਪੂਰਾ ਵੀ ਕਰ ਸਕੇ। ਪਰ ਇਨ੍ਹਾਂ ਫਿਗਰਜ਼ ਨੂੰ ਠੀਕ ਕਰ ਲਵੋ ਔਰ ਉਸ ਦੇ ਮੁਤਾਬਿਕ ਪਲਾਨਜ਼ ਬਣਾਏ ਜਾਣ ਤਾਕਿ ਲੋਕਾਂ ਦਾ ਭਲਾ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਪੈਨਸ਼ਨ ਦੇਣ ਦੇ ਬਾਰੇ ਕਹੀ ਗਈ ਹੈ ਕਿ ਹੁਣ ਪੈਨਸ਼ਨ 50 ਰੁਪਏ ਤੋਂ ਵਧਾ ਕੇ 60 ਰੁਪਏ ਕਰ ਦਿਤੀ ਗਈ ਹੈ। ਪਰ ਮੈਂ ਕਹਿੰਦਾ ਹਾਂ ਕਿ ਇਹ ਰਕਮ 50 ਰੁਪਏ ਤੋਂ ਵਧਾ ਕੇ 100 ਰੁਪਏ ਕਰ ਦੇਣੀ ਚਾਹੀਦੀ ਹੈ ਕਿਉਂਕਿ ਮਹਿੰਗਾਈ ਬਹੁਤ ਹੈ ਅਤੇ ਲੋਕਾਂ ਦਾ ਇਸ ਵਿਚ ਕੁਝ ਨਹੀਂ ਬਣਦਾ। ਬਾਕੀ ਇਨ੍ਹਾਂ ਨੇ ਪੈਨਸ਼ਨ ਦੇਣ ਵਿਚ ਇਕ ਸ਼ਰਤ ਲਗਾਈ ਹੋਈ ਹੈ ਕਿ ਉਸ ਦੇ ਕਿੰਨੇ ਵੱਡੇ ਬੱਚੇ ਹਨ ਅਤੇ ਆਪਣੀ ਆਮਦਨੀ ਵਿਚੋਂ ਆਪਣੇ ਮਾਂ ਬਾਪ ਨੂੰ ਕੀ ਸਹਾਇਤਾ ਕਰਦਾ ਹੈ। ਅਜ ਕਲ ਦੇ ਜ਼ਮਾਨੇ ਵਿਚ ਕਿਸੇ ਦਾ ਆਪਣਾ ਟੱਬਰ

[ਕਾਮਰੇਡ ਰਾਜ ਕੁਮਾਰ]

ਹੀ ਨਹੀਂ ਪਲਦਾ ਅਤੇ ਉਹ ਆਪਣੇ ਬੁੱਢੇ ਮਾਂ ਬਾਪ ਨੂੰ ਕੀ ਦੇਵੇਗਾ। ਇਸ ਸ਼ਰਤ ਨੂੰ ਹਟਾ ਦੇਣਾ ਚਾਹੀਦਾ ਹੈ। ਇਹ 60 ਰੁਪਏ ਪੈਨਸ਼ਨ ਦਾ ਫੈਸਲਾ ਲਾਗੂ ਨਹੀਂ ਹੋਇਆ ਹੈ ਇਹ ਕਦੋਂ ਤਕ ਲਾਗੂ ਕਰ ਦੇਵੋਗੇ। ਡਿਪਟੀ ਸਪੀਕਰ ਸਾਹਿਬ, ਵਰਕਰ ਵਿਚ ਡਿਸਪੈਰਿਟੀ ਕਾਇਮ ਕੀਤੀ ਜਾ ਰਹੀ ਹੈ। ਮਰਦ ਵਰਕਰ ਨੂੰ ਦਿਹਾੜੀ ਜ਼ਿਆਦਾ ਦਿੱਤੀ ਜਾਂਦੀ ਹੈ ਪਰ ਔਰਤ ਵਰਕਰ ਨੂੰ ਘੱਟ ਦਿਹਾੜੀ ਮਿਲ ਰਹੀ ਹੈ। ਇਹ ਔਰਤ ਵਰਕਰ ਜਦ ਕਿ ਮਰਦ ਵਰਕਰ ਜਿੰਨਾ ਹੀ ਕੰਮ ਕਰਦੀ ਹੈ, ਫਿਰ ਉਸ ਨੂੰ ਦਿਹਾੜੀ ਵੀ ਮਰਦ ਦੇ ਬਰਾਬਰ ਹੀ ਮਿਲਣੀ ਚਾਹੀਦੀ ਹੈ। ਇਸ ਦੇ ਵਿਚ ਸੁਧਾਰ ਕਰਨ ਦੀ ਲੋੜ ਹੈ। ਪਿਛੇ ਜਿਹੇ ਸੁਪਰੀਮ ਕੋਰਟ ਨੇ ਇਕ ਫੈਸਲਾ ਕੀਤਾ ਸੀ ਕਿ ਅਗਰ ਕਿਸੇ ਲੇਬਰਰ ਦਾ ਹੱਥ, ਲੱਤ ਜਾਂ ਕੋਈ ਸ਼ਰੀਰ ਦਾ ਅੰਗ ਕਟਿਆ ਜਾਵੇ ਤਾਂ ਉਸ ਨੂੰ ਕੰਪਨਸੇਸ਼ਨ ਦਿੱਤਾ ਜਾਏਗਾ। ਪਰ ਇਸ ਲਈ ਪ੍ਰਬੰਧ ਕਿਧਰੇ ਨਹੀਂ ਕੀਤਾ ਗਿਆ ਕਿਉਂਕਿ ਕੋਰਟ ਨੇ ਕਿਹਾ ਹੈ ਕਿ ਮੰਡੀ ਬੋਰਡ ਨੇ ਇਸ ਕੰਪਨਸੇਸ਼ਨ ਲਈ ਕੋਈ ਕਲਾਜ਼ ਐਕਟ ਵਿਚ ਨਹੀਂ ਰਖੀ ਹੋਈ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸੇ ਸੈਸ਼ਨ ਵਿਚ ਹੀ ਇਸ ਐਕਟ ਵਿਚ ਅਮੈਂਡਮੈਂਟ ਕਰ ਦਿਓ ਅਤੇ ਕੰਪਨਸੇਸ਼ਨ ਦਾ ਲਫਜ਼ ਸ਼ਾਮਲ ਕਰ ਦਿਓ ਤਾਕਿ ਲੇਬਰਰ ਨੂੰ ਕੰਪਨਸੇਸ਼ਨ ਮਿਲ ਸਕੇ। ਇਸ ਖਰਚੇ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਮੰਡੀ ਬੋਰਡ ਦੇ ਪਰਪਜ਼ ਨੂੰ ਵਧਾ ਦੇਣਾ ਚਾਹੀਦਾ ਹੈ ਕਿਉਂਕਿ ਇਹ ਅਮੈਂਡਮੈਂਟ ਦੇ ਨਾਲ ਲੇਬਰਰ ਦਾ ਭਲਾ ਹੋ ਸਕੇਗਾ। ਇਸ ਚੀਜ਼ ਨੂੰ ਨਜ਼ਰ ਅੰਦਾਜ਼ ਨਹੀਂ ਕਰ ਦੇਣਾ ਚਾਹੀਦਾ। ਦੂਸਰਾ ਸੇਫਟੀ ਡੀਵਾਈਸ ਐਕਟ ਵਿਚ ਅਮੈਂਡਮੈਂਟ ਕਰ ਦੇਣੀ ਚਾਹੀਦੀ ਹੈ ਤਾ ਕਿ ਲੋਕਾਂ ਨੂੰ ਇਸ ਐਕਟ ਦਾ ਲਾਭ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਲੈਂਡ ਰਿਫਾਰਮਜ਼ ਦੀ ਜਿਹੜੀ ਗੱਲ ਹੈ ਇਸ ਤੇ ਬੜਾ ਹੀ ਦੁੱਖ ਆਉਂਦਾ ਹੈ ਕਿ ਇਨ੍ਹਾਂ ਰਿਫਾਰਮਜ਼ ਨਾਲ ਲੋਕਾਂ ਦਾ ਅਸਲੀ ਲਫਜ਼ਾਂ ਵਿਚ ਫਾਇਦਾ ਨਹੀਂ ਹੋਇਆ ਹੈ। ਇਹ ਸਬਜੈਕਟ ਹੀ ਬੜਾ ਦੁਖਦਾਈ ਹੈ। ਸਾਰੇ ਹਿੰਦੁਸਤਾਨ ਦੇ ਗੁਨਾਹ-ਗਾਰਾਂ ਕੋਲੋਂ 1956 ਵਿਚ 6 ਕਰੋੜ ਏਕੜ ਜ਼ਮੀਨ ਆਈਡੈਂਟੀਫਾਈ ਕੀਤੀ ਸੀ ਪਰ ਬਾਅਦ ਵਿਚ ਇਹ 50 ਲੱਖ ਏਕੜ ਜ਼ਮੀਨ ਹੀ ਰਹਿ ਗਈ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਇਨ੍ਹਾਂ ਦੀ ਖੁਆਹਿਸ਼ ਹੁੰਦੀ ਹੈ ਤਾਂ ਜ਼ਮੀਨ ਲਭ ਪੈਂਦੀ ਹੈ ਵਰਨਾ ਨਹੀਂ ਲਭਦੀ। ਹਰੀਜਨਾਂ ਦੀ ਰਿਜ਼ਰਵੇਸ਼ਨ ਵਾਸਤੇ ਮੈਂ ਲਾਇਬਰੇਰੀ ਵਿਚੋਂ ਇਕ ਕਿਤਾਬ ਮੰਗਵਾਈ ਹੈ। (ਵਿਘਨ)

ਸ੍ਰੀ **ਡਿਪਟੀ ਸਪੀਕਰ**: ਕਾਮਰੇਡ ਰਾਜ ਕੁਮਾਰ ਜੀ ਹੋਰ ਕਿਸੇ ਮੈਂਬਰ ਨੇ ਤਾਂ ਨਹੀਂ ਬੋਲਣਾ।

ਕਾਮਰੇਡ ਰਾਜ ਕੁਮਾਰ: ਨਹੀਂ ਜੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਅੰਦਰ 25% ਰਿਜ਼ਰਵੇਸ਼ਨ ਕੀਤੀ ਗਈ ਹੈ। ਮੇਰੇ ਕੋਲ ਜਿਹੜੀ ਕਿਤਾਬ ਹੈ, ਉਹ ਲੇਟੈਸਟ ਕਿਤਾਬ ਤਾਂ ਨਹੀਂ ਹੈ ਕਿਉਂਕਿ ਲਾਇਬ੍ਰੇਰੀ ਵਿਚ ਨਹੀਂ ਹੈ। ਇਸ ਲਈ ਤੁਸੀਂ ਲਾਇਬ੍ਰੇਰੀ ਵਿਚ ਅਪ-ਟੂ-ਡੇਟ ਕਿਤਾਬਾਂ ਜ਼ਰੂਰ ਰਖੋ। ਇਸ ਕਿਤਾਬ ਵਿਚ ਸਾਰੇ ਮੁਲਕ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਇਹ ਫਿਗਰਜ਼ ਤੁਹਾਨੂੰ ਦਸਦਾ ਹਾਂ ਪਰ ਮੈਂ ਇਸ ਨੂੰ ਅਧਾਰ ਨਹੀਂ ਬਣਾ ਰਿਹਾ ਹਾਂ, ਫਿਰ ਵੀ ਇਹ 4% ਜਾਂ 5% ਇਧਰ ਉਧਰ ਹੋ ਸਕਦੀਆਂ ਹਨ। ਇਸ ਦੇ ਮੁਤਾਬਿਕ 25% ਰਿਜ਼ਰਵੇਸ਼ਨ ਕਲਾਸ 1, 2 ਅਤੇ 3 ਦੀਆਂ ਹਨ। ਕਲਾਸ 1 ਵਿਚ 5.3,% ਕਲਾਸ 2 ਵਿਚ 3.9% ਅਤੇ ਕਲਾਸ 3 ਵਿਚ 11.9% ਹੈ। ਇਹ ਬਹੁਤ ਘਟਾਈਆਂ ਗਈਆਂ ਹਨ। ਪੀਅਨ, ਚੌਕੀਦਾਰ ਅਤੇ ਸਫਾਈ ਸੇਵਕ ਆਦਿ

35.11% ਹਨ। ਡਿਪਟੀ ਸਪੀਕਰ ਸਾਹਿਬ, ਇਹ ਮੂੰਹ ਬੋਲਦੀ ਤਸਵੀਰ ਹੈ। (ਵਿਘਨ)(ਸ਼ੋਰ) ਡਿਪਟੀ ਸਪੀਕਰ ਸਾਹਿਬ, ਇੰਟਰੱਪਸ਼ਨ ਦਾ ਟਾਈਮ ਨੋਟ ਕਰ ਲਵੋ। ਡਿਪਟੀ ਸਪੀਕਰ ਸਾਹਿਬ, ਹੁਣ ਇਨ੍ਹਾਂ ਨੇ ਸਰਵੇ ਕਰਵਾਇਆ ਹੈ ਕਿ ਮਿਨੀਮਮ ਵੇਜਿਜ਼ ਤੋਂ ਥਲੇ ਕਿਤਨੇ ਲੋਕ ਹਨ। ਜਿਸ ਬਾਰੇ ਕਈਆਂ ਨੇ ਤਰੀਫ ਕੀਤੀ ਹੈ। ਇਹ ਕਹਿੰਦੇ ਹਨ ਕਿ ਅਸੀਂ 51 ਰੁਪਏ ਦਾ ਮਿਨੀਮਮ ਵੇਜਿਜ਼ ਵਿਚ ਵਾਧਾ ਕੀਤਾ ਹੈ। ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, 225 ਰੁਪਏ ਪਲਸ 51 ਰੁਪਏ ਜੋੜ ਲਵੋ ਤਦ ਵੀ ਇਹ ਇਨਕਮ ਪਾਵਰਟੀ ਲਾਈਨ ਤੋਂ ਥੱਲੇ ਆਉਂਦੀ ਹੈ, ਜੋ ਕਿ ਇਨ੍ਹਾਂ ਨੇ ਆਈਡੈਂਟੀਫਾਈ ਕਰਵਾਇਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਘੱਟੋ ਘੱਟ ਮਿਨੀਮਮ ਵੇਜਿਜ਼ 500 ਰੁਪਏ ਮਹੀਨਾ ਹੋਣੇ ਚਾਹੀਦੇ ਹਨ। ਹੁਣ ਪਾਰਲੀਆਮੈਂਟ ਵਿਚ ਬਿਲ ਆ ਰਿਹਾ ਹੈ ਕਿ ਐਮ.ਪੀ.ਜ਼. ਦੀਆਂ ਤਨਖਾਹਾਂ ਵਧਾਈਆਂ ਜਾਣ ਅਤੇ ਜਦੋਂ ਇਸ ਬਾਰੇ ਬਿਲ ਆ ਜਾਵੇਗਾ ਤਾਂ ਤੁਸੀਂ ਵੀ ਇਥੇ ਕਹੋਗੇ ਕਿ ਐਮ. ਐਲ. ਏਜ਼. ਦੀਆਂ ਤਨਖਾਹਾਂ ਵਧਾਈਆਂ ਜਾਣ। ਪਰ ਮੈਂ ਕਹਿੰਦਾ ਹਾਂ ਕਿ ਜਦੋਂ ਤੱਕ ਪੰਜਾਬ ਦੇ ਇੰਡਸਟ੍ਰੀਜ਼ ਦੇ ਵਰਕਰਾਂ ਦੀਆਂ ਤਨਖਾਹਾਂ 500 ਰੁਪਏ ਮਹੀਨਾ ਨਹੀਂ ਹੋ ਜਾਂਦੀਆਂ ਤਦ ਤੱਕ ਸਾਡੀਆਂ ਤਨਖਾਹਾਂ ਬਿਲਕੁਲ ਨਹੀਂ ਵਧਾਉਣੀਆਂ ਚਾਹੀਦੀਆਂ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਇੰਡਸਟਰੀਜ਼ ਦੇ ਕਈ ਝਗੜੇ ਉਠਦੇ ਹਨ। ਪਰ ਪੰਜਾਬ ਸਰਕਾਰ ਕਹਿੰਦੀ ਹੈ ਕਿ ਅਸੀਂ ਪੀਸਫੁਲੀ ਇੰਡਸਟਰੀਜ਼ ਦੇ ਮਾਲਕਾਂ ਅਤੇ ਵਰਕਰਾਂ ਦੇ ਵਿਚਕਾਰ ਜੋ ਝਗੜੇ ਹੁੰਦੇ ਹਨ, ਉਹ ਖਤਮ ਕਰਾਂਗੇ। ਪਰ ਮੈਂ ਕਹਿੰਦਾ ਹਾਂ ਕਿ ਜੋ ਲੇਬਰ ਕਮਿਸ਼ਨਰ ਹੈ ਉਸ ਨੂੰ ਇੰਡਸਟਰੀ ਦੀ ਬਿਲਕੁਲ ਸਮਝ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇੰਡਸਟਰੀਅਲਾਈਜੇਸ਼ਨ ਦੀ ਸਮਝ ਵਾਲਾ ਆਦਮੀ ਲੇਬਰ ਕਮਿਸ਼ਨਰ ਹੋਣਾ ਚਾਹੀਦਾ ਹੈ। ਲੇਬਰ ਕੋਰਟਾਂ ਦੇ ਅੰਦਰ ਇੰਡਸਟਰੀਅਲ ਡਿਸਪਿਊਟਸ ਜੋ ਹਨ, ਉਹ ਛੇ ਮਹੀਨਿਆਂ ਵਿਚ ਸੈਂਟਲ ਹੋਣੇ ਚਾਹੀਦੇ ਹਨ। ਪਰ ਇਹ ਛੇ, ਛੇ ਸਾਲ ਤੱਕ ਸੈਟਲ ਨਹੀਂ ਹੁੰਦੇ ਅਤੇ ਪੁਰਾਣੇ ਕੇਸਿਜ਼ ਲਮਕ ਰਹੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਲੰਧਰ, ਬਟਾਲਾ, ਮੁਹਾਲੀ ਅਤੇ ਬਠਿੰਡਾ ਵਿਚ ਨਵੀਆਂ ਲੇਬਰ ਕੋਰਟਾਂ ਖੋਲ੍ਹੀਆਂ ਜਾਣ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਦੇ ਵਿਚ ਪਾਵਰ ਦੀ ਬਹੁਤ ਕੱਟ ਲਗਾਈ ਜਾਂਦੀ ਹੈ। ਸਿਰਫ ਛੇ ਘੰਟੇ ਹੀ ਬਿਜਲੀ ਮਿਲਦੀ ਹੈ ਅਤੇ 18 ਘੰਟੇ ਬਿਜਲੀ ਬੰਦ ਰਹਿੰਦੀ ਹੈ। ਜਿਹੜੀ ਬਿਜਲੀ ਮਿਲਦੀ ਹੈ, ਉਹ ਵੀ ਸੂਟੇਬਲ ਟਾਈਮ ਤੇ ਨਹੀਂ ਮਿਲਦੀ। ਇਸ ਤਰ੍ਹਾਂ ਨਾਲ ਪੰਜਾਬ ਦੀ ਇੰਡਸਟਰੀਜ਼ ਦੀ ਪਰੋਡਕਸ਼ਨ ਘੱਟ ਰਹੀ ਹੈ ਅਤੇ ਇੰਡਸਟਰੀ ਦੇ ਵਰਕਰਾਂ ਵਿਚ ਹਾਰਟ ਬਰਨਿੰਗ ਹੈ। ਵਰਕਰਜ਼ ਸਫਰ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਚੰਦ ਵੱਡੇ ਵੱਡੇ ਕਾਰਖਾਨੇ ਹਨ ਜਿਥੇ ਕਿ ਬਿਜਲੀ ਦਿਤੀ ਜਾਂਦੀ ਹੈ। ਇਸ ਕਰਕੇ ਮੈਂ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹਵਾਂਗਾ ਕਿ ਤੁਸੀਂ ਫੈਕਟਰੀ ਵਿਚ 20 ਆਦਮੀਆਂ ਦੀ ਪਾਬੰਦੀ ਨੂੰ ਹਟਾਓ ਅਤੇ ਹਰ ਫੈਕਟਰੀ ਨੂੰ ਇਸ ਲਈ ਕੰਪਨਸੇਸ਼ਨ ਮਿਲਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਕੁਝ ਨੈਚੂਰਲ ਅਤੇ ਕੁਝ ਮੈਨ ਮੇਡ ਕਰਕੇ ਸ਼ਾਰਟਫਾਲ ਹੁੰਦਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ ਜੋ ਨੈਚੂਰਲ ਕਲੈਮਿਟੀਜ਼ ਵਾਸਤੇ ਗਰਾਂਟਸ ਦਿਤੀਆਂ ਜਾਂਦੀਆਂ ਹਨ, ਉਹ ਸਾਰੀਆਂ ਇੰਪਲਾਈਜ਼ ਨੂੰ ਮਿਲਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀਅਲਿਸਟਾਂ ਨੂੰ ਇੰਟਰੈਸਟ ਫਰੀ ਲੋਨ ਮਿਲਣਾ ਚਾਹੀਦਾ ਹੈ ਤਾਕਿ ਉਹ ਆਪਣੀ ਫੈਕਟਰੀ ਵਿਚ ਜੈਨਰੇਟਰ ਲਗਾ ਸਕਣ ਅਤੇ ਕਾਰਖਾਨੇ ਬੰਦ ਨਾ ਹੋਣ ਅਤੇ ਫੈਕਟਰੀਆਂ ਵਿਚ ਕੰਮ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਵੀ ਥੀਨ ਡੈਮ ਦੀ ਮਨਜ਼ੂਰੀ ਨਹੀਂ ਲਈ ਅਤੇ ਤੁਸੀਂ ਕਿਵੇਂ ਕਹਿ ਦਿਤਾ ਕਿ ਮਨਜ਼ੂਰੀ ਲਈ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਦੋਂ ਤੱਕ ਸੈਂਟਰ ਸਰਕਾਰ ਅਤੇ ਸਟੇਟਾਂ ਦੇ ਰਿਲੇਸ਼ਨਜ਼ ਠੀਕ ਨਹੀਂ ਹੁੰਦੇ

[ਕਾਮਰੇਡ ਰਾਜ ਕੁਮਾਰ]

ਉਦੋਂ ਤੱਕ ਗੁਜ਼ਾਰਾ ਨਹੀਂ ਹੋ ਸਕਣਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਬੜਾ ਰੌਲਾ ਪਿਆ ਹੈ ਕਿ 43% ਬੱਸਾਂ ਦੇ ਕਿਰਾਏ ਵਧਾ ਦਿਤੇ ਗਏ ਹਨ। 1974 ਤੋਂ 1980 ਤੱਕ ਅਸ਼ੋਕ ਲੇਅਲੈਂਡ ਦੀ ਚੈਸੀ ਦੀ ਕੀਮਤ 19 ਵਾਰ ਵਧਾਈ ਗਈ ਅਤੇ ਹੁਣ 43% ਬਸਾਂ ਦੇ ਕਰਾਏ ਵਧਾ ਦਿਤੇ ਹਨ।(ਵਿਘਨ) ਡਿਪਟੀ ਸਪੀਕਰ ਸਾਹਿਬ, ਜ਼ਰੂਰੀ ਹੈ ਕਿ ਇਸ ਦਾ ਅਸਰ ਪੈਣਾ ਹੈ। (ਘੰਟੀ) 15 ਵਾਰੀ ਟਾਇਰਾਂ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਅਤੇ 19 ਵਾਰੀ ਚੈਸੀ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ। ਡੀਜ਼ਲ ਦੀ ਕੀਮਤ ਵਿਚ ਵੀ ਬਹੁਤ ਵਾਧਾ ਕੀਤਾ ਗਿਆ ਹੈ। ਅਜੇ ਮਈ, 1980 ਵਿਚ ਜ ਵਾਧਾ ਕੀਤਾ ਗਿਆ ਹੈ, ਉਹ ਇਸ ਵਿਚ ਸ਼ਾਮਲ ਨਹੀਂ ਹੈ। ਮੁਨਾਫਾ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਕਮਾਇਆ ਹੈ।

ਅਸ਼ੋਕ ਲੇਅਲੈਂਡ ਵਾਲਿਆਂ ਦਾ 16.22% ਤੱਕ ਮੁਨਾਫਾ ਪਹੁਚ ਗਿਆ ਹੈ। ਡਨਲਪ ਵਾਲਿਆਂ ਦਾ 3.95% ਤੋਂ 8.80% ਤੱਕ ਮੁਨਾਫਾ ਪਹੁੰਚ ਗਿਆ ਹੈ। ਸੀਅਟ ਟਾਇਰਜ਼ ਵਾਲਿਆਂ ਦਾ 3.51 ਕਰੋੜ ਤੋਂ 6.36 ਕਰੋੜ ਤੱਕ ਮੁਨਾਫਾ ਪਹੁੰਚ ਗਿਆ ਹੈ। ਗੁਡ ਯੀਅਰ ਵਾਲਿਆਂ ਦਾ 21 ਲੱਖ ਤੋਂ 2.53 ਕਰੋੜ ਤੱਕ ਮੁਨਾਫ਼ਾ ਪਹੁੰਚ ਗਿਆ ਹੈ ਔਰ ਆਇਲ ਇੰਡੀਆ ਵਾਲਿਆਂ ਦਾ 16 ਕਰੋੜ 66 ਲੱਖ ਤੱਕ ਮੁਨਾਫਾ ਪਹੁੰਚ ਗਿਆ ਹੈ। ਇਹ ਮੁਨਾਫਾ ਵਧਣ ਨਾਲ ਸਟੇਟਾਂ ਤੇ ਅਸਰ ਪੈਣਾ ਲਾਜ਼ਮੀ ਹੈ। ਇਸ ਨੂੰ ਮੁੱਖ ਰਖਦੇ ਹੋਏ ਇਥੇ ਦੇ ਕਿਰਾਏ ਵਿਚ ਵਾਧਾ ਕਰਨਾ ਕੀ ਵਾਜਬ ਹੈ। ਸੈਂਟਰ ਨੂੰ ਸਟੇਟਸ ਨੂੰ ਕਨਸੱਲਟ ਕਰਨਾ ਚਾਹੀਦਾ ਹੈ। ਇਸ ਵੇਲੇ ਤਾਂ ਸੈਂਟਰ ਵਾਲਿਆਂ ਨੇ ਸਟੇਟਸ ਨੂੰ 'ਸੀ' ਕਲਾਸ ਮਿਉਂਸਪਲ ਕਮੇਟੀਆਂ ਸਮਝਿਆ ਹੋਇਆ ਹੈ। ਸਟੇਟਸ ਨੂੰ ਅਪਣੇ ਰਾਈਟਸ ਬਾਰੇ ਸਮਝਣਾ ਚਾਹੀਦਾ ਹੈ ਔਰ ਸਟੇਟਸ ਦੀਆਂ ਫਾਈਨੈਂਸ਼ਿਅਲ ਪਾਵਰਜ਼ ਵਧਾਉਣੀਆਂ ਚਾਹੀਦੀਆਂ ਹਨ। ਜਿੰਨੀ ਦੇਰ ਤੱਕ ਇਸ ਫੈਡਰਲ ਸਿਸਟਮ ਵਿਚ ਸਟੇਟਸ ਨੂੰ ਇਕੁਅਲ ਪਾਰਟਨਰ ਸੈਂਟਰ ਵਾਲੇ ਨਹੀਂ ਸਮਝਦੇ ਉਨੀ ਦੇਰ ਤੱਕ ਇਹ ਸਿਲਸਿਲਾ ਇਸ ਤਰ੍ਹਾਂ ਹੀ ਚਲਦਾ ਰਹੇਗਾ ਭਾਵੇਂ ਥੀਨ ਡੈਮ ਹੋਵੇ ਜਾਂ ਕਿਸਾਨਾਂ ਦੀ ਜਿਣਸ ਦੇ ਭਾਅ ਵਧਾਉਣ ਬਾਰੇ ਮਸਲਾ ਹੋਵੇ ਇਹ ਮਸਲੇ ਇਸੇ ਤਰ੍ਹਾਂ ਹੀ ਚਲਦੇ ਰਹਿਣੇ ਹਨ। ਜਦੋਂ ਤੱਕ ਸਟੇਟਸ ਆਪਣੇ ਰਾਈਟਸ ਨਹੀਂ ਸਮਝਦੀਆਂ ਉਦੋਂ ਤੱਕ ਸੈਂਟਰ ਤੋਂ ਇਹ ਆਪਣਾ ਕੰਮ ਨਹੀਂ ਲੈ ਸਕਦੀਆਂ। ਸਟੇਟਸ ਨੂੰ ਆਪਣੇ ਰਾਈਟਸ ਲੈਣੇ ਚਾਹੀਦੇ ਹਨ। ਕਿਰਾਏ ਵਿ ਵਾਧਾ ਕਰਨਾ ਇਹ ਬਿਲਕੁਲ ਅਨਜਸਟੀਫਾਈਡ ਹੈ।

Mr. Deputy Speaker : Comrade Raj Kumar ji, you please wind up in five minutes.

Comrade Raj Kumar: Deputy Speaker Sahib, there are still 15 minutes in my time. I hope you will please do justice. Please allow me to speak for this time.

ਕਾਮਰੇਡ ਰਾਜ ਕੁਮਾਰ : ਸੜਕਾਂ ਦੀ ਹਾਲਤ ਠੀਕ ਨਾ ਹੋਣ ਕਰਕੇ ਟਾਇਰਜ਼ ਕਾਫੀ ਘੱਸਦੇ ਹਨ, ਮੋਟਰਾਂ ਜ਼ਿਆਦਾ ਖਰਾਬ ਹੁੰਦੀਆਂ ਹਨ ਔਰ ਤੇਲ ਜ਼ਿਆਦਾ ਬਲਦਾ ਹੈ। ਹਿੰਦੁਸਤਾਨ ਦੇ ਇਕ ਬਹੁਤ ਵੱਡੇ ਮਾਹਰ ਨੇ ਇਕ ਰਿਪੋਰਟ ਵਿਚ ਲਿਖਿਆ ਹੈ, ਇਹ ਮੇਰੇ ਪਾਸ ਹੈ, ਇਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਸੜਕਾਂ ਦੀ ਰਖ ਰਖਾਈ ਠੀਕ ਨਾ ਹੋਣ ਕਰਕੇ 20% ਦੇ ਲਗਭਗ ਫਿਊਲ ਜ਼ਿਆਦਾ ਲਗਦਾ ਹੈ, 53% ਟਾਇਰਜ਼ ਜ਼ਿਆਦਾ ਘਸਦੇ ਹਨ 60% ਰਿਪੇਅਰ ਜ਼ਿਆਦਾ ਹੁੰਦੀ ਹੈ ਔਰ 66% ਸਪੇਅਰ ਪਾਰਟਸ ਜ਼ਿਆਦਾ ਲਗਦੇ ਹਨ। ਸੀ. ਐਮ. ਸਾਹਿਬ ਦੀ ਇਕ ਚਿਠੀ ਮੇਰੇ ਪਾਸ ਆਈ ਹੈ

ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੈਸੰਜਰ ਟੈਕਸ ਵਿਚੋਂ ਖਰਚਾ ਬਹੁਤ ਕਰਦੇ ਹਾਂ। ਜੇਕਰ ਇਹ ਖਰਚਾ ਨਾ ਹੋਵੇ ਤਾਂ ਕਾਫੀ ਮੁਨਾਫਾ ਹੋ ਸਕਦਾ ਹੈ। Rate of retention of buses is much low.

Rate of missing mileage is much more.

ਸਾਡੇ ਪੰਜਾਬ ਅੰਦਰ 1979-80 ਵਿਚ 1.60 ਕਰੋੜ ਕਿੱਲੋ ਮੀਟਰ ਮਾਈਲੇਜ ਦੀ ਮਿਸਿੰਗ ਹੋਈ ਹੈ ਕਿਉਂਕਿ ਬੱਸਾਂ ਦੀ ਮੁਰੰਮਤ ਨਹੀਂ ਹੋ ਸਕੀ। 1.70 ਰੁਪਏ ਪਰ ਕਿੱਲੋ ਮੀਟਰ ਪਰ ਪੈਸੰਜਰ ਆਮਦਨੀ ਹੁੰਦੀ ਹੈ। ਅਗਰ 1.60 ਕਰੋੜ ਕਿਲੋ ਮੀਟਰ ਮਾਈਲੇਜ ਮਿਸਿੰਗ ਹੋ ਜਾਏ ਤਾਂ ਢਾਈ ਕਰੋੜ ਰੁਪਿਆ ਸਿਰਫ ਇਸ ਪਾਸਿਉਂ ਨਿਕਲਦਾ ਹੈ ਜਦ ਕਿ 50,000 ਰੁਪਏ ਵਿਚ ਇਕ ਬੱਸ ਦੀ ਬਾਡੀ ਬਣਦੀ ਹੈ। ਇਨ੍ਹਾਂ ਕੋਲੋਂ ਵਰਕਸ਼ਾਪ ਨਹੀਂ ਬਣ ਸਕੀ। ਚਾਰ, ਪੰਜ ਲੱਖ ਰੁਪਏ ਵਿਚ ਵਰਕਸ਼ਾਪ ਬਣ ਸਕਦੀ ਹੈ। ਜੇਕਰ ਵਰਕਸ਼ਾਪ ਬਣਾ ਲਈ ਜਾਏ ਤਾਂ 10,000 ਰੁਪਏ ਜੋ ਕਿ ਇਕ ਬੱਸ ਦੀ ਬਾਡੀ ਤੇ ਲਗਣਾ ਹੈ,ਉਹ 200 ਬੱਸਾਂ ਲੈਣ ਵਿਚ ਕੋਈ 20 ਲੱਖ ਰੁਪਿਆ ਇਸ ਵਿਚੋਂ ਹੀ ਕਮਾਇਆ ਜਾ ਸਕਦਾ ਹੈ। ਇਸ ਦੀ ਮੈਨੇਜਮੈਂਟ ਨੂੰ ਠੀਕ ਕਰਨ ਵਾਸਤੇ ਇਨ੍ਹਾਂ ਨੇ 3 ਜੁਆਇੰਟ ਡਾਇਰੈਕਟਰ ਲਗਾਏ ਹਨ। ਇਨ੍ਹਾਂ ਤੇ 72 ਲੱਖ ਰੁਪਿਆ ਖਰਚ ਹੋਣਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟਾਪ ਹੈ ਵੀ ਮੈਨੇਜਮੈਂਟ ਨਾਲ ਅਸੀਂ ਪਰੈਜ਼ੇਂਟ ਬਿਊਰੋਕ੍ਰੇਟਿਕ ਸੇਟ ਅਪ ਨੂੰ ਮੈਂਡ ਨਹੀਂ ਕਰ ਸਕਦੇ।

ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਰਕਸ਼ਾਪ ਦਾ ਬਣਨਾ ਇਥੇ ਬਹੁਤ ਜ਼ਰੂਰੀ ਹੈ। ਹੁਣ ਸਾਰੇ ਮੁਲਕ ਦੇ ਅੰਦਰ ਤਕਰੀਬਨ 65% ਟਰਾਂਸਪੋਰਟ ਨੈਸ਼ਨੇਲਾਈਜ਼ ਹੋ ਗਈ ਹੈ। ਜਿਸ ਤਰ੍ਹਾਂ ਨਾਲ ਸ਼ੂਗਰ ਮਿੱਲਾਂ ਵਾਲਿਆਂ ਤੋਂ ਸ਼ੂਗਰ ਲੈਵੀ ਤੇ ਲਈ ਜਾਂਦੀ ਹੈ ਉਸੇ ਤਰ੍ਹਾਂ ਹੀ ਅਸ਼ੋਕ ਲੇਅ ਲੈਂਡ ਵਾਲਿਆਂ ਤੋਂ, ਡਨਲਪ ਵਾਲਿਆ ਤੋਂ ਔਰ ਆਇਲ ਇੰਡੀਆ ਵਾਲਿਆ ਤੋਂ ਟਾਇਰਜ਼, ਟਿਊਬਜ਼ ਔਰ ਸਪੇਅਰਜ਼ ਲੈਵੀ ਦੇ ਭਾਅ ਤੇ ਲੈਣੇ ਚਾਹੀਦੇ ਹਨ। ਇਹ ਤੁਹਾਡੇ ਵੱਸ ਵਿਚ ਹੈ। ਪਰ ਇਹ ਤਾਂ ਕਹਿੰਦੇ ਹਨ ਕਿ ਮੈਨੂੰ ਅਸੈਂਬਲੀ ਦੇ ਮੈਬਰਾਂ ਤੋਂ ਡਰ ਹੈ, ਮੈਨੂੰ ਸ੍ਰੀਮਤੀ ਇੰਦਰਾ ਗਾਂਧੀ ਤੋਂ ਡਰ ਹੈ ਔਰ ਇੱਕ ਭਗਵਾਨ ਤੋਂ ਡਰ ਹੈ। ਮੈਂ ਕਹਿੰਦਾ ਹਾਂ ਕਿ ਭਗਵਾਨ ਦਾ ਡਰ ਰਖੋ, ਇਹ ਆਦਮੀ ਨੂੰ ਦਰੁੱਸਤ ਕਰਨ ਲਈ ਸ਼ੁਰੂ ਕੀਤਾ ਗਿਆ ਸੀ। (ਵਿਘਨ) ਸਾਨੂੰ ਪੰਜਾਬ ਦੇ ਮੁਫਾਦ ਵਿਚ ਗਲਾਂ ਕਰਨੀਆਂ ਚਾਹੀਦੀਆਂ ਹਨ। ਸਾਨੂੰ ਆਪਣੇ ਰਾਈਟਸ ਮੰਗਣੇ ਚਾਹੀਦੇ ਹਨ ਔਰ ਫਾਈਨੈਂਸ਼ਿਅਲ ਪਾਵਰਜ਼ ਸੈਂਟਰ ਤੋਂ ਲੈਣੀਆਂ ਚਾਹੀਦੀਆਂ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤਿੰਨ ਮਿੰਟਸ ਵਿਚ ਵਾਈਂਡ-ਅੱਪ ਕਰੋ ਜੀ।

ਕਾਮਰੇਡ ਰਾਜ ਕੁਮਾਰ : ਸਾਨੂੰ ਫਾਈਨੈਂਸ਼ਿਅਲ ਪਾਵਰਜ਼ ਮੰਗਣੀਆਂ ਚਾਹੀਦੀਆਂ ਹਨ।

Mr. Deputy Speaker : Comrade Raj Kumar ji, you please wind up in two -three minutes.

Comrade Raj Kumar : Deputy Speaker Sahib, I am requesting you again and again that I am the sole speaker from my party. I know how much time has been allotted to us. I also know at which hour I started speaking and at which hour I have to wind up. I assure you that I will complete my speech in time.

ਇਕ ਬੱਸ 2 ਲੱਖ ਦੀ ਆਉਂਦੀ ਹੈ ਔਰ ਇਸ ਬੱਸ ਨੇ ਅੱਠ ਸਾਲ ਚਲਣਾ ਹੈ। ਸਰਕਾਰ ਇਕ ਬੱਸ ਤੋਂ 414 ਲੱਖ ਰੁਪਿਆ ਬਤੌਰ ਮੁਸਾਫਰ ਟੈਕਸ ਲੈਂਦੀ ਹੈ,132 ਲੱਖ ਰੁਪਿਆ ਬਤੌਰ ਟੋਕਨ ਟੈਕਸ

[ਕਾਮਰੇਡ ਰਾਜ ਕੁਮਾਰ]

ਲੈਂਦੀ ਹੈ ਔਰ 60 ਲੱਖ ਬਤੌਰ ਪਰਮਿਟ ਟੈਕਸ ਲੈਂਦੀ ਹੈ, ਹੋਰ ਰੋਡ ਟੈਕਸ ਪਾਕੇ ਇਹ ਸਾਰਾ 786 ਲੱਖ ਰੁਪਿਆ ਸਰਕਾਰ ਕਮਾਉਂਦੀ ਹੈ। ਪੀ. ਆਰ ਟੀ. ਸੀ. ਦੀਆਂ ਬੱਸਾਂ 800 ਦੇ ਕਰੀਬ ਸਰਕਾਰ ਨੇ ਖਰੀਦੀਆਂ ਹਨ। ਇਕ ਬੱਸ ਤੇ 1 ਲੱਖ ਰੁਪਿਆ ਸਰਕਾਰ ਨੂੰ ਮੁਖਤਲਿਫ ਟੈਕਸ ਵਿਚ ਦਿੱਤਾ ਹੈ, ਹੋਰ ਇਨ੍ਹਾਂ ਨੂੰ ਕੀ ਚਾਹੀਦਾ ਹੈ। 2 ਸਾਲ ਵਿਚ ਇਕ ਬੱਸ ਦੀ ਕੀਮਤ ਨਿਕਲ ਆਉਂਦੀ ਹੈ ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੇ ਇਥੇ 43% ਕਿਰਾਇਆਂ ਵਿਚ ਵਾਧਾ ਕੀਤਾ ਹੈ ਅਤੇ ਇਹ ਕਹਿ ਰਹੇ ਹਨ ਕਿ ਸਾਨੂੰ ਘਾਟਾ ਪੈ ਰਿਹਾ ਹੈ। ਇਹ ਜਿਹੜਾ ਮੁਨਾਫਾ ਹੋਇਆ ਹੈ, ਇਸ ਵਿਚੋਂ ਕੁਝ ਰਕਮ ਸਪੇਅਰ ਕਰਨੀ ਚਾਹੀਦੀ ਹੈ ਔਰ ਇਹ ਕਿਰਾਇਆ ਵਿਚ ਜੋ ਵਾਧਾ ਕੀਤਾ ਗਿਆ ਹੈ,ਇਹ ਵਾਪਸ ਲੈਣਾ ਚਾਹੀਦਾ ਹੈ। ਬਲਕਿ ਮੈਂ ਤਾਂ ਇਹ ਕਹਾਂਗਾ ਕਿ ਜਿਹੜੇ ਐਗਜ਼ਿਸਟਿੰਗ ਕਿਰਾਏ ਹਨ ਉਨ੍ਹਾਂ ਵਿਚ ਵੀ ਕਮੀ ਕਰਨੀ ਚਾਹੀਦੀ ਹੈ। (ਵਿਘਨ)

ਮੈਂ ਇਸ ਗਲ ਤੇ ਰਿਜਿਡ ਨਹੀਂ ਹਾਂ ਕਿ ਪਥੱਰ ਤੇ ਸਤੂਨ ਬਣਕੇ ਖੜ੍ਹੇ ਰਹੀਏ। ਅਸੀਂ ਗਲ ਬਾਤ ਕਰਨ ਲਈ ਤਿਆਰ ਹਾਂ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਔਰ ਮਾਸਟਰ ਚੰਦ ਸਿੰਘ ਚੋਪੜਾ, ਇਨ੍ਹਾਂ ਨਾਲ ਗਲ ਬਾਤ ਕਰਨ ਲਈ ਗਏ ਸੀ।

ਤੁਸੀਂ ਨੈਸ਼ਨੇਲਾਈਜ਼ੇਸ਼ਨ ਕਰਨ ਦੀ ਹਿੰਮਤ ਕਰੋ ਸਾਡੀਆਂ ਵੋਟਾਂ ਤੁਹਾਡੇ ਨਾਲ ਹੋਣਗੀਆਂ। (ਤਾੜੀਆਂ) (ਵਿਘਨ) ਤੁਸੀਂ ਬੱਜਟ ਵਿਚ ਨੈਸ਼ਨੇਲਾਈਜ਼ੇਸ਼ਨ ਦੀ ਪਰੋਵੀਜ਼ਨ ਰੱਖੋ ਸਾਡੀ ਪਾਰਟੀ ਤੁਹਾਨੂੰ ਤੁਆਵਨ ਦੇਵੇਗੀ। (ਤਾੜੀਆਂ)

ਸਰਦਾਰ ਦਿਲਬਾਗ ਸਿੰਘ : ** ** **

Mr. Deputy Speaker : This is no point of order.

ਕਾਮਰੇਡ ਰਾਜ ਕੁਮਾਰ : ਹੁਣ ਕੀ ਹੋ ਗਿਆ ਹੈ ? ਅਸੀਂ ਹੁਣ ਕਹਿ ਰਹੇ ਹਾਂ ਕਿ ਤੁਸੀਂ ਇਸ ਬਾਰੇ ਬੱਜਟ ਵਿਚ ਪਰੋਵੀਜ਼ਨ ਕਰੋ ਅਸੀਂ ਤੁਹਾਨੂੰ ਪੂਰਾ ਤੁਆਵਨ ਦੇਵਾਂਗੇ। (ਵਿਘਨ)

ਸਰਦਾਰ ਦਿਲਬਾਗ ਸਿੰਘ: ** ** **

Mr. Deputy Speaker: This is no point of order.

ਕਾਮਰੇਡ ਰਾਜ ਕੁਮਾਰ : ਹੁਣ ਮੈਂ ਐਜੂਕੇਸ਼ਨ ਦੇ ਮੁਤਲੱਕ ਕੁਝ ਕਹਿਣਾ ਚਾਹੁੰਦਾ ਹਾਂ (ਵਿਘਨ)

Mr. Deputy Speaker: Please wind up—No interruption please.

ਕਾਮਰੇਡ ਰਾਜ ਕੁਮਾਰ : ਸਾਡੇ ਐਜੂਕੇਸ਼ਨ ਮਨਿਸਟਰ ਬੜੇ ਐਜੂਕੇਟਿਡ ਹਨ। ਇਹ ਸਾਡੇ ਦਫਤਰ ਵਿਚ ਆਪ ਚਲਕੇ ਆਏ ਸਨ। ਉਨ੍ਹਾਂ ਨੇ ਸਾਡੇ ਕੋਲੋਂ ਸੂਓ ਮੂਟੋ ਕੋਆਪਰੇਸ਼ਨ ਮੰਗੀ ਅਤੇ ਕਿਹਾ ਕਿ ਸਾਨੂੰ ਕੋਆਪਰੇਸ਼ਨ ਦਿਓ ਅਤੇ ਕੋਆਪਰੇਸ਼ਨ ਲਓ। ਅਸੀਂ ਉਨ੍ਹਾਂ ਕੋਲ ਕੋਈ ਮਾਮਲਾ ਨਹੀਂ ਲੈ ਕੇ ਗਏ ਸਗੋਂ ਉਹ ਸਾਡੇ ਕੋਲ ਆਏ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਸਕੂਲਾਂ ਦੀ ਅੱਪਗਰੇਡੇਸ਼ਨ ਦਾ ਤੁਅੱਲਕ ਹੈ ਉਸ ਬਾਰੇ ਸਾਡੇ ਕੁਝ ਐਮ. ਐਲ, ਏਜ਼. ਐਜੂਕੇਸ਼ਨ

**Expunged as ordered by the chair

ਮਨਿਸਟਰ ਕੋਲ ਗਏ । ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਮਸ਼ੀਨਰੀ ਹੈ ਉਸ ਨੇ ਸਾਡੇ ਨਾਲ ਕਿੰਨਾ ਇਨਸਾਫ ਕੀਤਾ ਹੈ । (ਵਿਘਨ) ਇਹ ਕਹਿੰਦੇ ਸਨ ਕਿ ਅਸੀਂ ਐਡਮਨਿਸਟਰੇਸ਼ਨ ਨੂੰ ਕੁਰੱਪਸ਼ਨ ਤੋਂ ਫਰੀ ਰੱਖਾਂਗੇ ਪਰ ਹੁਣ ਇਹ ਆਪ ਹੀ ਦੇਖ ਲੈਣ ਇਹ ਉਸ ਵਿਚ ਕਿੰਨਾ ਕਾਮਯਾਬ ਹੋਏ ਹਨ । ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇਹ ਨਾਹਰਾ ਨਾਕਾਮਯਾਬ ਸਾਬਤ ਹੋਇਆ ਹੈ । (ਵਿਘਨ) ਇਨ੍ਹਾਂ ਦੀ ਇਹ ਗਲ ਹੁਣ ਕੁਐਸਚਨ ਹੋ ਸਕਦੀ ਹੈ । ਇਹ ਹੁਣ ਇਨਡਾਇਕਟ ਹੋਣ ਦੇ ਕਾਬਲ ਹਨ । (ਵਿਘਨ) ਫਿਰ ਸਕੂਲਾਂ ਵਿਚ ਟੀਚਰ ਪੂਰੇ ਨਹੀਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ 19 ਹਾਇਰ ਸੈਕੰਡਰੀ ਸਕੂਲਾਂ ਵਿਚ ਪ੍ਰਿੰਸੀਪਲ ਨਹੀਂ ਹਨ । ਫਿਰ ਟਰਾਂਸਫਰਜ਼ ਦੀ ਗੱਲ ਆਉਂਦੀ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਟਰਾਂਸਫਰ ਬਾਰੇ ਕੋਈ ਰੂਲ ਨਹੀਂ ਹੈ । ਇਕ ਪਰਟੀਕੂਲਰ ਡੇਟ ਤੋਂ ਬਾਅਦ ਇਨ੍ਹਾਂ ਨੇ ਕਿਹਾ ਸੀ ਕਿ ਕੋਈ ਟਰਾਂਸਫਰਜ ਨਹੀਂ ਹੋਵੇਗੀ । ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਨਵਾਂ ਸਾਲ ਆ ਰਿਹਾ ਹੈ ਪਰ ਟਰਾਂਸਫਰਜ਼ ਉਸੇ ਤਰ੍ਹਾਂ ਜਾਰੀ ਹਨ । ਇਹ ਟਰਾਂਸਫਰਜ਼ ਅਨਜਸਟੀਫਾਈਡ ਹਨ ਅਤੇ ਪੁਲਿਟੀਕਲ ਬੇਸ ਤੇ ਡਿਪਾਰਟਮੈਂਟ ਵਿਚ ਅਨਚੈਕਡ ਹੋ ਰਹੀਆਂ ਹਨ । (ਵਿਘਨ)

ਫਿਰ ਪ੍ਰਾਈਵੇਟ ਸਕੂਲਾਂ ਵਿਚ ਉਨ੍ਹਾਂ ਦੀ ਸਕਿਉਰਿਟੀ ਆਫ ਸਰਵਿਸ ਦੀ ਗੱਲ ਹੈ । (ਵਿਘਨ) ਉਨ੍ਹਾਂ ਨੂੰ ਦੂਜੇ ਸਕੂਲਾਂ ਨਾਲ ਪੈਰਿਟੀ ਨਹੀਂ ਦਿਤੀ ਜਾਂਦੀ । ਡੀ. ਏ. ਦੀਆਂ ਇਨਸਟਾਲਮੈਂਟਾਂ ਜਿਹੜੀਆਂ ਸਰਕਾਰੀ ਸਕੂਲਾਂ ਵਿਚ ਦਿੱਤੀਆਂ ਜਾਂਦੀਆਂ ਹਨ, ਉਹ ਉਨ੍ਹਾਂ ਨੂੰ ਨਹੀਂ ਮਿਲੀਆਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਇੰਟਰੱਪਟ ਨਾ ਕਰਨ ।

Mr. Deputy Speaker: Please wind up.

ਕਾਮਰੇਡ ਰਾਜ ਕੁਮਾਰ : ਮੈਂ ਇਕ ਦੋ ਪੁਆਇੰਟਸ ਕਹਿਕੇ ਖ਼ਤਮ ਕਰ ਦਿਆਂਗਾ । ਟੀਚਰਾਂ ਨੇ ਇਨ੍ਹਾਂ ਨੂੰ ਕਿਹਾ ਕਿ ਸਾਨੂੰ ਰਨਿੰਗ ਗਰੇਡ ਦਿਓ ਅਤੇ ਕਲਾਸ-1 ਵਿਚ ਆਟੋਮੈਟੀਕਲੀ ਜਾਣ ਦਿਓ, ਜਿਸ ਤਰ੍ਹਾਂ ਆਈ. ਏ. ਐਸ. ਅਤੇ ਜਰਨਲਿਸਟਸ ਨੂੰ ਐਡਮਨਿਸਟਰੇਟਰ ਟਰੀਟ ਕੀਤਾ ਜਾਂਦਾ ਹੈ (ਵਿਘਨ) ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ । ਅਜਨਾਲਾ ਜੀ ਉਨ੍ਹਾਂ ਨੂੰ ਸੁਣਨ ਤੋਂ ਬਾਅਦ ਵੀ ਚੁੱਪ ਹਨ । Every body is on war path ਇਸ ਕਰਕੇ ਮੈਂ ਕਹਾਂਗਾ ਕਿ ਕਿਰਪਾ ਕਰਕੇ ਤੁਸੀਂ ਲੋਕਾਂ ਨੂੰ ਸੁਣੋ ਅਤੇ ਉਨ੍ਹਾਂ ਦੀਆਂ ਮੰਗਾਂ ਮੰਨੋਂ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਕਿਹਾ ਅਤੇ ਸਿੰਡੀਕੇਟ ਦਾ ਵੀ ਇਹ ਡਿਸੀਜ਼ਨ ਹੈ ਕਿ ਜਿਹੜੇ ਸਟੂਡੈਂਟਸ ਹੋਸਟਲ ਵਿਚ ਨਹੀਂ ਰਹਿੰਦੇ ਉਨ੍ਹਾਂ ਕੋਲੋਂ ਫੀਸ ਨਹੀਂ ਲੈਣੀ ਪਰ ਇਸ ਦੇ ਉਲਟ ਇਕ ਸਿਧਵਾਂ ਕਾਲਜ ਹੈ, ਉਥੇ ਸਟੂਡੈਂਟਸ ਕੋਲੋਂ ਫੀਸ ਲਈ ਜਾਂਦੀ ਹੈ । (ਵਿਘਨ) ਇਸ ਬਾਰੇ ਡੀ. ਪੀ. ਆਈ. ਨੇ ਵੀ ਕਿਹਾ ਹੈ , ਸਿੰਡੀਕੇਟ ਦਾ ਵੀ ਫੈਸਲਾ ਹੈ ਮਗਰ ਫਿਰ ਵੀ ਫੀਸ ਕਲੇਮ ਕੀਤੀ ਜਾਂਦੀ ਹੈ । ਫਿਰ ਇਹ ਕਹਿੰਦੇ ਹਨ ਕਿ ਸਾਡੀ ਐਡਮਨਿਸਟਰੇਸ਼ਨ ਅੱਛੀ ਹੈ, ਪਰ ਇਨ੍ਹਾਂ ਗੱਲਾਂ ਨੂੰ ਦੇਖਦੇ ਹੋਏ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਐਡਮਨਿਸਟਰੇਸ਼ਨ ਅੱਛੀ ਹੈ ।

Mr. Deputy Speaker: Please wind up.

ਕਾਮਰੇਡ ਰਾਜ ਕੁਮਾਰ : ਇਹ ਕਿਥੋਂ ਦਾ ਇਨਸਾਫ ਹੈ ਕਿ ਲੋਕ ਅਮਨ ਅਮਾਨ ਪਰੋਟੈਸਟ ਕਰਨ ਅਤੇ ਉਨ੍ਹਾਂ ਨੂੰ 107/151 ਅਧੀਨ ਫੜਕੇ ਅੰਦਰ ਦੇ ਦਿਓ । ਸਰਦਾਰ ਸੁਰੀਜਤ ਸਿੰਘ ਬਰਨਾਲਾ

[ਕਾਮਰੇਡ ਰਾਜ ਕੁਮਾਰ]

ਨੂੰ 107/151 ਅਧੀਨ ਅੰਦਰ ਦੇ ਦਿਤਾ ਗਿਆ। 1,000 ਦੇ ਕਰੀਬ ਪੁਲਿਟੀਕਲ ਵਰਕਰਾਂ ਨੂੰ 107/151 ਅਧੀਨ ਫੜਕੇ ਪੰਜਾਬ ਦੀਆਂ ਜੇਲ੍ਹਾਂ ਵਿਚ ਪਾ ਦਿੱਤਾ ਹੈ । ਕਿਸ ਤਰੀਕੇ ਨਾਲ 107/151 ਮਿਸਯੂਜ਼ ਹੋ ਰਹੀ ਹੈ। ਬਠਿੰਡਾ ਵਿਚ ਇਕ ਸਟੂਡੈਂਟ ਦਾ ਕਤਲ ਕਰ ਦਿੱਤਾ ਗਿਆ ।(ਵਿਘਨ)ਡਿਮਾਂਸਟਰੇਸ਼ਨ ਕਰਦਿਆਂ ਇਕ ਜਣਾ ਡਿੱਗ ਪਿਆ। ਉਸ ਨੂੰ ਸਿਪਾਹੀਆਂ ਨੇ ਡਾਂਗਾ ਮਾਰੀਆਂ ਅਤੇ ਇਸ ਤਰ੍ਹਾਂ ਉਸ ਦੀ ਮੌਤ ਹੋ ਗਈ। ਪੁਲਿਸ ਵਾਲਿਆਂ ਨੇ ਉਸ ਨੂੰ ਟਰੱਕ ਵਿਚ ਪਾ ਕੇ ਲਿਜਾਕੇ ਮਿੱਟੀ ਦਾ ਤੇਲ ਪਾ ਕੇ ਫੂਕਣ ਦੀ ਕੋਸ਼ਿਸ਼ ਕੀਤੀ । ਇਸ ਤੇ ਲੋਕਾਂ ਨੇ ਰੌਲਾ ਪਾਇਆ । (ਵਿਘਨ) ਇਸ ਕਿਸਮ ਦੀਆਂ ਗੱਲਾਂ ਇਨ੍ਹਾਂ ਦੀ ਪੁਲਿਸ ਕਰ ਰਹੀ ਹੈ ।

ਸ਼੍ਰੀ ਡਿਪਟੀ ਸਪੀਕਰ: ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਖ਼ਤਮ ਕਰੋ ।

ਕਾਮਰੇਡ ਰਾਜ ਕੁਮਾਰ : ਇਹ ਕਹਿਣਾ ਕਿ ਅਸੀਂ ਇਸ ਮਤੇ ਦਾ ਸਮੱਰਥਨ ਕਰੀਏ, ਅਸੀਂ ਇਸ ਮਤੇ ਦਾ ਬਿਲਕੁਲ ਸਮੱਰਥਨ ਨਹੀਂ ਕਰ ਸਕਦੇ ਕਿਉਂਕਿ ਗਵਰਨਰ ਦਾ ਭਾਸ਼ਣ ਬਿਲਕੁਲ ਥੋਥਾ ਹੈ । ਇਸ ਦੇ ਵਿਚ ਕੋਈ ਡਾਇਰੈਕਸ਼ਨ ਨਹੀਂ ਹੈ । ਇਸ ਕਰਕੇ ਮੈਂ ਇਸ ਨੂੰ ਰੱਦ ਕਰਨਾ ਚਾਹੁੰਦਾ ਹਾਂ । (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ, ਪਰ ਸ਼੍ਰੀ ਡਿਪਟੀ ਸਪੀਕਰ ਨੇ ਸਰਦਾਰ ਸੁਖਜਿੰਦਰ ਸਿੰਘ ਖੈਰ੍ਹਾ ਨੂੰ ਬੋਲਣ ਲਈ ਕਿਹਾ ।)

Shri Gopal Krishan Chatrath : Kindly let us know the time allotted to each party.

Mr. Deputy Speaker: The allocation of time to different parties is as under :—

	Hours	Minutes
Congress Party	3	12
S.A.D. (L)	1	3
C.P.I.	0	54 (This party has finished its time.)
C.P.M.	0	32 This party has also finished its time.
S.A.D. (T)	0	8
B.J.P.	0	)

Shri Gopal Krishan Chatrath : I want to make one thing clear. It is not the question of number of speakers but it is the question of time which will be taken by the member of our party Kindly see to it.

ਸਰਦਾਰ ਸੁਖਜਿੰਦਰ ਸਿੰਘ ਖੈਰ੍ਹਾ (ਭੋਲੱਥ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਸਾਡੀ ਪਾਰਟੀ ਨੂੰ ਟਾਇਮ ਦਿੱਤਾ ਹੈ । ਇਹ ਗਵਰਨਰ ਸਾਹਿਬ ਦਾ ਜਿਹੜਾ ਐਡਰੈਸ ਹੈ, ਇਸ ਤੇ ਪਿਛਲੇ ਦੋ ਤਿੰਨ ਦਿਨਾਂ ਤੋਂ ਬਹਿਸ ਹੋ ਰਹੀ ਹੈ ਔਰ ਕਾਂਗਰਸ ਪਾਰਟੀ ਨੇ ਕਿਉਂਕਿ

ਇਹ ਐਡਰੈਸ ਪੇਸ਼ ਕੀਤਾ ਹੈ ਇਸ ਕਰਕੇ ਸ਼ੁਕਰੀਏ ਦਾ ਪ੍ਰਸਤਾਵ ਪਾਸ ਕਰਾਉਣਾ ਚਾਹੁੰਦੇ ਹਨ। ਇਸ ਐਡਰੈਸ ਨੂੰ ਜੇ ਗਹੁ ਨਾਲ ਪੜ੍ਹੀਏ ਤਾਂ ਇਸ ਦੇ ਵਿਚ ਕੋਈ ਐਸੀ ਗਲ ਨਹੀਂ ਦਿੱਸਦੀ, ਜਿਸ ਦੇ ਨਾਲ ਪੰਜਾਬ ਦੇ ਲੋਕ ਇਨਸਪਾਇਰਡ ਫੀਲ ਕਰਨ। ਲੋਕਾਂ ਵਿਚ ਏਮਜ਼ ਐਂਡ ਪਾਲੇਸੀਜ਼ ਡਿਕਲੇਅਰ ਕੀਤੀ ਜਾਵੇ। It is a useless piece of paper casually prepared by bureaucrats ਔਰ ਇਸ ਸਾਰੇ ਐਡਰੈਸ ਨੂੰ ਪੜ੍ਹਨ ਤੋਂ ਬਾਅਦ ਪਤਾ ਲਗਦਾ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਗੌਰਮਿੰਟ ਆਪਣੀ ਕੋਈ ਪਾਲਿਸੀ ਦਾ ਐਲਾਨ ਨਹੀਂ ਕਰ ਰਹੀ ਬਲਕਿ ਇਹ ਪ੍ਰੈਜ਼ੀਡੈਂਟ ਰੂਲ ਦੀ ਐਕਸਟੈਨਸ਼ਨ ਗੌਰਮਿੰਟ ਹੈ। It is an extension of the President Rule. ਇਸੇ ਕਰਕੇ ਪੰਜਾਬ ਵਿਚ ਹਾਹਾਕਾਰ ਮੱਚੀ ਹੋਈ ਹੈ ਕਿ ਪੰਜਾਬ ਵਿਚ ਜਿਹੜਾ ਚੀਫ ਸੈਕਟਰੀ ਹੈ, ਉਹ ਸੁਪਰ ਚੀਫ ਮਨਿਸਟਰ ਬਣਿਆ ਹੋਇਆ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਹਾਲਾਤ ਦੇ ਮੁਤਾਬਿਕ ਇਨ੍ਹਾਂ ਨੂੰ ਆਪਸ ਵਿਚ ਤਬਾਦਲਾ ਕਰ ਲੈਣਾ ਚਾਹੀਦਾ ਹੈ ਕਿ ਉਹ ਚੀਫ ਮਨਿਸਟਰ ਬਣ ਜਾਣ ਅਤੇ ਜੋ ਚੀਫ ਮਨਿਸਟਰ ਹਨ ਉਹ ਚੀਫ ਸੈਕਟਰੀ ਬਣ ਜਾਣ। (ਵਿਘਨ) ਡਿਪਟੀ ਸਪੀਕਰ ਸਾਹਿਬ, ਜੇ ਸਾਰੇ ਐਡਰੈਸ ਨੂੰ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਜਿਹੜੀਆਂ ਗਲਾਂ ਲੋਕਾਂ ਦੇ ਕਰਨ ਵਾਲੀਆਂ ਹਨ ਅਤੇ ਜਿਹੜੀਆਂ ਅਕਾਲੀ ਰਾਜ ਵੇਲੇ ਹੀ ਹੋਣੀਆਂ ਸ਼ੁਰੂ ਹੋ ਗਈਆਂ ਸਨ, ਉਨ੍ਹਾਂ ਦੇ ਬਾਰੇ ਹੀ ਕੁਝ ਦੱਸਿਆ ਹੈ। ਫੋਕਲ ਪੁਆਇੰਟ ਬਣੇ ਤਾਂ ਉਹ ਅਕਾਲੀ ਸਰਕਾਰ ਨੇ ਫੈਸਲਾ ਕੀਤਾ ਸੀ, 25 ਬੈਡਿਡ ਹਸਪਤਾਲ ਬਣੇ ਤਾਂ ਉਸ ਦਾ ਵੀ ਫੈਸਲਾ ਅਕਾਲੀ ਸਰਕਾਰ ਨੇ ਕੀਤਾ ਸੀ, ਜੇ ਐਜੂਕੇਸ਼ਨ ਦੇ ਮਿਆਰ ਵਿਚ ਬਰਾਬਰਤਾ ਪਿੰਡਾਂ ਤੇ ਸ਼ਹਿਰਾਂ ਵਿਚ ਲਿਆਉਣ ਬਾਰੇ ਸਵਾਲ ਆਇਆ ਤਾਂ ਅਕਾਲੀ ਸਰਕਾਰ ਨੇ ਆਦਰਸ਼ ਸਕੂਲਾਂ ਨੂੰ ਖੋਲ੍ਹਣ ਦਾ, ਪਿੰਡਾਂ ਵਿਚ ਆਦਰਸ਼ ਸਕੂਲ ਖੋਲ੍ਹਣ ਦਾ ਫੈਸਲਾ ਅਕਾਲੀ ਸਰਕਾਰ ਨੇ ਕੀਤਾ। ਇਸ ਤੋਂ ਇਲਾਵਾ ਅਕਾਲੀ ਸਰਕਾਰ ਵੇਲੇ ਹਰੀਜਨ ਭਰਾਵਾਂ ਨੂੰ ਬਗੈਰ ਸੂਦ ਦੇ ਕਰਜ਼ੇ ਦਿੱਤੇ ਗਏ। ਜਿਹੜੇ ਇਨ੍ਹਾਂ ਦੇ ਪ੍ਰਾਈਮ ਮਨਿਸਟਰ ਹਰੀਜਨ ਭਰਾਵਾਂ ਨੂੰ ਬਗੈਰ ਸੂਦ ਦੇ ਕਰਜ਼ੇ ਇਥੇ ਆ ਕੇ ਦੇ ਕੇ ਗਏ ਹਨ, ਇਹ ਸਾਰਿਆਂ ਨਾਲੋਂ ਪਹਿਲਾਂ ਹਿੰਦੁਸਤਾਨ ਵਿਚ ਅਕਾਲੀ ਸਰਕਾਰ ਨੇ ਹਰੀਜਨ ਭਰਾਵਾਂ ਨੂੰ ਇਸ ਤਰ੍ਹਾਂ ਦੇ ਕਰਜ਼ੇ ਦਿੱਤੇ ਹਨ। ਇਸ ਤੋਂ ਇਲਾਵਾ ਅਕਾਲੀ ਸਰਕਾਰ ਨੇ ਹਰੀਜਨ ਭਰਾਵਾਂ ਨੂੰ ਬਾਹਰਲੇ ਮੁਲਕਾਂ ਵਿਚ ਜਾਣ ਵਾਸਤੇ ਬਗੈਰ ਸੂਦ ਤੋਂ ਲੋਨ ਵੀ ਦਿੱਤਾ ਹੈ। (ਵਿਘਨ) ਤੁਸੀਂ ਸੁਣ ਲਓ, ਬਾਕੀ ਜੋ ਕੁਝ ਤੁਸੀਂ ਕਹਿਣਾ ਹੈ ਬਾਅਦ ਵਿਚ ਗਲ ਕਰ ਲੈਣਾ।

ਡਿਪਟੀ ਸਪੀਕਰ ਸਾਹਿਬ, ਅਕਾਲੀ ਰਾਜ ਵਿਚ ਪਿੰਡਾਂ ਦੇ ਲੋਕਾਂ ਨੂੰ ਬਿਜਲੀ ਜ਼ਿਆਦਾ ਦਿੱਤੀ ਗਈ ਸ਼ਹਿਰਾਂ ਵਿਚ ਬਿਜਲੀ ਦੀ ਕੱਟ ਲਾ ਕੇ, ਹੋਰ ਕਈ ਜਗ੍ਹਾ ਜਿਥੇ ਗਲਤ ਬਿਜਲੀ ਇਸਤੇਮਾਲ ਹੁੰਦੀ ਸੀ, ਉਹ ਡਿਟੈਕਟ ਕਰਵਾ ਕੇ ਪਿੰਡਾਂ ਦੀ ਤਰੱਕੀ ਵਾਸਤੇ ਜ਼ਿਆਦਾ ਬਿਜਲੀ ਦਿੱਤੀ ਗਈ ਸੀ। ਤਾ ਕਿ ਸਾਰੇ ਹਿੰਦੁਸਤਾਨ ਦੀ ਅਨਾਜ ਦੀ ਉਪਜ ਵਿਚ ਵਾਧਾ ਕੀਤਾ ਜਾ ਸਕੇ ਔਰ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਦੇ ਲੋਕਾਂ ਦੇ ਬਰਾਬਰ ਲਿਆਉਣ ਵਾਸਤੇ 10-10 ਨੰਬਰ ਉਨ੍ਹਾਂ ਨੂੰ ਵੱਧ ਦਿੱਤੇ ਤਾਂ ਕਿ ਉਹ ਲੋਕ ਮੁਲਾਜ਼ਮਤ ਵਿਚ ਆ ਸਕਣ ਜਾਂ ਐਡਮਿਸ਼ਨ ਕੋਰਸਿਜ਼ ਜੋ ਹਨ ਉਨ੍ਹਾਂ ਵਿਚ ਤਾਲੀਮ ਬੇਹਤਰ ਹਾਸਲ ਕਰ ਸਕਣ ਅਤੇ ਤਰੱਕੀ ਕਰ ਸਕਣ। ਫਿਰ ਇਨ੍ਹਾਂ ਚੀਜ਼ਾਂ ਤੋਂ ਇਲਾਵਾ ਹਾਲਾਤ ਦੇ ਮੁਤਾਬਿਕ ਖਾਦ ਦਾ ਰੇਟ ਵੀ ਅਸੀਂ ਘਟਾਇਆ ਸੀ। ਫਿਰ ਕੋਆਪਰੇਟਿਵ ਬੈਂਕ ਤੋਂ ਜੋ ਲੋਨ ਲਿਆ ਜਾਂਦਾ ਸੀ, ਜਿਸ ਦਾ ਜ਼ਿਕਰ ਹੁਣੇ ਕਾਮਰੇਡ ਰਾਜ ਕੁਮਾਰ ਜੀ ਨੇ ਵੀ ਕੀਤਾ ਹੈ, ਅਕਾਲੀ ਦੱਲ ਦੀ ਗੌਰਮਿੰਟ ਨੇ 2% ਇੰਟ੍ਰਸਟ ਵੀ ਉਸ ਦੇ ਵਿਚ ਘਟਾਇਆ ਔਰ ਇਹ ਹਿੰਦੁਸਤਾਨ ਵਿਚ ਪਹਿਲੀ ਮਿਸਾਲ ਸੀ। ਇਸ ਦੇ ਮੁਤਾਬਿਕ ਜੇ ਸਾਰਾ ਐਡਰੈਸ ਪੜ੍ਹੀਏ ਤਾਂ ਕਾਂਗਰਸ ਨੂੰ ਦੇਣ ਲਈ ਕੁਝ ਨਹੀਂ ਸੀ ਰਿਹਾ। ਬਾਕੀ ਗਲਾਂ ਤਾਂ ਇਸ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਕੀ ਲਿਖੀਆਂ ਸਨ ਇਸ ਦੇ ਵਿਚ ਨਾ

[ਸਰਦਾਰ ਸੁਖਜਿੰਦਰ ਸਿੰਘ ਖੈਰ੍ਹਾ]

ਚੰਡੀਗੜ੍ਹ ਲੈਣ ਵਾਸਤੇ ਲਿਖਿਆ ਹੈ ਨਾ ਪੰਜਾਬੀ ਸਪੀਕਿੰਗ ਏਰੀਆ ਜੋ ਬਾਹਰ ਰਹਿ ਗਏ ਹਨ, ਉਨ੍ਹਾਂ ਵਾਸਤੇ ਲਿਖਿਆ ਹੈ। ਇਥੇ ਅਟਾਨੋਮੀ ਦਾ ਬੜਾ ਰੌਲਾ ਪਿਆ।

ਸਰਦਾਰ ਗੁਰਨੈਬ ਸਿੰਘ ਬਰਾੜ : ** ** ** (ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰ੍ਹਾ : ਡਿਪਟੀ ਸਪੀਕਰ ਸਾਹਿਬ, ਸਾਰੀਆਂ ਸਟੇਟਾਂ ਵਿਚ ਬਹੁਤ ਸਾਰੀਆਂ ਹਿੰਦੁਸਤਾਨ ਦੀਆਂ ਰਿਪ੍ਰੈਜ਼ੈਨਟੇਟਿਵ ਪਾਰਟੀਆਂ ਨੇ ਕਿਸੇ ਨਾ ਕਿਸੇ ਢੰਗ ਨਾਲ ਕਿਹਾ ਕਿ ਸੈਂਟਰ ਓਵਰ ਸੈਂਟਰੇਲਾਈਜ਼ਡ ਹੈ, ਇਸ ਨੂੰ ਡੀਸੈਂਟਰੇਲਾਈਜ਼ ਕਰਨਾ ਚਾਹੀਦਾ ਹੈ। ਕੋਈ ਇਸ ਨੂੰ ਅਟਾਨੋਮੀ ਕਹਿੰਦਾ ਹੈ। ਕੋਈ ਇਸ ਨੂੰ ਡੀਸੈਂਟਰੇਲਾਈਜੇਸ਼ਨ ਕਹਿੰਦਾ ਹੈ। ਮੈਨੂੰ ਖੁਸ਼ੀ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਵੀ ਕਿਹਾ ਸੀ ਕਿ ਫਾਈਨਾਂਸ਼ਿਅਲ ਅਟਾਨੋਮੀ ਸਟੇਟ ਨੂੰ ਮਿਲਣੀ ਚਾਹੀਦੀ ਹੈ। ਹੁਣ ਪਤਾ ਨਹੀਂ ਇਸ ਗਲ ਤੇ ਸਟੈਂਡ ਕਰਦੇ ਹਨ ਜਾਂ ਦਿਲੀ ਜਾ ਕੇ ਮੁੱਕਰ ਗਏ ਹਨ ਲੇਕਿਨ ਇਨ੍ਹਾਂ ਨੇ ਕਿਹਾ ਜ਼ਰੂਰੀ ਸੀ। ਫਾਈਨਾਂਸ਼ਿਅਲ ਅਟਾਨੋਮੀ ਉਦੋਂ ਤੱਕ ਨਹੀਂ ਮਿਲ ਸਕਦੀ ਜਦੋਂ ਤਕ ਐਡਮਨਿ-ਸਟਰੇਟਿਵ, ਪੁਲਿਟੀਕਲ ਅਟਾਨੋਮੀ ਜਾਂ ਹੋਰ ਪਾਵਰਾਂ ਨਹੀਂ ਮਿਲ ਜਾਂਦੀਆਂ। ਸਾਨੂੰ ਪਾਵਰ ਮਿਲੇ ਕਿ ਅਸੀਂ ਇਨਕਮ ਟੈਕਸ ਲਗਾ ਸਕੀਏ, ਐਕਸਾਈਜ਼ ਡਿਊਟੀ ਲਗਾ ਸਕੀਏ ਔਰ ਆਪਣੇ ਰਿਸੋਰ-ਸਿਜ਼ ਵਧਾ ਸਕੀਏ। ਇਹੀ ਗਲ ਅਸੀਂ ਮੰਗਦੇ ਸੀ ਉਹ ਵੀ ਨਹੀਂ ਕੀਤੀ। (ਵਿਘਨ) ਸਾਰੇ ਐਡਰੈਸ ਵਿਚ ਕਿਧਰੇ ਜ਼ਿਕਰ ਨਹੀਂ ਕੀਤਾ ਕਿ ਪਿੰਡਾਂ ਦੇ ਲੋਕ ਗਰੀਬ ਹਨ, ਪਿੰਡਾਂ ਦੇ ਲੋਕਾਂ ਨੂੰ ਪੜ੍ਹਾਈ ਦੇ ਬਾਰੇ ਵਿਚ ਸ਼ਹਿਰਾਂ ਦੇ ਲੋਕਾਂ ਦੇ ਬਾਰਾਬਰ ਸਾਧਨ ਨਹੀਂ, ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਨੌਕ-ਰੀਆਂ ਵਿਚ ਬਰਾਬਰਤਾ ਦਿੱਤੀ ਜਾਵੇਗੀ। ਡਿਪਟੀ ਸਪੀਕਰ ਸਾਹਿਬ, 70 ਫੀਸਦੀ ਆਬਾਦੀ ਦਾ ਸਾਡਾ ਹਿੱਸਾ ਤੁਹਾਨੂੰ ਪਤਾ ਹੈ ਕਿ ਪਿੰਡਾਂ ਵਿਚ ਰਹਿੰਦਾ ਹੈ ਪਰ ਸਰਵਿਸਿਜ਼ ਵਿਚ ਉਨ੍ਹਾਂ ਦੀ ਰਿਪ੍ਰੈਜ਼ੈਂਟੇਸ਼ਨ 40% ਵੀ ਨਹੀਂ। ਕਿਉਂ ਨਾ ਉਨ੍ਹਾਂ ਨੂੰ 70% ਰਿਪ੍ਰੈਜ਼ੈਂਟੇਸ਼ਨ ਮਿਲੇ। ਇਸ ਐਡਰੈਸ ਵਿਚ ਇਸ ਗਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸਾਰਾ ਇਮਬੈਲੈਂਸ ਹੋਇਆ ਹੈ ਢਾਂਚਾ। ਸਾਡਾ ਇਕਨਾਮਿਕ ਸਟ੍ਰੱਕਚਰ ਜੋ ਹੈ ਉਹ ਇਸ ਤਰ੍ਹਾਂ ਠੀਕ ਨਹੀਂ ਹੋ ਸਕਦਾ। ਇਸ ਨੂੰ ਠੀਕ ਕਾਰਨ ਦੇ ਵਾਸਤੇ ਕੋਈ ਸਾਧਨ ਨਹੀਂ ਦੱਸਿਆ। ਪਿੰਡਾਂ ਦੇ ਲੋਕਾਂ ਨੂੰ ਨੌਕਰੀਆਂ ਕਿਵੇਂ ਦੇਣੀਆਂ ਹਨ, ਪਿਡਾਂ ਦੀ ਤਰੱਕੀ ਕਿਵੇਂ ਕਰਨੀ ਹੈ, ਇਸ ਦੇ ਬਾਰੇ ਐਡਰੈਸ ਵਿਚ ਕੁਝ ਨਹੀਂ ਦੱਸਿਆ ਗਿਆ। ਇਹਨਾਂ ਨੇ ਕੋਸ਼ਿਸ਼ ਕੀਤੀ ਹੈ ਔਰ ਬਾਈ ਐਂਡ ਲਾਰਜ ਸਾਡੀਆਂ ਬਣਾਈਆਂ ਹੋਈਆਂ ਪਾਲਿਸੀਆਂ ਨੂੰ ਪਿੱਕ ਐਂਡ ਚੂਜ਼ ਕਰਕੇ ਹੀ ਦੱਸਿਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ 10 ਹਜ਼ਾਰ ਹਰੀਜਨਾਂ ਨੂੰ ਮਕਾਨ ਮੁਕੰਮਲ ਕਰਕੇ ਦੇਵਾਂਗੇ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਐਸਾ ਮੈਟੀਰੀਅਲ ਹੈ, ਰਾਅ ਮੈਟੀਰੀਅਲ ਹੈ ਜੋ ਇਸ ਵੇਲੇ ਪੰਜਾਬ ਵਿਚ ਮਿਲ ਰਿਹਾ ਹੈ। ਕੋਲਾ ਕਿਤੇ ਨਹੀਂ ਮਿਲਦਾ, ਬਿਜਲੀ ਕਿਤੇ ਨਹੀਂ ਮਿਲਦੀ, ਸੀਮਿੰਟ ਕਿਤੇ ਨਹੀਂ ਮਿਲਦਾ ਔਰ ਇੱਟਾਂ ਕਿਤੇ ਨਹੀਂ ਮਿਲਦੀਆਂ। ਇਹ ਤਾਂ 10 ਹਜ਼ਾਰ ਮਕਾਨਾਂ ਦੀ ਗਲ ਕਰਦੇ ਹਨ, ਮੈਂ ਕਹਿੰਦਾ ਹਾਂ ਕਿ ਇਸ ਸਾਲ ਵਿਚ ਜੇ ਇਹ ਇਕ ਹਜ਼ਾਰ ਮਕਾਨ ਵੀ ਬਣਾ ਕੇ ਦੇ ਦੇਣ ਤਾਂ ਵੀ ਬਹੁਤ ਵੱਡੀ ਗਲ ਹਵੇਗੀ, ਚੀਜ਼ਾਂ ਤਾਂ ਕਿਧਰੇ ਮਿਲਦੀਆਂ ਨਹੀਂ. ਇਹ ਡਿਵੈਲਪਮੈਂਟ ਕਿਥੋਂ ਕਰਨਗੇ। ਇਹ ਦਿਲੀ ਜਾ ਕੇ ਚੀਜ਼ਾਂ ਦੀ ਮੰਗ ਨਹੀਂ ਕਰ ਸਕਦੇ। ਅੱਜ ਸਵੇਰੇ ਹੀ, ਡਿਪਟੀ ਸਪੀਕਰ ਸਾਹਿਬ, ਇਕ ਸਵਾਲ ਆਇਆ ਸੀ ਕਿ ਇਹ ਦਸੋ ਕਿ ਪੰਜਾਬ ਵਾਸਤੇ ਸੈਂਟਰ ਤੋਂ ਫਾਈਨਾਂਸ਼ਿਅਲ ਐਲੋਕੇਸ਼ਨ ਕਿੰਨੀ ਲੈ ਕੇ ਆਏ ਹੋ ਤਾਂ ਉਸ ਦੇ ਜਵਾਬ ਵਾਸਤੇ ਵੀ ਇਨ੍ਹਾਂ ਨੇ ਐਕਸਟੈਨਸ਼ਨ ਮੰਗ ਲਈ। ਜਵਾਬ ਕੀ ਦੇਣ। ਇਸੇ

**Expunged as orderded by the Chair.

ਕਰਕੇ ਐਕਸਟੈਨਸ਼ਨ ਮੰਗ ਲਈ ਹੈ ਕਿ ਲੈ ਕੇ ਕੁਝ ਨਹੀਂ ਆਏ । ਜੇ ਕੁਝ ਲੈ ਕੇ ਆਏ ਹੁੰਦੇ ਤਾਂ ਬੜੀ ਆਕੜ ਨਾਲ ਇਥੇ ਦੱਸਦੇ ਕਿ ਇਤਨੇ ਪੈਸੇ ਲਿਆਂਦੇ ਹਨ ਔਰ ਇਸ ਦੇ ਨਾਲ ਇਹ ਡਿਵੈਲਪਮੈਂਟ ਕਰਾਂਗੇ । ਕੁਝ ਪੰਜਾਬ ਦੀਆਂ ਤਰੱਕੀ ਦੀਆਂ ਗਲਾਂ ਦੱਸਣ ਵਾਸਤੇ ਇਨ੍ਹਾਂ ਕੋਲ ਕੁਝ ਹੈ ਹੀ ਨਹੀਂ। ਇਹ ਤਾਂ ਸਿਰਫ ਸਰਕਾਰੀ ਅਫ਼ਸਰਾਂ ਦੀ ਤਾਕਤ ਤੇ ਕੇਂਦ੍ਰੀ ਰਾਜ ਭਾਗ ਚਲਾਉਣਾ ਚਾਹੁੰਦੇ ਹਨ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਬੜੇ ਹੀ ਗੰਭੀਰ ਮਸਲੇ ਵਲ ਮੈਂ ਤੁਹਾਡਾ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਕਿਉਂ ਬਣਿਆ ਸੀ ਔਰ ਇਸ ਦੇ ਪਿੱਛੇ ਕੀ ਭਾਵਨਾ ਸੀ । ਸਾਰੇ ਹਿੰਦੁਸਤਾਨ ਵਿਚ ਜ਼ਬਾਨਾਂ ਦੇ ਅਧਾਰ ਉਤੇ ਸੂਬੇ ਬਣਾਏ ਗਏ ਸੀ ਲੇਕਿਨ ਇਥੇ ਸਾਡਾ ਸੂਬਾ ਬਣਦਾ ਨਹੀਂ ਸੀ । ਲੋਕਾਂ ਨੇ ਬੜੀ ਜੱਦੋ ਜਹਿਦ ਕੀਤੀ । ਸਾਡੇ ਵਿਚੋਂ ਬਹੁਤ ਸਾਰੇ ਲੋਕਾਂ ਨੇ ਮਾਰਾਂ ਖਾਧੀਆਂ, ਜੇਲ੍ਹਾਂ ਵਿਚ ਗਏ, ਅਸਹਿ ਤੇ ਅਕਹਿ ਕਸ਼ਟ ਸਹਾਰੇ ਫਿਰ ਜਾ ਕੇ ਇਹ ਪੰਜਾਬੀ ਸੂਬਾ ਹੋਂਦ ਵਿਚ ਆਇਆ। ਉਸ ਦੇ ਪਿਛੇ ਦੋ ਵਡੀਆਂ ਭਾਵਨਾਵਾਂ ਸਨ। ਇਕ ਭਾਵਨਾ ਤਾਂ ਇਹ ਸੀ ਕਿ ਪੰਜਾਬੀ ਬੋਲੀ ਨੂੰ ਰਾਜ ਸਿੰਘਾਸਨ ਤੇ ਬਿਠਾਉਣਾ ਤੇ ਚਲਾਉਣਾ। ਡਿਪਟੀ ਸਪੀਕਰ ਸਾਹਿਬ, ਪੰਜਾਬੀ ਬੋਲੀ ਨੂੰ 12-13 ਸਾਲ ਹੋ ਗਏ ਸਰਕਾਰੀ ਬੋਲੀ ਬਣੇ ਨੂੰ। ਜਦੋਂ ਦੀ ਇਹ ਸਰਕਾਰ ਬਣੀ ਹੈ, ਸਰਦਾਰ ਦਰਬਾਰਾ ਸਿੰਘ ਜੀ ਜਦੋਂ ਦੇ ਚੀਫ਼ ਮਨਿਸਟਰ ਬਣੇ ਹਨ ਇਹ ਦੱਸਣ ਕਿ ਉਦੋਂ ਤੋਂ ਇਨ੍ਹਾਂ ਸੈਕਟਰੀਏਟ ਵਿਚ ਇਕ ਲਫ਼ਜ਼ ਵੀ ਪੰਜਾਬੀ ਵਿਚ ਲਿਖਿਆ ਹੋਵੇ ਤਾਂ ਮੈਂ ਸਮਝਾਂਗਾ ਕਿ ਮੈਂ ਕਸੂਰਵਾਰ ਹਾਂ । ਇਕ ਲਫ਼ਜ਼ ਵੀ ਇਨ੍ਹਾਂ ਨੇ ਨਹੀਂ ਲਿਖਿਆ ਹੋਣਾ ਬਲਕਿ ਇਨ੍ਹਾਂ ਨੇ ਕਦੇ ਆਪਣੇ ਦਸਤਖ਼ਤ ਵੀ ਪੰਜਾਬੀ ਵਿਚ ਨਹੀਂ ਕੀਤੇ ਹੋਣੇ ਨੋਟਿੰਗ ਸਾਰੀ ਅੰਗਰੇਜ਼ੀ ਵਿਚ ਹੁੰਦੀ ਹੈ। ਪੰਜਾਬ ਵਿਚ ਪੰਜਾਬੀ ਨੂੰ ਲਾਗੂ ਨਾ ਹੋਣ ਦੇਣਾ। ਇਹ ਪੰਜਾਬੀ ਭਾਸ਼ਾ ਨਾਲ ਸੱਭ ਤੋਂ ਵੱਡਾ ਧੱਕਾ ਹੈ । ਜਿੰਨੇ ਵੀ ਇਸ ਵਕਤ ਅਫ਼ਸਰ ਹਨ, ਉਹ ਸਾਰੇ ਐਂਟੀ ਪੰਜਾਬੀ ਹਨ । ਉਹ ਕਹਿੰਦੇ ਹਨ ਕਿ ਅਸੀਂ ਦੋਨਾਂ ਤਾਕਤਾਂ ਨੂੰ ਖੁਸ਼ ਕਰ ਰਹੇ ਹਾਂ। ਉਹ ਕਾਂਗਰਸ ਹਕੂਮਤ ਨੂੰ ਖੁਸ਼ ਕਰ ਰਹੇ ਹਨ । ਪੰਜਾਬ ਵਿਚ 12 ਸਾਲਾਂ ਤੋਂ ਲਾਗੂ ਹੋਈ ਪੰਜਾਬੀ ਨੂੰ ਪੰਜਾਬ ਵਿਚ ਚਲਣ ਨਹੀਂ ਦੇ ਰਹੇ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਬਹੁਤ ਦੇਰ ਤਕ ਰਹਿ ਨਹੀਂ ਸਕਦੀ । ਮੈਂ ਕਹਿੰਦਾ ਹਾਂ ਕਿ ਅਗਰ ਚੀਫ਼ ਮਨਿਸਟਰ ਸਾਹਿਬ ਸਾਰੇ ਪੰਜਾਬ ਵਿਚ ਪੰਜਾਬੀ ਨੂੰ ਲਾਗੂ ਨਹੀਂ ਕਰਾਉਣਗੇ ਤਾਂ ਅਸੀਂ ਮਜ਼ਬੂਰ ਹੋ ਜਾਵਾਂਗੇ ਉਸ ਨੂੰ ਲਾਗੂ ਕਰਾਉਣ ਵਿਚ ਔਰ ਜਿਹੜੇ ਉਸ ਦੇ ਸਿੱਟੇ ਨਿਕਲਣਗੇ ਉਹ ਇਹ ਆਪ ਹੀ ਸੋਚ ਲੈਣ । (ਵਿਘਨ) (ਸ਼ੋਰ) ਮੈਂ ਆਪਣੇ ਸਮੇਂ ਸਾਰਾ ਕੰਮ ਪੰਜਾਬੀ ਵਿਚ ਕਰਦਾ ਸੀ । ਮੈਂ ਕਹਿੰਦਾ ਹਾਂ ਕਿ ਅਗਰ ਪੰਜਾਬੀ ਲਿਖੋਗੇ ਤਾਂ ਹੀ ਕਿਸੇ ਨੂੰ ਪਤਾ ਲਗੇਗਾ ਪੰਜਾਬੀ ਭਾਸ਼ਾ ਦਾ । ਦੂਸਰੀ ਭਾਵਨਾ ਇਹ ਹੈ, ਡਿਪਟੀ ਸਪੀਕਰ ਸਾਹਿਬ, ਕਿ ਸਾਰੇ ਮੁਲਕ ਵਿਚ ਸਿੰਘ ਘੱਟ ਗਿਣਤੀ ਦੀ ਵਸੋਂ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਆਜ਼ਾਦ ਹਿੰਦੁਸਤਾਨ ਵਿਚ ਸਾਡੀ ਆਪਣੀ ਰਾਜ ਸਰਕਾਰ ਹੋਵੇ ਅਤੇ ਸਾਡਾ ਬੋਲ ਬਾਲਾ ਹੋਵੇ। ਸਿੱਖਾਂ ਨੇ ਹਿੰਦੁਸਤਾਨ ਆਜ਼ਾਦ ਕਰਾਉਣ ਵੇਲੇ ਬਹੁਤ ਬੜੇ ਬਲੀਦਾਨ ਦਿਤੇ, ਬੜੀਆਂ ਕੁਰਬਾਨੀਆਂ ਦਿਤੀਆਂ । ਜਿਹੜੇ ਬਲੀਦਾਨ ਦਿਤੇ ਉਹ 80% ਤੋਂ ਘੱਟ ਨਹੀਂ ਹੋਣੇ ਭਾਵੇਂ ਸਾਰੇ ਹਿੰਦੁਸਤਾਨ ਵਿਚ ਗਿਣਤੀ 2% ਹੀ ਹੋਣੀ ਹੈ । ਇਨ੍ਹਾਂ ਦੋਨਾਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਪੰਜਾਬੀ ਸੂਬਾ ਬਣਿਆ ਸੀ । ਸਰਦਾਰ ਦਰਬਾਰਾ ਸਿੰਘ ਜੋ ਉਸ ਵੇਲੇ ਹੋਮ ਮਨਿਸਟਰ ਸਨ, ਨੇ ਪੰਜਾਬੀ ਸੂਬੇ ਦੀ ਜੱਦੋ ਜਹਿਦ ਵੇਲੇ ਇਲਾਨ ਕੀਤਾ ਸੀ ਕਿ ਪੰਜਾਬੀ ਸੂਬਾ ਉਨ੍ਹਾਂ ਦੀ ਲਾਸ਼ ਤੇ ਬਣੇਗਾ । ਪਰ ਪੰਜਾਬੀ ਸੂਬਾ ਬਣ ਗਿਆ । ਇਹ ਬਦਕਿਸਮਤੀ ਹੈ ਜਾਂ ਖੁਸ਼ਕਿਸਮਤੀ ਹੈ ਕਿ ਉਹ ਉਸ ਤੇ ਅੱਜ ਰਾਜ ਕਰ ਰਹੇ ਹਨ । ਮੈਂ ਕਹਿੰਦਾ ਹਾਂ ਕਿ ਅਗਰ ਇਨ੍ਹਾਂ ਦਾ ਇਹੀ ਰਵੱਈਆ ਰਿਹਾ ਤਾਂ ਪੰਜਾਬ ਵਿਚ ਕਿਸ ਤਰ੍ਹਾਂ ਪੰਜਾਬੀ ਲਾਗੂ ਹੋਵੇਗੀ

[ਸਰਦਾਰ ਸੁਖਜਿੰਦਰ ਸਿੰਘ ਖੈਰ੍ਹਾ]

ਅਤੇ ਕਿਸ ਤਰ੍ਹਾਂ ਸਿੱਖਾਂ ਦੀਆਂ ਪਰੰਪਰਾਵਾਂ ਪਨਪਣਗੀਆਂ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਉਧਾਰਣ ਦੇਣਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਪਹਿਲੀ ਗਲ ਤਾਂ ਇਹ ਹੈ ਕਿ ਜਿੰਨੇ ਵੀ ਆਈ. ਏ. ਐਸ. ਅਫਸਰ ਹਨ, ਉਹ ਸਾਰੇ ਨਾਨ-ਸਿੱਖ ਹਨ । ਪਹਿਲਾਂ ਤਾਂ ਸਿੱਖ ਕੋਈ ਸਿਲੈਕਟ ਹੀ ਨਹੀਂ ਹੁੰਦਾ ਔਰ ਅਗਰ ਕੋਈ ਹੋ ਜਾਏ ਤਾਂ ਪੰਜਾਬ ਨੂੰ ਐਲੋਕੇਟ ਹੀ ਨਹੀਂ ਹੁੰਦਾ ਔਰ ਅਗਰ ਕੋਈ ਐਲੋਕੇਟ ਹੋ ਜਾਵੇ ਤਾਂ ਉਸ ਨੂੰ ਇਹ ਖੁੰਡੇ ਲਾਈਨ ਲਾਈ ਰਖਦੇ ਹਨ ਕਿ ਕੋਈ ਇੰਮ-ਪਾਰਟੈਂਟ ਪੋਰਟਫੋਲਿਓ ਦਿੰਦੇ ਹੀ ਨਹੀਂ । (ਵਿਘਨ) ਮੈਂ ਦਸਦਾ ਹਾਂ ਕਿ ਇਹ ਜਿੰਨੇ ਵੀ ਮਨਿਸਟਰ ਸਹਿਬਾਨ ਹਨ, ਇਨ੍ਹਾਂ ਨਾਲ ਕੋਈ ਵੀ ਸਿੱਖ ਪੀ. ਏ. ਜਾਂ ਪ੍ਰਾਈਵੇਟ ਸੈਕਟਰੀ ਨਹੀਂ ਹੈ । (ਵਿਘਨ) (ਸ਼ੋਰ)

(ਆਵਾਜ਼ਾਂ : ਹਿੰਦੁਸਤਾਨ ਦਾ ਹੋਮ-ਮਨਿਸਟਰ ਪੰਜਾਬੀ ਹੈ ਔਰ ਲੋਕ ਸਭਾ ਦਾ ਸਪੀਕਰ ਵੀ ਪੰਜਾਬੀ ਹੈ ।) (ਵਿਘਨ) (ਸ਼ੋਰ)

ਉਹ ਵੀ ਮੈਂ ਦੱਸਾਂਗਾ ਕਿ ਜਿਸ ਤਰ੍ਹਾਂ ਦੇ ਉਹ ਬਣੇ ਹੋਏ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਦਸਣ ਲਗਾ ਸੀ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਪੰਜਾਬੀਆਂ ਨਾਲ ਤਿੰਨ ਵੱਡੇ ਮਖੌਲ ਕੀਤੇ ਹਨ । ਔਰ [** **] ਦੀ ਯਾਦ ਤਾਜ਼ਾ ਕਰਾ ਦਿਤੀ ਹੈ (ਵਿਘਨ) ਪਹਿਲੀ ਗਲ ਮਖੌਲ ਵਾਲੀ ਇਨ੍ਹਾਂ ਨੇ ਇਹ ਕਹੀ ਕਿ ਗਰੀਬੀ ਹਟਾਉਣ ਵਾਸਤੇ ਗਰੀਬੀ ਦਾ ਸਰਵੇ ਕਰਨਾ ਹੈ । ਸਾਨੂੰ ਪਤਾ ਹੈ ਕਿ ਸਾਡੇ ਸਾਰੇ ਮੁਲਕ ਵਿਚ ਗਰੀਬੀ ਹੈ, ਫਿਰ ਸਰਵੇ ਕਰਾਉਣ ਦੀ ਕੀ ਲੋੜ ਹੈ । ਫਿਰ ਮੈਂ ਕਹਿੰਦਾ ਹਾਂ ਕਿ ਸਾਡੇ ਸਰਵੇ ਡਿਪਾਰਟਮੈਂਟ ਐਗਜ਼ਿਸਟ ਕਰਦਾ ਹੈ, ਕਿਹੜੀ ਚੀਜ਼ ਨਹੀਂ ਉਸਦੇ ਕੋਲ । ਸਾਡੇ ਸਟੈਟਿਸਟੀਕਲ ਡਿਪਾਰਮੈਂਟ ਹੈ ਉਸ ਕੋਲ ਹਰ ਇਕ ਚੀਜ਼ ਹੈ ਔਰ ਇਹ ਵੀ ਹੈ ਕਿ ਕਿਹੜੇ ਕਿਹੜੇ ਵਰਗ ਦੀ ਕੀ ਕੀ ਪੁਜ਼ੀਸ਼ਨ ਹੈ । ਇਨ੍ਹਾਂ ਨੇ ਗਰੀਬਾਂ ਨੂੰ ਦਿਤਾ ਕੁਝ ਨਹੀਂ ਪਰ ਇਕ ਕਰੋੜ ਰੁਪਿਆ ਸਰਵੇ ਤੇ ਖ਼ਰਚ ਕਰ ਦਿਤਾ । 6 ਮਹੀਨੇ ਲਗਾ ਦਿਤੇ ਗਰੀਬਾਂ ਦਾ ਸਰਵੇ ਕਰਦੇ ਪਏ ਹਨ । ਪਹਿਲਾਂ ਕਹਿ ਦਿਤਾ ਕਿ 300 ਰੁਪਏ ਹੱਦ ਹੋਵੇਗੀ (ਵਿਘਨ) (ਸ਼ੋਰ) ਅਸੀਂ ਕਿਹਾ ਕਿ ਇਹ ਕੋਈ ਚੀਜ਼ ਨਹੀਂ ਔਰ ਇਹ ਜਿਹੜੇ ਲੋਨ ਵੀ ਦਿਤੇ ਹਨ ਇਹ ਕਿਸੇ ਹਰੀਜਨ ਨੂੰ ਨਹੀਂ ਦਿਤੇ । (ਵਿਘਨ) (ਇਕ ਆਵਾਜ਼) ਇਕ ਕਰੋੜ ਰੁਪਿਆ ਖਰਚ ਹੋ ਗਿਆ ਸਟੇਜ ਤੇ ਚੈਲੰਜ ਕਰੋ (ਵਿਘਨ) 45 ਰਿਟਰਨਜ਼ ਟਾਈਪ ਹੋਈਆਂ ਹਨ ਪੈਸਾ ਤਾਂ ਖ਼ਰਚ ਹੁੰਦਾ ਹੀ ਹੈ ਸਰਕਾਰ ਦਾ (ਵਿਘਨ) ਡਿਪਟੀ ਸਪੀਕਰ ਸਾਹਿਬ, ਇਕ ਕਰੋੜ ਰੁਪਿਆ ਖ਼ਰਚ ਹੋ ਗਿਆ, ਸਰਕਾਰ ਦਾ ਪਰ ਇਕ ਗਰੀਬ ਨੂੰ ਪੰਜ ਪੈਸੇ ਵੀ ਨਹੀਂ ਮਿਲੇ । (ਵਿਘਨ) ਡਿਪਟੀ ਸਪੀਕਰ ਸਾਹਿਬ, ਨਕੋਦਰ ਵਿਚ ਹਰੀਜਨਾਂ ਨੂੰ ਲੋਨਜ਼ ਦੇਣ ਦਾ ਇਕ ਡਰਾਮਾ ਰਚਾਇਆ ਪੰਜਾਬ ਗੌਰਮਿੰਟ ਨੇ ਇਕ ਪੈਸਾ ਵੀ ਨਹੀਂ ਦਿਤਾ ਬਲਕਿ ਇਹ ਲੋਨਜ਼ ਬੈਂਕਾਂ ਨੇ ਦਿਤੇ ਹਨ । (ਵਿਘਨ) ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡਾ ਮਖੌਲ ਇਸ ਤੋਂ ਪਹਿਲਾਂ ਕਦੇ ਨਹੀਂ ਹੋਇਆ ।

ਡਿਪਟੀ ਸਪੀਕਰ ਸਾਹਿਬ, ਦੂਜਾ ਮਖੌਲ ਕਿਸਾਨ ਦੇ ਨਾਲ ਹੋਇਆ ਹੈ । ਇਸ ਸਦਨ ਵਿਚ ਚੀਫ ਮਨਿਸਟਰ ਸਾਹਿਬ ਨੇ ਐਲਾਨ ਕੀਤੇ ਹਨ । ਮੈਂ ਸੀ. ਐਮ ਸਾਹਿਬ ਨੂੰ ਝੋਨੇ ਦੇ ਭਾਅ ਬਾਰੇ ਇਥੇ ਹਾਊਸ ਵਿਚ ਇਕ ਚਿਟ ਵੀ ਭੇਜੀ ਸੀ । ਉਨ੍ਹਾਂ ਨੇ ਕਿਹਾ ਸੀ ਕਿ ਝੋਨੇ ਦੇ ਭਾਅ ਲਾਹੇਵੰਦ ਹੋਣਗੇ । ਉਹ ਕਹਿੰਦੇ ਰਹੇ ਕਿ 110 ਰੁਪਏ ਦਿਵਾਵਾਂਗੇ । ਭਾਅ ਬੜੀ ਦੇਰ ਨਾਲ ਮੁਕਰੱਰ ਹੋਏ ਔਰ ਉਹ ਵੀ 105 ਰੁਪਏ ਮੁਕਰੱਰ ਹੋਇਆ । ਮੈਂ ਇਸ ਗਲ ਨਾਲ ਰਾਜ ਕੁਮਾਰ ਜੀ ਨਾਲ ਸਹਿਮਤ ਹਾਂ ।

**Expunged as ordered by the Chair.

ਚੀਫ਼ ਮਨਿਸਟਰ ਸਾਹਿਬ ਨੇ ਲੋਕਾਂ ਨਾਲ ਇਹ ਮਖੌਲ ਕੀਤਾ ਅਤੇ ਕਿਹਾ ਕਿ ਲੋਕੋ ਪਰਚੀਆਂ ਸੰਭਾਲ ਕੇ ਰਖੋ ਅਗਰ ਪਰਚੀਆਂ ਤੇ ਘੱਟ ਰੇਟ ਹੋਵੇਗਾ ਤਾਂ ਵੱਧ ਦਿਵਾਵਾਂਗਰੀਮੰਤ । ਇਹ ਮੁੱਖ ਨੇ ਕਿਹਾ ਸੀ ਕਿ ਮੈਂ ਕਹਿੰਦਾ ਹਾਂ ਕਿ ਅਸੀਂ ਕਿਸੇ ਮੁੱਖ ਮੰਤਰੀ ਨੇ ਐਸਾ ਝੂਠਾ ਵਾਅਦਾ ਨਹੀਂ ਕੀਤਾ ਹੋਣਾ । ਪਰਚੀਆਂ ਲੋਕ ਲਈ ਫਿਰਦੇ ਰਹੇ ਔਰ ਮਗਰ ਮਗਰ ਫਿਰ ਦੇ ਰਹੇ ਲੇਕਿਨ...... (ਵਿਘਨ)

ਸਰਦਾਰ ਜਗਦੇਵ ਸਿੰਘ ਖੁੱਡੀਆਂਵਾਲ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਦਰਬਾਰਾ ਸਿੰਘ ਇਕ ਗੁਰਮੁੱਖ ਸਿੱਖ ਹਨ । ਉਨ੍ਹਾਂ ਨੂੰ ਕਿਸੇ ਮੁਸਲਮਾਨ ਨਾਲ ਤਸ਼ਬੀਹ ਦੇਣਾ ਇਹ ਠੀਕ ਨਹੀਂ ਹੈ, ਇਹ ਤੌਹੀਨ ਹੈ । ਇਸ ਲਈ ਇਹ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ । ....(ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਲਫਜ਼ ਐਸਕਸਪੰਜ ਕਰ ਦਿਓ ।

ਸਰਦਾਰ ਸੁਖਜਿੰਦਰ ਸਿੰਘ ਖੇਰਾ: ਕਿਸ ਤਰ੍ਹਾਂ ਐਕਸਪੰਜ ਹੋ ਸਕਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਪਹਿਲੀ ਵਾਰੀ ਕਿਸਾਨਾਂ ਨਾਲ ਏਡਾ ਵੱਡਾ ਮਖੌਲ ਹੋਇਆ ਹੈ। ਇਨ੍ਹਾਂ ਨੇ ਤੁਨ੍ਹਾਂ ਨੂੰ ਕਿਹਾ ਕਿ ਪਰਚੀਆਂ ਸੰਭਾਲ ਕੇ ਰਖੋ 105/-ਰੁਪਏ ਰੇਟ ਦਿਵਾਵਾਂਗੇ। ਉਹ ਲੋਕ ਪਰਚੀਆਂ ਲਈ ਫਿਰਦੇ ਹਨ ਪਰ ਇਹ ਨਾ ਮਿਲਦੇ ਹਨ ਅਤੇ ਨਾ ਗਲ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੇ ਕਲ ਨੂੰ ਬੋਲਣਾ ਹੈ, ਉਹ ਇਸ ਬਾਰੇ ਕੋਈ ਐਸ਼ੋਓਰੈਂਸ ਦੇਣ । ਉਨ੍ਹਾਂ ਵਿਚਾਰੀਆਂ ਦਾ ਝੋਨਾ 80-85 ਰੁਪਏ ਵਿਕਿਆ ਹੈ । ਪਹਿਲਾਂ ਖਾਦ ਦੀਆਂ ਕੀਮਤਾਂ ਵਧਾ ਦਿਤੀਆਂ ਫਿਰ ਕਿਹਾ ਕਿ ਰੇਟ ਵਧਾਵਾਂਗੇ ਪਰ ਰੇਟ ਸਮੇਂ ਸਿਰ ਨਾ ਵਧਾਏ । ਰਾਜ ਕੁਮਾਰ ਜੀ ਨੇ ਠੀਕ ਹੀ ਕਿਹਾ ਹੈ ਕਿ ਪਿਛਲੇ 30-32 ਸਾਲਾਂ ਵਿਚ ਕਿਸਾਨੀ ਪ੍ਰੋਫੈਸ਼ਨ ਨੂੰ ਲੁਟਿਆ ਜਾ ਰਿਹਾ ਹੈ । ਤੀਸਰਾ ਮਖੌਲ ਪੰਜਾਬ ਦੇ ਲੋਕਾਂ ਨਾਲ ਇਹ ਕੀਤਾ ਹੈ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਕੁਰੱਪਸ਼ਨ ਖ਼ਤਮ ਕਰ ਦਿੱਤੀ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਆਪਣੇ 8 ਮਹੀਨਿਆਂ ਵਿੱਚ ਕੀ ਕਿਸੇ ਨੂੰ ਫੜਿਆ ਵੀ ਹੈ ? (ਵਿਘਨ)

(ਇਕ ਆਵਾਜ਼ : ਜੇ ਕੋਈ ਹੋਵੇ ਤਾਂ ਫੜਨ) (ਵਿਘਨ)

ਡਿਪਟੀ ਸਪੀਕਰ ਸਾਹਿਬ, ਕੱਲ ਇਥੇ ਹਾਊਸ ਵਿਚ ਦੱਸਿਆ ਗਿਆ ਕਿ ਜਿਨ੍ਹਾਂ ਫੂਡ ਐਂਡ ਸਪਲਾਈਜ਼ ਦੇ ਅਫ਼ਸਰ ਦੇ ਖਿਲਾਫ਼ ਚੀਫ਼ ਮਨਿਸਟਰ ਸਾਹਿਬ ਨੇ ਆਪ ਗਵਰਨਰ ਸਾਹਿਬ ਨੂੰ ਲਿਖ ਕੇ ਭੇਜਿਆ ਸੀ ਕਿ ਇਹ ਕੁਰੱਪਟ ਹਨ ,ਇਨ੍ਹਾਂ ਨੂੰ ਬਦਲਣਾ ਚਾਹੀਦਾ ਹੈ, ਉਹ ਇਨ੍ਹਾਂ ਦੇ ਆਉਣ ਨਾਲ ਇਨ੍ਹਾਂ ਦੇ ਭਾਸ਼ਣ ਨਾਲ ਆਨੈਸਟ ਹੋ ਗਏ ਹਨ ਅਤੇ ਉਨ੍ਹਾਂ ਨੂੰ ਮੁੜ ਕੇ ਉਥੇ ਹੀ ਲੈ ਆਂਦਾ ਹੈ । ਕਿਉਂਕਿ ਉਨ੍ਹਾਂ ਨੇ ਪ੍ਰਤਿਗਿਆ ਕਰ ਲਈ ਹੈ, ਇਸ ਲਈ ਉਹ ਇਮਾਨਦਾਰ ਹੋ ਗਏ ਹਨ । ਇਸ ਵਿਚ ਅੰਡਰ-ਹੈਂਡ ਕੀ ਚੀਜ਼ ਹੈ, ਇਸਦਾ ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਅੰਦਾਜ਼ਾ ਲਾ ਲਓ । ਡਿਪਟੀ ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇੱਕ ਛੋਟਾ ਜਿਹਾ ਮਖੌਲ ਇੰਡਸਟਰੀਲਿਸਟਾਂ ਨਾਲ ਕੀਤਾ । ਇਨ੍ਹਾਂ ਨੇ ਕਿਹਾ ਮੈਂ ਬਾਹਰਲੇ ਪੰਜਾਬੀ ਸੈਟਲਰਜ਼ ਨੂੰ ਇਥੇ ਲਿਆਉਣਾ ਚਾਹੁੰਦਾ ਹਾਂ । ਮੈਂ ਪੰਜਾਬ ਵਿਚ ਇੰਡਸਟਰੀ ਲਾਉਣਾ ਚਾਹੁੰਦਾ ਹਾਂ । ਪਰ ਮੈਂ ਕਹਿੰਦਾ ਹਾਂ ਕਿ ਇੰਡਸਟਰੀ ਲਈ

[ਸਰਦਾਰ ਸੁਖਜਿੰਦਰ ਸਿੰਘ ਖੈਰਾ]

ਸਭ ਤੋਂ ਜ਼ਰੂਰੀ ਚੀਜ਼ ਹੈ ਪਾਵਰ ਜਿਹੜੀ ਕਿ ਇਥੇ ਹੈ ਹੀ ਨਹੀਂ। ਜੇ ਬਿਜਲੀ ਹੀ ਨਹੀਂ ਹੋਵੇਗੀ ਤਾਂ ਇੰਡਸਟਰੀ ਕਿਵੇਂ ਚਲੇਗੀ। ਪਾਵਰ ਦੇ ਬਾਰੇ ਸਰਕਾਰ ਦੀ ਹਾਲਤ ਐਕਸਪਲੇਨ ਹੋ ਚੁਕੀ ਹੈ। ਇਹ ਬੰਬਈ ਜਾ ਕੇ ਡਰਾਮਾ ਕਰਨ ਲੱਗ ਪਏ ਅਤੇ ਲੋਕਾਂ ਨਾਲ ਗਲਾਂ ਬਾਤਾਂ ਕਰਨ ਲੱਗ ਪਏ। ਪੰਜਾਬ ਸਟੇਟ ਇਲੈਕਟ੍ਰਿਸਟੀ ਬੋਰਡ ਦੀ ਹਾਲਤ ਬਾਰੇ ਵੀ ਸੁਣ ਲਓ। ਥੀਨ ਡੈਮ ਦਾ ਅੱਗੇ ਰੌਲਾ ਪੈ ਰਿਹਾ ਹੈ। ਸਦਨ ਵਿੱਚ ਬਿਆਨ ਦਿੱਤੇ ਜਾਂਦੇ ਹਨ ਕਿ ਸੈਂਟਰ ਦੀ ਸਰਕਾਰ ਨੇ ਇਸ ਲਈ ਪੈਸੇ ਨਹੀਂ ਦੇਣੇ। ਕਿਧਰੋ ਹੋਰ ਪੈਸੇ ਲਭਾਂਗੇ। ਇੰਸਟੀਚਿਊਸ਼ਨਲ ਫਾਈਨਾਂਸ ਲਵਾਂਗੇ ਥੀਨ ਡੈਮ ਐਡਾ ਪ੍ਰਾਜੈਕਟ ਹੈ। ਮੈਂ ਕਹਿੰਦਾ ਹਾਂ ਕਿ ਥੀਨ ਡੈਮ ਐਸਾ ਪ੍ਰਾਜੈਕਟ ਹੈ, ਜਿਸਨੇ ਪੰਜਾਬ ਦੀ ਸਨੱਅਤ ਅਤੇ ਐਗਰੀਕਲਚਰ ਦਾ ਭਵਿਖ ਬਦਲ ਦੇਣਾ ਹੈ, ਉਸ ਬਾਰੇ ਕੁਝ ਨਹੀਂ ਹੋ ਰਿਹਾ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਥੀਨ ਡੈਮ ਦਾ ਸਾਈਟ ਤਕ ਨਹੀਂ ਵੇਖਿਆ। ਇਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਇਹ ਕਿਸ ਦਰਿਆ ਤੇ ਹੈ, ਸਤਲੁੱਜ ਤੇ ਹੈ ਜਾਂ ਬਿਆਸ ਤੇ ਹੈ। ਇਹ ਦਿਲਚਸਪੀ ਇਨ੍ਹਾਂ ਦੀ ਇਸ ਪ੍ਰਾਜੈਕਟ ਵਿੱਚ ਹੈ। ਫਿਰ ਥਰਮਲ ਪਲਾਂਟ ਘੜੀ ਮੁੜੀ ਬੰਦ ਹੋ ਜਾਂਦਾ ਹੈ। ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦਾ ਸਾਰਾ ਕੰਮ ਮਿਸਮੈਨੇਜਡ ਹੈ। ਇੰਜੀਨੀਅਰਜ਼ ਹੜਤਾਲ ਤੇ ਹਨ, ਵਰਕ-ਟੂ-ਰੂਲ ਉਥੇ ਚਲ ਰਿਹਾ ਹੈ। ਬਿਜਲੀ ਘੱਟ ਪੈਦਾ ਹੋ ਰਹੀ ਹੈ। ਸਾਨੂੰ ਤਾਂ ਮੁੱਖ ਮੰਤਰੀ ਸਾਹਿਬ ਦੀ ਕਮਜ਼ੋਰੀ ਦਾ ਅਹਿਸਾਸ ਬਹੁੱਤ ਹੈ। ਕੱਲ ਨੂੰ ਹਾਲਾਤ ਇਥੇ ਹੋਰ ਨਾ ਖਰਾਬ ਨਾ ਹੋ ਜਾਣ। ਇਥੇ ਪ੍ਰਾਈਮ ਮਨਿਸਟਰ ਦਾ ਟੈਲੀਫ਼ੂਨ ਆਇਆ ਕਿ ਰਾਜਸਥਾਨ ਨੂੰ ਵੱਧ ਪਾਣੀ ਦਿਤਾ ਜਾਵੇ। 15 ਦਿਨ ਲਗਾਤਾਰ ਰਾਜਸਥਾਨ ਨੂੰ ਵੱਧ ਪਾਣੀ ਦਿੱਤਾ ਗਿਆ। ਇਸ ਕਰਕੇ ਵੀ ਭਾਖੜੇ ਤੋਂ ਬਿਜਲੀ ਘੱਟ ਪੈਦਾ ਹੋ ਰਹੀ ਹੈ। ਸਾਨੂੰ ਨਜ਼ਰ ਆ ਰਿਹਾ ਹੈ ਕਿ ਜੇ ਇਹੀ ਹਾਲਤ ਰਹੀ ਤਾਂ ਭਾਖੜੇ ਤੋਂ ਹੋਰ ਵੀ ਘੱਟ ਬਿਜਲੀ ਪੈਦਾ ਹੋਵੇਗੀ ਕਿਉਂਕਿ ਇਨ੍ਹਾਂ ਦੀ ਮਜਬੂਰੀ ਬੜੀ ਹੈ। 16 ਸਾਲ ਇਹ ਪ੍ਰਲੀਟੀਕਲ ਵਿਲਡਰਨੈੱਸ ਵਿੱਚ ਰਹੇ ਹਨ। ਪਹਿਲਾਂ ਇਨ੍ਹਾਂ ਦੀ ਖੁਸ਼ਾਮਦੀ ਕੰਮ ਨਹੀਂ ਕਰ ਸਕੀ। ਹੁਣ ਬੜੀ ਮੁਸ਼ਕਲ ਨਾਲ ਇਹ ਮੌਕਾ ਮਿਲਿਆ ਹੈ। ਇਹ ਕਹਿੰਦੇ ਹਨ ਕਿ ਪੰਜਾਬ ਜਾਏ ਜਹੱਨੁਮ ਵਿੱਚ, ਮੇਰੀ ਗੱਦੀ ਕਾਇਮ ਰਹੇ। ਕੱਲ ਨੂੰ ਫਿਰ ਕਿਤੇ ਟਾਈਮ ਆ ਗਿਆ ਤਾਂ ਇਹ ਰਾਵੀ ਬਿਆਸ ਦੇ ਪਾਣੀ ਦਾ ਵੀ ਗਲਤ ਫੈਸਲਾ ਕਰਨ ਵਾਸਤੇ ਅੰਗੂਠਾ ਲਾ ਆਉਣਗੇ। ਪਰ ਅਸੀਂ ਇਹ ਗਲ ਬਰਦਾਸ਼ਤ ਨਹੀਂ ਕਰਾਂਗੇ। ਐਸਾ ਜੇ ਕੋਈ ਫੈਸਲਾ ਕਰਨਗੇ ਤਾਂ ਉਸਦੇ ਕੀ ਨਤੀਜੇ ਨਿਕਲਣਗੇ ਉਸਦਾ ਅੰਦਾਜ਼ਾ ਇਨ੍ਹਾਂ ਨੂੰ ਹੁਣ ਦੇ ਲੋਕਾਂ ਦੀ ਐਜੀਟੇਸ਼ਨ ਤੋਂ ਲੱਗ ਗਿਆ ਹੋਣਾ ਹੈ। ਪੰਜਾਬ ਦੀਆਂ ਹੱਦਾਂ ਵਿਚੋਂ ਪਾਣੀ ਕਰਾਸ ਕਰਕੇ ਹਰਿਆਣੇ ਨੂੰ ਨਹੀਂ ਦਿੱਤਾ ਜਾ ਸਕਦਾ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਖਤਮ ਕਰੋ ਜੀ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਅਜੇ ਸਾਡਾ ਟਾਈਮ ਰਹਿੰਦਾ ਹੈ। ਡਿਪਟੀ ਸਪਕੀਰ ਸਾਹਿਬ, ਪਿਛਲੀ ਸਰਕਾਰ ਦੀਆਂ ਕੁਝ ਬਹੁਤ ਵਧੀਆ ਗਲਾਂ ਸਨ। ਕਮ-ਅਜ਼-ਕਮ ਉਨ੍ਹਾਂ ਨੂੰ ਹੀ ਤੋਰੀ ਜਾਂਦੇ ਅਤੇ ਉਨ੍ਹਾਂ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕਰਦੇ। ਅਗਰ ਕੋਈ ਤਰੁੱਟੀ ਸਾਡੇ ਕੋਲੋਂ ਰਹਿ ਗਈ ਸੀ ਤਾਂ ਉਸਨੂੰ ਦੂਰ ਕਰ ਦਿੰਦੇ। ਸ਼੍ਰੋਮਣੀ ਅਕਾਲੀ ਦਲ ਪ੍ਰੋ-ਪੂਅਰ ਪੀਪਲ, ਪ੍ਰੋ-ਪੀਜ਼ੈਂਟਰੀ ਅਤੇ ਪ੍ਰੋ-ਡੈਮੋਕਰੈਟਿਕ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਟੇਟ ਅਲੈਕਟ੍ਰਿਸਿਟੀ ਬੋਰਡ ਬਾਰੇ ਇੱਕ ਗਲ ਕਹਿਣੀ ਹੈ। ਉਥੇ ਹਾਲਾਤ ਬੜੇ ਖਰਾਬ ਹਨ। (ਮੈਨੂੰ ਖਦਸ਼ਾ ਹੈ ਕਿ ਕਿਤੇ ਇਹ ਕਹਿ ਕੇ ਬੋਰਡ ਨੂੰ ਘਾਟਾ)

ਪੈ ਰਿਹਾ ਹੈ, ਇਹ ਥੋੜ੍ਹੀ ਦੇਰ ਬਾਅਦ ਜ਼ਿਮੀਂਦਾਰਾਂ ਨੂੰ ਜਿਹੜੀ ਬਿਜਲੀ ਦਿੰਦੇ ਹਨ ਉਸਦੇ ਰੇਟ ਨਾ ਵਧਾ ਦੇਣ। ਇਹ ਇਸ ਲਈ ਬਹਾਨਾ ਲੱਭ ਰਹੇ ਹਨ। ਅਸੀਂ ਕਹਿੰਦੇ ਹਾਂ ਕਿ ਬਿਜਲੀ ਬੋਰਡ ਦੇ ਅਫੇਅਰਜ਼ ਬਿਲਕੁਲ ਮਿਸਮੈਨੇਜਡ ਹਨ। ਉਥੇ ਹੈਂਡਲਿੰਗ ਚਾਰਜਿਜ਼ ਬਹੁੱਤ ਜ਼ਿਆਦਾ ਹਨ। ਉਥੇ ਇੱਕ ਟੰਡਨ ਕਮੇਟੀ ਬਣੀ ਸੀ। ਉਸਨੇ ਇਲੈਕਟ੍ਰਿਸਟੀ ਦੀ ਵਰਕਿੰਗ ਬਾਰੇ ਇੱਕ ਰਿਪੋਰਟ ਦਿੱਤੀ ਹੈ। ਇੱਕ ਸਾਲ ਤਾਂ ਬਿਊਰੋਕਰੈਟਸ ਉਹ ਰਿਪੋਰਟ ਆਪਣੇ ਕੋਲ ਰੱਖ ਕੇ ਬੈਠੇ ਰਹੇ। ਹੁਣ ਉਨ੍ਹਾਂ ਨੇ ਉਹ ਭੇਜੀ ਹੈ। ਉਸਤੇ ਜੋ ਹੁਕਮ ਚੀਫ਼ ਮਨਿਸਟਰ ਸਾਹਿਬ ਨੇ ਦਿੱਤੇ ਹਨ, ਉਸ ਤੋਂ ਲਗਦਾ ਹੈ ਕਿ ਕੋਰਟ ਵਿੱਚ ਰਿੱਟ ਲਾਈ ਨਹੀਂ ਕਰ ਸਕਦੀ। ਉਸ ਕਮੇਟੀ ਦੀ ਇੱਕ ਰਿਕੁਮੈਂਡੇਸ਼ਨ ਇਹ ਸੀ ਕਿ ਫਰੈਸ਼ ਰਿਕਰੂਟਮੈਂਟ ਕੁਝ ਅਰਸੇ ਵਾਸਤੇ ਸਟਾਪ ਕੀਤੀ ਜਾਵੇ ਤਾਂ ਕਿ ਓਵਰ-ਹੈਡ ਚਾਰਜਿਜ਼ ਜਿਹੜੇ ਅਨਨਸੈਸਰੀ ਹਨ, ਉਹ ਨਾ ਵੱਧਣ। ਪਰ ਉਥੇ ਰਿਕਰੂਟਮੈਂਟਸ ਹੋ ਰਹੀਆਂ ਹਨ। ਇਨ੍ਹਾਂ ਨੇ ਇਹ ਬਹਾਨਾ ਲਾ ਕੇ ਕਿ ਬਿਜਲੀ ਬੋਰਡ ਨੂੰ ਬੜਾ ਘਾਟਾ ਪੈ ਰਿਹਾ ਹੈ, ਬਿਜਲੀ ਦੇ ਰੇਟ ਕਿਸਾਨਾਂ ਦੇ ਵਧਾ ਦੇਣੇ ਹਨ। ਇਸ ਤੋਂ ਜੋ ਪੰਜਾਬ ਦੇ ਲੋਕਾਂ ਵਿੱਚ ਗੁੱਸਾ ਆਵੇਗਾ, ਉਸ ਦੇ ਸਿੱਟੇ ਕੀ ਨਿਕਲਣਗੇ, ਇਸ ਦਾ ਇਹ ਅੰਦਾਜ਼ਾ ਆਪ ਹੀ ਲਗਾ ਲੈਣ।

ਸ੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਅਜੇ ਸਾਡਾ ਟਾਈਮ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿੱਚ ਸਭ ਤੋਂ ਪਹਿਲਾਂ ਪਨੱਸਪ ਦੀਆਂ ਦੁਕਾਨਾ ਰਾਹੀਂ ਗਰੀਬ ਲੋਕਾਂ ਨੂੰ ਆਟਾ, ਘੀ ਅਤੇ ਦਾਲਾਂ ਸਬਸਿਡਾਈਜ਼ਡ ਰੇਟਸ ਤੇ ਦੇਣ ਦਾ ਜੋ ਵਚਨ ਕੀਤਾ ਸੀ, ਉਹ ਪੂਰਾ ਕੀਤਾ ਅਤੇ ਜਿਤਨੀ ਦੇਰ ਸਾਡੀ ਸਰਕਾਰ ਰਹੀ ਇਹ ਚੀਜ਼ਾਂ ਲੋਕਾਂ ਨੂੰ ਮਿਲਦੀਆਂ ਰਹੀਆਂ। ਅਸੀਂ ਕੋਈ ਇਹ ਡਿਟਰਮਿਨ ਨਹੀਂ ਸੀ ਕੀਤਾ ਕਿ 300/- ਰੁਪਏ ਦੀ ਆਮਦਨ ਵਾਲੇ ਆਦਮੀ ਨੂੰ ਹੀ ਇਹ ਚੀਜ਼ਾਂ ਮਿਲਣਗੀਆਂ। ਜੇ ਇਸ ਕੰਮ ਵਿੱਚ ਸਾਡੇ ਕੋਲੋਂ ਕੋਈ ਤਰੁੱਟੀ ਰਹਿ ਗਈ ਸੀ ਜਾਂ ਇਹ ਸਕੀਮ ਨਾਕਸ ਸੀ ਜਾਂ ਸਾਡਾ ਅਰੇਂਜਮੈਂਟ ਨਾਕਸ ਸੀ ਜਾਂ ਕੋਈ ਐਡਮਨਿਸਟਰਰੇਟਿਵ ਫਾਲਟ ਸੀ ਤਾਂ ਉਹ ਦੂਰ ਕਰਨੇ ਚਾਹੀਦੇ ਸਨ। ਇਹ ਨਹੀਂ ਸੀ ਕਰਨਾ ਚਾਹੀਦਾ ਕਿ ਸਾਰੀ ਸਕੀਮ ਹੀ ਬੰਦ ਕਰ ਦਿੱਤੀ ਹੈ ਅਤੇ ਸਰਵੇ ਕਰਾਉਣਾ ਸ਼ੁਰੂ ਕਰ ਦਿੱਤਾ। ਅਸੀਂ ਸਾਰਾ ਸਾਲ ਘੀ 9 ਰੁਪਏ ਕਿਲੋ ਦਿੰਦੇ ਰਹੇ ਜਦੋਂ ਕਿ ਬਾਹਰ ਮਾਰਕਿਟ ਵਿੱਚ ਇਹ 14/- ਰੁਪਏ ਕਿਲੋ ਮਿਲਦਾ ਸੀ। ਇਨ੍ਹਾਂ ਨੇ ਪੰਜਾਬ ਵਿਚੋਂ ਕਣਕ 117/- ਰੁਪਏ ਕੁਇੰਟਲ ਦੇ ਭਾਅ ਖਰੀਦ ਲਈ। ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ ਲੁਟਿਆ ਗਿਆ। ਉਸ ਨੂੰ ਇਹ ਕਿਹਾ ਗਿਆ ਕਿ ਇਹ ਸਾਰੀ ਕਣਕ ਕਨਜ਼ਿ-ਉਮਰ ਨੂੰ ਦੇਣੀ ਹੈ ਅਤੇ ਹਿੰਦੁਸਤਾਨ ਵਿੱਚ ਇੱਕੋ ਰੇਟ ਰਹਿਣ, ਗਰੀਬਾਂ ਦਾ ਭਲਾ ਹੋਵੇ ਐਸੇ ਝੂਠੇ ਨਾਹਰੇ ਲਾ ਕੇ 117/- ਰੁਪਏ ਕੁਇੰਟਲ ਦੇ ਭਾਅ ਕਣਕ ਪੰਜਾਬ ਦੇ ਕਿਸਾਨਾਂ ਤੋਂ ਲਈ ਗਈ। ਅੱਜ ਅਖਬਾਰਾਂ ਵਿੱਚ ਪੜ੍ਹ ਲਓ। ਕਿਤੇ ਆਟੇ ਦਾ ਭਾਅ 2.40 ਰੁਪਏ ਕਿਲੋ ਹੈ, ਕਿਤੇ 2.20 ਰੁਪਏ ਹੈ ਅਤੇ ਕਿਤੇ 2 ਰੁਪਏ ਕਿਲੋ ਹੈ। ਜੇਕਰ ਪਨਸੱਪ ਦੀਆਂ ਦੁਕਾਨਾਂ ਠੀਕ ਚਲਦੀਆਂ ਹੁੰਦੀਆਂ ਤਾਂ ਇਹ ਨੌਬਤ ਨਹੀਂ ਸੀ ਆਉਣੀ। ਅਸੀਂ ਇਹ ਨਵਾਂ ਕਦਮ ਪੁੱਟਿਆ ਸੀ। ਹੋ ਸਕਦਾ ਹੈ ਕਿ ਸਾਡੀ ਐਡਮਨਿਟਰੇਸ਼ਨ ਵਿਚ ਕੋਈ ਤਰੁੱਟੀ ਰਹਿ ਗਈ ਹੋਵੇ। ਇਨ੍ਹਾਂ ਨੂੰ ਉਹ ਤਰੁੱਟੀ ਦੂਰ ਕਰ ਦੇਣੀ ਚਾਹੀਦੀ ਸੀ ਨਾ ਕਿ ਲੋਕਾਂ ਨੂੰ 2.40 ਰੁਪਏ ਕਿਲੋ ਦੇ ਹਿਸਾਬ ਨਾਲ ਆਟਾ ਦਿੰਦੇ। ਇਸ ਦਾ ਕੋਈ ਹੋਰ ਨਾਂ ਰਖ ਲੈਂਦੇ। ਜੇ 25 ਪੁਆਇੰਟਾਂ ਵਿੱਚ ਕੋਈ ਅਜਿਹਾ ਨਾਂ ਆਉਂਦਾ ਹੈ ਤਾਂ ਉਹ ਨਾਂ ਰੱਖ ਲੈਂਦੇ, ਲੇਕਿਨ ਲੋਕਾਂ ਨੂੰ ਇਹ ਸਹੂਲਤ ਮਿਲਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਲੋਕਾਂ ਦਾ ਕੋਈ ਫਾਇਦਾ ਨਹੀਂ ਕੀਤਾ। ਗਰੀਬਾਂ ਲਈ ਕੋਈ ਸਿੰਪਥੀ ਇਨ੍ਹਾਂ ਦੇ ਮਨ ਵਿੱਚ ਨਹੀਂ

[ਸਰਦਾਰ ਸੁਖਜਿੰਦਰ ਸਿੰਘ ਖੈਰਾ]

ਹੈ । ਅਸੀਂ ਪਿੰਡਾਂ ਵਿੱਚ ਫੋਕਲ ਪੁਆਇੰਟ ਬਣਾਏ, ਉਥੇ ਹਸਪਤਾਲ ਵੀ ਬਣਾਏ । ਪਿੰਡਾਂ ਦੇ ਲੋਕਾਂ ਦੀ ਸਿਹਤ ਠੀਕ ਰਖਣ ਵਾਸਤੇ ਬਲਾਕ ਪੱਧਰ ਤੇ 25 ਬੈਡਾਂ ਦਾ ਹਸਪਤਾਲ ਖੋਲ੍ਹਣ ਦਾ ਵੀ ਅਸੀਂ ਫੈਸਲਾ ਕੀਤਾ । ਹੁਣ ਇੰਟਰਨੈਸ਼ਨਲ ਪੱਧਰ ਤੇ ਖੇਡਾਂ ਦੇ ਮੁਕਾਬਲੇ ਹੋਣੇ ਹਨ । ਸਾਡਾ ਜਿਤਨਾ ਕਨ-ਟਿਨਜੈਂਟ ਜਾਂਦਾ ਹੈ ਉਹ ਵਾਪਸ ਆ ਜਾਂਦਾ ਹੈ ਕਿਉਂਕਿ ਸਾਡੇ ਲੋਕਾਂ ਦੀਆਂ ਸਿਹਤਾਂ ਅੱਛੀਆਂ ਨਹੀਂ । ਲੋਕਾਂ ਦੀ ਠੀਕ ਮੈਡੀਕਲ ਕੇਅਰ ਨਹੀਂ । ਲੋਕਾਂ ਨੂੰ ਇਹ ਪਤਾ ਨਹੀਂ ਕਿ ਉਨ੍ਹਾਂ ਦੀ ਸਿਹਤ ਵਿੱਚ ਕਿਹੜੀ ਤਰੁੱਟੀ ਹੈ ਅਸੀਂ ਕਈ ਬਲਾਕ ਪੱਧਰਾਂ ਤੇ ਇਹ ਹਸਪਤਾਲ ਖੋਲ੍ਹੇ ਵੀ ਹਨ, ਪਰ ਉਥੇ ਇਹ ਸਮਾਨ ਨਹੀਂ ਭੇਜ ਰਹੇ । ਅਸੀਂ ਚਾਹੁੰਦੇ ਹਾਂ ਕਿ ਸਾਡੇ ਪਿੰਡਾਂ ਦੇ ਲੋਕ ਵੀ ਸ਼ਹਿਰਾਂ ਦੇ ਲੋਕਾਂ ਦਾ ਮੁਕਾਬਲਾ ਕਰ ਸਕਣ । ਇਸ ਲਈ ਅਸੀਂ ਪਹਿਲਾਂ ਪਿੰਡਾਂ ਵਿੱਚ ਆਦਰਸ਼ ਸਕੂਲ ਖੋਲ੍ਹੇ ਸਨ। ਹਰੀਜਨਾਂ ਅਤੇ ਗਰੀਬਾਂ ਲਈ ਉਥੇ ਰਿਜ਼ਰਵੇਸ਼ਨ ਰਖੀ ਸੀ ਤਾਂ ਕਿ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਸੀਟਾਂ ਮਿਲਣ । ਲੇਕਿਨ ਉਹ ਸਕੂਲ ਵੀ ਇਨ੍ਹਾਂ ਨੇ ਬੰਦ ਕਰ ਦਿੱਤੇ ਪਿੰਡਾਂ ਦੇ ਵਿੱਚ ਰਹਿਣ ਵਾਲੇ 70 ਫੀਸਦੀ ਲੋਕਾਂ ਦੇ ਹੱਕ ਦਿਵਾਉਣ ਲਈ ਅਸੀਂ ਇਹ ਕੋਸ਼ਿਸ਼ ਕੀਤੀ ਸੀ ਕਿਉਂਕਿ ਉਹ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਹੁਣ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ 10,000 ਪਟਵਾਰੀ ਰਖਣਾ ਹੈ । ਪਟਵਾਰੀ ਪਿੰਡਾਂ ਦੇ ਲੋਕਾਂ ਵਿਚੋਂ ਲੈਣੇ ਚਾਹੀਦੇ ਹਨ ਕਿਉਂਕਿ ਪਟਵਾਰੀਆਂ ਨੇ ਪਿੰਡਾਂ ਦਾ ਕੰਮ ਕਰਨਾ ਹੈ । ਇਨ੍ਹਾਂ ਨੇ ਇਸਦੀ ਐਡਵਰਟਾਈਜ਼ਮੈਂਟ ਇੰਡੀਅਨ ਐਕਸ-ਪਰੈਸ ਅਤੇ ਪੰਜਾਬ ਕੇਸਰੀ ਅਖਬਾਰਾਂ ਵਿੱਚ ਦਿੱਤੀ ਹੈ । ਇਹ ਦੋਨੋਂ ਅਖਬਾਰਾਂ ਪਿੰਡਾਂ ਦੇ ਲੋਕ ਨਹੀਂ ਪੜ੍ਹਦੇ । ਆਪਣੇ ਆਦਮੀਆਂ ਕੋਲੋਂ ਐਪਲੀਕੇਸ਼ਨਾਂ ਇਨ੍ਹਾਂ ਨੇ ਪਹਿਲਾਂ ਲੈ ਲਈਆਂ ਹਨ । ਉਨ੍ਹਾਂ ਨੂੰ ਡਿਪਰਾਈਵ ਕਰ ਦਿੱਤਾ ਹੈ .....

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੋ ਕੁਝ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਕਿਹਾ ਹੈ ਮੈਂ ਉਸ ਵਿਚ ਜ਼ਿਆਦਾ ਨਹੀਂ ਜਾਂਦਾ ਮੈਂ ਸਿਰਫ ਇਕ ਗੱਲ ਕਲੀਅਰ ਕਰਨ ਵਾਸਤੇ ਖੜਾ ਹੋਇਆ ਹਾਂ । ਮਾਨਯੋਗ ਮੈਂਬਰ ਮਨਿਸਟਰ ਰਹੇ ਹਨ । ਉਨ੍ਹਾਂ ਨੂੰ ਗੱਲ ਕਰਨ ਤੋਂ ਪਹਿਲਾਂ ਰਿਕਾਰਡ ਵੇਖ ਲੈਣਾ ਚਾਹੀਦਾ ਸੀ । ਇਨ੍ਹਾਂ ਨੇ ਬੜਾ ਝੂਠ ਬੋਲਿਆ ਹੈ । (ਥੰਪਿੰਗ) ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਪੰਜਾਬੀ ਜ਼ਬਾਨ ਦੀ ਗੱਲ ਕਰਦੇ ਹਨ ......

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਇਹ ਇਕ ਅੱਧ ਗੱਲ ਕਰ ਸਕਦੇ ਹਨ ਪਰ ਇਹ ਤਾਂ ਸਾਰੇ ਹੀ ਜਵਾਬ ਦੇਣ ਲੱਗ ਪਏ ਹਨ । ਇਹ ਆਪਣੇ ਮਹਿਕਮੇਂ ਦੀ ਗੱਲ ਕਰ ਸਕਦੇ ਹਨ । (ਵਿਘਨ)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀਆਂ ਸਰਕਾਰਾਂ ਬਣੀਆਂ ਪਰ ਕਦੇ ਵੀ ਇਨ੍ਹਾਂ ਨੇ ਪੰਜਾਬੀ ਜ਼ਬਾਨ ਲਾਗੂ ਨਹੀਂ ਕੀਤੀ । ਇਹ ਕਾਂਗਰਸ ਪਾਰਟੀ ਵਾਲਿਆਂ ਨੇ ਸਰਦਾਰ ਲਛਮਣ ਸਿੰਘ ਗਿੱਲ ਵੇਲੇ ਲਾਗੂ ਕੀਤੀ ਸੀ । (ਥੰਪਿੰਗ) (ਵਿਘਨ) ਸੋ, ਮੇਰੀ ਅਰਜ਼ ਹੈ ਕਿ ਤਿੰਨ ਸਾਲ ਬਾਦਲ ਸਾਹਿਬ ਦੀ ਸਰਕਾਰ ਚੱਲੀ ਲੇਕਿਨ ਇਹ ਪੰਜਾਬੀ ਜ਼ਬਾਨ ਚਾਲੂ ਨਹੀਂ ਕਰ ਸਕੇ । (ਥੰਪਿੰਗ) ਮੈਂ ਹੋਰ ਅਰਜ਼ ਕਰਦਾ ਹਾਂ ਕਿ ਇਹ ਇਸ ਤਰ੍ਹਾਂ ਗਲਤ ਬਿਆਨੀ ਕਰ ਰਹੇ ਹਨ......

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ਡਿਪਟੀ ਸਪੀਕਰ ਸਾਹਿਬ, ਇਹ ਗੱਲ ਤਾਂ ਠੀਕ ਨਹੀਂ ਹੈ । ਇਹ ਆਪਣੇ ਮਹਿਕਮੇਂ ਬਾਰੇ ਹੀ ਕਹਿ ਸਕਦੇ ਹਨ । (ਵਿਘਨ)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪਟਵਾਰੀਆਂ ਦੀ ਵੀ ਗੱਲ ਕਰਦਾ ਹਾਂ । ਪਰ ਇਸ ਤੋਂ ਪਹਿਲਾਂ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਅੱਜ ਸਾਨੂੰ ਇਹ ਕਹਿੰਦੇ ਹਨ ਕਿ ਪੰਜਾਬੀ ਜ਼ਬਾਨ ਲਾਗੂ ਨਹੀਂ ਕਰਦੇ ਪਰ ਮੈਂ ਇਹ ਗੱਲ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਸਾਡੀ ਸਰਕਾਰ ਦੀ ਸਾਰੀ ਕਾਰਵਾਈ ਪੰਜਾਬੀ ਵਿਚ ਚਲਦੀ ਹੈ । (ਵਿਘਨ) ਬਾਕੀ. ਡਿਪਟੀ ਸਪੀਕਰ ਸਾਹਿਬ, ਪਟਵਾਰੀਆਂ ਦੀ ਗੱਲ ਇਨ੍ਹਾਂ ਨੇ ਕੀਤੀ ਹੈ ਮੈਨੂੰ ਤਾਂ ਪਤਾ ਨਹੀਂ ਹੈ ਕਿ ਇਨ੍ਹਾਂ ਨੇ ਕਿੱਥੋਂ ਫਿੱਗਰਜ਼ ਲਏ ਹਨ । ਇਨ੍ਹਾਂ ਨੂੰ ਕਿੱਥੋਂ ਪਤਾ ਲੱਗਿਆ ਹੈ ਕਿ ਅਸੀਂ 10 ਹਜ਼ਾਰ ਪਟਵਾਰੀ ਰੱਖਣਾ ਹੈ । ਠੀਕ ਹੈ, ਅਸੀਂ ਕੁਝ ਥੋੜ੍ਹੇ ਬਹੁਤ ਰੱਖਣੇ ਹੋਣਗੇ ਪਰ ਇਹ ਜਿਹੜੇ ਪਿੰਡਾਂ ਦੇ ਮੁੰਡਿਆਂ ਦੇ ਅਲੰਬਰਦਾਰ ਬਣੇ ਹੋਏ ਹਨ , ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੋਈ 25-26 ਹਜ਼ਾਰ ਪੇਂਡੂ ਮੁੰਡਿਆਂ ਦੀਆਂ ਅਰਜ਼ੀਆਂ ਸਾਡੇ ਪਾਸ ਆਈਆਂ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਇਸ ਗੱਲ ਤੋਂ ਰੋਕੋ ਤਾਕਿ ਇਹ ਇਸ ਤਰ੍ਹਾਂ ਝੂਠ ਬੋਲ ਕੇ ਗੈਲਰੀਜ਼ ਨੂੰ ਇਸ ਤਰ੍ਹਾਂ ਨਾ ਵਿਖਾਵਾ ਕਰ ਸਕਣ । (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਤਕਰੀਰ ਨਹੀਂ ਕਰ ਸਕਦੇ, ਆਪਣੇ ਮਹਿਕਮੇਂ ਬਾਰੇ ਕਹਿ ਸਕਦੇ ਹਨ ।

ਸ੍ਰੀ ਡਿਪਟੀ ਸਪੀਕਰ : ਇਹ ਗੌਰਮਿੰਟ ਬੈਂਚਿਜ਼ ਹਨ, ਇਨ੍ਹਾਂ ਪਾਸ ਬੋਲਣ ਲਈ ਬਹੁਤ ਟਾਈਮ ਹੈ, ਇਹ ਤੁਹਾਡੀ ਗੱਲ ਦਾ ਜਵਾਬ ਦੇ ਸਕਦੇ ਹਨ ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕਹਿਣਾ ਨਹੀਂ ਸੀ ਚਾਹੁੰਦਾ ਕਿ ਤੁਸੀਂ ਇਨ੍ਹਾਂ ਵਾਸਤੇ ਇਸ ਤਰ੍ਹਾਂ ਲੀਨੀਐਂਸੀ ਵਿਖਾਈ ਹੈ । ਮਨਿਸਟਰ ਇੰਟਰਵੀਨ ਕਰ ਸਕਦਾ ਹੈ ਪਰ ਤਕਰੀਰ ਨਹੀਂ ਕਰ ਸਕਦਾ । ਕਲ੍ਹ ਨੂੰ ਇਹ ਤਕਰੀਰ ਕਰਨ । ਸਾਡੇ ਪੁਆਇੰਟ ਲਿਖ ਕੇ ਉਨ੍ਹਾਂ ਦਾ ਜਵਾਬ ਦੇਣ, ਅਸੀਂ ਇਨ੍ਹਾਂ ਨੂੰ ਬਿਲਕੁਲ ਨਹੀਂ ਰੋਕਾਂਗੇ.......

ਸਰਦਾਰ ਦਰਸ਼ਨ ਸਿੰਘ ਕੇ.ਪੀ. : ਅਗਰ ਤੁਸੀਂ ਗਲਤ ਗੱਲਾਂ ਕਰੋ ਤਾਂ ਕੀ ਇਹ ਤੁਹਾਡੇ ਲਈ ਠੀਕ ਹੈ ? ਤੁਹਾਨੂੰ ਇਸ ਤਰ੍ਹਾਂ ਗਲਤ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਜਿਸ ਤਰ੍ਹਾਂ ਦੀਆਂ ਤੁਸੀਂ ਕਰ ਰਹੇ ਹੋ । (ਵਿਘਨ)

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਪੰਜਾਬੀ ਦਾ ਝਗੜਾ ਨਹੀਂ ਹੈ । ਗੱਲ ਤਾਂ ਇਹ ਸੀ ਕਿ ਜਿਹੜੀ ਇਨ੍ਹਾਂ ਨੇ ਪਟਵਾਰੀਆਂ ਵਾਸਤੇ ਐਡਵਰਟਾਈਜ਼ਮੈਂਟ ਕੀਤੀ ਹੈ ਉਸ ਦੀ ਜ਼ਬਾਨ ਦੀ ਗੱਲ ਸੀ । ਇਨ੍ਹਾਂ ਨੂੰ ਇਹ ਐਡਵਰਟਾਈਜ਼ਮੈਂਟ ਸਾਰੇ ਪੇਪਰਾਂ ਵਿਚ ਦੇਣੀ ਚਾਹੀਦੀ ਸੀ, ਪਰ ਇਨ੍ਹਾਂ ਨੇ ਉਪਰਲੇ ਪੇਪਰਾਂ ਵਿਚ ਹੀ ਦਿੱਤੀ ਹੈ......

(ਇਸ ਸਮੇਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਸਨ)

ਸ੍ਰੀ ਡਿਪਟੀ ਸਪੀਕਰ : ਕੇ. ਪੀ. ਸਾਹਿਬ ਜਦੋਂ ਤੁਹਾਨੂੰ ਬੋਲਣ ਲਈ ਟਾਈਮ ਮਿਲੇਗਾ ਤੁਸੀਂ ਗੱਲ ਕਲੀਅਰ ਕਰ ਦੇਣਾ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ, ਐਕਸ-ਮਨਿਸਟਰ ਨੇ, ਤਿੰਨ ਵਾਰੀ ਚੀਫ਼ ਮਨਿਸਟਰ ਸਾਹਿਬ ਨੂੰ ਮਖੌਲ ਕੀਤਾ ਹੈ। ਕੀ ਇਹ ਸਦਨ ਮਖੌਲ ਕਰਨ ਵਾਸਤੇ ਹੈ। ਇਹ ਪਵਿੱਤਰ ਹਾਊਸ ਹੈ। ਇਸ ਲਈ ਜਿਹੜਾ ਮਖੌਲ ਦਾ ਲਫਜ਼ ਇਨ੍ਹਾਂ ਨੇ ਕਿਹਾ ਹੈ, ਇਸ ਨੂੰ ਵਾਪਸ ਲੈਣਾ ਚਾਹੀਦਾ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪਿੰਡਾਂ ਦੇ ਗਰੀਬ ਲੋਕਾਂ ਦੀ ਗੱਲ ਹੀ ਕਰਦਾ ਹਾਂ। ਜੇਕਰ ਇਨ੍ਹਾਂ ਨੇ ਇਹ ਗੱਲ ਵੀ ਨਹੀਂ ਸੁਣੀ ਤਾਂ ਇਨ੍ਹਾਂ ਦੀ ਮਰਜ਼ੀ ਹੈ। ਮੈਂ ਇਹ ਕਹਿਣਾ ਚਾਹੁੰਦਾ ਸੀ ਕਿ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਪਟਵਾਰੀਆਂ ਦੀਆਂ ਪੋਸਟਾਂ ਸਾਰੀਆਂ ਦੀਆਂ ਸਾਰੀਆਂ ਮਿਲਣੀਆਂ ਚਾਹੀਦੀਆਂ ਹਨ। ਅਸੀਂ ਫੈਸਲਾ ਕੀਤਾ ਸੀ ਕਿ ਅਸੀਂ ਪਿੰਡਾਂ ਦੇ ਲੋਕਾਂ ਨੂੰ ਦਸ ਨੰਬਰ ਵੱਧ ਦਿਆਂ ਕਰਾਂਗੇ ਪਰ ਕੀ ਇਹ ਵੀ ਵਾਧੂ ਨੰਬਰ ਦਿੰਦੇ ਹਨ; ਇਸ ਬਾਰੇ ਦੱਸ ਦੇਣ। ਪਰ ਇਹ ਚੁਪ ਹਨ......

ਸ਼੍ਰੀ ਰਾਮ ਲਾਲ ਚਿੱਟੀ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਗੂੰਗਿਆ ਦਾ ਲਫ਼ਜ਼ ਵਰਤਿਆ ਹੈ। ਇਹ ਅਨਪਾਰਲੀਮੈਂਟਰੀ ਲਫਜ਼ ਹੈ। ਇਹ ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਐਸਾ ਕੋਈ ਲਫਜ਼ ਨਹੀਂ ਵਰਤਿਆਂ ਜੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਵੇਖ ਰਹੇ ਹੋ ਕਿ ਸਰਕਾਰੀ ਬੈਂਚਿਜ਼ ਤੋਂ ਕਿਸ ਤਰ੍ਹਾਂ ਇੰਟਰੱਪਸ਼ਨ ਹੋ ਰਹੀ ਹੈ। ਜਿਤਨਾ ਟਾਈਮ ਇਨ੍ਹਾਂ ਨੇ ਲਿਆ ਹੈ ਉਸ ਵਿਚੋਂ ਅੱਧਾ ਟਾਈਮ ਤਾਂ ਇੰਟਰੱਪਸ਼ਨਜ਼ ਵਿਚ ਹੀ ਚਲਾ ਗਿਆ ਹੈ। ਇਸ ਲਈ ਤੁਸੀਂ ਇਨ੍ਹਾਂ ਦੇ ਟਾਈਮ ਵਿਚ ਇਟਰੱਪਸ਼ਨਜ਼ ਦਾ ਟਾਈਮ ਨਾ ਗਿਣਨਾ।

ਸਰਦਾਰ ਗੁਰਦੇਵ ਸਿੰਘ ਬਾਦਲ : ਜੇਕਰ ਇਸ ਤਰ੍ਹਾਂ ਕਰਨਗੇ ਤਾਂ ਅਸੀਂ ਇਨ੍ਹਾਂ ਨੂੰ ਬੋਲਣ ਵੀ ਨਹੀਂ ਦੇਣਾ, ਯਾਦ ਰੱਖਣ ਇਹ ਵੀ। (ਹਾਸਾ) (ਵਿਘਨ)

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਜੀ ਸਾਬਕਾ ਐਜੂਕੇਸ਼ਨ ਮਨਿਸਟਰ ਹਨ, ਇਹ ਵੀ ਝੂਠ ਬੋਲਣ ਲੱਗੇ ਹੋਏ ਹਨ। ਇਹ ਕਹਿੰਦੇ ਹਨ ਕਿ ਇਹ ਵਾਧੂ ਨੰਬਰ ਦਿੰਦੇ ਹੁੰਦੇ ਸਨ ਔਰ ਹੁਣ ਨ੍ਹਹੀਂ ਦਿੱਤੇ ਜਾਂਦੇ। ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਇਨ੍ਹਾਂ ਨੂੰ ਹਾਊਸ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਤੁਸੀਂ ਇਨ੍ਹਾਂ ਨੂੰ ਰੋਕੋ।

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਇਹ ਕੋਈ ਗਲਤ ਗੱਲ ਨਹੀ ਹੈ। ਮੈਂ ਇਹ ਕਿਹਾ ਹੈ ਕਿ ਅਸੀਂ ਪੇਂਡੂ ਮੁੰਡਿਆ ਨੂੰ ਦਸ ਨੰਬਰ ਵਾਧੂ ਦਿੰਦੇ ਹੁੰਦੇ ਸੀ। ਜੇਕਰ ਇਹ ਵੀ ਵਾਧੂ ਨੰਬਰ ਉਸ ਤਰ੍ਹਾਂ ਹੀ ਪੇਂਡੂ ਮੁੰਡਿਆਂ ਨੂੰ ਦਿੰਦੇ ਹਨ ਤਾਂ ਦੱਸ ਦੇਣ। ਕੀ ਇਹ ਪਟਵਾਰੀਆਂ ਦੀ ਭਰਤੀ ਵੇਲੇ ਦਸ ਨੰਬਰ ਵਾਧੂ ਪੇਂਡੂ ਮੁੰਡਿਆਂ ਨੂੰ ਦੇਣਗੇ ? ਹੁਣ ਇਸ ਗੱਲ ਦਾ ਇਹ ਜਵਾਬ ਦੇ ਦੇਣ। ਇਨ੍ਹਾਂ ਨੂੰ ਡਿਪਟੀ ਸਪੀਕਰ ਸਾਹਿਬ, ਕਹੋ ਕਿ ਜਵਾਬ ਦੇਣ ਪਰ ਇਹ ਜਵਾਬ ਨਹੀਂ ਦੇਣਗੇ, ਇਹ ਐਂਵੇ ਹੀ ਰੌਲਾ ਪਾਈ ਜਾਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਤੋਂ ਅਗਾਂਹ ਜਾਣਾ ਚਾਹੁੰਦਾ ਹਾਂ। ਇਨ੍ਹਾਂ ਦਾ ਤਰੀਕਾ ਭਰਤੀ ਕਰਨ ਦਾ ਕੀ ਹੈ ? ਮੈਂ ਇਸ ਬਾਰੇ

ਦੱਸਦਾ ਹਾਂ। ਇਹ ਮੁੰਡਿਆਂ ਨੂੰ ਕਹਿਣਗੇ ਕਿ ਠੀਕ ਹੈ ਤੁਹਾਡਾ ਕੰਪੀਟੀਸ਼ਨ ਹੋ ਗਿਆ ਲਿਖਤੀ ਪੇਪਰ ਹੋ ਗਏ, ਪਰ ਤੁਸੀਂ ਪਾਸ ਨਹੀਂ ਕੀਤਾ। It is a competition under unequal conditions ਇਹ ਉਨ੍ਹਾਂ ਨਾਲ ਮਖੌਲ ਹੋਵੇਗਾ। ਇਸ ਤਰ੍ਹਾਂ ਤਾਂ ਮੈਂ ਸਮਝਦਾ ਹਾਂ ਕਿ ਆਪਾਂ 50 ਸਾਲ ਹੋਰ ਸਕੀਮਾਂ ਬਣਾਉਂਦੇ ਰਹੀਏ ਤਾਂ ਵੀ ਪਿੰਡਾਂ ਦੀ ਤਰੱਕੀ ਨਹੀਂ ਹੋ ਸਕਦੀ ਔਰ ਉਹ ਲੋਕ ਉਪਰ ਨਹੀਂ ਉਠ ਸਕਣਗੇ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿੰਦਾ ਹਾਂ। ਬਾਬੂ ਕੇਵਲ ਕ੍ਰਿਸ਼ਨ ਬਾਰੇ ਤਾਂ ਮੈਂ ਨਹੀਂ ਕਹਿੰਦਾ, ਉਹ ਤਾਂ ਜਨਸੰਘੀ ਹਨ, ਕਾਫੀ ਉਨ੍ਹਾਂ ਨੂੰ ਤਾਂ ਤਜਰਬਾ ਹੈ ਪਰ ਰੰਧਾਵਾ ਜੀ ਨੇ ਪਿਛਲੀ ਵਾਰੀ ਫੜ ਮਾਰੀ ਸੀ ਕਿ ਅਸੀਂ ਲੋਕਲ ਬਾਡੀਜ਼ ਦੀਆਂ ਇਲੈਕਸ਼ਨਾਂ ਕਰਵਾ ਦੇਣੀਆਂ ਹਨ ਪਰ ਹੁਣ ਤਾਂ ਛੇ ਮਹੀਨੇ ਹੋ ਗਏ ਹਨ ਇਹ ਬੋਲਦੇ ਹੀ ਨਹੀਂ ਔਰ ਕਿਸੇ ਵੀ ਲੋਕਲ ਬਾਡੀ ਦੀ ਇਲੈਕਸ਼ਨ ਨਹੀਂ ਕਰਾਉਂਦੇ। ਅੱਜ, ਅਖਬਾਰਾਂ ਵਿਚ ਛੱਪਿਆ ਹੈ ਕਿ ਹਿੰਦੁਸਤਾਨ ਦੀ ਗੌਰਮਿੰਟ ਹੁਣ ਬਾਈ-ਇਲੈਕਸ਼ਨਜ਼ ਕਰਾਉਣ ਦੇ ਮੂਡ ਵਿਚ ਨਹੀਂ ਹੈ ਕਿਉਂਕਿ ਉਹ ਸਮਝਦੀ ਹੈ ਕਿ ਉਸ ਨੂੰ ਜਿੱਤਣ ਦਾ ਚਾਂਸ ਨਹੀਂ ਹੈ। ਇਹ ਗੱਲ ਸੈਂਪਲ ਚੈਕਿੰਗ ਤੋਂ ਉਨ੍ਹਾਂ ਨੂੰ ਪਤਾ ਲੱਗ ਗਈ ਹੈ। ਇਸ ਕਰਕੇ ਇਹ ਵੀ ਇਲੈਕਸ਼ਨ ਕਰਾਉਣ ਦੇ ਮੂਡ ਵਿਚ ਨਹੀਂ ਹਨ ਪਰ ਇਹ ਫੜ੍ਹਾਂ ਜ਼ਰੂਰ ਮਾਰਦੇ ਸਨ ਕਿ ਅਸੀਂ ਲੋਕਲ ਬਾਡੀਜ਼ ਦੀਆਂ ਇਲੈਕਸ਼ਨਾਂ ਕਰਵਾਵਾਂਗੇ। ਠੀਕ ਹੈ ਨਵੇਂ ਮੁਸਲਮਾਨ ਇਸ ਤਰ੍ਹਾਂ ਹੀ ਕਰਦੇ ਹੁੰਦੇ ਹਨ।

ਸਰਦਾਰ ਜਗਦੇਵ ਸਿੰਘ ਜਸੋਵਾਲ : ਡਿਪਟੀ ਸਪੀਕਰ ਸਾਹਿਬ, ਪੰਜਾਬੀ ਨੂੰ ਲਾਗੂ ਕਰਨ ਵਿਚ ਇਹ ਵੀ ਇੰਟਰੈਸਟਿਡ ਹਨ ਔਰ ਮੈਂ ਵੀ ਇੰਟਰੈਸਟਿਡ ਹਾਂ। ਪਰ ਮੈਂ ਇਨ੍ਹਾਂ ਦੇ ਬਾਰੇ ਦੱਸਦਾ ਹਾਂ ਕਿ ਇਹ ਕਿਤਨੇ ਕੁ ਪੰਜਾਬੀ ਵਾਸਤੇ ਇੰਟਰੈਸਟਿਡ ਹਨ। ਮੈਂ ਹਾਊਸ ਦਾ ਅਟੈਂਡੈਂਸ ਰਜਿਸਟਰ ਹੁਣੇ ਹੀ ਪੜ੍ਹਿਆ ਹੈ ਉਸ ਵਿਚ ਇਨ੍ਹਾਂ ਨੇ ਆਪਣੇ ਦਸਖ਼ਤ ਅੰਗਰੇਜ਼ੀ ਵਿਚ ਕੀਤੇ ਹੋਏ ਹਨ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਕਰ ਦਿੱਤਾ ਜਾਵੇ ਕਿ ਜਿਹੜਾ ਵੀ ਆਨਰੇਬਲ ਮੈਂਬਰ ਹਾਊਸ ਦੀਆਂ ਪ੍ਰੋਸੀਡਿੰਗਜ਼ ਅੰਗਰੇਜ਼ੀ ਵਿਚ ਦਸਖਤ ਕਰੇ ਤਾਂ ਉਸ ਦੀ ਅਟੈਂਡੈਂਸ ਕਾਊਂਟਫਾਰ ਨਾ ਕੀਤੀ ਜਾਵੇ। ਕੀ ਇਹ ਇਸ ਤਰ੍ਹਾਂ ਕਰਨ ਨੂੰ ਤਿਆਰ ਹਨ ?

ਸਰਦਾਰ ਸੁਖਜਿੰਦਰ ਸਿੰਘ ਖੈਰਾ : ਡਿਪਟੀ ਸਪੀਕਰ ਸਾਹਿਬ, ਬਾਬੂ ਕੇਵਲ ਕ੍ਰਿਸ਼ਨ ਨੇ ਸਾਡੀ ਪਾਰਟੀ ਨਾਲ ਪਿਛਲੀ ਵਾਰੀ ਮਖੌਲ ਕੀਤਾ ਸੀ ਅਤੇ ਇਹ ਉਸ ਵੇਲੇ ਕਹਿਣ ਲੱਗੇ ਕਿ ਅਸੀਂ ਪਿਛਲਾ ਬਜਟ ਪੜ੍ਹਿਆ ਹੈ। 7 ਲੱਖ ਰੁਪਿਆ ਉਸ ਵੱਡੀ ਕਾਰ ਖਰੀਦਣ ਵਾਸਤੇ ਰਖਿਆ ਤਾਂ ਬੜੀ ਨੁਕਤਾਚੀਨੀ ਕੀਤੀ ਸੀ ਪਰ ਅੱਜ ਇਹ ਆਪ ਉਸ ਕਾਰ ਵਿਚ ਹੀ ਫਿਰ ਰਹੇ ਹਨ, ਜਦ ਕਿ ਪੈਟ੍ਰੋਲ ਐਨਾ ਮਹਿੰਗਾ ਹੋ ਗਿਆ ਹੈ। ਇਹ ਤਾਂ ਉਹ ਗਲ ਹੈ ਕਿ ਹੋਰਾਂ ਨੂੰ ਨਸੀਹਤ ਤੇ ਖੁਦ ਮੀਆਂ ਫਜ਼ੀਅਤ। ਜੇ ਇਨ੍ਹਾਂ ਨੂੰ ਪੰਜਾਬ ਦੇ ਇੰਟਰੈਸਟ ਦਾ ਖਿਆਲ ਹੁੰਦਾ ਤਾਂ ਇਹ ਆਪ ਉਹ ਵੱਡੀ ਕਾਰ ਨਾ ਰਖਦੇ। ਛੋਟੀ ਕਾਰ ਰਖੀ ਜਾ ਸਕਦੀ ਸੀ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇਕ ਆਖਰੀ ਗਲ ਅਤੇ ਬਹੁਤ ਵੱਡੀ ਗਲ ਕਹਿਣੀ ਚਾਹੁੰਦਾ ਹਾਂ। ਇਸ ਤੋਂ ਪਹਿਲਾਂ ਮੈਂ ਇਹ ਵੀ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਐਡਰੈਸ ਵਿਚ ਸਿਰਫ ਇਕੋ ਗਲ ਹੀ ਚੰਗੀ ਕਹੀ ਗਈ ਹੈ, ਜਿਸ ਦੀ ਕਿ ਅਸੀਂ ਵੀ ਸਰਾਹਨਾ ਕਰਦੇ ਹਾਂ। ਉਹ

[ਸਰਦਾਰ ਸੁਖਜਿੰਦਰ ਸਿੰਘ ਖੈਰਾ]

ਗਲ ਇਹ ਹੈ ਕਿ ਹੁਣ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਵਿਚ ਪੰਜਾਬੀ ਵਿਚ ਕੈਂਡੀਡੇਟਸ ਨੂੰ ਅਪੀਅਰ ਹੋਣ ਦੀ ਆਗਿਆ ਦੇ ਦਿੱਤੀ ਹੈ। ਇਹ ਬੜੀ ਚੰਗੀ ਗਲ ਹੈ, ਅਸੀਂ ਇਸ ਦੀ ਸਰਾਹਨਾ ਕਰਦੇ ਹਾਂ।

ਹੁਣ ਸਭ ਤੋਂ ਵਡੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਤਕ ਜਿੰਨੇ ਵੀ ਗਵਰਨਰ ਐਡਰੈਸ ਹੁੰਦੇ ਰਹੇ ਹਨ, ਉਨ੍ਹਾਂ ਤੇ ਕ੍ਰਿਟੀਸਿਜ਼ਮ ਤਾਂ ਹੁੰਦਾ ਰਿਹਾ ਹੈ ਪਰ ਜਿਹੜੀ ਸਭ ਤੋਂ ਵਡੀ ਗਲ ਹੈ ਉਹ ਇਹ ਹੈ ਕਿ ਪੰਜਾਬ ਕੋਲੋਂ ਅਤੇ ਹੋਰ ਸੂਬਿਆਂ ਕੋਲੋਂ ਹੌਲੇ ਹੌਲੇ ਸਾਰੀਆਂ ਤਾਕਤਾਂ ਸੈਂਟਰ ਲੈ ਗਿਆ ਹੈ। ਸਾਡੇ ਸੂਬੇ ਕੋਲ ਕੋਈ ਤਾਕਤ ਹੀ ਨਹੀਂ। ਜਿਹੜੀਆਂ ਵੀ ਸੂਬੇ ਕੋਲ ਤਾਕਤਾਂ ਸਨ, ਉਹ ਆਹਿਸਤਾ ਆਹਿਸਤਾ ਸੈਂਟਰ ਕੋਲ ਚਲੀਆਂ ਗਈਆਂ ਹਨ। ਪਿਛਲੇ 30-32 ਸਾਲਾਂ ਵਿਚ ਸੈਂਟਰਲ ਸਰਕਾਰ ਨੇ ਸਾਰੀਆਂ ਤਾਕਤਾਂ ਸਟੇਟਸ ਤੋਂ ਲੈ ਲਈਆਂ ਹਨ। (ਵਿਘਨ) ਤੁਸੀਂ ਮੇਰੀ ਗਲ ਸੁਣ ਤਾਂ ਲਵੋਂ ਜੇ ਚੰਗੀ ਨਾ ਲਗੇ ਤਾਂ ਬੇਸ਼ਕ ਰਿਜੈਕਟ ਕਰ ਦੇਣਾ, ਮੈਨੂੰ ਕੋਈ ਇਤਰਾਜ਼ ਨਹੀਂ। ਪਰ ਇਹ ਗਲ ਮੰਨਣੀ ਪਵੇਗੀ ਕਿ ਇਸ ਵੇਲੇ ਸਾਡੀ ਸਰਕਾਰ ਕੋਲ ਇਕ ਮਿਉਂਸਪਲ ਕਮੇਟੀ ਔਰ ਪੰਚਾਇਤਾਂ ਦੇ ਬਰਾਬਰ ਦੀ ਤਾਕਤ ਰਹਿ ਗਈ ਹੈ। (ਵਿਘਨ) ਦੇਸਾਈ ਵੀ ਤੁਹਾਡਾ ਹੀ ਸੀ ਮੈਂ ਤਾਂ ਇਹ ਕਹਿ ਹੀ ਰਿਹਾ ਹਾਂ ਕਿ ਕੋਈ ਵੀ ਗਰਮਿੰਟ ਆਈ ਹੌਲੇ ਹੌਲੇ ਪਾਵਰਜ਼ ਸੈਂਟਰ ਆਪਣੇ ਕੋਲ ਲੈਂਦੀ ਰਹੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਗਲ ਯਾਦ ਆ ਗਈ ਹੈ ਕਿ ਪਿਛੇ ਜਿਹੇ ਮੈਂ ਇਕ ਬੈਂਕ ਮੈਨੇਜਰ ਤੋਂ ਪੁੱਛਿਆ ਕਿ ਪੰਜਾਬ ਦੇ ਲੋਕਾਂ ਦੀ ਬੈਂਕਾਂ ਵਿਚ ਇਨਵੈਸਟਮੈਂਟ ਕਿਤਨੀ ਹੈ ਅਤੇ ਉਸ ਇਨਵੈਸਟਮੈਂਟ ਦੇ ਅਗੇਂਸਟ ਪੰਜਾਬ ਦੇ ਲੋਕਾਂ ਨੂੰ ਲੋਨ ਕਿਤਨਾ ਮਿਲਦਾ ਹੈ ਅਤੇ ਉਸ ਨਾਲ ਪੰਜਾਬ ਦੀ ਕਿੰਨੀ ਤਰੱਕੀ ਹੁੰਦੀ ਹੈ? ਇਸ ਤੇ ਉਹ ਬੈਂਕ ਮੈਨੇਜਰ ਮੈਨੂੰ ਕਹਿਣ ਲੱਗਾ ਕਿ ਇਸ ਬਾਰੇ ਪੂਰੀ ਇਨਫਰਮੇਸ਼ਨ ਤਾਂ ਕਿਸੇ ਪੰਜਾਬ ਦੇ ਲੀਡਿੰਗ ਬੈਂਕ ਤੋਂ ਹੀ ਮਿਲ ਸਕਦੀ ਹੈ ਪਰ ਐਨਾ ਜ਼ਰੂਰ ਹੈ ਕਿ ਪੰਜਾਬ ਦੇ ਲੋਕਾਂ ਦੀ ਇਨਵੈਸਟਮੈਂਟ ਦੇ ਮੁਤਾਬਿਕ ਬਹੁਤ ਹੀ ਘੱਟ ਪੈਸਾ ਪੰਜਾਬ ਦੇ ਲੋਕਾਂ ਨੂੰ ਮਿਲਦਾ ਹੈ। ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਜਿਹੜਾ ਸੂਬਾ ਜ਼ਿਆਦਾ ਖੁਰਾਕ ਪੈਦਾ ਕਰਦਾ ਹੈ ਚਾਹੇ ਉਹ ਕਣਕ ਹੋਵੇ, ਚਾਹੇ ਉਹ ਆਲੂ ਹੋਣ ਜਾਂ ਭਾਵੇਂ ਕਪਾਹ ਹੋਵੇ, ਉਸ ਦੇ ਵਾਸਤੇ ਉਸ ਸੂਬੇ ਨੂੰ ਉਸ ਦਾ ਜ਼ਿਆਦਾ ਫਾਇਦਾ ਹੋਣਾ ਚਾਹੀਦਾ ਹੈ। ਲੇਕਿਨ ਇਥੇ ਤਾਂ ਇਹ ਹਾਲ ਹੈ ਕਿ ਪੰਜਾਬ ਦੇ ਲੋਕ ਲੁੱਟੇ ਜਾਂਦੇ ਹਨ। ਸਭ ਤੋਂ ਵੱਧ ਕਣਕ ਪੰਜਾਬ ਪੈਦਾ ਕਰਦਾ ਹੈ ਪਰ ਭਾਅ ਮੁਕੱਰਰ ਕਰਨ ਵੇਲੇ ਸੈਂਟਰ ਸਰਕਾਰ ਬੈਠੀ ਹੈ। ਸਰਦਾਰ ਦਰਬਾਰਾ ਸਿੰਘ ਜੀ ਵੀ ਦਿੱਲੀ ਜਾਂਦੇ ਹਨ ਤਾਂ ਉਹ ਕਨਾਟ ਪਲੇਸ ਤੋਂ ਹੀ ਮੁੜ ਆਉਂਦੇ ਹਨ ਆਪਣੀ ਗਲ ਨਹੀਂ ਕਰ ਸਕਦੇ। ਪਹਿਲੇ ਪੁੱਛਦੇ ਹਨ ਕਿ ਕੀ ਬੀਬੀ ਦਾ ਮੂਡ ਚੰਗਾ ਹੈ? ਜੇ ਮੂਡ ਚੰਗਾ ਨਹੀਂ ਹੁੰਦਾ ਤਾਂ ਇਹ ਵਾਪਿਸ ਮੁੜ ਆਉਂਦੇ ਹਨ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਸੈਂਟਰ-ਸਟੇਟ ਰਿਲੇਸ਼ਨਜ਼ ਮੁੜ ਡੀਫਾਈਨ ਕਰਨਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਐਗਰੀਕਲਚਰ ਦੀ ਪਰੋਡਕਸ਼ਨ ਵਿਚ ਸਾਡਾ ਸੂਬਾ ਸਭ ਤੋਂ ਅੱਗੇ ਹੋਵੇ ਪਰ ਭਾਅ ਮੁਕਰੱਰ ਕਰਨ ਵੇਲੇ ਸੈਂਟਰ ਕੋਲ ਪਾਵਰ ਹੋਵੇ। ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਮੈਨੂੰ ਇਹ ਕੋਈ ਵੀ ਪੰਜਾਬ ਗਰਮਿੰਟ ਦਾ ਅਜਿਹਾ ਮਹਿਕਮਾ ਦੱਸ ਦੇਣ, ਜਿਸ ਦਾ ਪੂਰਾ ਕੰਟਰੋਲ ਪੰਜਾਬ ਸਰਕਾਰ ਕੋਲ ਹੋਵੇ। ਕੋਈ ਵੀ ਅਜਿਹਾ ਮਹਿਕਮਾ ਨਹੀਂ, ਹਰ ਮਹਿਕਮੇ ਤੇ ਕਿਸੇ ਨਾ ਕਿਸੇ ਤਰ੍ਹਾਂ ਸੈਂਟਰ ਗੌਰਮਿੰਟ ਦਾ ਕੰਟਰੋਲ ਹੈ। ਇਥੋਂ ਤਕ ਕਿ ਰੈਵੇਨਿਊ ਦਾ ਇਕ ਛੋਟਾ ਜਿਹਾ ਮਹਿਕਮਾ ਹੈ, ਪਰ ਉਸ ਤੇ ਸੈਂਟਰਲ ਗੌਰਮਿੰਟ ਦਾ ਕੰਟਰੋਲ ਹੈ। ਮੈਂ ਸਮਝਦਾ ਹਾਂ ਕਿ ਇਹ ਕਿਤਨੀ ਸ਼ਰਮਨਾਕ ਗਲ ਹੈ ਕਿ ਇਹ ਹਾਲੇ ਵੀ

ਸੈਂਟਰ-ਸਟੇਟ ਰਿਲੇਸ਼ਨ ਰੀ-ਡੀਫਾਈਨ ਨਹੀਂ ਕਰਦੇ । ਜਦ ਤਕ ਇਹ ਰਿਲੇਸ਼ਨ ਰੀ-ਡੀਫਾਈਨ ਨਹੀਂ ਹੁੰਦੇ, ਸੂਬੇ ਨੂੰ ਪੂਰੀਆਂ ਤਾਕਤਾਂ ਨਹੀਂ ਮਿਲਦੀਆਂ, ਕੋਈ ਸੂਬਾ ਤਰੱਕੀ ਨਹੀਂ ਕਰ ਸਕਦਾ । ਅੱਜ ਸੈਂਟਰ ਸਟੇਟ ਰਿਲੇਸ਼ਨ ਨੂੰ ਰੀ-ਡੀਫਾਈਨ ਕਰਨ ਲਈ ਸਾਰੀਆਂ ਪਾਰਟੀਆਂ ਕਹਿ ਰਹੀਆਂ ਹਨ ਚਾਹੇ ਉਹ ਅਕਾਲੀ ਪਾਰਟੀ ਹੈ, ਚਾਹੇ ਉਹ ਕਾਮਿਊਨਿਸਟ ਹੈ, ਚਾਹੇ ਉਹ ਡੀ. ਐਮ. ਕੇ. ਹੈ ਤੇ ਚਾਹੇ ਉਹ ਸ਼ੇਖ਼ ਅਬਦੁਲਾ ਦੀ ਪਾਰਟੀ ਹੈ, ਸਾਰੀਆਂ ਪਾਰਟੀਆਂ ਇਹ ਕਹਿ ਰਹੀਆਂ ਹਨ ਕਿ ਸੈਂਟਰ-ਸਟੇਟ ਰਿਲੇਸ਼ਨ ਰੀ-ਡੀਫਾਈਨ ਹੋਣੇ ਚਾਹੀਦੇ ਹਨ । ਔਰ ਇਸ ਤੇ ਡੀਬੇਟ ਹੋਣੀ ਚਾਹੀਦੀ ਹੈ । (ਵਿਘਨ)

ਪਰ ਇਹ ਕਹਿੰਦੇ ਹਨ ਕਿ ਇਹ ਗਲਾਂ ਪੀਸਫੁਲੀ ਹੋਣੀਆਂ ਚਾਹੀਦੀਆਂ ਹਨ । ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਪੰਜਾਬ ਵਿਚ ਕਿਹੜਾ ਕੰਮ ਪੀਸਫੁਲੀ ਨਹੀਂ ਹੋਇਆ । ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਇਸ ਦੇ ਵਾਸਤੇ ਪੀਸਫੁਲੀ ਦਰਸ਼ਨ ਸਿੰਘ ਫੇਰੂਮਾਨ ਸ਼ਹੀਦ ਹੋ ਗਏ ਪਰ ਉਹ ਚੰਡੀਗੜ੍ਹ ਨਾ ਮਿਲਿਆ । ਜਦ ਪੰਜਾਬੀ ਸੂਬੇ ਦੀ ਗਲ ਕੀਤੀ ਤਾਂ ਉਹ ਬੜੀ ਪੀਸਫੁਲੀ ਕੀਤੀ ਲੇਕਿਨ ਇਹ ਮਸਲੇ ਹੱਲ ਨਹੀਂ ਹੋ ਸਕੇ । ਸ਼੍ਰੋਮਣੀ ਅਕਾਲੀ ਦਲ ਦੇ ਵਰਕਰਜ਼ ਹਿੰਦੁਸਤਾਨ ਦੇ ਬਹਾਦੁਰ ਸਿਪਾਹੀ ਹਨ । 21 ਤਾਰੀਖ ਨੂੰ ਸਾਰੇ ਪੰਜਾਬ ਵਿਚੋਂ ਲੋਕ ਪੀਸਫੁਲੀ ਇਥੇ ਆਏ । ਕਿਸੇ ਨੇ ਕੋਈ ਵਾਇਲੈਂਸ ਨਹੀਂ ਕੀਤੀ । ਪਰ ਜਦੋਂ ਚੰਡੀਗੜ੍ਹ ਆਕੇ ਇੱਕਠੇ ਹੋਏ ਅਤੇ ਇਥੇ ਪਹੁੰਚੇ ਤਾਂ ਸਾਡੇ ਤੇ ਸਖਤੀ ਕੀਤੀ ਗਈ । (ਵਿਘਨ) ਡਿਪਟੀ ਸਪੀਕਰ ਸਾਹਿਬ, ਅਸੀਂ ਇਥੇ ਪੀਸਫੁਲੀ ਪਹੁੰਚੇ ਸੀ, ਪਰ ਸਾਡੇ ਤੇ ਸਖ਼ਤੀ ਕੀਤੀ ਗਈ । ਅਸੀਂ ਇਥੇ ਅਸੈਂਬਲੀ ਦੇ ਦਰਵਾਜ਼ੇ ਤਕ ਆ ਚੁੱਕੇ ਸੀ ਜੇ ਅਸੀਂ ਚਾਹੁੰਦੇ ਤਾਂ ਅਸੀਂ ਅੰਦਰ ਆ ਸਕਦੇ ਸੀ ਅਤੇ ਅਸੀਂ ਇਹ ਸੈਸ਼ਨ ਨਹੀਂ ਸੀ ਹੋਣ ਦੇਣਾ ਪਰ ਅਸੀਂ ਅਸੈਂਬਲੀ ਦੇ ਅੰਦਰ ਨਹੀਂ ਵੜੇ । ਇਨ੍ਹਾਂ ਨੂੰ ਇਸ ਗਲ ਦੀ ਦਾਦ ਦੇਣੀ ਚਾਹੀਦੀ ਹੈ । ਮੈਂ ਜਦੋਂ ਇਥੋਂ ਦੇ ਆਈ. ਜੀ. ਪੁਲਿਸ ਅਤੇ ਡਿਪਟੀ ਕਮਿਸ਼ਨਰ ਨੂੰ ਮਿਲਿਆ ਤਾਂ ਉਹ ਕਹਿਣ ਲਗੇ ਕਿ ਤੁਸੀਂ ਬੜੀ ਜ਼ਿਆਦਤੀ ਕੀਤੀ ਹੈ । ਮੈਂ ਉਨ੍ਹਾਂ ਨੂੰ ਦਸਿਆ ਕਿ ਜ਼ਿਆਦਤੀ ਅਸੀਂ ਨਹੀਂ ਬਲਕਿ ਪੁਲਿਸ ਨੇ ਕੀਤੀ ਹੈ । ਕਦੇ ਅੱਜ ਤਕ ਕਿਸੇ ਨੇ ਪੁਲਿਸ ਨੂੰ ਰੋੜੇ ਮਾਰਦੇ ਵੇਖਿਆ ਹੈ ? ਪੁਲਿਸ ਗੋਲੀ ਚਲਾ ਸਕਦੀ ਹੈ, ਟੀਅਰ ਗੈਸ ਛੱਡ ਸਕਦੀ ਹੈ ਪਰ ਰੋੜੇ ਮਾਰਨ ਦੀ ਇਜਾਜ਼ਤ ਕਿਸੇ ਨੂੰ ਨਹੀਂ ਹੋਣੀ ਚਾਹੀਦੀ । ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਸਾਡੇ ਤੇ ਜ਼ਿਆਦਤੀ ਕੀਤੀ ਗਈ ਪਰ ਫਿਰ ਵੀ ਸਾਡੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਜ਼ ਪੀਸਫੁਲ ਰਹੇ ਪਰ ਪਿਛੇ ਨਹੀਂ ਹੱਟੇ । ਸ਼੍ਰੋਮਣੀ ਅਕਾਲੀ ਦਲ ਦੇ ਵਰਕਰਜ਼ ਅਣਖ ਨਾਲ ਜੀਊਣਾ ਚਾਹੁੰਦੇ ਹਨ, ਅਸੀਂ ਇਸ ਅਣਖ ਪਿਛੇ ਚਰਖੜੀਆਂ ਤੇ ਚੜ੍ਹ ਗਏ, ਜੇਲ੍ਹਾਂ ਵਿਚ ਰਹੇ ਅਤੇ ਹੋਰ ਤਸ਼ਦਦ ਸਹੇ ਪਰ ਅਣਖ ਨਾਲ ਜਿਊਣਾ ਸਿਖੇ ਹਾਂ । (ਵਿਘਨ) ਔਰ ਫਿਰ ਜੇ ਇਹ ਪੀਸਫੁਲੀ ਐਜੀਟੇਸ਼ਨ ਤੇ ਕੋਈ ਸਖਤੀ ਕਰਨਗੇ ਤਾਂ ਫਿਰ ਅਸੀਂ ਜੋ ਮਰਜ਼ੀ ਆਏਗੀ ਆਪਣੀ ਮਨਮਤ ਕਰਾਂਗੇ ।

Mr. Deputy Speaker: Please wind up.

ਸਰਦਾਰ ਸੁਖਜਿੰਦਰ ਸਿੰਘ ਖੈਰਾ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਗਲ ਸਮਝਣਾ ਚਾਹੁੰਦਾ ਹਾਂ ਕਿ ਇਹ ਕਿਹੜੀ ਗੱਲ ਪੀਸਫੁਲ ਸਮਝਦੇ ਹਨ ਅਸੀਂ ਉਹੋ ਕਰ ਲਵਾਂਗੇ । ਇਕ ਛੋਟੀ ਜਿਹੀ ਗਲ ਪਿਛੇ ਇਹ ਇਤਨੀ ਸਖਤੀ ਕਰਦੇ ਹਨ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਪਰੋਸੀਡਿੰਗਜ਼ ਨੂੰ ਰੀ-ਕੰਸੀਡਰ ਕਰਨਾ ਸੀ, ਦੁਬਾਰਾ ਮੀਟਿੰਗ ਕਰਨੀ ਸੀ ਪਰ ਉਸ ਦੇ ਵਾਸਤੇ ਇਨ੍ਹਾਂ ਨੇ ਇਥੇ ਅਸੈਂਬਲੀ ਵਿਚ ਕੀ ਹਾਲ ਕਰਵਾਇਆ । (ਵਿਘਨ) ਗੱਲ ਕੁਝ ਵੀ ਨਹੀਂ ਪਰ ਮੈਂ ਤੁਹਾਨੂੰ ਇਨ੍ਹਾਂ ਦੀ ਨੀਯਤ ਦੱਸਣਾ ਚਾਹੁੰਦਾ ਹਾਂ । ਇਹ ਸਾਨੂੰ ਦੱਸ ਦੇਣ ਇਨ੍ਹਾਂ ਦੀ

[ਸਰਦਾਰ ਸੁਖਜਿੰਦਰ ਸਿੰਘ ਖੈਰਾ]

ਨਿਯਤ ਵਿਚ ਪੀਸਫੁਲ ਦਾ ਮਤਲਬ ਕੀ ਹੈ ਅਸੀਂ ਉਹ ਕਰ ਲਵਾਂਗੇ । ਕੋਈ ਡਿਸੀਜ਼ਨ ਇਹ ਗੌਰਮਿੰਟ ਨਹੀਂ ਲੈ ਸਕਦੀ । ਡਾਇਰੈਕਸ਼ਨ ਇਹ ਨਹੀਂ ਦੇ ਸਕਦੀ । ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਗੌਰਮਿੰਟ ਡਾਇਰੈਕਟਿਵਲੈਸ ਅਤੇ ਸੈਂਸਲੈਸ ਹੋ ਚੁੱਕੀ ਹੈ । ਬੋਰਡਾਂ ਦੇ ਚੇਅਰਮੈਨ ਲਗਾਉਣੇ ਸਨ, ਉਹ ਇਹ ਨਹੀਂ ਲਗਾ ਸਕੇ । ਪਬਲਿਕ ਸਰਵਿਸ ਕਮਿਸ਼ਨ ਦੇ 2 ਮੈਂਬਰ ਐਪੁਆਇੰਟ ਕਰਨੇ ਸਨ, ਉਹ ਇਹ ਨਹੀਂ ਕਰ ਸਕੇ । ਹੋਰ ਕੋਈ ਪਾਲਿਸੀ ਇਹ ਨਹੀਂ ਬਣਾ ਸਕੇ । ਕਿਸੇ ਕਿਸਮ ਦਾ ਫੈਸਲਾ ਨਹੀਂ ਕਰ ਸਕੇ । ਇਨ੍ਹਾਂ ਦਾ ਇਹ ਹਾਲ ਹੋ ਚੁੱਕਾ ਹੈ ।

ਐਸੀ ਗੌਰਮਿੰਟ ਜਿਹੜੀ ਹੈ ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦਾ ਦਰਬਾਰ ਦਿੱਲੀ ਲਗਾ ਦੇਣਾ ਚਾਹੀਦਾ ਹੈ ਕਿਉਂਕਿ ਇਹ ਪੰਜਾਬ ਵਿਚ ਰਾਜ ਨਹੀਂ ਚਲਾ ਸਕਦੇ । ਇਨ੍ਹਾਂ ਨੇ ਜਿੰਨਾ ਮੌਜ ਮੇਲਾ 6 ਮਹੀਨੇ ਕਰਨਾ ਸੀ, ਉਹ ਕਰ ਲਿਆ ਹੈ । ਹੋਰ ਕਿਸੇ ਚੰਗੇ ਸੂਝਵਾਨ ਨੂੰ ਪੰਜਾਬ ਦੀ ਰਹਿਨੁਮਾਈ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਲੋਕਾਂ ਦਾ ਭੱਲ ਹੋ ਸਕੇ । ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ, ਇਸ ਦੇ ਵਿਚ ਧੰਨਵਾਦ ਕਰਨ ਵਾਲੀ ਕੋਈ ਗੱਲ ਨਜ਼ਰ ਨਹੀਂ ਆਉਂਦੀ ਹੈ । ਇਸ ਲਈ ਇਸ ਦੇ ਵਿਚ ਮੈਂ ਸ਼ਾਮਲ ਨਹੀਂ ਹੋ ਸਕਦਾ । (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਸਨ ਪਰ ਡਿਪਟੀ ਸਪੀਕਰ ਸਾਹਿਬ ਨੇ ਸਰਦਾਰਨੀ ਰਾਜਿੰਦਰ ਕੌਰ ਨੂੰ ਬੋਲਣ ਦੀ ਇਜ਼ਾਜਤ ਦਿੱਤੀ ।)

ਸਰਦਾਰਨੀ ਰਾਜਿੰਦਰ ਕੌਰ (ਧਨੌਲਾ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਵਰਨਰ **ਐਡਰੈਸ** ਦੇ ਮਤੇ ਦੀ ਪ੍ਰੋੜ੍ਹਤਾ ਕਰ ਦੀ ਹਾਂ । ਪਿਛਲੇ 7 ਮਹੀਨਿਆਂ ਦੇ ਵਿਚ ਜੋ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪ੍ਰਾਪਤੀਆਂ ਕੀਤੀਆਂ ਹਨ, ਉਹ ਗਵਰਨਰ ਐਡਰੈਸ ਵਿਚ ਦਸੀਆਂ ਗਈਆਂ ਹਨ । ਇਹ ਪ੍ਰਾਪਤੀਆਂ ਹੁਣ ਹੀ ਨਹੀਂ ਬਲਕਿ ਪਿਛਲੀਆਂ ਕਾਂਗਰਸ ਸਰਕਾਰਾਂ ਦੇ ਵਕਤ ਵੀ ਪ੍ਰਾਪਤੀਆਂ ਹੁੰਦੀਆਂ ਰਹੀਆਂ ਹਨ । ਮੇਰੀ ਸਰਕਾਰ ਨੇ ਪੰਜਾਬ ਵਿਚ ਹਰ ਵਰਗ ਦੇ ਲੋਕਾਂ ਲਈ ਚਾਹੇ ਉਹ ਹਰੀਜਨ ਹੈ, ਚਾਹੇ ਜ਼ਿਮੀਂਦਾਰ ਹੈ, ਵਿਦਿਆਰਥੀ ਹੈ, ਚਾਹੇ ਵੀਕਰ ਸੈਕਸ਼ਨ ਦੇ ਨਾਲ ਸਬੰਧ ਰਖਦਾ ਹੈ ਉਸ ਦੀ ਡਿਵੈਲਪਮੈਂਟ ਲਈ ਸ਼ਲਾਘਾਯੋਗ ਕਦਮ ਚੁੱਕੇ ਹਨ ਅਤੇ ਨਾਲ ਹੀ ਪੰਜਾਬ ਦੇ ਲੋਕਾਂ ਲਈ ਉਤਸ਼ਾਹਜਨਕ ਕਦਮ ਚੁੱਕੇ ਗਏ ਹਨ ਤਾਕਿ ਲੋਕਾਂ ਦੀ ਭਲਾਈ ਹੋ ਸਕੇ । ਇਸ ਰੋਸ਼ਨੀ ਵਿਚ ਮੈਂ ਦੱਸਣਾ ਚਾਹੁੰਦੀ ਹਾਂ ਕਿ ਹੁਣੇ ਸਰਦਾਰ ਸੁਖਜਿੰਦਰ ਸਿੰਘ ਜੀ ਬੋਲੇ ਹਨ । ਉਨ੍ਹਾਂ ਨੇ ਆਪਣੀ ਸਾਰੀ ਸਪੀਚ ਵਿਚ ਪੰਜਾਬ ਦੇ ਵਿਕਾਸ ਵੱਲ ਬਹੁਤ ਘੱਟ ਸਮਾਂ ਦਿੱਤਾ ਹੈ ਔਰ ਜ਼ਿਆਦਾ ਸਮਾਂ ਸਰਦਾਰ ਦਰਬਾਰਾ ਸਿੰਘ ਨੂੰ ਹੀ ਕ੍ਰਿਟੇਸਾਈਜ਼ ਕੀਤਾ ਹੈ ਔਰ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਇਕ ਫਿਰਕੂ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਕਿ ਹਿੰਦੂ ਸਿੱਖ ਅਲੱਗ ਅਲੱਗ ਹੋ ਜਾਣ । ਇਹ ਗਲ ਪੰਜਾਬ ਦੇ ਲੋਕਾਂ ਲਈ ਖਤਰਨਾਕ ਸਾਬਤ ਹੋ ਸਕਦੀ ਹੈ । ਦੂਸਰੇ ਪਾਸੇ ਸੀ. ਪੀ. ਆਈ. ਦੇ ਲੀਡਰ ਕਾਮਰੇਡ ਰਾਜ ਕੁਮਾਰ ਜੀ ਬੋਲੇ ਸਨ, ਉਹ ਬੜੇ ਪਾਰਲੀਮੈਂਟਰੀਅਨ ਹਨ ਅਤੇ ਸੁਲਝੇ ਹੋਏ ਲੀਡਰ ਹਨ । ਪਰ ਜਿਹੜੀ ਉਨ੍ਹਾਂ ਨੇ ਸਪੀਚ ਕੀਤੀ, ਉਸ ਵਿਚ 2% ਸਚਾਈ ਸੀ ਅਤੇ ਬਾਕੀ ਉਨ੍ਹਾਂ ਨੇ ਝੂਠ ਦਾ ਸਹਾਰਾ ਲੈ ਕੇ ਅਤੇ ਕਿਸੇ ਮਜਬੂਰੀ ਦੇ ਥੱਲੇ ਜਾਂ ਪਾਰਟੀ ਨੂੰ ਮੁੱਖ ਰੱਖਕੇ ਝੂਠੀਆਂ ਗੱਲਾਂ ਕਰਦੇ ਰਹੇ ਅਤੇ ਸਚਾਈ ਵਲ ਬਹੁਤ ਘੱਟ ਗਏ ਹਨ । ਇਸ ਲਈ ਉਨ੍ਹਾਂ ਨੂੰ ਸਚਾਈ ਨੂੰ ਸੱਚ ਕਹਿ ਦੇਣਾ ਚਾਹੀਦਾ ਹੈ ਔਰ ਝੂਠ ਨੂੰ ਝੂਠ ਕਹਿ ਦੇਣਾ ਕੋਈ ਗੁਨਾਹ ਨਹੀਂ ਹੈ । ਇਨ੍ਹਾਂ ਆਪੋਜੀਸ਼ਨ ਪਾਰਟੀਆਂ ਨੂੰ ਸਰਕਾਰ ਦੇ ਕੰਮਾਂ ਵਿਚ ਸਹਿਯੋਗ ਦੇਣਾ ਚਾਹੀਦਾ ਹੈ ਨਾ ਕਿ ਨੁਕਤਾ ਚੀਨੀ ਦਾ ਮਕਸ਼ਦ ਲੈ ਕੇ ਸਰਕਾਰ ਤੇ

ਨੁਕਤਾਚੀਨੀ ਕਰਨੀ ਚਾਹੀਦੀ ਹੈ। ਸਰਕਾਰ ਦਾ ਵਿਰੋਧ ਕਰਨ ਦਾ ਆਪੋਜੀਸ਼ਨ ਪਾਰਟੀਆਂ ਨੂੰ ਹੱਕ ਹੈ ਪਰ ਇਹ ਚੀਜ਼ ਬੜੇ ਅੱਛੇ ਢੰਗ ਨਾਲ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਗੱਲ ਤਾਂ ਐਸੀ ਹੈ ਕਿ ਮੈਂ ਨਾ ਮਾਨੂੰ, ਮੈਂ ਨਾ ਮਾਨੂੰ।

ਪੰਜਾਬ ਦਾ ਸੂਬਾ ਖੇਤੀਬਾੜੀ ਦਾ ਪ੍ਰਧਾਨ ਅਤੇ ਮੰਨਿਆ ਪ੍ਰਮੰਨਿਆ ਸੂਬਾ ਹੈ। ਪਜਾਬ ਦੇ ਕਿਸਾਨ ਦੀ ਮਦੱਦ ਕਰਨਾ ਕਾਂਗਰਸ ਸਰਕਾਰ ਦਾ ਫਰਜ਼ ਹੈ। ਚਾਹੇ ਕਿਸੇ ਪਾਰਟੀ ਦੀ ਸਰਕਾਰ ਹੋਵੇ ਉਸ ਨੂੰ ਕਿਸਾਨ ਦੀ ਮਦੱਦ ਕਰਨੀ ਚਾਹੀਦੀ ਹੈ ਪਰ ਜਦੋਂ ਅਕਾਲੀ-ਜਨਤਾ ਰਾਜ ਸੀ ਉਸ ਸਮੇਂ ਕਿਸ਼ਾਨ ਦਾ ਕੀ ਹਾਲ ਹੋਇਆ ਇਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। (ਵਿਘਨ) ਜਦੋਂ ਸਰਦਾਰ ਸੁਰਜੀਤ ਸਿੰਘ, ਸੈਂਟਰ ਵਿਚ ਐਗਰੀਕਲਚਰਲ ਮਨਿਸਟਰ ਬਣੇ ਸਨ ਤਾਂ ਇਨ੍ਹਾਂ ਨੂੰ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਸੀ, ਜਦ ਕਿ ਇਹ ਕਿਸਾਨਾਂ ਦੇ ਹਿਤੈਸ਼ੀ ਬਣੀ ਫਿਰਦੇ ਹਨ। ਇਹ ਗੱਲ ਮੈਂ ਫ਼ਖਰ ਨਾਲ ਕਹਿ ਸਕਦੀ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਤੋਂ ਅਗੇ ਜਿਨੀਆਂ ਵੀ ਕਾਂਗਰਸ ਦੀਆਂ ਸਰਕਾਰਾਂ ਬਣੀਆਂ ਹਨ ਉਨ੍ਹਾਂ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਹੈ। ਪਰ ਅਕਾਲੀ ਜਨਤਾ ਦੇ 28 ਮਹੀਨਿਆਂ ਦੇ ਰਾਜ ਵਿਚ ਇਹ ਕੀ ਕਰ ਸਕੇ ਸਨ। ਉਹ ਇਹ ਹੈ ਕਿ ਇਨ੍ਹਾਂ ਦੇ ਰਾਜ ਵਿਚ ਜ਼ੀਰੀ ਦਾ, ਗੰਨੇ ਦਾ, ਆਲੂਆਂ ਦਾ ਭੈੜਾ ਹਾਲ ਹੋਇਆ ਅਤੇ ਕਿਸਾਨ ਨੇ ਪੈਦਾਵਾਰ ਕਰਨੀ ਬੰਦ ਕਰ ਦਿੱਤੀ ਲੇਕਿਨ ਹੁਣ ਇਹ ਬੜੇ ਹਮਦਰਦ ਬਣੀ ਫਿਰਦੇ ਹਨ। ਜਦੋਂ ਇਨ੍ਹਾਂ ਨੂੰ ਸਮਾਂ ਮਿਲਿਆ ਸੀ ਹਮਦਰਦੀ ਜ਼ਾਹਿਰ ਕਰਨ ਦਾ ਉਦੋਂ ਹਮਦਰਦੀ ਵਿਖਾਈ ਨਹੀਂ ਹੈ। ਮੈਂ ਜ਼ਿਆਦਾ ਤਫਸ਼ੀਲ ਵਿਚ ਨਾ ਜਾਂਦੀ ਹੋਈ ਇਹ ਬੇਨਤੀ ਕਰਦੀ ਹਾਂ ਕਿ (ਘੰਟੀ) ਇਹ ਲੋਕ ਕਿਸਾਨਾਂ ਦਾ ਕਤਲ ਕਰਨ ਵਾਲੇ ਹਨ। ਇਹ ਕਤਲ ਕਰਕੇ ਕਾਤਿਲ ਦੇ ਨਾਲ ਹਮਦਰਦੀ ਜ਼ਹਿਰ ਕਰਨੀ ਜਾਂ ਸਹਿਯੋਗ ਦੇਣ ਨਾਲ ਗੱਲ ਨਹੀਂ ਬਣ ਜਾਂਦੀ, ਪਰ ਕੁਝ ਕਰਕੇ ਦਿਖਾਉਣਾ ਸੀ। ਕਿਸਾਨਾਂ ਨੂੰ ਵਾਜਬ ਭਾਅ ਨਹੀਂ ਦਿੱਤੇ ਗਏ ਔਰ ਉਨ੍ਹਾਂ ਨੇ ਪੈਦਾਵਾਰ ਘੱਟਾ ਦਿੱਤੀ।

ਸਾਡੇ ਸਰਦਾਰ ਦਰਬਾਰਾ ਸਿੰਘ ਬੜੇ ਸਿਆਣੇ ਅਤੇ ਸੁਲਝੇ ਹੋਏ ਪਾਰਲੀਮੈਂਟੇਰੀਅਨ ਹਨ ਅਤੇ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ ਔਰ ਸਾਡੇ ਚੀਫ ਮਨਿਸਟਰ ਸਾਹਿਬ ਨੂੰ ਕਿਸਾਨਾਂ ਦੇ ਨਾਲ ਪੂਰੀ ਹਮਦਰਦੀ ਹੈ ਅਤੇ ਉਨ੍ਹਾਂ ਨੇ ਇਹ ਚੀਜ਼ ਸਿੱਧ ਕਰਕੇ ਦੱਸ ਦਿੱਤੀ ਹੈ। ਮੇਰੇ ਜ਼ਿਲ੍ਹੇ ਸੰਗਰੂਰ ਵਿਚ ਪਾਣੀ ਦੀ ਕੱਟ ਪਿਛਲੇ 15 ਸਾਲਾਂ ਤੋਂ ਲਗੀ ਹੋਈ ਸੀ ਪਰ ਜਦੋਂ ਸਰਦਾਰ ਸੁਰਜੀਤ ਸਿੰਘ, ਸੈਂਟਰ ਵਿਚ ਖੇਤੀਬਾੜੀ ਮੰਤਰੀ ਸਨ ਔਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਇਥੇ ਪੰਜਾਬ ਵਿਚ ਮੁੱਖ ਮੰਤਰੀ ਸਨ ਤਾਂ ਉਦੋਂ ਮੈਂ ਉਮੀਦ ਕਰਦੀ ਸੀ ਕਿ ਇਹ ਪਾਣੀ ਦੀ ਕੱਟ ਖਤਮ ਕਰ ਦੇਣਗੇ ਪਰ ਇਹ ਨਹੀਂ ਕਰ ਸਕੇ, ਸਾਡੇ ਮੌਜੂਦਾ ਚੀਫ ਮਨਿਸਟਰ ਸਾਹਿਬ ਨੇ ਇਸ ਇਲਾਕੇ ਦੀ ਬੈਕਵਰਡਨਸ ਨੂੰ ਦੇਖਦੇ ਹੋਏ ਇਸ ਕੱਟ ਨੂੰ ਚੁੱਟਕੀ ਵਿਚ ਖਤਮ ਕਰ ਦਿੱਤਾ ਔਰ ਹੁਣ ਸੰਗਰੂਰ ਜ਼ਿਲ੍ਹੇ ਨੂੰ ਪੂਰਾ ਪਾਣੀ ਮਿਲਣ ਲਗ ਗਿਆ ਹੈ। (ਵਿਘਨ) (ਘੰਟੀ)

ਇਸੇ ਤਰ੍ਹਾਂ ਪੰਜਾਬ ਵਿਚ ਡਿਵੈਲਪਮੈਂਟ ਦੇ ਹੋਰ ਕੰਮ ਕਰਨ ਲਈ ਸਰਕਾਰ ਉਚੇਚੇ ਕਦਮ ਚੁੱਕ ਰਹੀ ਹੈ। ਸਰਕਾਰ ਨੇ ਇੰਡਸਟਰੀ ਨੂੰ ਵਧਾਉਣ ਲਈ ਅਤੇ ਸੂਬੇ ਵਿਚੋਂ ਬੈਕਵਰਡਨੈਸ ਨੂੰ ਖਤਮ ਕਰਨ ਲਈ ਪੰਜਾਬ ਵਿਚ ਤਿੰਨ ਜ਼ਿਲ੍ਹਿਆਂ ਨੂੰ ਚੁਣਿਆ ਹੈ। ਹੁਸ਼ਿਆਰਪੁਰ, ਬਠਿੰਡਾ, ਅਤੇ ਸੰਗਰੂਰ ਇਥੇ ਇੰਡਸਟਰੀ ਲਗਾਈ ਜਾ ਰਹੀ ਹੈ। ਇਹ ਇਕ ਸ਼ਲਾਘਾਯੋਗ ਕਦਮ ਸਰਕਾਰ ਦਾ ਹੈ ਕਿ ਪੰਜਾਬ ਵਿਚ ਖੇਤੀਬਾੜੀ ਦੇ ਨਾਲ ਇੰਡਸਟਰੀ ਦੀ ਤਰੱਕੀ ਵੀ ਕੀਤੀ ਜਾ ਰਹੀ ਹੈ। ਪਰ ਮੈਂ ਸਰਕਾਰ ਨੂੰ ਬੇਨਤੀ ਕਰਾਂਗੀ ਕਿ ਕੇਵਲ ਤਿੰਨ ਜ਼ਿਲ੍ਹਿਆਂ ਵਿਚ ਇੰਡਸਟਰੀ ਲਗਾ ਕੇ ਬੈਕਵਰਡਨੈਸ ਦੂਰ ਨਹੀਂ ਹੋ ਸਕਦੀ। ਇਸ ਲਈ ਇਸ ਇੰਡਸਟਰੀ ਨੂੰ ਪੰਜਾਬ ਵਿਚ ਫੈਲਾ ਦੇਣਾ ਚਾਹੀਦਾ ਹੈ ਤਾਕਿ ਪੰਜਾਬ ਸਾਰੇ ਦੀ ਬੈਕਵਰਡਨੈਸ ਦੂਰ ਹੋ ਸਕੇ।

[ਸਰਦਾਰਨੀ ਰਾਜਿੰਦਰ ਕੌਰ]

ਮੈਂ ਇਕ ਗੱਲ ਹੋਰ ਦਸੱਦੀ ਹਾਂ ਕਿ 1975 ਵਿਚ ਰੰਧਾਵਾ ਸਾਹਿਬ ਦੇ ਦਿਮਾਗ ਦੀ ਕਾਢ ਰਾਹੀਂ ਇਕ ਜੈਂਤੀ ਵਿਲੇਜ ਦੀ ਸਕੀਮ ਸ਼ੁਰੂ ਕੀਤੀ ਸੀ । ਇਸ ਸਕੀਮ ਅਧੀਨ ਪੰਜਾਬ ਦੇ ਹਰ ਇਕ ਬਲਾਕ ਵਿਚ ਵਿਕਾਸ ਦੇ ਕੰਮ ਹੋਏ ਸਨ ਪਰ ਇਹ ਸਕੀਮ ਹੁਣ ਬੰਦ ਪਈ ਹੈ । ਬੇਸ਼ਕ ਇਸ ਸਕੀਮ ਦਾ ਨਾਂ ਬਦਲ ਕੇ ਹੋਰ ਕੋਈ ਨਾਂ ਇੰਡਸਟਰੀਅਲ ਵਿਲੇਜ ਦੇ ਦੇਣ । ਇਸ ਸਕੀਮ ਨਾਲ ਸਾਰੇ ਪੰਜਾਬ ਦੀ ਡਿਵੈਲਪਮੈਂਟ ਹੋਵੇਗੀ । ਇਸ ਸਕੀਮ ਨੂੰ ਬੇਸ਼ਕ ਇਡਸਟੀਰੀਅਲ ਵਿਲੇਜ਼ ਫੋਕਲ ਪੁਆਇੰਟ ਦਾ ਨਾਂ ਦੇ ਦੇਣ ਜਿਸ ਦੇ ਨਾਲ ਪਿੰਡਾਂ ਵਿਚ ਇੰਡਸਟਰੀਅਲ ਯੂਨਿਟਸ ਲਗ ਸਕਣਗੇ । ਔਰ ਵਿਲੇਜ਼ ਇੰਡਸਟਰੀ ਨੂੰ ਉਸ਼ਤਾਹ ਮਿਲੇਗਾ। (ਘੰਟੀ) ਔਰ ਪਿੰਡ ਦੇ ਬੇਰੁਜ਼ਗਾਰ ਬੱਚੇ ਆਪਣੇ ਆਪ ਨੂੰ ਇੰਡਸਟਰੀ ਯੂਨਿਟਾਂ ਵਿਚ ਰੁਜ਼ਗਾਰ ਦੇ ਕਾਬਿਲ ਬਣਾ ਸਕਣਗੇ ਅਤੇ ਕਮਾਈ ਕਰ ਸਕਣਗੇ ਔਰ ਪਿੰਡਾਂ ਦੇ ਲੋਕਾਂ ਦਾ ਭੱਲਾ ਹੋ ਸਕੇਗਾ ।

ਇਸੇ ਤਰ੍ਹਾਂ ਆਪੋਜ਼ੀਸ਼ਨ ਪਾਰਟੀਆਂ ਵਲੋਂ ਟਰਾਂਸਪੋਰਟ ਦੇ ਬਾਰੇ ਬੜਾ ਰੌਲਾ ਪਾਇਆ ਜਾਂਦਾ ਹੈ ਕਿ 43% ਸਰਕਾਰ ਨੇ ਬਸਾਂ ਦਾ ਕਿਰਾਇਆ ਵੱਧਾ ਦਿੱਤਾ ਹੈ ਔਰ ਇਸ ਦੇ ਵਿਚ ਵਿਦਿਆਰਥੀਆਂ ਨੂੰ ਉਕਸਾਇਆ ਜਾਂਦਾ ਹੈ । ਵਿਦਿਆਰਥੀ ਬੇਸ਼ਕ ਕਿਸੇ ਪਾਰਟੀ ਦੇ ਨਾਲ ਸਬੰਧ ਰੱਖਦੇ ਹੋਣ, ਇਹ ਬੋਝ ਮੇਰੀ ਸਰਕਾਰ ਨੇ ਵਿਦਿਆਰਥੀਆਂ ਤੇ ਬਿਲਕੁਲ ਨਹੀਂ ਪਾਇਆ ਹੈ। ਇਹ ਗਵਾਂਢੀ ਸੂਬਿਆਂ ਵਿਚ ਜਾ ਕੇ ਵੇਖ ਲੈਣ ਅਤੇ ਮੁਕਾਬਲਾ ਕਰਕੇ ਵੇਖ ਲੈਣ ਕਿ ਉਥੇ ਕਿੰਨਾ ਕਿਰਾਇਆ ਵੱਧ ਹੈ । ਪੰਜਾਬ ਵਿਚ 1970 ਤੋਂ 1980 ਤੱਕ ਕੋਈ ਕਿਰਾਇਆ ਨਹੀਂ ਵੱਧਾਇਆ ਗਿਆ ਸੀ । (ਘੰਟੀ) ਮੈਂ ਸਰਕਾਰ ਨੂੰ ਕਹਾਂਗੀ ਕਿ ਇਹ ਵੀ ਕਹਿ ਦੇਣ ਕਿ ਅਗਲੇ ਸਾਲ ਬਸਾਂ ਦਾ ਕਿਰਾਇਆ ਹੋਰ ਨਹੀਂ ਵਧਾਵਾਂਗੇ । ਇਹ ਯਕੀਨ ਸਰਕਾਰ ਦੇ ਦੇਵੇ, ਇਸ ਦੇ ਵਿਚ ਕੋਈ ਗੱਲ ਨਹੀਂ ਹੈ । ਇਸ ਬਸ ਕਿਰਾਏ ਨੂੰ ਕੈਰੋਂ ਸਾਹਿਬ ਨੇ ਵੀ ਜਸਟੀਫਾਈ ਕੀਤਾ ਸੀ ਅਤੇ ਮੈਂ ਵੀ ਜਸਟੀਫਾਈ ਕਰਦੀ ਹਾਂ । (ਵਿਘਨ) (ਤਾੜੀਆਂ)

ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਗਿਆਨੀ ਜ਼ੈਲ ਸਿੰਘ ਜੀ ਨੇ ਰਿਕਸ਼ਾ ਚਾਲਕ ਨੂੰ ਰਿਕਸ਼ਾ ਮਾਲਕ ਬਣਾਇਆ ਹੈ ....(ਵਿਘਨ)

Mr. Deputy Speaker : Please wind up.

ਸਰਦਾਰਨੀ ਰਾਜਿੰਦਰ ਕੌਰ : ਡਿਪਟੀ ਸਪੀਕਰ ਸਾਹਿਬ, ਮੈਂ ਵਾਈਂਡ ਅਪ ਕਰਦੀ ਹਾਂ । ਮੈਂ ਕਹਿੰਦੀ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਰਿਕਸ਼ਾ ਚਾਲਕ ਨੂੰ ਰਿਕਸ਼ਾ ਮਾਲਕ ਬਣਾਇਆ ਹੈ, ਉਸੇ ਤਰ੍ਹਾਂ ਸਕੂਟਰ ਚਾਲਕ ਨੂੰ ਸਕੂਟਰ ਮਾਲਕ ਬਣਾਉਣਾ ਚਾਹੀਦਾ ਹੈ । (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਐਜੂਕੇਸ਼ਨ ਦੇ ਮਸਲੇ ਨੂੰ ਲੈਂਦੀ ਹਾਂ । ਜਿਥੇ ਟੀਚਰ ਹੁੰਦੇ ਹਨ, ਉਥੇ ਵਿਦਿਆਰਥੀ ਹੜਤਾਲਾਂ ਕਰ ਦਿੰਦੇ ਹਨ ਅਤੇ ਜਿਥੇ ਵਿਦਿਆਰਥੀ ਪੜ੍ਹਨਾ ਚਾਹੁੰਦੇ ਹਨ ਉਥੇ ਟੀਚਰ ਹੜਤਾਲਾਂ ਕਰ ਦਿੰਦੇ ਹਨ । (ਵਿਘਨ) ਬੜੇ ਨਾਜ਼ਕ ਸਮੇਂ ਵਿਚ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਧਿਆਨ ਦਿੱਤਾ ਹੈ ਅਤੇ 250 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਹਨ । ਮੈਂ ਇਕ ਗੱਲ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦੀ ਹਾਂ ਕਿ ਜਿਥੇ ਸਕੂਲਾਂ ਵਿਚ ਫਰਨੀਚਰ ਨਹੀਂ ਹੈ, ਉਥੇ ਫਰਨੀਚਰ ਦਾ ਪ੍ਰਬੰਧ ਕੀਤਾ ਜਾਵੇ । ਜਿਥੇ ਬਿਲਡਿੰਗ ਨਹੀਂ ਹੈ, ਉਥੇ ਬਿਲਡਿੰਗ ਦਾ ਪ੍ਰਬੰਧ ਕੀਤਾ ਜਾਵੇ ਅਤੇ ਬਚਿਆਂ ਦੀ ਪੜ੍ਹਾਈ ਦਾ ਖਾਸ ਖਿਆਲ ਰਖਿਆ ਜਾਵੇ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ,

ਮੈਂ ਹੁਣ ਆਖਿਰ ਵਿਚ ਇੰਡਸਟਰੀਜ਼ ਦੇ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ ਅਤੇ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦੀ ਹਾਂ ਕਿ ਬੋਗਸ ਯੂਨਿਟਾਂ ਦਾ ਪਤਾ ਕਰਕੇ ਉਨ੍ਹਾਂ ਦੇ ਲਾਇਸੈਂਸ ਖਤਮ ਕੀਤੇ ਗਏ ਹਨ ਪਰ ਜਿਹੜੇ ਇਮਾਨਦਾਰ ਬੰਦੇ ਹਨ, ਉਨ੍ਹਾਂ ਨੂੰ ਵਧ ਕੋਟੇ ਦੇ ਕੇ ਜ਼ਰੂਰ ਫਾਇਦਾ ਦਿਤਾ ਜਾਵੇ। ਪਰ ਬੋਗਸ ਯੂਨਿਟਾਂ ਦੀ ਅਖਬਾਰਾਂ 'ਚ ਪਬਲਿਸਿਟੀ ਨਾ ਕੀਤੀ ਜਾਏ ਕਿਉਂਕਿ ਇਸ ਨਾਲ ਕੇਂਦਰੀ ਕੋਟਾ ਘਟ ਜਾਣ ਦਾ ਡਰ ਪੈਦਾ ਹੋ ਸਕਦਾ ਹੈ। ਇਤਨਾ ਕੁਝ ਕਹਿੰਦੀ ਹੋਈ ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਪ੍ਰੋੜ੍ਹਤਾ ਕਰਦੀ ਹੋਈ ਬੈਠਦੀ ਹਾਂ।

ਸਰਦਾਰ ਬਲਦੇਵ ਸਿੰਘ ਮਾਨ: ** ** **

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਗੁਰਦਿਆਲ ਸੈਣੀ (ਜਲੰਧਰ, ਉੱਤਰੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਗਵਰਨਰ ਐਡਰੈਸ ਬਾਰੇ ਜੋ ਕਾਮਰੇਡ ਰਾਜ ਕੁਮਾਰ ਜੀ ਬੋਲੇ ਹਨ, ਉਨ੍ਹਾਂ ਨੇ ਡਰਾਮੇ ਦੇ ਤੌਰ ਤੇ ਕੰਮ ਕੀਤਾ ਹੈ ਅਤੇ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਵੀ ਬਹੁਤ ਅੱਛਾ ਡਰਾਮਾ ਪੇਸ਼ ਕੀਤਾ ਹੈ। (ਵਿਘਨ) ਕਾਮਰੇਡ ਰਾਜ ਕੁਮਾਰ ਜੀ ਨੇ ਆਪਣੀ ਸਪੀਚ ਵਿਚ ਆਪ ਹੀ ਮੰਨਿਆ ਹੈ ਕਿ ਬਸਾਂ ਦੇ ਕਿਰਾਏ ਵਿਚ ਜੋ ਵਾਧਾ ਕੀਤਾ ਗਿਆ ਹੈ, ਉਹ ਠੀਕ ਹੀ ਵਾਧਾ ਕੀਤਾ ਗਿਆ ਹੈ। ਇਹ ਠੀਕ ਤਰੀਕੇ ਨਾਲ ਵਧਾਇਆ ਗਿਆ ਹੈ। ਜਦੋਂ ਖੁਦ ਆਪ ਕਾਮਰੇਡ ਰਾਜ ਕੁਮਾਰ ਜੀ ਮੰਨਦੇ ਹਨ ਕਿ ਕਿਰਾਇਆ ਠੀਕ ਹੀ ਵਧਾਇਆ ਗਿਆ ਹੈ ਤਾਂ ਮੈਂ ਬਹੁਤ ਹੈਰਾਨ ਹਾਂ ਕਿ ਇਹ ਜਿਹੜਾ ਮੁਜ਼ਾਹਰਾ ਕੀਤਾ ਗਿਆ ਹੈ ਇਹ ਕਿਉਂ ਕੀਤਾ ਗਿਆ ਹੈ ? ਕਿਸ ਤਰ੍ਹਾਂ ਨਾਲ ਇਹ ਮੁਜ਼ਾਹਰਾ ਨੰਗਾ ਨਾਚ ਅਤੇ ਤਲਵਾਰਾਂ ਦੇ ਨਾਲ ਕੀਤਾ ਗਿਆ ਹੈ। ਸੈਕਰੇਟੇਰੀਏਟ ਅਤੇ ਵਿਧਾਨ ਸਭਾ ਦੇ ਸ਼ੀਸ਼ਿਆਂ ਨੂੰ ਤੋੜਿਆ ਗਿਆ ਹੈ ਅਤੇ ਇਥੇ ਭੁੰਜੇ ਬੈਠੇ ਰਹੇ ਸਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਸਨ ਤਾਂ ਉਸ ਵੇਲੇ ਸਰਦਾਰ ਦਰਬਾਰਾ ਸਿਘ ਜੀ ਨੇ ਵੀ ਮੁਜ਼ਾਹਰਾ ਕੀਤਾ ਸੀ, ਜੋ ਕਿ ਪੁਰਅਮਨ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਦੋਂ ਇਨ੍ਹਾਂ ਨੇ ਦਸੂਏ ਅਤੇ ਟਾਂਡੇ ਮੁਜ਼ਾਹਰਾ ਕੀਤਾ ਤਾਂ ਬੱਸ ਵਿਚ ਇਕ ਮਾਂ ਆਪਣੇ ਬੱਚੇ ਨੂੰ ਲੈ ਕੇ ਗੋਦ ਵਿਚ ਬੈਠੀ ਸੀ ਪਰ ਇਨ੍ਹਾਂ ਨੇ ਇੱਟਾਂ ਮਾਰਕੇ ਉਸ ਬੱਚੇ ਨੂੰ ਮਾਰ ਦਿਤਾ। (ਸ਼ੇਮ ਸ਼ੇਮ) ਮੈਂ ਡਿਪਟੀ ਸਪੀਕਰ ਸਾਹਿਬ, ਹੈਰਾਨ ਹਾਂ ਕਿ ਕੀ ਇਹ ਡੈਮੋਕਰੇਸੀ ਦਾ ਤਰੀਕਾ ਹੈ। ਇਕ ਹੀ ਹਾਦਸਾ ਨਹੀਂ ਕੀਤਾ ਬਲਕਿ ਇਸ ਤਰ੍ਹਾਂ ਦੇ ਦਰਦਨਾਕ ਹੋਰ ਵੀ ਕਈ ਹਾਦਸੇ ਕੀਤੇ ਹਨ। (ਵਿਘਨ) ਜਿਸ ਤਰ੍ਹਾਂ ਸਾਡੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਪਹਿਲਾਂ ਮੁਜ਼ਾਹਰੇ ਕਰਦੇ ਰਹੇ ਹਨ, ਉਸੇ ਤਰ੍ਹਾਂ ਹੀ ਇਹ ਕਰਨ ਔਰ ਜੇਕਰ ਇਹ ਮੁਜ਼ਾਹਰਾ ਸ਼ਾਂਤੀ ਨਾਲ ਨਹੀਂ ਕਰ ਸਕਦੇ ਤਾਂ ਨਾ ਕਰਨ। ਜਦੋਂ ਅਕਾਲੀ-ਜਨਤਾ ਸਰਕਾਰ ਸੀ ਤਾਂ ਇਨ੍ਹਾਂ ਨੇ ਆਪਣੇ ਇੱਕ ਵਜ਼ੀਰ ਨੂੰ ਡਿਸਮਿਸ ਵੀ ਕੀਤਾ ਸੀ ਪਰ ਹੁਣ ਸਾਡੇ ਕਿਸੇ ਵੀ ਵਜ਼ੀਰ ਦੇ ਖਿਲਾਫ਼ ਕੋਈ ਵੀ ਐਲੀਗੇਸ਼ਨ ਨਹੀਂ ਹੈ। ਜੇਕਰ ਕੋਈ ਐਲੀਗੇਸ਼ਨ ਹੈ ਤਾਂ ਇਹ ਲਗਾਉਣ। ਬਾਦਲ ਸਾਹਿਬ ਦੀ ਸਰਕਾਰ ਵੇਲੇ ਬਹੁਤ ਸਾਰੇ ਐਲੀਗੇਸ਼ਨ ਹਨ। ਮੈਂ ਤੁਹਾਨੂੰ ਡਿਪਟੀ ਸਪੀਕਰ ਸਾਹਿਬ, ਦੱਸਦਾ ਹਾਂ ਕਿ ਪ੍ਰੇਮ ਨਗਰ ਵਿਚ 16 ਕਨਾਲ ਅਤੇ 9 ਮਰਲੇ ਜਗ੍ਹਾਂ ਇੱਕ ਵਿਅਕਤੀ ਨੂੰ ਸਕੂਲ ਬਣਾਉਣ ਲਈ ਦਿਤੀ ਗਈ, ਜਿਹੜੀ ਕਿ ਰੀਹੈਬਲੀਟੇਸ਼ਨ ਡਿਪਾਰਟਮੈਂਟ ਦੀ ਜਗ੍ਹਾ ਸੀ। ਉਥੇ ਪ੍ਰਾਈਵੇਟ ਆਦਮੀ ਨੇ ਸਕੂਲ ਖੋਲ੍ਹਿਆ ਹੈ ਅਤੇ ਕੋਈ ਰੈਗੂਲਰ ਸਕੂਲ ਨਹੀਂ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, 16 ਕਨਾਲ ਅਤੇ 9

**Expunged as ordered by the Chair.

[ਸ੍ਰੀ ਗੁਰਦਿਆਲ ਸੈਣੀ]

ਮਰਲੇ ਦੀ ਜਗ੍ਹਾ ਬਾਦਲ ਸਾਹਿਬ ਦੀ ਸਰਕਾਰ ਨੇ ਇੱਕ ਸਿੱਖ ਆਦਮੀ ਨੂੰ ਦੇ ਦਿਤੀ, ਜਿਹੜੀ ਕਿ ਅੱਜ ਉਹ ਲੱਖਾਂ ਰੁਪਏ ਦੀ ਜ਼ਮੀਨ ਹੈ। ਸਰਕਾਰ ਨੇ 800 ਰੁਪਏ ਫੀ ਮਰਲੇ ਦੇ ਹਿਸਾਬ ਨਾਲ ਜ਼ਮੀਨ ਉਸ ਆਦਮੀ ਨੂੰ ਦਿੱਤੀ ਜਿਸ ਵਿਚੋਂ 400 ਰੁਪਏ ਫੀ ਮਰਲੇ ਜ਼ਮੀਨ ਦੇ ਪੈਸੇ ਸਰਕਾਰ ਨੇ ਦਿੱਤੇ ਅਤੇ 400 ਰੁਪਏ ਫੀ ਮਰਲੇ ਦੇ ਪੈਸੇ ਉਸ ਆਦਮੀ ਨੇ ਦਿੱਤੇ। ਡਿਪਟੀ ਸਪੀਕਰ ਸਾਹਿਬ, ਇਹ ਲੱਖਾਂ ਰੁਪਿਆਂ ਦਾ ਸਰਕਾਰ ਦਾ ਗਬਨ ਹੋਇਆ ਹੈ ਅਤੇ ਮੈਂ ਆਪ ਜੀ ਦੇ ਰਾਹੀਂ ਮੰਗ ਕਰਾਂਗਾ ਕਿ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਇੱਕ ਆਦਮੀ ਨੂੰ ਇਤਨੀ ਵੱਡੀ ਪਰਾਪਰਟੀ ਦੇ ਦਿਤੀ ਗਈ। (ਵਿਘਨ) ਸਰਕਾਰ ਇਸ ਜ਼ਮੀਨ ਤੇ ਹਰੀਜਨਾਂ ਨੂੰ ਵਸਾਉਂਦੀ। ਕੋਈ 200 ਜਾਂ 250 ਫੈਮਿਲੀਜ਼ ਦੇ ਘਰ ਉਥੇ ਵੱਸ ਸਕਦੇ ਸੀ। ਬਾਲਮੀਕੀ ਅਦੇ ਹਰੀਜਨਾਂ ਦੇ ਘਰ ਉਥੇ ਬਣਾਏ ਜਾ ਸਕਦੇ ਸੀ। ਇਸ ਲਈ ਮੈਂ ਕਹਾਂਗਾ ਕਿ ਜੋ ਬਾਦਲ ਸਾਹਿਬ ਦੀ ਸਰਕਾਰ ਨੇ ਉਸ ਵਲੋ ਐਗਰੀਮੈਂਟ ਕੀਤਾ ਹੈ, ਉਸ ਐਗਰੀਮੈਂਟ ਨੂੰ ਕੈਂਸਲ ਕੀਤਾ ਜਾਵੇ ਅਤੇ ਉਹ ਜ਼ਮੀਨ ਹਰੀਜਨਾਂ ਨੂੰ ਵੰਡੀ ਜਾਵੇ। ਸਾਡੀ ਸਰਕਾਰ ਨੇ, ਡਿਪਟੀ ਸਪੀਕਰ ਸਾਹਿਬ, ਸੱਤ ਮਹੀਨਿਆਂ ਵਿਚ ਜੋ ਕੁਝ ਕੀਤਾ ਹੈ, ਉਸ ਦਾ ਜ਼ਿਕਰ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੀਤਾ ਗਿਆ ਹੈ। ਉਨ੍ਹਾਂ ਬਾਰੇ ਮੇਰੇ ਕਈ ਦੋਸਤਾਂ ਨੇ ਵੀ ਜ਼ਿਕਰ ਕੀਤਾ ਹੈ। ਸਰਦਾਰ ਸੁਰਿੰਦਰ ਸਿੰਘ ਕੈਰੋਂ ਨੇ ਵੀ ਕਿਹਾ ਹੈ ਕਿ "ਉਪਰ ਵੀ ਜੱਟ ਅਤੇ ਥੱਲੇ ਵੀ ਜੱਟ ਪਰ ਨਰਮਾ ਵਿਕਿਆ 260" (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਹੜੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਉਹ ਬੜੇ ਅਫਸੋਸ ਦੀ ਗੱਲ ਹੈ ਕਿ ਅਕਾਲੀ, ਸੀ. ਪੀ. ਆਈ. ਅਤੇ ਸੀ. ਪੀ. ਐਮ. ਵਾਲੇ ਇਥੇ ਹਾਊਸ ਵਿਚ ਆ ਕੇ ਭੁੰਜੇ ਬੈਠ ਗਏ ਸਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਇੱਕ ਵਾਰੀ ਸਰਦਾਰ ਲਛਮਣ ਸਿੰਘ ਗਿਲ ਨੇ ਰੋਸ ਪਰਗਟ ਕੀਤਾ ਸੀ ਅਤੇ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਉਸ ਨੂੰ 7 ਦਿਨਾਂ ਵਾਸਤੇ ਹਾਊਸ ਵਿਚੋਂ ਬਾਹਰ ਕੱਢ ਦਿਤਾ ਸੀ ਔਰ ਕਿਤਨੀ ਮਾੜੀ ਗੱਲ ਕੀਤੀ ਗਈ ਸੀ। ਲੇਕਿਨ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਜਿਹੜੇ ਕਿ ਬਹੁਤ ਵੱਡੇ ਦਿਲ ਦੇ ਆਦਮੀ ਹਨ, ਉਨ੍ਹਾਂ ਨੇ ਕਿਸੇ ਨੂੰ ਕੁਝ ਨਹੀਂ ਕਿਹਾ। ਸਾਡੇ ਮੁੱਖ ਮੰਤਰੀ ਜੀ ਬਹੁਤ ਸਿਆਣੇ ਅਤੇ ਸਮਝਦਾਰ ਹਨ, ਜਿਨ੍ਹਾਂ ਨੇ ਕੋਈ ਵੀ ਐਕਸ਼ਨ ਨਹੀਂ ਲਿਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਬਹੁਤ ਪੁਰਾਣੇ ਪਾਰਲੀਆਮੈਂਟੇਰੀਅਨ ਹਨ ਅਤੇ ਸੂਝਵਾਨ ਹਨ ਪਰ ਉਹ ਵੀ ਭੁੰਜੇ ਬੈਠ ਗਏ। ਪਰ ਲੋਕਾਂ ਨੇ ਕਿਹਾ ਕਿ ਜੇਕਰ ਇਨ੍ਹਾਂ ਨੇ ਭੁੰਜੇ ਹੀ ਬੈਠਣਾ ਸੀ ਤਾਂ ਅਸੀਂ ਇਨ੍ਹਾਂ ਨੂੰ ਵੋਟਾਂ ਕਿਉਂ ਪਾਈਆਂ? (ਥੰਪਿੰਗ) ਅੱਜ ਉਹ ਲੋਕ ਅਫਸੋਸ ਕਰਦੇ ਹਨ ਕਿ ਅਗਰ ਇਨ੍ਹਾਂ ਨੇ ਭੁੰਜੇ ਹੀ ਬੈਠਣਾ ਸੀ ਤਾਂ ਅਸੀਂ ਹੀ ਬੈਠਾ ਦਿੰਦੇ। (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਦੇ ਸਫਾ 10 ਤੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਰੋਪੜ ਥਰਮਲ ਪਲਾਂਟ ਬਣਨੇ ਹਨ ਅਤੇ ਰੋਪੜ ਥਰਮਲ ਪਲਾਂਟ ਤੇ 260 ਕਰੋੜ ਰੁਪਿਆ ਲਾਗਤ ਆਵੇਗੀ। ਇਸ ਲਈ ਮੁੱਖ ਮੰਤਰੀ ਜੀ ਵਧਾਈ ਦੇ ਪਾਤਰ ਹਨ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਇਥੇ ਜ਼ਿਮੀਂਦਾਰਾਂ ਲਈ ਡੀਜ਼ਲ ਦਾ 49 ਹਜ਼ਾਰ ਟਨ ਦਾ ਕੋਟਾ ਸੀ, ਜਿਹੜਾ ਕਿ ਇਨ੍ਹਾਂ ਦੀ ਬਾਦਲ ਸਰਕਾਰ ਵੇਲੇ ਘੱਟ ਕੇ ਅੱਧਾ ਰਹਿ ਗਿਆ। ਸਪਾਂਸਰਡ ਕੋਲ ਦਾ ਕੋਟਾ ਕਾਂਗਰਸ ਸਰਕਾਰ ਵੇਲੇ 36 ਹਜ਼ਾਰ ਟਨ ਦਾ ਸੀ, ਜਿਹੜਾ ਕਿ ਬਾਦਲ ਸਰਕਾਰ ਵੇਲੇ ਇਹ ਘੱਟ ਕੇ 18 ਹਜ਼ਾਰ ਟਨ ਦਾ ਰਹਿ ਗਿਆ। ਮੇਰੇ ਕਹਿਣ ਦਾ ਭਾਵ ਹੈ ਕਿ ਸਾਰੇ ਮੈਂਬਰਜ਼ ਸਾਹਿਬਾਨ ਕਿਸਾਨਾਂ ਬਾਰੇ ਹੀ ਬੋਲਦੇ ਹਨ ਪਰ ਖੇਤ ਮਜ਼ਦੂਰ ਬਾਰੇ ਕੋਈ ਨਹੀਂ ਬੋਲਦਾ ਹੈ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅਪ ਕਰੋ ਜੀ ।

ਸ੍ਰੀ ਗੁਰਦਿਆਲ ਸੈਣੀ : ਕਿਸਾਨਾਂ ਬਾਰੇ ਜ਼ਰੂਰ ਬੋਲਣਾ ਚਾਹੀਦਾ ਹੈ । ਇਨ੍ਹਾਂ ਦੀਆਂ ਜਿਨਸਾਂ ਦੇ ਭਾਅ ਵਿਚ ਹੁਣ ਦੀ ਸਰਕਾਰ ਨੇ ਵਾਧਾ ਕੀਤਾ ਹੈ, ਇਸ ਲਈ ਸਾਡੀ ਸਰਕਾਰ ਇਸ ਚੀਜ਼ ਲਈ ਵਧਾਈ ਦੀ ਪਾਤਰ ਹੈ । ਪਰ ਜਿਹੜੇ ਸ਼ਹਿਰਾਂ ਵਿਚ ਇੰਡਸਟ੍ਰੀਅਲਿਸਟਸ ਬੈਠੇ ਹਨ, ਉਨ੍ਹਾਂ ਬਾਰੇ ਵੀ ਸੋਚਣਾ ਚਾਹੀਦਾ ਹੈ । ਕੋਲੇ ਦੇ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਸਿਰਫ 5% ਕੋਲਾ ਪੰਜਾਬ ਵਿਚ ਆਇਆ ਹੈ । ਪੁਰਾਣੀ ਅਕਾਲੀ ਸਰਕਾਰ ਨੇ ਪੰਜਾਬ ਦੇ ਇੰਡਸਟ੍ਰੀਅਲਿਸਟਸ ਨੂੰ ਤਬਾਹ ਕਰਕੇ ਰਖ ਦਿੱਤਾ ਹੈ । ਮੈਂ ਮੰਗ ਕਰਦਾ ਹਾਂ ਕਿ ਕੋਲੇ ਦਾ ਜਿੰਨਾਂ ਕੋਟਾ ਪੁਰਾਣੀ ਕਾਂਗਰਸ ਸਰਕਾਰ ਵੇਲੇ ਹੁੰਦਾ ਸੀ, ਉਨਾਂ ਕੋਟਾ ਹੁਣ ਵੀ ਮੁਕੱਰਰ ਹੋਣਾ ਚਾਹੀਦਾ ਹੈ । ਰੇਲ ਗੱਡੀਆਂ ਦੀ ਕਮੀ ਹੋਣ ਕਰਕੇ ਵੀ ਇਹ ਕੋਲਾ ਇਥੇ ਪੰਜਾਬ ਵਿਚ ਘੱਟ ਆਉਂਦਾ ਹੈ । ਇਸ ਲਈ ਕੋਲਾ ਬਾਈ ਰੋਡ ਲਿਆਉਣ ਦੀ ਵੀ ਇਜ਼ਾਜਤ ਹੋਣੀ ਚਾਹੀਦੀ ਹੈ । ਇਸ ਸਬੰਧੀ ਪੰਜਾਬ ਸਰਕਾਰ ਨੂੰ ਇਜਾਜ਼ਤ ਲੈ ਲੈਣੀ ਚਾਹੀਦੀ ਹੈ । ਪਹਿਲੀ ਕਾਂਗਰਸ ਸਰਕਾਰ ਵੇਲੇ ਇੱਕ ਸਾਲ ਦਾ ਕੋਟਾ ਫਿਕਸ ਹੋ ਜਾਂਦਾ ਸੀ । ਪਰ ਪੁਰਾਣੀ ਅਕਾਲੀ ਸਰਕਾਰ ਵੇਲੇ ਇਹ ਕੋਟਾ ਇੱਕ ਸਾਲ ਤੋਂ ਘਟਾ ਕੇ 6 ਮਹੀਨਿਆਂ ਦਾ ਕਰ ਦਿੱਤਾ ਗਿਆ ਸੀ । ਇਸ ਦਾ ਮਤਲਬ ਹੋਇਆ ਕਿ ਹਰ 6 ਮਹੀਨਿਆਂ ਬਾਅਦ ਬੰਦੇ ਮਨਿਸਟਰਾਂ ਦੇ ਮਗਰ ਫਿਰਦੇ ਰਹਿਣ ਕਿ ਅਗਲਾ ਕੋਟਾ ਮਨਜ਼ੂਰ ਕੀਤਾ ਜਾਏ । ਇਸ ਲਈ ਮੇਰੀ ਮੰਗ ਹੈ ਕਿ ਇਹ ਕੋਟਾ ਜਿਹੜਾ ਕਿ 6 ਮਹੀਨਿਆਂ ਦਾ ਹੈ, ਇਸ ਦੀ ਮਿਆਦ ਇੱਕ ਸਾਲ ਕਰ ਦੇਣੀ ਚਾਹੀਦੀ ਹੈ ਤਾਕਿ ਇੰਡਸਟ੍ਰੀਅਲਿਸਟਸ ਆਪਣੀ ਇੰਡਸਟਰੀ ਨੂੰ ਅੱਗੇ ਲਿਜਾਣ ਦੀ ਕੋਸ਼ਿਸ ਕਰਨ । ਇਸ ਦੇ ਨਾਲ ਪਿਛਲੀ ਅਕਾਲੀ ਸਰਕਾਰ ਨੇ ਹੋਰ ਵੀ ਗਲਤ ਕੰਮ ਕੀਤੇ ਕਿ 6 ਮਹੀਨਿਆਂ ਵਿਚੋਂ 1 ਮਹੀਨੇ ਦਾ ਕੋਟਾ ਮਿਲ ਜਾਂਦਾ ਸੀ ਔਰ ਬਾਕੀ 5 ਮਹੀਨਿਆਂ ਦਾ ਕੋਟਾ ਖਤਮ ਹੋ ਜਾਂਦਾ ਸੀ । ਇਹ ਚੀਜ਼ ਨਹੀਂ ਹੋਣੀ ਚਾਹੀਦੀ ਅਤੇ ਕੋਟਾ ਲੈਪਸ ਨਹੀਂ ਹੋਣਾ ਚਾਹੀਦਾ ਹੈ ।

ਪੰਜਾਬ ਵਿਚ ਇੰਡਸਟਰੀ ਕਾਇਮ ਰਖਣ ਵਾਸਤੇ ਪਹਿਲਾਂ ਇਥੇ ਹੈਂਡ ਟੂਲ ਇੰਡਸਟਰੀ ਲਈ 15% ਸਬਸਿਡੀ ਦਿੱਤੀ ਜਾਂਦੀ ਸੀ ਪਰ ਅਕਾਲੀ ਸਰਕਾਰ ਨੇ ਇਹ ਘਟਾਕੇ ਸਾਢੇ ਸਤ ਪਰਸੈਂਟ ਸਬਸਿਡੀ ਕਰ ਦਿੱਤੀ ਤਾਂ ਕਿ ਸ਼ਹਿਰਾਂ ਦੀ ਇੰਡਸਟਰੀ ਸਫਰ ਕਰੇ ਕਿਉਂਕਿ ਸ਼ਹਿਰਾਂ ਵਿਚ ਜ਼ਿਆਦਾ ਤਰ ਵੋਟਾਂ ਕਾਂਗਰਸ ਨੂੰ ਪੈਂਦੀਆਂ ਹਨ । (ਵਿਘਨ)

ਬਾਦਲ ਸਰਕਾਰ ਵੇਲੇ ਸ਼ਹਿਰ ਵਿਚ ਰਹਿਣ ਵਾਲਿਆਂ ਦੇ ਨਾਲ ਇੱਕ ਹੋਰ ਧੱਕਾ ਕੀਤਾ । ਉਹ ਇਹ ਕਿ ਸਾਡੀ ਸਰਕਾਰ ਵੇਲੇ ਸ੍ਰੀ ਹੰਸ ਰਾਜ ਜੀ ਜਦੋਂ ਲੋਕਲ ਬਾਡੀਜ਼ ਮਨਿਸਟਰ ਹੁੰਦੇ ਸਨ, ਉਸ ਵੇਲੇ ਹਾਊਸ ਟੈਕਸ ਮੁਆਫ ਕੀਤਾ ਗਿਆ ਸੀ ਪਰ ਅਕਾਲੀ ਸਰਕਾਰ ਵੇਲੇ ਇਹ ਹਾਊਸ ਟੈਕਸ ਰਾਈਜ਼ ਕੀਤਾ ਗਿਆ ਔਰ ਪਿਛਲੇ ਦੋ ਸਾਲਾਂ ਦਾ ਹਾਊਸ ਟੈਕਸ ਉਗਰਾਹਿਆ ਗਿਆ ।

ਵਾਟਰ ਟੈਕਸ ਇੱਕ ਟੂਟੀ ਲਈ ਸਵਾ ਰੁਪਿਆ ਪਹਿਲਾਂ ਹੁੰਦਾ ਸੀ ਪਰ ਇਨ੍ਹਾਂ ਦੀ ਸਰਕਾਰ ਵੇਲੇ ਇਹ ਸਾਢੇ ਚਾਰ ਰੁਪਏ ਕਰ ਦਿੱਤਾ ਔਰ ਅਗਲੇ ਸਾਲ ਇੱਕ ਟੂਟੀ ਲਈ ਸਾਢੇ ਅੱਠ ਰੁਪਏ ਕਰ ਦਿੱਤਾ । ਬਾਦਲ ਸਾਹਿਬ ਬੈਠੇ ਹਨ ਅਗਰ ਮੈਂ ਗਲਤ ਕਹਿੰਦਾ ਹੋਵਾਂ ਤਾਂ ਮੈਂ ਜ਼ਿਮੇਂਵਾਰ ਹਾਂ । ਸਾਡੇ ਕਾਂਗਰਸ ਰਾਜ ਵੇਲੇ 36 ਰੁਪਏ ਮਹੀਨਾ ਸੀਵਰੇਜ ਟੈਕਸ ਹੁਦਾ ਸੀ ਪਰ ਬਾਦਲ ਸਰਕਾਰ ਨੇ ਇਹ ਕਰ ਦਿੱਤਾ ਕਿ ਜਿੰਨਾਂ ਵਾਟਰ ਟੈਕਸ ਹੋਵੇ ਉਨ੍ਹਾਂ ਹੀ ਸੀਵਰੇਜ ਟੈਕਸ ਲਗੇਗਾ । ਫਰਜ਼ ਕਰੋ ਜੇਕਰ ਵਾਟਰ ਟੈਕਸ 300 ਰੁਪਏ ਹੈ ਤਾਂ ਸੀਵਰੇਜ ਟੈਕਸ ਵੀ 300 ਰੁਪਏ ਹੀ ਲਗੇਗਾ ।

[ਸ੍ਰੀ ਗੁਰਦਿਆਲ ਸੈਣੀ]

ਬਾਦਲ ਸਰਕਾਰ ਵੇਲੇ ਛੱਪਰ ਟੈਕਸ ਔਰ ਥੜਾ ਟੈਕਸ ਦੋਵੇਂ ਹੀ ਲਗਾ ਦਿੱਤੇ ਗਏ ਯਾਨੀ ਕਿ ਇੱਕ ਜਗ੍ਹਾ ਤੇ ਦੋ ਟੈਕਸ ਲਗਾ ਦਿੱਤੇ ਗਏ । (ਵਿਘਨ)

ਸਾਡੇ ਇਲਾਕੇ ਵਿਚ ਖੁੱਡੇ ਕੋਲ ਇਕ ਪੁਲ ਹੈ । ਉਥੇ ਪੁਲ ਤੋਂ ਇਕ ਅਕਾਲੀ ਮਨਿਸਟਰ ਲੰਘ ਰਿਹਾ ਸੀ । ਉਸ ਨੇ ਉਸ ਜਗ੍ਹਾ ਤੇ ਦੇਖਿਆ ਕਿ "ਧੰਨਵਾਦ" ਲਿਖਿਆ ਹੋਇਆ ਹੈ । ਉਸ ਨੇ ਸੋਚਿਆ ਕਿ ਧੰਨਵਾਦ ਤਾਂ ਬਿਹਾਰ ਵਿਚ ਹੈ, ਫਿਰ ਇਥੇ ਇਹ ਕਿਸ ਤਰ੍ਹਾਂ ਨਾਲ ਆ ਗਿਆ । ਉਸ ਮਨਿਸਟਰ ਨੇ ਐਸ. ਈ. ਨੂੰ ਬੁਲਾਇਆ ਅਤੇ ਉਸ ਨੂੰ ਸ਼ਾਬਾਸ਼ ਦਿੱਤੀ ਕਿ ਤੂੰ ਚੰਗਾ ਕੀਤਾ ਧੰਨਵਾਦ ਬਿਹਾਰ ਤੋਂ ਚੁਕ ਕੇ ਇਥੇ ਲੈ ਆਇਆ ਹੈ । ਪਰ ਉਸ ਐਸ. ਈ. ਨੇ ਕਿਹਾ ਨਹੀਂ ਜੀ, ਇਹ ਧੰਨਵਾਦ ਦਾ ਮਤਲਬ ਸ਼ੁਕਰੀਆ ਹੈ (ਹਾਸਾ) ਕਿ ਤੁਸੀਂ ਇਥੋਂ ਲੰਘੇ ਹੋ । (ਵਿਘਨ)

ਮੈਂ ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਵਿਚ ਇੱਕ ਗੌਰਮਿੰਟ ਮਿਡਲ ਸਕੂਲ ਸਾਂਧੀ ਹੈ, ਇਸ ਨੂੰ ਹਾਈ ਸਕੂਲ ਬਣਾ ਦੇਣਾ ਚਾਹੀਦਾ ਹੈ । ਸਾਡੇ ਇਲਾਕੇ ਵਿਚ ਡਾਕਟਰ ਕੇਵਲ ਕ੍ਰਿਸ਼ਨ ਜੀ ਸੀਵਰੇਜ ਕਰਨ ਬਾਰੇ ਅਨਾਊਂਸ ਕਰਕੇ ਆਏ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਆਪਣੀ ਅਨਾਊਂਸਮੈਂਟ ਨੂੰ ਅਮਲੀ ਜਾਮਾ ਪਹਿਨਾਉਣ ਔਰ ਉਥੇ ਸੀਵਰੇਜ ਦਾ ਸਿਸਟਮ ਲਾਗੂ ਕਰਾਉਣ । ਸ਼ਹਿਰਾਂ ਵਿਚ ਜਿਥੇ ਜਿਥੇ ਕੋਈ ਹਰੀਜਨ ਬੈਠਾ ਹੈ ਉਥੇ ਉਥੇ ਉਨ੍ਹਾਂ ਨੂੰ ਉਹ ਪਲਾਟ ਜ਼ਰੂਰ ਦਿੱਤੇ ਜਾਣ । ਪਹਿਲਾਂ ਅਕਾਲੀ ਸਰਕਾਰ ਵੇਲੇ ਓਲਡ ਏਜ ਪੈਨਸ਼ਨਾਂ ਔਰ ਵਿਡੋਜ਼ ਪੈਨਸ਼ਨਾਂ ਬੰਦ ਹੋ ਗਈਆਂ ਸਨ । ਪਰ ਹੁਣ ਸਰਕਾਰ ਨੇ ਆਕੇ ਇਹ ਪੈਨਸ਼ਨਾਂ ਸ਼ੁਰੂ ਕਰਾਈਆਂ ਹਨ ਪਰ ਬਿਲ ਬਣਕੇ ਟਰੈਜ਼ਰੀਆਂ ਵਿਚ ਹੀ ਪਏ ਹਨ ਔਰ ਉਹ ਟਰੈਜ਼ਰੀ ਅਫਸਰ ਸਾਹਿਬਾਨ ਉਨ੍ਹਾਂ ਬਿਲਾਂ ਨੂੰ ਰੋਕੀ ਬੈਠੇ ਹਨ । ਮੇਰੀ ਬੇਨਤੀ ਹੈ ਕਿ ਉਨ੍ਹਾਂ ਬਿਲਾਂ ਦੀ ਪੇਮੈਂਟ ਕਰਾਉਣੀ ਚਾਹੀਦੀ ਹੈ ।

ਅਖੀਰ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੇਰੇ ਜਿਹੇ ਬੰਦੇ ਨੂੰ ਤੁਸੀਂ ਹਾਊਸ ਵਿਚ ਬੋਲਣ ਦਾ ਸਮਾਂ ਦੇਣ ਲਗਿਆਂ ਟੇਲ ਤੇ ਰਖਿਆ ਹੈ ਪਰ ਇਹ ਚਾਹੀਦਾ ਨਹੀਂ ਸੀ । ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਫਿਰ ਵੀ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਇਥੇ ਹਾਊਸ ਵਿਚ ਗਵਰਨਰ ਸਾਹਿਬ ਦੇ ਐਡਰੈਸ ਤੇ ਯਸ਼ ਜੀ ਨੇ ਪ੍ਰਸ਼ੰਸਾ ਦਾ ਮਤਾ ਪੇਸ਼ ਕੀਤਾ ਸੀ, ਮੈਂ ਉਸ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਡੈਮੋਕ੍ਰੇਸੀ ਦੇ ਮੁਤਅੱਲਕ ਦੋਨੋ ਪਾਸਿਓਂ ਬਹੁਤ ਕੁਝ ਕਿਹਾ ਗਿਆ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਡੈਮੋਕ੍ਰੇਸੀ ਨੂੰ ਸਰਕਾਰ ਨਹੀਂ ਚਲਣ ਦਿੰਦੀ ਕਿਉਂਕਿ ਇਹ ਬਸ ਕਿਰਾਏ ਦੀ ਵਧਾਉਣ ਦੀ ਨਿੱਕੀ ਜਿਹੀ ਗੱਲ ਸੀ, ਜਿਸ ਤੇ ਕਿ ਸਟੂਡੈਂਟਸ ਨੇ ਮੂਵਮੈਂਟ ਸ਼ੁਰੂ ਕੀਤੀ ਸੀ । ਮੈਂ ਸਟੂਡੈਂਟਸ ਨੂੰ ਮੁਬਾਰਕਬਾਦ ਦਿੰਦਾ ਹਾਂ ਕਿਉਂਕਿ ਯੰਗਰ ਜੈਨਰੇਸ਼ਨ ਨੇ ਇਹ ਮੂਵਮੈਂਟ ਚਲਾਈ ਸੀ (ਵਿਘਨ) । ਮੇਰੀ ਜੈਨਰੇਸ਼ਨ ਨੇ ਜਿਹੜੀ ਕਿ ਗੁਲਾਮੀ ਵਿਚ ਪੈਦਾ ਹੋਈ ਹੈ ਸਿਵਾਏ ਹਿਪੋਕਰੇਸੀ (Hypocracy) ਦੇ ਹੋਰ ਕੁਝ ਨਹੀਂ ਸਿਖਿਆ । ਇਥੇ ਲਿਆ ਕੇ ਇਹ ਮਾਮਲਾ ਨਿਬੜ ਸਕਦਾ ਸੀ ਅਤੇ ਐਡਾ ਵੱਡਾ ਅੰਦੋਲਨ ਚਲਾਉਣ ਦੀ ਕੀ ਲੋੜ ਸੀ ? ਟਰਾਂਸਪੋਰਟ ਨੈਸ਼ਨੇਲਾਈਜ਼ ਕਰ ਦਿਓ, ਮੈਂ ਸਰਦਾਰ ਉਜਾਗਰ ਸਿੰਘ, ਸ਼ਡਿਊਲਡ ਕਾਸਟ ਮੈਂਬਰ ਜੋ ਕਿ ਕਾਂਗਰਸ ਬੈਂਚਾਂ ਤੇ ਬੈਠੇ ਹਨ, ਉਨ੍ਹਾਂ ਦਾ ਮੈਂ ਧੰਨਵਾਦ ਕਰਦਾ ਹਾਂ ਕਿਉਂਕਿ ਉਨ੍ਹਾਂ ਨੇ ਇਹ ਮਤਾ ਇਥੇ ਲਿਆਂਦਾ ਹੈ ਔਰ ਉਸ ਮਤੇ ਦੇ ਬਾਅਦ ਇੱਕ ਅਫਸੋਸ ਦੀ ਗਲ ਹੈ ਕਿ

ਇਨ੍ਹਾਂ (opposition) ਨੇ ਇਥੇ ਧਰਨਾ ਮਾਰਿਆ ਅਤੇ ਇਹ ਐਸੀ ਹਾਲਤ ਵਿਚ ਫਸ ਗਏ ਕਿ ਨਾ ਇਧਰ ਦੇ ਰਹੇ ਅਤੇ ਨਾ ਉਧਰ ਦੇ ਰਹੇ । ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਜਿਹੜੀ ਮੀਟਿੰਗ ਹੋਈ ਸੀ, ਉਸ ਵਿਚ ਆਪੋਜ਼ੀਸ਼ਨ ਦਾ ਕੋਈ ਬੰਦਾ ਸ਼ਾਮਿਲ ਨਹੀਂ ਹੋਇਆ । ਇਸ ਕਰਕੇ ਇਹ ਰਿਪੋਰਟ ਵਾਪਿਸ ਹੋਣੀ ਚਾਹੀਦੀ ਸੀ । ਜਿਸ ਤੇ ਇਨ੍ਹਾਂ ਨੇ ਧਰਨਾ ਮਾਰਿਆ । (ਵਿਘਨ) ਸਾਡੀ ਪਾਰਟੀ ਨੇ ਡੈਮੋਕਰੈਟਿਕ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਵਾਕ ਆਊਟ ਕੀਤਾ ਸੀ । (ਵਿਘਨ) ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਮਸਲਾ ਹੈ । ਇਸ ਬਾਰੇ ਰੈਜ਼ੋਲਿਊਸ਼ਨ ਆਇਆ ਔਰ ਇਹ ਯੂਨੈ-ਨੀਮਸਲੀ ਪਾਸ ਹੋਣਾ ਚਾਹੀਦਾ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਪਾਰਟੀ ਅਤੇ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ.) ਨੇ ਇਸ ਵਿਚ ਹਿੱਸਾ ਨਹੀਂ ਲਿਆ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਪੀਚ ਵਿਚ ਨੈਸ਼ਨੇਲਾਈਜ਼ੇਸ਼ਨ ਦੇ ਬਾਰੇ ਕੋਈ ਸ਼ਬਦ ਨਹੀਂ ਕਿਹਾ ਹਾਲਾਂ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਹ ਮੱਤਾ ਹੈ ਅਤੇ ਇਹ ਬੜੀ ਦੇਰ ਤੋਂ ਚਲਿਆ ਆ ਰਿਹਾ ਹੈ । ਅਸੀਂ ਇਸ ਤੇ ਸਟੈਂਡ ਕਰਦੇ ਹਾਂ । ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਨੀ ਲੋਕਾਂ ਦੀ ਭਲਾਈ ਕਰਨੀ ਹੈ । (ਤਾੜੀਆਂ) ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਬਾਰੇ ਟਰੈਜ਼ਰੀ ਬੈਂਚਿਜ਼ ਵਲੋਂ ਮਤਾ ਆਇਆ ਸੀ ਔਰ ਮੇਰੀ ਪਾਰਟੀ ਨੇ ਉਸ ਦੇ ਹੱਕ ਵਿਚ ਵੋਟ ਪਾਏ ਹਨ । ਮਗਰ ਮੈਂ ਕਹਿੰਦਾ ਹਾਂ ਕਿ ਅਗਰ ਸਰਕਾਰ ਸਿਨਸੀਅਰ ਹੈ ਤਾਂ ਇਮਾਨਦਾਰੀ ਨਾਲ ਇਸ ਬਾਰੇ ਹਾਊਸ ਵਿਚ ਬਿੱਲ ਲਿਆਉਣ ਜਾਂ ਲੋੜੀਂਦਾ ਨੋਟੀਫੀਕੇਸ਼ਨ ਜਾਰੀ ਕਰਨ ਫਿਰ ਪਤਾ ਲੱਗ ਜਾਵੇਗਾ ਕਿ ਕਿਹੜੇ ਇਸ ਦੇ ਹੱਕ ਵਿਚ ਹਨ । ਅਸੀਂ ਇਸ ਦੇ ਹੱਕ ਵਿਚ ਹੋਵਾਂਗੇ ।

Mr. Deputy Speaker: The House stands adjourned till 9.00 A. M. on Thursday, the 29th January, 1981.

*1.30 P.M.

(The Sabha then adjourned* till 9.00 a. m. on Thursday, the 29th January, 1981.)

1836/—26-5-81—325 ਕਾਪੀਆਂ ਪੰਜਾਬ ਸਰਕਾਰ ਪਰੈਸ, ਪਟਿਆਲਾ ।

1979

Published under the authority of the Punjab Vidhan Sabha and printed by the Controller, Government Press, Patiala.

PUNJAB VIDHAN SABHA

DEBATES

29th January, 1981

(Forenoon Sitting)

Vol. II-No. 7

OFFICIAL REPORT

CONTENTS

Thursday, the 29th January, 1981

(Forenoon Sitting)

Punjab Vidhan Sabha, Secretariat, Chandigarh

Price : Rs. 61·70 P.

PUNJAB VIDHAN SABHA

Thursday, the 29th January, 1981

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Proposal To Construct a New Building For Hospital At Phagwara

***317. Sardar Atma Singh** : Will the Minister for Health and Family Welfare be pleased to state :—

(a) Whether there is any proposal under the considearation of the Government to construct a new building for Hospital at Phagwara, District Kapurthala;

(b) If the reply to part (a) above be in the affirmative ; the amount sanctioned for the said purpose and the time by which the building is likely to be constructed ?

Shri Sardari Lal Kapur : (a) Yes Sir.

(b) Administrative approval for the construction of the building at an estimated cost of Rs. 20.48 lac has since been given. Due to constraint of funds, it is not possible to indicate the time by which the building will be constructed.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਿਲਡਿੰਗ ਦੀ ਉਸਾਰੀ ਲਈ 20 ਲੱਖ 48 ਹਜ਼ਾਰ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਹੈ ਲੇਕਿਨ ਇਕ ਜਵਾਬ ਘੜਿਆ ਘੜਾਇਆ ਹਰ ਗੱਲ ਦੇ ਮੁਤੱਲਕ ਸਰਕਾਰ ਵਲੋਂ ਆਉਂਦਾ ਹੈ ਕਿ ਫੰਡਜ਼ ਦੀ ਘਾਟ ਕਾਰਨ ਇਹ ਦੱਸਣਾ ਸੰਭਵ ਨਹੀਂ ਕਿ ਬਿਲਡਿੰਗ ਕਦ ਤਕ ਉਸਾਰੀ ਜਾ ਸਕੇਗੀ । ਜੇ ਕਿਸੇ ਪੁਲ ਦੇ ਮੁਤੱਲਕ ਸਵਾਲ ਕਰੋ ਤਾਂ ਵੀ ਇਹ ਘੜਿਆ ਘੜਾਇਆ ਜਵਾਬ, ਜੇ ਸੜਕਾਂ ਦੀ ਗੱਲ ਕਰੋਂ ਤਾਂ ਵੀ ਇਹੀ ਘੜਿਆ ਘੜਾਇਆ ਜਵਾਬ, ਗੱਲ ਕੀ ਵਿਕਾਸ ਦੀ ਜਿਹੜੀ ਵੀ ਗੱਲ ਪੁੱਛੋ ਤਾਂ ਇਹੀ ਘੜਿਆ ਘੜਾਇਆ ਜਵਾਬ ਆਉਂਦਾ ਹੈ । ਕੀ ਇਸ ਗੱਲ ਨੂੰ ਦੇਖਦੇ ਹੋਏ ਕਿ ਫਗਵਾੜੇ ਦੀ ਇਕ ਲੱਖ ਤੋਂ ਜ਼ਿਆਦਾ ਆਬਾਦੀ ਹੈ ਅਤੇ ਦਸਤਕਾਰੀ ਦਾ ਟਾਊਨ ਹੈ ਔਰ ਉਥੇ ਲੇਬਰ ਜ਼ਿਆਦਾ ਰਹਿੰਦੀ ਹੈ ਸਬ-ਡਿਵੀਜ਼ਨਲ ਹੈਡਕੁਆਟਰ ਵੀ ਹੈ ਕੀ ਮੰਤਰੀ ਜੀ ਕ੍ਰਿਪਾ ਕਰਕੇ ਦੱਸਣਗੇ ਕਿ ਫਗਵਾੜੇ ਵਿਚ ਜੋ ਹਸਪਤਾਲ ਦੀ ਬਿਲਡਿੰਗ ਹੈ ਉਹ ਸੌ ਸਾਲ ਪੁਰਾਣੀ ਡਿਗੀ ਤੇ ਢੱਠੀ ਹੈ ਉਸ ਵਲ ਉਚੇਚਾ ਧਿਆਨ ਕਰਕੇ ਇਸ ਨੂੰ ਕੋਈ ਪ੍ਰਾਇਰਿਟੀ ਦੇ ਕੇ ਜਲਦੀ ਉਸਾਰਨ ਦਾ ਯਤਨ ਕਰਨਗੇ ਤਾਕਿ ਮਰੀਜ਼ਾਂ ਦੇ ਰਹਿਣ ਦਾ ਚੰਗਾ ਪ੍ਰਬੰਧ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ । ਮੈਂ ਆਪ ਇਸ ਵੱਲ ਧਿਆਨ ਕਰਕੇ ਇਸ ਨੂੰ ਪ੍ਰਾਇਰਿਟੀ ਦੇ ਕੇ ਸਭ ਤੋਂ ਪਹਿਲਾਂ ਇਸ ਬਿਲਡਿੰਗ ਨੂੰ ਬਣਾਉਣ ਦਾ ਯਤਨ ਕਰਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਮੁੱਲਾਂਪੁਰ ਦਾਖਾ ਦੇ ਹਸਪਤਾਲ ਦੀ ਇਮਾਰਤ ਜ਼ਿਲ੍ਹਾ ਪਰਿਸ਼ਦ ਕੋਲ ਹੈ ਅਤੇ ਉਨ੍ਹਾਂ ਕੋਲ ਹੋਣ ਕਰਕੇ ਉਸ ਦਾ ਕੋਈ ਇੰਤਜ਼ਾਮ ਚੰਗੀ ਤਰ੍ਹਾਂ ਨਹੀਂ ਹੋ ਰਿਹਾ । ਗੌਰਮਿੰਟ ਇਹ ਕਹਿੰਦੀ ਹੈ ਕਿ ਬਿਲਡਿੰਗ ਸੰਵਾਰ ਕੇ ਸਹੀ ਹਾਲਤ ਵਿਚ ਦਿਓ ਲੇਕਿਨ ਜ਼ਿਲ੍ਹਾ ਪਰਿਸ਼ਦ ਕੋਲ ਇਤਨੇ ਪੈਸੇ ਨਹੀਂ ਕਿ ਉਹ ਸੰਵਾਰ ਕੇ ਦੇ ਸਕਣ। ਵਜ਼ੀਰ ਸਾਹਿਬ ਵੀ ਉਸੇ ਜ਼ਿਲ੍ਹੇ ਦੇ ਹਨ ਔਰ ਉਸ ਜ਼ਿਲ੍ਹੇ ਵਿਚ ਤਿੰਨ ਚਾਰ ਹਸਪਤਾਲ ਐਸੇ ਹਨ ਜਿਹੜੇ ਜ਼ਿਲ੍ਹਾ ਪਰਿਸ਼ਦ ਕੋਲ ਹਨ ਔਰ ਬਿਲਡਿੰਗਾਂ ਦੀ ਹਾਲਤ ਠੀਕ ਨਹੀਂ ਹੈ ਔਰ ਸਰਕਾਰ ਉਨ੍ਹਾਂ ਨੂੰ ਲੈ ਨਹੀਂ ਰਹੀ । ਕੀ ਵਜ਼ੀਰ ਸਾਹਿਬ ਇਸ ਗਲ ਵੱਲ ਕੋਈ ਵਿਚਾਰ ਕਰਨਗੇ ਕਿ ਉਹ ਬਿਲਡਿੰਗ ਲੈ ਲਈਏ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਐਸੀਆਂ ਇਮਾਰਤਾਂ ਹਨ ਜਿਥੇ ਜ਼ਿਲ੍ਹਾ ਪਰਿਸ਼ਦਾਂ ਠੀਕ ਕੰਮ ਨਹੀਂ ਕਰ ਸਕਦੀਆਂ ਉਸ ਦੇ ਮੁਤੱਲਕ ਅਸੀਂ ਇਨਕੁਆਇਰੀ ਕਰਵਾ ਰਹੇ ਹਾਂ ਔਰ ਇਨਕੁਆਇਰੀ ਕਰਾਉਣ ਦੇ ਬਾਅਦ ਕਿਹੜੀਆਂ ਕਿਹੜੀਆਂ ਲਈਆਂ ਜਾ ਸਕਦੀਆਂ ਹਨ ਉਹ ਅਸੀਂ ਦੇਖਾਂਗੇ। ਜਿਹੜਾ ਮੈਂਬਰ ਸਾਹਿਬ ਨੇ ਉਸ ਬਿਲਡਿੰਗ ਬਾਰੇ ਫ਼ੁਰਮਾਇਆ ਹੈ ਉਹ ਮੈਂ ਵੀ ਮਹਿਸੂਸ ਕਰਦਾ ਹਾਂ ਅਤੇ ਜਦੋਂ ਇਹ ਕੰਮ ਕਰਾਂਗੇ ਉਸ ਵੇਲੇ ਪ੍ਰਾਇਰਿਟੀ ਦੇ ਕੇ ਸਭ ਤੋਂ ਪਹਿਲਾਂ ਉਹ ਲਈ ਜਾਵੇਗੀ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਤਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਉਥੇ ਜ਼ਮੀਨ ਨਹੀਂ ਸੀ ਔਰ ਜ਼ਮੀਨ ਉਥੇ ਦੇ ਇਕ ਮਹੰਤ ਨੇ ਸਰਕਾਰ ਦੇ ਹੈਲਥ ਮਹਿਕਮੇ ਨੂੰ ਦੇ ਕੇ ਉਸ ਦੇ ਨਾਮ ਰਜਿਸਟਰੀ ਕਰਵਾ ਦਿੱਤੀ ਹੈ। ਇਹ ਮਾਮਲਾ 1975-76 ਤੋਂ ਲਟਕਦਾ ਆ ਰਿਹਾ ਹੈ। ਉਦੋਂ ਵੀ ਮੈਂ ਐਮ.ਐਲ.ਏ. ਸੀ ਔਰ ਮੈਨੂੰ ਪਤਾ ਹੈ ਕਿ ਬਜਟ ਵਿਚ ਰਕਮ ਵੀ ਰਖੀ ਗਈ ਸੀ ਲੇਕਿਨ ਉਹ ਪੈਸਾ ਕਿਸੇ ਹੋਰ ਪਾਸੇ ਲਗਾ ਕੇ ਖਰਚਿਆ ਗਿਆ ਸੀ। ਸਰਦਾਰ ਆਤਮਾ ਸਿੰਘ ਜੀ ਦਾ ਬੜਾ ਸਪੈਸਿਫਿਕ ਕੁਐਸਚਨ ਹੈ ਔਰ ਕੀ ਵਜ਼ੀਰ ਸਾਹਿਬ ਸਪੈਸੇਫੀਕਲੀ ਦੱਸਣਗੇ ਕਿ ਜੋ ਰਕਮ ਜਿਹੜੀ ਹੈ ਉਹ ਹੁਣ ਨਹੀਂ ਤਾਂ ਇਸੇ ਅਗਲੇ ਚਾਲੂ ਮਾਲੀ ਸਾਲ ਵਿਚ ਰੱਖਣਗੇ ਕਿਉਂਕਿ ਫਗਵਾੜਾ ਸ਼ਹਿਰ ਜੀ. ਟੀ. ਰੋਡ ਤੇ ਹੈ ਔਰ ਉਥੇ ਮਜ਼ਦੂਰ ਬਹੁਤ ਰਹਿੰਦੇ ਹਨ ਅਤੇ ਦਸਤਕਾਰੀ ਦਾ ਟਾਊਨ ਹੈ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਧੰਨੋਵਾਲੀ ਜੀ ਨੇ ਜਿਹੜਾ ਸਵਾਲ ਕੀਤਾ ਹੈ ਉਸ ਦੇ ਬਾਰੇ ਉਹ ਵੀ ਜਾਣਦੇ ਹਨ ਅਤੇ ਸਾਰਾ ਹਾਊਸ ਜਾਣਦਾ ਹੈ ਕਿ ਪੈਸੇ ਬਗੈਰ ਤਾਂ ਕੋਈ ਚੀਜ਼ ਬਣਨੀ ਨਹੀਂ । ਮੈਂ ਕੋਸ਼ਿਸ਼ ਕਰ ਰਿਹਾ ਹਾਂ ਕਿ ਫਗਵਾੜੇ ਦਾ ਜਾਂ ਇਸ ਕਿਸਮ ਦੇ ਹੋਰ ਜੋ ਹਸਪਤਾਲ ਹਨ ਜਿਨ੍ਹਾਂ ਨੂੰ ਪ੍ਰਾਇਰਿਟੀ ਬੇਸਿਜ਼ ਤੇ ਬਣਾਉਣ ਦੀ ਲੋੜ ਹੈ ਉਹ ਜਲਦੀ ਬਣਾਏ ਜਾਣ। ਫਗਵਾੜੇ ਦੇ ਮੁਤੱਲਕ ਮੇਰਾ ਜ਼ਿਆਦਾ ਧਿਆਨ ਹੈ ਕਿਉਂਕਿ ਮੈਂ ਦੇਖ ਕੇ ਆਇਆ ਹਾਂ ਕਿ ਉਸ ਦੀ ਹਾਲਤ ਠੀਕ ਨਹੀਂ ਹੈ।

LOSS OF MAN HOURS DUE TO FAILURE OF ELECTRICITY

*293. **Shri Om Parkash Gupta:** Will the Minister for Welfare be pleased to state :-

(a) the total number of man-hours of industrial labour lost due to failure of electric power during the years 1979 and 1980 in the State district-wise.

(b) the amount of compensation paid to the industrial labour and Industrial units during the said period ?

ਚੌਧਰੀ ਜਗਤ ਰਾਮ : (ੳ) ਜਿਨ੍ਹਾਂ ਅਦਾਰਿਆਂ ਵਿਚ 50 ਜਾਂ ਇਸ ਤੋਂ ਵੱਧ ਕਿਰਤੀ ਕੰਮ ਕਰਦੇ ਹੋਣ ਅਤੇ ਬਿਜਲੀ ਦੇ ਫੇਲ੍ਹ ਹੋਣ ਕਾਰਨ ਛਾਂਟੀ ਕੀਤੇ ਗਏ ਹੋਣ, ਦੇ ਨੁਕਸਾਨ ਹੋਏ ਕੁੱਲ ਘੰਟਿਆਂ ਬਾਰੇ ਸੂਚਨਾ ਨੱਥੀ ਕੀਤੀ ਜਾਂਦੀ ਹੈ । ਜਿਨ੍ਹਾਂ ਅਦਾਰਿਆਂ ਵਿਚ 50 ਤੋਂ ਘਟ ਕਿਰਤੀ ਕੰਮ ਕਰਦੇ ਹੋਣ. ਉਹ ਉਦਯੋਗਿਕ ਵਿਵਾਦ ਐਕਟ, 1947 ਦੇ ਅਧੀਨ ਅਜਿਹੀ ਸੂਚਨਾ ਭੇਜਣ ਦੇ ਕਾਨੂੰਨੀ ਤੌਰ ਤੇ ਪਾਬੰਦ ਨਹੀਂ ਹਨ ।

(ਅ) ਸਰਕਾਰ ਵਲੋਂ ਉਦਯੋਗਿਕ ਕਿਰਤੀਆਂ ਤੇ ਉਦਯੋਗਿਕ ਅਦਾਰਿਆਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ।

ਜਿਲ੍ਹਾ		ਬਿਜਲੀ ਦੀ ਕਮੀ, ਲੇਅ ਆਫ ਹੋਈ ਘੰਟਿਆਂ ਦੀ ਗਿਣਤੀ	
		ਸਾਲ 1979	1980 (15 ਨਵੰਬਰ ਤਕ)
1.	ਅੰਮ੍ਰਿਤਸਰ	19,840	1,58,720
2	ਬਠਿੰਡਾ	..	...
3	ਫਰੀਦਕੋਟ	...	...
4	ਫਿਰੋਜ਼ਪੁਰ	...	...
5	ਗੁਰਦਾਸਪੁਰ	80,376	6,33,448
6.	ਹੁਸ਼ਿਆਰਪੁਰ	19,552	95,064
7.	ਕਪੂਰਥਲਾ	7,704	...
8.	ਜਲੰਧਰ	3,152	...
9.	ਲੁਧਿਆਣਾ	7,880	2,856
10.	ਪਟਿਆਲਾ	...	18,520
11.	ਰੋਪੜ	61,496	2,62,896
12.	ਸੰਗਰੂਰ	..	12,064
	ਜੋੜ	2,00,000	11,83,568

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਔਲੇ ਜਾਂ ਗੜ੍ਹੇ ਪੈ ਜਾਣ ਜਾਂ ਕੋਈ ਹੋਰ ਕਲੈਮਿਟੀਜ਼ ਆ ਜਾਣ ਤਾਂ ਜ਼ਿਮੀਂਦਾਰ ਨੂੰ, ਕਾਮਿਆਂ ਨੂੰ, ਉਨ੍ਹਾਂ ਦੇ ਨੁਕਸਾਨ ਦਾ ਸਰਕਾਰ ਵੱਲੋਂ ਕੰਪਨਸੇਸ਼ਨ ਦਿੱਤਾ ਜਾਂਦਾ ਹੈ। ਕੀ ਸਰਕਾਰ ਇਸ ਦੇ ਬਾਰੇ ਵੀ ਸੋਚੇਗੀ ਜਿਹੜੇ ਇਸ ਤਰ੍ਹਾਂ ਦੇ ਮੁਲਾਜ਼ਮ ਬੇਕਸੂਰ ਹਨ ਜਿਨ੍ਹਾਂ ਦਾ ਆਪਣਾ ਕੋਈ ਕਸੂਰ ਨਹੀਂ ਹੁੰਦਾ ਕਿਉਂਕਿ ਜੇ ਬਿਜਲੀ ਸ਼ਟ ਡਾਊਨ ਹੁੰਦੀ ਹੈ ਤਾਂ ਉਹ ਸਰਕਾਰ ਦੇ ਕਸੂਰ ਨਾਲ ਹੁੰਦੀ ਹੈ ਕੀ ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦੇਣ ਦੀ ਕੋਈ ਮਨਜ਼ੂਰੀ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਬੜੇ ਗੌਰ ਨਾਲ ਸਰਕਾਰ ਸੋਚਦੀ ਹੈ ਕਿ ਕਿਸ ਢੰਗ ਨਾਲ ਕੀਤਾ ਜਾਵੇ। ਅਸੀਂ ਖਿਆਲ ਰੱਖਾਂਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਹੜਾ ਮੈਨ ਆਵਰਜ਼ ਲਾਸਟ ਹੋਇਆ ਦੱਸਿਆ ਗਿਆ ਹੈ ਉਹ ਸਿਰਫ ਉਨ੍ਹਾਂ ਕਾਰਖਾਨਿਆਂ ਦਾ ਦੱਸਿਆ ਗਿਆ ਹੈ ਜਿਨ੍ਹਾਂ ਵਿਚ 50 ਜਾਂ 50 ਤੋਂ ਜ਼ਿਆਦਾ ਮੁਲਾਜ਼ਮ ਰੱਖੇ ਹੋਏ ਹਨ ਲੇਕਿਨ ਸਾਡੇ ਪੰਜਾਬ ਵਿਚ ਛੋਟੇ ਸਕੇਲ ਦੀ ਇੰਡਸਟਰੀ ਜ਼ਿਆਦਾ ਹੈ ਔਰ ਉਥੇ ਬਹੁਤ ਥੋੜ੍ਹੇ ਥੋੜ੍ਹੇ ਮੁਲਾਜ਼ਮ ਕੰਮ ਕਰਦੇ ਹਨ ਕੀ ਵਜ਼ੀਰ ਸਾਹਿਬ ਕੋਈ ਹੁਕਮ ਜਾਰੀ ਕਰਨਗੇ ਕਿ ਉਨ੍ਹਾਂ ਦਾ ਵੀ ਪਤਾ ਕੀਤਾ ਜਾਵੇ ਕਿ ਉਨ੍ਹਾਂ ਦੇ ਕਿੰਨੇ ਕਿੰਨੇ ਮੈਨ ਆਵਰਜ਼ ਲਾਸਟ ਹੋਏ ਹਨ ?

ਮੰਤਰੀ : ਵਿਚਾਰ ਕੀਤਾ ਜਾਵੇਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਕੰਪਨਸੇਸ਼ਨ ਨਹੀਂ ਦਿੱਤਾ ਜਾ ਸਕਦਾ। ਤੁਸੀਂ ਦੇਖੋ ਕਿ 1979 ਵਿਚ 2 ਲੱਖ ਮੈਨ ਆਵਰਜ਼ ਲਾਸਟ ਹੋਇਆ ਹੈ ਔਰ 1980 ਵਿਚ 15 ਨਵੰਬਰ ਤਕ 11 ਲੱਖ 83 ਹਜ਼ਾਰ 568, ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿ ਪੰਜਾਬ ਵਿਚ ਬਿਜਲੀ ਦੀ ਘਾਟ ਹੈ ਇਸ ਦੇ ਨਾਲ ਸਟੇਟ ਐਕਸਚੈਕਰ ਨੂੰ ਲਾਸ ਹੋਇਆ ਹੈ, ਵਜ਼ੀਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਦੇ ਲਈ ਕੀ ਸਟੈਪ ਲਏ ਹਨ ਤਾਂਕਿ ਅੱਗੇ ਵਾਸਤੇ ਐਸਾ ਨਾ ਹੋਵੇ ਸਟੇਟ ਨੂੰ ਘਾਟਾ ਨਾ ਪਵੇ ? (ਵਿਘਨ)

ਸ਼੍ਰੀ ਸਪੀਕਰ : ਇਹ ਬਿਜਲੀ ਦਾ ਸਵਾਲ ਹੈ, ਇਹ ਕੀ ਦੱਸਣਗੇ। (ਵਿਘਨ)

Sardar Dalip Singh Pandhi : Sir, the State is running into loss. He is a Cabinet Minister and he can reply as it is the joint responsibility of the Government. Sir, he can even take up the matter with the Central Government and can approach the proper quarters. Sir, through you, I would request him to reply to my question.

ਮੰਤਰੀ : ਸਪੀਕਰ ਸਾਹਿਬ, ਇਸ ਨਾਲ ਇਸ ਦਾ ਸਬੰਧ ਤਾਂ ਹੈ ਨਹੀਂ ਵੈਸੇ ਗੌਰ ਕੀਤਾ ਜਾਵੇਗਾ।

Essentiality Certificates/Import Licences Granted in Districts Hoshiarpur, Jullundur and Sangrur.

*389. **Master Dalip Chand**: Will the Chief Minister be pleased to state :—

(a) the names and addresses of the industrial units of districts Hoshiarpur, Jullundur and Sangrur, which were granted

Essentiality Certificates and Import Licences during the years 1978-79 and 1979-80 togetherwith the total value thereof in each case ;

(b) whether any check was made to find out whether the Industrial units referred to in part (a) above have been working properly and whether their accounts have been checked up for the sale of finished products manufactured by them with the imported material;

(c) if the reply to part (b) above be in the affirmative, the result thereof ?

Dr. Kewal Krishan (Finance Minister):-(a) The relevant information is laid on the Table of the House.

(b) Yes.

(c) Information regarding the action taken as a result of the check carried out is laid on the table of the House.

LIST OF INDUSTRIAL UNITS OF DISTRICTS OF HOSHIARPUR, JULLUNDUR AND SANGRUR WHICH WERE GRANTED

Essentiality Certificates/Import Licences during the Year 1978-79 and 1979-80 with total Value thereof in each case.

Sr. No.	Name and address of the Industrial Unit.	Value of Essentiality Certificates issued
1	2	3
	DISTRICT HOSHIARPUR	
1.	M/S. Renco Industrial Corporation, Village Mandialan, District Hoshiarpur	Rs. 34 Lacs.
2.	,, Guru Nanak Industries, Village Dhaha, P. O. Mandialan, Distt. Hoshiarpur.	Rs. 23.5 Lacs
3.	,, National Engg. Industrial Corpn. Village Lahly Kalan, Distt. Hoshiarpur.	Rs. 5 Lacs.
4.	,, Capital Industrial Corpn, Village Ghagran, District Hoshiarpur.	Rs. 5 Lacs.
5.	,, Himalaya Industries, V & P. O. Chabbewal. Distt. Hoshiarpur.	Rs. 5 Lacs.
6.	,, Om Allied Industrial Corporation, Village Bajwara, Distt. Hoshiarpur.	Rs. 5 Lacs.
7.	,, Janta Allied Industries, Village Handowal, Distt. Hoshiarpur.	Rs. 5 Lacs.

1		2	3
8.	M/s	B. K. Indl. Corporation, V & P. O. Anandgarh Distt. Hoshiarpur.	Rs. 5 Lacs.
9.	,,	K. M. Industries V & P. O. Shergarh, Distt. Hoshiarpur.	Rs. 4 Lacs.
10.	,,	Modern Industries, V & P. O. Anandgarh, Distt. Hoshiarpur.	Rs. 5 Lacs.
11		Suraj Industries, V & P. O. Anandgarh, Distt. Hoshiarpur.	Rs. 5 Lacs.
12.	.	Star Industries, V & P O. Mandialan, Distt. Hoshiarpur.	Rs. 10 Lacs.
13.	,,	Akash Industrial Corporation, V & P. O. Chabbewal, Distt. Hoshiarpur.	Rs. 5 Lacs.
14.	,,	Imperial Industrial Corporation, V & P. O. Mandialan, Distt. Hoshiarpur.	Rs. 13.5 Lacs.
15.	,,	Indian Textile Industries, Village Dhaha, P .O .Mandialan, Distt. Hoshiarpur.	Rs. 18.5 Lacs.
16.	,,	Sunrise Steel Industris, Civil Line, Hoshiarpur.	Rs. 13.5 Lacs.
17.	,,	Hindustan Metal Industries, Civil Line, Hoshiarpur.	Rs. 13.5 Lacs.
18.	,,	B. D. Industrial Corporation, Vill. Dhaha, P .O. Mandialan, Distt. Hoshiarpur.	Rs. 14.5 Lacs.
19.	,,	Adarsh Industries, Village Dhaha, P. O. Mandialan.	Rs. 33 Lacs.
20.	,,	Moonlight Industries, V & P. O. Nasrala	Rs. 35 Lacs.
21.	,,	Shiv Shanker Steel Industries, V & P. O. Nasrala.	Rs. 34.5 Lacs.
22.	,,	Rachna Engg. Industries, V & P. O. Chhabbewal.	Rs. 27.00 Lacs.
23.	,,	Delux Indl. Corp., V & P. O. Jatpur.	Rs. 35 Lacs.
24.	,,	Ganesh Steel & Allied industries, V & P. O. Chabbewal.	Rs. 34 Lacs.
25.	,,	Suraj Allied Industries V & P. O. Bassi Kalan	Rs. 29.5 Lacs.
26.	,,	Pine Chemical Suppliers Jullundur Road, Hoshiarpur.	Rs. 10 Lacs.
27.	,,	Sarvodya Resin Works, Jullundur Road, Hoshiarpur.	Rs. 10 Lacs.
28.	,,	Golden Coating Corpn. Jullundur Road, Hoshiarpur.	Rs. 10 Lacs.
29.	,,	First Pine Oil Factory, Jullundur Road, Hoshiarpur.	Rs. 10 Lacs.
30.	,,	B. K. U. Enterprises Red Road, Hoshiarpur.	Rs. 1.34 Lacs.
31.	,,	Stylo Industries Vill. Dhaha, P. O. Mandialan	Rs. 18.5 Lacs.
32.	,,	Accutime Village Chak Gujran, P. O. Piplanwala	Rs. 26 Lacs.
33.	,,	Eastman Kinetics Shed No. 3, Industrial Estate Dasuya, Hoshiarpur.	Rs. 8 Lacs.
34.	,,	Acmee Village Chak Gujran, P. O. Piplanwala, Distt. Hoshiarpur.	Rs. 4.5 Lacs.
35.	,,	Badalia Auto Gears Rural Indl. Estate, Dasuya, Hoshiarpur.	Rs. 5 Lacs.
36.	,,	Bhaia Industries Village Dhaha, P. O. Mandialan.	Rs. 3 Lacs.
37.	,,	M. K. Industries Village Dhaha, P. O. Mandi Mandialan.	Rs. 4.5 Lacs.

1		2	3
DISTRICT SANGRUR			
1.	M/s	Papu Ice ream Factory, Railway Road, Ahmedgarh.	Rs. 5 Lacs
2.	,,	Punjab Plastic, Dhuri	Rs. 3 lacs
3.	,,	Ashdeep Enterprised C/o Shri Shiv Cotton & Oil Co., Ahmedgarh.	Rs. 5 lacs
4.	,,	Premier Engg. and Mech. Works Ward No. 1, Chapri Road, Ahmedgarh.	Rs. 2 Lacs
5.	,,	Lucky Engg. Works, Ahmedgarh.	Rs. 5 Lacs
6.	,,	Jaga Indl. Corpn. Ahmedgarh.	Rs. 5 Lacs
7.	,,	Hilton Engg, Jagera Road, Ahmedgarh.	Rs. 5 Lacs
8.	,,	Expert Metal Industries, Ludhiana Road, Malerkotla.	Rs. 5 Lacs
9.	,,	Norton Metal Corporation, Railway Road, Malerkotla.	Rs. 5 Lacs
10.	M/S	Woudby Steel Industries, Ludhiana Road, Malerkotla.	Rs. 5 Lacs.
11.	,,	Economic Engg. Works, Railway Road, Malerkotla.	Rs. 5 Lacs.
12.	,,	Alexendra Steel Industries, Ludhiana Road, Malerkotla.	Rs. 5 Lacs.
13.	,,	Punjab Matallurgical Corpn. Railway Road, Malerkotla.	Rs. 5 Lacs.
14.	"	Navdeep Indl. Corp. Village & P. O. Amargarh.	Rs. 5 Lacs.
15.	,,	Dolton Indl. Corpn. V. & P. O. Amargarh.	Rs. 5 Lacs.
16.	,,	Kaushal Engg. Works Village Qila Rehmatgarh.	Rs. 5 Lacs.
17.	,,	Pakeeza Engg. Works, Amargarh.	Rs. 5 Lacs.
18.	,,	New Super Engg. Corporation, Village Bir Ahmedabad, Tehsil Malerkotla.	Rs. 5 Lacs.
19.	,,	Ajanta Engg. Works, Indl. Estate, Malerkotla.	Rs. 5 Lacs.
20.	,,	Moscot Steel Industries, Village Bir-Ahmedabad, P. O. Malerkotla.	Rs. 5 Lacs.
		DISTRICT JULLUNDUR	
1.	M/S	Subhash Sharat Steel Mills, Pvt. Ltd., Preet Nagar, Soadal Road, Jullundur.	Rs. 16.87 Lacs.
2.	,,	Narankar Auto Engg. Works G. T. Road, Goraya	Rs. 3.25 Lacs.
3.	,,	V. T. Cottage Industries, Goraya	Rs. 3 Lacs.
4.	,,	Friends Rubber Industries Basti Bawa Khel Kapurthala Road, Jullundur.	Rs. 3 Lacs.
5.	,,	Berry Electrical Pvt. Ltd. G. T. Road, Byepass Near Indl. Estate, Jullundur.	Rs. 3 Lacs.
6.	,,	Kundi Engg. Works Regd. G. T. Road, Goraya.	Rs. 3 Lacs.
7.	,,	Rama Krishana Rubber Co., Gulab Devi Hospital Road, Jullundur.	Rs. 50,000.
8.	,,	Berco Weldings Electricals Pvt. Ltd. G. T. Road, Bye Pass, Jullundur.	Rs. 2 Lacs.
9.	,,	Jay Kay Engg. Works Indl. Area, Jullundur.	Rs. 48,842/-
10.	,,	Lama Opticals House N. D. 81, Vikrampura, Jullundur City.	Rs. 80,000/-
11.	,,	Vijay Brothers Old Raiway Road, Jullundur,	Rs. 20,000/-
12.	,,	Clifton Suri International, G. T. Road, Goraya.	Rs. 90,000/-
13.	,,	K. K. Industries, G. T. Road, Jullundur Cantt.	Rs. 2 Lacs.
14.	,,	Bhalpota Industries Bara Pind Road, Jullundur.	Rs. 25,000/-
15.	,,	Sadhu Singh and Sons Iron & Steel Rolling Mills Goraya.	Rs. 50,000/-

[Finance Minister]

1	2	3
16.	M/S Clifton Industries 12, Rurka Road, Goraya.	Rs. 1.5 Lacs.
17.	„ Punj Ball Bearing Industries Goraya.	Rs. 85,000/
18.	„ Krishi Udyog (India) Regd. Nehru Garden Road, Jullundur.	1.5 Lacs
19.	„ Fromard Ball Bearing, Goraya.	Rs. 10,000/-
20.	„ Doaba Engg. Corporation (Regd) Goraya.	Rs. 75,000/-
21.	„ Popular Ball Bearing Co., Goraya.	Rs. 35,00/0-
22.	„ Naval Kishore Press Near Railway Road, Jullundur.	Rs. 10,000/-
23.	„ H. B. Industries Jullundur.	Rs. 60,000/-
24.	„ N. K. Plastic V-Birring G. T. Road, Jullundur.	Rs. 2 Lacs.
25.	„ Hind National Industries S-190. Indl Area, Jullundur.	Rs. 2 Lacs.
26.	„ Sutlej Engg. & Foundry Works Goraya.	Rs. 1 Lacs.
27.	„ Flexo Industries Village Raowali, Nurpur.	Rs. 1.20 Lacs.
28.	„ Surjit Electrical Works Goraya	Rs. 1 Lacs.
29.	„ Standard Ball Bearings Industries, Goraya-	Rs. 25,000/-
30.	„ Kundi Auto Engg. & Foundry Works (Regd) Goraya.	Rs. 30,000/-
31.	„ Kundi Engg. Corporation, Goraya.	Rs. 1.20 Lacs.
32.	„ Sadhu Singh & Sons, Goraya	Rs. 67,500/-
33.	„ Kehar Singh Shankar Singh & Brothers, Goraya.	Rs. 1.35 Lacs.
34.	„ Shri Vishavkarma Industries (Regd) Goraya.	Rs. 50,000/-
35.	„ Mohan Indl. Corporaion,Goraya.	Rs. 60,000/-
36.	„ Malkiat Ball Bearing, Goraya.	Rs. 30,000/-
37.	„ Green Ball Bearing, Corporation Goraya.	Rs. 10,000
38.	„ Vikon Electrical Works Pvt. Ltd., G. T. Road, Goraya.	Rs. 1,50,000
39	„ Dhiman Industries Dakhani Gate, Nakodar.	Rs. 2.50 Lacs.
40.	„ I. BI. Engg. Industries Pvt. Ltd., S-214, Indl. Area, Jullundur.	Rs. 1.15 Lacs.
41.	„ Zoloto Industries, Kapurthala Road Jullundur.	Rs. 30,000/-
42.	„ Premier Engg. Co. Basti Danishmandan	Rs. 5 Lacs.
43.	„ M. S. Surgical Instruments Basti Danishmandan	Rs. 5 Lacs.
44.	„ M. S. Power Equipment Basti Danishmandan.	Rs. 5 Lacs.
45.	„ Allied Mnufactures, Basti Danishmandan	Rs. 4.5 Lacs

46.	M/S	Pioneer Engg. Co., Basti Danishmandan.	Rs. 4. 50 Lacs.
47.	,,	Allied Engineers, Basti Danishmandan.	Rs. 4 Lacs.
48.	,,	Minhas Corporation Basti Danishmandan.	Rs. 6 Lacs.
49.	,,	Ganesh Industries Basti Danishmandan.	Rs. 3 Lacs.
50.	,,	Friends Corpn. Basti Danishmandan.	Rs. 2.50 Lacs.
51.	,,	Standard Rubber Industries, Hoshiarpur Road, Jullundur.	Rs. 2.75 Lacs.
52.	,,	A. R. Rubber Industries, Moh. Kishanpura, Jullundur.	Rs. 50,000/-
53.	,,	Modern Rubber Works, S-7, Indl., Area. Jullundur.	Rs. 50,000/-
54.	,,	Presto Industries, Hoshiarpur Road, Jullundur.	Rs. 20,000/-
55.	,,	Punjab Metal Works, Hoshiarpur Road, Jullundur.	Rs. 25,000/-
56.	,,	Amco Industries M-20, Indl. Area, Jullundur.	Rs. 15,000/-
57.	,,	Shakti Metal Works S-254, Indl, Area, Jullundur.	Rs. 20,000/-
58.	,,	Darshan Singh & Co., G. T. Road, Goraya.	Rs. 45,000/-
59.	,,	Refinco Industries, Village Rero.	Rs. 10,000/-
60	,,	Mohan Singh, Harbhajan Singh Goraya.	Rs. 1 Lacs.
61.	,,	Jage's Engg. & Foundry Goraya.	Rs. 50,000/-
62.	,,	Bishan Singh & Sons, Goraya.	Rs.20,000/-
63.	,,	Gurdev Iron Foundry, Goraya.	Rs. 20,000/-
64.	,,	Kirpal Singh Sehmby, Goraya.	Rs. 45.000
65.	,,	Crysal Foundry (Regd), Goraya.	Rs. 1 Lacs.
66.	,,	Jodh Sehmby & Sons, Goraya.	Rs. 1 Lacs.
67.	,,	Lekh Raj Sharma & Sons, Goraya.	Rs. Lacs.
68.	,,	Mohinder Brothers G. T. Road, Goraya.	Rs. 10,000/-
69.	,,	Mohan Industrial Corporation Goraya.	Rs. 75,000/-
70.	,,	Anup Industries, Basti Nau, Jullundur.	Rs. 10,000/-
71.	,,	Em. Kay Industrial Corp, Village Boparai.	Rs. 1.50 Lacs.
72.	,,	Lucky Industries Basti Gujan, Jullundur.	Rs. 20,000/-
73.	,,	B. N. Shiv Lal Aggarwal, S-144, Indl. Area, Jullundur.	Rs. 20,000/
74.	,,	Rattan Engg. Works, S-95, Industrial Area, Jullundur.	Rs. 15,000/-
75.	,,	Hind Rubber Factory, S-7, Industrial Area, Jullundur.	Rs. 30, 000
76.	,,	Amrit Sport Industries, Basti Nau, Jullundur.	Rs. 20,000/
77.	,,	Puri Optical Co., Mai Hiran Gate, Jullundur.	Rs. 10,000/-
78.	,,	Chandra Industries G. T. Road, Jullundur.	Rs. 1,50,000/-

[Finance Minister]

LIST OF INDUSTRIAL UNITS AGAINST WHOM ACTION HAS BEEN TAKEN AS A RESULT OF THE CHECK CARRIED OUT.

Sr. No.	Name of the Unit and Address.	Value of Essentiality Certificate	Action Taken
	2	3	4
	District Hoshiaprpur		
1. ,,	M/s Rano Industrial Corparation Village Dhaha. P. O. Mandialan Distt. Hoshiarpur	Rs. 34 Lacs	D/-Registered/Recomendations for Essentiality Certificate withdrawan.
2. ,,	Guru Nanak Industries, Village Dhaha, P. O. Mandialan, District Hoshiarpur	Rs. 23.5 Lacs.	,,
3. ,,	National Engg. Industrial Corpn. Village Lahli Kalan, Hoshiarpur	Rs. 5 Lacs.	,,
4. ,,	Himalaya Industries V. & P. O. Chabbewal, District Hoshiarpur	Rs. 5 Lacs.	,,
5. ,,	Capital Indl. Corpn. Village Changran (Hoshiarpur)	Rs. 5 Lacs.	,,
6. ,,	Om Allied Indl. Corpn, Village Bajwara	Rs. 5 Lacs.	,,
7. ,,	Janta Allied Industries, Vill. Handowal	Rs. 5 Lacs.	,,
8. ,,	B.K. Indl. Corpn. V.& P. O. Anandgarh	Rs. 4 Lacs.	,,
9. ,,	K. M. Industries V.& P. O. Shegarh	Rs. 4 Lacs.	,,
10. ,,	Modern Industries V.& P. O. Anandgarh	Rs. 5 Lacs.	,,

11.	,,	Suraj Industries, V.& P. O. Anandgarh	Rs. 5 Lacs.	-do-
12.	,,	Star Industries V.& P. O. Mandialan	Rs. 5 Lacs.	Deregistered
13.	,,	Akash Industrial Corporation, V.& P. O. Chabbewal	Rs. 5 Lacs	-do-
14.	,,	Imperial Industrial Corpn, V. & P. O. Mandialan	Rs. 13.5 Lacs.	-do-
15.	,,	Indian Textile Industries, V. Dhaha, P. O. Mandialan	Rs. 13.5 Lacs.	-do-
16.	,,	Sunrise Steel Indistries, Civil Line, Hoshiarpur	Rs. 13.5 Lacs.	De-registered/Recommendations for Essentiality Certificate withdrawn.
17.	,,	Hindustan Metal Industries, Civil Lines, Hoshiarpur	Rs. 13.5 Lacs.	-do-
18.	,,	B. D. Indl. Corpn. V. Dhaha, P. O. Mandialan	Rs. 14.5 Lacs.	-do-
19.	,,	Shive Shanker Steel Industries, V.& P. O. Nasrala	Rs. 34.5 Lacs.	Recommendations for Essentaility Cettificate withdrawn.
20.	,,	Eastman Knities, Shed No. 3, Indl. Estate, Dasuya.	Rs. 8 Lacs.	-do-
21.	,,	Acmee Vill. Chak Gujaran, P. O. Piplanwala	Rs. 4.50 L[illegible]	-d-
22.	,,	Badalia Auto Gears Rural Indl. Estate, Dasuya	Rs. 5 Lacs.	-fdo-
23.	,,	Bhaia Industries, Village Dhaha, P .O . Mandialan	Rs. 3 Lacs.	De-registered.
24.	,,	M. K. Industries, Village Dhaha, P .O .Mandialan	Rs. 4 Lacs.	-do-
		District Sangrur		
1.	M/S	Papu Ice Cream Factory Railway Road, Ahmedgarh.	Rs. 5 Lacs.	Recommendations for Essentiality Cetificate withdrawn
2.	,,	Punjab Plastice, Dhuri	Rs. 3 Lacs.	-do-

[Finance Minister]

1	2	3	4
	District Sangrur—Concld.		
3. ,,	Ashdeep Enterprises C/O Shri Shiv Cotton & Oil Co., Ahmedgarh.	Rs. 5 Lacs.	Recommendation for essentiality certificate withdrawn.
4. ,,	Premier Engg. & Mech. Works, Ward No. 1, Chapri, Ahmedgarh	Rs. 5 Lacs.	-do-
5. ,,	Lucy Engg. Works, Ahmedgarh	Rs. 5 Lacs.	-do-
6. ,,	Jagat Industrial Corpn. Ahmedgarh	Rs. 5 Lacs.	-do-
7. ,,	Hilton Engg. Jagera Road, Ahdmedgarh	Rs. 5 Lacs.	-do-
8. ,,	Expert Metal Industries, Ludhiana, Road Malerkotla	Rs. 5 Lacs.	-do-
9. ,,	Norton Metal Corpn. Railway Road, Malerkotla	Rs. 5 Lacs.	-do-
10. ,,	Woudly Stee Industries,Ludhiana Road, Malerkotla	Rs. 5 Lacs.	-do-
11. ,,	Economic Engg. Works, Railway Road, Malerkotla	Rs. 5 Lacs.	-do-
12. ,,	Alexandera Steel Industries, Ludhiana Road, Malerkotla	Rs. 5 Lacs.	-do-
13 ,,	Punjab Metallurgical Corporation, Railway Road, Malerkotla	Rs. 5 Lacs.	-do-
14. ,,	Navdeep Indl. Corpn. Village & P. O. Amargarh	Rs. 5 Lacs.	-do-
15. ,,	Dolton Indl. Corpn, V. & P. O. Amargarh	Rs. 5 Lacs.	-do-
16. ,,	Kaushal Engg. Works, Village Qila Rehmatgarh	Rs. 5 Lacs.	-do-
17. ,,	Pakeeza Engg. Works, Amargarh	Rs. 5. Lacs.	-do-
18. ,,	New Super Engg. Corpn. Village Bir-Ahmedabad, Tehsil, Malerkotla	Rs. 5 Lacs.	-do-
19. ,,	Ajanta Engg. Works Indl. Estate Malerkotla	Rs. 5 Lacs.	-doj
20. ,,	Moscot Steel Industries, Village Bir-Ahmedabad, P. O. Malerkotla	Rs. 5 Lacs.	-do-
		Rs. 75 Lacs	

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਉਨ੍ਹਾਂ ਲੋਕਾਂ ਦੇ ਨਾਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਸ ਦੇ ਵਿਚ ਇਨਵਾਲਵਡ ਹਨ, ਖਾਸ ਤੌਰ ਤੇ ਅਫਸਰ, ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ਲਈ ਹਾਊਸ ਨੂੰ ਐਸ਼ੋਅਰ ਕਰਵਾਉਣਗੇ ?

ਵਿੱਤ ਮੰਤਰੀ : ਸਪੀਕਰ ਸਾਹਿਬ, 3 ਜ਼ਿਲ੍ਹਿਆਂ ਵਿਚ ਚੈਕਿੰਗ ਹੋਈ ਸੀ ਔਰ ਉਸ ਚੈਕਿੰਗ ਵਿਚ ਡਿਸਟ੍ਰਿਕਟ ਹੁਸ਼ਿਆਰਪੁਰ ਦੀਆਂ 24 ਫਰਮਾਂ ਅਤੇ ਡਿਸਟ੍ਰਿਕਟ ਸੰਗਰੂਰ ਦੀਆਂ 20 ਫਰਮਾਂ ਦੋਸ਼ੀ ਨਿਕਲੀਆਂ ਸਨ। ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਗਈ ਅਤੇ ਉਨ੍ਹਾਂ ਦੇ ਅਸੈਂਸ਼ੀਅਲ ਸਰਟੀਫਿਕੇਟ ਵਿਦਰਾ ਕਰਨ ਲਈ ਰਿਕਮੈਂਡੇਸ਼ਨ ਕੀਤੀ ਗਈ ਹੈ। ਜਿਹੜੇ ਅਫਸਰ ਵੀ ਇਸ ਵਿਚ ਇਨਵਾਲਵਡ ਹੋਣਗੇ ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ ।

MISSING WOMEN IN THE STATE

*** 299 Comrade Baldev Singh Loomba:** Will the Chief Minister be pleased to state:—

(a) the district-wise number of women reported to be missing in the states during the years 1979 and 1980;

(b) whether any of the women mentioned in part (a) above, have since been traced out; if so, their number and the steps being taken by the government to trace out the remaining missing women ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

(ਅ) ਸਾਲ 1979 ਵਿਚ 171 ਅਤੇ ਸਾਲ 1980 ਵਿਚ 156 ਅਗਵਾ ਦੁਆਰਾ ਗੁੰਮ ਹੋਈਆਂ ਔਰਤਾਂ ਲੱਭੀਆਂ ਗਈਆਂ ਹਨ ਅਤੇ ਦੋਵੇਂ ਸਾਲਾਂ ਦੀਆਂ ਬਾਕੀ ਬਚਦੀਆਂ 96 ਗੁੰਮਸ਼ੁਦਾ ਔਰਤਾਂ ਨੂੰ ਲੱਭਣ ਲਈ ਪੁਲਿਸ ਕੋਸ਼ਿਸ਼ ਕਰ ਰਹੀ ਹੈ। । ਗੁੰਮਸ਼ੁਦਾ ਔਰਤਾਂ ਬਾਰੇ ਇਤਲਾਹ ਸੀ. ਆਈ. ਏ. ਗਜ਼ਟ ਵਿਚ ਛਾਪ ਕੇ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਸਟੇਸ਼ਨਾਂ ਨੂੰ ਲੋੜੀਂਦੀ ਕਾਰਵਾਈ ਲਈ ਅਤੇ ਸੀ. ਆਈ ਗਜ਼ਟ ਵਿਚ ਛਾਪਕੇ ਪੰਜਾਬ ਤੋਂ ਹੋਰ ਸਾਰੇ ਰਾਜਾਂ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ। ਕਈ ਕੇਸਾਂ ਵਿਚ ਗਜ਼ਟਡ ਪੁਲਿਸ ਅਫਸਰਾਂ ਦੀ ਨਿਗਰਾਨੀ ਹੇਠ ਸਪੈਸ਼ਲ ਸੈੱਲ ਵੀ ਬਣਾਏ ਗਏ ਹਨ ਜੋ ਕਿ ਗੁੰਮਸ਼ੁਦਾ ਔਰਤਾਂ ਨੂੰ ਲੱਭਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਇਹ ਸੂਚਨਾ ਸਿਰਫ ਉਨ੍ਹਾਂ ਔਰਤਾਂ ਬਾਰੇ ਹੈ ਜਿਨ੍ਹਾਂ ਬਾਬਤ ਮਾਮਲੇ ਪੁਲਿਸ ਸਟੇਸ਼ਨਾਂ ਤੇ ਦਰਜ ਹੋਏ ਹਨ।

ਸਾਲ 1979 ਅਤੇ 1980 ਦੇ ਦੌਰਾਨ ਰਾਜ ਵਿਚ ਔਰਤਾਂ ਦੇ ਗੁੰਮ ਹੋਣ ਬਾਰੇ ਮਿਲੀਆਂ ਰਿਪੋਰਟਾਂ ਦੀ ਜ਼ਿਲ੍ਹੇਵਾਰ ਸੂਚੀ

ਕ੍ਰਮ ਨੰ:	ਜ਼ਿਲ੍ਹਾ	ਸਾਲ	
		1979	1980
1	2	3	4
1.	ਜਲੰਧਰ	28	20
2.	ਅੰਮ੍ਰਿਤਸਰ	16	32

1	7	3	4
3.	ਹੁਸ਼ਿਆਰਪੁਰ	9	12
4.	ਗੁਰਦਾਸਪੁਰ	13	13
5.	ਕਪੂਰਥਲਾ	7	5
6	ਪਟਿਆਲਾ	21	19
7.	ਲੁਧਿਆਣਾ	48	37
8.	ਸੰਗਰੂਰ	17	14
9.	ਰੋਪੜ	15	8
10.	ਫਿਰੋਜ਼ਪੁਰ	11	9
11.	ਬਠਿੰਡਾ	5	13
12.	ਫਰੀਦਕੋਟ	21	20
	ਕੁੱਲ	221	202

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਗੈਰ ਹਾਜ਼ਰ ਹਨ ਚਲੋ ਇਨ੍ਹਾਂ ਦੀ ਕੁਲੈਕਟਿਵ ਰਿਸਪੌਂਸੀਬਿਲਟੀ ਹੈ। ਇਨ੍ਹਾਂ ਨੇ ਕਿਹਾ ਹੈ ਕਿ 1979 ਵਿਚ 221 ਅਤੇ 1980 ਵਿਚ 202 ਕੇਸ ਹੋਏ ਹਨ। ਮੈਂ ਅਰਜ਼ ਕਰਦਾ ਹਾਂ ਕਿ ਬਹੁਤ ਸਾਰੇ ਕੇਸ ਤਾਂ ਪੁਲਿਸ ਵਾਲੇ ਦਰਜ ਹੀ ਨਹੀਂ ਕਰਦੇ ਅਤੇ ਇਸੇ ਤਰ੍ਹਾਂ ਡਰਾ ਧਮਕਾ ਕੇ ਭੇਜ ਦਿੰਦੇ ਹਨ। ਇਹ ਵੀ ਕੇਸ ਕਾਫ਼ੀ ਤਾਦਾਦ ਵਿਚ ਹਨ ਅਤੇ ਬੜਾ ਗੰਭੀਰ ਮਾਮਲਾ ਹੈ, ਪਰ ਵਜ਼ੀਰ ਸਾਹਿਬ ਨੇ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ 1979 ਵਿਚ ਕਿੰਨੀਆਂ ਲੱਭੀਆਂ ਅਤੇ 1980 ਵਿਚ ਕਿੰਨੀਆਂ ਲੱਭੀਆਂ ? ਕੀ ਇਹ ਦੱਸਣ ਦੀ ਕਿਰਪਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਗਿਆਤ ਲਈ ਦੱਸਿਆ ਹੈ ਕਿ 1979 ਵਿਚ 156 ਅਤੇ 1980 ਵਿਚ 171 ਔਰਤਾਂ ਲੱਭੀਆਂ ਬਾਕੀ ਜਿਹੜੀਆਂ 96 ਰਹਿ ਗਈਆਂ ਹਨ ਉਨ੍ਹਾਂ ਲਈ ਪੁਲਿਸ ਲੋੜੀਂਦੀ ਕਾਰਵਾਈ ਕਰ ਰਹੀ ਹੈ। ਜਿਹੜੇ ਕੇਸ ਪੁਲੀਸ ਵਿਚ ਦਰਜ ਨਹੀਂ ਕੀਤੇ ਜਾਂਦੇ ਉਨ੍ਹਾਂ ਬਾਰੇ ਜਾਣਕਾਰੀ ਸਰਕਾਰ ਪਾਸ ਨਹੀਂ ਆ ਸਕਦੀ ਜਿਹੜੇ ਪੁਲਿਸ ਵਿਚ ਦਰਜ ਹੁੰਦੇ ਹਨ ਸਰਕਾਰ ਉਨ੍ਹਾਂ ਬਾਰੇ ਦੱਸ ਸਕਦੀ ਹੈ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਤੁਸੀਂ ਸਾਨੂੰ ਪ੍ਰੋਟੈਕਸ਼ਨ ਦਿਆ ਕਰੋ ਸਾਡਾ ਸੁਆਲ ਕੁਝ ਹੋਰ ਹੁੰਦਾ ਹੈ ਅਤੇ ਇਨਾਂ ਦਾ ਜਵਾਬ ਹੋਰ ਹੁੰਦਾ ਹੈ। ਇਹ ਸਿੱਧਾ ਕਹਿ ਦਿਆ ਕਰਨ ਕਿ ਇਨ੍ਹਾਂ ਪਾਸ ਇਸ ਵੇਲੇ ਜਵਾਬ ਨਹੀਂ ਹੈ ਇਹ ਫਿਰ ਦੱਸ ਦੇਣਗੇ ਮੈਂ ਇਹ ਪੁੱਛਿਆ ਸੀ ਕਿ 1979 ਵਿਚ ਕਿੰਨੀਆਂ ਔਰਤਾਂ ਲੱਭੀਆਂ ਅਤੇ 80 ਵਿਚ ਕਿੰਨੀਆਂ ਮੇਰਾ ਕੁਐਸਚਨ ਸਪੈਸਿਫਿਕ ਸੀ ਪਰ ਇਹ ਗੱਲ ਕਿਸੇ ਹੋਰ ਪਾਸੇ ਲੈ ਗਏ।

ਮੰਤਰੀ : ਇਹ ਜਮ੍ਹਾਂ ਤਫ਼ਰੀਕ ਦਾ ਸੁਆਲ ਹੈ 1979 ਵਿਚ 50 ਰਹਿ ਗਈਆਂ ਅਤੇ 80 ਵਿਚ 46 ਜਿਨ੍ਹਾਂ ਬਾਰੇ ਤਫ਼ਤੀਸ਼ ਜਾਰੀ ਹੈ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਸੇ ਕਿੰਨੇ ਕੇਸ ਹਨ ਜਿਨ੍ਹਾਂ ਵਿਚ ਪੁਲੀਸ ਵਾਲਿਆਂ ਨੇ ਅਗਵਾਹ ਕੀਤੀਆਂ ਹਨ ?

ਮੰਤਰੀ : ਇਹ ਵੱਖਰਾ ਸੁਆਲ ਹੈ ਦੇਣ ਜਾਣਕਾਰੀ ਦਿੱਤੀ ਜਾ ਸਕਦੀ ਹੈ । ਵੈਸੇ ਪੁਲੀਸ ਵਾਲੇ ਐਸੇ ਨਹੀਂ ਹਨ । ਉਹ ਬੜੇ ਚੰਗੇ ਹਨ ਔਰ ਉਨ੍ਹਾਂ ਦੇ ਖਿਲਾਫ ਐਸਾ ਕੋਈ ਮਾਮਲਾ ਦਰਜ ਨਹੀਂ ਹੈ ।

ਕਾਮਰੇਡ ਸਰਵਣ ਸਿੰਘ ਚੀਮਾ : ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਇਹ ਚੀਜ਼ ਹੈ ਕਿ ਜਦੋਂ ਲੋਕ ਐਸੇ ਕੇਸਾਂ ਲਈ ਥਾਣਿਆਂ ਵਿਚ ਰਿਪੋਰਟ ਦਰਜ ਕਰਾਉਣ ਲਈ ਜਾਂਦੇ ਹਨ ਤਾਂ ਉਹ ਦਰਜ ਨਹੀਂ ਕਰਦੇ । ਰਿਪੋਰਟਾਂ ਦਰਜ ਹੋਣ ਦੇ ਲਈ ਕੋਈ ਉਪਰਾਲਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਦਰਜ ਹੋਏ ਕੇਸਾਂ ਦੀ ਗਿਣਤੀ ਦੱਸੀ ਹੈ । ਜੇਕਰ ਕੇਸ ਦਰਜ ਨਾ ਹੋਣ ਤਾਂ ਇਹ ਗਿਣਤੀ ਕਿਵੇਂ ਆ ਸਕਦੀ ਹੈ।

Letter Received from the Members of Municipal Committee, Sultanpur Through a Legislator.

***316. Sardar Atma Singh:**-Will the Minister for Finance be pleased to state:—

(a) whether he recieved a letter in the month of November, 1980 from members of Municipal Committee, Sultanpur Lodhi through the legislator of the Constituency wherein it was alleged that the Executive Officer Municipal Committee, Sultanpur was still charging Toll Tax and octroi duty in vilolation of Government instuructions on green chillies at the rate of Rs. 3/- per quintal instead of 0.70 paise per quintal from farmers of villages;

(b) if the reply to para (a) above be in the affirmative, the reason for not complying with Government instructions and the actio n taken against the officer concerned ?

ਡਾਕਟਰ ਕੇਵਲ ਕ੍ਰਿਸ਼ਨ (ੳ) : ਹਾਂ, ਜੀ।

(ਅ) ਇਸ ਕਮੇਟੀ ਵਿਚੋਂ ਟੋਲ ਟੈਕਸ ਮਿਤੀ 25 ਨਵੰਬਰ, 1980 ਤੋਂ ਖਤਮ ਕੀਤਾ ਗਿਆ ਸੀ। ਹਰੀਆਂ ਮਿਰਚਾਂ ਤੋਂ ਚੁੰਗੀ ਦੀ ਵਸੂਲੀ 3/- ਰੁਪਏ ਪ੍ਰਤੀ ਕਵਿੰਟਲ ਦੀ ਬਜਾਏ 0-70 ਪੈਸੇ ਪ੍ਰਤੀ ਕਵਿੰਟਲ ਦੀ ਦਰ ਨਾਲ ਵਸੂਲੀ ਜਾ ਰਹੀ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੜੀ ਹੁਸ਼ਿਆਰੀ ਨਾਲ ਨਗਰ ਪਾਲਕਾ ਦਾ ਜੋ ਈ. ਓ. ਹੈ ਉਸਦੀ ਗਲਤੀ ਤੇ ਪਰਦਾ ਪਾਉਣ ਦਾ ਯਤਨ ਕੀਤਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ 1979 ਵਿਚ ਟੋਲ ਟੈਕਸ ਹਟਾ ਗਈ ਸੀ ਅਤੇ ਮਿਰਚਾਂ ਦਾ ਮਹਿਸੂਲ 3 ਰੁਪਏ ਤੋਂ ਘਟਾ ਕੇ 70 ਪੈਸੇ ਕਰ ਗਈ ਸੀ । ਇਹ ਵੀ ਫੈਸਲਾ ਕੀਤਾ

[ਸਰਦਾਰ ਆਤਮਾ ਸਿੰਘ]

ਸੀ ਕਿ 25 ਪ੍ਰਤੀਸ਼ਤ ਮਹਿਸੂਲ ਚੁੰਗੀ ਤੇ ਸਰਚਾਰਜ ਲਾ ਲਿਆ ਜਾਏ। ਵਜ਼ੀਰ ਸਾਹਿਬ ਕਹਿੰਦੇ ਹਨ ਕਿ 25 ਨਵੰਬਰ, 1980 ਤੋਂ ਟੋਲ ਟੈਕਸ ਹਟਾ ਦਿੱਤਾ ਗਿਆ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਫੈਸਲਾ 1979 ਵਿਚ ਕੀਤਾ ਗਿਆ ਸੀ ਅਤੇ ਪੰਜਾਬ ਦੀਆਂ ਬਾਕੀ ਮਿਉਂਨਿਸਪਲ ਕਮੇਟੀਆਂ ਵਿਚ ਉਸ ਤੇ ਅਮਲ ਕੀਤਾ ਗਿਆ Why not in Sultanpur Lodhi Municipal Committee and what action has been taken against the E. O. who defied Government order.

ਮੰਤਰੀ : ਸਪੀਕਰ ਸਾਹਿਬ, ਜਵਾਬ ਬੜਾ ਕਲੀਅਰ ਹੈ ਮਿਉਨਿਸਪਲ ਕਮੇਟੀ ਨੇ ਆਪਣੇ ਰੈਜ਼ੋਲਿਊਸ਼ਨ ਨ: 140 ਰਾਹੀਂ ਮਿਤੀ 31 ਜੁਲਾਈ, 1980 ਨੂੰ ਟੋਲ ਟੈਕਸ ਖਤਮ ਕਰਨਾ ਰਿਕਮੈਂਡ ਕੀਤਾ। ਕਮੇਟੀ ਦਾ ਰੈਜ਼ੋਲਿਊਸ਼ਨ ਹੋਣਾ ਜ਼ਰੂਰੀ ਸੀ। 25 ਨਵੰਬਰ, 1980 ਨੂੰ ਮਨਜ਼ੂਰੀ ਦੇ ਦਿਤੀ ਅਤੇ 28 ਨਵੰਬਰ, 1980 ਤੋਂ ਇਮੀਜੀਏਟਲੀ ਟੈਕਸ ਬੰਦ ਕੀਤਾ ਗਿਆ। ਈ. ਓ. ਦੇ ਕਸੂਰਵਾਰ ਹੋਣ ਦੀ ਕੋਈ ਗੱਲ ਹੀ ਨਹੀਂ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਮੇਰੇ ਸੁਆਲ ਦਾ ਜਵਾਬ ਗਲਤ ਦੇ ਰਹੇ ਹਨ ਹਾਊਸ ਵਿਚ...... (ਵਿਘਨ)

ਸ੍ਰੀ ਸਪੀਕਰ : ਸਰਦਾਰ ਸਾਹਿਬ, ਜੇਕਰ ਜਵਾਬ ਗਲਤ ਹੈ ਤਾਂ ਤੁਸੀਂ ਪ੍ਰਿਵਿਲਜ਼ ਮੋਸ਼ਨ ਲਿਆ ਸਕਦੇ ਹੋ। ਇਸ ਤਰ੍ਹਾਂ ਨਹੀਂ ਕਹਿ ਸਕਦੇ। ਵਿਦਡਰਾ ਦੀਜ਼ ਵਰਡਜ਼।

ਸਰਦਾਰ ਆਤਮਾ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ 79 ਵਿਚ ਉਸ ਵੇਲੇ ਦੀ ਸਰਕਾਰ ਨੇ ਜੋ ਫੈਸਲਾ ਕੀਤਾ 25 ਪ੍ਰਤੀਸ਼ਤ ਸਰਚਾਰਜ ਲਗਾ ਕੇ ਟੋਲ ਟੈਕਸ ਹਟਾ ਦਿੱਤਾ ਜਾਵੇ ਔਰ ਮਿਰਚਾਂ ਤੇ ਜੋ ਮਹਿਸੂਲ 3 ਰੁਪਏ ਹੈ ਉਸ ਦੀ ਬਜਾਏ 70 ਪੈਸੇ ਕਰ ਦਿੱਤਾ ਜਾਏ ਤਾਂ ਡੇਢ ਸਾਲ ਦੇ ਸਮੇਂ ਦੌਰਾਨ ਅਮਲ ਕਿਉਂ ਨਹੀਂ ਕੀਤਾ ਗਿਆ।

ਮੰਤਰੀ : ਸਪੀਕਰ ਸਾਹਿਬ ਇਹ ਸੁਆਲ ਜੋ ਮੈਂਬਰ ਸਾਹਿਬ ਨੇ ਕੀਤਾ ਹੈ ਇਸ ਦੇ ਵਿਚ ਅਕਾਲੀ ਸਰਕਾਰ ਦੇ ਫੈਸਲੇ ਦਾ ਕਿਤੇ ਜ਼ਿਕਰ ਨਹੀਂ ਹੈ। ਇਹ ਫੋਰਮ ਪਿਛਲੀ ਗੌਰਮਿੰਟ ਦੇ ਪ੍ਰਾਪੇਗੰਡੇ ਦਾ ਤਾਂ ਹੈ ਨਹੀਂ। ਸੁਆਲ ਦਾ ਵਿਸਥਾਰ ਨਾਲ ਜਵਾਬ ਦੇ ਦਿੱਤਾ ਹੈ। 31 ਜੁਲਾਈ, 1980 ਨੂੰ ਰੈਜ਼ੋਲਿਊਸ਼ਨ ਹੋਇਆ। 25 ਨਵੰਬਰ, 1980 ਨੂੰ ਮਨਜ਼ੂਰੀ ਮਿਲੀ ਅਤੇ 28 ਨਵੰਬਰ, 1980 ਤੋਂ ਅਮਲ ਹੋ ਗਿਆ ਈ. ਓ. ਸਾਹਿਬ ਦੀ ਇਸ ਵਿਚ ਕੋਈ ਅਣਗਹਿਲੀ ਨਹੀਂ ਹੈ। ਜੋ ਇੰਨਸਟਰਕਸ਼ਨਜ਼ ਸਨ ਉਨ੍ਹਾਂ ਦੇ ਮੁਤਾਬਕ ਕੰਮ ਹੋਇਆ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਫਿਰ ਗਲਤ ਗੱਲ ਕਹਿ ਰਹੇ ਹਨ, ਹਲਕੇ ਦੇ ਵਿਧਾਇਕ ਰਾਹੀਂ ਮਿਉਂਨਿਸਪਲ ਕਮੇਟੀ ਦੇ ਮੈਂਬਰਾਂ ਨੇ ਸਰਕਾਰ ਪਾਸ ਮੈਮੋਰੰਡਮ ਪਹੁੰਚਾਇਆ ਇਨ੍ਹਾਂ ਪਾਸ ਉਸ ਦੀ ਕਾਪੀ ਹੈ ਜ਼ਰਾ ਪੜ੍ਹ ਦੇਣ।

ਮੰਤਰੀ : ਸੁਆਲ ਮੁਤਾਬਕ ਜਵਾਬ ਬਿਲਕੁਲ ਕਲੀਅਰ ਹੈ। ਇਨ੍ਹਾਂ ਪੁੱਛਿਆ ਟੋਲ ਟੈਕਸ ਲੈਂਦੇ ਹਨ ਜਵਾਬ ਹੈ 'ਨਹੀਂ'। ਬਾਕੀ ਜਿਹੜੀਆਂ ਹਰੀਆਂ ਮਿਰਚਾਂ ਹਨ ਉਨ੍ਹਾਂ ਤੇ ਮਹਿਸੂਲ 70 ਪੈਸੇ ਲੈਂਦੇ ਹਨ ਅਤੇ ਜਿਹੜੀਆਂ ਸੁਕੀਆਂ ਹਨ ਉਹ ਕਰਿਆਨਾ ਵਿਚ ਆ ਜਾਂਦੀਆਂ ਹਨ ਉਨ੍ਹਾਂ ਤੇ 3 ਰੁਪਏ ਚਾਰਜ ਕੀਤੇ ਜਾਂਦੇ ਹਨ।

ਸਰਦਾਰ ਆਤਮਾ ਸਿੰਘ : ਮੈਂ ਸਪੀਕਰ ਸਾਹਿਬ, ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੂੰ ਇਹ ਚਿੱਠੀ ਕਿਹੜੀ ਤਰੀਕ ਨੂੰ ਮਿਲੀ ?

ਮੰਤਰੀ : ਇਸੇ ਸਾਲ ਹੀ ਪਹੁੰਚੀ ਹੈ। ਡੇਟ ਇਨ੍ਹਾਂ ਨੇ ਆਪਣੇ ਸਵਾਲ ਵਿਚ ਪੁੱਛੀ ਨਹੀਂ ਇਸ ਲਈ ਮੈਂ ਉਹ ਦੱਸ ਨਹੀਂ ਸਕਦਾ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਗਲਤ ਜਵਾਬ ਦੇ ਰਹੇ ਹਨ। ਚਿੱਠੀ ਇਨ੍ਹਾਂ ਕੋਲ ਮੌਜੂਦ ਹੈ। ਇਹ ਉਸਦੀ ਡੇਟ ਦੱਸ ਦੇਣ ਕਿ ਕਿਹੜੀ ਤਾਰੀਖ ਨੂੰ ਪਹੁੰਚੀ ਹੈ ?

ਮੰਤਰੀ : ਸਪੀਕਰ ਸਾਹਿਬ, ਚਿੱਠੀ ਫਾਈਲ ਵਿਚ ਕੋਈ ਨਹੀਂ ਲੱਗੀ ਹੋਈ, ਇਨ੍ਹਾਂ ਦਾ ਸਵਾਲ ਇਹ ਸੀ ਕਿ ਕੀ ਨਵੰਬਰ ਦੇ ਮਹੀਨੇ ਕੋਈ ਚਿੱਠੀ ਮਿਲੀ ਸੀ। ਨਵੰਬਰ ਵਿਚ ਹੀ ਚਿੱਠੀ ਆਈ ਹੈ। ਡੇਟਾਂ ਦੇ ਬਾਰੇ ਇਨ੍ਹਾਂ ਨੇ ਪੁੱਛਿਆ ਨਹੀਂ। ਉਸ ਚਿੱਠੀ ਦੇ ਪਹੁੰਚਣ ਦੇ ਬਾਅਦ ਕੀ ਐਕਸ਼ਨ ਹੋਇਆ ਹੈ, ਉਹ ਮੈਂ ਦੱਸ ਦਿੱਤਾ ਹੈ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਮੰਗਦਾ ਹਾਂ। ਮੰਤਰੀ ਸਾਹਿਬ ਨੇ ਗੱਲ ਮੰਨੀ ਹੈ ਕਿ ਚਿੱਠੀ ਨਵੰਬਰ, ਮਹੀਨੇ ਵਿਚ ਆਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਹੜੀ ਤਰੀਖ ਨੂੰ ਆਈ ? ਇਹ ਲਾਜ਼ਮੀ ਹੈ ਕਿ ਚਿੱਠੀ ਆਉਣ ਦੇ ਬਾਅਦ ਹੀ ਇਨ੍ਹਾਂ ਨੂੰ ਹੋਸ਼ ਆਈ 25 ਨਵੰਬਰ, 1980 ਨੂੰ ਕਿ ਅਸੀਂ ਗਲਤ ਗੱਲ ਕਰ ਰਹੇ ਹਾਂ। ਫਿਰ ਮਿਰਚਾਂ ਤੇ ਮਹਿਸੂਲ ਘਟਾਉਣ ਦਾ ਇਨ੍ਹਾਂ ਨੇ ਫੈਸਲਾ ਕੀਤਾ। ਸਪੀਕਰ ਸਾਹਿਬ, ਜਿਸ ਢੰਗ ਨਾਲ ਸਾਡੇ ਸਿਹਤ ਮੰਤਰੀ ਜਵਾਬ ਦਿੰਦੇ ਹਨ, ਉਸੇ ਤਰ੍ਹਾਂ ਇਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। ਇਨ੍ਹਾਂ ਨੂੰ ਗਲ ਟਾਲਣੀ ਨਹੀਂ ਚਾਹੀਦੀ। ਬੇਈਮਾਨ ਅਫਸਰਾਂ ਤੇ ਪਰਦਾ ਨਹੀਂ ਪਾਉਣਾ ਚਾਹੀਦਾ। ਇਥੇ ਇਨ੍ਹਾਂ ਨੂੰ ਗਲਤ ਜਵਾਬ ਨਹੀਂ ਦੇਣਾ ਚਾਹੀਦਾ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰਾਂ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਮੈਂ ਸਪੱਸ਼ਟ ਹੀ ਜਵਾਬ ਦਿੱਤਾ ਹੈ ਕਿ ਮਿਊਨੀਸੀਂਪਲ ਕਮੇਟੀ ਦੇ 140 ਨੰਬਰ ਮਤੇ ਅਨੁਸਾਰ 31 ਜੁਲਾਈ ਨੂੰ ਇਹ ਰੈਜ਼ੋਲਿਊਸ਼ਨ ਹੋਇਆ। 25 ਨਵੰਬਰ, 1980 ਨੂੰ ਨੋਟੀਫਿਕੇਸ਼ਨ ਹੋਈ ਅਤੇ 28 ਨਵੰਬਰ, 1980 ਨੂੰ ਇਹ ਐਬਾਲਿਸ਼ ਹੋ ਗਈ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇੱਕ ਲੈਜਿਸਲੇਟਰ ਦੀ ਨਵੰਬਰ ਦੇ ਮਹੀਨੇ ਇਨ੍ਹਾਂ ਕੋਲ ਚਿੱਠੀ ਆਈ। ਜਿਸ ਤਰ੍ਹਾਂ ਮਨਿਸਟਰਾਂ ਅਤੇ ਅਫਸਰਾਂ ਲਈ ਇਹ ਜ਼ਰੂਰੀ ਹੈ ਕਿ ਵਿਧਾਇਕਾਂ ਦੀਆਂ ਚਿੱਠੀ ਦਾ ਉਹ ਜਵਾਬ ਦੇਣ, ਕੀ ਐਮ. ਐਲ. ਏ. ਸਾਹਿਬ ਦੀ ਚਿੱਠੀ ਦਾ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ? ਜੇ ਨਹੀਂ ਦਿੱਤਾ ਤਾਂ ਕਿਉਂ ਨਹੀਂ ਦਿੱਤਾ।

ਮੰਤਰੀ : ਸਪੀਕਰ ਸਾਹਿਬ, ਇਹ ਚਿੱਠੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਆਈ ਸੀ। ਉਨ੍ਹਾਂ ਨੇ ਇਹ ਚਿੱਠੀ ਮੈਨੂੰ ਭੇਜ ਦਿੱਤੀ। 17 ਨਵੰਬਰ, 1980 ਦੀ ਇਹ ਚਿੱਠੀ ਹੈ। ਕਿਉਂਕਿ ਇਹ ਮੁੱਖ ਮੰਤਰੀ ਜੀ ਨੂੰ ਲਿਖੀ ਗਈ ਹੈ। ਇਸ ਲਈ ਉਨ੍ਹਾਂ ਨੇ ਇਸ ਦਾ ਜਵਾਬ ਜ਼ਰੂਰੀ ਦਿਤਾ ਹੋਵੇਗਾ ਜੇ ਮੈਨੂੰ ਚਿੱਠੀ ਆਉਂਦੀ ਤਾਂ ਮੈਂ ਇਸ ਦਾ ਜ਼ਰੂਰ ਜਵਾਬ ਦਿੰਦਾ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਮੰਗਦਾ ਹਾਂ। ਮੈਨੂੰ ਸ਼ਿਕਾਇਤ ਹੈ। ਇਹ ਇਕ ਐਸੇ ਮੰਤਰੀ ਹਨ ਜਿਹੜੇ ਵਿਧਾਇਕਾਂ ਨੂੰ ਮਖੌਲ ਕਰਦੇ ਹਨ।

LOCAL BUS SERVICE IN THE CORPORATION AREAS

***395 Comrade Raj Kumar** (Put by Comrade Baldev Singh Loomba):- Will the Minister for Finance be pleased to state whether the Government is considering any proposal to run local buses in the Municipal Corporation areas of Amritsar, Jullundur and Ludhaiana on the basis of 1969 agreement between the Government and the private operators in the State; if so the details thereof?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਆਪਣੇ ਸਵਾਲ ਦੇ ਜਵਾਬ 'ਨਹੀਂ ਜੀ' 'ਸਵਾਲ ਹੀ ਪੈਦਾ ਨਹੀਂ ਹੁੰਦਾ' ਵਿਚ ਵਿੱਤ ਮੰਤਰੀ ਜੀ ਦਿੰਦੇ ਹਨ । ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਦੀਆਂ ਕਾਰਪੋਰੇਸ਼ਨਾਂ ਵਿਚ ਬੱਸਾਂ ਦੀ ਬੜੀ ਭੈੜੀ ਹਾਲਤ ਹੈ। ਇਹ ਬੱਸਾਂ ਨਾ ਹੋਣ ਵਰਗੀਆਂ ਹਨ। ਹਵਾ ਇਨ੍ਹਾਂ ਵਿਚ ਖੁੱਲ੍ਹੀ ਵਗਦੀ ਹੈ । ਬਾਰਸ਼ ਹੋਏ ਤਾਂ ਪਾਣੀ ਅੰਦਰ ਆਉਂਦਾ ਹੈ। ਕੀ ਇਨ੍ਹਾਂ ਦੀ ਹਾਲਤ ਵਿਚ ਸੁਧਾਰ ਕਰਨ ਲਈ ਇਹ ਉਥੇ ਪ੍ਰਾਈਵੇਟ ਬੱਸਾਂਵੇ ਚਲਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਮਾਨਯੋਗ ਮੈਂਬਰ ਸਾਹਿਬ ਦੀ ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਬੱਸਾਂ ਦੀ ਹਾਲਤ ਬੜੀ ਮਾੜੀ ਹੈ ਅਤੇ ਇਹ ਮਾੜੀ ਹਾਲਤ ਇਸ ਕਰਕੇ ਹੈ ਕਿਉਂਕਿ ਪਿਛਲੀ ਸਰਕਾਰ ਨੇ ਜੋ ਮਾੜੀਆਂ ਅਤੇ ਖਰਾਬ ਬੱਸਾਂ ਸਨ, ਉਹ ਕਾਰਪੋਰੇਸ਼ਨ ਦੇ ਪੱਲੇ ਪਾ ਦਿੱਤੀਆਂ ਅਤੇ ਉਸਦੇ ਨਤੀਜੇ ਦੇ ਤੌਰ ਤੇ ਲੋਕਾਂ ਨੂੰ ਬਹੁਤ ਜ਼ਿਆਦਾ ਕਠਿਨਾਈ ਉਠਾਉਣੀ ਪੈ ਰਹੀ ਹੈ ਸਰਕਾਰ ਗੰਭੀਰਤਾ ਨਾਲ ਇਸ ਤੇ ਵਿਚਾਰ ਕਰ ਰਹੀ ਹੈ 60:40 ਦੀ ਰੇਸ਼ੋ ਮੁਤਾਬਿਕ ਉਥੇ ਬੱਸਾਂ ਚਲਾਉਣ ਬਾਰੇ ਵੀ ਸੋਚਿਆ ਹੈ । ਪਰ ਹੁਣ ਚੂੰਕਿ ਇਥੇ ਨੈਸ਼ਨੇਲਾਈਜ਼ੇਸ਼ਨਦਾ ਰੈਜ਼ੋਲਿਊਸ਼ਨ ਪਾਸ ਹੋ ਚੁੱਕਾ ਹੈ, ਇਸ ਕਰਕੇ ਸਰਕਾਰ ਚਾਹੇਗੀ ਕਿ ਇਸਤੇ ਅਮਲ ਕੀਤਾ ਜਾਵੇ ਅਤੇ ਉਥੇ ਅੱਛਾ ਪ੍ਰਬੰਧ ਕੀਤਾ ਜਾਵੇ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਜਿਹੜਾ ਘਾਟੇ ਵਾਲਾ ਆਈਟਮ ਸੀ, ਇਹ ਅਕਾਲੀ ਸਰਕਾਰ ਨੇ ਇਨ੍ਹਾਂ ਤਿੰਨਾ ਕਾਰਪੋਰੇਸ਼ਨਾਂ ਨੂੰ ਦੇ ਦਿੱਤਾ ਸੀ, ਕੀ ਇਹ ਸਰਕਾਰ ਵਾਪਸ ਲਵੇਗੀ ਅਤੇ ਅਗਰ ਸਰਕਾਰ ਨਹੀਂ ਲੈ ਸਕਦੀ ਤਾਂ ਕੀ ਸਰਕਾਰ ਕਾਰਪੋਰੇਸ਼ਨਾਂ ਨੂੰ ਹੋਰ ਫੰਡਜ਼ ਦੇਵੇਗੀ ਤਾਂ ਕਿ ਉਹ ਨਵੀਆਂ ਬੱਸਾਂ ਪਾ ਸਕਣ ।

ਮੰਤਰੀ : ਇਨ੍ਹਾਂ ਤਿੰਨਾਂ ਕਾਰਪੋਰੇਸ਼ਨਾਂ ਨੂੰ 10 ਲੱਖ ਰੁਪਿਆ ਹਰ ਮਹੀਨੇ ਘਾਟਾ ਪੈ ਰਿਹਾ ਹੈ । ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਲਈ ਸਰਕਾਰ ਜ਼ਰੂਰ ਪ੍ਰਬੰਧ ਕਰੇਗੀ ਤਾਂ ਕਿ ਉਥੇ ਦੇ ਲੋਕਾਂ ਨੂੰ ਅੱਛੀ ਬੱਸ ਦੀ ਸੁਵਿਧਾ ਮਿਲ ਸਕੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਇਹ ਦੱਸਣਗੇ ਕਿ ਇਹ ਤਿੰਨੇ ਮਿਉਨਿਸਪਲ ਕਾਰਪੋਰੇਸ਼ਨਾਂ ਸੈਮੀ-ਗੌਰਮਿੰਟ ਹਨ, ਉਥੇ ਕੋਈ ਪ੍ਰਾਈਵੇਟ ਬੱਸ ਨਹੀ ਚਲਦੀ । ਹੁਣ ਤਾਂ ਇਹ ਨੈਸ਼ਨੇਲਾਈਜ਼ੇਸ਼ਨ ਵੱਲ ਚੱਲ ਰਹੇ ਹਨ । ਉਥੇ ਬੱਸਾਂ ਸ਼ੀਸ਼ਿਆਂ ਅਤੇ ਟਾਇਰਾਂ ਤੋਂ ਅਧੂਰੀਆਂ ਪਈਆਂ ਹਨ । ਕੀ ਸਰਕਾਰ ਉਨ੍ਹਾਂ ਨੂੰ ਫੰਡਜ਼ ਦੇਵੇਗੀ ਤਾਂ ਕਿ ਉਨ੍ਹਾਂ ਦਾ ਸੁਧਾਰ ਹੋ ਸਕੇ । ਲੁਧਿਆਣੇ ਵਿਚ 60 ਬੱਸਾਂ ਸਨ ਜਿਨ੍ਹਾਂ ਵਿਚ ਹੁਣ ਸਿਰਫ 15 ਚੱਲ ਰਹੀਆਂ ਹਨ । ਬਾਕੀ ਸਾਰੀਆਂ ਕਾਰਪੋਰੇਸ਼ਨਾਂ ਦੇ ਅੱਡੇ ਤੇ ਖੜ੍ਹੀਆਂ ਹਨ । ਉਥੇ ਤਾਂ ਪਹਿਲਾਂ ਹੀ ਨੈਸ਼ਨੇਲਾਈਜ਼ੇਸ਼ਨ ਹੋਈ ਹੋਈ ਹੈ । ਕੀ ਉਥੇ ਪੰਜਾਬ ਗੌਰਮਿੰਟ ਪੈਸੇ ਦੇਵੇਗੀ ਜਾਂ ਇਹ ਪ੍ਰਬੰਧ ਉਨ੍ਹਾਂ ਤੋਂ ਲੈ ਲਵੇਗੀ ਅਤੇ ਆਪ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਜੀ ਨੇ ਬਹੁਤ ਅੱਛੀ ਆਪਣੀ ਰਾਏ ਦਿੱਤੀ ਹੈ। ਅਸੀਂ ਜ਼ਰੂਰ ਇਸ ਤੇ ਵਿਚਾਰ ਕਰਾਂਗੇ। ਇਸਦਾ ਪ੍ਰਬੰਧ ਅੱਛਾ ਕਰਨ ਲਈ ਸਰਕਾਰ ਕੋਈ ਅੱਛੀ ਸਕੀਮ ਬਣਾਵੇਗੀ। ਨੈਸ਼ਨੇਲਾਈਜ਼ਿਸ਼ਨ ਦਾ ਰੈਜ਼ੋਲਿਊਸ਼ਨ ਪਾਸ ਹੋ ਚੁੱਕਾ ਹੈ ਅਤੇ ਸਰਕਾਰ ਸੰਜੀਦਗੀ ਨਾਲ 'ਇਸ ਤੇ ਵਿਚਾਰ ਕਰਕੇ ਐਕਸ਼ਨ ਲਵੇਗੀ ਤੇ ਉਥੇ ਦੇ ਲੋਕਾਂ ਲਈ ਚੰਗਾ ਟਰਾਂਸਪੋਰਟ ਸਰਵਿਸ ਦਾ ਪ੍ਰਬੰਧ ਕਰੇਗੀ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਪਿਛਲੇ ਸੈਸ਼ਨ ਵਿਚ ਅੰਮ੍ਰਿਤਸਰ ਕਾਰਪੋਰੇਸ਼ਨ ਦੀ ਟਰਾਂਸਪੋਰਟ ਦੇ ਮੁਤੱਲਕ ਸਵਾਲ ਕੀਤਾ ਸੀ ਅਤੇ ਉਦੋਂ ਵੀ ਵਜ਼ੀਰ ਸਾਹਿਬ ਨੇ ਇਹ ਕਿਹਾ ਸੀ ਕਿ ਇਸ ਤੇ ਵਿਚਾਰ ਕਰ ਰਹੇ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਇਹ ਮਸਲਾ ਹੱਲ ਕਰ ਦੇਣਗੇ ?

ਮੰਤਰੀ : 31 ਮਾਰਚ ਤੋਂ ਪਹਿਲਾਂ ਪਹਿਲਾਂ ਜ਼ਰੂਰ ਇਸਦਾ ਹੱਲ ਕਰ ਦਿਆਂਗੇ। (ਤਾੜੀਆਂ)

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਲਜ਼ਾਮ ਲਾਇਆ ਹੈ ਕਿ ਇਹ ਅਕਾਲੀ ਸਰਕਾਰ ਵਾਲੇ ਟੁੱਟੀਆਂ ਭੱਜੀਆਂ ਬੱਸਾਂ ਉਥੇ ਦੇ ਗਏ ਹਨ। ਉਨ੍ਹਾਂ ਦੀ ਸਰਕਾਰ ਬਣੇ ਨੂੰ 7 ਮਹੀਨੇ ਹੋ ਗਏ ਹਨ। ਇਨ੍ਹਾਂ ਨੇ ਆਪਣੇ ਇਸ ਰਾਜ ਦੇ ਦੌਰਾਨ ਤਿੰਨਾਂ ਕਾਰਪੋਰੇਸ਼ਨਾਂ ਵਿਚ ਟਰਾਂਸਪੋਰਟ ਸਰਵਿਸ ਵਿਚ ਕਿਤਨਾ ਕੁ ਸੁਧਾਰ ਕੀਤਾ ਹੈ, ਇਹ ਦੱਸ ਦੇਣ ?

ਮੰਤਰੀ : ਸਪੀਕਰ ਸਾਹਿਬ ਇਹ ਠੀਕ ਹੈ ਕਿ ਇਹ ਟੁੱਟੀਆਂ ਭੱਜੀਆਂ ਬੱਸਾਂ ਛੱਡ ਗਏ ਸਨ। ਅੱਧੀਆਂ ਨਾਲੋਂ ਜ਼ਿਆਦਾ ਮੁਰੰਮਤ ਕਰਵਾ ਕੇ ਚਲਾ ਰਹੇ ਹਾਂ ਤਾਕਿ ਲੋਕਾਂ ਨੂੰ ਸਹੂਲਤ ਮਿਲ ਸਕੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਤੁਸੀਂ ਮਨਿਸਟਰ ਸਾਹਿਬ ਨੂੰ ਪੁੱਲ ਅੱਪ ਕਰੋ। ਇਸ ਸਵਾਲ ਵਿਚ ਦੋ ਚੀਜ਼ਾ ਪੁੱਛੀਆਂ ਹਨ। ਇੱਕ ਤਾਂ ਇਹ ਪੁੱਛਿਆ ਹੈ ਕਿ ਕੀ ਕੋਈ ਪ੍ਰੋਪੋਜ਼ਲ ਅੰਡਰ ਕੰਸਿਡਰੇਸ਼ਨ ਹੈ ਅਤੇ ਕਿ ਕੋਈ ਐਗਰੀਮੈਂਟ ਪ੍ਰਾਈਵੇਟ ਟਰਾਂਸਪੋਰਟਰਜ਼ ਅਤੇ ਸਰਕਾਰ ਵਿਚਕਾਰ ਹੋਇਆ ਹੈ। ਨੈਸ਼ਨੇਲਾਈਜ਼ੇਸ਼ਨ ਦਾ ਰੈਜ਼ੋਲਿਊਸ਼ਨ ਇਥੇ ਹੋ ਗਿਆ ਹੈ। ਪਰ ਇਨ੍ਹਾਂ ਨੇ ਜਵਾਬ 'ਨਹੀਂ ਜੀ' ਵਿਚ ਦਿੱਤਾ ਹੈ ਕਿ ਕੋਈ ਪ੍ਰੋਪੋਜ਼ਲ ਅੰਡਰ ਕੰਸਿਡਰੇਸ਼ਨ ਨਹੀਂ ਹੈ ਅਤੇ ਨਾਂ ਹੀ ਕੋਈ ਐਗਰੀਮੈਂਟ ਹੋ ਰਿਹਾ ਹੈ। ਇਨ੍ਹਾਂ ਨੂੰ ਰਾਈਟ ਜਵਾਬ ਦੇਣਾ ਚਾਹੀਦਾ ਹੈ।

ਮੰਤਰੀ : ਸਪੀਕਰ ਸਾਹਿਬ, ਮਾਸਟਰ ਬਾਬੂ ਸਿੰਘ ਜੀ ਬਹੁਤ ਪੁਰਾਣੇ ਲੈਜਿਸਲੇਟਰ ਹਨ। ਇਥੇ ਨੈਸ਼ਨੇਲਾਈਜ਼ੇਸ਼ਨ ਆਫ ਟਰਾਂਸਪੋਰਟ ਦਾ ਰੈਜ਼ੋਲਿਊਸਨ ਪੇਸ਼ ਹੋਇਆ ਹੈ ਅਤੇ ਪੇਸ਼ ਹੋ ਕੇ ਪਾਸ ਵੀ ਹੋ ਗਿਆ ਹੈ। ਸਰਕਾਰ ਇਸ ਵੇਲੇ ਸੈਸ਼ਨ ਵਿਚ ਮਸ਼ਰੂਫ ਹੈ ਇਸ ਦੇ ਉਤੇ ਬਕਾਇਦਾ ਸੋਚਣ ਵਾਸਤੇ ਸਰਕਾਰ ਨੂੰ ਸਮਾਂ ਚਾਹੀਦਾ ਹੈ। ਇਸ ਕਰਕੇ ਹੀ ਮੈਂ ਜਵਾਬ ਨਾਂ ਜੀ ਵਿਚ ਦਿੱਤਾ ਹੈ। ਇਹ ਵਿਚਾਰ ਅਧੀਨ ਤਦੇ ਹੋ ਸਕਦਾ ਹੈ ਜਦੋਂ ਅਸੀਂ ਸੈਸ਼ਨ ਤੋਂ ਫਾਰਗ ਹੋ ਜਾਈਏ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਅਕਾਲੀ ਸਰਕਾਰ ਨੇ ਜਿਤਨੀਆਂ ਬੱਸਾਂ ਪੰਜਾਬ ਰੋਡਵੇਜ਼ ਦੀਆਂ ਸਨ ਉਨ੍ਹਾਂ ਦੇ ਟਾਇਰ ਲਾਹ ਕੇ ਅਤੇ ਤੋੜ ਫੋੜ ਕੇ ਜਲੰਧਰ ਕਾਰਪੋਰੇਸ਼ਨ ਨੂੰ ਟਰਾਂਸਫਰ ਕਰ ਦਿੱਤੀਆਂ। ਇਸ ਕਾਰਣ ਜਿਹੜੇ ਪਹਿਲਾਂ ਪਿੰਡਾਂ ਵਿਚ ਰੂਟ ਚਲਦੇ ਸਨ ਉਹ ਬੰਦ ਹੋ ਚੁੱਕੇ ਹਨ। ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਕਿ ਜਲੰਧਰ ਕਾਰਪੋਰੇਸ਼ਨ ਵਿਚ ਨਵੀਆਂ ਬੱਸਾਂ ਪਾ ਕੇ ਕੀ ਉਨ੍ਹਾਂ ਨੂੰ ਪਿੰਡਾਂ ਵਿਚ ਚਾਲੂ ਕੀਤਾ ਜਾਵੇਗਾ ਤਾਕਿ ਜਿਨ੍ਹਾਂ ਪਿੰਡਾਂ ਵਿਚ ਅਕਾਲੀ ਸਰਕਾਰ ਦੀ ਮੇਹਰਬਾਨੀ ਨਾਲ ਬੱਸ ਸਰਵਿਸ ਬੰਦ ਹੋ ਗਈ ਸੀ ਉਥੇ ਮੁੜਕੇ ਚਾਲੂ ਹੋ ਸਕੇ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ 31 ਮਾਰਚ ਤਕ ਇਸ ਬੱਸ ਸਰਵਿਸ ਨੂੰ ਜ਼ਿਆਦਾ ਤੋਂ ਜ਼ਿਆਦਾ ਇਮਪਰੂਵ ਕਰਨ ਦਾ ਯਤਨ ਕਰਾਂਗੇ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਰਾਜ ਵੇਲੇ ਜਦੋਂ ਇਹ ਕਾਰਪੋਰੇਸ਼ਨਾਂ ਬਣੀਆਂ ਸਨ ਤਾਂ ਪੁਰਾਣੀਆਂ ਟੁੱਟੀਆਂ ਭੱਜੀਆਂ ਬੱਸਾਂ ਇਨ੍ਹਾਂ ਨੂੰ ਦਿੱਤੀਆਂ ਗਈਆਂ ਸਨ ਜਿਸ ਕਰਕੇ ਤਿੰਨ ਲੱਖ ਰੁਪਿਆ ਘਾਟਾ ਮਹੀਨੇ ਦਾ ਪੈ ਰਿਹਾ ਹੈ, ਕੀ ਉਹ ਟੁੱਟੀਆਂ ਭੱਜੀਆਂ ਬੱਸਾਂ ਸਰਕਾਰ ਵਾਪਿਸ ਲੈਣ ਨੂੰ ਤਿਆਰ ਹੈ ਤਾਂਕਿ ਕਾਰਪੋਰੇਸ਼ਨ ਨੂੰ ਘਾਟਾ ਨਾ ਪਵੇ ? ਕੀ ਉਨ੍ਹਾਂ ਦੀ ਥਾਂ ਨਵੀਆਂ ਬੱਸਾਂ ਸਰਕਾਰ ਦੇਣ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਠੀਕ ਕਹਿੰਦੇ ਹਨ ਕਿ ਜਲੰਧਰ ਦੀ ਕਾਰਪੋਰੇਸ਼ਨ ਨੂੰ ਤਿੰਨ ਲੱਖ ਰੁਪਿਆ ਮਹੀਨਾ ਔਰ ਇਸ ਤਰ੍ਹਾਂ ਅੰਮ੍ਰਿਤਸਰ ਔਰ ਲੁਧਿਆਣਾ ਦੀਆਂ ਕਾਰਪੋਰੇਸ਼ਨਾਂ ਨੂੰ ਮਿਲਾਕੇ 10 ਲੱਖ ਰੁਪਿਆ ਤੋਂ ਜ਼ਿਆਦਾ ਮਹੀਨੇ ਦਾ ਘਾਟਾ ਪੈ ਰਿਹਾ ਹੈ। ਅਰ ਇਸ ਘਾਟੇ ਨੂੰ ਪੈਂਦਿਆਂ ਸਾਲ ਤੋਂ ਜ਼ਿਆਦਾ ਅਰਸਾ ਹੋ ਗਿਆ ਹੈ......(ਵਿਘਨ) ਜਵਾਬ ਤਾਂ ਸੁਣ ਲਓ। ਜਿਹੜਾ, ਸਪੀਕਰ ਸਾਹਿਬ ਆਨਰੇਬਲ ਮੈਂਬਰ ਨੇ ਸੁਝਾਓ ਦਿੱਤਾ ਹੈ ਇਸ ਬਾਰੇ ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਸ ਮਾਮਲੇ ਤੇ ਸੰਜੀਦਗੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਟੁੱਟੀਆਂ ਭੱਜੀਆਂ ਬੱਸਾਂ ਜਿਹੜੀਆਂ ਆਵਾਜਾਈ ਲਈ ਯੂਜ਼ਫੁਲ ਨਹੀਂ ਹਨ ਅਸੀਂ ਉਨ੍ਹਾਂ ਨੂੰ ਰਿਪਲੇਸ ਕਰਾਂਗੇ ਔਰ ਨਵੀਆਂ ਬੱਸਾਂ ਕਾਰਪੋਰੇਸ਼ਨਾਂ ਵਿਚ ਲਿਆਵਾਂਗੇ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਕੁਲਵੰਤ ਸਿੰਘ ਜੀ ਅਤੇ ਸਰਦਾਰ ਬਲਵੰਤ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਇਜਾਜ਼ਤ ਮੰਗ ਰਹੇ ਸਨ। ਮਾਨਯੋਗ ਸਪੀਕਰ ਸਾਹਿਬ ਨੇ ਮਾਨਯੋਗ ਮੈਂਬਰ ਕਾਮਰੇਡ ਕੁਲਵੰਤ ਸਿੰਘ ਜੀ ਨੂੰ ਆਗਿਆ ਦਿੱਤੀ)

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ...

ਸਰਦਾਰ ਬਲਵੰਤ ਸਿੰਘ : ਸਰ, ਆਈ ਸੀਕ ਯੂਅਰ ਪ੍ਰੋਟੈਕਸ਼ਨ।...

ਕਾਮਰੇਡ ਕੁਲਵੰਤ ਸਿੰਘ : ਸਰਦਾਰ ਬਲਵੰਤ ਸਿੰਘ ਜੀ, ਮੈਨੂੰ ਇਜਾਜ਼ਤ ਮਿਲੀ ਹੈ, ਮੇਰਾ ਨਾਮ ਕੁਲਵੰਤ ਸਿੰਘ ਹੈ ਔਰ ਤੁਹਾਡਾ ਨਾਮ ਬਲਵੰਤ ਸਿੰਘ ਹੈ। (ਹਾਸਾ) ਤੇ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਗੱਲ ਤਾਂ ਬੜੀ ਵਾਜ਼ੇਹ ਹੋ ਗਈ ਹੈ ਕਿ ਕਾਰਪੋਰੇਸ਼ਨਾਂ ਵਿਚ ਸਰਕਾਰ ਨੇ ਬੱਸਾਂ ਚਲਾਉਣੀਆਂ ਹਨ। ਜਲੰਧਰ ਦੀ ਕਾਰਪੋਰੇਸ਼ਨ ਵਾਸਤੇ ਛੇ ਮਹੀਨੇ ਹੋ ਗਏ ਹਨ ਨਵੀਆਂ ਚੈਸੀਆਂ ਬੱਸਾਂ ਦੀਆਂ ਆਈਆਂ ਨੂੰ ਪਰ ਉਨ੍ਹਾਂ ਦੀਆਂ ਬਾਡੀਆਂ ਅਜੇ ਤਕ ਨਹੀਂ ਬਣੀਆਂ। ਪਿੰਡਾਂ ਵਿਚ ਉਨ੍ਹਾਂ ਬੱਸਾਂ ਨੇ 25-25 ਕਿਲੋਮੀਟਰ ਫਾਸਲਾ ਤਹਿ ਕਰਨਾ ਹੁੰਦਾ ਹੈ ਇਸ ਲਈ ਪੁਰਾਣੀਆਂ ਬੱਸਾਂ ਇਸ ਕਾਬਲ ਨਹੀਂ ਹਨ, ਕੀ ਸਰਕਾਰ ਜਿਹੜੀਆਂ ਚੈਸੀਆਂ ਨਵੀਆਂ ਆਈਆਂ ਹੋਈਆਂ ਹਨ ਉਨ੍ਹਾਂ ਦੀਆਂ ਬਾਡੀਆਂ ਜਲਦੀ ਤੋਂ ਜਲਦੀ ਬਣਵਾ ਕੇ ਸਾਰੇ ਪਿੰਡਾਂ ਨੂੰ ਬੱਸ ਸਰਵਿਸ ਚਾਲੂ ਕਰਨ ਦਾ ਯਤਨ ਕਰੇਗੀ।

ਮੰਤਰੀ : ਸਪੀਕਰ ਸਾਹਿਬ, ਅਸੀਂ 31 ਮਾਰਚ ਤਕ ਪੂਰੀ ਕੋਸ਼ਿਸ਼ ਕਰਾਂਗੇ ਕਿ ਨਵੀਆਂ ਬੱਸਾਂ ਦੀਆਂ ਬਾਡੀਆਂ ਬਣਵਾਕੇ ਉਨ੍ਹਾਂ ਨੂੰ ਚਾਲੂ ਕੀਤਾ ਜਾਵੇ।

CONSTITUTION OF A DEVELOPMENT AUTHORITY FOR THE DEVELOPMENT OF BHATINDA CITY.

292. **Shri Surinder Kapur** : Will the Minister for Development

be pleased to state whether here is any scheme under the consideration of Government to constitute a Development Authority for the Development of Bhatinda City, if so, the time by which that Authority is likely to start functioning?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਬਠਿੰਡੇ ਦੀ ਡਿਵੈਲਪਮੈਂਟ ਵਾਸਤੇ ਕੋਈ ਅਥਾਰਿਟੀ ਬਣਾਉਣ ਵਾਸਤੇ ਸਵਾਲ ਪੁੱਛਿਆ ਸੀ ਪਰ ਇਨ੍ਹਾਂ ਨੇ ਨਹੀਂ ਵਿਚ ਜਵਾਬ ਦਿੱਤਾ ਹੈ। ਮੈਂ ਬੇਨਤੀ ਕਰਾਂਗਾ ਕਿ ਉਥੇ ਪੁਰਾਣੀ ਪਲੈਨ ਦੇ ਮੁਤਾਬਿਕ ਹੀ ਡਿਵੈਲਪਮੈਂਟ ਮਕਾਨਾਂ ਦੀ ਹੋ ਰਹੀ ਹੈ। ਕਈ ਸਾਲ ਹੋ ਗਏ ਹਨ ਉਥੇ ਅਨਬਿਲਟ ਏਰੀਆ ਕਰਾਰ ਦਿੱਤਾ ਹੋਇਆ ਹੈ ਔਰ ਲੋਕ ਪੁਰਾਣੇ ਨਕਸ਼ੇ ਦੇ ਮਕਾਨ ਬਣਾ ਰਹੇ ਹਨ ਔਰ ਇਸ ਤਰ੍ਹਾਂ ਨਾਲ ਸਲੱਮ ਏਰੀਆ ਵੱਧ ਰਿਹਾ ਹੈ। ਬਾਅਦ ਵਿਚ ਸਰਕਾਰ ਨੂੰ ਮੁਸ਼ਕਲ ਪੇਸ਼ ਆਵੇਗੀ। ਇਹ ਬਣ ਰਹੇ ਉਨ੍ਹਾਂ ਮਕਾਨਾਂ ਨੂੰ ਢਾ ਨਹੀਂ ਸਕੇਗੀ। ਇਸ ਲਈ ਉਥੇ ਕੋਈ ਡਿਵੈਲਪਮੈਂਟ ਅਥਾਰਿਟੀ ਬਣਾ ਦੇਣ। ਇਸ ਦੇ ਨਾਲ ਇਕ ਫਾਇਦਾ ਮਿਉਨਿਸਪਲ ਕਮੇਟੀ ਨੂੰ ਵੀ ਹੋਵੇਗਾ ਕਿ ਹੁਣ ਉਹ ਸੜਕ ਬਣਾ ਕੇ ਜਾਂਦੇ ਹਨ ਤਾਂ ਦੂਸਰੇ ਤੀਸਰੇ ਦਿਨ ਢਾਹ ਦਿੱਤੀ ਜਾਂਦੀ ਹੈ। ਇਸ ਲਈ ਕੀ ਉਥੇ ਦੀ ਪ੍ਰਾਪਰ ਡਿਵੈਲਪਮੈਂਟ ਵਾਸਤੇ ਕੋਈ ਡਿਵੈਲਪਮੈਂਟ ਬੋਰਡ ਜਾਂ ਕੋਈ ਐਸੀ ਏਜੰਸੀ ਬਣਾਉਣ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮਾਨਯੋਗ ਮੈਂਬਰ ਨੇ ਕਿਹਾ ਹੈ, ਇਸ ਤਰ੍ਹਾਂ ਦੀ ਕੋਈ ਡਿਵੈਲਪਮੈਂਟ ਅਥਾਰਿਟੀ ਬਣਾਉਣ ਦਾ ਵਿਚਾਰ ਤਾਂ ਨਹੀਂ ਹੈ ਲੇਕਿਨ ਮੈਂ ਇਨ੍ਹਾਂ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਫਾਈਵ ਯੀਅਰ ਇੰਟੈਗਰੇਟਿਡ ਅਰਬਨ ਡਿਵੈਲਪਮੈਂਟ ਪ੍ਰੋਗਰਾਮ ਹੈ ਸੰਨ 1979 ਤੋਂ 84 ਤਕ ਦਾ ਉਸ ਪ੍ਰੋਗਰਾਮ ਦੇ ਮੁਤਾਬਿਕ 25 ਕਰੋੜ ਰੁਪਏ ਦੀ ਪ੍ਰੋਪੋਜ਼ਲ ਬਣਾ ਕੇ ਪੰਜਾਬ ਸਰਕਾਰ ਨੇ ਭੇਜ ਦਿੱਤੀ ਹੈ (ਥਪਿੰਗ) ਔਰ ਆਸ ਹੈ ਕਿ ਉਸ ਦੀ ਮਨਜ਼ੂਰੀ ਆ ਜਾਵੇਗੀ। ਬਾਕੀ ਇਨ੍ਹਾਂ ਨੇ ਅਨਬਿਲਟ ਏਰੀਏ ਦਾ ਜ਼ਿਕਰ ਕੀਤਾ ਹੈ, ਉਸ ਬਾਰੇ ਮੈਂ ਦੱਸਣਾ ਚਾਹਵਾਂਗਾ ਕਿ ਮਿਊਨਿਸਪਲ ਕਮੇਟੀਆਂ ਨੂੰ ਡਾਇਰੈਕਸ਼ਨਜ਼ ਦੇ ਦਿੱਤੀਆਂ ਗਈਆਂ ਹਨ ਕਿ ਅਨਬਿਲਟ ਏਰੀਆ ਨੂੰ ਠੀਕ ਕੀਤਾ ਜਾਵੇ ਔਰ ਜਿਤਨੇ ਮਕਾਨ ਬਣੇ ਹੋਏ ਹਨ ਉਨ੍ਹਾਂ ਬਾਰੇ ਵੇਖਿਆ ਜਾਵੇ ਕਿ ਜੋ ਟਾਊਨ ਪਲਾਨ ਹੈ ਉਸ ਦੇ ਮੁਤਾਬਿਕ ਉਹ ਮਕਾਨ ਠੀਕ ਕੀਤੇ ਜਾਣ ਔਰ ਮੱਸ਼ਰੂਮ ਗਰੋਥ ਜਿਹੜੀ ਹੋਈ ਉਸ ਨੂੰ ਰੋਕਿਆ ਜਾਵੇ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਉਥੇ ਬਠਿੰਡੇ ਵਿਚ ਸਰਕਾਰੀ ਜਗ੍ਹਾ ਦੀ ਇਨਕਰੋਚਮੈਂਟ ਹੋ ਰਹੀ ਹੈ, ਨਜਾਇਜ਼ ਕਬਜ਼ੇ ਹੋ ਰਹੇ ਹਨ, ਕੀ ਸਰਕਾਰ ਕੋਈ ਐਸਾ ਕਦਮ ਉਠਾਵੇਗੀ ਜਿਸ ਨਾਲ ਇਨਕਰੋਚਮੈਂਟ ਨਾ ਹੋਣ। ਇਸ ਬਾਰੇ ਸਰਕਾਰ ਪਾਸ ਪਹਿਲਾਂ ਵੀ ਸ਼ਿਕਾਇਤਾਂ ਪਹੁੰਚੀਆਂ ਹੋਈਆਂ ਹਨ।

ਮੰਤਰੀ: ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ, ਸਰਕਾਰ ਇਸ ਤੇ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ। ਅਸੀਂ ਚਾਹਵਾਂਗੇ ਕਿ ਐਸੀਆਂ ਇਨਕਰੋਚਮੈਂਟ ਹਟਾਈਆਂ ਜਾਣ ਔਰ ਕੋਈ ਵੀ ਸਰਕਾਰੀ ਜ਼ਮੀਨ ਦੀ ਇਨਕਰੋਚਮੈਂਟ ਨਾ ਕਰ ਸਕੇ। ਪਰ ਇਸ ਸਵਾਲ ਦੇ ਵਿਚ ਇਨਕਰੋਚਮੈਂਟਸ ਦਾ ਜ਼ਿਕਰ ਸਪੈਸੇਫਿਕ ਨਹੀਂ ਹੈ, ਜਦੋਂ ਇਹ ਸਪੈਸੇਫਿਕ ਸਵਾਲ ਕਰਨਗੇ ਤਾਂ ਜਵਾਬ ਦੇ ਦੇਵਾਂਗਾ। ਫਿਲਹਾਲ ਮੈਂ ਇਹ ਕਹਾਂਗਾ ਕਿ ਸਰਕਾਰੀ ਜ਼ਮੀਨ ਦੀ ਇਨਕਰੋਚਮੈਂਟ ਨੂੰ ਟਾਲਰੇਟ ਨਹੀਂ ਕਰਾਂਗੇ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਜਲੰਧਰ ਮਿਉਨਿਸਪਲ ਕਾਰਪੋਰਸ਼ਨ ਦੇ ਵਿਚ ਡਿਵੀਜ਼ਨਲ ਟਾਊਨ ਪਲੈਨਰ ਨੇ ਛੇ ਛੇ ਸਾਲ ਹੋ ਗਏ ਹਨ ਸਕੀਮਾਂ ਬਣਾਈਆਂ ਸਨ ਪਰ ਹੁਣ ਪੁਰਾਣੇ ਮਿਉਨਿਸਪਲ ਕਮੇਟੀ ਦੇ ਨਕਸ਼ੇ ਪਾਸ ਨਹੀਂ ਹੋ ਰਹੇ। ਇਸ ਲਈ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਪੁਰਾਣੀਆਂ ਸਕੀਮਾਂ ਨੂੰ ਹੀ ਤਸੱਵਰ ਕਰਨਗੇ ਤਾਕਿ ਲੋਕਾਂ ਦੇ ਮਕਾਨ ਬਣ ਸਕਣ ?

ਵਿੱਤ ਮੰਤਰੀ : ਸਪੀਕਰ ਸਾਹਿਬ ਮਾਨਯੋਗ ਮੈਂਬਰ ਦਾ ਸੁਝਾਓ ਚੰਗਾ ਹੈ ਪਰ ਇਹ ਸੈਪੇਰੇਟ ਸਵਾਲ ਦੇ ਦੇਣ ਫਿਰ ਜਵਾਬ ਦਿੱਤਾ ਜਾਵੇਗਾਂ ।

ਪ੍ਰੋ. ਦਰਬਾਰੀ ਲਾਲ : ਸਪੀਕਰ ਸਾਹਿਬ, ਅੰਮ੍ਰਿਤਸਰ ਕਾਰਪੋਰੇਸ਼ਨਨੇ ਇਸ ਤਰ੍ਹਾਂ ਦਾ ਸਿਲਸਲਾ ਬਣਾਇਆ ਹੋਇਆ ਹੈ ਕਿ ਇਹ ਪੁਰਾਣਾ ਸ਼ਹਿਰ ਹੋਣ ਕਰਕੇ ਤੰਗ ਗਲੀਆਂ ਹਨ ਔਰ ਉਥੇ ਲੋਕਾਂ ਪਾਸ 50–50 ਗਜ਼ ਦੇ ਪਲਾਟ ਹਨ ਪਰ ਉਨ੍ਹਾਂ ਵਾਸਤੇ ਹੁਣ ਇਹ ਕੀਤਾ ਹੋਇਆ ਹੈ ਕਿ 1/3 ਹਿੱਸਾ ਪਲਾਟ ਦਾ ਖਾਲੀ ਛੱਡਣਾ ਪੈਂਦਾ ਹੈ। ਇਸ ਤਰ੍ਹਾਂ 25–30 ਗਜ ਵਿਚ ਮਕਾਨ ਨਹੀਂ ਬਣ ਸਕਦਾ। ਕੀ ਸਰਕਾਰ ਜਿਸ ਤਰ੍ਹਾਂ ਪਹਿਲਾਂ ਹੁੰਦਾ ਸੀ ਉਨ੍ਹਾਂ ਪਲਾਟਾਂ ਦੀ ਸਾਰੀ ਜਗ੍ਹਾ ਤੇ ਮਕਾਨ ਬਣਾਉਣ ਦੀ ਇਜਾਜ਼ਤ ਦੇਵੇਗੀ ?

ਮੰਤਰੀ: ਸਪੀਕਰ ਸਾਹਿਬ, ਇਹ ਸੈਪੇਰੇਟ ਨੋਟਿਸ ਦੇ ਦੇਣ ਜਵਾਬ ਦੇ ਦਿੱਤਾ ਜਾਵੇਗਾ। (ਇਸ ਸਮੇਂ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਵਾਸਤੇ ਖੜੇ ਸਨ ਮਾਨਯੋਗ ਮੈਂਬਰ ਸ੍ਰੀ ਸੁਰਿੰਦਰ ਕਪੂਰ ਵੀ ਸਪਲੀਮੈਂਟਰੀ ਕਰਨ ਵਾਸਤੇ ਆਗਿਆ ਮੰਗ ਰਹੇ ਸਨ।)

ਸ੍ਰੀ ਸਪੀਕਰ : ਕਪੂਰ ਸਾਹਿਬ, ਮੈਂ ਤੁਹਾਨੂੰ ਦੋ ਸਪਲੀਮੈਂਟਰੀਜ਼ ਅਲਾਓ ਕਰ ਦਿੱਤੀਆਂ ਹਨ। ਪਲੀਜ਼ ਤੁਸੀਂ ਹੁਣ ਬੈਠ ਜਾਓ ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਇੰਟੈਗਰੇਟਿਡ ਅਰਬਨ ਡਿਵੈਲਪਮੈਂਟ ਸਕੀਮ ਬਾਰੇ ਦੱਸਿਆ ਹੈ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਸਕੀਮ ਵਿਚ ਹੋਰ ਕਿਹੜੇ ਕਿਹੜੇ ਸ਼ਹਿਰ ਸ਼ਾਮਲ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਪਲਾਨ ਸਕੀਮ ਵਿਚ ਕਿਤਨੇ ਪੈਸੇ ਖਰਚ ਕਰਨ ਦੀ ਸਕੀਮ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਬਠਿੰਡੇ ਬਾਰੇ ਸਵਾਲ ਸੀ ਔਰ ਬਠਿੰਡਾ ਉਸ ਸਕੀਮ ਵਿਚ ਜ਼ਰੂਰ ਸ਼ਾਮਲ ਕੀਤਾ ਗਿਆ ਹੈ। ਬਾਕੀ ਜਾਣਕਾਰੀ ਚਾਹੀਦੀ ਹੈ ਤਾਂ ਇਹ ਵੱਖਰਾ ਨੋਟਿਸ ਦੇ ਦੇਣ ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਜਿੰਨਾਂ ਚਿਰ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ ਨਹੀਂ ਹੁੰਦੀਆਂ ਕੀ ਸਰਕਾਰ ਉਨਾ ਚਿਰ ਕਾਰਪੋਰੇਸ਼ਨਾਂ ਦੀਆਂ ਡਿਵੈਲਪਮੈਂਟ ਅਥਾਰਿਟੀਆਂ ਬਣਾਵੇਗੀ ਤਾਕਿ ਸ਼ਹਿਰਾਂ ਦਾ ਕੰਮ ਠੀਕ ਢੰਗ ਨਾਲ ਚਲ ਸਕੇ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਐਡਵਾਈਜ਼ਰੀ ਕਮੇਟੀ ਜਿਸ ਵਿਚ ਐਮ. ਪੀ.ਜ਼ ਔਰ ਮੈਂਬਰ ਅਸੈਂਬਲੀ ਹੋਣਗੇ, ਬਨਾਉਣ ਬਾਰੇ ਵਿਚਾਰ ਕੀਤਾ ਹੈ ਔਰ ਮੇਰਾ ਯਕੀਨ ਹੈ ਕਿ ਇਸ ਸੁਝਾਓ ਤੇ ਜ਼ਰੂਰ ਅਮਲ ਹੋ ਜਾਵੇਗਾ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਬਠਿੰਡੇ ਦੀ ਡਿਵੈਲਪਮੈਂਟ ਵਾਸਤੇ 25 ਕਰੋੜ ਰੁਪਿਆ ਸੈਂਕਸ਼ਨ ਹੋਇਆ ਹੈ। ਕੀ ਇਹ ਰੁਪਿਆ ਡੀ. ਸੀ. ਦੇ ਰਾਹੀਂ ਖਰਚ ਕਰਨਗੇ ਜਾਂ ਹੋਰ ਕਿਸੇ ਅਥਾਰਿਟੀ ਰਾਹੀਂ ਖਰਚ ਕਰਨਗੇ, ਜਾਂ ਮਿਉਨਿਸਪਲ ਕਮੇਟੀ ਦੇ ਰਾਹੀਂ ਖਰਚ ਕੀਤੇ ਜਾਣਗੇ। ਜਿਸ ਤਰ੍ਹਾਂ ਕਿ ਮਾਨਯੋਗ ਮੇਰੇ ਵੀਰ ਕਪੂਰ ਸਾਹਿਬ ਨੇ ਕਿਹਾ ਹੈ ਜੇਕਰ ਇਸ ਪਾਸੇ ਉਚੇਚਾ ਧਿਆਨ ਨਾ ਦਿੱਤਾ ਗਿਆ ਤਾਂ ਸਰਕਾਰ ਲਈ ਆਉਣ ਵਾਲੇ ਸਮੇਂ ਵਿਚ ਪ੍ਰਾਬਲਮ ਬਣ ਜਾਵੇਗੀ, ਇਹ ਮਕਾਨ ਨਹੀਂ ਢਾਹ ਸਕਣਗੇ , ਇਸ ਲਈ ਇਨ੍ਹਾਂ ਨੂੰ ਹੁਣ ਤੋਂ ਹੀ ਐਡਵਾਂਸ ਕਦਮ ਚੁੱਕ ਲੈਣੇ ਚਾਹੀਦੇ ਹਨ, ਇਹ ਉਥੇ ਸੜਕਾਂ ਕੱਢ ਦੇਣ ਉਸ ਤੋਂ ਬਾਅਦ ਮਕਾਨ ਬਣਨ ਜਾਂ ਹੋਰ ਡਿਵੈਲਪਮੈਂਟ ਹੋਵੇ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਰੁਪਿਆ ਕਿਹੜੀ ਏਜੰਸੀ ਰਾਹੀਂ ਖਰਚ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸੈਂਟਰ ਗੌਰਮਿੰਟ ਦੀ ਸਕੀਮ ਹੈ ਔਰ ਇਸਦੇ ਵਿਚ 50 ਪ੍ਰਤੀਸ਼ਤ ਸਟੇਟ ਗੌਰਮਿੰਟ ਨੇ ਖਰਚ ਕਰਨਾ ਹੈ ਔਰ 50 ਪ੍ਰਤੀਸ਼ਤ ਸੈਂਟਰ ਗੌਰਮਿੰਟ ਕਰਦੀ ਹੈ। ਇਸ ਸਕੀਮ ਦਾ ਕੰਮ ਮਿਉਨਿਸਪਲ ਕਮੇਟੀ ਹੀ ਕਰੇਗੀ ਔਰ ਲੋਕਲ ਬਾਡੀਜ਼ ਡਿਪਾਰਟਮੈਂਟ ਇਸ ਨੂੰ ਵੇਖੇਗਾ । ਇਹ ਠੀਕ ਹੈ ਕਿ ਇਹ ਸਕੀਮ ਬਠਿੰਡੇ ਦੀ ਸ਼ਕਲ ਨੂੰ ਬਦਲ ਦੇਵੇਗੀ ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਬਠਿੰਡੇ ਵਿਚ ਇਸ ਵੇਲੇ ਚਾਰ ਏਜਸੀਆਂ ਮਿਉਨਿਸਪਲ ਕਮੇਟੀ, ਅਰਬਨ ਐਸਟੇਟ , ਇੰਪਰੂਵਮੈਂਟ ਟਰੱਸਟ ਅਤੇ ਸੀਵਰੇਜ ਬੋਰਡ ਡਿਵੈਲਪਮੈਂਟ ਕਰਨ ਲਈ ਕੰਮ ਕਰ ਰਹੀਆਂ ਹਨ ਪਰ ਉਨ੍ਹਾਂ ਦੀ ਕੋਆਰਡੀਨੇਸ਼ਨ ਨਾ ਹੋਣ ਕਾਰਣ ਕੰਮ ਠੀਕ ਨਹੀਂ ਹੁਦਾ । ਜੇ ਇਕ ਏਜੰਸੀ ਸੜਕ ਬਣਾਉਂਦੀ ਹੈ ਤਾਂ ਦੂਜੀ ਏਜੰਸੀ ਉਹ ਸੜਕ ਤੋੜ ਦਿਦੀ ਹੈ। ਕੀ ਮੰਤਰੀ ਸਾਹਿਬ ਇਨ੍ਹਾਂ ਦੀ ਕੋਆਰਡੀਨੇਸ਼ਨ ਕਰਨ ਲਈ ਉਥੋਂ ਦੇ ਡਿਪਟੀ ਕਮਿਸ਼ਨਰ ਨੂੰ ਹਦਾਇਤ ਦੇਣਗੇ ?

ਮੰਤਰੀ : ਅਜਿਹੇ ਮਾਮਲੇ ਵਿਚ ਲੋਕਲ ਬਾਡੀਜ਼ ਡਿਪਾਰਟਮੈਂਟ ਸਾਰੀਆਂ ਏਜਸੀਆਂ ਦੀ ਕੋਆਰਡੀ- ਨੇਸ਼ਨ ਨਾਲ ਹੀ ਕੰਮ ਕਰਦਾ ਹੈ ।

EMPLOYEES WORKING UNDER THE SMALL FARMERS DEVELOPMENT AGENCIES

***446 Shri. Surinder Kapur** :-Will the Minister for Development be pleased to state:—

(a) the number of employees working under the Small Farmers Development Agencies in the State at present;

(b) whether they are treated at par with the Government employees;

(c) the steps, if any, taken to frame service rules for the employees referred to in part (a) above?

ਚੌਧਰੀ ਕਾਂਸ਼ੀ ਰਾਮ, (ਖੇਤੀਬਾੜੀ ਤੇ ਵਣ ਮੰਤਰੀ) : (ੳ) 164

(ਅ) ਹਾਂ ਜੀ

(ੲ) ਪੰਜਾਬ ਸਰਕਾਰ ਨੇ ਇਨ੍ਹਾਂ ਕਰਮਚਾਰੀਆਂ ਲਈ ਸੇਵਾ ਨਿਯਮ ਬਣਾਉਣ ਲਈ ਭਾਰਤ ਸਰਕਾਰ ਨੂੰ ਪ੍ਰਾਰਥਨਾ ਕੀਤੀ ਹੈ । ਇਹ ਮਾਮਲਾ ਹਾਲੇ ਵੀ ਵਿਚਾਰ ਅਧੀਨ ਹੈ ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਸੇਵਾ ਨਿਯਮ ਬਣਾਉਣ ਦਾ ਮਾਮਲਾ ਬੜੀ ਦੇਰ ਤੋਂ ਚਲਿਆ ਆ ਰਿਹਾ ਹੈ । ਜੇ ਇਹ ਨਿਯਮ ਠੀਕ ਨਾ ਹੋਣ ਤਾਂ ਇਪਲਾਈਜ਼ ਵਿਚ ਕੰਮ ਕਰਨ ਦੀ ਭਾਵਨਾ ਘਟ ਜਾਂਦੀ ਹੈ । 164 ਇੰਪਲਾਈਜ਼ ਇਸ ਵਿਭਾਗ ਵਿਚ ਕੰਮ ਕਰ ਰਹੇ ਹਨ ਪਰ ਉਨ੍ਹਾਂ ਦੇ ਸੇਵਾ ਨਿਯਮ ਹੁਣ ਤਕ ਨਹੀਂ ਬਣਾਏ ਗਏ । ਕੀ ਮੰਤਰੀ ਸਾਹਿਬ ਕੋਈ ਸਪੈਸਿਫਿਕ ਪੀਰੀਅਡ ਤਕ ਇਹ ਸੇਵਾ ਨਿਯਮ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦੇ ਪਾਰਟ 'ਬੀ' ਦੇ ਜਵਾਬ ਵਿਚ ਲਿਖਿਆ ਹੈ 'ਯੈਸ' ਉਹ ਇੰਪਲਾਈਜ਼ ਪੰਜਾਬ ਸਰਕਾਰ ਦੇ ਬਾਕੀ ਕਰਮਚਾਰੀਆਂ ਦੇ ਬਰਾਬਰ ਹੀ ਗਿਣੇ ਜਾਂਦੇ ਹਨ। ਵੈਸੇ ਇਹ ਸੇਵਾ ਨਿਯਮ ਬਣਾਉਣ ਦਾ ਮਾਮਲਾ ਭਾਰਤ ਸਰਕਾਰ ਨਾਲ ਚੱਲ ਰਿਹਾ ਹੈ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਮਾਮਲਾ ਭਾਰਤ ਸਰਕਾਰ ਨਾਲ ਚੱਲ ਰਿਹਾ ਹੈ। ਸ੍ਰੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਉਹ ਇਸ ਮਾਮਲੇ ਨੂੰ ਛੇਤੀ ਨਿਪਟਾਉਣ ਲਈ ਕੀ ਉਪਰਾਲੇ ਕਰ ਰਹੇ ਹਨ ?

ਮੰਤਰੀ : ਅਸੀਂ 28 ਮਈ, 1980 ਨੂੰ ਇਸ ਸਬੰਧ ਵਿਚ ਭਾਰਤ ਸਰਕਾਰ ਨੂੰ ਚਿਠੀ ਲਿਖੀ ਸੀ। ਹੁਣ ਫਿਰ ਇਕ ਰੀਮਾਈਂਡਰ ਭੇਜ ਦੇਵਾਂਗੇ।

ਮਾਸਟਰ ਚੰਦ ਸਿੰਘ: ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ 28 ਮਈ, 1980 ਨੂੰ ਚਿਠੀ ਲਿਖੀ ਗਈ ਸੀ। ਮੈਂ ਇਹ ਪੁੱਛਦਾ ਹਾਂ ਕਿ ਉਸ ਤੋਂ ਬਾਅਦ ਕੀ ਉਪਰਾਲਾ ਕੀਤਾ ਹੈ ਔਰ ਹੁਣ ਤਕ ਇਹ ਸਰਵਿਸ ਰੂਲ ਨਾ ਬਣਾਉਣ ਦੇ ਕੀ ਕਾਰਣ ਹਨ ?

ਮੰਤਰੀ : ਸਪੀਕਰ ਸਾਹਿਬ, ਐਸ.ਐਫ.ਡੀ. ਏ. ਵਿਚ ਰਜਿਸਟਰਡ ਸੁਸਾਇਟੀ ਐਕਟ ਦੇ ਹੇਠਾਂ, ਪੰਜਾਬ ਸਰਕਾਰ ਦੇ ਇੰਪਲਾਈਜ਼ ਡਿਫਰੈਂਟ ਡਿਪਾਰਟਮੈਂਟਸ ਤੋਂ ਲਏ ਜਾਂਦੇ ਹਨ। ਇਸ ਲਈ ਜਿਹੜੇ ਵੀ ਇੰਪਲਾਈਜ਼ ਇਸ ਵੇਲੇ ਕਮ ਕਰ ਰਹੇ ਹਨ ਉਨ੍ਹਾਂ ਦੀ ਸਰਵਿਸ ਸਿਕਿਉਰਟੀ ਤਾਂ ਪਹਿਲਾਂ ਹੀ ਉਨਾਂ ਦੇ ਪਿਛਲੇ ਡਿਪਾਰਟਮੈਂਟ ਵਿਚ ਹੁੰਦੀ ਹੈ। ਫਿਰ ਵੀ ਅਸੀਂ ਇਹ ਮਾਮਲਾ ਭਾਰਤ ਸਰਕਾਰ ਨਾਲ ਟੇਕ ਅਪ ਕੀਤਾ ਹੋਇਆ ਹੈ ਜਦੋਂ ਰੂਲਜ਼ ਬਣ ਗਏ ਲਾਗੂ ਕਰ ਦਿਤੇ ਜਾਣਗੇ।

ਸਰਦਾਰ ਦਲੀਪ ਸਿਘ ਪਾਂਧੀ: ਇਹ ਜਿਹੜੀ ਐਸ. ਐਫ. ਡੀ. ਏ. ਦੇ ਹੇਠਾਂ ਕਿਸਾਨਾਂ ਨੂੰ ਮਦਦ ਮਿਲਦੀ ਹੈ ਇਸ ਦੇ ਨਾਲ ਕਿਸਾਨਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਇਹ ਜਿਹੜੀ ਕਰਜ਼ੇ ਦੇਣ ਦੀ ਸਕੀਮ ਹੈਇਸ ਦੇ ਹੇਠਾਂ ਬੈਂਕ ਤੋਂ ਥਰਡ ਪਾਰਟੀ ਨੂੰ ਪੇਮੈਂਟ ਹੁੰਦੀ ਹੈ ਔਰ ਪੈਸੇ ਵੀ ਬਹੁਤ ਘਟ ਦਿੱਤੇ ਜਾਂਦੇ ਹਨ। ਜਿਸ ਕਾਰਣ ਕਿਸਾਨਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ ਕੀ ਵਜ਼ੀਰ ਸਾਹਿਬ .. ..

ਸ੍ਰੀ ਸਪੀਕਰ : ਇਹ ਸਪਲੀਮੈਂਟਰੀ ਕੁਐਸ਼ਚਨ ਨਾਲ ਰਿਲੇਟਿਡ ਨਹੀਂ ਹੈ।

ਮਾਸਟਰ ਬਾਬੂ ਸਿਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਵਜ਼ੀਰ ਸਾਹਿਬ ਨੇ ਇਹ ਮਹਿਕਮਾ ਸੰਭਾਲਿਆ ਹੈ ਉਦੋਂ ਤੋਂ ਇਹ ਸੇਵਾ ਨਿਯਮ ਬਣਾਉਣ ਵਾਸਤੇ ਜਾਂ ਇਸ ਕੇਸ ਨੂੰ ਐਕਸਪੈਡਾਈਟ ਕਰਨ ਵਾਸਤੇ ਕੀ ਉਪਰਾਲੇ ਕੀਤੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਦੱਸਿਆ ਹੈ ਕਿ ਇਹ ਜਿਹੜੇ ਇਪਲਾਈਜ਼ ਕੰਮ ਕਰ ਰਹੇ ਹਨ ਇਨ੍ਹਾਂ ਦੀ ਸਰਵਿਸ ਸਿਕਿਉਰਿਟੀ ਪੰਜਾਬ ਸਰਕਾਰ ਦੁਆਰਾ ਇਨ੍ਹਾਂ ਦੇ ਪਿਛਲੇ ਡਿਪਾਰਟਮੈਂਟ ਵਿਚ ਪਹਿਲੇ ਹੀ ਰਖੀ ਹੁੰਦੀ ਹੈ।

EVASION OF TAXES

***381. Master Dalip Chand,** (Put by Prof. Darbari Lal) :—Will the Chief Minister be pleased to state whether the Government is aware of the fact that the goods on which Sales Tax or other levied taxes are not paid, are generally transported by road through private transporters, if so, the steps proposed to be taken by the Government to plug the loopholes so as to prevent the evasion of payment of taxes ?

Doctor Kewal Krishan (Finance Minister). Yes, Sir, The Excise and Taxation Deepartment has adopted effective measures to check this malpractice through its mobile squads and Enforcement Wing who conduct checking of thegoods transported by the private transporters at their booking agencies and delivery offices as well as the goods vehicles plying on the highways.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਟੈਕ., ਇਵੇਜ਼ਨ ਬਹੁਤ ਜ਼ਿਆਦਾ ਹੁੰਦੀ ਹੈ ਔਰ ਜਿਹੜੇ ਇਨ੍ਹਾਂ ਨੇ ਮਈਅਰ ਇਸ ਨੂੰ ਰੋਕਣ ਵਾਸਤੇ ਲਏ ਹਨ ਇਹ ਸਫੀਸ਼ੀਏਂਟ ਨਹੀਂ ਹਨ। ਇਸ ਤੋਂ ਇਲਾਵਾ ਮੰਤਰੀ ਸਾਹਿਬ ਟੈਕਸ ਈਵੇਜ਼ਨ ਨੂੰ ਰੋਕਣ ਲਈ ਹੋਰ ਕੀ ਉਪਰਾਲੇ ਕਰ ਰਹੇ ਹਨ ?

ਵਿਤ ਮੰਤਰੀ : ਸਪੀਕਰ ਸਾਹਿਬ, ਇਹਦੇ ਲਈ ਬਾਕਾਇਦਾ ਮੋਬਾਇਲ ਸੁਕਐਡ ਬਣਾਇਆ ਹੋਇਆ ਹੈ। ਜਿਸ ਦੇ ਅਫਸਰ ਵੇਲੇ ਕੁਵੇਲੇ ਚੈਕ ਕਰਦੇ ਰਹਿੰਦੇ ਹਨ। ਔਰ ਇਸ ਦੇ ਨਾਲ ਹੀ ਅਸੀਂ ਇਹ ਚਾਹੁੰਦੇ ਹਾਂ ਕਿ ਇਸ ਚੋਰੀ ਨੂੰ ਰੋਕਣ ਲਈ ਉਚਿਤ ਕੰਮ ਕਰਾਂਗੇ ਤਾਕਿ ਉਹ ਟੈਕਸ ਦੀ ਇਵੇਜ਼ਨ ਰੁਕ ਸਕੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸ਼ੰਭੂ ਚੈਕ ਪੋਸਟ ਹੈ ਉਥੇ ਟਰੱਕਾਂ ਵਾਲਿਆਂ ਨੇ ਉਨ੍ਹਾਂ ਨਾਲ ਮਿਲ ਕੇ ਮੰਥਲੀ ਬੱਝਿਆ ਹੋਇਆ ਹੈ ਅਤੇ ਉਹ ਟਰੱਕ ਐਵੇਂ ਹੀ ਨਿਕਲ ਜਾਂਦੇ ਹਨ। ਇਸ ਦੇ ਨਾਲ ਹੀ ਇਸ ਟੈਕਸ ਦੀ ਚੋਰੀ ਨੂੰ ਜਾਰੀ ਰੱਖਣ ਲਈ ਹੁਣ ਉਨ੍ਹਾਂ ਨੇ ਆਪਣਾ ਰਸਤਾ ਵਾਇਆ ਅੰਬਾਲਾ ਕੱਢ ਲਿਆ ਹੈ। ਕੀ ਵਜ਼ੀਰ ਸਾਹਿਬ, ਇਸ ਦਾ ਕੋਈ ਪ੍ਰਬੰਧ ਕਰਨਗੇ ਤਾਕਿ ਇਹ ਟੈਕਸ ਦੀ ਚੋਰੀ ਰੁਕ ਸਕੇ ?

ਮੰਤਰੀ : ਮੈਂ ਮੈਂਬਰ ਸਾਹਿਬ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਸ ਖਾਸ ਚੈਕ ਪੋਸਟ ਦਾ ਜ਼ਿਕਰ ਕੀਤਾ ਹੈ ਜਿਥੇ ਕਿ ਟੈਕਸ ਇਵੇਜ਼ਨ ਹੁੰਦੀ ਹੈ। ਅਸੀਂ ਇਸ ਵਲ ਜ਼ਰੂਰ ਧਿਆਨ ਦੇਵਾਂਗੇ ਤਾਕਿ ਟੈਕਸ ਦੀ ਚੋਰੀ ਰੁਕ ਸਕੇ।

ਪ੍ਰੋਫੈਸਰ ਬਲਵੰਤ ਸਿੰਘ : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਇਨ੍ਹਾਂ ਨੇ ਇਹ ਅਹੁਦਾ ਸੰਭਾਲਿਆ ਹੈ ਹੁਣ ਤਕ ਕਿੰਨੇ ਟੈਕਸ ਚੋਰ ਫੜੇ ਹਨ ?

ਮੰਤਰੀ : ਇਸ ਲਈ ਵੱਖਰਾ ਨੋਟਿਸ ਚਾਹੀਦਾ ਸੀ। ਪਰ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਹੁਣ ਟੈਕਸ ਦੀ ਰਿਕਵਰੀ ਅੱਗੇ ਨਾਲੋਂ ਜ਼ਿਆਦਾ ਹੋਈ ਹੈ। ਜਿਹੜੇ ਆਦਮੀ ਫੜੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਗਈ ਹੈ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੇਰਾ ਕੁਐਸਚਨ ਬੜਾ ਸਿੰਪਲ ਸੀ। ਮੈਂ ਇਹ ਪੁੱਛਿਆ ਸੀ ਕਿ ਜਦੋਂ ਤੋਂ ਮੰਤਰੀ ਸਾਹਿਬ ਨੇ ਇਹ ਮਹਿਕਮਾ ਸੰਭਾਲਿਆ ਹੈ ਹੁਣ ਤਕ ਕਿੰਨੇ ਟੈਕਸ ਚੋਰ ਫੜੇ ਹਨ। ਪਰ ਇਹ ਜ਼ਵਾਬ ਦੇਣ ਵਿਚ ਟਾਲ-ਮਟੋਲ ਕਰ ਰਹੇ ਹਨ।

ਮੰਤਰੀ : ਮੈਨੂੰ ਖੁਸ਼ੀ ਹੈ ਕਿ ਮੈਂਬਰ ਸਾਹਿਬ ਨੇ ਟੈਕਸ ਦੀ ਚੋਰੀ ਰੋਕਣ ਵਾਸਤੇ ਬੜੀ ਦਿਲਚਸਪੀ ਲਈ ਹੈ। ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਹ ਇਸ ਸਵਾਲ ਲਈ ਵਖਰਾ ਨੋਟਿਸ ਦੇ ਦੇਣ ਪਰੀ ਜਾਣਕਾਰੀ ਦੇ ਦਿੱਤੀ ਜਾਵੇਗੀ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਤਾਂ ਸਵਾਲ ਵਿਚੋਂ ਹੀ ਪੈਦਾ ਹੁੰਦੀ ਹੈ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਬੈਰੀਅਰ ਹਟਾ ਦਿੱਤੇ ਸਨ ਔਰ ਆਮ ਤੌਰ ਤੇ ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਹੋਣਾ ਹੈ ਕਿ ਮਹਿਕਮੇ ਵਾਲੇ ਜੀ.ਟੀ. ਰੋਡ ਤੇ ਟਰੱਕਾਂ ਨੂੰ ਰੋਕੀ ਫਿਰਦੇ ਹਨ ਅਤੇ ਟਰੈਫਿਕ ਵਿਚ ਵਿਘਨ ਪੈਂਦਾ

[ਸਰਦਾਰ ਦਲੀਪ ਸਿੰਘ ਪਾਂਧੀ]

ਹੈ ਕਿਉਂ ਜੋ ਸੜਕਾਂ ਚੌੜੀਆਂ ਨਹੀਂ ਹੁੰਦੀਆਂ। ਕੀ ਸਰਕਾਰ ਟਰੱਕਾਂ ਤੋਂ ਟੈਕਸ ਇਕੋ ਵਾਰੀ ਹੀ ਲੈ ਲਵੇਗੀ ਜਿਸ ਵੇਲੇ ਉਹ ਆਪਣੇ ਟਰੱਕ ਨੂੰ ਰਜਿਸਟਰਡ ਕਰਵਾਉਂਦੇ ਔਰ ਜਾਂ ਸਮਾਨ ਲੋਡ ਕਰਨ ਵੇਲੇ ਟੈਕਸ ਲੈ ਲੈਣ ?

ਮੰਤਰੀ : ਸਪੀਕਰ ਸਾਹਿਬ, ਇਕ ਪਾਸੇ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਬੈਰੀਅਰ ਖਤਮ ਕਰ ਦਿੱਤੇ ਸਨ ਤਾਕਿ ਟਰੱਕਾਂ ਨੂੰ ਰੋਕਿਆ ਨਾ ਜਾਵੇ ਪਰ ਦੂਸਰੇ ਪਾਸੇ ਇਨ੍ਹਾਂ ਨੇ ਤੌਖਲਾ ਜ਼ਾਹਿਰ ਕੀਤਾ ਹੈ ਕਿ ਟਰੱਕਾਂ ਨੂੰ ਲੋਡ ਕਰਨ ਵੇਲੇ ਹੀ ਟੈਕਸ ਦੀ ਵਸੂਲੀ ਕਰ ਲੈਣੀ ਚਾਹੀਦੀ ਹੈ। ਸਪੀਕਰ ਸਾਹਿਬ ਸਰਕਾਰ ਵੱਲੋਂ ਇਹ ਪ੍ਰਬੰਧ ਕੀਤਾ ਹੈ ਕਿ ਰੈਗੂਲਰ ਚੈਕਿੰਗ ਮੁਬਾਇਲ ਸੁਕੈਅਡ ਅਤੇ ਇਨਫੋਰੋਸਮੈਂਟ ਏਜੰਸੀਆਂ ਰਾਹੀਂ ਚੈਕਿੰਗ ਕਰੀਏ ਔਰ ਇਸ ਦੇ ਨਤੀਜੇ ਵੀ ਅੱਛੇ ਨਿਕਲੇ ਹਨ ਔਰ ਇਸ ਮਸ਼ੀਨਰੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਜਿਸ ਤਰ੍ਹਾਂ ਹੁਣ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਸ਼ੰਭੂ ਬੈਰੀਅਰ ਹਟਾਉਣ ਕਰਕੇ ਚੋਰੀ ਟੈਕਸ ਦੀ ਹੁੰਦੀ ਹੈ। ਇਸ ਟੈਕਸ ਦੀ ਚੋਰੀ ਰੋਕਣ ਦੇ ਪੂਰੇ ਪ੍ਰਬੰਧ ਕੀਤੇ ਜਾਣਗੇ।

ਸਰਦਾਰ ਪ੍ਰਿਥੀਪਾਲਸਿੰਘ : ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਬੜੀ ਲੁਟ ਘਸੁਟ ਹੋਈ ਹੈ। ਟੈਕਸਾਂ ਦੀ ਚੋਰੀ, ਟਰਾਂਸਪੋਰਟ, ਇੰਟਰਟੇਨਮੈਂਟ ਟੈਕਸ ਵਿਚ ਬੜੀਆਂ ਧਾਂਦਲੀਆਂ ਮੱਚਾਈਆਂ ਹੋਈਆਂ ਸਨ। ਟਰਾਂਸਪੋਰਟ ਦੇ ਰਾਹੀਂ ਇਹ ਸੋਡਾ ਲਿਆ ਕੇ ਸੋਡਾ ਐਸ਼ ਕਾਸਟਿਕ ਤਿਆਰ ਕਰਦੇ ਤਾਕਿ ਟੈਕਸ ਘੱਟ ਦੇਣਾ ਪਵੇ। ਸਰਕਾਰ ਇਸ ਨੂੰ ਰੋਕਣ ਲਈ ਕੋਈ ਨਵੀਂ ਕਾਰਵਾਈ ਕਰੇਗੀ।

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਨਵੀਂ ਕਾਰਵਾਈ ਬਾਰੇ ਕਿਹਾ ਹੈ। ਮੈਂ ਸਮਝਦਾ ਹਾਂ ਕਿ ਟੈਕਸਾਂ ਦੀ ਚੋਰੀ ਰੋਕਣ ਲਈ ਜਿਹੜੇ ਵੀ ਮੈਂਬਰ ਸਾਹਿਬਾਨ ਦੇ ਸੁਝਾਅ ਆਉਣਗੇ ਉਨ੍ਹਾਂ ਨੂੰ ਬੜੇ ਸੀਰੀਅਸਲੀ ਟੇਕਅੱਪ ਕਰਾਂਗਾ ਅਤੇ ਉਨ੍ਹਾਂ ਤੇ ਵਿਚਾਰ ਕਰਾਂਗਾ ਕਿਉਂਕਿ ਇਸ ਦੇ ਨਾਲ ਸਰਕਾਰ ਦਾ ਬੜਾ ਨੁਕਸਾਨ ਹੁੰਦਾ ਹੈ। ਇਸ ਨੂੰ ਰੋਕਣ ਲਈ ਮਈਅਰਜ਼ ਅਡਾਪਟ ਕਰਾਂਗਾ। ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਮਸ਼ਕੂਰ ਹਾਂ ਕਿ ਤੁਸੀਂ ਦਿਲਚਸਪੀ ਲੈ ਕੇ ਅੰਮ੍ਰਿਤਸਰ ਵਿਚ ਹੋ ਹੀ ਰਹੀ ਇੰਟਰਟੇਨਮੈਂਟ ਟੈਕਸ ਦੀ ਚੋਰੀ ਨੂੰ ਰੁਕਵਾਇਆ ਹੈ। ਇਸ ਲਈ ਸਰਕਾਰ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੇਗੀ ਇਸ ਟੈਕਸ ਦੀ ਚੋਰੀ ਨੂੰ ਰੋਕਣ ਵਾਸਤੇ।

ਸ੍ਰੀ ਸਪੀਕਰ : ਮੈਂਬਰ ਸਾਹਿਬਾਨ ਦਾ ਸਵਾਲ ਸੀ ਕਿ ਸਰਕਾਰ ਵਲੋਂ ਕੀ ਸਟੈਪਸ ਲਏ ਜਾ ਰਹੇ ਹਨ ਇਸ ਟੈਕਸ ਦੀ ਚੋਰੀ ਨੂੰ ਰੋਕਣ ਲਈ। ਮੈਂਬਰ ਸਾਹਿਬਾਨ ਇਹ ਚਾਹੁੰਦੇ ਹਨ.....

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਇਸ ਵਿਧਾਨ ਸਭਾ ਦੇ ਸੈਸ਼ਨ ਵਿਚ ਇਕ ਰਿਪੋਰਟ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਦੀ ਸਾਲਾਨਾ ਰਿਪੋਟਰ ਪੇਸ਼ ਹੋਈ ਹੈ। ਉਸ ਤੋਂ ਪਤਾ ਲਗਦਾ ਹੈ ਕਿ ਕਰੋੜਾਂ ਰੁਪਏ ਦਾ ਇਸ ਮਹਿਕਮੇ ਵਿਚ ਘਪਲਾ ਟੈਕਸਾਂ ਦਾ ਹੋਇਆ ਹੈ ਅਤੇ ਸਰਕਾਰ ਵੱਲੋਂ ਵਸੂਲੀ ਨਹੀਂ ਕੀਤੀ ਅਤੇ ਜਾਣ ਬੁਝ ਕੇ ਡੀਲੇਅ ਕੀਤੀ ਗਈ। ਇਸ ਲਈ ਜਿਹੜੇ ਅਫਸਰ ਜ਼ਿੰਮੇਵਾਰ ਹਨ ਕੀ ਸਰਕਾਰ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਲਈ ਤਿਆਰ ਹੈ ਕੀ ਮਨਿਸਟਰ ਸਾਹਿਬ ਨੇ ਇਸ ਰਿਪੋਰਟ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਹੈ ਕਿ ਕਿਨਾ ਕਾਰਣਾ ਕਰਕੇ ਕਰੋੜਾਂ ਰੁਪਏ ਦਾ ਟੈਕਸਾਂ ਦੀ ਚੋਰੀ ਕਰਕੇ ਨੁਕਸਾਨ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਰਿਪੋਰਟ ਦਾ ਜ਼ਿਕਰ ਕੀਤਾ ਹੈ। ਪਿਛਲੀ ਸਰਕਾਰ ਦੀ ਅਣਗਹਿਲੀ ਕਹਿ ਲਵੋ, ਜਾਂ ਲਾਪਰਵਾਹੀ ਕਹਿ ਲਵੋ ਅਤੇ ਅਫਸਰਾਂ ਦੀ ਲਾਪਰਵਾਹੀ ਕਹਿ ਲਵੋ ਇਨ੍ਹਾਂ ਕਾਰਣਾਂ ਕਰਕੇ ਟੈਕਸਾਂ ਦੀ ਚੋਰੀ ਹੋਈ ਹੈ ਅਤੇ ਪੂਰੀ ਤਰ੍ਹਾਂ ਵਸੂਲੀ ਨਹੀਂ ਕੀਤੀ ਗਈ ਸੀ। ਅਸੀਂ ਟੈਕਸਾਂ ਦੀ ਚੋਰੀ ਰੋਕਣ ਦਾ ਪੂਰਾ ਪ੍ਰਬੰਧ ਕਰਾਂਗੇ ਅਤੇ ਕੰਸਰਡ ਅਫਸਰਾਂ ਦੇ ਖਿਲਾਫ

ਯੋਗ ਕਾਰਵਾਈ ਕਰਾਂਗੇ ਅਤੇ ਜਿਹੜੇ ਬਕਾਏ ਰਹਿੰਦੇ ਹਨ ਉਨ੍ਹਾਂ ਦੀ ਵਸੂਲੀ ਦਾ ਕੰਮ ਵੀ ਕਰਾਂਗੇ। ਜਿਹੜਾ ਪਿਛਲੀ ਸਰਕਾਰ ਛੱਡ ਗਈ ਹੈ ।

BRICK-LINING OF WATER CHANNELS IN DISTRICT PATIALA

***314. Sardar Birdevinder Singh:**-Will the Chief Minister be pleased to state whether the brick-linig of water channels in district Patiala has since been completed; if not, the reasons therefor and the time by which it is likely to be completed ?

ਡਾਕਟਰ ਕੇਵਲ ਕ੍ਰਿਸ਼ਨ (ਵਿਤ ਮੰਤਰੀ) ਜ਼ਿਲ੍ਹਾ ਪਟਿਆਲਾ ਵਿਚ ਖਾਲ ਪੱਕੇ ਕਰਨ ਦੀ ਕੋਈ ਸ਼ਕੀਮ ਨਹੀਂ । ਪਰ ਜ਼ਿਲ੍ਹਾ ਸੰਗਰੂਰ ਵਿਚ ਖਾਲਾਂ ਨੂੰ ਪੱਕਾ ਕਰਨ ਕਰਕੇ ਜ਼ਿਲ੍ਹਾ ਪਟਿਆਲਾ ਵਿਚ ਲਗਭਗ 34 ਕਿਲੋਮੀਟਰ ਖਾਲ ਪੱਕੇ ਕੀਤੇ ਜਾ ਚੁੱਕੇ ਹਨ ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਵਿਚ ਖਾਲਾਂ ਪੱਕੇ ਕਰਨ ਦੀ ਸਕੀਮ ਪੰਜਾਬ ਵਿਚ ਸ਼ੁਰੂ ਕੀਤੀ ਗਈ ਸੀ ਉਸ ਵੇਲੇ ਪਟਿਆਲੇ ਜ਼ਿਲ੍ਹੇ ਨੂੰ ਕਿਉਂ ਨਹੀਂ ਸ਼ਾਮਲ ਕੀਤਾ ਗਿਆ ਸੀ ਅਤੇ ਮੇਰੇ ਨੋਟਿਸ ਵਿਚ ਆਇਆ ਹੈ ਕਿ ਫਰੀਦਕੋਟ ਅਤੇ ਫੀਰੋਜ਼ਪੁਰ ਦੇ ਜ਼ਿਲ੍ਹਿਆਂ ਨੂੰ ਮੈਕਸੀਮਮ ਪੈਸੇ ਇਸ ਕੰਮ ਲਈ ਦਿੱਤੇ ਗਏ ਸਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪਟਿਆਲੇ ਜ਼ਿਲ੍ਹੇ ਦੀ ਚਿੰਤਾ ਪ੍ਰਗਟ ਕੀਤੀ ਹੈ। ਮੈਂ ਇਸ ਤੇ ਵਿਚਾਰ ਕਰਾਂਗਾ ਔਰ ਜਿਹੜਾ ਕੰਮ ਰਹਿ ਗਿਆ ਹੈ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਸਪੈਸਫਿਕ ਜਵਾਬ ਚਾਹੁੰਦਾ ਹਾਂ ਕਿ ਹੁਣ ਤੋਂ ਬਾਅਦ ਜਦੋਂ ਵੀ ਖਾਲਾਂ ਪੱਕੇ ਕਰਨ ਲਈ ਪੈਸੇ ਰੱਖੇ ਜਾਣ ਕੀ ਉਸ ਵੇਲੇ ਪਟਿਆਲੇ ਜ਼ਿਲ੍ਹੇ ਦਾ ਖਾਸ ਧਿਆਨ ਰੱਖਣਗੇ ਔਰ ਇਸ ਜ਼ਿਲ੍ਹੇ ਨੂੰ ਸ਼ਾਮਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਅਸ਼ੀਂ ਇਸ ਤੇ ਜ਼ਰੂਰ ਵਿਚਾਰ ਕਰਾਂਗੇ ਔਰ ਧਿਆਨ ਰੱਖਿਆ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛਲੀ ਬਾਦਲ ਸਾਹਿਬ ਦੀ ਸਰਕਾਰ ਵੇਲੇ 50 ਪ੍ਰਤੀਸ਼ਤ ਰੀਲੀਫ ਖਾਲਾਂ ਪੱਕੇ ਕਰਨ ਲਈ ਸਬਸਿਡੀ ਦਿੱਤੀ ਜਾਂਦੀ ਸੀ ਕੀ ਉਸ ਨੂੰ ਲਾਗੂ ਰੱਖਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਵੱਖਰਾਂ ਨੋਟਿਸ ਦੇ ਦੇਣ , ਜਵਾਬ ਦੇ ਦੇਵਾਂਗਾ । ਜਿਹੜੀ ਵਸੂਲੀ ਜਿਮੀਦਾਰਾਂ ਕੋਲੋਂ ਪਿਛਲੀ ਸਰਕਾਰ ਛੱਡ ਗਈ ਸੀ, ਜਿਹੜੀ ਕਿ ਲੱਖਾਂ ਰੁਪਏ ਬਣਦੀ ਹੈ ਉਹ ਵਸੂਲ ਕਰਾਂਗਾ ਤਾਕਿ ਖਾਲ ਪੱਕੇ ਕਰਨ ਦਾ ਕੰਮ ਜਿਹੜਾ ਅਧੂਰਾ ਪਿਆ ਹੋਇਆ ਹੈ ਉਸ ਨੂੰ ਪੂਰਾ ਕਰ ਸਕਿਆ ਜਾਵੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਖਾਲ ਪੱਕੇ ਕਰਨ ਨਾਲ ਸਰਕਾਰ ਪਾਸ 20 ਪ੍ਰਤੀਸ਼ਤ ਪਾਣੀ ਦੀ ਬੱਚਤ ਹੁੰਦੀ ਹੈ । ਔਰ ਇਹ ਇਹ ਹੀ ਪਾਣੀ ਦੂਸਰੇ ਰਕਬਿਆ ਵਿਚ ਲਗਾਇਆ ਜਾ ਸਕਦਾ ਹੈ ਅਤੇ ਸਰਕਾਰ ਨੂੰ ਰੈਵੀਨਿਊ ਪ੍ਰਾਪਤ ਹੁੰਦਾ ਹੈ । ਕੀ ਸਰਕਾਰ ਇਸ ਗੱਲ ਨੂੰ ਮੁੱਖ ਰੱਖਕੇ ਜਿਹੜੀ ਵਸੂਲੀ ਖਾਲ ਪੱਕੇ ਕਰਨ ਦੀ ਹੈ ਇਸ ਨੂੰ ਖਤਮ ਕਰੇਗੀ ਪਿਛੇ ਹੁਣੇ ਹੀ ਸਰਕਾਰ ਵਲੋਂ ਸੰਗਰੂਰ ਜ਼ਿਲ੍ਹੇ ਵਿਚ ਕਿਸਾਨਾਂ ਨੂੰ ਨੋਟਿਸ ਇਸ਼ੂ ਕੀਤੇ ਗਏ ਹਨ ਭਾਵੇਂ ਕਿਸੇ ਦੀ ਇਕ ਕਿਲਾ ਜਮੀਨ ਹੈ ਉਸ ਨੂੰ ਵੱਡੀਆਂ ਵੱਡੀਆਂ ਰਕਮਾਂ ਦੇ ਨੋਟਿਸ ਇਸ਼ੂ ਹੋ ਗਏ ਹਨ । ਕੀ ਇਹ ਨੋਟਿਸ ਵਾਪਿਸ ਲੈਣਗੇ ਔਰ ਸਰਕਾਰ ਖੁਦ ਖਰਚ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਦੋ ਸਵਾਲ ਕੀਤੇ ਹਨ । ਇਕ ਕਹਿੰਦੇ ਹਨ ਕਿ

[ਵਿਤ ਮੰਤਰੀ]

ਖਾਲ ਪੱਕੇ ਕਰਨ ਦੀ ਸਕੀਮ ਬੜੀ ਚੰਗੀ ਹੈ। ਜਿਹੜੀ ਵੱਡੀਆਂ ਨਹਿਰਾਂ ਦੇ ਪਾਣੀ ਦੀ ਸੀਪੇਜ ਹੁੰਦੀ ਹੈ ਉਸ ਨੂੰ ਵੀ ਰੋਕਾਂਗੇ। ਇਹ ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਜਿਲ੍ਹਿਆਂ ਵਿਚ ਹੈ। ਖਾਲ ਪੱਕੇ ਕਰਨ ਦੇ ਨਾਲ ਨਾਲ ਸੀਪੇਜ ਨੂੰ ਵੀ ਬੰਦ ਕਰਾਂਗੇ।

ਸਪੀਕਰ ਸਾਹਿਬ, ਸਬਸਿਡੀ ਦੀ ਰਕਮ ਉਸ ਪਾਲਿਸੀ ਦੇ ਮੁਤਾਬਿਕ ਹੈ ਅਤੇ 50 ਪ੍ਰਤੀਸ਼ਤ ਸਬਸਿਡੀ ਕਾਫੀ ਹੈ ਬਾਕੀ ਜ਼ਿਮੀਂਦਾਰਾਂ ਨੂੰ ਪੈਸੇ ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ। ਜੋ ਨੋਟਿਸ ਦਿਤੇ ਹਨ। ਉਹ ਪਿਛਲੀ ਸਰਕਾਰ ਦੀ ਕਾਰਵਾਈ ਦੇ ਮੁਤਾਬਿਕ ਹੀ ਦਿੱਤੇ ਗਏ ਹਨ। ਕੋਈ ਨਵੀਂ ਗੱਲ ਸਪੀਕਰ ਸਾਹਿਬ, ਨਹੀਂ ਕੀਤੀ ਗਈ ਅਤੇ ਜੋ ਪਿਛਲੀ ਸਰਕਾਰ ਦੀ ਕਮੀ ਸੀ, ਉਸ ਨੂੰ ਪੂਰਾ ਕਰ ਰਹੇ ਹਾਂ। ਉਸ ਵੇਲੇ ਸਾਡੇ ਮਾਨਯੋਗ ਮੈਂਬਰ ਉਨ੍ਹਾਂ ਦੇ ਸਾਥੀ ਸਨ।

Mr. Speaker: Question Hour is over. The remaining questions will be deemed to have been answered under rule 38 of the Rules of Procedure & Conduct of Business in the Punjab Vidhan Sabha (Punjab Legislative Assembly).

WRITTEN ANSWARS TO STARRED QUESTIONS LAID ON THE TABLE OF THE HOUSE UNDER RULE 38

CONSTRUCTION OF BRIDGE ON CHOE ONCHUNI LANDRAN ROAD DISTRICT PATIALA.

***328. Sardar Birdevinder Singh**:-Will the Chief Minister be pleased to state:—

(a) whether any bridge on the choe on the Chuni-Landran road, District Ropar, has been constructed by the Public Works Department (Building and Roads Branch).

(b) if the reply to part (a) above be in the affirmative, the time by which the said bridge is likely to be opened to traffic ?

ਸਰਦਾਰ ਦਰਬਾਰਾ ਸਿੰਘ: (ੳ) ਪੁਲ ਬਣਾਇਆ ਜਾ ਚੁੱਕਿਆ ਹੈ ਪਰ ਪੁਲ ਦੀਆਂ ਪਹੁੰਚ ਸੜਕਾਂ ਬਨਦੀਆਂ ਰਹਿੰਦੀਆਂ ਹਨ।

(ਅ) 30 ਜੂਨ, 1981 ਤੱਕ ਪਹੁੰਚ ਸੜਕਾਂ ਬਣਨ ਦੀ ਆਸ ਹੈ।

CONSTRUCTION OF BUS STAND AT PATIALA

***298. Comrade Baldev Singh Loomba**:—Will the Chief Minister be pleased to State:—

(a) whether any new building for bus stand has been constructed at Patiala; if, so, the total expenditure incurred thereon;

(b) whether the building mentioned in part (a) above is being used, if not, the reasons therefor ?

ਸਰਦਾਰ ਦਰਬਾਰਾ ਸਿੰਘ: ਇਮਾਰਤ ਤਾਂ ਅਧੂਰੀ ਹੀ ਹੈ 15 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਸੀ।

(ਅ) ਇਹ ਇਮਾਰਤ ਅਧੂਰੀ ਸੀ ਇਸ ਲਈ ਇਸਤੇਮਾਲ ਨਹੀਂ ਕੀਤੀ ਗਈ । ਹੁਣ ਇਹ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਪ੍ਰਬੰਧਕੀ ਦਫਤਰ ਅਤੇ ਪਟਿਆਲਾ 1 ਅਤੇ 2 ਡਿਪੂਆਂ ਦੀਆਂ ਮੁਰੰਮਤਾਂ ਲਈ ਵਰਕਸ਼ਾਪ ਵਿਚ ਤਬਦੀਲ ਕੀਤੀ ਜਾ ਰਹੀ ਹੈ ।

RATION DEPOTS IN THE STATE

*291. **Shri Om Parkash Gupta**: Will the Chief Minister be pleased to State:—

(a) the total number of ration depots in the State, districtwise, and the number of ration cards fixed for each depot;

(b the names of commodities being supplied at the said ration depots and the quota of commodity allowed to each ration card holder;

(c) the number of ration depots checked during 1979 and 1980 and the details of irregularities, if any, detected and the action, if any, taken against the defaulters ?

ਸਰਦਾਰ ਦਰਬਾਰਾ ਸਿਘ (ੳ) ਰਾਜ ਵਿੱਚ ਇਸ ਵੇਲੇ ਰਾਸ਼ਨ ਡਿਪੂਆਂ ਦੀ ਗਿਣਤੀ 9607 ਹੈ। ਇਨ੍ਹਾਂ ਦਾ ਜ਼ਿਲ੍ਹਾ ਵਾਰ ਵੇਰਵਾ ਇਸ ਤਰਾਂ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਡਿਪੂਆਂ ਦੀ ਗਿਣਤੀ
1	2	3
1.	ਅੰਮ੍ਰਿਤਸਰ	1,831
2.	ਬਠਿੰਡਾ	606
3.	ਫਰੀਦਕੋਟ	586
4.	ਫਿਰੋਜ਼ਪੁਰ	708
5.	ਗੁਰਦਾਸਪੁਰ	1,166
6.	ਹੁਸ਼ਿਆਰਪੁਰ	693
7.	ਜਲੰਧਰ	817
8.	ਕਪੂਰਥਲਾ	390
9.	ਲੁਧਿਆਣਾ	866
10.	ਪਟਿਆਲਾ	1,205
11.	ਰੋਪੜ	269
12.	ਸੰਗਰੂਰ	470
	ਜੋੜ	9,607

ਪਿਛੇ ਜਿਹੇ ਤੱਕ ਤਾਂ ਇਕ ਡਿਪੂ ਹੋਲਡਰ ਵੱਧ ਤੋਂ ਵੱਧ 700 ਰਾਸ਼ਨ ਕਾਰਡ ਆਪਣੇ ਕੋਲ ਦਰਜ ਕਰ ਸਕਦਾ ਸੀ । ਹੁਣ ਇਹ ਸੀਮਾ ਘਟਾ ਕੇ 500 ਰਾਸ਼ਨ ਕਾਰਡ ਕਰ ਦਿੱਤੀ ਗਈ ਹੈ। ਐਪਰ, ਇਕ ਨਸਪ ਦੀ ਦੁਕਾਨ 1000 ਤੱਕ ਰਾਸ਼ਨ ਕਾਰਡ ਦਰਜ ਕਰ ਸਕਦੀ ਹੈ ।

[ਮੁਖ ਮੰਤਰੀ]

(ਅ) ਉਕਤ ਰਾਸ਼ਨ ਡਿਪੂਆਂ ਨੂੰ ਹੇਠ ਲਿਖੀਆਂ ਵਸਤਾਂ ਉਨ੍ਹਾਂ ਦੇ ਸਾਹਮਣੇ ਲਿਖੇ ਪੈਮਾਨੇ ਅਨੁਸਾਰ, ਵੱਖ ਵੱਖ ਵੰਡ ਸਕੀਮਾਂ ਅਧੀਨ ਰਾਸ਼ਨ ਕਾਰਡ ਹੋਲਡਰਾਂ ਨੂੰ ਦੇਣ ਲਈ ਸਪਲਾਈ ਕੀਤੀਆਂ ਜਾ ਰਹੀਆਂ ਹਨ :

(1) ਸਰਕਾਰੀ ਵੰਡ ਸਕੀਮ

ਵਸਤਾਂ ਦੇ ਨਾਂ	ਜਾਰੀ ਕਰਨ ਦਾ ਪੈਮਾਨਾ	ਦਰ
ਕਣਕ ਦਾ ਆਟਾ	10 ਕਿਲੋ ਮਾਸਕ ਪ੍ਰਤੀ ਜੀਅ, ਬਾਲਗਾਂ ਲਈ ਅਤੇ ਨਾਬਾਲਗਾਂ ਲਈ ਪ੍ਰਤੀ ਜੀਅ 5 ਕਿਲੋਗ੍ਰਾਮ ਮਾਸਕ ਪ੍ਰਤੀ ਕਾਰਡ ਪਰ ਵੱਧ ਤੋਂ ਵੱਧ 80 ਕਿਲੋਗ੍ਰਾਮ	1.45 ਰੁਪਏ ਪ੍ਰਤੀ ਕਿਲੋ (ਮਿਲ ਵਾਲੇ ਕਸਬੇ ਵਿਚ) ਹੋਰਨਾਂ ਸਥਾਨਾਂ ਲਈ ਵਸਤੂ ਵਿਚ ਢੋ-ਢੁਆਈ ਖਰਚਾ ਇਸ ਵਿਚ ਜੋੜਿਆ ਜਾਣਾ ਹੈ ।
ਲੈਵੀ ਸ਼ੂਗਰ	ਆਮ ਤੌਰ ਤੇ ਪ੍ਰਤੀ ਜੀਅ 400 ਗ੍ਰਾਮ ਮਾਸਕ ਪਰੰਤੂ ਦਸੰਬਰ, 80 ਅਤੇ ਜਨਵਰੀ, 1981 ਦੇ ਦੌਰਾਨ ਘਟਾ ਕੇ 300 ਗ੍ਰਾਮ ਕਰ ਦਿੱਤੀ ਗਈ	3.50 ਰੁਪਏ ਪ੍ਰਤੀ ਕਿਲੋਗ੍ਰਾਮ
ਮਿੱਟੀ ਦਾ ਤੇਲ :	4 ਮੈਂਬਰਾਂ ਤਕ ਦੇ ਪ੍ਰਵਾਰ ਲਈ ਇਕ ਪੰਦਰਵਾੜੇ ਵਾਸਤੇ 7 ਲਿਟਰ । 5-6 ਮੈਂਬਰਾਂ ਵਾਲੇ ਪ੍ਰਵਾਰ ਲਈ ਇਕ ਪੰਦਰਵਾੜੇ ਵਾਸਤੇ 10 ਲਿਟਰ ਛੇ ਮੈਂਬਰਾਂ ਤੋਂ ਵੱਧ ਮੈਂਬਰਾਂ ਵਾਲੇ ਪ੍ਰਵਾਰਾ ਲਈ ਇਕ ਪੰਦਰਵਾੜੇ ਵਾਸਤੇ 12 ਲਿਟਰ	
ਚਾਵਲ	5 ਕਿਲੋਗ੍ਰਾਮ ਮਾਸਕ ਪ੍ਰਤੀ ਰਾਸ਼ਨ ਕਾਰਡ	2.03 ਰੁਪਏ ਪ੍ਰਤੀ ਕਿਲੋਗ੍ਰਾਮ
ਆਰ. ਬੀ. ਡੀ. ਤਾੜ ਦਾ ਤੇਲ	5 ਕਿਲੋਗ੍ਰਾਮ ਮਾਸਕ ਪ੍ਰਤੀ ਰਾਸ਼ਨ ਕਾਰਡ	9.00 ਰੁਪਏ ਪ੍ਰਤੀ ਕਿਲੋਗ੍ਰਾਮ ।

(2) ਉਪਦਾਨ ਸਕੀਮ

ਕਣਕ ਦਾ ਆਟਾ	10 ਕਿਲੋਗ੍ਰਾਮ ਮਾਸਕ ਜੀਅ ਪ੍ਰਤੀ ਬਾਲਗਾਂ ਲਈ ਅਤੇ ਨਾਬਾਲਗਾਂ ਲਈ ਪ੍ਰਤੀ ਜੀਅ 5 ਕਿਲੋਗ੍ਰਾਮ ਮਾਸਕ ਪ੍ਰਤੀ ਕਾਰਡ ਪਰ ਵੱਧ ਤੋਂ ਵੱਧ 80 ਕਿਲੋਗ੍ਰਾਮ ।	1.30 ਰੁਪਏ ਪ੍ਰਤੀ ਕਿਲੋਗ੍ਰਾਮ ।
ਬਨਾਸਪਤੀ ਘਿਉ ਆਰ.ਬੀ. ਡੀ. ਤਾੜ ਦਾ ਤੇਲ	500 ਗ੍ਰਾਮ ਮਾਸਕ ਪ੍ਰਤੀ ਜੀਅ (ਕੇਵਲ ਇਕੋ ਆਈਟਮ ਹੀ ਦਿੱਤੀ ਜਾਂਦੀ ਹੈ)	10.40 ਰੁਪਏ ਪ੍ਰਤੀ ਕਿਲੋਗ੍ਰਾਮ (ਬ: ਘਿਉ) 8.25 ਰੁਪਏ ਪ੍ਰਤੀ ਕਿਲੋਗ੍ਰਾਮ (ਆਰ.ਬੀ.ਡੀ. ਤਾੜ ਦਾ ਤੇਲ)
ਛੋਲਿਆਂ ਦੀ ਦਾਲ/ਸਾਬਤ ਮਾਂਹ	—ਉਹੀ—	3.00 ਰੁਪਏ ਪ੍ਰਤੀ ਕਿਲੋਗ੍ਰਾਮ

ਉਪਰੋਕਤ ਸਕੀਮ ਅਧੀਨ ਜ਼ਰੂਰੀ ਵਸਤਾਂ ਪਨਸਪ ਦੀਆਂ ਦੁਕਾਨਾਂ ਅਤੇ ਸਹਿਕਾਰੀ ਸਭਾਵਾਂ/ਸਟੋਰਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ ।

(3) ਉਪਜ ਅਤੇ ਵੰਡ ਸਕੀਮ

ਇਸ ਸਕੀਮ ਅਧੀਨ ਹੇਠ ਲਿਖੀਆਂ ਵਸਤਾ ਪਨਸਪ ਦੀਆਂ ਦੁਕਾਨਾਂ ਅਤੇ ਸਹਿਕਾਰੀ ਸਟੋਰਾਂ/ਸਭਾਵਾਂ ਰਾਹੀਂ ਦਿੱਤੀਆਂ ਜਾ ਰਹੀਆਂ ਹਨ :—

1.	ਕਣਕ ਦਾ ਆਟਾ	2.	ਦਾਲਾਂ	3.	ਬਨਸਪਤੀ ਘਿਉ
4.	ਚਾਵਲ	5.	ਦਰਾਮਦ ਤਾੜ ਦਾ ਸ਼ੁਧਾ ਤੇਲ		
6.	ਕੰਟਰੋਲ ਸ਼ੁਦਾ ਕਪੜਾ	7.	ਸਸਤੀ ਕਿਸਮ ਦਾ ਕਪੜਾ	8.	ਨਹਾਉਣ ਵਾਲਾ ਸਾਬਣ
9.	ਕਪੜੇ ਧੋਣ ਵਾਲਾ ਸਾਬਣ	10.	ਮਾਚਸਾਂ	11.	ਚਾਹ
12.	ਡਾਕ-ਟਿਕਟਾਂ ਆਦਿ	13.	ਸੋਡਾ (ਐਸ਼)	14.	ਘਰੇਲੂ ਸਾਮਾਨ ।

(ੲ) 1979 ਦੇ ਦੌਰਾਨ 342 ਡਿਪੂ ਚੈੱਕ ਕੀਤੇ ਗਏ ਸਨ, ਜਦਕਿ 1980 ਵਿਚ 816 ਡਿਪੂ ਚੈਕ ਕੀਤੇ ਗਏ ਸਨ । ਮੋਟੇ ਤੌਰ ਤੇ ਹੇਠ ਲਿਖੀਆਂ ਬੇਕਾਇਦਗੀਆਂ ਵੇਖੀਆਂ ਗਈਆਂ :—

1. ਸਟਾਕ ਬੋਰਡ ਦਰ ਸੂਚੀਆਂ ਬਾਹਰ ਨਹੀਂ ਸੀ ਵਿਖਾਈਆਂ ਗਈਆਂ ।
2. ਸਟਾਕ ਰਜਿਸਟਰ ਨਾ ਮੁਕੰਮਲ ਪਾਏ ਗਏ ।
3. ਡਿਪੂ ਬੰਦ ਪਾਏ ਗਏ ।
4. ਖਪਤਕਾਰਾਂ ਦੁਆਰਾ ਲਈਆਂ ਗਈਆਂ ਵਸਤਾਂ ਦੀ ਪੁਸ਼ਟੀ ਵਜੋਂ ਉਨ੍ਹਾਂ ਦੇ ਹਸਤਾਖ਼ਰ ਨਹੀਂ ਲਏ ਗਏ ਸਨ।
5. ਰਜਿਸਟਰ ਤਸਦੀਕ/ਪ੍ਰਮਾਣਿਤ ਨਾ ਕੀਤੇ ਪਾਏ ਗਏ ।
6. ਖੰਡ ਸਰਕਾਰੀ ਹਦਾਇਤਾਂ ਅਨੁਸਾਰ ਨਹੀਂ ਵੰਡੀ ਜਾ ਰਹੀ ਵੇਖੀ ਗਈ ।
7. ਰਿਕਾਰਡ ਵਿਚ ਓਵਰ-ਰਾਈਟਿੰਗ ਵੇਖੀ ਗਈ ।
8. ਖੰਡ ਦੀ ਵਿਕਰੀ ਦੇ ਇੰਦਰਾਜ ਰਾਸ਼ਨ ਕਾਰਡਾਂ ਵਿਚ ਨਾ ਕੀਤੇ ਵੇਖੇ ਗਏ ।
9. ਦੂਹਰੇ/ਜਾਅਲੀ ਇੰਦਰਾਜ ।
10. ਲੈਵੀ ਸ਼ੂਗਰ ਵਿਚ ਰੇਤ ਮਿਲਾਈ ਹੋਈ ਵੇਖੀ ਗਈ ।
11. ਖਪਤਕਾਰਾਂ ਪਾਸੋਂ ਵਧ ਕੀਮਤ ਚਾਰਜ ਕੀਤੀ ਵੇਖੀ ਗਈ ।
12. ਬੋਗਸ ਰਾਸ਼ਨ ਕਾਰਡ ।
13. ਸਟਾਕਾਂ ਵਿਚ ਉਕਾਈਆਂ ।

ਇਕ ਜ਼ਿਲ੍ਹਾਵਾਰ ਵੇਰਵਾ ਪੱਤਰ ਜਿਸ ਵਿਚ ਉਨ੍ਹਾਂ ਡਿਪੂਆਂ ਦੀ ਗਿਣਤੀ, ਜਿਨ੍ਹਾਂ ਵਿਚ ਬੇਕਾਇਦਗੀਆਂ ਪਾਈਆਂ ਗਈਆਂ ਅਤੇ ਕੋਤਾਹੀ ਕਰਤਿਆਂ ਵਿਰੁਧ ਕੀਤੀ ਕਾਰਵਾਈ ਦਰਜ ਹੈ ਅਨੁਲਗਏ ਤੇ ਹੈ।

ਅਨੁਲੱਗ

[ਮੁੱਖ ਮੰਤਰੀ]

ਜ਼ਿਲ੍ਹਾ		1979 ਅਤੇ 1980 ਦੌਰਾਨ ਚੈਕ ਕੀਤੇ ਗਏ ਡਿਪੂ		1979 ਅਤੇ 1980 ਦੌਰਾਨ ਲੱਭੀਆਂ ਬੇਕਾਇਦਗੀਆ		ਕੀਤੀ ਗਈ ਕਾਰਵਾਈ			
						ਪੁਲਿਸ ਕੋਲ ਰਜਿਸਟਰ ਕਰਵਾਏ		ਕੈਂਸਲ ਕੀਤੇ ਗਏ	
						79	80	79	80
ਅੰਮ੍ਰਿਤਸਰ	..	66	421	66	124	1	5	9	8
ਬਠਿੰਡਾ	..	68	81	68	81	—	3	—	—
ਫਰੀਦਕੋਟ	..	—	169	—	94	—	3	—	—
ਫਿਰੋਜ਼ਪੁਰ	..	62	255	28	223	—	5	—	13
ਗੁਰਦਾਸਪੁਰ	..	49	52	44	48	—	3	—	8
ਹੁਸ਼ਿਆਰਪੁਰ	..	32	53	12	18	—	2	—	—
ਜਲੰਧਰ	..	—	84	—	84	—	2	—	—
ਕਪੂਰਥਲਾ	..	1	8	1	8	—	5	—	—
ਲੁਧਿਆਣਾ	..	14	24	14	24	—	1	—	1
ਪਟਿਆਲਾ	..	—	17	—	17	—	6	—	2
ਰੋਪੜ	..	2	22	2	22	—	2	—	—
ਸੰਗਰੂਰ	..	48	30	48	30	—	6	—	—
	ਜੋੜ :	342	816	283	773	1	43	9	32

'ੲ'

ਜ਼ਮਾਨਤ ਜ਼ਬਤ ਕੀਤੀਆਂ ਗਈਆਂ		ਤਾੜਨਾਂ ਜਾਰੀ ਕੀਤੀਆਂ ਗਈਆਂ		ਜੁਰਮਾਨੇ ਕੀਤੇ ਗਏ		ਪੈਂਡਿੰਗ		ਫਾਈਲ ਕੀਤੇ ਗਏ	
79	80	79	80	79	80	79	80	79	80
33	16	13	31	—	—	—	64	10	—
—	—	—	—	68	78	—	—	—	—
—	—	—	40	—	5	—	40	—	—
—	—	28	152	—	11	—	42	—	—
—	5	—	—	—	—	44	32	—	—
—	3	12	13	—	—	—	—	—	—
—	—	—	16	—	5	—	7	—	54
1	3	—	—	—	—	—	—	—	—
14	22	—	—	—	—	—	—	—	—
—	2	—	7	—	—	—	—	—	—
—	14	—	4	1	2	—	—	1	—
—	1	48	—	—	—	—	—	—	23
48	66	101	267	69	101	44	187	11	77

Construction of Bridge at Viliage Balloke Balloke In Bhatinda Assembly Constitueucy

*307. **Giani Kundan Singh Patang** :—Will the Chief Minister be pleased to state the reasons for not resuming the construction work of the bridge of Bhatinda Branch Canal at village Balloke in Bhadaur Assembly constituency (Reserve) in District Sangrur which has been lying suspended for the last several months?

ਸਰਦਾਰ ਦਰਬਾਰਾ ਸਿੰਘ : ਇਸ ਪੁਲ ਦਾ ਕੰਮ ਸੀਮੇਂਟ ਨਾ ਉਪਲੱਬਧ ਹੋਣ ਕਾਰਨ ਅਕਤੂਬਰ 1980 ਤੋਂ ਬੰਦ ਪਿਆ ਹੈ

Allotment of Quota of Iron and Coal to Industries in Rajpura.

*424. **Prof. Balwant Singh**:—Will the Chief Minister be pleased to state the names of different Industries in Rajpura which were allotted quota of iron and coal out of the Government quota for small Scale Industries during the year 1979-80 alongwith the quantum of iron and coal so allotted ?

Sardar Darbara Singh :—1. The list of the smalll scale units in Rajpura to which allocation of Iron and Steel and Pig Iron has been made during the year 1979-80 (April to March) is placed on the table of the House alongwith quantity allotted, (Annexure-A). During the period 343.8 M. T. of Iron and Steel and Pig Iron were allotted.

2. The allocation of coal/coke, out of the State quota is made for the calendar year and the relevant information for the Year 1980 (January to December) is also placed on the Table of the House (Annexure-'B'). During the Year 280 wagons of coal/coke were allotted.

ਰਾਜਪੁਰੇ ਦੇ ਜਿਨ੍ਹਾਂ ਛੋਟੇ ਉਦਯੋਗਿਕ ਯੂਨਿਟਾਂ ਨੂੰ ਸਾਲ 1979-80 (ਅਪਰੈਲ ਤੋਂ ਮਾਰਚ) ਦੌਰਾਨ ਲੋਹਾ ਤੇ ਦੇਗੀ ਲੋਹਾ ਦਿੱਤਾ ਗਿਆ ਹੈ, ਦੀ ਲਿਸਟ (ਅੰਤਕਾ ਏ, ਉਨ੍ਹਾਂ ਨੂੰ ਦਿਤੀ ਗਈ ਮਿਕਦਾਰ ਸਮੇਤ ਹਾਊਸ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਇਸ ਸਮੇਂ ਵਿਚ ਲੋਹਾ ਅਤੇ ਦੇਗੀ ਲੋਹਾ ਕੁਲ 343.8 ਮੀ: ਟਨ ਵੰਡਿਆ ਗਿਆ ਹੈ। ਰਾਜ ਕੋਟੇ ਵਿਚੋਂ ਕੋਲ ਅਤੇ ਕੋਕ ਦੀ ਵੰਡ ਕਲੰਡਰ ਸਾਲ (ਜਨਵਰੀ ਤੋਂ ਦਸੰਬਰ) ਦੇ ਅਧਾਰ ਤੇ ਕੀਤੀ ਜਾਂਦੀ ਹੈ। ਰਾਜਪੁਰਾ ਦੇ ਉਦਯੋਗਿਕ ਯੂਨਿਟਾਂ ਨੂੰ ਸਾਲ 1980 ਵਿਚ 280 ਵੈਗਨ ਕੋਲ/ਕੋਕ ਦਿਤਾ ਗਿਆ ਹੈ ਅਤੇ ਉਨ੍ਹਾਂ ਦੀ ਲਿਸਟ (ਅੰਤਕਾ 'ਬੀ') ਹਾਊਸ ਦੀ ਮੇਜ਼ ਤੇ ਰਖੀ ਜਾਂਦੀ ਹੈ।

ANNEXURE 'A'

Statement showing the allocation of iron and steel to the Industrial Units during the year 1979-80

Sr. No.		Name & Address of the Party	Qty. allotted (Iron & Steel) in MTS.
1.	M/S	Jagdev Industries, D-2, Focal Point, Rajpura.	22,850
2.	,,	Vishavkarma Mech. Works, D-21, Focal Point Rajpura.	18,284
3.	,,	Ram Lal Gopi Chand Trunk Maker, Jawahar Market, Rajpura.	4,250
4.	,,	Ajaib Trunk Works, Plot No. 66, Jawahar Market, Rajpura.	2,444
5.	,,	Jara Ram Jetha Mal Shop No. 55, Jawahar Market Rajpura	3,851
6.	,,	Roshan Lal Trunk Maker, Krishana Market, Rajpura Town.	5,500
7.	,,	Bhagwan Dass Trunk Maker, Rajpura Township.	4,500
8.	,,	Ganesh Trunk House, Township Rajpura.	4,500
9.	,,	Sindhi Trunk House, Mashmir Market, Rajpura.	3,450
10.	,,	Guru Nanak Trunk House, Near School No. 4, Rajpura.	3,300
11.	,,	Vishavkarma Trunk House Shop, No. 27, Jawahar Market, Rajpura.	3,150
12.	,,	Chander Bhan Trunk Maker, Rajpura Township.	4,501
13.	,,	Tulsi Dass Trunk Maker, Shop No. 166, Jawahar Market, Rajpura.	3,000
14.	,,	Janta Trunk House, Jawahar Market, Rajpura.	3,888
15.	,,	Chandhu Ram Trunk Maker Jawahar Market, Rajpura.	4,000
16.	,,	Bharat Indl. Coop. Society, Rajpura.	24,850
17.	,,	Sham Singh Sall Safe & Steel Works, Rajpura.	11,533
18.	,,	RS Steel Ind. Sham Nagar, Patiala Road, Rajpura.	14,771
19.	,,	Sanjay Steel Ind. Sham Nagar, Patiala Road, Rajpura.	1,750
20.	,,	Engineers Combine (India) RSM, Rajpura.	32,500
21.	,,	Ess Vee Engg. RSM, Rajpura.	21,000
22.	,,	Kartar Foundry & Engg. Works, Rajpura.	55,000
23.	,,	Darshan Singh & Sons, Rajpura.	26,345
24.	,,	Vithun Foundry Works, Rajpura.	28,555

[Chief Minister]

1	2	3
25.	M/s Jagdev Foundry Works, Rajpura.	19,330
26.	„ Vishavkarma Mech. Works, Rajpura.	8,650
27.	„ Janta Foundry Works, Rajpura.	8,050

ANNEXURE 'B'

Statement showing the allocation of Coal/Coke to the in dustrial Units during the Calendar year.

Sr. No.	Name & Address of Indl. units.	Allotment of steam coal made in wagons.
1.	M/s Roadmaster Industries, Pvt. Ltd. Rajpura.	15 Wagons.
2.	„ Punjab Silicate works-cum-Poultry Centre, Rajpura.	44 „
3.	„ Knit Sons and Glue Works, Rajpura.	11 „
4.	„ Dalima Biscuit Pvt. Ltd., Rajpura.	91 „
5.	„ Ganesh Factory, Rajpura	11 „
6.	„ Laxmi Flour Mills, Rajpura.	3 „
7.	„ National Oil and Bark Mills, Rajpura.	2 „
8.	„ Refractories India, K. S. M. Rajpura.	10 „
9.	„ Premier Rubber and Allied Industries, Rajpura.	4 „
10.	„ Malwa Refractories Focal Point, Rajpura.	31 „
11.	„ B. K. Limes and callied Industries, Zirakpur.	2 „
12.	„ Prime Paper Board Mill Village Jungian P. O. Dayalpur Sodia Teh. Rajpura.	28 „
13.	„ Bachni Devi Mft. of coal Briquets KalkaRoad, Rajpura.	12 „ (Breeze cokee)

[Total 264 wagons (including) 12 wagons Breeze coke]

HARD COKE

	M/S Bharat Aluminium Udyog MSM, Rajpura.	1 Wagon.
2.	„ Darshan Singh & Sons, F. P. Rajprua.	2 „)
3.	„ Jagdev Foundry Works, F T Rajpura.	1 „
4.	„ Janta Foundry Works, Rajpura Township.	2 „
5.	„ Kartar Foundry Engg. Works, Rajpura.	2,
6.	„ Vishavkarma Mechanical Works F. P. Rajpura.	3 „
7.	„ Mohan Industries, Focal Point, Rajpura.	2 „
8.	„ Vithal Foundry works, F. P. Rajpura.	2 „
9.	„ Sharma Sons Opp. I. T. I. Rajpura.	1 „

(Total 16 wagons of hard coke).

Grand total Steam coal/Hard coke/Breeze coke. 280 wagons.

REGISTRATION OF A CASE AGAINST THE OFFICE BEARER OF THE COOP. AGRICULTURAL SERVICE SOCIETY, CHANARTHAL, DISTRICT PATIALA

*265 **Sardar Dalip Singh Pandhi**: Will the Chief Minister be pleased to state whether any case was registered against any office bearer of the Cooperative Agricultural Service Society, Chanarthal in Patiala District during May/June, 1980;-if so, the details there of ?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਸਹਿਕਾਰੀ ਖੇਤੀ ਬਾੜੀ ਸੇਵਾ ਸਭਾ, ਚਨਾਰਥਲ ਕਲਾਂ ਵਿਖੇ ਖਾਦ ਵਿਚ ਮਿਲਾਵਟ ਸਬੰਧੀ ਇਕ ਕੇਸ ਪੁਲਿਸ ਪਾਸ ਧਾਰਾ 409/420 ਆਈ. ਪੀ. ਸੀ. ਅਧੀਨ ਮਿਤੀ 4 ਜੂਨ, 1980 ਨੂੰ ਦਰਜ ਕਰਵਾਇਆ ਗਿਆ ਸੀ। ਦੋਸ਼ੀ ਗ੍ਰਿਫਤਾਰ ਕੀਤੇ ਸਨ ਅਤੇ ਤਫਤੀਸ਼ ਬਾਅਦ, ਕੇਸ ਜੁਡੀਸ਼ੀਅਲ ਕੋਰਟ, ਪਟਿਆਲਾ ਵਿਚ ਲੰਬਿਤ ਹੈ।

REGISTRATION OF CASES AGAINST COOPERATIVE AGRICULTURAL SERVICE SOCIETIES/RURAL COOP. BANKS IN DISTRICT PATIALA

*266 **Sardar Dalip Singh Pandhi**: Will the Chief Minister be pleased to state whether any case (s) was/were registered against any Cooperative Agricultural Service Societies/Rural Cooperative Banks of Distrct Patiala, during the last 4 years; if so, the details and latest position thereof ?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਪਿਛਲੇ ਸਾਲਾਂ ਵਿਚ ਅਰਥਾਤ 1976-77, 1977-78, 1978-79 ਅਤੇ 1979-80 (30 ਜੂਨ, 1980 ਨੂੰ ਸਮਾਪਤ ਹੋਣ ਵਾਲੇ ਸਮੇਂ ਵਿਚ) ਪਟਿਆਲਾ ਜ਼ਿਲਾ ਦੀਆਂ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ/ਦਿਹਾਤੀ ਸਹਿਕਾਰੀ ਬੈਂਕਾਂ ਵਿਚ ਗਬਨ ਦੇ 62 ਕੇਸ ਪੁਲਿਸ ਕੋਲ ਦਰਜ ਕਰਵਾਏ ਗਏ। ਉਹਨਾਂ ਕੇਸਾਂ ਦਾ ਵੇਰਵਾ ਅਤੇ ਮੌਜੂਦਾ ਸਥਿਤੀ ਅਨੁਲੱਗ 'ੳ' ਤੇ ਹੈ।

ਅਤਿਕਾ 'ੳ'

ਅਸੈਂਬਲੀ ਸਵਾਲ ਨੰ: 266 ਬਾਬਤ ਗਬਨ ਕੇਸ ਵਿਰੁੱਧ ਸਹਿਕਾਰੀ ਸਭਾਵਾਂ, ਜ਼ਿਲ੍ਹਾ ਪਟਿਆਲਾ।

(ਕੇਸਾਂ ਦੀ ਗਿਣਤੀ ਜੋ ਪੁਲਿਸ ਪਾਸ ਰਜਿਸਟਰ ਹੋਏ)

ਲੜੀ ਨੰ:	ਸਭਾ ਦਾ ਨਾਂ	ਦੋਸ਼ੀ ਵਿਅਕਤੀ ਦਾ ਨਾਂ	ਰਕਮ	ਸਾਲ	ਮੌਜੂਦਾ ਹਾਲਾਤ
1	ਭਗੜਾਨਾ	ਸਰਜਾ ਸਿੰਘ ਖਜ਼ਾਨਚੀ	0.02	76–77	ਪੁਲਿਸ ਵੱਲੋਂ ਕੇਸ ਅਨਟਰੇਂਸ ਕਰਾਰ ਦਿੱਤਾ ਗਿਆ।
2.	ਗੱਦੋ ਮਾਜਰਾ	ਬਹਾਦਰ ਸਿੰਘ ਖਜ਼ਾਨਚੀ	0.02	76–77	ਉਪਰੋਕਤ
3.	ਲਾਲੜ ਮੰਡੀਕਰਨ ਸਭਾ	ਬਚਨ ਸਿੰਘ ਸੇਲਜ਼ਮੈਨ	0.89	76–77	ਕੇਸ ਅਦਾਲਤ ਵਿਚ ਗਵਾਹੀਆਂ ਤੇ ਹੈ।
4.	ਉਕਤ	ਬਾਬੂ ਸਿੰਘ ਸੇਲਜ਼ਮੈਨ	0,02	76–77	ਅਦਾਲਤ ਵੱਲੋਂ ਮਿਤੀ 30–12–79 ਨੂੰ ਫੈਸਲਾ ਕੀਤਾ ਗਿਆ।
5.	ਉਕਤ	ਸ਼ੇਰ ਸਿੰਘ ਸੇਲਜ਼ਮੈਨ	0.02	76–67	ਉਪਰੋਕਤ।
6.	ਉਕਤ	ਅਮਰਬੰਤ ਸਿੰਘ ਸੇਲਜ਼ਮੈਨ	0.22	76–77	ਅਦਾਲਤ ਲੋਂ ਵੱ ਮਿਤੀ 19–12–79 ਨੂੰ ਫੈਸਲਾ ਦਿੱਤਾ ਗਿਆ
7.	ਉਕਤ	ਸੰਤੋਖ ਸਿੰਘ ਸੇਲਜ਼ਮੈਨ	0.22	76–77	ਉਪਰੋਕਤ।
8.	ਭਮਾਰਸੀ ਬੁਲੰਦ	ਪ੍ਰਬੰਧਕ ਕਮੇਟੀ	0.25	76–77	ਕੇਸ ਅਦਾਲਤ ਵਿਚ ਗਵਾਹੀਆਂ ਤੇ ਹੈ।
9.	ਫਤਿਹਪੁਰਅਰਾਈਆ	ਸਤਪਾਲ ਸਕੱਤਰ	0.08	77–78	ਪੁਲਿਸ ਪਾਸ ਤਫਤੀਸ਼ ਅਧੀਨ ਹੈ।
10.	ਖਾਸਪੁਰ	ਗੁਲਜ਼ਾਰ ਸਿੰਘ ਕੈਸ਼ੀਅਰ	0.95	77–78	ਉਕਤ
11.	ਖੇੜੀ ਗੁਰਨਾ	ਮੇਵਾ ਸਿੰਘ ਕੈਸ਼ੀਅਰ	0.87	77–78	ਉਕਤ
12.	ਪਵਾਲਾ	ਨਵਾਬ ਸਿੰਘ ਕੈਸ਼ੀਅਰ	0.75	77–78	ਉਕਤ
13.	ਬਾਸੀਆਂ	ਬਚਨ ਸਿਘ ਕੈਸ਼ੀਅਰ	0.26	77–78	ਉਕਤ
14	ਉੜਦਨ	ਪ੍ਰ: ਕਮੇਟੀ	0.48	77–78	ਉਕਤ

15.	ਰਾਮਪੁਰ ਖੁਰਦ	ਪ੍ਰ: ਕਮੇਟੀ	0.83	77–78	ਪੁਲੀਸ ਪਾਸ ਤਫਤੀਸ਼ ਅਧੀਨ ਹੈ ।
16.	ਦਿਆਲਪੁਰਾ	ਵਿਸ਼ੇਸ਼ਰ ਸਿੰਘ	0.21	77–78	ਰਕਮ ਦੀ ਵਸੂਲੀ ਹੋ ਚੁਕੀ ਹੈ । ਕੇਸ ਪੁਲਿਸ ਵਲੋਂ ਫਾਇਲ ਕੀਤਾ ਗਿਆ ਹੈ ।
17.	ਕੋਟਲਾ ਭਾਈਕਾ	ਜੋਗਿੰਦਰ ਸਿੰਘ ਸਕੱਤਰ	0.31	77–78	ਕੇਸ ਕੋਰਟ ਵਿਚ ਗਵਾਹੀਆਂ ਤੇ ਹੈ ।
18.	ਬਡਾਲੀ	ਗੁਰਦਿਆਲ ਸਿੰਘ	0.01	77–78	ਕੇਸ ਕੋਰਟ ਵਿਚ ਗਵਾਹੀਆਂ ਤੇ ਹੈ ।
19.	ਬਡਾਲੀ	ਗੁਰਦੇਵ ਸਿੰਘ ਸਕੱਤਰ	0.ਨਿਲ	77–78	ਕੋਰਟ ਵਲੋਂ ਮਿਤੀ 23-8-79 ਨੂੰ ਫੈਸਲਾ ਕੀਤਾ ਗਿਆ ਹੈ
20.	ਮਾਰ. ਸਭਾ ਅਮਲੋਹ	ਹਾਕਮ ਸਿੰਘ ਮੈਨੇਜਰ	0.01	77–78	ਕੋਰਟ ਵਿਚ ਗਵਾਹੀਆਂ ਤੇ ਹੈ ।
21.	ਪਾਤੜਾਂ ਮਾਰ. ਸਭਾ	ਹਰਭਜਨ ਸਿੰਘ	0.15	76–77	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
22.	ਪਾਤੜਾਸੀ ਏ.ਐਸ.ਐਸ.	ਸਰਦਾਰ ਮੋਤਾ ਸਿੰਘ	0.12	77–78	ਉਕਤ
23.	ਪਾਤੜਾ ਮਾਰ. ਸਭਾ	ਹਰਭਜਨ ਸਿੰਘ ਮੈਨੇਜਰ	0.17	76–77	ਉਕਤ
24.	ਦਿਉਗੜ	ਗੋਬਿੰਦ ਸਿੰਘ	0.03	76–77	ਉਕਤ
25.	ਸਮਾਣਾ ਮਾਰ. ਸਭਾ	ਮੈਨੇਜਰ	1.45	77–78	ਉਕਤ
26.	ਕਰਹਾਲੀ	ਗੁਰਬਚਨ ਸਿੰਘ	0.01	77–78	ਉਕਤ
27.	ਕਰਹਾਲੀ	ਗੁਰਬਚਨ ਸਿੰਘ	0.23	77–78	ਉਕਤ
28.	ਕਰਹਾਲੀ	ਗੁਰਬਚਨ ਸਿੰਘ	0.32	77–78	ਕੇਸ ਕੋਰਟ ਵਿਚ ਗਵਾਹੀਆਂ ਤੇ ਹੈ ।
29.	ਧਨੇਲਾ	ਈਸ਼ਰ ਸਿੰਘ	0.10	77–78	ਉਕਤ
30	ਬਹੇੜ	ਬਲਬੀਰ ਸਿੰਘ	0.09	77–78	ਉਕਤ
31.	ਇਸਰਹੈੜੀ	ਸ਼ਿਵ ਕੁਮਾਰ	0.24	77–78	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ
32.	ਕੁਲਬੁਸਾ	ਗਰਜੰਟ ਸਿੰਘ	0.25	77–78	ਉਕਤ
33.	ਪਾਤੜਾਂ ਮੰਡੀ ਕਰਨ ਸਭਾ	ਮੈਨੇਜਰ ਤੇ ਹੋਰ	1.10	78–79	ਉਕਤ
34.	ਛਤਰਾਣਾ	ਭੀਮਸੈਨ ਸਕੱਤਰ	0.07	78–79	ਉਕਤ
35.	ਕੁਲਬਰਸਾ	ਗਰਜੰਦ ਸਿੰਘ	0.05	78–79	ਉਕਤ

1	2	3	4	5	6
36.	ਬੈਹਲ	ਜਗੀਰ ਸਿੰਘ	0.01	78-79	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
37.	ਛਤਰਾਣਾ	ਭੀਮਸੈਨ	0.31	78-79	ਕੇਸ ਕੋਰਟ ਵਿਚ ਗਵਾਹੀਆਂ ਤੇ ਹੈ ।
38.	ਗਾਜ਼ੇਵਾਸ	ਭਗਵਾਨ ਸਿਘ	0.37	78-79	ਕੇਸ ਕੋਰਟ ਵਿਚ ਗਵਾਹੀਆਂ ਤੇ ਹੈ ।
39.	ਪਾਤੜਾਂ ਮੰਡੀਕਰਨ ਸਭਾ	ਜਗਦੀਸ਼ ਰਾਏ	0.10	79-80	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
40.	ਮੰਜਲ ਕਲਾਂ	ਕੇਸਰ ਸਿੰਘ	0.02	79-80	ਉਕਤ
41.	ਪੰਜੌਲਾ ਕਲਾਂ	ਪ੍ਰੀਤਮ ਸਿੰਘ	0.05	79-80	ਉਕਤ
42.	ਘੋਗਾ	ਬਹਾਦਰ ਸਿੰਘ	0.19	79-80	ਉਕਤ
43.	ਬੀਬੀ ਪੁਰ	ਤੇਜਾ ਸਿੰਘ	0.27	79-80	ਉਕਤ
44.	ਬੀਬੀ ਪੁਰ	ਤੇਜਾ ਸਿੰਘ	0.04	79-80	ਉਕਤ
45.	ਸ਼ਾਹਪੁਰ	ਹਰਪਾਲ ਸਿੰਘ	0.20	79-80	ਉਕਤ
46.	ਪਾਤੜਾਂ ਸੀ.ਏ.ਐਸ.	ਜਗਦੇਵ ਸਿੰਘ	0.35	79-80	ਉਕਤ
47.	ਕਾਹਨਗੜ੍ਹ	ਹਰਭਜਨ ਸਿੰਘ	0.05	79.80	ਉਕਤ
48.	ਅਜਰੌਰ	ਲਾਭ ਸਿੰਘ	0.03	76-77	ਉਕਤ
49.	ਬਿਰਦਨ	ਹਰਨਾਮ ਸਿੰਘ	0.11	77-78	ਕੇਸ ਅਦਾਲਤ ਵਿਚ ਗਵਾਹੀਆਂ ਤੇ ਹੈ ।
50.	ਭਾਦਸੋਂ	ਅਰਜਨ ਸਿੰਘ	0.13	77-78	ਉਕਤ
51.	ਪਟਿਆਲਾ ਮੰਡੀ ਕਰਨ ਸਭਾ	ਮੈਨੇਜਰ ਅਤੇ ਹੋਰ	2.70	78-79	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
52.	ਬੀਬੀਪੁਰ	ਬਲਦੇਵ ਸਿੰਘ	0.14	78-79	ਉਕਤ
53.	ਬਰਸਤ	ਬਰਜਿੰਦਰ ਸਿੰਘ	0.33	78-79	ਉਕਤ

54.	ਡੀ. ਡਬਲਯੂ.ਐਸ.	ਉਪ-ਨਰੀਖਕ ਮਾਰਕਫੈਡ	0.53	78–79	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
55.	ਕਲਰਭੈੜੀ	ਸੁਰਿੰਦਰ ਸਿੰਘ	0.12	78–79	ਉਕਤ
56.	ਬਖਸ਼ੀਵਾਲਾ	ਜਗ ਸਿੰਘ	0.04	78–79	ਉਕਤ
57.	ਭਾਦਸੋਂ	ਸ਼ਮਸ਼ੇਰ ਸਿੰਘ	0.03	78–79	ਕੇਸ ਪੁਲਿਸ ਵੱਲੋਂ ਕੈਂਸਲ ਕੀਤਾ ਗਿਆ ।
58.	ਵੰਜੀਦਪੁਰ	ਸੁੱਚਾ ਸਿੰਘ	0.03	79–80	ਉਕਤ
59.	ਕਨਜ਼ਿਊਮਰ ਸਟੋਰ	ਜਸਪਾਲ ਸਿੰਘ	1.12	79–80	ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ ।
60.	ਨਾਭਾ ਮੰਡੀ ਕਰਨ ਸਭਾ	ਮੈਨੇਜਰ ਅਤੇ ਹੋਰ	1.74	79–80	ਉਕਤ
61.	ਭਾਦਸੋਂ	ਨਰੇਸ਼ਕੁਮਾਰ	0.14	79–80	ਕੇਸ ਪੁਲਿਸ ਵੱਲੋਂ ਕੈਂਸਲ ਕੀਤਾ ਗਿਆ ।
62.	ਕੋਟ ਕਲਾਂ	ਸ਼ੇਰ ਸਿੰਘ	0.05	79–80	ਕੇਸ ਅਦਾਲਤ ਵਿਚ ਗਵਾਹੀਆਂ ਤੇ ਹੈ ।

ਨੋਟ: ਲੜੀ ਨੰ. 19 ਤੇ ਕੇਸ ਦੀ ਰਕਮ 500/-ਤੋਂ ਘੱਟ ਹੈ ।

SCHEMES APPROVED AND AMOUNT SANCTIONED FOR THE PUNJAB STATE TUBEWELL CORPORATION FOR AUGMENTATION OF WATER SUPPLY IN THE KALANAUR DISTRIBUTARY

*428. (1) **Com. Raj Kumar**
(2) **Com. Baldev Singh Loomba** :Will the Chief Minister be pleased to state—

(a) whether the Government at any time during 1972 approved schemes and sanctioned funds for the Punjab State Tube-well Corporation for the augmentation of water supply in the Kalanaur distributary of Gurdaspur district by deep tubewells and underground/over ground channels etc.; if so, the details of the schemes and the total amount approved therefor;

(b) the details of the work completed so far and the amount of expenditure incurred thereon;

(c) whether the government propose to abandon some of the schemes referred to in part (a) above; if so, the details of such schemes ?

ਸਰਦਾਰ ਦਰਬਾਰਾ ਸਿੰਘ: (ੳ) ਕਲਾਨੌਰ ਡਿਸਟ੍ਰੀਬਿਊਟਰੀ ਦੇ ਨਾਲ ਨਾਲ 65 ਡੂੰਘੇ ਆਗਮੈਨਟੇਸ਼ਨ ਟਿਊਬਵੈਲ ਲਗਾਉਣ ਦੀ ਸਕੀਮ 1974-75 ਵਿਚ ਇਕ ਕਰੋੜ ਰੁਪਏ ਦੀ ਲਾਗਤ ਦ ਪਰਵਾਨ ਕੀਤੀ ਗਈ ਸੀ ਅਤੇ ਕਰਜ਼ੇ ਵਜੋਂ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਲਈ 50 ਲੱਖ ਰੁਪਏ ਦੀ ਰਕਮ ਰੱਖੀ ਗਈ ਸੀ ।

(ਅ) 52 ਟਿਊਬਵੈੱਲਾਂ ਦੀ ਖੁਦਾਈ ਅਤੇ ਵਿਕਾਸ ਕੀਤਾ ਗਿਆ ਹੈ। ਉਨ੍ਹਾਂ ਤੇ 56.47 ਲੱਖ ਰੁਪਏ ਖ਼ਰਚ ਹੋਏ ।

(ੲ) ਨਹੀਂ ਜੀ। ਇਨ੍ਹਾਂ ਟਿਊਬਵੈੱਲਾਂ ਨੂੰ ਸਿੱਧੀ ਸਿੰਚਾਈ ਦੇ ਕੰਮਾਂ ਲਈ ਵਰਤਣ ਦੀ ਤਜਵੀਜ਼ ਹੈ ।

DIGGING OUT OF LINK DRAIN IN BHADHAUR ASSEMBLY CONSTITUENCY

*306. **Giani Kundan Singh Patang**: Will the Chief Minister be pleased to state the time by which a link drain for the area of village Sandhu Kalan, Balloke and Nainewala in Bhadaur Assembly Contituency in District Sangrur, which suffers a heavy loss every time as a result of accumulation of water, is likely to be dug out ?

ਸਰਦਾਰ ਦਰਬਾਰਾ ਸਿੰਘ : (ੳ) ਪਿੰਡ ਨੈਨੇਵਾਲ ਦੇ ਖਲੋਤੇ ਪਾਣੀ ਦੇ ਨਿਕਾਸ ਲਈ ਨੈਨੇਵਾਲਾ ਲਿੰਕ ਡਰੇਨ ਬੁਰਜੀ ਨੰ: 7750 ਤੇ ਪਹਿਲਾਂ ਹੀ ਬਣ ਚੁੱਕੀ ਹੈ। ਪਿੰਡ ਸੰਧੂ ਕਲਾਂ ਅਤੇ ਬਲੋਕੇ ਵਾਸਤੇ ਸਕੀਮ ਵਿਚਾਰ ਅਧੀਨ ਹੈ ।

DEPARTMENTAL ENQUIRY CONDUCTED AGAINST SARDAR BHAG SINGH, ASSISTANT REGISTRAR, COOP. SOCIETIES, MOGA (FARIDKOT)

*273. **Comrade Saghar Singh** :—Will the Chief Minister be pleased to state—

[Comrade Sagar Singh]

(a) whether any departmental enquiry was conducted against S. Bhag Singh, Assistant Registrar, Coop. Societies, Moga (Faridkot) during the period from 1976 to June, 1980, if so, the details of the charges enquired into;

(b) the name of the Enquiry Officer and the details of his findings;

(c) the action taken on the findings of the Enquiry Officer referred to in part (b) above ?

ਸਰਦਾਰ ਦਰਬਾਰਾ ਸਿੰਘ · (ੳ) i) ਹਾਂ ਜੀ ।

(ii) ਦੋਸ਼ਾਂ ਦਾ ਵਿਸਥਾਰ ਨਾਲ ਨੱਥੀ ਅਨੈਕਸਚਰ 'ਏ' ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ .

(ਅ) (i) ਸਰਦਾਰ ਬੀ. ਐਸ. ਭੁੱਲਰ ਜੋ ਉਸ ਸਮੇਂ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ ਸਨ, ਜੋ ਹੁਣ ਵਾਧੂ ਰਜਿਸਟਰਾਰ ਸਹਿਕਾਰੀ ਸਭਾਵਾਂ ਹਨ ।

(ii) ਇਨਕੁਆਇਰੀ ਅਫਸਰ ਦੀ ਰਿਪੋਰਟ ਦਾ ਵਿਸਥਾਰ ਨਾਲ ਨੱਥੀ ਅਨੈਕਸਚਰ 'ਬੀ' ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ੲ) (i) ਸਰਦਾਰ ਭਾਗ ਸਿੰਘ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਅਗੇ ਲਈ ਸਾਵਧਾਨ ਰਹਿਣ ਲਈ ਤਾੜਨਾ ਦਿੱਤੀ ਗਈ ਸੀ ।

ਐਨੇਕਸਚਰ "ਏ"

ਸ੍ਰੀ ਭਾਗ ਸਿੰਘ ਉਸ ਸਮੇਂ ਦੇ ਸਹਾਇਕ ਰਜਿਸਟਰਾਰ, ਸੰਗਰੂਰ ਦੇ ਵਿਰੁਧ ਦੋਸ਼ਾ ਦੀ ਸੂਚੀ :—

1. ਉਸ ਨੇ ਲੈਹਰਾਗਾਗਾ ਕੋਆਪਰੇਟਿਵ ਐਗਰੀਕਲਚਰਲ ਸਰਵਿਸ ਸਭਾ ਦਾ ਹੱਦ ਕਰਜ਼ਾ ਹਾੜ੍ਹੀ 1972–73 ਦਾ ਵਿਭਾਗੀ ਹਦਾਇਤਾਂ ਦੀ ਉਲੰਘਣਾ ਕਰਕੇ ਮੰਜ਼ੂਰ ਕੀਤਾ ਅਤੇ ਕੇਂਦਰੀ ਸਹਿਕਾਰੀ ਬੈਂਕ, ਸੰਗਰੂਰ ਦੇ ਮੁੱਖ ਕਾਰਜਕਾਰੀ ਅਫਸਰ ਨੂੰ ਹੱਦ ਕਰਜ਼ਾ ਪ੍ਰਵਾਨ ਕਰਨ ਤੋਂ ਪਹਿਲਾਂ ਮੈਂਬਰਾਂ ਦੀ ਸਹੀ ਤਸਦੀਕ ਨਹੀਂ ਹੋਣ ਦਿਤੀ ਅਤੇ 4.00 ਲੱਖ ਰੁਪਏ ਦੇਣ ਦੇ ਸ਼ਾਸ਼ਤਰ ਅਪਣਾਏ ਜਦਕਿ ਮੈਂਬਰਸ਼ਿਪ ਬੋਗਸ ਜਾਪਦੀ ਸੀ ।

2. ਉਸ ਨੇ ਝਲੂਰ ਖੇਤੀ ਸਹਿਕਾਰੀ ਸਭਾ ਦੇ ਕਾਗਜ਼ਾ ਦੀ ਸਹੀ ਪੜਤਾਲ ਕਰਨ ਤੋਂ ਬਿਨਾਂ ਸਭਾ ਨੂੰ ਨੂੰ ਸਰਜੀਬ ਕਰਨ ਦੇ ਹੁਕਮ ਜਾਰੀ ਕੀਤੇ ਅਤੇ ਉਸੀ ਆਦਮੀ ਨੂੰ ਖ਼ਜ਼ਾਨਚੀ ਦੇ ਤੌਰ ਤੇ ਸਭਾ ਦੀ ਭਾਰੀ ਪੂੰਜੀ ਸੰਭਾਲਣ ਦੀ ਆਗਿਆ ਦਿੱਤੀ ਜਦ ਕਿ ਉਸ ਨੇ ਪਹਿਲਾਂ ਹੀ ਸਭਾ ਦੇ ਫੰਡਾਂ ਨੂੰ ਗਬਨ ਕੀਤਾ ਸੀ । ਇਸ ਤਰ੍ਹਾਂ ਉਸ ਨੇ ਸਭਾ ਦੇ ਸਰਜੀਬ ਹੋਣ ਦੇ 2 ਮਹੀਨੇ ਦੇ ਅੰਦਰ ਅੰਦਰ 2 ਲੱਖ ਰੁਪਏ ਤੋਂ ਵੱਧ ਰਕਮ ਐਡਵਾਂਸ ਕੀਤੀ ਅਤੇ ਇਹੋ ਕਰਜ਼ਾ ਕਿਤਾਬਾਂ ਵਿਚ ਹੀ ਭਾਰੀ ਮਾਤਰਾ ਵਿਚ ਜਾਰੀ ਹੋਇਆ ਦਿਖਾਇਆ ਗਿਆ ਹੈ। ਜਦ ਕਿ ਇਹ ਰਕਮ ਸਹੀ ਢੰਗ ਨਾਲ ਨਹੀਂ ਵਰਤੀ ਗਈ । ਇਸ ਲਈ ਉਸ ਦਾ ਚਾਲ ਚੱਲਨ ਸਭਾ ਦੇ ਕਾਰੋਬਾਰ ਚਲਾਉਣ ਵਿਚ ਸਾਫ਼ ਨਹੀਂ ਸੀ ।

3. ਉਸ ਨੇ ਖਾਈ ਸਹਿਕਾਰੀ ਸਭਾ ਨੂੰ ਭਾਰੀ ਮਾਤਰਾ ਵਿਚ ਪੂੰਜੀ ਦੇਣ ਦੀ ਆਗਿਆ ਦਿੱਤੀ ਜਦ ਕਿ

[ਮੁੱਖ ਮੰਤਰੀ]

ਕੇਂਦਰੀ ਸਹਿਕਾਰੀ ਬੈਂਕ ਸੰਗਰੂਰ ਦੇ ਮੁੱਖ ਕਾਰਜਕਾਰੀ ਅਫਸਰ ਵੱਲੋਂ ਰੋਕ ਲਗਾਈ ਹੋਈ ਸੀ ਅਤੇ ਇਸ ਤਰ੍ਹਾਂ ਉਸ ਨੇ ਸਭਾ ਦੀ ਪੂੰਜੀ ਨੂੰ ਭਾਰੀ ਮਾਤਰਾ ਵਿਚ ਹੇਰਾਫੇਰੀ ਕਰਨ ਲਈ ਸਭਾ ਦੇ ਪ੍ਰਬੰਧਕਾਂ ਨੂੰ ਮੌਕਾ ਦਿੱਤਾ। ਇਸ ਤਰ੍ਹਾਂ ਉਹ ਸਭਾ ਦੇ ਕਾਰੋਬਾਰ ਤੇ ਸਹੀ ਢੰਗ ਨਾਲ ਕਾਬੂ ਪਾਉਣ ਵਿਚ ਅਸਫਲ ਰਿਹਾ ।

4. ਉਸ ਨੇ ਭੱਠਲ ਸਹਿਕਾਰੀ ਸਭਾ ਦਾ ਹੱਦ ਕਰਜ਼ਾ ਮਿਤੀ 19 ਜੂਨ, 1971 ਨੂੰ ਘਟਾ ਕੇ ਬਿਨਾਂ ਕਿਸੇ ਠੋਸ ਸਬੂਤ ਤੋਂ ਨਿੱਲ ਕੀਤਾ ਅਤੇ ਇਸ ਤਰ੍ਹਾਂ ਆਪਣੀਆਂ ਪਾਵਰਾਂ ਦਾ ਭੈੜਾ ਵਿਚਾਰ ਰਖਦੇ ਹੋਏ ਗ਼ਲਤ ਇਸਤੇਮਾਲ ਕੀਤਾ ।

5. ਉਸ ਨੇ ਭੂਲਾਂਣ ਸਹਿਕਾਰੀ ਸਭਾ ਦੀ ਪ੍ਰਬੰਧਕ ਕਮੇਟੀ ਨੂੰ ਮਿਤੀ 31 ਜਨਵਰੀ, 1972 ਨੂੰ ਗ਼ਲਤ ਭੰਗ ਕੀਤਾ ਜਦ ਕਿ ਪ੍ਰਬੰਧਕ ਕਮੇਟੀ ਦਾ 3 ਸਾਲ ਦਾ ਸਮਾਂ ਪੂਰਾ ਨਹੀਂ ਹੋਇਆ ਸੀ ਅਤੇ ਇਹ ਪੰਜਾਬ ਸਹਿਕਾਰੀ ਸਭਾਵਾਂ ਦੇ ਐਕਟ 1961 ਦੀ ਧਾਰਾ 26-1 ਡੀ ਦੇ ਅਧੀਨ ਤੋੜੀ ਨਹੀਂ ਜ ਸਕਦੀ ਸੀ ।

6. ਉਸ ਦੇ ਹਲਕੇ ਦਾ ਵਿਕਾਸ ਕਮਿਸ਼ਨਰ ਵਲੋਂ ਵਿਜ਼ਟ ਕਰਨ ਕਾਰਣ ਉਸ ਨੇ ਨਾਂਗਲਾ, ਸੰਗਤਪੁਰਾ, ਅਕਹਲਗੜ੍ਹ,ਪੰਡਿਆਲਾ,ਰੋਇਣੀਆਨਾ ਅਤੇ ਮਹਿਲਾ ਸਹਿਕਾਰੀ ਸਭਾਵਾਂ ਨੂੰ ਕੇਂਦਰੀ ਸਹਿਕਾਰੀ ਬੈਂਕ ਦਾ ਮਿਆਦ ਪੁੱਗਾ ਕਰਜ਼ਾ ਘਟਾਉਣ ਲਈ ਬਿਨਾਂ ਕਿਸੇ ਠੋਸ ਸਬੂਤ ਤੋਂ ਸਮਾਪਤੀ ਅਧੀਨ ਲਿਆਉਣ ਦਾ ਹੁਕਮ ਦਿੱਤਾ ਅਜਿਹਾ ਕਰਨਾ ਉਸ ਦਾ ਭਾਵ ਸੀ ਕਿ ਕੇਂਦਰੀ ਸਹਿਕਾਰੀ ਬੈਂਕ ਦੇ ਮਿਆਦ ਪੁਗੇ ਕਰਜ਼ੇ ਦੀ ਵਸੂਲੀ ਬਾਰੇ ਚੰਗਾ ਪ੍ਰਭਾਵ ਪਵੇ ਅਤੇ ਉਸ ਤਰ੍ਹਾਂ ਉਸ ਨੇ ਆਪਣੇ ਉਚ ਅਧਿਕਾਰੀਆਂ ਨੂੰ ਧੋਖਾ ਦਿੱਤਾ ।

7. ਉਹ ਆਪਣੇ ਹਲਕੇ ਦੀਆਂ ਸਭਾਵਾਂ ਦਾ ਨਿਰੀਖਣ ਅਤੇ ਕਾਰੋਬਾਰ ਦੀ ਪੂਰੀ ਦੇਖਭਾਲ ਕਰਨ ਵਿਚ ਅਸਫਲ ਰਿਹਾ ਜਿਸ ਦੇ ਸਿੱਟੇ ਵਜੋਂ ਨੈਸ਼ਨਲ ਲੈਹਰਾਗਾਗਾ; ਝਲੂਰ, ਖਾਈ, ਭੱਠਲ ਕਲਾਂ ਲੈਹਲ ਖੁਰਦ ਅਤੇ ਰੋਇਣੀਆਣਾ ਆਦਿ ਸਹਿਕਾਰੀ ਸਭਾਵਾਂ ਵਿਚ ਘੋਰ ਬੇਕਾਇਦਗੀਆਂ ਕੀਤੀਆਂ ਗਈਆਂ ।

8. ਉਸ ਨੇ ਸਰਕਾਰੀ ਡਿਊਟੀ ਵਿਚ ਕੁਤਾਹੀ ਵਰਤਦੇ ਹੋਏ ਰੋਂਗਲਾ ਸਹਿਕਾਰੀ ਸਭਾ ਦਾ ਗ਼ਲਤ ਤਰੀਕੇ ਨਾਲ ਅਤੇ "ਏ" ਫਾਰਮ ਬਿਨਾਂ ਫਰਵਰੀ 1972 ਵਿਚ 5.12 ਲੱਖ ਰੁਪਏ ਦਰਮਿਆਨੀ ਮਿਆਦ ਦਾ ਕਰਜ਼ਾ ਮਨਜ਼ੂਰ ਕੀਤਾ ।

9. ਉਸ ਨੇ ਉਭੀਆ ਸਹਿਕਾਰੀ ਸਭਾ ਦਾ ਹੱਦ ਕਰਜ਼ਾ 1.80 ਲਖ ਰੁਪਏ ਬਿਨਾ ਫਰਦ ਜਮ੍ਹਾਂਬੰਦੀ ਅਤੇ "ਏ" ਫ਼ਾਰਮ ਦੇ ਮੰਜ਼ੂਰ ਕੀਤਾ ।

10. ਉਸ ਨੇ ਤੂਰ ਬੰਜਾਰਾ ਸਹਿਕਾਰੀ ਸਭਾ ਦਾ ਦਰਮਿਆਨੀ ਮਿਆਦ ਦਾ ਹੱਦ ਕਰਜ਼ਾ 1.50 ਲੱਖ ਰੁਪੈ ਮਿਤੀ 7 ਜੂਨ, 1972 ਨੂੰ ਬਿਨਾਂ "ਏ" ਫ਼ਾਰਮ ਅਤੇ ਫਰਦ ਜਮਾਂਬੰਦੀ ਦੇ ਮੰਜ਼ੂਰ ਕੀਤਾ ।

11. ਆਪਣੇ ਅਧਿਕਾਰਾਂ ਦੀ ਗ਼ਲਤ ਵਰਤੋਂ ਕਰਦੇ ਹੋਏ ਸ੍ਰੀ ਹਰਨੇਕ ਸਿੰਘ ਪੁੱਤਰ ਸ੍ਰੀ ਰੂੜ ਸਿਘ ਨੂੰ ਕਰਜ਼ੇ ਦੀ ਵਸੂਲੀ ਤੇ 3 ਪ੍ਰਤੀਸ਼ਤ ਕਮੀਸ਼ਨ ਦੇਣ ਦੀ ਬਿਨਾਂ ਕਿਸੇ ਸਫਾਈ ਤੋਂ ਆਗਿਆ ਦਿੱਤੀ ।

ਅਨੈਕਸਚਰ "ਬੀ"

ਇਨਕੁਆਰੀ ਅਫਸਰ ਦੀ ਪੜਤਾਲ

ਦੋਸ਼ ਨੰ. 1. ਸਬੰਧਤ ਨਿਰੀਖਕ, ਸਬੰਧਤ ਦਫਤਰੀ ਕਰਮਚਾਰੀ ਅਤੇ ਮੈਨੇਜਰ ਨੇ ਇਸ ਕੇਸ ਦਾ ਨਿਪਟਾਰਾ ਕਰਨ ਲਈ ਕੋਈ ਧਿਆਨ ਨਹੀਂ ਦਿੱਤਾ ।

2. ਸ੍ਰੀ ਭਾਗ ਸਿੰਘ ਨੇ ਕਿਹਾ ਕਿ ਹੇਠਲੇ ਸਟਾਫ਼ ਦੀ ਰਿਪੋਰਟ ਤੇ ਸਭਾ ਚਾਲੂ ਕੀਤੀ ਗਈ ਸੀ ਅਤੇ ਇਸ ਦੀ ਅਸਲੀਅਤ ਇਹ ਸੀ ਕਿ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਮੈਂਬਰਾਂ ਨੂੰ ਖਾਦ ਸਪਲਾਈ ਕਰਨ ਲਈ ਦਬਾ ਪਾਇਆ ਜਾ ਰਿਹਾ ਸੀ। ਪੜਤਾਲ ਅਫਸਰ ਦੀ ਰਿਪੋਰਟ ਅਨੁਸਾਰ ਕੁਲ 2.14ਲਖ ਕਰਜ਼ੇ ਵਿਚੋਂ 1.67 ਲੱਖ ਰੁਪਏ ਨਕਦ ਕਰਜ਼ੇ ਵੱਜੋਂ ਦਿੱਤੇ ਗਏ ਸਨ ਜੋ ਸ੍ਰੀ ਭਾਗ ਸਿੰਘ ਦੇ ਕਰਣ ਨੂੰ ਗਲਤ ਸਾਬਤ ਕਰਦੀ ਹੈ ਕਿ ਉਸ ਨੇ ਸਭਾ ਦੇ ਲੋੜਮੰਦ ਮੈਂਬਰਾਂ ਨੂੰ ਖਾਦ ਦੇਣ ਕਰਕੇ ਹੀ ਸਭਾ ਚਾਲੂ ਕਰਨ ਦੇ ਹੁਕਮ ਕੀਤੇ ਸਨ ।

3. ਪੜਤਾਲ ਅਫਸਰ ਦੇ ਅਨੁਸਾਰ 90,000 ਰੁਪਏ ਦਰਮਿਆਨੀ ਮਿਆਦ ਦੇ ਕਰਜ਼ੇ ਵਜੋਂ ਪ੍ਰਾਪਤ ਕੀਤੇ ਗਏ ਦੀ ਗਲਤ ਵਰਤੋਂ ਹੋਈ ਕਿਉਂ ਜੋ ਸਭਾ ਵੱਲੋਂ ਕੋਈ ਵੰਡ ਸਟੇਟਮੈਂਟ ਨਹੀਂ ਦਿੱਤੀ ਗਈ ।

4. ਪੜਤਾਲ ਅਫਸਰ ਦੀ ਰਿਪੋਟ ਅਨੁਸਾਰ ਜੇ ਕਰ ਸਭਾ ਦੀ ਕਮੇਟੀ ਕਾਨੂੰਨੀ ਢੰਗ ਨਾਲ ਨਹੀਂ ਬਣਾਈ ਗਈ ਸੀ। ਸਹਾਇਕ ਰਜਿਸਟਰਾਰ ਵੱਧ ਤੋਂ ਵੱਧ ਸਭਾ ਦੀ ਕਮੇਟੀ ਨੂੰ ਭੰਗ ਕਰ ਸਕਦਾ ਸੀ ਅਤੇ ਨਵੀਂ ਕਮੇਟੀ ਦੀ ਚੋਣ ਕਰਵਾ ਸਕਦਾ ਸੀ। ਪਰ ਸ੍ਰੀ ਭਾਗ ਸਿੰਘ ਵੱਲੋਂ ਇਹ ਕੀਤੀ ਕਾਰਵਾਈ ਸਭਾ ਦੇ ਮੈਂਬਰਾਂ ਦੇ ਹਿੱਤਾਂ ਦੇ ਵਿਰੁਧ ਸੀ। ਸ੍ਰੀ ਭਾਗ ਸਿੰਘ ਕੋਈ ਅਸਰਦਾਰ ਸਬੂਤ ਪੇਸ਼ ਨਹੀਂ ਕਰ ਸਕਿਆ ।

5. ਇਹ ਦੋਸ਼ ਵੀ ਪੜਤਾਲ ਅਫਸਰ ਨੇ ਸਾਬਤ ਕੀਤਾ ਹੈ ਕਿ ਸ੍ਰੀ ਭਾਗ ਸਿਘ ਨੇ ਸਭਾ ਦੀ ਕਮੇਟੀ ਦਾ 3 ਸਾਲ ਦਾ ਸਮਾਂ ਮੁਕਣ ਤੋਂ 2 ਮਹੀਨੇ ਪਹਿਲਾਂ ਕਮੇਟੀ ਨੂੰ ਹਟਾ ਦਿਤਾ।

6. ਇਹ ਦੋਸ਼ ਸਾਬਤ ਹੋ ਗਿਆ ਹੈ ਕਿ ਸ੍ਰੀ ਭਾਗ ਸਿਘ ਨੇ ਜਾਇਦਾਦ ਮਿਆਦ ਕਰਜ਼ੇ ਨੂੰ ਘਟਾਉਣ ਦੇ ਮਨੋਰਥ ਨਾਲ ਇਨ੍ਹਾਂ ਸਭਾਵਾਂ ਨੂੰ ਸਮਾਪਤੀ ਅਧੀਨ ਲਿਆਂਦਾ ਅਤੇ ਜਾਹਲੀ ਕਰਜ਼ੇ ਦੀ ਵਸੂਲੀ ਦਿਖਾਈ ।

7. ਪੜਤਾਲ ਅਫਸਰ ਦੀ ਰਿਪੋਰਟ ਅਨੁਸਾਰ ਇਹ ਦੋਸ ਸਾਬਤ ਹੋ ਗਿਆ ਕਿ ਸ੍ਰੀ ਭਾਗ ਸਿਘ ਆਪਣੇ ਹਲਕੇ ਦੀਆਂ ਸਭਾਵਾਂ ਦੇ ਕਾਰੋਬਾਰ ਦੀ ਦੇਖਭਾਲ ਕਰਨ ਵਿਚ ਅਸਫਲ ਰਿਹਾ ਜਿਸ ਦੇ ਸਿਟੇ ਵਜੋਂ ਸਭਾਵਾਂ ਦੇ ਕਾਰੋਬਾਰ ਵਿਚ ਕਾਫੀ ਬੇਕਾਇਦਗੀਆਂ ਹੋਈਆਂ।

8. ਸਿੱਧ ਹੋ ਗਿਆ ਹੈ ਕਿ ਸ੍ਰੀ ਭਾਗ ਸਿਘ ਨੇ ਬੈਂਕ ਅਧਿਕਾਰੀਆਂ ਨੂੰ ਹੱਦ ਕਰਜ਼ੇ ਦੀ ਮਨਜ਼ੂਰੀ ਦੀ ਸਿਫਾਰਿਸ਼ ਕਰਨ ਤੋਂ ਪਹਿਲਾਂ ਪੂਰੇ ਦਸਤਾਵੇਜ਼ ਦੀ ਘੋਖ ਨਹੀਂ ਕੀਤੀ। ਸ੍ਰੀ ਭਾਗ ਸਿੰਘ ਨੇ ਇਹ ਕਿਹਾ ਕਿ ਬੈਂਕ ਅਧਿਕਾਰੀਆਂ ਵੱਲੋਂ ਸਭਾ ਦਾ ਹੱਦ ਕਰਜ਼ਾ ਮਨਜ਼ੂਰ ਕਰਨ ਸਮੇਂ ਕੋਈ ਇਤਰਾਜ਼ ਨਹੀਂ ਉਠਾਇਆ ਗਿਆ ਸੀ ।

9. ਇਹ ਦੋਸ਼ ਵੀ ਸਿੱਧ ਹੋ ਗਿਆ ਕਿ ਸ੍ਰੀ ਭਾਗ ਸਿੰਘ ਨੇ ਉਭੀਆ ਸਹਿਕਾਰੀ ਸਭਾ ਨੂੰ 1.87 ਲਖ ਰੁਪਏ ਦਰਮਿਆਨੇ ਸਮੇਂ ਦਾ ਕਰਜ਼ਾ ਪ੍ਰਵਾਨ ਕਰਨ ਤੇ ਸਾਰੇ ਦਸਤਾਵੇਜ਼ ਦੀ ਪੂਰਤੀ ਨੂੰ ਯਕੀਨੀ ਨਹੀਂ ਬਣਾਇਆ । ਫਿਰ ਵੀ ਸ੍ਰੀ ਭਾਗ ਸਿੰਘ ਨੇ ਕਿਹਾ ਕਿ ਬੈਂਕ ਅਧਿਕਾਰੀਆਂ ਵੱਲੋਂ ਸਭਾ ਦਾ ਹੱਦ ਕਰਜ਼ਾ ਪ੍ਰਵਾਨ ਕਰਨ ਸਮੇਂ ਕੋਈ ਇਤਰਾਜ਼ ਨਹੀਂ ਉਠਾਇਆ ਸੀ ।

10. ਇਹ ਦੋਸ਼ ਵੀ ਪੜਤਾਲ ਅਫਸਰ ਦੀ ਰਿਪੋਰਟ ਅਨੁਸਾਰ ਸਿੱਧ ਹੈ ਕਿ ਸ੍ਰੀ ਭਾਗ ਸਿੰਘ ਨੇ ਤੁਰ ਬੰਜਾਰਾ ਸਹਿਕਾਰੀ ਸਭਾ ਦੇ ਦਰਮਿਆਨੇ ਹੱਦ ਕਰਜ਼ਾ 1.50 ਲੱਖ ਰੁਪਏ ਸਬੰਧਤ/ਲੋੜੀਂਦੇ ਦਸਤਾਵੇਜ਼ ਦੀ ਪ੍ਰਾਪਤੀ/ਪੂਰਤੀ ਤੋਂ ਬਿਨਾਂ ਮਨਜ਼ੂਰ ਕੀਤਾ ਹੈ ।

11. ਪੜਤਾਲ ਅਫਸਰ ਦੀ ਰਿਪੋਰਟ ਅਨੁਸਾਰ ਜੋ ਵਾਧੂ ਵਸੂਲੀ ਸਹਾਇਕ ਨਿਯੁਕਤ ਕੀਤਾ ਗਿਆ ਸੀ ਅਤੇ ਜਿਸ ਨੂੰ ਸਭਾ ਵੱਲੋਂ ਸਾਰੇ ਸਮੇਂ (ਹੋਲ ਟਾਈਮ) ਸਕੱਤਰ ਹੋਣ ਦੇ ਬਾਵਜੂਦ ਵਸੂਲੀਆਂ ਤੇ ਕਮਿਸ਼ਨ ਦਿੱਤਾ ਗਿਆ ਜਿਸਦੀ ਲੋੜ ਨਹੀਂ ਸੀ । ਇਸ ਕਿਸਮ ਦੀ ਪਹਿਲਾਂ ਕੋਈ ਮਿਸਾਲ ਨਹੀਂ ਹੈ।

UNSTARRED QUESTIONS AND ANSWERS

CONSTRUCTION OF A NEW BUILDING TO HOUSE THE JAWAHAR LAL NEHRU MEMORIAL GOVERNMENT WOMEN COLLEGE, MANDI GOBINDGARH

80. **Sardar Dalip Singh Pandhi**: Will the Minister for Education be pleased to state whether there is any proposal under the consideration of Government to construct a new Building to house the Jawahar Lal Nehru Memorial Government Women College, Mandi Gobind garh; if so, the details thereof and the time by which it is likely to be constructed ?

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ, ਸਰਕਾਰੀ ਕਾਲਜ ਫਾਰ ਵਿਮੈਨ, ਮੰਡੀ ਗੋਬਿੰਦਗੜ੍ਹ ਲਈ ਨਵੀਂ ਇਮਾਰਤ ਦੀ ਉਸਾਰੀ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਕੰਮ ਦੇ ਜ਼ਰੂਰੀ ਨਕਸ਼ੇ ਆਰਕੀਟੈਕਚਰ ਵਿਭਾਗ ਵੱਲੋਂ ਤਿਆਰ ਕੀਤੇ ਜਾ ਚੁੱਕੇ ਹਨ ਅਤੇ ਲੋਕ ਨਿਰਮਾਣ ਵਿਭਾਗ ਨੂੰ ਇਸ ਦੇ ਤਖ਼ਮੀਨੇ ਤਿਆਰ ਕਰਨ ਲਈ ਭੇਜੇ ਹੋਏ ਹਨ ।

SETTING UP OF A 220 K.V. POWER SUB STATION AT MANDI GOBINDGARH

81. **Sardar Dalip Singh Pandhi**: Will the Chief Minister be pleased to state whether there is a proposal under the consideration of Government to set up a 220 KV Power Sub-station at Mandi Gobindgarh; if so, the details thereof and the period with in which it is likely to be commissioned ?

ਸਰਦਾਰ ਦਰਬਾਰਾ ਸਿੰਘ : ਜੀ ਹਾਂ । ਇਹ ਸਬ-ਸਟੇਸ਼ਨ ਸਾਲ 1983-84 ਦੇ ਦੌਰਾਨ ਜਦੋਂ ਕਿ

ਰੋਪੜ ਥਰਮਲ ਪਾਵਰ ਪਲਾਂਟ ਸਟੇਜ –1 ਚਾਲੂ ਹੋ ਜਾਵੇਗਾ, ਬਣਾਇਆ ਜਾਵੇਗਾ। ਇਸ ਸਬ-ਸਟੇਸ਼ਨ ਨੂੰ ਤਜਵੀਜ਼ ਕੀਤੀ 220 ਕੇ. ਵੀ. ਰੋਪੜ-ਗੋਬਿੰਦਗੜ੍ਹ ਲਾਈਨ ਦੁਆਰਾ ਫੀਡ ਕੀਤਾ ਜਾਵੇਗਾ ਅਤੇ ਚਾਲੂ ਹੋਣ ਤੇ ਇਹ ਸਟੇਸ਼ਨ ਉਸ ਖੇਤਰ ਵਿਚ ਹੋਰ ਦੂਸਰੇ 66 ਕੇ. ਵੀ. ਸਬ-ਸਟੇਸ਼ਨਾਂ ਅਤੇ ਕੁਝ ਸਥਾਨਕ ਲੋਡਜ਼ ਨੂੰ ਫੀਡ ਕਰੇਗਾ।

NUMBER OF ILLEGAL OCCUPANTS OF THE SHAMLAT DEH IN VILLAGE JALALPUR, BLOCK SIRHIND

82. **Sardar Dalip Singh Pandhi**: Will the Minister for Development be pleaseed to state whether it is a fact that there is a large number of illegal occupants of the Shamlat Deh in Village Jalal Pur, Block Sirhind; if so, the details there of and the steps taken or proposed to be taken for their eviction?

ਸਰਦਾਰ ਸੰਤੋਖ ਸਿੰਘ ਰੰਧਾਵਾ : ਨਹੀਂ ਜੀ।

ਸੁਲਤਾਨਪੁਰ ਅਤੇ ਕਪੂਰਥਲਾ ਬਲਾਕਾਂ ਵਿਚ ਪਿੰਡਾ ਟਿਬਾ ਅਤੇ ਉਚਾ ਵਿਖੇ ਮਾਡਲ ਸਕੂਲ

69. **ਸਰਦਾਰ ਆਤਮਾ ਸਿੰਘ,** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪਿਛਲੇ ਮੰਤਰੀ ਮੰਡਲ ਦੇ ਦੌਰਾਨ ਬਲਾਕ ਸੁਲਤਾਨਪੁਰ ਵਿਚ ਪਿੰਡ ਟਿਬਾ ਅਤੇ ਬਲਾਕ ਕਪੂਰਥਲਾ ਵਿਚ ਪਿੰਡ ਉਚਾ ਵਿਖੇ ਮਾਡਲ ਸਕੂਲ ਖੋਲ੍ਹਣ ਲਈ ਕੋਈ ਸਕੀਮ ਸ਼ੁਰੂ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਉਕਤ ਸਕੀਮ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਕੀ ਸਾਲਾਂ 1977-78, 1978-79 ਜਾਂ 1979-80 ਦੇ ਦੌਰਾਨ ਪਿੰਡ ਟਿੱਬਾ ਵਿਖੇ ਮਾਡਲ ਸਕੂਲ ਖੋਲ੍ਹਣ ਲਈ ਸਰਕਾਰ ਦੁਆਰਾ ਕੋਈ ਫੰਡ ਅਲਾਟ ਕੀਤੇ ਗਏ ਸਨ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ;

(ੲ) ਉਕਤ ਦੋਵੇਂ ਪਿੰਡਾਂ ਵਿਖੇ ਮਾਡਲ ਸਕੂਲ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਉਕਤ ਦਰਸਾਈ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ।

ADVISORY COUNCIL FOR THE DEVELOPMENT OF BET AREAS IN THE STATE

70. **Sardar Atma Singh** :Will the Chief Minister be pleased to state:—

(a) whether he has constituted any Advisory Council for the

[Sardar Atma Singh]

development of the Bet Areas in the State ; if so, the names of its Members;

(b) whether the Government received any proposals sent by any legislator in December, 1980 in this connection ; if so, the details thereof;

(c) whether any meeting of the said Council has since been convened: if so, when ;

(d) the action, if any, so far taken or proposed to be taken on the proposals referred to in part (b) above?

Sardar Darbara Singh: (a) Yes Sir, a list of the members of the Council is placed on the Table of the House.

(b) to (d) No proposal about the constitution of the Council was received fromanybody. The Members of the Council were asked to send items of agenda for the proposed next meeting of the Council. The items of agenda were received from S/Shri R. S. Sparrow, M.P., Atma Singh, M. L. A. and Ujjagar Singh M. L. A. The same were duly discussed in the meeting of the Council held on 17-1-81. A copy of the minutes of the meeting is being sent to all the Members and Departments concerned.

LIST OF OFFICIAL/NON-OFFICIAL MEMBERS OF THE PUNJAB STATE BET AREAS ADVISORY COUNCIL.

Official Members

1.	Chief Minister, Punjab.	Chairman.
2.	Development Minister, Punjab.	Member.
3.	Finance Minister, Punjab.	,,
4.	Chief Secretary to Govt. Punjab.	,,
5.	Financial Commissioner Dev. & Secretary to Government, Punjab, Departments of Development & Panchayats, Agricultural and Forests, Chandigarh.	,,
6.	Commissioner and Secretary to Government, Punjab, Departments of Finance & Planning, Chandigarh.	,,
7.	Commissioner and Secretary to Govt., Punjab, Department of Public Works (Including B. & R. PH Technical Education,) Chandigarh.	,,
8.	Commissioner and Secretary to Govt. Punjab, Department of Education, Chandigarh.	,,

9.	Commissioner and Secretary to Govt. Punjab, Department of Irrigation and Power.	Member
10.	Commissioner and Secretary to Govt. Punjab, Department of Transport Welfare.	„
11.	Commissioner for Grievances and Secretary to Govt. Punjab, Department of Advisory Councils.	Member Secretary.
12.	Secretary to Govt. Punjab, Department of Health and Family Welfare.	Member.
13.	Secretary to Government, Punjab, Deptt. of Animal Husbandry.	„
14.	Secretary to Government., Punjab Department of Housing.	„
15.	Chairman, Punjab State Electricity Board, Patiala.	„
16.	Chief Engineer, Punjab, P. W. D. B&R.	„
17.	Chief Engineer (Canals) Irrigation Branch, Punjab.	„
18.	Chief Engineer (Drainage) Irrigation Branch, Punjab.	„
19.	Chief Engineer, Punjab, PWD, Public Health Branch.	„
20.	Registrar, Cooperative Societies, Punjab.	„
21.	Director of Industries, Punjab	„
22.	Director of Agriculture, Punjab	„
23.	Director, Animal Husbandry, Punjab	„
24.	Chief Conservator of Forests, Punjab	„
25.	Chief Conservator of Soils, Punjab	„
26.	Milk Commissioner, Punjab	„
27.	Managing Director Punjab State Tubewell Corporation	„

In the absence of the Chief Minister, the Senior most Minister will preside

Non-Official Members

1.	Giani Zail Singh, M. P.	Member
2.	S. Buta Singh, M. P.	„
3.	Captain Amarinder Singh, M. P.	„
4.	S. Devinder Singh Garcha, M. P.	„
5.	Gen. Rajinder Singh Sparrow, M. P.	„
6.	Ch, Sunder Singh M.P.	„
7.	Shri B. R. Jakhar M. P.	„
8.	Shri R. L. Bhatia, M. P.	„
9.	S. Lehna Singh, M. P.	„
10.	Sardarni Sukhbans Kaur M. P.	„
11	Shri Dalip Chand M. L. A.	„
12.	Sardarni Surjit Kaur, M. L. A.	„
13.	Shri Joginder Nath M. L. A.	„
14.	S. Gurbachan Singh Cheema M. L. A.	„
15.	S. Basant Singh, M. L.A.	„

[Cont'd] Minister]

16.	Sardarni Satwant Kaur, M. L. A.	Member
17.	Miss Sarla Prasher, M. L. A.	„
18.	Shri Kanshi Ram, M. L. A.	„
19.	Shri Manga Singh, M. L. A.	„
20.	Shri Khushal Chand, M . L.A.	„
21.	Sh. Balmukand Sharma, M. L. A.	„
22.	S. Gurnaib Singh Brar, M. L. A.	„
23.	S. Harcharan Singh Hero, M. L. A.	„
24.	S. Sarwan Singh, M. L. A.	„
25.	Sh. Vinod Kumar Sharma, M. L. A.	„
26.	S. Lal Singh, M. L. A.	„
27.	S. Baldev Singh Loomba, M. L. A.	„
28.	Sardarni Jasdev Kaur, M. L. A.	„
29.	Com. Balwant Singh, M. L. A.	„
30.	Sardar Jagrup Singh, M. L. A.	„
31.	S. Bir Pal Singh, M. L. A .	„
32.	S. Daya Singh, M. L. A.	„
33.	S. Basant Singh Khalsa, M. L. A.	„
34.	S. Sukhjinder Singh, M. L. A.	„
35.	S. Atma Singh, M. L. A.	„
36.	S. Raghbir Singh, M. L. A.	„
37.	Shri Amar Nath, M.L.A.	„
38.	S. Natha Singh, Dalam, M.L. A.	„
39.	Shri Raj Kumar, M. L. A.	„
40.	Shri Rattan Lal, M. L. A .	„
41.	S. Ujjagar Singh Sekhwan, M. L. A.	„
42.	Shri Jai Muni, M. L. A.	„
43.	S. Balwant Singh Lohian, M. L. A.	„
44.	S. Sarwan Sing, Cheema M. L. A.	„
45.	S. Sarwan Singh, M. L. A.	„
46.	S. Dilbag Singh, M.L.A-	„
47.	S. Jiwan Singh Umranangal, M. L. A.	„
48.	S. Lakha Singh, M. L. A.	„
49.	S. Surinder Singh, Kairon, M. L. A.	„

50.	S. Major Singh Uboke, M. L. A.	Member
51.	S. Naranjan Singh, M. L. A.	,,
52.	S. Harcharan Singh, M.L.A.	,,
53	S. Iqbal Singh M. L. A.	,,

CHARGES AGAINST THE EXECUTIVE OFFICER, MUNICIPAL COMMITTEE, KAPURTHALA

83. **Sardar Atma Singh**: Will the Minister for Finance be pleased to state:—

(a) the details of the action taken on the letter addressed to the Deputy Commissioner, Kapurthala by a legislator of Sultanpur on 11-11-1980 levelling charges against the Executive Officer, Municipal Committee, Sultanpur for allowing throwing sullage water of the city into the Bein stream and doing away with the existing system set up by the Government;

(b) the name of the officer who conducted an enquiry into the charges referred to in part (a) above; and the details of the Enquiry Report?

ਡਾਕਟਰ ਕੇਵਲ ਕ੍ਰਿਸ਼ਨ : (ੳ) ਗੰਦੇ ਪਾਣੀ ਸਬੰਧੀ ਮਤਾ ਡਿਪਟੀ ਕਮਿਸ਼ਨਰ, ਕਪੂਰਥਲਾ ਵਲੋਂ ਮਿਤੀ 29 ਅਗੱਸਤ, 1980 ਵਿਧਾਨਕਾਰ ਦਾ ਪੱਤਰ ਮਿਤੀ 11 ਨਵੰਬਰ, 1980 ਪ੍ਰਾਪਤ ਹੋਣ ਤੋਂ ਬਹੁਤ ਸਮਾਂ ਪਹਿਲਾਂ ਮੁਅਤਲ ਕੀਤਾ ਗਿਆ ਸੀ। ਮਤੇ ਦੀ ਮੁਅਤਲੀ ਕਾਰਣ ਸ਼ਹਿਰ ਦਾ ਗੰਦਾ ਪਾਣੀ ਬੇਈ ਨਦੀ ਵਿਚ ਨਹੀਂ ਸੁੱਟਣ ਦਿੱਤਾ।

(ਅ) ਕੋਈ ਪੜਤਾਲ ਨਹੀਂ ਕੀਤੀ ਗਈ ਕਿਉਂਕਿ ਵਿਧਾਨਕਾਰ ਦਾ ਪਤਰ ਮਿਤੀ 11 ਨਵੰਬਰ, 1980 ਪ੍ਰਾਪਤ ਹੋਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ, ਕਪੂਰਥਲਾ ਵੱਲੋਂ ਕਾਰਵਾਈ ਕੀਤੀ ਜਾ ਚੁਕੀ ਸੀ।

NEW CHASSIS ALLOTED TO PUNJAB ROADWAYS DEPOTS IN THE STATE

71. **Sardar Shamsher Singh**: Will the Chief Minister be pleased to state the number of new chassis allotted to the Punjab Roadways depot-wise in the state during the period from March, 1979 to 31st December, 1980 ?

ਸਰਦਾਰ ਦਰਬਾਰਾ ਸਿੰਘ : ਸੂਚਨਾ ਅੰਤਿਕਾ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅੰਤਿਕਾ

[ਮੁੱਖ ਮੰਤਰੀ]

ਲੜੀ ਨੰ:	ਡੀਪੂ ਦਾ ਨਾਂ	ਮਾਰਚ 1979 ਤੋਂ 31 ਦਸੰਬਰ, 1980 ਤੀਕ ਅਲਾਟ ਕੀਤੀਆਂ ਗਈਆਂ ਨਵੀਆਂ ਚੈਸੀਆਂ (ਬਸਾਂ) ਦੀ ਗਿਣਤੀ
1.	ਅੰਮ੍ਰਿਤਸਰ-1	32
2.	ਅੰਮਿਤਸਰ-2	19
3.	ਪਠਾਨਕੋਟ	91
4.	ਮੋਗਾ	55
5.	ਹੁਸ਼ਿਆਰਪੁਰ	50
6.	ਤਰਨਤਾਰਨ	14
7.	ਨਵਾਂ ਸ਼ਹਿਰ	47
8.	ਪੱਟੀ	24
9.	ਜਲੰਧਰ-1	41
10.	ਜਲੰਧਰ-2	21
11.	ਚੰਡੀਗੜ੍ਹ-1	43
12.	ਚੰਡੀਗੜ੍ਹ-2	29
13.	ਲੁਧਿਆਣਾ	41
14.	ਫਿਰੋਜ਼ਪੁਰ	40
15.	ਬਟਾਲਾ	33
16.	ਮੁਕਤਸਰ	16
	ਕੁਲ	596

LOSS SUFFERED BY DEPOTS OF THE PUNJAB ROADWAYS IN THE STATE.

72. **Sardar Shamsher Singh**:—Will the Chief Minister be pleased to state the names of those depots of the Punjab Roadways in the State which suffered losses during the years 1977-78 and 1978-79 alongwith the amount of loss in each case ?

ਸਰਦਾਰ ਦਰਬਾਰਾ ਸਿੰਘ : ਪੰਜਾਬ ਰੋਡਵੇਜ਼ ਦੇ ਹੇਠ ਲਿਖੇ ਡਿਪੂਆਂ ਨੂੰ ਸਾਲ 1977-78 ਅਤੇ 1978-79 ਵਿਚ ਉਨ੍ਹਾਂ ਦੇ ਸਾਹਮਣੇ ਦੱਸਿਆ ਘਾਟਾ ਪਿਆ :—

ਕ੍ਰਮ ਨੰ:	ਡਿਪੂ ਦਾ ਨਾਂ	1977-78	1978-79
1.	ਅੰਮ੍ਰਿਤਸਰ	12,83,745	49,01,648
2.	ਜਲੰਧਰ	9,67,431	24,98,166
3.	ਚੰਡੀਗੜ੍ਹ	12,98,456	47,55,983
4.	ਪਠਾਨਕੋਟ	—	13,65,018
5.	ਮੋਗਾ	1,83,164	2,50,211
6.	ਹੁਸ਼ਿਆਰਪੁਰ	—	3,37,556
7.	ਫਿਰੋਜ਼ਪੁਰ	22,60,308	25,99,690
8.	ਬਟਾਲਾ	34,52,602	48,84,407
9.	ਤਰਨਤਾਰਨ	25,32,486	56,59,119
10.	ਮੁਕਤਸਰ	—	18,82,171

BUS SERVICE FROM KHANNA TO CHANDIGARH VIA VILLAGE BHARI ETC. ETC.

73. **Sardar Shamsher Singh**:—Will the Chief Minister be pleased to state whether there is any proposal under the consideration of the Government to start bus service from Khanna to Chandigarh via Bhari, Kheri Naudh Singh, Ucha Pind, if so, the time by which it is likely to start ?

ਸਰਦਾਰ ਦਰਬਾਰਾ ਸਿੰਘ : ਹਾਂ ਜੀ। ਪਰਮਿਟ ਲੋੜੀਂਦੀ ਕਾਰਵਾਈ ਪੂਰੀ ਕਰਨ ਉਪਰੰਤ ਜਾਰੀ ਕੀਤੇ ਜਾਣਗੇ।

LOSS PROFIT SUFFERED/EARNED BY MARKFED

74. **Sardar Shamsher Singh:** Will the Chief Minister be pleased to state the details of the loss/profit suffered/earned by the Markfed during the year 1977-78 and 1978-79 ?

ਸਰਦਾਰ ਦਰਬਾਰਾ ਸਿੰਘ: ਸਹਿਕਾਰੀ ਸਾਲ ਮਿਤੀ 1 ਜੁਲਾਈ ਤੋਂ 30 ਜੂਨ (ਹਰ ਇਕ ਸਾਲ) ਵਿਚ ਮਾਰਕਫੈਡ ਨੂੰ ਹੇਠ ਲਿਖੇ ਅਨੁਸਾਰ ਘਾਟਾ ਹੋਇਆ :—

ਸਾਲ	ਘਾਟਾ (ਕਰੋੜਾਂ ਵਿਚ)
1977–78	ਰੁਪਏ 3.39
1978–79	ਰੁਪਏ 6.66
1979–80	ਰੁਪਏ 2.34

DETENTION CAMP, JAIL NABHA BIR

79. **Sardar Major Singh Uboke** : Will the Chief Minister be pleased to state:—

(a) whether the records regarding detention camp Jail, Nabha Bir in which the Akali Shahidi Jathas were detained after their arres at Jaitu during the years 1924 and 1925 are available, if so, wheret they are consigned at present;

(b) whether any procedure has been laid down for inspection of the said record by the public ?

ਸਰਦਾਰ ਹਰਚਰਨ ਸਿੰਘ ਅਜਨਾਲਾ (ਸਿਖਿਆ ਮੰਤਰੀ) : (ੳ) ਰਿਕਾਰਡ ਪੰਜਾਬ ਸਟੇਟ ਆਰ-ਕਾਈਵਜ਼ ਵਿਚ ਉਪਲਬਧ ਨਹੀਂ ਹੈ।

(ਅ) ਉਪਰੋਕਤ 'ੳ' ਨੂੰ ਮੁੱਖ ਰੱਖਦੇ ਹੋਏ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ।

PAPER LAID ON THE TABLE

Finance Minister (Doctor Kewal Krishan) : Sir, I beg to lay on the Table the Administration Report of the Pepsu Road Transport Corporation for the year 1979-80, as required under section 35(3) of the Road Transport Corporation Act, 1950.

ਸਰਦਾਰ ਪ੍ਰੇਮ ਸਿੰਘ ਲਾਲਪੁਰਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ

ਕਿ ਤਿੰਨ ਦਿਨ ਹੋ ਗਏ ਹਨ, ਤੁਹਾਨੂੰ ਨੋ-ਕਨਫੀਡੈਂਸ ਮੋਸ਼ਨ ਦਾ ਨੋਟਿਸ ਦਿਤਾ ਸੀ ਪਰ, ਮੈਂ ਹੁਣ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਉਸ ਮੋਸ਼ਨ ਨੂੰ ਹਾਊਸ ਵਿਚ ਕਿਸ ਦਿਨ ਪੇਸ਼ ਕਰੋਗੇ ।

ਸ੍ਰੀ ਸਪੀਕਰ : ਇਹ ਅੰਡਰ ਪ੍ਰਾਸੈੱਸ ਹੈ ਅਤੇ ਤੁਹਾਨੂੰ ਜਵਾਬ ਆ ਜਾਵੇਗਾ ।

ਕਾਮਰੇਡ ਬਲਦੇਵ ਸਿੰਘ ਲੱਬਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਹੈ ।

ਜਥੇਦਾਰ ਜੀਵਨ ਸਿਘ ਉਮਰਾਨੰਗਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਹੈ

ਜਥੇਦਾਰ ਜੀਵਨ ਸਿੰਘ ਉਮਰਾਨੰਗਲ : ** ** **

ਸ੍ਰੀ ਸਪੀਕਰ : ਜੋ ਕੁਝ ਮੇਰੀ ਇਜਾਜ਼ਤ ਤੋਂ ਵਗੈਰ ਸਰਦਾਰ ਉਮਰਾਨੰਗਲ ਜੀ ਕਹਿ ਰਹੇ ਹਨ, ਉਹ ਸਾਰਾ ਐਕਸਪੰਜ ਕੀਤਾ ਜਾਵੇ ।

ਮਾਸਟਰ ਚਦ ਸਿਘ : ** ** ** (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਇਸ ਪੁਆਇੰਟ ਆਫ ਆਰਡਰ ਨੂੰ ਓਵਰਰੂਲ ਕਰਦਾ ਹਾਂ ਔਰ ਜੇਕਰ ਤੁਸੀਂ ਕੋਈ ਗਲ ਕਰਨੀ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਣਾ ।

ਸਰਦਾਰ ਬਲਦੇਵ ਸਿਘ ਖਿਆਲਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਹੈ ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਖੜ੍ਹੇ ਹੋਕੇ ਮਗ ਕਰ ਰਹੇ ਸਨ।)

RESUMPTION OF DISCUSSION ON GOVERNOR'S ADDRESS

Mr. Speaker : Now the House will resume consideration of the Motion moved by Shri Yash, M. L. A. on the 22nd January, 1981 (afternoon sitting) which was seconded by Sardar Jagdev Singh Jassowal, M. L. A. on the 23rd January, 1981. Doctor Bhagat Singh who was

---

**Expunged as ordered by the Chair.

[Mr. Speaker]

on his legs when the House adjoured on the 28th January, 1981, may please resume his speech.

ਸਰਦਾਰ ਦਲੀਪ ਸਿੰਘ ਪਾਂਧੀ : * * * * * * (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਹੈ। ਹੁਣ ਜੋ ਕੁਝ ਤੁਸੀਂ ਮੇਰੀ ਪਰਮਿਸ਼ਨ ਤੋਂ ਬਗੈਰ ਕਹੋਗੇ ਉਹ ਰਿਕਾਰਡ ਨਹੀਂ ਕੀਤਾ ਜਾਏਗਾ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਪੁਆਇਟ ਆਫ ਆਰਡਰਜ਼ ਦੀ ਮਗ ਕਰ ਰਹੇ ਸਨ।)

ਸ਼੍ਰੀ ਸਪੀਕਰ : ਡਾਕਟਰ ਭਗਤ ਸਿਘ ਜੀ, ਤੁਸੀਂ ਬੋਲੋ।

ਡਾਕਟਰ ਭਗਤ ਸਿੰਘ (ਪੱਕਾ ਕਲਾਂ, ਐਸ. ਸੀ.) : ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਡੈਮੋਕ੍ਰੇਸੀ ਦੇ ਮੁਤੱਲਕ ਕੁਝ ਗਲ ਕਰ ਰਿਹਾ ਸੀ। ਮੈਂ ਅਰਜ਼ ਕਰਦਾ ਹਾਂ ਕਿ ਮੈਂ ਤਾਂ ਡੈਮੋਕ੍ਰੇਟਿਕ ਐਟੀਚਿਊਡ ਦਾ ਆਦਮੀ ਹਾਂ ਔਰ ਡੈਮੋਕ੍ਰੇਸੀ ਵਿਚ ਬੀਲੀਵ ਕਰਦਾ ਹਾਂ। ਜਿਨੇ ਵੀ ਪਛੜੀਆਂ ਸ਼੍ਰੇਣੀਆਂ ਦੇ ਬੰਦੇ ਹਨ ਜਾਂ ਗਰੀਬ ਲੋਕ ਹਨ ਉਹ ਤਾਂ ਚਾਹੁੰਦੇ ਹਨ ਕਿ ਲਾਅ ਐਂਡ ਆਰਡਰ ਠੀਕ ਰਹੇ ਔਰ ਕੰਮ ਕਾਜ ਠੀਕ ਠੀਕ ਚੱਲੇ। ਬਿਹਾਰ ਵਿਚ ਦੇਖ ਲਓ ਕਿ ਐਨੇ ਬੰਦੇ ਅੰਨ੍ਹੇ ਕਰ ਛਡੇ ਹਨ। ਜਦੋਂ ਉਥੋਂ ਦੀ ਸਰਕਾਰ ਲੋਕਾਂ ਦੇ ਦਬਾਅ ਥਲੇ ਆਕੇ ਦੋਸ਼ੀ ਅਫਸਰਾਂ ਦੇ ਖਿਲਾਫ ਐਕਸ਼ਨ ਲੈਣ ਲੱਗੀ ਤਾਂ ਪੁਲੀਸ ਕਰਮਚਾਰੀਆਂ ਅਤੇ ਵੱਡੇ ਪੁਲਿਸ ਦੇ ਅਫਸਰ (I.G.) ਤਕ ਨੇ ਹੜਤਾਲ ਕਰ ਦਿੱਤੀ ਅਤੇ ਵਿਖਾਵੇ ਕੀਤੇ ਅਤੇ ਨੰਗੀ ਚਿੱਟੀ ਕਾਨੂੰਨ ਦੀ ਉਲੰਘਣਾ ਕੀਤੀ ਪਰ ਗੌਰਮਿੰਟ ਨੇ ਡਰ ਥੱਲੇ ਆਕੇ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਲਿਆ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਅਪੀਲ ਕਰਦਾ ਹਾਂ ਕਿ ਇਹ ਆਪਣੇ ਰਾਜ ਵਿਚ ਇਹ ਐਗਜ਼ੈਕਟਿਵ ਨੂੰ ਨੱਥ ਪਾਕੇ ਰੱਖਣ (ਵਿਘਨ) ਐਵੇਂ ਪੁਲੀਟੀਕਲ ਸਪੀਚਾਂ ਦਾ ਕੋਈ ਫਾਇਦਾ ਨਹੀਂ ਹੈ।

ਅੱਗੇ ਮੈਂ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੇ ਮੁਤਅੱਲਕ ਮੈਨੂੰ ਬੜਾ ਖਦਸ਼ਾ ਮਹਿਸੂਸ ਹੁੰਦਾ ਹੈਕਿ ਟਰੇਜ਼ਰੀ ਬੈਂਚਿਜ਼ ਤੋਂ ਜੋ ਡਾਕਟਰ ਕੇਵਲ ਕ੍ਰਿਸ਼ਨ ਨੇ ਯਕੀਨ ਦਿਲਾਇਆ ਹੈ ਕਿ ਅਸੀਂ ਇਸੇ ਸੈਸ਼ਨ ਵਿਚ ਟਰਾਂਸਪੋਰਟ ਸੇਵਾ ਟੇਕ ਓਵਰ ਜਾਂ ਅੰਡਰ ਟੇਕ ਕਰਨ ਵਾਸਤੇ ਇਕ ਬਿਲ ਲਿਆ ਰਹੇ ਹਾਂ (ਥੰਪਿੰਗ) ਮੈਨੂੰ ਖਦਸ਼ਾ ਹੈ ਕਿ ਇਹ ਲੋਕ ਚਾਹੇ ਇਧਰ ਦੇ ਹੋਣ ਜਾਂ ਉਧਰ ਦੇ ਹੋਣ ਇਹ ਟਰਾਂਸਪੋਰਟਰਜ਼ ਨਾਲ ਮਿਲੇ ਹੋਏ ਹਨ ਅਤੇ ਇਹ ਲੋਕ ਨਹੀਂ ਚਾਹੁੰਦੇ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਹੋਵੇ। ਬਾਕੀ ਜੋ ਬੱਸਾਂ ਦੇ ਕਿਰਾਇਆਂ ਵਿਚ ਵਾਧੇ ਦੀ ਗੱਲ ਹੈ, ਉਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਵਧਿਆ ਹੋਇਆ ਕਿਰਾਇਆ ਵਾਪਸ ਲੈਣਾ ਚਾਹੀਦਾ ਹੈ। (ਵਿਘਨ)

ਅੱਜ ਕਿਸਾਨਾਂ ਦੇ ਮੁਤਅੱਲਕ ਕਾਫੀ ਕੁੱਝ ਕਿਹਾ ਜਾ ਰਿਹਾ ਹੈ। (ਵਿਘਨ) ਪਰ ਇਨ੍ਹਾਂ ਦੇ ਹੱਕ ਵਿਚ ਕੋਈ ਨਹੀਂ ਹੈ। ਫੈਕਟਰੀ ਵਰਕਰਜ਼ ਨੂੰ ਵੀ ਐਕਸਪਲਾਇਟ ਕੀਤਾ ਜਾ ਰਿਹਾ ਹੈ (ਵਿਘਨ) ਜਿਹੜੀ ਚੀਜ਼ ਕਿਸਾਨ ਪੈਦਾ ਕਰਦਾ ਹੈ ਉਸ ਨੂੰ ਉਸੇ ਚੀਜ਼ ਲਈ ਹੀ ਡਿਊਢਾ ਮੁੱਲ ਦੇਣਾ ਪੈਂਦਾ ਹੈ। ਮਾਰਕਿਟ ਵਿਚ ਬੈਠਾ ਬਾਣੀਆ ਉਸ ਚੀਜ਼ ਦਾ ਮੁਲ ਡਿਉਢਾ ਕਰ ਦਿੰਦਾ ਹੈ। ਜਿਹੜੇ ਇਹ ਮੁਲਾਜ਼ਮਾਂ ਨੂੰ ਕੋਈ ਰਿਲੀਫ ਦਿਦੇ ਹਨ ਉਸ ਨਾਲੋਂ ਕਿਤੇ ਵਧ ਮੁਲਾਜ਼ਮਾਂ ਨੂੰ ਚੀਜ਼ਾਂ ਮਹਿੰਗੀਆਂ ਖਰੀਦਣ ਤੇ ਖਰਚ ਕਰਨਾ ਪੈਂਦਾ ਹੈ। ਇਸ ਤਰ੍ਹਾਂ

**Expunged as ordered by the Chair.

ਨਾਲ ਇਨਫਲੇਸ਼ਨ ਆ ਜਾਂਦੀ ਹੈ। ਫਾਰਨ ਵਿਚ ਵੀ ਸਾਡੇ ਰੁਪਏ ਦਾ ਮੁਲ ਘੱਟ ਜਾਂਦਾ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਕਿਸਾਨਾਂ ਲਈ ਜੋ ਇਨਪੁਟਸ ਦੀ ਲੋੜ ਹੈ ਉਨ੍ਹਾਂ ਦੀਆਂ ਕੀਮਤਾਂ ਵਿਚ ਘਾਟਾ ਕਰਨਾ ਚਾਹੀਦਾ ਹੈ। ਇਹ ਕਹਿ ਦੇਣਾ ਕਿ ਕਿਸਾਨਾਂ ਦੇ ਗੰਨੇ ਦਾ ਮੁਲ ਵਧਾ ਦਿੱਤਾ ਹੈ ਔਰ ਇਹ 28/- ਰੁਪਏ ਜਾਂ 30/- ਰੁਪਏ ਕੁਇੰਟਲ ਕਰ ਦਿੱਤਾ ਹੈ , ਇਸ ਤਰ੍ਹਾਂ ਕਰਨ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੂੰ ਰੋਜ਼ ਕੰਮ ਆਉਣ ਵਾਲੀਆ ਜੋ ਤੇਲ, ਆਟਾ, ਘੀ ਆਦਿ ਚੀਜ਼ਾਂ ਹੁੰਦੀਆਂ ਹਨ ਉਹ ਵਧ ਮੁਲ ਤੇ ਖਰੀਦਣੀਆਂ ਪੈਂਦੀਆਂ ਹਨ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਰੋਜ਼ ਮੁੱਲ ਵਧਣ ਦਾ ਵੀ ਸ਼ੀਅਸ ਸਰਕਲ ਹੈ ਇਸ ਨੂੰ ਗੋਰਮਿੰਟ ਨੂੰ ਖਤਮ ਕਰਨਾ ਚਾਹੀਦਾ ਹੈ। ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਇਸ ਵੀਸ਼ੀਅਸ ਸਰਕਲ ਨੂੰ ਤੋੜ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਵਿਚ ਕਮੀ ਹੋਵੇ ਔਰ ਸਹੀ ਮੁਲ ਤੇ ਚੀਜ਼ਾਂ ਮਿਲ ਸਕਣ। ਬਾਕੀ ਜਿਹੜੇ ਜਾਇਜ਼ ਟੈਕਸ ਹਨ, ਉਹ ਲਗਾਉਣੇ ਚਾਹੀਦੇ ਹਨ। ਇਹ ਕਹਿੰਦੇ ਹਨ ਬੱਸਾਂ ਦੇ ਕਿਰਾਏ ਇਸ ਕਰਕੇ ਵਧਾਏ ਹਨ ਕਿ ਟਰਾਂਸਪੋਰਟ ਵਿਚ ਘਾਟਾ ਪੈ ਗਿਆ ਹੈ। ਇਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਘਾਟਾ ਕਿਉਂ ਪੈਂਦਾ ਹੈ । ਇਹ ਘਾਟਾ ਇਸ ਲਈ ਪੈਂਦਾ ਹੈ ਕਿਉਂਕਿ ਗੌਰਮਿੰਟ ਇਨ-ਐਫੀਸ਼ੈਂਟ ਹੈ। ਗੌਰਮਿੰਟ ਇਸ ਨੂੰ ਚੰਗੀ ਤਰ੍ਹਾਂ ਨਾਲ ਕੰਟ੍ਰੋਲ ਨਹੀਂ ਕਰ ਰਹੀ (ਵਿਘਨ) ਮੈਂ ਇਹ ਵੀ ਮੰਗ ਕਰਦਾ ਹਾਂ ਕਿ ਕਿਸਾਨਾਂ ਨੂੰ ਐਜੂਕੇਟ ਕਰਨਾ ਚਾਹੀਦਾ ਹੈ ਔਰ ਇਨ੍ਹਾਂ ਦੇ ਬੱਚਿਆਂ ਲਈ ਐਜੂਕੇਸ਼ਨ ਫ੍ਰੀ ਹੋਣੀ ਚਾਹੀਦੀ ਹੈ। ਕਿਸਾਨ ਨੂੰ ਇਹ ਨਹੀਂ ਪਤਾ ਕਿ ਉਹ ਐਨਾ ਕਮਾਉਂਦਾ ਹੈ ਪਰ ਉਸਦੀ ਕਮਾਈ ਜਾਂਦੀ ਕਿਥੇ ਹੈ ? ਉਹ ਇੱਕ ਦਾਣਾ ਕਣਕ ਦਾ ਬੀਜਦਾ ਹੈ ਤਾਂ ਉਸ ਬਦਲੇ 500 ਦਾਣੇ ਹੁੰਦੇ ਹਨ। ਜੇਕਰ ਮਕੀ ਦਾ ਇੱਕ ਦਾਣਾ ਬੀਜਦਾ ਹੈ ਤਾਂ ਉਸ ਬਦਲੇ 850 ਦਾਣੇ ਪੈਦਾ ਹੁੰਦੇ ਹਨ । ਇਸੇ ਤਰ੍ਹਾਂ ਹੀ ਜੇਕਰ ਉਹ ਇਕ ਚੌਲ ਦਾ ਬੀਜ ਸਿਟਦਾ ਹੈ ਤਾਂ 1200 ਚੌਲ ਉਗਾਦੇ ਹਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕਿ ਐਨੀ ਪੈਦਾਵਾਰ ਹੁੰਦੇ ਹੋਏ ਵੀ ਕਿਸਾਨ ਸਿਰ ਕਰਜ਼ਾ ਚੜ੍ਹਿਆ ਰਹਿੰਦਾ ਹੈ। (ਬੈਂਪਿੰਗ) ਉਸ ਨੂੰ ਆਪਣੀ ਜ਼ਮੀਨ ਗਹਿਣੇ ਰੱਖਣੀ ਪੈਂਦੀ ਹੈ। ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਦੇ ਲੀਡਰਜ਼ ਬੇਈਮਾਨ ਹਨ, ਚਾਹੇ ਇਸ ਤਰਫ਼ ਦੇ ਹੋਣ ਜਾਂ ਉਸ ਤਰਫ਼ ਦੇ ਹੋਣ। ਇਹ ਲੀਡਰਜ਼ ਇਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਸਪੋਰਟ ਨਹੀਂ ਕਰਦੇ। ਮੈਂ ਇਹ ਅਰਜ਼ ਕਰਦਾ ਹਾਂ ਕਿ ਐਜੂਕੇਸ਼ਨ ਨੂੰ ਪਿੰਡਾਂ ਵਿਚ ਭੇਜਣਾ ਚਾਹੀਦਾ ਹੈ। ਪਿੰਡ ਦੇ ਸਕੂਲ ਦਾ ਹੈਡਮਾਸਟਰ ਵੀ ਅੱਜ ਕੱਲ੍ਹ ਆਪਣਾ ਮੁੰਡਾ ਪਿੰਡ ਦੇ ਸਕੂਲ ਵਿਚ ਨਹੀਂ ਪੜ੍ਹਾਉਂਦਾ । ਬੜੇ ਆਦਮੀ ਜਿੰਨੇ ਵੀ ਹਨ , ਚਾਹੇ ਮਨਿਸਟਰ ਹੋਵੇ ਜਾ ਚੀਫ ਮਨਿਸਟਰ ਹੋਵੇ, ਉਹ ਵੀ ਆਪਣੇ ਮੁੰਡਿਆਂ ਨੂੰ ਪੜ੍ਹਾਉਣ ਲਈ ਬਾਹਰ ਸ਼ਹਿਰਾਂ ਦੇ ਸਕੂਲਾਂ ਵਿਚ ਭੇਜਦੇ ਹਨ ਔਰ ਇੱਕ ਬੱਚੇ ਲਈ ਜੋ ਕਿ ਪਹਿਲੀ ਜਮਾਤ ਵਿਚ ਹੁੰਦਾ ਹੈ ਉਸ ਲਈ 400/- ਰੁਪਏ ਮਹੀਨੇ ਦੇ ਖਰਚੇ ਲਈ ਭੇਜਦੇ ਹਨ। ਪਿੰਡਾਂ ਦੇ ਸਕੂਲਾਂ ਵਿਚ ਕੋਈ ਇਮਤਿਹਾਨ ਨਹੀਂ ਹੁੰਦਾ ਹੈ। ਪਿੰਡਾਂ ਵਿਚ ਅਗਰ ਕੋਈ ਮੁੰਡਾ ਪਹਿਲੀ ਜਮਾਤ ਵਿਚ ਦਾਖਲ ਹੋਦਾ ਹੈ ਅਤੇ ਜੇਕਰ ਉਹ ਮੁੰਡਾ ਦੋ ਸਾਲ ਆਪਣੇ ਨਾਨਕੇ ਲਗਾ ਆਉਂਦਾ ਹੈ ਤਾਂ ਮੁੜ ਕੇ ਜਦੋਂ ਉਹ ਪਿੰਡ ਦੇ ਸਕੂਲ ਵਿਚ ਆਉਂਦਾ ਹੈ ਤਾਂ ਬਗੈਰ ਇਮਤਿਹਾਨ ਦੇ ਉਸ ਨੂੰ ਅਗਲੀ ਕਲਾਸ ਵਿਚ ਦਾਖਲ ਕਰ ਲਿਆ ਜਾਂਦਾ ਹੈ। ਉਥੇ ਕੋਈ ਇਮਤਿਹਾਨ ਨਹੀਂ ਲਏ ਜਾਂਦੇ ਔਰ ਅਗਲੀਆਂ ਕਲਾਸਿਜ਼ ਵਿਚ ਦਾਖਲ ਕਰ ਲਏ ਜਾਂਦੇ ਹਨ। ਇਨ੍ਹਾਂ ਹਾਲਾਤ ਵਿਚ ਦੱਸੋ ਕਿ ਉਨ੍ਹਾਂ ਬੱਚਿਆਂ ਨੇ ਬੜੇ ਹੋਕੇ ਘੇਰਾਓ ਹੀ ਕਰਨੇ ਹਨ ਅਤੇ ਬੱਸਾਂ ਹੀ ਫੂਕਣੀਆਂ ਹਨ। ਹੋਰ ਕੀ ਕਰਨਾ ਹੈ ? ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਐਜੂਕੇਸ਼ਨ ਕੰਪਲਸਰੀ ਅਪ-ਟੂ ਮੈਟ੍ਰਿਕ ਸਟੈਂਡਰਡ ਹੋਣੀ ਚਾਹੀਦੀ ਹੈ, ਐਜੂਕੇਸ਼ਨ ਫ੍ਰੀ ਫਾਰ ਆਲ ਹੋਣੀ ਚਾਹੀਦੀ ਹੈ ਔਰ ਐਜੂਕੇਸ਼ਨ ਯੂਨੀਫਾਰਮ ਹੋਣੀ ਚਾਹੀਦੀ ਹੈ। ਚਾਹੇ ਚੀਫ ਮਨਿਸਟਰ ਜਾਂ ਚੀਫ ਸੈਕਰੇਟਰੀ ਦਾ ਮੁੰਡਾ ਹੋਵੇ ਜਾਂ ਚਪੜਾਸੀ ਦਾ ਮੁੰਡਾ ਹੋਵੇ ਦੋਨਾਂ ਦੇ ਮੁੰਡੇ ਇਕੋ ਸਕੂਲ ਵਿਚ ਪੜ੍ਹਨੇ ਚਾਹੀਦੇ ਹਨ ਜਿਹੜਾ ਉਨ੍ਹਾਂ ਦੋਨਾਂ ਵਿਚੋਂ ਲਾਇਕ ਹੋਵੇ ਉਹ ਅੱਗੇ ਨਿਕਲ ਸਕਦਾ ਹੈ।

[ਡਾਕਟਰ ਭਗਤ ਸਿੰਘ]

ਮੇਰੀ ਸਟੇਟ ਵਿਚ ਕਿਸਾਨਾਂ ਨੂੰ ਇਗਨੋਰ ਕੀਤਾ ਗਿਆ ਹੈ, ਇਹ ਆਲ ਇੰਡੀਆ ਪੱਧਰ ਤੇ ਹੋ ਰਿਹਾ ਹੈ ਜੋ ਕਿ ਗਲਤ ਗੱਲ ਹੈ। ਮੇਰਾ ਦੇਸ਼ ਪਹਿਲਾਂ ਅੰਨ ਵਿਚ ਡੈਫੀਸਟ ਸੀ ਪਰ ਹੁਣ ਸਰਪੱਲਸ ਹੋ ਗਿਆ ਹੈ। ਮਗਰ ਇਸ ਦਾ ਫਾਇਦਾ ਆਮ ਕਿਸਾਨਾਂ ਨੂੰ ਨਹੀਂ ਮਿਲ ਰਿਹਾ ਬਲਕਿ ਬੜੇ ਬੜੇ ਲੈਂਡ ਲਾਰਡਜ਼ ਔਰ ਮਨਾਪਲਿਸਟਾਂ ਨੂੰ ਮਿਲ ਰਿਹਾ ਹੈ। ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਧਰਤੀ ਐਨਾ ਅੰਨ ਪੈਦਾ ਕਰ ਚੁਕੀ ਹੈ ਕਿ ਹੁਣ ਇਹ ਪੈਦਾ ਕਰ ਕਰਕੇ ਬੁਢੀ ਹੋ ਗਈ ਹੈ। (ਵਿਘਨ)

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ।

ਸਰਦਾਰ ਸ਼ਮਸ਼ੇਰ ਸਿੰਘ : ** ** **

ਸ੍ਰੀ ਸਪੀਕਰ : ਮੈਂ ਤੁਹਾਨੂੰ ਅਲਾਓ ਨਹੀਂ ਕਰ ਸਕਦਾ। ਜੋ ਵੀ ਇਹ ਬਗੈਰ ਇਜਾਜ਼ਤ ਬੋਲ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ। ਡਾਕਟਰ ਸਾਹਿਬ, ਦੋ ਮਿੰਟਾਂ ਵਿਚ ਖਤਮ ਕਰੋ।

ਡਾਕਟਰ ਭਗਤ ਸਿੰਘ : ਮੈਂ, ਸਪੀਕਰ ਸਾਹਿਬ, ਕਹਿ ਰਿਹਾ ਸੀ ਕਿ ਅੱਜ ਜ਼ਮੀਨ ਬੁੱਢੀ ਹੋ ਰਹੀ ਹੈ (ਵਿਘਨ) ਇਸ ਲਈ ਹੁਣ ਵਕਤ ਆ ਗਿਆ ਹੈ ਕਿ ਇਥੇ ਇੰਡਸਟ੍ਰੀਅਲ ਡਿਵੈਲਪਮੈਂਟ ਹੋਣੀ ਚਾਹੀਦੀ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਲਿਆਉਣੀ ਚਾਹੀਦੀ ਹੈ। ਪਾਵਰ ਦੇ ਸਿਲਸਿਲੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰੋਪੜ ਥਰਮਲ ਪਲਾਂਟ ਲਗਾਉਣ ਬਾਰੇ ਗੱਲ ਕਰ ਰਹੇ ਹਨ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਤੋਂ ਅਜਿਹਾ ਪਲਾਂਟ ਬਠਿੰਡੇ ਵਾਲਾ ਪੂਰਾ ਚਲਾਇਆ ਨਹੀਂ ਜਾ ਸਕਦਾ, ਥਰਮਲ ਪਲਾਂਟ ਵਾਸਤੇ 100 ਗੱਡੀ ਰੋਜ਼ ਕੋਲੇ ਦੀ ਚਾਹੀਦੀ ਹੈ। ਚਾਹੇ ਬਾਦਲ ਸਾਹਿਬ ਦੀ ਸਰਕਾਰ ਹੋਵੇ ਚਾਹੇ ਦਰਬਾਰਾ ਸਿੰਘ ਦੀ ਸਰਕਾਰ ਹੋਵੇ ਕੋਈ ਵੀ ਸੈਂਟਰ ਤੋਂ ਕੋਲਾ ਐਨਾ ਨਹੀਂ ਲਿਆ ਸਕਦੀ ਹੈ। ਭਾਵੇਂ ਕੋਈ ਵੀ ਸਰਕਾਰ ਇਥੇ ਹੋਵੇ, ਸੈਂਟਰ ਦਾ ਰਵਈਆ ਪੰਜਾਬ ਨਾਲ ਵਿਤਕਰੇ ਭਰਿਆ ਰਹਿੰਦਾ ਹੈ। (ਵਘਨ) ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਥੇ ਐਟਾਮਿਕ ਐਨਰਜੀ ਪਲਾਂਟ ਲਿਆਉਣ ਬਾਰ ਡੀਮਾਂਡ ਕਰਨੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਰੋਪੜ ਥਰਮਲ ਪਲਾਂਟ ਤੇ 260 ਕਰੋੜ ਰੁਪਏ ਖਰਚ ਹੋਣਗੇ ਪਰ ਇਸ ਤੇ 500 ਕਰੋੜ ਖਰਚ ਹੋ ਜਾਣਾ ਹੈ ਔਰ ਚਲਣਾ ਇਹ ਫਿਰ ਵੀ ਨਹੀਂ ਹੈ।

ਇਨ੍ਹਾਂ ਨੇ (ਬਾਦਲ ਸਰਕਾਰ ਨੇ) ਸਹਿਕਾਰਤਾ ਵਿਚ ਇਹ ਕਾਨੂੰਨ ਬਣਾਇਆ ਸੀ ਕਿ ਜਿਹੜਾ ਜੱਟ ਪੈਸੇ ਨਾ ਦੇਵੇ ਉਸ ਨੂੰ ਅੰਦਰ ਕਰ ਦਿਉ, ਇਸ ਤਰ੍ਹਾਂ ਹੁਣ ਨਹੀਂ ਹੋਣਾ ਚਾਹੀਦਾ। (ਵਿਘਨ)

ਹੁਣ ਮੈਂ ਹਾਈਡਲ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਐਨਰਜੀ ਦੇ ਬਗੈਰ ਕੋਈ ਦੇਸ਼ ਜਿੰਦਾ ਨਹੀਂ ਰਹਿ ਸਕਦਾ (ਵਿਘਨ)

ਸ੍ਰੀ ਸਪੀਕਰ : ਪਲੀਜ਼, ਵਾਈਂਡ ਅੱਪ। ਤੁਹਾਡੇ 5 ਮਿੰਟ ਜ਼ਿਆਦਾ ਹੋ ਗਏ ਹਨ (ਵਿਘਨ) ਤੁਹਾਡਾ ਖਾਸ ਖਿਆਲ ਰੱਖਿਆ ਹੈ।

ਡਾਕਟਰ ਭਗਤ ਸਿੰਘ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਹਿਮਾਚਲ ਪ੍ਰਦੇਸ਼ ਵੱਖਰਾ ਬਣਿਆ ਹੈ, ਮੈਂ ਬਤੌਰ ਮਨਿਸਟਰ ਵੀ ਕਿਹਾ ਸੀ, ਅਤੇ ਮੈਂ ਹੁਣ ਵੀ ਕਹਿੰਦਾ ਹਾਂ ਕਿ ਹਾਈਡਲ ਦੇ ਝਗੜੇ ਨੂੰ ਖਤਮ ਕਰਨ ਵਾਸਤੇ, ਮੈਂ ਸਰਦਾਰ ਦਰਬਾਰਾ ਸਿੰਘ ਨੂੰ ਕਹਾਂਗਾ ਕਿ ਉਥੇ ਵੀ ਪੰਜਾਬੀ ਲੋਕ

**Expunged as ordered by the Chair

ਵਸਦੇ ਹਨ ਇਸ ਲਈ ਹਿਮਾਚਲ ਪ੍ਰਦੇਸ਼ ਨੂੰ ਨਾਲ ਮਿਲਾ ਕੇ ਪੰਜਾਬ ਨੂੰ ਵਡਾ ਕਰ ਦਿਓ ਤਾਂਕਿ ਹਾਈਡਲ ਦਾ ਝਗੜਾ ਖ਼ਤਮ ਹੋ ਜਾਵੇ। (ਤਾੜੀਆਂ) (ਵਿਘਨ) ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਅਥੈਨਟੀਕੇਟਿਡ ਕਾਪੀ ਸਦਨ ਦੀ ਟੇਬਲ ਤੇ ਰਖਦਾਂ* ਹਾਂ।

(ਇਸ ਸਮੇਂ ਡਾਕਟਰ ਭਗਤ ਸਿੰਘ ਨੇ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ*)

ਸ੍ਰੀ ਸਪੀਕਰ : ਪਲੀਜ਼ ਵਾਈਂ ਅੱਪ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਦਾ ਐਡਰੈਸ ਹੈ ਉਸ ਵਿਚ ਜਿਹੜੀਆਂ ਚੰਗੀਆਂ ਗਲਾਂ ਕਹੀਆਂ ਗਈਆਂ ਹਨ ਉਨ੍ਹਾਂ ਦੀ ਮੈਂ ਪ੍ਰਸ਼ੰਸਾ ਕਰਦਾ ਹਾਂ ਅਤੇ ਜਿਹੜੀਆਂ ਮਾੜੀਆਂ ਹਨ ਉਨ੍ਹਾਂ ਨੂੰ ਇਹ ਅਗੇ ਠੀਕ ਕਰ ਲੈਣ। (ਵਿਘਨ)

ਸ੍ਰੀ ਸਪੀਕਰ : ਪਲੀਜ਼ ਵਾਈਂਡ ਅਪ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਪਹਿਲੀ ਗਲ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਿਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ, ਜਿਹੜੀ ਬਣਾਈ ਸੀ, ਉਸ ਨੇ ਜੋ ਕੋਈ ਨਵੀਆਂ ਸਕੀਮਾਂ ਬਣਾਈਆਂ ਹਨ ਉਨ੍ਹਾਂ ਦੇ ਬਾਰੇ ਇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਦੂਜੀ ਗਲ ਇਹ ਕਿ ਪਛੜੀਆਂ ਸ਼ਰੇਣੀਆਂ ਦੀ ਰਿਜ਼ਰਵੇਸ਼ਨ ਬਾਰੇ ਬੜਾ ਰੌਲਾ ਪੈਂਦਾ ਹੈ। ਮੈਂ ਕਹਿਦਾ ਹਾਂ ਕਿ ਅਸੀਂ ਇਸ ਬਾਰੇ ਇਕ ਬਿਲ ਬਣਾ ਦੇਈਏ। (ਵਿਘਨ) ਸ਼ਿਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਵਾਸਤੇ ਕਾਨੂੰਨ ਬਣਾ ਦੇਣਾ ਚਾਹੀਦਾ ਹੈ ਤਾਕਿ ਹਰ ਰੋਜ਼ ਦਾ ਝਗੜਾ ਖ਼ਤਮ ਹੋ ਜਾਵੇ। (ਤਾੜੀਆਂ) ਤੀਜੀ ਗਲ ਪੈਸੰਜਰ ਟਰਾਂਸਪੋਰਟ ਦੇ ਬਾਰੇ ਹੈ। ਮੈਨੂੰ ਖੁਸ਼ੀ ਹੈ ਕਿ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਸੇ ਸੈਸ਼ਨ ਵਿਚ ਇਸ ਬਾਰੇ ਬਿਲ ਜਾਂ ਨੋਟੀਫੀਕੇਸ਼ਨ ਜਾਰੀ ਕਰ ਰਹੇ ਹਾਂ। (ਵਿਘਨ) ਚੌਥੀ ਗਲ ਇਹ ਹੈ ਕਿ 1978 ਵਿਚ ਜਦ ਸਾਡੀ ਸਰਕਾਰ ਸੀ ਤਾਂ ਉਦੋਂ ਇਥੇ ਇਕ ਪਰੀਵੈਂਸ਼ਨ ਆਫ ਬੈਗਰੀ ਐਕਟ ਲਿਆਂਦਾ ਗਿਆ ਸੀ ਪਰ ਇਸ ਨੂੰ ਹਾਲਾਂ ਤੱਕ ਲਾਗੂ ਨਹੀਂ ਕੀਤਾ ਗਿਆ। ਸਾਡੇ ਪੰਜਾਬ ਵਿਚ (ਮਾਈਕ ਵਿਚੋਂ ਆਵਾਜ਼ ਸਾਫ ਸੁਣਾਈ ਨਹੀਂ ਸੀ ਦੇ ਰਹੀ।) ਮੰਗਤੇ ਬਾਹਰੋਂ ਆਉਂਦੇ ਹਨ ਇਸ ਲਈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਐਕਟ ਨੂੰ ਲਾਗੂ ਕੀਤਾ ਜਾਵੇ। ਅਗਲੀ ਗਲ ਮੈਂ ਥੇਂਈਂ ਡੈਮ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਦੀ ਟੈਕਨੀਕਲ ਕਲੀਅਰੈਂਸ ਹਾਲੀ ਵੀ ਨਹੀਂ ਮਿਲੀ ਅਤੇ ਸਰਕਾਰਾਂ ਸਦਨ ਨੂੰ ਭੁਲੇਖੇ ਵਿਚ ਰੱਖ ਰਹੀਆਂ ਹਨ। (ਵਿਘਨ) ਇਸ ਬਾਰੇ ਕੋਈ ਫੈਸਲਾ ਨਹੀਂ ਹੋਇਆ। ਵਰਲਡ ਬੈਂਕ ਨੇ ਪੈਸਾ ਨਹੀ ਦਿੱਤਾ (ਵਿਘਨ) 60-70 ਕਰੋੜ ਦੇ ਕਰੀਬ ਰੁਪਿਆ ਇਸ ਤੇ ਮੇਰੇ ਰਾਜ ਦਾ ਖ਼ਰਚ ਹੋ ਗਿਆ ਹੈ। ਜੇ ਇਹ ਸਕੀਮ ਸਿਰੇ ਚੜ੍ਹ ਜਾਏ ਤਾਂ ਫਿਰ ਗਰੀਬ ਲੋਕਾਂ ਤੇ ਟੈਕਸ ਲਾਉਣ ਦੀ ਲੋੜ ਨਹੀਂ ਪਵੇਗੀ। ਇਸ ਪਾਸੇ ਜਲਦੀ ਧਿਆਨ ਦਿੱਤਾ ਜਾਵੇ। ਇਸ ਤੋਂ ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਹਾਊਸ ਦੇ ਲੀਡਰ ਨੂੰ ਐਨਾ ਟਾਈਮ ਨਹੀਂ ਹੈ ਕਿ ਉਹ ਈਮਾਨਦਾਰੀ ਨਾਲ ਅਤੇ ਖੁਲ੍ਹ ਨਾਲ ਐਡਮਨਿਸਟਰੇਸ਼ਨ ਦੇ ਬਾਰੇ ਸੋਚ ਸਕਣ। ਉਹ ਦਿੱਲੀ ਗੇੜੇ ਕੱਢਦੇ ਰਹਿੰਦੇ ਹਨ। (ਵਿਘਨ) ਮੇਰਾ ਖਿਆਲ ਹੈ ਕਿ ਸੈਂਟਰ ਵਿਚ ਕੋਈ ਵੀ ਸਰਕਾਰ ਹੋਵੇ ਉਸ ਦੀ ਇਹ ਭਾਵਨਾ ਹੁੰਦੀ ਹੈ ਕਿ ਪੰਜਾਬੀਆਂ ਨੂੰ ਆਪਸ ਵਿਚ ਲੜਾਈ ਰੱਖੋ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਉਨ੍ਹਾਂ ਕੋਲ ਮਹਿਕਮੇ ਹਨ ਉਹ ਉਨ੍ਹਾਂ ਬੈਠੇ ਭਰਾਵਾਂ ਵਿਚ ਵੰਡ ਦੇਣ। ਚੀਫ ਮਨਿਸਟਰ ਕੋਲ ਕੋਈ ਮਹਿਕਮਾ ਨਹੀਂ ਰਹਿਣਾ ਚਾਹੀਦਾ ਤਾਕਿ ਉਹ ਸੈਂਟਰ ਨਾਲ ਚੰਗੀ ਤਰ੍ਹਾਂ ਨਾਲ ਅਤੇ ਵੇਹਲਾ ਹੋਕੇ ਗੱਲਾਂ ਕਰ ਸਕੇ ਅਤੇ ਰਾਜ ਵਿਚ ਬਾਕੀ ਮੰਤ੍ਰੀਆਂ ਦੀ ਕਾਰਗੁਜ਼ਾਰੀ

*Returned to hon. Member on 10-2-81

[ਡਾਕਟਰ ਭਗਤ ਸਿੰਘ]

ਨੂੰ ਚੰਗੀ ਤਰ੍ਹਾਂ ਦੇਖ ਸਕੇ। (ਵਿਘਨ) ਉਨ੍ਹਾਂ ਨੂੰ ਰਾਤ ਨੂੰ ਗੋਲੀ ਖਾਕੇ ਨੀਂਦ ਆਉਂਦੀ ਹੈ। ਇਸ ਤਰ੍ਹਾਂ ਕੰਮ ਨਹੀਂ ਚੱਲ ਸਕੇਗਾ। ਇਸ ਵੇਲੇ ਪੁਜ਼ੀਸ਼ਨ ਇਹ ਹੈ ਕਿ ਚੀਫ ਮਨਿਸਟਰ ਪਾਸ ਕਈ ਹਜ਼ਾਰ ਫਾਈਲਾਂ ਪੈਂਡਿੰਗ ਪਈਆਂ ਹਨ। ਬਹੁਤ ਸਾਰੀਆਂ ਐਪੁਆਇੰਟਮੈਂਟਸ ਹੋਣ ਵਾਲੀਆਂ ਪਈਆਂ ਹਨ ਜੋ ਕਿ ਨਹੀਂ ਹੋਈਆਂ। ਸੁਪਰੀਮ ਕੋਰਟ ਵਿਚੋਂ ਕਈ ਅਫਸਰਾਂ ਨੇ ਰਿੱਟ ਕਰਕੇ ਆਪਣੀ ਅਕੁਇਟਲ ਹਾਸਿਲ ਕਰ ਲਈ ਹੈ। ਉਹ ਘਰ ਬੈਠੇ ਤਨਖਾਹਾਂ ਲੈ ਰਹੇ ਹਨ। ਇਨ੍ਹਾਂ ਤਨਖਾਹਾਂ ਦਾ ਬੋਝ ਗਰੀਬ ਪੇਂਡੂ ਲੋਕਾਂ ਤੇ ਪੈ ਰਿਹਾ ਹੈ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਕੋਲੋਂ ਕੰਮ ਲੈਣ ਲਈ ਉਨ੍ਹਾਂ ਦੀ ਫੌਰਨ ਪੋਸਟਿੰਗ ਕਰਨੀ ਚਾਹੀਦੀ ਹੈ।

ਸ੍ਰੀ ਸਪੀਕਰ : ਤੁਸੀਂ, ਹੁਣ ਵਾਈਂਡ ਅੱਪ ਕਰੋ ਜੀ।

ਡਾਕਟਰ ਭਗਤ ਸਿੰਘ : ਬੱਸ ਜੀ, ਮੈਂ ਥੋੜ੍ਹਾ ਜਿਹਾ ਟਾਈਮ ਹੋਰ ਲੈਣਾ ਹੈ। ਇਹ ਜਿਹੜੀ ਗੌ: ਵੱਲੋਂ ਮਾਰਕੀਟਿੰਗ ਫੀਸ ਲਈ ਜਾਂਦੀ ਹੈ ਇਸ ਦੇ ਖਿਲਾਫ ਵਿਉਪਾਰੀਆ ਨੇ ਸੁਪਰੀਮ ਕੋਰਟ ਵਿਚ ਰਿੱਟ ਕੀਤੀ ਸੀ ਕਿ ਇਹ ਫੀਸ ਮੁਆਫ ਕੀਤੀ ਜਾਵੇ। ਇਸ ਤੇ ਸੁਪਰੀਮ ਕੋਰਟ ਨੇ ਗੌਰਮਿੰਟ ਦੇ ਖਿਲਾਫ ਫੈਸਲਾ ਦੇ ਦਿੱਤਾ। ਬਾਦਲ ਸਰਕਾਰ ਨੇ ਉਸ ਫੈਸਲੇ ਦੇ ਖ਼ਿਲਾਫ ਕੋਈ ਅਪੀਲ ਨਹੀਂ ਕੀਤੀ। ਇਸ ਸਰਕਾਰ ਨੇ ਵੀ ਇਸ ਬਾਰੇ ਕੋਈ ਬਿਲ ਨਹੀਂ ਲਿਆਂਦਾ। ਇਸ ਤਰ੍ਹਾਂ ਜ਼ਿਮੀਦਾਰ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਪਿੰਡਾਂ ਦੀ ਡਿਵੈਲਪਮੈਂਟ ਰੁਕੀ ਪਈ ਹੈ। ਕਿਸੇ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਅਤੇ ਇਸ ਭੁਲ ਨੂੰ ਠੀਕ ਨਹੀਂ ਕਰਵਾਇਆ। (ਵਿਘਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਪਲੀਜ਼ ਵਾਈਂਡ ਅੱਪ। ਤੁਹਾਡਾ ਟਾਈਮ ਹੋ ਗਿਆ ਹੈ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਖਤਮ ਹੀ ਕਰਨ ਲੱਗਾ ਹਾਂ। ਸਪੀਕਰ ਸਾਹਿਬ ਟਰੇਜ਼ਰੀ ਬੈਂਚਿਜ਼ ਤੋਂ ਇਕ ਮੈਂਬਰ ਨੇ ਸੁਆਲ ਕੀਤਾ ਸੀ ਕਿ ਤੁਸੀਂ ਕਿਸ ਪਾਰਟੀ ਦੇ ਲੀਡਰ ਹੋ। ਇਸ ਬਾਰੇ ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ। ਪਰ ਮੇਰੇ ਪਾਸ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ/ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਇਹ ਲੈਟਰ ਸਪੀਕਰ ਸਾਹਿਬ ਦੇ ਦੇ ਨਾਮ ਤੇ ਹੈ ਅਤੇ ਉਸ ਦੀ ਇਕ ਨਕਲ ਮੈਨੂੰ ਭੇਜੀ ਹੈ ਮੈਂ ਆਪ ਜੀ ਨੂੰ ਇਹ ਪੜ੍ਹ ਕੇ ਸੁਣਾ ਦਿੰਦਾ ਹਾਂ ਉਹ ਇਸ ਤਰ੍ਹਾਂ ਹੈ :—

'Copy of letter from Jagdev Singh Talwandi M. P. President Shiromani Akali Dal, Amritsar to Mr. \Brij Bhushan Mehra Honble Speaker Punjab Vidhan Sabha Chandigarh.

I have the honour to inform you that Dr. Bhagat Singh M.L.A. has been elected as the new leader of the Shiromani Akali Dal Legislators Barty in the Assembly in place of Sardar Parkash Singh Badal who has been expelled from the Shiromani Akali Dal Organisation for his anti Akali Dal activities. In view of this election of Dr. Bhagat Singh, I have to request you to allot him in the Assembly a prominent place due to the status of the Shiromani Akali Dal in the Punjab Vidhan Sabha. As far as the genuine and official Akali

Dal is concerned, the other group including Sardar Parkash Singh Badal is a rump of rebels who do not represent the Akali Dal Legislature Party. I will appreciate if you will kindly take action to allot appropriate seats to Dr. Bhagat Singh and the Akali Dal Legislature party headed by him accordingly.

With kind regards.

ਜੇ ਕਹੋ ਤਾਂ ਮੈਂ ਇਹ ਵੀ ਮੇਜ਼ ਤੇ ਰੱਖ ਦਿਆਂ ?

ਸਰਕਾਰੀ ਬੈਂਚਿਜ਼ ਵੱਲੋਂ ਆਵਾਜ਼ਾਂ : ਰੱਖ ਦਿਓ ।

ਸ੍ਰੀ ਸਪੀਕਰ : ਇਸ ਦੀ ਲੋੜ ਨਹੀਂ ਕਿਉਂ ਜੋ ਇਹ ਰਿਕਾਰਡ ਤੇ ਆ ਹੀ ਗਿਆ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ ਅਤੇ ਸਦਨ ਵਿਚ ਕਾਫੀ ਸ਼ੋਰ ਸੀ । ਮਾਨਯੋਗ ਮੈਂਬਰ ਡਾਕਟਰ ਭਗਤ ਸਿੰਘ ਵੀ ਕੁਝ ਬੋਲ ਰਹੇ ਸਨ ਪਰ ਸ਼ੋਰ ਪੈਣ ਅਤੇ ਉਨ੍ਹਾਂ ਦਾ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦਿੱਤਾ ।)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਇਕ ਚਿੱਠੀ ਪੜ੍ਹੀ ਹੈ ਜਿਹੜੀ ਉਹ ਕਹਿੰਦੇ ਹਨ ਕਿ ਜੱਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਲਿਖੀ ਹੈ । ਇਹ ਚਿੱਠੀ ਉਨ੍ਹਾਂ ਨੇ ਅੰਗਰੇਜ਼ੀ ਵਿਚ ਪੜ੍ਹੀ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੱਥੇਦਾਰ ਜਗਦੇਵ ਸਿੰਘ ਤਲਵੰਡੀ ਤਾਂ ਅੰਗਰੇਜ਼ ਜਾਣਦੇ ਨਹੀਂ ਹਨ । (ਵਿਘਨ) (ਸ਼ੋਰ) ।

ਮਾਲ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ ਕਿ ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਚਿੱਠੀ ਅੰਗਰੇਜ਼ੀ ਵਿਚ ਲਿਖੀ ਹੋਈ ਹੈ । ਚਿੱਠੀ ਕਿਸੇ ਵੀ ਭਾਸ਼ਾ ਵਿਚ ਲਿਖੀ ਹੈ, ਪਰ ਇਕ ਬੜੀ ਭਾਰੀ ਅਜੀਬ ਪੋਜ਼ੀਸ਼ਨ ਕਾਇਮ ਹੋ ਗਈ ਹੈ ਕਿ ਅਕਾਲੀ ਦਲ ਦੇ ਲੀਡਰ ਡਾਕਟਰ ਭਗਤ ਸਿੰਘ ਹਨ, ਇਹ ਅੱਜ ਇਥੇ ਤਸਲੀਮ ਹੋਇਆ ਹੈ : (ਥੰਪਿੰਗ) (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** **

ਮਾਲ ਮੰਤਰੀ : ਅਕਾਲੀ ਦਲ ਇਕ ਵੱਡੀ ਰੀਜਨਲ ਪਾਰਟੀ ਹੈ ..... (ਵਿਘਨ) (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** **

ਜੱਥੇਦਾਰ ਗੁਰਬਚਨ ਸਿੰਘ ; ** **

(ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ ਔਰ ਸ਼ੋਰ ਕਾਰਣ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** **

**Expunged as ordered by the Chair.

ਇਕ ਆਵਾਜ਼ : ** **

(ਇਸ ਵਕਤ ਹਾਊਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸ਼ੋਰ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਅਕਾਲੀ ਪਾਰਟੀ ਵੱਲੋਂ ਆਵਾਜ਼ਾਂ ਆ ਰਹੀਆਂ ਸਨ-ਬੈਠ ਜਾਓ, ਬੈਠ ਜਾਓ, (ਮਾਲ ਮੰਤਰੀ ਜੀ ਵੱਲ ਇਸ਼ਾਰਾ ਕਰ ਕੇ) ਅੱਰ ਕਾਂਗਰਸ ਪਾਰਟੀ ਵਲੋਂ ਵੀ ਆਵਾਜ਼ਾਂ ਆ ਰਹੀਆਂ ਸਨ—ਬੈਜ ਜਾਓ, ਬੈਠ ਜਾਓ (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਵੱਲ ਇਸ਼ਾਰਾ ਕਰਕੇ)

ਸ੍ਰੀ ਸਪੀਕਰ : ਦੇਖੋ, ਸਰਦਾਰ ਜੀਵਨ ਸਿੰਘ ਉਮਰਾਨੰਗਲ ਬੜੇ ਸੀਨੀਅਰ ਵਿਧਾਇਕ ਹਨ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਬਗੈਰ ਇਜਾਜ਼ਤ ਨਹੀਂ ਬੋਲਣਾ ਚਾਹੀਦਾ। ਜੇ ਤੁਸੀਂ ਬੋਲਣਾ ਚਾਹੋ ਤਾਂ ਤੁਹਾਨੂੰ ਜ਼ਰੂਰ ਮੌਕਾ ਮਿਲੇਗਾ। (ਵਿਘਨ) (ਸ਼ੋਰ) ਜੋ ਕੁਝ ਬਗੈਰ ਪ੍ਰਮਿਸ਼ਨ ਕਿਹਾ ਗਿਆ ਹੈ ਉਹ ਐਕਸਪੰਜਡ ਹੈ। (ਸ਼ੋਰ) (ਵਿਘਨ) ਜਿਹੜੀ ਚਿੱਠੀ ਹਾਊਸ ਦੀ ਟੇਬਲ ਤੇ ਲੇਅ ਕੀਤੀ ਗਈ ਹੈ ਮੈਂ ਉਸ ਦੀ ਇਜ਼ਾਜਤ ਨਹੀਂ ਦਿੰਦਾ। (ਵਿਘਨ)

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ (ਵਿਘਨ) ਮੈਂ ਲੈਟਰ ਦੀ ਕੋਈ ਗੱਲ ਨਹੀਂ ਕਰਦਾ। ਮੈਂ ਕੰਸਟੀਚਿਊਸ਼ਨਲ ਗੱਲ ਕਰਨਾ ਚਾਹੁੰਦਾ ਹਾਂ.. (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** **

ਆਵਾਜ਼ਾਂ : **

ਸ੍ਰੀ ਸਪੀਕਰ : ਕੁਝ ਬਗੈਰ ਪ੍ਰਮਿਸ਼ਨ ਕਿਹਾ ਜਾ ਰਿਹਾ ਹੈ ਉਹ ਐਕਸਪੰਜਡ ਹੈ। ਮੈਂ ਉਮਰਾਨੰਗਲ ਜੀ ਨੂੰ ਕਹਾਂਗਾ ਕਿ ਉਹ ਬੈਠ ਜਾਣ। (ਸ਼ੋਰ)

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ : ** **

(ਇਸ ਸਮੇਂ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਕੁਝ ਬੋਲ ਰਹੇ ਸਨ ਅਤੇ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ।)

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਕਾਂਸ਼ਟੀਚਿਊਸ਼ਨਲ ਗਲ ਕਰਨੀ ਹੈ (ਵਿਘਨ) (ਸ਼ੋਰ)

ਸਰਦਾਰ ਬਸੰਤ ਸਿੰਘ ਖਾਲਸਾ : ** ** (ਵਿਘਨ)

ਸ੍ਰੀ ਸਪੀਕਰ : ਇਹ ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ ਇਹ ਐਕਸਪੰਜ ਕੀਤਾ ਜਾਂਦਾ ਹੈ। (ਵਿਘਨ)

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਕਾਂਸਟੀਚਿਊਸ਼ਨਲ ਗੱਲ ਕਰਨੀ ਹੈ। (ਵਿਘਨ) ਮੇਰੀ ਅਰਜ਼ ਹੈ ਕਿ ਅਕਾਲੀ ਦਲ ਦੇ ਲੀਡਰ ਦੀ ਚਿੱਠੀ ਵੀ ਆ ਗਈ ਹੈ। ਇਸ ਲਈ ਹੁਣ ਲੀਡਰ ਆਫ ਆਪੋਜ਼ੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਬਜਾਏ ਡਾਕਟਰ ਭਗਤ ਸਿੰਘ ਹੋਣਾ ਚਾਹੀਦਾ ਹੈ। (ਵਿਘਨ) (ਸ਼ੋਰ)

** Expunged as ordered by the Chair.

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਸਾਰਾ ਕੁਝ ਐਕਪੰਜ ਕੀਤਾ ਜਾਂਦਾ ਹੈ । (ਵਿਘਨ)

(ਇਸ ਸਮੇਂ ਸਰਦਾਰ ਬੀਰਪਾਲ ਸਿੰਘ ਜੀ ਬੋਲਣ ਲਈ ਖੜ੍ਹੇ ਸਨ ਅਤੇ ਸਰਦਾਰ ਹਰਚਰਨ ਸਿਘ ਹੀਰੋ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।) ਸ੍ਰੀ ਸਪੀਕਰ ਨੇ ਸਰਦਾਰ ਹਰਚਰਨ ਸਿੰਘ ਹੀਰੋ ਨੂੰ ਪੁਆਇੰਟ ਆਫ ਆਰਡਰ ਕਰਨ ਲਈ ਆਗਿਆ ਦਿੱਤੀ ।

ਸਰਦਾਰ ਹਰਚਰਨ ਸਿੰਘ ਹੀਰੋ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

ਸਰਦਾਰ ਬੀਰਪਾਲ ਸਿੰਘ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਹਾਊਸ ਵਿਚ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ । ਸਪੀਕਰ ਸਾਹਿਬ, 21 ਜਨਵਰੀ ਨੂੰ ਜੋ ਰਾਜਪਾਲ ਜੀ ਨੇ ਇਸ ਹਾਊਸ ਨੂੰ ਸੰਬੋਧਨ ਕਰਦਿਆਂ ਹੋਇਆਂ ਪੰਜਾਬ ਦੀ ਉਸਾਰੀ ਬਾਰੇ ਕੁਝ ਇਤਿਹਾਸਿਕ ਤੱਥ ਪੇਸ਼ ਕੀਤੇ ਹਨ, ਕੁਝ ਬਹੁਤ ਗੰਭੀਰ ਮਸਲੇ ਹਨ (ਸ਼ੋਰ) (ਵਿਘਨ) ।

ਅਗਰ ਤੁਹਾਡੀ ਘਰ ਦੀ ਲੜਾਈ ਹੈ ਤਾਂ ਭਰਾਵੋ ਘਰ ਵਿਚ ਬੈਠ ਕੇ ਲੜਿਆ ਕਰੋ, ਹਾਊਸ ਦਾ ਸਮਾਂ ਜ਼ਾਇਆ ਨਾ ਕਰੋ । (ਵਿਘਨ ਸ਼ੋਰ)

ਸਪੀਕਰ ਸਾਹਿਬ, ਪੰਜਾਬ ਦੀ ਜੋ ਨਵੀਂ ਉਸਾਰੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇਸ ਸੂਬੇ ਵਿਚ ਕਰ ਰਹੀ ਹੈ ਔਰ ਇਸ ਦੇ ਵਿਚ ਜੋ ਇਤਿਹਾਸਿਕ ਤੱਥ ਹਨ ਕਿ ਗ਼ਰੀਬੀ ਨੂੰ ਹਟਾਉਣਾ ਔਰ ਗ਼ਰੀਬ ਅਤੇ ਅਮੀਰ ਵਿਚ ਜੋ ਨਾਬਰਾਬਰੀ ਦਾ ਪਾੜਾ ਹੈ ਉਸ ਨੂੰ ਖਤਮ ਕਰਨਾ ਅਤੇ 25 ਨੁਕਾਤੀ ਪ੍ਰੋਗਰਾਮ ਜੋ ਸਾਡਾ ਹੈ ਉਸ ਨੂੰ ਨੇਪਰੇ ਚੜ੍ਹਾਉਣਾ. ਇਹ ਨੀਤੀ ਹੈ ਪੰਜਾਬ ਸਰਕਾਰ ਦੀ । (ਵਿਘਨ)ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਸਾਹਿਬਾਨ ਨੇ ਬੜਾ ਕੁਝ ਕਿਹਾ ਔਰ ਪਹਿਲੀਆਂ ਸਰਕਾਰਾਂ ਨੂੰ ਮੌਕਾ ਮਿਲਿਆ ਕਿ ਉਹ ਵੀ ਪੰਜਾਬ ਦੀ ਡਿਵੈਲਪਮੈਂਟ ਵਿਚ ਹਿੱਸਾ ਪਾਉਣ । ਮਗਰ ਪਹਿਲੀਆਂ ਸਰਕਰਾਂ ਨੇ ਜੋ ਹਿੱਸਾ ਪਾਇਆ ਉਹ ਪੰਜਾਬ ਦੇ ਲੋਕ ਦੇ ਸਾਹਮਣੇ ਹੈ । ਮਗਰ ਮੌਜੂਦਾ ਸਰਕਾਰ ਜਿਸ ਦੀ ਅਗਵਾਈ ਸਰਦਾਰ ਦਰਬਾਰਾ ਸਿੰਘ ਜੀ ਕਰ ਰਹੇ ਹਨ, ਉਨ੍ਹਾਂ ਦੀ ਜੋ 6, 7 ਮਹੀਨਿਆਂ ਦੀ ਕਾਰਕਰਦਗੀ ਹੈ ਪੰਜਾਬ ਦੇ ਲੋਕਾਂ ਨੇ ਉਸ ਦੀ ਬੜੀ ਸ਼ਲਾਘਾ ਕੀਤੀ ਹੈ । ਇਨ੍ਹਾਂ 6 ਮਹੀਨਿਆਂ ਵਿਚ ਜੋ ਗ਼ਰੀਬਾਂ ਬਾਰੇ, ਜੋ ਕਿਸਾਨਾਂ ਬਾਰੇ ਜੋ ਐਜੂਕੇਸ਼ਨ ਦੇ ਖੇਤਰ ਅੰਦਰ, ਜੋ ਇੰਡਸਟਰੀ ਦੇ ਖੇਤਰ ਅੰਦਰ ਰੈਵੋਲਿਊਸ਼ਨਰੀ ਸਟੈਪਸ ਉਠਾਏ ਹਨ ਉਨ੍ਹਾਂ ਦੀ ਲੋਕ ਸ਼ਲਾਘਾ ਕਰ ਰਹੇ ਹਨ । ਪਿਛਲੀ ਵਾਰੀ ਇਕ ਬਹੁਤ ਵੱਡਾ ਇਨਕਲਾਬ ਆਇਆ ਹਿੰਦੁਸਤਾਨ ਦੇ ਕਰੋੜਾਂ ਆਵਾਮ ਨੇ ਇਸ ਦੇਸ਼ ਦੀ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਨੂੰ ਭਰੋਸਾ ਦੇਕੇ ਔਰ ਆਪਣਾ ਲੀਡਰ ਮੰਨ ਕੇ ਇਸ ਮੁਲਕ ਦੀ ਬਾਗਡੋਰ ਇਸ ਦੇਸ਼ ਦੀ ਉਸਾਰੀ ਲਈ, ਇਸ ਦੇਸ਼ ਦੀ ਅਖੰਡਤਾ ਕਾਇਮ ਰਖਣ ਲਈ, ਉਨ੍ਹਾਂ ਦੇ ਹੱਥ ਸੌਂਪੀ ਇਸ ਤੋਂ ਬਾਅਦ ਜਦੋਂ ਚੋਣਾਂ ਹੋਈਆਂ ਪੰਜਾਬ ਵਿਚ ਤਾਂ ਪੰਜਾਬ ਦੇ ਲੋਕਾਂ ਨੇ ਮਹਿਸੂਸ ਕੀਤਾ ਕਿ ਜਿਹੜੀ ਪਿਛਲੀ ਸਰਕਾਰ ਨੂੰ ਜਿਸਦੀਅਗਵਾਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਰ ਰਹੇ ਸਨ, ਨੂੰ ਮੌਕਾ ਦਿੱਤਾਂ ਸੀ ਪਰ ਉਹ ਪੰਜਾਬ ਦੇ ਲੋਕਾਂ ਦਾ ਖਾਸ ਕਰਕੇ ਕਿਸਾਨਾਂ ਦਾ ਕੁਝ ਨਹੀਂ ਕਰ ਸਕੇ, ਰਿਜੈਕਟ ਕੀਤਾ ਅਤੇ ਵੋਟਾਂ ਨਾਲ ਕਾਂਗਰਸ ਪਾਰਟੀ ਦੀ ਹਕੂਮਤ ਇਥੇ ਕਾਇਮ ਕੀਤੀ ਸਰਦਾਰ ਦਰਬਾਰਾ ਸਿੰਘ ਨੇ ਕਿਸਾਨਾਂ ਲਈ ਨੈਸ਼ਨਲ ਡਿਵੈਲਪਮੈਂਟ ਕੌਂਸਲ ਵਿਚ ਕਿਸਾਨਾਂ ਦਾ ਕਾਜ਼ ਪੇਸ਼ ਕੀਤਾ । ਕਿਉਂਕਿ ਉਸ ਤੋਂ

** Expunged as ordered by the Chair.

[ਸਰਦਾਰ ਬੀਰਪਾਲ ਸਿਘ]

ਪਹਿਲਾਂ ਸਾਡੀ ਜਿਨਸ ਦੇ ਭਾਅ ਬੜੇ ਥੱਲੇ ਸਨ ਅਤੇ ਕਿਸਾਨ ਰਗੜੇ ਜਾ ਰਹੇ ਸਨ ਪਿਛਲੇ ਦੋ ਢਾਈ ਸਾਲਾਂ ਵਿਚ ਜੋ ਫਸਲ ਹੋਈ ਸੀ ਉਸ ਨੂੰ ਕੁਝ ਤਾਂ ਨੇਚੂਰਲ ਕਲੈਮਿਟੀਜ਼ ਨੇ ਔਰ ਕੁਝ ਭਾਵਾਂ ਨੇ ਬਰਬਾਦ ਕਰ ਦਿਤਾ ਸੀ ਅਤੇ ਕਿਸਾਨ ਨੂੰ ਇਤਨਾ ਨੀਚੇ ਸੁੱਟਿਆ, ਕੁਝ ਕਿਹਾ ਨਹੀਂ ਜਾ ਸਕਦਾ। ਕਿਸਾਨ ਉਸ ਵੇਲੇ ਦਾ ਬਹੁਤ ਕਮਜ਼ੋਰ ਹੋ ਗਿਆ ਸੀ। ਉਸ ਦੀ ਹਾਲਤ ਇਥੋਂ ਤਕ ਹੋ ਗਈ ਕਿ ਉਹ ਪੰਜਾਬ ਛੱਡ ਕੇ ਕਿਤੇ ਹੋਰ ਜਾਣ ਲਈ ਤਿਆਰ ਬੈਠਾ ਸੀ । ਇਸ ਦੇਸ਼ ਦੀ ਬੇਸ਼ਕ ਇੰਡਸਟਰੀ ਖੇਤੀਬਾੜੀ ਹੈ। ਸਾਡੇ ਦੇਸ਼ ਦੀ 75 ਪ੍ਰਤੀਸ਼ਤ ਆਬਾਦੀ ਖੇਤੀਬਾੜੀ ਤੇ ਨਿਰਭਰ ਹੈ। ਜਿੰਨੇ ਵੀ ਪਿੰਡਾਂ ਵਿਚ ਰਹਿਣ ਵਾਲੇ ਹਨ ਉਹ ਕਿਸੇ ਨਾ ਕਿਸੇ ਢੰਗ ਨਾਲ ਖੇਤੀ ਦੇ ਸਹਿਯੋਗੀ ਹਨ। ਕੋਈ ਖੇਤ ਮਜ਼ਦੂਰ ਹੈ, ਕੋਈ ਛੋਟਾ ਦੁਕਾਨਦਾਰ ਹੈ ਭਾਵੇਂ **ਕੋਈ ਹੋਰ** ਹਨ ਸਾਰੇ ਕਿਸੇ ਨਾ ਕਿਸੇ ਢੰਗ ਨਾਲ ਖੇਤੀ ਦੇ ਸਹਿਯੋਗੀ ਹਨ। ਸਰਦਾਰ ਦਰਬਾਰਾ ਸਿੰਘ ਦੇ ਪੰਜਾਬ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ ਝੋਨੇ ਦਾ ਭਾਅ 95 ਰੁਪਏ ਸੀ। ਸਰਦਾਰ ਦਰਬਾਰਾ ਸਿਘ ਨੇ ਸੱਭ ਤੋਂ ਪਹਿਲਾਂ ਇਹ ਕੰਮ ਕੀਤਾ ਕਿ ਸੈਂਟਰ ਦੀ ਸਰਕਾਰ ਤੋਂ 110 ਰੁਪਏ ਦੀ ਮੰਗ ਕੀਤੀ, ਉਸ ਨੇ ਲਾਗੇ ਤਾਗੇ ਦੇ ਭਾਅ ਯਾਨੀ 105ਰੁਪਏ ਕਿਸਾਨਾਂ ਨੂੰ ਦਵਾਏ। ਗੰਨੇ ਦਾ ਭਾਅ ਜੋ ਪਹਿਲਾਂ ਸੀ ਇਨ੍ਹਾਂ ਦੇ ਸਮੇਂ ਵਿਚ,ਯੂ.ਪੀ ਵਿਚ ਤਾਂ ਹਾਲਤ ਇਹ ਸੀ ਕਿ ਕਿਸਾਨਾਂ ਨੇ ਹਜ਼ਾਰਾਂ ਏਕੜ ਗੰਨੇ ਦੀ ਖੇਤੀ ਨੂੰ ਅੱਗ ਲਾ ਦਿੱਤੀ, ਪੰਜਾਬ ਦੀ ਬੜੀ ਦੁਰਦਸ਼ਾ ਸੀ ਅਤੇ ਇਥੇ 12, 13 ਰੁਪਏ ਦਾ ਭਾਅ ਸੀ। ਹੁਣ ਕਿਸਾਨ ਭੱਜ ਕੇ ਮਿਲਾਂ ਵਿਚ ਗੰਨਾ ਲੈ ਕੇ ਜਾਂਦਾ ਹੈ। ਜਿਹੜੇ ਮੈਂਬਰ ਸਾਹਿਬਾਨ, ਆਪੋਜ਼ੀਸ਼ਨ ਬੈਂਚਾਂ ਤੇ ਬੈਠੇ ਹਨ, ਕਹਿੰਦੇ ਸੀ ਕਿ ਮਿਲਾਂ ਅੰਦਰ ਗੰਨਾ ਨਹੀਂ ਜਾਣ ਦੇਣਾ। ਕਿਸਾਨਾਂ ਨੇ ਮਹਿਸੂਸ ਕੀਤਾ ਕਿ ਇਹ ਜਿਹੜੇ ਬੜੇ ਬੜੇ ਫਿਊਡਲਜ਼ ਹਨ ਇਨ੍ਹਾਂ ਦਾ ਕੁਝ ਨਹੀਂ ਜਾਣਾ ਅਤੇ ਜਿਹੜਾ ਛੋਟਾ ਕਿਸਾਨ ਹੈ ਜਾਂ ਮਾਰਜਨਲ ਕਿਸਾਨ ਹੈ ਉਨ੍ਹਾਂ ਦਾ ਨੁਕਸਾਨ ਹੋਵੇਗਾ ਅਸੀਂ ਕਿਉਂ ਨਾ ਮਿੱਲਾਂ ਵਿਚ ਜਾਕੇ ਗੰਨਾ ਸੁਟੀਏ ਔਰ ਆਪਣੀ ਫਸਲ ਦਾ ਯੋਗ ਮੁਲ ਪ੍ਰਾਪਤ ਕਰੀਏ। ਅੱਜ ਗੰਨੇ ਦਾ ਭਾਅ 28 ਰੁਪਏ ਕੁਇੰਟਲ ਹੋ ਗਿਆ ਅਤੇ ਗੰਨਾ ਮਿੱਲਾਂ ਵਿਚ ਆਂ ਰਿਹਾ ਹੈ। ਇਹ ਸਭ ਤੋਂ ਵੱਡੀ ਜਿਤ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ। ਇਹ ਆਪਣੇ ਆਪ ਨੂੰ ਲੋਕਾਂ ਦੇ ਬੜੇ ਵਡੇ ਹਮਦਰਦ ਕਹਿੰਦੇ ਸਨ। ਇਹ ਕਹਿੰਦੇ ਸਨ ਕਿ ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ, ਪਰ ਜੋ ਇਨ੍ਹਾਂ ਦੇ ਦਿਲ ਵਿਚ ਦਰਦ ਲੋਕਾਂ ਲਈ ਸੀ ਉਹ ਨੰਗਾ ਚਿੱਟਾ ਲੋਕਾਂ ਨੇ ਵੇਖ ਲਿਆ ਹੈ। ਸਰਦਾਰ ਦਰਬਾਰਾ ਸਿੰਘ ਨੇ ਗੇਹੂ ਦਾ ਭਾਅ ਵੀ 142 ਰੁਪਏ ਕੁਇੰਟਲ ਸੈਂਟਰ ਦੀ ਸਰਕਾਰ ਤੋਂ ਮੰਗਿਆ ਹੈ। ਸਾਨੂੰ ਆਸ ਹੈ ਕਿ ਅਸੀਂ ਗੰਦਮ ਦਾ ਇਹ ਭਾਅ ਕਿਸਾਨਾਂ ਨੂੰ ਦਿਵਾਉਣ ਵਿਚ ਕਾਮਯਾਬ ਹੋਵਾਂਗੇ। ਮੈਂ, ਸਪੀਕਰ ਸਾਹਿਬ, ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿਚ ਗਿਆ ਹਾਂ। ਪੰਜਾਬ ਸਰਕਾਰ ਨੇ ਆਪਣੀਆਂ ਏਜੰਸੀਆਂ ਜਿਵੇਂ ਮਾਰਕਫੈਡ ਨੂੰ ਹੁਕਮ ਦਿੱਤਾ ਕਿ ਉਹ ਕਾਟਨ ਅਤੇ ਝੋਨਾ ਮੰਡੀਆਂ ਵਿੱਚੋਂ ਖ਼ਰੀਦਣ। ਪਹਿਲਾਂ ਕਿਸਾਨਾਂ ਦੀ ਫਸਲ 20, 20 ਦਿਨ ਮੰਡੀਆਂ ਵਿਚ ਰੂਲਦੀ ਰਹਿੰਦੀ ਸੀ । ਅੱਜ ਤੁਸੀਂ ਕਿਸੇ ਵੀ ਮੰਡੀ ਵਿਚ ਜਾ ਕੇ ਵੇਖ ਲਓ, ਖੰਨੇ ਚਲੇ ਜਾਓ, ਰਾਜਪੁਰੇ ਚਲੇ ਜਾਓ, ਸੈਂਕੜੇ ਮੰਡੀਆਂ ਮੈਂ ਵਿਜ਼ਿਟ ਕੀਤੀਆਂ ਹਨ, ਕਿਸੇ ਵੀ ਮੰਡੀ ਵਿਚ ਇਸ ਸਰਕਾਰ ਨੇ ਕਿਸਾਨ ਦੀ ਫਸਲ ਰੂਲਣ ਨਹੀਂ ਦਿੱਤੀ। ਸਰਕਾਰ ਨੇ ਇਸ ਨੂੰ ਖਰੀਦਣ ਦੇ ਫਟਾ ਫਟ ਪ੍ਰਬੰਧ ਕੀਤੇ ਹਨ। ਇਹ ਸਾਰਾ ਕਰੈਡਿਟ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਜਾਂਦਾ ਹੈ। ਜੇ ਕਿਸੇ ਮੰਡੀ ਵਿਚ ਬੋਰੀਆਂ ਜਾਂ ਹੋਰ ਕਿਸੇ ਚੀਜ਼ ਦੀ ਕਮੀ ਆ ਗਈ ਤਾਂ ਤੁਰੰਤ ਆਪਣਾ ਨੁਮਾਇੰਦਾ ਭੇਜ ਕੇ ਜਾਂ ਡਿਪਟੀ ਕਮਿਸ਼ਨਰ ਨੂੰ ਕਹਿ ਕੇ ਸਰਕਾਰ ਨੇ ਉਥੇ ਉਸਦਾ ਪ੍ਰਬੰਧ ਕਰਵਾਇਆ । ਇਸ ਕਰਕੇ ਅੱਜ ਪੰਜਾਬ ਦਾ ਕਿਸਾਨ ਇਹ ਮਹਿਸੂਸ ਕਰਦਾ ਹੈ ਕਿ ਇਸ ਸਰਕਾਰ ਨੇ ਉਨ੍ਹਾਂ ਲਈ ਬਹੁਤ ਅੱਛੇ ਕਦਮ ਚੁੱਕੇ ਹਨ। ਪਰ ਇਹ ਕਿਸਾਨਾਂ ਦੀ ਭਲਾਈ ਤੱਕ ਹੀ ਮਹਿਦੂਦ ਨਹੀਂ ਰਹੀ। ਇਹ ਹਿੰਦੁਸਤਾਨ ਦਾ ਪਹਿਲਾ ਚੀਫ ਮਨਿਸਟਰ ਹੈ ਜਿਸ ਨੇ ਪੰਜਾਬ ਵਿਚ ਇਕਨਾਮਿਕ ਸਰਵੇ ਕਰਵਾਇਆ ਤਾਂ ਕਿ ਪਤਾ ਲਗ ਸਕੇ ਕਿ ਕਿਤਨੇ ਲੋਕ ਪਾਵਰਟੀ ਲਾਈਨ ਤੋਂ ਹੇਠਾਂ ਹਨ। ਕਿਤਨੇ ਲੋਕਾਂ ਦੀ ਆਮਦਨ 3600 ਰੁਪਏ ਤੋਂ 6000 ਰੁਪਏ ਮਹੀਨਾ ਹੈ। ਉਨ੍ਹਾਂ ਲੋਕਾਂ ਦੀ ਬੇਹਤਰੀ ਲਈ

30 ਕਰੋੜ ਰੁਪਿਆ ਬਿਨਾਂ ਵਿਆਜ ਦੇ ਦਿੱਤਾ ਹੈ। ਇਹ 65,000 ਪਰਿਵਾਰਾਂ ਨੂੰ ਕਰਜ਼ਾ ਦਿਤਾ ਜਾ ਚੁੱਕਾ ਹੈ। 25 ਕਰੋੜ ਰੁਪਿਆ ਹੁਣ ਤੱਕ ਪੰਜਾਬ ਦੇ ਇਨ੍ਹਾਂ ਲੋਕਾਂ ਅੰਦਰ ਵੰਡਿਆ ਜਾ ਚੁਕਾ ਹੈ। ਜਦੋਂ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਪੰਜਾਬ ਦੇ ਦੌਰੇ ਤੇ ਆਈ ਤਾਂ ਉਨ੍ਹਾਂ ਦੇ ਹਥੋਂ ਇਹ ਕਰਜ਼ੇ ਵੰਡਵਾਏ ਗਏ। ਉਨ੍ਹਾਂ ਨੂੰ ਪੰਜਾਬੀਆਂ ਤੇ ਮਾਣ ਹੈ, ਗੌਰਵ ਹੈ। ਹਾਊਸ ਵਿਚ ਝੂਠੀਆਂ ਗੱਲਾਂ ਕਹਿ ਕੇ ਜਾਂ ਲੋਕਾਂ ਨੂੰ ਇਥੇ ਗੈਲਰੀਆਂ ਵਿੱਚ ਗੁੰਮਰਾਹ ਕਰਕੇ ਜੋ ਸਚਾਈ ਹੈ ਉਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਹਿੰਦੁਸਤਾਨ ਦੀ ਕੈਬਨਿਟ ਸਾਡੇ ਅੰਦਰ ਸਾਡੇ ਆਨਰੇਬਲ ਹੋਮ ਮਨਿਸਟਰ ਗਿਆਨੀ ਜ਼ੈਲ ਸਿੰਘ ਨੂੰ ਹੋਮ ਮਨਿਸਟਰ ਦੀ ਪਦਵੀ ਦੇ ਕੇ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੇ ਪੰਜਾਬੀਆਂ ਨੂੰ ਬਹੁਤ ਵੱਡਾ ਮਾਣ ਬਖਸ਼ਿਆ ਹੈ। ਉਨ੍ਹਾਂ ਨੇ ਇਸ ਕੁਰਸੀ ਤੇ ਇਸ ਕਰਨੇ ਉਨ੍ਹਾਂ ਨੂੰ ਬਿਠਾਇਆ ਕਿਉਂਕਿ ਪੰਜਾਬੀਆਂ ਨੇ ਉਨ੍ਹਾਂ ਦਾ ਸਾਥ ਦਿਤਾ। (ਤਾੜੀਆਂ) ਸਰਦਾਰ ਬੂਟਾ ਸਿੰਘ ਨੂੰ ਟਰਾਂਸਪੋਰਟ ਅਤੇ ਸ਼ਿਪਿੰਗ ਮਨਿਸਟਰ ਬਣਾਇਆ ਕਿਉਂਕਿ ਉਹ ਸੰਘਰਸ਼ ਵੇਲੇ ਇੰਦਰਾ ਗਾਂਧੀ ਜੀ ਦੇ ਨਾਲ ਰਹੇ। ਉਹ ਗਰੀਬ ਪਰਿਵਾਰ ਵਿਚੋਂ ਉਠ ਕੇ ਆਏ ਹਨ। ਪਰ ਇੰਦਰਾ ਗਾਂਧੀ ਜੀ ਨੇ ਉਸ ਨੂੰ ਇਹ ਮਾਣ ਬਖ਼ਸ਼ਿਆ ਹੈ। ਅੱਜ ਹਿੰਦੁਸਤਾਨ ਦਾ ਕੈਬਨਿਟ ਸੈਕਟਰੀ ਵੀ ਪੰਜਾਬੀ ਹੈ। ਰੇਲਵੇ ਬੋਰਡ ਦਾ ਚੇਅਰਮੈਨ ਵੀ ਪੰਜਾਬੀ ਹੈ। ਇਨ੍ਹਾਂ ਦੀ ਕਿਤਾਬ ਕੁਝ ਹੋਰ ਕਹਿੰਦੀ ਹੋਵੇਗੀ ਕਿ ਪੰਜਾਬੀ ਕੌਣ ਹੈ?

ਸਪੀਕਰ ਸਾਹਿਬ, ਐਜੂਕੇਸ਼ਨ ਦੇ ਫੀਲਡ ਵਿਚ ਵੀ ਪੰਜਾਬ ਸਰਕਾਰ ਨੇ 100 ਸਕੂਲਾਂ ਦੇ ਅੰਦਰ ਵੋਕੇਸ਼ਨਲ ਐਜੂਕੇਸ਼ਨ ਚਾਲੂ ਕੀਤੀ ਹੈ।

ਸ਼੍ਰੀ ਸਪੀਕਰ : ਮੇਰੇ ਕੋਲ ਜਿਹੜੀ ਲਿਸਟ ਆਈ ਹੈ ਉਸ ਮੁਤਾਬਿਕ ਕਿਸੇ ਮੈਂਬਰ ਨੂੰ 10 ਮਿੰਟ ਤੋਂ ਵੱਧ ਟਾਈਮ ਨਹੀਂ ਦੇਣਾ। ਇਸ ਲਈ, ਤੁਸੀਂ ਹੁਣ ਆਪਣੀ ਸਪੀਚ ਖ਼ਤਮ ਕਰੋ।

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਹੋਰਾਂ ਨੇ ਵੀ ਐਜੂਕੇਸ਼ਨ ਦੇ ਬਾਰੇ ਗੱਲਾਂ ਕਹੀਆਂ ਹਨ। ਬੜੀਆਂ ਚੰਗੀਆਂ ਗੱਲਾਂ ਕਹੀਆਂ ਹਨ। ਮੈਂ ਵੀ ਇਸ ਬਾਰੇ ਬੇਨਤੀ ਕਰਦਾ ਹਾਂ ਕਿ ਸਾਡੇ ਐਜੂਕੇਸ਼ਨ ਮਨਿਸਟਰ ਨੇ 6 ਮਹੀਨਿਆਂ ਦੇ ਅੰਦਰ ਹੀ ਬੜੀ ਪੜਚੋਲ ਤੋਂ ਬਾਅਦ 250 ਸਕੂਲ ਅਪਗ੍ਰੇਡ ਕੀਤੇ ਹਨ ਅਤੇ ਇਕ ਕਰੋੜ ਰੁਪਿਆ ਅਡੱਲਟ ਐਜੂਕੇਸ਼ਨ ਲਈ ਉਨ੍ਹਾਂ ਨੇ ਖਰਚ ਕੀਤਾ ਹੈ। 100 ਸਕੂਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਦੇਣ ਦਾ ਪ੍ਰਬੰਧ ਕੀਤਾ ਹੈ। ਸਕੂਲਾਂ ਦੀਆਂ ਬਿਲਡਿੰਗਾਂ ਦੀ ਰਿਪੇਅਰ ਕਰਨ ਲਈ ਅਤੇ ਨਵੀਆਂ ਬਿਲਡਿੰਗਾਂ ਬਣਾਉਣ ਲਈ ਵੀ ਸਰਕਾਰ ਪ੍ਰਬੰਧ ਕਰ ਰਹੀ ਹੈ। ਜਿਥੋਂ ਤੱਕ ਪਿੰਡਾਂ ਦੇ ਵਿਕਾਸ ਦਾ ਤੁਅੱਲਕ ਹੈ, ਚਾਹੇ ਉਹ ਪਿੰਡਾਂ ਦੀਆਂ ਨਾਲੀਆਂ ਪੱਕੀਆਂ ਕਰਨੀਆਂ ਹਨ ਜਾਂ ਪੰਚਾਇਤ ਘਰ ਬਣਾਉਣੇ ਹਨ, ਸਾਢੇ ਚਾਰ ਕਰੋੜ ਰੁਪਿਆ ਪਿੰਡਾਂ ਦੇ ਵਿਕਾਸ ਅਤੇ ਬਹਿਬੂਦੀ ਲਈ ਪੰਜਾਬ ਸਰਕਾਰ ਨੇ ਖ਼ਰਚ ਕੀਤਾ ਹੈ। ਇਹ ਕਹਿੰਦੇ ਹਨ ਕਿ ਪਹਿਲੀ ਸਰਕਾਰ ਨੇ ਬੜਾ ਕੰਮ ਕੀਤਾ ਸੀ। ਇਹ ਕਹਿਦੇ ਹਨ ਕਿ ਸਾਨੂੰ ਪੰਜਾਬੀ ਜ਼ਬਾਨ ਨਾਲ ਬਹੁਤ ਹਮਦਰਦੀ ਹੈ। ਪਰ ਜੇ ਪਬਲਿਕ ਸਰਵਿਸ ਕਮਿਸ਼ਨ ਵਿਚ ਪੰਜਾਬੀ ਚਾਲੂ ਕੀਤੀ ਗਈ ਤਾਂ ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਹੋਇਆ ਹੈ। ਸਰਦਾਰ ਲਛਮਣ ਸਿੰਘ ਗਿੱਲ ਨੇ ਵੀ ਜੋ ਕੁਝ ਸਟੈਂਪ ਪੰਜਾਬੀ ਬੋਲੀ ਲਈ ਲਏ ਸਨ ਉਹ ਵੀ ਉਦੋਂ ਚੁੱਕੇ ਸਨ ਜਦੋਂ ਕਾਂਗਰਸ ਪਾਰਟੀ ਦੀ ਹਮਾਇਤ ਨਾਲ ਹੀ ਉਹ ਇਥੇ ਚੀਫ ਮਨਿਸਟਰ ਸਨ। ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਕੁਝ ਨਹੀਂ ਕੀਤਾ। ਸੈਂਟਰ ਦੀ ਸਰਕਾਰ ਵੀ ਅੱਜ ਇਸ ਪਾਸੇ ਧਿਆਨ ਦੇ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਦਾ ਦੋ ਸੌ ਸਾਲਾ ਦਿਵਸ ਅੱਜ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਹੈ। ਉਹ ਇਕ ਸੈਕੂਲਰ ਰਾਜਾ ਸਨ। ਇਹ ਇਸ ਕਰਕੇ ਕੀਤਾ ਹੈ ਤਾਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨ ਅਤੇ ਹਿਸਟਰੀ ਨੂੰ ਫਿਰ ਪੰਜਾਬ ਦੇ ਅੰਦਰ ਦੁਹਰਾਇਆ ਜਾਵੇ। ਉਨ੍ਹਾਂ ਦੇ ਮਾਣ ਵਿਚ ਰਣਜੀਤਗੜ੍ਹ, ਫਿਲੌਰ ਦੇ ਨੇੜੇ, ਨਵੇਂ ਸ਼ਹਿਰ ਦਾ ਸ੍ਰੀਮਤੀ ਇੰਦਰਾ ਗਾਂਧੀ ਨੇ ਨੀਂਹ ਪੱਥਰ ਰਖਿਆ

[ਸਰਦਾਰ ਬੀਰਪਾਲ ਸਿੰਘ]

ਹੈ। ਇਹ ਦੁਨੀਆਂ ਦੇ ਅੰਦਰ ਇਹ ਖੂਬਸੂਰਤ ਸ਼ਹਿਰ ਬਣ ਰਿਹਾ ਹੈ। ਹਿੰਦੁਸਤਾਨ ਤੋਂ ਬਾਹਰ ਰਹਿਣ ਵਾਲੇ ਪੰਜਾਬੀ ਭਰਾ, ਜਿਹੜੇ ਹਨ ਉਨ੍ਹਾਂ ਨੂੰ ਇਥੇ ਆਪਣਾ ਰੁਪਿਆ-ਪੈਸਾ ਲਗਾਉਣ ਲਈ ਇਨਵਾਈਟ ਕੀਤਾ ਹੈ। ਸਰਦਾਰ ਸੁਖਜਿੰਦਰ ਸਿੰਘ ਇਥੇ ਬੋਲ ਕੇ ਗਏ ਹਨ। ਇਸ ਸਮੇਂ ਉਹ ਹਾਊਸ ਵਿਚ ਹਾਜ਼ਰ ਨਹੀਂ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਕ ਨੇਕ ਅਤੇ ਸ਼ਰੀਫ ਇਨਸਾਨ ਹਨ। ਉਹ ਆਪੋਜ਼ੀਸ਼ਨ ਦੇ ਲੀਡਰ ਹਨ। ਮੈਂ ਹਮੇਸ਼ਾ ਇਹ ਸਟੇਜਾਂ ਤੇ ਵੀ ਕਿਹਾ ਹੈ, ਪਰ ਜਿਹੜੀਆਂ ਗਲਾਂ ਉਹ ਇਥੇ ਕਹਿੰਦੇ ਸਨ ਕਿ ਅਸੀਂ ਇਥੇ ਦੂਜਾ ਆਸਾਮ ਬਣਾ ਦੇਵਾਂਗੇ, ਇੱਟ ਨਾਲ ਇੱਟ ਖੜਕਾ ਦੇਵਾਂਗੇ ਹਨੇਰੀ ਅਤੇ ਵਾਵਰੋਲਾ ਲਿਆਵਾਂਗੇ ਉਹ ਸਭ ਕੁਝ ਊਠ ਦੇ ਬੁੱਲ੍ਹ ਵਾਂਗ ਲਮਕਦਾ ਹੀ ਰਿਹਾ। ਅਜ ਉਹ ਇਸ ਸਰਕਾਰ ਨੂੰ ਕ੍ਰਿਟੀਸਾਈਜ਼ ਕਰਦੇ ਹਨ। ਕਿਸੇ ਨੂੰ ਕ੍ਰਿਟੀਸਾਈਜ਼ ਕਰਨਾ ਬੜਾ ਸੌਖਾ ਹੈ, ਪਰ ਜਦੋਂ ਆਪਣੀ ਹਾਲਤ ਅਜਿਹੀ ਹੁੰਦੀ ਹੈ ਅਤੇ ਇਨਸਾਨ ਆਪ ਉਨ੍ਹਾਂ ਹਾਲਾਤ ਵਿਚੋਂ ਗੁਜ਼ਰਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਆਟੇ ਦਾਣੇ ਦਾ ਭਾਅ ਕੀ ਹੈ ? ਜੋ ਸਰਕਾਰ ਲੋਕਾਂ ਦੇ ਹਿੱਤ ਦੀ ਗਲ ਨਹੀਂ ਕਰੇਗੀ ਉਸ ਸਰਕਾਰ ਨੂੰ ਲੋਕ ਰਹਿਣ ਨਹੀਂ ਦੇਣਗੇ। ਮੈਂ ਮਾਘੀ ਦੇ ਮੇਲੇ ਤੇ ਮੁਕਤਸਰ ਗਿਆ। ਇਹ ਬਹੁਤ ਸੁੰਦਰ ਅਤੇ ਇਤਹਾਸਿਕ ਸ਼ਹਿਰ ਹੈ। ਇਥੇ 40 ਮੁਕਤੇ ਸ਼ਹੀਦ ਹੋਏ, ਇਹ ਉਹ ਧਰਤੀ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਇਹ ਇਲਾਕਾ ਹੈ ਇਹ ਅੱਜ ਉਹ ਸ਼ਹਿਰ ਪਾਣੀ ਉਪਰ ਤੈਰ ਰਿਹਾ ਹੈ। ਇਸ ਸ਼ਹਿਰ ਦੀ ਡਿਵੈਲਪਮੈਂਟ ਬਾਰੇ ਪਹਿਲੀ ਸਰਕਾਰ ਨੇ ਕੁਝ ਨਹੀਂ ਕੀਤਾ। ਸਰਦਾਰ ਦਰਬਾਰਾ ਸਿੰਘ ਨੇ ਮਾਘੀ ਦੇ ਮੇਲੇ ਤੇ ਜਾ ਕੇ ਪਿੰਨ-ਪੁਆਇੰਟ ਕਰ ਦਿੱਤਾ ਕਿ ਜੂਨ ਤਕ ਉਥੇ ਸਰਦਾਰ ਗੁਰਮੀਤ ਸਿੰਘ ਹੋਰਾਂ ਦੇ ਨਾਂ ਤੇ ਹਸਪਤਾਲ ਬਣਾਵਾਂਗੇ। ਇਨ੍ਹਾਂ ਦੀ ਸਰਕਾਰ ਨੇ ਉਸ ਇਤਿਹਾਸਕ ਸ਼ਹਿਰ ਲਈ ਜੋ ਛੋਟਾ ਜਿਹਾ ਕਸਬਾ ਹੈ, ਕੁਝ ਨਹੀਂ ਕੀਤਾ। ਇਸ ਸ਼ਹਿਰ ਦੀ ਬੜੀ ਮਹਾਨਤਾ ਹੈ। ਅੱਜ ਪੰਜਾਬ ਦੇ ਅੰਦਰ ਡਿਵੈਲਪਮੈਂਟ ਦੀਆਂ ਨਵੀਆਂ ਸਕੀਮਾਂ ਬਣ ਰਹੀਆਂ ਹਨ। ਸਪਿੰਨਿੰਗ ਮਿੱਲਾਂ ਲਗ ਰਹੀਆਂ ਹਨ। ਬੀਬੀ ਰਾਜਿੰਦਰ ਕੌਰ ਭੱਠਲ ਦੇ ਇਲਾਕੇ ਫਰੀਦਕੋਟ ਵਿਚ ਅਤੇ ਅਬੋਹਰ ਵਿਚ ਇਹ ਮਿੱਲਾਂ ਲਗ ਰਹੀਆਂ ਹਨ। ਇਹ ਸਰਦਾਰ ਦਰਬਾਰਾ ਸਿੰਘ ਦੀ ਮਿਹਨਤ ਦਾ ਨਤੀਜਾ ਹੀ ਹੈ ਜੋ ਸੈਂਟਰ ਦੀ ਸਰਕਾਰ ਤੋਂ ਇਨ੍ਹਾਂ ਦੀ ਮਨਜ਼ੂਰੀ ਲੈ ਕੇ ਆਏ ਹਨ। ਕਿਸਾਨਾਂ ਨੂੰ ਬਿਜਲੀ ਨਹੀਂ ਮਿਲ ਰਹੀ, ਇਸ ਲਈ ਵੀ ਹੱਲ ਕੀਤਾ ਜਾ ਰਿਹਾ ਹੈ। ਇਹ ਕਹਿੰਦੇ ਹਨ ਕਿ ਰੋਪੜ ਵਾਲਾ ਸਾਹਿਬ ਸਿੰਘ ਦਾ ਦੂਜਾ ਹੈ। ਪਰ ਇਹ ਉਥੇ ਵੀ ਕੋਈ ਕੰਮ ਨਹੀਂ ਕਰ ਸਕੇ। ਅੱਜ ਉਥੇ 500 ਏਕੜ ਵਿਚ ਡਾਕਟਰ ਚਾਨਣਾ, 14 ਨਵੰਬਰ ਨੂੰ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂ ਤੇ ਨਿਊਕਲਸ ਇੰਡਸਟ੍ਰੀਅਲ ਕੰਪਲੈਕਸ ਪ੍ਰਾਜੈਕਟ ਸ਼ੁਰੂ ਕਰਵਾ ਆਏ ਹਨ ਉਸ ਜਗ੍ਹਾ ਦੀ ਡਿਵੈਲਪਮੈਂਟ ਹੋ ਰਹੀ ਹੈ।

ਸ੍ਰੀ ਸਪੀਕਰ : ਚੌਧਰੀ ਜਗਜੀਤ ਸਿੰਘ ਜੀ, ਹੁਣ ਤੁਸੀਂ ਬੋਲੋ।

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਹੁਕਮ ਦਿੱਤਾ ਹੈ। ਮੈਂ ਹੁਣੇ ਇਕ ਮਿੰਟ ਵਿਚ ਵਾਈਂਡ ਅੱਪ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਇਹ ਗਲ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਜੋ 21 ਤਾਰੀਕ ਨੂੰ ਇਕ ਬੜੀ ਸਾਜ਼ਿਸ਼ ਦੇ ਤਹਿਤ ਇਨ੍ਹਾਂ ਨੇ ਇਸ ਡੈਮੋਕਰੇਸੀ ਦੇ ਮੰਦਰ ਤੇ ਇਸ ਢੰਗ ਨਾਲ ਘੇਰਾ ਪਾਕੇ ਸ਼ੀਸ਼ੇ ਤੋੜੇ ਅਤੇ ਐਡਮਨਿਸਟਰੇਸ਼ਨ ਨਾਲ ਕੀ ਗਲ ਬਾਤ ਕੀਤੀ। ਮਗਰ ਉਸ ਦੇ ਬਰਅਕਸ ਇਨ੍ਹਾਂ ਨੇ ਨੰਗੀਆਂ ਤਲਵਾਰਾਂ, ਡਾਂਗਾਂ ਅਤੇ ਲਾਠੀਆਂ ਲੈ ਕੇ ਨੰਗਾ ਜਲੂਸ ਕੀਤਾ। ਇਹ ਆਪਣੇ ਆਪ ਨੂੰ ਡੈਮੋਕਰੇਸੀ ਦੇ ਰਾਖੇ ਕਹਿੰਦੇ ਹਨ। ਇਹ ਡੈਮੋਕਰੇਸੀ ਵਿਚ ਬਿਲੀਵ ਨਹੀਂ ਕਰਦੇ। ਇਹ ਤਾਂ ਡਾਂਗੋਕਰੇਸੀ ਵਿਚ ਬਿਲੀਵ ਕਰਦੇ ਹਨ।

ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਰੇ ਮੈਂਬਰਾਂ ਨੂੰ ਇਹ ਹਥ ਬਨ੍ਹ ਕੇ ਗੁਜ਼ਾਰਿਸ਼ ਕਰਦਾ ਹਾਂ ਕਿ ਅਗਰ ਅਸੀਂ ਪੰਜਾਬ ਦੀ ਡਿਵੈਲਪਮੈਂਟ ਕਰਨੀ ਹੈ, ਅਗਰ

ਅਸੀਂ ਪੰਜਾਬ ਦੇ ਚੰਗੇ ਕੰਮਾਂ ਵਿਚ ਹਿੱਸਾ ਪਾਉਣਾ ਹੈ, ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਉਹ ਸੋਚ ਸਮਝ ਕੇ, ਰੈਸ਼ਨਲ ਅਪ੍ਰੋਚ ਨਾਲ, ਫੈਕਟਸ ਐਂਡ ਫਿਗਰਜ਼ ਲੈ ਕੇ, ਸਾਥੀਆਂ ਦੇ ਸਹਿਯੋਗ ਨਾਲ ਸਰਕਾਰ ਨਾਲ ਬੈਠਕੇ ਪੰਜਾਬ ਦੀ ਡਿਵੈਲਪਮੈਂਟ ਵਿਚ ਹਿੱਸਾ ਪਾਉਣ ਤਾਕਿ ਲੋਕੀਂ ਕਹਿਣ ਕਿ ਪ੍ਰਕਾਸ਼ ਸਿੰਘ ਬਾਦਲ ਵਾਕਿਆ ਹੀ ਡਿਵੈਲਪਮੈਂਟ ਚਾਹੁੰਦਾ ਹੈ। ਅਗਰ ਅਸੀਂ ਇਸੇ ਤਰ੍ਹਾਂ ਹੀ ਘੇਰਾਓ ਵਗੈਰਾ ਕਰਨੇ ਹਨ ਤਾਂ ਯਾਦ ਰੱਖੋ ਇਹ ਸਾਡਾ ਸਾਰਿਆਂ ਦਾ ਜਲੂਸ ਨਿਕਲੇਗਾ ਤੇ ਐਸਾ ਦਿਵਾਲਾ ਨਿਕਲੇਗਾ ਕਿ ਆਉਣ ਵਾਲੀ ਪਨੀਰੀ, ਆਉਣ ਵਾਲੇ ਲੋਕ, ਸਾਨੂੰ ਮੁਆਫ ਨਹੀਂ ਕਰਨਗੇ ਅਰ ਉਹ ਸਮਝਣਗੇ ਕਿ ਇਹ ਤਾਂ ਪੰਚਾਇਤ ਵਾਲਾ ਮਾਹੌਲ ਵੀ ਨਹੀਂ ਬਣਾ ਸਕਦੇ ਪਚਾਇਤ ਵਿਚ ਵੀ ਇਸ ਤੋਂ ਚੰਗੀ ਤਰ੍ਹਾਂ ਗੱਲਾਂ ਸੁਣੀਆਂ ਜਾਂਦੀਆਂ ਹਨ।

ਸਪੀਕਰ ਸਾਹਿਬ, ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਔਰ ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲ ਸਕਿਆ ਹਾਂ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ ....

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਦਸਾਂ ਮਿੰਟਾਂ ਵਿਚ ਹੀ ਕੰਪਲੀਟ ਕਰਨਾ ਹੈ। 10 ਮਿੰਟ ਤੋਂ ਜ਼ਿਆਦਾ ਟਾਈਮ ਨਹੀਂ ਲੈਣਾ।

ਚੌਧਰੀ ਜਗਜੀਤ ਸਿੰਘ : ਠੀਕ ਹੈ ਜੀ। ਸਪੀਕਰ ਸਾਹਿਬ, ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਯਸ਼ ਜੀ ਨੇ ਧੰਨਵਾਦ ਦਾ ਮਤਾ ਰਖਿਆ ਸੀ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਪਿਛਲੇ ਤਿੰਨ ਸਾਲ ਤੋਂ ਅਕਾਲੀ ਸਰਕਾਰ ਸੀ ਔਰ ਥੋੜੇ ਅਰਸੇ ਤੋਂ ਯਾਨੀ ਕੋਈ ਸਤ ਮਹੀਨੇ ਤੋਂ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ, ਸਾਡੀ ਸਰਕਾਰ ਬਣੀ ਹੈ। ਸਪੀਕਰ ਸਾਹਿਬ, ਅਕਾਲੀ ਪਾਰਟੀ ਵਲੋਂ, ਕਾਮਰੇਡ ਰਾਜਕੁਮਾਰ ਜੀ ਵਲੋਂ ਤਕਰੀਰਾਂ ਹੋਈਆਂ ਹਨ, ਬਾਦਲ ਸਾਹਿਬ ਨੇ ਵੀ ਬੜੀ ਲੰਬੀ ਤਕਰੀਰ ਕੀਤੀ ਹੈ ਪਰ ਕਿਸੇ ਨੇ ਇਹ ਨਹੀਂ ਦਸਿਆ ਕਿ ਹਰੀਜਨਾਂ ਵਾਸਤੇ ਇਨ੍ਹਾਂ ਨੇ ਕੀ ਕੀਤਾ ਸੀ ਔਰ ਮੌਜੂਦਾ ਸਰਕਾਰ ਕੀ ਕਰ ਰਹੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਰੀਜਨ ਵੀਰ ਹੁਣ ਮਹਿਸੂਸ ਕਰਨ ਲੱਗੇ ਹਨ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਰਹਿਨੁਮਾਈ ਥੱਲੇ ਜਿਹੜੀ ਸਰਕਾਰ ਬਣੀ ਹੈ ਉਸ ਨੇ ਹਰੀਜਨਾਂ ਲਈ ਬੜਾ ਕੁਝ ਕਰਨਾ ਹੈ, ਉਨ੍ਹਾਂ ਨੂੰ ਇਸ ਗੱਲ ਦੀ ਬੜੀ ਉਮੀਦ ਹੋਈ ਹੈ ਔਰ ਪੰਜਾਬ ਸਰਕਾਰ ਵਧ ਤੋਂ ਵੱਧ ਯਤਨ ਕਰਦੀ ਹੈ ਕਿ ਉਨ੍ਹਾਂ ਦੀ ਆਰਥਕ ਹਾਲਤ ਤਕੜੀ ਕੀਤੀ ਜਾਵੇ। ਜਿਸ ਤਰ੍ਹਾਂ ਕਿ 30 ਕਰੋੜ ਰੁਪਿਆ ਸਰਕਾਰ ਨੇ ਬਿਨਾਂ ਸੂਦ ਹਰੀਜਨਾਂ ਨੂੰ ਦੇਣ ਦਾ ਯਤਨ ਕੀਤਾ ਹੈ। ਬਾਦਲ ਸਾਹਿਬ ਨੇ ਕਿਹਾ ਸੀ ਕਿ ਇਹ ਮਾਣ ਤਾਂ ਮੈਨੂੰ ਪ੍ਰਾਪਤ ਹੈ ਕਿ ਮੈਂ ਇਹ ਸਕੀਮ ਸ਼ੁਰੂ ਕੀਤੀ ਸੀ। ਠੀਕ ਹੈ ਉਨ੍ਹਾਂ ਨੇ ਇਕ ਨਕਸ਼ਾ ਹੀ ਬਣਾਇਆ ਸੀ ਕਿ ਅਸੀਂ 25 ਕਰੋੜ ਰੁਪਿਆ ਖਰਚ ਕਰਨਾ ਹੈ ਪਰ ਤਿੰਨ ਕਰੋੜ ਰੁਪਿਆ ਹੀ ਖਰਚ ਕੀਤਾ ਗਿਆ ਸੀ ਲੇਕਿਨ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ 30 ਕਰੋੜ ਰੁਪਿਆ ਰਖਿਆ ਹੈ ਜਿਸ ਵਿਚੋਂ 7 ਕਰੋੜ ਖਰਚ ਹੋ ਚੁੱਕਿਆ ਹੈ, 7 ਕਰੋੜ ਰੁਪਿਆ ਡਿਸਬਰਸ ਵੀ ਹੋ ਚੁੱਕਾ ਹੈ। ਇਹ ਸਕੀਮ ਸਰਦਾਰ ਦਰਬਾਰਾ ਸਿੰਘ

[ਚੌਧਰੀ ਜਗਜੀਤ ਸਿਘ]

ਜੀ ਨੇ ਇਨ੍ਹਾਂ ਵਾਂਗ ਕਾਗਜ਼ਾਂ ਵਿਚ ਹੀ ਨਹੀਂ ਰੱਖੀ ਬਲਕਿ ਬਿਨਾਂ ਸੂਦ ਕਰਜ਼ਾ ਵੀਕਰ ਸੈਕਸ਼ਨ ਨੂੰ, ਹਰੀਜਨਾਂ ਨੂੰ ਵੰਡਿਆ ਜਾ ਰਿਹਾ ਹੈ। ਮੈਂ ਇਹ ਵੀ ਖੁਸ਼ੀ ਨਾਲ ਕਹਿਣਾ ਚਾਹੁਦਾ ਹਾਂ ਕਿ ਮੇਰੇ ਹਲਕੇ ਵਿਚ ਅਜਨਾਲਾ ਸਾਹਿਬ ਗਏ ਸਨ ਔਰ ਉਥੇ 12 ਲੱਖ ਰੁਪਿਆ ਇਹ ਵੰਡ ਕੇ ਆਏ ਹਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਨ੍ਹਾਂ ਦੀਆਂ ਸਕੀਮਾਂ ਕਾਗਜ਼ਾਂ ਵਿਚ ਸਨ ਪਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਪ੍ਰੈਕਟੀਕਲ ਕੰਮ ਕਰ ਰਹੀ ਹੈ। ਇਹ ਉਨ੍ਹਾਂ ਹਰੀਜਨਾਂ ਨੂੰ ਤਕੜਿਆਂ ਕਰਨ ਵਾਸਤੇ ਚੰਗੀ ਸਕੀਮ ਹੈ। ਇਸ ਤਰ੍ਹਾਂ ਹੀ ਹੋਰ ਜਿਹੜੀਆਂ ਛੋਟੀਆਂ ਛੋਟੀਆਂ ਸਕੀਮਾਂ ਹਨ ਦੁਕਾਨਾਂ ਵਾਸਤੇ ਹਨ ਜਾਂ ਹੋਰ ਜਿਹੜੀਆਂ ਇਸ ਤਰ੍ਹਾਂ ਦੀਆਂ ਸਕੀਮਾਂ ਹਨ ਉਨ੍ਹਾਂ ਦੇ ਤਹਿਤ ਸਰਕਾਰ ਨੇ ਹਰੀਜਨਾਂ ਨੂੰ ਪੈਸੇ ਦੇਣੇ ਹਨ। ਜਦੋਂ ਇਹ ਉਨ੍ਹਾਂ ਨੂੰ ਪੈਸੇ ਦੇਣਗੇ ਤਾਂ ਉਹ ਤਕੜੇ ਹੋਣਗੇ ਔਰ ਇਨ੍ਹਾਂ ਸਕੀਮਾਂ ਦਾ ਪੂਰੀ ਤਰ੍ਹਾਂ ਨਾਲ ਲਾਭ ਉਠਾ ਸਕਣਗੇ। ਇਥੇ ਮੈਂ ਇਕ ਥੋੜ੍ਹਾ ਜਿਹਾ ਸੁਝਾਉ ਵੀ ਦੇਣਾ ਚਾਹੁੰਦਾ ਹਾਂ ਕਿ ਜਿਥੇ ਸਰਕਾਰ ਦੀ ਬੈਂਕਾਂ ਦੀ ਮਾਰਫਤ ਪੈਸਾ ਦੇਣ ਦੀ ਸਕੀਮ ਹੈ ਉਥੇ ਜੇਕਰ ਇਹ ਹੀ ਕਰਜ਼ਾ ਹਰੀਜਨ ਲੈਂਡ ਡਿਵੈਲਪਮੈਂਟ ਅਤੇ ਫਾਈਨਾਂਸ ਕਾਰਪੋਰੇਸ਼ਨ ਰਾਹੀਂ ਦਿਤਾ ਜਾਵੇ ਤਾਂ ਹਰੀਜਨ ਵੀਰ ਹੋਰ ਵੀ ਫਾਇਦਾ ਉਠਾ ਸਕਣਗੇ। ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਅਕਾਲੀ ਪਾਰਟੀ ਦੇ ਲੋਕ ਜਿਹੜੇ ਇਸ ਤਰ੍ਹਾਂ ਦੇ ਅਦਾਰਿਆਂ ਵਿਚ ਬੈਠੇ ਹਨ ਉਹ ਸਰਕਾਰ ਦੀ ਹਰੀਜਨਾਂ ਵਾਸਤੇ ਇਸ ਚੰਗੀ ਸਕੀਮ ਵਿਚ ਅੜਚਨਾਂ ਪੈਦਾ ਕਰਦੇ ਹਨ ਤਾਕਿ ਇਹ ਸਕੀਮ ਫੇਲ੍ਹ ਹੋ ਜਾਵੇ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਇਸ ਗੱਲ ਦਾ ਨੋਟਿਸ ਲੈ ਕੇ, ਤਕੜਿਆਂ ਹੋ ਕੇ 31 ਮਾਰਚ ਤੱਕ ਇਹ ਕਰਜ਼ਾ ਵੰਡ ਦੇਵੇ ਤਾਕਿ ਪੰਜਾਬ ਦੇ ਹਰੀਜਨ ਨੂੰ ਬਹੁਤਾ ਫਾਇਦਾ ਪਹੁੰਚ ਸਕੇ ਔਰ ਉਹ ਆਰਥਕ ਤੌਰ ਤੇ ਤਕੜਾ ਹੋ ਸਕੇ। ਮੈਂ, ਪੰਜਾਬ ਦੀ ਸਰਕਾਰ ਦਾ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਧੰਨਵਾਦੀ ਹਾਂ ਕਿ ਜਿਹੜਾ ਇਨ੍ਹਾਂ ਨੇ 25% ਦੇ ਹਿਸਾਬ ਨਾਲ ਸਾਰਿਆਂ ਮਹਿਕਮਿਆਂ ਦਾ ਰੁਪਿਆ ਰਾਖਵਾਂ ਰੱਖਿਆ ਹੈ। 112 ਕਰੋੜ 77 ਲੱਖ 4 ਹਜ਼ਾਰ ਰੁਪਿਆ ਹੈ ਔਰ ਸਰਕਾਰ ਨੇ 28 ਕਰੋੜ 6 ਲੱਖ 12 ਹਜ਼ਾਰ ਰੁਪਿਆ ਹਰੀਜਨਾਂ ਲਈ ਰਖਿਆ ਹੈ ਜਿਹੜਾ ਕਿ ਹਰੀਜਨਾਂ ਦੀ ਭਲਾਈ ਵਾਸਤੇ ਖਰਚ ਹੋਣਾ ਹੈ ਔਰ ਉਹ ਰੁਪਿਆ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿੱਪ ਥੱਲੇ, ਚੀਫ ਸੈਕਟਰੀ ਸਾਹਿਬ ਦੀ ਚੇਅਰਮੈਨਸ਼ਿੱਪ ਥੱਲੇ ਕਮੇਟੀਆਂ ਬਣਾਈਆਂ ਹਨ ਉਨ੍ਹਾਂ ਰਾਹੀਂ ਖਰਚ ਹੋਣਾ ਹੈ ਔਰ ਹਰੀਜਨਾਂ ਦੀ ਭਲਾਈ ਲਈ ਖਰਚ ਹੋਣਾ ਹੈ। ਮੈਨੂੰ ਪੂਰੀ ਆਸ ਹੈ ਕਿ ਜਦੋਂ ਇਹ ਪੈਸਾ ਪਿੰਡਾਂ ਵਿਚ, ਸ਼ਹਿਰਾਂ ਵਿਚ ਹਰੀਜਨਾਂ ਤੇ ਖਰਚ ਹੋਵੇਗਾ ਤਾਂ ਉਨ੍ਹਾਂ ਦੀ ਆਰਥਕ ਹਾਲਤ ਤਕੜੀ ਹੋਵੇਗੀ ਔਰ ਪੰਜਾਬ ਸਰਕਾਰ ਦਾ ਜੋ ਨਿਸ਼ਾਨਾ ਹੈ ਉਹ ਪੂਰਾ ਹੋਵੇਗਾ। ਪੰਜਾਬ ਦਾ ਹਰੀਜਨ ਤਕੜਾ ਹੋਵੇਗਾ। ਉਹ ਆਰਥਕ ਤੌਰ ਤੇ ਤਕੜਾ ਹੋਵੇਗਾ। ਜੇਕਰ ਪੰਜਾਬ ਦਾ ਹਰੀਜਨ ਤਕੜਾ ਹੋਵੇਗਾ ਤਾਂ ਪੰਜਾਬ ਤਕੜਾ ਹੋਵੇਗਾ। ਇਸ ਦੇ ਨਾਲ ਹੀ ਸਕੀਮ ਹੈ ਕਿ ਪੰਜਾਬ ਸਰਕਾਰ ਨੇ 25 ਲੱਖ ਰੁਪਿਆ ਪਿੰਡਾਂ ਵਿਚ ਹਰੀਜਨਾਂ ਦੀਆਂ ਰੂੜੀਆਂ ਵਾਸਤੇ ਖਰਚ ਕਰਨਾ ਹੈ। ਮੇਰੇ ਜੱਥੇਦਾਰ ਭਰਾ ਜਿਹੜੇ ਪਿੰਡਾਂ ਵਿਚ ਹਨ ਉਹ ਹਰੀਜਨਾਂ ਨੂੰ ਰੂੜੀਆਂ ਨਹੀਂ ਸੁੱਟਣ ਦਿੰਦੇ, ਉਨ੍ਹਾਂ ਲਈ ਰੂੜੀਆਂ ਸੁੱਟਣ ਵਾਸਤੇ ਕੋਈ ਪ੍ਰਾਪਰ ਜਗ੍ਹਾ ਨਹੀਂ ਹੁੰਦੀ ਜਿਸ ਕਰਕੇ ਉਨ੍ਹਾਂ ਦੇ ਵਿਹੜੇ ਗੰਦਗੀ ਫੈਲੀ ਰਹਿੰਦੀ ਹੈ। ਇਹ ਪੰਜਾਬ ਸਰਕਾਰ ਦੀ ਚੰਗੀ ਸਕੀਮ ਹੈ ਜਿਸ ਦੇ ਹੇਠ ਰੂੜੀਆਂ ਸੁੱਟਣ ਵਾਸਤੇ ਸਰਕਾਰ ਨੇ ਇਕ ਇਕ ਮਰਲੇ ਦੇ ਪਲਾਟ ਉਨ੍ਹਾਂ ਨੂੰ ਦੇਣੇ ਹਨ ਔਰ ਇਸ ਤਰ੍ਹਾਂ 25 ਲੱਖ ਰੁਪਿਆ ਖਰਚ ਕਰਨਾ ਹੈ ਤਾਕਿ ਉਨ੍ਹਾਂ ਨੂੰ ਆਪਣੇ ਘਰਾਂ ਦਾ ਕੂੜਾ ਕਰਕਟ ਸੁਟਣ ਲਈ ਤੰਗੀ ਨਾ ਹੋਵੇ ਔਰ ਜਿਹੜੀ ਮੁਹੱਲੇ ਵਿਚ ਗੰਦਗੀ ਪੈਦਾ ਹੋ ਜਾਂਦੀ ਹੈ ਉਹ ਨਾ ਹੋਵੇ। ਜਿਹੜੀ ਰੂੜੀ ਹੈ ਉਹ ਵੀ ਚੰਗੀ ਰੂੜੀ ਬਣੇ ਔਰ ਸਾਡੀ ਐਗਰੀਕਲਚਰਲ ਪ੍ਰੋਡਕਸ਼ਨ ਨੂੰ ਫਾਇਦਾ ਹੋਵੇ। ਚੰਗੀ ਰੂੜੀ ਦੇ ਨਾਲ ਅਸੀਂ ਆਪਣੀ ਪੈਦਾਵਾਰ ਬਹੁਤ ਵਧਾ ਸਕਾਂਗੇ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ

ਨੇ ਬਸਤੀ ਸੁਧਾਰ ਸਕੀਮ ਬਣਾਈ ਹੋਈ ਹੈ ਜਿਸ ਦੇ ਤਹਿਤ ਅਸੀਂ ਪਿੰਡਾਂ ਦੇ ਵਿਚ ਹਰੀਜਨ ਬਸਤੀਆਂ ਨੂੰ ਸੁਧਾਰਨਾ ਹੈ, ਨਾਲਿਆਂ ਨੂੰ ਪੱਕਿਆਂ ਕਰਨਾ ਹੈ । ਇਸ ਦੇ ਵਾਸਤੇ ਵੀ 25 ਲੱਖ ਰੁਪਿਆ ਰੱਖਿਆ ਹੈ। ਇਸ ਦੇ ਵਾਸਤੇ ਮੈਂ ਚੌਧਰੀ ਜਗਤ ਰਾਮ ਜੀ ਨੂੰ ਵਧਾਈ ਦਿੰਦਾ ਹਾਂ। ਮੈਨੂੰ ਆਸ ਹੈ ਕਿ ਇਹ ਰੁਪਿਆ ਵੀ ਜਲਦੀ ਜਲਦੀ ਹਰੀਜਨਾਂ ਦੀ ਭਲਾਈ ਵਾਸਤੇ ਖਰਚ ਹੋ ਜਾਵੇਗਾ। ਪਹਿਲਾਂ ਤਾਂ ਇਹ ਹੁੰਦਾ ਸੀ ਕਿ ਜਿਹੜਾ ਰੁਪਿਆ ਮਨਜ਼ੂਰ ਹੁੰਦਾ ਸੀ ਉਹ ਹਰੀਜਨਾਂ ਨੂੰ ਨਹੀਂ ਸੀ ਜਾਣ ਦਿਤਾ ਜਾਂਦਾ। ਜਿਹੜਾ ਰੁਪਿਆ ਮਨਜ਼ੂਰ ਹੋ ਕੇ ਜਾਂਦਾ ਹੁੰਦਾ ਸੀ ਤਕੜੇ ਲੋਕ ਉਸ ਨਾਲ ਆਪਣੇ ਵਿਹੜੇ ਤੇ ਫਰਸ਼ ਪੱਕੇ ਕਰ ਲੈਂਦੇ ਸਨ । ਹੁਣ ਇਹ ਰੁਪਿਆ ਸਹੀ ਤਰੀਕੇ ਨਾਲ ਖਰਚ ਹੋ ਰਿਹਾ ਹੈ ।

ਸਪੀਕਰ ਸਾਹਿਬ, ਇਕ ਹਰੀਜਨਾਂ ਲਈ ਧਰਮਸ਼ਾਲਾਵਾਂ ਦੀ ਬਹੁਤ ਜ਼ਰੂਰਤ ਪਿੰਡਾਂ ਵਿਚ ਹੈ। ਉਹ ਆਪਣਾ ਪੈਸਾ ਇਕੱਠਾ ਕਰਕੇ ਤਾਂ ਧਰਮਸ਼ਾਲਾ ਬਣਾ ਨਹੀਂ ਸਕਦੇ ਇਸ ਲਈ, ਪੰਜਾਬ ਦੀ ਸਰਕਾਰ ਨੇ ਉਨ੍ਹਾਂ ਵਾਸਤੇ ਧਰਮਸ਼ਾਲਾਵਾਂ ਬਣਾਉਣ ਲਈ ਔਰ ਉਨ੍ਹਾਂ ਦੀ ਰਿਪੇਅਰ ਲਈ 30 ਲੱਖ ਰੁਪਿਆ ਰੱਖਿਆ ਹੈ । ਮੈਂ ਇਸ ਦੇ ਲਈ ਸਰਕਾਰ ਦਾ ਔਰ ਸਰਦਾਰ ਦਰਬਾਰਾ ਸਿੰਘ ਜੀ ਦਾ ਧੰਨਵਾਦੀ ਹਾਂ ਪਰ ਮੈਂ ਆਸ ਕਰਦਾ ਹਾਂ ਕਿ ਇਸ ਕੰਮ ਨੂੰ ਪਹਿਲ ਦਿਤੀ ਜਾਏਗੀ। ਇਸ ਬਾਰੇ ਮੈਂ ਇਕ ਸੁਝਾਓ ਦੇਵਾਂਗਾ ਕਿ ਸਰਕਾਰ ਧਰਮਸ਼ਾਲਾ ਲਈ 10 ਹਜ਼ਾਰ ਰੁਪਏ ਦਿੰਦੀ ਹੈ ਪਰ ਮਹਿੰਗਾਈ ਦੇ ਕਾਰਣ ਬਿਲਡਿੰਗ ਮੈਟੀਰੀਅਲ ਬਹੁਤ ਮਹਿੰਗਾ ਹੋ ਗਿਆ ਹੈ ਔਰ ਦਸ ਹਜ਼ਾਰ ਨਾਲ ਧਰਮਸ਼ਾਲਾ ਬਣ ਨਹੀਂ ਸਕੇਗੀ। ਇਸ ਲਈ, ਇਹ ਹਦ ਦਸ ਹਜ਼ਾਰ ਤੋਂ ਵਧਾ ਕੇ ਪੰਦਰਾਂ ਹਜ਼ਾਰ ਕਰ ਦੇਣੀ ਚਾਹੀਦੀ ਹੈ ਤਾਕਿ ਧਰਮਸ਼ਾਲਾ ਚੰਗੇ ਤਰੀਕੇ ਨਾਲ ਬਣ ਸਕੇ । ਇਸੇ ਤਰ੍ਹਾਂ ਹੀ ਦੂਜਾ ਜਿਹੜਾ ਮੈਟੀਰੀਅਲ ਹੈ, ਜਿਸ ਤਰ੍ਹਾਂ ਕਿ ਸੀਮਿੰਟ ਹੈ, ਇੱਟਾਂ ਹਨ ਜਾਂ ਹੋਰ ਸਮੱਗਰੀ ਹੈ ਉਹ ਵੀ ਮਿਲਦੀਆਂ ਨਹੀਂ ਹਨ । ਇਸ ਲਈ ਧਰਮਸ਼ਾਲਾਵਾਂ ਵਾਸਤੇ ਇਸ ਤਰ੍ਹਾਂ ਦੀ ਸਮੱਗਰੀ ਦਾ ਪ੍ਰਬੰਧ ਕਰਕੇ ਦੇਣਾ ਚਾਹੀਦਾ ਹੈ । ਮੈਂ ਬੇਨਤੀ ਕਰਾਂਗਾ ਕਿ ਹਰੀਜਨ ਧਰਮਸ਼ਾਲਾਵਾਂ, ਜਿਹੜੀਆਂ ਕਿ ਅਕਾਲੀ ਸਰਕਾਰ ਵੇਲੇ ਅਧੂਰੀਆਂ ਰੱਖੀਆਂ ਗਈਆਂ ਸਨ, ਕਿਸੇ ਦੇ ਦਰਵਾਜ਼ੇ ਨਹੀਂ ਸਨ ਲਗਾਏ ਗਏ, ਤਖਤੇ ਨਹੀਂ ਲੱਗੇ, ਉਨ੍ਹਾਂ ਲਈ ਵੀ ਪੈਸੇ ਦਿੱਤੇ ਜਾਣ ਤਾਕਿ ਉਹ ਪੂਰੀਆਂ ਹੋ ਸਕਣ।

ਇਹ ਜਿਹੜੀਆਂ ਹਰੀਜਨਾਂ ਲਈ ਧਰਮਸ਼ਾਲਾਵਾਂ ਹਨ ਇਨ੍ਹਾਂ ਨੂੰ ਪੂਰਾ ਕਰਨ ਵਾਸਤੇ ਸਾਰੀਆਂ ਚੀਜ਼ਾਂ ਸਾਡੀ ਸਰਕਾਰ ਨੇ ਮੁਹੱਈਆ ਕੀਤੀਆਂ ਹਨ ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਛੇਵੀਂ ਪਲਾਨ ਦੇ ਵਿਚ ਸਾਡੀ ਸਰਕਾਰ ਨੇ ਹਰੀਜਨਾਂ ਦੀ ਬੇਹਤਰੀ ਵਾਸਤੇ 32 ਕਰੋੜ ਰੁਪਿਆ ਰੱਖਿਆ ਹੈ ਤਾਕਿ ਪੰਜਾਬ ਦਾ ਹਰੀਜਨ ਤਕੜਾ ਹੋਵੇ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਕੀਮਾਂ ਸਾਡੀ ਸਰਕਾਰ ਨੇ ਬਣਾਈਆਂ ਹਨ । ਸਾਡੀ ਸਰਕਾਰ ਨੇ ਹਰੀਜਨਾਂ ਦੀ ਐਜੂਕੇਸ਼ਨ ਵੱਲ ਵੀ ਬੜਾ ਧਿਆਨ ਦਿੱਤਾ ਹੈ। ਹਰੀਜਨਾਂ ਦੀਆਂ ਲੜਕੀਆਂ ਨੂੰ ਜਿਹੜਾ ਪਹਿਲੇ ਸਕਾਲਰਸ਼ਿੱਪ ਦਿੱਤਾ ਜਾਂਦਾ ਸੀ ਉਸ ਵਿਚ ਵੀ ਵਾਧਾ ਕੀਤਾ ਹੈ । ਜਿਹੜੀਆਂ ਲੜਕੀਆਂ ਬੀ.ਏ. ਜਾਂ ਐਮ.ਏ. ਕਰਦੀਆਂ ਹਨ ਉਨ੍ਹਾਂ ਨੂੰ ਹੁਣ ਸਕਾਲਰਸ਼ਿਪ ਵਿਚ 40 ਰੁਪਏ ਔਰ 50 ਰੁਪਏ ਹੋਰ ਦੇਣ ਦਾ ਯਤਨ ਕੀਤਾ ਹੈ। ਸਾਡੀ ਸਰਕਾਰ ਚਾਹੁੰਦੀ ਹੈ ਕਿ ਜਿਹੜੀਆਂ ਹਰੀਜਨਾਂ ਦੀਆਂ ਲੜਕੀਆਂ ਹਨ ਉਹ ਵੀ ਚੰਗੀ ਵਿਦਿਆ ਪ੍ਰਾਪਤ ਕਰ ਸਕਣ।

ਸ੍ਰੀ ਸਪੀਕਰ : ਹੁਣ ਤੁਸੀਂ ਜਲਦੀ ਵਾਈਂਡ ਅੱਪ ਕਰੋ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ 2-3 ਗੱਲਾਂ ਹੋਰ ਕਰਨੀਆਂ ਹਨ । ਜਿਹੜੇ

[ਚੌਧਰੀ ਜਗਜੀਤ ਸਿੰਘ]

ਹਰੀਜਨਾਂ ਦੇ ਬੱਚਿਆਂ ਨੂੰ ਪਹਿਲੇ 7ਵੀਂ-8ਵੀਂ ਤਕ ਹਿਸਾਬ, ਇੰਗਲਿਸ਼ ਅਤੇ ਸਾਇੰਸ ਲਈ ਵਖਰੀ ਕੋਚਿੰਗ ਦਿਤੀ ਜਾਂਦੀ ਸੀ ਉਸ ਨੂੰ ਵੀ ਹੁਣ ਸਰਕਾਰ ਨੇ ਵਧਾ ਕੇ 9ਵੀਂ-10ਵੀਂ ਤਕ ਕਰ ਦਿਤਾ ਹੈ। ਤਾਕਿ ਜਿਹੜੇ ਬਚੇ ਵਡੀਆਂ ਕਲਾਸਾਂ ਵਿਚ ਵੀ ਇਨ੍ਹਾਂ ਸਬਜੈਕਟਸ ਵਿਚ ਕਮਜ਼ੋਰ ਰਹਿ ਜਾਂਦੇ ਹਨ ਉਹ ਕਲਾਸ ਤੋਂ ਬਾਅਦ ਇਹ ਕੋਚਿੰਗ ਅਟੈਂਡ ਕਰ ਸਕਣ। ਇਸ ਲਈ, ਵੀ ਮੈਂ ਆਪਣੀ ਸਰਕਾਰ ਦਾ ਬੜਾ ਧੰਨਵਾਦੀ ਹਾਂ। ਇਸੇ ਤਰ੍ਹਾਂ ਹੀ ਜਿਹੜੀਆਂ ਕਿਤਾਬਾਂ ਅਗੇ 8ਵੀਂ ਤੱਕ ਹੀ ਹਰੀਜਨ ਦੇ ਬੱਚਿਆਂ ਨੂੰ ਦਿਤੀਆਂ ਜਾਂਦੀਆਂ ਸਨ ਉਹ ਵੀ ਵਧਾ ਕੇ ਸਰਕਾਰ ਨੇ ਉਪਰਲੀਆਂ ਕਲਾਸਾਂ ਵਿਚ ਪੜ੍ਹਨ ਵਾਲਿਆਂ ਬੱਚਿਆਂ ਨੂੰ ਵੀ ਇਹ ਕਿਤਾਬਾਂ ਸਰਕਾਰ ਵਲੋਂ ਦੇਣ ਦਾ ਬੜਾ ਵਡਾ ਕੰਮ ਕੀਤਾ ਹੈ। ਇਸ ਲਈ ਮੈਂ ਸਰਕਾਰ ਦਾ ਧੰਨਵਾਦੀ ਹਾਂ।

ਸ੍ਰੀ ਸਪੀਕਰ : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ।

ਚੌਧਰੀ ਜਗਜੀਤ ਸਿਘ : ਬੱਸ ਜੀ, ਮੈਂ ਇਕ ਮਿੰਟ ਵਿਚ ਹੀ ਆਪਣੀ ਸਪੀਚ ਖ਼ਤਮ ਕਰ ਦਿੰਦਾ ਹਾਂ। ਸਾਡੀ ਸਰਕਾਰ ਨੇ ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਸਕੀਮਾਂ ਹਰੀਜਨਾਂ ਦੀ ਭਲਾਈ ਵਾਸਤੇ ਚਾਲੂ ਕੀਤੀਆਂ ਹੋਈਆਂ ਹਨ। (ਵਿਘਨ) ਬੱਸ ਜੀ, ਮੈਂ ਖਤਮ ਹੀ ਕਰਨ ਲਗਾ ਹਾਂ। ਅੰਤ ਵਿੱਚ, ਮੈਂ ਇਨ੍ਹਾਂ ਭਰਾਵਾਂ ਨੂੰ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ 21 ਤਾਰੀਕ ਨੂੰ ਇਥੇ ਰੋਸ ਪ੍ਰਗਟ ਕੀਤਾ ਸੀ ਉਹ ਕੋਈ ਚੰਗੇ ਤਰੀਕੇ ਨਾਲ ਨਹੀਂ ਕੀਤਾ। ਇਨ੍ਹਾਂ ਲਈ ਇਹ ਬਿਲਕੁਲ ਠੀਕ ਨਹੀਂ ਸੀ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ। ਆਈ ਡੂ ਨਾਟ ਅਲਾਓ।

ਚੌਧਰੀ ਜਗਜੀਤ ਸਿਘ : ਐਨਾ ਕਹਿਦਾ ਹੋਇਆ ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਅਤੇ ਆਪਣੀ ਸਪੀਚ ਖ਼ਤਮ ਕਰਦਾ ਹਾਂ।

ਸਰਦਾਰ ਬਸਤ ਸਿਘ (ਅਨਦਪੁਰ ਸਾਹਿਬ, ਰੋਪੜ) : ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਹੋਇਆ ਹੈ ਮੈਂ ਇਸ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਇਸ ਐਡਰੈਸ ਵਿਚ ਗੌਰਮਿੰਟ ਦੀਆਂ ਬੜੀਆਂ ਉਸਾਰੂ ਸਕੀਮਾਂ ਵਲ ਧਿਆਨ ਦਿਵਾਇਆ ਗਿਆ ਹੈ ਔਰ ਪੰਜਾਬ ਸਰਕਾਰ ਦੀ ਪਾਲਿਸੀ ਬਾਰੇ ਸਾਰੀਆਂ ਗਾਈਡ ਲਾਈਨਜ਼ ਦਸੀਆਂ ਗਈਆਂ ਹਨ। ਸਪੀਕਰ ਸਾਹਿਬ, ਇਥੇ ਜਿਨਸ ਦੇ ਭਾਵਾਂ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਸਾਡੀ ਸਰਕਾਰ ਨੇ ਇਸ ਵਲ ਬਹੁਤ ਧਿਆਨ ਦਿੱਤਾ ਹੈ ਅਤੇ ਬੜਾ ਅੱਛਾ ਪ੍ਰੋਗਰਾਮ ਬਣਾ ਕੇ ਸਾਰਿਆਂ ਦਾ ਖਿਆਲ ਰੱਖਿਆ ਹੈ। ਸਾਡੀ ਪਾਰਟੀ ਦਾ ਸਰਵ ਸਾਂਝਾ ਪ੍ਰੋਗਰਾਮ ਹੁੰਦਾ ਹੈ। ਕਿਸੇ ਇਕੱਲੇ ਦਾ ਪ੍ਰੋਗਰਾਮ ਨਹੀਂ ਹੁੰਦਾ। ਸਭ ਦੇ ਹਿੱਤਾਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਕਿਸਾਨਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ, ਹਰੀਜਨਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ, ਜ਼ਿਮੀਂਦਾਰਾਂ ਦਾ ਵੀ ਧਿਆਨ ਰਖਿਆ ਜਾਂਦਾ ਹੈ ਅਤੇ ਖੱਪਤਕਾਰਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਸਾਡੀ ਪਾਰਟੀ ਦੇ ਮੈਂਬਰ ਸ਼ਹਿਰਾਂ ਵਿਚ ਹੋਰ ਗੱਲ ਅਤੇ ਪਿੰਡਾਂ ਵਿਚ ਹੋਰ ਗੱਲ ਨਹੀਂ ਕਰਦੇ। ਸਭ ਦਾ ਸਾਂਝਾ ਪ੍ਰੋਗਰਾਮ ਬਣਾਇਆ ਜਾਂਦਾ ਹੈ ਅਤੇ ਉਸ ਵਿਚ ਸਭ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਂਦਾ ਹੈ। ਜਿਹੜਾ ਮੇਰੀ ਪਾਰਟੀ ਦਾ ਪ੍ਰੋਗਰਾਮ ਹੈ, ਜਿਸ ਨੂੰ ਕਿ ਸ੍ਰੀਮਤੀ ਇੰਦਰਾ ਗਾਂਧੀ ਲੀਡ ਕਰ ਰਹੀ ਹੈ। ਸ੍ਰੀਮਤੀ ਇੰਦਰਾ ਗਾਂਧੀ ਸਿਰਫ ਹਿੰਦੁਸਤਾਨ ਦੀ ਹੀ ਮਹਾਨ ਲੀਡਰ ਨਹੀਂ ਬਲਕਿ ਸਾਰੀ ਦੁਨੀਆਂ ਭਰ ਦੀ ਮਹਾਨ ਲੀਡਰ ਹੈ। ਹਰ ਵਰਗ ਦਾ ਵਿਅੱਕਤੀ ਉਸਨੂੰ ਆਪਣਾ ਲੀਡਰ ਮੰਨਦਾ ਹੈ। ਸ੍ਰੀਮਤੀ ਇੰਦਰਾ ਗਾਂਧੀ ਜੋ ਕਹਿੰਦੀ ਹੈ

ਉਹ ਪੂਰਾ ਕਰਦੀ ਹੈ । ਇਨ੍ਹਾਂ ਆਪੋਜ਼ੀਸ਼ਨ ਪਾਰਟੀ ਵਾਂਗ ਨਹੀਂ, ਕਹਿਣਾ ਕੁਝ ਅਤੇ ਕਰਨਾ ਕੁਝ, ਉਹ ਜੋ ਵਾਇਦਾ ਕਰਦੀ ਹੈ ਉਹ ਪੂਰਾ ਕਰਦੀ ਹੈ । ਉਸ ਨੇ ਕਿਹਾ ਬੰਗਲਾ ਦੇਸ਼ ਬਣਾਵਾਂਗੇ ਅਤੇ ਉਥੋਂ ਦੇ ਲੋਕਾਂ ਦੇ ਹਵਾਲੇ ਕਰਾਂਗੇ। ਉਹ ਕਰਕੇ ਵਿਖਾਇਆ। ਜਿਸ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਨੂੰ ਜਿੱਤ ਕੇ ਫਿਰ ਵਭੀਸ਼ਣ ਦੇ ਹਵਾਲੇ ਕਰ ਦਿੱਤਾ ਸੀ, ਉਸੇ ਤਰ੍ਹਾਂ ਹੀ ਸ੍ਰੀਮਤੀ ਇੰਦਰਾ ਗਾਂਧੀ ਨੇ ਬੰਗਲਾ ਦੇਸ਼ ਬਣਾ ਕੇ ਉਨ੍ਹਾਂ ਦੇ ਹਵਾਲੇ ਕੀਤਾ ਹੈ ।

ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਿਸ ਪਾਰਟੀ ਦੀ ਲੀਡਰ ਸ੍ਰੀਮਤੀ ਇੰਦਰਾ ਗਾਂਧੀ ਹੋਵੇ ਉਹ ਪਾਰਟੀ ਕਦੇ ਮਰ ਨਹੀਂ ਸਕਦੀ। ਸ੍ਰੀਮਤੀ ਇੰਦਰਾ ਗਾਂਧੀ ਦੀ ਪਾਰਟੀ ਵਿਚ ਹਿੰਦੂ, ਸਿਖ, ਮੁਸਲਮਾਨ ਦਾ ਕੋਈ ਭੇਦ ਭਾਵ ਨਹੀਂ ਹੈ । ਉਹ ਸਾਰੇ ਵਰਗਾਂ ਨੂੰ ਇਕੋ ਜਿਹਾ ਹੀ ਸਮਝਦੀ ਹੈ । ਪਰ ਸਾਡੇ ਇਸ ਆਪੋਜ਼ੀਸ਼ਨ ਦੇ ਸਾਮ੍ਹਣੇ ਸਿਰਫ ਅਕਾਲੀ ਹੀ ਹਨ। ਹੋਰ ਕੋਈ ਵਰਗ ਦਾ ਇਨ੍ਹਾਂ ਨੂੰ ਖਿਆਲ ਨਹੀਂ। ਇਸੇ ਲਈ ਹੀ ਇਨ੍ਹਾਂ ਦੀ ਸਰਕਾਰ ਨਹੀਂ ਬਣਦੀ। ਜੇ ਬਣਦੀ ਹੈ ਤਾਂ ਫਿਰ ਟੁਟ ਜਾਂਦੀ ਹੈ । ਜਿਹੜਾ ਇਨ੍ਹਾਂ ਦਾ ਅਨੰਦਪੁਰ ਸਾਹਿਬ ਦਾ ਮਤਾ ਹੈ ਉਸ ਨੂੰ ਬਾਰ ਬਾਰ ਪੜ੍ਹਨ ਤੇ ਵੀ ਪਤਾ ਨਹੀਂ ਲਗਦਾ ਕਿ ਇਨ੍ਹਾਂ ਦਾ ਪ੍ਰੋਗਰਾਮ ਕੀ ਹੈ ।

11.18 ਵਜੇ ਪੂਰਵ ਦੁਪਹਿਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਜਿਹੜਾ ਪ੍ਰੋਗਰਾਮ ਹੈ ਜਿਹੜਾ 20 ਔਰ 5 ਪੁਆਇਟ ਦਾ ਪ੍ਰੋਗਰਾਮ ਹੈ ਇਹ ਬਹੁਤ ਅੱਛਾ ਪ੍ਰੋਗਰਾਮ ਹੈ। ਇਹ ਜਿਹੜਾ ਫੈਮਿਲੀ ਪਲਾਨਿੰਗ ਦਾ ਪ੍ਰੋਗਰਾਮ ਹੈ ਇਹ ਬਹੁਤ ਅੱਛਾ ਹੈ । ਇਥੋਂ ਹੀ ਮਾਨਸ ਕੀ ਜਾਤ ਸਭੈ ਇਕੋ ਹੀ ਪਹਿਚਾਨਬੋ ਵਾਲੀ ਗਲ ਨਜ਼ਰ ਆਉਂਦੀ ਹੈ। ਇਹ ਅਕਾਲੀ ਭਰਾ ਸਿਰਫ ਆਪਣੀ ਪਾਰਟੀ ਦੀ ਹੀ ਗੱਲ ਸੋਚਦੇ ਹਨ। ਪਰ ਸਾਡੀ ਪਾਰਟੀ ਸਿਰਫ ਪੰਜਾਬ ਦੀ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੀ ਭਲਾਈ ਦਾ ਧਿਆਨ ਰਖਦੀ ਹੈ । ਸਾਡੇ ਹਿੰਦੁਸਤਾਨ ਵਿਚ ਹਰ ਸਾਲ ਇਕ ਨਵਾਂ ਪੰਜਾਬ ਪੈਦਾ ਹੋ ਜਾਂਦਾ ਹੈ । ਜੇ ਇਸੇ ਤਰੀਕੇ ਨਾਲ ਅਬਾਦੀ ਵਧਦੀ ਰਹੀ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਸ ਧਰਤੀ ਤੇ ਟਰੱਕ, ਕਾਰਾਂ ਵੀ ਖੜ੍ਹੀਆਂ ਹੋਣ ਦੀ ਜਗ੍ਹਾ ਵੀ ਨਹੀਂ ਰਹਿਣੀ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜੋ ਅੰਕੜੇ ਸਰਕਾਰ ਦਿੰਦੀ ਹੈ ਜਾਂ ਬਾਦਲ ਸਾਹਿਬ ਦਿੰਦੇ ਹਨ ਉਹ ਸਭ ਹੀ ਠੀਕ ਹੁੰਦੇ ਹਨ। ਅਸਲ ਵਿਚ ਗੱਲ ਇਹ ਹੈ ਜੇ ਇਨ੍ਹਾਂ ਅੰਕੜੇ ਇਕੱਠੇ ਕਰਨ ਵਾਲਿਆਂ ਨਾਲ ਹੀ ਗਲ ਕਰੀਏ ਤਾਂ ਉਹ ਵੀ ਇਹ ਕਹਿੰਦੇ ਹਨ ਕਿ ਇਹ ਅੰਕੜੇ ਬੜੇ ਮਿਸਲੀਡਿੰਗ ਹਨ। ਕੁਝ ਅੰਕੜੇ 30 ਸਾਲ ਦੇ ਦਿੱਤੇ ਜਾਂਦੇ ਹਨ ਅਤੇ ਕੁਝ ਅੰਕੜੇ 2 ਸਾਲ ਦੇ ਹੀ ਦਿੱਤੇ ਜਾਂਦੇ ਹਨ। ਅੱਜ ਇਹ ਆਪੋਜ਼ੀਸ਼ਨ ਦੇ ਮੈਂਬਰ ਕਹਿੰਦੇ ਹਨ ਕਿ ਪਿਛਲੇ 30-32 ਸਾਲਾਂ ਵਿਚ ਕੋਈ ਤਰੱਕੀ ਨਹੀਂ ਹੋਈ । ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਇਹ ਆਪ ਹੀ ਦੱਸਣ ਅਜ ਤੋਂ 30 ਸਾਲ ਪਹਿਲੇ ਕੀ ਸਾਡੇ ਕੋਲ ਐਨੀਆਂ ਕਾਰਾਂ ਸਨ, ਕੀ ਐਨੇ ਟਰੱਕ ਸਨ, ਕੀ ਐਨੀ ਇੰਡਸਟਰੀ ਸੀ ? ਇਹ ਆਪਣੇ ਵੱਲ ਹੀ ਵੇਖਣ, ਅੱਜ ਤੋਂ 30 ਸਾਲ ਪਹਿਲੇ ਕੀ ਇਹੋ ਜਿਹੇ ਹੀ ਕਪੜੇ ਪਾਉਂਦੇ ਸਨ। ਅਜ ਇਨ੍ਹਾਂ ਵਿਚ ਕਿੰਨੀ ਤਰੱਕੀ ਹੋਈ ਹੈ । ਦੇਸ਼ ਵਿਚ ਕਿੰਨੀ ਤਰੱਕੀ ਹੋਈ ਹੈ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਪਿਛਲੇ 30 ਸਾਲਾਂ ਵਿਚ ਇਸ ਦੇਸ਼ ਵਿਚ ਜੋ ਸਾਡੀ ਪਾਰਟੀ ਵਲੋਂ, ਪੰਡਿਤ ਨਹਿਰੂ ਅਤੇ ਸ੍ਰੀਮਤੀ ਇੰਦਰਾ ਗਾਂਧੀ ਵਲੋਂ, ਜੋ ਕੰਮ ਕੀਤੇ ਗਏ ਹਨ ਇਹ ਸਭ ਉਸ ਦਾ ਹੀ ਨਤੀਜਾ ਹੈ ।

[ਸਰਦਾਰ ਬਸੰਤ ਸਿੰਘ]

ਇਸ ਤੋਂ ਇਲਾਵਾ, ਸ਼੍ਰੀਮਤੀ ਇਦਰਾ ਗਾਂਧੀ ਜੀ ਪਿਛੇ ਪੰਜਾਬ ਵਿਚ ਆਏ ਔਰ ਉਨ੍ਹਾਂ ਨੇ ਟੇ ਟ ਣ ਥਰਮਲ ਪਲਾਂਟ ਦਾ ਨੀਂਹ ਪੱਥਰ ਰੱਖਿਆ । ਭਾਖੜਾ ਡੈਮ ਦਾ ਨੀਂਹ ਪੱਥਰ ਸ੍ਰੀ ਨਹਿਰੂ ਜੀ ਨੇ ਰੱਖਿਆ ਸੀ ਪਰ ਸਾਡੇ ਸੀ.ਪੀ.ਆਈ. ਦੇ ਭਰਾ ਲੋਕਾਂ ਨੂੰ ਪਿਡਾਂ ਵਿਚ ਜਾ ਕੇ ਗੁਮਰਾਹ ਕਰਦੇ ਰਹੇ ਕਿ ਸਰਕਾਰ ਇਸ ਭਾਖੜਾ ਡੈਮ ਦੇ ਪਾਣੀ ਵਿਚੋਂ ਬਿਜਲੀ ਕਢ ਲੈਂਦੀ ਹੈ ਅਤੇ ਲੋਕਾਂ ਨੂੰ ਪਾਣੀ ਫੋਕਾ ਦਿਦੀ ਹੈ ਜਿਸ ਕਰਕੇ ਪੈਦਾਵਾਰ ਘੱਟ ਹੁੰਦੀ ਹੈ । ਇਸੇ ਤਰ੍ਹਾਂ ਬਠਿਡਾ ਪਾਵਰ ਪਲਾਂਟ ਹੈ ਉਥੇਂ ਵੀ ਬਿਜਲੀ ਪੈਦਾ ਹੋ ਰਹੀ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਵਾਈਂਡ ਅਪ ਕਰੋ ਜੀ ।

ਸਰਦਾਰ ਬਸੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਨੂੰ ਟਾਈਮ ਬੜੀ ਦੇਰ ਬਾਅਦ ਮਿਲਿਆ ਹੈ ਇਸ ਲਈ ਮੈਨੂੰ ਟਾਈਮ ਜ਼ਿਆਦਾ ਦਿਓ । ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਮੈਂ ਕੁਝ ਗੱਲਾਂ ਇਸ ਲਈ ਇਥੇ ਕਰਨੀਆਂ ਚਾਹੁਦਾ ਹਾਂ ਤਾਕਿ ਅਕਾਲੀਆਂ ਨੂੰ ਅਕਲ ਆ ਸਕੇ ਅਤੇ ਸ਼ਾਇਦ ਇਨ੍ਹਾਂ ਦੇ ਦਿਮਾਗ ਵਿਚ ਕੋਈ ਗਲ ਚ ਗੀ ਬੈਠ ਜਾਵੇ । ਇਨ੍ਹਾਂ ਅਕਾਲੀਆਂ ਨੂੰ ਨਾ ਤਾਂ ਪੰਜਾਬ ਚਾਹੀਦਾ ਹੈ, ਨਾ ਪੰਜਾਬੀ ਸੂਬਾ ਅਤੇ ਨਾ ਹੀ ਸਿੱਖਾਂ ਲਈ ਹੋਮਲੈਂਡ ਚਾਹੀਦੀ ਹੈ ਇਨ੍ਹਾਂ ਨੂੰ ਸਿਰਫ ਚਾਹੀਦੀਆਂ ਹਨ 'ਕੁਰਸੀਆਂ" ਪਰ ਕੁਰਸੀਆਂ ਤੇ ਇਹ ਕੰਮ ਕਰ ਨਹੀਂ ਸਕਦੇ । (ਘੰਟੀ)

ਇਹ ਜਿਹੜਾ 25 ਨੁਕਾਤੀ ਪ੍ਰੋਗਰਾਮ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਦਿਤਾ ਹੈ ਉਸ ਨੂੰ ਸਰਦਾਰ ਦਰਬਾਰਾ ਸਿੰਘ ਬੜੀ ਲਗਨ ਦੇ ਨਾਲ ਲਾਗੂ ਕਰ ਰਹੇ ਹਨ ਤਾਕਿ ਗਰੀਬ ਲੋਕਾਂ ਦੀ ਭਲਾਈ ਹੋ ਸਕੇ । ਇਸ ਦੇ ਨਾਲ ਹੀ ਮੈਂ (ਘੰਟੀ) ਖਤਮ ਕਰਦਾ ਹਾਂ ।

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ) : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਵਿਚ ਸਾਰੇ ਮੈਂਬਰ ਸਾਹਿਬਾਨ ਨੂੰ ਇਕ ਦੂਜੇ ਦੀ ਗੱਲ ਬੜੇ ਧਿਆਨ ਨਾਲ ਸੁਣਨੀ ਚਾਹੀਦੀ ਹੈ ਅਤੇ ਜਿਥੇ ਸਰਕਾਰ ਦੀਆਂ ਪ੍ਰਾਪਤੀਆਂ ਹਨ ਉਥੇ ਤਾਰੀਫ ਵੀ ਕਰਨੀ ਚਾਹੀਦੀ ਹੈ ਜਿਥੇ ਖਾਮੀਆਂ ਹਨ ਉਥੇ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ । ਮੈਂਬਰਾਂ ਨੂੰ ਇਥੇ ਬੋਲਣ ਦਾ ਹੱਕ ਹੈ । ਜਿਸ ਦੇ ਨਾਲ ਸੂਬੇ ਦੀ ਤਰੱਕੀ ਹੋ ਸਕੇ ਅਤੇ ਲੋਕਾਂ ਦੀ ਭਲਾਈ ਹੋ ਸਕੇ । ਮੈਂ ਪਿਛਲੇ 3–4 ਦਿਨਾਂ ਤੋਂ ਗਵਰਨਰ ਐਡਰੈਸ ਤੇ ਬਹਿਸ ਸੁਣੀ ਹੈ ਔਰ ਇਸ ਤੋਂ ਇਹ ਪਤਾ ਲਗਦਾ ਹੈ ਕਿ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਇਸ ਐਡਰੈਸ ਨੂੰ ਪੜ੍ਹਿਆ ਤੱਕ ਨਹੀਂ ਹੈ । ਇਨ੍ਹਾਂ ਨੇ ਸਿਰਫ ਆਖਿਰ ਵਿਚ ਲਫਜ਼ ਧੰਨਵਾਦ ਦਾ ਪੜ੍ਹ ਲਿਆ ਹੈ ਔਰ ਸਾਰੇ ਹੀ ਗਵਰਨਰ ਸਾਹਿਬ ਦੇ ਧੰਨਵਾਦੀ ਬਣ ਗਏ ਹਨ । ਕਦੇ ਇਹ ਪੰਜਾਬ ਦੀ ਸਰਕਾਰ ਦਾ ਧੰਨਵਾਦ ਕਰਦੇ ਹਨ ਅਤੇ ਕਦੇ ਕੋਈ ਦਿੱਲੀ ਦੀ ਸਰਕਾਰ ਦਾ ਧੰਨਵਾਦ ਕਰਦਾ ਹੈ । ਇਸ ਦੇ ਵਿਚੋਂ ਜੋ ਨਤੀਜਾ ਮੈਂ ਕੱਢਿਆ ਹੈ ਉਹ ਤੁਸੀਂ ਇਥੇ ਨੋਟ ਕਰ ਲਵੋ । ਇਕ ਗੱਲ ਗਵਰਨਰ ਐਡਰੈਸ ਵਿਚ 19 ਸਫੇ ਤੇ ਲਿਖਿਆ ਹੈ ਕਿ 50% ਰੂਟ ਪਰਮਿਟ ਪਛੜੀਆਂ ਸ੍ਰੇਣੀਆਂ ਨੂੰ ਦਿੱਤੇ ਜਾਣਗੇ । ਮੈਂ ਵੀ ਸਮਝਦਾ ਸੀ ਕਿ ਸਰਕਾਰ ਗਰੀਬ ਲੋਕਾਂ ਦਾ ਭਲਾ ਕਰਨਾ ਚਾਹੁੰਦੀ ਹੈ ਪਰ ਜੋ ਕੁਝ ਇਥੇ 22 ਤਾਰੀਕ ਨੂੰ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨ ਦਾ ਮਤਾ ਸਰਦਾਰ ਉਜਾਗਰ ਸਿੰਘ ਤੋਂ ਪੇਸ਼ ਕਰਵਾ ਦਿੱਤਾ ਔਰ ਮਤੇ ਨੂੰ ਪਾਸ ਕਰਵਾ ਦਿੱਤਾ ਕਿ ਅਸੀਂ ਪ੍ਰਾਈਵੇਟ ਟਰਾਂਸਪੋਰਟ ਦਾ ਕੌਮੀਕਰਨ ਕਰਾਂਗੇ । ਤੁਸੀਂ ਮੈਨੂੰ ਇਕ ਗੱਲ ਹੀ ਦੱਸ ਦਿਓ ਕਿ ਸੱਚਾਈ ਕੀ ਹੈ ? ਕਿਸ ਨੂੰ ਅਡਾਪਟ ਕਰਨਾ ਚਾਹੁੰਦੇ ਹੋ ? ਆਇਆ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਚਾਹੁੰਦੇ ਹੋ ਜਾਂ ਪਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਰੂਟ ਪਰਮਿਟ ਦੇਣਾ ਚਾਹੁੰਦੇ ਹੋ । ਅਗਰ ਕੌਮੀਕਰਣ ਕਰਨਾ ਚਾਹੁੰਦੇ ਹੋ, ਫਿਰ ਤੁਸੀਂ ਗਵਰਨਰ ਸਾਹਿਬ ਨੂੰ ਠੋਸ

ਪਹੁੰਚਾਈ ਹੈ । (ਵਿਘਨ) (ਆਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) ਦੂਸਰੇ ਪਾਸੇ ਕਹਿੰਦੇ ਹਨ ਕਿ ਬਾਦਲ ਸਾਹਿਬ ਦੀ ਬੜੀ ਵੱਡੀ ਟਸਾਂਸਪੋਰਟ ਹੈ । ਹੋ ਸਕਦਾ ਹੈ ਉਨ੍ਹਾਂ ਦੀਆਂ 3-4 ਬੱਸਾਂ ਹੋਣ, ਅਗਰ ਪ੍ਰਾਈਵੇਟ ਟਰਾਂਸਪੋਰਟ ਨੂੰ ਤੁਸੀਂ ਬੰਦ ਕਰਨਾ ਸੀ ਫਿਰ ਬੱਸਾਂ ਦਾ ਕਿਰਾਇਆ ਕਿਉਂ ਵਧੇ ਔਰ ਪ੍ਰਾਈਵੇਟ ਟਰਾਂਸਪੋਰਟਰ ਨੂੰ ਘਾਟਾ ਪੈਣ ਦੇਣਾ ਸੀ ਪਰ ਤੁਸੀਂ ਖੁਦ ਪ੍ਰਾਈਵੇਟ ਟਰਾਂਸਪੋਰਟਰ ਦ ਫਾਇਦਾ ਕਰਨਾ ਚਾਹੁੰਦੇ ਹੋ ਔਰ ਤੁਸੀਂ ਉਨ੍ਹਾਂ ਦੇ ਨਾਲ ਮਿਲੇ ਹੋਏ ਹੋ । ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਉਦੋਂ ਸਰਦਾਰ ਬਲਵੰਤ ਸਿੰਘ, ਖਜ਼ਾਨਾ ਮੰਤਰੀ ਸਨ ਉਨ੍ਹਾਂ ਨੇ ਟੈਕਸ ਕਿਸ ਤੇ ਲਗਾਇਅ ਪ੍ਰਾਈਵੇਟ ਟਰਾਂਸਪੋਰਟਰਾਂ ਤੇ ਲਗਾਇਆ ਸੀ, ਬਸ ਦੀਆਂ ਸੀਟਾਂ ਤੇ ਟੈਕਸ ਲਗਾਇਆ ਅਤੇ ਸਿਨਮੇ ਦੇ ਮਾਲਕਾਂ ਤੇ ਟੈਕਸ ਲਗਾਇਆ । ਹੁਣ ਇਸ ਗੱਲ ਤੋਂ ਸਾਬਿਤ ਕਰ ਲਵੋ ਕਿ ਕੀ ਸਾਡੀ ਸਰਕਾਰ ਗਰੀਬਾਂ ਦੀ ਹਮਦਰਦ ਸੀ ਜਾਂ ਤੁਹਾਡੀ ਹੈ ? ਤੁਹਾਡੀ ਮਾਲਕਾਂ ਦੇ ਨਾਲ ਮਿਲੀ ਹੋਈ ਹੈ ਅਤੇ ਝੋਲੀਆਂ ਭਰੀ ਜਾਂਦੇ ਹਨ, ਲੁੱਟਣ ਤੇ ਲਗੇ ਹੋਏ ਹਨ । ਕਦੇ ਕਹਿ ਦਿੰਦੇ ਹਨ ਅਕਾਲੀਆਂ ਦੀ ਟਰਾਂਸਪੋਰਟ ਹੈ । ਇਨ੍ਹਾਂ ਨੇ ਬੱਸਾਂ ਦਾ ਕਿਰਾਇਆ 58% ਵਧਾਇਆ ਹੈ । ਇਸ ਗੱਲ ਤੋਂ ਸਾਬਿ ਹੁੰਦਾ ਹੈ ਕਿ ਤੁਸੀਂ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਰਾਖੀ ਕਰਦੇ ਹੋ । ਔਰ ਸਾਡੇ ਬਾਦਲ ਸਾਹਿਬ ਟਰਾਂਸਪੋਰਟਰ ਦੀ ਰਾਖੀ ਨਹੀਂ ਕਰਦੇ ਸਨ । (ਵਿਘਨ) (ਸ਼ੋਰ)

ਜਦੋਂ ਸਰਦਾਰ ਦਰਬਾਰਾ ਸਿੰਘ ਪਿਛਲੇ ਇਲੈਕਸ਼ਨਾਂ ਤੋਂ ਪਹਿਲਾਂ ਬੁਢਲਾਡੇ ਦੇ ਦੌਰੇ ਤੇ ਗਏ । ਬਠਿੰਡਾ ਜ਼ਿਲ੍ਹੇ ਦੇ ਬੁਢਲਾਡਾ ਮਾਰਕਿਟ ਕਮੇਟੀ ਦੇ ਰੈਸਟ ਹਾਊਸ ਵਿਚ ਇਨ੍ਹਾਂ ਨੇ ਪ੍ਰਾਈਵੇਟ ਟਰਾਂਸ-ਪੋਰਟਰਾਂ ਨਾਲ ਇਕ ਮੀਟਿੰਗ ਕੀਤੀ ਔਰ ਉਸ ਤੋਂ ਬਾਅਦ ਟਰਾਂਸਪੋਰਟ ਜੱਥੇਬੰਦੀ ਵਲੋਂ ਐਲਾਨ ਹੋ ਗਿਆ ਕਿ ਅਸੀਂ ਸਾਰੇ ਇੰਦਰਾ ਕਾਂਗਰਸ ਵਿਚ ਸ਼ਾਮਲ ਹੋ ਗਏ ਹਾਂ ਇਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਅਸੀਂ ਤੁਹਾਡੀ ਰਾਖੀ ਕਰਾਂਗੇ । ਮੈਂ 22 ਤਾਰੀਕ ਦੇ ਮਤੇ ਦੀ ਲਾਈਟ ਨੂੰ ਵੀ ਸਮਝਦਾ ਹਾਂ ਔਰ ਚੰਗੀ ਤਰ੍ਹਾਂ ਜਾਣਦਾ ਹਾਂ । ਸਿਨੇਮਾ ਨੂੰ ਕੌਮੀਕਰਣ ਦਾ ਮਤਾ ਵੀ ਪਾਸ ਹੋਇਆ ਸੀ ਪਰ ਬਾਅਦ ਵਿਚ ਕੀ ਹੋਇਆ ਉਸ ਦਾ ਵੀ ਦੱਸ ਦਿਓ । ਹੁਣ 16 ਤਾਰੀਕ ਨੂੰ ਬੀਬੀ ਇੰਦਰਾ ਗਾਂਧੀ ਨੇ ਇਨ੍ਹਾਂ ਨੂੰ, ਲੋਕਾਂ ਨੂੰ ਦਿੱਲੀ ਲਿਆਉਣ ਲਈ ਕਿਹਾ ਹੈ ਹੁਣ ਅਸੀਂ ਦੇਖਾਂਗੇ ਕਿ ਕਿੰਨੀਆਂ ਪ੍ਰਾਈਵੇਟ ਬੱਸਾਂ ਲੋਕਾਂ ਨੂੰ ਲੈ ਕੇ ਦਿੱਲੀ ਜਾਂਦੀਆਂ ਹਨ ਜਾਂ ਫਿਰ ਸਰਕਾਰੀ ਬੱਸਾਂ ਵਿਚ ਲੈ ਕੇ ਜਾਵੋਗੇ । (ਵਿਘਨ) । ਇਸ ਗਵਰਨਰ ਐਡਰੈਸ ਦੀ ਤਾਈਦ ਘਸ਼ ਜੀ ਨੇ ਕੀਤੀ ਸੀ ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪੋਜ਼ੀਸ਼ਨ ਕੰਮ ਨਹੀਂ ਕਰਨ ਦਿੰਦੀ ਔਰ ਸਾਡੇ ਕੰਮਾਂ ਵਿਚ ਰੁਕਾਵਟਾਂ ਪੈਦਾ ਕਰਦੀ ਹੈ ਮੈਂ ਪੁੱਛਦਾ ਹਾਂ ਕਿ ਕੀ ਸਰਕਾਰ ਕੋਈ ਨਹਿਰ ਪੁੱਟ ਰਹੀ ਹੈ ਜਿਸ ਉਤੇ ਆਪਜ਼ੀਸ਼ਨ ਵਾਲੇ ਖੜ੍ਹੇ ਹੋ ਗਏ ਸਨ ਔਰ ਅਸੀਂ ਪੁੱਟਣ ਨਹੀਂ ਦਿਤੀ । ਅਗਰ ਕੰਮ ਕਰਨਾ ਹੀ ਹੈ ਤਾਂ ਆਪਜ਼ੀਸ਼ਨ ਨੂੰ ਵੀ ਨਾਲ ਲੈ ਕੇ ਚਲੋ ।

ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਇਕ ਸਰਵੇ ਸਰਕਾਰ ਬਣ ਗਈ ਹੈ । ਕੰਮ ਕੋਈ ਕਰਦੀ ਨਹੀਂ ਸਿਰਫ ਸਰਵੇ ਕਰਦੀ ਰਹਿੰਦੀ ਹੈ । ਇਕ ਪੱਤਰਕਾਰ ਸੰਮੇਲਨ ਵਿਚ ਇਕ ਪੱਤਰਕਾਰ ਨੇ ਸਰਦਾਰ ਦਰਬਾਰਾ ਸਿੰਘ ਤੋਂ ਪੁੱਛਿਆ ਤੁਸੀਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਸੋ ਤਾਂ ਕਹਿਣ ਲਗੇ ਤੁਹਾਨੂੰ ਨਹੀਂ ਪਤਾ ਹੈ ਕਿ ਮੇਰੀ ਸਰਕਾਰ ਸਾਰੇ ਪੰਜਾਬ ਵਿਚ ਸਰਵੇ ਕਰਵਾ ਰਹੀ ਹੈ ਕਿ ਕਿੰਨੇ ਲੋਕ ਗਰੀਬੀ ਦੀ ਸਤ੍ਹਾ ਤੋਂ ਥੱਲੇ ਰਹਿ ਰਹੇ ਹਨ । ਇਕ ਦੋ ਇਨ੍ਹਾਂ ਨੇ ਸਰਕਾਰੀ ਬੰਦੇ ਕਲਮ ਦਵਾਤ ਦੇ ਕੇ ਪਿੰਡਾਂ ਵਿਚ ਭੇਜੇ ਸਨ ਕਿ ਪਤਾ ਕਰੋ ਕਿਤਨੇ ਲੋਕ ਗਰੀਬ ਹਨ । ਅਸੀਂ ਉਸ ਵਿਚ ਕੋਈ ਰੁਕਾਵਟ ਨਹੀਂ ਪਾਈ ।

[ਸਰਦਾਰ ਬਲਦੇਵ ਸਿੰਘ ਖਿਆਲਾ]

ਹੁਣ ਰੰਧਾਵਾ ਸਾਹਿਬ ਬੈਠੇ ਨਹੀਂ ਹੋਏ। ਇਹ ਵੀ ਹੁਣ ਬੜੇ ਸਿਆਣੇ ਹੋ ਗਏ ਹਨ। ਪਿਛਲੇ ਸੈਸ਼ਨ ਦੇ ਵਿਚ ਇਹ ਵੀ ਬੜੀਆਂ ਬੜੀਆਂ ਗੱਲਾਂ ਕਰਦੇ ਸਨ ਕਿ ਅਸੀਂ ਇਹ ਕਰ ਦੇਵਾਂਗੇ, ਉਹ ਕਰ ਦੇਵਾਂਗੇ ਪਰ ਇਸ ਵਾਰ ਸੈਸ਼ਨ ਵਿਚ ਚੁੱਪ ਬੈਠੇ ਰਹਿੰਦੇ ਹਨ। ਕਹਿਣ ਨੂੰ ਇਹ ਵਿਕਾਸ ਮੰਤਰੀ ਹਨ ਪਰ ਹੁਣ ਇਹ ਵਿਕਾਸ ਰੋਕੀ ਮੰਤਰੀ ਬਣ ਗਏ ਹਨ। ਕਿਉਂਕਿ ਇਹ ਪਿੰਡਾਂ ਵਿਚ ਜਾਕੇ ਇਹ ਨਹੀਂ ਕਹਿ ਸਕਦੇ ਕਿ ਮੇਰੇ ਮਹਿਕਮੇ ਨੇ ਇਹ ਤਰੱਕੀ ਕਰ ਦਿੱਤੀ ਹੈ ਇਨ੍ਹਾਂ ਨੇ ਤਾਂ ਜਿਸ ਪਿੰਡ ਵਿਚ ਆਦਰਸ਼ ਸਕੂਲ ਸਨ ਉਹ ਬੰਦ ਕਰਵਾ ਦਿੱਤੇ ਹਨ, ਸੜਕਾਂ ਦਾ ਕੰਮ ਬੰਦ ਕਰਵਾ ਦਿਤਾ ਹੈ। ਹਰ ਸਰਕਾਰ ਜਾਣ ਪਿਛੋਂ ਕੋਈ ਨਾ ਕੋਈ ਆਪਣੀਆਂ ਨਿਸ਼ਾਨੀਆਂ ਛੱਡ ਜਾਂਦੀ ਹੈ ਜਿਸ ਤਰ੍ਹਾਂ ਗਿੱਲ ਸਰਕਾਰ ਭਾਵੇਂ ਥੋੜ੍ਹਾ ਚਿਰ ਰਹੀ ਉਸ ਨੇ ਲਿੰਕ ਰੋਡ ਬਨਾਉਣ ਲਈ ਨੀਂਹ ਪੱਥਰ ਰੱਖੇ ਅਤੇ ਲੋਕ ਯਾਦ ਕਰਦੇ ਹਨ ਕਿ ਗਿੱਲ ਸਰਕਾਰ ਦੀ ਸੜਕ ਹੈ। ਬਾਦਲ ਸਾਹਿਬ ਦੀ ਸਰਕਾਰ ਨੇ ਫੋਕਲ ਪੁਆਇੰਟ ਬਣਾਏ ਔਰ ਹਰ ਪਿੰਡ ਵਿਚ 25-25 ਬੈੱਡ ਦਾ ਹਸਪਤਾਲ ਬਣਾਉਣ ਦੀਆਂ ਸਕੀਮਾਂ ਬਣਾਈਆਂ ਅਤੇ ਹਸਪਤਾਲ ਬਣਾਏ, ਆਦਰਸ਼ ਸਕੂਲ ਬਣਾਏ ਅਤੇ ਨਹਿਰਾਂ ਪੱਕੀਆਂ ਕੀਤੀਆਂ ਸਨ ਤੇ ਹਰ ਪਾਸੋਂ ਤਰੱਕੀ ਕੀਤੀ ਸੀ, ਬਿਜਲੀ ਦੇ ਰੇਟ ਘੱਟ ਕੀਤੇ, ਨਹਿਰੀ ਪਾਣੀ ਦੇ ਰੇਟ ਘੱਟ ਕੀਤੇ ਸਨ। ਪਰ ਦਰਬਾਰਾ ਸਿੰਘ ਦੀ ਸਰਕਾਰ ਨੇ ਕੀ ਕੀਤਾ ਹੈ ਇਹ ਇਕ ਸਰਵੇ ਸਰਕਾਰ ਬਣ ਗਈ ਹੈ ਅਤੇ ਇਹ ਸਰਕਾਰ ਵੀ ਕੁਝ ਦਿਨਾਂ ਦੀ ਮਹਿਮਾਨ ਹੈ ਔਰ ਫਿਰ ਦੂਜੀ ਸਰਕਾਰ ਨੂੰ ਸਰਵੇ ਕੀਤੇ ਹੋਏ ਕਾਗਜ਼ ਹੀ ਮਿਲਣੇ ਹਨ ਹੋਰ ਕੁਝ ਨਹੀਂ ਮਿਲਣਾ।

ਡਿਪਟੀ ਸਪੀਕਰ ਸਾਹਿਬ, ਇਹ ਜੋ ਸਰਵੇ ਰਿਪੋਰਟ ਤਿਆਰ ਕਰ ਰਹੇ ਹਨ, ਉਹ ਕਿਸੇ ਵੇਲੇ ਕਿਸੀ ਨੇ ਰੱਦੀ ਵਿਚ ਵੇਚ ਦੇਣੀ ਹੈ ਅਤੇ ਇਸ ਨੂੰ ਰੇੜ੍ਹੀ ਵਾਲਿਆਂ ਨੇ ਖਰੀਦ ਲੈਣਾ ਹੈ ਇਸ ਵਿਚ ਤਾਂ ਮੂੰਗਫਲੀ ਹੀ ਵਿਕਣੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸਰਵੇ ਰਿਪੋਰਟ ਵਿਚ ਇਤਨੇ ਕਾਮਯਾਬ ਹੋ ਜਾਣਗੇ, ਸਰਕਾਰ ਨੇ ਇਹ ਦੂਰਬੀਨ ਲੈ ਕੇ ਦੇਣੀ ਹੈ, ਇਨ੍ਹਾਂ ਨੂੰ ਤੰਬੂ ਲਾ ਦੇਣੇ ਹਨ ਕਿ ਸਾਰੇ ਹਿੰਦੁਸਤਾਨ ਦੀ ਸਰਵੇ ਕਰੀ ਚਲੋ। ਮੈਨੂੰ ਸ਼ੱਕ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ ਮੈਂ ਆਪਣੇ ਮੈਂਬਰ ਦੋਸਤ ਦੀ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੇ ਵੀ ਕਿਹਾ, ਜੋ ਕਿ ਸਾਡਾ ਮਿੱਤਰ ਵੀ ਰਿਹਾ ਹੈ ਕਿ ਲੋਕ ਗੰਡਾਸੇ ਅਤੇ ਤਲਵਾਰਾਂ ਲੈ ਕੇ ਆਏ ਸਨ (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਭੁੱਲ ਗਏ ਹਨ ਜਦੋਂ ਕਿ ਪਾਰਲੀਮੈਂਟ ਵਿਚ ਬੀਬੀ ਇੰਦਰਾ ਗਾਂਧੀ ਨੂੰ ਕਿਸੇ ਕਾਰਣਾਂ ਕਰਕੇ ਹੀ ਪਾਰਲੀਮੈਂਟ ਵਿਚੋਂ ਕੱਢ ਦਿਤਾ ਗਿਆ ਸੀ। (ਵਿਘਨ) (ਸ਼ੋਰ) ਮੈਂ ਇਹ ਨਹੀਂ ਕਹਿੰਦਾ ਕਿ ਉਹ ਸਹੀ ਸੀ ਜਾਂ ਸਹੀ ਨਹੀਂ ਸੀ। ਇਸ ਦਾ ਫੈਸਲਾ ਤੁਸੀਂ ਕਰੋ ਪਰ ਇਹ ਗੱਲ ਤੁਹਾਨੂੰ ਚੁਭਦੀ ਹੈ। ਤੁਸੀਂ ਉਸ ਵੇਲੇ ਜੇਲ੍ਹਾਂ ਵਿਚ ਗਏ। (ਵਿਘਨ) ਜਦੋਂ ਸਰਦਾਰ ਪ੍ਰਕਾਸ਼ ਸਿੰਘ, ਮੁੱਖ ਮੰਤਰੀ ਸਨ ਤਾਂ ਡਿਪਟੀ ਸਪੀਕਰ ਸਾਹਿਬ, ਉਸ ਵੇਲੇ (ਕਾਂਗਰਸੀ ਬੈਂਚਾਂ ਵਲ ਇਸ਼ਾਰਾ) ਚੀਫ ਮਨਿਸਟਰ ਦੀ ਕੁਰਸੀ ਤੇ ਬੈਠ ਗਏ ਸੀ। ਕੀ ਤੁਹਾਨੂੰ ਉਸ ਵੇਲੇ ਕੁਰਸੀ ਮਿਲ ਗਈ ਸੀ? (ਵਿਘਨ) ਡਿਪਟੀ ਸਪੀਕਰ ਸਾਹਿਬ, ਮਹਾਤਮਾ ਗਾਂਧੀ ਜੀ ਨੇ ਜੋ ਰਸਤਾ ਦਸਿਆ ਸੀ, ਇਹ ਉਸਦੇ ਉਲਟ ਤੁਰ ਪਏ ਹਨ। ਅਸੀਂ, ਡਿਪਟੀ ਸਪੀਕਰ ਸਾਹਿਬ, ਪੁਰ-ਅਮਨ ਪ੍ਰੋਟੈਸਟ ਕੀਤਾ ਹੈ ਅਤੇ ਪਰੋਟੈਸਟ ਵਗੈਰਾ ਕਰਨ ਦਾ ਸਾਡਾ ਫੰਡਾਮੈਂਟਲ ਰਾਈਟ ਹੈ। ਜਦੋਂ ਤੁਸੀਂ ਸਦਨ ਦਾ ਇਜਲਾਸ ਸਦਿਆ ਤਾਂ ਉਸ ਵੇਲੇ ਨਾਲ ਹੀ ਆਰਡੀਨੈਂਸ ਜਾਰੀ ਕਰ ਦਿਤਾ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਹ ਆਰਡੀਨੈਂਸ ਜਾਰੀ ਕਰਕੇ ਤੌਹੀਨ ਕੀਤੀ ਹੈ। ਜਦੋਂ ਇਜਲਾਸ ਸਦਿਆ ਗਿਆ ਹੋਵੇ ਤਾਂ ਕੋਈ ਆਰਡੀਨੈਂਸ ਜਾਰੀ ਨਹੀਂ ਹੋ ਸਕਦਾ। ਇਸ ਆਰਡੀਨੈਂਸ ਰਾਹੀਂ ਤੁਸੀਂ ਬੱਸਾਂ ਤੇ ਰੋਕ ਲਾਈ, ਟਰੱਕਾਂ ਅਤੇ ਟਰਾਲੀਆਂ ਤੇ ਰੋਕ ਲਾਈ ਅਤੇ 23,000 ਬੰਦਿਆਂ ਨੂੰ ਫੜ ਕੇ ਜੇਲ੍ਹਾਂ ਵਿਚ ਡੱਕ ਦਿਤਾ। (ਘੰਟੀ)

ਡਿਪਟੀ ਸਪੀਕਰ ਸਾਹਿਬ, ਜਦੋਂ ਨਵੀਂ ਸਰਕਾਰ ਬਣਦੀ ਹੈ ਤਾਂ ਨਵੀਂ ਸਰਕਾਰ ਦਾ ਕੰਮ ਹੁੰਦਾ ਹੈ ਕਿ ਪਹਿਲੀ ਪਈ ਹੋਈ ਲਕੀਰ ਤੋਂ ਵੱਡੀ ਲਕੀਰ ਪਾ ਦਿਉ ਤਾਕਿ ਪਹਿਲੀ ਪਾਈ ਹੋਈ ਲਕੀਰ ਮਿਟ ਜਾਏ । ਲੋਕ ਫਿਰ ਕਹਿਣ ਲਗ ਜਾਂਦੇ ਹਨ ਕਿ ਪਹਿਲੀ ਸਰਕਾਰ ਮਾੜੀ ਸੀ ਅਤੇ ਹੁਣ ਵਾਲੀ ਚੰਗੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, 30 ਤਾਰੀਕ ਨੂੰ ਚੋਣਾਂ ਹੋਈਆਂ ਅਤੇ ਪੰਜ-ਛੇ ਤਾਰੀਕ ਨੂੰ ਇਨ੍ਹਾਂ ਦੀ ਸਰਕਾਰ ਬਣੀ ਸੀ। 8 ਜੂਨ, 1980 ਨੂੰ ਸੈਂਟਰ ਸਰਕਾਰ ਨੇ ਖਾਦ ਦੇ ਭਾਅ ਡਿਉਢੇ ਕਰ ਦਿੱਤੇ ਸਨ ਲੋਕਾਂ ਨੂੰ ਵਧਾਈ ਭੇਜ ਦਿੱਤੀ ਸੀ ਕਿ ਤੁਸੀਂ ਕਾਂਗਰਸ ਦੀ ਸਰਕਾਰ ਬਣਾ ਦਿੱਤੀ ਹੈ........... ।

ਸ੍ਰੀ ਡਿਪਟੀ ਸਪੀਕਰ : ਤੁਹਾਡਾ, ਸਰਦਾਰ ਬਲਦੇਵ ਸਿੰਘ ਖਿਆਲਾ ਜੀ, ਟਾਈਮ ਹੋ ਗਿਆ ਹੈ । ਇਸ ਲਈ ਵਾਈਂਡ ਅੱਪ ਕਰੋ ।

ਸਰਦਾਰ ਬਲਦੇਵ ਸਿੰਘ ਖਿਆਲਾ : ਡਿਪਟੀ ਸਪੀਕਰ ਸਾਹਿਬ, ਮੈਂ ਜਲਦੀ ਵਾਈਂਡ ਅੱਪ ਕਰ ਦੇਵਾਂਗਾ ਫਿਰ ਜਦੋਂ ਦਿਵਾਲੀ ਆਈ ਤਾਂ ਡਿਪਟੀ ਸਪੀਕਰ ਸਾਹਿਬ, ਐਮ.ਐਲ.ਏਜ਼. ਨੂੰ ਤਾਂ ਵਧਾਈ ਦੇ ਕਾਰਡ ਭੇਜੇ ਗਏ ਪਰ ਲੋਕਾਂ ਨੂੰ ਜਿਨ੍ਹਾਂ ਨੇ ਇਨ੍ਹਾਂ ਨੂੰ ਚੁਣ ਕੇ ਇਥੇ ਭੇਜਿਆ ਸੀ ਉਨ੍ਹਾਂ ਨੂੰ ਡੇਢ ਗੁਣਾਂ ਬੱਸਾਂ ਦੇ ਕਿਰਾਏ ਵਿਚ ਵਾਧੇ ਦੇ ਲੈਟਰ ਭੇਜੇ ਗਏ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਹੜੇ ਲੋਕ ਅੰਮ੍ਰਿਤਸਰ ਵਿਚ ਇਸ਼ਨਾਨ ਕਰਨ ਲਈ ਗਏ ਸੀ, ਉਹ ਜਦੋਂ ਵਾਪਸ ਆਏ ਤਾਂ ਉਨ੍ਹਾਂ ਦੀਆਂ ਜੇਬਾਂ ਵਿਚ ਪੈਸੇ ਨਹੀਂ ਸਨ ਉਹ ਲੋਕ ਪੈਸੇ ਉਧਾਰੇ ਲੈ ਕੇ ਜਾਂ ਘੜੀਆਂ ਗਹਿਣੇ ਰੱਖ ਕੇ ਪੈਸੇ ਲੈ ਕੇ ਘਰ ਵਾਪਸ ਆਏ । ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ ਲੋਹੜੀ ਦੇ ਕਾਰਡ ਐਮ. ਐਲ. ਏਜ਼ ਨੂੰ ਭੇਜੇ ਗਏ ਪਰ ਲੋਕਾਂ ਨੂੰ ਡੀਜ਼ਲ 37 ਪੈਸੇ ਮਹਿੰਗਾ ਕਰਕੇ ਲੈਟਰ ਇਸ਼ੂ ਕਰ ਦਿੱਤਾ। ਹੁਣ ਜਦੋਂ 21 ਤਾਰੀਕ ਨੂੰ ਲੋਕ ਚੰਡੀਗੜ੍ਹ ਆਏ ਸਨ ਤਾਂ ਉਹ ਚੰਡੀਗੜ੍ਹ ਇਸ ਕਰ ਕੇ ਆਏ ਸਨ ਕਿ ਹੁਣ ਕਿਤੇ ਬਜਟ ਵੇਲੇ ਹੋਰ ਵਧਾਈ ਦਾ ਲੈਟਰ ਨਾ ਭੇਜ ਦੇਣ। ਲੋਕ ਆਪਣੀਆਂ ਮੁਸ਼ਕਲਾਂ ਪੀਸਫੁਲੀ ਦਸਣ ਲਈ ਆਏ ਸਨ ਪਰ ਤੁਸੀਂ ਉਨ੍ਹਾਂ ਦੇ ਖਿਲਾਫ ਪੁਲਿਸ ਖੜ੍ਹੀ ਕਰ ਦਿੱਤੀ ਲਾਠੀ ਚਾਰਜ ਕੀਤੀ, ਟੀਅਰ ਗੈਸ ਛੱਡੀ, ਐਮ.ਐਲ.ਏਜ਼. ਦੀਆਂ ਬਾਹਾਂ ਤੇ ਸੋਟੀਆਂ ਮਾਰੀਆਂ ਅਤੇ ਐਕਸ ਐਮ.ਐਲ.ਏਜ਼. ਦੀਆਂ ਲੱਤਾਂ ਟੁੱਟੀਆਂ ਅਤੇ ਸਰਦਾਰ ਦਰਬਾਰਾ ਸਿੰਘ ਜੀ ਕਹਿੰਦੇ ਹਨ ਕਿ ਚੰਡੀਗੜ੍ਹ ਪੁਲਿਸ ਨੇ ਕੁਝ ਨਹੀਂ ਕੀਤਾ। ਇਸ ਦਾ ਮਤਲਬ ਇਹ ਹੈ ਕਿ ਇਹ ਚਾਹੁੰਦੇ ਸਨ ਕਿ ਘੱਟੋ ਘੱਟ ਦੋ-ਤਿੰਨ ਹਜ਼ਾਰ ਬੰਦਿਆਂ ਨੂੰ ਮਰਵਾ ਦਿੰਦੇ ਅਤੇ 10-20 ਐਮ.ਐਲ.ਏਜ਼. ਨੂੰ ਮਰਵਾ ਦਿੰਦੇ ਅਤੇ ਅਸੀਂ ਰਾਜ ਕਰਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਨੀਅਤ ਸਾਫ ਨਹੀਂ ਹੈ । ਮੈਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ, ਜੀ,ਨੂੰ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਵੇਲੇ ਤਕੜੇ ਸੀ, ਪਰ ਹੁਣ ਤਕੜੇ ਨਹੀਂ ਹੋ? ਜੇਕਰ ਤੁਸੀਂ ਕਹਿੰਦੇ ਹੋ ਕਿ ਜੇ ਇਹ ਘੋਲ ਪੰਜਾਬ ਵਿਚ ਹੁੰਦਾ ਤਾਂ ਮੈਂ ਹੱਥ ਵਿਖਾਂ ਦਿੰਦਾ। ਹੋ ਸਕਦਾ ਹੈ ਕਿ ਕਿਸੇ ਵੇਲੇ ਤੁਹਾਡੇ ਹੱਥ ਚਲੇ ਹੋਣਗੇ ਉਨ੍ਹਾਂ ਨੇ ਕਿਸੇ ਦਾ ਨੁਕਸਾਨ ਕੀਤਾ ਹੋਵੇਗਾ ਪਰ ਹੁਣ ਤੁਹਾਡੇ ਹੱਥ ਇੰਨੇ ਮਜ਼ਬੂਤ ਨਹੀਂ ਹਨ ਜੇਕਰ ਉਹੋ ਜਿਹੀ ਥਾਂ ਤੇ ਹੱਥ ਪਾਇਆ ਤਾਂ ਲਹੂ ਲੁਹਾਨ ਹੋ ਕੇ ਮੁੜਨਗੇ ਇਨ੍ਹਾਂ ਦੀ ਸੋਚਣੀ ਗਲਤ ਹੈ ਕਿ ਐਮ. ਐਲ. ਏਜ਼. ਕੁਟਾਏ ਜਾਣ ਪਰ ਇਸ ਤਰ੍ਹਾਂ ਇਹ ਕਾਮਯਾਬ ਨਹੀਂ ਹੋਣਗੇ। (ਵਿਘਨ)

ਤੀਜੀ ਗੱਲ ਮੈਂ, ਡਿਪਟੀ ਸਪੀਕਰ ਸਾਹਿਬ, ਅਮਨ ਅਮਾਨ ਅਤੇ ਕੁਰੱਪਸ਼ਨ ਦੀ ਕਰਨੀ ਹੈ। ਇਹ ਗੱਲ ਕਰਕੇ ਮੈਂ ਆਪਣੀ ਸਪੀਚ ਬੰਦ ਕਰ ਦੇਵਾਂਗਾ। ਮੈਂ ਸਾਰੇ ਪੰਜਾਬ ਦੀ ਹਾਲਤ ਤਾਂ ਨਹੀਂ

[ਸਰਦਾਰ ਬਲਦੇਵ ਸਿੰਘ ਖਿਆਲਾ]

ਦਸਦਾ ਪਰ ਜ਼ਿਲੇ ਬਠਿੰਡੇ ਦੀ ਗੱਲ ਦਸਦਾ ਹਾਂ ਕਿ ਬਠਿੰਡੇ ਵਿਚ ਕੀ ਹੋ ਰਿਹਾ ਹੈ ? ਇਹ ਚੀਜ਼ ਮੈਂ ਚੰਦ ਮਿੰਟਾਂ ਵਿਚ ਹੀ ਦਸ ਦੇਵਾਂਗਾ। ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੇ ਕਿਹਾ ਕਿ ਸਮੱਗਲਰਾਂ ਨੂੰ ਫੜੋ ਔਰ ਅਸੀਂ ਵੀ ਚਾਹੁੰਦੇ ਹਾਂ ਕਿ ਸਮੱਗਲਰਾਂ ਨੂੰ ਫੜਿਆ ਜਾਏ ਅਤੇ ਅਸੀਂ ਵੀ ਸਮੱਗਲਰਾਂ ਦੇ ਹੱਕ ਵਿਚ ਨਹੀਂ ਹਾਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਬਠਿੰਡੇ ਦੇ ਐਸ.ਐਸ.ਪੀ. ਨੂੰ ਕਿਹਾ ਗਿਆ ਕਿ ਸਮੱਗਲਰਾਂ ਨੂੰ ਫੜਿਆ ਜਾਏ। ਐਸ.ਐਸ.ਪੀ. ਨੇ ਸਾਰੇ ਥਾਣੇਦਾਰਾਂ ਨੂੰ ਬੁਲਾ ਕੇ ਕਿਹਾ। ਇਹ ਸੱਤਵੇਂ ਮਹੀਨੇ ਦੀ 8 ਤਾਰੀਕ ਦੀ ਗੱਲ ਹੈ ਕਿ ਇਕੋ ਦਿਨ ਵਿਚ ਹੀ ਸਾਰੇ ਸਮੱਗਲਰ ਫੜ ਲਏ ਗਏ, ਹੋਇਆ ਕੀ, ਡਿਪਟੀ ਸਪੀਕਰ ਸਾਹਿਬ, ਫੂਲ ਮਾਨਸਾ ਦੇ ਥਾਣੇਦਾਰ ਨੇ ਕਿਹਾ ਕਿਸੇ ਕੋਲੋਂ 10 ਕਿਲੋ 800 ਗ੍ਰਾਮ, ਕਿਸੇ ਕੋਲੋਂ 12 ਕਿਲੋ 500 ਗ੍ਰਾਮ ਅਤੇ ਕਿਸੇ ਕੋਲੋਂ ਕੁਝ ਹੋਰ ਜ਼ਿਆਦਾ..... (ਵਿਘਨ) ਪਹਿਲਾਂ ਕਿਸੇ ਨੇ ਨਹੀਂ ਫੜਿਆ ਅਤੇ ਬਾਅਦ ਵਿਚ ਕਿਸੇ ਨੇ ਨਹੀਂ ਫੜਿਆ। ਫਿਰ ਵੱਡੇ ਵੱਡੇ ਸਮੱਗਲਰਾਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਪਾਸੋਂ ਕਿਸੇ ਕੋਲੋਂ 25,000/- ਰੁਪਿਆ ਲਿਆ ਅਤੇ ਕਿਸੇ ਕੋਲੋਂ ਇਸ ਤੋਂ ਵੀ ਵੱਧ ਰੁਪਿਆ ਲਿਆ। ਅਤੇ ਗੁਰਮੇਲ ਸਿੰਘ ਥਾਣੇਦਾਰ ਨੇ ਲੱਖਾਂ ਰੁਪਏ ਕਮਾ ਲਏ। ਡਿਪਟੀ ਸਪੀਕਰ ਸਾਹਿਬ, ਇਸ ਦੀ ਇਕ ਕਮੇਟੀ ਬਣਾਓ ਅਤੇ ਪੜਤਾਲ ਕਰਾਓ ਔਰ ਮੈਂ ਸਾਬ ਦੇਵਾਂਗਾ ਅਤੇ ਸਾਬਤ ਕਰਾਂਗਾ। ਅਮੀਰਾਂ ਤੋਂ ਪੈਸੇ ਇਕੱਠੇ ਕੀਤੇ ਗਏ ਅਤੇ ਗਰੀਬਾਂ ਤੇ ਝੂਠੇ ਕੇਸ ਬਣਾਏ ਗਏ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੇ ਚੀਫ ਮਨਿਸਟਰ ਸਾਹਿਬ ਨੇ ਛਾਪਾ ਮਾਰਿਆ ਅਤੇ ਖਾਲੀ ਬੋਰੀਆਂ ਫੜ ਲਈਆਂ।

ਮਾਨਸਾ ਵਿਚ ਥਾਣੇਦਾਰ ਨੇ ਕਣਕ ਦੀਆਂ 100 ਬੋਰੀਆਂ ਪਕੜ ਲਈਆਂ ਅਤੇ ਉਸ ਵੇਲੇ ਉਸ ਦਾ ਮਾਲਕ ਕੋਈ ਨਹੀਂ ਆਇਆ। ਉਹ ਬੋਰੀਆਂ ਲਾਵਾਰਸ ਬਣ ਗਈਆਂ। ਫਿਰ, ਉਹ ਕੇਸ ਮੈਜਿਸਟ੍ਰੇਟ ਕੋਲ ਚਲਾ ਗਿਆ। ਉਨ੍ਹਾਂ ਦਾ ਵਾਰਿਸ ਬਨਣ ਦੀ ਖਾਤਿਰ ਮਿਊਂਸਪਲ ਕਮੇਟੀ ਦਾ ਸਾਬਕਾ ਪ੍ਰਧਾਨ ਸਰਦਾਰ ਕਰਨੈਲ ਸਿੰਘ ਔਲਖ, ਜਿਹੜਾ ਕਿ ਇੰਦਰਾ ਕਾਂਗਰਸ ਦੀ ਟਿਕਟ ਵਾਸਤੇ ਕਾਫੀ ਜੂਝਦਾ ਰਿਹਾ ਸੀ, ਉਹ ਕਹਿਣ ਲਗਾ ਕਿ ਇਹ ਬੋਰੀਆਂ ਮੇਰੀਆਂ ਹਨ। ਫਿਰ, ਇਕ ਹੋਰ ਸਰਪੰਚ ਜੋਰਾ ਸਿੰਘ ਕਹਿਣ ਲਗਾ ਇਹ ਬੋਰੀਆਂ ਮੇਰੀਆਂ ਹਨ। ਮੈਜਿਸਟ੍ਰੇਟ ਸਾਹਿਬ ਕਹਿਣ ਲਗੇ ਕਿ ਕਣਕ ਖਾਣ ਵਾਲੀ ਚੀਜ਼ ਹੈ, ਇਸ ਦੇ ਮਾਲਕ ਬਹੁਤ ਖੜ੍ਹੇ ਹੋ ਗਏ ਹਨ, ਇਸ ਲਈ ਇਸ ਕੇਸ ਦਾ ਫੈਸਲਾ ਸੋਚ ਕੇ ਕਰਾਂਗੇ। (ਵਿਘਨ) ਇਥੇ ਹੀ ਬਸ ਨਹੀਂ ਝੂਠੇ ਮੁਕਦਮੇ ਬਣਾਏ ਗਏ। ਰਾਮਪੁਰਾ ਫੂਲ ਵਿਖੇ ਝੂਠਾ ਮੁਕੱਦਮਾ ਚਲਾਇਆ ਗਿਆ ਅਤੇ ਬੰਦੇ ਪਕੜ ਕੇ ਅੰਦਰ ਦਿੱਤੇ ਗਏ। ਪਿੰਡ ਝੰਡੂਕੇ ਵਿਖੇ ਉਥੋਂ ਦੇ ਸਰਪੰਚ ਨੂੰ ਝੂਠੇ ਮੁਕੱਦਮੇ ਵਿਚ ਫਸਾਇਆ ਗਿਆ। ਖੋਖੀ ਪਿੰਡ ਵਿਚ ਕਤਲ ਹੋਇਆ ਉਥੇ ਦੋ ਭਰਾ, ਸਾਬਕਾ ਸਰਪੰਚ ਭਰਜਾਈ ਔਰ ਉਨ੍ਹਾਂ ਦੇ ਮੁੰਡੇ ਨੂੰ ਨਜ਼ਾਇਜ਼ ਕੇਸ ਵਿਚ ਫਸਾਇਆ ਗਿਆ। ਸਰਜਾ ਮਹਿਮਾ ਪਿੰਡ ਵਿਚ ਕਾਂਗਰਸੀਏ ਨੇ ਕਿਸੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਐਫ.ਆਈ.ਆਰ. ਦਰਜ ਹੋਈ। ਬੰਦਾ ਪਕੜਿਆ ਗਿਆ। ਪਰ ਬਾਅਦ ਵਿਚ ਉਸ ਨੂੰ ਛੱਡ ਦਿਤਾ ਅਤੇ ਉਸ ਦੇ ਸਾਥੀ ਤੇ ਕਤਲ ਦਾ ਕੇਸ ਬਣਾ ਦਿਤਾ ਗਿਆ। ਇਹ ਹਾਲਤ ਹੈ ਤੁਹਾਡੇ ਅਮਨ ਅਮਾਨ ਦੀ, ਤੁਹਾਡੇ ਲਾਅ ਐਂਡ ਆਰਡਰ ਦੀ। ਕੱਲ੍ਹ ਦੀ ਅਖਬਾਰ ਵਿਚ ਤੁਸੀਂ ਪੜ੍ਹਿਆ ਹੋਣਾ ਹੈ ਕਿ ਇਕ ਕੈਪਟਨ ਦਾ ਤਾਜ਼ਾ ਵਿਆਹ ਹੋਇਆ ਸੀ। ਬਰਨਾਲੇ ਕੋਲ ਗੱਡੀ ਵਿਚ ਉਨ੍ਹਾਂ ਨੂੰ ਲੁਟਿਆ ਗਿਆ ਅਤੇ ਜਿਹੜੇ ਵੀਰ ਨੇ ਉਨ੍ਹਾਂ ਦਾ ਵਿਰੋਧ ਕੀਤਾ ਉਸ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ। (ਵਿਘਨ) ਅਸਲ ਗੱਲ ਤੇ ਮੈਂ ਹੁਣ ਆਉਂਦਾ ਹਾਂ, ਤੁਹਾਡੇ ਤੇ ਬਲੇਮ ਲਗਾਏ ਗਏ। ਤੁਸੀਂ ਸਾਡੀ ਗੱਲ ਨਹੀਂ ਮੰਨਦੇ ਅਤੇ ਤੁਸੀਂ ਕਹਿੰਦੇ ਹੋ ਕਿ ਆਪੋਜ਼ੀਸ਼ਨ ਤਾਂ ਐਵੇਂ

ਹੀ ਕਿਹਾ ਕਰਦੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 16 ਬਲੇਮ ਲਗਾਕੇ ਲਿਖ ਕੇ ਚਿਠੀ ਚੀਫ ਮਨਿਸਟਰ ਨੂੰ ਆਈ ਹੈ ਔਰ ਬੀਬੀ ਇੰਦਰਾ ਗਾਂਧੀ ਨੂੰ ਵੀ ਇਸ ਬਾਰੇ ਚਿਠੀ ਗਈ ਹੈ । ਇਹ ਬਲੇਮ ਕਿਸ ਵਲੋਂ ਹਨ ਇਹ ਬਲੇਮ ਸਾਡੀ ਪਾਰਟੀ ਵਲੋਂ ਨਹੀਂ ਬਲਕਿ ਇਹ ਬਲੇਮ ਯੂਥ ਕਾਂਗਰਸ ਵਲੋਂ ਹਨ * * * * * * (ਵਿਘਨ)

ਸਰਦਾਰ ਬੀਰ ਦਵਿੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਵਿਅਕਤੀ ਹਾਊਸ ਵਿਚ ਹਾਜ਼ਰ ਨਾ ਹੋਵੇ, ਉਸ ਦੇ ਖਿਲਾਫ ਇਸ ਕਿਸਮ ਦੇ ਵੇਗ ਐਲੀਗੇਸ਼ਨਜ਼ ਲਗਾਉਣਾ ਮੁਨਾਸਿਬ ਗਲ ਨਹੀਂ ਹੈ । ਸਕੱਤਰ, ਯੂਥ ਕਾਂਗਰਸ ਜਾਂ ਹੋਰ ਕਿਸੇ ਦੇ ਖਿਲਾਫ ਕਹਿਣਾ ਜੋ ਕਿ ਹਾਊਸ ਵਿਚ ਹਾਜ਼ਰ ਨਾ ਹੋਵੇ, ਇਹ ਠੀਕ ਨਹੀਂ ਹੈ । ਇਹ ਮੈਂਬਰ ਇਨ੍ਹਾਂ ਨੇ ਅਜਿਹੇ ਰਿਮਾਰਕਸ ਦਿੱਤੇ ਹਨ, ਇਹ ਐਕਸਪੰਜ ਹੋਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : ਇਹ ਐਕਸਪੰਜ ਕਰ ਦਿਉ ।

ਸਰਦਾਰ ਬਲਦੇਵ ਸਿੰਘ ਖਿਆਲਾ : ਇਹ 16 ਬਲੇਮ ਪੰਜਾਬੀ ਵਿਚ ਲਿਖ ਕੇ ਮੈਨੂੰ ਦਿਤੇ ਹਨ ਕਿਉਂਕਿ ਮੈਂ ਅੰਗਰੇਜ਼ੀ ਨਹੀਂ ਜਾਣਦਾ । ਇਹ ਮੈਂ ਹਾਊਸ ਦੀ ਮੇਜ਼ ਤੇ ਰਖਦਾ ਹਾਂ । (ਵਿਘਨ)

ਸਰਦਾਰ ਪ੍ਰਿਥੀਪਾਲ ਸਿੰਘ : ਇਹ ਇਥੇ ਮੇਜ਼ ਤੇ ਰੱਖਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ।

ਸ੍ਰੀ ਡਿਪਟੀ ਸਪੀਕਰ : ਨੌਟ ਅਲਾਊਡ ।

ਸਰਦਾਰ ਬਲਦੇਵ ਸਿੰਘ ਖਿਆਲਾ : ਡਿਪਟੀ ਸਪੀਕਰ ਸਾਹਿਬ ਮੈਨੂੰ ਉਮੀਦ ਹੈ ਕਿ ਜਦੋਂ ਚੀਫ ਮਨਿਸਟਰ ਸਾਹਿਬ ਆਪਣਾ ਜਵਾਬ ਦੇਣਗੇ ਤਾਂ ਇਨ੍ਹਾਂ ਬਲੇਮਾਂ ਬਾਰੇ ਵੀ ਜ਼ਰੂਰ ਜਵਾਬ ਦੇਣਗੇ। ਸਿਹਤ ਮੰਤਰੀ ਜੀ ਇਥੇ ਬੈਠੇ ਹਨ ਬਰੇ ਪਿੰਡ ਵਿਖੇ 25-ਬੈੱਡ ਹਸਪਤਾਲ ਬਣਾਉਣਾ ਹੈ ਉਥੋਂ ਡਾਕਟਰ ਬਦਲ ਕੇ ਬੋਹਾ ਹਸਪਤਾਲ ਵਿਚ ਦੋ ਡਾਕਟਰ ਕਰ ਦਿੱਤੇ ਹਨ ਪਰ ਬਰੇ ਪਿੰਡ ਵਿਚ ਇਕ ਡਾਕਟਰ ਵੀ ਨਹੀਂ ਹੈ । ਬੁਢਲਾਡਾ ਵਿਚ ਇਕ ਡਾਕਟਰਨੀ ਲਗੀ ਹੋਈ ਸੀ । ਉਸ ਦਾ ਪਤੀ ਉਥੇ ਬਾਹਰ ਹਸਪਤਾਲ ਦੀਆਂ ਦਵਾਈਆਂ ਵੇਚਦਾ ਸੀ । ਉਸ ਨੂੰ ਉਥੋਂ ਟਰਾਂਸਫਰ ਕਰ ਦਿੱਤਾ ਗਿਆ ਸੀ ਪਰ ਇਸ ਸਰਕਾਰ ਨੇ ਫਿਰ ਮੁੜ ਕੇ ਉਥੇ ਉਸ ਡਾਕਟਰਨੀ ਨੂੰ ਲੈ ਆਂਦਾ ਹੈ ਤਾਕਿ ਉਸ ਦੇ ਪਤੀ ਦੀਆਂ ਦਵਾਈਆਂ ਵਿਕ ਸਕਣ। ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਵਾਟਰ ਸਪਲਾਈ ਦਾ ਇਨਸਪੈਕਟਰ ਪਹਿਲਾਂ ਸਸਪੈਂਡ ਹੋਇਆ ਸੀ ਪਰ ਬਾਅਦ ਵਿਚ ਉਹ ਬਹਾਲ ਹੋ ਗਿਆ ਅਤੇ ਉਥੇ ਹੀ ਲਗਾ ਦਿੱਤਾ ਗਿਆ ਹੈ, ਜੋ ਕਿ ਠੀਕ ਨਹੀਂ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਦੱਸਿਆ ਗਿਆ ਕਿ ਟੈਕਸ ਦੀ ਵਸੂਲੀ ਵਾਸਤੇ ਬੜਾ ਤੇਜ਼

** Expunged as orderd by the Chair.

[ਸਰਦਾਰ ਬਲਦੇਵ ਸਿੰਘ ਖਿਆਲਾ]

ਕੰਮ ਕੀਤਾ ਹੈ । ਇਸ ਸਬੰਧ ਵਿਚ ਮੈਂ ਇਕ ਮਿਸਾਲ ਦਿੰਦਾ ਹਾਂ। ਬੁਢਲਾਡਾ ਵਿਖੇ ਇਕ ਬੰਦਾ ਜੋ ਕਿ ਪਹਿਲਾਂ ਜਨਤਾ ਪਾਰਟੀ ਵਿਚ ਸੀ ਜਦੋਂ ਕਾਂਗਰਸ ਦੀ ਹਕੂਮਤ ਆਈ ਤਾਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਿਆ ਔਰ ਜਦੋਂ ਸਰਦਾਰ ਦਰਬਾਰਾ ਸਿਘ ਜੀ ਉਥੇ ਆਏ ਤਾਂ ਉਸ ਬੰਦੇ ਦੇ ਗਲੇ ਵਿਚ ਚਾਰ ਪੰਜ ਲੱਖ ਰੁਪਏ ਦਾ ਹਾਰ ਪਾਇਆ ਗਿਆ ਔਰ ਜਿਹੜਾ ਟੈਕਸ ਦੀ ਵਸੂਲੀ ਕਰਦਾ ਸੀ ਉਸ ਨੂੰ ਉਥੋਂ ਬਦਲ ਦਿਤਾ ਗਿਆ। ਇਹ ਜਿਹੜੇ 16 ਬਲੇਮਜ਼ ਹਨ ਇਨ੍ਹਾਂ ਬਾਰੇ ਕੋਈ ਹਾਊਸ ਦੀ ਕਮੇਟੀ ਬਣਾ ਕੇ ਪੜਤਾਲ ਹੋਣੀ ਚਾਹੀਦੀ ਹੈ ।

ਮੈਨੂੰ ਉਮੀਦ ਹੈ ਕਿ ਜੋ ਗੱਲਾਂ ਮੈਂ ਕਹੀਆਂ ਹਨ ਮੁੱਖ ਮੰਤਰੀ ਜੀ ਜਦੋਂ ਸਪੀਚ ਕਰਨਗੇ ਤਾਂ ਇਨ੍ਹਾਂ ਗੱਲਾਂ ਦਾ ਜਵਾਬ ਦੇਣਗੇ। ਐਨਾ ਕਹਿੰਦਾ ਹੋਇਆ ਮੈਂ ਡਿਪਟੀ ਸਪੀਕਰ, ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਲਈ ਟਾਈਮ ਦਿੱਤਾ ਹੈ । ਬਾਕੀ ਜਿਹੜਾ ਸੰਤੋਖ ਸਿੰਘ ਰੰਧਾਵਾ ਇਥੇ ਵਿਕਾਸ ਮੰਤਰੀ ਹੈ ਇਹ ਦਰਅਸਲ ਵਿਚ ਵਿਕਾਸ ਮੰਤਰੀ ਨਹੀਂ ਬਲਕਿ ਵਿਕਾਸ ਰੋਕੂ ਮੰਤਰੀ ਹੈ । (ਹਾਸਾ)

ਸਰਦਾਰ ਦਰਸ਼ਨ ਸਿੰਘ, ਕੇ. ਪੀ. (ਜਲੰਧਰ, ਦੱਖਣ ਐਸ.ਸੀ.) · ਡਿਪਟੀ ਸਪੀਕਰ ਸਾਹਿਬ, ਇਥੇ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਜੋ ਮਤਾ ਸ੍ਰੀ ਯਸ਼ ਜੀ ਨੇ ਰਖਿਆ ਔਰ ਸਰਦਾਰ ਜਗਦੇਵ ਸਿੰਘ ਜਸੋਵਾਲ ਜੀ ਨੇ ਸੈਕਿੰਡ ਕੀਤਾ, ਮੈਂ ਉਸ ਮਤੇ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ । ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਪੰਜਾਬ ਦੀ ਤਰੱਕੀ ਵਾਸਤੇ ਕਾਫੀ ਕੁਝ ਪਿਛਲੇ ਪ੍ਰੋਗਰਾਮ ਬਾਰੇ ਦਸਿਆ ਹੈ ਔਰ ਅਗੇ ਵਾਸਤੇ ਕਿਸਾਨਾਂ ਵਾਸਤੇ, ਖੇਤੀ ਬਾੜੀ ਲਈ, ਇੰਡਸਟਰੀ ਦੇ ਕੰਮਾਂ ਲਈ ਅਤੇ ਹੋਰ ਦੂਸਰੇ ਪੰਜਾਬ ਸਰਕਾਰ ਨੇ ਜੋ ਇਥੇ ਦੇ ਤਰੱਕੀ ਦੇ ਕੰਮਾਂ ਲਈ ਜੋ ਸੇਵਾ ਕਰਨੀ ਹੈ, ਉਸ ਬਾਰੇ ਵੀ ਦਸਿਆ ਹੈ । ਇੰਡਸਟਰੀ ਦੇ ਮੈਦਾਨ ਵਿਚ ਜਾਂ ਖੇਤੀਬਾੜੀ ਦੇ ਮੈਦਾਨ ਵਿਚ ਜੋ ਕੁਝ ਕੀਤਾ ਗਿਆ ਹੈ, ਉਹ ਵੀ ਉਨ੍ਹਾਂ ਨੇ ਦੱਸਿਆ ਹੈ । ਗਰੀਬ ਲੋਕਾਂ ਵਾਸਤੇ, ਹਰੀਜਨ ਲੋਕਾਂ ਵਾਸਤੇ, ਜਿੰਨੇ ਸਮਾਜੀ ਤੌਰ ਤੇ ਪਛੜੇ ਹੋਏ ਹਨ, ਉਨ੍ਹਾਂ ਸਾਰਿਆਂ ਵਾਸਤੇ ਜਾਂ ਜੋ ਕਮਜ਼ੋਰ ਵਰਗ ਹੈ ਉਨਾਂ ਵਾਸਤੇ ਵੀ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ, ਉਨਾਂ ਲੋਕਾਂ ਦੀ [illegible] ਕਰਨ ਵਾਸਤੇ ਪੂਰਾ ਯਤਨ ਕੀਤਾ ਹੈ। (ਵਿਘਨ) ਇੰਡਸਟਰੀ ਵਾਸਤੇ ਵੀ ਫੋਕਲ ਪੁਆਇੰਟ ਦਾ ਉਦਘਾਟਨ ਕਰਨ ਵਾਸਤੇ ਇਥੇ ਜੋ ਪਿਛੇ ਜਿਹੇ ਸੈਂਟਰ ਦੇ ਮਨਿਸਟਰ ਨੇ ਆ ਕੇ ਉਦਘਾਟਨ ਕੀਤਾ ਹੈ, ਉਹ ਵੀ ਇਕ ਸ਼ਲਾਘਾ ਯੋਗ ਕੰਮ ਹੈ । ਇਸੇ ਤਰ੍ਹਾਂ ਹੀ ਰਣਜੀਤਗੜ੍ਹ ਬਨਾਉਣ ਔਰ ਜੋ ਗਰੀਬ ਵਰਗ ਨੂੰ ਬਿਨਾਂ ਸੂਦ ਦੇ ਕਰਜ਼ਾ ਦੇਣ ਵਾਸਤੇ 30 ਕਰੋੜ ਰੁਪਿਆ ਰੱਖਿਆ ਇਸ ਲਈ ਵੀ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। (ਵਿਘਨ) ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ ਸ਼ਤਾਬਦੀ ਮਨਾਉਣ ਵਾਸਤੇ 5 ਕਰੋੜ ਰੁਪਿਆ ਵੰਡਿਆ ਗਿਆ। ਨਕੋਦਰ ਵਿਚ ਸ੍ਰੀਮਤੀ ਇੰਦਰਾ ਗਾਂਧੀ ਸਾਡੇ ਪ੍ਰਧਾਨ ਮੰਤਰੀ ਜੀ ਨੇ ਸਪੀਚ ਦੇ ਕੇ ਲੋਕਾਂ ਦੀ ਕਾਫੀ ਹੌਸਲਾ ਅਫਜ਼ਾਈ ਕੀਤੀ । ਸਾਨੂੰ ਉਮੀਦ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਦੀ ਤਰੱਕੀ ਦੇ ਕੰਮ ਜਾਰੀ ਰਖਣਗੇ ਕਿਉਂਕਿ ਉਹ ਦੇਸ਼ ਦੀ ਆਜ਼ਾਦੀ ਲੈਣ ਵਾਲਿਆਂ ਵਿਚੋਂ ਇਕ ਹਨ ਔਰ ਇਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਸਾਰੇ ਹਿੰਦੁਸਤਾਨ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚੋਂ ਮੁਕਤ ਕਰਾਇਆ ਸੀ । ਇਹ ਪਾਰਟੀ ਦੇ ਵਿਚ ਵੱਡੇ ਵੱਡੇ

ਅਹੁਦਿਆਂ ਤੇ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਦੋ ਵਾਰ ਪਾਰਲੀਮੈਂਟਰੀ ਬੋਰਡ ਦੇ ਮੈਂਬਰ ਰਹੇ ਹਨ । ਫਿਰ ਇਹ ਇਥੇ ਹੋਮ ਮਨਿਸਟਰ ਵੀ ਰਹੇ ਹਨ ਅਤੇ ਅਜ ਉਹ ਪੰਜਾਬ ਦੇ ਮੁੱਖ ਮੰਤਰੀ ਹਨ। ਉਨ੍ਹਾਂ ਨੂੰ ਪਤਾ ਹੈ ਕਿ ਕਿਹੜਾ ਕੰਮ ਕਿਸ ਤਰ੍ਹਾਂ ਕਰਨਾ ਹੈ । (ਵਿਘਨ) ਅਜ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਐਵੇਂ ਹੀ ਇਸ ਸਰਕਾਰ ਦੇ ਕੀਤੇ ਚੰਗੇ ਕੰਮਾਂ ਦੀ ਨੁਕਤਾਚੀਨੀ ਕਰੀ ਜਾਂਦੇ ਹਨ। ਇਨ੍ਹਾਂ ਦੀ ਤਾਂ ਉਹ ਗੱਲ ਹੈ ਕਿ ਡਿੱਗੀ ਗਧੀ ਤੋਂ ਤੇ ਰੋਸ ਘੁਮਿਆਰ ਤੇ । ਇਨ੍ਹਾਂ ਨੂੰ ਬਾਦਲ ਸਾਹਿਬ ਨਾਲ ਲੜਨਾ ਚਾਹੀਦਾ ਹੈ । (ਵਿਘਨ) ਇਥੇ ਪਾਂਧੀ ਜੀ ਨੇ ਕੁਝ ਗੱਲਾਂ ਕੀਤੀਆਂ ਅਤੇ ਕਿਹਾ ਕਿ ਸੀ.ਐਮ. ਦੇ ਮੁੰਡੇ ਕੀ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਤਾਂ ਆਪਣੀ ਜ਼ਬਾਨ ਦਾ ਚਸਕਾ ਹੀ ਪੂਰਾ ਕਰਦੇ ਹਨ ਹੋਰ ਕੁਝ ਨਹੀਂ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੈਸ਼ਨੇਲਿਸਟ ਹਨ, ਉਹ ਦੇਸ਼ ਭਗਤ ਹਨ। ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦੀ ਦਿਵਾਉਣ ਵਿਚ ਹਿੱਸਾ ਪਾਇਆ ਹੈ । ਉਹ ਪੰਜਾਬ ਦੇ ਗਰੀਬ ਲੋਕਾਂ ਦੀ ਜਿੰਦ ਜਾਨ ਹਨ। ਉਨ੍ਹਾਂ ਨੂੰ ਪੰਜਾਬੀਆਂ ਵਾਸਤੇ, ਜੋ ਕੁਝ ਕਰਨਾ ਚਾਹੀਦਾ ਹੈ, ਕਰ ਰਹੇ ਹਨ । ਇਨ੍ਹਾਂ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਕਿਹਾ ਕਿ ਗੰਨੇ ਦਾ ਮੁੱਲ ਪੂਰਾ ਨਹੀਂ ਮਿਲਿਆ, ਪੈਡੀ ਦੀ ਕੀਮਤ ਪੂਰੀ ਨਹੀਂ ਮਿਲੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਆਪ ਤਾਂ ਇਸ ਬਾਰੇ ਕੁਝ ਕਰ ਨਹੀਂ ਸਕੇ ਅਤੇ ਸਾਡੀ ਸਰਕਾਰ ਨੂੰ ਐਵੇਂ ਕੋਸੀ ਜਾਂਦੇ ਹਨ । ਸਾਡੀ ਸਰਕਾਰ ਨੇ ਗੰਨੇ ਦਾ ਠੀਕ ਮੁੱਲ ਦਿੱਤਾ ਹੈ । (ਵਿਘਨ) ਇਹ ਜਿਹੜੇ ਸਾਡੇ ਕਮਿਉਨਿਸਟ ਭਾਈ ਬੈਠੇ ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਖੇਤ ਮਜ਼ਦੂਰ ਹਨ, ਜਿਹੜੇ ਐਨੀ ਮਿਹਨਤ ਕਰਦੇ ਹਨ, ਉਨ੍ਹਾਂ ਦੀ ਦਿਹਾੜੀ ਵਧਾਉਣ ਵਾਸਤੇ ਨਾ ਮਾਸਟਰ ਚੰਦ ਸਿੰਘ ਨੇ ਕੋਈ ਬਿਆਨ ਦਿੱਤਾ ਹੈ ਅਤੇ ਨਾ ਹੀ ਕਾਮਰੇਡ ਰਾਜਕੁਮਾਰ ਨੇ ਕੋਈ ਬਿਆਨ ਦਿਤਾ ਹੈ ਕਿ ਖੇਤ ਮਜ਼ਦੂਰਾਂ ਨੂੰ ਵੀ ਵੱਧ ਪੈਸੇ ਮਿਲਣੇ ਚਾਹੀਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, 1968 ਵਿਚ ਫਰੰਟ ਸਰਕਾਰ ਬਣੀ ਸੀ ਅਤੇ ਉਹ ਧਕੇ ਨਾਲ ਬਣੀ ਸੀ। ਉਦੋਂ ਇਨ੍ਹਾਂ ਨੇ ਸਾਡੇ 10 ਆਦਮੀ ਖਰੀਦ ਲਏ । ਸਰਦਾਰ ਬਲਵੰਤ ਸਿੰਘ ਵੀ ਖ਼ਰੀਦੇ ਗਏ। (ਵਿਘਨ) ਕਾਂਗਰਸ ਨੇ ਕਦੇ ਕੋਈ ਨਹੀਂ ਖਰੀਦਿਆ। ਜੇ ਤੁਹਾਡੇ ਵਾਂਗਰ ਖਰੀਦੀ ਤਾਂ ਫਿਰ ਤੁਹਾਡੀ ਸਰਕਾਰ ਨਾ ਬਣਦੀ। ਹੁਣ ਇਨ੍ਹਾਂ ਦਾ ਕੰਮ ਘਟ ਗਿਆ ਹੈ । ਇਨ੍ਹਾਂ ਵਿਚ ਕਮਜ਼ੋਰੀ ਆ ਗਈ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁਦਾ ਹਾਂ ਕਿ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਰਿਜ਼ਰਵੇਸ਼ਨ ਬਾਰੇ ਕੋਈ ਪਾਲਿਸੀ ਨਹੀਂ ਬਣਾ ਸਕੇ । 1980 ਵਿਚ ਰਿਜ਼ਰਵੇਸ਼ਨ ਖ਼ਤਮ ਹੋਣੀ ਸੀ ਪਰ ਸਾਡੀ ਸਰਕਾਰ ਦੇ ਆਉਂਦਿਆਂ ਹੀ ਸ੍ਰੀਮਤੀ ਇੰਦਰਾ ਗਾਂਧੀ ਨੇ ਪਾਰਲੀਮੈਂਟ ਵਿਚ ਇਹ ਚੀਜ਼ ਲਿਆ ਕੇ ਪਾਸ ਕਰਵਾ ਕੇ ਇਸ ਦਾ ਸਮਾਂ ਵਧਾਇਆ।

ਸ੍ਰੀ ਡਿਪਟੀ ਸਪੀਕਰ : ਪਲੀਜ਼ ਵਾਈਂਡ ਅੱਪ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸ੍ਰੀਮਤੀ ਇੰਦਰਾ ਗਾਂਧੀ ਨੇ ਸੁਪਰੀਮ ਕੋਰਟ ਵਿਚ ਵੀ ਹਰੀਜਨ ਜੱਜ ਲਾਇਆ ਹੈ । ਸਾਡੇ ਪੰਜਾਬ ਵਿਚ ਵੀ ਇਸ ਪਾਸੇ ਧਿਆਨ ਕਰਨਾ ਚਾਹੀਦਾ ਹੈ । ਇਹ ਕਹਿੰਦੇ ਹੁੰਦੇ ਸੀ ਕਿ ਅਸੀਂ ਹਰੀਜਨ ਜੱਜ ਲਾਵਾਂਗੇ, ਇਹ ਕਰਾਂਗੇ, ਉਹ ਕਰਾਂਗੇ ਪਰ ਇਹ ਕੁਝ ਨਹੀਂ ਕਰ ਸਕੇ । (ਵਿਘਨ) ਡਿਪਟੀ ਸਪੀਕਰ ਸਾਹਿਬ, ਯੂਨੀਵਰਸਿਟੀਜ਼ ਨੂੰ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਯੂਨੀਵਰਸਿਟੀਜ਼ ਦੇ ਰੂਲਜ਼ ਦੇ ਮੁਤਾਬਿਕ ਕੰਮ ਕਰਨ । ਕਾਨੂੰਨ ਦੇ ਮੁਤਾਬਿਕ ਉਥੇ

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਕੰਮ ਹੋਣਾ ਚਾਹੀਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੈਡੀਕਲ ਕਾਲਜ ਵਿਚ ਬੜੀ ਹੇਰਾ ਫੇਰੀ ਹੋਈ ਸੀ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਜਲਦੀ ਵਾਈਂਡ ਅੱਪ ਕਰੋ ।

ਸਰਦਾਰ ਦਰਸ਼ਨ ਸਿੰਘ ਕੇ.ਪੀ : ਉਥੇ 360 ਸੀਟਾਂ ਸਨ । 90 ਸ਼ੈਡਿਊਲਡ ਕਾਸਟ ਰੱਖਣੇ ਚਾਹੀਦੇ ਸਨ ਪਰ ਉਨ੍ਹਾਂ ਨੂੰ ਕੇਵਲ 13 ਸੀਟਾਂ ਦਿਤੀਆਂ ਗਈਆਂ ਅਤੇ ਬਾਕੀ ਜਨਰਲ ਬੰਦੇ ਰੱਖ ਲਏ ਗਏ । ਇਸ ਤਰ੍ਹਾਂ ਸ਼ੈਡਿਊਲਡ ਕਾਸਟਸ ਨਾਲ ਬੜੀ ਬੇਇਨਸਾਫੀ ਕੀਤੀ ਗਈ। ਜਦ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੂੰ ਪੁੱਛਿਆ ਗਿਆ ਕਿ ਤੁਸੀਂ ਕਿਸ ਰੂਲ ਦੇ ਮੁਤਾਬਿਕ ਚਲਦੇ ਹੋ ਤਾਂ ਉਹ ਕਹਿਣ ਲੱਗਾ ਕਿ ਅਸੀਂ ਯੂਨੀਵਰਸਿਟੀ ਦੇ ਰੂਲਜ਼ ਦੇ ਮੁਤਾਬਿਕ ਚਲਦੇ ਹਾਂ। ਉਸ ਨੇ ਇਹ ਗੱਲ ਮੰਨ ਲਈ ਕਿ ਗ਼ਲਤ ਹੋਈ ਹੈ । (ਵਿਘਨ) ਰਿਜ਼ਰਵੇਸ਼ਨ ਦਾ ਖਿਆਲ ਰੱਖਣਾ ਚਾਹੀਦਾ ਹੈ ਚਾਹੇ ਦਾਖਲਾ ਲੈਣ ਦੀ ਗੱਲ ਹੋਵੇ, ਚਾਹੇ ਸਿਪਾਹੀਆਂ ਦੀ ਗੱਲ ਹੋਵੇ, ਕਿਸੇ ਪਾਸੇ ਵੀ ਹੋਵੇ ਰਿਜ਼ਰਵੇਸ਼ਨ ਦਾ ਖਿਆਲ ਰੱਖਣਾ ਚਾਹੀਦਾ ਹੈ । (ਵਿਘਨ) ਮੈਂ, ਸਰਦਾਰ ਦਰਬਾਰਾ ਸਿੰਘ ਨੂੰ ਬੇਨਤੀ ਕਰਾਂਗਾ ਕਿ ਇਹ ਗਰੀਬ ਲੋਕਾਂ ਦੀ ਮੰਗ ਹੈ ਉਨ੍ਹਾਂ ਨੂੰ ਪੂਰਾ ਹੱਕ ਮਿਲਣਾ ਚਾਹੀਦਾ ਹੈ । ਜੇ ਰਿਜ਼ਰਵੇਸ਼ਨ ਦੇ ਬਾਰੇ ਬਿਲ ਆ ਜਾਵੇ ਐਕਟ ਲਾਗੂ ਹੋ ਜਾਵੇ ਤਾਂ ਸਰਕਾਰ ਦੀ ਬਹੁਤ ਮਿਹਰਬਾਨੀ ਹੋਵੇਗੀ ਤਾਂ ਕਿ ਇਨ੍ਹਾਂ ਲੋਕਾਂ ਦਾ ਕੁਝ ਫਾਇਦਾ ਹੋ ਸਕੇ ।

ਸ੍ਰੀ ਡਿਪਟੀ ਸਪੀਕਰ : ਹੁਣ, ਰਾਮ ਸਵਰੂਪ ਬਾਗੀ ਜੀ ਬੋਲਣਗੇ । ਬਾਗੀ ਸਾਹਿਬ, ਤੁਸੀਂ 5 ਮਿੰਟਾਂ ਵਿਚ ਖ਼ਤਮ ਕਰ ਦੇਣਾ ।

ਸ੍ਰੀ ਰਾਮ ਸਵਰੂਪ ਬਾਗੀ (ਪਠਾਨਕੋਟ): ਡਿਪਟੀ ਸਪੀਕਰ ਸਾਹਿਬ, ਇਹ ਜੋ ਗਵਰਨਰ ਸਾਹਿਬ ਦੇ ਐਡਰੱਸ ਤੇ ਬਹਿਸ ਚੱਲ ਰਹੀ ਹੈ ਇਸ ਤੇ ਬੋਲਦੇ ਹੋਏ ਅਪੋਜ਼ੀਸ਼ਨ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਮੈਨੂੰ ਇਸ ਐਡਰੈਸ ਵਿਚੋਂ ਕੁਝ ਨਹੀਂ ਲਭਿਆ ਜਿਸ ਦੀ ਮੈਂ ਅਲੋਚਨਾ ਕਰ ਸਕਾਂ। ਨਾਲ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਹੜੇ ਕੰਮ ਕੀਤੇ ਜਾ ਰਹੇ ਹਨ ਉਹ ਪਹਿਲਾਂ ਸਾਡੀ ਸਰਕਾਰ ਦੇ ਸੋਚੇ ਹੋਏ ਸਨ । ਜੇ ਥਰਮਲ ਪਲਾਂਟ ਦਾ ਜ਼ਿਕਰ ਆਇਆ ਤਾਂ ਉਸ ਬਾਰੇ ਕਿਹਾ ਗਿਆ ਕਿ ਇਹ ਸਾਡਾ ਪਹਿਲਾਂ ਸੋਚਿਆ ਹੋਇਆ ਸੀ । ਜੇ ਰਣਜੀਤ ਗੜ੍ਹ ਬਾਰੇ ਗੱਲ ਆਈ ਤਾਂ ਕਿਹਾ ਗਿਆ ਕਿ ਇਸ ਬਾਰੇ ਪਹਿਲਾਂ ਸਾਡੀ ਹੀ ਪਲਾਨ ਸੀ । ਜੇ ਗਰੀਬਾਂ ਨੂੰ ਕਰਜ਼ੇ ਦੇਣ ਦੀ ਗਲ ਆਈ ਤਾਂ ਕਿਹਾ ਇਹ ਸਾਡਾ ਪਹਿਲਾਂ ਹੀ ਪ੍ਰੋਗਰਾਮ ਸੀ । ਗੋਇੰਦਵਾਲ ਬਾਰੇ ਕਿਹਾ ਗਿਆ ਕਿ ਇਹ ਸਾਡਾ ਪਹਿਲਾਂ ਪ੍ਰੋਗਰਾਮ ਸੀ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀਆਂ ਇਹ ਗਲਾਂ ਸੁਣਕੇ ਮੈਨੂੰ ਇਕ ਗਲ ਯਾਦ ਆ ਗਈ ਹੈ । ਇਕ ਬਾਬੂ ਦਾ ਵਿਆਹ ਨਵਾਂ ਨਵਾਂ ਹੋਇਆ। ਉਹ ਆਪਣੀ ਬੀਵੀ ਨੂੰ ਸਿਆਣੀ ਗੁਆ- ਢਣ ਦੇ ਹਵਾਲੇ ਕਰ ਗਿਆ ਅਤੇ ਕਹਿ ਗਿਆ ਕਿ ਮੇਰੀ ਡਿਊਟੀ ਜਾਣ ਤੋਂ ਬਾਅਦ ਇਸ ਕੋਲੋਂ ਸਲਾਹ ਮਸ਼ਵਰਾ ਲੈ ਲਵੀਂ। ਜਦੋਂ ਕੋਈ ਚੀਜ਼ ਬਣਾਉਣੀ ਹੋਵੇ ਤਾਂ ਇਸ ਕੋਲੋਂ ਤੇ ਪੁੱਛ ਲਵੀਂ। ਇਕ ਵਾਰ ਬਾਬੂ ਨੇ ਕਿਹਾ ਕਿ ਅੱਜ ਖੀਰ ਬਣਾ ਲਵੀਂ । ਉਸਦੀ ਬੀਵੀ ਗੁਆਢਣ ਕੋਲ ਚਲੀ ਗਈ ਅਤੇ ਖੀਰ ਬਣਾਉਣ ਵਾਸਤੇ ਪੁੱਛਣ ਲਗੀ । ਗੁਆਢਣ ਨੇ ਕਿਹਾ ਕਿ ਪਹਿਲਾਂ ਚੌਲ ਪਾਣੀ ਵਿਚ ਭਿਉਂ ਲਵੀਂ । ਉਹ ਕਹਿਣ ਲਗੀ ਇਹ ਤਾਂ ਮੈਨੂੰ ਪਤਾ ਹੈ ਫਿਰ ਉਸਨੇ ਕਿਹਾ ਕਿ ਪਤੀਲੇ ਵਿਚ ਪਾਣੀ ਪਾ ਕੇ ਅੰਗੀਠੀ ਤੇ ਰੱਖ ਲਵੀਂ ਉਸਨੇ ਕਿਹਾ ਇਹ ਵੀ ਮੈਨੂੰ ਵੀ ਆਉਂਦਾ ਹੈ ਫਿਰ ਉਸਨੇ ਕਿਹਾ ਕਿ ਇਸ ਵਿਚ ਦੁੱਧ ਪਾ ਲਵੀਂ ਇਸ ਤੇ ਉਸਨੇ ਕਿਹਾ ਇਹ ਵੀ ਮੈਨੂੰ ਪਤਾ ਹੈ । ਫਿਰ ਉਸਨੇ ਕਿਹਾ ਕਿ ਜਦੋਂ ਦੁੱਧ ਗਾੜ੍ਹਾ ਹੋ ਜਾਵੇ ਅਤੇ ਚੌਲ ਪੱਕ ਗਏ ਹੋਣ ਤਾਂ ਪਤੀਲੇ ਨੂੰ ਢੱਕਣ ਨਾਲ ਚੰਗੀ ਤਰਾਂ ਉਤੋਂ ਬੰਦ ਕਰ ਦੇਣਾ ਅਤੇ ਢੱਕਣ ਦੇ ਉਪਰ ਸੁਆਹ ਪਾ ਲਈਂ

ਤਾਂਕਿ ਖੀਰ ਕੱਚੀ ਨਾ ਰਹੇ ਅਤੇ ਸੁਆਦੀ ਬਣ ਜਾਵੇ। ਬਾਬੂ ਦੀ ਬੀਵੀ ਨੇ ਘਰ ਜਾਕੇ ਖੀਰ ਬਣਾਉਣੀ ਸ਼ੁਰੂ ਕੀਤੀ। ਸਾਰਾ ਕੁਝ ਕਰਕੇ ਅਖੀਰ ਵਿਚ ਉਸਨੇ ਸੁਆਹ ਖੀਰ ਵਿਚ ਪਾ ਦਿੱਤੀ। ਜਦੋਂ ਬਾਬੂ ਘਰ ਆਇਆ ਤਾਂ ਉਹ ਖੀਰ ਖਾਣ ਦੇ ਮੂਡ ਵਿਚ ਸੀ। ਉਸ ਦੀ ਬੀਵੀ ਨੇ ਖੁਸ਼ੀ ਨਾਲ ਉਸਦੇ ਅੱਗੇ ਖੀਰ ਰੱਖ ਦਿਤੀ। ਜਦੋਂ ਬਾਬੂ ਨੇ ਖੀਰ ਖਾਣੀ ਸ਼ੁਰੂ ਕੀਤੀ ਤਾਂ ਉਸਨੂੰ ਵਿਚੋਂ ਸੁਆਹ ਦਾ ਸਵਾਦ ਆਇਆ। ਇਸ ਤੇ ਉਹ ਆਪਣੀ ਬੀਵੀ ਨੂੰ ਨਾਨ ਸੈਂਸ, ਬੁਰਾ ਭਲਾ ਕਹਿਣ ਲੱਗਾ। ਬਾਬੂ ਦੇ ਪੁੱਛਣ ਤੇ ਉਸਦੀ ਬੀਵੀ ਨੇ ਕਿਹਾ ਕਿ ਗੁਆਢਣ ਨੇ ਕਿਹਾ ਸੀ ਕਿ ਵਿਚ ਸੁਆਹ ਪਾ ਲਵੀ। ਜਦੋਂ ਗੁਆਢਣ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਇਸ ਨੂੰ ਕਿਹਾ ਸੀ ਕਿ ਇਸ ਤਰਾਂ ਕਰ ਲਵੀ ਤਾਂ ਇਹ ਕਹਿਣ ਲਗੀ ਇਹ ਤਾਂ ਮੈਨੂੰ ਪਤਾ ਹੈ। ਸੁਆਹ ਤਾਂ ਮੈਂ ਇਸ ਨੂੰ ਕਿਹਾ ਸੀ ਕਿ ਪਤੀਲੇ ਦੇ ਢੱਕਣ ਉਤੇ ਪਾ ਲਵੀਂ ਨਾ ਕਿ ਪਤੀਲੇ ਵਿਚ। (ਘੰਟੀ) ਸੋ ਇਸ ਕਿਸਮ ਦੀ ਇਨ੍ਹਾਂ ਦੀ ਗੱਲ ਹੈ। ਬਾਦਲ ਸਾਹਿਬ ਨੇ ਹਰ ਗੱਲ ਨੂੰ ਕਿਹਾ ਕਿ ਅਸੀਂ ਇਹ ਵੀ ਕਰਨੀ ਸੀ, ਉਹ ਵੀ ਕਰਨੀ ਸੀ। ਪਰ ਹੋਇਆ ਇਨ੍ਹਾਂ ਕੋਲੋਂ ਕੁਝ ਨਹੀਂ। ਇਹ ਵੀ ਮੰਨ ਗਏ ਹਨ ਕਿ ਸਰਕਾਰ ਨੇ 6 ਮਹੀਨਿਆਂ ਵਿਚ ਬੜੇ ਕੰਮ ਕੀਤੇ ਹਨ। ਇਨ੍ਹਾਂ ਦੀ ਤਾਂ ਉਹੀ ਗੱਲ ਹੈ ਕਿ ਇਹ ਸਿਰਫ ਸੁਆਹ ਪਾਉਣੀ ਭੁੱਲ ਗਏ। (ਹਾਸਾ) (ਵਿਘਨ) ਹੁਣ ਮੈਂ ਆਉਂਦਾ ਹਾਂ ਬੱਸਾਂ ਦੇ ਕਰਾਇਆਂ ਵੱਲ। ਬਸਾਂ ਦੇ ਕਿਰਾਏ ਦੀ ਪੋਜ਼ੀਸ਼ਨ ਇਹ ਹੈ ਕਿ ਇਨ੍ਹਾਂ ਦੀ ਆਪਣੀ ਟਰਾਂਸਪੋਰਟ ਹੈ। ਬੜੀ ਚੰਗੀ ਗੱਲ ਹੁੰਦੀ ਕਿ ਜਦੋਂ ਬਸਾਂ ਦੇ ਕਰਾਏ ਦਾ ਸਵਾਲ ਆਇਆ ਸੀ ਤਾਂ ਉਸ ਵੇਲੇ ਇਤਰਾਜ਼ ਇਨ੍ਹਾਂ ਤੋਂ ਪੁਛਿਆ ਸੀ, ਇਹ ਆਪਣਾ ਇਤਰਾਜ਼ ਦਸਦੇ ਲੇਕਿਨ ਇਨ੍ਹਾਂ ਨੇ ਮਹੀਨੇ ਵਿਚ ਆਪਣੀ ਕੋਈ ਇਤਰਾਜ਼ ਵੀ ਨਹੀਂ ਦੱਸਿਆ। ਆਪ ਇਹ ਚਾਹੁੰਦੇ ਸਨ ਕਿ ਕਰਾਇਆ ਵੱਧ ਜਾਏ। (ਵਿਘਨ)

12.90 Noon | (ਇਸ ਸਮੇ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਹ ਤਾਂ ਉਹ ਗਲ ਹੋਈ —

'ਖਾ ਜਾਏ ਬਾਂਦਰ ਤੇ ਮਲ ਦਿਓ ਕੱਟੇ ਦੇ ਮੂੰਹ ਨੂੰ'

ਮਜ਼ਾ ਤਾਂ ਸਪੀਕਰ ਸਾਹਿਬ, ਉਦੋਂ ਆਉਂਦਾ ਜਦੋਂ ਇਹ ਆਪਣੀਆਂ ਬੱਸਾਂ ਵਾਸਤੇ ਆਰਡਰ ਕਰ ਦਿੰਦੇ ਕਿ ਅਸੀਂ ਕਰਾਇਆ ਨਹੀਂ ਲੈਣਾ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਅਗਰ ਕਿਰਾਇਆ ਵੱਧ ਲੈਂਦੀ ਹੈ ਤਾਂ ਬੇਸ਼ਕ ਲੈ ਲਵੇ ਪਰ ਅਸੀਂ ਕਰਾਇਆ ਵੱਧ ਨਹੀਂ ਲੈਣਾ। ਨਾਲੇ ਤਾਂ ਇਨ੍ਹਾਂ ਦੇ ਕੰਡਕਟਰ ਵੱਧ ਕਰਾਏ ਦੀਆਂ ਟਿਕਟਾਂ ਕਟਦੇ ਹਨ ਅਤੇ ਨਾਲੇ ਕਹਿੰਦੇ ਹਨ ਕਿ ਕੀ ਕਰੀਏ ਜੀ ਸਰਕਾਰ ਨੇ ਬੇੜਾ ਗਰਕ ਕਰ ਦਿੱਤਾ ਹੈ, ਕਿਰਾਇਆ ਵਧਾ ਦਿੱਤਾ ਹੈ। ਕਿਰਾਇਆ ਇਨ੍ਹਾਂ ਦੇ (ਅਪੋਜੀਸ਼ਨ ਪਾਰਟੀ ਵਲ ਇਸ਼ਾਰਾ) ਘਰ ਆਉਂਦਾ ਹੈ ਔਰ ਗਾਲਾਂ ਸਾਨੂੰ ਕਢਦੇ ਹਨ। ਮਜ਼ਾ ਤੇ ਤਾਂ ਸੀ ਜੇ ਆਪ ਇਹ ਕਰਾਇਆ ਵੱਧ ਨਾ ਲੈਂਦੇ ਤਾਂ ਸਰਕਾਰ ਵੀ ਕੁਝ ਸੋਚਦੀ। (ਵਿਘਨ) ਹੁਣ ਇਹ ਕਹਿੰਦੇ ਹਨ ਕਿ ਟੋਕਨ ਟੈਕਸ ਦਾ ਪਤਾ ਨਹੀਂ। ਗੁਡਜ਼ ਟੈਕਸ ਟੋਕਨ ਟੈਕਸ ਜਾਂ ਪੈਸੰਜਰ ਟੈਕਸ ਕਦੇ ਦਿੱਤਾ ਹੋਵੇ ਤਾ ਰੇਟ ਦਾ ਪਤਾ ਹੋਵੇ ਕਿ ਇਸ ਟੈਕਸ ਦਾ ਕੀ ਹੈ। ਇਹ ਸਾਬਤ ਹੋ ਗਿਆ ਹੈ ਕਿ ਇਨ੍ਹਾਂ ਨੇ ਕਦੇ ਕੋਈ ਟੈਕਸ ਨਹੀਂ ਦਿੱਤਾ। (ਵਿਘਨ) ਮੈਂ ਬਾਦਲ ਸਾਹਿਬ ਨੂੰ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਮੈਂ ਇਨ੍ਹਾਂ ਦੀ ਬੜੀ ਇਜ਼ਤ ਕਰਦਾ ਹਾਂ, ਮਾਣ ਕਰਦਾ ਹਾਂ ਕਿ ਇਨ੍ਹਾਂ ਨੂੰ ਆਪਣਾ ਜੋ ਕਰਤੱਵ ਹੈ ਉਹ ਸਮਝਣਾ ਚਾਹੀਦਾ ਹੈ। ਇਹ ਹੋਰ ਕਰ ਕੀ ਸਕਦੇ ਸੀ? ਇਹ ਜੋ ਕੁਝ ਕਰ ਸਕਦੇ ਸੀ ਉਹ 21 ਜਨਵਰੀ ਨੂੰ ਕਰ ਦਿੱਤਾ ਹੈ। ਇਹ ਨੰਗੀਆਂ ਤਲਵਾਰਾਂ, ਡਾਗਾਂ ਬਰਛੇ, ਕੁਲਹਾੜੀਆਂ ਲੈ ਕੇ ਲੋਕੀ ਇਥੇ ਲਿਆਏ ਔਰ ਇਸ ਵਿਧਾਨ ਸਭਾ ਦੇ ਜਿਸ ਨੂੰ ਅਸੀਂ ਮੰਦਰ ਕਹਿੰਦੇ ਹਾਂ, ਆਕੇ ਸ਼ੀਸ਼ੇ ਭੰਨੇ। ਇਹ ਕਰਨ ਵੀ ਕੀ? ਇਨ੍ਹਾਂ ਦੀ ਪੁਰਾਣੀ ਆਦਤ ਹੈ ਜੋ

[ਸ਼੍ਰੀ ਰਾਮ ਸਵਰੂਪ ਬਾਗੀ]

ਪਟੀ ਹੋਈ ਹੈ ਜਿਹੜੀ ਕੁਝ ਕਸਰ ਰਹਿੰਦੀ ਸੀ ਉਹ ਜਨਸੰਘੀ ਭਰਾਵਾਂ ਤੋਂ ਸਿਖ ਲਈ । ਮੈਂ ਬੇਨਤੀ ਕਰਾਗਾਂ ਆਪੋਜੀਸ਼ਨ ਪਾਰਟੀ ਦੇ ਲੀਡਰ ਸਾਹਿਬ ਨੂੰ ਜੇ ਉਨ੍ਹਾਂ ਨੇ ਘੇਰਾਓ ਕਰਨਾ ਹੀ ਸੀ ਤਾਂ ਬੜੇ ਪਿਆਰ ਨਾਲ ਔਰ ਚੰਗੇ ਢੰਗ ਨਾਲ ਆਉਂਦੇ । ਇਨ੍ਹਾਂ ਦੀਆਂ ਨੰਗੀਆਂ ਕਿਰਪਾਨਾਂ, ਬਰਛੇ ਭਾਲੇ, ਕੁਲਹਾੜੀਆਂ ਦੇਖ ਕੇ ਅੱਜ ਪੰਜਾਬ ਦਾ ਹਰ ਸ਼ਹਿਰੀ ਕੀ ਹਿੰਦੂ, ਕੀ ਸਿੱਖ, ਕੀ ਮੁਸਲਮਾਨ ਤੇ ਕੀ ਇਸਾਈ ਉਸ ਦਿਨ ਤੋਂ ਸੋਚ ਰਿਹਾ ਹੈ ਕਿ ਮੈਂ ਪੰਜਾਬ ਦੇ ਅੰਦਰ ਜੀਣਾ ਹੈ ਤਾਂ ਕਿਸ ਤਰਾਂ ਜੀਣਾ ਹੈ । (ਥੰਪਿੰਗ) (ਵਿਘਨ) ਲੋਕ ਹੁਣ ਇਹ ਸੋਚ ਰਹੇ ਹਨ ਕਿ ਇਹ ਤਲਵਾਰਾਂ ਉਠਾ ਉਣ ਵਾਲੇ ਹਨ ਔਰ ਪੰਜਾਬ ਦੇ ਵਿਚ ਕਾਂਗਰਸ ਤੋਂ ਇਲਾਵਾ ਹੋਰ ਕੋਈ ਹਕੂਮਤ ਨਹੀਂ ਕਰ ਸਕਦਾ ਸਾਡੇ ਜਾਨ ਅਤੇ ਮਾਲ ਦੀ ਹਿਫ਼ਾਜ਼ਤ ਕਾਂਗਰਸ ਤੋਂ ਇਲਾਵਾ ਹੋਰ ਕੋਈ ਨਹੀਂ ਕਰ ਸਕਦਾ । ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਸਾਡਾ ਕੰਮ ਕਰ ਦਿੱਤਾ ਜਿਹੜੇ ਚਾਰ ਪੰਜ ਚੁਣ ਕੇ ਆਉਣੇ ਸੀ ਉਹ ਵੀ ਹੁਣ ਰਹਿ ਜਾਣਗੇ । (ਵਿਘਨ) ਚੋਪੜਾ ਸਾਹਿਬ ਬੜੇ ਸਿਆਣੇ ਮੈਂਬਰ ਹਨ, ਸੀ.ਪੀ.ਆਈ. ਦੇ ਲੀਡਰ ਬੜੇ ਸਿਆਣੇ ਹਨ । (ਵਿਘਨ)

'ਆਪ ਤਾਂ ਮੋਇਆ ਬਾਹਮਣਾ ਜਜਮਾਨ ਵੀ ਨਾਲੇ'

ਇਹ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਵਾਸਤੇ ਬੜੇ ਨਾਹਰੇ ਲਾਉਂਦੇ ਸੀ । ਬੜੇ ਨਾਹਰੇ ਲਾਉਦੇ ਸੀ ਕੌਮੀਕਰਣ ਕੌਮੀਕਰਣ ਪਰ ਜਦੋਂ ਕੌਮੀਕਰਣ ਦਾ ਵਕਤ ਆਇਆ ਤਾਂ ਇਹ ਕੌਮੀਕਰਣ ਹੀ ਭੁਲ ਗਏ ।

'ਹੰਸ ਚਲਿਆ ਕਊਏ ਕੀ ਚਾਲ'

ਉਸਨੂੰ ਆਪਣੀ ਵੀ ਚਾਲ ਭੁੱਲ ਗਈ । ਇਨ੍ਹਾਂ ਨੂੰ ਆਪਣੀ ਚਾਲ ਵੀ ਭੁੱਲ ਗਈ । (ਮਾਸਟਰ ਚੰਦ ਸਿੰਘ ਵਲੋਂ ਵਿਘਨ (ਸਪੀਕਰ ਸਾਹਿਬ, ਕਾਮਰੇਡਾਂ ਨੂੰ ਅੱਜ ਤੱਕ ਕਦੇ ਟਰਾਂਸਪੋਰਟ ਨਾਲ ਮੁਹੱਬਤ ਨਹੀਂ ਸੀ ਇੰਡਸਟਰੀਅਲਿਸਟਾਂ ਨਾਲ ਮੁਹੱਬਤ ਨਹੀਂ ਸੀ ਪਰ ਇਹ ਵੀ ਉਨ੍ਹਾਂ ਦੇ ਨਾਲ ਜਾਕੇ ਰਲ ਗਏ ਹਨ । ਮੈਂ ਬਾਦਲ ਸਾਹਿਬ ਨੂੰ, ਜਿਨ੍ਹਾਂ ਨੇ ਡਾਗਾਂ, ਤਲਵਾਰਾਂ ਚਲਾਈਆਂ, ਕਹਾਂਗਾ ਕਿ

'ਨਾ ਤਲਵਾਰ ਹੀ ਉਠੇਗੀ ਨਾ ਖੰਜਰ ਉਠੇਗਾ,
ਯੇ ਬਾਜ਼ੂ ਮੇਰੇ ਆਜ਼ਮਾਏ ਹੁਏ ਹੈਂ'

ਹਮ ਨੇ ਕਾਂਟੋਂ ਕੋ ਭੀ ਛੂਆ ਹੈ ਨਰਮ ਹਾਥੋਂ ਸੇ ਅਕਸਰ,
ਵੋ ਬੇਰਹਿਮ ਹੈਂ ਫੂਲੋਂ ਕੋ ਭੀ ਮਸਲ ਦੇਤੇ ਹੈਂ,

ਮੈਂ ਅੰਤ ਵਿਚ ਸਪੀਕਰ ਸਾਹਿਬ ਨੂੰ, ਇਹੀ ਕਹਾਂਗਾ ਕਿ ਇਹ ਟਟਹਿਣੇ ਦੇ ਭੁਲੇਖੇ ਵਿਚ ਅੰਗਿਆਰੇ ਨੂੰ ਫੜ ਕੇ ਬਹਿ ਜਾਣਗੇ । 21 ਜਨਵਰੀ ਨੂੰ ਜੋ ਕੁਝ ਹੋਇਆ ਹੈ ਉਹ ਇਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਜੀ ਦੀ ਸ਼ਰਾਫਤ ਦਾ ਨਜਾਇਜ਼ ਫਾਇਦਾ ਉਠਾਇਆ ਹੈ । ਅਗਰ ਉਹ ਚਾਹੁੰਦੇ ਤਾਂ ਬਹੁਤ ਕੁਝ ਹੋ ਸਕਦਾ ਸੀ । ਇਹ ਰੋਂਦੇ ਹਨ ਲੱਤਾਂ ਤੇ ਬਾਹਾਂ ਨੂੰ ਜੇ ਅਗਲੀ ਵਾਰੀ ਫਿਰ ਕੋਈ ਇਨ੍ਹਾਂ ਨੇ ਜੁਅਰਤ ਕੀਤੀ ਤਾਂ ਫਿਰ ਇਹ ਸਿਰਾਂ ਨੂੰ ਰੋਣਗੇ ।

ਸਰਦਾਰ ਬੀਰ ਦਵਿੰਦਰ ਸਿੰਘ : (ਸਰਹਿੰਦ) . ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਦਾ ਜੋ ਧੰਨਵਾਦ ਦਾ ਮਤਾ ਹਾਊਸ ਵਿਚ ਪੇਸ਼ ਹੋਇਆ ਹੈ ਮੈਂ ਉਸ ਦਾ ਸਮੱਰਥਨ ਕਰਦਾ ਹਾਂ। ਬੜੇ ਦਿਨਾਂ ਤੋਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬਹਿਸ ਹੋ ਰਹੀ ਹੈ ਔਰ ਦੋਹਾਂ ਹੀ ਪੱਖਾਂ ਵਲੋਂ

ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਮੈਨੂੰ ਅਫਸੋਸ ਤਾਂ ਕੁਝ ਬੰਦਿਆਂ ਦੀ ਜ਼ਿੰਦਗੀ ਤੇ ਕੁਝ ਐਸਾ ਆਉਂਦਾ ਹੈ ਜਿਵੇਂ ਕਬਰਾਂ ਵਿਚ ਉਗੇ ਫੁੱਲ ਜੋ ਹਨ ਉਨ੍ਹਾਂ ਦੀ ਕਿਸਮਤ ਵਿਚ ਅਰਥੀ ਦੀ ਸ਼ੋਭਾ ਬਣਾਉਣਾ ਹੀ ਨਸੀਬ ਹੁੰਦਾ ਹੈ। ਕਬਰਾਂ ਦੇ ਫੁੱਲ ਨੂੰ ਇਕ ਕਵੀ ਸੰਬੋਧਨ ਕਰਦਾ ਹੈ—

'ਹਸਦੀ ਜ਼ਿੰਦਗੀ ਦੇ ਮੰਦਰ ਵਾਲਿਆ ਹੁਲਾਰ ਨਾ ਬਾਹਵਾਂ
ਮੇਰੀਏ ਮਹਿਕੇ
ਮੜ੍ਹੀਆਂ ਦਾ ਫੁਲ ਅਰਥੀ ਤੇ ਹੀ ਚੜ੍ਹ ਸਕਦਾ ਹੈ।'

ਕੁਝ ਐਸੇ ਹੀ ਹਾਲਤ ਮੇਰੇ ਸਾਹਮਣੇ ਬੈਠੇ ਭਰਾਵਾਂ ਵਲੋਂ ਪੇਸ਼ ਕੀਤੀ ਗਈ ਹੈ। ਜੋ ਕੁਝ ਇਨ੍ਹਾਂ ਨੇ 21 ਤਾਰੀਕ ਨੂੰ ਕੀਤਾ ਜਾਂ ਉਸ ਤੋਂ ਪਹਿਲਾਂ ਕੀਤਾ—(ਵਿਘਨ) ਮਗਰੋਂ ਵੀ ਕੀਤਾ ਹੈ ਉਸ ਦੇ ਬਾਰੇ ਮੈਂ ਜ਼ਿਆਦਾ ਡੀਟੇਲ ਵਿਚ ਨਾ ਜਾਂਦਾ ਹੋਇਆ ਇਹੀ ਕਹਿੰਦਾ ਹਾਂ ਕਿ ਇਨ੍ਹਾਂ ਦੇ ਨਸੀਬਾਂ ਵਿਚ ਇਸ ਤੋਂ ਵਧ ਕੁਝ ਨਹੀਂ ਹੈ। ਇਹ ਜੋ ਕੁਝ ਕਰ ਸਕਦੇ ਸਨ ਇਤਨਾ ਹੀ ਸੀ। (ਵਿਘਨ) ਕਿਸੇ ਨੇ ਸਵਾਲ ਕੀਤਾ ਬਾਜ਼ ਨੂੰ ਤੇਰਾ ਜਨਮ ਕਿਥੇ ਹੋਇਆ ਹੈ ਉਹ ਕਹਿਣ ਲਗਾ ਕੰਦ ਗੁਫਾ ਮੈਂ, ਔਰ ਫਿਰ ਪੁਛਿਆ ਕਿ ਤੇਰਾ ਰਹਿਣ ਦਾ ਬਸੇਰਾ ਕਿਹੜਾ ਹੈ? ਉਹ ਕਹਿਣ ਲਗਾ ਵਿਸ਼ਾਲ ਗਗਨ ਮੰਡਲਾਂ ਵਿਚ ਰਹਿਣਾ ਹੈ। (ਵਿਘਨ) ਇਨ੍ਹਾਂ ਦਾ ਗੁਫਾ ਵਿਚ ਰਹਿਣ ਦਾ ਇਰਾਦਾ ਹੈ ਪਰ ਸਾਡਾ ਵਿਸ਼ਾਲ ਗਗਨ ਮੰਡਲਾਂ ਵਿਚ ਉਡਣ ਦਾ ਇਰਾਦਾ ਹੈ। 21 ਤਾਰੀਕ ਨੂੰ, ਜੋ ਕੁਝ ਹੋਇਆ ਮੈਂ ਉਸ ਦਾ ਮੁਕਸਰ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ। ਪੰਜਾਂ ਪਾਰਟੀਆਂ ਦਾ ਫਰੰਟ ਪੰਜਾਬ ਵਿਚ ਬਦਅਮਨੀ ਦੇ ਹਾਲਾਤ ਪੈਦਾ ਕਰਨ ਲਈ ਇਕੱਠਾ ਹੋਇਆ। ਵੈਸੇ ਤਾਂ ਹਰ ਪਾਰਟੀ ਦਾ ਪੋਲੀਟੀਕਲ ਸਮਝੌਤਾ ਕਿਸੇ ਨਾਲ ਅਗਰ ਕੋਈ ਹੁੰਦਾ ਹੈ, ਪਾਰਟੀਆਂ ਦਾ ਆਪਸ ਵਿਚ ਸਮਝੌਤਾ ਅਗਰ ਹੁੰਦਾ ਹੈ ਤਾਂ ਉਸ ਦਾ ਕੋਈ ਨਾ ਕੋਈ ਪੋਲੀਟੀਕਲ ਜਾਂ ਆਰਥਕ ਆਧਾਰ ਜ਼ਰੂਰ ਹੁੰਦਾ ਹੈ ਲੇਕਿਨ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਇਹ ਪੁੱਛਾਂਗਾ ਕਿ ਤੁਹਾਡਾ ਜਾਂ ਇਨ੍ਹਾਂ ਭਰਾਵਾਂ ਦਾ, ਪੰਜ ਪਾਰਟੀਆਂ ਦਾ ਸਮਝੌਤਾ ਜੋ ਹੈ ਆਖਿਰ ਉਸ ਦਾ ਆਧਾਰ ਕੀ ਹੈ? ਇਨ੍ਹਾਂ ਦੀ ਪਾਰਟੀ ਦਾ ਹੋਰ ਪ੍ਰੋਗਰਾਮ ਹੈ, ਉਨ੍ਹਾਂ ਦੀ ਪਾਰਟੀ ਦਾ ਹੋਰ ਪ੍ਰੋਗਰਾਮ ਹੈ ਔਰ ਜਿਹੜੇ ਸਾਥੀ ਇਥੇ ਹਨ ਨਹੀਂ ਲੇਕਿਨ ਫਰੰਟ ਵਿਚ ਹਨ ਉਨ੍ਹਾਂ ਦਾ ਕੁਝ ਹੋਰ ਪ੍ਰੋਗਰਾਮ ਹੈ। ਕੋਈ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਦਾ ਹੈ। ਕੋਈ ਸਿੱਖ ਸਟੇਟ ਦੀ ਮੰਗ ਕਰਦਾ ਹੈ, ਕੋਈ ਪਾਰਟੀ ਵਿਚ ਡਿਕਟੇਟਰਸ਼ਿੱਪ ਦੀ ਮੰਗ ਕਰਦਾ ਹੈ। ਇਹ ਆਪ ਬਾਦਲ ਸਾਹਿਬ ਨੇ ਜ਼ਿਕਰ ਕੀਤਾ ਸੀ ਕਿ ਪਿਛਲੇ ਦਿਨਾਂ ਵਿਚ ਜੋ ਸਮਾਂ ਆਇਆ ਉਸ ਵਿਚ ਇਥੇ ਡਿਕਟੇਟਰਸ਼ਿਪ ਦੇ ਹਾਲਾਤ ਪੈਦਾ ਹੋਏ। ਸਪੀਕਰ ਸਾਹਿਬ, ਜੇਕਰ ਕਿਸੇ ਦਾ ਕੋਈ ਇਕ ਡਿਕਟੇਟਰ ਵੀ ਹੋਵੇ ਤਾਂ ਵੀ ਉਸ ਦੇ ਬਾਰੇ ਵਿਚ ਸੋਚਿਆ ਜਾ ਸਕਦਾ ਹੈ ਔਰ ਉਸਦੇ ਬਾਅਦ ਨਵੇਂ ਹਾਲਾਤ ਪੈਦਾ ਕੀਤੇ ਜਾ ਸਕਦੇ ਹਨ ਲੇਕਿਨ ਜਿਸ ਕਿਸਮ ਦੀ ਸਾਂਝ ਅਕਾਲੀ ਦਲ ਅਤੇ ਕਮਿਉਨਿਸਟ ਭਰਾਵਾਂ ਦੀ ਹੋਈ ਹੈ, ਸ਼ਾਇਦ ਮੇਰੀ ਗਲ ਨਾਲ ਕਾਮਰੇਡ ਰਾਜਕੁਮਾ ਜੀ ਸਹਿਮਤ ਹੋਣਗੇ ਕਿ ਜਿਥੇ ਇਨ੍ਹਾਂ ਦੀ ਪਾਰਟੀ ਦੀ ਜਾਂ ਕਿ [illegible] ਦੀ ਹਕੂਮਤ ਹੈ ਉਥੇ ਕੋਈ ਹੋਰ ਪਾਰਟੀ ਜਨਮ ਨਹੀਂ ਲੈ ਸਕਦੀ, ਕੋਈ ਹੋਰ ਆਪਣੇ ਵਿਚਾਰ ਪ੍ਰਗਟ ਕਰ ਹੀ ਨਹੀਂ ਸਕਦਾ। ਇਸ ਗੱਲ ਦੇ ਬਾਦਲ ਸਾਹਿਬ ਗਵਾਹ ਹਨ ਉਨ੍ਹਾਂ ਨੇ ਪਿਛਲੇ ਦਿਨਾਂ ਵਿਚ ਰੂਸ ਵਿਚ ਜਾ ਕੇ ਵੇਖਿਆ * * *ਇਸ ਵਾਸਤੇ ਇਹ ਜਿਹੜਾ ਗਠਬੰਧਨ ਇਨ੍ਹਾਂ ਨੇ ਕੀਤਾ ਹੈ, ਮੈਂ ਬਹੁਤ ਹੈਰਾਨ ਹਾਂ ਮੇਰਾ ਤਾਂ ਮੂੰਹ ਬੰਦ ਹੈ ਪਰ ਚੀਨ ਵਿਚ ਜੋ ਮਿਸਿਜ਼ ਮਾਉਸੇਤੁੰਗ ਨਾਲ ਹੋ ਰਿਹਾ ਹੈ ਉਹ ਸਭ ਜਾਣਦੇ ਹਨ। ਉਹ ਰੈਵੋਲਿਉਸ਼ਨਰੀ ਸੀ। ਇਹ ਕਹਿੰਦੇ ਹਨ ਉਸਨੂੰ ਚੀਨ ਨੇ ਪੈਦਾ ਕੀਤਾ ਹੈ। ਮੈਂ

**Expunged as ordered by the Chair.

[ਸਰਦਾਰ ਬੀਰ ਦਵਿੰਦਰ ਸਿੰਘ]

ਕਹਿੰਦਾ ਹਾਂ ਕਿ ਜਾਂ ਤਾਂ ਜਿਸ ਨੇ ਉਸ ਨੂੰ ਪੈਦਾ ਕੀਤਾ ਉਹ ਗਲਤ ਸਨ ਜਾਂ ਫਿਰ ਹੁਣ ਵਾਲੇ ਗਲਤ ਹਨ। ਬਾਦਲ ਸਾਹਿਬ ਅਤੇ ਸਰਦਾਰ ਉਮਰਾਨੰਗਲ ਨੇ ਇਥੇ ਬਾਰ ਬਾਰ ਕਿਹਾ ਹੈ ਕਿ ਅਸੀਂ ਅਕਾਲੀ ਦਲ ਦੀ ਬਾਤ ਨਹੀਂ ਕਰ ਸਕਦੇ ਅਸੀਂ ਉਨ੍ਹਾਂ ਦੀ ਕੋਈ ਬਾਤ ਨਹੀਂ ਕਰ ਸਕਦੇ। ਮੈਂ ਕਹਿੰਦਾ ਹਾਂ ਕਿ ਇਹ ਬੜਾ ਅਜੀਬ ਤਰੀਕਾ ਹੈ ਐਸੀ ਕੋਈ ਗੱਲ ਨਹੀਂ ਕਰ ਸਕਦੇ, ਇਹ ਜੋ ਮਰਜੀ ਆਏ ਬੋਲੀ ਜਾਣ। ਇਨ੍ਹਾਂ ਦਾ ਕਹਿਣਾ ਹੈ ਕਿ ਇਹ ਐਸੇ ਹਾਲਾਤ ਪੈਦਾ ਕਰ ਦੇਣਗੇ ਕਿ ਸਾਨੂੰ ਸਾਂਭਣੇ ਮੁਸ਼ਕਿਲ ਹੋ ਜਾਣਗੇ। ਬਾਦਲ ਸਾਹਿਬ ਨੇ ਕਿਹਾ ਹੈ ਕਿ ਅਸੀਂ ਭਾਂਬੜ ਬਾਲਾਂਗੇ ਜਿਸਦੇ ਵਿਚ ਤੁਸੀਂ ਝੁਲਸ ਜਾਵੋਗੇ ਮੈਂ ਉਨ੍ਹਾਂ ਦਾ ਬੜਾ ਸਤਿਕਾਰ ਕਰਦਾ ਹਾਂ ਅਤੇ ਬੜੇ ਅਦਬ ਨਾਲ ਕਹਿੰਦਾ ਹਾਂ ਕਿ :

'ਹਰ ਇਕ ਬਾਤ ਪੇ ਕਹਿਤੇ ਹੋ ਕਿ ਤੂ ਕਿਆ ਹੈ,
ਤੂ ਹੀ ਬਤਾ ਤੇਰਾ ਅੰਦਾਜ਼ੇ ਗੁਫ਼ਤਗੂ ਕਿਆ ਹੈ ?'

ਮੈਂ ਅਰਜ਼ ਕਰਾਂ ਕਿ ਅਸੀਂ ਆਪਣੀ ਮਰਜ਼ੀ ਨਾਲ ਇਥੇ ਨਹੀਂ ਆਏ। ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਥੇ ਭੇਜੇ ਗਏ ਹਾਂ। ਅਸੀਂ ਕਿਰਪਾਨਾਂ ਅਤੇ ਭਾਲਿਆਂ ਨਾਲ ਘਿਰਾਓ ਨਹੀਂ ਕੀਤਾ, ਲੋਕਾਂ ਦੇ ਚੁਣੇ ਹੋਏ ਇਥੇ ਆਏ ਹਾਂ। ਜੋ ਲੋਕਾਂ ਨੇ ਤੁਹਾਡੇ ਬਾਰੇ ਮਹਿਸੂਸ ਕੀਤਾ ਤੁਸੀਂ ਉਸ ਪਾਸੇ ਜਾ ਕੇ ਜਗ੍ਹਾ ਲੈ ਲਈ ਔਰ ਜੋ ਸਾਡੇ ਬਾਰੇ ਮਹਿਸੂਸ ਕੀਤਾ ਅਸੀਂ ਇਸ ਪਾਸੇ ਜਗ੍ਹਾ ਲੈ ਲਈ। ਮੈਂ ਅਰਜ਼ ਕਰਾਂ ਕਿ ਅਸੀਂ ਜਿਸ ਹਾਲਾਤ ਵਿਚੋਂ ਗੁਜ਼ਰ ਰਹੇ ਹਾਂ ਉਸ ਬਾਰੇ ਸਾਡੀ ਦੇਸ਼ ਦੀ ਨੇਤਾ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਪੰਜਾਬ ਦੀਆਂ ਸਰਹੱਦਾਂ ਤੋਂ ਬਾਹਰ ਬੈਠ ਕੇ ਨਾਪਾਕ ਸਾਜ਼ਸ਼ਾਂ ਹੋ ਰਹੀਆਂ ਹਨ। ਇਸ ਗੱਲ ਤੋਂ ਨਾ ਕਾਮਰੇਡ ਰਾਜਕੁਮਾਰ ਜੀ ਅਤੇ ਨਾ ਹੀ ਮੇਰੇ ਸੱਜੇ ਪੱਖੀ ਮੁਨਕਰ ਹੋਣਗੇ ਕਿ ਇਸ ਵੇਲੇ ਅਮਰੀਕਾ ਦੀ ਸਾਜ਼ਸ਼ ਨਾਲ ਹਿੰਦੁਸਤਾਨ ਨੂੰ ਤੀਸਰੀ ਵੱਡੀ ਜੰਗ ਦਾ ਕੇਂਦਰ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਗੱਲ ਤੋਂ ਕੋਈ ਵੀ ਸ਼ਕਤੀ ਮੁਨਕਰ ਨਹੀਂ ਹੋ ਸਕਦੀ। ਕੀ ਇਨ੍ਹਾਂ ਸਾਜ਼ਸ਼ਾਂ ਦੇ ਦੌਰਾਨ ਸਾਡੇ ਲਈ ਜਿਹੜੇ ਅਸੀਂ ਸਰਹੱਦੀ ਸੂਬੇ ਤੇ ਬੈਠੇ ਹਾਂ, ਖਾਸ ਕਰਕੇ ਉਹ ਲੋਕ ਜਿਹੜੇ ਆਪਣੇ ਆਪ ਨੂੰ ਅਚੇਤ ਤੌਰ ਤੇ ਜਾਂ ਸੁਚੇਤ ਤੌਰ ਤੇ ਦੇਸ਼ ਭਗਤ ਹੋਣ ਦਾ ਦਾਅਵਾ ਕਰਦੇ ਹਨ ਉਨ੍ਹਾਂ ਵਲੋਂ ਐਸੇ ਹਾਲਾਤ ਪੈਦਾ ਕਰਨਾ ਕਿਥੋਂ ਤੱਕ ਮੁਲਕ ਦੇ ਹਿੱਤ ਵਾਲੀ ਗੱਲ ਹੈ, ਸੋਚਣਾ ਪਏਗਾ। ਔਰ ਜੋ ਗੱਠਬੰਧਨ ਤੁਸੀਂ ਕੀਤਾ ਹੈ ਉਹ ਕਿਥੋਂ ਤੱਕ ਸਹੀ ਹੈ। ਹਰੀਜਨ ਭਰਾਵਾਂ ਦੀਆਂ 90% ਵੋਟਾਂ ਲੈ ਕੇ ਕਾਂਗਰਸ ਪਾਰਟੀ ਤਾਕਤ ਵਿਚ ਆਈ ਹੈ। ਹਰੀਜਨ ਭਰਾ, ਛੋਟਾ ਕਿਸਾਨ, ਖੇਤ-ਮਜ਼ਦੂਰ, ਇੰਡਸਟਰੀ ਵਿਚ ਕੰਮ ਕਰਨ ਵਾਲਾ ਮਜ਼ਦੂਰ, ਇਨ੍ਹਾਂ ਨੇ ਸਾਨੂੰ ਚੁਣਿਆ ਔਰ ਦੂਸਰੇ ਪਾਸੇ ਜਿੰਨੇ ਵੀ ਧਨਾਢ, ਸਰਮਾਏਦਾਰ ਜਾਂ ਜਾਗੀਰਦਾਰ ਹਨ ਉਨ੍ਹਾਂ ਦੀ ਨੁਮਾਇੰਦਗੀ ਉਹ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੇ ਗਠਬੰਧਨ ਦੀ ਪਾਕੀਜ਼ਗੀ ਕੀ ਹੈ ? ਜਾਂ ਤਾਂ ਕਾਮਰੇਡ ਰਾਜਕੁਮਾਰ ਜੀ ਗੁਰਦਵਾਰਿਆਂ ਵਿਚ ਜਾ ਕੇ ਅੰਮ੍ਰਿਤ ਛਕਣਾ ਚਾਹੁੰਦੇ ਹਨ ਜਾਂ ਇਹ ਉਨ੍ਹਾਂ ਨਾਲ ਰਲ ਕੇ ਛੱਡਣਾ ਚਾਹੁੰਦੇ ਹਨ। ਮੈਨੂੰ ਕੋਈ ਗੱਲ ਦਸੋ ਜਿਥੇ ਤੁਸੀਂ ਇਕੱਠੇ ਹੋ ਸਕਦੇ ਹੋਵੋ। ਮੈਂ ਧਰਮ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਸੀ ਪਰ ਚੂੰਕਿ ਮੇਰੇ ਅਕਾਲੀ ਵੀਰ ਕਹਿੰਦੇ ਹਨ ਕਿ ਉਨ੍ਹਾਂ ਦੀ ਸਿਆਸਤ ਔਰ ਧਰਮ ਇਕ ਹੀ ਹਨ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੇ ਇਤਿਹਾਸ ਵਿਚ ਪਹਿਲਾ ਬਦਨਸੀਬ ਮੌਕਾ ਹੈ ਕਿ ਗੁਰੂਦਵਾਰਿਆਂ ਦੀ ਧਰਤੀ ਤੇ ਇਨ੍ਹਾਂ ਨਾਲ

ਲਾਲ ਝੰਡੇ ਵਾਲਿਆਂ ਨੇ ਜਾ ਕੇ ਤਕਰੀਰਾਂ ਕੀਤੀਆਂ। ਮੈਨੂੰ ਕੋਈ ਦੱਸੇ ਕਿ ਆਸਤਿਕਤਾ ਔਰ ਨਾਸਤਿਕਤਾ ਦਾ ਕੀ ਮੇਲ । ਇਹ ਸਭ ਕੁਝ ਸਿਰਫ ਕੁਰਸੀ ਵਾਸਤੇ । ਕੁਰਸੀ ਮੁੜ ਹਾਸਲ ਕਰਨ ਲਈ ਇਹ ਨਾਪਾਕ ਗਠਬੰਧਨ ਕਦੇ ਕਾਮਯਾਬ ਨਹੀਂ ਹੋ ਸਕਦੇ। 'ਮਾਰਕਸ ਔਨ ਰਿਲੀਜਨ' ਜਿਹੜੀ ਕਿਤਾਬ ਹੈ, ਉਸਦੀ ਓਪਨਿੰਗ ਲਾਈਨ ਹੈ 'ਰਿਲੀਜਨ ਇਜ਼ ਐਨ ਓਪੀਅੱਮ', ਧਰਮ ਇਕ ਅਫੀਮ ਹੈ । ਉਹ ਲੋਕ ਧਰਮ ਨੂੰ ਨਹੀਂ ਮੰਨਦੇ.........(ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੈਂ ਸਿਰਫ ਇਕ ਛੋਟੀ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਬਹੁਤ ਰਜ਼ਿਸਟ ਕਰ ਰਿਹਾ ਸੀ ਕਿ ਮੈਂ ਨਾ ਉਨ੍ਹਾਂ ਔਰ ਕਿਸੇ ਦੀ ਤਕਰੀਰ ਵਿਚ ਇੰਟਰੱਪਸ਼ਨ ਨਾ ਹੋਵੇ, ਲੇਕਿਨ ਜਦੋਂ ਮੈਂਬਰ ਸਾਹਿਬ ਸਾਡੇ ਆਪਣੇ ਮੁਲਕ ਦੀਆਂ ਹੱਦਾਂ ਤੋਂ ਬਾਹਰ ਜਾਣ ਲਗੇ ਮੈਂ ਸਮਝਦਾ ਹਾਂ ਕਿ ਇਸ ਵਕਤ ਇਨ੍ਹਾਂ ਨੂੰ, ਕਿਸੇ ਐਸੇ ਮਿੱਤਰ ਦੇਸ਼ ਦੇ ਅੰਦਰੂਨੀ ਹਾਲਾਤ ਨੂੰ ਇਸ ਢੰਗ ਨਾਲ ਪੇਸ਼ ਕਰਨਾ ਤੁਸੀਂ ਅਲਾਓ ਨਾ ਕਰੋ ਔਰ ਉਹ ਰਿਮਾਰਕਸ ਐਕਸਪੰਜ ਕਰਾ ਦਿਓ । ਉਹ ਸਾਡਾ ਮਿੱਤਰ ਦੇਸ਼ ਹੈ । ਮਾਰਕਸ ਨੇ ਕੀ ਕਿਹਾ, ਕੀ ਕੀਤਾ...........

ਸ੍ਰੀ ਸਪੀਕਰ : ਉਹ ਲਫਜ਼ ਐਕਸਪੰਜ ਕਰ ਦਿਓ ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮਾਰਕਸ ਦਾ ਕੋਈ ਧਰਮ ਨਹੀਂ, ਉਹ ਧਰਮ ਨੂੰ ਅਫੀਮ ਸਮਝਦੇ ਹਨ ਅਤੇ ਇਹ ਧਰਮ ਦੇ ਬਿਨਾਂ ਗੱਲ ਨਹੀਂ ਕਰਦੇ। ਮੈਂ ਪੁੱਛਣਾ ਚਾਹੁਦਾ ਹਾਂ ਕਿ ਕੀ ਇਹ ਉਸ ਅਫੀਮ ਨੂੰ ਸ਼ੇਅਰ ਕਰਨਾ ਚਾਹੁਦੇ ਹਨ ਜਾਂ ਉਹ ਗੁਰਦੁਆਰਿਆਂ ਵਿਚ ਜਾ ਕੇ ਛਡਣਾ ਚਾਹੁੰਦੇ ਹਨ। ਇਹ ਇਕ ਬੁਨਿਆਦੀ ਮਸਲਾ ਹੈ। ਪੰਜਾਬ ਦੇ ਲੋਕਾਂ ਦੇ ਦਿਮਾਗ ਵਿਚ ਕਿ ਇਹ ਕਿਥੇ ਖੜ੍ਹੇ ਹਨ। ਇਨ੍ਹਾਂ ਨੇ ਜਨਸੰਘੀਆਂ ਨਾਲ ਦੋਸਤੀ ਪਾਈ ਉਹ ਨਹੀਂ ਰਹੇ ਹੁਣ ਇਹ ਉਨ੍ਹਾਂ ਦੀ ਕੁੱਛੜ ਵਿਚ ਜਾ ਵੜੇ ਇਨ੍ਹਾਂ ਦਾ ਵੀ ਸਫਾਇਆ ਹੋ ਜਾਣਾ ਹੈ । ਮੈਂ, ਬਾਦਲ ਸਾਹਿਬ ਨੂੰ ਅਰਜ਼ ਕਰਾਂਗਾ ਕਿ ਤੁਸੀਂ ਐਸਾ ਵਾਤਾਵਰਣ ਸੂਬੇ ਵਿਚ ਪੈਦਾ ਨਾ ਕਰੋ ਔਰ ਇਹ ਗਲ ਕਹਿਣੀ ਯੋਗ ਨਹੀਂ ਕਿ ਐਸੇ ਹਾਲਾਤ ਪੈਦਾ ਕਰ ਦਿਆਂਗੇ, ਤੁਹਾਡੇ ਕੋਲੋਂ ਸੰਭਾਲੇ ਨਹੀਂ ਜਾ ਸਕਣਗੇ। ਮੈਂ ਅਰਜ਼ ਕਰਾਂ :

'ਡਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ
ਨਾ ਤੁਮ ਹੀ ਰਹੋਗੇ ਨਾ ਸਾਥੀ ਤੁਮ੍ਹਾਰੇ।'

ਜਿਸ ਕਿਸਮ ਦੇ ਬਲਬੋਤਿਆਂ ਤੇ ਤੁਸੀਂ ਗਲ ਕਰਦੇ ਹੋ ਸਾਨੂੰ ਪਤਾ ਹੈ। ਤੁਸੀਂ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਦੇ ਬਲਬੋਤਿਆਂ ਤੇ ਇਹ ਗੱਲ ਕਰਦੇ ਹੋ ਅਤੇ ਇਥੇ ਆਏ ਹੋ। ਅਸੀਂ ਹਰੀਜਨ ਗਰੀਬ ਕਿਸਾਨ ਛੋਟੇ ਮਜ਼ਦੂਰ ਆਦਿ ਦੇ ਬਲਬੋਤੇ ਤੇ ਇਥੇ ਆਏ ਹਾਂ। (ਵਿਘਨ) (ਥੰਪਿੰਗ) ਇਹ ਜ਼ਿਕਰ ਕਰਦੇ ਹਨ ਕਿ ਅਸੀਂ ਪੰਜਾਬੀਆਂ ਦੇ ਮੁਦੱਈ ਹਾਂ । ਮੈ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਪੰਜਾਬੀਆਂ ਵਾਸਤੇ ਅਤੇ ਪੰਜਾਬੀਅਤ ਨੂੰ ਚੜ੍ਹਦੀ ਕਲਾ ਤੇ ਲਿਜਾਣ ਵਾਸਤੇ ਕਿੰਨੇ ਵੱਡੇ ਵਡੇ ਕਦਮ ਚੁੱਕੇ ਹਨ। ਸਭ ਤੋਂ ਪਹਿਲਾਂ ਇਸ ਸਰਕਾਰ ਨੇ ਫੈਸਲਾ ਕੀਤਾ ਕਿ ਵਿਦੇਸ਼ਾਂ ਵਿਚ ਵਸਣ ਵਾਲੇ ਜੋ ਪੰਜਾਬੀ ਹਨ ਉਨ੍ਹਾਂ ਨੂੰ ਇਥੇ ਦੁਬਾਰਾ ਅਸਟੈਬਲਿਸ਼ ਕਰਨ ਵਾਸਤੇ ਪਲਾਟ ਦਿੱਤੇ ਜਾਣ । ਸਪੀਕਰ ਸਾਹਿਬ, ਉਨ੍ਹਾਂ ਦੀ ਇਮਦਾਦ ਕਰਨੀ ਹੈ। ਉਨ੍ਹਾਂ ਦੇ ਨਾਲ ਮਿਤਰਤਾ ਦਾ ਹੱਥ

[ਸਰਦਾਰ ਬੀਰ ਦਵਿੰਦਰ ਸਿੰਘ]

ਵਧਾਇਆ ਹੈ ।

ਸ੍ਰੀ ਸਪੀਕਰ : ਬੀਰ ਦਵਿੰਦਰ ਜੀ, ਬੈਠੋ ਹੁਣ ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਵਾਈਂਡ ਅੱਪ ਕਰ ਦਿੰਦਾ ਹਾਂ। ਬਾਕੀ, ਸਪੀਕਰ ਸਾਹਿਬ, ਪੰਜਾਬੀ ਇਸ ਸਰਕਾਰ ਦੇ ਰਾਜ ਵਿਚ ਚੜ੍ਹਦੀ ਕਲਾ ਵਿਚ ਆਏ ਹਨ। ਇਸ ਗੱਲ ਦਾ ਸਬੂਤ ਇਸ ਗੱਲ ਤੋਂ ਹੈ ਕਿ ਹਿੰਦੁਸਤਾਨ ਦੀ ਸਰਕਾਰ ਵਿਚ ਸਭ ਤੋਂ ਵਡੀ ਇੰਮਪਾਰਟੈਂਟ ਮਨਿਸਟਰੀ, ਯਾਨੀ ਹੋਮ ਮਨਿਸਟਰੀ, ਗਿਆਨੀ ਜ਼ੈਲ ਸਿੰਘ ਨੂੰ ਦਿੱਤੀ ਗਈ ਹੈ । ਲੋਕ ਸਭਾ ਦੀ ਸਰਦਾਰੀ ਚੌਧਰੀ ਬਲ ਰਾਮ ਜਾਖੜ ਨੂੰ ਸੌਂਪੀ ਗਈ ਹੈ । (ਤਾੜੀਆਂ) ਹਿੰਦੁਸਤਾਨ ਦੀ ਕੈਬਨਿਟ ਦਾ ਸੈਕਟਰੀ ਵੀ ਪੰਜਾਬੀ ਹੈ । ਸ੍ਰੀਮਤੀ ਇੰਦਰਾ ਗਾਂਧੀ ਦੇ ਦੋਨੋਂ ਸੈਕਟਰੀ ਵੀ ਪੰਜਾਬੀ ਹਨ । ਸਟਾਫ਼ ਸਿਲੈਕਸ਼ਨ ਕਮੇਟੀ ਦੀ ਚੇਅਰਮੈਨ ਸ੍ਰੀਮਤੀ ਇੰਦਰਜੀਤ ਕੌਰ ਵੀ ਪੰਜਾਬੀ ਹੈ। (ਤਾੜੀਆਂ) ਹਿੰਦੁਸਤਾਨ ਦੇ ਪਲਾਨਿੰਗ ਕਮਿਸ਼ਨ ਦਾ ਵਾਈਸ ਚੇਅਰਮੈਨ ਵੀ ਪੰਜਾਬੀ ਹੈ । ਚੰਡੀਗੜ੍ਹ ਦਾ ਚੀਫ ਕਮਿਸ਼ਨਰ [illegible] ਬੜਾ ਜ਼ੋਰ ਲਾਇਆ । [illegible] ਪ੍ਰਾਈਮ ਮਨਿਸਟਰ ਨੇ ਇਸ ਗਲ ਲਈ ਇਨ੍ਹਾਂ ਨੂੰ ਅੰਦਰ ਨਹੀਂ ਸੀ ਵੜਨ ਦਿੱਤਾ। ਪਰ ਅੱਜ ਸਰਾਓ ਸਾਹਿਬ, ਜੋ ਪੰਜਾਬੀ ਹਨ, ਉਨ੍ਹਾਂ ਨੂੰ ਇਥੇ ਚੀਫ ਕਮਿਸ਼ਨਰ ਲਾਇਆ ਗਿਆ ਹੈ । ਸਰਦਾਰ ਬੂਟਾ ਸਿੰਘ ਇਸ ਵੇਲੇ ਮਰਕਜ਼ ਦੀ ਸਰਕਾਰ ਦੀ ਸ਼ੋਭਾ ਹਨ । ਇਨ੍ਹਾਂ ਨੂੰ ਉਦੋਂ ਡੇਢ ਮਨਿਸਟਰੀ ਮਿਲੀ ਸੀ । ਗੁਲਸ਼ਨ ਸਾਹਿਬ ਨੂੰ ਵਿਦਿਆ ਦਾ ਸਟੇਟ ਮਨਿਸਟਰ ਤਾਂ ਬਣਾ ਦਿੱਤਾ ਸੀ ਪਰ ਵਿਦਿਆ ਮੰਤਰਾਲੇ ਦਾ ਚਾਰਜ ਨਹੀਂ ਸੀ ਦਿੱਤਾ । ਮੈਂ, ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆਂ ਇਹ ਕਹਿੰਦਾ ਹਾਂ ਕਿ ਜੋ ਕੁਝ ਵੀ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਅੰਕਿਤ ਹੈ ਜੋ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਸਕੀਮਾਂ ਉਲੀਕੀਆਂ ਹਨ ਉਹ ਬੜਾ ਪਵਿੱਤਰ ਦਸਤਾਵੇਜ਼ ਹੈ । ਇਸ ਨੂੰ ਸਰਵ-ਸੰਮਤੀ ਨਾਲ ਪਾਸ ਕਰਨ ਵਾਸਤੇ ਮੈਂ ਸਾਰੇ ਸਦਨ ਨੂੰ ਅਪੀਲ ਕਰਾਂਗਾ ਅਤੇ ਉਸ ਦੇ ਵਿਚ ਲਿਖੇ ਹੋਏ ਨੁਕਤਿਆਂ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ।

ਸ੍ਰੀ ਸੰਤ ਰਾਮ ਸਿੰਗਲਾ (ਸਮਾਣਾ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ । ਸਪੀਕਰ ਸਾਹਿਬ, [illegible] ਜਨਵਰੀ ਦਾ ਦਿਨ ਪੰਜਾਬ ਦੇ ਇਤਿਹਾਸ ਵਿਚ ਇਕ ਗੋਲਡਨ ਦਿਨ ਸੀ, ਜਦੋਂ ਸਾਡੇ ਮੁਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਆਪਣਾ 25-ਪੁਆਇੰਟ ਇਕਨਾਮਿਕ ਪ੍ਰੋਗਰਾਮ ਗਵਰਨਰ ਸਾਹਿਬ ਦੇ ਐਡਰੈਸ ਰਾਹੀਂ ਇਥੇ ਪੇਸ਼ ਕੀਤਾ । ਲੇਕਿਨ ਹਿੰਦੁਸਤਾਨ ਦੀ ਹਿਸਟਰੀ ਵਿਚ ਜਮਹੂਰੀਅਤ ਦੀ ਹਿਸਟਰੀ ਵਿਚ ਇਹ ਇਕ ਕਾਲਾ ਦਿਨ ਗਿਣਿਆ ਜਾਵੇਗਾ ਜਿਸ ਦਿਨ ਮੇਰੇ ਅਕਾਲੀ ਅਤੇ ਕਾਮਰੇਡ ਵੀਰ ਇਥੇ ਤਲਵਾਰਾਂ ਅਤੇ ਲਾਠੀਆਂ ਲੈ ਕੇ ਇਸ ਪਵਿਤਰ ਸਦਨ ਦਾ ਘੇਰਾਓ ਕਰਨ ਆਏ । ਖਿਆਲਾ ਸਾਹਿਬ ਨੇ ਕਿਹਾ ਹੈ ਕਿ ਮਹਾਤਮਾ ਗਾਂਧੀ ਵਾਂਗ ਅਸੀਂ ਅੰਦੋਲਨ ਕੀਤਾ ਸੀ । ਲੇਕਿਨ ਇਨ੍ਹਾਂ ਨੂੰ ਮਹਾਤਮਾ ਗਾਂਧੀ ਦੇ ਸਤਿਆਗ੍ਰਹਿ ਦਾ ਪਤਾ ਹੀ ਨਹੀਂ । ਉਨ੍ਹਾਂ ਦਾ ਸਤਿਆਗ੍ਰਹਿ ਆਪਣੇ ਆਪ ਵਿਚ ਇਕ ਨਮੂਨਾ ਹੁੰਦਾ ਸੀ । ਉਹ ਨਾਨ-ਵਾਇਲੈਂਸ ਵਿਚ ਭਰੋਸਾ ਰੱਖਦੇ ਸਨ । ਉਨ੍ਹਾਂ ਨੇ ਸਤਿਆਗ੍ਰਹਿ ਲਈ ਵਿਨੋਬਾ ਭਾਵੇ ਜਿਹੇ ਵਿਅਕਤੀ ਨੂੰ ਪ੍ਰਥਮ ਸਤਿਆਗ੍ਰਹਿ ਚੁਣਿਆ ਸੀ। ਪਰ ਇਨ੍ਹਾਂ ਦੇ ਸਤਿਆਗ੍ਰਹਿ ਵਿਚ ਜਿਹੜੇ ਸ਼ਾਮਲ ਸਨ ਉਹ ਹਿੰਸਾ ਵਿਚ ਭਰੋਸਾ ਰੱਖਦੇ ਹਨ । ਉਨ੍ਹਾਂ ਨੇ ਇਸ ਪਵਿੱਤਰ ਸਦਨ ਦਾ ਘੇਰਾਓ ਕੀਤਾ । ਮਹਾਤਮਾ ਗਾਂਧੀ ਜੀ ਨੇ ਵੀ ਸ਼ਰਾਬ ਦੇ ਠੇਕਿਆਂ ਦੀ ਪਿਕਟਿੰਗ ਕਰਵਾਈ ਸੀ । ਲੇਕਿਨ ਇਨ੍ਹਾਂ ਨੇ ਜਮਹੂਰੀਅਤ ਦੇ ਇਸ ਪਵਿਤਰ ਮੰਦਰ ਦੀ ਪਿਕਟਿੰਗ ਕਰਵਾਈ । ਇਹ ਬੜੀ ਸ਼ਰਮ ਦੀ ਗੱਲ ਹੈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੇ ਪੰਜਾਬ ਦੇ ਅੰਦਰ ਇਕ ਨਾ-ਖੁਸ਼ਗਵਾਰ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, ਇਕ ਦਹਿਸ਼ਤ ਫੈਲਾਉਣ

ਦੀ ਕੋਸ਼ਿਸ਼ ਕੀਤੀ ਤਾਂ ਜੋ ਪੰਜਾਬ ਦੇ ਲੋਕ ਅਤੇ ਪੰਜਾਬ ਦੀ ਇਹ ਸਰਕਾਰ ਡਰ ਜਾਵੇ। ਇਹ ਪੰਜਾਬ ਦੀ ਪਾਲੇਟਿਕਸ ਨੂੰ ਸਟਰੀਟਸ ਵਿਚ ਲੈ ਕੇ ਜਾਣਾ ਚਾਹੁੰਦੇ ਹਨ। ਮੈਂ ਅਕਾਲੀ ਅਤੇ ਕਾਮਰੇਡ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਮਹੂਰੀਅਤ ਦੀਆਂ ਇਹ ਰਵਾਇਤਾਂ ਨਹੀਂ ਹਨ। ਲੇਕਿਨ ਬਦਕਿਸਮਤੀ ਇਹ ਹੈ ਕਿ ਇਨ੍ਹਾਂ ਨੂੰ ਜਮਹੂਰੀ ਰਿਵਾਇਤਾਂ ਦਾ ਪਤਾ ਹੀ ਨਹੀਂ ਨਾਂ ਇਨ੍ਹਾਂ ਦਾ ਇਸ ਵਿਚ ਇਤਕਾਦ ਹੈ। ਬਾਦਲ ਸਾਹਿਬ ਨੇ ਕਿਹਾ ਕਿ ਮੁਕਾਬਲਾ ਕੀਤਾ ਜਾਵੇ ਕਿ ਮੇਰੀ ਸਰਕਾਰ ਵੇਲੇ ਕੀ ਹੋਇਆ ਅਤੇ ਕਾਂਗਰਸ ਦੀ ਸਰਕਾਰ ਵੇਲੇ ਕੀ ਹੋਇਆ ਹੈ ? ਸਪੀਕਰ ਸਾਹਿਬ ਇਨ੍ਹਾਂ ਨੂੰ ਜ਼ਿਆਦਾ ਵਕਤ ਨਹੀਂ ਮਿਲਿਆ। ਢਾਈ ਸਾਲ ਇਹ ਹੁਣ ਰਾਜ ਕਰਕੇ ਗਏ ਹਨ ਅਤੇ 1967 ਤੋਂ 1972 ਤੱਕ ਇਹ 9, 9 ਮਹੀਨੇ ਦੇ ਸਮੇਂ ਲਈ ਹੀ ਰਾਜ ਕਰ ਸਕੇ। ਲੇਕਿਨ, ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਉਦੋਂ ਕੀ ਕੀਤਾ ? ਇਨ੍ਹਾਂ ਨੂੰ ਮੌਕਾ ਮਿਲਿਆ ਸੀ। ਇਨ੍ਹਾਂ ਦਾ ਭਾਸ਼ਣ ਕਿਸੇ ਪੜ੍ਹੇ ਲਿਖੇ ਆਦਮੀ ਦਾ ਬਣਾਇਆ ਹੋਇਆ ਸੀ। ਜਦੋਂ ਇਹ ਮੁੱਖ ਮੰਤਰੀ ਸਨ ਉਦੋਂ ਇਹ ਭਾਸ਼ਣ ਇਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਪੜ੍ਹਿਆ ਹੋਵੇਗਾ। ਉਹੀ ਭਾਸ਼ਣ ਇਨ੍ਹਾਂ ਦੇ ਹੱਥ ਲੱਗ ਗਿਆ ਅਤੇ ਇਨ੍ਹਾਂ ਨੇ ਇਸ ਸਦਨ ਵਿਚ ਹੁਣ ਪੜ੍ਹ ਦਿਤਾ। ਲੇਕਿਨ ਭਾਸ਼ਣਾਂ ਨਾਲ ਕੰਮ ਨਹੀਂ ਹੁੰਦੇ। ਲਾਇਬ੍ਰੇਰੀ ਵਿਚ ਪਈਆਂ ਕਿਤਾਬਾਂ ਬੜੇ ਗਿਆਨ ਨਾਲ ਭਰੀਆਂ ਹੁੰਦੀਆਂ ਹਨ। ਲੇਕਿਨ ਜਿਤਨੀ ਦੇਰ ਉਨ੍ਹਾਂ ਵਿਚ ਭਰੇ ਗਿਆਨ ਨੂੰ ਇੰਪਲੀਮੈਂਟ ਨਾ ਕੀਤਾ ਜਾਵੇ, ਉਸ ਨੂੰ ਰੂਪ ਨਾ ਦਿੱਤਾ ਜਾਵੇ, ਉਨ੍ਹਾਂ ਦਾ ਕੋਈ ਫਾਇਦਾ ਨਹੀਂ। ਇਹ ਹਿੰਦੁਸਤਾਨ ਦੇ ਐਗਰੀਕਲਚਰ ਮਨਿਸਟਰ ਵੀ ਬਣੇ, ਪੰਜਾਬ ਦੇ ਮੁੱਖ ਮੰਤਰੀ ਵੀ ਰਹੇ। ਪਰ ਇਨ੍ਹਾਂ ਨੇ ਨਾ ਪੰਜਾਬ ਦੇ ਲੋਕਾਂ ਦਾ ਸੋਚਿਆ ਅਤੇ ਨਾ ਹੀ ਐਗਰੀਕਲਚਰਿਸਟ ਦਾ ਸੋਚਿਆ। ਇਹ ਕਹਿੰਦੇ ਹਨ ਕਿ ਕੰਪੈਰੀਜ਼ਨ ਕਰਕੇ ਵੇਖ ਲਓ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ 1972 ਤੋਂ ਲੈ ਕੇ 1977 ਤੱਕ ਸ੍ਰੀਮਤੀ ਇੰਦਰਾ ਗਾਂਧੀ ਦੇ ਆਸ਼ੀਰਵਾਦ ਨਾਲ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਇਥੇ ਸੀ। ਉਹ ਮੁੱਖ ਮੰਤਰੀ ਸਨ। ਉਨ੍ਹਾਂ ਨੇ ਇਹ ਨਾਹਰਾ ਦਿੱਤਾ ਸੀ ਕਿ "ਹਰ ਖੇਤ ਵਿਚ ਹਰਿਆਲੀ, ਹਰ ਚਿਹਰੇ ਤੇ ਲਾਲੀ ਹੋਵੇ ਹਰ ਘਰ ਵਿਚ ਖੁਸ਼ਹਾਲੀ"। ਇਸ ਨਾਅਰੇ ਨੂੰ ਕਾਮਯਾਬ ਕੀਤਾ ਗਿਆ। ਪੰਜਾਬ ਦੇ ਵਿਚ ਉਨ੍ਹਾਂ ਪੰਜ ਸਾਲਾਂ ਵਿਚ ਹਰ ਪਿੰਡ ਨੂੰ ਬਿਜਲੀ ਦਿਤੀ ਗਈ, ਤਕਰੀਬਨ ਹਰ ਪਿੰਡ ਨੂੰ ਸੜਕ ਗਈ ਅਤੇ ਹਰ ਪਿੰਡ ਵਿਚ ਸਕੂਲ ਖੋਲ੍ਹਿਆ ਗਿਆ। ਇਸੇ ਤਰ੍ਹਾਂ ਹਰੀਜਨਾਂ ਨੂੰ ਤਿੰਨ ਲੱਖ ਤੋਂ ਵੱਧ ਪਲਾਟ ਦਿੱਤੇ ਗਏ ਅਤੇ ਮਕਾਨ ਬਣਾ ਕੇ ਦੇਣ ਦੀਆਂ ਸਕੀਮਾਂ ਬਣੀਆਂ। ਸਟੂਡੈਂਟਸ ਨੂੰ ਬੇਸ਼ੁਮਾਰ ਰਿਆਇਤਾਂ ਮਿਲਿਆਂ, ਹਸਪਤਾਲ ਬਣੇ, ਗਰਜ਼ਕੇ ਪੰਜਾਬ ਹਿੰਦੁਸ-ਤਾਨ ਦਾ ਲੀਡਰ ਸੂਬਾ ਬਣਿਆ। ਲੇਕਿਨ ਸਪੀਕਰ ਸਾਹਿਬ, ਇਨ੍ਹਾਂ ਨੇ ਕੀ ਕੀਤਾ ? ਜਦੋਂ ਇਨ੍ਹਾਂ ਨੂੰ ਰਾਜ ਭਾਗ ਮਿਲਿਆ ਤਾਂ ਬਜਾਏ ਇਸਦੇ ਕਿ ਇਹ ਇਥੇ ਪੁਲੀਟੀਕਲ ਸਟੈਬਿਲਟੀ ਕਰੀਏਟ ਕਰਦੇ, ਇਨ੍ਹਾਂ ਨੇ ਇਸਨੂੰ ਡਿਸਇੰਟੈਗਰੇਟ ਅਤੇ ਡੀਸਟੇਬੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੇ ਆਉਂਦੇ ਹੀ ਹਰਿਆਣੇ ਦੇ ਚੀਫ ਮਨਿਸਟਰ ਚੌਧਰੀ ਦੇਵੀ ਲਾਲ ਨਾਲ ਦੋਸਤੀ ਕਰ ਲਈ ਅਤੇ ਅਜਿਹੀਆਂ ਕਨਫਿਊਜ਼ਡ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਪੰਜਾਬ ਅਤੇ ਹਰਿਆਣਾ ਦਾ ਕਾਮਨ ਗਵਰਨਰ ਹੋਵੇ। ਕਾਮਨ ਪਬਲਿਕ ਸਰਵਿਸ ਕਮਿਸ਼ਨ ਹੋਵੇ। ਪਰ ਇਨ੍ਹਾਂ ਦੀ ਲੜਾਈ ਉਦੋਂ ਹੋਈ ਜਦੋਂ ਕਾਮਨ ਚੀਫ ਮਨਿਸਟਰ ਦੀ ਗਲ ਚਲਣ ਲਗੀ। ਉਸ ਤੋਂ ਬਾਅਦ ਇਨ੍ਹਾਂ ਨੇ ਕੀ ਕੀਤਾ ? ਇਹ ਅਕਸਰ ਜੇ.ਪੀ. ਦਾ ਨਾਉਂ ਬਹੁਤ ਲੈਂਦੇ ਸਨ। ਇਹ ਡੈਮੋਕਰੇਸੀ ਦੀਆਂ ਗੱਲਾਂ ਕਰਦੇ ਸਨ। ਬਾਦਲ ਸਾਹਿਬ ਨੇ ਕਿਹਾ ਕਿ ਉਦੋਂ ਰੂਲ ਆਫ ਲਾਅ ਸੀ। ਪਰ ਮੈਂ ਕਹਿੰਦਾ ਹਾਂ ਕਿ ਉਦੋਂ ਲਾਅ ਆਫ ਜੰਗਲ ਸੀ। ਇਥੇ ਢਾਈ ਸਾਲ ਬਿਲਕੁਲ ਪੁਲਿਸ ਰਾਜ ਰਿਹਾ। ਇਥੇ ਲੋਕ ਰਾਜ ਨਹੀਂ, ਇਥੇ ਹਾਊਸ ਵਿਚ ਕਿਹਾ ਗਿਆ ਕਿ ਅਸਲੀ ਚੀਫ ਮਨਿਸਟਰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ

[ਸ਼੍ਰੀ ਸੰਤ ਰਾਮ ਸਿੰਗਲਾ]

ਦਾ ਚੀਫ ਸੈਕਟਰੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਤੁਹਾਡੇ ਰਾਜ ਵਿਚ ਤਾਂ ਆਈ.ਜੀ. ਪੁਲਿਸ ਚੀਫ ਮਨਿਸਟਰ ਰਿਹਾ ਹੈ । ਇਨ੍ਹਾਂ ਦੀ ਸਰਕਾਰ ਵੇਲੇ ਯਸ਼ ਜੀ ਵਰਗੇ ਦੇਸ਼ ਭਗਤ ਨੂੰ ਟਾਰਚਰ ਕੀਤਾ ਗਿਆ । ਗਿਆਨੀ ਜ਼ੈਲ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਦੇ ਵਜ਼ੀਰਾਂ ਦੇ ਖਿਲਾਫ ਝੂਠੇ ਮੁਕੱਦਮੇ ਬਣਾਏ ਗਏ । ਚੌਧਰੀ ਜਗਜੀਤ ਸਿੰਘ, ਐਮ.ਐਲ.ਏ. ਤੇ ਝੂਠੇ ਮੁਕੱਦਮੇ ਬਣਾਏ ਗਏ। ਮੇਰੇ ਤੇ ਵੀ ਝੂਠਾ ਮੁਕੱਦਮਾ ਬਣਾਇਆ ਗਿਆ। ਹਜ਼ਾਰਾਂ ਕਾਂਗਰਸੀ ਵਰਕਰਾਂ ਨੂੰ ਕੁੱਟਿਆ ਗਿਆ ਅਤੇ ਉਨ੍ਹਾਂ ਤੇ ਮੁਕਦਮੇ ਬਣਾਏ ਗਏ । ਭਗਵਾਨ ਦਾਸ ਅਤੇ ਓਮ ਪ੍ਰਕਾਸ਼ ਗੁਪਤਾ ਐਮ.ਐਲ.ਏਜ਼ ਨੂੰ ਕੁੱਟਿਆ ਗਿਆ। ਲੇਕਿਨ ਉਸ ਤੋਂ ਬਾਅਦ ਕੀ ਹੋਇਆ ? ਲੋਕਾਂ ਨੇ ਗਿਆਨੀ ਜ਼ੈਲ ਸਿੰਘ ਜੀ ਨੂੰ ਸ਼ਾਨ ਨਾਲ ਪੰਜਾਬ ਵਿਚੋਂ ਚੁਣ ਕੇ ਭੇਜਿਆ ਅਤੇ ਇੰਦਰਾ ਗਾਂਧੀ ਜੀ ਦੀ ਬਰਕਤ ਨਾਲ, ਉਨ੍ਹਾਂ ਦੀ ਮੁਹੱਬਤ ਨਾਲ ਪਹਿਲੀ ਵਾਰੀ ਪੰਜਾਬ ਦੇ ਸੂਬੇ ਨੂੰ ਅਤੇ ਇਕ ਪੰਜਾਬੀ ਨੂੰ ਇਹ ਮਾਣ ਮਿਲਿਆ ਹੈ ਅਤੇ ਉਨ੍ਹਾਂ ਨੂੰ ਹੋਮ ਮਨਿਸਟਰ ਆਫ ਇੰਡੀਆ ਬਣਾਇਆ ਗਿਆ। ਲੇਕਿਨ ਇਨ੍ਹਾਂ ਨੇ, ਅਕਾਲੀਆਂ ਦੀ ਸਰਕਾਰ ਨੇ ਟਾਰਚਰ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ। ਇਸੇ ਕਾਰਣ ਲੋਕਾਂ ਨੇ ਇਨ੍ਹਾਂ ਨੂੰ ਇਧਰਲੇ ਪਾਸੇ ਬਿਠਾ ਦਿਤਾ। ਇਨ੍ਹਾਂ ਦੀ ਸਰਕਾਰ ਤਾਂ ਟੋਟਲ ਕਨਫਿਊਜ਼ਨ ਦੀ ਸਰਕਾਰ ਸੀ । ਇਹ ਪ੍ਰਿਜ਼ਨਰ ਆਫ ਇਨਡਿਸੀਜ਼ਨ ਸੀ। ਕਿਹੜੀ ਪਾਲਸੀ ਬਣਾਉਣੀ ਹੈ ਅਤੇ ਕਿਹੜੀ ਡਾਇਰੈਕਸ਼ਨ ਵਲ ਚਲਣਾ ਹੈ, ਇਸ ਬਾਰੇ ਇਨ੍ਹਾਂ ਨੂੰ ਪਤਾ ਹੀ ਨਹੀਂ ਸੀ । ਇਹ ਤਾਂ ਆਪਣੀਆਂ ਕੁਰਸੀਆਂ ਬਚਾਉਣ ਵਾਸਤੇ ਕੋਸ਼ਿਸ਼ ਕਰਦੇ ਰਹੇ । ਇਨ੍ਹਾਂ ਨੇ ਪੰਜਾਬ ਦਾ ਵਾਤਾਵਰਣ ਖਰਾਬ ਕੀਤਾ । ਪੁਲੀਟੀਕਲ ਅਟਾਨੋਮੀ ਅਤੇ ਫਾਇਨਾਂਸ਼ਲ ਅਟਾਨੋਮੀ ਦਾ ਇਹ ਨਾਅਰਾ ਲਾਉਂਦੇ ਰਹੇ। ਬਾਦਲ ਸਾਹਿਬ ਨੇ ਫਾਈਨਾਂਸ਼ਲ ਅਟਾਨੋਮੀ ਦੇ ਨਾਂ ਤੇ ਹਿੰਦੁਸਤਾਨ ਦੇ ਕਈ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਕਾਨਫਰੰਸ ਕਰਨੀ ਚਾਹੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ, ਤਾਮਲਨਾਡੂ ਦੇ ਮੁੱਖ ਮੰਤਰੀ ਅਤੇ ਬੰਗਾਲ ਦੇ ਮੁੱਖ ਮੰਤਰੀ ਜਯੋਤੀ ਬਾਸੂ ਨੂੰ ਬੁਲਾਇਆ ਸੀ ਪਰ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਇਹ ਤਾਂ ਮੁਲਕ ਨੂੰ ਡੀਸਟੈਬੇਲਾਈਜ਼ ਕਰਨਾ ਚਾਹੁੰਦੇ ਹਨ, ਮੁਲਕ ਨੂੰ ਤੋੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੇ ਇਨ੍ਹਾਂ ਦੇ ਸੱਦੇ ਨੂੰ ਠੁਕਰਾ ਦਿਤਾ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ, ਸ਼ੇਖ ਅਬਦੁੱਲਾ ਨੇ ਅਜਿਹੀ ਕਾਨਫਰੰਸ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਦਿਤੀ । ਇਹ ਕੁਝ ਇਨ੍ਹਾਂ ਦੀ ਸਰਕਾਰ ਨੇ ਕੀਤਾ । ਹੁਣ, ਸਪੀਕਰ ਸਾਹਿਬ, ਸਾਨੂੰ ਮੌਕਾ ਮਿਲਿਆ ਹੈ, ਅਸੀਂ ਪੰਜਾਬ ਨੂੰ ਉਨ੍ਹਾਂ ਲੀਹਾਂ ਤੇ ਤੋਰਾਂਗੇ ਜੋ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਆਪਣੇ 25-ਪੁਆਇੰਟ ਪ੍ਰੋਗਰਾਮ ਵਿਚ ਦਿਤੀਆਂ ਹਨ। ਇਹ ਪ੍ਰੋਗਰਾਮ ਗਰੀਬਾਂ, ਮਜ਼ਲੂਮਾਂ ਅਤੇ ਛੋਟੇ ਵਰਗ ਦੇ ਲੋਕਾਂ ਲਈ ਇਕ ਬਾਈਬਲ ਹੈ । ਇਨ੍ਹਾਂ ਨੇ ਲਾਅ ਐਂਡ ਆਰਡਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਲਾਅ ਐਂਡ ਆਰਡਰ ਕਿਸ ਤਰ੍ਹਾਂ ਮੈਨਟੇਨ ਕਰਨਾ ਹੈ । ਜੇ ਕੋਈ ਅਜਿਹੀ ਫਿਰਕੂ ਤਾਕਤ ਸਿਰ ਚੁੱਕਣ ਦੀ ਕੋਸ਼ਿਸ਼ ਕਰੇਗੀ ਤਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਪੰਜਾਬ ਵਿਚ ਐਨੀ ਮਜ਼ਬੂਤ ਹੈ ਕਿ ਉਹ ਇਸਨੂੰ ਸਿਰ ਨਹੀਂ ਚੁੱਕਣ ਦੇਵੇਗੀ । ਆਖਿਰ ਵਿਚ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਮਤਾ ਯਸ਼ ਜੀ ਨੇ ਰਖਿਆ ਹੈ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਅਤੇ ਜਿਹੜੀ ਸਦਨ ਦੀ ਬੇਹੁਰਮਤੀ ਇਨ੍ਹਾਂ ਨੇ 21 ਜਨਵਰੀ ਨੂੰ ਕੀਤੀ ਹੈ, ਇਸ ਲਈ ਇਨ੍ਹਾਂ ਨੂੰ ਗਵਰਨਰ ਸਾਹਿਬ ਤੋਂ ਮੁਆਫੀ ਮੰਗਣੀ ਚਾਹੀਦੀ ਹੈ ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ ਅਤੇ ਮੁੱਖ ਮੰਤਰੀ ਜੀ ਵੀ ਖੜ੍ਹੇ ਹੋਏ)

ਸ੍ਰੀ ਸਪੀਕਰ : ਹੁਣ ਸੀ.ਐਮ. ਸਾਹਿਬ ਨੇ ਜਵਾਬ ਦੇਣਾ ਹੈ । ਹਾਊਸ ਐਡਜਰਨ ਹੋਣ

ਵਿਚ ਇਕ ਘੰਟਾ ਰਹਿੰਦਾ ਹੈ, ਇਸ ਲਈ ਤੁਸੀਂ ਤਸ਼ਰੀਫ ਰਖੋ। ਹੁਣ ਸੀ.ਐਮ. ਸਾਹਿਬ ਜਵਾਬ ਦੇਣਗੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਮਤਾ ਇਸ ਹਾਊਸ ਵਿਚ ਸ੍ਰੀ ਯਸ਼ ਜੀ ਨੇ ਪੇਸ਼ ਕੀਤਾ ਹੈ ਔਰ ਜੱਸੋਵਾਲੀਆ ਸਾਹਿਬ ਨੇ ਉਸ ਦੀ ਪ੍ਰੋੜ੍ਹਤਾ ਕੀਤੀ ਹੈ ਉਸ ਉਤੇ ਕਾਫੀ ਸਮੇਂ ਤੋਂ ਬਹਿਸ ਹੋ ਰਹੀ ਹੈ। ਮੈਂ ਉਸ ਸਾਰੀ ਬਹਿਸ ਨੂੰ ਚੰਗੀ ਤਰ੍ਹਾਂ ਸੁਣਿਆ ਹੈ। ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਸ਼ੁਰੂ ਵਿਚ ਹੀ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ 21 ਤਾਰੀਖ ਨੂੰ ਇਥੇ ਆ ਕੇ ਦੋ ਵਜੇ ਭਾਸ਼ਣ ਦੇਣਾ ਸੀ। ਇਨ੍ਹਾਂ ਸੱਜਣਾਂ ਨੇ ਇਸ ਅਸੈਂਬਲੀ ਦਾ ਘੇਰਾਓ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡੈਮੋਕ੍ਰੇਸੀ ਵਿਚ ਇਸ ਗੱਲ ਦੀ ਖੁਲ੍ਹੇ ਤੌਰ ਤੇ ਸਾਰਿਆਂ ਨੂੰ ਇਜ਼ਾਜਤ ਹੈ ਕਿ ਉਹ ਆਪਣੀ ਗੱਲ ਕਹਿਣ, ਸਟੇਜ ਤੇ ਕਹਿਣ, ਇਥੇ ਕਹਿਣ, ਆਪਣਾ ਕੋਈ ਜਲਸਾ ਜਲੂਸ ਕਰਨਾ ਚਾਹੁੰਣ ਤਾਂ ਕਰ ਸਕਣ, ਇਸ ਗਲ ਦੀ ਸਭ ਨੂੰ ਇਜ਼ਾਜਤ ਹੈ ਲੇਕਿਨ ਇਸ ਗੱਲ ਦੀ ਇਜ਼ਾਜਤ ਨਹੀਂ ਕਿ ਉਹ ਵਾਇਲੈਂਸ ਕਰਨ। ਸਪੀਕਰ ਸਾਹਿਬ, ਇਸ ਅਸੈਂਬਲੀ ਦਾ ਘੇਰਾਓ ਕਰਨ ਸਮੇਂ ਵਾਇਲੈਂਸ ਕੀਤੀ ਗਈ ਹੈ, ਇਥੇ ਤਲਵਾਰਾਂ ਚਲਾਈਆਂ ਗਈਆਂ, ਡਾਂਗਾਂ ਚੱਲੀਆਂ, ਇੱਟਾਂ ਮਾਰੀਆਂ ਗਈਆਂ, ਅਸੈਂਬਲੀ ਦੀ ਬਿਲਡਿਗ ਦੇ ਸ਼ੀਸ਼ੇ ਤੋੜੇ ਗਏ। ਜੇਕਰ ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਇਸ ਅਸੈਂਬਲੀ ਦੀ ਬੇਹੁਰਮਤੀ ਨਹੀਂ ਕੀਤੀ ਤਾਂ ਹੋਰ ਕੀ ਕੀਤਾ ਹੈ? ਸਪੀਕਰ ਸਾਹਿਬ, ਸਾਰੇ ਜਾਣਦੇ ਹਨ ਕਿ ਜਿਸ ਵੇਲੇ ਅਸੈਂਬਲੀ ਸੈਸ਼ਨ ਹੋਵੇ ਤਾਂ ਉਸ ਦੇ ਪਹਿਲੇ ਦਿਨ ਗਵਰਨਰ ਸਾਹਿਬ ਤਸ਼ਰੀਫ ਲਿਆਉਂਦੇ ਹਨ ਔਰ ਆਪਣੀ ਸਰਕਾਰ ਦੀਆਂ ਪਾਲਿਸੀਜ਼ ਨੂੰ ਇਥੇ ਚੰਗੀ ਤਰ੍ਹਾਂ ਬਿਆਨ ਕਰਦੇ ਹਨ ਪਰ ਉਨ੍ਹਾਂ ਨੂੰ ਇਥੇ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਨੇ ਇਹ ਸੋਚਿਆ ਕਿ ਸ਼ਾਇਦ ਗਵਰਨਰ ਸਾਹਿਬ ਅੰਦਰ ਹੀ ਨਹੀਂ ਆ ਸਕਣਗੇ ਲੇਕਿਨ ਉਹ ਆਏ ਔਰ ਉਨ੍ਹਾਂ ਨੇ ਭਾਸ਼ਣ ਦਿੱਤਾ ਔਰ ਇਨ੍ਹਾਂ ਨੇ ਉਸ ਭਾਸ਼ਣ ਦਾ ਬਾਈਕਾਟ ਕੀਤਾ। ਠੀਕ ਹੈ, ਇਹ ਬਾਈਕਾਟ ਕਰਨ, ਇਨ੍ਹਾਂ ਦਾ ਹੱਕ ਹੈ, ਇਹ ਕਰ ਸਕਦੇ ਹਨ ਲੇਕਿਨ ਸਪੀਕਰ ਸਾਹਿਬ, ਜੋ ਦੂਜੇ ਦਿਨ ਕੀਤਾ ਗਿਆ, ਜਿਸ ਤਰ੍ਹਾਂ ਇਥੇ ਸਪੀਕਰ ਸਾਹਿਬ ਦੇ ਖਿਲਾਫ ਨਾਅਰੇਬਾਜ਼ੀ ਹੋਈ, ਇਸ ਨਾਲ ਸਦਨ ਦਾ ਅਪਮਾਨ ਹੋਇਆ ਹੈ (ਸ਼ੇਮ ਸ਼ੇਮ)। ਭਾਵੇਂ ਉਸ ਤੋਂ ਬਾਅਦ ਤੁਸੀਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੁਲਾਕੇ ਰੀਕਸਾਈਲ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਇਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ। ਖੈਰ, ਜੇਕਰ ਭੁੱਲੇ ਹੋਏ ਫਿਰ ਘਰ ਨੂੰ ਆ ਜਾਣ ਤਾਂ ਵੀ ਠੀਕ ਹੈ। ਪਰ, ਸਪੀਕਰ ਸਾਹਿਬ, ਇਥੇ ਧਰਨਾ ਮਾਰਨ ਦਾ ਕੋਈ ਮਤਲਬ ਨਹੀਂ ਹੈ। ਲੋਕਾਂ ਨੇ ਇਨ੍ਹਾਂ ਨੂੰ ਇਥੇ ਧਰਨੇ ਮਾਰਨ ਵਾਸਤੇ ਨਹੀਂ ਭੇਜਿਆ, ਲੋਕਾਂ ਨੇ ਇਸ ਕਰਕੇ ਭੇਜਿਆ ਹੈ ਕਿ ਜਾਓ, ਜਾ ਕੇ ਸਾਨੂੰ ਰੀਪਰੈਂਜੈਂਟ ਕਰੋ। ਲੋਕਾਂ ਨੂੰ ਵੋਟ ਦਾ ਅਧਿਕਾਰ ਹੈ ਅਰ ਉਨ੍ਹਾਂ ਨੇ ਆਪਣਾ ਵੋਟ ਪਾਉਣ ਵੇਲੇ ਇਨ੍ਹਾਂ ਨੂੰ ਇਹ ਨਹੀਂ ਸੀ ਕਿਹਾ ਕਿ ਤੁਸੀਂ ਜਾ ਕੇ ਲੋਕਾਂ ਦਾ ਅਪਮਾਨ ਕਰੋ। ਇਸ ਗੱਲ ਦੀ ਲੋਕਾਂ ਨੇ ਇਨ੍ਹਾਂ ਨੂੰ ਹਰਗਿਜ਼ ਇਜਾਜ਼ਤ ਨਹੀਂ ਸੀ ਦਿੱਤੀ। ਉਨ੍ਹਾਂ ਨੇ ਇਹ ਨਹੀਂ ਸੀ ਕਿਹਾ ਕਿ ਤੁਸੀਂ ਜਾ ਕੇ ਇਸ ਤਰ੍ਹਾਂ ਗਵਰਨਰ ਸਾਹਿਬ ਦੇ ਭਾਸ਼ਣ ਸਮੇਂ ਰੁਕਾਵਟ ਪਾਓ। ਲੋਕਾਂ ਦਾ ਇਨ੍ਹਾਂ ਨੂੰ ਭੇਜਣ ਦਾ ਇਹ ਮਨਸ਼ਾ ਨਹੀਂ ਸੀ। ਇਨ੍ਹਾਂ ਨੇ ਇਹ ਪਰੰਪਰਾ ਚੰਗੀ ਨਹੀਂ ਪਾਈ। ਹੁਣ ਰਿਵਰਸ ਗੇਅਰ ਲੱਗਾ ਹੈ ਕਿ ਚੰਗੀ ਤਰ੍ਹਾਂ ਸੋਚ ਸਮਝ ਕੇ ਕਾਰਵਾਈ ਚਲਾਉਣੀ ਹੈ, ਇਹ ਬਹੁਤ ਚੰਗੀ ਗੱਲ ਇਨ੍ਹਾਂ ਨੇ ਕੀਤੀ ਹੈ। ਬਾਦਲ ਸਾਹਿਬ ਨੇ ਕਲ੍ਹ ਕਿਹਾ ਸੀ ਕਿ ਇਹ ਸਰਕਾਰ ਆਪਣੀਆਂ ਪਾਲਸੀਆਂ ਨੂੰ ਇੰਪਲੀਮੈਂਟ ਨਹੀਂ ਕਰ ਸਕੇਗੀ। ਮੈਂ ਸਮਝਦਾ ਹਾਂ ਕਿ ਜਿਹੜੀ ਸਰਕਾਰ ਇਹ ਛੱਡ ਗਏ ਸਨ ਉਹ ਇਨ੍ਹਾਂ ਦੀ ਕਨਫਿਊਜ਼ਡ ਸਰਕਾਰ ਸੀ, ਉਹ ਕੋਈ ਫੈਸਲਾ ਨਹੀਂ ਸੀ ਲੈ ਸਕਦੀ, ਇਸ ਵਾਸਤੇ ਹੀ ਉਨ੍ਹਾਂ ਨੇ ਕਈ ਕੰਮ ਨਹੀਂ ਕੀਤਾ, ਸਿਵਾਏ ਇਸ ਦੇ

[ਮੁਖ ਮੰਤਰੀ]

ਕਿ ਝਗੜੇ ਖੜੇ ਕਰ ਦਿੱਤੇ ਹਨ । ਨਾਨ-ਇੰਪਲੀਮੈਂਟੇਸ਼ਨ ਦੀ ਪਾਲਿਸੀ, ਇਨ੍ਹਾਂ ਦੀ ਸਦਾ ਰਹੀ ਹੈ । ਆਉਣ ਵਾਲੇ ਸਮੇਂ ਵਿਚ ਮੈਂ ਇਹ ਗੱਲ ਇਨ੍ਹਾਂ ਨੂੰ ਦੱਸਾਂਗਾ। ਮੇਰੀ ਅਰਜ਼ ਹੈ ਕਿ ਇਥੇ ਆ ਕੇ ਘੇਰਾਓ ਕਰਨਾ ਬਿਲਕੁਲ ਇਨ੍ਹਾਂ ਲਈ ਵਾਜਬ ਨਹੀਂ ਸੀ। ਸਪੀਕਰ ਸਾਹਿਬ, ਬਾਹਰ ਜਾ ਕੇ, ਕਈਆਂ ਥਾਵਾਂ ਤੇ ਜਾ ਕੇ, ਗੱਡੀਆਂ ਫੂਕੀਆਂ ਜਾਣ, ਸਿਪਾਹੀਆਂ ਨੂੰ ਫੱਟੜ ਕੀਤਾ ਜਾਵੇ, ਅਤੇ ਪਥਰ ਮਾਰ ਜਾਣ, ਫਾਇਰਿੰਗ ਵੀ ਕੀਤੀ ਜਾਵੇ, ਮੈਂ ਅਰਜ਼ ਕਰਦਾ ਹਾਂ, ਕਿ ਕਿਸੇ ਵੀ ਪਾਰਟੀ ਦਾ ਇਹ ਮੁੱਦਾ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਇਸ ਪਾਸੇ ਵੱਲ ਨੂੰ ਤੁਰਨਾ ਚਾਹੀਦਾ ਹੈ । ਇਥੇ ਅਸੀਂ ਵੇਖਿਆ ਹੈ ਕਿ ਬਾਹਰ ਕੀ ਕੁਝ ਨਹੀਂ ਹੋਇਆ। ਇੱਟਾਂ ਨਾਲ ਪੁਲਿਸ ਦੇ ਸਿਰ ਫੋੜੇ ਗਏ, ਡਾਂਗਾਂ ਚਲਾਈਆਂ ਗਈਆਂ, ਔਰ ਇਟਾਂ ਨਾਲ ਬੁਰੀ ਹਾਲਤ ਕੀਤੀ ਗਈ। ਮਾਰਕਿਟ ਵਿਚ ਪੈਡੀ ਲਿਆਉਣ ਵਾਸਤੇ ਲੋਕਾਂ ਨੂੰ ਰੋਕਿਆ ਗਿਆ। ਲੇਕਿਨ ਲੋਕਾਂ ਨੇ ਝੋਨਾ ਮਾਰਕਿਟ ਵਿਚ ਲਿਆਂਦਾ ਕਿਉਂਕਿ ਲੋਕੀ ਸਮਝਦੇ ਸਨ ਕਿ ਸਾਡੀ ਪ੍ਰੋਡਿਊਸ ਜਿਹੜੀ ਹੈ, ਜਿਹੜੀ ਮਾਰਕੀਟੇਬਲ ਹੈ, ਉਹ ਮੰਡੀ ਵਿਚ ਜਾਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਇਨ੍ਹਾਂ ਨੇ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਖਰਾਬ ਕਰਨ ਵਾਸਤੇ ਕੀ ਕੁਝ ਨਹੀਂ ਕੀਤਾ। ਪਰ ਇਸ ਸਰਕਾਰ ਨੇ ਸਭ ਤੋਂ ਪਹਿਲਾਂ ਅਨਡਿਜ਼ਾਇਰੇਬਲ ਅਲੀਮੈਂਟ ਨੂੰ ਅੰਦਰ ਦਿੱਤਾ ਹੈ ਅਰ ਪੁਲੀਟੀਕਲ ਆਦਮੀ ਨੂੰ ਕਿਸੇ ਨੂੰ ਨਹੀਂ ਫੜਿਆ । (ਥੰਪਿੰਗ) ਜਿਹੜੇ ਬਲੈਕ ਮਾਰਕੀਟਿੰਗ ਕਰਦੇ ਸਨ, ਸਮੱਗਲਿੰਗ ਕਰਦੇ ਸਨ ਸਰਕਾਰ ਨੇ ਉਨ੍ਹਾਂ ਨੂੰ ਤਕੜ ਹਥੀਂ ਹਥ ਪਾਇਆ ਹੈ। ਜਿਹੜੇ ਪਹਿਲਾਂ ਸਮਝਦੇ ਸਨ ਕਿ ਸਾਨੂੰ ਕੋਈ ਕੁਝ ਕਹਿਣ ਵਾਲਾ ਨਹੀਂ ਹੈ, ਸਰਕਾਰ ਨੇ ਉਨ੍ਹਾਂ ਨੂੰ ਪੋਲੇ ਹੱਥੀਂ ਨਹੀਂ ਫੜਿਆ। ਬਾਅਦ ਵਿਚ ਕਈ ਆਦਮੀ ਸਿਫਾਰਸ਼ ਕਰਾਉਂਦੇ ਰਹੇ ਹਨ, ਕਈ ਕਹਿੰਦੇ ਰਹੇ ਹਨ ਕਿ ਫਲਾਣੇ ਨੂੰ ਗਲਤ ਫੜਿਆ ਹੈ ਪਰ ਅਸੀਂ ਕਿਹਾ ਕਿ ਅਗਰ ਕਈ ਇਹ ਸਾਬਤ ਕਰ ਦੇਵੇ ਕਿ ਫਲਾਣੇ ਨੂੰ ਗਲਤ ਫੜਿਆ ਹੈ ਅਸੀਂ ਉਸ ਦੀ ਰਿਹਾਈ ਕਰਨ ਨੂੰ ਤਿਆਰ ਹਾਂ, ਮੈਂ ਇਹ ਗੱਲ ਪਿੱਛੇ ਵੀ ਕਹੀ ਸੀ ਔਰ ਅੱਜ ਵੀ ਕਹਿੰਦਾ ਹਾਂ । ਲੇਕਿਨ ਜੇਕਰ ਕਿਸੇ ਮਾੜੇ ਆਦਮੀ ਨੂੰ ਸਰਕਾਰ ਅੰਦਰ ਦੇਵੇ ਔਰ ਕੋਈ ਕਹੇ ਕਿ ਉਹ ਐਵੇਂ ਹੀ ਫੜਿਆ ਗਿਆ ਹੈ ਤਾਂ ਇਹ ਗੱਲ ਬਣਦੀ ਨਹੀਂ ਹੈ ।

ਸਪੀਕਰ ਸਾਹਿਬ, ਮੈਂ ਕੋਈ ਬਹੁਤੇ ਫਿਗਰ ਵਰਕ ਵਿਚ ਨਹੀਂ ਜਾਣਾ ਚਾਹੁੰਦਾ, ਪਰ, ਜੇਕਰ ਤੁਸੀਂ ਮੁਕਾਬਲਾ ਕਰੋ ਤਾਂ ਹਰ ਲਿਹਾਜ਼ ਨਾਲ ਸਾਡੇ ਪਿਛਲੇ ਛੇ ਮਹੀਨਿਆਂ ਵਿਚ ਕਰਾਈਮਜ਼ ਘਟੇ ਹਨ। ਸਾਡੇ ਛੇ ਮਹੀਨੇ ਦਾ ਇਨ੍ਹਾਂ ਦੇ ਪੀਰੀਅਡ ਦੇ ਕਿਸੇ ਵੀ ਛੇ ਮਹੀਨਿਆਂ ਨਾਲ ਮੁਕਾਬਲਾ ਕਰ ਲਵੋ, ਤੁਹਾਨੂੰ ਪਤਾ ਲਗੇਗਾ ਕਿ ਅਸੀਂ ਕਰਾਈਮਜ਼ ਨੂੰ ਥੱਲੇ ਲਿਆਂਦਾ ਹੈ । ਅਸੀਂ ਕਿਸੇ ਐਸ.ਪੀ. ਨੂੰ ਨਹੀਂ ਕਿਹਾ, ਕਿਸੇ ਥਾਣੇਦਾਰ ਨੂੰ ਨਹੀਂ ਕਿਹਾ ਕਿ ਕੇਸ ਦਰਜ ਨਹੀਂ ਕਰਨੇ ਬਲਕਿ ਅਸੀਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਅਸੀਂ ਪੁਲਿਸ ਨੂੰ ਕਿਹਾ ਹੋਇਆ ਹੈ ਕਿ ਜਿਹੜਾ ਵੀ ਕੇਸ ਉਨ੍ਹਾਂ ਪਾਸ ਆਉਂਦਾ ਹੈ ਉਸ ਨੂੰ ਰਜਿਸਟਰ ਕਰੋ। ਅਫੀਮ ਜਿਹੜੀ ਹੈ ਇਸ ਦੇ ਨਾਲ ਆਮ ਤੌਰ ਤੇ ਕਈ ਇਲਾਕਿਆਂ ਵਿਚ ਕਈ ਲੋਕ ਸਬੰਧਤ ਹਨ, ਇਹ ਕਈ ਕੁਇੰਟਲ ਪਿੱਛੇ ਨਾਲੋਂ ਜ਼ਿਆਦਾ ਪਕੜੀ ਗਈ ਹੈ । ਇਸ ਕਰਕੇ ਸਪੀਕਰ ਸਾਹਿਬ, ਤੁਸੀਂ ਐਗਰੀ ਕਰੋਗੇ ਕਿ ਐਸੀਆਂ ਚੀਜ਼ਾਂ ਜਿਹੜੀਆਂ ਕਿ ਲੋਕਾਂ ਦੇ ਸਰੀਰਾਂ ਨੂੰ ਖਰਾਬ ਕਰਦੀਆਂ ਹਨ, ਸਰੀਰ ਨੂੰ ਗਾਲ ਦਿੰਦੀਆਂ ਹਨ ਉਨ੍ਹਾਂ ਨੂੰ ਬੰਦ ਕਰਨ ਦੀ ਲੋੜ ਸੀ ਔਰ ਅਸੀਂ ਇਸ ਨੂੰ ਬੰਦ ਕਰਨ ਵਾਲ ਪਾਸੇ ਵਲ ਕੋਸ਼ਿਸ਼ ਕੀਤੀ ਹੈ ਔਰ ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਪਾਸੇ ਵਲ ਧਿਆਨ ਜ਼ਿਆਦਾ ਦਿਤਾ ਜਾਵ।

ਫਿਰ, ਰਿਕਵਰੀ ਦੀ ਗੱਲ ਹੈ । ਡੀਜ਼ਲ ਦੀ ਰਿਕਵਰੀ ਹਵੇ, ਤੇਲ ਦੀ ਜਾਂ ਪੈਡੀ ਦੀ

ਰਿਕਵਰੀ ਹੋਵੇ, ਵ੍ਹੀਟ ਦੀ ਰਿਕਵਰੀ ਹੋਵੇ, ਇਸ ਪਾਸੇ ਵਲ ਵੀ ਅਸੀਂ ਅੱਗੇ ਗਏ ਹਾਂ। ਇਨ੍ਹਾਂ ਨਾਲੋਂ ਰਿਕਵਰੀਜ਼ ਵੀ ਜ਼ਿਆਦਾ ਕੀਤੀਆਂ ਹਨ। ਮੈਂ ਇਸ ਦੇ ਨਾਲ ਹੀ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਜਿਹੜੇ ਲੋਕ ਮਨਮਾਨੇ ਕੰਮ ਕਰ ਰਹੇ ਹਨ ਉਨ੍ਹਾਂ ਵਲੋਂ ਵੀ ਸੁਚੇਤ ਹਾਂ। ਪੁਲੀਟੀਕਲ ਪਾਰਟੀਜ਼ ਅਗਰ ਆਪਣਾ ਕੰਮ ਪੀਸਫੁੱਲ ਤਰੀਕੇ ਨਾਲ ਕਰਨ ਤਾਂ ਕੋਈ ਰੋਕ ਨਹੀਂ ਹੈ, ਉਸ ਨੂੰ ਪੂਰੀ ਤਰ੍ਹਾਂ ਇਜਾਜ਼ਤ ਹੈ ਲੇਕਿਨ ਇਸ ਗੱਲ ਦੀ, ਸਪੀਕਰ ਸਾਹਿਬ, ਕਿਸੇ ਪਾਰਟੀ ਨੂੰ ਕਤਈ ਇਜਾਜ਼ਤ ਨਹੀਂ ਹੋ ਸਕਦੀ ਕਿ ਉਹ ਆਪਣੇ ਆਪ ਨੂੰ ਕਿਸੇ ਕੰਮ ਵਿਚ ਇਸ ਤਰ੍ਹਾਂ ਸ਼ਾਮਲ ਕਰੇ ਜਿਸ ਨਾਲ ਵਾਇਲੈਂਸ ਸ਼ੁਰੂ ਹੋ ਸਕੇ। ਇਹ ਗੱਲ ਮੈਂ ਸ਼ੁਰੂ ਵਿਚ ਇਸ ਕਰਕੇ ਆਖੀ ਹੈ ਤਾਂਕਿ ਪਤਾ ਲਗ ਸਕੇ ਕਿ ਅਸੀਂ ਇਸ ਪਾਸੇ ਵੀ ਧਿਆਨ ਦਿੱਤਾ ਹੈ। ਸਾਡਾ ਇਸ ਪਾਸੇ ਵੀ ਧਿਆਨ ਹੈ।

ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਬੜੇ ਜ਼ੋਰ ਸ਼ੋਰ ਨਾਲ ਇਸ ਗਲ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਐਗਰੀਕਲਚਰ ਵਿਚ ਬਹੁਤ ਜ਼ਿਆਦਾ ਨੁਕਸਾਨ ਇਸ ਸਰਕਾਰ ਨੇ ਕੀਤਾ ਹੈ, ਜਾਂ ਕੇਂਦਰ ਦੀ ਸਰਕਾਰ ਨੇ ਕੀਤਾ ਹੈ ਪਰ ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਅਜ ਸਪੀਕਰ ਸਾਹਿਬ, ਸਾਰੇ ਦੇਸ਼ ਵਿਚ ਅਗਰ ਕੋਈ ਸਖਸ਼ੀਅਤ ਹੈ ਜੋ ਕਿ ਦੇਸ਼ ਵਿਚ ਇੰਟੈਗਰੇਸ਼ਨ ਰੱਖ ਸਕਦੀ ਹੈ, ਜੋ ਗਰੀਬ ਅਰ ਦਲਿਤ ਨੂੰ ਲੈ ਕੇ ਤੁਰ ਸਕਦੀ ਹੈ ਤਾਂ ਉਹ ਇੰਦਰਾ ਗਾਂਧੀ ਦੀ ਸਖਸ਼ੀਅਤ ਹੈ, ਹੋਰ ਕੋਈ ਨਹੀਂ ਹੈ। (ਥੰਪਿੰਗ) ਪਰ ਇਨ੍ਹਾਂ ਵੇਲੇ ਜੋ ਕੁਝ ਹੋਇਆ ਸੀ ਉਹ ਵੀ ਲੋਕਾਂ ਨੂੰ ਪਤਾ ਹੈ। ਲੋਕ ਕਹਿੰਦੇ ਹੁੰਦੇ ਸਨ ਕਿ ਉਪਰ ਵੀ ਜ਼ਿਮੀਂਦਾਰ ਚਲੇ ਗਏ, ਥੱਲੇ ਵੀ ਜ਼ਿਮੀਂਦਾਰ ਆ ਗਏ ਅਰ ਨਰਮੇ ਦਾ ਭਾਅ ਵੀ ਫਿਕਸ ਕਰ ਦਿੱਤਾ ਗਿਆ ਪਰ ਲੋਕਾਂ ਦਾ ਕੀ ਵਿਚਾਰ ਸੀ, ਸਪੀਕਰ ਸਾਹਿਬ, ਉਹ ਕਿਹਾ ਕਰਦੇ ਸਨ :—

"ਉਪਰ ਜੱਟ, ਥੱਲੇ ਜੱਟ, ਨਰਮਾ ਵਿਕੇ 260" (ਹਾਸਾ) (ਵਿਘਨ)

ਜੇਕਰ ਸਪੀਕਰ ਸਾਹਿਬ, ਇਹ ਹੁਣ ਵੀ ਗਲ ਪੈਂਦੇ ਹਨ ਤਾਂ ਇਨ੍ਹਾਂ ਦੀ ਮਰਜ਼ੀ ਹੈ ਪਰ ਇਹ ਵੇਖ ਲੈਣ ਕਿ ਹੁਣ ਨਰਮਾ 450 ਤੋਂ 525 ਰੁਪਏ ਤੱਕ ਵਿਕ ਰਿਹਾ ਹੈ (ਵਿਘਨ)

ਸ੍ਰੀ ਸਪੀਕਰ: ਜਿਸ ਵੇਲੇ ਲੀਡਰ ਆਫ ਦੀ ਹਾਊਸ ਬੋਲਦੇ ਹੋਣ ਤਾਂ ਪਲੀਜ਼ ਉਨ੍ਹਾਂ ਨੂੰ ਇੰਟਰੱਪਟ ਨਾ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਜੇਕਰ ਅਸੀਂ ਬੋਲੀਏ ਤਾਂ ਕੀ ਆਪਸ ਵਿਚ ਇੰਟਰੱਪਟ ਕਰ ਸਕਦੇ ਹਾਂ ? (ਹਾਸਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਥੇ ਬਹੁਤ ਕੁਝ ਕਿਹਾ ਗਿਆ ਕਿ ਇੰਡਸਟਰੀ ਵਾਲੇ ਪਾਸੇ ਤਵੱਜੋ ਦਿੱਤੀ ਗਈ ਅਤੇ ਐਗਰੀਕਲਚਰ ਵਾਲੇ ਪਾਸੇ ਕੁਝ ਨਹੀਂ ਕੀਤਾ ਗਿਆ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਬਾਰੇ ਮੈਂ ਜ਼ਿਆਦਾ ਤਾਂ ਫਿਗਰਜ਼ ਨਹੀਂ ਦਿੰਦਾ ਪਰ ਐਨੀ ਜ਼ਰੂਰ ਅਰਜ਼ ਕਰਨੀ ਚਾਹੁੰਦਾ ਹਾਂ ਕਿ 1980-81 ਵਿਚ ਫਰਟਿਲਾਈਜ਼ਰ ਅਤੇ ਡੀਜ਼ਲ ਵਿਚ ਜੋ ਪ੍ਰਾਈਸ ਹਾਈਕ ਹੋਈ ਹੈ ਇਨ੍ਹਾਂ ਦਾ ਖਰੀਫ ਤੇ ਕਿੰਨਾ ਅਸਰ ਪਿਆ ਹੈ। ਸਾਡੇ ਪੀਰੀਅਡ ਵਿਚ ਸਾਰੀਆਂ ਕਰਾਪਸ ਤੇ ਫਰਟੇਲਾਈਜ਼ਰ ਦਾ 33 ਕਰੋੜ ਰੁਪਿਆ ਵਧਿਆ ਹੈ ਅਤੇ ਇਸ ਤੋਂ ਪਿਛਲੀਆਂ 3 ਕਰਾਪਸ ਤੇ ਇਹ 31.3 ਕਰੋੜ ਰੁਪਏ ਦਾ ਵਾਧਾ ਹੋਇਆ ਸੀ। ਇਸੇ ਤਰ੍ਹਾਂ ਹੀ ਡੀਜ਼ਲ ਦਾ ਸਾਰੀਆਂ ਕਰਾਪਸ ਤੇ 13 ਕਰੋੜ ਰੁਪਿਆ ਵਧਿਆ ਹੈ ਅਤੇ ਇਸ ਤੋਂ ਪਿਛਲੀਆਂ ਤਿੰਨ ਕਰਾਪਸ ਤੇ 12.2 ਕਰੋੜ ਰੁਪਿਆ ਵਧਿਆ ਸੀ। ਇਸ ਤਰ੍ਹਾਂ ਫਰਟਿਲਾਈਜ਼ਰ ਅਤੇ ਡੀਜ਼ਲ ਨੂੰ ਮਿਲਾ ਕੇ ਕੁੱਲ ਵਾਧਾ,

[ਮੁੱਖ ਮੰਤਰੀ]

ਹੁਣ 46 ਕਰੋੜ ਰੁਪਏ ਦਾ ਹੋਇਆ ਹੈ ਜਦੋਂ ਕਿ ਪਿਛਲੀਆਂ 3 ਕਰਾਪਸ ਵਿਚ 43.5 ਕਰੋੜ ਰੁਪਏ ਦਾ ਹੋਇਆ ਸੀ।

ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਹੁਣ ਪੈਡੀ ਦੀ ਪ੍ਰਾਈਸ ਬਾਰੇ ਜ਼ਿਕਰ ਕਰ ਦੇਣਾ ਚਾਹੁੰਦਾ ਹਾਂ। ਪੈਡੀ ਦਾ ਭਾਅ 95 ਰੁਪਏ ਤੋਂ 105 ਰੁਪਏ ਕੀਤਾ ਗਿਆ ਹੈ ਜਦ ਕਿ ਸਾਡੇ ਵਲੋਂ ਇਸ ਦਾ ਭਾਅ 110 ਰੁਪਏ ਕਿਹਾ ਗਿਆ ਸੀ । ਪਰ ਜੇ ਇਹ ਆਪਣੇ 3 ਸਾਲ ਦਾ ਅਰਸਾ ਇਸ ਸਬੰਧ ਵਿਚ ਵੇਖਣ ਤਾਂ ਪ੍ਰਾਈਸ ਵਿਚ ਇਤਨੀ ਇਨਕਰੀਜ਼ ਇਸ ਤੋਂ ਪਹਿਲੇ ਕਦੇ ਨਹੀਂ ਸੀ ਹੋਈ । ਇਸ ਸਬੰਧ ਵਿਚ ਜੋ ਫਿਗਰਜ਼ ਮੇਰੇ ਪਾਸ ਹਨ ਉਹ ਮੈਂ ਦਸਦਾ ਹਾਂ ਕਿ ਇਸ ਸਾਲ ਪੈਡੀ ਦੀ ਪੈਦਾਵਾਰ ਵੀ ਬਹੁਤ ਜ਼ਿਆਦਾ ਹੋਈ ਹੈ ਲੇਕਿਨ ਜਿਹੜੀ ਮਾਰਕਿਟ ਵਿਚ ਆਈ ਹੈ ਉਹ ਮੈਂ ਦਸਦਾ ਹਾਂ ਕਿ ਇਸ ਵੇਲੇ ਮਾਰਕਿਟ ਵਿਚ ਇਹ 44.7 ਲੱਖ ਟਨ ਦੀ ਆਈ ਜਦੋਂ ਕਿ ਪਹਿਲੇ ਇਹ 42.8 ਲਖ ਦੀ ਆਈ ਸੀ । ਇਸ ਤਰ੍ਹਾਂ ਇਸ ਵਿਚ ਜੋ ਐਡੀਸ਼ਨ ਹੋਈ ਹੈ ਉਹ 1.89 ਲਖ ਦੀ ਹੋਈ ਹੈ। ਇਸ ਤਰ੍ਹਾਂ ਜੋ ਫਾਇਦਾ 10 ਰੁਪਏ ਦਾ ਪ੍ਰਾਈਸ ਵਿਚ ਕਿਸਾਨ ਨੂੰ ਦਿੱਤਾ ਗਿਆ ਹੈ, ਜੇ ਸਾਰੀ ਪ੍ਰੋਡਕਸ਼ਨ ਤੇ ਇਸ ਦਾ ਫਾਇਦਾ ਵੇਖੀਏ ਜੋ ਕਿਸਾਨ ਨੂੰ ਹੋਇਆ ਹੈ ਤਾਂ ਉਹ 41 ਕਰੋੜ 8 ਲਖ ਰੁਪਏ ਦਾ ਬਣਦਾ ਹੈ। ਔਰ ਜਿਹੜੀ ਐਡੀਸ਼ਨ 1.89 ਲੱਖ ਟਨ ਦੀ ਹੋਈ ਹੈ ਜੇ ਇਸ ਨੂੰ 105 ਰੁਪਏ ਦੇ ਹਿਸਾਬ ਨਾਲ ਜਰਬ ਦਿੱਤਾ ਜਾਵੇ ਤਾਂ 20 ਕਰੋੜ ਦਾ ਫਾਇਦਾ ਕਿਸਾਨ ਨੂੰ ਹੋਇਆ ਹੈ । ਇਸ ਤਰ੍ਹਾਂ ਇਹ ਟੋਟਲ ਫਾਇਦਾ 61.8 ਕਰੋੜ ਰੁਪਏ ਦਾ ਹੋਇਆ ਹੈ ।

ਹੁਣ, ਮੈਂ ਜੋ ਐਕਸਪੈਂਡੀਚਰ ਵਿਚ ਹਾਈਕ ਬਾਰੇ ਵੀ ਇਨ੍ਹਾਂ ਨੂੰ ਦਸ ਦੇਣਾ ਚਾਹੁੰਦਾ ਹਾਂ। ਡੀਜ਼ਲ ਵਿਚ 9 ਕਰੋੜ ਰੁਪਏ ਦੀ ਹਾਈਕ ਹੋਈ ਹੈ ਜਿਸ ਦਾ ਕਿਸਾਨ ਤੇ ਅਸਰ ਪਿਆ ਹੈ ਔਰ ਫਰਟਿਲਾਈਜ਼ਰ ਵਿਚ 19 ਕਰੋੜ ਰੁਪਏ ਦੀ ਹਾਈਕ ਹੋਈ ਹੈ । ਇਸਦੇ ਨਾਲ 3.5 ਕਰੋੜ ਰੁਪਿਆ ਹੋਰ ਐਡੀਸ਼ਨਲ ਵੀ ਬਣਦਾ ਹੈ । ਇਸ ਤਰ੍ਹਾਂ ਇਹ ਟੋਟਲ ਜਿਹੜੀ ਹਾਈਕ ਹੋਈ ਹੈ ਇਹ 31.5 ਕਰੋੜ ਰੁਪਏ ਦੀ ਬਣਦੀ ਹੈ । ਜੇ, ਸਪੀਕਰ ਸਾਹਿਬ, ਇਸ ਹਾਈਕ ਨੂੰ ਮਾਈਨਸ ਵੀ ਕਰ ਦਿੱਤਾ ਜਾਵੇ ਤਾਂ ਵੀ ਇਸ ਵੇਲੇ ਜੋ ਕਿਸਾਨ ਨੂੰ ਫਾਇਦਾ ਹੋਇਆ ਹੈ, ਜੋ ਕਿਸਾਨ ਦੀ ਪਾਕੇਟ ਵਿਚ ਰੁਪਿਆ ਗਿਆ ਹੈ, ਉਹ 139 ਕਰੋੜ ਰੁਪਏ ਬਣਦਾ ਹੈ । ਇਸ ਤਰ੍ਹਾਂ ਨਾਲ ਇਹ ਸਾਰਾ ਫਾਇਦਾ ਕਿਸਾਨ ਨੂੰ ਖਰੀਫ ਦੀ ਫਸਲ ਵਿਚ ਹੀ ਹੋਇਆ ਹੈ ।(ਵਿਘਨ)

ਸ੍ਰੀ ਸਪੀਕਰ : ਨੋ ਇੰਟਰੱਪਸ਼ਨ ਪਲੀਜ਼। ਇਹ ਫੈਸਲਾ ਹੋਇਆ ਹੈ ਕਿ ਜਦੋਂ ਲੀਡਰ ਆਫ ਦੀ ਹਾਊਸ ਜਾਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲਣ ਤਾਂ ਕਿਸੇ ਨੇ ਇੰਟਰੱਪਟ ਨਹੀਂ ਕਰਨਾ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਜ਼ਿਆਦਾ ਫਿਗਰਜ਼ ਨਹੀਂ ਦੇਣਾ ਚਾਹੁੰਦਾ । ਪਤਾ ਨਹੀਂ ਇਹ ਆਪੋਜ਼ੀਸ਼ਨ ਦੇ ਲੀਡਰ ਇਹ ਫਿਗਰਜ਼ ਕਿਥੋਂ ਲੈ ਕੇ ਆਏ ਹਨ। ਇਹ ਮੈਂ ਉਸ ਪੈਡੀ ਦਾ ਜ਼ਿਕਰ ਕੀਤਾ ਹੈ ਜੋ ਕਿ ਮਾਰਕਿਟ ਵਿਚ ਆਈ ਹੈ । ਇਹ ਹਾਲੇ ਵੀ ਮਾਰਕਿਟ ਵਿਚ ਆ ਰਹੀ ਹੈ । ਜਿਹੜੀ ਹੁਣ ਮਾਰਕਿਟ ਵਿਚ ਆ ਰਹੀ ਹੈ ਇਸ ਨੂੰ ਇਨ੍ਹਾਂ ਫਿਗਰਜ ਵਿਚ ਸ਼ੁਮਾਰ ਨਹੀਂ ਕੀਤਾ ਗਿਆ। ਇਸ ਦਾ ਫਾਇਦਾ ਵਖਰਾ ਕਿਸਾਨ ਨੂੰ ਪਹੁੰਚਣਾ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਜਿਹੜੀਆਂ ਫਿਗਰਜ਼, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਦਿਤੀਆਂ ਹਨ ਇਹ ਕਿਥੋਂ ਦਿੱਤੀਆਂ ਹਨ । ਇਹ ਬਿਲਕੁਲ ਗਲਤ ਦਿੱਤੀਆਂ ਹਨ। ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ । 139 ਕਰੋੜ ਰੁਪਏ ਦਾ ਕਿਸਾਨ ਨੂੰ ਫਾਇਦਾ ਹੋਇਆ ਹੈ । ਔਰ ਜੇ ਇਸ ਵਿਚੋਂ 15% ਜੋ ਕਿ ਕਾਂਟ੍ਰੈਕਟਰ

ਪ੍ਰਾਈਸ ਇੰਡੈਕਸ ਵਧਿਆ ਹੈ, ਕਿਉਂਕਿ ਫਾਰਮਰ ਕੰਜ਼ਿਊਮਰ ਵੀ ਹੈ, ਜੇ ਇਹ ਵੀ ਖਰਚਾ ਉਸਦੇ ਫਾਇਦੇ ਵਿਚੋਂ ਮਾਈਨਸ ਕਰ ਦਿੱਤਾ ਜਾਵੇ, ਤਾਂ ਵੀ 119 ਕਰੋੜ ਰੁਪਏ ਦੀ ਉਸ ਨੂੰ ਬੱਚਤ ਹੋਵੇਗੀ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਫਾਰਮਰਜ਼ ਨੂੰ ਘਾਟਾ ਪਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਆਪਣੇ ਆਪ ਨੂੰ ਅਨਬੈਲੇਂਸਡ ਮਾਈਂਡ ਕਰਕੇ ਇਥੇ ਸਪੀਚ ਕਰਨੀ ਠੀਕ ਨਹੀਂ। ਮੈਂ ਇਥੇ ਦਾਅਵੇ ਨਾਲ ਕਹਿੰਦਾ ਹਾਂ ਕਿ ਕਿਸਾਨਾਂ ਦੀ ਹਮਦਰਦ ਇੰਦਰਾ ਗਾਂਧੀ ਹੈ ਜਿਸ ਨੇ ਕਿ ਇਕੁਏਲਾਈਜ਼ੇਸ਼ਨ ਕਮੇਟੀ ਬਨਾਉਣ ਵਾਸਤੇ ਕਿਹਾ ਹੈ। ਮੈਂ ਸਮਝਦਾ ਹਾਂ ਕਿ ਕੋਈ ਅਕਲ ਵਾਲਾ ਆਦਮੀ ਹੀ ਇਸ ਕੰਮ ਵਿਚ ਪਹਿਲ ਕਰ ਸਕਦਾ ਹੈ ਜਿਹੜਾ ਕਿ ਇੰਦਰਾ ਗਾਂਧੀ ਨੇ ਇਹ ਕਮੇਟੀ ਬਨਾਉਣ ਵਿਚ ਕੀਤੀ ਹੈ।

ਹੁਣ, ਸਪੀਕਰ ਸਾਹਿਬ, ਮੈਂ ਐਗਰੀਕਲਚਰ ਐਲਾਈਡ ਸੈਕਟਰ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਐਗਰੀਕਲਚਰ ਨਾਲ ਤੁਅੱਲਕ ਰਖਣ ਵਾਲੇ ਜਿਹੜੇ ਮਹਿਕਮੇ ਹਨ, ਉਹ ਹਨ ਐਨੀਮਲ ਹਸਬੈਂਡਰੀ, ਸਾਇਲ ਕੰਜ਼ਰਵੇਸ਼ਨ, ਮਾਈਨਰ ਇਰੀਗੇਸ਼ਨ, ਫੌਰੈਸਟਸ ਅਤੇ ਕਮਿਊਨਿਟੀ ਡਿਵੈਲਪਮੈਂਟ। ਇਨ੍ਹਾਂ ਸਾਰੇ ਅਲਾਈਡ ਸੈਕਟਰਜ਼ ਤੇ ਜੋ ਪਿਛੇ ਨਾਨ-ਪਰਫਾਰਮੈਂਸ ਦੀ ਗੌਰਮਿੰਟ ਨੇ 1978-79 ਵਿਚ ਖਰਚ ਕੀਤਾ ਸੀ ਉਹ ਹੈ 21.6 ਕਰੋੜ ਰੁਪਿਆ ਜਿਹੜਾ ਕਿ ਟੋਟਲ ਪਲਾਨ ਦਾ 9.7% ਬਣਦਾ ਹੈ। ਪਰ 1979-80 ਵਿਚ ਇਸ ਵਾਸਤੇ 33.9 ਕਰੋੜ ਰੁਪਿਆ ਰੱਖਿਆ ਗਿਆ ਜਿਹੜਾ ਕਿ ਟੋਟਲ ਪਲਾਨ ਦਾ 13% ਬਣਦਾ ਹੈ। ਸਪੀਕਰ ਸਾਹਿਬ, ਫਿਰ 1980-81 ਵਿਚ ਇਸ ਵਾਸਤੇ 49.3 ਕਰੋੜ ਰੁਪਿਆ ਰੱਖਿਆ ਗਿਆ ਜਿਹੜਾ ਕਿ ਟੋਟਲ ਪਲਾਨ ਦਾ 16.4% ਬਣਦਾ ਹੈ। ਹਾਲੇ ਵੀ ਇਹ ਕਹਿੰਦੇ ਹਨ ਕਿ ਐਗਰੀਕਲਚਰ ਵਾਲੇ ਪਾਸੇ ਅਸੀਂ ਤਵੱਜੋ ਨਹੀਂ ਦਿੱਤੀ। ਦੂਜੇ ਪਾਸੇ ਇੰਡਸਟਰੀ ਲਈ 1979-80 ਵਿਚ 11.9 ਕਰੋੜ ਰੁਪਿਆ ਰਖਿਆ ਗਿਆ ਸੀ, ਜਿਹੜਾ ਕਿ ਟੋਟਲ ਪਲਾਨ ਦਾ 4.6% ਬਣਦਾ ਹੈ ਔਰ ਅਸੀਂ ਇਸ ਵਾਸਤੇ 12 ਕਰੋੜ ਰੁਪਿਆ ਰਖਿਆ ਹੈ ਜਿਹੜਾ ਕਿ ਟੋਟਲ ਪਲਾਨ ਦਾ 4.2% ਬਣਦਾ ਹੈ। ਹੁਣ ਤੁਸੀਂ ਦਸੋ ਕਿ ਐਗਰੀਕਲਚਰ ਤੇ ਟੋਟਲ ਪਲਾਨ ਦਾ 16.4% ਖਰਚਿਆ ਗਿਆ ਅਤੇ ਇੰਡਸਟਰੀ ਤੇ 4.2% ਖਰਚਿਆ ਹੈ। ਹਾਲੇ ਵੀ ਇਹ ਕਹਿੰਦੇ ਹਨ ਕਿ ਐਗਰੀਕਲਚਰ ਵਲ ਧਿਆਨ ਨਹੀਂ ਦਿੱਤਾ। ਮੈਂ ਸਮਝਦਾ ਹਾਂ ਕਿ ਜਿਹੜੀਆਂ ਫਿਗਰਜ਼ ਇਨ੍ਹਾਂ ਨੇ ਦਿੱਤੀਆਂ ਹਨ ਉਹ ਇਨ੍ਹਾਂ ਨੂੰ ਕਿਸੇ ਨੇ ਉਲਟ ਦੇ ਦਿੱਤੀਆਂ ਹਨ ਜਾਂ ਗਲਤ ਅੰਦਾਜ਼ੇ ਨਾਲ ਦੇ ਦਿਤੀਆਂ ਹਨ। ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ ਜੋ 14 ਕਰੋੜ ਰੁਪਿਆ ਐਗਰੀਕਲਚਰ ਯੂਨੀਵਰਸਿਟੀ ਤੇ ਖਰਚ ਹੁੰਦਾ ਹੈ ਉਹ ਹਾਲੇ ਵਖਰਾ ਹੈ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਤੋਂ ਜਿਹੜੀ ਸਬਸਿਡੀ ਮਿਲਦੀ ਹੈ, ਫਰਟਿਲਾਈਜ਼ਰ ਤੇ, ਉਹ ਕੋਈ 600 ਕਰੋੜ ਰੁਪਿਆ ਹਰ ਸਾਲ ਦਿੰਦੇ ਹਨ। ਪੰਜਾਬ ਟੋਟਲ ਫਰਟਿਲਾਈਜ਼ਰ ਦਾ 13% ਕੰਜ਼ਿਊਮ ਕਰਦਾ ਹੈ। ਇਸ ਲਈ ਇਸ ਤੋਂ ਵੀ ਕਿਸਾਨ ਨੂੰ ਕੋਈ 28 ਕਰੋੜ ਰੁਪਏ ਦਾ ਪ੍ਰਾਫਿਟ ਹੁੰਦਾ ਹੈ। ਇਹ 28 ਕਰੋੜ ਰੁਪਿਆ ਸਬਸਿਡੀ ਦੀ ਸ਼ਕਲ ਵਿਚ ਪੰਜਾਬ ਦੇ ਕਿਸਾਨ ਨੂੰ ਪ੍ਰਾਫਿਟ ਹੁੰਦਾ ਹੈ।

ਇਸ ਦੇ ਨਾਲ ਹੀ ਐਗਰੀਕਲਚਰ ਪ੍ਰੋਡਿਊਸ ਤੇ ਜੋ ਸਬਸਿਡੀ ਸੈਂਟਰ ਗੌਰਮਿੰਟ ਦਿੰਦੀ ਹੈ ਉਹ 400-500 ਕਰੋੜ ਰੁਪਏ ਦੀ ਹੈ। ਔਰ ਅਨਾਜ ਦੇ ਕਾਮਨ ਪੂਲ ਵਿਚ ਸਾਡਾ 50% ਹਿੱਸਾ

[ਮੁਖ ਮੰਤਰੀ]

ਜਾਂਦਾ ਹੈ। ਇਹ ਤਕਰੀਬਨ 200 ਜਾਂ 250 ਕਰੋੜ ਰੁਪਏ ਦੀ ਸਬਸਿਡੀ ਪੰਜਾਬ ਨੂੰ ਡਾਇਰੈਕਟਲੀ ਜਾਂ ਇਨ-ਡਾਇਰੈਕਟਲੀ ਮਿਲਦੀ ਹੈ । 13 ਕਰੋੜ ਰੁਪਿਆ ਕੈਨਾਲ ਵਾਟਰ ਲਈ ਸੈਂਟਰ ਦੀ ਸਰਕਾਰ ਸਟੇਟ ਨੂੰ ਦਿੰਦੀ ਹੈ ।

ਇਥੇ ਸਾਰਟੇਜ ਦਾ ਸਵਾਲ ਆਇਆ ਸੀ। ਇਨ੍ਹਾਂ ਨੂੰ ਆਪਣੇ ਸਮੇਂ ਵਿਚ ਝਾਤੀ ਮਾਰ ਲੈਣੀ ਚਾਹੀਦੀ ਸੀ ਕਿ ਸਾਡੇ ਵਕਤ ਬਿਜਲੀ ਦੀ ਕਿੰਨੀ ਕੱਟ ਲਗਦੀ ਰਹੀ ਹੈ । 18-18 ਘੰਟੇ ਬਿਜਲੀ ਹੀ ਬੰਦ ਰਹਿੰਦੀ ਸੀ ਪਰ ਜਦ ਕਿ ਇਹ ਕਹਿੰਦੇ ਹੁੰਦੇ ਸਨ ਕਿ ਇਕ ਮਿਟ ਵੀ ਬਿਜਲੀ ਨਹੀਂ ਬੰਦ ਹੋਣ ਦਿਆਂਗੇ। ਇਨ੍ਹਾਂ ਨੇ ਇਸ ਗਲ ਨੂੰ ਮਖੌਲ ਵਿਚ ਲੈ ਲਿਆ ਕਿ ਅਸੀਂ ਤਾਂ ਕਿਹਾ ਸੀ ਇਕ ਮਿੰਟ ਨਹੀਂ ਬੰਦ ਹੋਣ ਦਿਆਂਗੇ ਘੰਟਿਆਂ ਵਿਚ ਤਾਂ ਨਹੀਂ ਕਿਹਾ ਸੀ। ਪਰ ਮੈਂ ਕਹਿੰਦਾ ਹਾਂ ਕਿ ਹੁਣ ਬਿਜਲੀ ਸਿਰਫ 10-12 ਘੰਟੇ ਦੇ ਕਰੀਬ ਬੰਦ ਰਹਿੰਦੀ ਹੈ । ਇਹ ਸ਼ਾਰਟੇਜ਼ ਹੈ ਇਸ ਨੂੰ ਅਸੀਂ ਵੀ ਮੰਨਦੇ ਹਾਂ ।

ਇਕ ਗੱਲ ਮੈਂ ਹੋਰ ਕਹਿ ਦੇਣੀ ਚਾਹੁੰਦਾ ਹਾਂ ਕਿ ਇੰਡਸਟਰੀ ਅਤੇ ਐਗਰੀਕਲਚਰ ਦਾ ਆਪਸ ਵਿਚ ਕੋਈ ਕਨਫਲਿਕਟ ਨਹੀਂ ਹੈ । ਐਗਰੀਕਲਚਰ ਸੈਕਟਰ ਇਕ ਐਗਰੋ-ਬੇਸਡ ਇੰਡਸਟਰੀ ਹੈ । ਇਸ ਵਿਚ ਤਰੱਕੀ ਕਰਨ ਲਈ ਅਸੀਂ ਕੋਸ਼ਿਸ਼ ਹੀ ਨਹੀਂ ਕੀਤੀ ਹੈ ਬਲਕਿ ਵੱਧ ਤੋਂ ਵੱਧ ਵਿਕਾਸ ਕਰਨ ਦੇ ਯਤਨ ਕਰ ਰਹੇ ਹਾਂ। ਇਸੇ ਤਰ੍ਹਾਂ ਟਰੈਕਟਰਾਂ, ਖਾਦ, ਥ੍ਰੈਸ਼ਰ ਆਦਿ ਇਨ੍ਹ ਸਾਰਿਆਂ ਦੇ ਪ੍ਰਾਈਸਿਜ਼ ਨੂੰ ਘਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਇਥੇ ਬਹੁਤ ਕੁਝ ਕਹਿੰਦੇ ਹਨ। ਕਦੇ ਇਹ ਕਿਸੇ ਅਕਾਨੋਮਿਸਟ ਦੀ ਗੱਲ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਅਗਰ 10 ਅਕਾਨੋ-ਮਿਸਟ ਇਕੱਠੇ ਹੋ ਜਾਣ ਔਰ ਉਨ੍ਹਾਂ ਦੀ ਰਾਇ ਲਵੋ ਤਾਂ 10 ਦੀ ਥਾਂ 11 ਰਾਵਾਂ ਮਿਲਣਗੀਆਂ ਔਰ ਇਹ ਰਾਵਾਂ ਇਕ ਦੂਜੇ ਨਾਲੋਂ ਅਲੱਗ ਅਲਗ ਹੋਣਗੀਆਂ । ਇਸੇ ਤਰ੍ਹਾਂ ਇਕ ਅਕਾਨੋਮਿਸਟ ਨੇ ਕਿਹਾ ਹੈ ਕਿ :—

"In his agriculture in Indian Journal of Agicultural Economics, 1974, Shri Ashok Mitra in his book titled "Terms of Trade and Class Relations" and Mr. Keith Griffen an economist in his work published in 1974 have all concluded that farm prices in India were pushed upward disproportionately."

ਮੈਂ ਇਸ ਨੂੰ ਸਬਸਕਰਾਈਬ ਨਹੀਂ ਕਰਦਾ (ਵਿਘਨ) ਇਥੇ ਆਰ.ਬੀ.ਆਈ. ਦਾ ਜ਼ਿਕਰ ਕੀਤਾ ਗਿਆ ਸੀ, ਇਹ ਵੀ ਸੁਣ ਲਵੋ। ਇਨ੍ਹਾਂ ਨੇ ਕਿਹਾ ਹੈ ਕਿ ਡਿਸਪੈਰਿਟੀ ਇਨ ਐਗਰੀਕਲਚਰ ਅਤੇ ਇੰਡਸਟਰੀ ਬਾਰੇ ਕਿਹਾ ਗਿਆ ਸੀ । ਇਸ ਬਾਰੇ ਰਿਪੋਰਟ ਸੀਰੀਜ਼ ਆਫ ਲੈਕਚਰਜ਼ ਵਿਚ ਦਿੱਤੀ ਹੋਈ ਹੈ ਉਹ ਵੀ ਪੜ੍ਹ ਦਿੰਦਾ ਹਾਂ ....

(ਸਰਦਾਰ ਸੁਖਜਿੰਦਰ ਸਿੰਘ ਵਲੋਂ ਵਿਘਨ)

ਸ੍ਰੀ ਸਪੀਕਰ : ਮੈਂ ਇਸ ਦੀ ਇਜਾਜ਼ਤ ਨਹੀਂ ਦਿੰਦਾ

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਰਵੱਈਆ ਤੁਹਾਡਾ ਠੀਕ ਨਹੀਂ ਹੈ

ਸ੍ਰੀ ਸਪੀਕਰ: ਤੁਸੀਂ ਮੇਰੇ ਰਵੱਈਏ ਨੂੰ ਮੰਨੋ ਜਾਂ ਨਾ ਮੰਨੋ। ਮੈਂ ਤੁਹਾਨੂੰ ਬੋਲਣ ਦੀ ਇਜਾਜ਼ਤ ਨਹੀਂ ਦੇ ਸਕਦਾ। ਜਦੋਂ ਲੀਡਰ ਆਫ ਦੀ ਹਾਊਸ ਬੋਲ ਰਿਹਾ ਹੋਵੇ ਉਸ ਵੱਕਤ ਕੋਈ ਇਨਟਰੱਪਸ਼ਨ ਨਹੀਂ ਹੋਣੀ ਚਾਹੀਦੀ।

ਮੁੱਖ ਮੰਤਰੀ: The conclusion he drew were that agriculture sector should be taxed and that unchecked policy of support price has the danger of fanning inflation in the Country.

ਸਪੀਕਰ ਸਾਹਿਬ, ਅਸੀਂ ਲੋਨ ਨੂੰ ਡਾਈਵਰਸੀਫਾਈ ਕਰਕੇ ਔਰ ਇਸ ਨੂੰ ਸਬਸਿਡਾਈਜ਼ਡ ਰੇਟ ਤੇ ਦਿਤਾ ਹੈ। ਇਹ ਹਾਰਟੀਕਲਚਰ ਵਿਚ ਕੀਤਾ ਹੈ ਤਾਂਕਿ ਪੈਦਾਵਾਰ ਜ਼ਿਆਦਾ ਹੋਵੇ ਔਰ ਵੈਜੀਟੇਬਲ ਲਈ ਬੜੀ ਵਡੀ ਮੰਡੀ ਲਭੀ ਹੈ। ਸਿਰਫ ਲੋਕਾਂ ਨਾਲ ਹਮਦਰਦੀ ਜ਼ਾਹਿਰ ਕਰਨ ਦੇ ਨਾਲ ਗੱਲ ਨਹੀਂ ਬਣ ਜਾਂਦੀ। Two thousand tonnes of food grains have already been exported.

ਅਸੀਂ ਸਬਜ਼ੀਆਂ ਨੂੰ ਬਾਹਰ ਭੇਜਿਆ ਹੈ। ਇਸੇ ਤਰ੍ਹਾਂ ਫਰਵਰੀ, 1979 ਵਿਚ ਇਨ੍ਹਾਂ ਨੇ ੬ਹਜ਼ਾਰ 330 ਟਨ ਚਾਵਲ ਐਕਸਪੋਰਟ ਕੀਤੇ ਸਨ ਪਰ 1980 ਵਿਚ ਅਸੀਂ 93 ਹਜ਼ਾਰ 170 ਟਨ ਚਾਵਲ ਐਕਸਪੋਰਟ ਕੀਤਾ ਹੈ। ਇਹ ਸਿਰਫ ਪਿਛਲੇ ਥੋੜ੍ਹੇ ਮਹੀਨਿਆਂ ਵਿਚ ਹੀ ਭੇਜਿਆ ਹੈ।

ਹੁਣ ਮੈਂ ਇਰੀਗੇਸ਼ਨ ਨੂੰ ਟੱਚ ਕਰਦਾ ਹਾਂ। ਇਨ੍ਹਾਂ ਦੇ ਕਾਗਜ਼ ਹੀ ਦੱਸਦੇ ਹਨ ਕਿ ਇਹ ਐਨਰਜੀ ਮਨਿਸਟਰ ਸ੍ਰੀ ਪੀ. ਰਾਮ ਚੰਦਰਨ ਨੂੰ ਐਮ. ਪੀਜ਼. ਅਤੇ ਕੁਝ ਐਮ. ਐਲ. ਏਜ਼. ਮਿਲੇ ਸਨ ਉਨ੍ਹਾਂ ਨੇ ਜੋ ਕੁਝ ਇਨ੍ਹਾਂ ਨੂੰ ਕਿਹਾ ਸੀ ਉਹ ਵੀ ਦਸ ਦਿੰਦਾ ਹਾਂ। The Energy Minister, Mr. P. Ramachandran had disclosed to the Punjab M.Ps that the Punjab Government had been making statements for a long time to get this project but they had not sent any formal proposal yet to the Centre for this purpose. "There is nothing with us except a letter from the Punjab Chief Minister, Mr. Parkash Singh Badal to sanction this project." The Minister said and added. "There is no feasibility report from the Punjab Government yet and you expect the Centre to sanction this project on Mr. Badal's letter". ਸਪੀਕਰ ਸਾਹਿਬ, ਇਹ ਅਕਾਲੀ ਭਰਾ ਉਥੋਂ ਲੈਣ ਗਏ ਸਨ ਪਰ ਇਹ ਉਥੇ ਆਪਣਾ ਸਾਰਾ ਕੁਝ ਛੱਡ ਆਏ ਸਨ। (ਵਿਘਨ) (ਸ਼ੋਰ)

(ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਵਿਘਨ)

ਇਨ੍ਹਾਂ ਦੇ ਇਕ ਖਾਸ ਮਿੱਤਰ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਹਨ ਜੋ ਇਨ੍ਹਾਂ ਨੂੰ ਵਕਤਨ ਬਵਕਤਨ ਪੁਲੀਟੀਕਲ ਰਾਇ ਵੀ ਦਿੰਦੇ ਹਨ, ਉਨ੍ਹਾਂ ਨੇ ਇਨ੍ਹਾਂ ਨੂੰ ਇਕ ਚਿੱਠੀ ਲਿਖੀ (ਵਿਘਨ) (ਸ਼ੋਰ)

(ਮਾਸਟਰ ਚੰਦ ਸਿੰਘ ਵਲੋਂ ਵਿਘਨ)

I am not saying that it should be expunged. It is on the record

[ਮੁੱਖ ਮੰਤਰੀ]

I am going to place it on the Table of the House. ਸਪੀਕਰ ਸਾਹਿਬ, ਇਕ ਸੱਜਣ ਹਨ ਇਨ੍ਹਾ ਦੇ ਦੋਸਤ ਜਿਨ੍ਹਾਂ ਨੇ ਚਿੱਠੀ ਲਿਖੀ ਹੈ ਉਸ ਸੱਜਣ ਨੇ ਚਿੱਠੀ ਵਿਚ ਬਿਆਨ ਦਿਤਾ ਹੈ ਕਿ —

I have to face the same difficulty when deputations of all the Members of Parliament from Punjab met the Power Minister, Shri P. Ramachandran, about the sanction of the Thermal Power Plant at Ropar. We were told by him that no feasibility report has been received from the Punjab Government either about the Ropar Thermal Plant or about the extension of Bhatinda Thermal Plant. Only he has received one letter sent from you. No final decision can be taken without proper report although he agreed to sanction 250 MW capacity Thermal Plant at Ropar. ਸਪੀਕਰ ਸਾਹਿਬ, ਉਹ ਇਨ੍ਹਾ ਤੇ ਰਹਿਮ ਕਰਕੇ ਸ਼ਾਇਦ ਚਿੱਠੀ ਨਾ ਲਿਖ ਸਕਣ। ਉਸ ਬਾਹ ਕਹਿ ਦਿਤਾ। ਉਨ੍ਹਾਂ ਦੇ ਨਾਂ ਤੇ ਇਹ ਤਬਕਦੇ ਹਨ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਹਾਂ, ਕਿ ਅਸੀਂ ਬਿਜਲੀ ਦੀ ਜ਼ਿਆਦਾ ਪੈਦਾਵਾਰ ਕਰਨ ਵਾਸਤੇ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰ ਰਹੇ ਹਾ । (ਥੰਪਿੰਗ) ਉਸ ਕੋਸ਼ਿਸ਼ ਵਿਚ ਹੀ ਅਸੀਂ ਇਹ ਕੁਝ ਕੀਤਾ ਹੈ । ਸਪੀਕਰ ਸਾਹਿਬ, ਮੁਕੇਰੀਆਂ ਹਾਈਡਲ ਪ੍ਰਾਜੈਕਟ ਨੂੰ ਅਸੀਂ ਤਿੱਖਾ ਕੀਤਾ ਹੈ । ਇਨ੍ਹਾਂ ਨੇ ਜੋ ਟੀਚੇ ਕੁਝ ਸਾਲਾਂ ਲਈ ਮੁਕੱਰਰ ਕੀਤੇ ਸਨ, ਅਸੀਂ ਉਨ੍ਹਾਂ ਤੋਂ ਇਕ ਸਾਲ ਪਹਿਲਾਂ ਉਹ ਪੂਰੇ ਕੀਤੇ (ਥੰਪਿੰਗ) ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਲੈਂਡ ਰੈਵੇਨਿਊ ਦਾ ਵਾਧਾ ਨਹੀਂ ਕੀਤਾ ਗਿਆ ਪਰ ਉਸ ਦਾ ਸਾਰਾ ਕੰਮ ਮੁੱਕ ਚੁੱਕਾ ਹੈ । (ਥੰਪਿੰਗ) ਅਨੰਦਪੁਰ ਸਾਹਿਬ ਪ੍ਰਾਜੈਕਟ ਨੂੰ, ਸਪੀਕਰ ਸਾਹਿਬ, ਕੰਪਲੀਟ ਕਰਨ ਵਾਸਤੇ ਇਹ ਫੈਸਲ ਕੀਤਾ ਗਿਆ ਹੈ ਕਿ ਜੁਲਾਈ, 1982 ਵਿਚ ਪਹਿਲਾਂ ਯੂਨਿਟ ਤਿਆਰ ਹੋ ਜਾਵੇਗਾ। (ਥੰਪਿੰਗ) ਦੂਜਾ ਯੂਨਿਟ ਵੀ ਨਵੰਬਰ, 1982 ਵਿਚ ਚਾਲੂ ਕਰਾਂਗੇ। ਸਪੀਕਰ ਸਾਹਿਬ, ਰੋਪੜ ਥਰਮਲ ਪਲਾਂਟ ਦੇ ਪਹਿਲੇ ਯੂਨਿਟ ਤੋਂ 210 ਮੈਗਾਵਾਟ ਬਿਜਲੀ ਮਿਲੇਗੀ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਯਾਦ ਹੋਵੇਗਾ ਕਿ ਇਨ੍ਹਾਂ ਨੇ ਦੋ ਯੂਨਿਟਸ ਸਰੰਡਰ ਕੀਤੇ। (ਵਿਘਨ)

ਸਰਦਾਰ ਪ੍ਰਕਾਸ਼ ਸਿਘ ਬਾਦਲ : ਸਪੀਕਰ ਸਾਹਿਬ, ਪੁਅ ਇੰਟ ਆਫ ਆਰਡਰ ਸਰ। ਮੈਂ ਇੰਟਰਫੀਰੈਂਸ ਨਹੀਂ ਕਰਨਾ ਚਾਹੁੰਦਾ ਸੀ ਪਰ ਜਦੋਂ ਮੁੱਖ ਮੰਤਰੀ ਜੀ ਫੈਕਟਸ ਦੇ ਉਲਟ ਜਾ ਰਹੇ ਹੋਣ ਤਾਂ ਮਜ਼ਬੂਰਨ ਇੰਟਰਫੀਰੈਂਸ ਕਰਨੀ ਪੈ ਰਹੀ ਹੈ । (ਵਿਘਨ) ਰੋਪੜ ਥਰਮਲ ਪਲਾਂਟ ਦੀ ਮਨਜ਼ੂਰੀ ਸਾਡੀ ਸਰਕਾਰ ਵੇਲੇ ਹੋਈ ਸੀ। (ਥੰਪਿੰਗ) ਮੁੱਖ ਮੰਤਰੀ ਜੀ ਦੀ ਸਪੀਚ ਵਿਚ ਆਮ ਜਨਤਾ ਸਮਝਦੀ ਹੈ ਕਿ ਉਹ ਸੱਚ ਬੋਲਦੇ ਹਨ ਪਰ ਇਹ ਸਚਾਈ ਨੂੰ ਤਰੋੜ ਮਰੋੜ ਕੇ, ਸਪੀਕਰਹ ਸਾਹਿਬ ਗੱਲ ਕਰ ਰਹੇ ਹਨ (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੱਚ ਹੈ ਕਿ ਇਨ੍ਹਾਂ ਨੇ ਦੋ ਯੂਨਿਟ ਸਰੰਡਰ ਕੀਤੇ ਇਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੇ ਪ੍ਰਾਜੈਕਟ ਵਿਚ ਕੋਈ ਹਿੱਸਾ ਨਹੀਂ ਪਾਇਆ ਪਰ ਅਸੀਂ ਚਾਹੁਦੇ ਹਾਂ ਕਿ ਸਾਡਾ ਵੀ ਉਸ ਵਿਚ ਹਿੱਸਾ ਪਏ । ਅਸੀਂ ਮੁੱਖ ਮੰਤਰੀ, ਹਿਮਾਚਲ ਪ੍ਰਦੇਸ਼ ਨੂੰ ਲਿਖਿਆ ਹੈ ਕਿ ਮੀਟਿੰਗ ਕਰਕੇ ਸਾਡੇ ਨਾਲ ਗੱਲ ਕਰੋ। ਉਥੇ, 2,000 ਮੈਗਾਵਾਟ ਬਿਜਲੀ ਪੈਦਾ ਹੋਣੀ ਹੈ । ਸਾਡੀ, ਸਪੀਕਰ

ਸਾਹਿਬ, ਕੋਸ਼ਿਸ਼ ਹੈ ਕਿ ਅਸੀਂ ਵੀ ਆਪਣਾ ਹਿੱਸਾ ਲਈਏ ਔਰ ਕੋਸ਼ਿਸ਼ ਕਰਾਂਗੇ ਕਿ ਗਲ ਸਿਰੇ ਚੜ੍ਹ ਜਾਵੇ। (ਥੰਪਿੰਗ) ਸਪੀਕਰ ਸਾਹਿਬ, ਇਥੇ ਨੈਸ਼ਨਲ ਗਰਿਡ ਦਾ ਜ਼ਿਕਰ ਕੀਤਾ ਗਿਆ ਹੈ। ਪੰਜਾਬ ਦਾ ਸੂਬਾ ਜਾਂ ਹੋਰ ਕੋਈ ਵੀ ਸੂਬਾ ਇਹ ਨਹੀਂ ਚਾਹੁੰਦਾ ਕਿ ਸਾਡੀ ਜ਼ਰੂਰਤ ਪੂਰੀ ਨਾ ਹੋਵੇ। ਅਸੀਂ, ਸਪੀਕਰ ਸਾਹਿਬ, ਚਾਹੁੰਦੇ ਹਾਂ ਕਿ ਸਾਡੀ ਜ਼ਰੂਰਤ ਨੂੰ ਪੂਰਾ ਕੀਤਾ ਜਾਵੇ ਚਾਹੇ ਕੋਈ ਵੀ ਸਿਸਟਮ ਇਵੌਲਵ ਹੋ ਜਾਵੇ। ਇਸ ਦੇ ਨਾਲ ਦੂਜੇ ਸੂਬੇ ਪਾਰਵਤੀ, ਚਮੇਰਾ, ਲਾਲਜੀ ਪ੍ਰਾਜੈਕਟਾਂ ਤੋਂ 400 ਤੋਂ 1900 ਮੈਗਾਵਾਟ ਬਿਜਲੀ ਲੈਂਦੇ ਹਨ। (ਵਿਘਨ) ਸਪੀਕਰ ਸਾਹਿਬ, ਕਾਂਗੜੇ ਵਿਚ ਵੀ ਪਾਣੀ ਹੈ ਅਤੇ ਅਸੀਂ ਆਪਣਾ ਹਿੱਸਾ ਲੈਣ ਲਈ ਕੋਸ਼ਿਸ਼ ਕਰਾਂਗੇ। ਸਪੀਕਰ ਸਾਹਿਬ, ਇਥੇ ਕਿਸੇ ਆਪੋਜ਼ੀਸ਼ਨ ਦੇ ਮੈਂਬਰ ਵੀਰ ਨੇ ਕਿਹਾ ਸੀ ਕਿ ਪੰਜਾਬੀ ਸੂਬਾ ਮੇਰੀ ਲਾਸ਼ ਤੇ ਬਣੇਗਾ। (ਵਿਘਨ) ਅੱਜ ਕਿਉਂ ਕਹਿੰਦੇ ਹੋ ਕਿ ਪੰਜਾਬ ਨੂੰ ਚੰਡੀਗੜ੍ਹ ਮਿਲ ਜਾਵੇ। ਜਿਹੜੇ ਪੰਜਾਬੀ ਸਪੀਕਿੰਗ ਏਰੀਆਜ਼ ਹਨ, ਕਾਂਗੜੇ ਦੀ ਜਿਹੜੀ ਧਰਤੀ ਹੈ, ਉਹ ਵੀ ਪੰਜਾਬ ਦੀ ਧਰਤੀ ਹੈ। ਪਰ ਤੁਸੀਂ ਉਸ ਵੇਲੇ ਕਹਿੰਦੇ ਸੀ ਕਿ ਸਾਨੂੰ ਚਾਹੇ ਚਿੜੀ ਜਿੰਨੀ ਹੀ ਥਾਂ ਮਿਲ ਜਾਵੇ। (ਵਿਘਨ) ਹੁਣ ਤੁਸੀਂ ਬੋਲਦੇ ਕਿਉਂ ਹੋ ? ਜਦੋਂ ਤੁਸੀਂ ਬੋਲਦੇ ਸੀ ਤਾਂ ਮੈਂ ਬਿਲਕੁਲ ਵੀ ਨਹੀਂ ਬੋਲਿਆ। ਹੁਣ ਜਿਗਰਾ ਰੱਖੋ ਸੁਣਨ ਦਾ। ਸਪੀਕਰ ਸਾਹਿਬ, ਮੈਂ ਪਾਸਿੰਗ ਰਿਮਾਰਕਸ ਹੀ ਕੀਤੇ ਹਨ। ਸਾਨੂੰ ਇਸ ਗੱਲ ਦਾ ਫਿਕਰ ਹੈ ਕਿ ਥੀਨ ਡੈਮ ਜਲਦੀ ਬਣੇ। ਪਿਛੇ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਕਹਿੰਦੇ ਸਨ ਕਿ ਸਾਨੂੰ ਸੈਂਕਸ਼ਨ ਮਿਲ ਗਈ ਹੈ ਪਰ ਅਸੀਂ, ਸਪੀਕਰ ਸਾਹਿਬ, ਥੀਨ ਡੈਮ ਲਈ 22 ਕਰੋੜ ਰੁਪਿਆ ਦਿਤਾ ਹੈ। ਅਤੇ ਸਾਡੀ ਕੋਸ਼ਿਸ਼ ਹੈ ਕਿ ਹੋਰ ਰੁਪਿਆ ਗੌਰਮਿੰਟ ਆਫ ਇੰਡੀਆ ਦੇਵੇ ਜਾਂ ਵਰਲਡ ਬੈਂਕ ਤੋਂ ਜਾ ਕਿਸੇ ਹੋਰ ਸੋਰਸਿਜ਼ ਤੋਂ ਲਈਏ। ਇਸ ਵਲ ਖਾਸ ਧਿਆਨ ਦਿਤਾ ਜਾਵੇਗਾ। (ਥੰਪਿੰਗ) ਇਨ੍ਹਾਂ ਸਾਰੇ ਪ੍ਰਾਜੈਕਟਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇਗਾ। (ਵਿਘਨ) ਸਪੀਕਰ ਸਾਹਿਬ, ਥੀਨ ਡੈਮ ਜਦੋਂ ਮੁਕੰਮਲ ਹੋ ਜਾਵੇਗਾ ਤਾਂ ਬਿਜਲੀ ਦੀ ਘਾਟ ਕਾਫੀ ਹੱਦ ਤੱਕ ਪੂਰੀ ਹੋ ਜਾਵੇਗੀ। ਸਪੀਕਰ ਸਾਹਿਬ, ਜਿਵੇਂ ਜਿਵੇਂ ਮਾਡਰੇਨਾਈਜੇਸ਼ਨ ਹੁੰਦੀ ਹੈ, ਉਸੇ ਤਰ੍ਹਾਂ ਹੀ ਮੁਲਕ ਅਗੇ ਨੂੰ ਵਧਦਾ ਹੈ। ਇੰਡਸਟਰੀਜ਼ ਅਤੇ ਐਗਰੀਕਲਚਰ ਵਲ ਧਿਆਨ ਦੇਣ ਦੀ ਲੋੜ ਹੈ। ਜਿਹੜੇ ਇੰਜਣ ਪਹਿਲਾਂ ਤੇਲ ਨਾਲ ਚਲਦੇ ਸਨ, ਉਹ ਹੁਣ ਬਿਜਲੀ ਨਾਲ ਚਲਣ ਲਗ ਪਏ ਹਨ। ਬਿਜਲੀ ਦਾ ਲਗਾਤਾਰ ਵਾਧਾ ਹੁੰਦਾ ਜਾਂਦਾ ਹੈ। ਸਪੀਕਰ ਸਾਹਿਬ, ਜਿਹੜੇ ਪਹਿਲਾਂ ਬੈਲਾਂ ਨਾਲ ਕਾਸ਼ਤ ਕਰਦੇ ਸਨ, ਉਹ ਹੁਣ ਟਿਊਬਵੈਲ ਅਤੇ ਟਰੈਕਟਰ ਵਰਤਦੇ ਹਨ। ਇਸ ਲਈ, ਸਪੀਕਰ ਸਾਹਿਬ, ਬਿਜਲੀ ਦੀ ਸਾਰਟੇਜ਼ ਹਮੇਸ਼ਾ ਰਹੇਗੀ ਕਿਉਂਕਿ ਸਾਡਾ ਸਿਸਟਮ ਹੈ ਕਿ ਅਸੀਂ ਪਿਛਾਂਹ ਨੂੰ ਨਹੀਂ ਮੁੜਨਾ ਸਗੋਂ ਅਗੇ ਜਾਣਾ ਹੈ। ਸਪੀਕਰ ਸਾਹਿਬ, ਕਈ ਆਪੋਜ਼ੀਸ਼ਨ ਦੇ ਭਰਾ ਕਹਿੰਦੇ ਹਨ ਕਿ ਇੰਡਸਟਰੀਜ਼ ਵਿਚ ਤਰੱਕੀ ਨਹੀਂ ਹੋਈ। ਪਰ ਮੈਂ ਕਹਿੰਦਾ ਹਾਂ ਕਿ ਇੰਡਸਟਰੀਜ਼ ਦੀ ਤਰੱਕੀ ਲਾਜ਼ਮੀ ਹੈ ਅਤੇ ਤਰੱਕੀ ਹੋਈ ਹੈ। ਜੇ ਸਪੀਕਰ ਸਾਹਿਬ, ਸਾਡੀ ਇੰਡਸਟਰੀਜ਼ ਬੈਕਵਰਡ ਰਹਿੰਦੀ ਹੈ ਤਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਇਹ ਸਾਡਾ ਮੁਕਾਬਲਾ ਡਿਵੈਲਪਡ ਕੰਟਰੀਜ਼ ਦੇ ਨਾਲ ਕਰਨਾ ਚਾਹੁਦੇ ਹਨ। ਜਿਹੜੇ ਡਿਵੈਲਪਡ ਕੰਟਰੀਜ਼ ਹਨ ਉਨ੍ਹਾਂ ਕੋਲ ਰਿਸੋਰਸਿਜ਼ ਹਨ, ਉਨ੍ਹਾਂ ਦੀ ਜਿਊਗਰਾਫੀਕਲੀ ਕੰਡੀਸ਼ਨ ਕੁਝ ਹੋਰ ਹੈ, ਅਸੀਂ ਉਨ੍ਹਾਂ ਕੰਟਰੀਜ਼ ਨਾਲ ਮੁਕਾਬਲਾ ਨਹੀਂ ਕਰ ਸਕਦੇ। ਸਾਡਾ ਮੁਕਾਬਲਾ ਤਾਂ ਡਿਵੈਲਪਿੰਗ ਕੰਟਰੀਜ਼ ਨਾਲ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਹੁਣ ਮੈਂ ਇੰਡਸਟਰੀਜ਼ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਪੀ.ਐਸ.ਆਈ.ਡੀ.ਸੀ. ਨੇ 11 ਮੀਡੀਅਮ ਐਂਡ ਲਾਰਜ ਸਕੇਲ ਪ੍ਰਾਜੈਕਟਸ 130 ਕਰੋੜ ਰੁਪਏ ਦੇ ਲਗਾਉਣੇ ਹਨ ਇਨ੍ਹਾਂ ਵਿਚ ਸੋਡਾ ਐਸ਼, ਅਮੋਨੀਆ ਕਲੋਰਾਈਡ ਔਰ ਕਾਸਟਿਕ ਸੋਡਾ ਦੇ ਪ੍ਰਾਜੈਕਟਸ ਵੀ ਹੋਣਗੇ। ਗੈਸ ਬੇਸਡ ਫਰਟੇਲਾਈਜ਼ਰ ਪਲਾਂਟ ਲਗਾਉਣ ਲਈ ਵੀ ਅਸੀਂ ਤੇਜ਼ੀ ਨਾਲ ਪਿਛੇ ਪਏ ਹੋਏ

[ਮੁੱਖ ਮੰਤਰੀ]

ਹਾਂ ਤਾਕਿ ਇਸ ਦੀ ਵੀ ਇਜਾਜ਼ਤ ਮਿਲ ਜਾਏ। ਇੰਟੈਗਰਲ ਕੋਚਿੰਜ਼ ਫਾਰ ਰੇਲਵੇ ਦਾ ਪ੍ਰਾਜੈਕਟ ਲਗਾਉਣ ਲਈ ਵੀ ਇਜਾਜ਼ਤ ਮੰਗ ਰਹੇ ਹਾਂ। ਸਪੈਸ਼ਲ ਐਫਰਟ ਕਰ ਰਹੇ ਹਾਂ ਕਿ ਸਪਿੰਨਿੰਗ ਮਿੱਲਜ਼ ਵੀ ਇਥੇ ਲਗਾਈਆਂ ਜਾਣ। ਇਹ ਐਕਸ ਚੀਫ ਮਨਿਸਟਰ ਜਿਸ ਏਰੀਆ ਤੋਂ ਤਸ਼ਰੀਫ ਲਿਆਏ ਹਨ ਇਨ੍ਹਾਂ ਦੇ ਏਰੀਆ ਵਿਚ ਕਾਟਨ ਕਾਫੀ ਹੁੰਦੀ ਹੈ ਉਨ੍ਹਾਂ ਲੋਕਾਂ ਦੀ ਬੇਹਤਰੀ ਵਾਸਤੇ ਅਸੀਂ ਸਪਿੰਨਿੰਗ ਮਿੱਲਜ਼ ਲਗਾਉਣਾ ਚਾਹੁੰਦੇ ਹਾਂ। ਇਨ੍ਹਾਂ ਸਪਿੰਨਿੰਗ ਮਿੱਲਾਂ ਨਾਲ ਜੋ ਉਸ ਏਰੀਆ ਵਿਚ ਕਾਟਨ ਦੀ, ਬਹੁਤਾਤ ਹੈ ਉਹ ਕਾਟਨ ਉਥੇ ਹੀ ਕਨਜ਼ਿਊਮ ਹੋ ਸਕੇਗੀ ਔਰ ਲੋਕਾਂ ਦੀ ਹਾਲਤ ਬਿਹਤਰ ਹੋ ਸਕੇਗੀ। ਇਕ ਸਪਿੰਨਿੰਗ ਮਿੱਲ ਵਿਚ 20,000 ਸਪਿੰਡਲਜ਼ ਹੋਣਗੇ। 6 ਨਵੀਆਂ ਸ਼ੂਗਰ ਮਿੱਲਾਂ 10 ਮਿਨੀ ਪੇਪਰ ਪਲਾਂਟ ਦੋ ਤਿੰਨ ਸਾਲਾਂ ਵਿਚ ਕਮਿਸ਼ਨ ਕਰ ਦਿਆਂਗੇ। (ਥੰਪਿੰਗ) ਐਗਰੋ-ਬੇਸਡ ਇੰਡਸਟਰੀਜ਼ ਵਾਲੇ ਪਾਸੇ ਵੀ ਅਸੀਂ ਧਿਆਨ ਦੇ ਰਹੇ ਹਾਂ। ਇਕ ਬਾਈਸਿਕਲ ਰਿਸਰਚ ਸੈਂਟਰ ਲੁਧਿਆਣਾ ਵਿਚ ਯੂ.ਐਨ.ਡੀ.ਪੀ. ਦੀ ਅਸਿਸਟੈਂਸ ਨਾਲ ਸੈਟ ਅੱਪ ਕਰ ਰਹੇ ਹਾਂ। ਇਕ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ ਫ਼ਾਰ ਸੀਵਿੰਗ ਮਸ਼ੀਨਜ਼ ਸੈਟ ਅੱਪ ਕਰ ਰਹੇ ਹਾਂ। ਗੋਇੰਦਵਾਲ ਸਾਹਿਬ, ਜੋ ਕਿ ਇਕ ਮੁਤਬੱਰੱਕ ਮੁਕਾਮ ਹੈ, ਉਥੇ ਜਾ ਕੇ ਮੈਂ ਦੇਖਿਆ ਕਿ ਇਕ ਫੱਟਾ ਉਥੇ ਲਗਿਆ ਹੋਇਆ ਹੈ ਉਹ ਵੀ ਸ਼ਾਇਦ ਇਕ ਦੋਸਤ ਨੇ ਲਗਾਇਆ ਸੀ ਉਸ ਤੇ ਲਿਖਿਆ ਹੋਇਆ ਹੈ : "ਸਿੱਖੀ ਦਾ ਧੁਰਾ ਗੋਇੰਦਵਾਲ ਸਾਹਿਬ"। ਇਹ ਥਾਂ ਮੌਰਲੀ ਔਰ ਰੂਹਾਨੀ ਤੌਰ ਤੇ ਵੀ ਬੜੀ ਮਹੱਤਤਾ ਰਖਦਾ ਹੈ ਜਦੋਂ ਮੈਂ ਨੇੜੇ ਜਾ ਕੇ ਪੜ੍ਹਿਆ ਤਾਂ ਛੋਟਾ ਜਿਹਾ ਇਕ ਸਰਦਾਰ ਦਾ ਨਾਂ ਲਿਖਿਆ ਹੋਇਆ ਸੀ ਜੋ ਕਿ ਉਸਦਾ ਬਹੁਤ ਜ਼ਿਆਦਾ ਉਪਾਸ਼ਿਕ ਹੈ, ਉਸ ਦਾ ਨਾਂ ਉਥੇ ਲਿਖਿਆ ਹੋਇਆ ਹੈ। ਸਪੀਕਰ ਸਾਹਿਬ, ਉਸ ਥਾਂ ਤੇ ਅਸੀਂ ਨਿਊਕਲੀਅਸ ਇੰਡਸਟਰੀਅਲ ਕੰਪਲੈਕਸ ਲਗਾ ਰਹੇ ਹਾਂ। ਲੁਧਿਆਣਾ ਤੋਂ ਉਸ ਜਗ੍ਹਾ ਤਕ ਅਸੀਂ ਸੜਕ ਚੌੜੀ ਕਰ ਰਹੇ ਹਾਂ। ਕਾਫੀ ਸਾਰੀ ਜ਼ਮੀਨ ਅਸੀਂ ਲੈ ਲਈ ਹੈ। ਹੋਰ ਜ਼ਮੀਨ ਐਕੁਆਇ ਕਰਨੀ ਹੈ ਕਿਉਂਕਿ ਬਹੁਤ ਸਾਰੇ ਕਾਰਖਾਨੇਦਾਰਾਂ ਨੇ ਕਿਹਾ ਹੈ ਕਿ ਅਸੀਂ ਯੂਨਿਟਸ ਉਥੇ ਲਗਾਉਣੇ ਹਨ। ਇਸ ਤਰ੍ਹਾਂ ਦਾ ਗੋਇੰਦਵਾਲ ਸਾਹਿਬ ਵਰਗਾ, ਇਕ ਹੋਰ ਯੂਨਿਟ ਲਗਾਉਣ ਦੀ ਵੀ ਸਾਡੀ ਤਜਵੀਜ਼ ਹੈ।

ਜਿਥੋਂ ਤੱਕ ਇਨਸੈਂਟਿਵ ਦੇਣ ਦਾ ਸਬੰਧ ਹੈ ਇਸ ਲਈ ਅਸੀਂ ਇਕ ਵਿੰਡੋ ਸਰਵਿਸ ਕਰਨ ਦਾ ਵਿਚਾਰ ਰਖਦੇ ਹਾਂ। ਲੋਕਾਂ ਨੂੰ ਦੂਜੇ ਤੀਜੇ ਡਿਪਾਰਟਮੈਂਟ ਵਿਚ ਘੁੰਮਣ ਦੀ ਬਜਾਏ ਇਸ ਵਿੰਡੋ ਸਰਵਿਸ ਵਿਚ ਹਰ ਚੀਜ਼ ਮਿਲੇਗੀ। ਪਿਛਲੀ ਸਰਕਾਰ ਨੇ ਕਿਹਾ ਸੀ ਕਿ ਇਨਸੈਂਟਿਵ ਦਿਆਂਗੇ ਪਰ ਉਨ੍ਹਾਂ ਨੇ ਕੀਤਾ ਕੁਝ ਨਹੀਂ ਹੈ। ਪਰ ਅਸੀਂ ਇਹ ਵਿੰਡੋ ਸਰਵਿਸ ਦੇਣ ਦਾ ਜਲਦੀ ਉਪਰਾਲਾ ਕਰਾਂਗੇ, ਤਾਕਿ ਲੋਕ ਉਸ ਤੋਂ ਫਾਇਦਾ ਉਠਾ ਸਕਣ।

ਹੈਲਥ ਦੇ ਬਾਰੇ ਇਥੇ ਬਹੁਤ ਜ਼ਿਕਰ ਕੀਤਾ ਗਿਆ। ਆਪੋਜ਼ੀਸ਼ਨ ਵਾਲਿਆਂ ਨੇ ਬਹੁਤ ਕੁਝ ਕਿਹਾ ਕਿ ਇਸ ਸਰਕਾਰ ਨੇ ਕੁਝ ਨਹੀਂ ਕੀਤਾ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ 200 ਸਬਸਿਡੀਅਰੀ ਹੈਲਥ ਸੈਂਟਰਜ਼ ਰੂਰਲ ਏਰੀਆ ਵਿਚ ਖੋਲ੍ਹਣੇ ਹਨ। 10 ਡੈਂਟਲ ਕਲੀਨਿਕਸ ਬਲਾਕ ਲੈਵਲ ਤੇ ਹੋਣਗੇ। ਅਰਬਨ ਸਲੱਮ ਏਰੀਆਜ਼ ਵਿਚ ਜੋ ਨਵੀਆਂ ਡਿਸਪੈਂਸਰੀਜ਼ ਖੋਲ੍ਹਣੀਆਂ ਹਨ ਉਨ੍ਹਾਂ ਦਾ ਨੰਬਰ 5 ਤੋਂ ਵਧਾ ਕੇ 39 ਕਰ ਦਿੱਤਾ ਹੈ। ਤਹਿਸੀਲ ਲੈਵਲ ਤੇ ਹਸਪਤਾਲ ਅਪਗਰੇਡ ਕਰਕੇ 25-ਬੈੱਡਜ਼ ਤੋਂ 50 ਬੈੱਡਜ਼ ਕਰ ਦਿੱਤੇ ਹਨ। 17 ਬਲਾਕਾਂ ਵਿਚ ਕੰਪਰੀਹੈਂਸਿਵ ਹੈਲਥ ਕੇਅਰ ਸਕੀਮ ਰੂਰਲ ਪਾਪੂਲੇਸ਼ਨ ਨੂੰ ਡੋਰ ਸਟੈਪ ਤੇ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੇ

ਕਿਹਾ ਹੈ ਕਿ ਸਬਸਿਡੀਅਰੀ ਹੈਲਥ ਸੈਂਟਰਜ਼ ਐਨੇ ਖੋਲ੍ਹ ਦਿੱਤੇ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲਾ ਸਾਲ ਖਤਮ ਹੋਣ ਵਾਲਾ ਹੈ ਇਹ ਦੱਸ ਦੇਣ ਕਿ ਕੋਈ ਸਬਸਿਡੀਅਰੀ ਹੈਲਥ ਸੈਂਟਰ ਖੋਲ੍ਹਿਆ ਵੀ ਹੈ ਜਾਂ ਨਹੀਂ ?

ਮੁੱਖ ਮੰਤਰੀ : ਇਹ ਖੁਦ ਮੁੱਖ ਮੰਤਰੀ ਰਹੇ ਹਨ, ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਮਾਲੀ ਸਾਲ 31-3-1981 ਤੱਕ ਹੈ । ਇਸੇ ਤਰ੍ਹਾਂ ਹੀ 7 ਨਵੇਂ ਈ.ਐਸ.ਆਈ. ਦੇ ਹਸਪਤਾਲ ਖੋਲੇ ਹਨ। ਮੈਡੀਕਲ ਫੈਸਿਲਿਟੀਜ਼ ਦੂਜੀ ਥਾਂ ਤੇ ਦੇਣ ਵਾਸਤੇ ਭਾਵੇਂ ਆਯੁਰਵੈਦਿਕ ਟਰੀਟਮੈਂਟ ਹੋਵੇ ਭਾਵੇਂ ਕੋਈ ਹੋਰ ਟਰੀਟਮੈਂਟ ਹੋਵੇ ਇਹ ਮੇਰੇ ਕੋਲ ਬੜੀ ਲੰਬੀ ਲਿਸਟ ਹੈ ਔਰ ਜੇਕਰ ਮੈਂ ਇਸ ਨੂੰ ਪੜ੍ਹ ਕੇ ਸੁਣਾਵਾਂ ਤਾਂ ਕਾਫੀ ਟਾਈਮ ਚਾਹੀਦਾ ਹੈ । ਮੈਂ ਐਨਾ ਹੀ ਦਸ ਦੇਣਾ ਚਾਹੁੰਦਾ ਹਾਂ ਕਿ ਜੋ ਪਿਛਲੀ ਸਰਕਾਰ ਨੇ ਤਿੰਨ ਸਾਲਾਂ ਵਿਚ ਕੰਮ ਕੀਤਾ ਸੀ ਅਸੀਂ ਉੱਨਾ ਕੰਮ 1 ਸਾਲ ਵਿਚ ਕੀਤਾ ਹੈ । ਇਹ ਆਪਣੇ ਸਮੇਂ ਵਿਚ ਅਨਾਊਂਸਮੈਂਟ ਹੀ ਕਰਦੇ ਰਹੇ ਹਨ ਪਰ ਕੋਈ ਅਜਿਹੀ ਚੀਜ਼ ਪੇਪਰ ਤੇ ਨਹੀਂ ਹੈ, ਫਾਈਲ ਤੇ ਨਹੀਂ ਹੈ । ਕਿਸੇ ਮਨਿਸਟਰ ਨੇ ਫਾਈਲ ਤੇ ਕੁਝ ਨਹੀਂ ਲਿਖਿਆ ਹੈ । ਪਤਾ ਨਹੀਂ ਇਹ ਅਨਾਊਂਸਮੈਂਟ ਕਿਸ ਤਰ੍ਹਾਂ ਨਾਲ ਕਰਦੇ ਰਹੇ ਹਨ। (ਵਿਘਨ)

EXTENSION OF TIME OF THE SITTING

ਸ੍ਰੀ ਸਪੀਕਰ : ਤੁਸੀਂ ਕਿੰਨਾ ਸਮਾਂ ਹੋਰ ਬੋਲਣਾ ਚਾਹੁੰਦੇ ਹੋ ਤਾਕਿ ਉਸੇ ਹਿਸਾਬ ਨਾਲ ਹਾਊਸ ਦਾ ਸਮਾਂ ਐਕਸਟੈਂਡ ਕਰ ਦਿੱਤਾ ਜਾਏ ।

ਮੁੱਖ ਮੰਤਰੀ : ਮੈਂ ਅੱਧਾ ਘੰਟਾ ਹੋਰ ਬੋਲਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ ਹਾਊਸ ਦੀ ਮਰਜ਼ੀ ਨਾਲ ਮੈਂ ਇਹ ਸਿਟਿੰਗ ਦਾ ਟਾਈਮ 2-00 ਵਜੇ ਤੱਕ ਐਕਸਟੈਂਡ ਕਰਦਾ ਹਾਂ ਅਤੇ ਹਾਊਸ ਰੀ-ਕਨਵੀਨ 3-00 ਵਜੇ ਹੋ ਜਾਏਗਾ ।

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਕਿਹਾ ਗਿਆ ਹੈ ਕਿ ਅਸੀਂ ਕੋਈ ਕੰਮ ਨਹੀਂ ਕੀਤਾ ਹੈ ਅਤੇ ਸਾਡੀ ਕੋਈ ਪਰਫਾਰਮੈਂਸ ਨਹੀਂ ਹੈ । ਇਥੇ ਮਜ਼ਾਕ ਨਾਲ ਕਿਹਾ ਗਿਆ ਹੈ ਕਿ ਸਰਵੇ ਨਹੀਂ ਕਰਾਇਆ ਗਿਆ ਕੁਝ ਹੋਰ ਕੀਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਇਸ ਤੇ ਖਰਚਾ ਕਿੰਨਾ ਕਰ ਦਿੱਤਾ ਗਿਆ ਹੈ । ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਨਾਰਮਲੀ ਰੁਟੀਨ ਵਿਚ ਜੋ ਅਫਸਰ ਸਨ, ਉਹ ਹੀ ਇਸ ਕੰਮ ਤੇ ਲਗਾਏ ਗਏ। ਉਨ੍ਹਾਂ ਨੇ ਸਰਵੇ ਜੋ ਕੀਤਾ ਹੈ ਉਸ ਬਾਰੇ ਫਿਗਰਜ਼ ਸਾਡੇ ਕੋਲ ਆਏ ਹਨ ਕਿ ਡਿਸਏਬਲਡ ਬਾਡੀਜ਼ ਕਿੰਨੀਆਂ ਹਨ ਔਰ ਪਾਵਰਟੀ ਸਟ੍ਰਿਕਨ ਕਿੰਨੇ ਹਨ। ਉਹ ਕੀ ਕੀ ਧੰਧਾ ਕਰਦੇ ਹਨ ? ਪਿੰਡਾਂ ਵਿਚ ਇਹ 38% ਹਨ ਔਰ ਅਰਬਨ ਏਰੀਆਜ਼ ਵਿਚ ਇਹ 12% ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ ਦੋ ਹਿੱਸਿਆਂ ਵਿਚ ਵੰਡ ਹੋ ਗਈ ਹੈ । ਕੁਝ ਲੋਕ ਅਜਿਹੇ ਹਨ ਜਿਹੜੇ ਆਪਣਾ ਗੁਜ਼ਾਰਾ ਵੀ ਨਹੀਂ ਕਰ ਸਕਦੇ ਔਰ ਕੁਝ ਬੰਦੇ ਅਜਿਹੇ ਹਨ ਜਿਹੜੇ ਐਕਸਪਲਾਇਟਸ਼ਨ ਸਟੇਜ ਤੱਕ ਵੀ ਚਲ ਜਾਂਦੇ ਹਨ। ਜਿਨ੍ਹਾਂ ਦੀ ਆਮਦਨੀ 3600/- ਰੁਪਿਆ ਸਾਲਾਨਾ ਹੋਵੇਗੀ ਚਾਹੇ ਉਹ ਸਮਾਲ ਫਾਰਮਰ ਹੋਵੇ, ਚਾਹੇ ਮਾਰਜਿਨਲ ਫਾਰਮਰ ਹੋਵੇ, ਚਾਹੇ ਛੋਟਾ ਦੁਕਾਨਦਾਰ ਹੋਵੇ ਜਾਂ ਸ਼ੈਡਿਊਲਡ ਕਾਸਟ ਹੋਵੇ ਜਾਂ ਬੈਕਵਰਡ ਕਲਾਸ ਦਾ ਹੋਵੇ, ਜਿਸ ਦੀ ਆਮਦਨ 3600/- ਰੁਪਏ ਸਾਲਾਨਾ ਹੋਵੇਗੀ

ਉਨ੍ਹਾਂ ਈ ਇੰਟ੍ਰਸਟ ਫਰੀ ਲੋਨ ਦੇਣ ਲਈ 30 ਕਰੋੜ ਰੁਪਏ ਰੱਖੇ ਗਏ ਹਨ। ਤਾਕਿ ਉਹ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋਕੇ ਆਪਣੀ ਰੋਟੀ ਕਮਾ ਸਕਣ। ਇਨ੍ਹਾਂ ਲਈ 55 ਸਕੀਮਾਂ ਹਨ। ਕਿਸੇ ਵੀਸਕੀਮ ਵਿਚ ਉਹ ਕੰਮ ਕਰਕੇ ਆਪਣੀ ਰੋਜ਼ੀ ਕਮਾ ਸਕਦੇ ਹਨ। ਇਨ੍ਹਾਂ ਵਰਗਾਂ ਦੀ ਪਹਿਚਾਣ ਕਰਨ ਵਾਸਤੇ ਇਹ ਸਰਵੇ ਕਰਾਇਆ ਗਿਆ ਹੈ। ਜੋ ਕੈਪੀਟਲਿਸਟਸ ਹਨ ਉਹ ਉਨ੍ਹਾਂ ਗਰੀਬ ਲੋਕਾਂ ਨੂੰ ਅਧੀਨ ਰਖਣਾ ਚਾਹੁੰਦੇ ਹਨ। ਇਹ ਗਰੀਬ ਲੋਕ ਮੈਜਾਰਿਟੀ ਵਿਚ ਹਨ ਪਰ ਮਿਨਾਰਿਟੀ ਇਨ੍ਹਾਂ ਤੇ ਓਵਰ ਸ਼ੈਡੋ ਕਰਦੀ ਹੈ। ਇਸ ਲਈ, ਇਨ੍ਹਾਂ ਗਰੀਬ ਲੋਕਾਂ ਦੀ ਇਕਨਾਮਿਕ ਫਿਟਨੈਸ ਲਾਜ਼ਮੀ ਹੈ। ਅਗਰ ਇਹ ਲੋਕ ਇਕਨਾਮੀਕਲੀ ਫਿੱਟ ਹੋ ਜਾਣ ਤਾਂ ਇਹ ਕਿਸੇ ਤੋਂ ਡਰਨਗੇ ਨਹੀਂ। ਮਨਾਰਿਟੀ ਇਨ੍ਹਾਂ ਤੋਂ ਨਜ਼ਾਇਜ਼ ਕੰਮ ਨਹੀਂ ਲੈ ਸਕੇਗੀ। ਔਰ ਇਨ੍ਹਾਂ 'ਚੋਂ ਬਾਂਡਿਡ ਲੇਬਰ ਲੈ ਕੇ ਨਾਜਾਇਜ਼ ਫਾਇਦਾ ਨਹੀਂ ਉਠਾ ਸਕੇਗੀ। ਇਹ ਸੋਸ਼ਲ ਈਵਲ ਤਦ ਹੀ ਦੂਰ ਹੋਵੇਗੀ ਜੇ ਇਕਨਾਮਿਕ ਫਿਟਨੈਸ ਉਨ੍ਹਾਂ ਲੋਕਾਂ ਦੀ ਹੋ ਸਕੇ। ਅਸੀਂ ਉਸ ਵਲ ਧਿਆਨ ਦੇ ਰਹੇ ਹਾਂ।

ਇਥੇ ਰੋਡਜ਼ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਇਹ ਕਹਿੰਦੇ ਹਨ ਕਿ ਸੜਕਾਂ ਟੁੱਟੀਆਂ ਪਈਆਂ ਹਨ। ਮੋਟਰਾ ਤੁਸੀਂ ਬੰਦ ਕਰ ਦਿਤੀਆਂ ਹਨ। ਫਿਰ ਇਹ ਕਹਿੰਦੇ ਹਨ ਕਿ ਸੜਕਾਂ ਦੇ ਰੋੜੇ ਨਿਕਲੇ ਫਿਰਦੇ ਹਨ। ਉਹ ਰੋੜੇ ਕਿਸ ਪਾਸੇ ਇਸਤੇਮਾਲ ਹੁੰਦੇ ਹਨ? ਉਹ ਇਹ ਲੋਕ ਪੁਲਿਸ ਤੇ ਮਾਰਦੇ ਹਨ। (ਵਿਘਨ) ਇਸ ਕਿਸਮ ਦੀਆਂ ਇਹ ਗੱਲਾਂ ਕਰ ਰਹੇ ਹਨ। ਇਹ ਮੋਟਰਾਂ ਚਲਾਉਣੀਆਂ ਬੰਦ ਕਰਦੇ ਹਨ।

ਸਪੀਕਰ ਸਾਹਿਬ, 250 ਹਾਈ ਅਤੇ ਮਿਡਲ ਸਕੂਲ ਅਪਗਰੇਡ ਕੀਤੇ ਹਨ। ਇਕ ਸੌ ਵੋਕੇਸ਼ਨਲ ਕੀਤੇ ਹਨ। ਫਿਰ, ਡਰਿੰਕਿੰਗ ਵਾਟਰ ਸਪਲਾਈ ਦੀ ਗਲ ਆਉਂਦੀ ਹੈ। ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਅਗਲੇ 4 ਸਾਲਾਂ ਵਿਚ ਕੋਈ ਐਸਾ ਪਿੰਡ ਨਹੀਂ ਰਹਿ ਜਾਵੇਗਾ ਜਿਥੇ ਡਰਿੰਕਿੰਗ ਵਾਟਰ ਨਾ ਮਿਲੇ। ਇਸ ਲਈ, ਇਕ ਵਾਟਰ ਸ਼ੈਡ ਦੀ ਸਕੀਮ 52 ਕਰੋੜ ਰੁਪਏ ਨਾਲ ਗੌਰਮਿੰਟ ਆਫ਼ ਇੰਡੀਆ ਦੀ ਮੱਦਦ ਨਾਲ ਵਰਲਡ ਬੈਂਕ ਤੋਂ ਪੈਸੇ ਲੈ ਕੇ, ਇਸ ਸਰਕਾਰ ਨੇ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਇਸ ਬਾਰੇ ਵੀ ਕਹਿਣ ਕਿ ਇਹ ਸਾਡੇ ਵੇਲੇ ਦੀ ਸਕੀਮ ਸੀ ਤਾਂ ਇਹ ਬਿਲਕੁਲ ਗਲਤ ਗੱਲ ਹੈ। ਸਪੀਕਰ ਸਾਹਿਬ, ਮੈਂ ਪਾਰਲੀਮੈਂਟ ਦਾ ਮੈਂਬਰ ਸੀ, ਉਦੋਂ ਇਥੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ, ਇਹ ਉਦੋਂ ਦੀ ਸਕੀਮ ਸੀ। ਇਸ ਲਈ ਇਹ ਨਹੀਂ ਕਹਿ ਸਕਦੇ ਕਿ ਇਹ ਸਕੀਮ ਅਸੀਂ ਬਣਾਈ ਸੀ। (ਤਾੜੀਆਂ) ਇਹ ਡਰਾਮੇਬਾਜ਼ੀ ਨਾਲ ਗੱਲ ਨਹੀਂ ਬਣਨੀ, ਅਸਲੀਅਤ ਲੋਕਾਂ ਨੇ ਦੇਖਣੀ ਹੈ।

ਇਥੇ 25 ਪੁਆਇੰਟਸ ਬਾਰੇ ਬੜਾ ਕੁਝ ਕਿਹਾ ਗਿਆ। (ਵਿਘਨ) ਐਕਸ-ਚੀਫ ਮਨਿਸਟਰ ਪਹਿਲਾਂ ਕਾਂਗਰਸ ਵਿਚ ਮੇਰੇ ਨਾਲ ਰਹੇ ਹਨ, ਇਨ੍ਹਾਂ ਨੂੰ ਸਭ ਪਤਾ ਹੈ। (ਵਿਘਨ) ਮੈਂ ਦਸਣਾ ਚਾਹੁੰਦਾ ਹਾਂ ਕਿ 25 ਪੁਆਇੰਟਸ ਦੇ ਤਹਿਤ 300 ਕਰੋੜ ਰੁਪਏ ਦੇ ਪਹਿਲੇ ਬੱਜਟ ਵਿਚੋਂ 223.25 ਕਰੋੜ ਰੁਪਿਆ ਖਰਚ ਕੀਤਾ ਜਾਵੇਗਾ। (ਤਾੜੀਆਂ)

ਹੁਣ ਮੈਂ ਲੋਕਲ ਗੌਰਮਿੰਟ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਮਕਾਨਾਂ ਦੀ ਗੱਲ ਕਰਦੇ ਹਨ ਅਸੀਂ ਹਾਉਸਿੰਗ ਬਾਰੇ ਗਰੁੱਪ ਸਕੀਮ ਚਾਲੂ ਕੀਤੀ ਹੈ। ਰਣਜੀਤ ਗੜ੍ਹ ਦਾ ਨਵਾਂ ਸ਼ਹਿਰ ਵਸਾ ਰਹੇ ਹਾਂ। ਇਹ ਲੋਕ ਉਸ ਵਿਚ ਰੁਕਾਵਟ ਪਾ ਰਹੇ ਹਨ। ਇਹ ਲੋਕਾਂ ਨੂੰ ਕਹਿੰਦੇ ਹਨ ਕਿ ਜ਼ਮੀਨ

ਨਾ ਦਿਓ ਅਤੇ ਇਸ ਨੂੰ ਬਣਨ ਨਾ ਦਿਓ । ਇਹ ਕੰਮ ਸਾਰਿਆਂ ਦਾ ਸਾਂਝਾ ਹੈ ਅਤੇ ਇਹ ਉਸ ਸ਼ਖਸੀਅਤ ਦੇ ਨਾਮ ਤੇ ਹੈ ਜਿਸ ਦੀ ਪੰਜਾਬ ਨੂੰ ਕਾਫੀ ਦੇਣ ਹੈ । ਇਸ ਤੋਂ ਇਹ ਆਪ ਚੰਗੀ ਤਰ੍ਹਾਂ ਜਾਣਦੇ ਹਨ । (ਵਿਘਨ) (**ਸਰਦਾਰ ਸਰਵਣ ਸਿੰਘ** (ਫਿਲੌਰ) ਬੈਠੇ, ਬੈਠੇ : ਅਸੀਂ ਇਸ ਦੇ ਹੱਕ ਵਿਚ ਹਾਂ।) ਅਗੇ ਮੈਂ ਇਹ ਦੱਸਣਾ ਚਾਹੁਦਾ ਹਾਂ ਕਿ ਅਸੀਂ 37 ਸੌ ਗਰੈਜੂਏਟਸ ਅਤੇ ਮੈਟਰੀਕੁਲੇਟਸ ਨੂੰ ਅਨਇੰਪਲਾਇਮੈਂਟ ਅਲਾਊਂਸ ਦਿਤਾ ਹੈ ਅਤੇ ਹੁਣ ਇਹ ਫਿਗਰ ਵਧਾ ਕੇ 30 ਹਜ਼ਾਰ ਕਰ ਦਿਤੀ ਹੈ । ਪਹਿਲੇ ਇਹ ਅਲਾਊਂਸ ਉਨ੍ਹਾਂ ਨੂੰ ਦਿਤਾ ਜਾਂਦਾ ਸੀ ਜਿਨ੍ਹਾਂ ਦਾ ਨਾਮ ਇੰਪਲਾਇਮੈਂਟ ਐਕਸਚੇਂਜ ਵਿਚ 5 ਸਾਲ ਤੱਕ ਰਜਿਸਟਰਡ ਰਿਹਾ ਹੋਵੇ ਪਰ ਹੁਣ ਇਹ 3 ਸਾਲ ਦਾ ਸਮਾਂ ਕਰ ਦਿਤਾ ਹੈ । (ਤਾੜੀਆਂ)

ਜਿਨੇ ਵੀ ਲੇਬਰ ਦੇ ਝਗੜੇ ਸਨ ਉਨ੍ਹਾਂ ਨੂੰ ਬਾਈ ਨੈਗੋਸੀਏਸ਼ਨ ਅਤੇ ਬੜੇ ਆਰਾਮ ਨਾਲ ਹਲ ਕਰਨ ਦਾ ਯਤਨ ਕੀਤਾ ਹੈ । ਕੋਈ ਸਟਰਾਈਕ ਹੁੰਦੀ ਹੋਵੇ ਉਸ ਦਾ ਐਮੀਕੇਬਲੀ ਹੱਲ ਲਭਣ ਦੀ ਕੋਸ਼ਿਸ਼ ਕੀਤੀ ਹੈ ਤਾਂਕਿ ਪੀਸਫੁੱਲ ਐਟਮਾਸਫੀਅਰ ਪੈਦਾ ਕੀਤਾ ਜਾਵੇ।

ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਬਾਰੇ ਅਰਜ਼ ਕਰਨੀ ਚਾਹੁਦਾ ਹਾਂ। ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿਗਜ਼ ਲਈ ਅਸੀਂ 1 ਕਰੋੜ 10 ਲੱਖ ਰੁਪਿਆ ਰਖਿਆ ਹੈ । ਜਿਹੜਾ ਪਹਿਲਾਂ ਨਹੀ ਕੀਤਾ ਗਿਆ। ਇਨ੍ਹਾਂ ਦੇ ਮੌਕੇ ਸਕੂਲਾਂ ਦੀਆਂ ਢੱਠੀਆਂ ਹੋਈਆਂ ਬਿਲਡਿੰਗਜ਼ ਰਹੀਆਂ ਹਨ। (ਵਿਘਨ ਡਿਵੈਲਪਮੈਂਟ ਆਫ ਲੈਂਗੁਏਜ਼ ਵਾਸਤੇ ਸਾਡੀ ਪੂਰੀ ਕੋਸ਼ਿਸ਼ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਐਜੂਕੇਸ਼ਨ ਦੇ ਸੁਧਾਰ ਲਈ ਰਿਫਾਰਮ ਕਮਿਸ਼ਨ ਬਣਾਂਵਾਂਗੇ ਜਿਹੜਾ ਇਹ ਦਸੇਗਾ ਕਿ ਕਿਸ ਤਰ੍ਹਾਂ ਦੀਆਂ ਕਿਤਾਬਾਂ ਚਾਹੀਦੀਆਂ ਹਨ, ਐਜੂਕੇਸ਼ਨ ਦੀ ਸੋਧ ਕਿਸ ਤਰ੍ਹਾਂ ਹੋ ਸਕਦੀ ਹੈ । ਇਸ ਵਿਚ ਐਕਸਪਰਟਸ ਆਦਮੀ ਹੋਣਗੇ, ਐਮੀਨੈਂਟ ਆਦਮੀ ਹੋਣਗੇ ਜਿਹੜੇ ਇਹ ਦੇਖਣਗੇ ਕਿ ਐਜੂਕੇਸ਼ਨ ਵਿਚ ਕਿਸ ਤਰ੍ਹਾਂ ਸੋਧ ਹੋ ਸਕਦੀ ਹੈ । ਉਸ ਦੀ ਟਰਮਜ਼ ਐਂਡ ਰੈਫਰੈਂਸ ਬਾਰੇ ਅਗਰ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਵੀ ਦੱਸ ਸਕਣ ਤਾਂ ਦੱਸ ਦੇਣ। (ਵਿਘਨ)

ਸਪੀਕਰ ਸਾਹਿਬ, ਹਾਊਸਿੰਗ ਸਕੀਮ ਵਾਸਤੇ ਅਸੀਂ 12 ਕਰੋੜ ਰੁਪਿਆ ਖਰਚ ਕਰ ਰਹੇ ਹਾਂ ਜਦ ਕਿ ਇਨ੍ਹਾਂ ਨੇ 1 ਕਰੋੜ 11 ਲੱਖ ਰੁਪਿਆ ਖਰਚ ਕੀਤਾ ਸੀ। ਤੁਸੀਂ ਹੁਣ ਹਿਸਾਬ ਲਾ ਲਵੋ ਕਿ ਅੱਗੇ ਨਾਲੋਂ ਕਿੰਨੇ ਗੁਣਾਂ ਇਹ ਜ਼ਿਆਦਾ ਬਣਦਾ ਹੈ । ਇਨ੍ਹਾਂ ਨੇ 700 ਮਕਾਨ ਬਣਾਏ ਸਨ ਪਰ ਹੁਣ ਅਸੀਂ ਇਸ ਚਾਲੂ ਸਾਲ ਵਿਚ 10 ਹਜ਼ਾਰ ਮਕਾਨ ਖੜ੍ਹੇ ਕਰਕੇ ਲੋਕਾਂ ਨੂੰ ਉਥੇ ਵਸਾ ਦਿਆਂਗੇ । (ਤਾੜੀਆਂ) ਇਨ੍ਹਾਂ ਨੇ ਗਰੀਬ ਲੋਕਾਂ ਦਾ ਕੁਝ ਨਹੀਂ ਸੋਚਿਆ ਅਤੇ ਇਹ ਇਸ ਮਾਮਲੇ ਨੂੰ ਅੱਗੇ ਹੀ ਪਾਉਂਦੇ ਰਹੇ । (ਵਿਘਨ)

ਸਪੀਕਰ ਸਾਹਿਬ, ਇਥੇ ਕਿਸੇ ਨੇ ਕਿਹਾ ਕਿ 5-7 ਹਜ਼ਾਰ ਫਾਈਲਾਂ ਪੈਂਡਿੰਗ ਪਈਆਂ ਹਨ ਇਨ੍ਹਾਂ ਨੂੰ ਕਿਸੇ ਨੇ ਗਲਤ ਇਨਫਰਮੇਸ਼ਨ ਦਿਤੀ ਹੈ । ਪੂਰੀ ਇਨਫਰਮੇਸ਼ਨ ਤਾਂ ਸਾਨੂੰ ਹੋ ਸਕਦੀ ਹੈ ਇਨ੍ਹਾਂ ਨੂੰ ਨਹੀਂ । (ਵਿਘਨ)

ਸਪੀਕਰ ਸਾਹਿਬ, ਜਨਰਲ ਗੱਲਾਂ ਕਹਿਣ ਤੋਂ ਪਹਿਲਾਂ ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਸਾਡੇ ਮਾਨਯੋਗ ਐਕਸ-ਚੀਫ ਮਨਿਸਟਰ ਨੇ ਇੰਦਰਾ ਗਾਂਧੀ ਦੇ ਬਾਰੇ ਬੜੇ ਸਖ਼ਤ ਲਫਜ਼ ਵਰਤੇ ਹਨ। (ਵਿਘਨ) ਮੈਂ ਸਮਝਦਾ ਹਾਂ ਕਿ ਇਹ ਪਤਾ ਨਹੀਂ ਕਿ ਤੁਸੀਂ ਕਿਸ ਵੇਲੇ ਉਨ੍ਹਾਂ ਪਾਸ ਪਹੁੰਚ ਜਾਓ। ਲੇਕਿਨ ਮੈਂ ਐਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਰਿਸਪੈਕਟਫੁਲ ਐਟੀਚਿਊਡ ਨਾ

[ਮੁੱਖ ਮੰਤਰੀ]

ਛੱਡੋ। ਕਿਸੇ ਦੇ ਖਿਲਾਫ ਇਸ ਤਰ੍ਹਾਂ ਦੀ ਗੱਲ ਨਹੀ ਕਰਨੀ ਚਾਹੀਦੀ। (ਵਿਘਨ) ਅੱਜ ਇਹ ਸਾਨੂੰ ਕਹਿੰਦੇ ਹਨ ਕਿ 30 ਸਾਲਾਂ ਦੇ ਰਾਜ ਵਿਚ ਕੁਝ ਨਹੀਂ ਕੀਤਾ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ 3 ਸਾਲ ਇਨ੍ਹਾਂ ਦਾ ਰਾਜ ਰਿਹਾ ਉਦੋਂ ਇਨ੍ਹਾਂ ਨੇ ਕੀ ਕੀਤਾ ? ਤਮੀਰ ਅਤੇ ਤਕਰੀਰ ਵਿਚ ਬੜਾ ਫਰਕ ਹੁੰਦਾ ਹੈ । ਤਮੀਰ ਲਈ ਵਕਤ ਚਾਹੀਦਾ ਹੈ , ਸਾਧਨ ਚਾਹੀਦਾ ਹੈ ਪਰ ਤਕਰੀਰ ਕਿਸੇ ਵਕਤ ਵੀ ਕੀਤੀ ਜਾ ਸਕਦੀ ਹੈ । ਇਹ ਜਿੰਨਾ ਚਿਰ ਰਹੇ ਇਹ ਆਪਸ ਵਿਚ ਹੀ ਲੜਦੇ ਝਗੜਦੇ ਰਹੇ, ਫਿਰ, ਇਹ ਕਹਿੰਦੇ ਹਨ ਕਿ ਫੋਕਲ ਪੁਆਇੰਟਸ ਬਣਾਏ । ਅਸੀਂ ਦੇਖਾਂਗੇ ਕਿ ਠੀਕ ਬਣੇ ਹਨ ਜਾਂ ਨਹੀਂ। ਇਕ ਬਲਾਕ ਵਿਚ ਤਾਂ ਦੋ ਦੋ ਦਿਤੇ ਪਰ ਦੂਜੇ ਪਾਸੇ ਇਕ ਵੀ ਨਹੀਂ ਦਿੱਤਾ। ਫੋਕਲ ਪੁਆਇੰਟਸ ਮੁਕਮਲ ਨਹੀਂ ਕੀਤੇ ਅਤੇ ਵਿਚ ਹੀ ਛੱਡ ਦਿਤੇ ਗਏ। ਜਿਹੜੇ ਠੀਕ ਜਗ੍ਹਾ ਤੇ ਹਨ ਅਤੇ ਜਿਥੇ ਕੰਮ ਚਾਲੂ ਹੋਇਆ ਹੈ ਉਨ੍ਹਾਂ ਨੂੰ ਇਨਕੰਪਲੀਟ ਨਹੀ ਰਹਿਣ ਦਿਆਂਗੇ। ਪਰ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਇਹ ਫੋਕਲ ਪੁਆਇੰਟਸ ਇਸ ਤਰ੍ਹਾਂ ਵੀ ਨਾ ਬਣਾਏ ਜਾਣ ਕਿ ਉਹ ਸ਼ਹਿਰਾਂ ਦੇ ਕੋਲ ਹੋਣ । ਉਨ੍ਹਾਂ ਦੇ ਸ਼ਹਿਰ ਕੋਲ ਹਨ ਉਥੋਂ ਉਨ੍ਹਾਂ ਨੂੰ ਹਰ ਚੀਜ਼ ਮਿਲ ਸਕਦੀ ਹੈ । ਇਨ੍ਹਾਂ ਨੇ ਇਹ 5-7 ਮੀਲ ਦੇ ਰੇਡੀਅਸ ਵਿਚ ਪੁਆਇੰਟ ਮੁਕੱਰਰ ਕਰਨੇ ਸਨ ਪਰ ਉਥੇ ਇਨ੍ਹਾਂ ਨੇ ਨਹੀਂ ਕੀਤੇ। ਇਨ੍ਹਾਂ ਦੀ ਚੁਆਇਸ ਗਲਤ ਸੀ। ਇਸ ਤਰ੍ਹਾਂ ਲੋਕ ਸਵਰ ਕਰ ਰਹੇ ਹਨ। ਜ਼ਮੀਨ ਕਿਸੇ ਦੀ ਪਰ ਕਿਸੇ ਦੇ ਕਹਿਣ ਉਤੇ ਹੋਰ ਥਾਂ ਤੇ ਫੋਕਲ ਪੁਆਇੰਟ ਬਣਾ ਦਿੱਤਾ।

ਬਹੁਤ ਸਾਰੀਆਂ ਗੱਲਾਂ ਇਨ੍ਹਾਂ ਨੇ ਕਹੀਆਂ ਹਨ ਜੋ ਮੈਂ ਕਹਿ ਰਿਹਾ ਸੀ ਉਹ ਇਹ ਸੀ ਕਿ ਇਸ ਵੇਲੇ ਜੋ ਹਾਲਤ ਹੈ, ਜੋ ਦੇਸ਼ ਦੀ ਹਾਲਤ ਹੈ ਇਸ ਦੇ ਬਾਰੇ ਇਨ੍ਹਾਂ ਨੇ ਸਵਾਲ ਕੀਤਾ ਸੀ ਕਿ ਕੌਣ ਕਹਿੰਦਾ ਹੈ ਕਿ ਇਸ ਦੇਸ਼ ਦੇ ਵਿਚ ਬਾਹਰੋਂ ਕੋਈ ਤਾਕਤ ਮਦਦ ਕਰ ਰਹੀ ਹੈ । ਸਪੀਕਰ ਸਾਹਿਬ, ਕੋਈ ਚੀਜ਼ ਵੇਖਣ ਵਾਸਤੇ ਦੋ ਕਿਸਮ ਦੀਆਂ ਐਵੀਡੈਂਸ ਕਾਨੂੰਨ ਵਿਚ ਹੁੰਦੀਆਂ ਹਨ—ਇਕ ਡਾਇਰੈਕਟ ਐਵੀਡੈਂਸ ਔਰ ਦੂਸਰੀ ਸਰਕਮਸਟਾਂਨਸੀਅਲ ਐਵੀਡੈਂਸ। ਇਹ ਠੀਕ ਹੈ ਕਿ ਐਵੀਡੈਂਸ ਦੇਣ ਵਿਚ ਡਾਇਰੈਕਟ ਕੋਈ ਨਹੀਂ ਆਉਂਦਾ ਲੇਕਿਨ ਸਰਕਮਸਟਾਂਸਿਜ ਇਥੇ ਮੌਜੂਦ ਹਨ। ਅਮਰੀਕਾ ਔਰ ਚੀਨ ਮਿਲ ਕੇ ਪਾਕਿਸਤਾਨ ਨੂੰ ਮਜ਼ਬੂਰ ਕਰ ਰਹੇ ਹਨ । ਨਹੀਂ ਸੁਣਿਆ ਕਿ ਹਥਿਆਰ ਭੇਜੇ ਜਾ ਰਹੇ ਹਨ ? ਕੌਣ ਭੇਜ ਰਿਹਾ ਹੈ ? ਅਮਰੀਕਾ ਔਰ ਚੀਨ ਰਲ ਕੇ ਭੇਜ ਰਹੇ ਹਨ। ਜਿਤਨੀ ਇਕਾਨਮੀ ਹੈ ਉਸ ਨੂੰ ਸ਼ੈਟਰ ਕਰਨ ਵਾਸਤੇ ਬਾਹਰਲੀਆਂ ਤਾਕਤਾਂ ਲਗੀਆਂ ਹੋਈਆਂ ਹਨ । ਪਾਕਿਸਤਾਨ ਨੂੰ ਇਹ ਸੁਝਾਓ ਦਿੱਤਾ ਗਿਆ ਹੈ ਕਿ ਯੂ.ਐਸ.ਏ. ਵਲੋਂ ਕਿ ਹਿਦੁਸਤਾਨ ਦੇ ਉਤੇ ਹਮਲਾ ਕਰਨਾ ਜ਼ਰੂਰੀ ਹੋ ਗਿਆ ਹੈ । ਹਰ ਇਕ ਨੂੰ ਸਭ ਕੁਝ ਪਤਾ ਹੈ, ਮੈਂ ਉਸ ਪਾਸੇ ਨਹੀਂ ਜਾਣਾ ਚਾਹੁੰਦਾ । ਸਰਕਮ-ਸਟਾਂਸੀਅਲ ਐਵੀਡੈਂਸ ਹਨ ਕਿ ਬਾਹਰਲੀਆਂ ਤਾਕਤਾਂ ਇਸ ਮੁਲਕ ਨੂੰ ਡਿਸਇਨਟੈਗਰੇਟ ਕਰਨ ਵਾਸਤੇ ਲਗੀਆਂ ਹੋਈਆਂ ਹਨ । ਆਸਾਮ ਤੋਂ ਲੈ ਕੇ ਪੰਜਾਬ ਤੱਕ ਲਗੀਆਂ ਹੋਈਆਂ ਹਨ । (ਵਿਘਨ) ਆਸਾਮ ਵਿਚ ਇਤਨੀ ਗੜਬੜ ਹੋ ਰਹੀ ਹੈ । ਇਸ ਦੇ ਬਾਰੇ ਬਾਜਪਾਈ ਜੀ ਦਾ ਬਿਆਨ ਹੈ ਕਿ ਅਸੀਂ ਇਸ ਤਰ੍ਹਾਂ ਕਰ ਦਿਆਂਗੇ, ਅਸੀਂ ਉਸ ਤਰ੍ਹਾਂ ਕਰ ਦਿਆਂਗੇ। ਇਹ ਡੀਵਾਈਸਿਵ ਫੋਰਸਿਜ਼ ਲਗੀਆਂ ਹੋਈਆਂ ਹਨ, ਇਹ ਡਿਵਾਈਸਿਵ ਫੋਰਸਿਜ਼, ਕਮਿਊਨਲ ਫੋਰਸਿਜ਼ ਔਰ ਰੀਜਨਲ ਫੋਰਸਿਜ਼ ਲਗੀਆਂ ਹੋਈਆਂ ਹਨ ਦੇਸ਼ ਨੂੰ ਡਿਸਇਨਟੈਗਰੇਟ ਕਰਨ ਵਿਚ । What I want is that we should rise above these things ਇਹ ਜਿਹੜੀ ਗੱਲ ਹੈ ਕਿ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ । ਇਹ ਹਿੰਦੁਸਤਾਨ ਦਾ ਪੰਜਾਬ ਇਕ ਹਿੱਸਾ ਹੈ । ਪੰਜਾਬ ਦੇ ਬਾਰੇ ਬੜਾ ਕੁਝ ਕਿਹਾ ਗਿਆ ਹੈ । ਕੋਈ ਕਹਿੰਦਾ ਹੈ ਕਿ ਅਟਾਨੌਮੀ

ਦਿਓ। ਮੈਂ ਬਿਲਕੁਲ ਨਹੀਂ ਕਿਹਾ। ਜੋ ਮੈਂ ਕਿਹਾ ਹੈ ਉਸ ਤੇ ਮੈਂ ਅਜ ਵੀ ਖੜ੍ਹਾ ਹਾਂ। ਜੋ ਫਾਈਨਾਂਸ਼ਲ ਡਿਫੀਕਲਟੀਜ਼ ਹਨ ਉਹ ਕਰਾਸ ਦੀ ਟੇਬਲ ਰਖੀਆਂ ਜਾ ਸਕਦੀਆਂ ਹਨ ਕਿ ਕਿਸੇ ਸਟੇਟ ਦੀ ਫਾਈਨਾਂਸ਼ਲ ਮਦਦ ਕਰਨ ਵਾਸਤੇ ਕੀ ਜ਼ਰੂਰਤ ਹੈ ਲੇਕਿਨ ਇਹ ਕਹਿਣਾ ਕਿ ਅਟਾਨੋਮੀ ਚਾਹੀਦੀ ਹੈ, ਕਨਸੈਨਸੇਸਿਜ਼ ਚਾਹੀਦੀ ਹੈ ਇਹ ਭਾਵਨਾ ਗਲਤ ਹੈ। ਇਹੋ ਜਿਹੀਆਂ ਗੱਲਾਂ ਹਿੰਦੁਸਤਾਨ ਨੂੰ ਵੱਖ ਕਰਨ ਲਈ ਇਨੀਸ਼ੀਏਟਿਵ ਹਨ। ਪੰਜਾਬ ਵਿਚ ਫੌਜੀਆਂ ਦੇ ਬਾਰੇ ਕਿਹਾ ਗਿਆ ਹੈ ਕਿ ਇਹ ਦੇਸ਼ ਦੇ ਰਾਖੇ ਹਨ। ਠੀਕ ਹੈ ਪਜਾਬੀ ਬਹਾਦਰ ਹੈ, ਦੇਸ਼ ਦੀ ਹਿਫਾਜ਼ਤ ਕਰਦੇ ਹਨ ਲੇਕਿਨ ਪਜਾਬੀ ਇਕਲਾ ਨਹੀਂ ਹੋਰ ਵੀ ਹਨ। (ਵਿਘਨ) ਲੜਾਈ ਵਿਚ ਅੰਮ੍ਰਿਤਸਰ ਵਿਚ ਤੁਸੀਂ ਦੇਖਿਆ ਹੈ ਕਿ ਰਾਜੂ ਲੜਾਕੇ ਜਹਾਜ਼ਾਂ ਨੂੰ ਇਸ ਤਰ੍ਹਾਂ ਉਡਾਉਂਦਾ ਸੀ, ਨਿਸ਼ਾਨਾ ਮਾਰ ਕੇ ਇਸ ਤਰ੍ਹਾਂ ਜਹਾਜ਼ਾਂ ਨੂੰ ਡੇਗਦਾ ਸੀ ਕਿ ਲੋਕੀਂ ਪਤੰਗਾਂ ਦੀ ਤਰ੍ਹਾਂ ਡਿਗਦੇ ਨੂੰ ਦੇਖਦੇ ਸੀ। (ਵਿਘਨ) ਆਸਾਮ ਤੋਂ ਲੈ ਕੇ ਪੰਜਾਬ ਤੱਕ, ਬੰਗਾਲ ਤੋਂ ਲੈ ਕੇ ਪੰਜਾਬ ਤੱਕ, ਸਾਰਾ ਹਿੰਦੁਸਤਾਨ ਇਕ ਹੈ ਔਰ ਇਕੋ ਸਖਸ਼ੀਅਤ ਮੁਲਕ ਨੂੰ ਇਨਟੈਗਰੇਟ ਜੋ ਰਖ ਸਕਦੀ ਹੈ ਉਹ ਹੈ ਸ਼੍ਰੀਮਤੀ ਇੰਦਰਾ ਗਾਂਧੀ। (ਥੰਪਿੰਗ)

ਸਪੀਕਰ ਸਾਹਿਬ, ਮੇਰੇ ਕੋਲ ਦੱਸਣ ਵਾਸਤੇ ਤਾਂ ਬਹੁਤ ਕੁਝ ਪਿਆ ਹੈ। ਘੰਟਾ, ਦੋ ਘੰਟੇ ਹੋਣ ਤਾਂ ਸਾਰੀ ਗੱਲ ਦੱਸ ਸਕਾਂ। (ਵਿਘਨ) ਲੇਕਿਨ ਮੈਂ ਮੁਕਸਰ ਜਿਹੀ ਗੱਲ ਦੱਸਣਾ ਚਾਹੁੰਦਾ ਹਾਂ। ਅਸੀਂ ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਦੇ ਲਈ ਜੋ ਕੀਤਾ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ੈਡਿਊਲਡ ਕਾਸਟਸ ਦੀਆਂ ਸਾਡੀਆਂ ਲੜਕੀਆਂ, ਬੀਬੀਆਂ ਹਨ, ਜੋ ਪੜ੍ਹਦੀਆਂ ਹਨ ਉਨ੍ਹਾਂ ਦੀ ਗਰਾਂਟ ਅਸੀਂ ਹੋਰ ਵਧਾ ਦਿਤੀ ਹੈ। 40/- ਰੁਪਏ ਤੋਂ ਅਸੀਂ 50/- ਰੁਪਏ ਹੁਣ ਕਰ ਦਿੱਤੇ ਹਨ (ਥੰਪਿੰਗ) ਇਕ ਮਸਲਾ ਖਾਦ ਰੱਖਣ ਵਾਸਤੇ ਪਿੱਟਸ ਦਾ ਸੀ ਉਸ ਦੇ ਵਾਸਤੇ ਵੀ ਅਸੀਂ ਕਰ ਦਿੱਤਾ ਹੈ। ਬੈਂਕ ਨਾਲ ਵੀ ਅਸੀਂ ਟਾਈ-ਅੱਪ ਕੀਤਾ ਹੈ 25 ਕਰੋੜ ਰੁਪਿਆ। ਇੰਡਸਟਰੀਅਲ ਲੋਨ ਵਾਸਤੇ ਵੀ ਗੁੰਜਾਇਸ਼ ਪੈਦਾ ਕੀਤੀ ਜਾਵੇਗੀ। ਜਿੰਨੀ ਪੈਨਸ਼ਨ ਵਿਡੋਜ਼ ਨੂੰ, ਓਲਡ ਏਜ਼ ਪੈਨਸ਼ਨ, ਜੋ ਮਿਲਦੀ ਸੀ, ਪੁਲੀਟੀਕਲ ਸਫਰਰਜ਼ ਨੂੰ, ਜੋ ਪੈਨਸ਼ਨ ਹੈ ਜੋ ਉਨ੍ਹਾਂ ਨੂੰ ਮਿਲਦੀ ਸੀ ਪੰਜਾਬ ਵਿਚ ਉਸ ਨੂੰ ਦੁੱਗਣਾ ਕੀਤਾ ਹੈ। (ਥੰਪਿੰਗ) ਇਸ ਦੇ ਨਾਲ ਈ ਪੈਨਸ਼ਨ ਲੈਣ ਵਾਲੇ ਜੋ ਹਨ ਉਨ੍ਹਾਂ ਨੂੰ ਦੀ ਸਹੂਲਤ ਵਾਸਤੇ ਡਿਸਟ੍ਰਿਕਟ ਹੈਡਕੁਆਟਰਜ਼ ਤੇ ਇੰਤਜ਼ਾਮ ਕੀਤਾ ਹੈ। ਡਿਸਟ੍ਰਿਕਟ ਹੈਡਕੁਆਟਰਜ਼ ਤੇ ਹੀ ਉਨ੍ਹਾ ਨੂੰ ਹੁਣ ਬੈਨੀਫਿਟ ਮਿਲੇਗਾ। ਬਾਕੀ ਅਨਇੰਪਲਾਇਮੈਂਟ ਦੇ ਬਾਰੇ ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ।

ਇਸ ਦੇ ਨਾਲ ਹੀ ਆਖਿਰ ਵਿਚ ਮੈਂ ਦੋ ਗੱਲਾਂ ਹੋਰ ਅਰਜ਼ ਕਰਨੀਆਂ ਚਾਹੁੰਦਾ ਹਾਂ। ਟਰਾਂਸਪੋਰਟ ਦੇ ਬਾਰੇ ਬਹੁਤ ਜ਼ਿਆਦਾ ਇਨ੍ਹਾਂ ਨੇ ਕਿਹਾ। ਜੇ ਇਨ੍ਹਾਂ ਨੂੰ ਮਨਜ਼ੂਰ ਹੋਵੇ, ਜੇ ਆਪੋਜ਼ੀਸ਼ਨ ਨੂੰ ਮਨਜ਼ੂਰ ਹੋਵੇ, ਤਾਂ ਮੈਂ ਗਲਬਾਤ ਕਰਨ ਲਈ ਤਿਆਰ ਹਾਂ। ਅੱਜ ਗੱਲ ਕਰਨੀ ਹੈ ਅੱਜ ਕਿਸੇ ਵੇਲੇ ਕਰ ਲਓ, ਕੱਲ੍ਹ ਕਰਨੀ ਹੈ, ਕੱਲ੍ਹ ਕਿਸੇ ਵੇਲੇ ਕਰ ਲਓ। (ਵਿਘਨ) (ਥੰਪਿੰਗ) ਮੈਂ ਜੋ ਕੁਝ ਸੁਣਿਆ ਹੈ ਉਹ ਇਹੀ ਹੈ ਜੋ ਆਪੋਜ਼ੀਸ਼ਨ ਦੇ ਲੀਡਰ ਦਾ ਬਿਆਨ ਹੈ ਉਹ ਇਹੀ ਹੈ ਕਿ ਸਾਨੂੰ ਸਮਾਂ ਦੇ ਕੇ ਸਾਡੇ ਨਾਲ ਗੱਲ ਬਾਤ ਕਰ ਲੈਣ। ਮੈਂ ਸਮਾਂ ਦਿੰਦਾ ਹਾਂ। ਅੱਜ ਕਿਸੇ ਵੇਲੇ ਗੱਲ ਕਰ ਲੈਣ, ਸਵੇਰੇ ਕਰ ਲੈਣ।

ਇਕ ਆਵਾਜ਼ : ਕੋਈ ਟਾਈਮ ਫਿਕਸ ਕਰ ਦਿਓ। (ਵਿਘਨ)

ਮੁੱਖ ਮੰਤਰੀ ਮੈਂ ਟਰਾਂਸਪੋਰਟ ਬਾਰੇ ਜ਼ਿਕਰ ਕਰਨਾ ਚਾਹੁਦਾ ਹਾਂ ਕਿਉਂਕਿ ਇਸ ਤੇ ਬਹੁਤ ਡਿਸਕਸ਼ਨ ਹੋ ਚੁੱਕੀ ਹੈ, ਉਹ ਗੱਲਾਂ ਨਾ ਮੈਨੂੰ ਫਬਦੀਆਂ ਹਨ ਅਤੇ ਨਾ ਹੀ ਮੇਰੀ ਜ਼ਬਾਨ ਖੁਲ੍ਹੇਗੀ।

[ਮੁੱਖ ਮੰਤਰੀ]

(ਵਿਘਨ) ਮੈਂ ਉਸ ਮੀਟਿੰਗ ਵਿਚ ਪੁੱਛਾਂਗਾ ਕਿਉਂਕਿ ਇਹ ਕਹਿੰਦੇ ਹਨ ਕਿ ਜਿਥੋਂ ਮਰਜ਼ੀ ਘਟਾਓ । 70 ਕਰੋੜ ਰੁਪਏ ਦਾ ਘਾਟਾ ਇਹ ਛੱਡ ਗਏ ਹਨ ਉਹ ਵੀ ਸਾਡੇ ਤੇ ਹੈ । (ਵਿਘਨ)

ਇਕ ਆਵਾਜ਼ : ਦਿੱਲੀ ਵਾਲੇ ਬਹੁਤ ਲੁੱਟਦੇ ਹਨ ਉਨ੍ਹਾਂ ਤੋਂ ਲਓ ।

ਮੁੱਖ ਮੰਤਰੀ : ਸ਼ੈਲਰਾਂ ਤੋਂ ਕੁਝ ਨਹੀਂ ਲੁੱਟਦੇ । (ਵਿਘਨ) ਡਿਪਟੀ ਚੇਅਰਮੈਨ, ਪਲਾਨਿੰਗ ਕਮਿਸ਼ਨ ਦੇ ਪਾਸ ਗਏ। 1979 ਦੇ ਵਿਚ ਉਨ੍ਹਾਂ ਦੇ ਨਾਲ ਗੱਲ ਕੀਤੀ । (ਵਿਘਨ) ਆਰ.ਬੀ. ਆਈ. ਨਾਲ ਕੀਤੀ ਗਈ ਸੀ। ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਕਿਹਾ ਕਿ ਬੱਸ ਫੇਅਰ ਵਧਾਓ। (ਵਿਘਨ) ਇਨ੍ਹਾਂ ਦੇ ਪੱਖ ਦੀ ਗੱਲ ਦਸਣਾ ਚਾਹੁੰਦਾ ਹਾਂ ਜੋ ਇਨ੍ਹਾਂ ਨੇ ਕੀਤੀ ਹੈ । ਇਹ ਦਿਲੋਂ ਤਾਂ ਮੰਨਦੇ ਹਨ ਕਿ ਠੀਕ ਹੈ, ਐਸੀ ਕੋਈ ਗੱਲ ਨਹੀਂ ਲੇਕਿਨ ਆਪੋਜ਼ੀਸ਼ਨ ਵਿਚ ਹਨ ਇਸ ਕਰਕੇ ਅਪੋਜ਼ ਕਰਨਾ ਜ਼ਰੂਰੀ ਹੈ ਭਾਵੇਂ ਕਿੰਨੀ ਵੀ ਮੁਨਾਸਬ ਗੱਲ ਕੀਤੀ ਗਈ ਹੋਵੇ। ਸਪੀਕਰ ਸਾਹਿਬ, 1978 ਵਿਚ ਗਰੇਡ ਰੀਵਾਈਜ਼ ਹੋਏ ਸੀ ਸਾਰਿਆਂ ਦੇ 57 ਪ੍ਰਤੀਸ਼ਤ ਇਨਕਰੀਜ਼ ਹੋਈ ਹੈ, ਡੀਜ਼ਲ ਦੀ 77.94 ਹੋਈ ਹੈ । ਅਦਾਦੋਸਮਾਰ ਦੱਸਦੇ ਹਨ ਕਿ ਇਨਕਰੀਜ਼ ਹੋਈ ਹੈ । ਬੱਸ ਅੱਡਿਆਂ ਦੀ ਵੀ ਇਨ੍ਹਾਂ ਦੇ ਵੇਲੇ ਦੀ ਹਾਲਤ ਦੇਖ ਲਵੋ, ਵਰਕਸ਼ਾਪਾਂ ਦੀ ਵੀ ਹਾਲਤ ਵੇਖ ਲਓ। ਜੇ ਕਿਸੇ ਵਰਕਸ਼ਾਪ ਵਿਚ ਵਾਸ਼ਿੰਗ ਹੋਣੀ ਹੈ ਤਾਂ ਗਰੀਸਿੰਗ ਕਿਸੇ ਹੋਰ ਥਾਂ ਤੇ ਹੁੰਦੀ ਸੀ। ਇਹ ਤਾਂ ਇਨ੍ਹਾਂ ਦੇ ਵੇਲੇ ਵਰਕਸ਼ਾਪਾਂ ਦੀ ਹਾਲਤ ਸੀ ? (ਥੰਪਿਗ) (ਵਿਘਨ) ਦੂਸਰੇ ਨੂੰ ਕਹਿਣ ਦੀ ਬਜਾਏ ਪਹਿਲਾਂ ਤੁਸੀਂ ਆਪ ਦੇਖੋ ਕਿ ਤੁਸੀਂ ਕੀ ਕਰਦੇ ਹੋ। ਇਸ ਸਾਲ 5 ਕਰੋੜ ਰੁਪਿਆ ਅਸੀਂ ਖਰਚ ਕਰਨਾ ਹੈ । ਅਸੀਂ 800 ਬੱਸਾਂ ਇਸ ਸਾਲ ਵਿਚ ਲੈਣੀਆਂ ਹਨ ਔਰ ਅਜੇ ਤੱਕ 440 ਪਹੁੰਚ ਚੁੱਕੀਆਂ ਹਨ। ਇਨ੍ਹਾਂ ਨੇ 553 ਵੇਚੀਆਂ ਜਿਹੜੀਆਂ ਕਿ ਲੋਕਾਂ ਨੇ ਲਈਆਂ। ਲਈਆਂ ਕਿਨ੍ਹਾਂ ਨੇ, ਜਿਹੜੇ ਦੂਜੇ ਬੰਦੇ ਟਰਾਂਸਪੋਰਟ ਚਲਾਉਂਦੇ ਹਨ। ਉਹ ਉਨ੍ਹਾਂ ਬੱਸਾਂ ਨੂੰ ਦਰੁੱਸਤ ਕਰਾ ਕੇ ਅਜੇ ਤੱਕ ਚਲਾਈ ਜਾਂਦੇ ਹਨ ਔਰ ਉਹ ਚਲ ਸਕਦੀਆਂ ਸਨ । ਪਰ ਇਨ੍ਹਾਂ ਦੀ ਤਾਂ ਕੋਈ ਵਰਕਸ਼ਾਪ ਹੀ ਨਹੀਂ ਸੀ ਇਹ ਕਿਥੇ ਰਿਪੇਅਰ ਕਰਦੇ। ਅਸੀਂ 296 ਬੱਸਾਂ ਠੀਕ ਕਰ ਸਕੇ ਹਾਂ ਅਜੇ 368 ਪਈਆਂ ਹਨ । ਇਸ ਤਰ੍ਹਾਂ ਬੱਸਾਂ ਦਰੁੱਸਤ ਕਰਨ ਲਈ 27 ਵਰਕਸ਼ਾਪਸ ਪੰਜਾਬ ਰੋਡਵੇਜ਼ ਲਈ ਹਨ ਉਨ੍ਹਾਂ ਤੇ ਡੇਢ ਕਰੋੜ ਰੁਪਿਆ ਖ਼ਰਚ ਆਉਣਾ ਹੈ । ਅਸੀਂ ਇਸ ਕੋਸ਼ਿਸ਼ ਵਿਚ ਹਾਂ ਕਿ ਜਿੰਨਾਂ ਵੀ ਵੇਸਟ ਹੈ ਉਹ ਦਰੁੱਸਤ ਹੋਵੇ । (ਵਿਘਨ) ਸਰਕਾਰ ਇਸ ਗੱਲ ਤੇ ਵੀ ਖੜ੍ਹੀ ਹੈ ਕਿ ਇਸ ਦੀ ਪੂਰੀ ਨੈਸ਼ਨਾਲਾਈ-ਜ਼ੇਸ਼ਨ ਕੀਤੀ ਜਾਵੇ। (ਥੰਪਿੰਗ) ਮੈਂ ਪਹਿਲਾਂ ਵੀ ਕਿਹਾ ਸੀ ਅਤੇ ਹੁਣ ਵੀ ਕਹਿੰਦਾ ਹਾਂ ਕਿ ਅਸੀਂ ਕਰਾਂਗੇ। ਸਪੀਕਰ ਸਾਹਿਬ, ਅਸੀਂ 1200 ਬੱਸਾਂ ਨਵੀਆਂ ਲਿਆਉਣੀਆਂ ਹਨ ਉਨ੍ਹਾਂ ਵਿਚੋਂ ਕੁਝ ਬੱਸਾਂ ਪੈਪਸੂ ਰੋਡਵੇਜ ਦੀਆਂ ਹਨ ਅਤੇ 850 ਦੇ ਕਰੀਬ ਸਾਡੀਆਂ । ਔਰ ਜਿਹੜੀ ਰੋਡਵੇਜ਼ ਦੀ ਲੀਕੇਜ਼ ਹੈ ਉਸ ਨੂੰ ਵੀ ਬੰਦ ਕਰਾਂਗੇ । ਇਹ ਜਿਹੜੀਆਂ ਬਸਾਂ ਆਉਣੀਆਂ ਹਨ ਇਹ ਲੋਕਾਂ ਦੀ ਵੈਲਫੇਅਰ ਅਤੇ ਯੁਟੀਲਿਟੀ ਵਾਸਤੇ ਹਨ । ਸਪੀਕਰ ਸਾਹਿਬ, ਜੋ ਲੋਕ ਫਾਇਨਾਂਸ ਦੇ ਮਾਹਿਰ ਹਨ ਔਰ ਜੋ ਲੋਕ ਫਾਇਨਾਂਸ ਮਨਿਸਟਰ ਰਹਿ ਚੁੱਕੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਪੈਸਾ ਜਿਹੜਾ ਆਉਂਦਾ ਹੈ ਉਹ ਇਕ ਜਨਰਲ ਫੰਡ ਵਿਚ ਚਲਾ ਜਾਂਦਾ ਹੈ । ਅਸੀਂ 11 ਕਰੋੜ ਰੁਪਿਆ ਦਿਤਾ ਹੈ ਔਰ ਪੰਜ ਕਰੋੜ ਰੁਪਿਆ ਚਾਲੂ ਸਾਲ ਵਿਚ ਆਉਣਾ ਹੈ ਤਾਕਿ ਉਹ ਆਪਣੀ ਵਰਕਸ਼ਾਪਸ ਠੀਕ ਕਰ ਲੈਣ ।

ਆਖਿਰ ਵਿਚ, ਮੈਂ ਅਰਜ਼ ਕਰਾਂਗਾ ਕਿ ਕਈ ਸਜਣਾਂ, ਨੇ ਮੈਂ ਉਨ੍ਹਾਂ ਦਾ ਨਾਉਂ ਨਹੀਂ ਲੈਂਦਾ,

ਕਿ ਤੁੇਂਕਿ ਤੁਹ ਖੜ੍ਹੇ ਹੋ ਜਾਂਦੇ ਹਨ, ਕਾਫ਼ੀ ਕੁਝ ਕਿਹਾ ਹੈ । ਇਥੇ ਸਰਵਿਸਜ਼ ਬਾਰੇ ਜ਼ਿਕਰ ਕੀਤਾ ਗਿਆ ਹੈ ਜੇਕਰ ਨਾ ਕਰਦੇ ਤਾਂ ਚੰਗੀ ਗੱਲ ਸੀ, ਪਰ ਚੂੰਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਹਿ ਦਿਤਾ ਸੀ ਇਸ ਲਈ ਮੈਂ ਕਹਿ ਦੇਣਾ ਮੁਨਾਸਬ ਸਮਝਦਾ ਹਾਂ। ਹਰ ਕੋਈ ਸਿਆਣਾ ਬੰਦਾ ਸੋਚੇਗਾ ਕਿ ਅਸੀਂ ਐਸੀ ਗਲ ਕਰਕੇ ਸਰਵਿਸਿਜ਼ ਦੀ ਸਰਵਿਸ ਕਰ ਰਹੇ ਹਾਂ ਜਾਂ ਉਨ੍ਹਾਂ ਨੂੰ ਦੋਫਾੜ ਕਰ ਰਹੇ ਹਾਂ। ਮੈਂ ਕਹਿੰਦਾ ਹਾਂ ਕਿ ਕਮਿਊਨਲ ਬੇਸਿਜ਼ ਤੇ ਐਸੀਆਂ ਗੱਲਾਂ ਕਹਿਣੀਆਂ ਨਹੀਂ ਚਾਹੀਦੀਆਂ। ਸਾਡੀ ਸਰਕਾਰ ਦੀ ਸਪੱਸ਼ਟ ਪਾਲਿਸੀ ਹੈ ਕਿ ਜਿਥੇ ਜਿਥੇ ਕੋਈ ਚੰਗਾ ਕੰਮ ਕਰ ਸਕਦਾ ਹੈ ਬਗੈਰ ਇਸ ਗੱਲ ਦੇ ਕਿ ਉਹ ਪਗੜੀ ਵਾਲਾ ਹੈ ਜਾਂ ਪਗੜੀ ਵਾਲਾ ਨਹੀਂ ਹੈ ਕਿਸੇ ਜ਼ਾਤ ਜਾਂ ਬਰਾਦਰੀ ਦਾ ਧਿਆਨ ਕੀਤੇ ਬਿਨਾਂ ਲਾਇਆ ਗਿਆ ਹੈ । ਮੈਂ ਕਹਿੰਦਾ ਹਾਂ ਕਿ ਐਸੀ ਚੀਜ਼ਾਂ ਨੂੰ ਡਿਸਕਸ਼ਨ ਦਾ ਬੇਸਿਜ਼ ਨਹੀਂ ਬਣਾਉਣਾ ਚਾਹੀਦਾ। ਇਸ ਹਾਊਸ ਨੂੰ ਇਸ ਗੱਲ ਤੇ ਡਿਵੀਜ਼ਨ ਨਾ ਦਿਓ । ਸਾਨੂੰ ਇਸ ਗਲ ਲਈ ਝਗੜਨਾ ਚਾਹੀਦਾ ਹੈ ਕਿ ਕਿਹੜਾ ਐਫੀਸੈਂਟ ਹੈ ਅਤੇ ਕਿਹੜਾ ਨਹੀਂ। (ਵਿਘਨ)

ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ। ਫਾਲੋ-ਅੱਪ ਐਕਸ਼ਨ ਵਾਸਤੇ । ਸਾਰੇ ਆਨਰੇਬਲ ਮੈਂਬਰਜ਼ ਨੂੰ ਸਦਿਆ ਸੀ, ਸਾਰੇ ਅਫਸਰ ਔਰ ਡਿਸਟ੍ਰਿਕਟ ਵਾਈਜ਼ ਸਾਰੇ ਐਮ.ਐਲ.ਏਜ਼. ਨੂੰ ਵੀ ਬੁਲਾਇਆ ਸੀ ਅਤੇ ਕਿਹਾ ਕਿ ਜੋ ਚੀਜ਼ ਅਸੀਂ ਕਰ ਸਕਦੇ ਹਾਂ ਚਾਲੂ ਸਾਲ ਵਿਚ ਵੀ, ਔਰ ਆਉਣ ਵਾਲੇ ਸਾਲ ਵਿਚ ਵੀ, ਜੋ ਕੁਝ ਹੋ ਸਕਦਾ ਹੈ ਸਭ ਨੂੰ ਸੁਣ ਕੇ ਕਰਾਂਗੇ । ਕਿਥੇ ਸਕੂਲ ਖੋਹਲ ਜਾ ਸਕਦੇ ਹਨ। ਸੜਕਾਂ ਦਾ ਮਸਲਾ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਗਲਾਂ ਹਨ ਜਿਹੜੀਆਂ ਠੀਕ ਹਨ ਅਸੀਂ ਲਾਜ਼ਮੀ ਤੌਰ ਤੇ ਕਰਾਂਗੇ। ਆਉਣ ਵਾਲੇ 340 ਕਰੋੜ ਰੁਪਏ ਦੇ ਬਜਟ ਵਿਚ ਇਸ ਦੀ ਇੰਪਲੀਮੈਂਟੇਸ਼ਨ ਕੀਤੀ ਜਾ ਸਕਦੀ ਹੈ । ਅਸੀਂ ਚਾਹੁੰਦੇ ਹਾਂ ਕਿ ਆਨੈਸਟਲੀ ਲੋਕਾਂ ਦੀ ਜ਼ਿਆਦਾ ਤੋਂ ਜ਼ਿਆਦਾ ਮਦਦ ਕੀਤੀ ਜਾਵੇ। ਇਸ ਦੇ ਨਾਲ ਹੀ ਕਨਸਲਟੇਟਿਵ ਕਮੇਟੀਆਂ ਹਨ ਜਿਹੜੀਆਂ ਡਿਪਾਰਟਮੈਂਟ ਨੂੰ ਰਾਇ ਦੇ ਸਕਦੀਆਂ ਹਨ । ਸਪੀਕਰ ਸਾਹਿਬ, ਮੈਂ ਆਪਣੇ ਪੇਪਰਜ਼ ਨਾਲ ਜਸਟੀਫਿਕੇਸ਼ਨ ਨਹੀਂ ਕਰ ਸਕਿਆ ਮੈਂ ਵਾਈਂਡ ਅਪ ਕਰਨ ਲਗਾ ਹਾਂ। ਹਾਊਸ ਵਿਚ ਇਕ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਕਾਫੀ ਕੁਝ ਗੱਲਾਂ ਕਹੀਆਂ ਗਈਆਂ ਜਿਹੜੀਆਂ ਕਿ ਨਹੀਂ ਕਰਨੀਆਂ ਚਾਹੀਦੀਆਂ। ਬੋਲਣ ਵਿਚ ਕਿਹਾ ਗਿਆ ਔਰ ਕਈ ਐਸੀਆਂ ਗੱਲਾਂ ਵੀ ਕਹੀਆਂ ਗਈਆਂ ਜਿਹੜੀਆਂ ਕਿ ਮੈਂ ਵੀ ਕਹਿ ਸਕਦਾ ਹਾਂ ਕਿ ਮੁਹੰਮਦ ਤੁਗ਼ਲਕ ਉਹ ਹਨ ਔਰ ਅਗਰ ਉਨ੍ਹਾਂ ਨੂੰ ਇਸ ਗੱਲ ਨਾਲ ਰਾਹਤ ਮਿਲਦੀ ਹੈ ਤਾਂ ਮੈਂ ਵੀ ਕਹਿ ਦਿੰਦਾ ਹਾਂ। (ਵਿਘਨ)

ਇਕ ਆਵਾਜ਼: ਮੈਂ ਤਾਂ ਕਿਹਾ ਸੀ ਕਿ ਮੁਹੰਮਦ ਤੁਗ਼ਲਕ ਦੀ ਯਾਦ ਤਾਜ਼ਾ ਕਰ ਦਿਤੀ ਹੈ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਬੈਠਣ ਤੋਂ ਪਹਿਲਾਂ, ਮੈਂ ਇਕ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੀ ਵਾਜ਼ੇਹ ਪਾਲਿਸੀ ਹੈ ਜਿਹੜੀ ਕਿ ਮੈਂ ਇਸ ਹਾਊਸ ਵਿਚ ਡਿਕਲੇਅਰ ਕਰਦਾ ਹਾਂ ਔਰ ਉਸ ਨੂੰ ਅਸੀਂ ਇੰਪਲੀਮੈਂਟ ਕਰਾਂਗੇ। ਅਸੀਂ ਹੈਵਜ਼ ਦੀ ਮਦਦ ਨਹੀਂ ਕਰਨੀ ਅਸੀਂ ਹੈਵਨੌਟ ਦੀ ਮਦਦ ਕਰਾਂਗੇ। ਚਾਹੇ ਟੈਕਸੇਸ਼ਨ ਪਾਲਿਸੀ ਹੋਵੇ ਜਾਂ ਕੋਈ ਹੋਰ ਖੇਤਰ ਹੋਵੇ। ਜਿਸ ਦੇ ਕੋਲ ਜ਼ਿਆਦਾ ਹੈ ਉਸ ਦੇ ਕੋਲੋਂ ਜ਼ਿਆਦਾ ਲਵਾਂਗੇ ਔਰ ਜਿਸਦੇ ਕੋਲ ਘੱਟ ਹੈ ਉਸ ਕੋਲੋਂ ਘੱਟ ਲਵਾਂਗੇ। ਸਪੀਕਰ ਸਾਹਿਬ, ਇਹ ਜਿਹੜਾ ਮਤਾ ਸ੍ਰੀ ਯਸ਼ ਜੀ ਨੇ ਪੇਸ਼ ਕੀਤਾ ਹੈ ਅਤੇ ਸਰਦਾਰ ਜਗਦੇਵ ਸਿੰਘ ਜਸੋਵਾਲ ਨੇ ਸੈਕੰਡ ਕੀਤਾ ਹੈ ਇਸ ਨੂੰ ਪਾਸ ਕੀਤਾ ਜਾਵੇ।

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਬਹੁਤ ਅੱਛੀ

[ਸਰਦਾਰ ਬਲਵੰਤ ਸਿੰਘ]

ਔਰ ਬਾਦਲੀਲ ਸਪੀਚ ਦਿਤੀ ਹੈ । ਉਨ੍ਹਾਂ ਨੇ ਰਿਜਰਵ ਬੈਂਕ ਦਾ ਰੈਫਰੈਂਸ ਦਿਤਾ ਹੈ ਅਤੇ ਕਿਹਾ ਹੈ ਕਿ ਅਲਟੀਮੇਟਲੀ ਇਸ ਦਾ ਇਫੈਕਟ ਇਨਫਲੇਟੋਰੀ ਹੈ । (ਵਿਘਨ)

ਮੁੱਖ ਮੰਤਰੀ : ਮੈਂ ਕਿਹਾ ਹੈ ਕਿ ਮੈਂ ਇਸ ਨੂੰ ਕਨਸਿਡਰ ਨਹੀਂ ਕਰਦਾ, ਸਬਸਕਰਾਈਬ ਨਹੀਂ ਕਰਦਾ । (ਵਿਘਨ)

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਕਲੈਰੀਫਿਕੇਸ਼ਨ ਚਾਹੁੰਦਾ ਹਾਂ। ਇਹ ਠੀਕ ਹੈ ਇਨ੍ਹਾਂ ਨੇ ਕਹਿ ਦਿਤਾ ਕਿ ਉਹ ਸੱਬਸਕਰਾਈਬ ਨਹੀਂ ਕਰਨਾ ਚਾਹੁੰਦੇ ਇਹ ਗੌਰਮਿੰਟ ਦੇ ਹਿਤ ਵਿਚ ਹੈ । ਮੈਂ ਕਹਿੰਦਾ ਹਾਂ ਕਿ ਇਹ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੇ ਮੈਂਬਰ ਹਨ ਇਸ ਲਈ ਮੈਂ ਸਮਝਦਾ ਹਾਂ ਕਿ ਇਹ ਇਕ ਰੈਲੇਵੈਂਟ ਇਸ਼ੂ ਹੈ ਕਿ ਸਾਡੀ ਪਾਲਿਸੀ ਐਕਸੈਸਿਵ ਪ੍ਰੋਟੈਕਸ਼ਨ ਆਫ ਇੰਡਸਟਰੀ ਦੀ ਜਿਹੜੀ ਹੈ ਜਿਸ ਨੂੰ ਅਸੀਂ ਹਾਈ ਟੈਰਿਫ ਦੁਆਰਾ ਇੰਪਲੀਮੈਂਟ ਕਰਦੇ ਹਾਂ ਇੰਡਸਟਰੀ ਵਾਸਤੇ ਕੀ ਉਹ ਇਨਫਲੈਟੇਟਰੀ ਹੈ ਜਾਂ ਨਹੀਂ ?

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਗੰਭੀਰ ਮਸਲੇ ਤੇ ਬੋਲਦਿਆਂ ਕਿਹਾ ਕਿ ਪੰਜਾਬ ਨੂੰ 139 ਕਰੋੜ ਰੁਪਏ ਦਾ ਫਾਇਦਾ ਦਿਤਾ ਹੈ । 1.99 ਲਖ ਟਨ, ਜਿਹੜੀ ਇਨ੍ਹਾਂ ਦੇ ਸਮੇਂ ਹੋਈ ਉਸ ਦਾ ਰੇਟ 105 ਦਿੱਤਾ ਹੈ । ਬਾਕੀ ਤਾਂ 95 ਰੁਪਏ ਹੋ ਗਈ । ਕਿਸਾਨ ਨੂੰ ਫਾਇਦਾ ਹੋਇਆ ਸਿਰਫ 10 ਰੁਪਏ ਦਾ ਅਤੇ ਇਹ ਜਿਹੜਾ ਇਨ੍ਹਾਂ ਨੇ 120 ਕਰੋੜ ਕਿਹਾ ਹੈ ਫਾਇਦਾ ਹੋਇਆ ਹੈ ਇਹ ਤਾਂ ਪੂਰੀ ਲਾਗਤ `ਲਾ ਦਿਤੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਸਮਝ ਵਿਚ ਨਹੀਂ ਆਇਆ । ਮੈਂ ਇਹ ਕਿਹਾ ਸੀ ਕਿ ਝੋਨੇ ਦੀ 1.9 ਲੱਖ ਕੁਇੰਟਲ ਇਨਕਰੀਜ਼ ਹੋਈ ਹੈ ਅਤੇ ਇਸ ਹਿਸਾਬ ਨਾਲ 20 ਕਰੋੜ ਰੁਪਿਆ ਉਨ੍ਹਾਂ ਨੂੰ ਮਿਲਿਆ ਹੈ ।

ਸ੍ਰੀ ਸਪੀਕਰ : ਹੁਣ ਕਲੈਰੀਫਿਕੇਸ਼ਨ ਕੋਈ ਨਾ ਲਵੇ। ਹਾਊਸ ਦਾ ਸਮਾਂ ਹੋਣ ਵਾਲਾ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਮੈਂਬਰਜ਼ ਦਾ ਰਾਈਟ ਹੈ । ਉਨ੍ਹਾਂ ਨੂੰ ਪੁਛਣ ਦਿਓ। ਮੈਂ ਵੀ ਇਕ ਦੋ ਕਲੈਰੀਫਿਕੇਸ਼ਨਜ਼ ਲੈਣੀਆਂ ਹਨ। ਚੀਫ ਮਨਿਸਟਰ ਸਾਹਿਬ ਦਸਣ ਕਿ ਕੀ ਇਹ ਫੋਕਲ ਪੁਆਇੰਟ, 25 ਬੈੱਡ ਦੇ ਹਸਪਤਾਲ, ਪਨਸਪ ਦੀਆਂ ਦੁਕਾਨਾਂ ਅਤੇ ਆਦਰਸ਼ ਸਕੂਲਾਂ ਦੀਆਂ ਸਕੀਮਾਂ ਹਨ ਇਨ੍ਹਾਂ ਨੂੰ ਕੰਟੀਨਿਊ ਕਰਨਗੇ ਜਾਂ ਬੰਦ ਕਰ ਦੇਣਗੇ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਅਸੀਂ ਇਥੇ ਪੰਜਾਬ ਦੇ ਹਿੱਤ ਦੇ ਵਾਸਤੇ ਗਲ ਕਰਨੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ (ਸ੍ਰੀ ਰਾਮ ਸਵਰੂਪ ਬਾਗੀ ਵਲੋਂ ਵਿਘਨ) ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਹ ਥਰਮਲ ਪਲਾਂਟ ਦੀ ਸੈਂਕਸ਼ਨ ਲੈ ਕੇ ਆਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀਆਂ ਫਿਜ਼ੀਕਲ ਰਿਪੋਰਟਾਂ ਕਿਹੜੀ ਸਰਕਾਰ ਵੇਲੇ ਗਈਆਂ ਅਤੇ ਸੈਂਕਸ਼ਨ ਕਿਹੜੀ ਗੌਰਮਿੰਟ ਵੇਲੇ ਆਈ ।

(ਇਸ ਵੇਲੇ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਰਾਮ ਲਾਲ ਚਿੱਟੀ ਅਤੇ ਸ੍ਰੀ ਰਾਮ ਸਵਰੂਪ ਬਾਗੀ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ।)

ਸ੍ਰੀ ਸਪੀਕਰ : ਸੁਖਜਿੰਦਰ ਸਿੰਘ ਜੀ, ਤੁਸੀਂ ਹੁਣ ਬੈਠ ਜਾਓ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇਕ ਪੁਆਇਟ ਆਫ ਆਰਡਰ ਰੇਜ਼ ਕਰਨਾ ਹੈ। ਚੀਫ ਮਨਿਸਟਰ ਸਾਹਿਬ ਨੇ ਇਕ ਸਟੇਟਮੈਂਟ ਦਿਤੀ ਹੈ। ਇਸਦੇ ਵਿਚੋਂ ਕਈ ਪੁਆਇਟ ਨਿਕਲਦੇ ਹਨ ਜਿਹੜੇ ਕਿ ਆਨਰੇਬਲ ਮੈਂਬਰਾਂ ਨੇ ਪੁੱਛਣੇ ਹਨ। ਮੈਂਬਰ, ਚੀਫ ਮਨਿਸਟਰ ਤੋਂ ਕਲੈਰੀ ਫਿਕੇਸ਼ਨ ਉਨ੍ਹਾਂ ਪੁਆਇੰਟਾਂ ਤੇ ਮੰਗ ਸਕਦੇ ਹਨ। ਇਹ ਬੜੀ ਪੁਰਾਣੀ ਪਰੰਪਰਾ ਇਸ ਹਾਊਸ ਦੀ ਹੈ। ਇਹ ਕੋਈ ਨਵੀਂ ਗਲ ਨਹੀਂ ਹੈ। ਜੇ ਆਨਰੇਬਲ ਮੈਂਬਰ ਪੁਆਇੰਟ ਆਫ ਕਲੈਰੀਫਿਕੇਸ਼ਨ ਮੰਗਦੇ ਹਨ ਤਾਂ ਟਰੈਜ਼ਰੀ ਬੈਂਚਾਂ ਵਲੋਂ ਇਤਨਾ ਰਲਾ ਪਾਇਆ ਜਾ ਰਿਹਾ ਹੈ। ਇਹ ਮਾੜੀ ਗੱਲ ਹੈ। ਮੈਂ ਵੀ ਇਕ ਪਰਟੀਨੈਂਟ ਸੁਆਲ ਪੱਛਣਾ ਹੈ।

ਸ੍ਰੀ ਸਪੀਕਰ : ਸੁਖਜਿੰਦਰ ਸਿਘ ਜੀ, ਤੁਸੀਂ ਪੁੱਛ ਲਓ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਾਫੀ ਵਡ ਐਗਰੀਕਲਚਰਲ ਪ੍ਰਾਈਸਿਜ਼ ਦੇ ਬਾਰੇ ਬਿਆਨ ਦਿੱਤਾ ਹੈ। ਉਨ੍ਹਾਂ ਨੇ ਕਾਫੀ ਅੰਕੜੇ ਪੇਸ਼ ਕੀਤੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ 1 ਅਰਬ ਰੁਪਿਆ ਜ਼ਿਮੀਂਦਾਰਾਂ ਨੂੰ ਫਾਇਦਾ ਹੋਵੇਗਾ. .

Finance Minister (Doctor Kewal Krishan) Sir, Rule 104 of the Rules of Procedure and Conduct of Business in the Punjab Vidhan Sabha (Punjab Legislative Assembly) reads as under:—

> "When for the purpose of explanation during discussion or for any other sufficient reason, any member has occasion to ask a question of another member or a Minister on any matter then under consideration of the Vidhan Sabha (Assembly), he shall, if permitted by the Speaker, ask the question after the Member/Minister who is speaking, concludes his speech

ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਸਵਾਲ ਪੁੱਛ ਲਏ ਹਨ। ਪਰ ਸਰਦਾਰ ਸੁਖਜਿੰਦਰ ਸਿੰਘ ਤਾਂ ਲੰਬੀ ਸਪੀਚ ਹੀ ਕਰਨ ਲਗ ਪਏ ਹਨ। ਪੁਆਇੰਟ ਆਫ ਕਲੈਰੀਫਿਕੇਸ਼ਨ ਦਾ ਇਹ ਮਕਸਦ ਨਹੀਂ ਹੈ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਇਸ ਗਲ ਦਾ ਸਪੱਸ਼ਟੀਕਰਣ ਦੇਣ ਕਿ ਜ਼ਿਮੀਂਦਾਰਾਂ ਨੂੰ ਜਿਹੜੇ ਫਸਲਾਂ ਦੇ ਭਾਅ ਮਿਲੇ ਹਨ ਕੀ ਇਹ ਰੈਮੁਨਰੇਟਿਵ ਹਨ ਜਾਂ ਨਹੀਂ ਹਨ ?

ਸਰਦਾਰ ਹਰਚਰਨ ਸਿੰਘ ਹੀਰੋ ; ਆਨ ਏ ਪੁਆਇਟ ਆਫ ਕਲੈਰੀਫਿਕੇਸ਼ਨ, ਸਰ।

EXTENSION OF TIME OF THE SITTING

Mr. Speaker: Is it the pleasure of the House that the time of the sitting of the House be extended by 10 minutes

Voices: Yes, yes.

Mr. Speaker: The time of the sitting of the House is extended by another 10 minutes

---

DISCUSSION ON GOVERNOR'S ADDRESS (*RESUMPTION*)

ਮੁਖ ਮੰਤਰੀ: ਸਪੀਕਰ ਸਾਹਿਬ, ਜੋ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਸਵਾਲ ਉਠਾਏ

[ਮੁੱਖ ਮੰਤਰੀ]

ਮੈਂ ਉਨ੍ਹਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ। ਇਕ ਫੋਕਲ ਪੁਆਇੰਟਾਂ ਦੇ ਬਾਰੇ ਸਵਾਲ ਕੀਤਾ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਨੂੰ ਵੀ ਇਕ ਪੁਆਇਟ ਆਫ ਕਲੈਰੀਫਿਕੇਸ਼ਨ ਕਰ ਲੈਣ ਦਿਓ। ਚੀਫ਼ ਮਨਿਸਟਰ ਸਾਹਿਬ, ਬਾਅਦ ਵਿਚ ਜਵਾਬ ਦੇ ਦੇਣਗੇ।

ਸ੍ਰੀ ਸਪੀਕਰ : ਅੱਛਾ ਜੀ, ਤੁਸੀਂ ਵੀ ਪੁੱਛ ਲਵੋ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਬੜੀ ਇਪਾਰਟੈਂਟ ਸਟੇਟਮੈਂਟ ਦਿੱਤੀ ਹੈ। ਇਹ ਇਸ਼ੂ ਪੰਜਾਬ ਦਾ ਬਰਨਿੰਗ ਇਸ਼ੂ ਹੈ। ਇਨ੍ਹਾਂ ਨੇ ਹਾਊਸ ਵਿਚ ਆਫਰ ਦਿੱਤੀ ਹੈ ਕਿ ਮੈਂ ਬੱਸ ਦੇ ਫੇਅਰ ਦੀ ਹਾਈਕ ਦੇ ਸਿਲਸਿਲੇ ਵਿਚ ਆਪੋਜ਼ੀਸ਼ਨ ਦੇ ਨਾਲ ਗੱਲਬਾਤ ਕਰਨ ਲਈ ਅੱਜ ਵੀ ਤਿਆਰ ਹਾਂ ਅਤੇ ਕੱਲ ਵੀ ਤਿਆਰ ਹਾਂ। ਜਦੋਂ ਵੀ ਇਨ੍ਹਾਂ ਨੂੰ ਸਿਊਟ ਕਰੇ ਮਿਲ ਲੈਣ। ਮੈਂ ਇਨ੍ਹਾਂ ਤੋਂ ਇਸ ਸਿਲਸਿਲੇ ਵਿਚ ਇਕ ਸਪੱਸ਼ਟੀਕਰਣ ਮੰਗਦਾ ਹਾਂ। ਇਨ੍ਹਾਂ ਦੀ ਆਫਰ ਕਿਸੇ ਚੀਜ਼ ਤੇ ਬੇਸਡ ਹੋਣੀ ਹੈ।

2.00 P. M.

Chief Minister : I would like to say and it should not be discussed. The opposition appealed to me and I have responded to that. (ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਹਾਡੀ ਪਰਧਾਨਗੀ ਵਿਚ ਇਹ ਫੈਸਲਾ ਹੋਇਆ ਸੀ ਤੁਸੀਂ ਉਸ ਫੈਸਲੇ ਨੂੰ ਵੇਖੋ ਔਰ ਹਾਊਸ ਦੀ ਇਕ ਕਮੇਟੀ ਬਣਾ ਦਿਓ ਜੋ ਕਿ ਇਸ ਸਾਰੀ ਚੀਜ਼ ਨੂੰ ਵੇਖੇ। (ਵਿਘਨ)

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਮੈਂ ਪਾਰਟੀਕੁਲਰ ਇਲਜ਼ਾਮ ਲਗਾਏ ਸੀ ਕੁਰੱਪਸ਼ਨ ਦੇ ਮੁਤੱਲਿਕ। ਕੀ ਕੁਰੱਪਸ਼ਨ ਦੀ ਆਈਟਮ ਇਨ੍ਹਾਂ ਨੇ ਛੱਡ ਦਿਤੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਬਾਰੇ ਇਕ ਅੱਖਰ ਵੀ ਨਹੀਂ ਕਿਹਾ। (ਵਿਘਨ)

ਸ੍ਰੀ ਸਪੀਕਰ : ਪਲੀਜ਼ ਤੁਸੀਂ ਬੈਠ ਜਾਓ, ਮੈਂ ਤੁਹਾਨੂੰ ਬੋਲਣ ਲਈ ਅਲਾਓ ਨਹੀਂ ਕਰਦਾ।

ਮੁਖ ਮੰਤਰੀ : ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੇ ਤਿੰਨ ਚਾਰ ਪੁਆਇੰਟ ਉਠਾਏ ਹਨ। ਇਕ ਫੋਕਲ ਪੁਆਇੰਟ ਬਾਰੇ, ਪਨਸਪ ਬਾਰੇ, ਆਦਰਸ਼ ਸਕੂਲਾਂ ਬਾਰੇ ਔਰ 25 ਬੈੱਡ ਹਸਪਤਾਲਾਂ ਦੀ ਸਕੀਮ ਬਾਰੇ। (ਵਿਘਨ)

(ਵਿਰੋਧੀ ਧਿਰ ਵਲੋਂ ਬੈਠੇ ਬੈਠੇ ਇਕ ਆਵਾਜ਼ : ਹੀਰੋ ਬਾਰੇ ਵੀ ਦੱਸੋ।)

ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਬੈਠੇ ਬੈਠੇ ਬੋਲਣ ਦੀ ਆਦਤ ਛੱਡ ਦਿਓ। ਸੋ, ਮੈਂ ਅਰਜ਼ ਕਰ ਰਿਹਾ ਸੀ ਕਿ ਚਾਰ ਪੁਆਇੰਟ ਇਨ੍ਹਾਂ ਨੇ ਉਠਾਏ ਹਨ ਔਰ ਇਕ ਸਰਦਾਰ ਸੁਖਜਿੰਦਰ ਸਿੰਘ ਹੋਰਾਂ ਨੇ ਰੀਮਊਨਰੇਟਿਵ ਪ੍ਰਾਈਸ ਬਾਰੇ ਉਠਾਇਆ ਹੈ ਕਿ ਰਿਮਿਊਨਰੇਟਿਵ ਪ੍ਰਾਈਸਿਜ਼ ਬਣਦੀਆਂ ਹਨ ਜਾਂ ਨਹੀਂ ਬਣਦੀਆਂ। ਇਕ ਸਰਦਾਰ ਹਰਚਰਨ ਸਿੰਘ ਹੀਰੋ ਨੇ ਕਿਹਾ ਹੈ। (ਵਿਘਨ) (ਆਵਾਜ਼ : ਰਾਜ ਕੁਮਾਰ ਜੀ ਨੇ ਵੀ ਕਿਹਾ ਹੈ।) ਸਪੀਕਰ ਸਾਹਿਬ, ਰਾਜ ਕੁਮਾਰ ਹੋਰਾਂ ਦਾ ਪੁਆਇਟ ਮੈਨੂੰ ਸੁਣਿਆ ਨਹੀਂ ਹੈ, ਮੈਂ ਉਨ੍ਹਾਂ ਦੀ ਗੱਲ ਦਾ ਜਵਾਬ ਨਹੀਂ ਦੇਣਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਨੂੰ ਗੱਲ ਨਹੀਂ ਕਰਨ ਦਿਤੀ ਜੀ। ਮੈਨੂੰ ਹੁਣ ਸੁਣ ਲਓ। (ਵਿਘਨ) ....

ਮੁੱਖ ਮੰਤਰੀ : ਸਪੀਕਰ ਸਾਹਿਬ, ਨਾ ਤਾਂ ਮੈਨੂੰ ਇਨ੍ਹਾਂ ਦੀ ਗੱਲ ਸੁਣੀ ਹੈ ਔਰ ਮੈਂ ਇਥੇ ਜਵਾਬ ਵੀ ਨਹੀਂ ਦੇਣਾ।

ਸਪੀਕਰ ਸਾਹਿਬ, ਅਰਜ਼ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਆਪਣੀ ਸਪੀਚ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਫੋਕਲ ਪੁਆਇੰਟ ਹੁਣ ਵੀ ਚਾਲੂ ਹਨ ਜਾਂ ਨਹੀਂ, ਕੀ ਨਵੇਂ ਫੋਕਲ ਪੁਆਇੰਟ ਜਾਰੀ ਕਰੋਗੇ ਜਾਂ ਨਹੀਂ, ਇਹ ਇਨ੍ਹਾਂ ਨੇ ਕਿਹਾ ਸੀ। ਮੈਂ ਕਹਿੰਦਾ ਹਾਂ ਕਿ ਅੱਧੇ ਪਚਧੇ ਜਿਹੜੇ ਬਣ ਗਏ ਹਨ ਉਨ੍ਹਾਂ ਨੂੰ ਅਬੰਡਨ ਕਰਨ ਦਾ ਸਵਾਲ ਨਹੀਂ ਹੈ। ਜਿਥੇ ਕਿਤੇ ਫੋਕਲ ਪੁਆਇੰਟਸ ਨਾਵਾਜ਼ਬ ਜਗ੍ਹਾ ਤੇ ਹਨ, ਉਨ੍ਹਾਂ ਨੂੰ ਰੀਵਿਊ ਜ਼ਰੂਰ ਕਰਾਂਗੇ। (ਇਕ ਆਵਾਜ਼ : ਕੀ ਸਕੀਮ ਚਾਲੂ ਰਖੋਗੇ ?) ਸਪੀਕਰ ਸਾਹਿਬ, 25 ਬੈੱਡਜ਼ ਹਸਪਤਾਲ ਦੇ ਬਾਰੇ ਗੌਰਮਿੰਟ ਆਫ ਇੰਡੀਆ ਦੀ ਸੰਨ 1973 ਦੀ ਸਕੀਮ ਸੀ, ਇਹ ਕੰਟੀਨਿਊ ਰਹੇਗੀ। 22 ਹਸਪਤਾਲ ਇਸ ਤਰ੍ਹਾਂ ਦੇ ਛੇਤੀ ਹੀ ਅਸੀਂ ਟੇਕ-ਅੱਪ ਕਰਾਂਗੇ।

ਆਦਰਸ਼ ਸਕੂਲਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਆਪਣੇ ਆਪਣੇ ਵਿਊਜ਼ ਹੁੰਦੇ ਹਨ। ਜੇਕਰ ਮੈਨੂੰ ਸਮਝਾ ਦਿਓਗੇ ਤਾਂ ਮੈਂ ਆਪਣੀ ਕੈਬਨਿਟ ਨਾਲ ਗੱਲ ਕਰਕੇ ਕੁਝ ਕਰ ਸਕਦਾ ਹਾਂ। ਪਰ, ਮੈਂ ਸਮਝਦਾ ਹਾਂ ਕਿ ਆਦਰਸ਼ ਸਕੂਲ ਜਿਹੜੇ ਹਨ ਇਹ ਉਨ੍ਹਾਂ ਲੋਕਾਂ ਦੀ ਕਾਢ ਹੈ ਜੋ ਆਦਮੀ ਕੰਪੀਟੀਸ਼ਨਾਂ ਵਿਚ ਗਰੀਬ ਲੋਕਾਂ ਨੂੰ ਪਛਾੜ ਕੇ ਅੱਗੇ ਆਉਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਹਜ਼ਾਰਾਂ ਲੱਖਾਂ ਰੁਪਿਆ ਖਰਚ ਕਰਕੇ, ਗਰੀਬ ਲੋਕਾਂ ਨੂੰ ਪਿੱਛੇ ਸੁੱਟ ਕੇ, ਆਪ ਅੱਗੇ ਆ ਜਾਣ। (ਆਵਾਜ਼ : ਚੰਗੀ ਐਜੂਕੇਸ਼ਨ ਮਿਲਦੀ ਹੈ) ਠੀਕ ਹੈ, ਪਰ ਇਸ ਕਰਕੇ ਹੀ ਅਸੀਂ ਐਜੂਕੇਸ਼ਨ ਕਮਿਸ਼ਨ ਬਨਾਉਣ ਲਗੇ ਹਾਂ ਤਾਕਿ ਐਜੂਕੇਸ਼ਨ ਰਿਫਾਰਮਜ਼ ਇਸ ਢੰਗ ਨਾਲ ਕੀਤੇ ਜਾਣ ਜਿਸ ਨਾਲ ਚੰਗੀ ਐਜੂਕੇਸ਼ਨ ਬੱਚਿਆਂ ਨੂੰ ਦਿਤੀ ਜਾ ਸਕੇ।

ਫਿਰ ਪਨਸਪ ਬਾਰੇ ਕਿਹਾ ਗਿਆ ਹੈ। ਇਹ ਸਕੀਮ ਅਜੇ ਤਾਂ ਚਾਲੂ ਹੈ ਪਰ ਕਿਤਨਾ ਕੁ ਤੁਸੀਂ ਇਸ ਹਾਊਸ ਵਿਚ ਬੈਠਕੇ ਇਸ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਇਹ ਆਪਣੀਆਂ ਰਿਪੋਰਟਾਂ ਪੜ੍ਹਨ, ਇਨ੍ਹਾਂ ਨੇ ਕਿਤਨੀ ਇਸ ਦੀ ਮੁਖਾਲਫਤ ਕੀਤੀ ਹੈ ਕਿ ਪਨਸਪ ਕੁਝ ਨਹੀਂ ਹੈ। ਇਨ੍ਹਾਂ ਸਾਰਿਆਂ ਨੇ ਹੀ ਕਿਹਾ ਹੈ। ਪਰ, ਮੈਂ ਕਹਿੰਦਾ ਹਾਂ ਕਿ ਇਹ ਨਹੀਂ ਕਿ ਸਭ ਕੁਝ ਹੀ ਹਟਾ ਦਿੱਤਾ ਜਾਵੇਗਾ ਕੁਝ ਬਦਲ ਹੋਵੇਗਾ। ਜਿਹੜੇ ਲੋਕ 3600 ਰੁਪਏ ਦੀ ਆਮਦਨ ਦੀ ਜ਼ੱਦ ਵਿਚ ਆ ਗਏ ਹਨ ਉਨ੍ਹਾਂ ਸਾਢੇ 8 ਲੱਖ ਲੋਕਾਂ ਨੂੰ, ਅਸੀਂ ਕਾਰਡ ਬਣਾ ਕੇ ਦੇ ਚੁੱਕੇ ਹਾਂ (ਵਿਘਨ)

ਰੀਮੂਨ੍ਰੇਟਿਵ ਪ੍ਰਾਈਸਿਜ਼ ਦੇ ਬਾਰੇ ਕਿਹਾ ਗਿਆ ਹੈ। ਗੰਨੇ ਦਾ ਭਾਅ ਜਿਹੜਾ ਹੈ ਇਹ 14 ਰੁਪਏ ਇਨ੍ਹਾਂ ਦੇ ਵੇਲੇ ਸੀ ਔਰ ਹੁਣ 23 ਤੋਂ 28 ਰੁਪਏ ਗੰਨਾ ਵਿਕ ਰਿਹਾ ਹੈ। ਇਸ ਤਰ੍ਹਾਂ ਹੀ ਕਾਟਨ ਦਾ ਭਾਅ, ਇਨ੍ਹਾਂ ਦੇ ਵੇਲੇ 260 ਰੁਪਏ ਸੀ ਹੁਣ ਉਹ 450 ਤੋਂ 525 ਰੁਪਏ ਤੱਕ ਵਿਕ ਰਹੀ ਹੈ। ਕੀ ਇਹ ਰੀਮਨ੍ਰੇਟਿਵ ਪ੍ਰਾਈਸ ਨਹੀਂ ਤਾਂ ਹੋਰ ਕੀ ਹੈ ? ਬਾਕੀ ਮੈਨੂੰ ਹਿਸਾਬ ਨਾਲ ਸਮਝਾ ਦਿਓ ਕਿ ਕਿਤਨਾ ਖ਼ਰਚਾ ਆਉਂਦਾ ਹੈ, ਕਿਤਨਾ ਫਰਟੇ-ਲਾਈਜ਼ਰ ਖ਼ਰਚ ਆਉਂਦਾ ਹੈ, ਫਰਟੇਲਾਈਜ਼ਰ ਦੀ ਪ੍ਰਾਈਸ ਹਾਈਕ ਨੂੰ ਵੀ ਮੁੱਖ ਰੱਖ ਲਵੋ, ਹੋਰ ਚੀਜ਼ਾਂ ਵੀ ਵੇਖੋ ਫਿਰ ਮੈਨੂੰ ਸਮਝਾ ਦਿਓ ਤਾਂ ਕੋਈ ਗੱਲ ਬਣਦੀ ਹੈ। ਪਰ ਇਹ ਗੱਲ ਨਹੀਂ ਕਰਦੇ ਇਹ ਤਾਂ ਸਮੁੱਧਾ ਮਾਲ ਚਾਹੁੰਦੇ ਹਨ। ਇਹ ਕਹਿੰਦੇ ਹਨ ਕਿ 20 ਰੁਪਏ ਗੰਨੇ ਦਾ ਭਾਅ ਕਰ ਦਿਓ ਜਿਸ ਵੇਲੇ 20 ਰੁਪਏ ਹੋ ਗਿਆ ਤਾਂ ਕਹਿਣ ਲਗੇ ਨਹੀਂ, 25 ਰੁਪਏ ਕਰ ਦਿਓ, 25 ਰੁਪਏ ਹੋ ਗਿਆ ਤਾਂ

[ਮੁੱਖ ਮੰਤਰੀ]

ਕਹਿ ਦਿੱਤਾ ਨਹੀਂ 28 ਰੁਪਏ ਕਰ ਦਿਓ ਔਰ ਜਦੋਂ 28 ਰੁਪਏ ਗੰਨਾ ਵਿਕਣ ਲਗਾ ਤਾਂ ਕਹਿ ਦਿੱਤਾ ਨਹੀਂ, 30 ਰੁਪਏ ਕਰ ਦਿਓ । ਇਹ ਤਾਂ ਇਸ ਤਰ੍ਹਾਂ ਕਰਦੇ ਹਨ ਜਿਸ ਤਰ੍ਹਾਂ ਕਿ ਕੋਈ ਆਦਮੀ ਬੇਸੁਰਤ ਪਿਆ ਹੁੰਦਾ ਹੈ ਔਰ ਜਦੋਂ ਕਦੀਂ ਉਸ ਨੂੰ ਹੋਸ਼ ਆਉਂਦੀ ਹੈ ਤਾਂ ਉਹ ਕਹਿ ਦਿੰਦਾ ਹੈ ਕਿ ਇਤਨਾ ਭਾਅ ਕਰ ਦਿਓ । (ਥਪਿੰਗ)

ਹੀਰੋ ਸਾਹਿਬ ਨੇ ਇਕ ਗੱਲ ਕਹੀ ਹੈ । ਉਸ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕੁਰੱਪਸ਼ਨ ਦੇ ਖਿਲਾਫ ਸਾਡੀ ਬਗਾਵਤ ਹੈ ਔਰ ਲੋਕਾਂ ਨੇ ਸਾਨੂੰ ਇਸ ਬਗਾਵਤ ਕਰਕੇ ਹੀ ਵੋਟ ਪਾਏ ਹਨ । ਤੁਸੀਂ ਹੁਣ ਨਵੀਂ ਕੋਈ ਚੀਜ਼ ਦੇ ਦਿਓ ਵੇਖ ਲਵਾਂਗੇ ਅਗਲੇ ਤੇ ਕੁਝ ਕੁ ਚੀਜ਼ ਹੋ ਚੁੱਕੀ ਹੈ ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮੇਰੇ ਪੁਆਇੰਟ ਦਾ ਜਵਾਬ ਨਹੀ ਆਇਆ ਜੀ। (ਵਿਘਨ)

Mr. Speaker : Question is :—

That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 21st January, 1981.'

The motion was carried

Mr. Speaker : The House stands adjourned till 3.00 P.M. today, the 29th January, 1981.

*2.08 P.M. (The Sabha then *adjourned till 3.00 P. M. on the 29th January, 1981)

1855—11-6-81—325 ਪੰਜਾਬ ਸਰਕਾਰ ਪਰੈਸ, ਪਟਿਆਲਾ ।

1981

Published under the Authority of the Punjab Vidhan Sabha and Prinited by the Controllor, Printing & Stationery, Punjab, at the Govt. Press, Patiala.

PUNJAB VIDHAN SABHA

DEBATES

29th January, 1981

(Afternoon Sitting)

Vol. II—No. 8

OFFICIAL REPORT

CONTENTS

Thursday, the 29th January, 1981

(Afternoon Sitting)

Punjab Vidhan Sabha Secretariat, Chandigarh.

Price : Rs. 39-80

PUNJAB VIDHAN SABHA

THURSDAY, THE 29TH JANUARY, 1981

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 3.00 P.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Loss caused to the crops due to heavy rains in villages of Gandiwind Block.

*455. **Comrade Darshan Singh Jhabal** : Will the Minister for Revenue be pleased to state :—

(a) the details of loss caused to the crops due to heavy rains during the year 1980 in villages Lahian, Chahal, Gehri, Naushehra Dhala, Bhaini, Burj Da Hisa, Rajatal, Mahawa, Lahori Mal and Sohal Thati of block Gandiwind, district Amritsar;

(b) the details of assistance, if any, so far given by the Government for the loss caused to crops and houses;

(c) whether it is a fact that the affected farmers have not been paid any compensations for the losses to their crops so far, if so, the reasons therefor ?

ਸਰਦਾਰ ਬੇਅੰਤ ਸਿੰਘ (ੳ) (ਅ) ਅਤੇ (ੲ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT

(a) Details of the crop area damaged are as under :—

Sr. No.	Name of the Village		Crop area damaged (in acres)
1	2		3
1.	Lahian	..	343
2.	Chahal	..	115
3.	Gehri	..	136
4.	Naushehra	..	842
5.	Dhala	..	259
6.	Bhaini	..	Nil

[Revenue Minister]

1	2	3
7.	Burj	198
8.	Raja Tal	Nil
9.	Mahawa	270
10.	Lahori Mal	58
11.	Sohal Thathi	232
	Total :	2453

(b) Details of the relief provided villages-wise are given below :—

Sr. No.	Name of the Village	Amount of relief given for damage to Crops	Amount of relief given for damage to houses
		(figures in rupees)	
1.	Lahian	.. —	4,550
2.	Chahal	.. —	3,900
3.	Gehri	.. —	1,250
4.	Naushehra	.. 1,61,745	3,350
5.	Dhala	.. 31,338	3,500
6.	Bhaini	.. —	—
7.	Burj	.. —	1,000
8.	Raja Tal	.. —	1,600
9.	Mahawa	.. —	15,200
10.	Lahori	.. —	8,800
11.	Sohal Thathi	.. —	9,350
	Total :	1,93,083	52,500

(c) Due to paucity of funds, it has not so far been possible to provide relief to all the affected persons. However, necessary relief will be given in near future.

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਅਮੈਂਡਮੈਂਟ ਦਿੱਤੀ ਸੀ। ਉਹ ਮੂਵ ਨਹੀਂ ਕੀਤੀ ਗਈ। ਉਹ ਅਮੈਂਡਮੈਂਟ ਸਰਕੂਲੇਟ ਵੀ ਹੋਈ ਹੈ।

ਸ੍ਰੀ ਸਪੀਕਰ ਕੁਐਸਚਨ ਆਵਰ ਤੋਂ ਬਾਅਦ ਗਲ ਕਰ ਲੈਣਾ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਜਵਾਬ ਦਿੱਤਾ ਹੈ ਉਸ ਮੁਤਾਬਿਕ 11 ਪਿੰਡਾਂ ਵਿਚ 2453 ਏਕੜ ਫਸਲ ਦਾ ਰਕਬਾ ਨੁਕਸਾਨ ਹੋਇਆ ਹੈ। ਪਰ ਅਸਲ ਵਿਚ ਇਹ ਗਲ ਨਹੀਂ। ਨੁਕਸਾਨ ਤਾਂ ਇਸ ਨਾਲੋਂ ਕਿਤੇ ਵਧ ਹੋਇਆ ਹੈ। ਫਿਰ ਇਨ੍ਹਾਂ ਨੇ ਜੋ ਮੁਆਵਜ਼ਾ ਦਿੱਤਾ ਉਹ ਸਿਰਫ ਦੋ ਪਿੰਡ ਨੌਸ਼ਹਿਰਾ ਅਤੇ ਢਾਲਾ ਪਿੰਡਾਂ ਵਿਚ ਦਿੱਤਾ ਹੈ ਹੋਰ ਕਿਤੇ ਨਹੀਂ ਦਿੱਤਾ। ਇਹ ਜਿਹੜੇ ਪਿੰਡ ਹਨ ਇਹ ਬਾਰਡਰ ਦੇ ਨਾਲ ਲਗਦੇ ਹਨ। ਇਹ ਪਿੰਡ ਜੰਗ

ਦੀ ਮਾਰ ਵਿਚ ਵੀ ਆ ਜਾਂਦੇ ਹਨ ਤੇ ਬਾਰਸ਼ਾਂ ਦੀ ਮਾਰ ਵਿਚ ਵੀ ਆ ਜਾਂਦੇ ਹਨ। 6-6 ਮਹੀਨੇ ਤਕ ਉਥੇ ਮੁਆਵਜ਼ਾ ਨਾ ਦੇਣਾ ਇਹ ਉਨ੍ਹਾਂ ਨਾਲ ਬੜੀ ਬੇਇਨਸਾਫੀ ਹੈ। ਇਸ ਲਈ ਕੀ ਮੰਤਰੀ ਸਾਹਿਬ ਹੁਣ ਜਲਦੀ ਹੀ ਉਥੇ ਬਾਕੀ ਪਿੰਡਾਂ ਵਿਚ ਮੁਆਵਜ਼ਾ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਬਲਕਿ ਇਕ ਰਲੀਫ ਹੁੰਦੀ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਜਿਹੜਾ ਨੁਕਸਾਨ ਹੋਇਆ ਸੀ ਉਨ੍ਹਾਂ 11 ਦੇ 11 ਪਿੰਡਾਂ ਵਿਚ ਰਲੀਫ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਥੋੜ੍ਹੇ ਜਿਹੇ ਹੋਰ ਪਿੰਡ ਰਹਿੰਦੇ ਹਨ ਉਨ੍ਹਾਂ ਨੂੰ ਵੀ ਸੈਸ਼ਨ ਦੇ ਉਠਦੇ ਸਾਰ ਹੀ ਪੈਸਾ ਭੇਜ ਦਿੱਤਾ ਜਾਵੇਗਾ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਇਹ ਪਿੰਡ ਐਸੇ ਹਨ ਜਿਹੜੇ ਹਰ ਸਾਲ ਹੜ੍ਹਾਂ ਥਲੇ ਆ ਜਾਂਦੇ ਹਨ। ਇਸ ਦਾ ਕਾਰਣ ਇਹ ਹੈ ਕਿ ਇਨ੍ਹਾਂ ਪਿੰਡਾਂ ਦੇ ਵਿਚੋਂ ਇਕ ਡਰੇਨ ਨਿਕਲਦੀ ਹੈ ਜਿਸ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਉਸ ਦੇ ਇਨਲੈਟ ਇਤਨੇ ਛੋਟੇ ਹਨ ਕਿ ਇਨ੍ਹਾਂ ਪਿੰਡਾਂ ਨੂੰ ਕਾਫੀ ਨੁਕਸਾਨ ਹੁੰਦਾ ਹੈ। ਪਰ ਮਨਿਸਟਰ ਸਾਹਿਬ ਨੇ ਹੁਣ ਤਕ ਉਸ ਦਾ ਕੋਈ ਪ੍ਰਬੰਧ ਨਹੀਂ ਕੀਤਾ। ਕੀ ਮੰਤਰੀ ਸਾਹਿਬ ਇਸ ਨੁਕਸਾਨ ਨੂੰ ਖਤਮ ਕਰਨ ਲਈ ਇਸ ਡਰੇਨ ਵਿਚ ਜਿਹੜੇ ਨੁਕਸ ਹਨ ਉਨ੍ਹਾਂ ਨੂੰ ਦੂਰ ਕਰਨ ਦਾ ਪ੍ਰਬੰਧ ਕਰਨਗੇ ?

ਮੰਤਰੀ : ਜਿਥੇ ਲੋ ਲਾਈਂਗ ਏਰੀਆ ਹੈ ਉਥੇ ਤਾਂ ਡਰੇਨਜ਼ ਵਗੈਰਾ ਦਾ ਪ੍ਰੋਗਰਾਮ ਬਣਾ ਕੇ ਪ੍ਰਬੰਧ ਕੀਤਾ ਹੀ ਜਾਂਦਾ ਹੈ। ਇਸ ਬਾਰੇ ਹਦਾਇਤਾਂ ਕੀਤੀਆਂ ਹੋਈਆਂ ਹਨ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਵਿਚ ਜਿਥੇ ਸਾਉਣੀ ਦੀ ਫਸਲ ਨੂੰ ਨੁਕਸਾਨ ਹੋਇਆ ਸੀ ਉਥੇ ਹੁਣ ਹਾੜ੍ਹੀ ਦੀ ਫਸਲ ਦਾ ਵੀ ਕਾਫੀ ਨੁਕਸਾਨ ਹੋਇਆ ਹੈ। ਉਥੇ ਹਾੜ੍ਹੀ ਦੀ ਫਸਲ ਸਾਰੀ ਤਬਾਹ ਹੋ ਗਈ ਹੈ। ਬਾਵਜੂਦ ਉਥੇ ਮੁਆਵਜ਼ਾ ਦੇਣ ਦੇ ਉਥੋਂ ਦੇ ਲੋਕਾਂ ਤੋਂ ਤਕਾਵੀਆਂ ਜ਼ਬਰਦਸਤੀ ਵਸੂਲੀਆਂ ਜਾ ਰਹੀਆਂ ਹਨ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਕੀ ਵਜ਼ੀਰ ਸਾਹਿਬ ਉਥੇ ਜਲਦੀ ਹੀ ਉਨ੍ਹਾਂ ਲੋਕਾਂ ਨੂੰ ਕੋਈ ਮੁਆਵਜ਼ਾ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਰੇ ਪਿੰਡਾਂ ਵਿਚ ਮੁਆਵਜ਼ਾ ਗਿਆ ਹੈ ਜੇ ਕਿਤੇ ਨਹੀਂ ਗਿਆ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕੁੱਲ 6 ਕਰੋੜ 7 ਲੱਖ ਰੁਪਿਆ ਸਾਰੇ ਪੰਜਾਬ ਵਾਸਤੇ ਇਸ ਕੰਮ ਲਈ ਰਖਿਆ ਗਿਆ ਸੀ ਪਰ ਅਸੀਂ 7 ਕਰੋੜ 8 ਲੱਖ ਰੁਪਿਆ ਦੇ ਚੁਕੇ ਹਾਂ। ਕਿਉਂਕਿ ਪਟਿਆਲੇ ਜ਼ਿਲ੍ਹੇ ਵਿਚ ਕਾਫੀ ਨੁਕਸਾਨ ਹੋਇਆ ਸੀ ਇਸ ਕਰਕੇ ਖਰਚ ਵੱਧ ਹੋ ਗਿਆ। ਪਰ ਫਿਰ ਵੀ ਜੇ ਕਿਤੇ ਨਹੀਂ ਗਿਆ ਤਾਂ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲੈ ਆਉਣ, ਪ੍ਰਬੰਧ ਕਰ ਦਿਆਂਗੇ। ਬਾਕੀ ਜੋ ਹਾੜ੍ਹੀ ਦੇ ਬਾਰੇ ਮੈਂਬਰ ਸਾਹਿਬ ਨੇ ਕਿਹਾ ਹੈ, ਇਸ ਬਾਰੇ ਜ਼ੋਰ ਨਾਲ ਗਿਰਦਾਵਰੀਆਂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਬਾਅਦ ਸੋਚਾਂਗੇ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰੈਵੇਨਿਊ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਰ ਜੋ ਹਾੜ੍ਹੀ ਦੀ ਫਸਲ ਕਿਸਾਨਾਂ ਨੇ ਬੀਜੀ ਸੀ ਔਰ ਕਾਫੀ ਖਾਦ ਵਗੈਰਾ ਵੀ ਪਾਈ ਸੀ ਪਰ ਬਾਰਸ਼ਾਂ ਹੋਣ ਕਾਰਣ ਉਨ੍ਹਾਂ ਦਾ ਬਹੁਤ ਨੁਕਸਾਨ ਹੋ ਗਿਆ ਹੈ; ਹੁਣ ਉਨ੍ਹਾਂ ਨੂੰ ਦੋਬਾਰਾ ਫਸਲਾਂ ਬੀਜਣੀਆਂ ਪੈ ਰਹੀਆਂ ਹਨ। ਕੀ ਵਜ਼ੀਰ ਸਾਹਿਬ ਉਨ੍ਹਾਂ ਨੂੰ ਕੋਈ ਮੁਆਵਜ਼ਾ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ: ਰੂਲਜ਼ ਵਿਚ ਤਾਂ ਇਸ ਬਾਰੇ ਕੁਝ ਨਹੀਂ ਹੈ ਪਰ ਅਸੀਂ ਇਸ ਨੂੰ ਐਗਜ਼ਾਮਿਨ ਕਰ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ: ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਹੁਣੇ ਹੀ ਪਿਛੇ ਇਕ ਮਹੀਨਾ ਪਹਿਲੇ ਗੜੇ ਅਤੇ ਬਾਰਸ਼ਾਂ ਹੋਣ ਨਾਲ ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ ਹੈ। ਪਹਿਲੇ ਤਾਂ ਇਹ ਹੁੰਦਾ ਸੀ ਕਿ ਜਦੋਂ ਇਹੋ ਜਿਹੀ ਕੋਈ ਆਫਤ ਆਉਂਦੀ ਹੈ ਤਾਂ ਬਾਕੀ ਤਾਂ ਮੁਆਵਜ਼ਾ ਪਿਛੇ ਭੇਜਿਆਂ ਜਾਂਦਾ ਹੈ ਪਰ ਪਸ਼ੂਆਂ ਦੇ ਚਾਰੇ ਲਈ ਪੈਸੇ ਜਲਦੀ ਹੀ ਭੇਜ ਦਿੱਤੇ ਜਾਂਦੇ ਹਨ। ਪਰ ਇਸ ਵਾਰ ਹਾਲੇ ਤਕ ਕੋਈ ਪੈਸਾ ਨਹੀਂ ਦਿਤਾ ਗਿਆ। ਲੋਕਾਂ ਵਿਚ ਬੜੀ ਹਾਹਾਕਾਰ ਹੈ। ਕੀ ਵਜ਼ੀਰ ਸਾਹਿਬ ਪਸ਼ੂਆਂ ਦੇ ਚਾਰੇ ਲਈ ਪੈਸੇ ਜਲਦੀ ਭੇਜਣ ਦਾ ਪ੍ਰਬੰਧ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੇ ਗਿਆਤ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਚਾਰੇ ਦਾ ਮੁਆਵਜ਼ਾ ਉਦੋਂ ਦਿਤਾ ਜਾਂਦਾ ਹੈ ਜਦੋਂ ਬਿਲਕੁਲ ਫਸਲ ਮਾਰੀ ਗਈ ਹੋਵੇ। ਪਰ ਹੁਣ ਤਾਂ ਇਨ੍ਹਾਂ ਪਿੰਡਾਂ ਵਿਚ ਬਰਸੀਮ ਵਗੈਰਾ ਕਾਫੀ ਖੜੀ ਹੈ। ਮੈਂ ਆਪ ਜਾ ਕੇ ਆਇਆ ਹਾਂ, ਮੈਨੂੰ ਪਤਾ ਹੈ। (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਇਨ੍ਹਾਂ ਨੇ ਕਣਕ ਦਾ ਵੀ ਕੋਈ ਮੁਆਵਜ਼ਾ ਨਹੀਂ ਦੇਣਾ। ਐਵੇਂ ਹੀ ਕਹੀ ਜਾਂਦੇ ਹਨ ਕਿ ਐਨਾ ਪੈਸਾ ਰੱਖ ਲਿਆ ਹੈ। (ਵਿਘਨ)

ਸ੍ਰੀ ਸਪੀਕਰ ਮੈਂ ਸਾਰੇ ਮੈਂਬਰਜ਼ ਨੂੰ ਕਹਾਂਗਾ ਕਿ ਸਵਾਲ ਜਿਹੜਾ ਹੈ ਉਸਤੇ ਠੀਕ ਸਪਲੀ-ਮੈਂਟਰੀ ਕਰੋ ਅਤੇ ਜਵਾਬ ਲਓ। ਇਸ ਤਰ੍ਹਾਂ ਵਿਚ ਇੰਟਰਪਸ਼ਨ ਕਰਨ ਦਾ ਕੋਈ ਫਾਇਦਾ ਨਹੀਂ।

ਕਾਮਰੇਡ ਬਲਦੇਵ ਸਿੰਘ ਲੂੰਬਾ: ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰ ਪਾਸੇ ਤੋਂ ਇਹ ਆਵਾਜ਼ ਆ ਰਹੀ ਹੈ ਕਿ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲ ਰਿਹਾ। ਮੈਂ ਇਹ ਕਹਿੰਦਾ ਹਾਂ ਕਿ ਹਰ ਸਾਲ ਇਹ ਹੜ੍ਹ ਆਉਂਦੇ ਹਨ, ਕੋਈ ਨਾ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਕਿਸਾਨਾਂ ਦਾ ਨੁਕਸਾਨ ਹੋ ਜਾਂਦਾ ਹੈ। ਪਿਛਲੇ ਸੈਸ਼ਨ ਵਿਚ ਵੀ ਅਸੀਂ ਇਸ ਵਲ ਗੌਰਮਿੰਟ ਦਾ ਧਿਆਨ ਦਿਵਾਇਆ ਸੀ ਤਾਂ ਇਹ ਕਿਹਾ ਗਿਆ ਸੀ ਇਸ ਦਾ ਇਲਾਜ ਕਰਨ ਵਾਸਤੇ ਵਿਚਾਰ ਕੀਤਾ ਜਾ ਰਿਹਾ ਹੈ। ਮੈਂ ਇਹ ਪੁੱਛਦਾ ਹਾਂ ਕਿ ਇਹ ਵਿਚਾਰ ਕਦੋਂ ਤਕ ਕਰ ਲੈਣਗੇ ਤਾਂ ਕਿ ਜਿਨ੍ਹਾਂ ਦਾ ਨੁਕਸਾਨ ਹੁੰਦਾ ਹੈ ਉਨ੍ਹਾਂ ਨੂੰ ਕੁਝ ਇਸ ਦਾ ਫਾਇਦਾ ਮਿਲ ਸਕੇ?

ਮੰਤਰੀ: ਸਪੀਕਰ ਸਾਹਿਬ, ਇਹ ਕੁਦਰਤੀ ਆਫਤਾਂ ਆਉਂਦੀਆਂ ਰਹਿੰਦੀਆਂ ਹਨ। ਸਾਨੂੰ ਹਰ ਵਾਰੀ ਬਜਟ ਦੇ ਵਿਚੋਂ ਰੁਪਿਆ ਦੇਣਾ ਪੈਂਦਾ ਹੈ। ਬਾਕੀ ਲੂੰਬਾ ਸਾਹਿਬ ਨੂੰ ਕਹਾਂਗਾ ਕਿ ਉਹ ਮੇਰੇ ਕੋਲ ਆ ਕੇ ਗੱਲ ਕਰ ਲੈਣ। ਇਹ ਗੱਲ ਸਾਡੀ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਇਕ ਐਸਾ ਰਿਵੋਲਵਿੰਗ ਫੰਡ ਬਣਾਇਆ ਜਾਵੇ ਜਿਸ ਦੇ ਨਾਲ ਕੁਦਰਤੀ ਆਫਤਾਂ ਦਾ ਮੁਕਾਬਲਾ ਕੀਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਪਿਛੇ ਮੇਰੀ ਕਾਲ ਅਟੈਨਸ਼ਨ ਨੋਟਿਸ ਦਾ ਜਵਾਬ ਮਨਿਸਟਰ ਸਾਹਿਬ ਨੇ ਹੋਰ ਕੁਝ ਦਿੱਤਾ ਸੀ ਅਤੇ ਹੁਣ ਹੋਰ ਕੁਝ ਦੇ ਰਹੇ ਹਨ। ਇਨ੍ਹਾਂ ਦੇ ਡਿਪਾਰਟਮੈਂਟ ਨੇ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਦਿੱਤੀ ਹੈ। ਅੰਮ੍ਰਿਤਸਰ ਜ਼ਿਲੇ ਦੇ ਪਿੰਡਾਂ ਨੂੰ ਮੁਆਵਜ਼ਾ ਮਿਲ ਗਿਆ ਹੈ ਪਰ ਪੰਜਾਬ ਦੇ ਬਾਕੀ ਪਿੰਡਾਂ ਨੂੰ ਹਾਲੇ ਤਕ ਮੁਆਵਜ਼ਾ ਨਹੀਂ ਮਿਲਿਆ।

ਪਿਛਲੇ ਸੈਸ਼ਨ ਵਿਚ ਸਰਕਾਰ ਨੇ ਇਸ ਕੰਮ ਲਈ ਪੈਸੇ ਰੱਖੇ ਸਨ ਇਹ ਦਸਣ ਕਿ ਉਹ ਪੈਸੇ ਕਿਥੇ ਗਏ ਹਨ ? ਲੋਕਾਂ ਦੀਆਂ ਫਸਲਾਂ ਕੁਦਰਤੀ ਆਫਤਾਂ ਅਤੇ ਗੜਿਆਂ ਨਾਲ ਖਰਾਬ ਹੋ ਗਈਆਂ ਹਨ ।

ਮੰਤਰੀ ਸਪੀਕਰ ਸਾਹਿਬ, ਪਾਂਧੀ ਸਾਹਿਬ ਬੜੇ ਸਿਆਣੇ ਮੈਂਬਰ ਹਨ । ਅੰਮ੍ਰਿਤਸਰ ਦੇ ਪਿੰਡਾਂ ਵਿਚ ਪੈਸੇ ਭੇਜ ਦਿੱਤੇ ਹਨ ।

ਰਾਜ ਵਿਚ ਬਾਲਗ ਅਨਪੜ੍ਹਤਾ ਦੂਰ ਕਰਨਾ

*354. **ਸਰਦਾਰ ਬੀਰ ਪਾਲ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਇਸ ਵਕਤ ਰਾਜ ਵਿਚ ਜ਼ਿਲ੍ਹਾ-ਵਾਰ ਕੁੱਲ ਕਿੰਨੇ ਬਾਲਗ ਅਨਪੜ੍ਹ ਹਨ;

(ਅ) ਰਾਜ ਵਿਚ ਬਾਲਗ ਅਨਪੜ੍ਹਾਂ ਨੂੰ ਪੜ੍ਹਾਉਣ ਲਈ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ;

(ੲ) ਸਰਕਾਰ ਨੂੰ ਰਾਜ ਵਿਚੋਂ ਬਾਲਗ ਅਨਪੜ੍ਹਤਾ ਨੂੰ ਬਿਲਕੁਲ ਖਤਮ ਕਰ ਦੇਣ ਦੀ ਕਦੋਂ ਤਕ ਉਮੀਦ ਹੈ ?

Sardar Harcharan Singh Ajnala : (a) Information is not available as the census in this behalf is still to be carried out in 1981.

(b) Social Education Scheme and Rural Functional Literacy Projects are running for eradicating illeteracy.

(c) Time cannot be stipulated in the absence of the information stated in part 'a'.

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ 1981 ਦੀ ਮਰਦਮ ਸ਼ੁਮਾਰੀ ਚਲ ਰਹੀ ਹੈ, ਪਰ ਸਰਕਾਰ ਨੂੰ ਇਸ ਦੀ ਜਾਣਕਾਰੀ ਹੋਣੀ ਚਾਹੀਦੀ ਹੈ । ਪਿਛਲੀ ਸਾਡੀ ਸਰਕਾਰ ਨੇ ਇਹ ਕੰਮ ਸ਼ੁਰੂ ਕੀਤਾ ਸੀ ਪਰ ਹੁਣ ਸਰਕਾਰ ਇਸ ਕੰਮ ਵਿਚ ਸੁਸਤ ਨਜ਼ਰ ਆ ਰਹੀ ਹੈ । ਸਰਕਾਰ ਪੰਜਾਬ ਵਿਚੋਂ ਬਾਲਗ ਅਨਪੜ੍ਹਤਾ ਦੂਰ ਕਰਨ ਲਈ ਕੀ ਸਟੈਪ ਚੁੱਕ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਸੁਸਤੀ ਵਿਚ ਹੈ । ਮੈਂ ਇਨ੍ਹਾਂ ਦੀ ਇਸ ਗੱਲ ਨੂੰ ਚੈਲੰਜ ਕਰਦਾ ਹਾਂ । ਅਸੀਂ ਕੋਈ ਇਸ ਕੰਮ ਵਿਚ ਸੁਸਤ ਨਹੀਂ ਹਾਂ । ਪਹਿਲੇ ਹੀ ਇਸ ਸਬੰਧ ਵਿਚ ਉਪਰਾਲੇ ਕੀਤੇ ਜਾ ਰਹੇ ਹਨ ਤਾਕਿ ਪੰਜਾਬ ਵਿਚੋਂ ਅਨਪੜ੍ਹਤਾ ਨੂੰ ਦੂਰ ਕੀਤਾ ਜਾ ਸਕੇ । ਇਸ ਕੰਮ ਲਈ ਸਮੇਂ ਦੀ ਲੋੜ ਹੈ । ਇਨ੍ਹਾਂ ਨੇ ਨਾਲ ਪੁੱਛਿਆ ਹੈ ਕਿ ਸਰਕਾਰ ਕੀ ਉਪਰਾਲੇ ਕਰ ਰਹੀ ਹੈ । ਦੋ ਸਕੀਮਾਂ ਇਕ ਸੋਸ਼ਲ ਐਜੂਕੇਸ਼ਨ ਸਕੀਮ ਅਤੇ ਦੂਜੀ ਰੂਰਲ ਫੰਕਸ਼ਨਲ ਲਿਟਰਸੀ ਪ੍ਰਾਜੈਕਟਸ ਅਧੀਨ ਪੰਜਾਬ ਵਿਚੋਂ ਅਨਪੜ੍ਹਤਾ ਨੂੰ ਦੂਰ ਕੀਤਾ ਜਾ ਰਿਹਾ ਹੈ । ਮੇਰੇ ਕੋਲ ਮਰਦਮਸ਼ੁਮਾਰੀ ਦੀ ਰਿਪੋਰਟ 1971 ਦੀ ਹੈ । ਹਾਲੇ 1981 ਦੀ ਆਉਣੀ ਹੈ ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਅਡੱਲਟ ਇਲੀਟਰੇਸੀ ਨੂੰ ਦੂਰ ਕਰਨ ਲਈ ਸਰਕਾਰ ਕਿਹੜੀਆਂ ਏਜੰਸੀਆਂ ਥਰੂ ਕੰਮ ਕਰ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਦੋ ਸਕੀਮਾਂ ਦੇ ਅਧੀਨ ਇਲੀਟਰਸੀ ਨੂੰ ਦੂਰ ਕੀਤਾ ਜਾ ਰਿਹਾ ਹੈ। ਸੋਸ਼ਲ ਐਜੂਕੇਸ਼ਨ ਸਕੀਮ ਅਧੀਨ 10 ਜ਼ਿਲ੍ਹਿਆਂ ਦੇ ਵਿਚ 257 ਸੈਂਟਰ ਚਲ ਰਹੇ ਹਨ ਅਤੇ ਇਕ ਇਕ ਸਕੂਲ ਵਿਚ 30-35 ਬੰਦੇ ਪੜ੍ਹਦੇ ਹਨ। ਦੂਜੀ ਸਕੀਮ ਅਧੀਨ ਰੂਰਲ ਫੰਕਸ਼ਨਲ ਲਿਟਰੇਸੀ ਪ੍ਰਾਜੈਕਟਸ ਅਧੀਨ 2500 ਪ੍ਰਾਜੈਕਟਸ ਚਲ ਰਹੇ ਹਨ ਅਤੇ 25 ਪ੍ਰਾਜੈਕਟਸ ਅਫਸਰ ਲਗੇ ਹੋਏ ਹਨ।

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਇਸ ਬਾਲਗ ਅਨਪੜ੍ਹਤਾ ਨੂੰ ਦੂਰ ਕਰਨ ਵਿਚ ਬੜੀ ਘਪਲੇਬਾਜੀ ਹੋ ਰਹੀ ਹੈ। ਮਾਸਟਰ ਇਕ ਦਿਨ ਲੈਂਪ, ਕਾਪੀ ਪੈਨਸਲ ਲੈ ਕੇ ਕਿਸੇ ਧਰਮਸ਼ਾਲਾ ਵਿਚ ਚਲਾ ਜਾਂਦਾ ਹੈ ਔਰ ਲੋਕਾਂ ਦੇ ਨਾਂ ਵਗੈਰਾ ਲਿਖ ਲਿਆਉਂਦਾ ਹੈ। ਪਰ ਉਥੇ ਵਿਦਿਆ ਨਹੀਂ ਕਿਸੇ ਨੂੰ ਦਿੱਤੀ ਜਾਂਦੀ। ਇਸ ਚੀਜ਼ ਨੂੰ ਚੈੱਕ ਕਰਨ ਲਈ ਸਰਕਾਰ ਨੂੰ ਦਿਆਨਤਦਾਰੀ ਵਾਲੇ ਅਫਸਰਾਂ ਨੂੰ ਭੇਜਣਾ ਚਾਹੀਦਾ ਹੈ ਤਾਕਿ ਉਹ ਚੈੱਕ ਕਰ ਸਕਣ ਕਿ ਆਇਆ ਇਹ ਸੈਂਟਰ ਠੀਕ ਤਰੀਕੇ ਨਾਲ ਚਲ ਵੀ ਰਹੇ ਹਨ ਜਾਂ ਨਹੀਂ ? ਉਨ੍ਹਾਂ ਬਾਲਗਾਂ ਨੂੰ ਵਿਦਿਆ ਦੇਣ ਤੋਂ ਬਾਦ ਉਨ੍ਹਾਂ ਦੇ ਇਮਤਿਹਾਨ ਰੱਖੇ ਜਾਣੇ ਚਾਹੀਦੇ ਹਨ।

ਮੰਤਰੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਉਸ ਨੂੰ ਮੈਂ ਨਹੀਂ ਮੰਨਦਾ। ਇਹ ਸਾਰੇ ਸੈਂਟਰ ਪਰਾਪਰਲੀ ਚਲ ਰਹੇ ਹਨ। ਅਡੱਲਟਸ ਦਾ ਇਮਤਿਹਾਨ ਲੈਣ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਇਹ ਤਾਂ ਜਿਹੜੀ ਉਸ ਨੂੰ ਲੈਂਗੂਏਜ ਆਉਂਦੀ ਹੈ ਉਸ ਵਿਚ ਉਸ ਨੂੰ ਗਿਆਨ ਦੇਣਾ ਹੁੰਦਾ ਹੈ

ਰਾਜ ਵਿਚ ਜੇ.ਬੀ.ਟੀ. ਅਧਿਆਪਕ

*435. **ਸਰਦਾਰ ਦਰਸ਼ਨ ਸਿੰਘ ਕੇ.ਪੀ.:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪ੍ਰਾਇਮਰੀ ਸਕੂਲਾਂ ਵਿਚ ਜੇ.ਬੀ.ਟੀ. ਅਧਿਆਪਕਾਂ ਦੀ ਅਤੇ ਮੁੱਖ ਅਧਿਆਪਕਾਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ ਕਿੰਨੀ ਕਿੰਨੀ ਹੈ ?

ਸਰਦਾਰ ਹਰਚਰਨ ਸਿੰਘ ਅਜਨਾਲਾ: 46,533, ਇਨ੍ਹਾਂ ਵਿਚੋਂ 4863 ਅਧਿਆਪਕ ਅਨੁਸੂਚਿਤ ਜਾਤੀ ਦੇ ਹਨ ਅਤੇ ਉਨ੍ਹਾਂ ਦੀ ਪ੍ਰਤੀਸ਼ਤਤਾ 10.45 ਹੈ। ਪ੍ਰਾਇਮਰੀ ਸਕੂਲਾਂ ਵਿਚ ਹੈਡਮਾਸਟਰ ਦੀ ਕੋਈ ਅਸਾਮੀ ਨਹੀਂ ਹੈ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਸਪੀਕਰ ਸਾਹਿਬ, ਕੱਲ 46,533 ਸਕੂਲ ਟੀਚਰਜ਼ ਹਨ ਇਨ੍ਹਾਂ ਵਿਚੋਂ 4,863 ਟੀਚਰਜ਼ ਅਨੁਸੂਚਿਤ ਜਾਤੀਆਂ ਦੇ ਨਾਲ ਸਬੰਧ ਰੱਖਦੇ ਹਨ ਔਰ ਇਨ੍ਹਾਂ ਦੀ ਪ੍ਰਤੀਸ਼ਤਤਾ 10.45 ਬਣਦੀ ਹੈ ਜਦ ਕਿ ਸਰਕਾਰ ਦੀ ਪਾਲਿਸੀ ਦੇ ਮੁਤਾਬਿਕ 25% ਰਿਜ਼ਰਵੇਸ਼ਨ ਚਾਹੀਦੀ ਹੈ। ਇਹ ਜਿਹੜਾ ਰਿਜ਼ਰਵੇਸ਼ਨ ਦਾ ਘਾਟਾ ਹੈ ਇਸ ਨੂੰ ਸਰਕਾਰ ਕਿਸ ਤਰ੍ਹਾਂ ਪੂਰਾ ਕਰੇਗੀ ? ਦੂਸਰੀ ਗੱਲ ਪ੍ਰਾਇਮਰੀ ਸਕੂਲਾਂ ਦੇ ਵਿਚ ਹੈਡ ਕੌਣ ਹੁੰਦਾ ਹੈ ? ਤੀਸਰੀ ਗਲ ਸਪੈਸ਼ਲ ਟ੍ਰੇਨਿੰਗ ਦੇ 1500 ਟੀਚਰਜ਼ ਵਿਚੋਂ 1100 ਨੂੰ ਐਡਜਸਟ ਕਰ ਲਿਆ ਗਿਆ ਹੈ ਔਰ

ਬਾਕੀ ਦੇ 400-500 ਰਹਿ ਗਏ ਹਨ। ਉਨ੍ਹਾਂ ਦੀ ਐਡਜਸਟਮੈਂਟ ਕਦੋਂ ਤਕ ਕਰ ਦੇਵੋਗੇ ? ਇਹ ਜਿਹੜਾ ਰਿਜ਼ਰਵੇਸ਼ਨ ਵਿਚ ਘਾਟਾ ਹੈ ਇਸ ਨੂੰ ਪੂਰਾ ਕਰਨ ਲਈ ਸਪੈਸ਼ਲ ਜੇ.ਬੀ.ਟੀ. ਦੀਆਂ ਕਲਾਸਾਂ ਲਗਾ ਕੇ ਪੂਰਾ ਕੀਤਾ ਜਾਵੇ। ਸਰਕਾਰ ਇਨ੍ਹਾਂ ਗੱਲਾਂ ਬਾਰੇ ਯਕੀਨ ਦਿਵਾਏ ?

ਮੰਤਰੀ : ਸਪੀਕਰ ਸਾਹਿਬ, ਜਿਥੇ ਤਕ ਰਿਜ਼ਰਵੇਸ਼ਨ ਦੀ ਘਾਟ ਦੀ ਗੱਲ ਹੈ ਮੇਰੀ ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਇਸ ਰਿਜ਼ਰਵੇਸ਼ਨ ਨੂੰ 25% ਤੋਂ 50% ਤਕ ਐਡਜਸਟ ਕਰਨ ਦਾ। ਇਹ ਸਾਰੇ ਐਡਜਸਟ ਕਰਨ ਦੇ ਯਤਨ ਕਰਾਂਗੇ ਜਿਉਂ ਜਿਉਂ ਪੋਸਟਾਂ ਆਉਣਗੀਆਂ ਜਾਂ ਖਾਲੀ ਹੋਣਗੀਆਂ ਅਸੀਂ ਇਸ ਘਾਟ ਨੂੰ ਪੂਰਾ ਕਰਾਂਗੇ। ਦੂਜੀ ਗੱਲ ਪ੍ਰਾਇਮਰੀ ਸਕੂਲਾਂ ਦੇ ਵਿਚ ਹੈਡ ਕੌਣ ਹੈ। ਇਨ੍ਹਾਂ ਸਕੂਲਾਂ ਦੇ ਵਿਚ ਹੈਡਮਾਸਟਰ ਦੀ ਕੋਈ ਅਸਾਮੀ ਨਹੀਂ ਹੈ। ਸਰਕਾਰ ਪ੍ਰਾਇਮਰੀ ਡਾਇਰੈਕਟੋਰੇਟ ਨੂੰ ਠੀਕ ਕਰਨ ਦੇ ਯਤਨ ਕਰ ਰਹੀ ਹੈ ਅਤੇ ਸੋਧ ਕਰ ਰਹੀ ਹੈ। ਉਨ੍ਹਾਂ ਪ੍ਰਾਇਮਰੀ ਸਕੂਲਾਂ ਵਿਚ ਹੈਡ ਟੀਚਰਜ਼ ਲਗਾਉਣ ਵਾਸਤੇ ਪੋਸਟਾਂ ਕਰੀਏਟ ਹੁਣ ਕੀਤੀਆਂ ਜਾ ਰਹੀਆਂ ਹਨ ਔਰ ਇਹ ਗਿਫਟ ਉਨ੍ਹਾਂ ਨੂੰ ਦੇਣ ਦਾ ਫੈਸਲਾ ਕਰ ਰਹੀ ਹੈ। ਤੀਸਰੀ ਗੱਲ ਸ਼ਡਿਊਲਡ ਕਾਸਟ ਟ੍ਰੇਂਡ ਟੀਚਰਜ਼ ਦੀ ਸੀ ਜਿਉਂ ਜਿਉਂ ਪੋਸਟਾਂ ਅਵੇਲੇਬਲ ਹੋਣਗੀਆਂ ਅਸੀਂ ਉਨ੍ਹਾਂ ਨੂੰ ਐਡਜਸਟ ਕਰਾਂਗੇ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, 1975-76 ਵਿਚ ਜੇ.ਬੀ.ਟੀ. ਟਰੇਂਡ ਟੀਚਰਜ਼ ਦਾ ਕੋਰਸ ਕਰਵਾਇਆ ਗਿਆ ਸੀ। ਉਹ ਹਾਲੇ ਤਕ ਐਡਜਸਟ ਨਹੀਂ ਹੋਏ ਔਰ ਉਹ ਅਪਰ ਏਜ ਹੋਈ ਜਾ ਰਹੇ ਹਨ। ਉਨ੍ਹਾਂ ਨੂੰ ਕਦੋਂ ਤਕ ਐਡਜਸਟ ਕਰ ਦੇਵੋਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਆਬਜ਼ਾਰਬ ਕਰਨ ਲਈ ਪਹਿਲ ਦਿੱਤੀ ਜਾਵੇਗੀ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸ਼ੈਡਿਊਲਡ ਕਾਸਟਸ ਟੀਚਰਜ਼ ਚਾਰ ਪੰਜ ਹੋ ਗਏ ਹਨ, ਉਹ ਅਜੇ ਤਕ ਆਬਜ਼ਾਰਬ ਨਹੀਂ ਹੋਏ ਔਰ ਕਾਰਨ ਇਹ ਹੈ ਕਿ ਨਵੀਆਂ ਪੋਸਟਾਂ ਨਹੀਂ ਦਿੱਤੀਆਂ ਜਾ ਰਹੀਆਂ। ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਆਬਜ਼ਾਰਬ ਕਰਨ ਲਈ ਕੋਈ ਟਾਈਮ ਫਿਕਸ ਕਰਨਗੇ ? ਕੀ ਇਸ ਲਈ ਮਨਿਸਟਰ ਸਾਹਿਬ ਨਵੀਆਂ ਪੋਸਟਾਂ ਦੇਣਗੇ ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਕਿਤਨੀਆਂ ਪੋਸਟਾਂ ਦਿੱਤੀਆਂ ਗਈਆਂ ਸਨ ਅਤੇ ਨਵੀਆਂ ਪੋਸਟਾਂ ਦੇਣ ਲਈ ਕੀ ਕਰਾਈਟੇਰੀਆ ਹੈ ?

ਮੰਤਰੀ : ਸਪੀਕਰ ਸਾਹਿਬ, ਪਹਿਲੇ ਸਵਾਲ ਦੀ ਤਾਂ ਰੈਪੀਟੇਸ਼ਨ ਹੈ ਔਰ ਉਸਦਾ ਜਵਾਬ ਮੈਂ ਆਲਰੇਡੀ ਦੇ ਚੁੱਕਾ ਹਾਂ। ਦੂਜੇ ਪੋਰਸ਼ਨ ਬਾਰੇ ਇਹ ਸੈਪਰੇਟ ਕੁਐਸਚਨ ਦੇ ਦੇਣ ਤਾਂ ਜਵਾਬ ਦੇ ਦੇਵਾਂਗਾ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪਿਛੇ ਜਿਹੇ ਪੰਜਾਬ ਸਰਕਾਰ ਨੇ ਆਰਡਰ ਕੀਤੇ ਸਨ ਕਿ ਇਕ ਸਾਲ ਦੀ ਸਰਵਿਸ ਵਾਲੇ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ ਔਰ ਜਦੋਂ ਉਨ੍ਹਾਂ ਦੀ ਐਡਹਾਕ ਐਪੁਆਇੰਟਮੈਂਟ ਕੀਤੀ ਗਈ ਸੀ ਤਾਂ ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਦਾ ਖਿਆਲ ਨਹੀਂ ਰਖਿਆ ਗਿਆ ਸੀ। ਕੀ ਉਸ ਘਾਟੇ ਨੂੰ ਪੂਰਾ ਕੀਤਾ ਜਾਏਗਾ ?

[ਸਰਦਾਰ ਬਸੰਤ ਸਿੰਘ ਖਾਲਸਾ]

ਦੂਜਾ ਸਵਾਲ, ਸਪੀਕਰ ਸਾਹਿਬ, ਮੇਰਾ ਇਹ ਹੈ ਕਿ ਜਦ ਤਕ ਐਸ.ਐਸ.ਐਸ. ਬੋਰਡ ਨਹੀਂ ਬਣਦਾ ਤਦ ਤਕ ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੁੰਦੀ। ਇਸ ਲਈ ਸਰਕਾਰ ਕਦੋਂ ਐਸ.ਐਸ.ਐਸ. ਬੋਰਡ ਬਣਾਏਗੀ ?

ਮੰਤਰੀ : ਸਪੀਕਰ ਸਾਹਿਬ, ਦੂਜੇ ਪ੍ਰਸ਼ਨ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ ਔਰ ਪਹਿਲੇ ਸਵਾਲ ਬਾਰੇ ਮੈਂ ਆਲਰੇਡੀ ਅਰਜ਼ ਕਰ ਚੁੱਕਾ ਹਾਂ ਕਿ ਸ਼ੈਡਿਊਲਡ ਕਾਸਟਸ ਦੇ ਘਾਟੇ ਨੂੰ ਪੂਰਾ ਕਰਨ ਲਈ ਯਤਨ ਕਰ ਰਹੇ ਹਾਂ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਉਨ੍ਹਾਂ ਦੀ ਪ੍ਰਤੀਸ਼ਤਤਾ 10.45 ਹੈ। ਸਰਕਾਰ ਕੋਈ ਵੀ ਹੋਵੇ ਪਰ ਇਹ ਫੈਸਲਾ ਹੋਇਆ ਸੀ ਕਿ 1500 ਜੇ.ਬੀ.ਟੀ. ਟੀਚਰ ਹਰ ਸਾਲ ਟ੍ਰੇਂਡ ਹੋਣਗੇ ਅਤੇ ਪਿਛਲਾ ਬੈਕਲਾਗ ਪੂਰਾ ਕੀਤਾ ਜਾਏਗਾ। ਕੀ ਉਹ ਟ੍ਰੇਨਿੰਗ ਜੇ.ਬੀ.ਟੀ ਦੀ ਚਾਲੂ ਕੀਤੀ ਗਈ ਹੈ ਜਾਂ ਨਹੀਂ? ਕੀ ਉਸ ਬੈਕ ਲਾਗ ਨੂੰ ਪੂਰਾ ਕਰ ਦੇਣਗੇ ? ਇਹ ਘਾਟਾ, ਮਨਿਸਟਰ ਸਾਹਿਬ ਦਸਣਗੇ ਕਿ ਕਦੋਂ ਤਕ ਪੂਰਾ ਹੋ ਜਾਵੇਗਾ ?

ਮੰਤਰੀ ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਹੀ ਸਪੱਸ਼ਟ ਜਵਾਬ ਦੇ ਚੁੱਕਾ ਹਾਂ ਕਿ ਜਿਹੜੇ ਪੁਰਾਣੇ ਸ਼ਡਿਊਲਡ ਕਾਸਟਸ ਟ੍ਰੇਂਡ ਟੀਚਰਜ਼ ਹਨ, ਉਨ੍ਹਾਂ ਨੂੰ ਆਬਜ਼ਾਰਬ ਕਰਨ ਲਈ ਉਪਰਾਲਾ ਕੀਤਾ ਜਾ ਰਿਹਾ ਹੈ। (ਵਿਘਨ) ਜਿਹੜੀਆਂ ਨਵੀਆਂ ਪੋਸਟਾਂ ਕਰੀਏਟ ਕਰਨ ਦਾ ਸਵਾਲ ਹੈ ਉਹ ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਦੇ ਨਾਲ ਹੀ ਸੰਬੰਧ ਰਖਦਾ ਹੈ। ਉਹ ਸਾਰੀ ਚੀਜ਼ ਵਿਚਾਰ ਅਧੀਨ ਹੈ।

CLASS I OFFICERS RETIRED FROM THE IRRIGATION DEPARTMENT

***470. Sardar Balwinder Singh Bhunder :** Will the Chief Minister be pleased to state: —

(a) the total number of Class I Officers who retired from the Irrigation Department during the year 1979-80 and 1980-81 together with the date of retirement in each case;

(b) the number of officers out of those referred to in para (a) above who have since been granted Anticipatory Pension/Death-cum-Retirement gratuity as permissible under rules;

(c) the number of officers out of those referred to in para (a) above, who have not been granted Anticipatory Pension/Death-cum-Retirement gratuity together with the reasons therefor ?

Sardar Darbara Signgh : (a), (b) and (c).

Twelve Class I Officers of the Irrigation Branch retired from service during the years 1979-80 and 1980-81. A statement containing the particulars sought in respect of these twelve officers is laid on the Table of the House.

STATEMENT

Sr. No.	Name	Designation at the time of retirement	Date of retirement	Position regarding grant of retirement benefits
1	2	3	4	5
1.	Sh. R.P. Bhaskar	S.E.	30-11-79	100% Provisional pension sanctioned. DCRG withheld because :- (i) Three disciplinary cases are pending ; and (ii) Clearance Certificate from the Vigilance Department is awaited
2.	Sh. Bhagat Singh	S.E.	31-1-80	Full Pension/DCRG sanctioned.
3.	Sh. Partap Singh	S.E.	29-2-80	100% Provisional Pension and DCRG sanctioned.
4.	Sh. Kailash Chand	C.E.	31-3-80	No pension or DCRG sanctioned as three disciplinary cases against him are pending.
5.	Sh. S.S. Bawa	C.E	30-4-80	Full pension/DCRG sanctioned.
6.	Sh. Harbans Singh	C.E.	30-4-80	Full pension/DCRG sanctioned.
7.	Sh. J.S. Sehgal	XEN	30-4-80	100% provisional pension sanctioned. DCRG withheld because of a pending disciplinary cases.
8.	Sh. Sardari Lal	S.E.	31-8-80	100% provisional pension/DCRG sanctioned.
9.	Sh. H.S. Rosha	C.E.	30-9-80	Full pension/DCRG sanctioned.
10.	Sh. A.D. Kokne	S.E.	30-9-80	Full pension/DCRG sanctioned.

[ਮੁੱਖ ਮੰਤਰੀ]

1	2	3	4	5
11.	Sh. Y.P. Aggarwal	S.E.	30-9-80	100% provisional pension sanctioned. DCRG withheld because No Demand Certificate from the Beas Project Authorities is awaited.
12.	Sh. V.P. Duggal	C.E.	31-12-80	No pension /DCRG sanctioned because clearance from the Vigilance Department is awaited. A public Accounts Committee para regarding excess payment of Rs. 33,000 is also pending.

ਸਰਦਾਰ ਬਲਵਿੰਦਰ ਸਿੰਘ ਭੂੰਦੜ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 12 ਕਲਾਸ I ਅਫਸਰ ਰਿਟਾਇਰ ਹੋਏ ਹਨ। ਉਨ੍ਹਾਂ ਵਿਚੋਂ ਪੰਜ ਅਫਸਰਾਂ ਨੂੰ ਪੂਰੀ ਪੈਨਸ਼ਨ ਮਿਲੀ ਹੈ ਔਰ ਬਾਕੀ ਅਫਸਰਾਂ ਦੇ ਕੇਸ ਵਿਦ ਹੈਲਡ ਹਨ। ਸਪੀਕਰ ਸਾਹਿਬ, ਸੱਤ ਅਫਸਰਾਂ ਵਿਚੋਂ ਪੰਜ ਚੀਫ ਇੰਜੀਨੀਅਰਜ਼ ਹਨ ਅਤੇ ਇਕ ਐਕਸੀਅਨ ਹੈ। ਅਗਰ ਕੋਈ ਅਫਸਰ ਰਿਟਾਇਰ ਹੋ ਜਾਂਦਾ ਹੈ ਅਤੇ ਉਸ ਦੇ ਖਿਲਾਫ ਗਬਨ ਦਾ ਕੇਸ ਹੋਵੇ ਤਾਂ ਕੀ ਉਹ ਗਬਨ ਦੇ ਕੇਸ ਦਾ ਫੈਸਲਾ ਰਿਟਾਇਰਮੈਂਟ ਤੋਂ ਪਹਿਲਾਂ ਨਹੀਂ ਹੁੰਦਾ ? ਸਪੀਕਰ ਸਾਹਿਬ, 32 ਲੱਖ ਰੁਪਏ ਦਾ ਗਬਨ ਹੋਇਆ ਸੀ ਪਰ ਬਾਅਦ ਵਿਚ ਉਹ ਚੀਫ ਬਣਿਆ ਅਤੇ ਅਜ ਉਹ ਅਫਸਰ ਰਿਟਾਇਰ ਹੋ ਗਏ ਹਨ। ਪਹਿਲਾਂ ਇਸ ਕੇਸ ਵਿਚ ਐਕਸ਼ਨ ਹੋਇਆ ਨਹੀਂ ਔਰ ਜੇਕਰ ਸਾਰੀ ਪੈਨਸ਼ਨ ਵੀ ਕੱਟ ਲਈ ਜਾਵੇ ਤਾਂ ਵੀ 32 ਲੱਖ ਰੁਪਿਆ ਪੂਰਾ ਨਹੀਂ ਹੁੰਦਾ (ਵਿਘਨ) ਸਪੀਕਰ ਸਾਹਿਬ, ਮੈਂ ਡੀਟੇਲ ਦਸਣਾ ਚਾਹੁੰਦਾ ਹਾਂ । ਦੂਜੇ ਪਾਸੇ ਇਕ ਐਕਸੀਅਨ ਦੇ ਖਿਲਾਫ 100 ਰੁਪਏ ਦਾ ਕੇਸ ਹੈ ਪਰ ਉਹ 11 ਸਾਲ ਤੋਂ ਕੇਸ ਦਾ ਫੈਸਲਾ ਨਹੀਂ ਹੋਇਆ ਅਤੇ ਉਹ ਅਫਸਰ ਰਿਟਾਇਰ ਹੋ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਭਲੇ ਮਾਣਸ ਨੂੰ ਤੰਗ ਨਹੀਂ ਕਰਨਾ ਚਾਹੀਦਾ ਔਰ ਸਰਵਿਸ ਦੇ ਹੁੰਦਿਆਂ ਹੀ ਕੇਸ ਦਾ ਫੈਸਲਾ ਹੋਣਾ ਚਾਹੀਦਾ ਹੈ । ਕੀ ਮੁੱਖ ਮੰਤਰੀ ਸਾਹਿਬ ਕੋਈ ਟਾਈਮ ਦੇਣਗੇ ਤਾਕਿ ਇਨ੍ਹਾਂ ਦੇ ਕੇਸਾਂ ਦਾ ਫੈਸਲਾ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ, ਉਸ ਦੀਆਂ ਡੀਟੇਲਜ਼ ਵੀ ਆਪ ਹੀ ਦਸੀਆਂ ਹਨ। ਮੈਂ ਜੋ ਜਵਾਬ ਦਿਤਾ ਹੈ ਅਗਰ ਕੋਈ ਢਿੱਲ ਰਹੀ ਹੈ ਤਾਂ ਦਸਣ। ਬਾਕੀ ਇਨਸਰਵਿਸ ਐਕਸ਼ਨ ਲੈਣਾ ਚਾਹੀਦਾ ਹੈ, ਉਸ ਚੀਜ਼ ਨੂੰ ਦੇਖ ਕੇ ਦਰੁਸਤ ਕਰਾਂਗੇ

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਹੁਣ ਕਲੀਅਰ ਹੋ ਗਿਆ ਹੈ ਕਿ ਚੀਫ ਇੰਜੀਨੀਅਰ ** ** ਜਿਸ ਦੇ ਵਿਰੁੱਧ 32 ਲੱਖ ਰੁਪਏ ਦਾ ਸਕੈਂਡਲ ਸੀ, ਹੁਣ ਉਹ ਰਿਟਾਇਰ ਹੋ ਗਿਆ ਹੈ, ਕੀ ਉਸ ਦੇ ਖਿਲਾਫ ਹੁਣ ਕੋਈ ਐਕਸ਼ਨ ਲੈਣਗੇ ? ਦੂਜਾ ** ** ਹੈ।

**Expunged as ordered by the Chair.

ਵਿੱਤ ਮੰਤਰੀ: ਸਪੀਕਰ ਸਾਹਿਬ, ਕੋਈ ਮੈਂਬਰ ਇਥੇ ਕਿਸੇ ਦਾ ਨਾਂ ਨਹੀਂ ਲੈ ਸਕਦਾ। ਇਹ ਰੂਲ ਹੈ।

ਸ਼੍ਰੀ ਸਪੀਕਰ: ਤੁਸੀਂ ਕਿਸੇ ਦਾ ਨਾਂ ਨਹੀਂ ਲੈ ਸਕਦੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਰੂਲ ਅਸੀਂ ਵੀ ਸਾਰੇ ਜਾਣਦੇ ਹਾਂ। ** ** ਸਪੀਕਰ ਸਾਹਿਬ, 11 ਸਾਲਾਂ ਤੋਂ 100/- ਦੇ ਕੇਸ ਲਈ ਸਫਰ ਕਰ ਰਿਹਾ ਹੈ। ਦੂਜਾ ਚੀਫ ਇੰਜੀਨੀਅਰ ** **ਹੈ। ਇਨ੍ਹਾਂ ਦੋਨਾਂ ਦਾ ਕਦ ਤਕ ਫੈਸਲਾ ਹੋ ਜਾਵੇਗਾ ?

ਸ਼੍ਰੀ ਸਪੀਕਰ ਨਾਂ ਐਕਸਪੰਜ ਕਰ ਦਿੱਤੇ ਜਾਣ।

ਸ਼੍ਰੀ ਬਾਲ ਮੁਕੰਦ ਸ਼ਰਮਾ: ** ** **

ਸ਼੍ਰੀ ਸਪੀਕਰ: ਸ਼ਰਮਾ ਜੀ ਜੋ ਬਗੈਰ ਇਜਾਜ਼ਤ ਤੋਂ ਬੋਲ ਰਹੇ ਹਨ, ਉਹ ਸਾਰਾ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਦੋ ਵਿਅਕਤੀ ਜਿਨ੍ਹਾਂ ਦੇ ਨਾਂ ਲਏ ਗਏ ਹਨ, ਇਹ ਕਾਫੀ ਪੁਰਾਣੇ ਕੇਸ ਹਨ। ਇਸ ਕਰਕੇ ਇਨ੍ਹਾਂ ਕੇਸਾਂ ਵਿਚ ਪਹਿਲਾਂ ਧਿਆਨ ਦੇਵਾਂਗੇ। ਇਹ ਕੇਸ ਬਹੁਤ ਦੇਰ ਤੋਂ ਲਟਕਦੇ ਆ ਰਹੇ ਹਨ। ਜੇਕਰ ਕਿਸੇ ਅਫਸਰ ਨੇ ਕੋਈ ਗਬਨ ਕੀਤਾ ਹੈ ਤਾਂ ਉਸ ਨੂੰ ਫਾਹੇ ਲਾਓ ਅੰਰ ਜੇ ਕਿਸੇ ਅਫਸਰ ਤੇ ਕੋਈ ਐਲੀਗੇਸ਼ਨ ਨਹੀਂ ਬਣਦਾ ਤਾਂ ਛੱਡੋ। ਇਸ ਚੀਜ਼ ਨੂੰ ਮੁੱਖ ਰੱਖਕੇ ਆਉਣ ਵਾਲੇ ਸਮੇਂ ਵਿਚ ਹਦਾਇਤਾਂ ਕਰਾਂਗੇ ਕਿ ਰਿਟਾਇਰਮੈਂਟ ਤੋਂ ਪਹਿਲਾਂ ਹੀ ਦੇਖ ਭਾਲ ਕਰ ਲਈ ਜਾਵੇ।

WATER LOGGED AREA IN THE KOTKAPURA ASSEMBLY CONSTITUENCY

454. Shri Bhagwan Dass: Will the Chief Minister be pleased to state :—

(a) whether it is a fact that the area of Villages Sarawan, Mata and Behbal Kalan and Kotkapura Town in the Kotkapura Assembly Constituency became waterlogged due to heavy rain during the year 1980 ;

(b) if the reply to part (a) above be in the affirmative, the steps so far taken or proposed to be taken to save the area from water-logging ;

(c) whether the Government propose to dig a drain from Kotkapura to Chandbhan drain via the villages referred to in part (a) above; if so, the time by which it is likely to be completed ?

Sardar Darbara Singh : (a) Yes, Sir.

(b) Detailed surveys for formulating feasible schemes for constructing link drains have already been taken up.

**Expunged as ordered by the Chair.

[ਮੁੱਖ ਮੰਤਰੀ]

(c) The possibility is being examined through a detailed survey of the area through which the proposed link drains have to pass. The survey work will be completed by the 31st of March, 1981.

ਸ੍ਰੀ ਭਗਵਾਨ ਦਾਸ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਮਸ਼ਕੂਰ ਹਾਂ ਕਿ ਇਨ੍ਹਾਂ ਨੇ 31 ਮਾਰਚ ਤਕ ਸਰਵੇ ਕਰਾਉਣ ਦਾ ਆਸ਼ਵਾਸਨ ਦਿੱਤਾ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੂਨ ਤੋਂ ਪਹਿਲਾਂ ਸਰਵੇ ਹੋਣ ਤੋਂ ਬਾਅਦ ਕਦੋਂ ਤਕ ਡਰੇਨ ਦੀ ਉਸਾਰੀ ਹੋ ਜਾਏਗੀ ਕਿਉਂਕਿ ਕੋਟ ਕਪੂਰਾ ਸ਼ਹਿਰ ਪਾਣੀ ਨਾਲ ਡੁੱਬ ਰਿਹਾ ਹੈ ?

ਮੁੱਖ ਮੰਤਰੀ: ਜਿਨਾ ਅਗੇ ਉਜੜ ਗਿਆ ਹੈ ਉਸ ਦਾ ਪ੍ਰਬੰਧ ਕਰ ਰਹੇ ਹਾਂ। ਇਹ ਮੁਕੰਮਲ ਹੋਣ ਉਪਰੰਤ ਇਸ ਨੂੰ ਟੇਕ ਅਪ ਕਰਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 333

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁੱਟ ਨਹੀਂ ਕੀਤਾ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 476

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੁੱਟ ਨਹੀਂ ਕੀਤਾ ਗਿਆ।)

STARRED QUESTION NO. 475

Mr. Speaker : Extension has been asked for in respect of Starred Question No. 475*.

STARTED QUESTION NO. 496

Mr. Speaker : Extension has been asked for in respect of Starred Question No. 496**.

B.ED. TEACHERS IN THE STATE

***436. Sardar Darshan Singh K.P. :** Will the Minister for Education be pleased to state the total number of B.Ed. teachers and Headmasters working in the High Schools in the State separately and the number and percentage of persons belonging to Scheduled Castes amongst them ?

Sardar Harcharan Singh Ajnala: 18905 B.Ed. Teachers/Teachresses & 1637 Head masters/Head-Mistresses. Out of them 1768 and 193 respectively belong to Scheduled Castes and their percentage is 9.35 and 11.79 respectively.

---

*For starred Question No. 475 and reply thereto, please see Debate Dated 24th February 1981.

**For Starred Question No. 496 and reply thereto, please see Debate dated 24th Febuary 1981.

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਪਹਿਲੇ ਸਵਾਲ ਵਰਗਾ ਹੀ ਇਹ ਸਵਾਲ ਹੈ। ਇਸ ਵਿਚ ਸ਼ਡਿਊਲਡ ਕਾਸਟਸ ਦੀ ਬੜੀ ਘਾਟ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਕਿ ਇਹ ਘਾਟ ਕਿਸ ਤਰ੍ਹਾਂ ਨਾਲ ਪੂਰੀ ਕਰਨੀ ਹੈ ? ਦੂਜੇ 1974-75 ਵਿਚ 500 ਟੀਚਰਜ਼ ਟਰੇਂਡ ਕੀਤੇ ਗਏ ਸੀ। ਕੀ ਇਸ ਤਰ੍ਹਾਂ ਹੀ ਕੋਈ ਸਪੈਸ਼ਲ ਟਰੇਨਿੰਗ ਕਲਾਸ ਚਾਲੂ ਕਰਕੇ ਇਹ ਕਮੀ ਪੂਰੀ ਕਰਨ ਦਾ ਵਿਸ਼ਵਾਸ਼ ਦਿਵਾਉਣਗੇ ?

ਮੰਤਰੀ : ਇਨ੍ਹਾਂ ਦੇ ਪਹਿਲੇ ਸਵਾਲ ਦੇ ਜਵਾਬ ਵਿਚ ਜੋ ਦਲੀਲ ਮੈਂ ਜੇ. ਬੀ.ਟੀ. ਟੀਚਰਜ਼ ਦੇ ਸਿਲਸਿਲੇ ਵਿਚ ਦਿੱਤੀ ਹੈ, ਉਹੀ ਹੀ ਇਸ ਸਵਾਲ ਦਾ ਜਵਾਬ ਹੈ। ਦੂਜੇ ਸਵਾਲ ਬਾਰੇ ਮੈਂ ਇਨ੍ਹਾਂ ਨੂੰ ਵਿਸ਼ਵਾਸ਼ ਦਿਲਾਉਂਦਾ ਹਾਂ ਕਿ ਆਲਰੇਡੀ ਬੀ.ਐਡ. ਕਲਾਸਿਜ਼ ਖੁਲ੍ਹੀਆਂ ਹੋਈਆਂ ਹਨ ਇਨ੍ਹਾਂ ਵਿਚ ਅਸੀਂ ਰਿਜ਼ਰਵੇਸ਼ਨ ਦਾ ਖਿਆਲ ਰਖਾਂਗੇ। ਜੇ ਲੋੜ ਪਈ ਬੈਕ ਲਾਗ ਨੂੰ ਦੂਰ ਕਰਨ ਲਈ, ਜੇਕਰ ਹੋਰ ਸੀਟਾਂ ਦੀ ਲੋੜ ਪਈ ਤਾਂ ਉਸ ਤੇ ਵੀ ਵਿਚਾਰ ਕਰ ਲਿਆ ਜਾਏਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਨ੍ਹਾਂ ਨੇ ਦਸਿਆ ਹੈ ਕਿ ਸ਼ਡਿਊਲਡ ਕਾਸਟਸ ਦੇ 1767 ਟੀਚਰਜ਼ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਬਾਲਮੀਕੀਆਂ ਦੇ ਕਿੰਨੇ ਟੀਚਰਜ਼ ਹਨ, ਜੇਕਰ ਬਾਲਮੀਕੀਆਂ ਦਾ ਕੋਟਾ ਘੱਟ ਹੈ ਤਾਂ ਇਹ ਕਿਸ ਤਰ੍ਹਾਂ ਨਾਲ ਪੂਰਾ ਕੀਤਾ ਜਾਏਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਇਹ ਸੈਪਰੇਟ ਸਵਾਲ ਦੇ ਦੇਣ ਮੈਂ ਉਸ ਦਾ ਵਿਸਥਾਰ ਵਿਚ ਜਵਾਬ ਦੇ ਦਿਆਂਗਾ।

ਮਾਸਟਰ ਬਾਬੂ ਸਿੰਘ : ਪਹਿਲਾਂ ਇਕ ਸਰੂਪ ਸਿੰਘ ਕਮੇਟੀ ਬਣੀ ਸੀ ਜਿਸ ਨੇ ਬੀ.ਐਡ ਔਰ ਜੇ.ਬੀ.ਟੀ. ਟੀਚਰਜ਼ ਦੀ ਸਿਲੈਕਸ਼ਨ ਕੀਤੀ ਸੀ। ਸਰੂਪ ਸਿੰਘ ਕਮੇਟੀ ਦੀ ਸਿਲੈਕਸ਼ਨ ਲਿਸਟ ਵਿਚ ਜੋ ਸ਼ਡਿਊਲਡ ਕਾਸਟਸ ਕੈਂਡੀਡੇਟਸ ਸਨ, ਕੀ ਉਹ ਸਾਰੇ ਐਬਜ਼ਾਰਬ ਕਰ ਲਏ ਗਏ ਹਨ; ਜੇਕਰ ਨਹੀਂ ਕੀਤੇ ਗਏ ਤਾਂ ਕਦੋਂ ਤਕ ਉਹ ਸਾਰੀ ਲਿਸਟ ਦੇ ਬੰਦੇ ਅਬਜ਼ਾਰਬ ਕੀਤੇ ਜਾਣਗੇ ?

ਮੰਤਰੀ : ਸਰੂਪ ਸਿੰਘ ਕਮੇਟੀ ਨੇ ਕਿੰਨੇ ਸਿਲੈਕਟ ਕੀਤੇ ਔਰ ਉਨ੍ਹਾਂ ਵਿਚੋਂ ਕਿੰਨੇ ਐਬਜ਼ਾਰਬ ਹੋ ਗਏ ਭਾਵੇਂ ਸ਼ੈਡਿਊਲਡ ਕਾਸਟਸ ਹੋਣ ਜਾਂ ਦੂਜੇ ਹੋਣ, ਇਨ੍ਹਾਂ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸਿਖਿਆ ਮੰਤਰੀ ਜੀ ਨੇ ਫਰਮਾਇਆ ਹੈ ਕਿ ਇਸ ਵਿਚ ਕੁਝ ਪਰਸੈਂਟੇਜ ਦੀ ਘਾਟ ਹੈ। ਇਨ੍ਹਾਂ ਇਹ ਵੀ ਕਿਹਾ ਹੈ ਕਿ ਹੋਰ ਸੀਟਾਂ ਦੇ ਕੇ ਇਨ੍ਹਾਂ ਨੂੰ ਟ੍ਰੇਨਿੰਗ ਦਿਆਂਗੇ ਜੇਕਰ ਇਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਨਾ ਹੋਈ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ 1975-76 ਦੀ ਤਰ੍ਹਾਂ ਜੋ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਉਸ ਵੇਲੇ ਕੇਵਲ ਸ਼ਡਿਊਲਡ ਕਾਸਟਸ ਜੇ.ਬੀ.ਟੀ. ਔਰ ਬੀ.ਐਡ. ਨੂੰ ਟ੍ਰੇਨਿੰਗ ਦਿੱਤੀ ਸੀ, ਕੀ ਉਸੇ ਤਰ੍ਹਾਂ ਇਹ ਇਨ੍ਹਾਂ ਦੀ ਟ੍ਰੇਨਿੰਗ ਕਰਵਾਕੇ ਇਸ ਬੈਕਲਾਗ ਨੂੰ ਪੂਰਾ ਕੀਤਾ ਜਾਏਗਾ ?

ਮੰਤਰੀ : ਇਨ੍ਹਾਂ ਦੀ ਟਰੇਨਿੰਗ ਲਈ ਵਾਧੂ ਸੀਟਸ ਅਰੇਂਜ ਕਰਨ ਦਾ ਯਤਨ ਕਰਾਂਗੇ।

ਸ੍ਰੀ ਹਰੀ ਮਿੱਤਰ ਹੰਸ : ਇਹ ਜਿਹੜੀ ਇਨ੍ਹਾਂ ਨੇ ਰਿਜ਼ਰਵੇਸ਼ਨ ਦੀ ਪਰਸੈਂਟੇਜ ਦੱਸੀ ਹੈ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਮਜ਼੍ਹਬੀ ਸਿੱਖ ਕਿੰਨੇ ਹਨ ?

ਮੰਤਰੀ : ਇਹ ਵੇਰਵਾ ਕੰਬਾਈਨ ਰਿਜ਼ਰਵੇਸ਼ਨ ਦਾ ਹੁੰਦਾ ਹੈ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਜਿਹੜੀ ਨਵੀਂ ਭਰਤੀ ਸ਼ਡਿਊਲਡ ਕਾਸਟਸ ਦੀ ਹੋਵੇਗੀ ਇਨ੍ਹਾਂ ਦੀ ਕਮੀ ਨੂੰ ਪੂਰਾ ਕਰਨ ਲਈ ਕੀ ਉਸ ਵਿਚ 50% ਮਜ਼੍ਹਬੀ ਔਰ ਬਾਲਮੀਕੀ ਲੈਣਗੇ ?

(ਕੋਈ ਉਤਰ ਨਹੀਂ ਆਇਆ।)

ਸਰਦਾਰ ਦਰਸ਼ਨ ਸਿਘ ਕੇ.ਪੀ. ਸਪੈਸ਼ਲ ਟ੍ਰੇਨਿੰਗ ਜਦੋਂ ਇਨ੍ਹਾਂ ਦੀ ਮਰਜ਼ੀ ਹੈ ਇਹ ਸ਼ੁਰੂ ਕਰਨ। ਪਰ ਇਸ ਤੋਂ ਪਹਿਲਾਂ ਇਨ੍ਹਾਂ ਟੀਚਰਜ਼ ਦੀ ਜੋ ਕਮੀ ਹੈ ਕੀ ਉਸ ਵਾਸਤੇ ਇਹ ਇੰਪ-ਲਾਇਮੈਂਟ ਐਕਸਚੇਂਜਿਜ਼ ਤੋਂ ਅਤੇ ਵੈਲਫੇਅਰ ਡਿਪਾਰਟਮੈਂਟ ਤੋਂ ਕੈਂਡੀਡੇਟਸ ਮੰਗਵਾ ਕੇ ਇਸ ਘਾਟ ਨੂੰ ਪੂਰਾ ਕਰਗੇ ? ਕੀ ਇਹ ਕਮੀ ਇਸ ਸਾਲ ਵਿਚ ਪੂਰੀ ਕਰ ਦਿੱਤੀ ਜਾਏਗੀ ?

ਮੰਤਰੀ : ਜੋ ਆਨਰੇਬਲ ਮੈਂਬਰ ਨੇ ਸੁਝਾਓ ਦਿੱਤਾ ਹੈ, ਇਹ ਬੜਾ ਅੱਛਾ ਸੁਝਾਓ ਹੈ, ਇਸ ਨੂੰ ਜ਼ਰੂਰ ਅਪਨਾਉਣ ਦਾ ਯਤਨ ਕਰਾਂਗੇ।

COOPERATIVE SUGAR MILL IN KHANNA SUB DIVISION

*334. **Sardar Shamsher Singh :** Will the Chief Minister be pleased to state whether there is any proposal under the consideration of the Government to set up a Co-operative Sugar Mill in Khanna Sub-Division, if so, the time by which it is likely to be set up ?

Sardar Darbara Singh : Part (a) Yes please.

Part (b) A proposal for grant of licence to set up a Co-operative Sugar Mill at Doraha in Khanna Sub-Division stands submitted to Government of India. The case for issue of licence is being properly followed up. The said Mill can be set up after the licence is granted by the Govt. of India.

ਸਰਦਾਰ ਸ਼ਮਸ਼ੇਰ ਸਿੰਘ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸ਼ੂਗਰ ਮਿੱਲ ਲਗਾਉਣ ਲਈ ਕਦੋਂ ਤਕ ਲਾਇਸੈਂਸ ਮਿਲ ਜਾਏਗਾ ?

ਮੁੱਖ ਮੰਤਰੀ : ਮੈਂ ਇਸ ਚੀਜ਼ ਨੂੰ ਬਹੁਤ ਤੇਜ਼ੀ ਨਾਲ ਪਰਸੂ ਕਰ ਰਿਹਾ ਹਾਂ। ਇਸ ਦੇ ਨਾਲ 5 ਹੋਰ ਸ਼ੂਗਰ ਮਿੱਲਾਂ ਨੂੰ ਵੀ ਟੇਕ ਅੱਪ ਕਰਨਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਹੁਣੇ ਹੀ ਇਕ ਸਪਲੀਮੈਂਟਰੀ ਦੇ ਜਵਾਬ ਵਿਚ 5-6 ਮਿੱਲਾਂ ਦਾ ਜ਼ਿਕਰ ਕੀਤਾ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਜਿਹੜੀਆਂ 6 ਸ਼ੂਗਰ ਮਿੱਲਾਂ ਵਾਸਤੇ ਲੈਟਰ ਆਫ ਇੰਟੈਂਟ ਸੈਂਟਰਲ ਗੌਰਮਿੰਟ ਤੋਂ ਮੰਗੇ ਹੋਏ ਹਨ ਕੀ ਚੀਫ ਮਨਿਸਟਰ ਸਾਹਿਬ ਇਸ ਬਾਰੇ ਇਸ ਹਾਊਸ ਵਿਚ ਐਸ਼ੋਰੈਂਸ ਦੇਣਗੇ ਕਿ ਉਹ ਇਨ੍ਹਾਂ ਦੀ ਸਾਲ, ਡੇਢ ਸਾਲ ਜਾਂ ਛੇ ਮਹੀਨੇ ਵਿਚ ਮਨਜ਼ੂਰੀ ਲੈ ਕੇ ਲਗਾ ਦੇਣਗੇ ?

ਮੁਖ ਮੰਤਰੀ : ਅਸੀਂ ਛੇਤੀ ਕਰ ਰਹੇ ਹਾਂ ਅਤੇ ਤੁਹਾਡੇ ਨਾਲੋਂ ਛੇਤੀ ਕਰ ਰਹੇ ਹਾਂ ਕਿਉਂਕਿ ਅਸੀਂ ਜਗ੍ਹਾ ਮੁਕੱਰਰ ਕੀਤੀਆਂ ਹਨ ਕਿ ਕਿਹੜੀ ਕਿਹੜੀ ਜਗ੍ਹਾ ਤੇ ਲੱਗਣੀਆਂ ਹਨ ਅਤੇ ਜਿਤਨੀ ਜਲਦੀ ਮਨਜ਼ੂਰੀ ਮਿਲ ਜਾਵੇਗੀ, ਲਗਾ ਦਿਆਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਮਲੋਹ ਦਾ ਸਰਵੇ ਹੋਇਆ ਸੀ ਖੰਡਸਾਰੀ ਦੇ ਬਾਰੇ ਵਿਚ। ਉਥੇ ਗੰਨਾ ਬਹੁਤ ਹੁੰਦਾ ਹੈ। ਇਸ ਲਈ ਕੀ ਇਹ ਸਾਰੇ ਪੰਜਾਬ ਦਾ ਸਰਵੇ ਕਰਾਉਣਗੇ ਅਤੇ ਜਿਥੇ ਮੁਨਾਸਬ ਜਗ੍ਹਾ ਹੋਈ ਉਥੇ ਨਵੀਆਂ ਮਿੱਲਾਂ ਲਗਾਉਣ ਦਾ ਯਤਨ ਕਰਨਗੇ ?

ਮੁੱਖ ਮੰਤਰੀ : ਜੋ ਸਾਈਟਸ ਹਨ ਉਨ੍ਹਾਂ ਨੂੰ ਇਸ ਪੱਖ ਵਿਚ ਵੇਖਾਂਗੇ ਕਿ ਜਿਥੇ ਇਸ ਵੇਲੇ ਜ਼ਿਆਦਾ ਗੰਨੇ ਦੀ ਪੈਦਾਵਾਰ ਹੈ ਅਤੇ ਇਸ ਦੇ ਵਧਾਏ ਜਾਣ ਦਾ ਸਕੋਪ ਹੈ, ਇਸ ਨੂੰ ਮੁੱਖ ਰੱਖਕੇ ਕੀਤਾ ਜਾਵੇਗਾ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 5 ਸ਼ੂਗਰ ਮਿੱਲਾਂ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਕਿਥੇ ਕਿਥੇ ਲੱਗਣਗੀਆਂ ?

ਮੁੱਖ ਮੰਤਰੀ : ਇਸ ਬਾਰੇ ਸੈਪਰੇਟ ਸਵਾਲ ਦੇ ਦਿਓ।

QUOTA OF PARAFFIN WAX

*469. **Shri Gopal Krishan Chatrath** : Will the Chief Minister be pleased to state .—

(a) the names of the persons district-wise in the state who got quota of paraffin wax during the period from 1978 to date together with the value thereof in each case ;

(b) whether any irregularities/misutilization by any quota holder referred to in a part (a) above were detected by the Industries Department, if so, the details thereof ?

Sardar Darbara Singh : (a) The names of the persons district-wise in the state who got quota of paraffin wax during the priod from 1978 to date together with the value thereof in each case is placed on the Table* of the House.

(b) Yes.

The list of units which have been detected by the department for their irregularities/misutilization is placed on the Table of the House.

ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਇਨ੍ਹਾਂ ਨੇ ਲਿਸਟ ਦਿਤੀ ਹੈ ਇਹ ਮੈਂ ਪੜ੍ਹੀ ਹੈ, ਇਸ ਨੂੰ ਪੜ੍ਹਕੇ ਇੰਜ ਮਹਿਸੂਸ ਹੁੰਦਾ ਹੈ ਕਿ ਅੰਮ੍ਰਿਤਸਰ ਜਾਂ ਹੋਰ ਵੱਡੇ ਵੱਡੇ ਸ਼ਹਿਰਾਂ ਵਿਚ ਜਿਥੋਂ ਜਨਸੰਘੀ ਐਮ.ਐਲ.ਏ. ਪਿਛਲੀ ਵਾਰੀ ਬਣੇ ਸਨ, ਸਾਰੇ

---

* Placed in the Library.

[ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ]

ਥਾਵਾਂ ਤੇ ਮੋਮਬੱਤੀ ਦੇ ਕਾਰਖਾਨੇ ਲੱਗ ਗਏ ਹਨ। ਕੀ ਚੀਫ ਮਨਿਸਟਰ ਸਾਹਿਬ ਕਿਸੇ ਅਫਸਰ ਤੋਂ ਇਸ ਗੱਲ ਦੀ ਇਨਕੁਆਰੀ ਕਰਾਉਣਗੇ ਕਿ ਆਇਆ ਇਹ ਜਿਹੜੇ ਮੋਮ ਦੇ ਕੋਟੇ ਮਿਲੇ ਹਨ ਉਹ ਕਾਰਖਾਨੇ ਹਨ ਜਾਂ ਨਹੀਂ ?

ਮੁੱਖ ਮੰਤਰੀ: ਇਹ ਬੜੀ ਲੰਬੀ ਚੌੜੀ ਲਿਸਟ ਦਿਤੀ ਗਈ ਹੈ। ਜਿਨ੍ਹਾਂ ਨੂੰ ਕੋਟੇ ਮਿਲੇ ਹਨ ਭਾਵੇਂ ਉਹ ਕਿਸੇ ਜਨਸੰਘੀ ਨੂੰ ਮਿਲੇ ਹਨ ਜਾਂ ਕਿਸੇ ਨੂੰ ਮਿਲੇ ਹਨ, ਜਿਸ ਤਰ੍ਹਾਂ ਚਤੱਰਥ ਜੀ ਕਹਿੰਦੇ ਹਨ ਅਗਰ ਕਿਸੇ ਨੇ ਕੋਟਾ ਲਿਆ ਹੈ ਪਰ ਉਥੇ ਕਾਰਖਾਨਾ ਨਹੀਂ ਹੈ ਤਾਂ ਇਹ ਦੱਸ ਦੇਣ। ਜਨਰਲ ਇਨਕੁਆਇਰੀ ਕਰਨ ਨਾਲ ਸਮਾਂ ਬਹੁਤ ਲਗੇਗਾ। ਜੇ ਕੋਈ ਐਸੀ ਗੱਲ ਸਾਡੇ ਨੋਟਿਸ ਵਿਚ ਆਵੇਗੀ ਤਾਂ ਇਨਕੁਆਇਰੀ ਕਰਾਈ ਜਾਵੇਗੀ

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਟਾਲੇ ਵਿਚ ਜਿਹੜੇ ਕਾਰਖਾਨਿਆਂ ਦੇ ਨਾਮ ਦੱਸੇ ਗਏ ਹਨ, ਮੈਂ ਬਟਾਲਾ ਦਾ ਰਹਿਣ ਵਾਲਾ ਹਾਂ, ਮੈਂ ਬਟਾਲੇ ਵਿਚ ਮੋਮ ਬੱਤੀਆਂ ਦਾ ਕਾਰਖਾਨਾ ਨਹੀਂ ਦੇਖਿਆ। ਇਹ ਜਿਹੜੇ ਬਟਾਲੇ ਦੇ 4-5 ਕਾਰਖਾਨੇ ਦੱਸੇ ਗਏ ਹਨ ਅਤੇ ਜਿਨ੍ਹਾਂ ਨੂੰ ਲੱਖਾਂ ਰੁਪਏ ਦਾ ਕੋਟਾ ਮਿਲਦਾ ਰਿਹਾ ਹੈ ਆਇਆ ਉਹ ਕਾਰਖਾਨੇ ਹਨ ਜਾਂ ਨਹੀਂ ?

ਮੁੱਖ ਮੰਤਰੀ : ਇਸ ਦਾ ਪਤਾ ਲੈ ਲਵਾਂਗੇ।

ਸਰਦਾਰ ਸੁਖਜਿੰਦਰ ਸਿੰਘ ਘੇਰਾ ਸਪੀਕਰ ਸਾਹਿਬ, ਇਹ ਗੱਲ ਇਨ੍ਹਾਂ ਨੇ ਬੜੀ ਅੱਛੀ ਕੀਤੀ ਹੈ ਕਿ ਚੈਕਿੰਗ ਹੋਣੀ ਹੈ। ਮੈਂ ਇਨ੍ਹਾਂ ਨੂੰ ਇਕ ਤਜਵੀਜ਼ ਦੇਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਗਲਤ ਕੋਟੇ ਲੈ ਕੇ ਆਪਣਾ ਕੰਮ ਚਲਾਇਆ ਉਨ੍ਹਾਂ ਨੂੰ ਬਲੈਕ ਲਿਸਟ ਕੀਤਾ ਜਾਵੇ ਤਾਂਕਿ ਉਨ੍ਹਾਂ ਨੂੰ ਹੋਰ ਕਿਤੇ ਕੋਟਾ ਨਾ ਮਿਲੇ ਅਤੇ ਜਿਨ੍ਹਾਂ ਅਫਸਰਾਂ ਨੇ ਉਨ੍ਹਾਂ ਨੂੰ ਰਿਕੁਮੈਂਡ ਕੀਤਾ ਕੋਟਾ ਲੈਣ ਵਾਸਤੇ ਕੀ ਉਨ੍ਹਾਂ ਦੇ ਖਿਲਾਫ ਵੀ ਐਕਸ਼ਨ ਲੈਣਗੇ ?

ਮੁੱਖ ਮੰਤਰੀ : ਪਹਿਲਾਂ ਸਾਨੂੰ ਇਹ ਇਨਕੁਆਇਰੀ ਕਰ ਲੈਣ ਦਿਓ ਜਿਸ ਨੇ ਗਲਤ ਅਤੇ ਬੋਗਸ ਕੋਟਾ ਲਿਆ, ਉਸ ਦੀ ਰਿਮੂਵਲ ਹੋਵੇਗੀ ਅਤੇ ਨਾਲ ਹੀ ਬੋਗਸ ਕੋਟਾ ਦੇਣ ਵਾਲਾ ਦੀ ਵੀ ਰਿਮੂਵਲ ਹੋਵੇਗੀ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਭਾਵੇਂ ਮੋਮ ਦਾ ਕੋਟਾ ਹੋਵੇ ਅਤੇ ਭਾਵੇਂ ਹੋਰ ਕਿਸੇ ਕਿਸਮ ਦਾ ਕੋਟਾ ਹੋਵੇ, ਜਿਨ੍ਹਾਂ ਫਰਮਾਂ ਨੂੰ ਇਹ ਕੋਟਾ ਮਿਲਦਾ ਹੈ ਉਨ੍ਹਾਂ ਦੀਆਂ ਲਿਸਟਾਂ ਸਾਰੇ ਵਿਧਾਇਕਾਂ ਨੂੰ ਸਰਕੂਲੇਟ ਕਰ ਦੇਣਗੇ ਤਾਕਿ ਜਿਥੇ ਬੋਗਸ ਫਰਮ ਦਾ ਪਤਾ ਲਗ ਸਕੇ ਉਹ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਜਾ ਸਕੇ ?

ਮੁੱਖ ਮੰਤਰੀ: ਮੇਰਾ ਖਿਆਲ ਹੈ ਕਿ ਇਹ ਬਹੁਤ ਵੱਡੀਆਂ ਲਿਸਟਾਂ ਹੁੰਦੀਆਂ ਹਨ ਲੇਕਿਨ ਡਿਸਟ੍ਰਿਕਟ ਵਿਚ ਜਿਹੜੇ ਅਫਸਰ ਹਨ ਉਨ੍ਹਾਂ ਨੂੰ ਤੁਸੀਂ ਇਸ ਬਾਰੇ ਪੁੱਛ ਸਕਦੇ ਹੋ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਹਾਲਾਂ ਅਸੀਂ ਇਨਕੁਆਇਰੀ ਕਰਨੀ ਹੈ ਫਿਰ ਐਕਸ਼ਨ ਹੋ ਸਕਦਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ੈਲ ਸਿੰਘ ਦੀ ਸਰਕਾਰ ਵੇਲੇ ਉਨ੍ਹਾਂ ਲੋਕਾਂ ਦੀ ਲਿਸਟ ਬਣੀ ਸੀ, ਜਿਨ੍ਹਾਂ ਨੇ ਬੋਗਸ ਕੋਟੇ ਲਏ। ਇਹ ਬਹੁਤ ਵੱਡੀ ਲਿਸਟ ਸੀ। ਉਨ੍ਹਾਂ ਲੋਕਾਂ ਦੇ ਕਾਰਖਾਨੇ ਲਗੇ ਨਹੀਂ।

ਪਰ ਉਨ੍ਹਾਂ ਤੇ ਕੀ ਐਕਸ਼ਨ ਹੋਇਆ ਹੈ, ਉਹ ਲਿਸਟ ਇਨ੍ਹਾਂ ਪਾਸ ਹੈ ? ਕੀ ਉਸ ਤੇ ਕੋਈ ਐਕਸ਼ਨ ਲੈਣਗੇ ?

ਮੁੱਖ ਮੰਤਰੀ : ਮੈਨੂੰ ਕਿਸੇ ਰਿਜੀਮ ਦਾ ਪਤਾ ਨਹੀਂ । ਮੈਂ ਇਸ ਵੇਲੇ ਕਹਿ ਨਹੀਂ ਸਕਦਾ। ਤੁਹਾਡੀ ਵੀ ਪਿਛਲੇ 3 ਸਾਲ ਰਿਜੀਮ ਰਹੀ ਹੈ । ਅਸੀਂ ਸਾਰਾ ਦੇਖ ਲਵਾਂਗੇ।

ਪ੍ਰੋਫੈਸਰ ਬਲਵੰਤ ਸਿੰਘ: ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕੀ ਜ਼ਿਲ੍ਹਾ ਪੱਧਰ ਤੇ ਇਹ ਨਿਗਰਾਨ ਕਮੇਟੀਆਂ ਕਾਇਮ ਕਰਨ ਨੂੰ ਤਿਆਰ ਹਨ ਜਿਨ੍ਹਾਂ ਦੀ ਨਿਗਰਾਨੀ ਵਿਚ ਇਹ ਕੰਮ ਕੀਤਾ ਜਾਵੇ ?

ਮੁੱਖ ਮੰਤਰੀ : ਉਨ੍ਹਾਂ ਦੀ ਦੇਖ ਭਾਲ ਲਈ ਕਮੇਟੀਆਂ ਬਾਰੇ ਅਸੀਂ ਫਿਰ ਕਰ ਲਵਾਂਗੇ ਪਹਿਲਾਂ ਸਾਨੂੰ ਪਹਿਲਿਆਂ ਦੀ ਛੁੱਟੀ ਤਾਂ ਕਰ ਲੈਣ ਦਿਓ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੰਨ 1977-78 ਵਿਚ ਪੈਰਾਫੀਨ ਵੈਕਸ ਦੇ ਕੋਟੇ ਉਨ੍ਹਾਂ ਲੋਕਾਂ ਨੂੰ ਦਿੱਤੇ ਗਏ ਜਿਹੜੇ ਜਾਲ੍ਹੀ ਮੱਖਣ ਬਣਾਉਂਦੇ ਸੀ। ਅਕਾਲੀ-ਜਨਤਾ ਸਰਕਾਰ ਨੇ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ । ਇਸ ਲਈ ਕੀ ਇਹ ਹੁਣ ਪਿਛਲੇ ਕਾਗਜ਼ ਕੱਢ ਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ਜਿਹੜੇ ਪੁਆਇਜ਼ਨੇਸ ਮੱਖਣ ਬਣਾਉਂਦੇ ਰਹੇ ਅਤੇ ਪਰਾਫੀਨ ਵੈਕਸ ਦੇ ਕੋਟੇ ਨਜਾਇਜ਼ ਲੋਕਾਂ ਨੂੰ ਦਿੱਤੇ ਗਏ ?

ਸ੍ਰੀ ਸਪੀਕਰ ਇਹ ਰੈਲੇਵੈਂਟ ਸਪਲੀਮੈਂਟਰੀ ਨਹੀਂ ਹੈ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਚੀਫ ਮਨਿਸਟਰ ਸਾਹਿਬ ਨੇ ਜਿਹੜੀਆਂ ਬੋਗਸ ਫਰਮਾਂ ਪਕੜੀਆਂ ਹਨ ਉਨ੍ਹਾਂ ਦੀ ਗਿਣਤੀ 37 ਦੱਸੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਕੋਟੇ ਤਾਂ ਤੁਸੀਂ ਕੈਂਸਲ ਕਰ ਦਿੱਤੇ ਪਰ ਜਿਨ੍ਹਾਂ ਅਫਸਰਾਂ ਨੇ ਰਿਕੁਮੈਂਡ ਕੀਤਾ ਅਤੇ ਵੈਰੀਫਿਕੇਸ਼ਨ ਕੀਤੀ ਕਿ ਉਥੇ ਫੈਕਟਰੀ ਲੱਗੀ ਹੋਈ ਹੈ ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲਵੋਗੇ ?

ਮੁੱਖ ਮੰਤਰੀ : ਉਨ੍ਹਾਂ ਦੇ ਖਿਲਾਫ ਐਕਸ਼ਨ ਇਹ ਹੋਵੇਗਾ ਕਿ ਉਨ੍ਹਾਂ ਨੇ ਬੋਗਸ ਰਿਕੁਮੈਂਡ ਕਿਉਂ ਕੀਤਾ।

CONSTRUCTION OF A NEW BRIDGE OVER NASRALA CHOE

*507. (1) **Comrade Kulwant Singh**
(2) **Comrade Saghar Singh** } Will the Chief Minister be pleased to state —

(a) whether the construction of a new bridge over Nasrala Choe between Latara Kalan and Kotli Jamit Singh was approved by the Government; if so, on what date ;

(b) whether the said bridge has been built; if not, the reasons thereof ?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ, 26.5.1978 ਨੂੰ ।

(ਅ) ਨਹੀਂ ਜੀ, ਪੈਸੇ ਦੀ ਥੁੜ ਕਾਰਨ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੁਲ ਦੀ ਮਨਜ਼ੂਰੀ 1978 ਵਿਚ ਹੋਈ, 1978 ਵੀ ਲੰਘ ਗਿਆ ਅਤੇ 1979 ਵੀ ਲੰਘ ਗਿਆ ਹੈ। ਹੁਣ 1980 ਆ ਗਿਆ ਹੈ। ਪਰ ਉਹ ਪੁਲ ਹਾਲਾਂ ਤਕ ਨਹੀਂ ਬਣਿਆ ਉਥੇ ਦੇ ਲੋਕਾਂ ਨੂੰ ਆਪਣੀ ਜਿਣਸ ਆਦਿ ਲਿਜਾਣ ਲਈ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲ ਨਾ ਬਣਨ ਕਾਰਨ ਉਥੇ ਦੇ ਲੋਕੀਂ ਜਲੰਧਰ ਤੋਂ ਕੱਟ ਆਫ ਹੋ ਗਏ ਹਨ। ਉਨ੍ਹਾਂ ਨੂੰ ਆਪਣੀ ਜਿਣਸ ਫਗਵਾੜੇ ਲਿਜਾਣੀ ਪੈਂਦੀ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਇਹ ਕਦੋਂ ਤਕ ਉਹ ਪੁਲ ਬਣਾ ਦੇਣਗੇ ?

ਮੁੱਖ ਮੰਤਰੀ : ਮੈਂ ਇਸ ਵੇਲੇ ਇਹ ਨਹੀਂ ਕਹਿ ਸਕਦਾ ਪਰ ਕੋਸ਼ਿਸ਼ ਕਰਾਂਗੇ।

Construction of Cinema Houses by the Govt. in the State

*430 1) Jathedar Naranjan Singn Patti
2) Sardar Atma Singh
} Will the Chief.

Mintster be pleased to state :—

(a) the names of towns in the State where cinema houses have been constructed by the Govt. for the entertainment of the public and and the amount spent on the construction of each cinema house;

(b) the yearwise details of income and expenditure in respect of each of the cinema houses referred to in para (a) above from the date those were taken over by the Punjab Film & News Corporation upto the 30th November, 1980.

(c) if the cinema houses referred to in para (a) above incurred losses, the steps taken or being taken to make good the losses ?

ਸਰਦਾਰ ਦਰਬਾਰਾ ਸਿੰਘ : (ੳ) ਰਾਜ ਵਿਚ ਸਰਕਾਰ ਵਲੋਂ ਕੋਈ ਸਿਨੇਮਾ ਘਰ ਨਹੀਂ ਬਣਾਇਆ ਗਿਆ। ਪ੍ਰੰਤੂ ਪੰਜਾਬ ਫਿਲਮ ਤੇ ਨਿਊਜ਼ ਕਾਰਪੋਰੇਸ਼ਨ ਵਲੋਂ ਸਿਨੇਮੇ ਬਣਾਏ ਗਏ ਹਨ। ਇਨ੍ਹਾਂ ਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ। (ਅਨੁਲੱਗ ਏ)

(ਅ) ਲੋੜੀਂਦੀ ਸੂਚਨਾ ਅਨੁਲੱਗ 'ਬੀ' ਅਨੁਸਾਰ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ੲ) ਹਾਂ ਜੀ। ਘਾਟੇ ਨੂੰ ਪੂਰਾ ਕਰਨ ਲਈ ਨਿਮਨ ਲਿਖਤ ਕਦਮ ਉਠਾਏ ਜਾ ਰਹੇ ਹਨ —

(i) ਕੁਝ ਸਿਨੇਮੇ ਜਿਹੜੇ ਘਾਟ ਵਿਚ ਜਾ ਰਹੇ ਹਨ ਹੋਰ ਥਾਵਾਂ ਉਤੇ ਜਿਥੇ ਚੰਗੇ ਆਮਦਨ ਦੇ ਸਾਧਨ ਹਨ, ਬਦਲਣ ਲਈ ਵਿਚਾਰਿਆ ਜਾ ਰਿਹਾ ਹੈ।

(ii) ਚੰਗੀਆਂ ਫਿਲਮਾਂ ਲੈਣ ਲਈ ਕਦਮ ਚੁੱਕੇ ਗਏ ਹਨ।

(iii) ਬਾਕਾਇਦਾ ਨਿਗਰਾਨੀ ਕੀਤੀ ਜਾ ਰਹੀ ਹੈ।

Annexure 'A'

Names of the Cinemas constructed by Punjab Film & News Corporation alongwith their costs :—

Place	Amount Spent
Type 'A'	
1. Kharar	.. Rs. 10,48,346.17 P
2. Sirhind	.. Rs. 10,04,343.14 P
3. Nurmahal	.. Rs. 10,31,714.65 P
Type 'B'	
4. Sultanpur Lodhi	.. Rs. 4,93,888.40 P
5. Bhiwanigarh	.. Rs. 5,88,638.01 P
6. Banur	.. Rs. 5,01,071.86 P
7. Balachaur	.. Rs. 5,75,611.72 P
8. Sanaur	.. Rs. 5,75,184.63 P

Annexture 'B'

Statement showing Income and Expenditure for Punjab Theatre for Lease period.

Sr. No	Name of the Theatre	Receipt of Lease Money	Direct expenditure	Profit/Loss
1.	Sanaur	.. 43,000.00		
2.	Sultanpur Lodhi	.. 80,000.00		
3.	Bhiwanigarh	.. 72,501.00	14,369.24	
4.	Balachaur	.. 56,011.00		
5.	Banur	.. 51,000.00		
	Total :	3,02,512.00	14,369.24	(+)2,88,142.76

The above statement does not include depreciation and proportionate head office expenditure for the period cinema remained under lease.

[Chief Minister]

Income and Expenditure Statement of Punjab Theatre Sanaur for the period from 23.5.76 to 30.6.76

Sr. No.	Name of the Theatre	Gross Income from all sources	Expenditure	Profit/Loss
		Rs.	Rs.	Rs.
1.	Sanaur	32,804.25	30,953.23	(+) 1,851.02

Note: 1. Depreciation charges not included.

2. Proportionate Head Office Expenditure has not been included.

Statement showing income and expenditure for the year 1976-77

[(1.7.76 to 31.3.1977)

Sr. No.	Name of the Theatre	Gross income from all sources	Direct expenditure	Profit/Loss
		Rs.	Rs.	Rs.
1.	Sanaur ..	1,78,135.40	1,71,798.65	(+) 6,336.75
2.	Sultanpur Lodhi ..	1,30,351.75	1,27,857.26	(+) 2,504.49
3.	Bhawanigarh .	1,59,704.00	1,47,105.83	(+) 12,598.17
4.	Balachaur ..	1,01,677.75	1,07,719.08	(—) 6,041.33
5.	Banur ..	68,999.25	81,256.04	(—) 12,256.79
	Total ..	6,38,878.15	6,35,736.86	(+) 3,141.29

Note : 1. Depreciation charges not included.

2. Proportionate Head Office expenditure has not been included.

Statement showing Income and Expenditure for the year 1977-78.

Sr. No.	Name of the Theatre	Gross income from all sources	Direct expenditure	Profit/ Loss
		Rs.	Rs.	Rs.
1.	Sanaur ..	2,25,426.68	2,36,336.83	(—) 10,910.15
2.	Sultanpur Lodhi ..	3,73,044.80	3,61,048.01	(+) 11,996.79

Sr. No.	Name of the Theatre		Gross income from all sources	Direct expenditure	Profit/ Loss
			Rs.	Rs.	Rs.
3.	Bhawanigarh	..	2,78,935.48	2,81,234.11	(—) 2,298.63
4.	Balachaur	..	2,02,446.70	12,160,76.82	(—) 1,36,130.12
5,	Banur	..	1,14,017.85	1,44,423.20	(–) 30,405.35
	Total	..	11,93,871.51	1,23,19,118.97	(–) 45.247.46

Note : 1. Expenditure on maintenance of theatres incurred at head office Rs. 58,890.08 not included in the above information.

2. Depreciation charges and proportionate head office expenditure not included.

Statement of Income and Expenditure for the year 1978-79

Sr. No.	Name of the Theatres		Gross income from all sources	Direct expenditure	Profit/ Loss
			Rs.	Rs.	Rs.
1.	Sultanpur Lodhi	..	3,31,130.28	3,42,454.79	(—) 11,324.51
2.	Sanaur	..	1,69,474.03	1,62,915.04	(+) 6,558.99
3.	Banur	..	78,857.85	89,751.81	(—) 10,893.96
4.	Balachaur	..	1,90,949.29	2,10,327.16	(—) 19,377.87
5.	Bhawanigarh	..	2,26,817.30	2,40,518.34	(—) 14,701.04
	Total :	..	9,77,228.75	10,45,967.14	(—) 48,738.39

Note : 1. The figures of expenditure are tentative and subject to audit.

2. These figures do not include depreciation and proportionate head office expenditure.

[Chief Minister]

Statement showing Income and Expenditure for the year 1979-80

Sr. No.	Name of the Theatre	Gross Income	Direct expenditure	Profit/Loss
		Rs.	Rs.	Rs.
1.	Sirhind ..	4,85,730.10	4,25,920.90	(+) 59,809.20
2.	Nurmahal ..	1,67,760.17	1,72,428.96	(—) 4,668.79
3.	Kharar ..	3,15,476.72	2,86,815.34	(+) 28,661.38
4.	Sultanpur Lodhi ..	3,88,884.84	4,06,629.98	(—) 17,754.14
5.	Bhawanigarh ..	2,84,229.28	3,08,712.76	(—) 24,483.48
6.	Balachaur ..	2,31,770.55	2,65,104.46	(—) 33,333.91
7.	Banur ..	94,995.32	1,39,524.61	(—) 44,529.29
8.	Sanaur .	1,79,591.44	2,22,450.53	(—) 42,859.09
	Total : ..	21,48,438.42	22,27,587.54	(—) 79,149.12

Note : 1. The figures of expenditure are tentative and subject to audit.

2. These figures do not include depreciation of cinemas.

3. The proportionate head office charges are also not included in the expenditure figures.

Statement showing Income and Expenditure for the period from 1.4.1980 to 30.11.1980

Sr. No.	Name of the Theatre	Gross Income	Direct expenditure	Profit/Loss
		Rs.	Rs.	Rs.
1.	Bhawanigarh ..	2,10,675.85	2,23,555.97	(—) 12,880.12
2.	Sultanpur ..	2,55,339.14	2,48,625.55	([illegible]) 6,713.59

Sr. No.	Name of the Theatre		Gross Income	Direct Expenditure	Profit/Loss
			Rs.	Rs.	Rs.
3.	Banur	..	68,106,33	1,00,719.43	(—) 32,612.90
4.	Sanaur	..	1,30,565.55	1,49,381.83	(—) 18,816.28
5.	Balachaur	..	1,68,819.10	1,92,732.27	(—) 23,913.16
6.	Kharar	..	4,23,474.10	4,09,772.63	(+) 13,701.47
7.	Sirhind	..	6,58,889.95	5,95,476.52	(+) 63,413.43
8.	Nurmahal	..	2,66 931.57	2,81,324.23	(—) 14,392.66
	Total	..	Losses		(—) 18,786.63

Note : 1. The figures of expenditure are tentative and subject to audit.

2. The figures of expenditure do not include depreciation of cinema and proportionate head office expenditure.

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਫੁਰਮਾਇਆ ਹੈ ਕਿ ਪੰਜਾਬ ਵਿਚ ਪੰਜਾਬ ਫਿਲਮ ਤੇ ਨਿਊਜ਼ ਕਾਰਪੋਰੇਸ਼ਨ ਵਲੋਂ 8 ਸਿਨੇਮੇ ਬਣਾਏ ਗਏ ਹਨ ਜਿਨ੍ਹਾਂ ਤੇ ਲਗਭਗ 60 ਲੱਖ ਰੁਪਿਆ ਖਰਚ ਹੋਇਆ ਹੈ। ਸਵਾਲ ਇਹ ਪੁੱਛਿਆ ਗਿਆ ਸੀ ਕਿ ਸਾਲ 1977-78 1978-79, 1979-80 ਵਿਚ ਕੀ ਮੁਨਾਫਾ ਅਤੇ ਕੀ ਘਾਟਾ ਹੋਇਆ ਹੈ। ਇਨ੍ਹਾਂ ਨੇ ਫੁਰਮਾਇਆ ਹੈ ਕਿ 1977-78 ਵਿਚ 45,247 ਰੁਪਏ ਦਾ ਘਾਟਾ ਹੋਇਆ ਹੈ। ਲੇਕਿਨ ਹੈਡਕੁਆਟਰਜ਼ ਦਾ ਜੋ ਖਰਚਾ ਹੈ 58,890 ਰੁਪਏ ਇਹ ਇਸ ਦੇ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ ਤਰ੍ਹਾਂ ਇਹ ਘਾਟਾ 1 ਲੱਖ 4 ਹਜ਼ਾਰ 37 ਰੁਪਏ ਬਣ ਜਾਂਦਾ ਹੈ। ਇਸੇ ਤਰ੍ਹਾਂ 1978-79 ਵਿਚ ਘਾਟਾ 48,738 ਰੁਪਏ ਹੈਡਕੁਆਰਟਰ ਦੇ ਖਰਚੇ ਤੋਂ ਬਗੈਰ ਪਿਆ ਹੈ। 1979-80 ਵਿਚ ਘਾਟਾ ਪਿਆ 79,149 ਰੁਪਏ ਦਾ ਹੈਡਕੁਆਰਟਰਜ਼ ਦੇ ਖਰਚੇ ਤੋਂ ਬਗੈਰ ਔਰ 1980-81 ਵਿਚ 30 ਨਵੰਬਰ, 1980 ਤਕ 18,786 ਰੁਪਏ ਦਾ ਘਾਟਾ ਹੈਡ ਕੁਆਟਰਜ਼ ਦੇ ਖਰਚੇ ਤੋਂ ਬਗੈਰ ਪਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਪੰਜਾਬ ਫਿਲਮ ਤੇ ਨਿਊਜ਼ ਕਾਰਪੋਰੇਸ਼ਨ ਹੈ ਇਸ ਦਾ ਘਾਟਾ ਹਰ ਸਾਲ ਵਧਦਾ ਜਾ ਰਿਹਾ ਹੈ। ਕੀ ਇਸ ਨੂੰ ਬੰਦ ਕਰਕੇ ਇਸ ਦੇ ਬਦਲੇ ਵਿਚ ਕੋਈ ਹੋਰ ਪ੍ਰਬੰਧ ਕਰਨਗੇ ਜਿਸ ਨਾਲ ਸਰਕਾਰ ਨੂੰ ਮੁਨਾਫਾ ਹੋ ਸਕੇ।

ਮੁੱਖ ਮੰਤਰੀ : ਅਰਜ਼ ਇਹ ਹੈ, ਸਪੀਕਰ ਸਾਹਿਬ ਜੋ ਹੁਣ ਤਕ ਸਾਡੇ ਸਾਹਮਣੇ ਘਾਟਾ ਵਾਧਾ ਸਾਹਮਣੇ ਆਇਆ ਹੈ ਉਸ ਦਾ ਲੇਖਾ ਜੋਖਾ ਦਸਿਆ ਹੈ ਪਰ ਅਸੀਂ ਇਹ ਕੋਸ਼ਿਸ਼ ਕਰਾਂਗੇ ਕਿ ਜਾਂ ਇਸ ਨੂੰ ਦਰੁਸਤ ਕਰੀਏ ਜਾਂ ਹੋਰ ਕੋਈ ਤਰੀਕਾ ਅਪਣਾਈਏ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਿਹੜੇ ਸਿਨੇਮੇ ਬਣਾਏ ਗਏ ਜਿਸ ਤਰ੍ਹਾਂ ਸਰਹਿੰਦ, ਸਨੌਰ ਉਨ੍ਹਾਂ ਥਾਵਾਂ ਤੇ ਇਹ ਨਹੀਂ ਦੇਖਿਆ ਗਿਆ ਕਿ ਇਥੇ ਸਿਨੇਮੇ ਕਾਮਯਾਬ ਵੀ ਹੋਣਗੇ ਜਾਂ ਨਹੀਂ, ਇਸ ਦੇ ਨਾਲ ਸਟੇਟ ਨੂੰ ਬੜਾ ਭਾਰੀ ਘਾਟਾ ਪਿਆ ਹੈ। ਇਕ ਵਾਰੀ ਇਹ ਵੀ ਸੋਚਿਆ ਗਿਆ ਸੀ ਇਸ ਨੂੰ ਬੰਦ ਕਰਨ ਦੇ ਬਾਰੇ । ਕੀ ਹੁਣ ਸਰਕਾਰ ਇਸ ਪਾਸੇ ਵਲ ਸੋਚੇਗੀ ਕਿ ਇਸ ਨੂੰ ਬੰਦ ਕੀਤਾ ਜਾਵੇ ਔਰ ਜਿਨ੍ਹਾਂ ਅਫਸਰਾਂ ਨੇ ਗਲਤ ਰਿਪੋਰਟ ਕੀਤੀ ਹੈ ਉਨ੍ਹਾਂ ਨੂੰ ਪੜਤਾਲ ਕਰਵਾ ਕੇ ਸਜ਼ਾ ਦੇਵੇਗੀ ਔਰ ਪੈਸੇ ਉਨ੍ਹਾਂ ਤੋਂ ਵਸੂਲ ਕਰੇਗੀ ਕਿਉਂਕਿ ਇਹ ਸਿਨੇਮੇ ਕਾਮਯਾਬ ਨਹੀਂ ਹੋਏ ਜਦ ਕਿ ਪ੍ਰਾਈਵੇਟ ਸਿਨੇਮੇ ਵਾਲੇ ਕਾਮਯਾਬ ਹਨ ਔਰ ਫਾਇਦਾ ਉਨ੍ਹਾਂ ਨੂੰ ਹੁੰਦਾ ਹੈ ?

ਮੁੱਖ ਮੰਤਰੀ : ਮੈਂ ਇਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾ ਹਾਂ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਵੇਲੇ ਇਹ ਪਾਸ ਕੀਤਾ ਗਿਆ ਸੀ ਕਿ ਇਸ ਨੂੰ ਡਿਸਪੋਜ਼ ਆਫ ਕੀਤਾ ਜਾਵੇ ਕਿਉਂਕਿ ਇਸ ਦੇ ਵਿਚ ਘਾਟਾ ਪੈ ਰਿਹਾ ਹੈ। ਉਸ ਡਿਸੀਜ਼ਨ ਨੂੰ ਚੇਂਜ ਕਿਸ ਕਰਕੇ ਕੀਤਾ ਗਿਆ ? ਇਸ ਦਾ ਘਾਟਾ ਵਧਦਾ ਜਾ ਰਿਹਾ ਹੈ ਕੀ ਉਸੇ ਡਿਸੀਜ਼ਨ ਨੂੰ ਦੁਬਾਰਾ ਇੰਪਲੀਮੈਂਟ ਕਰਨਗੇ ?

ਮੁੱਖ ਮੰਤਰੀ : ਮੇਰੀ ਅਰਜ਼, ਸਪੀਕਰ ਸਾਹਿਬ, ਇਹ ਹੈ ਕਿ ਇਸ ਸਵਾਲ ਤੋਂ ਇਸ ਤਰ੍ਹਾਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਆਪ ਕੁਝ ਨਹੀ ਕੀਤਾ ਅਤੇ ਹੁਣ ਸਾਨੂੰ ਬੰਦ ਕਰਨ ਲਈ ਕਹਿੰਦੇ ਹਨ । ਅਸੀਂ ਦੇਖਾਂਗੇ ਜੇ ਬੰਦ ਕਰਨ ਨਾਲ ਘਾਟਾ ਪੂਰਾ ਹੁੰਦਾ ਹੈ ਨਹੀਂ ਤਾਂ ਹੋਰ ਕੋਈ ਤਰੀਕਾ ਦੇਖਾਂਗੇ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਕਿ ਪੰਜਾਬ ਵਿਚ ਇਸ ਵੇਲੇ ਜਿੰਨੀਆਂ ਕਾਰਪੋਰੇਸ਼ਨਾਂ ਕੰਮ ਕਰ ਰਹੀਆਂ ਹਨ ਉਹ ਸਾਰੀਆਂ ਘਾਟੇ ਵਿਚ ਜਾ ਰਹੀਆਂ ਹਨ, ਜਿਸ ਨਾਲ ਸਰਕਾਰ ਦੇ ਖਜ਼ਾਨੇ ਤੇ ਬੜਾ ਬੋਝ ਪੈ ਰਿਹਾ ਹੈ। ਕੀ ਮੁੱਖ ਮੰਤਰੀ ਸਾਹਿਬ ਕੋਈ ਕਮਿਸ਼ਨ ਜਾਂ ਕਮੇਟੀ ਬਣਾ ਕੇ ਉਨ੍ਹਾਂ ਸਾਰੀਆਂ ਕਾਰਪੋਰੇਸ਼ਨਾਂ ਦੇ ਕਾਰੋਬਾਰ ਦੀ ਪੜਤਾਲ ਕਰਵਾਉਣਗੇ ਕਿ ਘਾਟਾ ਕਿਉਂ ਪੈ ਰਿਹਾ ਹੈ ? ਉਸ ਘਾਟੇ ਨੂੰ ਬੰਦ ਕਰਨ ਲਈ ਜਾਂ ਇਸ ਦਾ ਕਾਰਨ ਲਭੱਣ ਲਈ ਕੋਈ ਯੋਗ ਕਾਰਵਾਈ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਜੋ ਮੈਂ ਦਿੱਤਾ ਹੈ ਉਹੀ ਹੈ ਪਰ ਇਹ ਠੀਕ ਹੈ ਕਿ ਰੂਪ ਰੇਖਾ ਦੇਖਣੀ ਚਾਹੀਦੀ ਹੈ ਕਿ ਕਾਰਨ ਕੀ ਹਨ ਘਾਟੇ ਦੇ । ਕਾਰਨ ਜ਼ਰੂਰ ਲਭਾਂਗੇ। ਇਸ ਦੇ ਵਿਚ ਦੋ ਰਾਵਾਂ ਨਹੀਂ ਹਨ ਕਿ ਘਾਟਾ ਨਹੀਂ ਪੈਣਾ ਚਾਹੀਦਾ। ਘਾਟਾ ਕਿਉਂ ਪੈਂਦਾ ਹੈ, ਕਿੰਨ੍ਹਾਂ ਕਾਰਨਾਂ ਕਰਕੇ ਪੈਂਦਾ ਹੈ ਉਸ ਦਾ ਮੁੰਨਾਸਿਬ ਹੱਲ ਕਢਿਆ ਜਾਵੇਗਾ

Bus Fare Charges from Jhir-Ka-Khuhi to Kamahi Devi in District Hoshiarpur.

***464. Sardar Gurbachan Singh Cheema :** Will the Chief Minister be pleased to state :—

(a) the rate at which the bus fare is being charged from Jhir-Ka-Khuhi to Kamahi Devi in Distt. Hoshiarpur ;

(b) whether the bus fare referred to in part (a)above is in accordance with the schedule. if not, the reasons therefor ?

Sardar Darbara Singh : (a) Bus fare from Jhir-Ka-Khuhi to Kamahi Devi is being charged @ 5.58 Paise per Km. per passanger plus passenger tax, on plain roads and @6.86 paise per Km. per pasenger for hilly portion. Total fare is Rs. 1.10 paise inclusive of passenger tax.

(b) Yes, the bus fare referred to in para (a) above is in accordance with the schedule.

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਕਿਰਾਇਆ ਲਗਿਆ ਹੋਇਆ ਹੈ ਇਹ ਕੱਚੇ ਰੂਟ ਦੇ ਹਿਸਾਬ ਨਾਲ ਪੁਰਾਣਾ ਲਗਿਆ ਚਲਿਆ ਆ ਰਿਹਾ ਹੈ। ਪਹਾੜੀ ਇਲਾਕਾ ਹੈ ਔਰ ਪਹਿਲਾਂ ਕਚੀ ਸੜਕ ਸੀ ਹੁਣ ਪੱਕੀ ਸੜਕ ਬਣ ਗਈ ਹੈ, ਹੁਣ ਪੱਕੀ ਸੜਕ ਦਾ ਕਿਰਾਇਆ ਨਵੇਂ ਹਿਸਾਬ ਨਾਲ, ਕਿਲੋਮੀਟਰਾਂ ਦੇ ਹਿਸਾਬ ਨਾਲ ਲਗਣਾ ਚਾਹੀਦਾ ਹੈ। ਪੁਰਾਣੀ ਕੱਚੀ ਸੜਕ ਦੇ ਹਿਸਾਬ ਨਾਲ ਕਿਰਾਇਆ ਲਿਆ ਜਾਂਦਾ ਹੈ। ਕੀ ਮੁੱਖ ਮੰਤਰੀ ਸਾਹਿਬ ਹੁਣ ਪੱਕੀ ਸੜਕ ਦੇ ਹਿਸਾਬ ਨਾਲ ਕਿਰਾਇਆ ਠੀਕ ਕਰਵਾ ਦੇਣਗੇ ? ਉਹ ਕਿਰਾਇਆ ਘੱਟ ਬਣਦਾ ਹੈ। (ਵਿਘਨ)

ਮੁੱਖ ਮੰਤਰੀ : ਅਗਰ ਇਹ ਤੁਹਾਡੀ ਗਲ ਦਰੁੱਸਤ ਹੋਵੇਗੀ ਤਾਂ ਉਸ ਨੂੰ ਠੀਕ ਕਰ ਦੇਵਾਂਗੇ

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਗੱਲ ਹਮਦਰਦੀ ਨਾਲ ਕੀਤੀ ਜਾ ਸਕਦੀ ਹੈ ਕਿ ਲੁਧਿਆਣਾ ਔਰ ਚੰਡੀਗੜ੍ਹ ਦੇ ਰਸਤੇ ਵਿਚ ਸਮਰਾਲੇ ਖਮਾਣੋਂ ਨੇੜੇ ਇਕ ਗੁਰਦੁਆਰਾ ਰਾਣਵਾਂ ਸਾਹਿਬ ਆਉਂਦਾ ਹੈ ਔਰ ਉਹ ਬੜਾ ਇਤਿਹਾਸਕ ਗੁਰਦੁਆਰਾ ਹੈ ਅਤੇ ਬਹੁਤ ਸਾਰੇ ਮੁਸਾਫਰ ਉਥੇ ਉਤਰਦੇ ਵੀ ਹਨ ਅਤੇ ਚੜ੍ਹਦੇ ਵੀ ਹਨ ਪਰ ਨਾ ਉਥੇ ਬੱਸਾਂ ਪੱਕੇ ਤੌਰ ਤੇ ਖੜ੍ਹਾਉਂਦੇ ਹਨ ਅਤੇ ਨਾ ਕੋਈ ਕਿਰਾਇਆ ਫਿਕਸ ਕੀਤਾ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਦੇ ਬਾਰੇ ਵਿਚਾਰ ਕਰ ਸਕਦੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬਸ ਸਟਾਪ ਦੀ ਗੱਲ ਕੀਤੀ ਹੈ। ਉਹ ਮੈਂ ਦੇਖ ਕੇ ਹੀ ਕੁਝ ਕਰ ਸਕਦਾ ਹਾਂ। ਜੇ ਬਸਾਂ ਉਥੇ ਖੜੀਆਂ ਹੁੰਦੀਆਂ ਹਨ ਤਾਂ ਉਥੇ ਦਾ ਕਿਰਾਇਆ ਲਿਆ ਜਾਂਦਾ ਹੋਵੇਗਾ ਜੇ ਉਥੇ ਖੜ੍ਹੀਆਂ ਨਹੀਂ ਹੁੰਦੀਆਂ ਬੱਸਾਂ ਤਾਂ ਉਥੇ ਦਾ ਕਿਰਾਇਆ ਨਹੀਂ ਹੋ ਸਕਦਾ। (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਫਿਰ ਪਕੇ ਤੌਰ ਤੇ ਖੜ੍ਹੀਆਂ ਕਰਨ ਵਾਸਤੇ ਹੁਕਮ ਕਰ ਦਿਓ ਤੇ ਕਿਰਾਇਆ ਫਿਕਸ ਕਰ ਦਿਓ।

ਮੁੱਖ ਮੰਤਰੀ : ਉਸ ਦੇ ਵਾਸਤੇ ਸੈਪਰੇਟ ਨੋਟਿਸ ਦੇ ਦਿਓ।

Purchase of Damaged Paddy

*437. **Shri Gopal Krishan Chatrath :** Will the Chief Minister be pleased to state —

(a) the district wise and mandi-wise purchase of paddy during 1979-80.

[Shri Gopal Krishan Chatrath]

(b) whether the paddy purchased at some places was damaged, if so, the names of such mandis and the quantity of damaged paddy in each case ;

(c) whether any action has been taken or it is proposed to be taken against the officers who were responsible for the damage·

Sardar Darbara Singh : (a) The district wise and mandi wise purchase figures of paddy by the State Government during 1979-80 are given in statement laid on the table of the house.

(b) A quantity of 28,829 tonnes at Barnala, 1789 tonnes at Tapa, 4418 tonnes at Bhadur (District Sangrur) and 361.10 tonnes at Dasuya (District Hoshiarpur) got slightly damaged/discoloured to the extent of 14.36%, 14.25%, 16.22% and 36.50% respectively.

(c) Matter is being inquired into for fixing responsibility for the damage to paddy. Disciplinary action will be taken against officials at fault.

Statement showing Districtwise procurement of paddy by State Food and Civil Supplies Department during Kharif 1979-80.

District	Quantity procured (in tonnes)
1	2
1. Amritsar	.. 13436
2. Bhatinda	.. 2734
3. Faridkot	.. —Nil—
4. Ferozepur	.. 18716
5. Gurdaspur	.. 2844
6. Hoshiarpur	.. 6611
7. Jullundur	.. 30385
8. Kapurthala	.. 7620
9. Ludhiana	.. 29105
10. Patiala	.. 61481
11. Ropar	.. —Nil—
12. Sangrur	.. 83663
Total :	256595

Statement showing the mandiwise procurement of paddy by State Food and Supplies Department during Kharif 1979-80.

District	Name of the purchase Centre	Quantity purchased by Food and Supplies Department (in tonnes)
1	2	3
1. Amritsar	1. Chak Kera Khan	.. 636
	2. Mian Wind	.. 249
	3. Kot Mohamad Khan	.. 254
	4. Chogawan	.. 2,676
	5. Cheema	.. 714
	6. Jagdev Khurd	.. 643
	7. Jalalabad	.. 358
	8. Tarn Taran	.. 32
	9. Fatehpur Rajputan	.. 1,201
	10. Baserke Gill	.. 680
	11. Brahmpura	.. 466
	12. Bhilowal	.. 332
	13. Mari Megha	.. 730
	14. Rajoke	.. 1,609
	15. Raja Ta[illegible]e	.. 1,409
	16. Kakar	.. 707
	17. Kasail	.. 765
	18. Wanike	.. 575
	Total :	.. 13,436
2. Bhatinda	1. Jallal	.. 1,006
	2. Bhikhi	.. 340
	3. Nathana	.. 107
	4. Dhapali	.. 1,281
	Total :	.. 2,734
3. Faridkot	—	.. Nil.
4. Ferozepur	1. Ban Khandi	.. 3,302
	2. Dolewal	.. 407
	3. Bhinder Kalan	.. 3212
	4. Theh Calander	.. 1,708
	5. Fatehgarh Panjtoor	.. 10,00[illegible]
	Total	.. 18,716

[Chief Minister]

1	2	3
5. Gurdaspur	1. Batala	.. 14
	2. Kala Nangal	.. 202
	3. Shekhwan	.. 367
	4. Rudiana	.. 10
	5. Mari Buchian	.. 37
	6. Bhoya	.. 143
	7 Bhagwani Kunjar	.. 15
	8. Sarup Wali	.. 701
	9. Dhandoi	.. 33
	10. Hardurwal	.. 105
	11. Dharowali	.. 257
	12 Shahzada	.. 212
	13. Nasarke Sarchur	.. 544
	14. Kandiala	.. 184
	Total	.. 2,844
6. Hoshiarpur	1. Dasuya	.. 1,180.7
	2. Tanda	.. 175.3
	3. Mukerian	.. 192.3
	4. Bhangala	.. 3,768.6
	5. Aima Mangat	.. 1,294.5
	Total	.. 6,611.4
7. Jullundur	1. Nawanshahr	.. 6
	2. Raipur	.. 2,698
	3. Daroli Kalan	.. 1,841
	4. Mithra	.. 2,389
	5. Mehal Galan	.. 2,519
	6. Dosanjh Kalan	.. 3,708
	7. Partap Pur	.. 2,541
	8. Hakim Pur	.. 539
	9. Kular	.. 961
	10. Sarhali	.. 3,249
	11. Alam Pur	.. 1,452
	12. Sanghowal	.. 572
	13. Rai Kot Daba	.. 85
	14. Bajuha Khurd	.. 1,251
	15. Sarin	.. 834
	16. Bhullar	.. 723
	17. Nall	.. 488
	18. Gill Khanpur Dhadde	.. 1,287
	19. Sarai Khas	.. 1,145
	20. Patara	.. 1,297
	21. Dupal Pur	.. 764
	22 Kahma	.. 126
	Total	.. 30,385

1		2		3
8. Kapurthala	1.	Phagwara	..	4
	2.	Sultan Pur	..	291
	3.	Mothawala	..	622
	4.	Dalla	..	1,220
	5	Khallu	..	538
	6.	Ranipur Rajputan	..	785
	7.	Jagat Pur Jattan	..	836
	8.	Bahad	..	3,324
		Total :	..	3,620
9. Ludhiana	1.	Ludhiana	..	138
	2.	Jagraon	..	62
	3.	Khanna	..	2,645
	4.	Khwaske	..	641
	5.	Hans Kalan	..	2056
	6.	Nathowal	..	1,296
	7.	Ghumana	..	913
	8.	Pakhowal	..	1,355
	9.	Sherpur Bet	..	2,034
	10.	Isru	..	2,762
	11.	Barundi	..	791
	12.	Rai Pur Majri	..	1257
	13.	Ghaloti	..	574
	14.	Barwali Khurd	..	1,229
	15.	Barmi	..	111
	16.	Deheru	..	457
	17.	Dhanansu	..	3,201
	18.	Lodhiwala	..	2,487
	19.	Jodhan	..	3,741
	20.	Mehdoodan	..	1,325
		Total	..	29,105
10. Patiala	1.	Nabha	..	4,816
	2.	Rajpura	..	887
	3.	Sirhind	..	8,089
	4.	Bahadurgarh	..	4,749
	5.	Nandpur Kalaur	..	2,732
	6.	Gulzar Pur	..	3,157
	7.	Hallah	..	6,908
	8.	Bagarian	..	1,545
	9.	Kakrala	..	3,452
	10·	Gajju Majra	..	1,287
	17.	Brass	..	2,378
	12.	Daun Kalan	..	3,660

[Chief Minister]

1	2	3
	13. Sutrana	.. 3,731
	14. Kapuri	.. 2,108
	15. Roshan Pur	.. 3,890
	16. Sher Majra	.. 1,245
	17. Darola Daroli	.. 2,740
	18. Benera Kalan	.. 4,107
	Total :	.. 61481
11. Ropar	—	.. —Nil—
12. Sangrur	1. Sangrur	241
	2. Barnala	.. 3,894
	3. Sehna	.. 6,459
	4. Badbar	.. 3,581
	5. Kup Kalan Chowk	.. 2,307
	6. Manvi	.. 1,548
	7. Fatehgarh Panj Garian	.. 2,082
	8. Bari	.. 943
	9. Gharochon	.. 5,453
	10. Thikriwala	.. 1,261
	11. Talewal	.. 6,121
	12. Kanganwal	.. 2,264
	13. Kurar	.. 1,508
	14. Kala Jhar	.. 900
	15. Katron	.. 2,207
	16. Mandvi	.. 735
	17. Rurke Kalan	.. 271
	18. Maura Nabha	.. 1,738
	19. Jakhepal	.. 4,532
	20. Ghanauri Kalan	.. 3,250
	21. Thuliwal	.. 1,965
	22. Shajli	.. 2,983
	23. Bhullarheri	.. 1,461
	24. Kot Duna	.. 697
	25. Bhattiwal Kalan	.. 3,871
	26. Gehlan	.. 1,455
	27. Khadial	.. 2,572
	28. Sekha	.. 1,980
	29. Pakhoke	.. 2,112
	30. Dhilwan	.. 51
	31. Bhudan	.. 2,418
	32. Dhadogar	.. 3,924
	33. Kattu	.. 1,214

1	2	3			4
		34.	Moom	..	2,305
		35.	Kaleke	..	261
		36.	Dhadrian	..	3,099
			Total :	..	83,663
			Grand Total :		256595 Tonnes

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਡੈਮੋਕਰੇਟਿਕ ਪ੍ਰਿੰਸੀਪਲਜ਼ ਦਾ ਇਕ ਅਸੂਲ ਹੈ ਕਿ ਮਨਿਸਟਰ ਜਿਹੜਾ ਹੈ ਉਹ ਐਬਜ਼ੌਲਵ ਨਹੀਂ ਕੀਤਾ ਜਾ ਸਕਦਾ ਜੇ ਕੋਈ ਕੌਮੀ ਨੁਕਸਾਨ ਹੋ ਜਾਵੇ ਭਾਵੇਂ ਉਸ ਦੇ ਮੁਲਾਜ਼ਮਾਂ ਦੀ ਨਾ-ਅਹਿਲੀਅਤ ਦੇ ਕਾਰਨ ਹੀ ਹੋਇਆ ਹੋਵੇ, ਕੀ ਉਸ ਵੇਲੇ ਦੇ ਮਨਿਸਟਰ ਜਿਹੜੇ ਕਿ ਫੂਡ ਐਂਡ ਸਪਲਾਈਜ਼ ਦੇ ਇਨਚਾਰਜ ਸਨ ਜਿਨ੍ਹਾਂ ਦੀ ਨਾ-ਅਹਿਲੀਅਤ ਦੇ ਕਾਰਨ ਹਜ਼ਾਰਾਂ ਟਨ ਪੰਜਾਬ ਦਾ ਅਨਾਜ ਗਲ ਸੜ ਗਿਆ ; ਕੀ ਉਨ੍ਹਾਂ ਦੇ ਖਿਲਾਫ ਕੋਈ ਕਮਿਸ਼ਨ ਬਿਠਾ ਕੇ ਇਨਕੁਆਇਰੀ ਕਰਨਗੇ ?

ਮੁੱਖ ਮੰਤਰੀ : ਮੈਂ ਇਸ ਪਾਸੇ ਨਹੀਂ ਜਾ ਸਕਦਾ ਕਿ ਇਕ ਆਊਟ ਗੋਇੰਗ ਮਨਿਸਟਰ ਦੀ ਇਨਕੁਆਇਰੀ ਕਰਾਂ। ਇਸ ਦੇ ਇਵਜ਼ ਵਿਚ ਆਫੀਸ਼ਲਜ਼ ਦੀ ਇਨਕੁਆਇਰੀ ਕਰ ਰਹੇ ਹਾਂ ਵੇਖਾਂਗੇ ਕਿ ਉਸ ਦੇ ਸਿੱਟੇ ਕੀ ਨਿਕਲਦੇ ਹਨ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪਲੀਮੈਂਟਰੀ, ਸਰ।

ਸ੍ਰੀ ਸਪੀਕਰ : ਸਮਾਂ ਹੋ ਚੁੱਕਾ ਹੈ ਜੀ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਇਸ ਦੀਆਂ ਸਪਲੀਮੈਂਟਰੀਜ਼ ਕਲ ਤਕ ਰੱਖ ਦਿਓ ਜੀ।

ਸ੍ਰੀ ਸਪੀਕਰ : ਇਹ ਨਹੀਂ ਹੋ ਸਕਦਾ, ਤੁਸੀਂ ਤਸ਼ਰੀਫ ਰੱਖੋ।

Shri Gopal Krishan Chatrath : It is a very important question. Question cannot be postponed but supplementary on this question can be postponed till tomorrow. So, please postpone supplementaries on this question till tomorrow.

Mr. Speaker : No, no. Question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly.)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

CONSTRUCTION OF ROAD FROM DASUYA TO RAMGARH IN DISTRICT HOSHIARPUR

*463. **Sardar Gurbachan Singh Cheema** : Will the Chief Minister be pleased to state the reasons for not completing the road from Dasuya

[ਸਰਦਾਰ ਗੁਰਬਚਨ ਸਿੰਘ ਚੀਮਾ]

to Ramgarh in District Hoshiarpur so for, the construction of which was started in 1978 together with the time by which it is likely to be completed?

ਸਰਦਾਰ ਦਰਬਾਰਾ ਸਿੰਘ (ੳ) ਇਹ ਸੜਕ ਦੋ ਭਾਗਾਂ ਵਿਚ ਹੈ ਭਾਵ ਦਸੂਆ ਤੋਂ ਕਾਕੋਈਆਂ ਅਤੇ ਕਾਕੋਈਆਂ ਤੋਂ ਰਾਮਗੜ੍ਹ।

(ਅ) ਭਾਗ ਦਸੂਆ ਤੋਂ ਕਾਕੋਈਆਂ 1969 ਫੇਜ (ii) ਮਨਜ਼ੂਰ ਹੋਈ ਸੀ ਅਤੇ ਮੁਕੰਮਲ ਹੋ ਚੁੱਕੀ ਹੈ। ਭਾਗ ਕਾਕੋਈਆਂ ਤੋਂ ਰਾਮਗੜ੍ਹ 1972 ਫੇਜ-(ii) ਵਿਚ ਮਨਜ਼ੂਰ ਹੋਈ ਸੀ। ਭਾਗ ਕਾਕੋਈਆਂ ਤੋਂ ਸੰਤਾਰਪੁਰ ਫਸਟ ਕੋਟ ਟਾਰਿੰਗ ਤਕ ਮੁਕੰਮਲ ਹੋ ਚੁੱਕੀ ਹੈ। ਇਸ ਤੋਂ ਅਗੇ ਪਿੰਡ ਚਮੂਹੀ ਤਕ ਵੀ ਰਿੰਗ ਕੋਟ ਮੁਕੰਮਲ ਕੀਤਾ ਜਾ ਚੁਕਿਆ ਹੈ ਅਤੇ ਪਿੰਡ ਧਰਮਕੋਟ ਤਕ ਸੋਲਿੰਗ ਲਗਾ ਦਿੱਤਾ ਗਿਆ ਹੈ। ਇਸ ਭਾਗ ਤੇ ਵੀ ਰਿੰਗ ਕੋਟ 31-3-81 ਤਕ ਲਗਾ ਦਿੱਤਾ ਜਾਵੇਗਾ।

(ੲ) ਸੜਕ ਧਰਮਪੁਰ ਤੋਂ ਰਾਮਗੜ੍ਹ ਤਕ ਦਾ ਭਾਗ ਇਕ ਇੰਟਰ ਲਿੰਕ/ਮਸਿੰਗ ਲਿਕ ਹੈ। 1971 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਇਸ ਸੜਕ ਉਤੇ ਕੋਈ ਪਿੰਡ ਸਥਿਤ ਨਹੀਂ ਹੈ। ਇਸ ਇੰਟਰ ਲਿੰਕ ਤੇ ਕੰਮ ਰਾਜ ਦੀਆਂ ਸਾਰੀਆਂ ਫਸਟ-ਲਿੰਕਸ ਮੁਕੰਮਲ ਹੋਣ ਉਪਰੰਤ ਹੱਥ ਵਿਚ ਲਿਆ ਜਾਵੇਗਾ; ਕਿਉਂਕਿ ਫਸਟ ਲਿੰਕ ਮੁਕੰਮਲ ਕਰਨ ਲਈ ਭੀ ਧਨ ਦੀ ਬਹੁਤ ਘਾਟ ਹੈ।

PROSECUTIONS UNDER THE DOWRY PROHIBITION ACT, 1961 IN THE STATE

***355 Sardar Bir Pal Singh :** Will the Chief Minister be pleased to state :—

(a) the number of persons prosecuted, district-wise, in the State under the Dowry Prohibition Act, 1961 during 1979;

(b) the results of the prosecution, referred to in part (a) above;

(c) the action which the Government proposes to take for the total abolition of Dowry system in the State?

ਸਰਦਾਰ ਦਰਬਾਰਾ ਸਿੰਘ: (ੳ) ਕੋਈ ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ੲ) ਦਹੇਜ਼ ਰੋਕ ਐਕਟ (ਪੰਜਾਬ ਅਮੈਂਡਮੈਂਟ) 1976, ਰਾਜ ਵਿਚ ਪਹਿਲਾਂ ਹੀ ਲਾਗੂ ਹੈ। ਦਾਜ ਲੈਣ ਜਾਂ ਦੇਣ ਬਾਰੇ ਸ਼ਕਾਇਤ ਆਉਣ ਤੇ ਸਰਕਾਰ ਉਕਤ ਐਕਟ ਥੱਲੇ ਯੋਗ ਕਰਵਾਈ ਕਰਨ ਲਈ ਕਦਮ ਚੁੱਕੇਗੀ।

TRUCK LOADED WITH MATERIAL STOLEN FROM THEIN DAM

***425. Sardar Balvinder Singh Bhunder :** Will the Chief Minister be pleased to state :—

a) whether it is a fact that a truck loaded with material stolen from

the Thein Dam Project was caught at Shahpur Kandi (Township Circle of the Thein Dam Project) by the police/Vigilance Department in Feb./April, 1980 ;

(b) whether it is also a fact that a case was got registered at the Pathankot Police Station ; if so, the details of the case and its present stage ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

CASE REGISTERED AGAINST A PERSON/FERTILIZER DEPOT HOLDER BY SAMANA POLICE

*537. **(1) Jathedar Gurbachan Singh Lakhmirwala**
(2) Sardar Atma Singh : Will the Chief Minister be pleased to state :—

(a) whether the Samana Police registered a case against any person or a fertilizer depot holder in the month of November or December, 1980 for selling spurious fertilizer ;

(b) if the reply to part (a) above be in affirmative, the details of the said case together with the action so far taken or proposed to be taken against the said alleged offender ?

ਸਰਦਾਰ ਦਰਬਾਰਾ ਸਿੰਘ : (ੳ) ਨਹੀਂ ਜੀ, ਪਰ 9-1-1981 ਨੂੰ ਸਮਾਨਾ ਪੁਲਿਸ ਨੇ ਇਕ ਅਜਿਹਾ ਕੇਸ ਦਰਜ ਕੀਤਾ ਸੀ ।

(ਅ) ਉਕਤ ਭਾਗ (ੳ) ਵਿਚ ਦਿਤਾ ਕੇਸ ਸੁਭਾਸ਼ ਚੰਦ, ਸੁਰਿੰਦਰ ਕੁਮਾਰ ਅਤੇ ਵਲੈਤੀ ਰਾਮ ਵਾਸੀਆਨ ਸਮਾਨਾ ਜੋ ਕਿ ਅਨੂਪਮ ਟਰੇਡਰ ਦੇ ਹਿੱਸੇਦਾਰ ਹਨ ਦੇ ਵਿਰੁੱਧ ਦਰਜ ਹੋਇਆ ਸੀ । 2-12-1980 ਨੂੰ ਗੁਰਨਾਮ ਸਿੰਘ ਦੀ ਸ਼ਕਾਇਤ ਤੇ ਖੇਤੀਬਾੜੀ ਇਨਸਪੈਕਟਰ ਸ੍ਰੀ ਸੋਹਨ ਲਾਲ ਬੰਸਲ ਨੇ ਖਾਦ ਦਾ ਨਮੂਨਾ ਲਿਆ ਅਤੇ ਕੈਮੀਕਲ ਰਿਪੋਰਟ ਪ੍ਰਾਪਤ ਹੋਣ ਤੇ ਕੇਸ ਰਜਿਸਟਰ ਕੀਤਾ ਗਿਆ । ਸਾਰੇ ਦੋਸ਼ੀ ਗ੍ਰਿਫਤਾਰ ਕਰ ਲਏ ਗਏ ਹਨ ਤੇ ਚਲਾਨ ਤਿਆਰ ਕਰਕੇ ਮਿਤੀ 23-1-1981 ਨੂੰ ਪੇਸ਼ ਅਦਾਲਤ ਕਰ ਦਿੱਤਾ ਗਿਆ ਹੈ ਜੀ ।

UNSTARRED QUESTIONS AND ANSWERS

CONSTRUCTION OF A BUILDING FOR GOVERNMENT DISPENSARY AT MAUNPUR IN BLOCK SAMRALA

75. **Sardar Shamsher Singh** : Will the Minister for Health and Family Welfare be pleased to state whether it is a fact that the construction of building for Government Dispensary at Maunpur in Block Samrala is lying incomplete; if so, the time by which it is likely to be completed ?

ਸ੍ਰੀ ਸਰਦਾਰੀ ਲਾਲ ਕਪੂਰ : ਪਿੰਡ ਮਾਣੂਪੁਰ (ਨਾ ਕਿ ਮਾਉਂਪੁਰ) ਬਲਾਕ ਸਮਰਾਲਾ ਵਿਖੇ ਕੋਈ ਸਰਕਾਰੀ ਡਿਸਪੈਂਸਰੀ ਨਹੀਂ ਹੈ। ਪ੍ਰੰਤੂ ਇਕ ਮੁੱਢਲਾ ਸਿਹਤ ਕੇਂਦਰ ਗਰਾਮ ਪੰਚਾਇਤ ਵੱਲੋਂ ਦਿੱਤੀ ਗਈ ਬਿਲਡਿੰਗ ਵਿਚ ਕੰਮ ਕਰ ਰਿਹਾ ਹੈ। ਇਸ ਦੀ ਸਰਕਾਰੀ ਇਮਾਰਤ ਵਾਸਤੇ ਨਕਸ਼ੇ ਅਤੇ ਤਖਮੀਨੇ ਵਿਚਾਰ ਅਧੀਨ ਹਨ।

ਇਸ ਪਿੰਡ ਵਿਚ ਇਕ ਦਿਹਾਤੀ ਪਰਵਾਰ ਨਿਯੋਜਨ ਕੇਂਦਰ ਵੀ ਕੰਮ ਕਰ ਰਿਹਾ ਹੈ, ਜਿਸ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਤੇੜੇ ਹੈ।

REHABILITATION OF BAJIGARS, BANGALAS AND SIKLIGARS IN THE STATE

76. **Sardar Shamsher Singh** : Will the Minister for Revenue be pleased to state whether there is any proposal under the consideration of the Government to rehabilitate Bajigars, Bangalas and Sikligars by allotting the Governmnt/Panchayat lands wherever they are settled at present in the State; if so, the time by which it is likely to materialise ?

ਸਰਦਾਰ ਬੇਅੰਤ ਸਿੰਘ : ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਨਹੀਂ ਹੈ ਜਿਸ ਰਾਹੀਂ ਵਿਸ਼ੇਸ਼ ਤੌਰ ਤੇ ਬਾਜੀਗਰਾਂ, ਬੰਗਾਲਾਜ ਅਤੇ ਸਿਕਲੀਗਰਾਂ ਨੂੰ ਵਸਾਉਣ ਲਈ ਸਰਕਾਰੀ ਜਾਂ ਪੰਚਾਇਤੀ ਜ਼ਮੀਨ ਅਲਾਟ ਕੀਤੀ ਜਾਵੇ। ਪ੍ਰੰਤੂ ਸਰਕਾਰ ਦੀ ਪਾਲਿਸੀ ਅਨੁਸਾਰ ਉਹ ਵੀ ਹੋਰਨਾਂ ਜਾਤੀਆਂ ਦੇ ਲੋਕਾਂ ਵਾਂਗ ਸਰਕਾਰੀ ਜ਼ਮੀਨ ਦੀ ਅਲਾਟਮੈਂਟ ਦੇ ਹੱਕਦਾਰ ਹਨ।

OPENING OF A UNANI TIBBIA MEDICAL COLLEGE IN THE STATE

77. **Sardar Shamsher Singh** : Will the Minister for Health and Family Welfare be pleased to state whether there is any proposal under the consideration of the Government to open Unani Tibba Medical College in the State; if so, when and where ?

ਸ੍ਰੀ ਸਰਦਾਰੀ ਲਾਲ ਕਪੂਰ : ਜੀ ਨਹੀਂ।

BUS SERVICE FROM KHANNA TO ROPAR VIA RATTANHERI ETC. ETC.

78. **Sardar Shamsher Singh** : Will the Chief Minister be pleased to state whether there is any proposal under the consideration of Government to start bus service from Khanna to Ropar via Rattanheri, Mahun, Boothgarh, Sahibpura, Ismailpur, Fatehgarh Neewan; if so, the time by which it is likely to be satarted ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ।

Mr. Speaker : I call upon Shri Chaman Lal to move his resolution.

Shri Chaman Lal : Sir, I beg to move.. ....

ਪ੍ਰੋਫੈਸਰ ਬਲਵੰਤ ਸਿੰਘ ** ** **

ਸ੍ਰੀ ਸਪੀਕਰ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ....

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਪਿਛਲੀ ਸਵੇਰ ਦੀ ਸਿਟਿੰਗ ਵਿਚ ਜਿਹੜੀ ਗਵਰਨਰ ਸਾਹਿਬ ਦੀ ਮੋਸ਼ਨ ਪਾਸ ਕੀਤੀ ਹੈ ਉਸ ਬਾਰੇ ਮੇਰੀ ਅਮੈਂਡਮੈਂਟ ਸੀ। ਤੁਸੀਂ ਉਹ ਐਕਸੈਪਟ ਕਰਕੇ ਸਰਕੂਲੇਟ ਕੀਤੀ ਸੀ। ਮੈਂ ਮੂਵ ਕਰਨ ਲਈ ਖੜ੍ਹਾ ਹੋਇਆ ਸੀ ਪਰ ਤੁਸੀਂ ਮੈਨੂੰ ਇਜਾਜ਼ਤ ਨਹੀਂ ਦਿੱਤੀ ਸੀ। ਰੂਲਜ਼ ਇਸ ਦੇ ਲਈ ਪਰਮਿਟ ਕਰਦੇ ਹਨ। ਰੂਲ 21 ਕਹਿੰਦਾ ਹੈ :—

"Amendments may be moved to such Motion of Thanks in such form as may be considered appropriate by the Speaker."

ਸਪੀਕਰ ਸਾਹਿਬ, ਇਹ ਸਰਕੂਲੇਟ ਹੋਈ ਹੈ। ਇਹ ਇਸ ਹਾਊਸ ਦੀ ਪ੍ਰਥਾ ਹੈ। ਅਮੈਂਡ-ਮੈਂਟਸ ਮੂਵ ਹੁੰਦੀਆਂ ਹਨ। ਇਹ ਬੜਾ ਸੀਰੀਅਸ ਮਸਲਾ ਹੈ।

(ਇਸ ਸਮੇਂ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ, ਪਰ ਸ਼ੋਰ ਇਤਨਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ।)

ਸਰਦਾਰ ਦਲੀਪ ਸਿੰਘ ਪਾਂਧੀ : ਜਿਹੜੀ ਮੈਂ ਅਮੈਂਡਮੈਂਟ ਦਿੱਤੀ ਸੀ ਉਹ ਪ੍ਰੋਸੀਡਿੰਗਜ਼ ਦਾ ਭਾਗ ਹੈ ਤੁਸੀਂ ਪਿਛਲੀਆਂ ਪ੍ਰੋਸੀਡਿੰਗਜ਼ ਰਖਵਾ ਕੇ ਵੇਖ ਲਵੋ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਆਪਣੀ ਰੂਲਿੰਗ ਦੇ ਚੁੱਕਾ ਹਾਂ, ਉਸ ਨੂੰ ਤੁਸੀਂ ਡਿਸਕਸ ਨਹੀਂ ਕਰ ਸਕਦੇ।

(ਇਸ ਸਮੇਂ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਕੁਝ ਸੁਣਾਈ ਨਹੀਂ ਸੀ ਦਿੰਦਾ।)

Sardar Dalip Singh Pandhi : The amendment which I have given notice of is a part and parcel of the proceedings.

Finance Minister : The motion which has not been moved cannot be considered.

ਸ੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, 17-12-1980 ਨੂੰ ਇਕ ਸਮਾਜ ਭਲਾਈ ਅਫਸਰ ਹੁਸ਼ਿਆਰਪੁਰ ਵਿਚ ਇਕ ਬਾਲਵਾੜੀ ਹੈ, ਉਸ ਦੀ ਚੈਕਿੰਗ ਲਈ ਗਿਆ। ਉਸਨੇ ਬਾਲਵਾੜੀ ਦੀਆਂ ਦੋ ਅਧਿਆਪਕਾਂ ਵਿਚੋਂ ਇਕ ਨਾਲ ਬੜਾ ਬੁਰਾ ਸਲੂਕ ਕੀਤਾ, ਕੇਸ ਵੀ ਰਜਿਸਟਰ ਹੋ ਚੁਕਾ ਹੈ। ਮੈਂ ਉਸ ਬਾਰੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਪਰ ਡਿਸਅਲਾਓ ਕਰ ਦਿੱਤੀ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਨਕੁਆਇਰੀ ਕਰਾ ਕੇ ਉਸ ਅਫਸਰ ਦੇ ਖਿਲਾਫ ਕਾਰਵਾਈ ਕਰਨ ਨੂੰ ਤਿਆਰ ਹਨ ? (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਭਾਵੇਂ ਜਾਣ ਬੁੱਝ ਕੇ ਜਾਂ ਉਸ ਤਰ੍ਹਾਂ ਇਹ ਜ਼ਰੂਰ ਰਹਿ ਗਈ ਹੈ। ਇਹ ਬੜਾ ਸੀਰੀਅਸ ਮੈਟਰ ਹੈ, ਇਸ ਬਾਰੇ ..... (ਵਿਘਨ) (ਸ਼ੋਰ)

** Expunged as ordered by the Chair.

Mr. Speaker : I have given my ruling. My ruling cannot be discussed.

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਬਲਾਤਕਾਰ ਹੋਇਆ ਹੈ। ਇਹ ਦੱਸਣ ਕਿ ਕੀ ਕੀਤਾ ਜਾਏਗਾ। ਸੈਂਟਰ ਵਿਚ ਜਾ ਕੇ ਉਸ ਦੀ ਪੱਤ ਲੁੱਟੀ ਹੈ। (ਵਿਘਨ)

ਸਮਾਜ ਭਲਾਈ ਮੰਤਰੀ ਸਪੀਕਰ ਸਾਹਿਬ, ਜਿਸ ਵੇਲੇ ਇਸ ਗੱਲ ਦਾ ਪਤਾ ਲੱਗਾ ਤਾਂ ਇਸ ਦੇ ਲਈ ਸਪੈਸ਼ਲ ਆਦਮੀ ਭੇਜਿਆ ਗਿਆ ਅਤੇ ਉਥੇ ਹੀ ਕੇਸ ਰਜਿਸਟਰ ਕਰਾਉਣ ਲਈ ਕਿਹਾ ਗਿਆ ਹੈ। (ਵਿਘਨ) ਉਹ ਬੰਦਾ ਸ਼ਡਿਊਲਡ ਕਾਸਟਸ ਵੈਲਫੇਅਰ ਦੇ ਮਹਿਕਮੇ ਦਾ ਨਹੀਂ ਸੀ। ਉਹ ਜਿਥੋਂ ਆਇਆ ਸੀ ਵਾਪਸ ਚਲਾ ਗਿਆ। (ਵਿਘਨ) ਇਸ ਦੇ ਲਈ ਸਾਰੇ ਯਤਨ ਕੀਤੇ ਜਾ ਰਹੇ ਹਨ, ਜੋ ਵੀ ਐਕਸ਼ਨ ਹੋਵੇਗਾ ਲਿਆ ਜਾਵੇਗਾ। (ਵਿਘਨ)

ਸਰਦਾਰ ਸ਼ਮਸ਼ੇਰ ਸਿੰਘ : ਭਾਵੇਂ ਉਹ ਡੈਪੂਟੇਸ਼ਨ ਤੇ ਸੀ (ਵਿਘਨ) ਐਕਸ਼ਨ ਜ਼ਰੂਰ ਹੋਣਾ ਚਾਹੀਦਾ ਹੈ ਅੋਰ ਇਮੀਜੀਏਟ ਅਰੈਸਟ ਹੋਣੀ ਚਾਹੀਦੀ ਹੈ। (ਵਿਘਨ)

(ਇਸ ਵਕਤ ਹਾਊਸ ਵਿਚ ਬਹੁਤ ਸਾਰੇ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਕੁਝ ਨਹੀਂ ਸੁਣਾਈ ਦੇ ਰਿਹਾ ਸੀ।)

ਸ੍ਰੀ ਸਪੀਕਰ : ਜੋ ਕੁਝ ਮਾਨਯੋਗ ਮੈਂਬਰ ਬਿਨਾ ਇਜਾਜ਼ਤ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਏ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਜਿਹੜਾ ਕਸੂਰਵਾਰ ਹੈ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। (ਵਿਘਨ)

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਇਸ ਦੇ ਬਾਰੇ ਕਲੈਰੀਫਿਕੇਸ਼ਨ ਦਿਵਾਓ (ਵਿਘਨ) (ਸ਼ੋਰ) ਦੱਸੋ ਕਿ ਉਹ ਬੰਦਾ ਕਦੋਂ ਤਕ ਅਰੈਸਟ ਕੀਤਾ ਜਾਏਗਾ ?

ਸ੍ਰੀ ਸਪੀਕਰ : ਤੁਸੀਂ ਪ੍ਰਾਪਰ ਨੋਟਿਸ ਦਿਓ।

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, 27 ਤਾਰੀਖ ਨੂੰ ਫਿਜ਼ੀਕਲੀ ਹੈਂਡੀਕੈਪਡ ਪਰਸਨਜ਼, ਜਿਹੜੇ ਪਹਿਲਾਂ ਹੀ ਬੇਸਹਾਰਾ ਹਨ, ਉਹ ਆਪਣੀਆਂ ਡਿਮਾਂਡਜ਼ ਦਾ ਚਾਰਟਰ ਦੇਣ ਵਾਸਤੇ ਆ ਰਹੇ ਸਨ ਮੁੱਖ ਮੰਤਰੀ ਜੀ ਨੂੰ ਪਰ ਉਨ੍ਹਾਂ ਨੂੰ ਚੰਡੀਗੜ੍ਹ ਦੀ ਪੁਲਿਸ ਨੇ ਮਾਰਿਆ ਅਤੇ ਕੁੱਟਿਆ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ। ਹੁਣ ਉਨ੍ਹਾਂ ਨੇ ਫੈਸਲਾ ਕਰ ਲਿਆ ਹੈ ਕਿ ਆਏ ਹਫ਼ਤੇ 10 ਆਦਮੀਆਂ ਦਾ ਜਥਾ ਗ੍ਰਿਫਤਾਰੀ ਦੇਵੇਗਾ। ਕਿਉਂਕਿ ਇੰਟਰਨੈਸ਼ਨਲ ਫਿਜ਼ੀਕਲੀ ਹੈਂਡੀਕੈਪਡ ਦਾ ਈਯਰ ਮਨਾਇਆ ਜਾ ਰਿਹਾ ਹੈ, ਇਸ ਲਈ ਪੰਜਾਬ ਸਰਕਾਰ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣਾ ਚਾਹੀਦਾ ਹੈ।

4.11 ਬਾਅਦ ਦੁਪਹਿਰ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸ੍ਰੀ ਹਰੀ ਮਿੱਤਰ ਹੰਸ : ਡਿਪਟੀ ਸਪੀਕਰ ਸਾਹਿਬ, ਕੀ ਇਸ ਕੇਸ ਵਿਚ ਕੋਈ ਇਨਕੁਆਇਰੀ ਹੋਈ ਹੈ ? ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਹ ਆਦਮੀ ਆਨ ਡੈਪੂਟੇਸ਼ਨ ਹੈ ।

ਸਮਾਜ ਭਲਾਈ ਮੰਤਰੀ: ਡੈਪੂਟੇਸ਼ਨ ਤੇ ਆਇਆ ਹੋਇਆ ਸੀ। ਉਸ ਨੂੰ ਵਾਪਿਸ ਭੇਜ ਦਿੱਤਾ ਹੈ। ਇਨਕੁਆਇਰੀ ਹੋਵੇਗੀ। ਅਗਰ ਉਸਦਾ ਕਸੂਰ ਹੋਇਆ ਤਾਂ ਉਸਦੇ ਖਿਲਾਫ ਕਾਰਵਾਈ ਜ਼ਰੂਰ ਹੋਵੇਗੀ।

ਸਰਦਾਰ ਸ਼ਮਸ਼ੇਰ ਸਿੰਘ : ਡਿਪਟੀ ਸਪੀਕਰ ਸਾਹਿਬ, ਕੀ ਉਸ ਆਦਮੀ ਨੂੰ ਇੰਟਰੋਗੇਟ ਕੀਤਾ ਗਿਆ ਹੈ ? ਕੀ ਉਸ ਦੀ ਕੋਈ ਪੁੱਛ ਗਿੱਛ ਕੀਤੀ ਗਈ ਹੈ ? ਵਜ਼ੀਰ ਸਾਹਿਬ ਇਹ ਦੱਸਣ। (ਵਿਘਨ) (ਸ਼ੋਰ)

ਸਰਦਾਰ ਦਿਲਬਾਗ ਸਿੰਘ: ਡਿਪਟੀ ਸਪੀਕਰ ਸਾਹਿਬ, ਹਰੀ ਮਿੱਤਰ ਹੋਰਾਂ ਦੀ ਕਾਲ ਅਟੈਨਸ਼ਨ ਸੀ ਇਸ ਮਸਲੇ ਤੇ। ਪਰ ਉਹ ਰਿਜੈਕਟ ਕਰ ਦਿੱਤੀ ਗਈ ਹੈ। ਮਨਿਸਟਰ ਸਾਹਿਬ ਨੇ ਹੁਣ ਜਵਾਬ ਦਿੱਤਾ ਹੈ ਕਿ ਉਹ ਦੂਸਰੇ ਮਹਿਕਮੇ ਨਾਲ ਤੁਅੱਲਕ ਰੱਖਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੰਜਾਬ ਸਰਕਾਰ ਦਾ ਮੁਲਾਜ਼ਮ ਸੀ ਜਾਂ ਕਿਸੇ ਹੋਰ ਸਰਕਾਰ ਦਾ ਮੁਲਾਜ਼ਮ ਸੀ ?

ਸਮਾਜ ਭਲਾਈ ਮੰਤਰੀ : ਡਿਪਟੀ ਸਪੀਕਰ ਸਾਹਿਬ, ਦਰਅਸਲ ਮੈਂਬਰਾਂ ਨੇ ਦੂਜੇ ਪਾਸੇ ਗੱਲ ਲੈ ਲਈ ਹੈ। ਇਸ ਬਾਰੇ ਕਾਲ ਅਟਨਸ਼ਨ ਮੋਸ਼ਨ ਆ ਗਈ ਸੀ, ਉਹ ਅਗਰ ਐਡਮਿਟ ਹੋ ਜਾਂਦੀ ਤਾਂ ਉਸਦਾ ਪਤਾ ਲਗ ਜਾਣਾ ਸੀ ਅਤੇ ਉਸਦਾ ਜਵਾਬ ਮਿਲ ਜਾਣਾ ਸੀ ਕਿ ਉਹ ਗ੍ਰਿਫਤਾਰ ਵੀ ਹੋਇਆ ਹੈ ਜਾਂ ਨਹੀਂ ਜਾਂ ਉਸਦੇ ਖਿਲਾਫ ਕੇਸ ਵੀ ਦਰਜ ਹੋਇਆ ਹੈ ਜਾਂ ਨਹੀਂ। ਦੂਸਰੀ ਗਲ ਇਹ ਹੈ ਕਿ ਅਗਰ ਉਸਦੇ ਖਿਲਾਫ ਇਹ ਇਲਜ਼ਾਮ ਸਾਬਤ ਹੋਣਗੇ ਤਾਂ ਜ਼ਰੂਰ ਐਕਸ਼ਨ ਲਿਆ ਜਾਵੇਗਾ। ਕੋਈ ਵਜ੍ਹਾ ਹੀ ਨਹੀਂ ਕਿ ਉਸਨੂੰ ਛੱਡ ਦਿੱਤਾ ਜਾਵੇ। (ਵਿਘਨ)

ਸ੍ਰੀ ਡਿਪਟੀ ਸਪੀਕਰ : ਹਰੀ ਮਿੱਤਰ ਜੀ, ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਦਾ ਤੁਹਾਨੂੰ ਜਵਾਬ ਮਿਲ ਗਿਆ ਹੈ। ਉਹ ਡਿਸਅਲਾਓ ਹੋ ਗਈ ਹੈ। ਤੁਸੀਂ ਇਸ ਬਾਰੇ ਸਪੀਕਰ ਸਾਹਿਬ ਨਾਲ ਉਨ੍ਹਾਂ ਦੇ ਚੈਂਬਰ ਵਿਚ ਗੱਲ ਕਰ ਲੈਣਾ।

WALK-OUT

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਪ੍ਰੀਜ਼ਾਈਡਿੰਗ ਅਫਸਰ ਨੇ ਐਸਾ ਕੀਤਾ ਹੈ। ਮੇਰੀ ਅਮੈਂਡਮੈਂਟ ਸਰਕੂਲੇਟ ਵੀ ਹੋ ਗਈ ਸੀ ਪਰ ਮੈਨੂੰ ਮੂਵ ਕਰਨ ਲਈ ਕਾਲ ਅਪਾਨ ਨਹੀਂ ਕੀਤਾ। ਇਹ ਖੜੀ ਮਾੜੀ ਗੱਲ ਹੈ। ਐਡਮਨਿਸਟ੍ਰੇਸ਼ਨ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਹੈ। ਤੁਸੀਂ ਬੇਸ਼ਕ ਇਸ ਨੂੰ ਰਿਜੈਕਟ ਕਰ ਦਿੰਦੇ। ਇਸ ਗੱਲ ਤੇ ਮੈਂ ਵਾਕ-ਆਊਟ ਕਰਦਾ ਹਾਂ।

(ਇਸ ਵੇਲੇ ਸਰਦਾਰ ਦਲੀਪ ਸਿੰਘ ਪਾਂਧੀ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

Shri Sant Ram Singla : Rape is a cognizable offence. No enquiry is needed. The person at fault should be immediately arrested.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਡਿਪਟੀ ਸਪੀਕਰ : ਚਮਨ ਲਾਲ ਜੀ, ਤੁਸੀਂ ਆਪਣਾ ਰੈਜ਼ੋਲਿਊਸ਼ਨ ਮੂਵ ਕਰੋ।

ਸਰਦਾਰ ਸੁਖਦੇਵ ਸਿਘ ਢੀਂਡਸਾ ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

RESOLUTION RE: SHIFTING OF SUBORDINATE OFFICES OF THE GOVT. LOCATED AT CHANDIGARH IN PRIVATE BUILDINGS TO SAHIBZADA AJIT SINGH NAGAR

Shri Chaman Lal : Sir, beg to move :—

"Keeping in view the economy and financial burden on the State Exchequer, this House recommends to the Government that its subordinate offices located at Chandigarh in private buildings paying large sums as rents be shifted to Sahibzada Ajit Singh Nagar where the buildings are available at comparatively cheaper rents."

ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇਹ ਮੁਜੱਸਮ ਇਰਾਦਾ ਰਖਦੀ ਹੈ ਕਿ ਅਸੀਂ ਚੰਡੀਗੜ੍ਹ ਨੂੰ ਪੰਜਾਬ ਵਿਚ ਲੈਣਾ ਹੈ। ਮੇਰੀ ਇਹ ਰਾਏ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਿੰਦੂਆਂ ਅਤੇ ਪੰਜਾਬੀਆਂ ਦੀ ਇਜ਼ਤ ਬਚਾਉਣ ਲਈ ਆਪਣਾ ਸਾਰਾ ਪਰਵਾਰ ਕੁਰਬਾਨ ਕਰ ਦਿੱਤਾ। ਉਨ੍ਹਾਂ ਦੇ ਸਾਹਿਬਜ਼ਾਦੇ ਸ਼ਹੀਦ ਹੋਏ। ਉਨ੍ਹਾਂ ਦੇ ਸਾਹਿਬਜ਼ਾਦੇ ਦੇ ਨਾਂ ਤੇ ਚੰਡੀਗੜ੍ਹ ਦੇ ਨੇੜੇ ਇਕ ਸ਼ਹਿਰ ਵਸਾਇਆ ਗਿਆ ਅਤੇ ਉਸਦਾ ਨਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰੱਖਿਆ ਗਿਆ। ਮੇਰੀ ਬੇਨਤੀ ਇਹ ਹੈ ਕਿ ਪੰਜਾਬ ਨੂੰ ਵੀ ਗੁਰੂ ਮਹਾਰਾਜ ਦੀਆਂ ਕੁਰਬਾਨੀਆਂ ਨੂੰ ਮਾਨਤਾ ਦੇਣੀ ਚਾਹੀਦੀ ਹੈ। ਉਨ੍ਹਾਂ ਦੇ ਸਾਹਿਬਜ਼ਾਦੇ ਦੇ ਨਾਂ ਤੇ ਜਿਹੜਾ ਇਹ ਸ਼ਹਿਰ ਵਸਾਇਆ ਗਿਆ ਹੈ, ਇਸ ਨੂੰ ਮਾਨਤਾ ਦੇਣੀ ਪੰਜਾਬ ਸਰਕਾਰ ਦਾ ਫਰਜ਼ ਹੈ।

ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਸ਼ਹੀਦੀ ਦੇ ਕੇ ਪੰਜਾਬ ਨੂੰ ਬਚਾਇਆ ਸੀ ਔਰ ਉਨ੍ਹਾਂ ਦੇ ਨਾਮ ਤੇ ਮੁਹਾਲੀ ਦਾ ਨਾਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰੱਖਿਆ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਪਿਤਾ ਗੁਰੂ ਗਬਿੰਦ ਸਿੰਘ ਜੀ ਨੇ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੇ ਮਜ਼ਬਾਂ ਦੀ ਰਾਖੀ ਕਰਦਿਆਂ ਹੋਇਆਂ, ਹਿੰਦੁਸਤਾਨ ਦੇ ਹਿੰਦੂਆਂ ਦੀ, ਮੁਸਲਮਾਨਾਂ ਦੀ, ਹਿੰਦੁਸਤਾਨ ਦੇ ਸਿੱਖਾਂ ਦੀ ਔਰ ਇਸਾਈਆਂ ਦੀ ਰਾਖੀ ਕਰਦਿਆਂ ਹੋਇਆਂ ਆਪਣੇ ਪਰਿਵਾਰ ਨੂੰ ਸ਼ਹੀਦ ਕਰਵਾਇਆ ਸੀ। ਇਸ ਲਈ ਮੇਰੀ ਅਰਜ਼ ਹੈ ਕਿ ਜਿਹੜੇ ਵੀ ਪੰਜਾਬ ਸਰਕਾਰ ਦੇ ਛੋਟੇ ਛੋਟੇ ਦਫਤਰ ਹਨ ਉਹ ਸਾਰੇ ਮੁਹਾਲੀ ਵਿਚ ਚਲੇ ਜਾਣੇ ਚਾਹੀਦੇ ਹਨ ਤਾਕਿ ਮੁਹਾਲੀ ਦੀ ਮਹਾਨਤਾ ਵਧੇ।

ਡਿਪਟੀ ਸਪੀਕਰ ਸਾਹਿਬ ਅੱਜ ਵੇਖ ਲਵੋ, ਚੰਡੀਗੜ੍ਹ ਵਿਚ ਮਕਾਨਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ। ਜੇਕਰ ਦਫਤਰ ਉਥੇ ਜਾਣਗੇ ਤਾਂ ਮੁਲਾਜ਼ਮਾਂ ਨੂੰ ਵੀ ਸਹੂਲਤ ਹੋਵੇਗੀ ਔਰ ਉਹ ਘੱਟ ਕਿਰਾਏ ਤੇ ਮਕਾਨ ਲੈ ਸਕਣਗੇ। (ਵਿਰੋਧੀ ਪਾਰਟੀ ਵੱਲੋਂ ਵਿਘਨ) ਉਥੇ ਬੱਸਾਂ ਵਿਚ ਉਨ੍ਹਾਂ ਨੂੰ ਘੱਟ ਕਿਰਾਏ ਵਿਚ ਜਾਣ ਵਾਸਤੇ ਸਹੂਲਤ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਵੀਰ ਮੈਨੂੰ ਇੰਟਰਪਟ ਕਰਦੇ ਹਨ ਪਰ ਇਨ੍ਹਾਂ ਨੇ ਵੀ ਮੋਹਾਲੀ ਕੁਝ ਨਹੀਂ ਕੀਤਾ। ਇਨ੍ਹਾਂ ਦੀ ਸ਼੍ਰੋਮਣੀ ਗੁਰ-

---

**Expunged as ordered by the Chair.

ਦਵਾਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਸੀ ਕਿ ਉਸ ਜਗ੍ਹਾ ਦੀ ਇਤਿਹਾਸਕ ਮਹਾਨਤਾ ਨੂੰ ਮੁੱਖ ਰਖ ਕੇ ਉਥੇ ਕੋਈ ਵੱਡਾ ਗੁਰਦੁਆਰਾ ਬਣਾਉਂਦੇ। ਇਹ ਸਿੱਖ ਧਰਮ ਦੇ ਠੇਕੇਦਾਰ ਬਣੀ ਫਿਰਦੇ ਹਨ ਪਰ ਇਨ੍ਹਾਂ ਨੇ ਉਥੇ ਕੋਈ ਵੀ ਗੁਰਦੁਆਰਾ ਨਹੀਂ ਬਣਾਇਆ। ਜਿਹੜੇ ਇਧਰ ਸਾਡੇ ਪਾਸੇ ਵੱਲ ਗੁਰਸਿੱਖ ਬੈਠੇ ਹਨ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਤਾਂ ਇਹ ਸਿਖ ਹੀ ਨਹੀਂ ਮਨਦੇ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਵੀ ਸਿੱਖ ਹਨ। ਸੋ, ਅਸੀਂ ਇਨ੍ਹਾਂ ਤੋਂ ਇਸ ਗੱਲ ਦੀ ਆਸ ਰੱਖਦੇ ਹਾਂ ਕਿ ਇਹ ਮੁਹਾਲੀ ਵਿਚ ਕੋਈ ਵੱਡਾ ਗੁਰਦੁਆਰਾ ਬਣਾਉਣਗੇ।

ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਪਿਛਲੀ ਵਾਰੀ ਐਮ.ਐਲ.ਏ. ਬਣਿਆ ਸੀ ਤਾਂ ਮੈਨੂੰ ਪਤਾ ਹੈ ਕਿ ਉਸ ਵੇਲੇ ਵੀ ਇਹ ਫੈਸਲਾ ਹੋਇਆ ਸੀ ਕਿ ਛੋਟੇ ਦਫਤਰ ਮੁਹਾਲੀ ਚਲੇ ਜਾਣ ਲੇਕਿਨ ਉਸ ਵੇਲੇ ਇਹਨਾਂ ਸਾਹਮਣੇ ਬੈਠੇ ਮੇਰੇ ਵੀਰਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਔਰ ਇਨ੍ਹਾਂ ਨੇ ਆਪਸ ਵਿਚ ਹੀ ਲੜਾਈ ਰੱਖੀ ਔਰ ਇਕ ਦੂਸਰੇ ਨੂੰ ਗਾਲ੍ਹਾਂ ਕਢਦੇ ਰਹੇ ਜਿਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਰਦਾਰ ਸੁਖਜਿੰਦਰ ਸਿੰਘ ਨੂੰ ਇਲਜ਼ਾਮ ਲਗਾ ਕੇ ਕੱਢ ਦਿੱਤਾ (ਥੰਪਿੰਗ) ਬਾਅਦ ਵਿਚ ਓਮ ਪ੍ਰਕਾਸ਼ ਬੱਗਾ ਔਰ ਸਾਥੀ ਰੂਪ ਲਾਲ ਨੇ ਬਲਰਾਮ ਟੰਡਨ ਦੇ ਖਿਲਾਫ ਚਾਰਜਿਜ਼ ਲਗਾ ਦਿੱਤੇ ਔਰ ਬਾਅਦ ਵਿਚ ਇਸ ਤਰ੍ਹਾਂ ਹੀ ਜੁੱਤੀਓ-ਜੁੱਤੀ ਹੁੰਦੇ ਰਹੇ। (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਇਹ ਮੈਂਬਰ ਕਿਹੜੇ ਮਤੇ ਤੇ ਬੋਲ ਰਹੇ ਹਨ।

ਸ਼੍ਰੀ ਚਮਨ ਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਉਸ ਮਤੇ ਤੇ ਹੀ ਬੋਲ ਰਿਹਾ ਹਾਂ ਜੀ। ਮੈਂ ਉਸੇ ਗੱਲ ਤੇ ਹੀ ਆਉਣ ਲੱਗਾ ਹਾਂ ਜੀ। ਸੋ, ਡਿਪਟੀ ਸਪੀਕਰ ਸਾਹਿਬ, ਉਸ ਦੇ ਬਾਅਦ ਸਰਦਾਰ ਬਲਵੰਤ ਸਿੰਘ ਜਿਹੜੇ ਕਿ ਫਾਈਨੈਂਸ ਮਨਿਸਟਰ ਰਹੇ ਹਨ ਉਨ੍ਹਾਂ ਦੇ ਉਤੇ ਬੜੀ ਵਡੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਤੋਹਮਤ ਲਗੀ ਕਿ ਉਨ੍ਹਾਂ ਨੇ ਕਰੋੜਾਂ ਰੁਪਏ ਦਾ ਫਾਇਨਾਂਸ ਫਾਰਨ ਕੰਟਰੀਜ਼ ਨੂੰ ਭੇਜ ਦਿੱਤਾ ਹੈ ਔਰ ਉਨ੍ਹਾਂ ਨੇ ਬੇਨਾਮੀ ਜਾਇਦਾਦ ਬਣਾ ਲਈ ਹੈ। ਉਸ ਲੜਾਈ ਤੋਂ ਬਾਅਦ ਫਿਰ ਇਨ੍ਹਾਂ ਵਿਚ ਇਤਫਾਕ ਆ ਗਿਆ ਪਰ ਫਿਰ ਜਨਸੰਘੀ ਵੀਰ ਆ ਗਏ। ਮੇਰੇ ਖਿਲਾਫ ਵੀ ਕਾਫੀ ਕੁਝ ਹੁੰਦਾ ਰਿਹਾ। ਪਰ ਮੈਂ ਇਨ੍ਹਾਂ ਦੀ ਪਰਵਾਹ ਨਾ ਕੀਤੀ ਅਤੇ ਅਸਲੀਅਤ ਨੂੰ ਨੰਗਾ ਕਰਦਾ ਰਿਹਾ। ਇੱਥੋਂ ਤਕ ਕਿ ਮੈਨੂੰ ਇਹ ਵੀ ਕਿਹਾ ਗਿਆ ਕਿ ਜੇਕਰ ਤੂੰ ਜ਼ਬਾਨ ਬੰਦ ਨਾ ਕੀਤੀ ਤਾਂ ਤੈਨੂੰ ਮਰਵਾ ਦਿੱਤਾ ਜਾਵੇਗਾ ਪਰ ਮੈਂ ਫਿਰ ਵੀ ਇਨ੍ਹਾਂ ਦੀ ਪਰਵਾਹ ਨਾ ਕੀਤੀ। ਅੱਜ ਰੌਲਾ ਪੈਂਦਾ ਸੀ ਕਿ ਮਹਿੰਗਾਈ ਬਹੁਤ ਵੱਧ ਗਈ ਹੈ। ਪਰ ਇਹ ਵਧਾਈ ਵੀ ਤਾਂ ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਹੀ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਨੂੰ ਕੰਗਲੇ ਕਰਕੇ ਰਖ ਦਿੱਤਾ ਹੈ ਜਿਸ ਕਰਕੇ ਸਾਨੂੰ ਹੁਣ ਮੁਸ਼ਕਿਲ ਪੇਸ਼ ਆ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਰੇਜ਼ੋਲਿਊਸ਼ਨ ਪੇਸ਼ ਕੀਤਾ ਹੈ ਕਿ ਛੋਟੇ ਛੋਟੇ ਦਫਤਰ ਜਿਹੜੇ ਹਨ ਉਨ੍ਹਾਂ ਨੂੰ ਮੁਹਾਲੀ ਵਿਚ ਸ਼ਿਫਟ ਕੀਤਾ ਜਾਵੇ ਇਸ ਤਰ੍ਹਾਂ ਕਰਨ ਨਾਲ ਮੁਲਾਜ਼ਮਾਂ ਨੂੰ ਵੀ ਸਹੂਲਤ ਹੋਵੇਗੀ ਔਰ ਸਰਕਾਰ ਦੇ ਵੀ ਪੈਸੇ ਬਚਣਗੇ। ਇਥੇ ਚੰਡੀਗੜ੍ਹ ਵਿਚ ਦਫਤਰਾਂ ਦੀਆਂ ਬਿਲਡਿੰਗਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ ਔਰ ਉਥੇ ਮੁਹਾਲੀ ਵਿਚ ਘੱਟ ਹਨ। ਇਸ ਤਰ੍ਹਾਂ ਜਿਹੜੀ ਕਿਰਾਏ ਵਿਚ ਸਰਕਾਰ ਬੱਚਤ ਕਰੇਗੀ ਉਹ ਮੈਂ ਸਮਝਦਾ ਹਾਂ ਕਿ ਇਕਨਾਮੀਕਲੀ ਫੈਵਰੇਬਲ

[ਸ੍ਰੀ ਚਮਨ ਲਾਲ]
ਕਲਾਸਿਜ਼ ਵਾਸਤੇ ਛੋਟੇ ਛੋਟੇ ਕੰਮਾਂ ਲਈ ਪੈਸੇ ਦਿੱਤੇ ਜਾਣ ਤਾਂਕਿ ਉਹ ਤਰਕੜੇ ਹੋ ਸਕਣ। ਇਸ ਤਰ੍ਹਾਂ ਸਰਕਾਰ ਕਾਫ਼ੀ ਪੈਸਾ ਕਿਰਾਏ ਦਾ ਬਚਾ ਲਵੇ। ਇਹ ਬਚਾਇਆ ਹੋਇਆ ਪੈਸਾ ਲੋਕ ਭਲਾਈ ਦੇ ਕੰਮ ਆਵੇਗਾ, ਹਰੀਜਨ ਵਰਕਰਜ਼ ਲਈ ਰੱਖ ਲਵੇ ਉਨ੍ਹਾਂ ਦਾ ਸੁਧਾਰ ਹੋ ਸਕਦਾ ਹੈ। (ਆਵਾਜ਼: ਠੀਕ ਹੈ, ਸ਼ਾਬਾਸ਼) ਮੈਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਅਸੀਂ ਇਸ ਨਗਰ ਦੀ ਜ਼ਿਆਦਾ ਤੋਂ ਜ਼ਿਆਦਾ ਤਰੱਕੀ ਕਰੀਏ, ਇਥੇ ਜ਼ਿਆਦਾ ਤੋਂ ਜ਼ਿਆਦਾ ਕਾਰਖਾਨੇ ਲਾਈਏ ਲੇਕਿਨ ਅਫਸੋਸ ਹੈ ਕਿ ਜਿਹੜੇ ਫਿਰਕਾਪ੍ਰਸਤ ਲੋਕ ਹਨ ਉਹ ਵਾਰ ਵਾਰ ਸਾਡੇ ਕੰਮਾਂ ਵਿਚ ਰੁਕਾਵਟ ਪਾਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਹਾਂ ਅਸੀਂ ਸਾਰੇ ਇਕ ਹਾਂ। ਇਹ ਠੀਕ ਹੈ ਕਿ ਅਸੀਂ ਮੋਨੇ ਹਾਂ, ਇਹ ਸਿੱਖ ਹਨ ਇਸ ਲਈ ਤੁਹਾਨੂੰ ਸਾਡੀ ਸਰਕਾਰ ਨੂੰ ਮੌਕਾ ਦੇਣਾ ਚਾਹੀਦਾ ਹੈ ਤਾਂਕਿ ਉਹ ਤਰੱਕੀ ਦੇ ਕੰਮ ਕਰਕੇ ਵਿਖਾ ਸਕੇ। ਇਹ ਸਰਕਾਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹੈ, ਇਸ ਵਿਚ ਜਿਤਨੇ ਵੀ ਬੰਦੇ ਹਨ ਉਹ ਸਭ ਪੁਰਾਣੇ ਹਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਤਾਂ ਇਸ ਗੱਲ ਦਾ ਦੁਖ ਹੈ ਕਿ ਪਿਛਲੀ ਸਰਕਾਰ ਨੇ ਗਰੀਬਾਂ ਦਾ ਭਲਾ ਕੀਤਾ ਹੀ ਨਹੀਂ ਹੈ। (ਮਾਨਯੋਗ ਮੈਂਬਰ ਸਰਦਾਰ ਬਸੰਤ ਸਿੰਘ ਖਾਲਸਾ ਜੀ ਵਲੋਂ ਵਿਘਨ)

ਪਰ ਜੇਕਰ ਮੁਹਾਲੀ ਦੇ ਵਿਚ ਸਭ ਛੋਟੇ ਛੋਟੇ ਦਫ਼ਤਰ ਲਿਜਾਏ ਜਾਣ ਤਾਂ ਕਿਰਾਏ ਵਿਚ ਕਾਫ਼ੀ ਬੱਚਤ ਹੋ ਸਕਦੀ ਹੈ ਪਰ ਕਿਰਾਏ ਦੀ ਬੱਚਤ ਤੁਸੀਂ (ਵਿਰੋਧੀ ਧਿਰ ਵੱਲ ਇਸ਼ਾਰਾ) ਕਰਨ ਨਹੀਂ ਦਿੰਦੇ, ਪੈਸਾ ਤਾਂ ਤੁਸੀਂ ਰਹਿਣ ਨਹੀਂ ਦਿੱਤਾ ਅਤੇ ਜੇਕਰ ਹੁਣ ਸਾਰੇ ਸੂਬੇ ਵਿਚ ਬੱਸਾਂ ਦੇ ਕਿਰਾਏ ਵਧਾਉਣ ਲੱਗੇ ਹਾਂ ਤਾਂ ਤੁਸੀਂ ਗੜਬੜ ਪਾਉਂਦੇ ਹੋ। ਤੁਸੀਂ ਇਸ ਸਰਕਾਰ ਨੂੰ ਫੇਲ੍ਹ ਕਰਨ ਵਾਸਤੇ ਇਸ ਤਰ੍ਹਾਂ ਖੱਪ ਪਾਉਂਦੇ ਹੋ ਪਰ ਤੁਸੀਂ ਕੁਝ ਨਹੀਂ ਕਰ ਸਕਦੇ।

ਡਿਪਟੀ ਸਪੀਕਰ ਸਾਹਿਬ, ਇਹ ਕਮਿਊਨਿਸਟ ਵੀਰ ਬੈਠੇ ਹਨ (ਵਿਘਨ) (ਇਕ ਆਵਾਜ਼: ਚੰਡੀਗੜ੍ਹ ਬਾਰੇ ਦੱਸੋ) ਠੀਕ ਹੈ, ਚੰਡੀਗੜ੍ਹ ਅਸੀਂ ਲੈਣਾ ਹੈ। (ਥੰਪਿੰਗ) ਮੇਰੀ ਅਰਜ਼ ਹੈ ਕਿ ਹੁਣ ਇਹ ਕਾਮਰੇਡ ਵੀਰ ਹੱਥ ਖੜੇ ਕਰਕੇ ਦੱਸ ਰਹੇ ਹਨ ਕਿ ਇਹ ਮੇਰੇ ਨਾਲ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਸਰਕਾਰ ਦਾ ਮਨਸ਼ਾ ਹੈ ਕਿ ਪੰਜਾਬ ਦੇ ਵਿਚ ਅਸੀਂ ਗਰੀਬਾਂ ਦੀ ਹਾਲਤ ਨੂੰ ਸੁਧਾਰੀਏ, ਉਨ੍ਹਾਂ ਨੂੰ ਇੰਡਸਟਰੀ ਲਗਾ ਕੇ ਦੇਈਏ, ਕਾਰਖਾਨਾ ਲਗਾ ਕੇ ਦੇਈਏ, ਥੀਨ ਡੈਮ ਬਣਾ ਕੇ ਦੇਈਏ ਅਤੇ ਉਸ ਨਾਲ ਇਰੀਗੇਸ਼ਨ ਵਾਸਤੇ ਪਾਣੀ ਲੋਕਾਂ ਨੂੰ ਦੇਈਏ।

ਇਕ ਹੋਰ ਮੈਂ ਬੇਨਤੀ ਕਰਦਾ ਹਾਂ ਕਿ ਅੱਜ ਉਥੇ ਕਈ ਸੜਕਾਂ ਟੁੱਟੀਆਂ ਪਈਆਂ ਹਨ ਅਤੇ ਸੜਕਾਂ ਬਨਾਉਣ ਲਈ ਲੱਖਾਂ ਰੁਪਏ ਰੱਖਦੇ ਹੋ, ਉਨ੍ਹਾਂ ਦੇ ਠੀਕ ਕਰਨ ਲਈ ਵੀ ਸਾਡੀ ਸਰਕਾਰ ਉਪਰਾਲਾ ਕਰੇਗੀ। (ਥੰਪਿੰਗ) ਤੁਸੀਂ ਬਿਲਕੁਲ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ। ਸਾਡੀ ਸਰਕਾਰ ਨੇ ਹਸਪਤਾਲ, ਸਕੂਲ ਅਪਗਰੇਡ ਕੀਤੇ ਹਨ, ਉਸ ਦੇ ਬਾਅਦ ਸਾਡੀ ਸਰਕਾਰ ਦਾ ਮਨਸ਼ਾ ਹੈ ਕਿ ਜਿਹੜੇ ਵਰਕਰ ਹਨ, ਵੀਕਰ ਸੈਕਸ਼ਨ ਹੈ, ਬੈਕਵਰਡ ਲੋਕ ਹਨ, ਇਕਨਾਮੀਕਲੀ ਬੈਕਵਰਡ ਹਨ ਉਨ੍ਹਾਂ ਦੇ ਵਾਸਤੇ ਕਾਰਖਾਨੇ ਲਗਾਏ ਜਾਣ, ਇੰਡਸਟਰੀ ਲਗਾਈ ਜਾਵੇ (ਥੰਪਿੰਗ) ਇਸ ਤਰ੍ਹਾਂ ਨਾਲ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਉਨ੍ਹਾਂ ਨੂੰ ਉੱਚਾ ਚੁੱਕੇਗੀ।

ਡਿਪਟੀ ਸਪੀਕਰ ਸਾਹਿਬ, ਥੋੜੀ ਜਿਹੀ ਮੈਂ ਹੋਰ ਬੇਨਤੀ ਕਰ ਦਿਆਂ। ਜਿਥੇ ਹੋਰ ਦਫ਼ਤਰ ਮੁਹਾਲੀ ਵਿਚ ਜਾਣੇ ਹਨ ਉਥੇ ਜਿਤਨੀਆਂ ਕਾਰਪੋਰੇਸ਼ਨਾਂ ਹਨ, ਜਿਸ ਤਰ੍ਹਾਂ ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਹੈ, ਫੂਡ ਕਾਰਪਰੇਸ਼ਨ ਹੈ ਜਾਂ ਹੋਰ ਛੋਟੇ ਛੋਟੇ ਦਫ਼ਤਰ ਹਨ, ਉਥੇ ਚਲੇ ਜਾਣ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੰਤ ਸਿੰਘ ਜੀ ਵਲੋਂ ਵਿਘਨ)

ਸ਼੍ਰੀ ਚਮਨ ਲਾਲ : ਜ਼ੈਲਦਾਰ ਸਾਹਿਬ, ਇਹ ਪੰਜਾਬ ਦੀ ਧਰਤੀ ਹੈ, ਇਸ ਪੰਜਾਬ ਦੀ ਧਰਤੀ ਨੂੰ ਮਹਾਨਤਾ ਦੇਣੀ ਚਾਹੀਦੀ ਹੈ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਮੁਹਾਲੀ ਦੀ ਡਿਵੈਲਪਮੈਂਟ ਵਾਸਤੇ ਪੰਜਾਬ ਦੇ ਸਾਰੇ ਉਹ ਦਫ਼ਤਰ ਜਿਹੜੇ ਕਿ ਇਥੇ ਚੰਡੀਗੜ੍ਹ ਵਿਚ ਕਿਰਾਇਆਂ ਦੀਆਂ ਬਿਲਡਿੰਗਾਂ ਵਿਚ ਹਨ, ਸਾਰੇ ਹੀ ਮੁਹਾਲੀ ਵਿਚ ਚਲੇ ਜਾਣ । ਇਤਨਾ ਹੀ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਸ਼ੁਕਰਗੁਜ਼ਾਰ ਹੁੰਦਾ ਹਾਂ ।

Shri Gopal Krishan Chatrath : Sir, I want to move an amendment.

Mr. Deputy Speaker : Chatrath ji, just a minute please. Let me first state the motion.

Mr. Deputy Speaker : Motion moved—

"Keeping in view the economy and financial burden on the State Exchequer, this House recommends to the Government that its subordinate offices located at Chandigarh in private buildings paying large sums as rents, be shifted to Sahibzada Ajit Singh Nagar where th buildings are available at comparatively cheaper rents."

Mr. Deputy Speaker : I have received notice of amendment to this Resolution by Shri Gopal Krishan Chatrath. It will be deemed to have been read and moved.

Shri Gopal Krishan Chatrath : Sir, I beg to move.—

That is lines 3 and 4 after the words 'its subordinate offices' the following words be inserted :—

" and the Corporations and Boards run or controlled by the Punjab Government."

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਕ ਮੇਰੀ ਵੀ ਅਮੈਂਡਮੈਂਟ ਸੀ, ਉਹ ਵੀ ਮੂਵ ਕਰ ਦਿਓ ।

ਸ੍ਰੀ ਡਿਪਟੀ ਸਪੀਕਰ : ਉਹ ਸ਼ਾਇਦ ਰਿਜੈਕਟ ਹੋ ਗਈ ਹੋਵੇਗੀ । ਮੇਰੇ ਕੋਲ ਨਹੀਂ ਆਈ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਪੰਜਾਬ ਦੇ ਸਬਾਰਡੀਨੇਟ ਆਫਿਸਿਜ਼ ਚੰਡੀਗੜ੍ਹ ਤੋਂ ਬਦਲ ਕੇ ਮੋਹਾਲੀ ਲੈ ਜਾਣ ਵਾਸਤੇ ਲਿਆਂਦਾ ਗਿਆ ਹੈ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਸ ਦਾ ਕਾਰਨ ਰੈਜ਼ੋਲਿਊਸ਼ਨ ਵਿਚ ਦਿੱਤਾ ਗਿਆ ਹੈ । ਇਸ ਦੇ ਨਾਲ ਸਾਨੂੰ ਮਾਇਕ ਤੌਰ ਤੇ ਕਾਫੀ ਬੱਚਤ ਹੋਵੇਗੀ । ਇਸ ਵੇਲੇ ਜਿਹੜਾ ਕਿਰਾਇਆ ਗੌਰਮਿੰਟ ਆਫਿਸਿਜ਼ ਲਈ ਦਿੱਤਾ ਜਾ ਰਿਹਾ ਹੈ ਉਹ ਕਿਰਾਇਆ ਬਚੇਗਾ ਕਿਉਂਕਿ ਮੁਹਾਲੀ ਵਿਚ ਕਰਾਇਆ ਘੱਟ ਹੈ । ਇਸ ਦੇ ਨਾਲ ਹੀ ਮੈਂ ਇਕ ਅਮੈਂਡਮੈਂਟ ਦਿੱਤੀ ਸੀ ਕਿ ਜਿਥੇ ਸਬਾਰਡੀਨੇਟ ਆਫਿਸਿਜ਼ ਉਥੇ ਖੜੇ ਜਾਣ ਉਸ ਦੇ ਨਾਲ ਹੀ ਜਿਹੜੀਆਂ ਕਾਰਪੋਰੇਸ਼ਨਜ਼ ਔਰ ਬੋਰਡ ਵਗੈਰਾ ਇਥੇ ਹਨ ਉਨ੍ਹਾਂ ਨੂੰ ਵੀ ਉਥੇ ਖੜਿਆ ਜਾਵੇ । ਇਸ ਨਾਲ ਸਾਨੂੰ ਕਾਫੀ ਬੱਚਤ ਹੋ ਸਕਦੀ ਹੈ । ਆਮ ਮੁਲਾਜ਼ਮਾਂ ਵਾਸਤੇ ਚੰਡੀਗੜ੍ਹ ਮਕਾਨ ਲੈ ਕੇ ਰਹਿਣਾ ਬੜੀ ਮੁਸ਼ਕਲ ਹੈ । ਕਈ ਮੁਲਾਜ਼ਮ ਤਾਂ ਚੰਡੀਗੜ੍ਹ ਤੋਂ ਬਾਹਰ ਮੋਹਾਲੀ ਤੋਂ ਅੱਗੇ ਵੀ 5-6 ਮੀਲ ਤੋਂ ਆਉਂਦੇ ਹਨ । ਅਗਰ ਇਹ ਆਫਿਸਿਜ਼ ਮੋਹਾਲੀ ਖੜੇ ਜਾਣ ਤਾਂ ਇਸ ਨਾਲ ਜਿਥੇ ਉਨ੍ਹਾਂ ਦਾ ਆਉਣ ਦਾ ਪੈਂਡਾ ਘਟੇਗਾ ਉਥੇ ਕੰਮ ਵਿਚ ਯੋਗਤਾ ਵੀ ਵਧੇਗੀ । ਕਿਉਂਕਿ ਅਗਰ ਮੁਲਾਜ਼ਮ ਦਾ ਦਫਤਰ ਉਸ ਦੇ ਨੇੜੇ ਹੋਵੇਗਾ ਤਾਂ ਇਸ ਨਾਲ ਉਸ ਨੂੰ ਕਾਫੀ ਸਹੂਲਤਾਂ ਮਿਲਣਗੀਆਂ । ਡਿਪਟੀ ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਗਿਆਨੀ ਜ਼ੈਲ ਸਿੰਘ ਦੇ ਟਾਇਮ ਤੇ ਤਕਰੀਬਨ 37 ਦਫਤਰ ਚੰਡੀਗੜ੍ਹ ਵਿਚੋਂ ਕੱਢ ਕੇ ਮੋਹਾਲੀ ਖੜਨ ਦਾ ਫੈਸਲਾ ਕੀਤਾ ਗਿਆ ਸੀ । ਮੇਰੇ ਕੋਲ ਉਨ੍ਹਾਂ ਦੀ ਲਿਸਟ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਦੇ ਦਫਤਰਾਂ ਨੇ ਚੰਡੀਗੜ੍ਹ ਵਿਚ ਜਿਹੜੀਆਂ ਕੋਠੀਆਂ ਕਿਰਾਏ ਤੇ ਲਈਆਂ ਹਨ ਉਨ੍ਹਾਂ ਦਾ ਟੋਟਲ ਕਾਰਪੈਟ ਏਰੀਆ 6 ਲੱਖ 42 ਹਜ਼ਾਰ ਸੁਕੇਅਰ ਫੁੱਟ ਹੈ । ਇਸ ਤੋਂ ਇਲਾਵਾ ਕਾਰਪੋਰੇਸ਼ਨਾਂ ਦੇ ਦਫਤਰ ਹਨ । ਫਿਰ ਉਨ੍ਹਾਂ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰਾਂ ਦੀਆਂ ਕੋਠੀਆਂ ਹਨ । ਇਸ ਤੋਂ ਇਲਾਵਾ ਇਨ੍ਹਾਂ ਦੇ ਗੈਸਟ ਹਾਊਸਿਜ਼ ਹਨ । ਮੇਰੇ ਅੰਦਾਜ਼ੇ ਦੇ ਮੁਤਾਬਿਕ ਤਕਰੀਬਨ 40-50 ਲੱਖ ਰੁਪਿਆ ਹਰ ਮਹੀਨੇ ਚੰਡੀਗੜ੍ਹ ਕਿਰਾਏ ਦਾ ਗੌਰਮਿੰਟ ਨੂੰ ਦੇਣਾ ਪੈਂਦਾ ਹੈ । ਜੇ ਇਹ ਮਤਾ ਪਾਸ ਕਰ ਦਿੱਤਾ ਜਾਵੇ ਤਾਂ ਮੇਰਾ ਖਿਆਲ ਹੈ ਕਿ ਘੱਟੋ ਘੱਟ ਅੱਧਾ ਪੈਸਾ ਤਾਂ ਬਚ ਸਕਦਾ ਹੈ । ਜੇ ਇਹ ਰੁਪਿਆ ਬਚਦਾ ਹੋਵੇ ਤਾਂ ਇਹ ਕਿਉਂ ਨਹੀਂ ਬਚਾਇਆ ਜਾਂਦਾ । ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਜਾਬ ਦੇ ਲੋਕ ਦੂਰੋਂ ਆਉਂਦੇ ਹਨ, ਉਨ੍ਹਾਂ ਨੂੰ ਵੀ ਮੋਹਾਲੀ ਤੋਂ ਚੰਡੀਗੜ੍ਹ ਤਕ ਦੇ ਵੱਖਰੇ ਪੈਸੇ ਖਰਚਣੇ ਪੈਂਦੇ ਹਨ ਜੇ ਇਹ ਦਫਤਰ ਉਥੇ ਖੜੇ ਜਾਣ ਤਾਂ ਇਸ ਨਾਲ ਉਨ੍ਹਾਂ ਲੋਕਾਂ ਨੂੰ ਵੀ ਕਾਫੀ ਫਾਇਦਾ ਹੋ ਸਕਦਾ ਹੈ ।

ਇਕ ਗੱਲ ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਗੱਲ ਦੀ ਜ਼ਰੂਰ ਪੜਤਾਲ ਹੋਣੀ ਚਾਹੀਦੀ ਹੈ । ਕਿ ਜਿੰਨੇ ਵੀ ਕਾਰਪੋਰੇਸ਼ਨਜ਼ ਜਾਂ ਬੋਰਡ ਜਾਂ ਇਨ੍ਹਾਂ ਦੇ ਗੈਸਟ ਹਾਊਸਿਜ਼ ਜਾਂ ਹੋਰ ਜਿਹੜੇ ਦਫਤਰ ਹਨ ਉਹ ਜਿਹੜੀਆਂ ਕੋਠੀਆਂ ਵਿਚ ਬਣੇ ਹੋਏ ਹਨ ਉਹ ਕਿਸੇ ਨਾ ਕਿਸੇ ਵੱਡੇ ਆਦਮੀ ਦੀ ਕੋਠੀ ਹੈ ਜਾਂ ਵੱਡੇ ਪੁਲਿਟੀਕਲ ਆਦਮੀਆਂ ਦੀਆਂ ਨਿੱਜੀ ਕੋਠੀਆਂ ਹਨ । ਇਸ ਗੱਲ ਦੀ, ਡਿਪਟੀ ਸਪੀਕਰ ਸਾਹਿਬ, ਇਨਕੁਆਇਰੀ ਹੋਣੀ ਚਾਹੀਦੀ ਹੈ ਕਿ ਇਹ ਜਿਹੜੀਆ ਕੋਠੀਆਂ ਪੰਜਾਬ ਸਰਕਾਰ ਨੂੰ ਦਿੱਤੀਆਂ ਹੋਈਆਂ ਹਨ ਇਹ ਕਿੰਨੇ ਜ਼ਿਆਦਾ ਕਿਰਾਏ ਤੇ ਦਿੱਤੀਆਂ ਹੋਈਆਂ ਹਨ ਜਿਸ ਨਾਲ ਉਨ੍ਹਾਂ ਲੋਕਾਂ ਨੂੰ ਨਿਜੀ ਤੌਰ ਤੇ ਫਾਇਦਾ ਹੋ ਰਿਹਾ ਹੈ । ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਕਰ ਇਹ ਦਫਤਰ ਮੁਹਾਲੀ ਖੜਨੇ ਹਨ ਤਾਂ ਇਸ ਵਾਸਤੇ ਪੰਜਾਬ ਸਰਕਾਰ ਨੂੰ ਆਪਣੀ ਥਾਂ ਬਣਾਉਣੀ ਚਾਹੀਦੀ ਹੈ ਨਵੇਂ ਫੇਜ਼ ਡਿਵੈਲਪ ਕਰਨੇ ਚਾਹੀਦੇ ਹਨ ਔਰ ਉਨ੍ਹਾਂ ਵਿਚ ਦਫਤਰਾਂ ਵਾਸਤੇ ਥਾਂ ਈਅਰ ਮਾਰਕ ਕਰ ਲੈਣਾ ਚਾਹੀਦਾ ਹੈ । ਇਕ ਗੱਲ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਵੇਲੇ ਅਸੀਂ ਤਕਰੀਬਨ ਇਕ ਲੱਖ ਰੁਪਿਆ ਮਹੀਨੇ ਦਾ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਜਿਹੜਾ ਕਿ ਮੁਹਾਲੀ ਖੋਲ੍ਹਿਆ ਹੈ ਉਸ ਵਾਸਤੇ ਦੇ ਰਹੇ ਹਾਂ । ਇਸ ਲਈ ਮੈਂ ਅਪੀਲ ਕਰਾਂਗਾ ਕਿ ਇਸ ਦਫਤਰ ਨੂੰ ਭਾਵੇਂ ਹਾਊਸਿੰਗ ਬੋਰਡ ਦੇ ਬਣੇ ਮਕਾਨਾਂ ਵਿਚ ਹੀ ਸ਼ਿਫਟ ਕੀਤਾ ਜਾਵੇ ਪਰ ਇਹ

ਜਿਹੜਾ ਇਕ ਲੱਖ ਰੁਪਿਆ ਦਿੱਤਾ ਜਾ ਰਿਹਾ ਹੈ ਇਹ ਜ਼ਰੂਰ ਬਚਾ ਲੈਣਾ ਚਾਹੀਦਾ ਹੈ। ਮੇਰੀ ਇਤਲਾਹ ਹੈ ਕਿ ਇਸ ਬਿਲਡਿੰਗ ਦਾ ਕਿਰਾਇਆ ਜਿਹੜਾ ਦਿੱਤਾ ਜਾ ਰਿਹਾ ਹੈ ਇਹ ਚੰਡੀਗੜ੍ਹ ਦੇ ਕਿਰਾਏ ਨਾਲੋਂ ਵੀ ਜ਼ਿਆਦਾ ਹੈ। ਜਦੋਂ ਇਹ ਬੋਰਡ ਚੰਡੀਗੜ੍ਹ ਵਿਚ ਸੀ ਤਾਂ 84 ਹਜ਼ਾਰ ਰੁਪਿਆ ਦੇ ਰਿਹਾ ਸੀ ਪਰ ਮੁਹਾਲੀ ਵਿਖੇ ਜਾ ਕੇ ਇਹ ਇਕ ਲੱਖ ਰੁਪਿਆ ਦੇ ਰਹੇ ਹਨ। ਇਸ ਲਈ ਮੈਂ ਚਾਹੁੰਦਾ ਹਾਂ ਕਿ ਜੇ ਅਸੀਂ ਇਹ ਰੁਪਿਆ ਬਚਾ ਸਕਦੇ ਹਾਂ ਤਾਂ ਕਿਉਂ ਨਾ ਬਚਾਈਏ। ਇਹ ਬਿਲਡਿੰਗ ਪ੍ਰਾਈਵੇਟ ਹੈ.......(ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਇਹ ਤਾਂ ਹਾਊਸਿੰਗ ਬੋਰਡ ਦੀ ਬਿਲਡਿੰਗ ਹੈ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਪ੍ਰਾਈਵੇਟ ਬੰਦੇ ਦੀ ਹੈ। (ਵਿਘਨ) ਕੁਝ ਹਿੱਸਾ ਹਾਊਸਿੰਗ ਬੋਰਡ ਦਾ ਹੋ ਸਕਦਾ ਹੈ। ਤੇ, ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਇਥੇ ਬੈਠੇ ਹਨ ਇਨ੍ਹਾਂ ਨੂੰ ਇਸ ਬਿਲਡਿੰਗ ਨੂੰ ਬਦਲਣ ਦਾ ਫੈਸਲਾ ਕਰ ਲੈਣਾ ਚਾਹੀਦਾ ਹੈ ਚਾਹੇ ਇਸ ਵਾਸਤੇ ਹਾਊਸਿੰਗ ਬੋਰਡ ਦੇ ਮਕਾਨ ਹੀ ਕਿਰਾਏ ਤੇ ਲੈ ਲਏ ਜਾਣ ਤਾਂ ਵੀ ਫਾਇਦਾ ਹੈ। ਇਹ ਪੈਸਾ ਸਰਕਾਰ ਨੂੰ ਹੀ ਜਾਏਗਾ ਕਿਸੇ ਇੰਡਵਿਜੁਅਲ ਕੋਲ ਤਾਂ ਨਹੀਂ ਜਾਏਗਾ। ਇਸ ਤੋਂ ਇਲਾਵਾ ਜਿਹੜੀਆਂ ਕੋਠੀਆਂ ਚੰਡੀਗੜ੍ਹ ਵਿਚ ਰੈਸਟ ਹਾਊਸਿਜ਼ ਅਤੇ ਦਫਤਰਾਂ ਵਾਸਤੇ ਲਈਆਂ ਹੋਈਆਂ ਹਨ ਉਹ ਤੁਰੰਤ ਵਾਪਸ ਕਰ ਦੇਣੀਆਂ ਚਾਹੀਦੀਆਂ ਹਨ। ਚੰਡੀਗੜ੍ਹ ਵਿਚ ਇਕ ਇਕ ਦਫਤਰ ਨਾਲ ਇਕ ਇਕ ਰੈਸਟ ਹਾਊਸ ਬਣਿਆ ਹੋਇਆ ਹੈ ਜਿਸ ਨਾਲ ਸਾਡੀ ਸਰਕਾਰ ਤੇ ਕਾਫੀ ਬੋਝ ਪੈਂਦਾ ਹੈ। ਇਹ ਜਿਹੜਾ ਸਾਨੂੰ 70 ਕਰੋੜ ਦਾ ਡੈਫਿਸਟ ਮਿਲਿਆ ਹੈ ਜੇ ਅਸੀਂ ਹੁਣ ਇਸ ਨੂੰ ਪੂਰਾ ਕਰਨ ਵਾਸਤੇ ਕੋਈ ਉਪਰਾਲਾ ਕਰਦੇ ਹਾਂ ਤਾਂ ਸਰਦਾਰ ਬਸੰਤ ਸਿੰਘ ਖਾਲਸਾ ਬਰਛਾ ਲੈ ਕੇ ਪਿੱਛੇ ਹੋ ਜਾਂਦੇ ਹਨ। (ਵਿਘਨ) ਤੇ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗਲ ਕਰ ਰਿਹਾ ਸੀ ਕਿ ਇਨ੍ਹਾਂ ਨੇ ਇਥੇ ਇਹ ਆਪੋਜ਼ ਕਰਨਾ ਹੈ ਕਿ ਅਸੀਂ ਚੰਡੀਗੜ੍ਹ ਤੋਂ ਆਪਣਾ ਕਲੇਮ ਬੰਦ ਕਰ ਰਹੇ ਹਾਂ। ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਚੰਡੀਗੜ੍ਹ ਦਾ ਕਲੇਮ ਬੰਦ ਨਹੀਂ ਹੋ ਜਾਂਦਾ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਇਥੇ ਗਵਰਨਰ ਐਡਰੈਸ ਹੋਣਾ ਸੀ ਤਾਂ ਇਨ੍ਹਾਂ ਨੇ ਐਜੀਟੇਸ਼ਨ ਕੀਤੀ ਸੀ। ਉਸ ਵੇਲੇ ਸਾਡੀ ਸਰਕਾਰ ਨੇ ਧਿਆਨ ਦਿਵਾਇਆ ਸੀ ਕਿ ਜੇ ਇਥੇ ਪੰਜਾਬ ਸਰਕਾਰ ਦੀ ਆਪਣੀ ਹਕੂਮਤ ਹੁੰਦੀ ਤਾਂ ਇਹ ਹਾਲ ਨਹੀਂ ਹੋ ਸਕਦਾ ਸੀ। (ਵਿਘਨ) ਗਵਰਨਰ ਸਾਹਿਬ ਐਡਰੈਸ ਕਰਨ ਲਈ ਤਿਆਰ ਸਨ ਅਤੇ ਉਨ੍ਹਾਂ ਨੂੰ ਕਲੀਅਰੈਂਸ 40 ਮਿੰਟਾਂ ਬਾਦ ਮਿਲੀ। ਉਹ ਕਲੀਅਰੈਂਸ ਲਈ ਇੰਤਜ਼ਾਰ ਕਰਦੇ ਰਹੇ (ਵਿਘਨ) ਜਿਹੜੇ ਸੂਰਬੀਰ ਤੁਸੀਂ ਬਣੇ ਫਿਰਦੇ ਹੋ ਉਸ ਦਾ ਸਾਨੂੰ ਪਤਾ ਹੈ ਕਦੋਂ ਦੇ ਤੁਸੀਂ ਚੰਡੀਗੜ੍ਹ ਆਏ ਹੋਏ ਸੀ ਅਤੇ ਕਦੋਂ ਇਥੇ ਵਿਧਾਨ ਸਭਾ ਅੱਗੇ ਪਹੁੰਚੇ। ਇਹ ਸਾਨੂੰ ਵੀ ਪਤਾ ਹੈ ਕਿਸ ਤਰ੍ਹਾਂ ਤੁਸੀਂ ਚੋਰਾਂ ਵਾਂਗ ਨਿਕਲ ਕੇ ਆਏ ਹੋ। ਜਿਧਰੋਂ ਤੁਸੀਂ ਆਏ ਹੋ ਉਧਰ 3 ਸਿਪਾਹੀ ਹੀ ਖੜੇ ਸਨ। ਇਹ ਗੱਲ ਠੀਕ ਹੈ ਕਿ ਅਗਰ ਚੰਡੀਗੜ੍ਹ ਪੰਜਾਬ ਦਾ ਹੁੰਦਾ ਤਾਂ ਫੇਰ ਅਸੀਂ ਦੇਖ ਲੈਂਦੇ ਕਿਸ ਤਰ੍ਹਾਂ ਤੁਸੀਂ ਇਥੇ ਪਹੁੰਚ ਜਾਂਦੇ।

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਕਿਹਾ ਹੈ ਕਿ ਅਗਰ ਚੰਡੀਗੜ੍ਹ ਪੰਜਾਬ ਦਾ ਹੁੰਦਾ ਤਾਂ ਇਹ ਵਿਧਾਨ ਸਭਾ ਤੱਕ ਨਹੀਂ

[ਸਰਦਾਰ ਪ੍ਰਿਥੀਪਾਲ ਸਿੰਘ]

ਪਹੁੰਚ ਸਕਦੇ ਸਨ । ਇਹ ਜਿਹੜੇ ਲੋਕੀ ਚੰਡੀਗੜ੍ਹ ਆਏ ਸਨ ਉਹ ਵੀ ਪੰਜਾਬ ਵਿਚੋਂ ਹੀ ਆਏ ਸਨ ਉਥੇ ਤਾਂ ਤੁਸੀਂ ਰੋਕ ਨਹੀਂ ਸਕੇ । (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਖੈਰ ਮੈਂ ਇਸ ਗੱਲ ਵਿਚ ਨਹੀਂ ਜਾਂਦਾ ਪਰ ਸਾਡੀ ਇਸ ਵਿਚ ਮਜਬੂਰੀ ਸੀ ਜਿਸ ਕਰਕੇ ਇਹ ਕਾਮਯਾਬ ਹੋ ਗਏ (ਵਿਘਨ) ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਅਤੇ ਸਰਕਾਰ ਨੂੰ ਜਲਦੀ ਤੋਂ ਜਲਦੀ ਸਟੈਪਸ ਲੈ ਕੇ ਇਨ੍ਹਾਂ ਦਫਤਰਾਂ ਨੂੰ ਮੁਹਾਲੀ ਵਿਖੇ ਤਬਦੀਲ ਕਰ ਦਿੱਤਾ ਜਾਵੇ ਤਾਕਿ ਸਰਕਾਰ ਨੂੰ ਘੱਟ ਕਿਰਾਇਆ ਦੇਣਾ ਪਵੇ ਔਰ ਲੋਕਾਂ ਨੂੰ ਫਾਇਦਾ ਹੋ ਸਕੇ । ਕਿਉਂਕਿ ਮੁਹਾਲੀ ਵਿਖੇ 60 ਪੈਸੇ ਜਾਂ 1 ਰੁਪਏ ਫੁੱਟ ਕਿਰਾਏ ਤੇ ਥਾਂ ਮਿਲ ਸਕਦੀ ਹੈ ਜਦਕਿ ਚੰਡੀਗੜ੍ਹ ਵਿਚ ਇਹ ਕਿਰਾਇਆ 9 ਤੋਂ 12 ਰੁਪਏ ਤਕ ਮਿਲਦੀ ਹੈ । ਇਸ ਮਤੇ ਨੂੰ ਪਾਸ ਕਰ ਦਿੱਤਾ ਜਾਵੇ ।

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਸ੍ਰੀ ਚਮਨ ਲਾਲ ਨੇ ਪੇਸ਼ ਕੀਤਾ ਹੈ ਕਿ ਅਧੀਨ ਦਫਤਰਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਤਬਦੀਲ ਕਰ ਦਿੱਤਾ ਜਾਵੇ । ਇਸ ਗੱਲ ਲਈ ਮੈਂ ਸਰਕਾਰ ਦਾ ਮਸ਼ਕੂਰ ਹਾਂ ਕਿ ਜਿਨ੍ਹਾਂ ਨੇ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਅਜੀਤ ਸਿੰਘ ਦੇ ਨਾਂ ਤੇ ਇਹ ਨਗਰ ਵਸਾਇਆ ਸੀ । ਅਗਰ ਦੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਇਹ ਮਤਾ ਬੜੀ ਹੁਸ਼ਿਆਰੀ ਔਰ ਸਾਜ਼ਿਸ਼ ਦੇ ਨਾਲ ਲਿਆਂਦਾ ਗਿਆ ਹੈ । ਚੰਡੀਗੜ੍ਹ ਦੇ ਵਿਚੋਂ ਦਫਤਰ ਲੈ ਜਾਣ ਨਾਲ ਸਾਡਾ ਚੰਡੀਗੜ੍ਹ ਤੇ ਕਲੇਮ ਘਟ ਜਾਵੇਗਾ ਜਿਸ ਦੇ ਲਈ ਅਸੀਂ ਬੜੀ ਲੰਬੀ ਲੜਾਈ ਲੜੀ ਹੈ । ਚੰਡੀਗੜ੍ਹ ਦੇ ਬਾਰੇ ਇੰਦਰਾ ਗਾਂਧੀ ਨੇ ਫੈਸਲਾ ਕੀਤਾ ਸੀ ਕਿ 5 ਸਾਲਾਂ ਬਾਅਦ ਪੰਜਾਬ ਨੂੰ ਦੇ ਦਿੱਤਾ ਜਾਵੇਗਾ । ਇਸ ਦੇ ਨਾਲ ਇਕ ਹੋਰ ਸਾਜ਼ਿਸ਼ ਕੀਤੀ ਜਾ ਰਹੀ ਹੈ ਕਿ ਚੰਡੀਗੜ੍ਹ ਦੇ ਵਿਚ ਬਹੁਤ ਸਾਰੀ ਵਸੋਂ ਜਿਹੜੇ ਪੰਜਾਬੀ ਨਹੀਂ ਹਨ, ਪੰਜਾਬੀ ਬੋਲਦੇ ਨਹੀਂ ਉਨ੍ਹਾਂ ਨੂੰ ਵਸਾਇਆ ਜਾ ਰਿਹਾ ਹੈ ।

ਸਾਡੇ ਵੱਡੇ ਵੱਡੇ ਸ਼ਹਿਰਾਂ ਦੇ ਵਿਚ ਵੱਡੇ ਵੱਡੇ ਕਈ ਦਫਤਰ ਹਨ ਉਨ੍ਹਾਂ ਦਫਤਰਾਂ ਕਰਕੇ ਉਨ੍ਹਾਂ ਸ਼ਹਿਰਾਂ ਦੀ ਮਹਾਨਤਾ ਹੈ । ਜਿਸ ਤਰ੍ਹਾਂ ਪਟਿਆਲੇ ਵਿਚ ਬਿਜਲੀ ਬੋਰਡ ਦਾ ਦਫਤਰ ਹੈ ਅਸੀਂ ਇਸ ਦੇ ਬਿਲਕੁਲ ਖਿਲਾਫ ਹਾਂ ਕਿ ਉਸ ਵੱਡੇ ਦਫਤਰ ਨੂੰ ਸ਼ਿਫਟ ਕੀਤਾ ਜਾਵੇ । ਇਨ੍ਹਾਂ ਸ਼ਹਿਰਾਂ ਦੀ ਮਹੱਤਤਾ ਕਾਇਮ ਰੱਖੀ ਜਾਵੇ । ਮੋਹਾਲੀ ਵਿਚ ਵੱਡੀ ਵੱਡੀ ਇੰਡਸਟਰੀ ਲਗਾਈ ਜਾਵੇ ਹੋਰ ਨਵੇਂ ਦਫਤਰ ਖੋਲ੍ਹੇ ਜਾਣ । ਸਾਡਾ ਸਕੱਤਰੇਤ ਇਥੇ ਹੋਵੇ, ਅਸੈਂਬਲੀ ਇਥੇ ਚੰਡੀਗੜ੍ਹ ਵਿਚ ਹੋਵੇ, ਕਾਰਪੋਰੇਸ਼ਨਾਂ ਦੇ ਐਮ.ਡੀ. ਅਤੇ ਸੈਕਟਰੀ ਸਕੱਤਰੇਤ ਦੇ ਵਿਚ ਹੋਣ ਫਿਰ ਲੋਕਾਂ ਨੂੰ ਬੜੀ ਮੁਸ਼ਕਿਲ ਹੋਵੇਗੀ ਅਗਰ ਕਿਸੇ ਨੂੰ ਇਕ ਕੰਮ ਸਕੱਤਰੇਤ ਹੋਵੇ ਔਰ ਦੂਸਰਾ ਕੰਮ ਮੁਹਾਲੀ ਵਿਚ ਕਰਨਾ ਪਵੇ ਉਸ ਦਾ ਸਾਰਾ ਦਿਨ ਇਸ ਕੰਮ ਵਿਚ ਬਰਬਾਦ ਹੋ ਜਾਵੇਗਾ । 12 ਮੰਜਲਾਂ ਦਾ ਸਕੱਤਰੇਤ ਬਣਾਉਣ ਦਾ ਮਕਸਦ ਇਹ ਸੀ ਕਿ ਸਾਰੇ ਦਫਤਰ ਸਕੱਤਰੇਤ ਵਿਚ ਲਿਆਂਦੇ ਜਾ ਸਕਣ ਔਰ ਸਾਡਾ ਹੈਡਕੁਆਟਰਜ਼ ਵੀ ਚੰਡੀਗੜ੍ਹ ਹੋਵੇ । ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਤੇ ਵੀ ਮਿਨੀ ਸਕੱਤਰੇਤ ਬਣਾਉਣ ਦਾ ਫੈਸਲਾ ਕੀਤਾ ਹੋਇਆ ਹੈ । ਇਹ ਜਿਹੜੇ ਅਧੀਨ ਦਫਤਰ ਚੰਡੀਗੜ੍ਹ ਵਿਚ ਹਨ ਇਨ੍ਹਾਂ ਨੂੰ ਸ਼ਿਫਟ ਨਾ ਕੀਤਾ ਜਾਵੇ । ਮੈਂ ਇਸ ਗੱਲ ਵਿਚ ਸਹਿਮਤ ਹਾਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਪੂਰੀ ਮਹੱਤਤਾ ਦਿੱਤੀ ਜਾਵੇ । ਪਰ ਇਹ ਮਹੱਤਤਾ ਇੰਡਸਟ੍ਰੀਅਲ ਪੁਆਇੰਟ ਲਗਾ ਕੇ ਵੀ ਹੋ ਸਕਦੀ ਹੈ । ਮੋਹਾਲੀ ਦਫਤਰ ਤਬਦੀਲ ਕਰਨ ਵਿਚ ਬੜੀਆਂ ਮੁਸ਼ਕਲਾਂ ਪੈਦਾ ਹੋਣਗੀਆਂ

ਜਿਸ ਤਰ੍ਹਾਂ ਸਾਡਾ ਐਮ.ਐਲ.ਏਜ਼. ਹੋਸਟਲ ਹੈ, ਕੈਂਟੀਨ ਹੈ ਇਹ ਸਿਸਟਮ 20 ਸਾਲਾਂ ਤੋਂ ਚਲ ਰਿਹਾ ਹੈ। ਉਥੇ ਕੰਮ ਕਰ ਰਹੇ ਮੁਲਾਜ਼ਮਾਂ ਲਈ ਕੁਆਟਰਜ਼ ਬਣਾ ਕੇ ਦੇਣੇ ਚਾਹੀਦੇ ਹਨ ਤਾਂ ਕਿ ਉਹ ਚੰਗੀ ਸਰਵਿਸ ਦੇ ਸਕਣ। ਉਹ ਬਹੁਤ ਮੁਸ਼ਕਿਲ ਨਾਲ ਮੋਹਾਲੀ ਤੋਂ ਵਕਤ ਸਿਰ ਡਿਊਟੀ ਤੇ ਆਉਂਦੇ ਹਨ।

ਸਰਦਾਰ ਜਗਤ ਸਿੰਘ (ਖਰੜ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ। ਮੇਰਾ ਇਸ ਹਲਕੇ ਦੇ ਨਾਲ ਸਬੰਧ ਹੈ ਅਤੇ ਮੈਨੂੰ ਪਤਾ ਹੈ ਕਿ ਉਥੇ ਬਹੁਤ ਸਾਰੇ ਮਕਾਨ ਖਾਲੀ ਪਏ ਹੋਏ ਹਨ। ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਉਥੇ ਹਾਲੇ ਤਕ ਫੈਸਿਲਟੀਜ਼ ਨਹੀਂ ਹਨ ਉਹ ਉਥੇ ਪ੍ਰੋਵਾਈਡ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅੌਰ ਚੰਡੀਗੜ੍ਹ ਤੋਂ ਮੁਹਾਲੀ ਵਿਖੇ ਦਫਤਰ ਤਬਦੀਲ ਕਰ ਦੇਣੇ ਚਾਹੀਦੇ ਹਨ। ਹਾਲੇ ਮੁਹਾਲੀ ਵਿਚ ਨਾ ਕੋਈ ਹਸਪਤਾਲ ਹੈ, ਨਾ ਕੋਈ ਕਾਲਜ ਹੈ, ਨਾ ਕੋਈ ਸੜਕਾਂ ਠੀਕ ਹਨ। ਉਥੇ ਦੇ ਲੋਕਾਂ ਦੀਆਂ ਜ਼ਰੂਰੀ ਮੁਸ਼ਕਿਲਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਚਾਹੀਦਾ ਹੈ। ਇਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨੀਂਹ ਪਥਰ ਗਿਆਨੀ ਜ਼ੈਲ ਸਿੰਘ ਜੀ ਨੇ ਕਾਂਗਰਸ ਦੇ ਸੈਸ਼ਨ ਦੇ ਵਕਤ ਰਖਿਆ ਸੀ ਅਤੇ ਇਸ ਮੁਹਾਲੀ ਦਾ ਵਿਕਾਸ ਕੀਤੀ ਸੀ ਪਰ ਪਿਛਲੇ ਤਿੰਨ ਸਾਲ ਵਿਚ ਉਥੇ ਕੋਈ ਵਿਕਾਸ ਨਹੀਂ ਕੀਤਾ ਗਿਆ ਸੀ। ਇਸ ਮੁਹਾਲੀ ਦੀ ਮਹਾਨਤਾ ਨੂੰ ਵਧਾਉਣ ਲਈ ਪੂਰੇ ਪੂਰੇ ਯਤਨ ਕੀਤੇ ਜਾਣੇ ਚਾਹੀਦੇ ਹਨ ਅੌਰ ਫੈਸਿਲਟੀਜ਼ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਮੁਹਾਲੀ ਸੜਕਾਂ ਦਾ, ਬਿਜਲੀ ਦਾ ਅਤੇ ਵਾਟਰ ਵਰਕਸ ਦਾ ਬਿਲਕੁਲ ਨਾਕਸ ਇੰਤਜ਼ਾਮ ਪਹਿਲਾਂ ਸੀ ਪਰ ਹੁਣ ਨਵੀਂ ਸਰਕਾਰ ਆਉਣ ਤੇ ਇਸ ਵੱਲ ਕੁੱਝ ਧਿਆਨ ਦਿੱਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਉਥੇ ਚੰਡੀਗੜ੍ਹ ਤੋਂ ਲੰਬੇ ਰੂਟਸ ਤੇ ਜਾਣ ਵਾਲੀਆਂ ਬੱਸਾਂ ਅਤੇ ਚੰਡੀਗੜ੍ਹ ਲੰਬੇ ਰੂਟਸ ਤੋਂ ਪਹੁੰਚਣ ਵਾਲੀਆਂ ਬੱਸਾਂ ਠਹਿਰਦੀਆਂ ਹੀ ਨਹੀਂ ਹਨ। ਇਸ ਲਈ ਮੈਂ ਡਿਪਟੀ ਸਪੀਕਰ ਸਾਹਿਬ, ਸਰਕਾਰ ਕੋਲੋਂ ਮੰਗ ਕਰਾਂਗਾ ਕਿ ਸਾਰੀਆਂ ਬੱਸਾਂ ਉਥੇ ਠਹਿਰਨ ਅਤੇ ਉਥੇ ਇਹ ਬੱਸ ਸਟੈਂਡ ਮੁਕਰਰ ਹੋਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਤਕਰੀਬਨ ਚੰਡੀਗੜ੍ਹ ਪ੍ਰਾਈਵੇਟ ਦਫਤਰਾਂ ਦੀਆਂ ਬਿਲਡਿੰਗਾਂ ਦਾ ਕਿਰਾਇਆ 2 ਲੱਖ 20 ਹਜ਼ਾਰ ਰੁਪਏ ਮਹੀਨੇ ਦਾ ਪੰਜਾਬ ਸਰਕਾਰ ਦਿੰਦੀ ਹੈ। ਇਤਨਾ ਕਿਰਾਇਆ ਅਸੀਂ ਮਹੀਨੇ ਦਾ ਦਿੰਦੇ ਹਾਂ। ਮੁਹਾਲੀ ਡਿਪਟੀ ਸਪੀਕਰ ਸਾਹਿਬ, ਇਕ ਲੱਖ ਤੋਂ ਵੀ ਘੱਟ ਕਿਰਾਏ ਤੇ ਬਿਲਡਿੰਗਾਂ ਮਿਲ ਸਕਦੀਆਂ ਹਨ। ਇਸ ਤਰ੍ਹਾਂ ਸਾਨੂੰ ਡਿਪਟੀ ਸਪੀਕਰ ਸਾਹਿਬ, ਇਕ ਲੱਖ ਰੁਪਏ ਦੀ ਮਹੀਨੇ ਦੀ ਬੱਚਤ ਹੋ ਸਕਦੀ ਹੈ ਅਤੇ ਨਾਲ ਦੇ ਗਵਾਂਢੀ ਪਿੰਡਾਂ ਦੇ ਵਸਨੀਕਾਂ ਨੂੰ ਵੀ ਫਾਇਦਾ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਦੂਸਰੀ ਮੰਜ਼ਲ ਤੇ ਪਾਣੀ ਨਹੀਂ ਜਾਂਦਾ। ਇਸ ਦਾ ਵੀ ਇੰਤਜ਼ਾਮ ਹੋਣਾ ਚਾਹੀਦਾ ਹੈ। (ਵਿਘਨ) ਮੈਂ ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਬੋਰਡ ਦੇ ਮੁਤੱਲਕ ਬੇਨਤੀ ਕਰਦਾ ਹਾਂ ਕਿ ਉਥੇ ਕੰਪਲੈਕਸ ਦਾ ਇੰਤਜ਼ਾਮ ਕੀਤਾ ਜਾਵੇ। ਪਿਛਲੀ ਸਰਕਾਰ ਨੇ ਐਜੂਕੇਸ਼ਨ ਬੋਰਡ ਦੇ ਪਹੀਏ ਲਗਾ ਦਿੱਤੇ ਸਨ ਕਿ ਐਜੂਕੇਸ਼ਨ ਬੋਰਡ ਦਾ ਦਫਤਰ ਕਦੇ ਕਿਥੇ ਅਤੇ ਕਦੇ ਕਿਥੇ ਜਿਸ ਕਰਕੇ ਉਥੋਂ ਦੇ ਮੁਲਾਜ਼ਮਾਂ ਵਿਚ ਨਿਰਾਸ਼ਾ ਪਈ ਹੋਈ ਹੈ ਕਿ ਸਾਨੂੰ ਇਕ ਥਾਂ ਤੇ ਨਹੀਂ ਬੈਠਣ ਦਿੱਤਾ ਜਾਂਦਾ। ਇਸ ਲਈ ਐਜੂਕੇਸ਼ਨ ਬੋਰਡ ਦਾ ਦਫਤਰ ਮੁਹਾਲੀ ਵਿਖੇ ਹੀ ਰਹਿਣਾ ਚਾਹੀਦਾ ਹੈ ਅਤੇ ਉਥੇ ਕੰਪਲੈਕਸ ਦਾ ਇੰਤਜ਼ਾਮ ਕੀਤਾ ਜਾਵੇ। (ਥੰਪਿੰਗ) (ਵਿਘਨ) (ਸ਼ੋਰ)

[ਸਰਦਾਰ ਜਗਤ ਸਿੰਘ]

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਧਰਮ ਦੇ ਠੇਕੇਦਾਰਾਂ ਦੇ ਮੁਤੱਲਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਜਿਸ ਵੇਲੇ ਪੰਜਾਬ ਵਿਚ ਸਰਕਾਰ ਸੀ ਤਾਂ ਉਸ ਵੇਲੇ ਕਾਮਰੇਡ ਕਹਿੰਦੇ ਸਨ ਕਿ ਗੁਰਦੁਵਾਰਿਆਂ ਦੀ ਕੀ ਲੋੜ ਹੈ ? ਇਨ੍ਹਾਂ ਬਿਲਡਿੰਗਾਂ ਵਿਚ ਤੂੜੀ ਭਰੀ ਜਾ ਸਕਦੀ ਹੈ ਅਤੇ ਤਾਲਾਵਾਂ ਵਿਚ ਜੀਰੀ ਲਗਾਈ ਜਾ ਸਕਦੀ ਹੈ। (ਵਿਘਨ) (ਸ਼ੋਰ) (ਹਾਸਾ) (ਥੰਪਿੰਗ) ਹੁਣ ਇਹ ਗੱਲਾਂ ਕਰਦੇ ਹਨ। ਮਹਾਰਾਜ ਸੱਚੇ ਪਾਤਸ਼ਾਹ ਦਾ ਜਿਹੜਾ ਸਹੀ ਸਿੱਖ ਹੁੰਦਾ ਹੈ ਉਹ ਸਵੇਰੇ 4.00 ਵਜੇ ਉਠਦਾ ਹੈ, ਇਸ਼ਨਾਨ ਕਰਦਾ ਹੈ, ਪੰਜ ਬਾਣੀਆਂ ਪੜ੍ਹਦਾ ਹੈ ਅਤੇ ਝੂਠ ਬੋਲਣ ਤੋਂ ਗੁਰੇਜ਼ ਕਰਦਾ ਹੈ। ਉਹ ਹਮੇਸ਼ਾਂ ਸੱਚ ਬੋਲਦਾ ਹੈ। ਪਰ ਇਹ ਹਮੇਸ਼ਾਂ ਝੂਠ ਬੋਲਦੇ ਹਨ। (ਵਿਘਨ) ਇਨ੍ਹਾਂ ਦਾ ਝੂਠ ਬੋਲਣ ਤੋਂ ਬਗੈਰ ਗੁਜ਼ਾਰਾ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੁਹਾਲੀ ਨੂੰ ਵੱਧ ਤੋਂ ਵੱਧ ਮਹੱਤਤਾ ਦਿੱਤੀ ਜਾਵੇ।

ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਇਸ ਮਤੇ ਵਿਚ ਇਹ ਮੰਗ ਕੀਤੀ ਗਈ ਹੈ ਕਿ ਸਬਾਰਡੀਨੇਟ ਦਫਤਰ ਜਿਹੜੇ ਚੰਡੀਗੜ੍ਹ ਪ੍ਰਾਈਵੇਟ ਬਿਲਡਿੰਗਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਮੁਹਾਲੀ ਵਿਖੇ ਸ਼ਿਫਟ ਕੀਤਾ ਜਾਵੇ। ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਹੁਣ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ** ** ** ਬਾਰੇ ਕਹਿ ਰਹੇ ਸਨ। (ਵਿਘਨ) (ਸ਼ੋਰ)

ਇਕ ਆਵਾਜ਼ : ਡਿਪਟੀ ਸਪੀਕਰ ਸਾਹਿਬ, ** ** ਦਾ ਨਾਂ ਐਕਸਪੰਜ ਹੋਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ** ** ** ਦਾ ਨਾਂ ਐਕਸਪੰਜ ਕੀਤਾ ਜਾਵੇ।

ਪ੍ਰੋਫੈਸਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਹੱਕ ਵਿਚ ਬੋਲਣ ਲੱਗਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੋਂ ਜਿਹੜੇ ਦਫਤਰ ਕਿਰਾਇਆ ਵੱਧ ਹੋਣ ਕਰਕੇ ਮੁਹਾਲੀ ਵਿਖੇ ਜਾ ਰਹੇ ਹਨ ਪਰ ਜਦੋਂ ਇਕ ਪਾਸੇ ਤਾਂ ਮੰਗ ਕਰਦੇ ਹਨ ਕਿ ਚੰਡੀਗੜ੍ਹ ਸਾਨੂੰ ਮਿਲਣਾ ਚਾਹੀਦਾ ਹੈ, ਚੰਡੀਗੜ੍ਹ ਤੇ ਸਾਡਾ ਰਾਈਟ ਬਣਦਾ ਹੈ ਕਿਉਂਕਿ ਚੰਡੀਗੜ੍ਹ ਪੰਜਾਬੀਆਂ ਨੂੰ ਉਜਾੜ ਕੇ ਬਣਾਇਆ ਗਿਆ ਹੈ, ਇਸ ਲਈ ਇਹ ਥੋਥੀ ਦਲੀਲ ਹੈ। (ਵਿਘਨ) (ਸ਼ੋਰ) ਮੁਲਾਜ਼ਮਾਂ ਨੂੰ ਚੰਡੀਗੜ੍ਹ ਆਉਣ ਲਈ ਖਰਚ ਕਰਨਾ ਪੈਂਦਾ ਹੈ ਪਰ ਇਸ ਦਾ ਸਿੱਧਾ ਇਲਾਜ ਹੈ ਕਿ ਬੱਸਾਂ ਪੰਜਾਬ ਸਰਕਾਰ ਦੀਆਂ ਹਨ ਅਤੇ ਉਨ੍ਹਾਂ ਨੂੰ ਕਿਹਾ ਜਾ ਸਕਦਾ ਹੈ ਕਿ ਮੁਲਾਜ਼ਮਾਂ ਦੇ ਪਾਸੋਂ ਕੋਈ ਕਿਰਾਇਆ ਨਾ ਵਸੂਲ ਕੀਤਾ ਜਾਵੇ। (ਥੰਪਿੰਗ) ਮੁਲਾਜ਼ਮ ਵੀ ਮੰਗ ਕਰਦੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ। ਦੂਜੇ ਪਾਸੇ ਇਹ ਕਹਿੰਦੇ ਹਨ ਕਿ ਚੰਡੀਗੜ੍ਹ ਕਿਰਾਇਆ ਬਹੁਤ ਦੇਣਾ ਪੈਂਦਾ ਹੈ ਪਰ ਜੇਕਰ ਮੁਹਾਲੀ ਦਫਤਰ ਸ਼ਿਫਟ ਹੋਣਗੇ ਤਾਂ ਕੀ ਉਥੇ ਕਿਰਾਇਆ ਨਹੀਂ ਵਧੇਗਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਵੇਂ ਸਰਦਾਰ ਜਗਤ ਸਿੰਘ ਜੀ ਨੇ ਦਸਿਆ ਹੈ ਕਿ ਉਥੇ ਹਸਪਤਾਲ ਨਹੀਂ, ਪਾਣੀ ਦਾ ਠੀਕ ਇੰਤਜ਼ਾਮ ਨਹੀਂ ਅਤੇ ਹੋਰ ਕੋਈ ਸਹੂਲਤ ਨਹੀਂ ਹੈ। ਜੇਕਰ, ਡਿਪਟੀ ਸਪੀਕਰ ਸਾਹਿਬ, ਉਥੇ ਜੰਗਲ ਹੀ ਹੈ ਤਾਂ ਫਿਰ ਜੰਗਲ ਵਿਚ ਦਫਤਰ ਕਿਉਂ ਸ਼ਿਫਟ ਕੀਤੇ ਜਾ ਰਹੇ ਹਨ।

**Expunged as ordered by the Chair.

ਇਸ ਮਹਿੰਗਾਈ ਦੇ ਅੰਦਰ ਜੇਕਰ ਬਠਿੰਡੇ ਤੋਂ ਦਫਤਰ ਚੰਡੀਗੜ੍ਹ ਲਿਜਾਈਏ ਅੌਰ ਚੰਡੀਗੜ੍ਹ ਤੋਂ ਬਠਿੰਡੇ ਲਿਜਾਈਏ ਤਾਂ ਫਿਰ ਇਹ ਗੱਲ ਠੀਕ ਨਹੀਂ ਹੋਏਗੀ। ਅਸਲ ਵਿਚ ਸਾਨੂੰ ਇਹ ਚਾਹੀਦਾ ਹੈ ਕਿ ਜੋ ਮੁਲਾਜ਼ਮ ਦਫਤਰਾਂ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਦੀਆਂ ਜੋ ਮੰਗਾਂ ਹਨ ਉਨ੍ਹਾਂ ਨੂੰ ਪਰਵਾਨ ਕਰ ਲੈਣਾ ਚਾਹੀਦਾ ਹੈ। ਇਹ ਜੋ ਉਨ੍ਹਾਂ ਦੀ ਰੋਜ਼ ਰੋਜ਼ ਦੀ ਹਾਏ ਹਾਏ ਹੈ ਜਾਂ ਉਹ ਸਰਕਾਰ ਦਾ ਸਿਆਪਾ ਕਰਦੇ ਹਨ, ਉਸਨੂੰ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਜੋ ਹਾਊਸ ਰੈਂਟ ਦੀ ਮੰਗ ਹੈ ਜੋ ਕੋਈ ਹੋਰ ਮੰਗਾਂ ਹਨ, ਉਹ ਪ੍ਰਵਾਨ ਕਰ ਲੈਣੀਆਂ ਚਾਹੀਦੀਆਂ ਹਨ। ਇਹ ਪੈਨੀ ਵਾਈਜ਼ ਅੌਰ ਪਾਊਂਡ ਫੂਲਿਸ਼ ਵਾਲੀ ਗੱਲ ਹੈ। ਇਨ੍ਹਾਂ ਦਾ ਆਪਣਾ ਕਿਤਨਾ ਨੁਕਸਾਨ ਹੋ ਰਿਹਾ ਹੈ ਇਸ ਦਾ ਹੱਲ ਇਹ ਹੈ ਕਿ ਸਰਕਾਰ ਆਪਣੀਆਂ ਬਿਲਡਿੰਗਾਂ ਇਥੇ ਉਸਾਰੇ ਅੌਰ ਸਾਰੇ ਦਫਤਰ ਜੋ ਕਿ ਇਸ ਵੇਲੇ ਪ੍ਰਾਈਵੇਟ ਬਿਲਡਿੰਗਾਂ ਵਿਚ ਹਨ ਉਨ੍ਹਾਂ ਨੂੰ ਸਰਕਾਰੀ ਬਿਲਡਿੰਗਾਂ ਵਿਚ ਲਿਆਵੇ। ਇਹ ਠੀਕ ਨਹੀਂ ਹੋਵੇਗਾ ਕਿ ਇਥੋਂ ਪ੍ਰਾਈਵੇਟ ਬਿਲਡਿੰਗਾਂ ਛੱਡ ਕੇ ਮੁਹਾਲੀ ਪ੍ਰਾਈਵੇਟ ਬਿਲਡਿੰਗਾਂ ਲੈ ਲਈਏ। ਇਥੋਂ ਦੇ ਮਾਲਕ ਮਕਾਨ ਛੱਡ ਕੇ ਉਥੋਂ ਦੇ ਮਾਲਕ ਢੂੰਡੀਏ। ਜੇਕਰ ਇਸ ਦਾ ਸਰਕਾਰ ਹਲ ਕੱਢਣਾ ਚਾਹੁੰਦੀ ਹੈ ਤਾਂ ਸਰਕਾਰ ਨੂੰ ਜੋ ਇਥੇ ਫਾਲਤੂ ਜ਼ਮੀਨ ਪਈ ਹੈ ਉਸ ਨੂੰ ਲੈ ਕੇ ਉਥੇ ਬਿਲਡਿੰਗਾਂ ਉਸਾਰਨੀਆਂ ਚਾਹੀਦੀਆਂ ਹਨ। ਵਜ਼ੀਰਾਂ ਦੇ ਜੋ ਕੋਟੇ ਹਨ ਉਨ੍ਹਾਂ ਤੇ ਕੱਟ ਲਗਾਉਣੀ ਚਾਹੀਦੀ ਹੈ। ਵਜ਼ੀਰਾਂ ਦੀਆਂ ਕੋਠੀਆਂ ਤਾਂ ਸਕੱਤਰੇਤ ਦੇ ਨਾਲ ਹਨ ਅੌਰ ਬਾਕੀ ਛੋਟੇ ਮੁਲਾਜ਼ਮਾਂ ਦੇ ਘਰ ਸਕੱਤਰੇਤ ਤੋਂ ਕਿੰਨੇ ਦੂਰ ਬਣਾਏ ਗਏ ਹਨ ਜਦ ਕਿ ਵਜ਼ੀਰਾਂ ਨੂੰ ਆਉਣ ਜਾਣ ਵਾਸਤੇ ਹਰ ਸਹੂਲਤ ਹੈ ਅੌਰ ਛੋਟੇ ਮੁਲਾਜ਼ਮਾਂ ਕੋਲ ਆਵਾਜਾਈ ਦੇ ਕੋਈ ਸਾਧਨ ਨਹੀਂ ਹਨ। (ਵਿਘਨ) ਬੱਸਾਂ ਦੇ ਕਿਰਾਏ ਵਿਚ ਇਨ੍ਹਾਂ ਨੇ ਡਿਓਢਾ ਵਾਧਾ ਕਰ ਦਿੱਤਾ ਹੈ। ਜਿਹੜੇ ਬੰਦੇ ਬਠਿੰਡੇ ਤੋਂ ਐਜੂਕੇਸ਼ਨ ਬੋਰਡ ਵਿਚ ਕੋਈ ਆਪਣੇ ਕੰਮ ਆਉਂਦੇ ਹਨ ਉਹ ਵਿਚਾਰੇ ਪਹਿਲਾਂ ਚੰਡੀਗੜ੍ਹ ਆਉਂਦੇ ਹਨ ਅੌਰ ਫਿਰ ਕਿਰਾਇਆ ਖਰਚ ਕੇ ਅੱਗੇ ਮੁਹਾਲੀ ਜਾਂਦੇ ਹਨ। ਇਸ ਤਰ੍ਹਾਂ ਕਰਕੇ ਉਨ੍ਹਾਂ ਦਾ ਕਿਰਾਇਆਂ ਵਿਚ ਹੀ ਕਿੰਨਾ ਖਰਚ ਹੋ ਜਾਂਦਾ ਹੈ। ਐਜੂਕੇਸ਼ਨ ਬੋਰਡ ਦੇ ਜੋ ਦਫਤਰ ਐਸ.ਏ.ਐਸ. ਨਗਰ ਲੈ ਗਏ ਹਨ, ਇਹ ਵੀ ਗਲਤ ਕੰਮ ਕੀਤਾ ਗਿਆ ਹੈ। ਐਜੂਕੇਸ਼ਨ ਬੋਰਡ ਦਾ ਦਫਤਰ ਵੀ ਚੰਡੀਗੜ੍ਹ ਵਿਚ ਆਉਣਾ ਚਾਹੀਦਾ ਹੈ। ਚੰਡੀਗੜ੍ਹ ਵਿਚ ਸਾਰੇ ਦਫਤਰ ਤਕਰੀਬਨ ਇਕੋ ਜਗ੍ਹਾ ਤੇ ਰਖਣੇ ਚਾਹੀਦੇ ਹਨ। ਇਹ ਨਹੀਂ ਕਿ ਕੋਈ ਕਿਸੇ ਸੈਕਟਰ ਵਿਚ ਹੋਵੇ ਅੌਰ ਕੋਈ ਕਿਸੇ ਸੈਕਟਰ ਵਿਚ ਹੋਵੇ। ਮੈਂ ਸਾਹਿਬਜ਼ਾਦਿਆਂ ਦਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਉਨ੍ਹਾਂ ਦੇ ਨਾਂ ਤੇ ਸ਼ਹਿਰ ਉਸਾਰਿਆ ਜਾ ਰਿਹਾ ਹੈ, ਇਹ ਬੜੀ ਅੱਛਾ ਗੱਲ ਹੈ। ਪਰ ਇਹ ਉਨ੍ਹਾਂ ਸਾਹਿਬਜ਼ਾਦਿਆਂ ਦੇ ਨਾਂ ਤੇ ਲੋਕਾਂ ਨਾਲ ਵਧੀਕੀ ਕਰੀਏ ਇਹ ਠੀਕ ਨਹੀਂ ਹੋਏਗਾ ਅੌਰ ਉਨ੍ਹਾਂ ਸਾਹਿਬਜ਼ਾਦਿਆਂ ਨਾਲ ਵੀ ਜ਼ਿਆਦਤੀ ਕਰਾਂਗੇ ਜੇਕਰ ਅਸੀਂ ਐਸੇ ਪੁੱਠੇ ਕੰਮ ਕਰਾਂਗੇ। ਸਾਨੂੰ ਚੰਡੀਗੜ੍ਹ ਅੰਦਰ ਹੀ ਸਾਰੇ ਦਫਤਰ ਰਖਣੇ ਚਾਹੀਦੇ ਹਨ। ਟਰੇਜ਼ਰੀ ਬੈਂਚਾਂ ਤੇ ਬੈਠਣ ਵਾਲਿਆਂ ਨੂੰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਵਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਬੱਸਾਂ ਦੇ ਕਿਰਾਏ ਪਹਿਲਾਂ ਹੀ ਕਾਫੀ ਜ਼ਿਆਦਾ ਹਨ, ਲੋਕਾਂ ਨੂੰ ਮੁਹਾਲੀ ਜਾਣ ਤੇ ਕਾਫੀ ਹੈਰਾਨਗੀ ਹੁੰਦੀ ਹੈ। ਇਨ੍ਹਾਂ ਮੁਸ਼ਕਲਾਤਾਂ ਨੂੰ ਮੁੱਖ ਰਖਦੇ ਹੋਏ ਮੈਂ ਅਰਜ਼ ਕਰਦਾ ਹਾਂ ਕਿ ਦਫਤਰ ਚੰਡੀਗੜ੍ਹ ਵਿਚ ਹੀ ਰਹਿਣ ਦਿੱਤੇ ਜਾਣ ਅੌਰ ਜਿਹੜੇ ਇਸ ਵੇਲੇ ਮੁਹਾਲੀ ਵਿਚ ਹਨ ਉਹ ਵੀ ਚੰਡੀਗੜ੍ਹ ਵਿਚ ਲਿਆਉਣੇ ਚਾਹੀਦੇ ਹਨ। ਪੰਜਾਬ ਦੇ ਸੈਂਟਰ ਨਾਲ ਤੁਅਲਕ ਰਖਦੇ ਦਫਤਰ ਵੀ ਚੰਡੀਗੜ੍ਹ ਵਿਚ ਲਿਆਉਣੇ ਚਾਹੀਦੇ ਹਨ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜੋ ਸਾਡੀ ਗੌਰਮਿੰਟ ਦਾ ਕਿਰਾਇਆਂ ਤੇ ਲੱਖਾਂ ਕਰੋੜਾਂ ਰੁਪਏ ਖਰਚ ਹੁੰਦਾ ਹੈ, ਉਸ ਨੂੰ ਮਦੇਨਜ਼ਰ ਰਖਦੇ ਹੋਏ ਜੋ ਇਹ ਮਤਾ ਸ੍ਰੀ ਚਮਨ ਲਾਲ ਜੀ ਨੇ ਲਿਆਂਦਾ ਹੈ, ਇਸ ਤੇ ਜੋ ਪ੍ਰੋਫੈਸਰ ਬਲਵੰਤ ਸਿੰਘ ਨੇ ਤੌਖਲਾ ਕੀਤਾ ਹੈ, ਇਹ ਠੀਕ ਨਹੀਂ ਹੈ। ਇਥੇ ਛੋਟੇ ਛੋਟੇ ਦਫਤਰ ਕੋਠੀਆਂ ਵਿਚ ਬਣੇ ਹੋਏ ਹਨ ਔਰ ਅਗਰ ਕਿਸੇ ਨੂੰ ਇਨ੍ਹਾਂ ਦਫਤਰਾਂ ਵਿਚ ਕੰਮ ਪੈਂਦਾ ਹੈ ਤਾਂ ਉਨ੍ਹਾਂ ਦਫਤਰਾਂ ਨੂੰ ਲੱਭਣ ਵਿਚ ਵੀ ਕਾਫੀ ਦਿੱਕਤ ਆਉਂਦੀ ਹੈ। ਪਰ ਲੋਕਾਂ ਦਾ ਜ਼ਿਆਦਾਤਰ ਕੰਮ ਸੈਕਟਰ 17 ਦੇ ਡਾਇਰੈਕਟੋਰੇਟਸ ਵਿਚ ਹੀ ਪੈਂਦਾ ਹੈ, ਇਸ ਲਈ ਇਨ੍ਹਾਂ ਨੇ ਤੌਖਲਾ ਜ਼ਾਹਿਰ ਕੀਤਾ ਹੈ। ਇਹ ਸਿਰਫ ਇਨ੍ਹਾਂ ਨੇ ਨੁਕਤਾਚੀਨੀ ਕਰਨ ਵਾਸਤੇ ਕੀਤਾ ਹੈ। ਖਾਲਸਾ ਜੀ ਹੁਣ ਚੰਡੀਗੜ੍ਹ ਦੀ ਬੜੀ ਯਾਦ ਸਤਾਉਂਦੀ ਹੈ। ਉਹ ਗੱਲ ਇਹ ਭੁਲ ਗਏ ਹਨ ਜਦੋਂ ਇਹ ਪੰਜਾਬੀ ਸੂਬਾ ਮੰਗਦੇ ਸਨ ਔਰ ਚੰਡੀਗੜ੍ਹ, ਫਾਜ਼ਿਲਕਾ ਔਰ ਅਬੋਹਰ ਦੇ ਇਲਾਕੇ ਇਨ੍ਹਾਂ ਨੇ ਛੱਡ ਦਿੱਤੇ ਸਨ, ਕਾਂਗੜਾ ਸ਼ਿਮਲਾ ਔਰ ਉਹ ਇਲਾਕੇ ਜੋ ਦਿੱਲੀ ਤੋਂ ਅੱਗੇ ਹਨ ਔਰ ਜਿਥੇ ਪੰਜਾਬੀ ਬੋਲੀ ਜਾਂਦੀ ਸੀ, ਉਹ ਵੀ ਇਨ੍ਹਾਂ ਨੇ ਛੱਡ ਦਿੱਤੇ ਸਨ। ਹੁਣ ਇਨ੍ਹਾਂ ਨੂੰ ਉਸ ਦੀ ਬੜੀ ਯਾਦ ਆ ਰਹੀ ਹੈ। ਇਨ੍ਹਾਂ ਦੇ ਦਿਲ ਵਿਚ ਪਤਾ ਨਹੀਂ ਕੀ ਭੁਲੇਖਾ ਪਿਆ ਹੈ, ਇਹ ਕਹਿੰਦੇ ਹਨ ਕਿ ਚੰਡੀਗੜ੍ਹ ਨੂੰ ਇਨ੍ਹਾਂ ਨੇ ਛੱਡਣਾ ਹੈ। ਪਰ ਅਸੀਂ ਇਸ ਗੱਲ ਦੇ ਜ਼ਿਆਦਾ ਹਾਮੀ ਹਾਂ ਕਿ ਚੰਡੀਗੜ੍ਹ ਔਰ ਹੋਰ ਜਿਹੜੇ ਪੰਜਾਬੀ ਬੋਲਦੇ ਇਲਾਕੇ ਹਨ, ਉਹ ਪੰਜਾਬ ਵਿਚ ਰਖੇ ਜਾਣ। ਤੁਸੀਂ ਛੋਟਾ ਜਿਹਾ ਪੰਜਾਬ ਬਣਾਇਆ ਸੀ ਤਾਂ ਕਿ ਉਥੇ ਸਿਖਾਂ ਦਾ ਰਾਜ ਹੋਵੇ। ਅਸੀਂ ਤਾਂ ਪੰਜਾਬੀ ਸੂਬਾ ਜ਼ੁਬਾਨ ਦੇ ਆਧਾਰ ਤੇ ਮੰਗਦੇ ਸੀ।

ਇਥੇ ਮੇਰੇ ਵੀਰ ਚਤਰਥ ਜੀ ਨੇ ਬੋਲਦੇ ਹੋਏ ਕਿਹਾ ਸੀ ਕਿ ਸਰਕਾਰੀ ਅਫਸਰਾਂ ਨੇ ਸਰਕਾਰ ਕੋਲੋਂ ਕਰਜ਼ਾ ਲੈ ਕੇ ਅਤੇ ਦੂਸਰੇ ਲੋਕਾਂ ਨੇ ਕਰਜ਼ੇ ਲੈ ਕੇ ਮੁਹਾਲੀ ਵਿਚ ਆਪਣੀਆਂ ਕੋਠੀਆਂ ਪਾਈਆ ਹਨ ਔਰ ਉਨ੍ਹਾਂ ਕੋਠੀਆਂ ਨੂੰ ਕਿਰਾਏ ਤੇ ਦਿੱਤਾ ਹੋਇਆ ਹੈ। ਆਪ ਇਥੇ ਸਰਕਾਰੀ ਕੁਆਟਰਾਂ ਵਿਚ ਰਹਿ ਰਹੇ ਹਨ ਜਦ ਕਿ ਛੋਟੇ ਮੁਲਾਜ਼ਮਾਂ ਨੂੰ 12-12 ਸਾਲ ਇਥੇ ਚੰਡੀਗੜ੍ਹ ਵਿਖੇ ਕੋਈ ਕੁਆਟਰ ਨਹੀਂ ਮਿਲਦਾ ਹੈ ਮੈਂ ਚਾਹੁੰਦਾ ਹਾਂ ਕਿ ਇਸ ਪਾਸੇ ਵੀ ਧਿਆਨ ਦਿੱਤਾ ਜਾਏ ਔਰ ਜਿਨ੍ਹਾਂ ਲੋਕਾਂ ਨੇ ਆਪਣੇ ਮਕਾਨ ਬਣਾ ਲਏ ਹਨ, ਉਨ੍ਹਾਂ ਨੂੰ ਆਪਣੇ ਮਕਾਨਾਂ ਵਿਚ ਜਾਣਾ ਚਾਹੀਦਾ ਹੈ ਔਰ ਸਰਕਾਰੀ ਕੁਆਟਰਜ਼ ਛੱਡ ਦੇਣੇ ਚਾਹੀਦੇ ਹਨ। ਚੰਡੀਗੜ੍ਹ ਵਿਚ ਦਫਤਰਾਂ ਲਈ ਦੁੱਗਣਾ ਤਿੱਗਣਾ ਕਿਰਾਇਆ ਦੇਣਾ ਪੈਂਦਾ ਹੈ ਜਦ ਕਿ ਮੁਹਾਲੀ ਵਿਚ ਸਸਤੀਆਂ ਕਿਰਾਏ ਤੇ ਬਿਲਡਿੰਗਾਂ ਮਿਲ ਸਕਦੀਆਂ ਹਨ। ਇਹ ਸਾਰੀ ਗੱਲ ਮਾਲੀ ਮੁਸ਼ਕਲਾਤ ਨੂੰ ਸਾਹਮਣੇ ਰਖਕੇ ਇਹ ਮਤਾ ਲਿਆਂਦਾ ਗਿਆ ਹੈ। ਇਨ੍ਹਾਂ ਪਿਛੇ ਤਿੰਨ ਸਾਲਾਂ ਵਿਚ ਇਨ੍ਹਾਂ ਦੀ ਸਰਕਾਰ ਨੇ ਪੰਜਾਬ ਨੂੰ ਕੰਗਾਲ ਕਰ ਕੇ ਰੱਖ ਦਿੱਤਾ ਹੈ ਔਰ ਜਾਂਦੇ ਜਾਂਦੇ ਇਹ 70 ਕਰੋੜ ਦਾ ਘਾਟਾ ਛੱਡ ਗਏ ਸਨ। ਉਸ ਘਾਟੇ ਨੂੰ ਪੂਰਾ ਕਰਨ ਲਈ ਜੇਕਰ ਕੋਈ 10 ਰੁਪਏ ਦਾ ਟੈਕਸ ਲਗਦਾ ਹੈ ਤਾਂ ਇਹ ਚੀਕਾਂ ਮਾਰਨ ਲਗ ਜਾਂਦੇ ਹਨ। ਅਸੀਂ ਵੀ ਚਾਹੁੰਦੇ ਹਾਂ ਕਿ ਪੰਜਾਬ ਬਹਿਸ਼ਤ ਬਣ ਜਾਏ ਪਰ ਇਹ ਚੀਜ਼ ਪੈਸੇ ਨਾਲ ਹੋਣੀ ਹੈ। ਬੱਸਾਂ ਦੇ ਕਿਰਾਏ ਵਿਚ ਵਾਧਾ ਤਾਂ ਕੀਤਾ ਗਿਆ ਹੈ ਕਿਉਂਕਿ ਨਵੀਆਂ ਬੱਸਾਂ ਖਰੀਦਣੀਆਂ ਸਨ ਔਰ ਇਨ੍ਹਾਂ ਦੀ ਹਾਲਤ ਵਿਚ ਸੁਧਾਰ ਕਰਨਾ ਸੀ। ਜਿਹੜੇ ਇਹ ਜਾਂਦੇ ਹੋਏ ਪੰਜਾਬ ਨੂੰ ਕੰਗਾਲ ਕਰ ਗਏ ਹਨ, ਇਸ ਲਈ ਹੁਣ ਸਰਕਾਰ ਨੂੰ ਇਕਾਨਮੀ ਕਰਨੀ ਪੈ ਰਹੀ ਹੈ। ਸਾਡੇ ਸੂਬੇ ਵਿਚ ਟੈਕਸ ਹਾਲੇ ਵੀ ਹੋਰ ਸੂਬਿਆ ਨਾਲੋਂ ਬਹੁਤ ਘਟ ਹਨ। ਪਰ ਅਗਰ ਬੱਸਾਂ ਦੇ ਕਿਰਾਇਆਂ ਵਿਚ ਕੁਝ ਵਾਧਾ ਕੀਤਾ ਗਿਆ ਹੈ ਤਾਂ ਇਹ ਨੰਗੀਆਂ ਤਲਵਾਰਾਂ ਕਰਕੇ ਅਸੰਬਲੀ ਤੇ ਹਮਲਾ ਕਰਨ ਲਈ ਆ ਗਏ। ਇਹ ਜਿਹੜੀਆਂ ਮਾਲੀ ਮੁਸ਼ਕਲਾਤਾਂ ਪੈਦਾ ਕਰ ਗਏ ਹਨ, ਉਨ੍ਹਾਂ ਨੂੰ ਮੁੱਖ ਰੱਖ ਕੇ ਇਹ ਰੈਜ਼ੋਲਿਊਸ਼ਨ ਜੋ ਕਿ ਸ੍ਰੀ ਚਮਨ ਲਾਲ ਵੱਲੋਂ ਲਿਆਂਦਾ ਗਿਆ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਲਈ ਟਾਈਮ ਦਿੱਤਾ ਹੈ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਅੱਜ ਹਾਊਸ ਵਿਚ ਰਖਿਆ ਗਿਆ ਹੈ ਕਿ ਪੰਜਾਬ ਦੇ ਸਬਾਰਡੀਨੇਟ ਆਫਿਸਿਜ਼ ਨੂੰ ਚੰਡੀਗੜ੍ਹ ਤੋਂ ਮੁਹਾਲੀ ਲਿਜਾਇਆ ਜਾਵੇ, ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਹ ਪਤਾ ਨਹੀਂ ਕਿ ਇਨ੍ਹਾਂ ਨੇ ਨਵੀਂ ਰਵਾਇਤ ਕਿੱਥੋਂ ਪਾ ਲਈ ਹੈ। ਪਹਿਲਾਂ ਸੁਣਦੇ ਹੁੰਦੇ ਸੀ ਕਿ ਲੋਕ ਬਲੈਕ ਮੇਲ ਕਰਦੇ ਹਨ ਪਰ ਇਸ ਤਰ੍ਹਾਂ ਦਿਆਂ ਮਤਿਆਂ ਨਾਲ ਇਹ ਸਿਆਸੀ ਬਲੈਕ ਮੇਲ ਕਰਨ ਲਗ ਪਏ ਹਨ। ਇਥੇ ਪਹਿਲਾਂ ਰੈਜ਼ੋਲਿਊਸ਼ਨ ਆਇਆ ਕਿ ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਹੈ। ਉਹ ਵੀ ਇਸੇ ਤਰ੍ਹਾਂ ਹੀ ਸਿਆਸੀ ਬਲੈਕ ਮੇਲ ਕਰਨ ਦੀ ਗੱਲ ਹੈ। ਜੇ ਇਨ੍ਹਾਂ ਨੇ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਕਰਨੀ ਹੁੰਦੀ ਤਾਂ ਇਹ ਇਸ ਬਾਰੇ ਇਥੇ ਬਿਲ ਲਿਆਉਂਦੇ। ਇਹ ਜਿਹੜਾ ਅਜ ਇਨਾਂ ਨੇ ਮਤਾ ਲਿਆਂਦਾ ਹੈ ਇਸ ਦੇ ਪਿਛੇ ਵੀ ਕੋਈ ਭਾਵਨਾ ਹੋ ਸਕਦੀ ਹੈ। ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਕਿਸੇ ਮੇਰੇ ਵੀਰ ਦੀ ਮੁਹਾਲੀ ਵਿਖੇ ਕੋਠੀ ਖਾਲੀ ਪਈ ਹੋਵੇ ਅਤੇ ਉਹ ਕਿਰਾਏ ਤੇ ਨਾ ਚੜ੍ਹਦੀ ਹੋਵੇ ਅਤੇ ਇਹ ਇਸ ਤਰ੍ਹਾਂ ਦਾ ਮਤਾ ਲਿਆਕੇ ਮੁਹਾਲੀ ਉਸ ਕੋਠੀ ਵਿਚ ਦਫਤਰ ਲਿਜਾਣੇ ਚਾਹੁੰਦੇ ਹੋਣ। ਇਸ ਮਤੇ ਵਿਚ ਇਹ ਰੀਜ਼ਨ ਦਿੰਦੇ ਹਨ ਕਿ ਮੁਹਾਲੀ ਕਿਰਾਇਆ ਘੱਟ ਹੈ ਅਤੇ ਚੰਡੀਗੜ੍ਹ ਵਿਚ ਕਿਰਾਇਆ ਜ਼ਿਆਦਾ ਦੇਣਾ ਪੈਂਦਾ ਹੈ ਸਭ ਤੋਂ ਵੱਡਾ ਰੀਜ਼ਨ ਇਨ੍ਹਾਂ ਨੇ ਦਿਤਾ ਹੈ ਕਿ ਚੰਡੀਗੜ੍ਹ ਤੋਂ ਮੁਹਾਲੀ ਦਾ ਕੋਈ ਫਰਕ ਨਹੀਂ ਹੈ। ਪਰ ਮੈਂ ਕਹਿੰਦਾ ਹਾਂ ਕਿ ਉਥੇ ਦਫਤਰਾਂ ਵਾਸਤੇ ਐਨੀ ਜਗ੍ਹਾ ਨਹੀਂ ਮਿਲਣੀ। ਮੁਹਾਲੀ ਦੇ ਵਿਚ ਵੀ ਕਿਰਾਇਆ ਉਤਨਾ ਹੀ ਹੈ ਜਿੰਨਾ ਕਿ ਚੰਡੀਗੜ੍ਹ ਵਿਚ ਹੈ। ਮੁਹਾਲੀ ਵਿਚ ਪਾਣੀ ਦਾ ਠੀਕ ਪ੍ਰਬੰਧ ਨਹੀਂ ਹੈ। ਉਥੇ ਬਿਜਲੀ ਦੀ ਵੀ ਸਮੱਸਿਆ ਹੈ। ਫਿਰ ਉਥੇ ਦਫਤਰ ਕਿਸ ਕੰਮ ਵਾਸਤੇ ਲਿਜਾਣੇ ਹਨ। ਇਕ ਹੋਰ ਮੁਸ਼ਕਲ ਇਹ ਖੜੀ ਹੋ ਜਾਵੇਗੀ ਕਿ ਪੰਜਾਬ ਦੇ ਬਹੁਤ ਸਾਰੇ ਮੁਲਾਜ਼ਮਾਂ, ਜਿਨ੍ਹਾਂ ਨੂੰ ਚੰਡੀਗੜ੍ਹ ਵਿਚ ਸਰਕਾਰੀ ਮਕਾਨ ਮਿਲੇ ਹੋਏ ਹਨ, ਜਦ ਪੰਜਾਬ ਦੇ ਦਫਤਰ ਮੁਹਾਲੀ ਚਲੇ ਗਏ ਤਾਂ ਉਨ੍ਹਾਂ ਦੇ ਮਕਾਨ ਖੋਹੇ ਜਾਣਗੇ ਅਤੇ ਮੁਹਾਲੀ ਵਿਖੇ ਉਨ੍ਹਾਂ ਨੂੰ ਕਿਸੇ ਨੇ ਮਕਾਨ ਨਹੀਂ ਦੇਣੇ; ਜੇ ਮਕਾਨ ਮਿਲਣਗੇ ਵੀ ਤਾਂ ਬਹੁਤ ਮਹਿੰਗੇ ਮਿਲਣਗੇ। ਜਿਸ ਤਰ੍ਹਾਂ ਖਾਲਸਾ ਜੀ ਨੇ ਗੱਲ ਕਹੀ ਸੀ, ਇਸ ਤਰ੍ਹਾਂ ਚੰਡੀਗੜ੍ਹ ਤੋਂ ਅਸੀਂ ਆਪਣਾ ਹੱਕ ਖੋਹ ਦਿਆਂਗੇ। ਖਾਲਸਾ ਜੀ ਦੀ ਇਸ ਗੱਲ ਨਾਲ ਮੈਂ ਸਹਿਮਤ ਹਾਂ। ਦੂਸਰੀ ਗੱਲ ਇਹ ਵੀ ਹੈ ਕਿ ਜੇ ਅਸੀਂ ਚੰਡੀਗੜ੍ਹ ਤੋਂ ਆਪਣੇ ਦਫਤਰ ਮੁਹਾਲੀ ਲੈ ਗਏ ਤਾਂ ਕੇਂਦਰ ਵਾਲੇ ਕਹਿਣਗੇ ਕਿ ਪੰਜਾਬ ਵਾਲੇ ਚੰਡੀਗੜ੍ਹ ਵਾਸਤੇ ਸੰਜੀਦਾ ਨਹੀਂ ਹਨ। ਮੈਂ ਇਸ ਪਵਿੱਤਰ ਹਾਊਸ ਵਿਚ ਮੁੱਖ ਮੰਤਰੀ ਦੇ ਉਸ ਬਿਆਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਵਿਚ ਗਵਰਨਰ ਦੇ ਭਾਸ਼ਣ ਵਿਚ ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਚੰਡੀਗੜ੍ਹ ਇਜ਼ ਪਾਰਟ ਐਂਡ ਪਾਰਸਲ ਆਫ ਪੰਜਾਬ। ਇਨ੍ਹਾਂ ਨੂੰ ਤਾਂ ਚੰਡੀਗੜ੍ਹ ਲੈਣ ਲਈ ਯਤਨ ਕਰਨੇ ਚਾਹੀਦੇ ਹਨ ਪਰ ਇਹ ਤਾਂ ਮੁਹਾਲੀ ਜਾਣ ਵਾਸਤੇ ਕਹਿ ਰਹੇ ਹਨ ਅਤੇ ਚੰਡੀਗੜ੍ਹ ਤੋਂ ਆਪਣਾ ਹੱਕ ਖੋਹ ਰਹੇ ਹਨ। (ਵਿਘਨ)

ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਥੇ ਇਹ ਕਰ ਰਹੇ ਹਨ ਕਿ ਇਸ ਸਦਨ ਵਿਚ ਵੀ ਝੂਠ ਬੋਲਣ ਲੱਗ ਪਏ ਹਨ। (ਵਿਘਨ) ਸੱਚੀ ਗੱਲ ਨੂੰ ਮੰਨਣਾ ਚਾਹੀਦਾ ਹੈ। (ਵਿਘਨ) ਜੇ ਪੰਜਾਬੀ ਸੂਬਾ ਬਣਿਆ ਤਾਂ ਇਹ ਸਾਰੇ ਪੰਜਾਬ ਦੀ ਮੰਗ ਸੀ। ਹੋਰ ਸਾਰੇ ਸੂਬੇ ਭਾਸ਼ਾ ਦੇ ਆਧਾਰ ਤੇ ਬਣੇ ਹਨ ਤਾਂ ਫਿਰ ਪੰਜਾਬੀ ਸੂਬਾ ਭਾਸ਼ਾ ਦੇ ਆਧਾਰ ਤੇ ਕਿਉਂ ਨਾ ਬਣੇ; ਇਹ ਸਾਡੇ ਨਾਲ ਵਿਤਕਰਾ ਹੈ। ਜੇ ਸਹੀ ਮੰਗ ਨਹੀਂ ਮੰਨਣੀ ਤਾਂ ਫਿਰ ਹੋਰ ਕੀ ਕਰਨਾ ਹੈ। (ਵਿਘਨ) ਤੁਹਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਤੋਂ ਚੰਡੀਗੜ੍ਹ ਵਿਖੇ ਜਗ੍ਹਾ ਲੈ ਕੇ ਉਥੇ ਸਬਾਰਡੀਨੇਟ ਆਫਿਸਿਜ਼ ਲਈ ਬਿਲਡਿੰਗ ਕੰਪਲੈਕਸ ਬਣਾਓ ਅਤੇ ਚੰਡੀਗੜ੍ਹ ਤੇ ਆਪਣਾ ਹੱਕ ਕਾਇਮ

[ਸਰਦਾਰ ਬਲਦੇਵ ਸਿੰਘ ਮਾਨ]

ਰੱਖੇ। ਇਸ ਤਰ੍ਹਾਂ ਕਰਨ ਨਾਲ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਿਰਾਇਆ ਨਹੀਂ ਦੇਣਾ ਪਵੇਗਾ। ਇਸ ਤਰ੍ਹਾਂ ਕਰਨ ਨਾਲ ਜੇ ਚੰਡੀਗੜ੍ਹ ਪੰਜਾਬ ਨੂੰ ਵੀ ਮਿਲ ਗਿਆ ਤਾਂ ਇਹ ਬਿਲਡਿੰਗ ਕੰਪਲੈਕਸ ਦਾ ਫਿਰ ਵੀ ਫਾਇਦਾ ਪੰਜਾਬ ਨੂੰ ਹੋਵੇਗਾ। ਪਹਿਲੇ ਵੀ ਮਰਦਮਸ਼ੁਮਾਰੀ ਨੂੰ ਮੁੱਖ ਰਖਦੇ ਹੋਏ ਚੰਡੀਗੜ੍ਹ ਪੰਜਾਬ ਨੂੰ ਮਿਲਿਆ ਸੀ ਜੇ ਅੱਗੇ ਵੀ ਮਰਦਮਸ਼ੁਮਾਰੀ ਹੋਵੇਗੀ ਤਾਂ ਉਦੋਂ ਵੀ ਉਸ ਨੂੰ ਮੁੱਖ ਰੱਖ ਕੇ ਕੀਤਾ ਜਾਵੇਗਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਖਾਲਸਾ ਜੀ ਨੇ ਕਿਹਾ ਸੀ ਕਿ ਪੰਜਾਬ ਵਿਚ ਬਾਹਰ ਤੋਂ ਲੇਬਰ ਆ ਰਹੀ ਹੈ। ਇਥੇ ਯੂ. ਪੀ. ਤੋਂ ਬਹੁਤ ਸਾਰੀ ਲੇਬਰ ਮਕਾਨ ਆਦਿ ਬਨਾਉਣ ਵਾਸਤੇ ਆਉਂਦੀ ਹੈ। ਉਹ ਅਨਆਥੋਰਾਈਜ਼ਡ ਕਾਲੋਨੀਆਂ ਬਣਾ ਲੈਂਦੇ ਹਨ। ਉਹ ਲੋਕ ਝੌਂਪੜੀਆਂ ਬਣਾ ਲੈਂਦੇ ਹਨ। ਫਿਰ ਉਨ੍ਹਾਂ ਦੀਆਂ ਝੌਂਪੜੀਆਂ ਨੂੰ ਅੱਗ ਲੱਗ ਜਾਂਦੀ ਹੈ ਅਤੇ ਉਨ੍ਹਾਂ ਨੂੰ ਵੀਕਰ ਸੈਕਸ਼ਨ ਦੇ ਮਕਾਨ ਦੇ ਦਿੰਦੇ ਹਨ। (ਘੰਟੀ) ਫਿਰ ਉਹ ਲੋਕ ਆਪਣੀ ਭਾਸ਼ਾ ਹਿੰਦੀ ਲਿਖਵਾ ਦਿੰਦੇ ਹਨ। (ਵਿਘਨ) ਸੋ ਜੇ ਉਹ ਲੋਕ ਕਹਿਣ ਕਿ ਸਾਡੀ ਭਾਸ਼ਾ ਹਿੰਦੀ ਹੈ ਅਤੇ ਭਾਸ਼ਾ ਦੇ ਅਧਾਰ ਤੇ ਪੰਜਾਬ ਤੋਂ ਚੰਡੀਗੜ੍ਹ ਚਲਾ ਜਾਵੇ ਤਾਂ ਇਹ ਗੱਲ ਠੀਕ ਨਹੀਂ ਹੈ। (ਵਿਘਨ) ਜੇ ਇਹ ਚਾਹੁੰਦੇ ਹਨ ਕਿ ਚੰਡੀਗੜ੍ਹ ਪੰਜਾਬ ਤੋਂ ਖੁੱਸ ਜਾਵੇ ਜਿਸ ਤਰ੍ਹਾਂ ਇਨ੍ਹਾਂ ਨੇ ਪਹਿਲਾਂ ਵੇਚ ਦਿੱਤਾ ਤਾਂ ਫਿਰ ਇਹ ਇਨ੍ਹਾਂ ਦੀ ਮਰਜ਼ੀ ਹੈ। ਅਸੀਂ ਇਸ ਚੀਜ਼ ਦੇ ਖਿਲਾਫ ਹਾਂ। (ਵਿਘਨ) ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਵੇਲੇ ਹਿੰਦੁਸਤਾਨ ਦਾ ਬਾਦਸ਼ਾਹ ਆਪਣੇ ਦਫਤਰ ਦੂਰ ਦਰਾਡੇ ਲੈ ਗਿਆ ਸੀ ਅਤੇ ਅਜ ਤਕ ਹਿੰਦੁਸਤਾਨ ਦੇ ਲੋਕਾਂ ਨੇ ਉਸਨੂੰ ਮੁਆਫ ਨਹੀਂ ਕੀਤਾ ਅਤੇ ਉਸ ਨੂੰ ਬੇਵਕੂਫ ਬਾਦਸ਼ਾਹ ਕਿਹਾ ਜਾਂਦਾ ਹੈ। ਮੈਂ ਬੇਨਤੀ ਕਰਾਂਗਾ ਕਿ ਇਹੋ ਜਿਹਾ ਰੈਜ਼ੋਲਿਊਸ਼ਨ ਲਿਆ ਕੇ ਚੰਡੀਗੜ੍ਹ ਤੋਂ ਆਪਣਾ ਹੱਕ ਗੁਆਉਣਾ ਨਹੀਂ ਚਾਹੀਦਾ। ਸਾਨੂੰ ਮੰਗ ਕਰਨੀ ਚਾਹੀਦੀ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਇਸ ਲਈ ਚੰਡੀਗੜ੍ਹ ਦੇ ਉਤੇ ਆਪਣਾ ਪੂਰਾ ਹੱਕ ਜਿਤਾਉਣ ਲਈ ਜਿੰਨੀ ਵੀ ਵਧ ਤੋਂ ਵਧ ਪਾਪੂਲੇਸ਼ਨ ਇਥੇ ਪੰਜਾਬ ਦੀ ਲਿਆਂਦੀ ਜਾਵੇ, ਲਿਆਈਏ। ਜਿੰਨੇ ਪੰਜਾਬ ਦੇ ਇਥੇ ਦਫਤਰ ਲਿਆ ਸਕੀਏ, ਲਿਆਈਏ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦਾ ਵਿਰੋਧ ਕਰਦਾ ਹਾਂ।

ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹੁੰਦਾ ਹਾਂ ਕਿ ਅੱਜ ਦਾ ਜਿਹੜਾ ਮਤਾ ਮਾਨਯੋਗ ਮੈਂਬਰ, ਸ੍ਰੀ ਚਮਨ ਲਾਲ ਨੇ ਲਿਆਂਦਾ ਹੈ ਆਇਆ ਉਨ੍ਹਾਂ ਨੇ ਸਹਿਜ ਸੁਭਾਅ ਨਾਲ ਮਤਾ ਲਿਆਂਦਾ ਹੈ ਜਾਂ ਉਨ੍ਹਾਂ ਨੇ ਇਸ ਦੀ ਇੰਪਲੀਕੇਸ਼ਨ ਨੂੰ ਸਮਝਿਆ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਪਾਰਟੀ ਪਾਲਿਟਿਕਸ ਤੋਂ ਉਪਰ ਉਠਕੇ, ਜਜ਼ਬਾਤ ਤੋਂ ਉਪਰ ਉਠਕੇ ਇਸ ਮਤੇ ਦੇ ਸਾਰੇ ਪਹਿਲੂਆਂ ਦੇ ਉਤੇ ਬੜੀ ਸੰਜੀਦਗੀ ਨਾਲ, ਦਲੇਰੀ ਨਾਲ, ਬੜੀ ਦੂਰ-ਅੰਦੇਸ਼ੀ ਨਾਲ, ਬੜੀ ਇਮਾਨਦਾਰੀ ਦੇ ਨਾਲ ਵਿਚਾਰ ਕਰਨੀ ਚਾਹੀਦੀ ਹੈ। ਇਹ ਕਿਹਾ ਗਿਆ ਕਿ ਜੇ ਚੰਡੀਗੜ੍ਹ ਤੋਂ ਛੋਟੇ ਦਫਤਰ ਅਸੀਂ ਮੋਹਾਲੀ ਲੈ ਜਾਈਏ ਤਾਂ ਇਸ ਨਾਲ ਸਾਡੇ ਪੈਸਿਆਂ ਦਾ ਬਚਾ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਸੰਸਾਰ ਵਿਚ ਹਰ ਚੀਜ਼ ਪੈਸੇ ਨਾਲ ਤੋਲੀ ਮਾਪੀ ਨਹੀਂ ਜਾ ਸਕਦੀ। ਚੰਡੀਗੜ੍ਹ ਦੇ ਨਾਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਬਹੁਤ ਦੇਰ ਤੋਂ ਸਬੰਧਤ ਹਨ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਪੰਜਾਬ ਵਿਧਾਨ ਸਭਾ ਨੇ ਸਮੁੱਚੇ ਤੌਰ ਤੇ ਕਾਫੀ ਸਮਾਂ ਹੋਇਆ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਸੀ ਔਰ ਸਾਰੇ ਪੰਜਾਬ ਦੇ ਲੋਕ ਟਿਕ ਟਿਕੀ ਲਾਈ ਬੈਠੇ ਹਨ ਕਿ ਜਲਦੀ ਉਹ ਦਿਨ ਆਵੇ ਜਿਸ ਦਿਨ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਹੋਵੇ ਅਤੇ ਇਸ ਧਰਤੀ ਤੇ ਪੰਜਾਬ ਦਾ ਰਾਜ ਹੋਵੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਥੇ ਪਿਛੇ ਜਿਹੇ 21 ਤਾਰੀਖ ਨੂੰ ਜੋ ਵਾਕਿਆ ਹੋਇਆ ਜੇ ਇਥੇ ਚੰਡੀਗੜ੍ਹ ਪ੍ਰਸ਼ਾਸਨ ਦੀ ਥਾਂ ਪੰਜਾਬ ਦਾ ਕੰਟਰੋਲ ਹੁੰਦਾ ਤਾਂ ਸ਼ਾਇਦ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਉਸ ਦਿਨ ਮੇਰੇ ਅਕਾਲੀ

ਵੀਰ ਜੋ ਕੁਝ ਇਥੇ ਕਰ ਸਕੇ ਸੀ ਉਹ ਨਾ ਕਰ ਸਕਦੇ। ਸਿਵਿਲ ਲਾਅ ਦੇ ਅੰਦਰ ਕਹਿੰਦੇ ਹਨ Three fourths of possession is ownership ਕਬਜ਼ਾ ਜਿਹੜਾ ਹੈ ਉਹ ਥਰੀ ਫੋਰਥ ਆਦਮੀ ਦੀ ਮਲਕੀਅਤ ਬਣ ਜਾਂਦਾ ਹੈ ਜੋ ਉਹ ਕਾਬਜ਼ ਹੋਵੇ। ਕੱਲ ਨੂੰ ਇਹ ਵੀ ਦਲੀਲ ਦਿੱਤੀ ਜਾ ਸਕਦੀ ਹੈ ਕਿ ਐਮ.ਐਲ.ਏਜ਼. ਲਈ ਫਲੈਟ ਨਹੀਂ, ਐਮ.ਐਲ.ਏਜ਼. ਲਈ ਹੋਸਟਲ ਨਹੀਂ ਇਸ ਲਈ ਵਿਧਾਨ ਸਭਾ ਵੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਚੁੱਕ ਕੇ ਲੈ ਜਾਓ। ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਭੋਲੇਪਨ ਵਿਚ ਲਿਆਂਦਾ ਗਿਆ ਹੈ। ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਔਰ ਹਰਿਆਣਾ ਦੇ ਜਿਹੜੇ ਕਾਮਨ ਲਿੰਕਸ ਹਨ ਜਿਸ ਤਰ੍ਹਾਂ ਹਾਈ ਕੋਰਟ ਹੈ ਇਹ ਪੰਜਾਬ ਔਰ ਹਰਿਆਣਾ ਦੀ ਹੈ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਦੇ ਮਤੇ ਲਿਆਉਣ ਦੀ ਲੋੜ ਹੈ। ਪੰਜਾਬ ਨਾਲ ਬਕਾਇਦਾ ਤੌਰ ਤੇ ਜਿੱਥੇ ਸ਼ਾਹ ਕਮਿਸ਼ਨ ਨੇ ਅਨਿਆਇ ਕੀਤਾ ਹੈ ਉਸ ਦੀ ਦਰੁੱਸਤੀ ਕਰਨ ਲਈ ਸਾਡੇ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਕਦਮ ਉਠਾਇਆ ਸੀ, ਉਨ੍ਹਾਂ ਦੇ ਗਲਤ ਫੈਸਲੇ ਨੂੰ ਜਿਹੜਾ ਉਨ੍ਹਾਂ ਨੇ ਚੰਡੀਗੜ੍ਹ ਹਰਿਆਣੇ ਨੂੰ ਦੇ ਦਿੱਤਾ ਸੀ ਉਸ ਨੂੰ ਤਬਦੀਲ ਕਰਕੇ ਉਨ੍ਹਾਂ ਨੇ ਨਵੇਂ ਸਿਰੇ ਤੋਂ ਇਸ ਦਾ ਫੈਸਲਾ ਦੇਣਾ ਮੁਨਾਸਿਬ ਸਮਝਿਆ। ਇਸ ਲਈ ਮੈਂ ਸਮਝਦਾ ਹਾਂ ਕਿ ਸਾਨੂੰ ਹਾਈ ਕੋਰਟ ਜਿਹੇ ਕਾਮਨ ਲਿੰਕਸ ਜੋ ਹਨ ਇਹ ਤਬਦੀਲ ਕਰਨ ਦੀ ਲੋੜ ਹੈ। ਇਹ ਤਬਦੀਲ ਕਰਨ ਦੇ ਲਈ ਤਾਂ ਕਿ ਪੰਜਾਬ ਦਾ ਵੱਖਰਾ ਲਿੰਕ ਹੋਵੇ, ਇਹੋ ਜਿਹਾ ਸਾਨੂੰ ਮਤਾ ਲਿਆਉਣਾ ਚਾਹੀਦਾ ਹੈ, ਜਾਂ ਇਹ ਮਤਾ ਲਿਆਉਣਾ ਚਾਹੀਦਾ ਹੈ। ਭਾਸ਼ਾਈ ਮਾਹਿਰਾਂ ਦਾ ਕਮਿਸ਼ਨ ਜਿਹੜਾ ਤਹਿਸੀਲ ਨਹੀਂ ਬਲਕਿ ਪਿੰਡਾਂ ਨੂੰ ਇਕਾਈ ਮੰਨ ਕੇ ਪੰਜਾਬੀ ਬੋਲਦੇ ਇਲਾਕੇ ਦਾ ਚੰਡੀਗੜ੍ਹ ਦਾ ਪਿਆਰ ਨਾਲ ਹਲ ਕਢੇ ਤਾਕਿ ਹਰਿਆਣਾ ਅਤੇ ਪੰਜਾਬ ਜੋ ਦੋ ਗਵਾਂਢੀ ਸੂਬੇ ਹਨ ਉਨ੍ਹਾਂ ਦਾ ਆਪਸ ਵਿਚ ਕੁੜੱਤਣ ਨਾ ਹੋਵੇ ਕੁੜੱਤਣ ਨਾਲ ਨਹੀਂ ਬਲਕਿ ਪਿਆਰ ਨਾਲ ਅਤੇ ਮਿਲਵਰਤਣ ਨਾਲ ਇਹ ਮਸਲਾ ਹਲ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਇਸ ਰੈਜ਼ੋਲਿਉਸ਼ਨ ਦੇ ਬਾਰੇ ਜੋ ਦਲੀਲ ਦਿੱਤੀ ਗਈ ਹੈ ਇਹ ਠੀਕ ਨਹੀਂ। ਇਸ ਦੇ ਬਾਰੇ ਮੈਂ ਕਹਿ ਸਕਦਾ ਹਾਂ ਕਿ ਇਹ ਇਕ ਅਚਾਨਕ ਖਾਮਖਾਹ ਬਹਿਸ ਛੇੜੀ ਗਈ ਹੈ ਜਿਸ ਦੇ ਨਾਲ ਬਹੁਤ ਸਾਰੇ ਐਸੇ ਅਨਸਰ ਜਿਹੜੇ ਪੰਜਾਬ ਦੇ ਵਿਚ ਪਹਿਲਾਂ ਹੀ ਅੱਗ ਲਾਉਣਾ ਚਾਹੁੰਦੇ ਹਨ, ਹਿੰਦੂ-ਸਿੱਖ ਫਸਾਦ ਪੈਦਾ ਕਰਨਾ ਚਾਹੁੰਦੇ ਹਨ, ਇਸ ਮਤੇ ਨਾਲ ਸਿਵਾਏ ਇਸ ਗੱਲ ਦੇ ਕਿ ਉਨ੍ਹਾਂ ਦੇ ਹੱਥ ਮਜ਼ਬੂਤ ਕੀਤੇ ਜਾਣਗੇ ਹੋਰ ਕੋਈ ਗੱਲ ਇਸ ਦੇ ਵਿਚੋਂ ਨਹੀਂ ਨਿਕਲਦੀ। ਮੈਂ ਸਮਝਦਾ ਹਾਂ ਕਿ ਬਹੁਤ ਸਾਰੇ ਅਫਸਰ ਸਾਡੇ ਐਸੇ ਹਨ ਜਿਨ੍ਹਾਂ ਦੀਆਂ ਚੰਡੀਗੜ੍ਹ ਵਿਚ ਕੋਠੀਆਂ ਬਣੀਆਂ ਹੋਈਆਂ ਹਨ, ਸਰਕਾਰੀ ਕੋਠੀਆਂ ਵਿਚ ਰਹਿੰਦੇ ਹਨ ਉਨ੍ਹਾਂ ਤੋਂ ਕੋਠੀਆਂ ਖਾਲੀ ਕਰਵਾਈਆਂ ਜਾਣ ਜਿਹੜੇ ਸਰਕਾਰੀ ਮਕਾਨ ਹਨ ਉਹ ਦੂਜਿਆਂ ਉਨ੍ਹਾਂ ਨੂੰ ਦਿੱਤੇ ਜਾਣ। ਲੋੜ ਅੱਜ ਇਸ ਗੱਲ ਦੀ ਹੈ। ਮੈਂ ਸਮਝਦਾ ਹਾਂ ਕਿ 20 ਸਾਲ ਤੋਂ ਬਾਅਦ ਚੰਡੀਗੜ੍ਹ ਦੀ ਆਬਾਦੀ ਲਗਭਗ 10 ਲੱਖ ਦੀ ਹੋ ਜਾਣੀ ਹੈ ਔਰ ਚੰਡੀਗੜ੍ਹ ਔਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜੋ ਪਹਿਲਾਂ ਹੀ ਇਕ ਹਨ ਔਰ ਅਗੋਂ ਮੁਕੰਮਲ ਤੌਰ ਤੇ ਇਕ ਹੋ ਜਾਣੇ ਹਨ ਜਦ ਮੁਕੰਮਲ ਤੌਰ ਤੇ ਇਕ ਹੋ ਜਾਣੇ ਹਨ ਔਰ ਰੁਕ ਨਹੀਂ ਸਕਦੇ ਤਾਂ ਮੈਂ ਸਮਝਦਾ ਹਾਂ ਕਿ ਇਹ ਸਦਨ ਦਾ ਕੀਮਤੀ ਸਮਾਂ ਜਿਹੜਾ ਹੋਰ ਜ਼ਰੂਰੀ ਮਸਲਿਆਂ ਵਿਚ ਲਾਇਆ ਜਾ ਸਕਦਾ ਸੀ, ਵਿਅੱਰਥ ਗੰਵਾਇਆ। ਮੈਂ ਮੈਂਬਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਉਹ ਇਸ ਨੂੰ ਮੁੜ ਵਿਚਾਰਨ ਔਰ ਇਸ ਮਤੇ ਨੂੰ ਵਾਪਿਸ ਲੈਣ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ) : ਡਿਪਟੀ ਸਪੀਕਰ ਸਾਹਿਬ, ਇਹ ਜੋ ਮਤਾ ਸ੍ਰੀ ਚਮਨ ਲਾਲ ਜੀ ਨੇ ਲਿਆਂਦਾ ਹੈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਸ ਮਤੇ ਦੇ ਲਿਆਉਣ ਦਾ ਮਕਸਦ ਜਿਹੜਾ ਉਨ੍ਹਾਂ ਨੇ ਦਸਿਆ ਹੈ ਕਿ ਖਰਚਾ ਜਿਹੜਾ ਹੈ ਉਹ ਸਟੇਟ ਦਾ ਘੱਟ ਜਾਵੇਗਾ ਇਹ ਠੀਕ ਨਹੀਂ ਹੈ। ਖਰਚਾ ਜਿਹੜਾ ਹੈ ਅਗਰ ਉਹ ਘੱਟ ਕਰਨਾ ਹੈ ਤਾਂ ਇਹ ਘੱਟ ਕਰਨ ਦੇ ਹੋਰ ਬੜੇ ਤਰੀਕੇ ਹਨ ਜਿਨ੍ਹਾਂ ਰਾਹੀਂ ਖਰਚ ਘੱਟ ਕੀਤਾ ਜਾ ਸਕਦਾ ਹੈ। ਗੌਰਮਿੰਟ ਨੂੰ ਚਾਹੀਦਾ ਹੈ ਕਿ ਜਿਹੜੀਆਂ ਇਥੇ ਕਾਰਪੋਰੇਸ਼ਨਾਂ ਬਣੀਆਂ ਹਨ, ਬੋਰਡ ਬਣੇ ਹਨ, ਜਿਥੇ ਲੁੱਟ ਖਸੁੱਟ ਹੁੰਦੀ ਹੈ ਅੌਰ ਲੱਖਾਂ ਰੁਪਏ ਦੀ ਹੇਰਾ ਫੇਰੀ ਹੁੰਦੀ ਹੈ, ਉਨ੍ਹਾਂ ਨੂੰ ਫੜਨ ਤਾਂ ਖਰਚਾ ਤਾਂ ਇਥੋਂ ਹੀ ਬਹੁਤ ਘਟ ਕੀਤਾ ਜਾ ਸਕਦਾ ਹੈ ਤੇ ਨਾਲੇ ਰੈਵੇਨਿਊ ਕਮਾਇਆ ਜਾ ਸਕਦਾ ਹੈ। ਜੇ ਗੌਰਮਿੰਟ ਇਸ ਗੱਲ ਵਿਚ ਯਕੀਨ ਰਖਦੀ ਹੈ ਕਿ ਖਰਚ ਘੱਟ ਕਰਨਾ ਹੈ ਜਾਂ ਗੌਰਮਿੰਟ ਦੇ ਖ਼ਜ਼ਾਨੇ ਤੇ ਬੋਝ ਨਹੀਂ ਪੈਣ ਦੇਣਾ ਤਾਂ ਹੋਰ ਬੜੀਆਂ ਮੱਦਾਂ ਹਨ ਜਿਨ੍ਹਾਂ ਤੇ ਖਰਚਾ ਘੱਟ ਕੀਤਾ ਜਾ ਸਕਦਾ ਹੈ। ਬਿਲਡਿੰਗਾਂ ਦੇ ਖਰਚਿਆਂ ਦੇ ਨਾਲ ਕਦੇ ਗੌਰਮਿੰਟਾਂ ਨੂੰ ਫਰਕ ਨਹੀਂ ਪੈਂਦਾ। ਇਸ ਮਤੇ ਦੇ ਲਿਆਣ ਦਾ ਮਕਸਦ, ਜਿਵੇਂ ਖਾਲਸਾ ਜੀ ਨੇ ਅਤੇ ਮਾਨ ਸਾਹਿਬ ਨੇ ਵੀ ਕਿਹਾ ਹੈ, ਪੋਲੀਟੀਕਲ ਮਕਸਦ ਵੀ ਹੋ ਸਕਦਾ ਹੈ। ਹੋ ਸਕਦਾ ਹੈ ਜਿਹੜਾ ਚੰਡੀਗੜ੍ਹ ਹੈ ਜਿਸ ਦੇ ਲਈ ਅਸੀਂ ਇਤਨੇ ਯਤਨਸ਼ੀਲ ਹਾਂ ਜਿਹੜਾ ਕਿ ਸਾਡੇ ਪੰਜਾਬ ਦਾ ਹਿੱਸਾ ਹੈ, ਜੇ ਅਸੀਂ ਇਥੋਂ ਹੌਲੀ ਹੌਲੀ ਦਫਤਰ ਲੈ ਗਏ ਤਾਂ ਸਾਡਾ ਜਿਹੜਾ ਕਲੇਮ ਹੈ ਉਹ ਘੱਟ ਜਾਵੇਗਾ। ਜੱਜੇਵਾਲ ਜੀ ਨੇ ਠੀਕ ਹੀ ਕਿਹਾ ਹੈ ਕਿ ਕਿਸੇ ਸੋਚ ਦੇ ਤਹਿਤ ਰੈਜ਼ੋਲਿਊਸ਼ਨ ਲਿਆਂਦਾ ਹੈ ਉਸ ਦੀ ਕੋਈ ਸਮਝ ਨਹੀਂ ਲਗਦੀ। ਹਾਊਸ ਦਾ ਇਤਨਾ ਕੀਮਤੀ ਸਮਾਂ ਜ਼ਾਇਆ ਹੋਇਆ ਹੈ। ਇਸ ਤੋਂ ਅੱਗੇ ਮਤਾ ਬੇਰੋਜ਼ਗਾਰੀ ਦਾ ਸੀ ਜਿਹੜਾ ਕਿ ਬਹੁਤ ਜ਼ਰੂਰੀ ਹੈ, ਉਸ ਤੇ ਬਹਿਸ ਹੋ ਸਕਦੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਪਿਛਲੀ ਸਰਕਾਰ ਨੇ ਸਾਰੇ ਦਫਤਰ ਤਹਿਸੀਲ ਲੈਵਲ ਤੇ ਇਕੱਠੇ ਕਰਕੇ ਹੈਡਕੁਆਟਰ ਬਣਾਇਆ ਸੀ ਤਾਂਕਿ ਮਿੰਨੀ ਸੈਕਟਰੀਏਟ ਵਿਚ ਸਾਰੇ ਅਫ਼ਸਰ ਇਕੱਠੇ ਬੈਠਣ ਅੌਰ ਹਰ ਇਕ ਬੰਦਾ ਜਿਹੜਾ ਕੋਈ ਕੰਮ ਕਰਵਾਉਣ ਆਉਂਦਾ ਹੈ ਉਸ ਦਾ ਸਾਰਾ ਕੰਮ ਉਥੇ ਹੀ ਹੋ ਜਾਵੇ। ਜੇ ਹੁਣ ਕੁਝ ਦਫਤਰ ਇਥੋਂ ਮੁਹਾਲੀ ਚਲੇ ਗਏ ਤਾਂ ਜਿਹੜਾ ਪੰਜਾਬ ਵਿਚੋਂ ਕੋਈ ਬੰਦਾ ਕੰਮ ਕਰਵਾਉਣ ਆਉਂਦਾ ਹੈ, ਉਸ ਨੇ ਚੰਡੀਗੜ੍ਹ ਇਕ ਵਾਰੀ ਜ਼ਰੂਰ ਆਉਣਾ ਹੈ ਉਸ ਦੇ ਬਾਅਦ ਉਹ ਮੁਹਾਲੀ ਜਾਵੇਗਾ ਅੌਰ ਜੇ ਮੁਹਾਲੀ ਉਸ ਦਾ ਕੋਈ ਕੰਮ ਨਹੀਂ ਹੋਵੇਗਾ ਤਾਂ ਫਿਰ ਚੰਡੀਗੜ੍ਹ ਆਵੇਗਾ ਅਤੇ ਇਥੋਂ ਹੋ ਕੇ ਫਿਰ ਉਹ ਮੁਹਾਲੀ ਜਾਵੇਗਾ। ਇਸ ਤਰ੍ਹਾਂ ਖਰਚਾ ਘਟਣਾ ਨਹੀਂ ਹੈ ਸਗੋਂ ਖਰਚਾ ਵੱਧਣਾ ਹੈ। ਫਿਰ ਇਥੇ ਸਾਡੇ ਜਿਹੜੇ ਮੁਲਾਜ਼ਮ ਹਨ ਜਦੋਂ ਉਹ ਉਥੇ ਜਾਣਗੇ ਤਾਂ ਉਨ੍ਹਾਂ ਨੂੰ ਉਥੇ ਅਕਾਮੋਡੇਸ਼ਨ ਵੀ ਨਹੀਂ ਮਿਲਣੀ। ਉਹ ਸਾਰੇ ਅੱਪ ਸੈਟ ਹੋ ਜਾਣਗੇ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਮਤਾ ਬਿਲਕੁਲ ਠੀਕ ਨਹੀਂ ਹੈ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਉਨ੍ਹਾਂ ਨੂੰ ਇਹ ਮਤਾ ਵਾਪਸ ਲੈ ਲੈਣਾ ਚਾਹੀਦਾ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਮੈਂ ਇਸ ਦੀ ਪੁਰ ਜ਼ੋਰ ਵਿਰੋਧਤਾ ਕਰਦਾ ਹਾਂ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਮਹੱਤਤਾ ਵਧਾਉਣੀ ਹੈ ਤਾਂ ਗੌਰਮਿੰਟ ਨੂੰ ਉਥੇ ਇੰਡਸਟਰੀ ਲਾਉਣੀ ਚਾਹੀਦੀ ਹੈ, ਗੌਰਮਿੰਟ ਨੂੰ ਉਥੇ ਵੱਡੀਆਂ ਵੱਡੀਆਂ ਇੰਡਸਟਰੀਆਂ ਲਾਉਣੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਉਹ ਇੰਡਸਟਰੀਅਲ ਟਾਊਨ ਬਣੇ ਅੌਰ ਉਸ ਦੀ ਮਹੱਤਤਾ ਵਿਚ ਵਾਧਾ ਹੋਵੇ। (ਵਿਘਨ) ਜਿਨ੍ਹਾਂ ਨੂੰ ਚੰਡੀਗੜ੍ਹ ਮਕਾਨ ਨਹੀਂ ਮਿਲਦੇ ਉਹ ਸਸਤੇ ਮਕਾਨ ਉਥੇ ਲੈ ਕੇ ਰਹਿ ਸਕਦੇ ਹਨ। ਇਸ ਦਾ ਮਕਸਦ ਸਿਰਫ ਇਤਨਾ ਹੀ ਲਗਦਾ ਹੈ ਕਿ ਜਿਨ੍ਹਾਂ ਦੀਆਂ ਉਥੇ ਕੋਠੀਆਂ ਖਾਲੀ ਪਈਆਂ ਹਨ, ਹੁਣ ਇਸ ਵੇਲੇ ਤਾਂ ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ

ਉਦੋਂ ਉਹ ਕਿਰਾਇਆਂ ਤੇ ਚੜ੍ਹ ਜਾਣ ਔਰ ਉਸ ਨੂੰ ਚੰਗੇ ਪੈਸੇ ਮਿਲ ਜਾਣ । ਜਿਹੜੀ ਮਹਿੰਗਾਈ ਚੰਡੀਗੜ੍ਹ ਵਿਚ ਹੈ, ਫਿਰ ਉਸਦਾ ਉਥੇ ਵੀ ਉਨ੍ਹਾਂ ਨੂੰ ਸਾਹਮਣਾ ਕਰਨਾ ਪਵੇਗਾ। ਇਸ ਲਈ ਮੈਂ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਦਾ ਹਾਂ ਔਰ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਹ ਮਤਾ ਵਾਪਿਸ ਲੈਣਾ ਚਾਹੀਦਾ ਹੈ ।

ਸ੍ਰੀ ਸੰਤ ਰਾਮ ਸਿੰਗਲਾ (ਸਮਾਣਾ) : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਹਾਊਸ ਦੇ ਸਾਹਮਣੇ ਹੈ ਮੈਨੂੰ ਇਹ ਸਮਝ ਨਹੀਂ ਆਈ ਕਿ ਇਸ ਮਤੇ ਦੀ ਲੋੜ ਕੀ ਸੀ ? ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਗੁਰੂ ਸਾਹਿਬ ਦੇ ਸਾਹਿਬਜ਼ਾਦੇ ਦੇ ਨਾਮ ਤੇ ਗਿਆਨੀ ਜ਼ੈਲ ਸਿੰਘ ਜੀ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ ਬਣਵਾਇਆ ਸੀ ਔਰ ਉਸ ਵਕਤ ਇਹ ਭਾਵਨਾ ਸੀ ਕਿ ਸਾਰੇ ਸਾਹਿਬਜ਼ਾਦਿਆਂ ਦੇ ਨਾਮ ਤੇ ਨਗਰ ਇਥੇ ਵਸਾਏ ਜਾਣ ਤਾਂਕਿ ਸਾਨੂੰ ਉਨ੍ਹਾਂ ਦੀ ਯਾਦ, ਉਨ੍ਹਾਂ ਦੀ ਕੁਰਬਾਨੀ ਸਦਾ ਲਈ ਯਾਦ ਰਹੇ। (ਥੰਪਿੰਗ) ਮੈਂ ਚਾਹੁੰਦਾ ਹਾਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਪੂਰੀ ਮਹੱਤਤਾ ਦਿੱਤੀ ਜਾਵੇ । ਉਸ ਨੂੰ ਇੰਡਸਟਰੀਅਲਾਈਜ਼ ਕੀਤਾ ਜਾਵੇ ਅਤੇ ਹੋਰ ਉਥੇ ਕਿਸੇ ਕਿਸਮ ਦਾ ਇੰਤਜ਼ਾਮ ਕੀਤਾ ਜਾਵੇ ਤਾਕਿ ਉਸ ਦੀ ਮਹੱਤਤਾ ਵਧਦੀ ਜਾਵੇ। ਚੰਡੀਗੜ੍ਹ ਪੰਜਾਬ ਦਾ ਹੈ ਔਰ ਚੰਡੀਗੜ੍ਹ ਵਾਸਤੇ ਸਾਰੇ ਪੰਜਾਬੀ ਜਦੋ-ਜਹਿਦ ਕਰਨ ਵਾਸਤੇ ਤਿਆਰ ਹਨ। ਸਾਨੂੰ ਸਿਰਫ ਇਸੇ ਗੱਲ ਨੂੰ ਮੁੱਖ ਰੱਖ ਕੇ ਕਿ ਖਰਚ ਘਟ ਜਾਵੇਗਾ, ਇਕਾਨੋਮੀ ਨੂੰ ਮੁੱਖ ਰੱਖ ਕੇ, ਫਾਈਨਾਂਸ਼ਲ ਬਰਡਨ ਨੂੰ ਮੁੱਖ ਰੱਖ ਕੇ ਅਸੀਂ ਚੰਡੀਗੜ੍ਹ ਤੋਂ ਆਪਣਾ ਕਲੇਮ ਛੱਡ ਰਹੇ ਹਾਂ । ਮੈਂ ਸਮਝਦਾ ਹਾਂ ਕਿ ਇਸ ਮਤੇ ਨਾਲ ਪੰਜਾਬ ਦਾ ਕੋਈ ਫਾਇਦਾ ਨਹੀਂ ਹੋਣਾ ਇਸ ਤਰ੍ਹਾਂ ਕਰਨ ਨਾਲ ਚੰਡੀਗੜ੍ਹ ਤੇ ਸਾਡਾ ਕਲੇਮ ਕਮਜ਼ੋਰ ਕਰਨ ਵਾਲੀ ਗੱਲ ਹੈ। ਮੈਂ ਬੇਨਤੀ ਕਰਾਂਗਾ ਮੂਵਰ ਸਾਹਿਬ ਨੂੰ ਕਿ ਉਹ ਇਹ ਮਤਾ ਵਾਪਸ ਲੈ ਲੈਣ ਇਸ ਤੇ ਬਹਿਸ ਕਰਨ ਦੀ ਬਜਾਏ ਸਾਨੂੰ ਵਿਦਡਰਾ ਕਰ ਲੈਣਾ ਚਾਹੀਦਾ ਹੈ। ਇਸ ਦੇ ਨਾਲ ਸਾਡੀ ਬੜੀ ਸ਼ਾਨ ਵਧੇਗੀ। ਇਸ ਰੈਜ਼ੋਲਿਊਸ਼ਨ ਤੇ ਬਹਿਸ ਕਰਨਾ ਜਿਹੜਾ ਹੈ ਇਹ ਵੀ ਪੰਜਾਬ ਦੇ ਕਲੇਮ ਨੂੰ ਕਮਜ਼ੋਰ ਕਰਨਾ ਹੈ। ਇਸ ਲਈ ਐਸੇ ਮਤੇ ਤੇ ਹਾਊਸ ਇਕ ਮਿੰਟ ਵੀ ਖਰਾਬ ਨਾ ਕਰੇ ਅਤੇ ਇਸ ਮਤੇ ਨੂੰ ਬਿਨਾਂ ਕਿਸੇ ਝਿਜਕ ਦੇ ਵਾਪਸ ਲੈ ਲੈਣਾ ਚਾਹੀਦਾ ਹੈ।

ਸਰਦਾਰ ਅਵਤਾਰ ਸਿੰਘ ਗਟਵਾਲੀ (ਤਲਵੰਡੀ ਸਾਬੋਕੇ) : ਸਪੀਕਰ ਸਾਹਿਬ ਇਹ ਜਿਹੜਾ ਮਤਾ ਪੇਸ਼ ਕੀਤਾ ਹੈ ਇਸ ਦੇ ਵਿਚ ਕਿਹਾ ਗਿਆ ਹੈ ਕਿ ਚੰਡੀਗੜ੍ਹ ਦੇ ਵਿਚ ਜਿਹੜੇ ਪੰਜਾਬ ਸਰਕਾਰ ਦੇ ਦਫਤਰ ਹਨ ਉਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਲਿਆਏ ਜਾਣ। ਮੇਰੇ ਤੋਂ ਪਹਿਲਾਂ ਜਿਹੜੇ ਮੈਂਬਰ ਸਾਹਿਬਾਨ ਨੇ ਆਪਣੀ ਰਾਏ ਜ਼ਾਹਿਰ ਕੀਤੀ ਹੈ ਉਹ ਇਹ ਹੈ ਕਿ ਇਸ ਤੇ ਸਾਨੂੰ ਹਾਊਸ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੀਦਾ। ਅਜ ਦਾ ਨਾਨ-ਆਫੀਸ਼ਲ ਡੇ ਹੈ ਔਰ ਅੱਜ ਦੇ ਦਿਨ ਪ੍ਰਾਈਵੇਟ ਮਤਿਆਂ ਤੇ ਡਿਸਕਸ਼ਨ ਹੋਣੀ ਹੈ। ਆਪਣੀ ਪਾਰਟੀ ਦੇ ਤੌਰ ਤੇ ਭਾਵੇਂ ਕੁਝ ਕਿਹਾ ਜਾਏ ਪਰ ਸਾਨੂੰ ਇਸ ਤੇ ਵਿਚਾਰਨ ਦੀ ਲੋੜ ਹੈ, ਖੁਲ੍ਹ ਦਿਲੀ ਨਾਲ। ਜੇ ਸਰਕਾਰ ਦਫਤਰਾਂ ਦਾ ਖਰਚਾ ਘਟਾਉਣਾ ਚਾਹੁੰਦੀ ਹੈ ਤਾਂ ਸਾਡੇ ਕੋਲ ਉਸ ਦੇ ਲਈ ਹੋਰ ਵੀ ਕਈ ਤਜਵੀਜ਼ਾਂ ਹਨ। ਕਈ ਅਜਿਹੇ ਆਫਿਸ ਹਨ ਸਾਡੇ ਕੋਲ ਜਿਹੜੇ ਕਿਸੇ ਜਗ੍ਹਾ ਤੇ ਕੋਈ ਕੰਮ ਨਹੀਂ ਸੰਵਾਰਦੇ, ਉਨ੍ਹਾਂ ਨੂੰ ਘੱਟ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਖਰਚਾ ਘਟਾਇਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਦਫਤਰ ਲੈ ਜਾਣ ਤੋਂ ਪਹਿਲਾਂ ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਉਹ ਇਸ ਦਾ ਸਰਵੇ ਕਰਾ ਕੇ ਵੇਖ ਲੈਣ ਕਿ ਇਥੋਂ ਦਫਤਰ ਲਿਜਾਣ ਦਾ ਕੋਈ ਫਰਕ ਪਏਗਾ ਜਾਂ ਨਹੀਂ। ਜਿਥੋਂ ਤਕ ਮੇਰੀ ਜ਼ਾਤੀ ਰਾਏ ਹੈ, ਇਹ

[ਸਰਦਾਰ ਅਵਤਾਰ ਸਿੰਘ ਗਟਵਾਲੀ]

ਫਿਯੂਡਲ ਐਕਸਰਸਾਈਜ਼ ਹੋਵੇਗੀ। ਜਿਹੜਾ ਅਸੀਂ ਲਿਜਾਣ ਤੇ ਖਰਚਾ ਕਰਾਂਗੇ ਉਹ ਵੀ ਨਹੀਂ ਬਚਾਇਆ ਜਾ ਸਕਣਾ। ਇਸ ਲਈ ਮੈਂ ਸਾਰੇ ਦੋਸਤਾਂ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਪ੍ਰੈਸਟੀਜ ਕੁਐਸ਼ਚਨ ਨਾ ਬਣਾਇਆ ਜਾਵੇ ਅਤੇ ਇਸ ਮਤੇ ਨੂੰ ਵਿਦਡਰਾ ਕਰ ਲਿਆ ਜਾਵੇ। ਸਾਨੂੰ ਇਸ ਤੇ ਅੜੇ ਨਹੀਂ ਰਹਿਣਾ ਚਾਹੀਦਾ। ਚੰਡੀਗੜ੍ਹ ਤੋਂ ਦਫਤਰ ਲੈ ਜਾਣੇ, ਇਹ ਕੋਈ ਫਾਇਦੇ ਵਾਲੀ ਗੱਲ ਨਹੀਂ। ਜਿਨ੍ਹਾਂ ਲੋਕਾਂ ਨੇ ਕਰਜ਼ੇ ਲੈ ਕੇ ਕੋਠੀਆਂ ਇਥੇ ਬਣਾਈਆਂ ਹੋਈਆਂ ਹਨ, ਹੁਣ ਉਹ ਉਨ੍ਹਾਂ ਵਿਚ ਹਨ ਅਤੇ ਸਰਕਾਰੀ ਅਕਾਮੋਡੇਸ਼ਨ ਉਸ ਨੂੰ ਪ੍ਰੋਵਾਈਡ ਨਹੀਂ ਕੀਤੀ ਹੋਈ ਉਥੇ ਉਸ ਨੂੰ ਪ੍ਰੋਵਾਈਡ ਕਰਨੀ ਪਵੇਗੀ ਜਿਸ ਦੇ ਨਾਲ ਸਾਡਾ ਖਰਚਾ ਵਧੇਗਾ। ਇਸ ਤੋਂ ਇਲਾਵਾ ਪੰਜਾਬ ਦਾ ਜਿਹੜਾ ਐਡਾ ਵੱਡਾ ਕੇਸ ਹੈ ਅਸੀਂ ਜਿਸ ਨੂੰ ਸੈਂਟਰ ਕੋਲ ਲੈ ਕੇ ਗਏ ਹਾਂ, ਇਹ ਕਿਸੇ ਇਕ ਪਾਰਟੀ ਦਾ ਕੇਸ ਨਹੀਂ ਹੈ ਕਿ ਚੰਡੀਗੜ੍ਹ ਪੰਜਾਬ ਵਿਚ ਆਵੇ, ਇਹ ਸਾਡੇ ਸਾਰੇ ਪੰਜਾਬੀਆਂ ਦਾ ਕੇਸ ਹੈ ਅਤੇ ਪੰਜਾਬੀਆਂ ਦੀ ਹੱਕੀ ਮੰਗ ਹੈ ਜਿਹੜੀ ਅਸੀਂ ਮਿਲ ਕੇ ਮੰਗਣੀ ਹੈ। ਕਾਂਗਰਸ ਪਾਰਟੀ ਕੋਸ਼ਿਸ਼ ਕਰਦੀ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ। ਸਾਡੇ ਲੀਡਰ ਸਰਦਾਰ ਦਰਬਾਰਾ ਸਿੰਘ ਨੇ ਇਸ ਅਸੈਂਬਲੀ ਵਿਚ ਪਿਛਲੇ ਸੈਸ਼ਨ ਵਿਚ ਐਲਾਨ ਕੀਤਾ ਸੀ ਕਿ ਚੰਡੀਗੜ੍ਹ ਅਵੱਸ਼ ਪੰਜਾਬ ਦਾ ਰਹੇਗਾ। (ਥੰਪਿੰਗ) ਇਸ ਕਰਕੇ ਸਾਨੂੰ ਛੋਟੀਆਂ ਛੋਟੀਆਂ ਗੱਲਾਂ ਨਾਲ ਆਪਣਾ ਕੇਸ ਕਮਜ਼ੋਰ ਨਹੀਂ ਕਰਨਾ ਚਾਹੀਦਾ। ਜੇਕਰ ਖਰਚੇ ਦੀ ਬੱਚਤ ਕਰਨੀ ਹੈ ਤਾਂ ਇਸ ਦੇ ਲਈ ਹੋਰ ਚੀਜ਼ਾਂ ਹੋ ਸਕਦੀਆਂ ਹਨ। ਇਹ ਮਤਾ ਵਾਪਸ ਲੈ ਕੇ ਸੈਂਟਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਜਿਹੜੀਆਂ ਸਾਡੇ ਦਫਤਰਾਂ ਵਾਸਤੇ ਜਗ੍ਹਾਂ ਇਥੇ ਪੰਜਾਬ ਦੇ ਲੋਕਾਂ ਦੇ ਪੈਸੇ ਨਾਲ ਬਣੀਆਂ ਹੋਈਆਂ ਹਨ, ਜਿਨ੍ਹਾਂ ਦਾ ਸਾਨੂੰ ਕਿਰਾਇਆ ਦੇਣਾ ਪੈਂਦਾ ਹੈ ਉਹ ਸਾਨੂੰ ਟਰਾਂਸਫਰ ਹੋਣੀਆਂ ਚਾਹੀਦੀਆਂ ਹਨ। ਇਸ ਲਈ ਅੰਤ ਵਿਚ ਮੈਂ ਇਹ ਕਹਾਂਗਾ ਕਿ ਇਹ ਮਤਾ ਵਾਪਿਸ ਲੈ ਲੈਣ ਅਤੇ ਪੰਜਾਬ ਦਾ ਕੇਸ ਕਮਜ਼ੋਰ ਨਾ ਕਰਨ।

ਸਰਦਾਰ ਦਲੀਪ ਸਿੰਘ ਪਾਂਧੀ (ਆਮਲੋਹ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਕਿ ਚੰਡੀਗੜ੍ਹ ਵਿਚ ਪੰਜਾਬ ਦੇ ਜਿਹੜੇ ਸਾਡੇ ਦਫਤਰ ਹਨ, ਉਨ੍ਹਾਂ ਨੂੰ ਮੁਹਾਲੀ ਸ਼ਿਫਟ ਕੀਤਾ ਜਾਏ, ਮੈਂ ਇਸ ਦੇ ਨਾਲ ਸਹਿਮਤ ਨਹੀਂ ਹਾਂ। ਚੰਡੀਗੜ੍ਹ ਵਿਚ ਅਗਰ ਦਫਤਰਾਂ ਲਈ ਬਿਲਡਿੰਗਾਂ ਦੀ ਲੋੜ ਹੈ ਔਰ ਅਗਰ ਯੂ.ਟੀ. ਨਹੀਂ ਬਨਾਉਣ ਦਿੰਦੀ, ਤਾਂ ਚੰਡੀਗੜ੍ਹ ਦੇ ਨਾਲ ਲਗਦੇ ਜਿਹੜੇ ਪੰਜਾਬ ਦੇ ਇਲਾਕੇ ਹਨ. ਜਿਵੇਂ ਕਿ ਕਾਂਸਲ ਪਿੰਡ ਹੈ ਉਥੇ ਬੜੀ ਸਾਡੀ ਜਗ੍ਹਾ ਪਈ ਹੈ ਉਥੇ ਬਿਲਡਿੰਗਾਂ ਬਣਾ ਲਈਆਂ ਜਾਣ। ਉਥੇ ਐਮ.ਐਲ.ਏਜ਼. ਹੋਸਟਲ ਦਾ ਇਕ ਕੰਪਲੈਕਸ ਵੀ ਬਣਾਇਆ ਜਾ ਸਕਦਾ ਹੈ ਅਤੇ ਇਹ ਜਿਹੜੇ ਸਾਡੇ ਮੁਲਾਜ਼ਮ ਹਨ, ਜਿਨ੍ਹਾਂ ਨੂੰ ਬੜੇ ਦੂਰ ਦੇ ਸੈਕਟਰਾਂ ਵਿਚੋਂ ਆਉਣਾ ਪੈਂਦਾ ਹੈ, ਅਤੇ ਮਕਾਨਾਂ ਦੇ ਕਿਰਾਏ ਜ਼ਿਆਦਾ ਦੇਣੇ ਪੈਂਦੇ ਹਨ, ਇਨ੍ਹਾਂ ਲਈ ਵੀ ਮਕਾਨ ਬਣਾਏ ਜਾ ਸਕਦੇ ਹਨ। ਇਸ ਮਤੇ ਦੀ ਬਜਾਏ ਮੂਵ ਇਹ ਹੋਣੀ ਚਾਹੀਦੀ ਹੈ ਕਿ ਜਿੰਨੇ ਵੀ ਪੰਜਾਬ ਦੇ ਦਫਤਰ ਚੰਡੀਗੜ੍ਹ ਵਿਚ ਹਨ ਉਹ ਸਾਰੇ ਇਕੱਠੇ ਕੀਤੇ ਜਾਣ। ਕੋਈ ਦਫਤਰ 17 ਸੈਕਟਰ ਵਿਚ ਹੈ, ਕੋਈ ਮੁਹਾਲੀ ਹੈ ਇਹ ਠੀਕ ਨਹੀਂ। ਲੋਕਾਂ ਨੂੰ ਬੜੀ ਮੁਸ਼ਕਿਲ ਹੁੰਦੀ ਹੈ। ਜਿਵੇਂ ਪੰਜਾਬ ਵਿਚ ਲੁਧਿਆਣੇ ਵਿਚ ਮਿੰਨੀ ਕੰਪਲੈਕਸ ਬਣਿਆ ਹੋਇਆ ਹੈ ਅਤੇ ਸਾਰੇ ਦਫਤਰ ਇਕ ਥਾਂ ਤੇ ਹਨ ਇਸੇ ਤਰ੍ਹਾਂ ਇਥੇ ਦੇ ਦਫਤਰ ਵੀ ਇਕ ਜਗ੍ਹਾ ਤੇ ਹੋਣੇ ਚਾਹੀਦੇ ਹਨ। ਅਸੀਂ ਤਾਂ ਇਹ ਵੀ ਤਜਵੀਜ਼ ਮੂਵ ਕਰ ਰਹੇ ਹਾਂ ਕਿ ਪਿੰਡ ਵਿਚ ਕਾਨੂੰਨਗੋ ਪੱਧਰ ਤੇ ਇਕ ਵੱਡਾ ਆਫਿਸ ਹੋਣਾ ਚਾਹੀਦਾ ਹੈ. ਉਥੇ ਜਿੰਨੇ ਛੋਟੇ ਛੋਟੇ ਕਰਮਚਾਰੀ ਹਨ ਉਹ ਉਥੇ ਬੈਠਣ ਤਾਕਿ ਲੋਕਾਂ ਨੂੰ ਸਹੂਲਤ ਹੋ ਸਕੇ। ਅਸੀਂ ਚਾਹੁੰਦੇ ਹਾਂ ਕਿ ਅਜੀਤ ਸਿੰਘ ਨਗਰ ਨੂੰ ਆਬਾਦ ਕੀਤਾ ਜਾਵੇ। ਉਥੇ ਸਰਕਾਰੀ ਤੌਰ ਤੇ ਹਾਊਸਿੰਗ ਬੋਰਡ ਮਕਾਨ ਬਣਾ ਕੇ ਦਿੰਦਾ ਹੈ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ 1 ਫੇਜ਼ ਤੋਂ ਲੈ ਕੇ

7 ਫੇਜ਼ ਤਕ ਲੋਕਾਂ ਨੂੰ ਬਕਾਇਆ ਦੇਣ ਦੀਆਂ ਚਿਠੀਆਂ ਲਿਖੀਆਂ ਹੋਈਆਂ ਹਨ । 15 ਸਾਲਾਂ ਦੇ ਬਾਦ ਹੁਣ ਉਨ੍ਹਾਂ ਦੇ ਖਿਲਾਫ ਬਕਾਇਆ ਕੱਢ ਦਿੱਤੇ ਹਨ । ਲੋਕਾਂ ਵਿਚ ਬੜਾ ਰੋਸ ਹੈ, ਮੈਂ ਕਹਾਂਗਾ ਕਿ ਇਹ ਬਕਾਇਆ ਦੀਆਂ ਚਿੱਠੀਆਂ ਵਾਪਸ ਲੈਣੀਆਂ ਚਾਹੀਦੀਆਂ ਹਨ । ਇਸ ਤਰ੍ਹਾਂ ਬਕਾਇਆ ਕੱਢ ਕੇ ਲੋਕਾਂ ਤੋਂ ਮੁਹਾਲੀ ਦੀ ਤਰੱਕੀ ਨਹੀਂ ਹੋ ਸਕਦੀ । ਡਿਵੈਲਪਮੈਂਟ ਤਾਂ ਇਸ ਲਈ ਰੁਕੀ ਹੋਈ ਹੈ ਚੂੰਕਿ ਉਥੇ ਸੀਮਿੰਟ ਨਹੀਂ ਮਿਲਦਾ, ਇੱਟਾਂ ਨਹੀਂ ਮਿਲਦੀਆਂ । ਸਾਡੇ ਗੋਬਿੰਦਗੜ੍ਹ ਵਿਚ 70 ਰੁਪਏ ਬੈਗ ਸੀਮਿੰਟ ਵਿਕ ਰਿਹਾ ਹੈ ਮਹਿਕਮੇ ਨੂੰ ਇਸ ਬਾਰੇ ਵੇਖਣਾ ਚਾਹੀਦਾ ਹੈ । ਹਾਊਸਿੰਗ ਬੋਰਡ ਨੇ ਜਿਹੜੇ ਮਕਾਨ ਬਣਾਏ ਸਨ ਉਹ ਡਿਫੈਕਟਿਵ ਹਨ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਜਿਹੜੀਆਂ ਸਰਕਾਰੀ ਬਿਲਡਿੰਗਜ਼ ਬਣਦੀਆਂ ਜਾਂ ਹੋਰ ਕੰਮ ਹੁੰਦੇ ਹਨ ਜਿਵੇਂ ਮੁਕੇਰੀਆਂ ਦਾ ਹਾਈਡਲ ਪ੍ਰੋਜੈਕਟ ਹੈ ਜਾਂ ਪੌਂਗ ਡੈਮ ਹੈ ਉਥੇ ਦਾ ਸੀਮਿੰਟ ਬਲੈਕ ਵਿਚ ਵਿਕਦਾ ਹੈ । ਮੁਹਾਲੀ ਨੂੰ ਇਕ ਪਵਿੱਤਰ ਨਾਮ ਤੇ ਸਜਾਇਆ ਹੈ ਲੋਕਾਂ ਨੂੰ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਚੰਡੀਗੜ੍ਹ ਤੋਂ ਅਗਰ ਦਫਤਰ ਉਥੇ ਜਾਣਗੇ ਤਾਂ ਉਥੇ ਲੋਕਾਂ ਨੂੰ ਹੋਰ ਤਕਲੀਫ ਹੋਵੇਗੀ । ਸਾਨੂੰ ਸੈਂਟਰ ਦੀ ਸਰਕਾਰ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਕਹਿਣਾ ਚਾਹੀਦਾ ਹੈ । ਇਹ ਇਕ ਅਸੂਲੀ ਸੁਆਲ ਹੈ, ਕੋਈ ਪ੍ਰੈਸਟਿਜ ਸੁਆਲ ਨਹੀਂ ਹੈ । ਇਸ ਦੀ ਵੱਧ ਤੋਂ ਵੱਧ ਤਰੱਕੀ ਹੋਣੀ ਚਾਹੀਦੀ ਹੈ ਔਰ ਨਾਲ ਲਗਦੇ ਇਲਾਕੇ ਡਿਵੈਲਪ ਕਰਨੇ ਚਾਹੀਦੇ ਹਨ....

ਤੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਨਾਨ ਆਫੀਸ਼ਿਅਲ ਰੈਜ਼ੋਲਿਊਸ਼ਨ ਆਇਆ ਇਸ ਤੇ ਹਰ ਬੰਦੇ ਨੂੰ ਆਪਣੇ ਖਿਆਲਾਤ ਇਜ਼ਹਾਰ ਕਰਨ ਦਾ ਹੱਕ ਬਣਦਾ ਹੈ । ਇਸ ਨੂੰ ਵਿਕਾਰ ਦਾ ਸਵਾਲ ਨਹੀਂ ਬਣਾ ਲੈਣਾ ਚਾਹੀਦਾ । ਔਰ ਜਿਹੜੀ ਦੁਰਵਰਤੋਂ ਮੁਹਾਲੀ ਵਿਚ ਮਕਾਨਾਂ ਦੀ ਹੋ ਰਹੀ ਹੈ ਉਹ ਨਹੀਂ ਹੋਣੀ ਚਾਹੀਦੀ । ਉਥੇ ਵੀ ਜਿਹੜੇ ਅਸਰ ਰਸੂਖ ਵਾਲੇ ਲੋਕ ਹਨ ਉਨ੍ਹਾਂ ਨੇ ਆਪਣੀਆਂ ਕੋਠੀਆਂ ਸਰਕਾਰੀ ਦਫਤਰਾਂ ਨੂੰ ਦਿੱਤੀਆਂ ਹੋਈਆਂ ਹਨ ਔਰ ਆਪ ਉਹ ਲੋਕ ਚੰਡੀਗੜ੍ਹ ਵਿਚ ਸਰਕਾਰੀ ਮਕਾਨਾਂ ਵਿਚ ਰਹਿ ਰਹੇ ਹਨ । ਇਥੇ ਜਸੋਵਾਲ ਸਾਹਿਬ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ ਕਿ ਜਿਨ੍ਹਾਂ ਦੇ ਆਪਣੇ ਮਕਾਨ ਹਨ ਉਨ੍ਹਾਂ ਨੂੰ ਆਪਣੇ ਮਕਾਨਾਂ ਤੇ ਰਹਿਣਾ ਚਾਹੀਦਾ ਹੈ । ਮੈਂ ਆਪ ਇਹ ਕਹਿੰਦਾ ਹਾਂ ਕਿ ਜਿਨ੍ਹਾਂ ਦੇ ਆਪਣੇ ਮਕਾਨ ਹਨ ਉਨ੍ਹਾਂ ਨੂੰ ਉਥੇ ਭੇਜ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਕਈ ਮਕਾਨ ਖਾਲੀ ਹੋ ਜਾਣਗੇ । ਇਸ ਪਾਸੇ ਸਰਕਾਰ ਨੂੰ ਤਵੱਜੋ ਦੇਣੀ ਚਾਹੀਦੀ ਹੈ । ਸਾਨੂੰ ਤਾਂ ਇਹ ਪਤਾ ਲਗਾ ਹੈ ਕਿ ਜਿਤਨੇ ਮਕਾਨ ਨਕਸ਼ੇ ਵਿਚ ਆਏ ਹੁੰਦੇ ਹਨ ਜਿਨ੍ਹਾਂ ਦੀ ਮਨਜ਼ੂਰੀ ਹੁੰਦੀ ਹੈ ਉਹ ਸਾਰੇ ਨਹੀਂ ਬਣਦੇ । ਉਹ ਮਕਾਨ ਸਾਰੇ ਬਣਾਉਣੇ ਚਾਹੀਦੇ ਹਨ । ਅਸੀਂ ਤਾਂ ਮਕਾਨ ਬਣਾ ਕੇ ਲੋਕਾਂ ਨੂੰ ਸ਼ਹਿਰਾਂ ਵਿਚ ਨਹੀਂ ਦੇ ਸਕੇ ਪਰ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਤਾਂ ਇਹ ਕਰੈਡਿਟ ਜ਼ਰੂਰ ਲੈਣਾ ਚਾਹੀਦਾ ਹੈ । ਜਿਹੜੇ ਸ਼ਹਿਰਾਂ ਵਿਚ ਵੀ ਵੀਕਰ ਸੈਕਸ਼ਨ ਦੇ ਲੋਕ ਹਨ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ । ਇਨ੍ਹਾਂ ਵੀਕਰ ਸੈਕਸ਼ਨ ਦੇ ਲੋਕਾਂ ਦੀ ਇਹ ਹਾਲਤ ਹੈ ਕਿ ਇਨ੍ਹਾਂ ਨੂੰ ਰਹਿਣ ਲਈ ਥਾਂ ਨਹੀਂ । ਉਨ੍ਹਾਂ ਦਾ ਹਸਪਤਾਲਾਂ ਵਿਚ ਕੋਈ ਖਿਆਲ ਨਹੀਂ ਰਖਿਆ ਜਾਂਦਾ । ਤੁਹਾਨੂੰ ਪਤਾ ਹੈ ਕਿ ਪਿਛੇ ਪਟਿਆਲੇ ਵਿਚ ਧੀਰੂ ਬਸਤੀ ਵਿਚ ਇਕ ਲੜਕੀ ਜਿਹੜੀ ਕਿ ਬਹੁਤ ਵੀਕਰ ਸੈਕਸ਼ਨ ਤੋਂ ਸੀ ਇਸ ਕਰਕੇ ਮਰ ਗਈ ਕਿ ਉਸ ਦਾ ਇਲਾਜ ਹਸਪਤਾਲ ਵਿਚ ਪੂਰਾ ਨਾ ਹੋ ਸਕਿਆ ਅਤੇ ਉਹ ਹਸਪਤਾਲ ਵਿਚ ਹੀ ਮਰ ਗਈ । ਇਸ ਲਈ ਐਸੇ ਹਾਲਾਤ ਵਿਚ ਮੈਂ ਸਮਝਦਾ ਹਾਂ ਕਿ ਅਜਿਹੇ ਲੋਕਾਂ ਨੂੰ ਮਕਾਨ ਬਣਾ ਕੇ ਜ਼ਰੂਰ ਦੇਣੇ ਚਾਹੀਦੇ ਹਨ । ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਿਹੜਾ ਕਿ ਹੁਣ ਤਕ ਕੰਪਲੀਟ ਨਹੀਂ ਹੋਇਆ, ਹਾਊਸਿੰਗ ਬੋਰਡ ਇਸ ਨੂੰ ਜਲਦੀ ਕੰਪਲੀਟ ਕਰੇ । ਇਸ ਵਾਸਤੇ ਲੋਕਾਂ ਨੂੰ ਕਰਜ਼ੇ ਦਿਓ । ਤੁਹਾਨੂੰ ਪਤਾ ਹੈ ਕਿ ਮਹਾਰਾਸ਼ਟਰਾ ਵਿਚ ਅਤੇ ਕੇਰਲਾ ਵਿਚ ਜਿਹੜੀ ਪਲਾਟ ਦੇਣ ਦੀ ਸਕੀਮ ਹੈ ਉਹ ਲੋਕਾਂ ਨੇ ਮਨਜ਼ੂਰ ਨਾ ਕੀਤੀ ਤਾਂ ਉਹ

[ਸਰਦਾਰ ਦਲੀਪ ਸਿੰਘ ਪਾਂਧੀ]

ਵਾਪਸ ਲੈਣੀ ਪਈ ਸੀ ਕਿਉਂਕਿ ਉਹ ਪਲਾਟ ਜਿਹੜੇ ਦਿੱਤੇ ਗਏ ਸਨ ਉਹ ਬਹੁਤ ਦੂਰ ਦੂਰ ਦਿਤੇ ਗਏ ਸਨ । ਅਸੀਂ ਚਾਹੁੰਦੇ ਹਾਂ ਕਿ ਇਹ ਜਿਹੜੇ ਪਲਾਟ ਦਿੱਤੇ ਜਾਣ ਇਹ ਸ਼ਹਿਰਾਂ ਦੇ ਨੇੜੇ ਨੇੜੇ ਹੀ ਦਿੱਤੇ ਜਾਣ ਅਤੇ ਚੰਗੇ ਮਕਾਨ ਬਣਾਕੇ ਦੇਣੇ ਚਾਹੀਦੇ ਹਨ । ਇਸ ਲਈ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਡੀ ਸਰਕਾਰ ਨੂੰ ਖਾਸ ਤੌਰ ਤੇ ਵੀਕਰ ਸੈਕਸ਼ਨ ਵਲ ਤਵੱਜੋ ਦੇਣੀ ਚਾਹੀਦੀ ਹੈ ਅਤੇ ਇਹ ਜਿਹੜਾ ਮਤਾ ਹੈ ਇਹ ਇਥੇ ਨਹੀਂ ਲਿਆਉਣਾ ਚਾਹੀਦਾ । ਸਾਡੀ ਸਰਕਾਰ ਪਾਸ ਪੈਸੇ ਦੀ ਕੋਈ ਕਮੀ ਨਹੀਂ । ਅਸਲ ਗਲ ਇਹ ਹੈ ਕਿ ਇਸ ਨੂੰ ਯੂਜ਼ ਕਰਨ ਵਿਚ ਅਣਗਹਿਲੀ ਹੋ ਰਹੀ ਹੈ । ਜਿਵੇਂ ਕਿ ਅਜ ਹੀ ਇਹ ਖਬਰ ਆਈ ਹੈ ਕਿ ਐਜੂਕੇਸ਼ਨ ਮਹਿਕਮੇ ਵਿਚ ਛਪਾਈ ਦੇ ਕੰਮ ਵਿਚ ਕਿੰਨੀ ਹੇਰਾ ਫੇਰੀ ਹੋਈ ਹੈ । ਇਸ ਤਰੀਕੇ ਨਾਲ ਪੈਸੇ ਦੀ ਵੇਸਟੇਜ ਹੋ ਰਹੀ ਹੈ । ਮੈਂ ਸਮਝਦਾ ਹਾਂ ਕਿ ਇਸ ਲਈ ਜਿਹੜੇ ਜ਼ਿੰਮੇਵਾਰ ਲੋਕ ਹਨ ਜੇ ਉਨ੍ਹਾਂ ਨੂੰ ਠੀਕ ਨਹੀਂ ਕਰੋਗੇ ਤਾਂ ਇਸ ਦੇ ਬੜੇ ਭੈੜੇ ਰਿਜ਼ੱਲਟ ਨਿਕਲਣਗੇ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੁਹਾਲੀ ਹਾਲੇ ਤਕ ਕੰਪਲੀਟ ਨਹੀਂ ਹੋਇਆ । ਉਥੇ ਸਾਰੀਆਂ ਸਹੂਲਤਾਂ ਨਹੀਂ ਦਿਤੀਆਂ ਜਾ ਰਹੀਆਂ । ਸੀਮਿੰਟ ਨਹੀਂ ਮਿਲ ਰਿਹਾ, ਹੋਰ ਜ਼ਰੂਰੀ ਸਮਾਨ ਜਿਹੜਾ ਚਾਹੀਦਾ ਹੈ ਉਹ ਨਹੀਂ ਮਿਲ ਰਿਹਾ ਅਤੇ ਦਿਨੋ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ, ਇਨ੍ਹਾਂ ਹਾਲਤ ਵਿਚ ਉਥੋਂ ਦੇ ਲੋਕ ਆਪਣੇ ਮਕਾਨ ਕਿਸ ਤਰ੍ਹਾਂ ਬਣਾ ਸਕਦੇ ਹਨ । ਇਹ ਮਾਮਲਾ ਸੈਂਟਰਲ ਗੌਰਮਿੰਟ ਨਾਲ ਟੇਕਅੱਪ ਕਰਨਾ ਚਾਹੀਦਾ ਹੈ । ਲੋਕਾਂ ਨੂੰ ਮਕਾਨ ਬਣਾਉਣ ਲਈ ਸਾਰਾ ਮੈਟੀਰੀਅਲ ਸਪਲਾਈ ਕਰਨਾ ਚਾਹੀਦਾ ਹੈ ਤਾਂਕਿ ਉਥੋਂ ਦੇ ਲੋਕ ਮਕਾਨ ਬਣਾ ਸਕਣ । ਡਿਪਟੀ ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ ਜਿਨ੍ਹਾਂ ਨੂੰ ਪਹਿਲੇ ਫੇਸ ਵਿਚ ਪਲਾਟ ਅਲਾਟ ਹੋਏ ਸਨ ਉਨ੍ਹਾਂ ਵਿਚੋਂ ਕਈ ਹਾਲੇ ਤਕ ਮਕਾਨ ਨਹੀਂ ਬਣਾ ਸਕੇ । ਕਿਉਂਕਿ ਉਨ੍ਹਾਂ ਪਾਸ ਪੈਸਾ ਨਹੀਂ ਹੈ । ਮੈਂ ਸਮਝਦਾ ਹਾਂ ਕਿ ਜਿਵੇਂ ਚੰਡੀਗੜ੍ਹ ਨੂੰ ਵਸਾਉਣ ਵੇਲੇ ਲੋਕਾਂ ਨੂੰ ਸਸਤੇ ਰੇਟ ਤੇ ਕਰਜ਼ੇ ਅਤੇ ਮੈਟੀਰੀਅਲ ਵਗੈਰਾ ਦਿੱਤਾ ਗਿਆ ਸੀ ਉਸੇ ਤਰ੍ਹਾਂ ਹੀ ਉਥੇ ਵੀ ਲੋਕਾਂ ਨੂੰ ਕਰਜ਼ੇ ਦੇਣੇ ਚਾਹੀਦੇ ਹਨ ਤਾਕਿ ਉਹ ਲੋਕ ਆਪਣੇ ਮਕਾਨ ਬਣਾ ਸਕਣ । ਇਸ ਕੰਮ ਲਈ ਸਾਡੀ ਸਰਕਾਰ ਨੂੰ ਸੈਂਟਰਲ ਗੌਰਮਿੰਟ ਨੂੰ ਅਪਰੋਚ ਕਰਨਾ ਚਾਹੀਦਾ ਹੈ । ਇਕ ਪਾਸੇ ਤਾਂ ਮੰਤਰੀ ਸਾਹਿਬ ਕਹਿ ਦਿੰਦੇ ਹਨ ਕਿ ਪੈਸੇ ਦੀ ਘਾਟ ਹੈ ਪਰ ਦੂਜੇ ਪਾਸੇ ਹਰ ਮਹਿਕਮੇ ਵਿਚ ਇਤਨੇ ਲੂਪਹੋਲਜ਼ ਹਨ ਕਿ ਪੈਸੇ ਦੀ ਬਹੁਤ ਵੇਸਟੇਜ ਹੋ ਰਹੀ ਹੈ । ਚਾਹੇ ਇਹ ਟਰਾਂਸਪੋਰਟ ਦਾ ਮਹਿਕਮਾ ਹੋਵੇ ਜਾਂ ਕੋਈ ਹੋਰ ਮਹਿਕਮਾ ਹੋਵੇ ਹਰ ਮਹਿਕਮੇ ਵਿਚ ਗੌਰਮਿੰਟ ਦੇ ਪੈਸੇ ਦੀ ਵੇਸਟੇਜ ਹੋ ਰਹੀ ਹੈ । ਪਿੰਡਾਂ ਵਿਚ ਡਿਵੈਲਪਮੈਂਟ ਦੇ ਕੋਈ ਕੰਮ ਨਹੀਂ ਹੋ ਰਹੇ, ਧਰਮਸ਼ਾਲਾਂ ਪੂਰੀਆਂ ਨਹੀਂ ਹੋਈਆਂ । ਬਸਤੀਆਂ ਦੀਆਂ ਗਲੀਆਂ ਅਤੇ ਨਾਲੀਆਂ ਕੱਚੀਆਂ ਪਈਆਂ ਹਨ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ । ਜਿਹੜਾ ਪੈਸਾ ਕਿਸੇ ਕੰਮ ਵਾਸਤੇ ਰਖਿਆ ਵੀ ਜਾਂਦਾ ਹੈ ਤਾਂ ਉਹ ਉਥੇ ਖਰਚਿਆ ਨਹੀਂ ਜਾਂਦਾ ਬਲਕਿ ਇਸ ਤਰ੍ਹਾਂ ਦੇ ਲੂਪਹੋਲਜ਼ ਹਨ ਜਾਂ ਤਾਂ ਉਹ ਪੈਸਾ ਖੁਰਦਬੁਰਦ ਹੋ ਜਾਂਦਾ ਹੈ ਜਾਂ ਲੈਪਸ ਹੋ ਜਾਂਦਾ ਹੈ । ਥੀਨ ਡੈਮ ਵਾਸਤੇ ਤੁਸੀਂ ਵੇਖੋ ਕਿ 10 ਕਰੋੜ ਰੁਪਿਆ ਰਖਿਆ ਗਿਆ ਸੀ ਪਰ ਹੁਣ ਤਕ ਖਰਚ 152 ਲੱਖ ਰੁਪਿਆ ਹੀ ਹੋਇਆ ਹੈ । ਉਸ ਪੈਸੇ ਨੂੰ ਮਿਸਯੂਟੇਲਾਈਜ਼ ਕੀਤਾ ਜਾ ਰਿਹਾ ਹੈ । ਇਸ ਲਈ ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਕੰਮਾਂ ਵਾਸਤੇ ਐਮ. ਐਲ. ਏਜ਼. ਦੀ ਕਮੇਟੀ ਬਣਾਉਣੀ ਚਾਹੀਦੀ ਹੈ । ਉਹ ਇਹ ਵੇਖੇ ਕਿ ਪੈਸੇ ਦੀ ਯੂਟੇਲਾਈਜੇਸ਼ਨ ਠੀਕ ਢੰਗ ਨਾਲ ਹੋ ਰਹੀ ਹੈ ਜਾਂ ਨਹੀਂ । ਇਹ ਜਿਹੜੀ ਬਿਉਰੋਕਰੇਸੀ ਹੈ ਇਸ ਨੂੰ ਇਸ ਨਾਲ ਕੋਈ ਇੰਟਰੈਸਟ ਨਹੀਂ । ਕੋਈ ਬਸਤੀ ਦੀ ਗਲੀ ਪੱਕੀ ਹੋਈ ਹੈ ਜਾਂ ਨਹੀਂ, ਸੜਕ ਬਣੀ ਹੈ ਜਾਂ ਨਹੀਂ ਬਣੀ । ਇਨ੍ਹਾਂ ਨੂੰ ਇਸ ਵਿਚ ਕੋਈ ਇੰਟਰੈਸਟ ਨਹੀਂ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਬਿਉਰੋਕਰੇਟ ਕਿਸ ਤਰ੍ਹਾਂ ਨਾਲ ਪੈਸੇ ਦੀ ਮਿਸਯੂਟੇਲਾਈਜ਼ੇਸ਼ਨ ਕਰਦੇ ਹਨ ਕਿਸ ਤਰ੍ਹਾਂ ਨਾਲ ਦੁਰਵਰਤੋਂ ਕਰਦੇ ਹਨ । ਇਨ੍ਹਾਂ ਨੂੰ ਕੋਈ ਇੰਟਰੈਸਟ ਨਹੀਂ । ਤੁਹਾਨੂੰ ਤਾਂ ਇਸ ਬਾਰੇ ਪਤਾ ਹੈ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਗਰੀਬ ਲੋਕਾਂ ਦਾ ਖਿਆਲ ਆਪ

ਕਰਨਾ ਚਾਹੀਦਾ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਜਿਹੜੀ ਸਰਕਾਰ ਰੋਟੀ ਕਪੜਾ ਨਾ ਦੇ ਸਕੇ ਉਹ ਸਰਕਾਰ ਨਿਕੰਮੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਾਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਸੰਜੇ ਗਾਂਧੀ ਦਾ ਜਿਹੜਾ 25 ਪੁਆਇੰਟ ਪ੍ਰੋਗਰਾਮ ਹੈ ਉਸ ਮੁਤਾਬਿਕ ਵੀ ਵੀਕਰ ਸੈਕਸ਼ਨ ਨੂੰ ਉੱਚਾ ਚੁੱਕਣਾ ਹੈ। ਪਰ ਅੱਜ ਤਕ ਕੋਈ ਬਸਤੀ ਸੁਧਾਰ ਦਾ ਕੰਮ ਨਹੀਂ ਹੋ ਰਿਹਾ। ਮਹਿੰਗਾਈ ਹੋਰ ਵਧ ਰਹੀ ਹੈ। ਚੀਨੀ ਜਿਹੜੀ 2 ਰੁਪਏ ਵਿਕਦੀ ਸੀ ਉਹ ਹੁਣ 8 ਰੁਪਏ ਹੋ ਗਈ ਹੈ। ਆਟਾ ਢਾਈ ਰੁਪਏ ਕਿਲੋ ਵਿਕ ਰਿਹਾ ਹੈ। ਇਨ੍ਹਾਂ ਗੱਲਾਂ ਵਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਮਤੇ ਲਈ ਇਨ੍ਹਾਂ ਨੂੰ ਆਪਣੇ ਵਕਾਰ ਦਾ ਸਵਾਲ ਨਹੀਂ ਬਣਾ ਲੈਣਾ ਚਾਹੀਦਾ ਔਰ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ। ਚੰਡੀਗੜ੍ਹ ਨੂੰ ਜਿਨਾ ਪਰਫੁਲਤ ਕੀਤਾ ਜਾਵੇ ਚੰਗਾ ਹੈ। ਅਸੀਂ ਤਾਂ ਚਾਹੁੰਦੇ ਸੀ ਕਿ ਇਹ ਜਿਹੜਾ ਹੋਸਟਲ ਹੈ ਇਸ ਨੂੰ ਹੋਰ ਸੁਧਾਰਿਆ ਜਾਵੇ ਬਲਕਿ ਵਿਧਾਨਕਾਰਾਂ ਵਾਸਤੇ ਇਕ ਵਖਰਾ ਕੰਪਲੈਕਸ ਇਥੇ ਬਣਾਉਣਾ ਚਾਹੀਦਾ ਹੈ। ਲੋਕਾਂ ਨੂੰ ਚੰਡੀਗੜ੍ਹ ਰਹਿਣ ਵਾਸਤੇ ਉਨ੍ਹਾਂ ਦੀਆਂ ਦਿੱਕਤਾਂ ਦੂਰ ਕਰਨੀਆਂ ਚਾਹੀਦੀਆਂ ਹਨ। ਇਥੇ ਜਿਹੜਾ ਪੰਚਾਇਤ ਭਵਨ ਬਣਿਆ ਹੈ ਉਸ ਦਾ ਠੀਕ ਪ੍ਰਬੰਧ ਨਹੀਂ। ਜਿਹੜੇ ਪੰਜਾਬ ਤੋਂ ਲੋਕ ਇਥੇ ਆਉਂਦੇ ਹਨ ਉਨ੍ਹਾਂ ਨੂੰ ਇਥੇ ਰਹਿਣ ਵਿਚ ਬੜੀ ਦਿਕਤ ਆਉਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਵਾਸਤੇ ਇਥੇ ਸਰਕਾਰੀ ਤੌਰ ਤੇ ਇਕ ਸਰਾਏ ਬਣਾ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਦੀ ਕੋਈ ਸਹਾਇਤਾ ਹੋ ਸਕੇ। ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਔਰ ਇਹ ਜਿਹੜਾ ਮਤਾ ਸ੍ਰੀ ਚਮਨ ਲਾਲ ਜੀ ਨੇ ਲਿਆਂਦਾ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਵਾਪਸ ਲੈ ਲੈਣ। ਫਿਰ ਸਰਕਾਰ ਆਪਣੇ ਤੌਰ ਤੇ ਕੋਈ ਇਥੇ ਮਤ ਲੈ ਆਵੇ ਜਿਸ ਵਿਚ ਇਹ ਕਹੇ ਕਿ ਅਸੀਂ ਚੰਡੀਗੜ੍ਹ ਲੈਕੇ ਰਹਾਂਗੇ। ਅਸੀਂ ਇਨ੍ਹਾਂ ਦਾ ਸਾਥ ਦਿਆਂਗੇ।

ਸ੍ਰੀ ਚਮਨ ਲਾਲ : ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਮੈਂ ਰੈਜ਼ੋਲਿਊਸ਼ਨ ਤੇ ਬੋਲਣ ਲਗਾ ਸੀ ਤਾਂ ਇਹ ਕਿਹਾ ਸੀ ਕਿ ਚੰਡੀਗੜ੍ਹ ਦੇ ਕਿਰਾਏ ਬਹੁਤ ਜ਼ਿਆਦਾ ਹਨ ਇਸ ਕਰਕੇ ਇਹ ਆਫਿਸ ਮੁਹਾਲੀ ਸ਼ਿਫ਼ਟ ਕਰਨੇ ਚਾਹੀਦੇ ਹਨ। ਮੈਂ ਤਾਂ ਇਹ ਵੀ ਕਿਹਾ ਸੀ ਕਿ ਚੰਡੀਗੜ੍ਹ ਤਾਂ ਹਰ ਹਾਲਾਤ ਵਿਚ ਅਸੀਂ ਰਖਣਾ ਹੈ। ਚੰਡੀਗੜ੍ਹ ਤਾਂ ਸਾਡੀ ਮਲਕੀਅਤ ਹੈ। ਸਰਦਾਰ ਦਰਬਾਰਾ ਸਿੰਘ ਆਪ ਚਾਹੁੰਦੇ ਹਨ ਕਿ ਇਹ ਚੰਡੀਗੜ੍ਹ ਅਸੀਂ ਲਣਾ ਹੈ ਔਰ ਇਹ ਲੜ ਕੇ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਇਹ ਸੀ.ਪੀ.ਆਈ. ਵਾਲੇ ਭਰਾ ਕਦੇ ਸਾਨੂੰ ਚੁੱਕ ਦਿੰਦੇ ਹਨ ਕਦੇ ਅਕਾਲੀਆਂ ਨੂੰ ਚੁੱਕ ਦਿੰਦੇ ਹਨ ਔਰ ਪਹਿਲੇ ਇਹ ਜਨਸੰਘੀਆਂ ਨੂੰ ਚੁੱਕਦੇ ਰਹੇ ਹਨ। ਇਹ ਬੜੇ ਤਮਾਸ਼ਬੀਨ ਹਨ। ਮੈਂ ਗੁਰੂ ਸਾਹਿਬਾਨ ਦੀ ਬੜੀ ਇਜ਼ਤ ਕਰਦਾ ਹਾਂ ਔਰ ਇਸ ਕਰਕੇ ਮਤਾ ਲਿਆਂਦਾ ਸੀ ਤਾਕਿ ਸ਼ਹੀਦ ਬਾਬਾ ਅਜੀਤ ਸਿੰਘ ਦੇ ਨਾਂ ਨੂੰ ਮਹਾਨਤਾ ਮਿਲੇ ਔਰ ਇਸ ਇਲਾਕੇ ਦੀ ਉਨਤੀ ਹੋਵੇ ਔਰ ਸ਼ਹਿਰ ਵਾਂਗ ਵੱਸ ਸਕੇ (ਵਿਘਨ) ਗੁਰੂ ਸਾਹਿਬਾਨ ਨੇ ਪੰਜਾਬ ਦੀ ਰਾਖੀ ਕੀਤੀ ਹੈ ਅਤੇ ਪੰਜਾਬ ਦੀ ਆਨ ਅਤੇ ਸ਼ਾਨ ਰੱਖੀ ਸੀ ਉਨ੍ਹਾਂ ਦੇ ਨਾਂ ਨੂੰ ਮਹਾਨਤਾ ਦੇਣੀ ਚਾਹੀਦੀ ਹੈ।

ਪ੍ਰੋਫੈਸਰ ਦਰਬਾਰੀ ਲਾਲ (ਅੰਮਿਤਸਰ-ਕੇਂਦਰੀ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਮੈਂ ਇਸ ਦਾ ਵਿਰੋਧ ਕਰਦਾ ਹਾਂ। ਅਸੀਂ ਪੰਜਾਬੀਆਂ ਨੇ ਸਮੁੱਚੇ ਤੌਰ ਤੇ ਚੰਡੀਗੜ੍ਹ ਦੇ ਨਿਰਮਾਣ ਲਈ ਹਿੱਸਾ ਪਾਇਆ ਸੀ ਅਤੇ ਚੰਡੀਗੜ੍ਹ ਤੇ ਸਾਡਾ ਕਲੇਮ ਹੈ। ਇਸ ਮਤੇ ਨਾਲ ਪੰਜਾਬੀਆਂ ਦੇ ਕਲੇਮ ਨੂੰ ਚੰਡੀਗੜ੍ਹ ਉਤੇ ਰਾਜਨੀਤਿਕ ਤੌਰ ਤੇ ਨਤੀਜੇ ਬੜੇ ਖਤਰਨਾਕ ਨਿਕਲ ਸਕਦੇ ਹਨ। ਸਾਨੂੰ ਇਹ ਮਤਾ ਹੁਣੇ ਹੀ ਵਾਪਿਸ ਲੈ ਲੈਣਾ ਚਾਹੀਦਾ ਤਾਕਿ ਅਗਰ ਅਸੀਂ ਬਹਿਸ ਵਿਚ ਪਏ ਰਹੇ ਤਾਂ

[ਪ੍ਰੋਫੈਸਰ ਦਰਬਾਰੀ ਲਾਲ]

ਦਿੱਲੀ ਵਾਲਿਆਂ ਨੂੰ ਅਤੇ ਹਰਿਆਣੇ ਵਾਲਿਆਂ ਨੂੰ ਪਤਾ ਲਗ ਜਾਣਾ ਹੈ ਕਿ ਪੰਜਾਬੀ ਇਸ ਮਸਲੇ ਤੇ ਫਟ ਗਏ ਹਨ । ਪਹਿਲਾਂ ਤਾਂ ਇਸ ਤਰ੍ਹਾਂ ਦੇ ਮਤੇ ਐਡਮਿਟ ਹੀ ਨਹੀਂ ਕਰਨੇ ਚਾਹੀਦੇ । ਇਸ ਦੇ ਵਿਚ ਕਾਂਗਰਸ ਅਤੇ ਅਕਾਲੀਆਂ ਦਾ ਸਵਾਲ ਨਹੀਂ ਹੈ । (ਤਾੜੀਆਂ) ਪੰਜਾਬੀਆਂ ਦੇ ਇਂਟਰੈਸਟ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਮਤੇ ਨੂੰ ਵਾਪਿਸ ਲੈ ਲੈਣਾ ਚਾਹੀਦਾ ਹੈ ਅਤੇ ਮੈਂ ਇਸ ਮਤੇ ਦਾ ਪੁਰਜ਼ੋਰ ਵਿਰੋਧ ਕਰਦਾ ਹਾਂ ।

ਸਰਦਾਰ ਸ਼ਮਸ਼ੇਰ ਸਿੰਘ (ਖੰਨਾ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਇਹ ਮਤਾ ਬਾਬੂ ਚਮਨ ਲਾਲ ਜੀ ਨੇ ਪੇਸ਼ ਕੀਤਾ ਹੈ ਕਿ ਗੌਰਮਿੰਟ ਦਫਤਰਾਂ ਨੂੰ ਮੁਹਾਲੀ ਵਿਖੇ ਤਬਦੀਲ ਕਰ ਦਿੱਤਾ ਜਾਵੇ । ਇਹ ਜਿਹੜਾ ਸ਼ਹਿਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਨਾਂ ਤੇ ਵਸਾਇਆ ਗਿਆ ਸੀ, ਜਿਸ ਦਾ ਨੀਂਹ ਪਥਰ ਗਿਆਨੀ ਜ਼ੈਲ ਸਿੰਘ ਨੇ ਆਪਣੀ ਚੀਫ ਮਨਿਸਟਰ ਸ਼ਿੱਪ ਦੇ ਵਕਤ ਰੱਖਿਆ ਸੀ, ਅਕਾਲੀ ਵੀਰ ਆਪਣੇ ਸਮੇਂ ਵਿੱਚ ਕੁਝ ਨਹੀਂ ਕਰ ਸਕੇ ਔਰ ਜਦ ਕਿ ਸੈਂਟਰ ਵਿਚ ਜਨਤਾ ਪਾਰਟੀ ਦਾ ਰਾਜ ਸੀ ਅਤੇ ਇਹ ਹਿੱਸੇਦਾਰ ਸਨ । ਪਹਿਲੇ ਬਾਦਲ ਸਾਹਿਬ ਸੈਂਟਰ ਦੇ ਐਗਰੀਕਲਚਰ ਮਨਿਸਟਰ ਰਹੇ ਫਿਰ ਸਰਦਾਰ **ਸੁਰਜੀਤ** ਸਿੰਘ ਬਰਨਾਲਾ ਰਹੇ ਪਰ ਇਨ੍ਹਾਂ ਨੇ ਕਦੇ ਚੰਡੀਗੜ੍ਹ ਦੀ ਗੱਲ ਨਹੀਂ ਕੀਤੀ ਸੀ ਪਰ ਜਦੋਂ ਆਪੋਜ਼ੀਸ਼ਨ ਦੇ ਵਿਚ ਆ ਜਾਂਦੇ ਹਨ ਇਨ੍ਹਾਂ ਨੂੰ ਫੌਰਨ ਚੰਡੀਗੜ੍ਹ ਦਾ ਇਕ ਮਸਲਾ ਮਿਲ ਜਾਂਦਾ ਹੈ । ਇਹ ਕਾਂਗਰਸੀਆਂ ਨੂੰ ਸਿੱਖ ਨਹੀਂ ਸਮਝਦੇ । ਸਰਕਾਰ ਨੂੰ ਇਸ ਇਲਾਕੇ ਦੇ ਵਿਕਾਸ ਲਈ ਕੰਮ ਕਰਨੇ ਚਾਹੀਦੇ ਹਨ । ਕਿਉਂ ਕਿ ਸਰਦਾਰ ਜਗਤ ਸਿੰਘ ਹੋਰਾਂ ਨੇ ਦਸਿਆ ਹੈ ਕਿ ਉਥੇ ਨਾ ਕੋਈ ਹਸਪਤਾਲ ਹੈ, ਨਾ ਕੋਈ ਕਾਲਜ ਹੈ, ਨਾ ਕੋਈ ਸੜਕਾਂ ਦਾ ਇੰਤਜ਼ਾਮ ਠੀਕ ਹੈ। ਇਸ ਮੁਹਾਲੀ ਵਿਚ ਸਾਡੇ ਸਰਕਾਰੀ ਕਰਮਚਾਰੀ ਕਲਾਸ 3 ਅਤੇ 4 ਦੇ ਮੁਲਾਜ਼ਮ ਰਹਿੰਦੇ ਹਨ। ਕਿਉਂਕਿ ਉਨ੍ਹਾਂ ਨੂੰ ਚੰਡੀਗੜ੍ਹ ਦੇ ਵਿਚ ਕੁਆਟਰਜ਼ ਨਹੀਂ ਮਿਲੇ ਹੋਏ ਔਰ ਉਥੇ ਕਿਰਾਇਆ ਘੱਟ ਹੋਣ ਕਰਕੇ ਉਥੇ ਰਹਿ ਰਹੇ ਹਨ । ਦੂਸਰਾ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਅਨਇੰਪਲਾਇਮੈਂਟ ਅਲਾਊਂਸ 50 ਰੁਪਏ ਮਹੀਨਾ ਦਿੱਤਾ ਜਾਵੇਗਾ ਜਿਸ ਦਾ ਨਾਂ ਰੋਜ਼ਗਾਰ ਦਫਤਰ ਵਿਚ 3 ਸਾਲ ਤੋਂ ਦਰਜ ਹੋਵੇਗਾ । ਪਰ ਮੈਂ ਕਹਿੰਦਾ ਹਾਂ ਕਿ ਇਹ ਭੱਤਾ 100 ਜਾਂ 150 ਰੁਪਏ ਮਹੀਨਾ ਕਰ ਦੇਣਾ ਚਾਹੀਦਾ ਹੈ ਤਾਕਿ ਉਨ੍ਹਾਂ ਦਾ ਗੁਜ਼ਾਰਾ ਹੋ ਸਕੇ । ਚੰਡੀਗੜ੍ਹ ਦੇ ਸਵਾਲ ਤੇ ਅਕਾਲੀ ਭਰਾ ਆਪੋਜ਼ੀਸ਼ਨ ਵਿਚ ਹੁੰਦੇ ਹੋਏ ਬੜੇ ਗਰਮ ਅਤੇ ਤੇਜ਼ ਹੁੰਦੇ ਹਨ । ਚੰਡੀਗੜ੍ਹ ਤੇ ਸਾਡਾ ਕਲੇਮ ਬੜਾ ਤਕੜਾ ਹੈ । ਸਾਡੇ ਮੁੱਖ ਮੰਤਰੀ ਨੇ ਕਹਿ ਦਿਤਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਇਸ ਨੂੰ ਕੋਈ ਨਹੀਂ ਰੋਕ ਸਕਦਾ। ਤੁਸੀਂ ਕੋਈ ਇਸ ਤਰ੍ਹਾਂ ਦਾ ਮਤਾ ਲਿਆਓ ਜਿਸ ਦੇ ਨਾਲ ਸੈਂਟਰ ਤੇ ਅਸੀਂ ਜ਼ੋਰ ਪਾ ਸਕੀਏ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ । ਇਸ ਤਰ੍ਹਾਂ ਦੇ ਮਤੇ ਦੀ ਮੈਂ ਅਤੇ ਮੇਰੀ ਪਾਰਟੀ ਸਪੋਰਟ ਕਰੇਗੀ । ਇਸ ਮਤੇ ਵਿਚ ਅਗਰ ਮੁਹਾਲੀ ਦੇ ਵਿਕਾਸ ਬਾਰੇ ਹੁੰਦਾ ਤਾਂ ਬਹੁਤ ਚੰਗਾ ਹੁੰਦਾ । ਮੁਹਾਲੀ ਵਿਖੇ ਨਾ ਕੋਈ ਮੇਨ ਬੱਸ ਸਟੈਂਡ ਹੈ । ਉਥੇ ਐਜੂਕੇਸ਼ਨ ਬੋਰਡ ਦਾ ਦਫਤਰ ਹੈ ਪਰ ਉਥੇ ਬੱਸਾਂ ਖੜੀਆਂ ਨਹੀਂ ਹੁੰਦੀਆਂ ਔਰ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਮੁਹਾਲੀ ਵਿਚ ਇਕ ਸਬ ਡਿਪੋ ਹੀ ਬਣਾ ਦਿਓ ਤਾਕਿ ਲੋਕਾਂ ਨੂੰ ਆਉਣ ਜਾਣ ਵਿਚ ਮੁਸ਼ਕਿਲ ਨ ਹੋਵੇ। ਇਹ ਜਿਹੜਾ ਮਤਾ ਰੱਖਿਆ ਹੈ ਇਹ ਟਾਈਮ ਦੇ ਮੁਤਾਬਿਕ ਨਹੀਂ ਹੈ। ਇਸ ਲਈ ਇਸ ਨੂੰ ਵਾਪਿਸ ਕਰ ਲੈਣਾ ਚਾਹੀਦਾ ਹੈ ।

ਸ੍ਰੀ ਰਾਮ ਸਵਰੂਪ ਬਾਗੀ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਚੰਡੀਗੜ੍ਹ ਤੋਂ ਮੁਹਾਲੀ ਵਿਖੇ ਦਫਤਰ ਤਬਦੀਲ ਕਰਨ ਬਾਰੇ ਹੈ, ਚੰਡੀਗੜ੍ਹ ਤੇ ਸਾਡਾ ਪੱਕਾ ਕਲੇਮ ਹੈ । ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਜੀ ਨੇ ਐਲਾਨ ਕਰ ਦਿਤਾ ਹੈ ਕਿ

ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਸ ਤੇ ਕੇਵਲ ਪੰਜਾਬੀਆਂ ਦਾ ਹੀ ਹੱਕ ਹੈ ਇਸ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਲੈ ਸਕਦੀ। (ਥੰਪਿੰਗ)

ਇਹ ਗੱਲ ਠੀਕ ਹੈ ਕਿ ਮੇਰੇ ਅਕਾਲੀ ਵੀਰਾਂ ਦੇ ਕਾਰਨਾਮਿਆਂ ਕਰਕੇ ਅਤੇ ਕੁਝ ਗਲਤ ਨੀਤੀਆਂ ਦੇ ਕਾਰਣ ਇਹ ਚੰਡੀਗੜ੍ਹ ਦਾ ਮਸਲਾ ਕੁਝ ਦੇਰ ਲਈ ਖਟਾਈ ਵਿਚ ਪਿਆ ਰਿਹਾ ਹੈ। ਇਸ ਚੰਡੀਗੜ੍ਹ ਦੇ ਉਤੇ ਪੰਜਾਬ ਦੀ ਮਲਕੀਅਤ ਹੈ ਅਤੇ ਪੰਜਾਬੀਆਂ ਦੀ ਹੀ ਮਲਕੀਅਤ ਬਣੀ ਰਹੇਗੀ। ਇਸ ਨੂੰ ਕੋਈ ਨਹੀਂ ਰੋਕ ਸਕਦਾ। ਸਾਡੇ ਕੋਲੋਂ ਦੁਨੀਆਂ ਦੀ ਕੋਈ ਤਾਕਤ ਇਹ ਕਲੇਮ ਲੈ ਨਹੀਂ ਸਕਦੀ।

ਡਿਪਟੀ ਸਪੀਕਰ ਸਾਹਿਬ, ਇਸ ਮਤੇ ਦੀ ਬਹੁਤ ਵਡੀ ਕੰਮਜ਼ੋਰੀ ਦਸੀ ਹੈ। ਮੈਂ ਇਹ ਬੇਨਤੀ ਕਰਾਂਗਾ ਕਿ ਅਗੇ ਹੀ ਮੁਹਾਲੀ ਅੰਦਰ ਜਿਹੜੇ ਸਰਕਾਰੀ ਦਫਤਰ ਹਨ, ਉਨ੍ਹਾਂ ਨੂੰ ਚੰਡੀਗੜ੍ਹ ਦੀਆਂ ਬਿਲਡਿੰਗਾਂ ਵਿਚ ਲਿਆਉਣਾ ਚਾਹੀਦਾ ਹੈ ਕਿਉਂਕਿ ਜਿਹੜੇ ਐਮ. ਐਲ.ਏਜ਼. ਅਤੇ ਲੋਕ ਕੰਮ ਕਰਾਉਣ ਲਈ ਚੰਡੀਗੜ੍ਹ ਆਉਂਦੇ ਹਨ ਤਾਂ ਉਨ੍ਹਾਂ ਨੂੰ ਮੁਹਾਲੀ ਵਿਖੇ ਜਾਣ ਲਈ ਪੈਸੇ ਖਰਚ ਕਰਨੇ ਪੈਂਦੇ ਹਨ ਅਤੇ ਨਾਲ ਹੀ ਟਾਈਮ ਬਹੁਤ ਲਗਦਾ ਹੈ। ਅਸੀਂ ਅਸੈਂਬਲੀ ਦਾ ਕੰਮ ਕਰੀਏ ਜਾਂ ਮੁਹਾਲੀ ਜਾ ਕੇ ਧੱਕੇ ਖਾਂਦੇ ਫਿਰੀਏ। ਐਜੂਕੇਸ਼ਨ ਬੋਰਡ ਦੇ ਮੁਲਾਜ਼ਮ ਆਪਣੀ ਮਰਜ਼ੀ ਦੇ ਨਾਲ ਜਾਂਦੇ ਹਨ ਅਤੇ ਆਪਣੀ ਮਰਜ਼ੀ ਦੇ ਨਾਲ ਵਾਪਿਸ ਆਉਂਦੇ ਹਨ। ਕੋਈ ਉਥੇ ਪੁਛਣ ਵਾਲਾ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਐਜੂਕੇਸ਼ਨ ਬੋਰਡ ਦਾ ਦਫਤਰ ਚੰਡੀਗੜ੍ਹ ਲਿਆਉਣਾ ਚਾਹੀਦਾ ਹੈ। ਇਹ ਐਜੂਕੇਸ਼ਨ ਬੋਰਡ ਦਾ ਦਫਤਰ ਬੜਾ ਇੰਪਾਰਟੈਂਟ ਦਫਤਰ ਹੈ। ਹਰ ਇਕ ਨੂੰ ਬੋਰਡ ਦੇ ਦਫਤਰ ਜਾਣਾ ਹੁੰਦਾ ਹੈ ਅਤੇ ਇਨਫਰਮੇਸ਼ਨ ਲੈਣੀ ਹੁੰਦੀ ਹੈ। ਮੈਂ ਕਹਿੰਦਾ ਹਾਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਬਿਹਤਰੀ ਵਾਸਤੇ ਹੋਰ ਬੜੇ ਤਰੀਕੇ ਹਨ ਜਿਵੇਂ ਉਥੇ ਬਹੁਤ ਵੱਡੀਆਂ ਵਡੀਆਂ ਫੈਕਟਰੀਆਂ ਲਗ ਸਕਦੀਆਂ ਹਨ, ਸਿਨਮੇ ਬਣਾਏ ਜਾ ਸਕਦੇ ਹਨ। ਪਰ ਇਹ ਗੱਲ ਬਿਲਕੁਲ ਨਾ ਵਾਜਬ ਹੈ, ਕਿ ਚੰਡੀਗੜ੍ਹ ਤੋਂ ਦਫਤਰ ਮੁਹਾਲੀ ਵਿਖੇ ਲਿਜਾਏ ਜਾਣ। ਸਾਨੂੰ ਡਿਪਟੀ ਸਪੀਕਰ ਸਾਹਿਬ, ਬੜਾ ਦੁੱਖ ਹੁੰਦਾ ਹੈ ਜਦੋਂ ਕਿ 21 ਤਾਰੀਖ ਨੂੰ ਆਪੋਜ਼ੀਸ਼ਨ ਵਾਲੇ ਭਰਾ ਇਥੇ ਲਾਠੀਆਂ, ਤਲਵਾਰਾਂ ਅਤੇ ਬਰਛੇ ਲੈ ਕੇ ਅਸੈਂਬਲੀ ਦੇ ਦਰਵਾਜ਼ੇ ਤਕ ਪਹੁੰਚੇ ਸਨ। ਇਸ ਲਈ ਇਨ੍ਹਾਂ ਨੂੰ ਪੁੱਛਣ ਵਾਲਾ ਇਥੇ ਕੋਈ ਨਹੀਂ ਸੀ ਔਰ ਵਿਸਾਖੀ ਦੀ ਤਰ੍ਹਾਂ ਇਹ ਇਥੇ ਫਿਰਦੇ ਸਨ। ਜੇਕਰ ਚੰਡੀਗੜ੍ਹ ਪੰਜਾਬ ਦੇ ਕੋਲ ਹੁੰਦਾ ਤਾਂ ਵੇਖਦੇ ਕਿ ਇਹ ਕਿਸ ਤਰ੍ਹਾਂ ਪਹੁੰਚਦੇ ਕਿਉਂਕਿ ਚੰਡੀਗੜ੍ਹ ਇਸ ਵੇਲੇ ਸਾਡੇ ਕੋਲ ਨਹੀਂ ਹੈ ਅਤੇ ਇਹ ਲਾਵਾਰਸ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈ ਬੇਨਤੀ ਕਰਾਂਗਾ ਕਿ ਸਾਰੇ ਦਫਤਰ ਮੁਹਾਲੀ ਤੋਂ ਚੰਡੀਗੜ੍ਹ ਲਿਆਉਣੇ ਚਾਹੀਦੇ ਹਨ ਅਤੇ ਚੰਡੀਗੜ੍ਹ ਵਾਲੇ ਦਫਤਰ ਚੰਡੀਗੜ੍ਹ ਹੀ ਰਹਿਣੇ ਚਾਹੀਦੇ ਹਨ ਅਤੇ ਦੁਨੀਆਂ ਦੀ ਕੋਈ ਤਾਕਤ ਨਹੀਂ ਹੈ ਕਿ ਜੋ ਚੰਡੀਗੜ੍ਹ ਪੰਜਾਬ ਤੋਂ ਲੈ ਸਕੇ। ਇਸ ਲਈ ਮੈਂ ਇਸ ਰੈਜ਼ੋਲਿਊਸ਼ਨ ਦੀ ਬਿਲ-ਕੁਲ ਵਿਰੋਧਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਵਾਪਿਸ ਲਿਆ ਜਾਵੇ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਹੀ ਹੈਰਾਨ ਹੋਇਆ ਹਾਂ, ਇਸ ਗੱਲ ਨੂੰ ਦੇਖ ਕੇ ਕਿ ਮੇਰੇ ਦੋਸਤ ਕਾਂਗਰਸੀਆਂ ਨੇ ਇਹ ਮਤਾ ਪੇਸ਼ ਕੀਤਾ ਹੈ ਕਿ ਚੰਡੀਗੜ੍ਹ ਤੋਂ ਦਫਤਰ ਮੁਹਾਲੀ ਲੈ ਜਾਓ। ਕਾਂਗਰਸੀਆਂ ਨੇ ਅਜੇ ਤਕ ਕੋਈ ਇਲਾਕਾ ਛੱਡਿਆ ਨਹੀਂ। ਐਜੀਟੇਸ਼ਨ ਵਾਲੇ ਉਹ ਸਾਹਮਣੇ ਬੈਠੇ ਹਨ। ਇਨ੍ਹਾਂ ਨੇ ਸਾਰਾ ਪੰਜਾਬ ਛੱਡ ਦਿਤਾ ਪਰ ਅਸੀਂ ਇਥੋਂ ਉਠ ਕੇ ਜਾਣ ਲਈ ਤਿਆਰ ਨਹੀਂ। ਮੈਂ, ਡਿਪਟੀ ਸਪੀਕਰ ਸਾਹਿਬ, ਇਕ ਮਿਸਾਲ ਦਿੰਦਾ ਹਾਂ ਕਾਫੀ ਸਾਲ

[ਸਰਦਾਰ ਦਿਲਬਾਗ ਸਿੰਘ]

ਪਹਿਲਾਂ ਜਦੋਂ ਸ਼ਿਮਲੇ ਅਸੀਂ ਹੁੰਦੇ ਸੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਮੁਖ ਮੰਤਰੀ, ਪੰਜਾਬ ਨੂੰ ਕਿਹਾ ਕਿ ਤੁਹਾਡਾ ਹਾਲ ਸਰਦੀਆਂ ਦੇ ਦਿਨਾਂ ਵਿਚ ਖਾਲੀ ਹੁੰਦਾ ਹੈ; ਇਸ ਲਈ ਤੁਸੀਂ ਹਿਮਾਚਲ ਨੂੰ ਦੇ ਦਿਓ। ਡਿਪਟੀ ਸਪੀਕਰ ਸਾਹਿਬ, ਰਾਤੋ ਰਾਤ ਟਰੱਕਾਂ ਤੇ ਜਾ ਕੇ ਕਾਂਗਰਸੀਆਂ ਨੇ ਉਥੇ ਕਬਜ਼ਾ ਕਰ ਲਿਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬੀ ਜਿਸ ਕੋਲ ਇਕ ਘਰ ਹੈ, ਉਹ ਦੋ ਘਰ ਬਣਾਉਂਦਾ ਹੈ ਅਤੇ ਜਿਸ ਕੋਲ ਦੋ ਘਰ ਹਨ, ਉਹ ਤਿੰਨ ਘਰ ਬਣਾਉਂਦਾ ਹੈ। ਇਸ ਲਈ ਇਹ ਮਤਾ ਕਾਂਗਰਸੀਆਂ ਵੱਲੋਂ ਨਹੀਂ ਆਉਣਾ ਚਾਹੀਦਾ। ਜੇਕਰ ਮੁਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹੋ ਕਿ ਸਾਰੇ ਪੰਜਾਬ ਦੇ ਇਲਾਕੇ ਤੇ ਕਬਜ਼ਾ ਕਰ ਲਓ ਤਾਂ ਉਹ ਇਕ ਮਿੰਟ ਵਿਚ ਕਬਜ਼ਾ ਕਰ ਲੈਣਗੇ। ਇਸ ਲਈ ਮੈਂ ਆਪਣੇ ਵੀਰਾਂ ਨੂੰ ਕਹਿੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਵਾਪਸ ਲਓ। ਕਾਂਗਰਸੀਆਂ ਦੀ ਇਹ ਰਵਾਇਤ ਨਹੀਂ ਹੈ। ਜੇਕਰ ਸਾਡੀ ਸਰਕਾਰ ਰਹਿੰਦੀ ਤਾਂ ਯੂ.ਪੀ. ਦਾ ਇਲਾਕਾ, ਰਾਜਿਸਥਾਨ ਦਾ ਇਲਾਕਾ, ਅਤੇ ਜੰਮੂ-ਕਸ਼ਮੀਰ ਦਾ ਇਲਾਕਾ ਜਾ ਨਹੀਂ ਸਕਦਾ ਸੀ। ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਕਾਂਗਰਸੀਆਂ ਦੀ ਰਵਾਇਤ ਨੂੰ ਨਾ ਤੋੜੋ ਅਤੇ ਆਪਣੇ ਰੈਜ਼ੋਲਿਊਸ਼ਨ ਨੂੰ ਵਾਪਿਸ ਲੈ ਲਓ।

ਸ਼੍ਰੀ ਰਤਨ ਲਾਲ (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਅਤੇ ਇਨ੍ਹਾਂ ਦਾ ਬਹੁਤ ਮਸ਼ਕੂਰ ਹਾਂ ਕਿ 21 ਤਾਰੀਖ ਤੋਂ ਬਾਅਦ ਇਨ੍ਹਾਂ ਦੀ ਜੀਭ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨਾਂ ਆਇਆ ਹੈ। (ਵਿਘਨ) ਮੁਹਾਲੀ ਨੂੰ ਗਿਆਨੀ ਜ਼ੈਲ ਸਿੰਘ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨਾਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਉਸਾਰੀ ਲਈ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਉਸਾਰੀ ਵੇਲੇ ਅਕਾਲੀ ਵੀਰਾਂ ਨੇ ਬਹੁਤ ਰੋਕਾਂ ਟੋਕਾਂ ਕੀਤੀਆਂ ਸਨ। ਮੈਂ, ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਗੁਰੂ ਮਹਾਰਾਜ ਜੀ ਨੇ ਪੰਜ ਪਿਆਰੇ ਸਜਾਏ। ਪਹਿਲਾ ਪਿਆਰਾ, ਦਿਆ ਰਾਮ ਜੋ ਕਿ ਖੱਤਰੀ ਸੀ ਅਤੇ ਦੂਜਾ ਪਿਆਰਾ, ਧਰਮ ਦਾਸ ਜੋ ਕਿ ਦਿਲੀ ਦਾ ਸੀ ਅਤੇ ਤੀਜਾ ਪਿਆਰਾ, ਦੁਆਰੇ ਦਾ ਸੀ ਅਤੇ ਚੌਥਾ ਪਿਆਰਾ ਪਹਾੜ ਦਾ ਸੀ ਅਤੇ ਪੰਜਵਾਂ ਪਿਆਰਾ ਹਿੰਮਤ ਰਾਏ ਜੋ ਕਿ ਜਗਨਪੁਰੀ ਦਾ ਸੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ; ਕਈ ਵਿਤਕਰਾ ਪਾਉਂਦੇ ਹਨ। ਇਸ ਲਈ ਮੈਂ ਤੁਹਾਡਾ ਬਹੁਤ ਮਸ਼ਕੂਰ ਹੋਵਾਂਗਾ ਜੇਕਰ ਤੁਸੀਂ ਆਪਣੇ ਇਸ ਰੈਜ਼ੋਲਿਊਸ਼ਨ ਨੂੰ ਵਾਪਿਸ ਲੈ ਲਵੋ।

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ-ਦੱਖਣੀ) : ਡਿਪਟੀ ਸਪੀਕਰ ਸਾਹਿਬ, ਮੈਂ ਜੋ ਮਤਾ ਸ਼੍ਰੀ ਚਮਨ ਲਾਲ ਜੀ ਨੇ ਲਿਆਂਦਾ ਹੈ, ਉਸ ਦੀ ਕੋਈ ਤਾਈਦ ਨਹੀਂ ਕਰਦਾ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸ਼੍ਰੀ ਚਮਨ ਲਾਲ ਜੀ ਨੂੰ ਕਹਾਂਗਾ ਕਿ ਇਹ ਰੈਜ਼ੋਲਿਊਸ਼ਨ ਉਨ੍ਹਾਂ ਨੂੰ ਵਾਪਿਸ ਲੈਣਾ ਚਾਹੀਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਿਸ ਦਾ ਨਾਂ ਗਿਆਨੀ ਜ਼ੈਲ ਸਿੰਘ ਜੀ ਨੇ ਰੱਖਿਆ ਸੀ, ਇਹ ਬੜੇ ਹੀ ਮਹਾਨ ਵਿਅਕਤੀ ਦਾ ਨਾਂ ਹੈ। ਡਿਪਟੀ ਸਪੀਕਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਵਿਕਾਸ ਹੋਣਾ ਚਾਹੀਦਾ ਹੈ। ਉਥੇ ਵਡੀਆਂ ਵੱਡੀਆਂ ਫੈਕਟਰੀਆਂ ਲਗਾਉਣੀਆਂ ਚਾਹੀਦੀਆਂ ਹਨ। ਵੱਡੀ ਵੱਡੀ ਇੰਡਸਟਰੀਜ਼ ਲਗਾਉਣੀ ਚਾਹੀਦੀ ਹੈ ਤਾਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਤਰੱਕੀ ਹੋ ਸਕੇ। ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ:—

"ਸਵਾ ਲਾਖ ਸੇ, ਏਕ ਲੜਾਊਂ,
ਤਬੀ ਗੋਬਿੰਦ ਸਿੰਘ ਨਾਮ ਕਹਾਊਂ।"

ਮੈਂ ਇਹ ਬੇਨਤੀ ਕਰਾਂਗਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲਈ ਕੋਈ ਹੋਰ ਵੱਡੀ ਚੀਜ਼ ਕੀਤੀ ਜਾਣੀ ਚਾਹੀਦੀ ਹੈ। ਇਥੋਂ ਦਫਤਰ ਮੁਹਾਲੀ ਲਿਜਾਣ ਨਾਲ ਲੋਕਾਂ ਨੂੰ ਕਾਫੀ ਮੁਸ਼ਕਲਾਤ ਪੇਸ਼ ਆ ਸਕਦੀਆਂ ਹਨ। ਜਿਹੜਾ ਆਦਮੀ ਚੰਡੀਗੜ੍ਹ ਵਿਚ ਕੰਮ ਆਏਗਾ ਉਸ ਨੂੰ ਅਗਰ ਕੰਮ ਛੋਟੇ ਦਫਤਰ ਵਿਚ ਹੈ ਤਾਂ ਉਸ ਨੂੰ ਪਹਿਲਾਂ ਮੁਹਾਲੀ ਜਾਣਾ ਪਏਗਾ ਔਰ ਫਿਰ ਸਕੱਤਰੇਤ ਦੇ ਕੰਮ ਲਈ ਇਥੇ ਆਉਣਾ ਪਏਗਾ। ਇਸ ਤਰ੍ਹਾਂ ਕਰਨ ਨਾਲ ਉਸ ਦਾ ਸਮਾਂ ਕਾਫੀ ਜ਼ਾਇਆ ਹੋਏਗਾ ਔਰ ਕਿਰਾਏ ਤੇ ਖਰਚ ਵੀ ਉਸ ਦਾ ਜ਼ਿਆਦਾ ਆਏਗਾ। ਮੈਂ ਬੇਨਤੀ ਕਰਾਂਗਾ ਕਿ ਗੁਰੂ ਗੋਬਿੰਦ ਸਿੰਘ ਮਾਰਗ ਜਿਹੜਾ ਕਿ ਗਿਆਨੀ ਜ਼ੈਲ ਸਿੰਘ ਨੇ ਬਣਾਇਆ ਸੀ, ਇਕ ਮੈਂ ਪਿਛੇ ਜਿਹੇ ਹੋਰ ਇਲਾਨ ਉਨ੍ਹਾਂ ਦਾ ਸੁਣਿਆ ਹੈ ਗੁਰਦਾਸਪੁਰ ਵਿਚ ਬੋਲਦੇ ਹੋਏ ਉਨ੍ਹਾਂ ਨੇ ਇਲਾਨ ਕੀਤਾ ਸੀ ਕਿ ਪਟਨਾ ਸਾਹਿਬ ਤੋਂ ਲੈ ਕੇ, ਜਿਥੇ ਗੁਰੂ ਗੋਬਿੰਦ ਸਿੰਘ ਦਾ ਜਨਮ ਹੋਇਆ ਹਜ਼ੂਰ ਸਾਹਿਬ ਤਕ ਇਕ ਹੋਰ ਮਾਰਗ ਬਣਾ ਦਿਆਂਗੇ। ਇਹ ਜਿਹੜੇ ਮੇਰੇ ਵੀਰ ਸਾਹਮਣੇ ਬੈਠੇ ਹਨ ਇਨ੍ਹਾਂ ਨੇ ਆਪਣੇ ਰਾਜ ਵਿਚ ਕੋਈ ਅਜਿਹਾ ਮਾਰਗ ਨਹੀਂ ਬਣਾਇਆ ਹੈ।

ਮੈਂ ਤੁਹਾਡੇ ਰਾਹੀਂ ਆਪਣੇ ਵੀਰ ਚਮਨ ਲਾਲ ਨੂੰ ਬੇਨਤੀ ਕਰਾਂਗਾ ਕਿ ਇਹ ਰੈਜ਼ੋਲਿਊਸ਼ਨ ਵਾਪਸ ਲਿਆ ਜਾਏ। ਚੰਡੀਗੜ੍ਹ ਪੰਜਾਬ ਦਾ ਹੈ। ਇਹ ਇਕੱਲਾ ਅਕਾਲੀਆਂ ਨੇ ਨਾਹਰਾ ਨਹੀਂ ਲਗਾਇਆ ਬਲਕਿ ਜਦੋਂ ਇਨ੍ਹਾਂ ਦਾ ਜਲੂਸ ਚੰਡੀਗੜ੍ਹ ਪੰਜਾਬ ਦਾ ਹੋਣ ਵਾਸਤੇ ਕਢਿਆ ਸੀ ਤਾਂ ਉਸ ਵੇਲੇ ਕਾਂਗਰਸ ਦੇ ਵਰਕਰਜ਼ ਵੀ ਬਹੁਤ ਤਾਦਾਦ ਵਿਚ ਉਸ ਜਲੂਸ ਵਿਚ ਸਨ ਔਰ ਉਦੋਂ ਨਾਹਰਾ ਲਗਾਇਆ ਗਿਆ ਸੀ ਕਿ "ਖਿੜਿਆ ਫੁੱਲ ਗੁਲਾਬ ਦਾ ਔਰ ਚੰਡੀਗੜ੍ਹ ਪੰਜਾਬ ਦਾ।" ਚੰਡੀਗੜ੍ਹ ਪੰਜਾਬ ਦਾ ਰਹੇਗਾ। ਚੰਡੀਗੜ੍ਹ ਵਿਚੋਂ ਦਫਤਰ ਮੁਹਾਲੀ ਲਿਜਾਣ ਨਾਲ ਸਾਡਾ ਕੇਸ ਵੀਕ ਹੋਏਗਾ ਕਿ ਚੰਡੀਗੜ੍ਹ ਪੰਜਾਬ ਵਿਚ ਆਉਣਾ ਚਾਹੀਦਾ ਹੈ। ਇਸ ਲਈ ਮੈਂ ਚਮਨ ਲਾਲ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਆਪਣਾ ਰੈਜ਼ੋਲਿਊਸ਼ਨ ਵਾਪਸ ਲੈ ਲੈਣ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਇਸ ਤੇ ਮੈਂ ਕਈ ਮੈਂਬਰਾਂ ਦੇ ਵਿਚਾਰ ਸੁਣੇ ਹਨ। ਜਦੋਂ ਚਮਨ ਲਾਲ ਜੀ ਨੇ ਇਹ ਮਤਾ ਪੇਸ਼ ਕੀਤਾ ਸੀ ਤਾਂ ਉਦੋਂ ਇਹ ਬੜੀਆਂ ਬਾਹਾਂ ਖੜ੍ਹੀਆਂ ਕਰ ਕਰ ਕੇ ਇਨ੍ਹਾਂ ਦੀ ਸਪੋਰਟ ਕਰਦੇ ਸਨ। ਪਰ ਮੈਂ ਇਹ ਕਹਿੰਦਾ ਹਾਂ ਕਿ ਐਸੀ ਗੱਲ ਨਾ ਕਰੋ ਜਦੋਂ ਤੁਸੀਂ ਵਿਧਾਨ ਸਭਾ ਤੋਂ ਬਾਹਰ ਜਾਓ ਤਾਂ ਲੋਕ ਪੁੱਛਣ ਲਗ ਜਾਣ ਕਿ ਤੁਸੀਂ ਮੁਹਾਲੀ ਕਿਉਂ ਚਲੇ ਹੋ। ਇਹ ਨਹੀਂ ਸਮਝ ਆਉਂਦੀ ਹੁਣ ਮੇਰੇ ਸਾਥੀ ਚਮਨ ਲਾਲ ਜੀ ਨੂੰ ਕਿ ਇਹ ਮਤਾ ਹੁਣ ਕਿਸ ਤਰ੍ਹਾਂ ਵਾਪਸ ਲੈਣ।

ਸ੍ਰੀ ਚਮਨ ਲਾਲ: ਇਨ੍ਹਾਂ ਨੇ ਵੀ ਉਦੋਂ ਬਾਹਾਂ ਖੜ੍ਹੀਆਂ ਕੀਤੀਆਂ ਸਨ ਅਤੇ ਹੁਣ ਇਹ ਮੁਕਰਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਚੰਡੀਗੜ੍ਹ ਛੱਡਣ ਨਹੀਂ ਲੱਗੇ।

ਕਾਮਰੇਡ ਕੁਲਵੰਤ ਸਿੰਘ: ਇਨ੍ਹਾਂ ਦਾ ਮਕਸਦ ਇਹੀ ਹੈ ਕਿ ਇਥੇ ਕਿਰਾਏ ਜ਼ਿਆਦਾ ਦੇਣੇ ਪੈਂਦੇ ਹਨ। ਇਸ ਸਬੰਧ ਵਿਚ ਮੈਂ ਇਹ ਕਹਿੰਦਾ ਹਾਂ ਕਿ ਕੋਈ ਰੂਲ ਬਣਾ ਲਓ ਔਰ ਜੇਕਰ ਕੋਈ ਕਾਨੂੰਨ ਬਣਿਆ ਹੋਇਆ ਹੈ ਤਾਂ ਉਸ ਨੂੰ ਇੰਪਲੀਮੈਂਟ ਕਰ ਲਓ। ਈਸਟ ਪੰਜਾਬ ਰੈਂਟ ਐਕਟ ਲਾਗੂ ਕਰ ਦਿੱਤਾ ਜਾਵੇ। ਸਵਾਲ ਇਹ ਹੈ ਕਿ ਜੇਕਰ ਇਥੋਂ ਦਫਤਰ ਚੁੱਕ ਕੇ ਮੁਹਾਲੀ ਲੈ ਜਾਈਏ ਤਾਂ ਇਹ ਕੋਈ ਸੋਭਦਾ ਨਹੀਂ ਹੈ। (ਸ੍ਰੀ ਪਿਆਰਾ ਰਾਮ ਧੰਨੋਵਾਲੀਆ ਵਲੋਂ ਵਿਘਨ)

[ਕਾਮਰੇਡ ਕੁਲਵੰਤ ਸਿੰਘ]

(ਜ਼ੋਰ) ਡਿਪਟੀ ਸਪੀਕਰ ਸਾਹਿਬ, ਇਹ ਬੋਲਣ ਵਾਲੇ ਤੰਗ ਕਰਦੇ ਹਨ। ਮੈਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਣਾ ਚਾਹੀਦਾ ਹੈ। (ਵਿਘਨ) ਜੇਕਰ ਇਹ ਰੈਜ਼ੋਲਿਊਸ਼ਨ ਨੂੰ ਵਾਪਸ ਨਹੀਂ ਲੈਂਦੇ ਤਾਂ ਕੋਈ ਐਕਟ ਇਹੋ ਜਿਹਾ ਹੋ ਜਾਵੇ ਜਿਸ ਨਾਲ ਕਿ ਕਿਰਾਏ ਘੱਟ ਜਾਣ। ਸਕੱਤਰੇਤ ਤੋਂ ਅਗਰ ਕੋਈ ਆਦਮੀ ਆਪਣੇ ਕੰਮ ਵਾਸਤੇ ਸੈਕਟਰ-17 ਦੇ ਦਫਤਰ ਜਾਂਦਾ ਹੈ ਤਾਂ ਹੀ ਉਹ ਕਾਫੀ ਔਖਾ ਹੋ ਜਾਂਦਾ ਹੈ ਔਰ ਅਗਰ ਉਸ ਨੂੰ ਮੁਹਾਲੀ ਜਾਣਾ ਪਿਆ ਤਾਂ ਫਿਰ ਤਾਂ ਉਸ ਦੀ ਹਾਲਤ ਕਿਹੋ ਜਿਹੀ ਮਾੜੀ ਹੋ ਜਾਏਗੀ। ਬੱਸਾਂ ਦੇ ਕਿਰਾਏ ਨਾ ਘਟਾਉਣ ਬਾਰੇ ਤਾਂ ਸਰਕਾਰ ਨੇ ਪਤਾ ਨਹੀਂ ਸੌਂਹ ਖਾਧੀ ਹੋਈ ਹੈ। ਮੈਂ ਤਾਂ ਬਲਕਿ ਇਹ ਕਹਾਂਗਾ ਕਿ ਸੈਕਟਰ-17 ਦੇ ਜੋ ਦਫਤਰ ਹਨ, ਉਹ ਵੀ ਸਕੱਤਰੇਤ ਦੇ ਨੇੜੇ ਲਿਆਂਦੇ ਜਾਣ ਤਾਕਿ ਲੋਕਾਂ ਨੂੰ ਜੋ ਇਸ ਵੇਲੇ ਤਕਲੀਫ ਪੇਸ਼ ਆ ਰਹੀ ਹੈ, ਉਹ ਦੂਰ ਹੋ ਸਕੇ। ਅਜਿਹੇ ਹਾਲਾਤ ਵਿਚ ਜੇਕਰ ਇਹ ਲਿਸਟ ਪੜ੍ਹੀ ਜਾਵੇ ਤਾਂ ਪਤਾ ਲਗਦਾ ਹੈ ਕਿ ਕਈ ਮੈਂਬਰ ਸਾਹਿਬਾਨ ਨੇ ਇਸ ਮਤੇ ਲਈ ਕਿਹਾ ਹੈ। ਇਹ ਤਾਂ ਕੋਈ ਸਾਜ਼ਿਸ਼ ਲਗਦੀ ਹੈ। ਪੰਜਾਬ ਦੇ ਵਾਤਾਵਰਨ ਨੂੰ ਅੱਛੇ ਮਾਹੌਲ ਵਿਚ ਰਖਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਇਸ ਵਿਚ ਇਹ ਜਿਹਾ ਜ਼ਹਿਰ ਘੋਲ ਦਿੱਤਾ ਜਾਵੇ ਕਿ ਸਾਰਾ ਵਾਤਾਵਰਨ ਹੀ ਖਰਾਬ ਹੋ ਜਾਏ। ਇਹ ਠੀਕ ਹੈ ਕਿ ਸਰਕਾਰੀ ਬੈਂਚਾਂ ਤੋਂ ਵੀ ਕਈ ਮੈਂਬਰਾਂ ਨੇ ਤਕੜੇ ਹੋ ਕੇ ਇਸ ਮਤੇ ਦੇ ਖਿਲਾਫ ਗੱਲ ਕੀਤੀ ਹੈ ਕਿ ਪੰਜਾਬ ਨੂੰ ਕੋਈ ਘਾਟ ਨਹੀਂ ਪੈਣ ਦਿਆਂਗੇ। (ਵਿਘਨ) ਮੈਂ ਇਹ ਕਹਾਂਗਾ ਕਿ ਵਾਧੂ ਟਾਈਮ ਨਾ ਗਵਾਇਆ ਜਾਵੇ ਔਰ ਇਹ ਮਤਾ ਵਾਪਸ ਲੈ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਹਾਊਸ ਦਾ ਕੀਮਤੀ ਟਾਈਮ ਬਚਾਉਣਾ ਚਾਹੀਦਾ ਹੈ। ਇਸ ਤੋਂ ਅਗਲਾ ਮਤਾ ਲੈ ਲੈਣਾ ਚਾਹੀਦਾ ਹੈ। ਇਹ ਚੀਜ਼ ਸਵੇਰੇ ਨੂੰ ਅਖਬਾਰ ਵਿਚ ਆ ਜਾਣੀ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਰੈਜ਼ੋ-ਲਿਊਸ਼ਨ ਨੂੰ ਵਾਪਸ ਲਣਾ ਚਾਹੀਦਾ ਹੈ।

ਸ੍ਰੀ ਜੁਗਿੰਦਰ ਨਾਥ (ਗੜ੍ਹਦੀਵਾਲਾ ਅਸ.ਸੀ.) : ਇਹ ਜੋ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਕਿ ਦਫਤਰ ਚੰਡੀਗੜ੍ਹ ਤੋਂ ਮੁਹਾਲੀ ਲਿਜਾਏ ਜਾਣ। ਗਲ ਤਾਂ ਕੁਝ ਹੱਦ ਤਕ ਠੀਕ ਹੈ ਕਿ ਇਥੇ ਕਿਰਾਏ ਬਹੁਤ ਜ਼ਿਆਦਾ ਹਨ ਔਰ ਇਸ ਦੇ ਮੁਕਾਬਲੇ ਮੁਹਾਲੀ ਕਰਾਏ ਬਹੁਤ ਘੱਟ ਹਨ। ਇਥੋਂ ਦਫਤਰ ਲਿਜਾਣ ਨਾਲ ਕੁਝ ਫਾਇਦਾ ਤਾਂ ਜ਼ਰੂਰ ਹੋਵੇਗਾ ਪਰ ਜਿਨਾ ਫ਼ਾਇਦਾ ਹੋਵੇਗਾ ਉਸ ਨਾਲੋਂ ਜ਼ਿਆਦਾ ਕੰਪਲੀਕੇਸ਼ਨਜ਼ ਅਰਾਈਜ਼ ਹੋਣਗੀਆਂ। ਕਾਰਪੋਰੇਸ਼ਨਾਂ ਔਰ ਡਾਇਰੈਕਟੋਰੇਟਸ ਦੇ ਦਫਤਰ ਮੁਹਾਲੀ ਲਿਜਾਵਾਂਗੇ। ਇਨ੍ਹਾਂ ਦਫਤਰਾਂ ਨੂੰ ਸਕੱਤਰੇਤ ਨਾਲ ਕਾਫੀ ਤਾਲਮੇਲ ਰਖਣਾ ਪੈਂਦਾ ਹੈ ਔਰ ਕਈ ਵਾਰੀ ਅਫਸਰਾਂ ਨੂੰ ਸਕੱਤਰੇਤ ਵਿਚ ਆਉਣਾ ਪੈਂਦਾ ਹੈ। ਪਰ ਜੇਕਰ ਇਹ ਦਫਤਰ ਮੁਹਾਲੀ ਚਲੇ ਗਏ ਤਾਂ ਪੈਟਰੋਲ ਐਨਾ ਮਹਿੰਗਾ ਹੋ ਗਿਆ ਹੈ ਕਿ ਉਨ੍ਹਾਂ ਦਾ ਪੈਟਰੋਲ ਤੇ ਸਰਕਾਰ ਦਾ ਕਾਫੀ ਖਰਚ ਹੋ ਜਾਏਗਾ। ਇਸ ਲਈ ਦਫਤਰ ਮੁਹਾਲੀ ਲਿਜਾਣ ਨਾਲ ਫਾਇਦਾ ਏਨਾ ਨਹੀਂ ਹੋਣਾ ਜਿੰਨਾ ਕਿ ਨੁਕਸਾਨ ਹੋ ਜਾਏਗਾ। ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਹੈ ਔਰ ਦੂਸਰੇ ਪਾਸੇ ਇਥੋਂ ਦਫਤਰ ਮੁਹਾਲੀ ਲਿਜਾਣ ਨਾਲ ਸਾਡਾ ਇਹ ਕੇਸ ਵੀ ਵੀਕ ਹੁੰਦਾ ਹੈ। ਮੇਰਾ ਆਪਣਾ ਖਿਆਲ ਹੈ ਕਿ ਦਫਤਰ ਇਥੋਂ ਮੁਹਾਲੀ ਨਹੀਂ ਲਿਜਾਣੇ ਚਾਹੀਦੇ।

ਅਗਰ ਸਾਨੂੰ ਕੁਝ ਦਫਤਰਾਂ ਵਾਸਤੇ ਇਥੇ ਚੰਡੀਗੜ੍ਹ ਵਿਚ ਜਗ੍ਹਾ ਦੀ ਦਿੱਕਤ ਹੈ ਤਾਂ ਜਿਥੇ ਪੰਜਾਬ ਦੀ ਚੰਡੀਗੜ੍ਹ ਵਿਚ ਆਪਣੀ ਜਗ੍ਹਾ ਹੈ ਉਥੇ ਉਨ੍ਹਾਂ ਨੂੰ ਇਕ ਮਿਨੀ ਸਕੱਤਰੇਤ ਬਣਾ ਲੈਣਾ ਚਾਹੀਦਾ ਹੈ। ਤਾਕਿ ਦਫਤਰ ਸਕੱਤਰੇਤ ਦੇ ਨੇੜੇ ਹੋ ਸਕਣ ਅਤੇ ਲੋਕਾਂ ਨੂੰ ਇਸ ਦਾ ਕਾਫੀ ਫਾਇਦਾ

ਪਹੁੰਚ ਸਕੇਗਾ । ਅਗਰ ਦਫਤਰਾਂ ਨੂੰ ਮੁਹਾਲੀ ਲਿਜਾਇਆ ਗਿਆ ਤਾਂ ਉਸ ਨਾਲ ਲੋਕਾਂ ਨੂੰ ਕਾਫੀ ਤਕਲੀਫ ਪੇਸ਼ ਆਏਗੀ । ਜਿਹੜੇ ਬਾਹਰੋਂ ਆਉਂਦੇ ਹਨ ਉਨ੍ਹਾਂ ਨੂੰ ਸਕੱਤਰੇਤ ਵਿਚ ਅਤੇ ਹੋਰ ਸਬਾਰਡੀਨੇਟ ਆਫਿਸਿਜ਼ ਵਿਚ ਵੀ ਕੰਮ ਹੁੰਦਾ ਹੈ । ਜੇਕਰ ਦਫਤਰ ਮੁਹਾਲੀ ਲੈ ਗਏ ਤਾਂ ਫਿਰ ਪਬਲਿਕ ਨੂੰ ਕਾਫੀ ਤਕਲੀਫ ਪੇਸ਼ ਆਏਗੀ । ਮੁਹਾਲੀ ਦਫਤਰ ਲਿਜਾਣ ਤੇ ਫਾਇਦੇ ਦੀ ਬਜਾਏ ਕੰਪਲੀਕੇਸ਼ਨਜ਼ ਜ਼ਿਆਦਾ ਹੋਣਗੀਆਂ

ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਸ੍ਰੀ ਚਮਨ ਲਾਲ ਜੀ ਨੂੰ ਅਪੀਲ ਕਰਾਂਗਾ ਕਿ ਉਹ ਆਪਣਾ ਮਤਾ ਵਾਪਸ ਲੈ ਲੈਣ ।

ਸ੍ਰੀ ਸੁਰਿੰਦਰ ਕਪੂਰ (ਬਠਿੰਡਾ) : ਇਹ ਜੋ ਮਤਾ ਲਿਆਂਦਾ ਗਿਆ ਕਿ ਕੁਝ ਦਫਤਰ ਚੰਡੀਗੜ੍ਹ ਤੋਂ ਮੁਹਾਲੀ ਲਿਜਾਏ ਜਾਣ ਪਤਾ ਨਹੀਂ ਇਸ ਮਤੇ ਦੀ ਭਾਵਨਾ ਕੀ ਸੀ ਲੇਕਿਨ ਹਾਊਸ ਨੇ ਇਸ ਦੀ ਭਾਵਨਾ ਚੰਡੀਗੜ੍ਹ ਨਾਲ ਲਾ ਦਿੱਤੀ ਹੈ । ਇਹ ਮੈਂ ਨਹੀਂ ਸਮਝ ਸਕਿਆ ਕਿ ਇਹ ਭਾਵਨਾ ਕਿਸ ਇਰਾਦੇ ਨਾਲ ਆ ਸਕਦੀ ਹੈ । ਇਹ ਠੀਕ ਹੈ ਕਿ ਸਰਕਾਰ ਤੇ ਆਰਥਿਕ ਬੋਝ ਬਹੁਤ ਜ਼ਿਆਦਾ ਹੈ ਔਰ ਇਹ ਬੋਝ ਪਾਉਣ ਵਾਲੇ ਸਾਡੇ ਸਾਹਮਣੇ ਬੈਠੇ ਵੀਰ ਹਨ । ਪਿਛਲੇ ਤਿੰਨ ਸਾਲਾਂ ਦਾ ਇਤਿਹਾਸ ਇਸ ਗਲ ਦਾ ਗਵਾਹ ਹੈ ਇਨ੍ਹਾਂ ਨੇ ਆਰਥਿਕ ਬੋਝ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ । ਮੈਂ ਸਮਝਦਾ ਹਾਂ ਕਿ ਚੰਡੀਗੜ੍ਹ ਦਾ ਇਸ ਭਾਵਨਾ ਨਾਲ ਕੋਈ ਸਬੰਧ ਨਹੀਂ ਹੈ । ਕਿਰਾਏ ਨਾਲ ਜ਼ਿਆਦਾ ਫਰਕ ਨਹੀਂ ਪੈਣ ਲੱਗਾ । 2 ਲੱਖ ਜਾਂ 1 ਲੱਖ ਨਾਲ ਜ਼ਿਆਦਾ ਫਰਕ ਨਹੀਂ ਪੈਣ ਲੱਗਾ ਲੇਕਿਨ ਆਉਣ ਵਾਲੀਆਂ ਕਠਿਨਾਈਆਂ ਜੋ ਹਨ ਉਨ੍ਹਾਂ ਵਲ ਵਿਚਾਰ ਕਰਨ ਦੀ ਲੋੜ ਹੈ । (ਵਿਘਨ) ਇਨ੍ਹਾਂ ਵੀਰਾਂ ਨੇ (ਕਮਿਊਨਿਸਟ ਪਾਰਟੀ ਵਲ ਇਸ਼ਾਰਾ) ਪਹਿਲਾਂ ਹੱਥ ਖੜੇ ਕਰਕੇ ਫਿਰ ਇਸ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ ਹੈ । (ਵਿਘਨ) ਮੈਂ ਚਮਨ ਲਾਲ ਜੀ ਨੂੰ ਕਿਹਾਂਗਾ ਜਿਨ੍ਹਾਂ ਨੇ ਇਹ ਮਤਾ ਲਿਆਂਦਾ ਹੈ ਕਿ ਉਨ੍ਹਾਂ ਦੀ ਤਾਂ ਆਦਤ ਹੀ ਐਸੀ ਹੈ । (ਵਿਘਨ) ਮੈਂ ਅਕਾਲੀ ਵੀਰਾਂ ਨੂੰ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਸਾਇਆ ਗਿਆ ਪਰ ਉਸ ਦੀ ਡਿਵੈਲਪਮੈਂਟ ਵੀ ਹੋਣੀ ਬੜੀ ਜ਼ਰੂਰੀ ਹੈ । ਸਾਡੇ ਭਾਰਤ ਦੇ ਹੋਮ ਮਨਿਸਟਰ ਗਿਆਨੀ ਜ਼ੈਲ ਸਿੰਘ ਉਸ ਵੇਲੇ ਦੇ ਚੀਫ ਮਨਿਸਟਰ ਸਨ, ਉਨ੍ਹਾਂ ਨੇ ਆਪਣੇ ਹੱਥਾਂ ਨਾਲ ਇਹ ਨਗਰ ਵਸਾਇਆ ਸੀ । ਇਸ ਨਗਰ ਦੀ ਬੜੀ ਮਹਾਨਤਾ ਹੈ । ਇਥੇ ਇੰਡਸਟਰੀਅਲ ਕੰਪਲੈਕਸ ਹੋਣਾ ਚਾਹੀਦਾ ਹੈ । ਇਥੇ ਛੋਟੀਆਂ ਛੋਟੀਆਂ ਸਨਅਤਾਂ ਤੋਂ ਇਲਾਵਾ ਹਰ ਕਿਸਮ ਦਾ ਵਿਉਪਾਰਿਕ ਕੇਂਦਰ ਵੀ ਹੋਣਾ ਚਾਹੀਦਾ ਹੈ । ਇਸ ਲਈ ਜਿੰਨੀ ਇਸ ਨੂੰ ਮਹਾਨਤਾ ਦਿੱਤੀ ਜਾ ਸਕਦੀ ਹੈ ਦੇਣੀ ਚਾਹੀਦੀ ਹੈ । ਅਤੇ ਹਰ ਕਿਸਮ ਦੀਆਂ ਸਹੂਲਤਾਂ ਇਸ ਨਗਰ ਦੇ ਅੰਦਰ ਹੋਣੀਆਂ ਚਾਹੀਦੀਆਂ ਹਨ । ਬਾਕੀ ਜਿਥੋਂ ਤੱਕ ਇਹ ਸਾਹਮਣੇ ਬੈਠੇ ਦੋਸਤ ਕਹਿੰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਸਾਡਾ ਚੰਡੀਗੜ੍ਹ ਦਾ ਕੇਸ ਕਮਜ਼ੋਰ ਹੁੰਦਾ ਹੈ ਅਤੇ ਇਸ ਤਰ੍ਹਾਂ ਅਸੀਂ ਚੰਡੀਗੜ੍ਹ ਛੱਡ ਰਹੇ ਹੋਵਾਂਗੇ, ਅਤੇ ਇਹ ਕਹਿੰਦੇ ਹਨ ਕਿ ਇਸ ਦੇ ਪਿਛੇ ਕੋਈ ਸਾਜਿਸ਼ ਹੈ, ਮੈਂ ਕਹਿੰਦਾ ਹਾਂ ਕਿ ਇਸ ਵਿਚ ਸਾਜ਼ਿਸ਼ ਕੋਈ ਨਹੀਂ ਹੈ । ਚੰਡੀਗੜ੍ਹ ਪੰਜਾਬ ਦਾ ਹੈ । ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੇ ਵੀ ਐਲਾਨੀਆ ਕਿਹਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਦਾ ਹੀ ਰਹੇਗਾ ਲੇਕਿਨ ਇਹ ਜੋ ਸਾਜ਼ਿਸ਼ ਰਚਨ ਵਾਲੇ ਸਾਹਮਣੇ ਬੈਠੇ ਦੋਸਤ ਹਨ ਇਨ੍ਹਾਂ ਦਾ ਵਤੀਰਾ ਠੀਕ ਨਹੀਂ ਹੈ । ਇਹ ਜੋ ਇਹੋ ਜਿਹਾ ਵਤੀਰਾ ਧਾਰਨ ਕਰ ਰਹੇ ਹਨ ਅਤੇ ਪੰਜਾਬ ਦੇ ਅਵਾਮ ਨੂੰ ਗੁੰਮਰਾਹ ਕਰਕੇ ਪੰਜਾਬ ਵਿਚ ਸਾਜ਼ਿਸ਼ ਕਰ ਰਹੇ ਹਨ ਇਸ ਤਰ੍ਹਾਂ ਸਾਡੇ ਪੰਜਾਬ ਤੇ ਆਰਥਿਕ ਸੰਕਟ ਹੋਰ ਵਧੇਗਾ । ਇਨ੍ਹਾਂ ਨੇ ਬੱਸਾਂ ਨੂੰ ਰੋਕਣ

[ਸ਼੍ਰੀ ਸੁਰਿੰਦਰ ਕਪੂਰ]

ਦੀ ਕੋਸ਼ਿਸ਼ ਕੀਤੀ, ਬੱਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤਰ੍ਹਾਂ ਕਰਕੇ ਸਾਡੀ ਕੌਮ ਦੇ ਸਰਮਾਏ ਨੂੰ ਫੂਕਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਸਾਡੇ ਪੰਜਾਬ ਤੇ ਆਰਥਿਕ ਸੰਕਟ ਦਾ ਹੋਰ ਬੜ ਪਵੇਗਾ। ਅਜ ਜੇ ਇਨ੍ਹਾਂ ਦੀ ਇਸ ਕਿਸਮ ਦੀ ਸਾਜ਼ਿਸ਼ ਨੂੰ ਠੱਲ੍ਹ ਨਾ ਪਾਈ ਤਾਂ ਗੰਭੀਰ ਸਮੱਸਿਆ ਪੈਦਾ ਹੋ ਜਾਵੇਗੀ ਮੈਂ ਹੈਰਾਨ ਹਾਂ ਕਿ ਇਹ ਲੋਕ ਕਿਸ ਤਰੀਕੇ ਨਾਲ ਪੰਜਾਬ ਦੇ ਨੌਜਵਾਨ ਨੂੰ ਗੁਮਰਾਹ ਕਰ ਰਹੇ ਹਨ। ਕਿਸ ਤਰੀਕੇ ਨਾਲ ਇਹ ਉਨ੍ਹਾਂ ਕੋਲੋਂ ਐਜੀਟੇਸ਼ਨਾਂ ਕਰਵਾ ਰਹੇ ਹਨ। ਇਹ ਬਹੁਤ ਗੰਭੀਰ ਸਮਸਿਆ ਹੈ ਅਤੇ ਆਉਣ ਵਾਲਾ ਇਤਿਹਾਸ ਇਸ ਗਲ ਦਾ ਗਵਾਹ ਹੋਵੇਗਾ ਅਗਰ ਹਿੰਦੁਸਤਾਨ, ਪੰਜਾਬ ਵਿਚ ਕੋਈ ਘਾਟ ਆਈ ਤਾਂ ਉਹ ਇਨ੍ਹਾਂ ਵੀਰਾਂ ਦੇ ਕਾਰਨ ਹੋਵੇਗੀ ਡਿਪਟੀ ਸਪੀਕਰ ਸਾਹਿਬ, ਇਹ ਨੌਜਵਾਨ ਤਬਕੇ ਨੂੰ ਐਜੀਟੇਸ਼ਨਾਂ ਵਾਲੇ ਪਾਸੇ ਲੈ ਜਾ ਰਹੇ ਹਨ। ਕਿਸ ਤਰ੍ਹਾਂ ਇਹ ਲਾਠੀਆਂ, ਗੰਡਾਸੇ ਅਤੇ ਭਾਲੇ ਲੈ ਕੇ ਜਲੂਸ ਕੱਢਦੇ ਹਨ। ਕਿਸ ਤਰ੍ਹਾਂ ਇਹ ਲੋਕ ਅਮਨ ਪਸੰਦ ਸ਼ਹਿਰੀਆਂ ਵਿਚ ਦਹਿਸ਼ਤ ਫੈਲਾ ਰਹੇ ਹਨ। ਅਮਨ ਪਸੰਦ ਲੋਕ ਇਹ ਮਹਿਸੂਸ ਕਰਦੇ ਹਨ ਕਿ ਇਹ ਇਨ੍ਹਾਂ ਦੀ ਸਾਜ਼ਿਸ਼ ਹੈ। (ਵਿਘਨ) ਮੈਂ ਆਪਣੇ ਇਨ੍ਹਾਂ ਦੋਸਤਾਂ, ਸਾਥੀਆਂ ਨੂੰ ਇਸ ਵਾਸਤੇ ਪ੍ਰੇਰਤ ਕਰਦਾ ਹਾਂ ਕਿ ਪੰਜਾਬ ਦੀ ਅਵਾਮ ਨੇ ਤੁਹਾਨੂੰ ਇਥੇ ਚੁਣਕੇ ਭੇਜਿਆ ਹੈ ਕਿ ਜਾਓ ਪੰਜਾਬ ਦੀ ਸੇਵਾ ਕਰੋ, ਪੰਜਾਬ ਦੇ ਲੋਕਾਂ ਦੀ ਸੇਵਾ ਕਰੋ, ਕਿਸਾਨ ਦੀ ਸੇਵਾ ਕਰੋ, ਮਜ਼ਦੂਰ ਦੀ ਸੇਵਾ ਕਰੋ ਦੁਕਾਨਦਾਰ ਦੀ ਸੇਵਾ ਕਰੋ, ਲੇਕਿਨ ਇਹ ਲੋਕ ਸੇਵਾ ਕਿਸ ਤਰ੍ਹਾਂ ਕਰ ਰਹੇ ਹਨ (ਵਿਘਨ) (ਇਕ, ਆਵਾਜ਼ : ਜੋ ਕੁਝ ਬਠਿੰਡੇ ਹੋਇਆ ਉਸ ਬਾਰੇ ਵੀ ਦੱਸ ਦਿਓ ?) ਜੋ ਕੁਝ ਬਠਿੰਡੇ ਤੁਸੀਂ ਕਾਰਨਾਮੇ ਕੀਤੇ ਹਨ ਉਸ ਬਾਰੇ ਵੀ ਦੱਸਾਂਗਾ। ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ। (ਵਿਘਨ) ਇਹ ਕਿਸ ਤਰੀਕੇ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ ਇਸ ਤਰ੍ਹਾਂ ਪੰਜਾਬ ਉੱਨਤੀ ਨਹੀਂ ਕਰ ਸਕਦਾ। (ਵਿਘਨ)

Mr. Deputy Speaker : No, interruption, please.

ਸ਼੍ਰੀ ਸੁਰਿੰਦਰ ਕਪੂਰ : ਇਹ ਜਿਸ ਕਿਸਮ ਦੇ ਨਾਹਰੇ ਮਾਰਦੇ ਹਨ (ਵਿਘਨ) ਅਵਾਮ ਨੇ ਇਨ੍ਹਾਂ ਦੇ ਮੂੰਹ ਤੇ ਚਪੇੜ ਮਾਰੀ ਹੈ। ਆਵਾਮ ਨੇ ਇਨ੍ਹਾਂ ਦਾ ਸਾਥ ਨਹੀਂ ਦਿੱਤਾ ਅਤੇ ਸਾਡਾ ਸਾਥ ਦੇ ਕੇ ਸਾਨੂੰ ਰਾਜ ਦਿੱਤਾ ਹੈ। (ਤਾੜੀਆਂ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਮਤਾ ਲਿਆਉਣ ਦੀ ਕੋਈ ਜ਼ਰੂਰਤ ਨਹੀਂ ਸੀ। ਅਜਿਹੇ ਆਰਥਕ ਸਕਟ ਨੂੰ ਕਿਸ ਤਰ੍ਹਾਂ ਹੱਲ ਕਰਨਾ ਹੈ, ਇਸ ਬਾਰੇ ਅਸੀਂ ਆਪਸ ਵਿਚ ਬੈਠ ਕੇ, ਆਪਣੇ ਆਪਣੇ ਸੁਝਾਓ ਦੇ ਕੇ ਇਸ ਆਰਥਿਕ ਸੰਕਟ ਨੂੰ ਦੂਰ ਕਰਨ ਦਾ ਉਪਰਾਲਾ ਕਰ ਸਕਦੇ ਹਾਂ ਲੇਕਿਨ ਇਹ ਹਾਊਸ ਵਿਚ ਜਿਥੇ ਕਿ ਪੰਜਾਬ ਦ ਜਨਤਾ ਦੀ ਤਕਦੀਰ ਬਣਦੀ ਹੈ, ਇਹ ਹਾਊਸ ਜਿਸ ਵਿਚ ਕਿਸਾਨ ਦੀ, ਮਜ਼ਦੂਰ ਦੀ, ਵਿਉਪਾਰੀ ਦੀ ਵਰਕਰ ਦੀ ਯਾਨੀ ਕਿ ਹਰ ਪੰਜਾਬੀ ਦੀ ਤਕਦੀਰ ਬਣਦੀ ਹੈ, ਇਸ ਹਾਊਸ ਦਾ ਐਨਾ ਸਮਾਂ ਖਰਾਬ ਕਰਨਾ, ਮੈਂ ਸਮਝਦਾ ਹਾਂ ਕਿ ਠੀਕ ਨਹੀਂ ਹੈ। ਇਸ ਵਾਸਤੇ ਮੈਂ ਆਪਣੇ ਦੋਸਤ ਸ੍ਰੀ ਰਮਨ ਲਾਲ ਜੀ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਹ ਮਤਾ ਵਾਪਿਸ ਲੈ ਲੈਣਾ ਚਾਹੀਦਾ ਹੈ। (ਇਕ ਆਵਾਜ਼ : ਬਠਿੰਡੇ ਜੋ ਕੁਝ ਹੋਇਆ ਉਸ ਦੇ ਬਾਰੇ ਵੀ ਦੱਸ ਦਿਓ ?)

ਬਠਿੰਡੇ ਜੋ ਕੁਝ ਹੋਇਆ ਹੈ, ਡਿਪਟੀ ਸਪੀਕਰ ਸਾਹਿਬ, ਉਸ ਦੀਆਂ ਫੋਟੋਆਂ ਮੇਰੇ ਕੋਲ ਹਨ, ਮੈਂ ਉਹ ਸਦਨ ਦੀ ਮੇਜ਼ ਤੇ ਰੱਖਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਨੇ ਕੁਝ ਫੋਟੋਆਂ ਸਦਨ ਦੀ ਮੇਜ਼ ਤੇ ਰੱਖੀਆਂ।)

ਸਰਦਾਰ ਕਰਮ ਸਿੰਘ ਗਿੱਲ (ਸਮਰਾਲਾ) : ਇਹ ਜਿਹੜਾ ਚਮਨ ਲਾਲ ਜੀ ਨੇ ਸਦਨ ਵਿਚ ਮਤਾ ਲਿਆਂਦਾ ਹੈ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਇਹ ਮਤਾ ਵਾਪਿਸ ਲੈ ਲੈਣ ਕਿਉਂਕਿ ਚੰਡੀਗੜ ਤੋਂ ਪੰਜਾਬ ਦੇ ਦਫਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲੈ ਜਾਣ ਨਾਲ ਪੰਜਾਬ ਦਾ ਚੰਡੀਗੜ੍ਹ ਤੋਂ ਹੱਕ ਮਾਰਿਆ ਜਾਂਦਾ ਹੈ। ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਹ ਪੰਜਾਬ ਦੀ ਧਰਤੀ ਤੇ ਬਣਿਆ ਹੋਇਆ ਹੈ। (ਤਾੜੀਆਂ) ਇਹ ਪੰਜਾਬ ਦੀ ਸ਼ਾਨ ਹੈ ਅਤੇ ਪੰਜਾਬ ਦਾ ਇਸ ਤੇ ਹੱਕ ਹੈ। (ਤਾੜੀਆਂ) ਇਹ ਏਸ਼ੀਆ ਦਾ ਸਾਰਿਆਂ ਨਾਲੋਂ ਸੋਹਣਾ ਸ਼ਹਿਰ ਹੈ। ਮੈਂ ਚਾਹੁੰਦਾ ਹਾਂ ਕਿ ਇਹ ਸ਼ਹਿਰ ਪੰਜਾਬ ਦੀ ਸ਼ਾਨ ਹੋਣ ਕਰਕੇ ਪੰਜਾਬ ਦੇ ਜਿੰਨੇ ਦਫਤਰ ਹਨ ਉਹ ਸਾਰੇ ਇਥੇ ਰਹਿਣੇ ਚਾਹੀਦੇ ਹਨ। ਮੈਂ ਚਮਨ ਲਾਲ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਮਤਾ ਵਾਪਿਸ ਲੈ ਲੈਣ। (ਤਾੜੀਆਂ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : (ਲੁਧਿਆਣਾ) : ਚਮਨ ਲਾਲ ਜੀ ਨੇ ਇਹ ਮਤਾ ਲਿਆਂਦਾ ਹੈ ਅਤੇ ਉਨ੍ਹਾਂ ਨੇ ਦੱਸਿਆ ਹੈ ਕਿ ਚੰਡੀਗੜ੍ਹ ਤੋਂ ਪੰਜਾਬ ਦੇ ਕੁਝ ਦਫਤਰ ਸਾਹਿਬਜ਼ਾਦਾ ਅਜੀਤ ਸਿਘ ਨਗਰ ਲਿਜਾਏ ਜਾਣ। ਮੇਰਾ ਦਿਲ ਤਾਂ ਨਹੀਂ ਕਰਦਾ ਕਿ ਮੈਂ ਇਸ ਨੂੰ ਸਪੋਰਟ ਕਰਾਂ ਮਗਰ ਮੈਂ ਐਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਵੀਰ ਹਰ ਗੱਲ ਨੂੰ ਟਵਿਸਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਚਮਨ ਲਾਲ ਦਾ ਮਕਸਦ ਸੀ ਕਿ ਇਕ ਨਵਾਂ ਸ਼ਹਿਰ ਬਣਿਆ ਹੈ ਅਤੇ ਉਹ ਸਾਡੇ ਗੁਰੂਆਂ ਦੇ ਨਾਮ ਤੇ ਬਣਿਆ ਹੈ ਅਤੇ ਉਹ ਸ਼ਹਿਰ ਡਿਵੈਲਪ ਨਹੀਂ ਹੋ ਸਕਦਾ ਜਿੰਨਾ ਚਿਰ ਉਥੇ ਸਰਕਾਰੀ ਦਫਤਰ ਨਾ ਹੋਣ ਅਤੇ ਉਥੇ ਇੰਡਸਟਰੀਅਲ ਕੰਪਲੈਕਸ ਨਾ ਹੋਵੇ। ਅਸੀਂ ਨਹੀਂ ਚਾਹੁੰਦੇ ਕਿ ਇੰਪਾਰਟੈਂਟ ਆਫਿਸ ਇਥੇ ਚੁੱਕੇ ਜਾਣ, ਇਹ ਇਥੇ ਰਹਿਣੇ ਚਾਹੀਦੇ ਹਨ ਇਨ੍ਹਾਂ ਨੂੰ ਨਹੀਂ ਹਿਲਾਉਣਾ ਚਾਹੀਦਾ ਮਗਰ ਜਿਹੜੇ ਅਨਇੰਪਾਰਟੈਂਟ ਆਫਿਸ ਹਨ ਜਿਸ ਤਰਾਂ ਏ.ਜੀ. ਆਫਿਸ ਹੈ ਜਾਂ ਹੋਰ ਇਸ ਤਰ੍ਹਾਂ ਦੇ ਆਫਿਸ ਹਨ ਇਸ ਤਰ੍ਹਾਂ ਦੇ ਆਫਿਸ ਉਥੇ ਜਾ ਸਕਦੇ ਹਨ। ਉਥੇ ਚੰਗੀ ਆਬਾਦੀ ਹੋਵੇ ਉਥੇ ਦੀ ਚੰਗੀ ਡਿਵੈਲਪਮੈਂਟ ਹੋਵੇ ਉਥੇ ਹੋਰ ਕੋਠੀਆਂ ਬਣਨ (ਵਿਘਨ) ਚੰਡੀਗੜ੍ਹ ਪਜਾਬ ਨੂੰ ਮਿਲ ਜਾਣ ਨਾਲ ਉਹ ਸ਼ਹਿਰ ਚੰਡੀਗੜ੍ਹ ਨਾਲ ਮਿਲ ਜਾਵੇਗਾ। ਸਾਡੇ ਸਾਥੀ ਇਸ ਤਰ੍ਹਾਂ ਟਵਿਸਟ ਕਰ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਸ਼ਾਇਦ ਤੁਸੀਂ ਉਸ ਵੇਲੇ ਪੈਦਾ ਵੀ ਨਹੀਂ ਸੀ ਹੋਏ ਹੋਣੇ ਜਦੋਂ ਪੰਜਾਬ ਲੰਡੀ ਕੋਤਲ ਤੋਂ ਲੈ ਕੇ ਦਿੱਲੀ ਤਕ ਸੀ। ਫਿਰ ਕਰਾਂਚੀ ਸਿੰਧ ਔਰ ਬਲੋਚਿਸਤਾਨ ਸਾਰੇ ਪੰਜਾਬ ਵਿਚ ਸਨ ਪਰ ਸਾਡੀ ਇਹ ਬਦਕਿਸਮਤੀ ਹੈ ਕਿ ਬਹੁਤ ਅਕਲ ਵਾਲੇ ਜਦੋਂ ਆ ਜਾਂਦੇ ਹਨ ਉਹ ਟੁਕੜੇ ਟੁਕੜੇ ਹੀ ਪੰਜਾਬ ਦੇ ਕਰਦੇ ਰਹੇ।

ਇਕ ਆਵਾਜ਼ : ਪੰਜਾਬ ਦੀ ਵੰਡ ਤਾਂ ਕਾਂਗਰਸ ਨੇ ਮੰਨੀ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਮੰਨਿਆ ਸੀ। (ਵਿਘਨ) (ਸ਼ੋਰ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਪੰਜਾਬ ਇਕ ਬਹੁਤ ਵਡਾ ਸੂਬਾ ਸੀ, ਡਿਪਟੀ ਸਪੀਕਰ ਸਾਹਿਬ, ਪਰ ਸਾਡੀ ਬਦਕਿਸਮਤੀ ਸੀ ਕਿ ਇਹ ਹੌਲੀ ਹੌਲੀ ਛੋਟਾ ਜਿਹਾ ਹੋ ਗਿਆ। ਹੁਣ ਫਿਰ ਇਨਾਂ ਦੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸਕੀਮ ਅਤੇ ਇਨ੍ਹਾਂ ਦੀ ਨੀਅਤ ਬੱਦ ਹੈ ਇਹ ਇਸ ਨੂੰ ਹੋਰ ਛੋਟਾ ਕਰਨਾ ਚਾਹੁੰਦੇ ਹਨ। ਇਥੇ ਖਾਲਸਾ ਜੀ ਨੇ ਅਤੇ ਹੋਰ ਉਧਰੋਂ ਕਈ ਮੈਂਬਰਜ਼ ਨੇ ਕਿਹਾ ਕਿ ਯੂ.ਪੀ. ਤੋਂ, ਬਿਹਾਰ ਤੋਂ ਆਦਮੀ ਇਥੇ ਆਉਂਦੇ ਜਾਂਦੇ ਹਨ ਔਰ ਉਹ ਹਿੰਦੀ ਬੋਲਦੇ ਹਨ। ਅਸੀਂ ਉਨ੍ਹਾਂ ਤੋਂ ਲਿਖਾ ਦਿੰਦੇ ਹਾਂ ਕਿ ਪੰਜਾਬੀ ਬੋਲਦੇ ਹਾਂ ਤਾਂ ਫਿਰ ਠੀਕ ਹੈ। ਪਰ ਫਿਰ ਵੀ ਤੁਸੀਂ ਨਹੀ ਮੰਨਣਾ। ਕਿਉਂਕਿ ਉਨਾਂ ਦੇ ਸਿਰ ਤੇ ਨੀਲੀਆਂ ਪਗੜੀਆਂ ਹੈ ਨਹੀਂ। ਇਸ ਲਈ ਉਹ ਤੁਹਾਨੂੰ ਚੰਗੇ ਨਹੀਂ ਲਗਦੇ। ਅਸੀ ਉਨ੍ਹਾਂ ਨੂੰ ਕਹਿ ਦਿੰਦੇ ਹਾਂ ਕਿ ਤੁਸੀ ਆਪਣੀ ਜ਼ੁਬਾਨ

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਪੰਜਾਬੀ ਲਿਖਾ ਦਿਓ ਪਰ ਫਿਰ ਵੀ ਤੁਸੀਂ ਨਹੀਂ। ਸਾਰਾ ਹਿੰਦੁਸਤਾਨ ਇਕ ਹੈ। ਇਕ ਸਟੇਟ ਤੋਂ ਦੂਸਰੀ ਸਟੇਟ ਵਿਚ ਆਦਮੀ ਆ ਜਾ ਸਕਦਾ ਹੈ। ਤੁਹਾਡੇ ਵੀ ਰਿਸ਼ਤੇਦਾਰ ਦੂਸਰੀਆਂ ਸਟੇਟਾਂ ਵਿਚ ਰਹਿੰਦੇ ਹੋਣਗੇ। (ਵਿਘਨ) ਜੇ ਡਿਪਟੀ ਸਪੀਕਰ ਸਾਹਿਬ, ਯੂ.ਪੀ. ਦੀ ਲੇਬਰ ਇਥੇ ਨਾ ਆਏ ਤਾਂ ਇਨ੍ਹਾਂ ਨੂੰ ਪਤਾ ਲਗ ਜਾਵੇਗਾ। ਮੈਨੂੰ ਪਤਾ ਹੈ ਕਿ ਕਟਾਈ ਵੇਲੇ ਪਿਛੇ ਇਕ ਮਹੀਨਾ ਲੇਬਰ ਉਪਰੋਂ ਲੇਟ ਆਈ ਸੀ ਤਾਂ ਇਥੇ ਜ਼ਿਮੀਂਦਾਰ ਚੀਕਾਂ ਮਾਰਨ ਲਗ ਗਏ ਕਿ ਹਾਏ ਲੇਬਰ ਹੈ ਨਹੀਂ, ਹਾਏ ਲੇਬਰ ਹੈ ਨਹੀਂ। 6 ਮਹੀਨੇ ਉਸ ਲੇਬਰ ਨੂੰ ਇਧਰ ਆਉਣ ਤੋਂ ਰੋਕ ਕੇ ਦੇਖ ਲਓ ਜੇ ਤੁਹਾਡੀ ਕਟਾਈ ਹੋ ਜਾਵੇ, ਵਾਢੀ ਹੋ ਜਾਵੇ ਤਾਂ ਕਹਿਣਾ। ਨਾਲੇ ਉਹ ਗਰੀਬ ਤੁਹਾਡੀ ਮਜ਼ਦੂਰੀ ਕਰਦੇ ਹਨ ਨਾਲੇ ਤੁਸੀਂ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹੋ। ਤੁਸੀਂ ਪੰਜਾਬ ਨੂੰ ਵੱਡਾ ਕਰੋ ਅਸੀਂ ਤੁਹਾਡੇ ਨਾਲ ਸ਼ਹੀਦ ਹੋਵਾਂਗੇ, ਕੁਰਬਾਨੀਆਂ ਦੇਵਾਂਗੇ। (ਥੰਪਿੰਗ) ਅਸੀਂ ਤੁਹਾਡੇ ਨਾਲ ਹਾਂ। ਐਵੇਂ ਛੋਟੀਆਂ ਛੋਟੀਆਂ ਗਲਾਂ ਨੂੰ ਟਵਿਸਟ ਕਰਨਾ ਸ਼ੁਰੂ ਕਰ ਦਿੰਦੇ ਹੋ। (ਵਿਘਨ) ਪਬਲਿਕ ਕਾਰਪੋਰੇਸ਼ਨਾਂ ਸਾਡੀਆਂ ਹਨ ਉਨ੍ਹਾਂ ਦੇ ਦਫਤਰ ਉਥੇ ਜਾ ਸਕਦੇ ਹਨ। ਉਨ੍ਹਾਂ ਕਾਰਪੋਰੇਸ਼ਨਾਂ ਦੇ ਨਾਲ ਪਬਲਿਕ ਦਾ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ, ਉਨਾਂ ਦਾ ਅਫਸਰਾਂ ਜਾਂ ਵਜ਼ੀਰਾਂ ਨਾਲ ਹੀ ਵਾਸਤਾ ਰਹਿੰਦਾ ਹੈ। ਉਸ ਦੇ ਲਈ ਉਨ੍ਹਾਂ ਦੇ ਕੋਲ ਕਾਰਾਂ ਹਨ, ਹਵਾਈ ਜਹਾਜ਼ ਹਨ, ਉਹ ਆ ਸਕਦੇ ਹਨ। ਗਲ ਤਾਂ ਇਸ ਦੇ ਵਿਚ ਸਿਰਫ ਇਤਨੀ ਸੀ ਕਿ ਗੁਰੂਆਂ ਦੇ ਨਾਮ ਦੇ ਉਤੇ ਇਹ ਸ਼ਹਿਰ ਹੈ ਔਰ ਇਸ ਦੇ ਲਈ ਦੇਖਣਾ ਹੈ ਕਿ ਇਸ ਨੂੰ ਡਿਵੈਲਪ ਕਿਵੇਂ ਕਰਨਾ ਹੈ। ਇਸ ਨੂੰ ਡਿਵੈਲਪ ਕਰਨ ਦਾ ਕੋਈ ਤੁਸੀਂ ਹੋਰ ਤਰੀਕਾ ਦੱਸ ਦਿਓ। ਇਕੱਲੀ ਇੰਡਸਟਰੀ ਲਗਾਉਣ ਨਾਲ ਇਸ ਸ਼ਹਿਰ ਦੀ ਡਿਵੈਲਪਮੈਂਟ ਨਹੀਂ ਹੋਵੇਗੀ। ਫਿਰ ਜੇ ਇੰਡਸਟਰੀ ਲਗ ਗਈ ਤਾਂ ਉਸ ਦੇ ਲਈ ਫਿਰ ਲੇਬਰ ਆ ਜਾਣੀ ਹੈ ਔਰ ਫਿਰ ਤੁਸੀਂ ਕਹਿਣਾ ਹੈ ਕਿ ਮੋਨੇ ਆ ਗਏ ਹਨ। ਕੰਮ ਤਾਂ ਉਨਾਂ ਨੇ ਹੀ ਕਰਨਾ ਹੈ। (ਵਿਘਨ) ਸਾਡੇ ਕੋਲ ਮੈਨੂਅਲ ਲੇਬਰ ਸ਼ਾਰਟ ਹੈ। ਪੰਜਾਬ ਦੀ ਲੇਬਰ ਟੇਕਨੀਕ ਸਿਖ ਗਈ ਹੈ, ਪੰਜਾਬ ਦੀ ਲੇਬਰ ਨੇ ਕੰਮ ਸਿਖ ਲਿਆ ਹੈ ਔਰ ਕਿਸੇ ਨੇ ਕਾਰਖਾਨਾ ਲਾ ਲਿਆ ਹੈ, ਕੋਈ ਫਾਰਨ ਕੰਟਰੀ ਵਿਚ ਜਾ ਕੇ ਨੌਕਰੀ ਕਰਨ ਲਗ ਗਿਆ ਹੈ ਔਰ ਕਿਸੇ ਨੇ ਜ਼ਮੀਨ ਲੈ ਲਈ ਹੈ, ਕਿਸੇ ਨੇ ਟਰੈਕਟਰ ਲੈ ਲਿਆ ਹੈ ਜਿਹੜੀ ਬੜੀ ਇੰਟੈਲੀਜੈਂਟ ਮੈਨੂਅਲ ਲੇਬਰ ਸੀ ਉਹ ਵੱਡੇ ਕੰਮਾਂ ਵਿਚ ਐਬਜ਼ਾਰਬ ਹੋ ਗਈ ਹੈ ਔਰ ਜੋ ਕੋਈ ਹੈ ਵੀ ਤਾਂ ਉਹ 5 ਸੌ ਜਾਂ 6 ਸੌ ਰੁਪਏ ਤੋਂ ਘੱਟ ਕੰਮ ਨਹੀਂ ਕਰਦਾ। ਇਸ ਲਈ ਇਕ ਇਹੀ ਲੇਬਰ ਹੈ ਜਿਹੜੀ ਕੰਮ ਕਰਦੀ ਹੈ, ਜਿਹੜੀ ਪੰਜਾਬ ਦੀ ਇਕਾਨਮੀ ਨੂੰ ਬਣਾ ਰਹੀ ਹੈ ਔਰ ਬਣਾ ਕੇ ਦਿਖਾ ਰਿਹੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਚੰਡੀਗੜ੍ਹ ਦਾ ਹੈ ਅਤੇ ਚੰਡੀਗੜ੍ਹ ਨੂੰ ਕਿਸੇ ਨੇ ਛੱਡ ਨਹੀਂ ਦੇਣਾ। ਇਹ ਤਾਂ ਸਾਡੀ ਜਾਨ ਹੈ ਔਰ ਇਹ ਅਸੀਂ ਬਣਾਇਆ ਹੈ ਔਰ ਸਾਡੇ ਕੋਲ ਹੀ ਰਹਿਣਾ ਹੈ। (ਵਿਘਨ) ਸਾਡੇ ਵਿਚੋਂ ਉਦੋਂ 2-4 ਨਿਕਲ ਗਏ ਸਨ ਕਿ ਚੰਡੀਗੜ੍ਹ ਨਹੀਂ ਬਣਨਾ ਚਾਹੀਦਾ। ਉਦੋਂ ਕੁਝ ਰੌਲਾ ਪੈ ਗਿਆ ਸੀ। ਜਨ ਸੰਘੀਆਂ ਨੇ ਰੌਲਾ ਪਾ ਦਿੱਤਾ। ਚੰਡੀਗੜ੍ਹ ਅਸੀਂ ਬਣਾਇਆ ਹੈ ਔਰ ਸਾਡਾ ਹੀ ਰਹੇਗਾ। ਇਸ ਲਈ ਕੋਈ ਪਬਲਿਕ ਨੂੰ ਭੁਲੇਖਾ ਨਹੀਂ ਪਾਉਣਾ ਚਾਹੀਦਾ। ਠੀਕ ਹੈ, ਰੇਜ਼ੋਲਿਊਸ਼ਨ ਬੈਲਟ ਵਿਚ ਆ ਗਿਆ ਹੈ। ਸਾਡਾ ਖਿਆਲ ਸੀ ਕਿ ਕੋਈ ਕੰਮ ਦਾ ਆ ਜਾਵੇਗਾ। (ਵਿਘਨ) ਮਗਰ ਇਸ ਦੇ ਵਿਚ ਕੋਈ ਬੈਕਗਰਾਊਂਡ ਨਹੀਂ ਬਣਾਉਣੀ ਚਾਹੀਦੀ ਕਿ ਚੰਡੀਗੜ੍ਹ ਅਸੀਂ ਛੱਡ ਦੇਣਾ ਹੈ। ਪੰਜਾਬ ਨੂੰ ਹੋਰ ਵੱਡਾ ਕਰਵਾਓ ਅਸੀਂ ਤੁਹਾਡੇ ਨਾਲ ਹਾਂ ਪਰ ਤੁਸੀਂ ਵਡਾ ਕਰਨਾ ਨਹੀਂ ਚਾਹੁੰਦੇ। ਤੁਹਾਡੀ ਨੀਅਤ ਬਦ ਹੈ। ਇਨ੍ਹਾਂ ਲਫਜ਼ਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਇਹ ਵਿਦਡਰਾ ਤਾਂ ਨਹੀਂ ਹੋ ਸਕਦਾ ਕਿਉਂਕਿ ਮੌਕਾ ਨਹੀਂ ਰਹਿ ਗਿਆ ਟਾਕ ਆਊਟ ਹੋ ਜਾਣਾ ਹੈ।

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਲੰਧਰ, ਦੱਖਣੀ) : ਡਿਪਟੀ ਸਪੀਕਰ ਸਾਹਿਬ, ਸ੍ਰੀ ਚਮਨ ਲਾਲ ਜੀ ਨੇ ਜੋ ਰੈਜ਼ੋਲਿਊਸ਼ਨ ਲਿਆਂਦਾ ਹੈ ਇਸ ਰੈਜ਼ੋਲਿਊਸ਼ਨ ਤੇ ਸਾਰਿਆਂ ਨੇ ਆਪਣੀ ਸਮਝ ਮੁਤਾਬਿਕ ਵਿਚਾਰ ਪੇਸ਼ ਕੀਤੇ ਹਨ। ਕਿਸੇ ਨੇ ਕਿਹਾ ਹੈ ਕਿ ਚੰਡੀਗੜ੍ਹ ਦਾ ਸਾਰਾ ਸਿਲਸਿਲਾ ਮੁਹਾਲੀ ਚਲਿਆ ਜਾਵੇਗਾ, ਕਿਸੇ ਨੇ ਕਿਸ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ ਔਰ ਕਿਸੇ ਨੇ ਕਿਸ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ। ਅਸਲ ਗੱਲ ਤਾਂ ਸਿਰਫ ਇਤਨੀ ਸੀ ਕਿ ਮੁਹਾਲੀ ਨੂੰ ਆਬਾਦ ਕਰਨਾ ਹੈ, ਉਸ ਦੀ ਖੁਸ਼ਹਾਲੀ ਵਾਸਤੇ, ਉਸ ਦੀ ਤਰੱਕੀ ਵਾਸਤੇ, ਉਸ ਦੀ ਡਿਵੈਲਪਮੈਂਟ ਵਾਸਤੇ ਕੋਈ ਸਾਧਨ ਦੇਣੇ ਹਨ। ਨਾ ਇਥੋਂ ਚੰਡੀਗੜ੍ਹ ਜਾਣਾ ਹੈ ਅਤੇ ਨਾ ਇਥੋਂ ਜਾ ਸਕਦਾ ਹੈ। ਚੰਡੀਗੜ੍ਹ ਪੰਜਾਬ ਦਾ ਹੈ, ਚੰਡੀਗੜ੍ਹ ਪੰਜਾਬੀਆਂ ਦਾ ਹੈ ਔਰ ਇਹ ਪੰਜਾਬ ਦਾ ਰਹੇਗਾ। ਪੰਜਾਬ ਦੀ ਅਸੈਂਬਲੀ ਚੰਡੀਗੜ੍ਹ ਵਿਚ ਰਹਿਣੀ ਹੈ, ਸੈਕਟਰੀਏਟ ਪੰਜਾਬ ਦਾ ਹੈ ਉਹ ਇਸ ਤਰ੍ਹਾਂ ਰਹਿਣਾ ਹੈ, ਸਾਰਾ ਕੁਝ ਹੀ ਇਸ ਤਰ੍ਹਾਂ ਰਹਿਣਾ ਹੈ। ਇਹ ਇੰਚ ਇੰਚ ਪੰਜਾਬ ਦੀ ਧਰਤੀ ਹੈ। ਇਸ ਕਰਕੇ ਇਸ ਨੂੰ ਇਸ ਪਾਸੇ ਨਹੀਂ ਲਿਜਾਣਾ ਚਾਹੀਦਾ। ਸਿਰਫ ਗਲ ਤਾਂ ਇਤਨੀ ਸੀ ਕਿ ਉਸ ਸ਼ਹਿਰ ਵਿਚ ਤਰਕੀ ਦੇ ਸਾਧਨ ਕਿਸ ਤਰ੍ਹਾਂ ਦੇਣੇ ਹਨ। ਉਥੇ ਕਾਲਜ ਖੋਲ੍ਹਣ ਵਾਸਤੇ, ਸਕੂਲ ਖੋਲ੍ਹਣ ਵਾਸਤੇ, ਹਸਪਤਾਲ ਬਣਉਣ ਵਾਸਤੇ ਜਾਂ ਹੋਰ ਇਸ ਤਰ੍ਹਾਂ ਦੇ ਸਾਧਨਾਂ ਵਾਸਤੇ ਸਰਕਾਰ ਮਦਦ ਕਰੇ ਇਨ੍ਹਾਂ ਕੰਮਾਂ ਵਾਸਤੇ ਇਹ ਦਫਤਰ ਉਥੇ ਲਿਜਾਣੇ ਹਨ। ਕੁਝ ਖਰੜ ਦੇ ਦਫਤਰ ਵੀ ਉਥੇ ਆ ਸਕਦੇ ਹਨ, ਹੋਰ ਜਗ੍ਹਾ ਦੇ ਦਫਤਰ ਵੀ ਉਥੇ ਆ ਸਕਦੇ ਹਨ। ਵੈਸੇ ਅਸੀਂ ਇਹ ਸਮਝਦੇ ਹਾਂ ਕਿ ਚੰਡੀਗੜ੍ਹ ਦੇ ਵਿਚ ਦਫਤਰ ਰਹਿਣੇ ਚਾਹੀਦੇ ਹਨ। ਮੁਹਾਲੀ ਵਿਚ ਸਕੂਲ ਐਜੂਕੇਸ਼ਨ ਬੋਰਡ ਹੈ ਉਥੇ ਵੀ ਲੋਕਾਂ ਨੂੰ ਜਾਣਾ ਆਉਣਾ ਪੈਂਦਾ ਹੈ ਅਸੀਂ ਤਾਂ ਉਹ ਵੀ ਮੁਸ਼ਕਲ ਸਮਝਦੇ ਹਾਂ। ਉਹ ਵੀ ਇਥੇ ਆ ਜਾਣਾ ਆਮ ਲੋਕੀਂ ਜੋ ਜ਼ਿਲ੍ਹਿਆਂ ਵਿਚੋਂ ਆਉਂਦੇ ਹਨ ਸਾਨੂੰ ਤਾਂ ਉਨ੍ਹਾਂ ਵਾਸਤੇ 17 ਸੈਕਟਰ ਜਾਣਾ ਵੀ ਔਖਾ ਹੁੰਦਾ ਹੈ। ਇਕ ਦਿਨ ਵਾਸਤੇ ਆਉਂਦੇ ਹਾਂ ਕਈ ਜਗ੍ਹਾ ਘੁੰਮਣਾ ਪੈਂਦਾ ਹੈ। ਵਾਪਸ ਵੀ ਜਾਣਾ ਹੁੰਦਾ ਹੈ ਅਸੀਂ ਤਾਂ ਕਹਿੰਦੇ ਹਾਂ ਕਿ ਹਰਿਆਣੇ ਵਾਲਿਆਂ ਨਾਲ ਫੈਸਲਾ ਕਰ ਲਓ ਉਹ ਸਾਰਾ ਛੱਡ ਜਾਏ। ਇਹ ਸੈਕਟਰੀਏਟ ਜੋ ਬਣਿਆ ਹੈ ਸਾਰੇ ਦਫਤਰ ਇਸ ਸੈਕਟਰੀਏਟ ਵਿਚ ਹੋਣ ਤਾਕਿ ਆਸਾਨੀ ਹੋਵੇ। ਚਮਨ ਲਾਲ ਹੋਰਾਂ ਨੇ ਕੋਈ ਜਾਣ ਕੇ ਇਹ ਰੈਜ਼ੋਲਿਊਸ਼ਨ ਨਹੀਂ ਲਿਆਂਦਾ। ਇਸ ਦੇ ਨਾਲ ਇਹ ਭਾਵਨਾ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਖੁਸ਼ਹਾਲ ਤੇ ਉੱਨਤ ਕੀਤਾ ਜਾਵੇ। ਜਮਹੂਰੀਅਤ ਵਿੱਚ ਲੀਡਰ ਹੀ ਕੰਮ ਕਰ ਸਕਦੇ ਹਨ ਔਰ ਲੀਡਰ ਉਹੀ ਕੰਮ ਕਰ ਸਕਦਾ ਹੈ ਜਿਹੜਾ ਕੁਝ ਕਰ ਸਕਦਾ ਹੋਵੇ। ਇਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਦੋਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਪੰਜਾਬ ਵਿਚ ਸੀ ਉਨ੍ਹਾਂ ਨੇ ਆਪਣੇ ਹੱਥ ਨਾਲ ਨੀਂਹ ਪੱਥਰ ਰਖ ਕੇ ਬਣਾਇਆ ਸੀ। ਇਹ ਸ਼ਹਿਰ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਦੇ ਨਾਮ ਤੇ ਉਨ੍ਹਾਂ ਦੀ ਯਾਦ ਵਿਚ ਬਣਾਇਆ ਗਿਆ ਹੈ। ਇਥੇ ਸਭ ਕੁਝ ਬਣਨਾ ਹੈ। ਇਥੇ ਜ਼ਿਲ੍ਹਾ ਬਣਨਾ ਹੈ, ਸਭ ਕੁਝ ਬਣਨਾ ਹੈ ਤਾਂਕਿ ਉਨ੍ਹਾਂ ਦਾ ਨਾਮ ਲੋਕਾਂ ਦੇ ਦਿਲਾਂ ਵਿਚ ਯਾਦ ਰਹੇ। ਇਥੇ ਬਹੁਤ ਵਡੀਆਂ ਇੰਡਸਟਰੀਜ਼ ਇਸ ਵੇਲੇ ਹਨ ਔਰ ਹੋਰ ਲਗ ਰਹੀਆਂ ਹਨ। ਐਸੀ ਗੱਲ ਨਹੀਂ ਹੈ। ਇਸ ਲਈ ਇਹ ਗਲ ਕਹਿਣੀ ਕਿ ਰੈਜ਼ੋਲਿਊਸ਼ਨ ਵਾਪਸ ਲੈ ਲਓ ਕੋਈ ਦਲੀਲ ਵਾਲੀ ਗੱਲ ਨਹੀਂ ਹੈ। ਦਲੀਲ ਨਾਲ ਗੱਲ ਕਰੋ ਕਿ ਆਇਆ ਸਾਹਿਬ-ਜ਼ਾਦਾ ਅਜੀਤ ਸਿੰਘ ਨਗਰ ਦੀ ਤਰੱਕੀ ਕਿਸ ਤਰ੍ਹਾਂ ਕਰਨੀ ਹੈ, ਤਰੱਕੀ ਕਿਸ ਤਰ੍ਹਾਂ ਹੋਣੀ ਚਾਹੀਦੀ ਹੈ ਲੋਕਾਂ ਨੂੰ ਹੋਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਥੇ ਸਕੂਲ ਖੋਲ੍ਹੇ ਜਾਣ, ਕਾਲਜ ਖੋਲ੍ਹੇ ਜਾਣ, ਸਾਡੀ ਇਹ ਡਿਮਾਂਡ ਹੋਣੀ ਚਾਹੀਦੀ ਹੈ ਨਾ ਕਿ ਚੰਡੀਗੜ੍ਹ ਦੇ ਦਫਤਰ ਉਥੇ ਲਿਜਾਏ ਜਾਣ। ਉਹ ਦਫਤਰਾਂ ਨਾਲ ਨਹੀਂ ਡਿਵੈਲਪ ਹੋਣਾ ਉਥੇ ਤਾਂ ਇੰਡਸਟਰੀ ਬੜੀ ਹੈ ਉਸ ਨੂੰ ਪਰਫੁੱਲਿਤ ਕਰਨਾ

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਚਾਹੀਦਾ ਹੈ। ਮੈਂ ਇਸ ਦੇ ਹੱਕ ਵਿਚ ਨਹੀਂ ਹਾਂ। ਇਹ ਮਤਾ ਉਹ ਵਿਦਡਰਾ ਕਰਨ ਜਾਂ ਨਾਂ ਉਨ੍ਹਾਂ ਦੀ ਮਰਜ਼ੀ, ਪਰ ਇਹ ਮਤਾ ਪਾਸ ਨਹੀਂ ਹੋਣਾ ਚਾਹੀਦਾ। ਇਹ ਸਾਡੇ ਹੱਕ ਦਾ ਨਹੀਂ।

ਮਾਸਟਰ ਦਲੀਪ ਚੰਦ (ਬਲਾਚੌਰ) : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਮੇਰੇ ਵੀਰ ਸ੍ਰੀ ਚਮਨ ਲਾਲ ਨੇ ਪੇਸ਼ ਕੀਤਾ ਹੈ ਦਫਤਰਾਂ ਨੂੰ ਚੰਡੀਗੜ੍ਹ ਲਿਜਾਣ ਲਈ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਫਾਇਦੇ ਵਾਲੀ ਗੱਲ ਨਹੀਂ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਾਡੇ ਪੰਜਾਬ ਦਾ ਅੱਛਾ ਸ਼ਹਿਰ ਹੈ। ਇਸ ਦੀ ਤਰੱਕੀ ਵਾਸਤੇ ਸਾਡੀ ਸਰਕਾਰ ਨੂੰ ਹੋਰ ਤਰੱਕੀ ਦੇ ਸਾਧਨ ਜੁਟਾਉਣੇ ਚਾਹੀਦੇ ਹਨ। ਜਿਸ ਤਰ੍ਹਾਂ ਕੇ.ਪੀ. ਸਾਹਿਬ ਨੇ ਦੱਸਿਆ ਹੈ ਕਿ ਉਥੇ ਜਿਹੜਾ ਐਜੂਕੇਸ਼ਨ ਬੋਰਡ ਗਿਆ ਹੈ ਉਸ ਦੀ ਬੜੀ ਤਕਲੀਫ਼ ਹੁੰਦੀ ਹੈ। ਅਗਰ ਬਾਕੀ ਦਫਤਰ ਚਲੇ ਗਏ ਤਾਂ ਹੋਰ ਤਕਲੀਫ਼ ਵੱਧ ਜਾਣੀ ਹੈ। ਉਥੇ ਕੇਂਦੀ ਕੈਨਾਲ ਦਾ ਦਫਤਰ ਚਲਾ ਗਿਆ ਅਸੀਂ ਜਦੋਂ ਬੱਸ ਤੇ ਆਉਂਦੇ ਹਾਂ ਤਾਂ ਸਾਨੂੰ ਉਥੇ ਉਸ ਦੇ ਲਈ ਉਤਰਨਾ ਔਖਾ ਹੋ ਜਾਂਦਾ ਹੈ। ਕਿਉਂਕਿ ਹੁਣ ਉਤਰੀਏ ਫਿਰ ਪਤਾ ਕਰਕੇ ਬੱਸ ਲਈਏ, ਇਕ ਸਮਾਂ ਬਰਬਾਦ ਹੁੰਦਾ ਹੈ ਦੂਸਰੇ ਤਕਲੀਫ਼ ਹੁੰਦੀ ਹੈ। ਜਿਹੜੇ ਪਹਿਲੇ ਦਫਤਰ ਉਥੇ ਗਏ ਹੋਏ ਹਨ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਵਾਪਸ ਇਥੇ ਲਿਆਉਣਾ ਚਾਹੀਦਾ ਹੈ। ਅੱਜ ਹਾਊਸ ਦੇ ਮੈਂਬਰ ਸਾਹਿਬਾਨ ਕੋਲ ਕੋਈ ਕੰਮ ਨਹੀਂ ਸੀ, ਵਿਹਲੇ ਸੀ, ਇਸ ਲਈ ਇਹ ਮਤਾ ਲੈ ਕੇ ਬੈਠ ਗਏ ਔਰ ਸ੍ਰੀ ਚਮਨ ਲਾਲ ਨੇ ਵੀ ਇਹੀ ਸੋਚਿਆ ਕਿ ਚਲੋ ਰੈਜ਼ੋਲਿਊਸ਼ਨ ਦੀ ਪ੍ਰੈਕਟਿਸ ਹੀ ਹੋ ਜਾਏਗੀ। ਮੈਂ ਇਸ ਬਾਰੇ ਇਕ ਮਿਸਾਲ ਦਿੰਦਾ ਹਾਂ ਕਿ ਇਕ ਪਿੰਡ ਵਿਚ ਇਕ ਬੁਢੀ ਸਵੇਰੇ 4 ਵਜੇ ਉਠ ਕੇ ਰੋਣ ਲਗ ਪਈ ਅਤੇ ਦੋ ਹੱਥੜੀਆਂ ਮਾਰਨ ਲੱਗ ਪਈ। ਨਾਲ ਦੀਆਂ ਗੁਵਾਂਢਣਾਂ ਨੇ ਜਦੋਂ ਰੌਲਾ ਸੁਣਿਆ ਉਹ ਵੀ ਉਠ ਕੇ ਆ ਗਈਆਂ ਅਤੇ ਬੁੱਢੀ ਨੂੰ ਰੋਂਦਾ ਵੇਖ ਕੇ ਰੋਣ ਲੱਗ ਪਈਆਂ।

ਇਕ ਆਵਾਜ਼ : ਡਿਪਟੀ ਸਪੀਕਰ ਸਾਹਿਬ, ਜਿਹੜੇ ਮੈਂਬਰ ਸਾਹਿਬਾਨ ਬੋਲ ਰਹੇ ਹਨ ਇਹ ਮਤਾ ਉਨਾਂ ਵਲੋਂ ਵੀ ਹੈ।)

ਮਾਸਟਰ ਦਲੀਪ ਚੰਦ : ਡਿਪਟੀ ਸਪੀਕਰ ਸਾਹਿਬ ਕਿਸੇ ਨੇ ਨਹੀਂ ਪੁੱਛਿਆ ਕਿ ਕੀ ਗੱਲ ਹੈ। ਇਕ ਸਿਆਣੀ ਬੁੱਢੀ ਸੀ। ਉਸ ਨੇ ਪੁਛਿਆ ਕਿ ਕੀ ਗੱਲ ਹੈ ਪਰ ਉਹ ਬੁੱਢੀ ਰੋਈ ਗਈ ਅਤੇ ਚੁੱਪ ਨਹੀਂ ਕੀਤੀ। ਇਸ ਤਰ੍ਹਾਂ ਦੋ ਘੰਟੇ ਸਾਰਿਆਂ ਦੇ ਰੋਂਦੇ ਗੁਜ਼ਰ ਗਏ ਅਤੇ ਉਸ ਸਿਆਣੀ ਬੁੱਢੀ ਨੇ ਸੋਚਿਆ ਕਿ ਕੋਈ ਰਿਸ਼ਤੇਦਾਰ ਗੁਜ਼ਰ ਗਿਆ ਹੋਣਾ ਹੈ ਇਸ ਲਈ ਰੋਈ ਜਾਂਦੀ ਹੈ ਇਸ ਲਈ ਕਿਹਾ ਕਿ ਮਾਈ ਹੁਣ ਤਾਂ ਰਬ ਦਾ ਭਾਣਾ ਮੰਨਣਾ ਪਏਗਾ ਚਲੋ ਜੋ ਕੁਦਰਤ ਨੇ ਕੀਤਾ ਸੋ ਕੀਤਾ ਹੁਣ ਸਾਡੇ ਰੋਣ ਨਾਲ ਕੁਝ ਨਹੀਂ ਬਣਨਾ ਤੇ ਹੁਣ ਤੂੰ ਸਾਨੂੰ ਦੱਸ ਕਿ ਗਲ ਕੀ ਹੈ। ਬੁੱਢੀ ਕਹਿਣ ਲਗੀ ਕਿ ਅੱਜ ਮੈਂ ਵਿਹਲੀ ਸੀ ਮੈਂ ਕਿਹਾ ਕਿ ਚਲੋ ਇਸ ਤਰ੍ਹਾਂ ਸਮਾਂ ਪਾਸ ਕਰ ਲਵੋ (ਵਿਘਨ) ਇਸੇ ਤਰ੍ਹਾਂ ਹੀ ਚਮਨ ਲਾਲ ਜੀ ਨੇ ਸੋਚਿਆ ਇਕ ਇਸੇ ਤਰ੍ਹਾਂ ਹੀ ਪ੍ਰੈਕਟਿਸ ਕਰ ਲਵੋ।

ਸ੍ਰੀ ਚਮਨ ਲਾਲ ਡਿਪਟੀ ਸਪੀਕਰ ਸਾਹਿਬ, ਮੇਰੀ ਸਮਝ ਨਹੀਂ ਆਉਂਦੀ ਇਹ ਮੇਰੇ ਵੀਰ ਕੀ ਕਰੀ ਜਾਂਦੇ ਹਨ। ਇਹ ਸਾਰੇ ਮੱਤੇ ਦੇ ਨਾਲ ਸਾਂਝੇ ਸਨ। ਮੈਂ ਤਾਂ ਇਹ ਇਸ ਲਈ ਲਿਆਂਦਾ ਹੈ ਕਿ ਇਕ ਕਰੋੜ ਰੁਪਏ ਦਾ ਫਰਕ ਪੈਂਦਾ ਹੈ ਕਿਰਾਇਆਂ ਦਾ। (ਵਿਘਨ) ਮਾਸਟਰ ਜੀ ਵੀ ਤ ਮੇਰੇ ਨਾਲ ਹੀ ਸਨ।

ਕਾਮਰੇਡ ਕੁਲਵੰਤ ਸਿੰਘ : ਮਾਸਟਰ ਜੀ ਨੇ ਤਾਂ ਗਲ ਮੰਨ ਲਈ ਹੈ ਕਿ ਮਤਾ ਗਲਤ ਸੀ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਬਹੁਤ ਸਮਾਂ ਗੁਜ਼ਰ ਗਿਆ ਸੀ ਔਰ ਅੱਜ ਵਿਸਰੀ ਗੱਲ ਚੇਤੇ ਆ ਗਈ ਹੁਣ ਉਸ ਦੇ ਭਤੀਜੇ ਉਹੀ ਗੱਲ ਕਰਨ ਲਈ ਆ ਗਏ।

ਅੱਜ ਦਾ ਮਤਾ ਵੇਖ ਕੇ ** ** ਯਾਦ ਆ ਗਏ ਅਤੇ ਉਸ ਦੇ ਭਤੀਜੇ ਇਸ ਮਤੇ ਨੂੰ ਲੈ ਗਏ ਹਨ। ਪਹਿਲਾਂ ** ** ਨੂੰ ਪੰਜਾਬ ਦਾ ਕੀਰਤਨ ਸੋਹਲਾ ਪੜ੍ਹਿਆ ਸੀ।

ਸ੍ਰੀ ਚਮਨ ਲਾਲ ਡਿਪਟੀ ਸਪੀਕਰ ਸਾਹਿਬ, ਮੇਰੀ ਐਸੀ ਕੋਈ ਭਾਵਨਾ ਨਹੀਂ ਸੀ, ਚੰਡੀਗੜ੍ਹ ਬਾਰੇ ਜਿਸ ਤਰ੍ਹਾਂ ਇਹ ਕਹਿ ਰਹੇ ਹਨ। (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੇਰੇ ਸਾਹਮਣ ਬੈਠੇ ਭਰਾਵਾਂ ਨੂੰ ਸੁਣ ਕੇ ਕੁਝ ਖੁਸ਼ੀ ਵੀ ਹੁੰਦੀ ਹੈ ਅਤੇ ਥੋੜ੍ਹਾ ਜਿਹਾ ਅਫਸੋਸ ਵੀ ਹੁੰਦਾ ਹੈ। ਖੁਸ਼ੀ ਇਸ ਗੱਲ ਦੀ ਹੈ ਕਿ ਇਹ ਅੱਜ ਇਕਸੁਰ ਵਿਚ ਬੋਲ ਰਹੇ ਹਨ ਅਤੇ ਅਫਸੋਸ ਇਸ ਗੱਲ ਦਾ ਹੈ ਕਿ ਮਾਂ ਨਾਲੋਂ ਹੇਜਲੀ ਫਫੇ ਕੁੱਟਣੀ। ਇਹ ਕਹਿੰਦੇ ਹਨ ਕਿ ਅਸੀਂ ਖੂਨ ਵਹਾ ਦਿਆਂਗੇ। ਇਨ੍ਹਾਂ ਦੀ ਇਸ ਗਲ ਤੇ ਮੈਨੂੰ ਹਾਸਾ ਆਉਂਦਾ ਹੈ। ਇਹ ਇਸ ਤਰਾਂ ਕਰਦੇ ਹਨ ਜਿਵੇਂ ਸੱਟੇ ਬਾਜ਼ਾਰ ਵਿਚ ਹੁੰਦਾ ਹੈ ਅਰ ਬੜੇ ਨਖਰੇ ਨਾਲ ਗਲ ਕਰਦੇ ਹਨ ਜਾਂ ਜਿਵੇਂ ਪਿੰਡਾਂ ਵਿਚ ਸੱਥ ਦੇ ਖੁੰਡ ਤੇ ਬੈਠ ਕੇ ਗੱਲ ਕਰਦੇ ਹਨ। ਇਹ ਮਤਾ ਤਾਂ * * ਦੇ ਭਤੀਜੇ ਨੇ ਲਿਆਂਦਾ ਹੈ ਔਰ ਇਥੇ ਟਾਈਮ ਪਾਸ ਕਰਨਾ ਹੈ (ਵਿਘਨ)

ਇਕ ਆਵਾਜ਼ : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਹਾਜ਼ਰ ਨਹੀ ਇਸ ਲਈ ਇਹ ਤਾਂ ਐਕਸਪੰਜ ਹੋਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ਐਕਸਪੰਜ ਕੀਤਾ ਜਾਂਦਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ: ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਖੂਨ ਵਹਾਉਣਾ ਹੈ ਮੈਂ ਕਹਿੰਦਾ ਹਾਂ ਕਿ ਖੂਨ ਵਹਾਉਣ ਦੀ ਕੋਈ ਲੋੜ ਨਹੀਂ। ਖੂਨ ਤਾਂ ਉਥੇ ਵਹਾਉਣਾ ਹੁੰਦਾ ਹੈ ਜੇ ਇਥੇ ਕੋਈ ਹੋਰ ਹੋਵੇ ਅਤੇ ਉਪਰ ਕੋਈ ਹੋਰ ਹੋਵੇ। ਮੈਂ ਕਹਿੰਦਾ ਹਾਂ ਕਿ ਉਪਰ ਸ੍ਰੀਮਤੀ ਇੰਦਰਾ ਗਾਂਧੀ ਜੀ ਬੈਠੇ ਹਨ ਉਨ੍ਹਾਂ ਨੂੰ ਮਿਨਤ ਕਰੋ ਅਤੇ ਚੰਡੀਗੜ੍ਹ ਲੈ ਆਵੋ। ਤੁਹਾਡੇ ਕੋਲ ਇਤਨਾ ਕਿੰਨਾ ਕੁ ਖੂਨ ਵਾਧੂ ਆ ਗਿਆ ਜਿਹੜਾ ਬਿਨਾਂ ਮਤਲਬ ਦੇ ਵਹਾਉਣ ਲਈ ਤਿਆਰ ਹੋ ਗਏ। ਮੈਂ ਕਹਿੰਦਾ ਹਾਂ ਕਿ ਦਫਤਰ ਉਥੇ ਲਿਜਾਣ ਦੀ ਬਜਾਏ ਇਕ ਥਾਂ ਤੇ ਲੈ ਆਵੋ। ਮੈਂ ਕਹਿੰਦਾ ਹਾਂ ਕਿ ਅਗਰ ਬੀਬੀ ਜੀ ਦੀ ਮਿਨਤ ਕਰ ਲਵੋ ਤਾਂ ਸਾਰਾ ਕੰਮ ਹੋ ਜਾਏਗਾ। ਮੁਹਾਲੀ ਵਿਚ ਦਫਤਰ ਲਿਜਾਣਾ ਸਾਡਾ ਚੰਡੀਗੜ੍ਹ ਦਾ ਕਲੇਮ ਕਮਜ਼ੋਰ ਕਰਨਾ ਹੈ। ਮੈਂ ਗਿਆਨੀ ਜੀ ਦਾ ਧੰਨਵਾਦ ਕੀਤੇ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਉਨ੍ਹਾਂ ਨੇ ਮੁਹਾਲੀ ਦਾ ਨਾਂ ਤਬਦੀਲ ਕਰਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰਖ ਦਿੱਤਾ ਹੈ (ਵਿਘਨ) ਸਚਾਈ ਨੂੰ ਸਚਾਈ ਕਹਿਣਾ ਪੈਂਦਾ ਹੈ ਔਰ ਚੰਗੀ ਗੱਲ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਉਧਰ ਸਪਰਿੰਗ ਲਗੇ ਹੋਏ ਹਨ ਇਸ ਲਈ ਬੁੜ੍ਹਕਦੇ ਹਨ।

ਡਿਪਟੀ ਸਪੀਕਰ ਸਾਹਿਬ, ਚੰਗੀ ਗੱਲ ਆਖੀ ਹੈ। ਗਿਆਨੀ ਜ਼ੈਲ ਸਿੰਘ ਦਾ ਨਾਂ ਲਿਆ ਹੈ, ਕੋਈ ਮਾੜੀ ਗੱਲ ਨਹੀਂ ਆਖੀ ਹੈ। ਇਹ ਉਹ ਵੀ ਸੁਣਨ ਨੂੰ ਤਿਆਰ ਨਹੀਂ। ਅਗਰ ਇਮਾਨਦਾਰੀ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਸਰਕਾਰ ਵਸਾਉਣਾ ਚਾਹੁੰਦੀ

**Expunged as ordered by the Chair.

[ਸਰਦਾਰ ਗੁਰਦੇਵ ਸਿੰਘ ਬਾਦਲ]

ਹੈ ਤਾਂ ਫਿਰ ਮੈਂ ਸਮਝਦਾ ਹਾਂ ਕਿ ਜਿਵੇਂ ਚੰਡੀਗੜ੍ਹ ਵਿਚ ਵਸਾਉਣ ਵੇਲੇ ਸਰਕਾਰ ਨੇ ਲੋਕਾਂ ਨੂੰ ਪੈਸੇ ਦਿੱਤੇ ਅਤੇ ਉਨ੍ਹਾਂ ਨੂੰ ਪ੍ਰੇਰਣਾ ਦਿੱਤੀ ਉਸੇ ਤਰ੍ਹਾਂ ਉਥੇ ਵੀ ਲੋਕਾਂ ਨੂੰ ਪੈਸੇ ਸਰਕਾਰ ਦੇਵੇ ਤਾਂ ਕਿ ਉਹ ਆਪਣੇ ਮਕਾਨ ਅਤੇ ਦੁਕਾਨ ਪਾਕੇ ਵਸ ਸਕਣ ਔਰ ਇਹ ਸ਼ਹਿਰ ਜਿਸ ਦਾ ਨਾਂ ਗਿਆਨੀ ਜ਼ੈਲ ਸਿੰਘ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰਖਿਆ ਹੈ, ਉਹ ਵੱਧ ਫੁੱਲ ਸਕੇ । ਡਿਪਟੀ ਸਪੀਕਰ ਸਾਹਿਬ, ਇਹ ਔਖੇ ਹੋਈ ਜਾਂਦੇ ਹਨ ਕਿ ਇਸ ਦਾ ਇਹ ਨਾਂ ਕਿਉਂ ਰਖਿਆ ਹੈ । (ਵਿਘਨ) ਪਤਾ ਨਹੀਂ ਇਹ ਰੇਉੜੀਆਂ ਅਤੇ ਪਾਪੜ ਕਰਾਰੇ ਵੇਚਣ ਵਾਲੇ ਕਿਵੇਂ ਇਥੇ ਲੋਕਾਂ ਨੇ ਭੇਜ ਦਿਤੇ ਹਨ। ਇਹੋ ਜਿਹੇ ਕਬਾੜੀਏ ਦਾ ਮਾਲ ਅੱਜ ਤਕ ਇਥੇ ਨਹੀਂ ਆਇਆ । ਮੈਂ ਸਭ ਤੋਂ ਪੁਰਾਣਾ ਮੈਂਬਰ ਹਾਂ ।

ਸਰਦਾਰ ਪ੍ਰਿਥੀਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਉਥੇ ਫੋਕਲ ਪੁਆਇੰਟ ਵੀ ਹੈ । ਇੰਡਸਟਰੀ ਵੀ ਲੱਗ ਰਹੀ ਹੈ । ਇਹ ਐਵੇਂ ਗੱਲਾਂ ਕਰੀ ਜਾਂਦੇ ਹਨ ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਲੋਕ ਬੱਸ ਸਟੈਂਡ ਉਤਰ ਕੇ ਇਥੇ ਅਸੈਂਬਲੀ ਆਉਂਦੇ ਹਾਂ ਤਾਂ ਸਕੂਟਰ ਵਾਲੇ ਚਾਰ ਤੋਂ ਪੰਜ ਰੁਪਏ ਤਕ ਲੈ ਲੈਂਦੇ ਹਨ । ਇਸ ਲਈ ਜੇ ਲੋਕ ਇਥੇ ਆਪਣੇ ਕੰਮ ਕਰਾਉਣ ਆਉਣਗੇ ਅਤੇ ਉਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਾਣਾ ਪਿਆ ਤਾਂ ਫਿਰ ਉਨ੍ਹਾਂ ਦਾ ਕੀ ਹਾਲ ਹੋਵੇਗਾ । ਇਸ ਰੈਜ਼ੋਲਿਊਸ਼ਨ ਦੀ ਆੜ ਵਿੱ ਡਿਪਟੀ ਸਪੀਕਰ ਸਾਹਿਬ, ਬੜੇ ਘਪਲੇ ਹੋਣੇ ਹਨ ।

ਸ੍ਰੀ ਚਮਨ ਲਾਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਬਸ ਸਟੈਂਡ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਾਣ ਲਈ ਬਸ ਦਾ 1 ਰੁਪਿਆ ਕਿਰਾਇਆ ਲਗਦਾ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਚੰਗੇ ਵਾਤਾਵਰਣ ਵਿਚ ਚੰਗੀ ਗੱਲ ਕਹੀ ਜਾਵੇ । ਮੈਂ ਕਹਿ ਰਿਹਾ ਸੀ ਕਿ 4 ਰੁਪਏ ਬੱਸ ਸਟੈਂਡ ਤੋਂ ਇਥੇ ਆਉਣ ਤੇ ਸਕੂਟਰ ਵਾਲੇ ਲੈਂਦੇ ਹਨ । ਇਹ ਵਿਚਾਰੇ ਕਦੇ ਬੱਸ ਤੇ ਆਏ ਹੋਣ ਤਾਂ ਇਨ੍ਹਾਂ ਨੂੰ ਪਤਾ ਹੋਵੇ । ਇਹ ਕਾਰਾਂ ਤੇ ਆਉਂਦੇ ਹਨ । ਮੁਰਗੇ ਛੱਕਣ ਨੂੰ ਆਮ ਇਨ੍ਹਾਂ ਨੂੰ ਮਿਲਦੇ ਹਨ । ਵਿਸਕੀਆਂ ਪੀਣ ਨੂੰ ਮਿਲਦੀਆਂ ਹਨ ਅਤੇ ਫਿਰ ਰਾਤ ਨੂੰ ਇਹ ਸ਼ੁਗਲ ਮੇਲੇ ਕਰਦੇ ਹਨ । ਇਹ ਚਾਹੁੰਦੇ ਹਨ ਕਿ ਚੰਡੀਗੜ੍ਹ ਦੀਆਂ ਕੋਠੀਆਂ ਇਸ ਤਰ੍ਹਾਂ ਖਾਲ੍ਹੀ ਹੋ ਜਾਣ ਤਾਂ ਜੋ ਰਾਤ ਨੂੰ 5 ਵਜੇ ਤੋਂ ਬਾਅਦ ਇਹ ਸ਼ੁਗਲ ਮੇਲੇ ਉਥੇ ਕਰੀ ਜਾਣ । ਜਿਹੜੀਆਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਇਨ੍ਹਾਂ ਦੀਆਂ ਕੋਠੀਆਂ ਹਨ ਉਹ ਇਸ ਤਰ੍ਹਾਂ ਕਿਰਾਇਆਂ ਤੇ ਦੇਣ ਨਾਗਰਿਕਾਂ ਅਤੇ ਦੁਕਾਨਦਾਰਾਂ ਦੀਆਂ ਖਾਲ੍ਹੀ ਕਰਵਾ ਕੇ ਇਹ ਪੁੱਠੇ ਕੰਮ ਕਰਨਗੇ । ਡਿਪਟੀ ਸਪੀਕਰ ਸਾਹਿਬ, ਤੁਸੀਂ ਕਿਸੇ ਮੈਂਬਰ ਨੂੰ ਪੁਛ ਲਓ । ਜੇ ਕਿਸੇ ਨੂੰ ਜਲਦੀ ਜਲਦੀ ਐਮ. ਐਲ. ਏ. ਹੋਸਟਲ ਤੋਂ ਅਸੈਂਬਲੀ ਜਾਂ ਸਕੱਤਰੇਤ ਆਉਣਾ ਹੋਵੇ ਤਾਂ ਸਕੂਟਰ ਵਾਲੇ ਦੋ ਰੁਪਏ ਤੋਂ ਘੱਟ ਨਹੀਂ ਲੈਂਦੇ । ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਕਲ੍ਹ ਮੈਂ ਸਕੱਤਰੇਤ ਕਿਸੇ ਕੰਮ ਆਉਣਾ ਸੀ ਤਾਂ ਮੇਰੇ ਕੋਲੋਂ ਥਰੀਵੀਲਰ ਵਾਲੇ ਨੇ ਦੋ ਰੁਪਏ ਲੈ ਲਏ । ਇਸ ਲਈ ਜੇ ਕਿਸੇ ਨੇ ਆਪਣਾ ਕੰਮ ਕਰਾਉਣ ਲਈ ਇਥੋਂ ਮੁਹਾਲੀ ਜਾਣਾ ਹੋਇਆ ਫਿਰ ਤਾਂ ਉਹ ਸੌ ਦਾ ਨੋਟ ਵਾਧੂ ਲੈ ਕੇ ਆਵੇ ਨਹੀਂ ਤਾਂ ਫਿਰ ਭਾੜਾ ਕਿਸੇ ਕੋਲੋਂ ਫੜ ਕੇ ਹੀ ਘਰ ਵਾਪਸ ਜਾ ਸਕਦਾ ਹੈ ਜੇ ਇਨ੍ਹਾਂ ਦੀ ਚੰਡੀਗੜ੍ਹ ਨਾਲ ਹਮਦਰਦੀ ਹੈ ਤਾਂ ਰੈਜ਼ੋਲਿਊਸ਼ਨ ਲਿਆਉਣ । ਅਸੈਂਬਲੀ ਦੀ ਹੱਦ ਦੇ ਨਾਲ ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਹੱਦ ਵਿਚ ਕਾਂਸਲ ਪਿੰਡ ਹੈ । ਇਥੇ ਹਰੀਜਨਾਂ ਨੂੰ

ਕਾਂਗਰਸੀਆਂ ਨੇ ਪਲਾਟ ਦਿੱਤੇ ਸਨ। ਉਨ੍ਹਾਂ ਨੇ ਕੋਈ ਪਧਰੀ ਥਾਂ ਤੇ ਨਹੀਂ ਦਿੱਤੇ । ਸਾਡੀ ਸ਼ਡਿਊਲਡ ਕਾਸਟਸ ਦੀ ਕਮੇਟੀ ਇਹ ਵੇਖਣ ਵਾਸਤੇ ਗਈ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਉਨ੍ਹਾਂ ਨੂੰ ਪਲਾਟ ਪੱਧਰੀ ਥਾਂ ਤੇ ਨਹੀਂ ਦਿੱਤੇ ਗਏ। ਅਜਿਹੀ ਥਾਂ ਤੇ ਦਿੱਤੇ ਗਏ ਹਨ ਜਿਸ ਨੂੰ ਜੇ ਕਾਂਸਲ ਦੇ ਪਿੰਡ ਵਾਲੇ ਪੰਜ ਸਾਲ ਵੀ ਭਰਨ ਲਗ ਜਾਣ ਤਾਂ ਵੀ ਨਹੀਂ ਭਰ ਸਕਦੇ। ਇਕ ਛੱਪੜ ਵਿਚ ਇਹ ਪਲਾਟ ਦਿੱਤੇ ਹਨ। ਤੁਸੀਂ ਵੀ ਇਸ ਸ਼ਰੇਣੀ ਨਾਲ ਸਬੰਧ ਰਖਦੇ ਹੋ। ਅਸੈਂਬਲੀ ਦੀ ਪਹਿਲੀ ਕੰਧ ਲੰਘ ਜਾਈਏ ਤਾਂ ਇਸ ਦੇ ਨਾਲ ਪੰਜਾਬ ਦੀ ਜ਼ਮੀਨ ਆ ਜਾਂਦੀ ਹੈ ਇਥੇ ਪੰਜਾਬ ਦੇ ਦਫਤਰ ਬਣਾਏ ਜਾਣ। ਐਮ. ਐਲ. ਏਜ਼ ਦੇ ਰਹਿਣ ਵਾਸਤੇ ਮਕਾਨ ਬਣਾਏ ਜਾਣ। ਬੇਸ਼ਕ ਕੋਈ ਸਰਾਂ ਬਣਾ ਲਈ ਜਾਵੇ। ਇਥੋਂ ਹੀ ਲੋਕ ਆਪਣੇ ਕੰਮ ਕਰਵਾ ਕੇ ਆਪਣੇ ਘਰੀਂ ਵਾਪਸ ਜਾ ਸਕਣ। ਅਸਲ ਵਿਚ ਇਹ ਚੰਡੀਗੜ੍ਹ ਨਾਲ ਧ੍ਰੋਹ ਕਰਨਾ ਚਾਹੁੰਦੇ ਹਨ। ਇਹ ਕਹਿੰਦੇ ਹਨ ਕਿ ਚੰਡੀਗੜ੍ਹ ਦੀ ਇੰਚ ਇੰਚ ਧਰਤੀ ਪੰਜਾਬ ਦੀ ਹੈ। ਡਿਪਟੀ ਸਪੀਕਰ ਸਾਹਿਬ, 35 ਸੈਕਟਰ ਵਿਚ ਮਾਰਕਫੈਡ ਦਾ ਗੈਸਟ ਹਾਊਸ ਹੈ। ਇਹ ਉਥੇ ਸ਼ੁਗਲ ਮੇਲੇ ਮਾਣਦੇ ਹਨ। ਮੈਂ ਕਹਿੰਦਾ ਹਾਂ ਕਿ ਚੰਡੀਗੜ੍ਹ ਦੀ ਰੂਪਰੇਖਾ ਇਨ੍ਹਾਂ ਨੂੰ ਬਦਲਣੀ ਚਾਹੀਦੀ ਹੈ। ਇਸਦੇ ਵੱਧਣ ਫੁਲਣ ਵਿਚ ਵਿਘਨ ਪਾਉਣ ਵਾਸਤੇ ਗੁਲਜ਼ਾਰੀ ਲਾਲ ਨੰਦਾ ਦੀ ਰੂਹ ਇਨ੍ਹਾਂ ਲੋਕਾਂ ਨੇ ਚਮਨ ਲਾਲ ਵਿਚ ਲਿਆਂਦੀ ਇਸ ਕਰਕੇ ਮੈਂ ਫਿਰ ਤੁਹਾਡੇ ਰਾਹੀਂ ਇਹ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ ਕਿ ਇਹ ਦਫਤਰ ਚੰਡੀਗੜ੍ਹ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲੈ ਜਾਣ ਦੀ ਲੋੜ ਨਹੀਂ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਥੋਂ ਦੇ ਮੁੱਖ ਮੰਤਰੀ ਸਾਹਿਬ ਸਾਰਿਆਂ ਨੂੰ ਨਾਲ ਲੈ ਕੇ ਬੀਬੀ ਇੰਦਰਾ ਗਾਂਧੀ ਨੂੰ ਬੇਨਤੀ ਕਰਨ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਸਕੱਤਰੇਤ ਵਿਚੋਂ ਹਰਿਆਣੇ ਵਾਲਿਆਂ ਨੂੰ ਉਠਾਇਆ ਜਾਵੇ। ਹਰਿਆਣੇ ਵਾਲੇ ਭਰਾਵਾਂ ਨੂੰ ਹੋਰ ਕਿਧਰੇ ਲੈ ਜਾਣ। ਇਹ ਕੋਈ ਲੰਮੀ ਚੌੜੀ ਗੱਲ ਤਾਂ ਹੈ ਨਹੀਂ। ਇਸ ਤਰ੍ਹਾਂ ਇਹ ਗੱਲ ਮੁੱਕ ਜਾਵੇਗੀ। ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਬਾਬਾ ਅਜੀਤ ਸਿੰਘ ਜੀ ਨਾਲ ਚਮਨ ਲਾਲ ਜੀ ਨੂੰ ਥੋੜਾ ਬਹੁਤ ਹਿੱਤ ਹੈ ਤਾਂ ਇਹ ਕੰਮ ਕਰਾਉਣ। ਪਰ ਇਨ੍ਹਾਂ ਨੂੰ ਤਾਂ ਉਪਰੋਂ ਹੀ ਉਪਰੋਂ ਹਿੱਤ ਹੈ ਅਸੀਂ ਹੁਣੇ ਆਗਰਾ ਗਏ ਸੀ। ਉਥੇ ਇਕ ਸਪੈਸ਼ਲ ਮੇਲ ਤਾਜ ਐਕਸਪ੍ਰੈਸ ਉਨ੍ਹਾਂ ਦੇ ਨਾਂ ਤੇ ਚਾਲੂ ਹੈ ਜਿਹੜੇ ਸਾਡੀਆਂ ਧੀਆਂ ਭੈਣਾਂ ਨੂੰ ਚੁੱਕ ਕੇ ਲੈ ਜਾਂਦੇ ਸਨ। ਗੁਰੂ ਤੇਗ ਬਹਾਦਰ ਜੋ ਕਿ ਨਾ ਜੰਞੂ ਪਾਉਂਦੇ ਸਨ ਅਤੇ ਨਾ ਹੀ ਤਿਲਕ ਲਾਉਂਦੇ ਸਨ ਉਨ੍ਹਾਂ ਨੇ ਹਿੰਦੂ ਧਰਮ ਦੀ ਰਖਸ਼ਾ ਕੀਤੀ ਸੀ। ਡਿਪਟੀ ਸਪੀਕਰ ਸਾਹਿਬ, ਨੌਵੇਂ ਪਾਤਸ਼ਾਹ ਦੇ ਨਾਮ ਤੇ ਕੋਈ ਮੇਲ ਦਾ ਨਾਮ ਨਹੀਂ ਰਖਿਆ ਜਾ ਸਕਦਾ, ਜਿਨ੍ਹਾਂ ਨੇ ਹਿੰਦੁਸਤਾਨ ਦੀ ਖਾਤਰ ਆਪ ਜਾਕੇ ਚਾਂਦਨੀ ਚੌਕ ਵਿਚ ਆਪਣਾ ਸੀਸ ਕਟਵਾਇਆ ਸੀ, ਉਨ੍ਹਾਂ ਦੇ ਨਾਮ ਤੇ ਤਾਂ ਥੋੜ੍ਹੀ ਜਿਹੀ ਥਾਂ ਵੀ ਨਹੀਂ ਦਿੱਤੀ ਜਾ ਸਕਦੀ। ਜਿਹੜੀ ਉਥੇ ਕੋਤਵਾਲੀ ਦੀ ਥਾਂ ਹੈ, ਉਸ ਵਿਚੋਂ ਥਾਂ ਇਹ ਦੇਣ ਨੂੰ ਤਿਆਰ ਨਹੀਂ ਹਨ, ਇਤਨੀ ਤੰਗ ਦਿਲੀ ਇਨ੍ਹਾਂ ਵਿੱਚ ਹੈ। ਤਾਜ ਮੇਲ ਤਾਂ ਹੋ ਸਕਦੀ ਹੈ ਕਿਉਂਕਿ ਉਹ ਲੋਕ ਹਿੰਦੂਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਕਾਇਮ ਨਹੀਂ ਸਨ ਰਖਦੇ। ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਬੇਨਤੀ ਤਾਂ ਨਹੀਂ ਕਰਦਾ ਪਰ ਇਹ ਕਹਿੰਦਾ ਹਾਂ ਕਿ ਇਹ ਚੁੱਪ ਚੁਪੀਤੇ ਵਾਪਸ ਲੈ ਲੈਣ ਨਹੀਂ ਤਾਂ ਵੋਟਾਂ ਪੈਣਗੀਆਂ।

ਸਰਦਾਰ ਪ੍ਰਿਥੀਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਨੌਵੇਂ ਪਾਤਸ਼ਾਹ ਦੀ ਗੱਲ ਕਰਦੇ ਹਨ, ਉਹ ਤਾਂ ਹਿੰਦੁਸਤਾਨ ਦੀ ਚਾਦਰ ਸਨ। ਇਹ ਚੰਡੀਗੜ੍ਹ ਦੀ ਗੱਲ ਕਰਦੇ ਹਨ ਇਨ੍ਹਾਂ ਨੇ ਤਾਂ ਚੰਡੀਗੜ੍ਹ

[ਸਰਦਾਰ ਪ੍ਰਿਥੀਪਾਲ ਸਿੰਘ]

ਨੂੰ ਫਾਜਿਲਕਾ ਅਤੇ ਅਬੋਹਰ ਦੇ ਕੇ ਲੈਣਾ ਹੈ, ਅਸੀਂ ਇਨ੍ਹਾਂ ਨੂੰ ਚੰਡੀਗੜ੍ਹ ਉਂਝ ਹੀ ਲੈ ਕੇ ਦੇਵਾਂਗੇ (ਥੈਪਿੰਗ)

ਸ੍ਰੀ ਗੁਰਦਿਆਲ ਸੈਣੀ (ਜਲੰਧਰ ਦੱਖਣੀ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਤੋਂ ਪੰਜਾਬੀ ਸੂਬਾ ਬਣਿਆ ਹੈ ਉਸ ਵੇਲੇ ਤੋਂ ਇਹ ਮੇਰੇ ਵੀਰ (ਵਿਰੋਧੀ ਧਿਰ ਵੱਲ ਇਸ਼ਾਰਾ) ਨੇ ਬੜਾ ਜ਼ੋਰ ਲਗਾਇਆ ਹੈ।

Mr. Deputy Speaker : The House stands adjourned till 9.00 A.M. on Friday, the 30th January, 1981.

7.00 P.M. (The Sabha then *adjourned till 9.00 A.M. on Friday, the 30th January, 1981).

1954—18-5-81—325— ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

30th January, 1981

VOL. II-NO. 9

OFFICIAL REPORT

CONTENTS

Friday, the 30th January, 1981

PUNJAB VIDHAN SABHA SECRETARIAT, CHANDIGARH

Price: 64-45

PUNJAB VIDHAN SABHA

Friday, the 30th January, 1981

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A. M. of the Clock. Mr. Speaker (Shri Brij Bhushan Mehra) in the Chair

STARRED QUESTIONS AND ANSWERS

PRIMARY SCHOOLS IN THE KHARAR ASSEMBLY CONSTITUENCY

*542. **Sardar Jagat Singh :** Will the Minister for Education be pleased to state:—

(a) whether there are any primary schools in the Kharar Assembly Constituency which have not been upgraded for the last more than 50 years; if so, the names of villages where they are located;

(b) whether the Government propose to upgrade the said schools on priority basis during the academic year starting from April, 1981?

ਸਰਦਾਰ ਹਰਚਰਨ ਸਿੰਘ ਅਜਨਾਲਾ: (ੳ) ਸਰਕਾਰ ਅਜਿਹਾ ਰਿਕਾਰਡ ਅਸੈਂਬਲੀ ਚੋਣ ਹਲਕੇ ਵਾਰ ਨਹੀਂ ਰੱਖਦੀ, ਇਸ ਲਈ ਲੋੜੀਂਦੀ ਸੂਚਨਾ ਨਹੀਂ ਦਿੱਤੀ ਜਾ ਸਕਦੀ ।

(ਅ) ਸਕੂਲਾਂ ਦਾ ਪੱਧਰ ਫ਼ੇਜ਼ਡ ਪ੍ਰੋਗਰਾਮ ਦੁਆਰਾ ਇਲਾਕੇ ਦੀ ਲੋੜ ਨੂੰ ਮੁੱਖ ਰੱਖਦੇ ਹੋਇਆਂ ਉੱਚਾ ਕੀਤਾ ਜਾਂਦਾ ਹੈ ।

ਸਰਦਾਰ ਜਗਤ ਸਿੰਘ: ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਕੁੰਬੜ (Kumbra) ਪ੍ਰਾਇਮਰੀ ਸਕੂਲ 1920 ਤੋਂ ਚਲਿਆ ਆ ਰਿਹਾ ਹੈ ਔਰ ਹੁਣ ਤੱਕ ਅੱਪਗਰੇਡ ਨਹੀਂ ਕੀਤਾ ਗਿਆ । ਕੀ ਉਸ ਨੂੰ ਕੋਈ ਅੱਪਗ ਰੇਡ ਕਰਨ ਦਾ ਵਿਚਾਰ ਰੱਖਦੇ ਹਨ ? ਇਸ ਪਿੰਡ ਦੀ ਆਬਾਦੀ ਵੀ ਤਕਰੀਬਨ 10 ਹਜ਼ਾਰ ਤੱਕ ਪਹੁਚ ਚੁਕੀ ਹੈ ਔਰ ਉਨ੍ਹਾਂ ਵਿਚ 3 ਹਜ਼ਾਰ ਹਰੀਜਨ ਵੀ ਹਨ ।

ਮੰਤਰੀ : ਸਪੀਕਰ ਸਾਹਿਬ, ਇਸ ਦਾ ਜਵਾਬ ਮੈਂ ਦੇ ਚੁੱਕਾ ਹਾਂ । ਪਰ ਮੈਂ ਇਨ੍ਹਾਂ ਨੂੰ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ, ਸਰਦਾਰ ਦਰਬਾਰਾ ਸਿੰਘ ਦੀ ਲੀਡਰਸ਼ਿੱਪ ਥੱਲੇ ਇਹ ਫੇਜ਼ਡ ਪ੍ਰੋਗਰਾਮ ਹੈ ਕਿ ਜਿਥੇ ਵੀ ਇਲਾਕੇ ਦੀ ਲੋੜ ਔਰ ਸਟੂਡੈਂਟਸ ਦੀ ਗਿਣਤੀ ਪੂਰੀ ਹੋਵੇਗੀ ਉਥੇ ਸਕੂਲ ਜ਼ਰੂਰ ਅੱਪਗਰੇਡ ਕੀਤਾ ਜਾਵੇਗਾ । ਜੇ ਕੋਈ ਅਜਿਹਾ ਸਕੂਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ ਜ਼ਰੂਰ ਵਿਚਾਰ ਕੀਤਾ ਜਾਵੇਗਾ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ । ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਫੇਜ਼ਡ ਪ੍ਰੋਗਰਾਮ ਦੇ ਮੁਤਾਬਿਕ ਸਕੂਲ ਅੱਪਗਰੇਡ ਕਰਨੇ

[ਮਾਸਟਰ ਬਾਬੂ ਸਿੰਘ]

ਹਨ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਜਦੋਂ ਇਥੇ ਅਕਾਲੀ ਗੌਰਮਿੰਟ ਦੀ ਸਰਕਾਰ ਸੀ ਤਾਂ ਰਈਆ ਪ੍ਰਾਇਮਰੀ ਸਕੂਲ ਨੂੰ ਅੱਪਗਰੇਡ ਕਰਕੇ ਹਾਈ ਕੀਤਾ ਗਿਆ ਸੀ ਪਰ ਬਾਅਦ ਵਿਚ ਸ਼ਾਇਦ ਕਿਸੇ ਪੁਲਿਟੀਕਲ ਪਰੈਸ਼ਰ ਕਾਰਣ ਉਸ ਸਕੂਲ ਨੂੰ ਫਿਰ ਪ੍ਰਾਇਮਰੀ ਕਰ ਦਿੱਤਾ ਗਿਆ ਸੀ । ਕੀ ਵਜ਼ੀਰ ਸਾਹਿਬ ਇਸ ਸਕੂਲ ਨੂੰ ਜਿਹੜਾ ਕਿ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ,ਉਸ ਨੂੰ ਫਿਰ ਹਾਈ ਸਕੂਲ ਤੱਕ ਅੱਪਗਰੇਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਪਿਛਲੀ ਗੌਰਮਿੰਟ ਅਜਿਹੇ ਤਾਂ ਐਲਾਨ ਬਹੁਤ ਕਰਦੀ ਰਹੀ ਹੈ । ਇਕ ਦਮ ਪ੍ਰਾਇਮਰੀ ਸਕਲ ਤੋਂ ਹਾਈ ਬਣਾ ਦਿੱਤਾ ਹੈ । ਇਸ ਤੋਂ ਹੀ ਇਨ੍ਹਾਂ ਦੀ ਗੱਲ ਜ਼ਾਹਿਰ ਹੋ ਜਾਂਦੀ ਹੈ। ਪਰ ਫਿਰ ਵੀ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜੇ ਰਈਆ ਦਾ ਪ੍ਰਾਇਮਰੀ ਸਕੂਲ ਸ਼ਰਤਾਂ ਪੂਰੀਆਂ ਕਰਦਾ ਹੋਇਆ ਤਾਂ ਜ਼ਰੂਰ ਅੱਪਗਰੇਡ ਕੀਤਾ ਜਾਵੇਗਾ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ । ਉਸ ਸਕੂਲ ਨੂੰ ਪ੍ਰਾਇਮਰੀ ਤੋਂ ਹਾਈ ਬਣਾਇਆ ਗਿਆ ਸੀ ਪਰ ਬਾਅਦ ਵਿਚ ਫਿਰ ਪੁਲੀਟੀਕਲ ਪਰੈਸ਼ਰ ਕਾਰਣ ਪ੍ਰਾਇਮਰੀ ਕਰ ਦਿੱਤਾ। ਜਦੋਂ ਇਸ ਨੂੰ ਪ੍ਰਾਇਮਰੀ ਕਰਨ ਲੱਗੇ ਸੀ ਤਾਂ ਮੈਂ ਸੀ. ਐਮ. ਸਾਹਿਬ ਨੂੰ ਵੀ ਮਿਲਿਆ ਸੀ । ਪਰ ਕੋਈ ਧਿਆਨ ਨਹੀਂ ਦਿੱਤਾ ਗਿਆ । ਕੀ ਵਜ਼ੀਰ ਸਾਹਿਬ ਇਸ ਸਕੂਲ ਨੂੰ ਅੱਪਗਰੇਡ ਕਰਨਗੇ?

ਮੰਤਰੀ: ਪਹਿਲੀ ਗੱਲ ਜੋ ਇਨ੍ਹਾਂ ਨੇ ਕਹੀ ਹੈ ਕਿ ਪੁਲੀਟੀਕਲ ਪਰੈਸ਼ਰ ਕਾਰਣ ਇਹ ਪ੍ਰਾਇਮਰੀ ਕੀਤਾ ਗਿਆ, ਇਹ ਬਿਲਕੁਲ ਗਲਤ ਹੈ । ਇਸ ਨੂੰ ਮੈਂ ਚੈਲੰਜ ਕਰਦਾ ਹਾਂ । ਦੂਜਾ ਜਿਹੜਾ ਇਹ ਕਹਿੰਦੇ ਹਨ ਕਿ ਪ੍ਰਾਇਮਰੀ ਤੋਂ ਹਾਈ ਬਣਾ ਦਿੱਤਾ ਹੈ ਇਹ ਵੀ ਠੀਕ ਨਹੀਂ ਲਗਦਾ । ਕੋਈ ਵੀ ਪ੍ਰਾਇਮਰੀ ਸਕੂਲ ਪਹਿਲਾਂ ਮਿਡਲ ਕੀਤਾ ਜਾਂਦਾ ਅਤੇ ਫਿਰ ਹਾਈ ਅੱਪਗਰੇਡ ਕੀਤਾ ਜਾਂਦਾ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਸਕੂਲ ਕਿਵੇਂ ਪ੍ਰਾਇਮਰੀ ਤੋਂ ਹਾਈ ਕੀਤਾ ਗਿਆ ਸੀ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਕੁਐਸ਼ਚਨ ਇਹ ਹੈ ਕਿ ਖਰੜ ਅਸੈਂਬਲੀ ਹਲਕੇ ਵਿਚ ਕਿਹੜੇ ਸਕੂਲ ਹੁਣ ਤੱਕ ਅੱਪਗਰੇਡ ਨਹੀਂ ਕੀਤੇ ਗਏ । ਇਨ੍ਹਾਂ ਨੇ ਕਿਹਾ ਹੈ ਕਿ ਇਹ ਇਨਫਰਮੇਸ਼ਨ ਅਵੇਲੇਬਲ ਨਹੀਂ ਹੋ ਸਕਦੀ। ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਇਨ੍ਹਾਂ ਕੋਲ ਹੋਣੀ ਚਾਹੀਦੀ ਸੀ । ਪਿੰਡ ਵਾਈਜ਼ ਇਹ ਇਨਫਰਮੇਸ਼ਨ ਦਿੱਤੀ ਜਾ ਸਕਦੀ ਸੀ । ਕੀ ਮਨਿਸਟਰ ਸਾਹਿਬ, 2-4 ਦਿਨ ਤੱਕ ਇਹ ਇਨਫਰਮੇਸ਼ਨ ਕੁਲੈਕਟ ਕਰਕੇ ਜਵਾਬ ਦੇ ਦੇਣਗੇ ਇਸ ਦੇ ਨਾਲ ਹੀ ਮੈਂ ਇਹ ਵੀ ਪੁੱਛਦਾ ਹਾਂ ਕਿ ਨਾਭਾ ਜ਼ਿਲ੍ਹਾ ਪਟਿਆਲਾ ਵਿਚ ਇਕ ਪ੍ਰਾਇਮਰੀ ਸਕੂਲ ਹਾਈ ਕੀਤਾ ਹੈ ਜਿਹੜਾ ਕਿ ਹੁਣ ਤੱਕ ਚਲਿਆ ਆ ਰਿਹਾ ਹੈ ਪਰ ਇਹ ਕਹਿੰਦੇ ਹਨ ਕਿ ਹੁਣ ਤੱਕ ਕੋਈ ਪ੍ਰਾਇਮਰੀ ਸਕੂਲ ਹਾਈ ਨਹੀਂ ਬਣ ਸਕਦਾ ।

ਮੰਤਰੀ: ਸਪੀਕਰ ਸਾਹਿਬ, ਮੈਂ ਬੜੇ ਵਿਸਥਾਰ ਨਾਲ ਦੱਸ ਚੁੱਕਾ ਹਾਂ ਕਿ ਜਿਹੜਾ ਐਡਮਨਿਸਟ੍ਰੇਟਿਵ ਯੂਨਿਟ ਹੈ ਉਹ ਡਿਸਟ੍ਰਿਕਟ ਪੱਧਰ ਤੇ ਰੱਖਿਆ ਜਾਂਦਾ ਹੈ, ਅਸੈਂਬਲੀ ਹਲਕੇ ਤਾਂ ਬਦਲਦੇ ਰਹਿੰਦੇ ਹਨ । ਕਦੇ 4 ਪਿੰਡ ਕਿਸੇ ਹਲਕੇ ਵਿਚ ਚਲੇ ਗਏ ਕਦੇ 4 ਪਿੰਡ ਕਿਸੇ ਹਲਕੇ ਵਿਚ ਚਲੇ ਗਏ । ਇਸ ਲਈ ਅਸੈਂਬਲੀ ਹਲਕਾ-ਵਾਈਜ਼ ਰਿਕਾਰਡ ਰੱਖਣਾ ਮੁਸ਼ਕਲ ਹੈ । ਡਿਸਟ੍ਰਿਕਟ ਵਾਈਜ਼ ਰਿਕਾਰਡ ਰੱਖਿਆ ਜਾਂਦਾ ਹੈ ।

ਸਰਦਾਰ ਜਗਤ ਸਿੰਘ: ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਸੀ ਕਿ 1947 ਤੋਂ ਬਾਅਦ ਖਰੜ ਅਸੈਂਬਲੀ ਹਲਕੇ ਵਿਚ ਕਿੰਨੇ ਸਕੂਲ ਅੱਪਗਰੇਡ ਕੀਤੇ । ਜਿਹੜੇ ਸਕੂਲ ਅੱਪਗਰੇਡ ਕੀਤੇ ਜਾਂਦੇ ਹਨ ਇਨ੍ਹਾਂ ਦੀ ਲਿਸਟ ਤਾਂ ਇਨ੍ਹਾਂ ਕੋਲ ਹੋਣੀ ਹੈ । ਫਿਰ ਜਿਹੜੇ ਸਕੂਲ ਬਾਰੇ ਮੈਂ ਬੇਨਤੀ ਕੀਤੀ ਹੈ ਉਸ ਦੀ ਬਿਲ-ਡਿੰਗ ਵੀ ਤਿਆਰ ਹੈ, ਉਥੋਂ ਦੀ ਪੰਚਾਇਤ ਵੀ ਚਾਹੁੰਦੀ ਹੈ ਕਿ ਪ੍ਰਾਇਮਰੀ ਸਕੂਲ ਉਹ ਅੱਪਗਰੇਡ ਕੀਤਾ ਜਾਵੇ । ਔਰ ਉਸ ਹਲਕੇ ਦੀ ਪੂਰੀ ਲਿਸਟ ਸਪਲਾਈ ਕਰਨਗੇ ?

ਮੰਤਰੀ: ਸਪੀਕਰ ਸਾਹਿਬ, 1947 ਤੋਂ 1981 ਤੱਕ ਤਕਰੀਬ 34 ਸਾਲ ਬੀਤ ਚੁੱਕੇ ਹਨ। 34 ਸਾਲ ਦੀ ਅਸੈਂਬਲੀ ਹਲਕੇ-ਵਾਈਜ਼ ਇਨਫਰਮੇਸ਼ਨ ਕੁਲੈਕਟ ਕਰਨੀ ਕੋਈ ਵਰਥਵ੍ਹਾਈਲ ਨਹੀਂ ਹੋਵਗੀ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਨੇ ਮੰਨ ਲਿਆ ਕਿ ਪ੍ਰਾਇਮਰੀ ਤੋਂ ਹਾਈ ਹੋ ਸਕਦਾ ਹੈ..

ਮੰਤਰੀ: ਮੈਂ ਇਹ ਨਹੀਂ ਮੰਨਿਆ ।

ਸਰਦਾਰ ਬਸੰਤ ਸਿੰਘ ਖਾਲਸਾ: ਚਲੋ ਵਜ਼ੀਰ ਸਾਹਿਬ ਨੇ ਇਹ ਨਹੀਂ ਮੰਨਿਆ। ਮੈਂ ਇਹ ਪੁੱਛਦਾ ਹਾਂ ਕਿ ਬਾਦਲ ਸਰਕਾਰ ਦੇ ਵੇਲੇ ਸਰਦਾਰ ਤਾਰਾ ਸਿੰਘ ਗੋਰਸ਼ਿਆ ਦੀ ਯਾਦ ਵਿਚ ਇਕ ਪ੍ਰਾਇਮਰੀ ਸਕੂਲ ਅੱਪਗਰੇਡ ਕੀਤਾ ਗਿਆ ਸੀ । ਉਸ ਤੋਂ ਬਾਅਦ ਇਨ੍ਹਾਂ ਨੇ ਸਾਡੀ ਸਰਕਾਰ ਤੋੜ ਦਿੱਤੀ ਔਰ ਉਹ ਸਕੂਲ ਫਿਰ ਪ੍ਰਾਇਮਰੀ ਕਰ ਦਿੱਤਾ। ਕੀ ਵਜ਼ੀਰ ਸਾਹਿਬ ਇਸ ਐਕਸ ਐਮ. ਐਲ. ਏ. ਦੀ ਯਾਦ ਵਿਚ ਜਿਹੜਾ ਸਕੂਲ ਅੱਪਗਰੇਡ ਕੀਤਾ ਗਿਆ ਸੀ ਉਸ ਨੂੰ ਫਿਰ ਅੱਪਗਰੇਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਹ ਬਿਲਕੁਲ ਸੈਪਰੇਟ ਸਵਾਲ ਹੈ । ਦੂਜਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਅਸੀਂ ਨਹੀਂ ਤੋੜੀ ਬਲਕਿ ਇਹ ਆਪਣੇ ਭਾਰ ਥੱਲੇ ਹੀ ਦਬ ਗਏ ਹਨ ।

ਸਰਦਾਰ ਬਲਦੇਵ ਸਿੰਘ ਖਿਆਲਾ: ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕਰਨ ਦਾ ਪ੍ਰੋਗ੍ਰਾਮ ਬਣਾਇਆ ਹੈ ਕੀ ਜੇ ਕੋਈ ਸਕੂਲ ਗਿਣਤੀ ਵੀ ਪੂਰੀ ਕਰਦਾ ਹੋਵੇ ਅਤੇ ਬਿਲਡਿੰਗ ਵੀ ਹੋਵੇ ਕੀ ਉਨ੍ਹਾਂ ਸਕੂਲਾਂ ਨੂੰ ਅੱਪਗਰੇਡ ਕਰਨ ਲਈ ਪਹਿਲ ਦੇਣਗੇ?

ਮੰਤਰੀ: ਇਹ ਮੈਨੂੰ ਦੱਸ ਦੇਣ, ਜ਼ਰੂਰ ਹਮਦਰਦੀ ਨਾਲ ਗੌਰ ਕੀਤਾ ਜਾਵੇਗਾ।

ਰਾਜ ਵਿਚ ਪੰਜਾਬੀ ਫਿਲਮਾਂ ਦੀ ਸ਼ੂਟਿੰਗ ਲਈ ਸਟੂਡੀਓ ਬਣਾਉਣਾ

ਸ੍ਰੀ ਸੁਰਿੰਦਰ ਕਪੂਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪੰਜਾਬੀ ਫਿਲਮਾਂ ਦੀ ਸ਼ੂਟਿੰਗ ਲਈ ਇਕ ਸਟੂਡੀਓ ਬਣਾਉਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਸਥਾਨ ਦਾ ਨਾਂ ਕੀ ਹੈ ਜਿਥੇ ਇਹ ਸਟੂਡੀਓ ਬਣਾਏ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੀ ਉਸਾਰੀ ਵਿਚ ਸਰਕਾਰ ਦਾ ਕੀ ਯੋਗਦਾਨ ਹੋਵੇਗਾ ?

ਸਰਦਾਰ ਦਰਬਾਰਾ ਸਿੰਘ: ਨਹੀਂ ਜੀ ।

ਸ੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੋਹਾਲੀ ਵਿਖੇ ਦਾਰਾ ਸਟੂਡੀਓ ਬਣ ਰਿਹਾ ਹੈ । ਉਸ ਦੇ ਵਿਚ ਸਰਕਾਰ ਦਾ ਕੀ ਯੋਗਦਾਨ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਦਾਰਾ ਸਟੂਡੀਓ ਉਹ ਆਪਣੇ ਤੌਰ ਤੇ ਜ਼ਮੀਨ ਲੈ ਕੇ ਬਣਾ ਰਹੇ ਹਨ। ਉਸ ਦੇ ਲਈ ਸ਼ਰਤਾਂ ਲੇ ਡਾਊਨ ਕੀਤੀਆਂ ਹੋਈਆਂ ਹਨ। ਪਹਿਲੇ 25% ਅਤੇ ਬਾਅਦ 75% ਬਕਾਇਆ 3 ਸਾਲਾਂ ਦੇ ਵਿਚ ਵਸੂਲ ਕੀਤੇ ਜਾਣੇ ਹਨ। ਜ਼ਮੀਨ ਉਨ੍ਹਾਂ ਨੇ ਆਪੇ ਹੀ ਲਈ ਸੀ, ਸਰਕਾਰ ਉਸ ਦੇ ਵਿਚ ਕੁਝ ਨਹੀਂ ਕਰ ਰਹੀ ਹੈ ।

ਸ੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਜਿਸ ਤਰ੍ਹਾਂ ਦੂਜਿਆਂ ਰਾਜਾਂ ਵਿਚ, ਜਿਵੇਂ ਤਾਮਿਲ ਨਾਡੂ ਕੇਰਲਾ, ਬੰਗਾਲੀ ਫਿਲਮਾਂ ਬਣਾਉਣ ਦੇ ਵਿਚ ਉਥੋਂ ਦੀਆਂ ਸਰਕਾਰਾਂ ਚੰਗੀਆਂ ਫਿਲਮਾਂ ਬਣਾਉਣ ਵਿਚ ਅਤੇ ਚੰਗਾ ਮਿਆਰ ਕਾਇਮ ਕਰਨ ਲਈ ਸਰਕਾਰ ਆਪਣਾ ਯੋਗਦਾਨ ਦਿੰਦੀ ਹੈ । ਕੀ ਪੰਜਾਬ ਵਿਚ ਵੀ ਪੰਜਾਬੀ ਫਿਲਮਾਂ ਬਣਾਉਣ ਲਈ ਸਰਕਾਰ ਕੋਈ ਯੋਗਦਾਨ ਪਾਉਣ ਲਈ ਤਿਆਰ ਹੈ ਤਾਕਿ ਫਿਲਮਾਂ ਦਾ ਮਿਆਰ ਉੱਚਾ ਹੋ ਸਕੇ । ਜਿਸ ਤਰ੍ਹਾਂ ਪਹਿਲੇ ਅਗਰ 75% ਫਿਲਮਾਂ ਦੀ ਸ਼ੂਟਿੰਗ ਪੰਜਾਬ ਵਿਚ ਹੋਵੇ ਤਾਂ 75% ਸਬਸਿਡੀ ਦਿੱਤੀ ਜਾਂਦੀ ਸੀ ਔਰ ਅਗਰ 50% ਸ਼ੂਟਿੰਗ ਹੋਵੇਗੀ ਫਿਰ 50% ਸਬਸਿਡੀ ਦਿੱਤੀ ਦੂਜੀਆਂ ਸਟੇਟਾਂ ਦੀਆਂ ਫਿਲਮਾਂ ਇੰਟਰਨੈਸ਼ਨਲ ਅਵਾਰਡ ਲੈ ਚੁੱਕੀਆਂ ਹਨ ਔਰ ਇਸ ਤਰੀਕੇ ਨਾਲ ਪੰਜਾਬੀ ਫਿਲਮਾਂ ਵੀ ਇੰਟਰਨੈਸ਼ਨਲ ਅਵਾਰਡ ਪ੍ਰਾਪਤ ਕਰ ਸਕਦੀਆਂ ਹਨ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸੁਝਾਓ ਬੜਾ ਅੱਛਾ ਹੈ । ਅਸੀਂ ਕੋਸ਼ਿਸ਼ ਕਰਾਂਗੇ ਕਿ ਪੰਜਾਬ ਵਿਚ ਜਿਹੜੀਆਂ ਫਿਲਮਾਂ ਤਿਆਰ ਕੀਤੀਆਂ ਜਾਣ ਉਨ੍ਹਾਂ ਲਈ ਐਸਾ ਪ੍ਰਬੰਧ ਕੀਤਾ ਜਾਂ ਸਕੇ ਔਰ ਜ਼ਿਆਦਾ ਤੋਂ ਜ਼ਿਆਦਾ ਇਸ ਨੂੰ ਐਟਰੈਕਟ ਕਰ ਸਕੀਏ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ 1975-76 ਦੇ ਵਿਚ ਜਦੋਂ ਚੀਫ ਮਨਿਸਟਰ ਸਨ ਉਨ੍ਹਾਂ ਨੇ ਪੰਜਾਬੀ ਫਿਲਮਾਂ ਲਈ ਸਟੂਡੀਓ ਬਣਾਉਣ ਲਈ ਰੋਪੜ ਦਾ ਨਾਂ ਬਦਲ ਕੇ ਰੂਪ ਨਗਰ ਰੱਖ ਦਿੱਤਾ ਸੀ ਕਿਉਂਕਿ ਇਸ ਇਲਾਕੇ ਵਿਚ ਪਹਾੜੀ ਇਲਾਕਾ ਅਤੇ ਹਰਿਆਲੀ ਵੀ ਹੈ ਅਤੇ ਸ਼ੂਟਿਗ ਲਈ ਚੁਣਿਆ ਗਿਆ ਸੀ । ਤਾਕਿ ਰਾਜ ਵਿਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਧਾਰਮਿਕ ਫਿਲਮਾਂ ਬਣ ਸਕਣ ਅਤੇ ਸਭਿਆਚਾਰ ਵੀ ਵੱਧ ਸਕੇ । ਕੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵਾਲੀ ਸਕੀਮ ਨੂੰ ਲਾਗੂ ਕਰਨਗੇ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਨਹੀਂ ਪਤਾ ਹੈ ਇਹ ਕਾਗਜ਼ ਕਿਥੇ ਰੱਖ ਗਏ ਹਨ । ਮੈਂ ਇਸ ਨੂੰ ਦੇਖ ਲਵਾਂਗਾ । ਅਸੀਂ ਇਸ ਦੇ ਲਈ ਜੋ ਕੁਝ ਕਰ ਸਕਦੇ ਹਾਂ ਕਰਾਂਗੇ ।

ਸਰਦਾਰ ਬਸੰਤ ਸਿੰਘ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਬਸਿਡੀ ਦੀ ਗੱਲ ਬਾਅਦ ਵਿਚ ਆਉਂਦੀ ਹੈ । ਕੀ ਸਰਕਾਰ ਜਿਹੜੀਆਂ ਪੰਜਾਬੀ ਫ਼ਿਲਮਾਂ ਪੰਜਾਬ ਵਿਚ ਬਣਦੀਆਂ ਹਨ ਉਸ ਤੇ ਐਂਟਰਟੇਨਮੈਂਟ ਟੈਕਸ ਮੁਆਫ਼ ਕਰੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਫਿਲਮ ਨੂੰ ਦੇਖਕੇ ਹੀ ਟੈਕਸ ਮੁਆਫ਼ ਕਰਦੇ ਹਾਂ ਇਸ ਦੇ ਲਈ ਇਕ ਕਮੇਟੀ ਬਣਾਈ ਹੋਈ ਹੈ ।

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਕੀ ਜਿਹੜੀ ਜ਼ਮੀਨ ਦਾਰਾ ਸਿੰਘ ਨੂੰ ਸਟੂਡੀਓ ਲਈ ਦਿੱਤੀ ਗਈ ਸੀ ਉਹ ਰਿਜ਼ਰਵ ਪ੍ਰਾਈਸ ਤੇ ਦਿੱਤੀ ਗਈ ਸੀ ਜਾਂ ਮਾਰਕਿਟ ਪ੍ਰਾਈਸ ਤੇ ਦਿੱਤੀ ਗਈ ਸੀ ਅਤੇ ਰੇਟ ਦੱਸ ਦੇਣ ਕੀ ਸਨ?

ਮੁੱਖ ਮੰਤਰੀ: ਸਪੀਕਰ ਸਾਹਿਬ, ਪਲਾਟ ਦੀ ਕੀਮਤ ਕੁੱਲ 1,81,500 ਰੁਪਿਆ ਸੀ ਔਰ ਇਹ 7 ਰੁਪਏ 50 ਪੈਸੇ ਪਰ ਯਾਰਡ ਸੀ । ਇਹ ਰਿਜ਼ਰਵ ਪ੍ਰਾਈਸ ਬਣਦੀ ਹੈ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਿਲਮਾਂ ਦੇ ਨਾਲ ਨਾਲ ਪੰਜਾਬੀ ਲਿਟਰੇਚਰ ਵੀ ਵੱਧਦਾ ਹੈ ਅਤੇ ਸਾਡੇ ਨੌਜਵਾਨਾਂ ਦਾ ਇਖਲਾਕ ਗਿਰਦਾ ਜਾ ਰਿਹਾ ਹੈ ਇਸ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ । (ਵਿਘਨ)

(ਇਸ ਸਮੇਂ ਹਾਊਸ ਦੀ ਲਾਈਟ ਚਲੀ ਗਈ ਸੀ)

ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਬੰਬਈ ਵਿਚ ਦਾਰਾ ਸਿੰਘ ਨੂੰ ਮਿਲਕੇ ਆਏ ਸਨ ਉਥੇ ਕੀ ਗੱਲ ਬਾਤ ਹੋਈ ਇਹ ਹੀ ਦੱਸ ਦੇਣ?

ਮੁੱਖ ਮੰਤਰੀ: ਸਪੀਕਰ ਸਾਹਿਬ,ਮੈਂ ਕੇਵਲ ਦਾਰਾ ਸਿੰਘ ਜੀ ਨੂੰ ਹੀ ਨਹੀਂ ਮਿਲ ਕੇ ਆਇਆ ਬਲਕਿ ਹੋਰ ਕਲਾਕਾਰਾਂ ਨੂੰ ਵੀ ਮਿਲਕੇ ਆਇਆ ਹਾਂ । ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੰਜਾਬ ਵਿਚ ਪੰਜਾਬੀ ਫਿਲਮਾਂ ਦੀ ਸੂਟਿੰਗ ਕਰਨ ਲਈ ਤਿਆਰ ਹਾਂ ਪਰ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਪੰਜਾਬ ਵਿਚ ਐਸੀਆਂ ਫਿਲਮਾਂ ਬਣਾਉਣ ਜਿਹੜੀਆਂ ਪੰਜਾਬੀ ਹਿਸਟਰੀ ਨੂੰ ਰੀਲੇਟ ਕਰਦੀਆਂ ਹੋਣ । ਫਿਲਮਾਂ ਦੇ ਵਿਚ ਕੇਵਲ ਪਹਿਲੇ ਕਾਮੇਡੀ ਫਿਰ ਟ੍ਰੈਜਡੀ ਅਤੇ ਬਾਅਦ ਵਿਚ ਕਾਮੇਡੀ ਨਾ ਹੋਵੇ । ਫਿਲਮਾਂ ਦੇ ਵਿਚ ਇਕ ਐਸਾ ਸਿਸਟਮ ਹੋਣਾ ਚਾਹੀਦਾ ਹੈ ਜਿਸ ਦੇ ਨਾਲ ਫਿਲਮ ਦਾ ਇਮਪੈਕਟ ਹੋਵੇ ਮੋਰੈਲਿਟੀ ਹੋਵੇ । ਅਗਰ ਕੋਈ ਕਲਾਕਾਰ ਇਸ ਤਰ੍ਹਾਂ ਕਰੇਗਾ ਫਿਰ ਅਸੀਂ ਲਾਜ਼ਮੀ ਤੌਰ ਤੇ ਉਸ ਨੂੰ ਇਨਵਾਈਟ ਕਰਾਂਗੇ ਅਤੇ ਜੋ ਕੁਝ ਸਰਕਾਰ ਯੋਗਦਾਨ ਦੇ ਸਕਦੀ ਹੈ, ਦੇਵੇਗੀ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਹੈ ਕਿ ਨੌਜਵਾਨਾਂ ਦਾ ਇਖਲਾਕ ਗਿਰ ਰਿਹਾ ਹੈ ਉਹਨੂੰ ਉੱਚਾ ਚੁੱਕਣ ਲਈ ਸਰਕਾਰ ਕੀ ਸਟੈਪਸ ਲੈ ਰਹੀ ਹੈ ?

(ਕੋਈ ਉੱਤਰ ਨਹੀਂ ਆਇਆ ।)

ਸਰਦਾਰ ਪ੍ਰਿਥੀਪਾਲ ਸਿੰਘ: ਸਪੀਕਰ ਸਾਹਿਬ, ਪੰਜਾਬੀ ਫਿਲਮ ਲੰਬੜਦਾਰਨੀ ਦਾ ਐਂਟਰਟੇਨਮੈਂਟ ਟੈਕਸ ਮੁਆਫ਼ ਕੀਤਾ ਹੈ । ਹੋਰ ਕਿਹੜੀਆਂ ਪੰਜਾਬੀ ਫਿਲਮਾਂ ਤੇ ਸਰਕਾਰ ਟੈਕਸ ਮੁਆਫ਼ ਕਰ ਰਹੀ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ, ਨੂੰ ਕਹਾਂਗਾ ਕਿ ਅਸੀਂ ਪਹਿਲੇ ਫਿਲਮ ਨੂੰ ਦੇਖ ਕੇ ਹੀ ਟੈਕਸ ਮੁਆਫ਼ ਕਰਦੇ ਹਾਂ । ਫਿਲਮ ਨੂੰ ਦੇਖਣ ਲਈ ਇਕ ਕਮੇਟੀ ਬਣਾਈ ਹੋਈ ਹੈ ਉਸ ਕਮੇਟੀ ਦੀ ਰਿਕਮੈਂਡਸ਼ਨ ਤੇ ਹੀ ਟੈਕਸ ਮੁਆਫ ਕਰਦੇ ਹਾਂ ।

Construction of Bus Stand at Sahibzada Ajit Singh Nagar

*541. **Sardar Jagat Singh** : Will the Chief Minister be pleased to state whether Government propose to construct a Bus Stand at Sahibzada Ajit Singh Nagar, if so, the details there of and the time by which it is likely to be completed?

ਸਰਦਾਰ ਦਰਬਾਰਾ ਸਿੰਘ: ਨਹੀਂ ਜੀ ।

ਸਰਦਾਰ ਜਗਤ ਸਿੰਘ: ਸਪੀਕਰ ਸਾਹਿਬ, ਮੋਹਾਲੀ ਵਿਖੇ ਕੋਈ ਲੌਂਗ ਰੂਟ ਦੀ ਬੱਸ ਖੜ੍ਹੀ ਨਹੀਂ ਹੁੰਦੀ ਕਿਉਂਕਿ ਉਥੇ ਕੋਈ ਬੱਸ ਸਟੈਂਡ ਨਹੀਂ ਹੈ । ਕੀ ਮੁੱਖ ਮੰਤਰੀ ਸਾਹਿਬ, ਉਥੇ ਬਸ ਸਟੈਂਡ ਬਣਾਉਣ ਲਈ ਤਿਆਰ ਹਨ ਜਾਂ ਇਸ ਦੀ ਸੰਭਾਵਨਾ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਕੁਝ ਮੋਟਰਾਂ ਚੰਡੀਗੜ੍ਹ ਤੋਂ ਚਲਦੀਆਂ ਹਨ । ਉਥੇ ਬੱਸ ਸਟੌਪ ਦੀ ਗੁੰਜਾਇਸ਼ ਹੈ ਪਰ ਹਾਲੇ ਉਥੇ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ।

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਰਾਜਪੁਰੇ ਵਿਚ ਕੋਈ ਚੰਗਾ ਬੱਸ ਸਟੈਂਡ ਨਹੀਂ ਹੈ। ਬੱਸਾਂ ਫਾਟਕ ਤੋਂ ਬਾਹਰ ਬਾਹਰ ਹੀ ਆ ਜਾਂਦੀਆਂ ਹਨ। ਕੀ ਸਰਕਾਰ ਉਥੇ ਇਕ ਬਾਹਰ By Pass ਉਤੇ ਬੱਸ ਸਟੈਂਡ ਬਣਾਉਣ ਲਈ ਤਿਆਰ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਦੇ ਨਾਲ ਸਬੰਧ ਨਹੀਂ ਰੱਖਦਾ।

Phagwara (ਨਿਸ਼ਾਨ ਵਾਲਾ ਪ੍ਰਸ਼ਨ ਨੰ: 571)

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੁੱਟ ਨਹੀਂ ਕੀਤਾ ਗਿਆ।)

Construction of a New Grain Market and Vegetable Market at Phagwara

*318. **Sardar Atma Singh** : Will the Minister for Agriculture and Forests be pleased to state:-

(a whether there is any proposal under the consideration of the Govt. to construct a new Grain Market and Vegetable Market at Phagwara, district Kapurthala;

(b) if reply to part (a) above be in the affirmative whether the Government has issued notification to acquire land for the said purpose; if so, when and the area of land proposed to be acquired;

(c) the present stage of the scheme and the time by which both the said Markets are likely to start functioning ?

Shri Kanshi Ram: (a) Yes.

(b) Notifications under section 4 and 6 of Land Acquisition Act, 1894 have been issued on 7th March, 1979 and 9th October, 1979 respectively. Total area under acquisition is 77 acres 5 kanals and 10 Marlas.

(c) Land acquisition proceedings are pending finalisation and Collectors, rate are being awaited from Deputy Commissioner, Kapurthala.

It is not possible to indicate the time when the new mandi will start functioning. It can be stated that ordinarily it should take two years from the date of start to complete the development.

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਪੰਜਾਬੀ ਵਿਚ ਜਵਾਬ ਦੇਣ।

ਮੰਤਰੀ: ਸਪੀਕਰ ਸਾਹਿਬ, ਮੈਂ ਨਿਮਰਤਾ ਨਾਲ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਇਹ ਸਵਾਲ ਪਰਸੋਂ ਹੀ ਆਇਆ ਸੀ। ਇਸ ਕਰਕੇ ਇਸ ਸਵਾਲ ਦੀ ਰੈਪੀਟੀਸ਼ਨ ਹੋ ਰਹੀ ਹੈ। ਬਾਕੀ ਮੈਂ ਪੰਜਾਬੀ ਵਿਚ ਜਵਾਬ ਦੇ ਦਿੰਦਾ ਹਾਂ।

ਸਰਦਾਰ ਆਤਮਾ ਸਿੰਘ: 77 ਏਕੜ 5 ਕਨਾਲ ਅਤੇ 10 ਮਰਲੇ ਜ਼ਮੀਨ ਸਰਕਾਰ ਨੇ ਐਕੁਆਇਰ ਕਰ ਲਈ ਹੈ ਮਿਤੀ 19-10-1979 ਨੂੰ ਲੇਕਿਨ 15 ਮਹੀਨੇ ਹੋ ਗਏ ਹਨ ਪਰ ਅਜੇ ਤੱਕ ਕੰਪੈਨਸੇਸ਼ਨ ਦਾ

ਕੋਈ ਫੈਸਲਾ ਨਹੀ ਕੀਤਾ। ਦੂਜਾ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਹ ਦਸਣਾ ਸੰਭਵ ਨਹੀ ਹੈ ਕਿ ਨਵੀਂ ਮੰਡੀ ਵਿਚ ਕਾਰੋਬਾਰ ਕਦੋਂ ਸ਼ੁਰੂ ਹੋਵੇਗਾ। ਇਹ ਕਿਹਾ ਜਾ ਸਕਦਾ ਹੈ ਕਿ ਇਸ ਨੂੰ ਸ਼ੁਰੂ ਕਰਨ ਉਪਰੰਤ ਵਿਕਾਸ ਕਾਰਜ ਮੁਕੰਮਲ ਕਰਨ ਲਈ ਘੱਟੋ-ਘੱਟ ਦੋ ਸਾਲ ਦਾ ਸਮਾਂ ਤਾਂ ਲੱਗ ਹੀ ਜਾਵੇਗਾਂ। ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 77 ਏਕੜ 5 ਕਨਾਲ ਅਤੇ 10 ਮਰਲੇ ਜ਼ਮੀਨ ਐਕੁਆਇਰ ਕਰ ਲਈ ਹੈ ਅਤੇ ਉਥੇ ਅਨਾਜ ਦੀ ਪੈਦਾਵਾਰ ਹੋਣੀ ਬੰਦ ਹੋ ਗਈ ਹੈ। ਜੋ ਜਵਾਬ ਆਇਆ ਹੈ, ਉਸ ਤੋਂ ਮੈਨੂੰ ਕੋਈ ਆਸ ਪ੍ਰਤੀਤ ਨਹੀਂ ਹੁੰਦੀ ਕਿ ਅਗਲੇ 5-10 ਸਾਲਾਂ ਵਿਚ ਉਥੇ ਮੰਡੀ ਬਣਾ ਸਕਣਗੇ। ਇਸ ਚੀਜ਼ ਨੂੰ ਮੁੱਖ ਰੱਖਦਿਆਂ ਹੋਇਆਂ ਕੀ ਮੰਤਰੀ ਸਾਹਿਬ ਉਥੇ ਇਕ ਦੋ ਸਾਲਾਂ ਵਿਚ ਮੰਡੀ ਬਣਾਉਣ ਲਈ ਯਕੀਨ ਦਿਵਾਉਣਗੇ?

ਮੰਤਰੀ: ਸਪੀਕਰ ਸਾਹਿਬ, ਜੋ ਸਰਦਾਰ ਆਤਮਾ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਜ਼ਮੀਨ ਤੇ ਕਬਜ਼ਾ ਕਰ ਲਿਆ ਹੈ ਪਰ ਅਜਿਹੀ ਕੋਈ ਗੱਲ ਨਹੀਂ ਹੈ। ਲੈਂਡ ਐਕੁਆਇਰ ਦੀਆਂ ਪ੍ਰੋਸੀਡਿੰਗਜ਼ ਸ਼ੁਰੂ ਹਨ। ਫਿਰ ਕੇਸ ਕੁਲੈਕਟਰ ਕੋਲ ਆਏਗਾ ਅਤੇ ਉਸ ਤੋਂ ਬਾਅਦ ਅਪੀਲਾਂ ਹੋਣਗੀਆਂ ਫਿਰ ਸਪੀਕਰ ਸਾਹਿਬ, ਪੋਜ਼ੈਸ਼ਨ ਟਰਾਂਸਫਰ ਹੋਵੇਗਾ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮਿਤੀ 19 ਅਕਤੂਬਰ, 1979 ਨੂੰ ਨੋਟੀਫੀਕੇਸ਼ਨ ਧਾਰਾ 4 ਅਤੇ 6 ਦੇ ਤਹਿਤ ਜ਼ਮੀਨ ਪਰਾਪਤ ਕਰ ਲਈ ਗਈ ਹੈ ਅਤੇ ਨੋਟੀਫੀਕੇਸ਼ਨ ਜਾਰੀ ਹੋ ਗਈ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 15 ਮਹੀਨੇ ਦਾ ਸਮਾਂ ਲੰਘ ਚੁੱਕਣ ਦੇ ਬਾਵਜੂਦ ਵੀ ਹੁਣ ਤਕ ਪੋਜੈਸ਼ਨ ਦਾ ਫੈਸਲਾ ਕਿਉਂ ਨਹੀਂ ਕੀਤਾ ਗਿਆ ਹੈ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਕੁਲੈਕਟਰ ਦੇ ਰੇਟ ਦੀ ਉਡੀਕ ਕੀਤੀ ਜਾ ਰਹੀ ਹੈ ਜਦੋਂ ਜਵਾਬ ਆ ਜਾਵੇਗਾ ਤਾਂ ਉਸ ਵੇਲੇ ਫੈਸਲਾ ਕਰ ਦੇਵਾਂਗੇ।

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ: ਸਪੀਕਰ ਸਾਹਿਬ, ਜਿਹੜੀ ਗੱਲ ਸਰਦਾਰ ਆਤਮਾ ਸਿੰਘ ਜੀ ਨੇ ਕਹੀ ਹੈ ਕਿ ਜ਼ਮੀਨ ਤੇ ਫਸਲ ਨਹੀਂ ਹੁੰਦੀ ਪਰ ਇਹ ਚੀਜ਼ ਗਲਤ ਹੈ। ਉਥੇ ਫਸਲ ਹੋ ਰਹੀ ਹੈ ਪਰ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੀ ਜਲਦੀ ਤੋਂ ਜਲਦੀ ਉਥੇ ਮੰਡੀ ਬਣਾ ਦੇਵੋਗੇ ਤਾਕਿ ਜਿਹੜੀਆਂ ਜ਼ਿਮੀਂਦਾਰਾਂ ਨੂੰ ਜੋ ਤਕਲੀਫਾਂ ਹੁੰਦੀਆਂ ਹਨ, ਉਹ ਦੂਰ ਹੋ ਸਕਣ।

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਤਨਾ ਅਜ਼ੌਰ ਕਰਦਾ ਹਾਂ ਕਿ ਡਿਪਾਰਟਮੈਂਟ ਵੱਲੋਂ ਉਨ੍ਹਾਂ ਨੂੰ ਇੱਕ ਚਿੱਠੀ ਹੋਰ ਲਿਖ ਦੇਵਾਂਗੇ ਕਿ ਛੇਤੀ ਕਰੋ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਜਿਹੜੀਆਂ ਮੰਡੀਆਂ 1973-74 ਦੀਆਂ ਮਨਜ਼ੂਰ ਕੀਤੀਆਂ ਹੋਈਆਂ ਹਨ ਉਨ੍ਹਾਂ ਵੱਲ ਅਜੇ ਤਕ ਕੋਈ ਧਿਆਨ ਨਹੀਂ ਦਿੱਤਾ ਗਿਆ ਜਿਸ ਤਰ੍ਹਾਂ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਨੇ ਦੱਸਿਆ ਹੈ ਕਿ ਜ਼ਿਮੀਂਦਾਰਾਂ ਨੂੰ ਤਕਲੀਫ ਹੁੰਦੀ ਹੈ ਔਰ ਮੰਡੀਆਂ ਨਾ ਬਣਨ ਕਰਕੇ ਕਾਫੀ ਨੁਕਸਾਨ ਹੋ ਰਿਹਾ ਹੈ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸਾਰੀਆਂ ਮੰਡੀਆਂ ਹੁਣ ਕਦੋਂ ਤੱਕ ਕੰਪਲੀਟ ਕਰ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਕਾਮਰੇਡ ਜੀ ਨੇ ਮੰਡੀਆਂ ਦੀ ਗੱਲ ਕੀਤੀ ਹੈ ਔਰ ਇਹ ਇਤਨਾ ਗੰਭੀਰ ਮਸਲਾ ਨਹੀਂ ਹੈ ਜਿਤਨਾ ਕਿ ਉਨ੍ਹਾਂ ਨੇ ਉਚੀ ਆਵਾਜ਼ ਵਿਚ ਦੱਸਿਆ ਹੈ। ਆਫਟਰ ਆਲ

[ਖੇਤੀ ਬਾੜੀ ਮੰਤਰੀ]

ਇਹ ਰੀਹੈਬਲੀਟੇਸ਼ਨ ਹੈ ਅੌਰ ਅਸੀਂ ਲੋਕਾਂ ਨੂੰ ਸਿਕੰਦਰੀ ਜਾਂ ਨਾਦਰਸ਼ਾਹੀ ਦੇ ਹੁਕਮ ਨਹੀਂ ਦੇ ਸਕਦੇ ਅੌਰ ਉਨ੍ਹਾਂ ਦੀ ਮਰਜ਼ੀ ਦੇ ਨਾਲ ਹੀ ਕੰਮ ਕਰਨਾ ਹੁੰਦਾ ਹੈ । ਇਸ ਲਈ ਡੀਲੇਇੰਗ ਪ੍ਰੋਸੈਸ ਹੋ ਜਾਂਦਾ ਹੈ ।

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਦੀ ਇਹ ਗੌਰਮਿੰਟ ਬਣੀ ਹੈ, ਤਾਂ ਮੰਡੀਆਂ ਬਾਰੇ ਕੁੱਝ ਨਹੀਂ ਕੀਤਾ ਗਿਆ ਇਸ ਲਈ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਦੋ ਸਾਲਾਂ ਵਿਚ ਉਥੇ ਮੰਡੀ ਮਹਿਤਪੁਰ ਤਲਵਣ ਉਸਾਰੀ ਦਾ ਕੰਮ ਸ਼ੁਰੂ ਕਰ ਦੇਣਗੇ ।

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਗੌਰਮਿੰਟ ਹੁਣੇ ਹੀ ਆਈ ਹੈ ਅੌਰ ਅਜਿਹੀ ਕੋਈ ਗੱਲ ਨਹੀਂ ਹੈ । ਪ੍ਰੋਸੈਸ ਕਾਫੀ ਲੰਬਾ ਹੁੰਦਾ ਹੈ । (ਵਿਘਨ)

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਸਰਕਾਰ ਵੱਲੋਂ ਅਨਾਜ ਦੀ ਮੰਡੀ ਲਈ ਜਗ੍ਹਾ ਐਕੁਆਇਰ ਕੀਤੀ ਗਈ ਸੀ ਤਾ ਕਿ ਉਥੇ ਮੱਛੀ ਮੰਡੀ, ਲਕੜ ਮੰਡੀ, ਅਤੇ ਅਨਾਜ਼ ਮੰਡੀ ਬਣ ਸਕੇ । ਉਥੇ ਮੰਡੀ ਕਦੋਂ ਤੱਕ ਬਣਵਾ ਦੇਣਗੇ?

ਮੰਤਰੀ : ਇਸ ਬਾਰੇ, ਇਹ ਸੈਪਰੇਟ ਨੋਟਿਸ ਦੇ ਦੇਣ ।

ਸਰਦਾਰ ਬੀਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਐਗਰੀਕਲਚਰ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਆਤਮਾ ਸਿੰਘ ਜੀ ਨੇ ਮੰਡੀਆਂ ਦੀ ਗੱਲ ਕੀਤੀ ਹੈ। ਸਾਡੇ ਸਾਹਨੇਵਾਲ ਵਿਚ ਪੁਰਾਣੀ ਮੰਡੀ ਹੈ ਉਥੇ ਜਦੋਂ ਬਾਰਸ਼ ਹੁੰਦੀ ਹੈ ਤਾਂ ਟੋਏ ਹੋਣ ਕਰਕੇ ਪਾਣੀ ਥਾਂ ਥਾਂ ਤੇ ਖੜ੍ਹਾ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਬਹੁਤ ਹੀ ਜ਼ਿਆਦਾ ਤਕਲੀਫ ਹੁੰਦੀ ਹੈ ਕੀ ਮਨਿਸਟਰ ਸਾਹਿਬ, ਖ਼ਜ਼ਾਨੇ ਵਿਚੋਂ ਉਸ ਮੰਡੀ ਲਈ ਕੁੱਝ ਪੈਸੇ ਦੇ ਕੇ ਮੁਰੰਮਤ ਆਦਿ ਕਰਵਾਉਣ ਦਾ ਪ੍ਰਬੰਧ ਕਰਨਗੇ ਤਾਂ ਕਿ ਕਿਸਾਨਾਂ ਦੀ ਤਕਲੀਫ ਨੂੰ ਦੂਰ ਕੀਤਾ ਜਾ ਸਕੇ ।

ਮੰਤਰੀ: ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬ ਨੇ ਜੋ ਦੱਸਿਆ ਹੈ ਅਤੇ ਉਥੇ ਮਾੜੀ ਹਾਲਤ ਹੈ । ਤਾਂ ਉਸ ਮੰਡੀ ਨੂੰ ਠੀਕ ਕਰਵਾਉਣ ਲਈ ਮਾਰਕੀਟਿੰਗ ਬੋਰਡ ਨੂੰ ਕਹਿ ਦੇਵਾਂਗੇ ।

ਸਰਦਾਰ ਅਵਤਾਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਆਤਮਾ ਸਿੰਘ ਹੋਰਾਂ ਨੇ ਅਤੇ ਅਕਾਲੀ ਵੀਰਾਂ ਨੇ ਨਵੀਆਂ ਮੰਡੀਆਂ ਬਾਰੇ ਸਵਾਲ ਉਠਾਇਆ ਹੈ ਅਤੇ ਕਹਿੰਦੇ ਹਨ ਕਿ ਬੜੀ ਦੇਰ ਲੱਗ ਰਹੀ ਹੈ ਪਰ ਤਲਵੰਡੀ ਸਾਬੋ ਮੰਡੀ ਲਈ ਪਿਛਲੀ ਕਾਂਗਰਸ ਸਰਕਾਰ ਨੇ ਫੈਸਲਾ ਕੀਤਾ ਸੀ ਪਰ ਤਿੰਨ ਸਾਲ ਅਕਾਲੀ-ਜਨਤਾ ਸਰਕਾਰ ਨੇ ਕੁੱਝ ਨਹੀਂ ਕੀਤਾ । ਕੀ ਸਾਡੇ ਮਨਿਸਟਰ ਸਾਹਿਬ, ਹੁਣ ਕ੍ਰਿਪਾ ਕਰਨਗੇ ।

ਮੰਤਰੀ: ਸਪੀਕਰ ਸਾਹਿਬ, ਅਗਰ ਤਲਵੰਡੀ ਸਾਬੋ ਮੰਡੀ ਵਿਚ ਜ਼ਮੀਨ ਐਕੁਆਇਰ ਹੋ ਗਈ ਹੈ ਅੌਰ ਨੋਟੀਫੀਕੇਸ਼ਨ ਹੋ ਗਿਆ ਹੈ ਤਾਂ ਫਿਰ ਇਸ ਦੀ ਅਬਾਦਕਾਰੀ ਲਈ ਕੰਮ ਕਰ ਦਿਆਂਗੇ ।

ਸਰਦਾਰ ਬਲਦੇਵ ਸਿੰਘ ਮਾਨ : ਜਿਹੜੀਆਂ ਨਵੀਆਂ ਮੰਡੀਆਂ ਬਣਦੀਆਂ ਹਨ ਉਥੇ ਵਾਟਰ ਸਪਲਾਈ ਦੀਆਂ ਸਹੂਲਤਾਂ ਦਿੰਦੇ ਹਨ। ਇਸ ਲਈ ਫੰਡਜ਼ ਕਾਲੋਨਾਈਜੇਸ਼ਨ ਵਾਲੇ ਦਿੰਦੇ ਹਨ। ਪਰ ਇਹ ਪੈਸਾ

ਅਜੇ ਤੱਕ ਪਬਲਿਕ ਹੈਲਥ ਵਿਭਾਗ ਨੂੰ ਨਹੀ ਦਿੱਤਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ 31 ਮਾਰਚ ਤੱਕ ਉਨ੍ਹਾਂ ਨੂੰ ਪੈਸਾ ਰਲੀਜ਼ ਕਰਾ ਦੇਣਗੇ ਤਾਕਿ ਉਥੇ ਵਾਟਰ ਵਰਕਸ ਬਣ ਜਾਣ ਔਰ ਵਾਟਰ ਸਪਲਾਈ ਦਾ ਪਰਬੰਧ ਹੋ ਜਾਵੇ ਔਰ ਉਸ ਦੇ ਨਾਲ ਸੀਵਰੇਜ਼ ਵੀ ਪੈ ਜਾਵੇ ?

ਮੰਤਰੀ : ਮੈਂਬਰ ਸਾਹਿਬ ਨੇ ਕੋਈ ਆਪਣੀ ਪ੍ਰਾਬਲਮ ਦੱਸਣੀ ਹੋਣੀ ਹੈ । ਪੰਜਾਬ ਵਿਚ ਜੋ ਨਵੀਆਂ ਮੰਡੀਆਂ ਹਨ ਉਨ੍ਹਾਂ ਦੀ ਤਾਦਾਦ ਕੋਈ 200 ਦੇ ਕਰੀਬ ਹੈ । ਜੇ ਇਕ ਦਮ ਸਾਰੀਆਂ ਮੰਡੀਆਂ ਵਾਸਤੇ ਵਾਟਰ ਸਪਲਾਈ ਦਾ ਪ੍ਰਬੰਧ ਕਰੀਏ ਤਾਂ ਫਿਰ ਤਾਂ ਕਾਫੀ ਮੁਸ਼ਕਿਲ ਹੋਏਗੀ । ਇਸ ਬਾਰੇ ਇਕ ਫੇਜ਼ਡ ਪ੍ਰੋਗਰਾਮ ਬਣਾਇਆ ਹੈ ਔਰ ਉਸ ਦੇ ਮੁਤਾਬਿਕ ਹੀ ਕੰਮ ਚਲਦਾ ਰਹਿੰਦਾ ਹੈ ।

Proposal to change the Existing System of Issuing Fards

***278. Master Dalip Chand** : Will the Minister for Revenue be pleased to state whether the Government propose to change the existing system of issuing Fards (copies) on Mondays?

Sardar Beant Singh : Fards are being issued not only on Monday but on other working days also.

ਮਾਸਟਰ ਦਲੀਪ ਚੰਦ: ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਸੋਮਵਾਰ ਤੋਂ ਇਲਾਵਾ ਬਾਕੀ ਦਿਨਾਂ ਵਿਚ ਫਰਦਾਂ ਦਿੱਤੀਆਂ ਜਾਂਦੀਆਂ ਹਨ, ਪਰ ਬਲਾਚੌਰ ਕਾਨੂੰਨਗੋਈ ਵਿਚ ਸੋਮਵਾਰ ਤੋਂ ਇਲਾਵਾ ਹੋਰ ਦਿਨਾਂ ਵਿਚ ਵੀ ਫਰਦਾਂ ਨਹੀਂ ਮਿਲਦੀਆਂ , ਇਸ ਦੇ ਕੀ ਕਾਰਣ ਹਨ?

ਮੰਤਰੀ : ਇਹ ਜੋ ਦੱਸਿਆ ਹੈ ਇਹ ਤਾਂ ਇਕ ਐਡੀਸ਼ਨਲ ਚੀਜ਼ ਐਕਸਪੈਰੀਮੈਂਟ ਦੇ ਬੇਸ ਤੇ ਬਠਿੰਡਾ ਕਾਨੂੰਨਗੋਈ ਵਿਚ ਸ਼ੁਰੂ ਕੀਤਾ ਗਿਆ ਸੀ । ਔਰ ਇਹ ਲੋਕਾਂ ਦੀ ਤਕਲੀਫ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ । ਬਾਕੀ ਪਰੋਗਰਾਮ ਤਾਂ ਉਸੇ ਤਰ੍ਹਾਂ ਹੀ ਹੈ ਜਿਸਤਰ੍ਹਾਂ ਪਹਿਲਾਂ ਹੁੰਦਾ ਸੀ । ਫਰਦਾਂ ਤਾਂ ਕਿਸੇ ਦਿਨ ਵੀ ਲਿਤੀਆਂ ਜਾ ਸਕਦੀਆਂ ਹਨ।

ਗਿਆਨੀ ਅਰਜਨ ਸਿੰਘ ਲਿੱਟ: ਪਟਵਾਰੀ ਸੌ ਸੌ ਰੁਪਿਆ ਲੈਕੇ ਜਿਮੀਂਦਾਰਾਂ ਨੂੰ ਫਰਦਾਂ ਦਿੰਦੇ ਹਨ ਕੀ ਇਹ ਕੋਈ ਅਜਿਹਾ ਪਰਬੰਧ ਕਰਨਗੇ ਕਿ ਜ਼ਿਮੀਦਾਰਾਂ ਨੂੰ ਵੇਲੇ ਸਿਰ ਬਗੈਰ ਪੈਸੇ ਦਿੱਤੇ ਫਰਦਾਂ ਮਿਲ ਜਾਇਆ ਕਰਨ? ਦੂਜੇ ਇਹ ਕਿ ਇਸ ਦੀਆਂ ਫੋਟੋ-ਸਟੈਟ ਕਾਪੀਆਂ ਜ਼ਿਮੀਦਾਰਾਂ ਨੂੰ ਮਿਲ ਜਾਇਆ ਕਰਨ, ਕੀ ਇਸ ਲਈ ਵੀ ਕੋਈ ਇਹ ਪਰਬੰਧ ਕਰਨਗੇ ?

ਮੰਤਰੀ: ਜਿਹੜਾ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜ਼ਿਮੀਦਾਰਾਂ ਨੂੰ ਫਰਦਾਂ ਸੌ ਸੌ ਰੁਪਏ ਖਰਚ ਕੇ ਮਿਲਦੀਆਂ ਹਨ, ਇਸ ਬਾਰੇ ਇਹ ਕੋਈ ਸਪੈਸੇਫਿਕ ਚੀਜ਼ ਮੇਰੇ ਨੋਟਿਸ ਵਿਚ ਲਿਆਉਣ ਔਰ ਅਗਰ ਉਹ ਸਾਬਤ ਹੋਇਆ ਤਾਂ ਉਸ ਨੂੰ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਏਗੀ । ਦੂਜੇ ਜਿਹੜੇ ਇਨ੍ਹਾਂ ਨੇ ਫੋਟੋ ਸਟੈਟ ਕਾਪੀ ਬਾਰੇ ਕਿਹਾ ਹੈ, ਇਸ ਸਬੰਧੀ ਲੋੜੀਂਦਾ ਪ੍ਰਬੰਧ ਜ਼ਿਲ੍ਹਾ ਲੈਵਲ ਤੇ ਕਰਾਂਗੇ ।

ਮਾਸਟਰ ਚੰਦ ਸਿੰਘ : ਫਰਦਾਂ ਲੈਣ ਵੇਲੇ ਜ਼ਿਮੀਦਾਰਾਂ ਤੋਂ ਪੈਸੇ ਲਏ ਜਾਂਦੇ ਹਨ ਔਰ ਕਈ ਵਾਰੀ ਤਾਂ ਪੈਸੇ ਲੈਂਦੇ ਕਰਮਚਾਰੀ ਪਕੜੇ ਵੀ ਜਾਂਦੇ ਹਨ ਪਰ ਫਿਰ ਵੀ ਉਨ੍ਹਾਂ ਦੇ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਬੰਦਾ ਇਸ ਤਰ੍ਹਾਂ ਨਾਲ ਰੰਗੇ ਹੱਥੀਂ ਪਕੜਿਆ ਜਾਵੇ ਤਾਂ ਕੀ ਇਹ ਕੋਈ ਉਸ ਤੇ ਐਕਸ਼ਨ ਲੈਣਗੇ, ਉਸ ਨੂੰ ਸਸਪੈਂਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਪੁਰਾਣੇ ਮੈਂਬਰ ਹਨ । ਜਿਹੜਾ ਕੋਈ ਰੰਗੇ ਹੱਥੀਂ ਪਕੜਿਆ ਜਾਏ ਉਹ ਸਾਡੀ ਸਰਕਾਰ ਤੋਂ ਕਦੀ ਬਚਿਆ ਤਾਂ ਹੈ ਨਹੀਂ । ਮੈਂ ਫਿਰ ਵੀ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਹੜਾ ਵੀ ਰੰਗੇ ਹੱਥੀਂ ਰਿਸ਼ਵਤ ਲੈਂਦਾ ਪਕੜਿਆਂ ਗਿਆ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਏਗੀ ।

ਸ੍ਰੀ ਬਾਲ ਮੁਕੰਦ ਸ਼ਰਮਾ: ਇਹ ਜਿਹੜੀਆ ਸ਼ਿਕਾਇਤਾਂ ਆ ਰਹੀਆਂ ਹਨ ਕਿ ਪਟਵਾਰੀ ਪੈਸੇ ਫਰਦਾਂ ਦੇਣ ਵੇਲੇ ਲੈਂਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਐਸਾ ਤਰੀਕਾ ਨਹੀਂ ਅਪਣਾ ਸਕਦੇ ਜਿਸ ਨਾਲ ਕਿ ਜ਼ਿਮੀਦਾਰਾਂ ਕੋਲ ਫਰਦ ਦੀ ਕਾਪੀ ਹੋਵੇ ਔਰ ਉਹ ਮੁੜ ਕੇ ਪਟਵਾਰੀਆਂ ਤੋਂ ਲੈਣ ਦੀ ਜ਼ਰੂਰਤ ਨਾ ਪਏ? ਇਹੋ ਜਿਹਾ ਕੋਈ ਤਰੀਕਾ ਅਪਣਾਉਣਾ ਚਾਹੀਦਾ ਹੈ ।

ਮੰਤਰੀ: ਮਾਨਯੋਗ ਮੈਂਬਰ ਸਾਹਿਬ ਦਾ ਸੁਝਾਓ ਚੰਗਾ ਹੈ । ਅਸੀਂ ਪਾਸ ਬੁੱਕਾਂ ਦੀ ਸਕੀਮ ਚਾਲੂ ਕੀਤੀ ਸੀ, ਪਰ ਉਸ ਵਿਚ ਵੀ ਨੁਕਸ ਹੈ । ਉਸ ਵਿਚ ਲੈਜਿਸਲੇਸ਼ਨ ਲਿਆਉਣੀ ਪੈ ਗਈ ਹੈ । ਪਾਸ ਬੁੱਕਾਂ ਕਈ ਜਗ੍ਹਾ ਤੇ ਆਨਰ ਨਹੀਂ ਹੁੰਦੀਆਂ । ਅਸੀਂ ਚਾਹੁੰਦੇ ਹਾਂ ਕਿ ਪਾਸ ਬੁੱਕਾਂ ਬੈਂਕਾਂ ਤੋਂ ਵੀ ਆਨਰ ਹੋਣੀਆਂ ਚਾਹੀਦੀਆਂ ਹਨ ਤਾਕਿ ਜ਼ਿਮੀਦਾਰਾਂ ਨੂੰ ਉਨ੍ਹਾਂ ਤੋਂ ਕਰਜ਼ੇ ਵੀ ਮਿਲ ਸਕਣ । ਇਹ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ।

Punsup Shops in the State

*326. **Shri Om Parkash Gupta** : Will the Chief Minister be pleased to State—

(a) the present policy for opening Punsup shops and their number in the State, at present;

(b) the names of commodities supplied /sold by such shops and the categories of persons entitled to buy the same;

(c) the number of such shops checked by the Food & Supplies Department during the last ten months and the details of irregularities, if any, detected and the action, if any, taken hereon?

ਸਰਦਾਰ ਦਰਬਾਰਾ ਸਿੰਘ: (ੳ) ਵਰਤਮਾਨ ਨੀਤੀ ਅਧੀਨ ਪਨਸਪ ਦੀਆਂ ਕੋਈ ਨਵੀਆਂ ਪਰਚੂਨ ਦੁਕਾਨਾਂ ਨਹੀਂ ਖੋਲ੍ਹੀਆਂ ਜਾ ਰਹੀਆਂ ਹਨ । ਇਸ ਸਮੇਂ ਰਾਜ ਵਿੱਚ ਅਜਿਹੀਆਂ 343 ਦੁਕਾਨਾਂ ਹਨ ।

(ਅ) ਇਸ ਸਬੰਧ ਵਿਚ ਸਾਰਣੀ ਹਾਉਸ ਵਿਚ ਪੇਸ਼ ਕੀਤੀ ਜਾਂਦੀ ਹੈ ।

(ੲ) ਇਸ ਸਬੰਧ ਵਿਚ ਸਾਰਣੀ ਹਾਉਸ ਵਿਚ ਪੇਸ਼ ਕੀਤੀ ਜਾਂਦੀ ਹੈ ।

ਭਾਗ (ਅ) ਦੇ ਜਵਾਬ ਵਿਚ ਸਾਰਣੀ

ਪਨਸਪ ਦੀਆਂ ਦੁਕਾਨਾਂ 2-10-1980 ਤੋਂ ਪ੍ਰਚਲਤ ਸੋਧੀ ਸਬਸਿਡੀ ਸਕੀਮ ਅਧੀਨ ਪਾਤਰ ਖੱਪਤ-ਕਾਰਾਂ ਨੂੰ ਨਿਮਨ-ਲਿਖਤ ਵਸਤਾਂ ਹਰੇਕ ਸਾਹਮਣੇ ਦਿੱਤੇ ਪੈਮਾਨੇ ਅਤੇ ਦਰਾਂ ਅਨੁਸਾਰ ਸਪਲਾਈ ਕਰ/

ਵੇਚ ਰਹੀਆਂ ਹਨ:-

ਲੜੀ ਨੰ:	ਵਸਤਾਂ	ਪੈਮਾਨਾ	ਦਰ
1	ਕਣਕ ਦਾ ਆਟਾ	10 ਕਿ.ਗ੍ਰ: ਪ੍ਰਤੀ ਬਾਲਗ ਅਤੇ 5 ਕਿ: ਗ੍ਰ: ਪ੍ਰਤੀ ਨਾਬਾਲਗ ਲੇਕਿਨ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨਾ ਵੱਧ ਤੋਂ ਵੱਧ 80 ਕਿ:ਗ੍ਰ:	1.30 ਰੁਪਏ ਪ੍ਰਤੀ ਕਿ: ਗ੍ਰ:
2.	ਛੋਲਿਆਂ ਦੀ ਦਾਲ ਜਾਂ	500 ਗ੍ਰਾਮ ਪ੍ਰਤੀ ਜੀਅ ਪ੍ਰਤੀ ਮਹੀਨਾ	3.00 ਰੁ: ਪ੍ਰਤੀ ਕਿ: ਗ੍ਰਾ:
3.	ਮਾਂਹ ਸਾਬਤ		3.00 ਰੁ: ਪ੍ਰਤੀ ਕਿ: ਗ੍ਰਾ:
4	ਵਨਸਪਤੀ ਘੀ ਜਾਂ	-ਉਹੀ-	10.40 ਰੁ: ਪ੍ਰਤੀ ਕਿ:ਗ੍ਰਾ:
5.	ਆਰ ਡੀ. ਬੀ. ਤਾੜ ਦਾ ਤੇਲ		8.25 ਰੁ: ਪ੍ਰਤੀ ਕਿ: ਗ੍ਰਾ:

ਉਪਰੋਕਤ ਸਬਸਿਡੀ ਵਾਲੀਆਂ ਵਸਤਾਂ ਕੇਵਲ ਉਨ੍ਹਾਂ ਹੀ ਵਿਅਕਤੀਆਂ ਨੂੰ ਸਪਲਾਈ ਕੀਤੀਆਂ/ਵੇਚੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਆਰਥਕ ਤੌਰ ਤੇ ਪੱਛੜੇ ਹੋਏ ਵਜੋਂ ਸ਼ਨਾਖ਼ਤ ਹੋ ਗਈ ਹੈ ਅਰਥਾਤ ਜਿਨ੍ਹਾਂ ਦੀ ਸਾਰਿਆਂ ਵਸੀਲਿਆਂ ਤੋਂ ਪਰਵਾਰਕ ਆਮਦਨ 3600|- ਰੁਪਏ ਸਾਲਾਨਾ ਤੋਂ ਘੱਟ ਹੈ । ਇਸ ਸਕੀਮ ਦਾ ਲਾਭ ਰਾਜ ਸਰਕਾਰ ,ਪੰਜਾਬ ਤੇ ਹਰਿਆਣਾ ਹਾਈਕੋਰਟ ਅਤੇ ਹੋਰ ਸਰਕਾਰੀ ਅਦਾਰਿਆਂ/ਕਾਰਪੋਰੇਸ਼ਨਾਂ ਆਦਿ ਦੇ ਦਰਜਾ 4 ਸ਼੍ਰੇਣੀ ਦੇ ਕਰਮਚਾਰੀਆਂ, ਜਿਨ੍ਹਾਂ ਵਿੱਚ ਲੋਕਲ ਬਾਡੀਆਂ ਤੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਡੈਪੂਟੇਸ਼ਨ ਤੇ ਗਏ ਪੰਜਾਬ ਸਰਕਾਰ ਦੇ ਪਾਤਰ ਕਰਮਚਾਰੀ ਸ਼ਾਮਲ ਹਨ, ਨੂੰ ਵੀ ਦਿੱਤਾ ਗਿਆ ਹੈ । ਪਾਤਰ ਵਿਅਕਤੀਆਂ ਦੇ ਕਾਰਡਾਂ ਤੇ, ਉਨ੍ਹਾਂ ਵੱਲੋਂ ਸਰਕਾਰ ਦੁਆਰਾ ਨਾਮਜ਼ਦ ਅਧਿਕਾਰੀਆਂ ਤੋਂ ਲਏ ਆਮਦਨੀ ਸਬੰਧੀ ਸਰਟੀਫਿਕੇਟ ਪੇਸ਼ ਕੀਤੇ ਜਾਣ ਤੇ, ਉਨ੍ਹਾਂ ਉਤੇ 'ਆਰਥਕ ਤੌਰ ਤੇ ਪੱਛੜੇ ਹੋਏ ਸ਼ਬਦ ਲਿਖਕੇ ਖੁਰਾਕ ਤੇ ਸਪਲਾਈ ਵਿਭਾਗ ਦੇ ਅਫ਼ਸਰਾਂ ਦੁਆਰਾ ਮੁਹਰ ਲਾਈ ਜਾਂਦੀ ਹੈ ਅਤੇ ਚੌਥੀ ਸ਼੍ਰੇਣੀ ਦੇ ਕਰਮਚਾਰੀਆਂ ਦੀ ਸੂਰਤ ਵਿਚ ਉਨ੍ਹਾਂ ਵੱਲੋਂ ਆਪਣੇ ਵਿਭਾਗਾਂ ਦੇ ਮੁੱਖੀਆਂ ਵੱਲੋਂ ਲਏ ਸਰਟੀ-ਫਿਕੇਟਾਂ, ਜਿਸ ਵਿਚ ਇਹ ਦੱਸਿਆ ਹੋਵੇ ਕਿ ਉਹ ਉਨ੍ਹਾਂ ਅਧੀਨ ਕੰਮ ਕਰ ਰਹੇ ਹਨ, ਦੇ ਆਧਾਰ ਤੇ ਮੁਹਰ ਲਾਈ ਜਾਂਦੀ ਹੈ ।

ਪਨਸਪ ਦੀਆਂ ਦੁਕਾਨਾਂ ਰਾਹੀਂ ਸਰਕਾਰੀ ਵੰਡ ਪ੍ਰਣਾਲੀ ਅਧੀਨ, ਨਿਮਨ-ਲਿਖਤ ਗੈਰ ਸਬਸਿਡੀ ਵਾਲੀਆ ਵਸਤਾਂ **ਵੀ ਕੰਟਰੋਲ ਸ਼ੁਦਾ** ਕੀਮਤਾਂ ਤੇ ਸਪਲਾਈ ਕੀਤੀਆਂ/ਵੇਚੀਆਂ ਜਾਂਦੀਆਂ ਹਨ:-

ਲੜੀ ਨੰ:	ਵਸਤਾਂ ਦਾ ਨਾਂ	ਪੈਮਾਨਾ	ਦਰ
1.	ਲੈਵੀ ਸ਼ੂਗਰ ..	ਆਮ ਤੌਰ ਤੇ ਇਹ ਪ੍ਰਤੀ ਜੀਅ ਪ੍ਰਤੀ ਮਹੀਨਾ400ਗ੍ਰਾਮ ਹੈ, ਜਨਵਰੀ 81 ਲਈ ਇਹ 300 ਗ੍ਰਾਮ ਹੈ ।	3.50 ਰੁ: ਪ੍ਰਤੀ ਕਿ: ਗ੍ਰ:
2.	ਕਣਕ ਦਾ ਆਟਾ	10 ਕਿ.ਗ੍ਰਾ: ਪ੍ਰਤੀ ਬਾਲਗ ਅਤੇ 5 ਕਿ: ਗ੍ਰ. ਪ੍ਰਤੀਨਾਬਾਲਗ ਪ੍ਰਤੀ ਮਹੀਨਾ, ਪਰ ਪ੍ਰਤੀ ਰਾਸ਼ਨ ਕਾਰਡ	1.45 ਰੁ: ਪ੍ਰਤੀ ਕਿ: ਗ੍ਰਾਮ:

[ਮੁੱਖ ਮੰਤਰੀ]

ਲੜੀ ਨੰ:	ਵਸਤਾਂ ਦਾ ਨਾਂ	ਪੈਮਾਨਾ	ਦਰ
		ਪ੍ਰਤੀ ਮਹੀਨਾ ਵੱਧ ਤੋਂ ਵੱਧ 80 ਕਿ:ਗ੍ਰ:	
3.	ਚਾਵਲ	1 ਕਿ: ਗ੍ਰਾਮ: ਪ੍ਰਤੀ ਜੀਅ ਪ੍ਰਤੀ ਮਹੀਨਾ, ਪਰ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨਾ 5 ਕਿ.ਗ੍ਰਾ:	2.03 ਰੁ:ਪ੍ਰਤੀ ਕਿ: ਗ੍ਰਾ:

ਸਰਕਾਰੀ ਵੰਡ ਪ੍ਰਣਾਲੀ ਦਾ ਲਾਭ ਰਾਜ ਦੇ ਸਾਰਿਆਂ ਰਾਸ਼ਨ ਕਾਰਡ ਹੋਲਡਰਾਂ ਲਈ ਹੈ ਅਤੇ ਉਹ ਸਰਕਾਰ ਦੁਆਰਾ ਸਮੇਂ ਸਮੇਂ ਨਿਸ਼ਚਿਤ ਕੀਤੇ ਪੈਮਾਨੇ ਅਨੁਸਾਰ ਵਸਤਾਂ ਲੈਣ ਦੇ ਅਧਿਕਾਰੀ ਹਨ।

ਉਪਰੋਕਤ ਤੋਂ ਇਲਾਵਾ, ਜੇ ਨਿਮਨ-ਲਿਖਤ ਵਸਤਾਂ ਪਨਸਪ ਦੀਆਂ ਦੁਕਾਨਾਂ ਵਿੱਚ ਉਪਲੱਬਧ ਹੋਣ ਤਾਂ ਉਹ ਵੇਚੀਆਂ ਜਾਂਦੀਆਂ ਹਨ :-

1. ਕੰਟਰੋਲ ਸ਼ੁਦਾ ਕਪੜਾ
2. ਕਪੜੇ ਦੀਆਂ ਸਸਤੀਆਂ ਕਿਸਮਾਂ
3. ਨਹਾਉਣ ਵਾਲਾ ਸਾਬਨ
4. ਕਪੜੇ ਧੋਣ ਵਾਲਾ ਸਾਬਨ
5. ਮਾਚਸ ਦੀਆਂ ਡੱਬੀਆਂ
6. ਚਾਹ
7. ਸੋਡਾ ਐਸ਼
8. ਪਰਵਾਰ ਭਲਾਈ ਸਮੱਗਰੀ

ਕੰਟਰੋਲ ਸ਼ੁਦਾ ਕਪੜੇ ਤੋਂ ਛੁੱਟ, ਜਿਹੜਾ ਕਿ ਖੱਪਤਕਾਰਾਂ ਨੂੰ ਰਾਸ਼ਨ ਕਾਰਡਾਂ ਉਤੇ ਪ੍ਰਤੀ ਕਾਰਡ ਪ੍ਰਤੀ ਮਹੀਨਾ 15 ਮੀਟਰ ਜਾਂ ਇਕ ਜੋੜਾ ਸਾੜੀਆਂ/ਧੋਤੀਆਂ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ, ਹੋਰ ਸਾਰੀਆਂ ਵਸਤਾਂ ਖੱਪਤਕਾਰ ਬਿਨਾਂ ਰਾਸ਼ਨ ਕਾਰਡ ਜਾਂ ਬਿਨਾਂ ਕਿਸੇ ਮਿਕਦਾਰ ਸਬੰਧੀ ਪਾਬੰਦੀ ਦੇ ਖ੍ਰੀਦ ਸਕਦੇ ਹਨ।

ਭਾਗ (ੲ) ਦੇ ਜਵਾਬ ਵਿਚ ਸਾਰਣੀ

ਸਾਲ 1980 ਦੌਰਾਨ ਅਰਥਾਤ ਜਨਵਰੀ ਤੋਂ ਦਸੰਬਰ ਤੱਕ ਖੁਰਾਕ ਅਤੇ ਸਪਲਾਈਜ਼ ਵਿਭਾਗ ਦੇ ਅਮਲੇ ਦੁਆਰਾ 241 ਪਨਸਪ ਦੁਕਾਨਾਂ ਚੈੱਕ ਕੀਤੀਆਂ ਗਈਆਂ ਸਨ। ਚੈਕਿੰਗ ਦੌਰਾਨ 151 ਦੁਕਾਨਾਂ ਵਿਚ ਨਿਮਨਲਿਖਤ ਵਿਚੋਂ ਇਕ ਜਾਂ ਵੱਧ ਬੇਕਾਇਦਗੀਆਂ ਪਾਈਆਂ ਗਈਆਂ ਹਨ:-

1. ਆਮ ਲੋਕਾਂ ਨਾਲ ਕਰਮਚਾਰੀਆਂ ਦਾ ਭੈੜਾ ਸਲੂਕ।
2. ਸਟਾਕਾਂ ਵਿਚ ਕਮੀ/ਪੇਸ਼ੀ।
3. ਘੱਟ ਤੋਲਣਾ।
4. ਸਰਕਾਰ ਦੁਆਰਾ ਨਿਰਧਾਰਤ ਕੀਤੇ ਪੈਮਾਨੇ ਅਨੁਸਾਰ ਵਸਤਾਂ ਜਾਰੀ ਨਾ ਕਰਨੀਆਂ।
5. ਸਟਾਕ/ਦਰ ਸਬੰਧੀ ਬੋਰਡ ਨਾ ਦਰਸਾਉਣੇ।
6. ਰਿਕਾਰਡ ਠੀਕ ਢੰਗ ਨਾਲ ਨਹੀਂ ਰੱਖਿਆ ਗਿਆ।
7. ਦੁਕਾਨ ਬੰਦ ਪਾਈ ਗਈ।
8. ਸਟਾਕ ਹੋਣ ਦੇ ਬਾਵਜੂਦ ਵਸਤਾਂ ਨਹੀਂ ਵੇਚੀਆਂ ਗਈਆਂ।

9. ਰਾਸ਼ਨ ਕਾਰਡਾਂ ਵਿੱਚ ਗਲਤ/ਜਾਅਲੀ ਇੰਦਰਾਜ
10. ਕੰਟਰੋਲ ਸ਼ੁਦਾ ਵਸਤਾਂ ਦੀ ਅਣ-ਅਧਿਕਾਰਤ ਵਿਕਰੀ ।

3 ਕੇਸ ਪੁਲਸ ਪਾਸ ਰਜਿਸਟਰ ਕਰਵਾਏ ਗਏ ਅਤੇ ਦੂਜੇ ਕੇਸਾਂ ਦੇ ਸਬੰਧ ਵਿਚ ਸਬੰਧਤ ਪਨਸਪ ਅਧਿਕਾਰੀ ਨੂੰ ਉਪਾਓ ਸਬੰਧੀ ਕਾਰਵਾਈ ਕਰਨ ਲਈ ਕਿਹਾ ਗਿਆ ਸੀ ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਇਸ ਸਵਾਲ ਦਾ ਜਵਾਬ ਬੜਾ ਲੰਬਾ ਚੌੜਾ ਦਿੱਤਾ ਹੈ । ਉਸ ਵਿਚ ਇਕ ਅਹਿਮ ਚੀਜ਼ ਇਹ ਹੈ ਕਿ ਪਨਸਪ ਦੀਆਂ ਦੁਕਾਨਾਂ 241 ਚੈੱਕ ਕੀਤੀਆਂ ਹਨ ਜਿਨ੍ਹਾਂ ਵਿਚੋਂ 151 ਦੁਕਾਨਾਂ ਦੀਆਂ ਬੇਜ਼ਾਬਤਗੀਆਂ ਪਾਈਆਂ ਗਈਆਂ ਹਨ । ਇਸ ਦਾ ਮਤਲਬ ਇਹ ਹੋਇਆ ਕਿ 60% ਜਾਂ 70% ਤੋਂ ਜ਼ਿਆਦਾ ਦੁਕਾਨਾਂ ਵਿਚ ਬੇਜ਼ਾਬਤਗੀਆਂ ਪਾਈਆਂ ਗਈਆਂ ਹਨ ਔਰ ਉਹ ਵੀ ਸੀਰੀਅਸ ਬੇਜ਼ਾਬਤਗੀਆਂ ਹਨ, ਜਿਸ ਤਰ੍ਹਾਂ ਕਿ:-

1. Mis-behaviour o' officials towards public.
2. Shortage/excesses in stocks.
3. Less weighment.
4. Not issuing commodities on the scales prescribed by Governmen t
5. Stocks/rate boards not displayed.
6. Records not maintained properly.
7. Shop found closed.
8. Commodities not sold despite stocks.
9. Wrong/Bogus entries in the ration-cards.
10. Un-authorised sa'e of controlled commodities.

ਇਹ ਦਸੇ ਸੀਰੀਅਸ ਚਾਰਜਿਜ਼ ਹਨ । 241 ਦੁਕਾਨਾਂ ਚੈੱਕ ਕਰਾਈਆਂ ਗਈਆਂ ਹਨ ਔਰ 151 ਵਿਚ ਨੁਕਸ ਮਿਲੇ ਹਨ । ਬਾਵਜੂਦ ਇਸ ਦੇ ਕਿ ਹਾਲੇ ਬਹੁਤ ਸਾਰੀਆਂ ਦੁਕਾਨਾਂ ਚੈੱਕ ਹੋਣ ਤੋਂ ਰਹਿ ਗਈਆਂ ਹਨ ਔਰ ਜਿਹੜੀਆਂ ਚੈੱਕ ਹੋਈਆਂ ਹਨ ਉਨ੍ਹਾਂ ਵਿਚ ਸੀਰੀਅਸ ਚਾਰਜਿਜ਼ ਲੱਗੇ ਹਨ, ਇਨ੍ਹਾਂ ਨੇ ਜਿਹੜੇ ਕੇਸ ਰਜਿਸਟ੍ਰਡ ਕੀਤੇ ਹਨ ਉਹ ਹਨ ਸਿਰਫ ਤਿੰਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 151 ਦੁਕਾਨਾਂ ਵਿਚ ਨੁਕਸ ਪਾਏ ਗਏ ਹਨ, ਕੀ ਉਨ੍ਹਾਂ ਬਾਰੇ ਵੀ ਸਰਕਾਰ ਕੇਸ ਰਜਿਸਟਰ ਕਰਾਏਗੀ? ਕੀ ਇਸ ਬਾਰੇ ਸਾਰਾ ਸਿਸਟਮ ਓਵਰਹਾਲ ਕਰੇਗੀ ਸਰਕਾਰ ?

ਮੁੱਖ ਮੰਤਰੀ: ਇਹ ਠੀਕ ਹੈ ਕਿ ਤਿੰਨ ਕੇਸਿਜ਼ ਵਿਚ ਹੀ ਕਾਰਵਾਈ ਕੀਤੀ ਗਈ ਹੈ । ਜਿਨ੍ਹਾਂ ਦੇ ਖਿਲਾਫ ਨਿਹਾਇਤ ਸੀਰੀਅਸ ਚਾਰਜਿਜ਼ ਸਨ ਉਨ੍ਹਾਂ ਦੇ ਕੇਸਿਜ਼ ਹੀ ਪੁਲਿਸ ਨੂੰ ਦਿੱਤੇ ਹਨ । ਬਾਕੀ ਉਨ੍ਹਾਂ ਤੋਂ ਜਿਥੇ ਰਿਕਵਰੀਜ਼ ਸ਼ਾਰਟ ਹਨ, ਲੋੜੀਂਦੀ ਕਾਰਵਾਈ ਕਰਨ ਉਪਰੰਤ ਹੀ ਉਨ੍ਹਾਂ ਤੇ ਐਕਸ਼ਨ ਲਵਾਂਗੇ ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਅੱਗੇ ਇਹ ਪਨਸਪ ਦੀਆਂ ਦੁਕਾਨਾਂ ਤੋਂ ਹਰ ਉਹ ਰਾਸ਼ਨ ਕਾਰਡ ਹੋਲਡਰ ਚਾਹੇ ਉਹ 500/- ਮਹੀਨਾਂ ਲੈਣ ਵਾਲਾ ਕਲਰਕ ਹੀ ਸੀ ਜਾਂ ਕੋਈ ਹੋਰ ਮਿਡਲ ਇਨਕਮ ਗਰੁਪ ਸੀ ਉਹ ਦੁਕਾਨਾਂ ਤੋਂ ਆਪਣੀ ਜ਼ਰੂਰਤ ਦੇ ਮੁਤਾਬਿਕ ਲਾਈਨ ਵਿਚ ਖੜ੍ਹ ਕੇ ਰਾਸ਼ਨ ਲੈ ਸਕਦਾ ਸੀ । ਲੇਕਿਨ ਹੁਣ ਸਰਕਾਰ ਨੇ ਫੈਸਲਾ ਕਰ ਦਿੱਤਾ ਹੈ ਕਿ ਜਿਸ ਦੀ ਆਮਦਨੀ 3600/- ਰੁਪਏ ਸਾਲਾਨਾ ਹੈ ਉਹ ਹੀ ਸਿਰਫ ਇਨ੍ਹਾਂ ਦੁਕਾਨਾਂ ਤੋਂ ਰਾਸ਼ਨ ਲੈ ਸਕਦਾ ਹੈ । ਇਸ ਨਾਲ ਲੋਕਾਂ ਨੂੰ ਕਾਫੀ ਹਾਰਡ-ਸ਼ਿਪ ਹੋ ਗਈ ਹੈ । ਜਿੰਨਾ ਚਿਰ ਪਨਸਪ ਦੀਆਂ ਦੁਕਾਨਾਂ ਹਨ ਉਨਾਂ ਚਿਰ ਅੱਗੇ ਵਾਂਗੂ ਜਿਸ ਦਾ ਰਾਸ਼ਨ ਕਾਰਡ ਹੋਵੇ ਕੀ ਉਹ ਇਨ੍ਹਾਂ ਦੁਕਾਨਾਂ ਤੋਂ ਆਪਣਾ ਰਾਸ਼ਨ ਲੈ ਸਕੇਗਾ ਜਿਸ ਤਰ੍ਹਾਂ ਕਿ ਉਹ ਪਹਿਲਾਂ ਲੈਂਦਾ ਹੁੰਦਾ ਸੀ?

ਮੁੱਖ ਮੰਤਰੀ : ਜੋ ਪਹਿਲਾਂ ਫੈਸਲਾ ਸੀ ਉਸ ਮੁਤਾਬਿਕ ਰਾਸ਼ਨ ਕਾਰਡ ਦੀ ਮਿਸ-ਯੂਟੇਲਾਈਜ਼ੇਸ਼ਨ ਹੁੰਦੀ ਸੀ । ਲਾਈਨ ਵਿਚ ਲਾਜ਼ਮੀ ਨਹੀਂ ਕਿ ਬਹੁਤ ਵੱਡਾ ਆਦਮੀ ਉਥੇ ਖੜ੍ਹਾ ਹੋਵੇ, ਉਹ ਕਿਸੇ ਹੋਰ ਨੂੰ ਕਾਰਡ ਦੇ ਦਿੰਦਾ ਸੀ ਕਿ ਉਹ ਉਸ ਲਈ ਵੀ ਰਾਸ਼ਨ ਲੈ ਆਵੇ । ਇਹ ਸਿਸਟਮ ਇਸ ਕਰਕੇ ਕੀਤਾ ਹੈ ਕਿ ਜਿਹੜਾ ਬਿਲੋਅ ਸਬਸਿਸਟੈਂਸ ਹੈ 3600/- ਰੁਪਏ ਸਾਲਾਨਾ ਤੋਂ ਘੱਟ ਇਨਕਮ ਹੈ, ਉਨ੍ਹਾਂ ਨੂੰ ਪਹਿਲ ਦਿੱਤੀ ਜਾਏ । ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਅੱਗੇ 500/- ਰੁਪਏ ਤੱਕ ਬੰਦੇ ਆਪਣਾ ਰਾਸ਼ਨ ਲੈ ਸਕਦੇ ਸੀ, ਇਸ ਪਹਿਲੇ ਸਿਸਟਮ ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਔਰ ਕਰਾਂਗੇ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਦਾ ਮੈਨੂੰ ਪਤਾ ਨਹੀਂ ਪਰ ਸ਼ਹਿਰਾਂ ਵਿਚ ਜਿਹੜੀਆਂ ਦੁਕਾਨਾਂ ਹਨ ਉਥੇ ਉਨ੍ਹਾਂ ਨੂੰ ਸਪਲਾਈ 4-5 ਵਜੇ ਤੋਂ ਬਾਅਦ ਮਿਲਦੀ ਹੈ । ਇਸ ਤਰ੍ਹਾਂ ਬੀਬੀਆਂ ਅਤੇ ਬੱਚੇ ਰਾਤ ਦੇ 9 ਵਜੇ ਤੱਕ ਲਾਈਨਾਂ ਵਿਚ ਖੜ੍ਹੇ ਰਹਿੰਦੇ ਹਨ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਐਸਾ ਪ੍ਰਬੰਧ ਕਰਨਗੇ ਕਿ ਉਨ੍ਹਾਂ ਨੂੰ ਸਪਲਾਈ 5 ਵਜੇ ਤੋਂ ਪਹਿਲਾਂ ਮਿਲ ਜਾਵੇ ਤਾਕਿ ਉਹ ਟਾਈਮ ਨਾਲ ਦਿਨੇ ਦਿਨੇ ਘਰ ਵਾਪਸ ਜਾ ਸਕਣ?

ਮੁੱਖ ਮੰਤਰੀ : ਇਸੇ ਕਰਕੇ ਰਾਸ਼ਨ ਕਾਰਡ ਇਕ ਡਿਪੋ ਤੇ 500 ਕੀਤਾ ਹੈ ਤਾਕਿ ਉਨ੍ਹਾਂ ਨੂੰ ਸਹੂਲਤ ਮਿਲ ਸਕੇ ਔਰ ਕੋਸ਼ਿਸ਼ ਕੀਤੀ ਜਾਵੇਗੀ ਕਿ ਜੋ ਟਾਈਮ ਆਫਿਸ ਦਾ ਹੈ ਉਸ ਦੇ ਵਿਚ ਹੀ ਉਨ੍ਹਾਂ ਨੂੰ ਸਪਲਾਈ ਕੀਤੀ ਜਾਵੇ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੀਆਂ ਦੁਕਾਨਾਂ ਚਲਾਈਆਂ ਗਈਆਂ ਸਨ ਇਹ ਸਹੀ ਮਾਹਨਿਆਂ ਵਿਚ ਗਰੀਬ ਲੋਕਾਂ ਲਈ ਚਲਾਈਆਂ ਗਈਆਂ ਸਨ ਪਰ ਬਦਕਿਸਮਤੀ ਦੀ ਗੱਲ ਹੈ ਕਿ ਪਿੰਡਾਂ ਵਿਚ ਜਿਥੇ ਗਰੀਬ ਲੋਕ ਵਸਦੇ ਹਨ ਉਥੋਂ ਇਹ ਸਕੀਮ ਬੰਦ ਕਰ ਦਿੱਤੀ ਹੈ । ਕੀ ਇਹ ਕਿਰਪਾ ਕਰਕੇ ਉਥੇ ਵੀ ਇਸ ਸਿਸਟਮ ਨੂੰ ਜਾਰੀ ਰੱਖਣਗੇ ਤਾਕਿ ਇਨ੍ਹਾਂ ਰਾਹੀਂ ਉਥੇ ਗਰੀਬ ਲੋਕਾਂ ਨੂੰ ਆਟਾ, ਦਾਲਾਂ ਆਦਿ ਮਿਲਦੀਆਂ ਰਹਿਣ । ਦੂਜਾ ਇਹ ਕਿ ਹੁਣ ਜਿਹੜੀ ਇਹ 36 ਸੌ ਰੁਪਏ ਦੀ ਆਮਦਨੀ ਦੀ ਲਿਮਿਟ ਰੱਖੀ ਹੈ, ਇਸ ਦੇ ਵਾਸਤੇ ਪਹਿਲਾਂ ਐਮ. ਐਲ. ਏ./ ਸਰਪੰਚ ਨੂੰ ਅਟੈਸਟ ਕਰਨ ਦਾ ਅਖਤਿਆਰ ਸੀ ਪਰ ਹੁਣ ਕਿਹਾ ਹੈ ਕਿ ਐਸ. ਡੀ. ਐਮ. ਅਟੈਸਟ ਕਰੇ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਲਾਂਪੁਰ ਦੇ ਲੋਕਾਂ ਨੂੰ ਲੁਧਿਆਣਾ ਐਸ.ਡੀ.ਐਮ. ਤੋਂ ਅਟੈਸਟ ਕਰਾਉਣ ਵਾਸਤੇ ਆਉਣਾ ਪੈਂਦਾ ਹੈ । ਇਸ ਲਈ ਕੀ ਇਹ ਐਮ. ਐਲ. ਏ. ਸਰਪੰਚ ਨੂੰ ਅਟੈਸਟ ਕਰਨ ਦਾ ਅਧਿਕਾਰ ਦੇਣਗੇ ਤਾਕਿ ਲੋਕਾਂ ਨੂੰ ਦੂਰ ਨਾ ਜਾਣਾ ਪਵੇ ?

ਮੁੱਖ ਮੰਤਰੀ: ਇਹ ਕਾਫੀ ਬਹਿਸ ਵਾਲਾ ਵਿਸ਼ਾ ਹੈ । ਮੈਂ ਇਹ ਨਹੀਂ ਕਹਿੰਦਾ ਕਿ ਐਮ. ਐਲ. ਏ ਤਸਦੀਕ ਕਰਨ ਵਿਚ ਫਸੇ ਰਹਿਣ ਅਤੇ ਇਸ ਤਰ੍ਹਾਂ ਕਰਕੇ ਉਹ ਕੁੱਝ ਲੋਕਾਂ ਨੂੰ ਰਾਜ਼ੀ ਕਰਨ ਅਤੇ ਕੁਝ ਨੂੰ ਨਾਰਾਜ਼ ਕਰਨ । ਇਹ ਤਾਂ ਤੁਹਾਡੇ ਬੈਨੀਫਿਟ ਵਾਸਤੇ ਹੈ । (ਵਿਘਨ) ਮਗਰ ਇਸ ਨੂੰ ਨਵੇਂ ਸਿਰੇ ਤੋਂ ਦੇਖਿਆ ਜਾ ਸਕਦਾ ਹੈ । ਪਨਸਪ ਦੀਆਂ ਦੁਕਾਨਾਂ ਬਾਰੇ ਬਾਰ ਬਾਰ ਕਿਹਾ ਜਾਂਦਾ ਹੈ ਕਿ ਇਹ ਜ਼ਰੂਰ ਰੱਖੋ । ਮੈਂ ਦੱਸਣਾ ਚਾਹੁੰਦਾ ਹਾਂ ਕਿ 1979 ਵਿਚ ਪਿਛਲੀ ਸਰਕਾਰ 210 ਦੁਕਾਨਾਂ ਖਤਮ ਕਰਕੇ ਗਈ ਸੀ । ਅਸੀਂ ਕੋਈ ਖਤਮ ਨਹੀਂ ਕੀਤੀਆਂ । ਸਾਡੀ ਇਹ ਕੋਸ਼ਿਸ਼ ਹੈ ਕਿ ਇਸ ਸਿਸਟਮ ਨੂੰ ਸੌਖਾ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਤਾਕਿ ਲੋਕੀਂ ਉਸ ਤੋਂ ਫਾਇਦਾ ਉਠਾ ਸਕਣ । ਇਸ ਲਈ ਜੋ ਇਸ ਬਾਰੇ ਤਜਵੀਜ਼ਾਂ ਇਥੇ ਆਉਣ ਉਸ ਉਤੇ ਵਿਚਾਰ ਕੀਤੀ ਜਾ ਸਕਦੀ ਹੈ ।

ਸਰਦਾਰ ਦਲੀਪ ਸਿੰਘ ਪਾਂਧੀ: ਪਨਸਪ ਦੀਆਂ 343 ਦੁਕਾਨਾਂ ਹਨ ਅਤੇ 241 ਚੈੱਕ ਹੋਈਆਂ ਹਨ ਅਤੇ 151 ਵਿਚ ਗੜ ਬੜ ਪਾਈ ਗਈ ਹੈ । ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਉਥੋਂ ਅਸੈਂਸ਼ੀਅਲ ਕਾਮੋਡਿਟੀਜ਼ ਜਿਵੇਂ ਕਿ ਦਾਲਾਂ, ਆਟਾ, ਘੀ ਅਤੇ ਕੱਪੜਾ ਲੋਕਾਂ ਨੂੰ ਨਹੀਂ ਮਿਲਦਾ ਅਤੇ ਇਹ ਕਾਫੀ ਸਮੇਂ ਤੋਂ ਨਹੀਂ ਆਇਆ । ਇਸ ਦੇ ਮੁਕਾਬਲੇ ਵਿਚ ਉਨ੍ਹਾਂ ਦੁਕਾਨਾਂ ਤੋਂ ਨਿਰੋਧ ਕਾਫੀ ਅਵੈਲੇਬਲ ਹੈ । (ਵਿਘਨ) ਇਸ ਲਈ ਕੀ ਇਹ ਸੈਂਟਰਲ ਗੌਰਮਿੰਟ ਨਾਲ ਗੱਲ ਬਾਤ ਕਰਕੇ ਕੰਟਰੋਲ ਰੇਟ ਤੇ ਕਪੜਾ ਉਥੋਂ ਦਿਵਾਉਣਗੇ ਅਤੇ ਜਿਨ੍ਹਾਂ ਆਈਟਮਜ਼ ਤੇ ਸਬਸਿਡੀ ਮਿਲ ਸਕਦੀ ਹੈ ਉਹ ਆਈਟਮਜ਼ ਵੀ ਉਥੋਂ ਦਿਵਾਉਣਗੇ ? ਅੱਜ ਲੋਕਾਂ ਨੂੰ ਪੰਜਾਬ ਵਿਚ ਆਟਾ ਢਾਈ ਰੁਪਏ ਕਿਲੋ ਦੇ ਹਿਸਾਬ ਨਾਲ ਮਿਲ ਰਿਹਾ ਹੈ ।

ਮੁੱਖ ਮੰਤਰੀ: ਅਰਜ਼ ਇਹ ਹੈ ਕਿ ਜਿਹੜੀ ਲੋੜੀਂਦੀਆਂ ਚੀਜ਼ਾਂ ਲੋਕਾਂ ਨੂੰ ਚਾਹੀਦੀਆਂ ਹਨ ਉਸ ਲਈ ਅਸੀਂ ਸੈਂਟਰਲ ਗੌਰਮਿੰਟ ਤੋਂ ਜ਼ਿਆਦਾ ਤੋਂ ਜ਼ਿਆਦਾ ਮੰਗ ਕਰਦੇ ਹਾਂ ਅਤੇ ਕਰਦੇ ਰਹਾਂਗੇ ਅਤੇ ਜਿੰਨੀ ਵੀ ਅਵੇਲੇਬਿਲਟੀ ਹੁੰਦੀ ਉਸ ਦੇ ਮੁਤਾਬਿਕ ਹੀ ਡਿਸਟਰੀਬਿਊਸ਼ਨ ਹੋ ਸਕਦੀ ਹੈ ।

ਸਰਦਾਰ ਬਸੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਪਨਸਪ ਦੀਆਂ ਦੁਕਾਨਾਂ ਉਥੇ ਖੋਲ੍ਹੀਆਂ ਜਾਣਗੀਆਂ ਜਿਥੇ ਹਰੀਜਨ ਵਸਦੇ ਹਨ ਤਾਕਿ ਉਨ੍ਹਾਂ ਨੂੰ ਉਥੋਂ ਹੀ ਆਪਣੀ ਬਸਤੀ ਵਿਚ ਚੀਜ਼ਾਂ ਮਿਲ ਜਾਣ ਅਤੇ ਉਨ੍ਹਾਂ ਨੂੰ ਦੂਰ ਪਾਸੇ ਨਾ ਜਾਣਾ ਪਵੇ?

ਮੁੱਖ ਮੰਤਰੀ : ਇਹ ਦੇਖਕੇ ਕਿ ਜਿਥੇ ਜ਼ਿਆਦਾ ਤਾਦਾਦ ਗਰੀਬ ਲੋਕਾਂ ਦੀ ਹੈ, ਕੋਸ਼ਿਸ਼ ਕਰਾਂਗੇ ਕਿ ਉਥੇ ਨਜ਼ਦੀਕ ਦੁਕਾਨ ਖੋਲ੍ਹੀ ਜਾਵੇ ।

Construction of A Bridge at Kiran Askep (Aliwal)

*510. **Sardar Mohinder Singh Sarupwali** : Will the Chief Minister be pleased to state whether the Government propose to construct a bridge at Kiran Askep (Aliwal), Tehsil Batala, District Gurdaspur between the village Do-burjian and Gujjarpura; if so, the time by which it is expected to be constructed?

ਸਰਦਾਰ ਦਰਬਾਰਾ ਸਿੰਘ: ਹਾਂ ਜੀ । ਕਿਉਂਕਿ ਇਹ ਪੁਲ ਇਨਟਰਨੈਸ਼ਨਲ ਬਾਰਡਰ ਤੋਂ 50 ਕਿਲੋਮੀਟਰ ਦੀ ਹੱਦ ਵਿਚ ਆਉਂਦਾ ਹੈ । ਇਸ ਕਰਕੇ ਇਸ ਦੀ ਉਸਾਰੀ ਭਾਰਤ ਸਰਕਾਰ ਦੀ ਕਲੀਅਰੈਂਸ ਉਪਰੰਤ ਹੀ ਕੀਤੀ ਜਾ ਸਕਦੀ ਹੈ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਵੇਂ ਇਨ੍ਹਾਂ ਨੇ ਨਵੀਂ ਸਰਕਾਰ ਤੋਂ ਬਾਅਦ ਬੜੇ ਜ਼ੋਰ ਨਾਲ ਇਹ ਕਿਹਾ ਸੀ ਕਿ ਬਾਰਡਰ ਦੀ ਡਿਵੈਲਪਮੈਂਟ ਵਾਸਤੇ ਇਕ ਬੋਰਡ ਕਾਇਮ ਕੀਤਾ ਹੈ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਹ ਏਰੀਆ 50 ਕਿਲੋਮੀਟਰ ਦੇ ਅੰਦਰ ਬਾਰਡਰ ਦੇ ਵਿਚ ਆਉਂਦਾ ਹੈ ਅਤੇ ਉਨ੍ਹਾਂ ਬਾਰਡਰ ਦੇ ਲੋਕਾਂ ਦੀ ਸੇਵਾ ਦੇ ਵਾਸਤੇ, ਜਿਸ ਤਰ੍ਹਾਂ ਕਿ ਇਨ੍ਹਾਂ ਨੇ 3 ਜ਼ਿਲ੍ਹਿਆਂ ਵਿਚੋਂ ਕਮੇਟੀ ਕਾਇਮ ਕੀਤੀ ਹੈ, ਇਸ ਲਈ ਕੀ ਇਹ ਜ਼ਰੂਰੀ ਨਹੀਂ ਕਿ ਇਸ ਪਾਸੇ ਪਰਾਇਰਟੀ ਦੇ ਕੇ ਉਥੇ ਪੁਲ ਬਣਾਇਆ ਜਾਵੇ ?

ਮੁੱਖ ਮੰਤਰੀ: ਜਿਥੋਂ ਤੱਕ ਪੰਜਾਬ ਸਰਕਾਰ ਦਾ ਤੁਅੱਲਕ ਹੈ, ਅਗਰ ਇਸ ਦੇ ਵਿਚ ਇਹ ਰੁਕਾਵਟ ਨਾ ਹੋਵੇ ਕਿ ਡੀਫੈਂਸ ਮਨਿਸਟਰੀ 50 ਕਿਲੋਮੀਟਰ ਦੀ ਸ਼ਰਤ ਨਾ ਲਾਵੇ ਤਾਂ ਅਸੀਂ ਆਪਣੇ ਆਪ ਇਸ ਨੂੰ

[ਮੁੱਖ ਮੰਤਰੀ]

ਟੇਕ ਅੱਪ ਕਰ ਸਕਦੇ ਸੀ ਪਰ ਸਾਨੂੰ ਲਾਜ਼ਮੀ ਤੌਰ ਤੇ ਇੰਟਰਨੈਸ਼ਨਲ ਬਾਰਡਰ ਨੂੰ ਮੁੱਖ ਰੱਖਕੇ ਕੇਂਦਰ ਤੋਂ ਸਾਨੂੰ ਇਜਾਜ਼ਤ ਲੈਣੀ ਪੈਂਦੀ ਹੈ । ਇਸ ਕਰਕੇ ਅਸੀਂ 7-8-1980 ਨੂੰ ਉਨ੍ਹਾਂ ਨੂੰ ਚਿੱਠੀ ਲਿਖੀ ਹੈ ਅਤੇ ਉਸ ਦਾ ਜਵਾਬ ਆਉਣ ਤੋਂ ਬਾਅਦ ਅਗਲਾ ਕੰਮ ਹੋ ਸਕਦਾ ਹੈ । ਜਿਥੋਂ ਤੱਕ ਬਾਰਡਰ ਏਰੀਆ ਦੀ ਗੱਲ ਕੀਤੀ ਹੈ ਅਸੀਂ ਲਾਜ਼ਮੀ ਤੌਰ ਤੇ ਕੇਂਦਰ ਸਰਕਾਰ ਦੀ ਡੀਫੈਂਸ ਮਨਿਸਟਰੀ ਨੂੰ ਪੁੱਛਾਂਗੇ ਕਿ ਸਾਨੂੰ ਉਥੇ ਪੁਲ ਬਣਾਉਣ ਦੀ ਮਨਜ਼ੂਰੀ ਇਕੋ ਵਾਰੀ ਦਿੱਤੀ ਜਾਵੇ ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਡਿਫੈਂਸ ਮਨਿਸਟਰੀ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ ਪਰ ਪੁਲਾਂ ਦੇ ਡੀਜ਼ਾਈਨ ਕਈ ਤਰ੍ਹਾਂ ਦੇ ਹੁੰਦੇ ਹਨ । ਤੁਸੀਂ ਆਪਣੇ ਤੌਰ ਤੇ ਛੋਟੇ ਪੁਲ ਬਣਾਓ ਤਾਕਿ ਲੋਕਾਂ ਨੂੰ ਆਉਣ ਜਾਣ ਵਿਚ ਕੋਈ ਤਕਲੀਫ ਪੇਸ਼ ਨਾ ਆਵੇ । ਰੰਧਾਵਾ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਪਤਾ ਹੋਣਾ ਹੈ ਕਿ ਇਹ ਦੋ ਪਿੰਡ ਦੋ ਬੁਰਜੀਆਂ ਅਤੇ ਗੁੱਜਰਪੁਰਾ ਵਿਚ ਬਾਦਲ ਸਰਕਾਰ ਨੇ ਫੋਕਲ ਪੁਆਇੰਟ ਬਣਾਇਆ ਸੀ । ਇਹ ਪਿੰਡ ਫਤਹਿਗੜ੍ਹ ਚੂੜੀਆਂ ਬਲਾਕ ਨਾਲ ਸਬੰਧਤ ਹਨ । ਉਥੇ ਦੇ ਲੋਕਾਂ ਨੂੰ ਪੁਲ ਨਾ ਹੋਣ ਕਰਕੇ ਬੜੀ ਤਕਲੀਫ ਪੇਸ਼ ਆ ਰਹੀ ਹੈ । ਇਸ ਲਈ ਕੀ ਇਹ ਇਸ ਉਤੇ ਬੜੀ ਸੰਜੀਦਗੀ ਨਾਲ ਵਿਚਾਰ ਕਰਕੇ ਉਥੇ ਪੁਲ ਬਣਾ ਦੇਣਗੇ ?

ਮੁੱਖ ਮੰਤਰੀ: ਮੈਂਬਰ ਸਾਹਿਬ ਨੇ ਮੇਰੇ ਜਵਾਬ ਨੂੰ ਘੋਖਿਆ ਨਹੀਂ । ਇਨ੍ਹਾਂ ਪੁਲਾਂ ਬਾਰੇ ਜੋ ਸਾਡੇ ਲੋਕਾਂ ਦੀ ਲੋੜ ਹੈ ਉਸ ਨੂੰ ਮੁੱਖ ਰੱਖਕੇ ਅਸੀਂ ਕੇਂਦਰ ਸਰਕਾਰ ਪਾਸ ਪਹੁੰਚਾਂਗੇ ਤਾਕਿ ਇਕੋ ਵਾਰ ਇਸ ਦੀ ਮਨਜ਼ੂਰੀ ਲੈ ਲਈ ਜਾਵੇ ਅਤੇ ਬਾਰ ਬਾਰ ਨਾ ਕਾਗਜ਼ ਭੇਜਿਆ ਜਾਵੇ । ਕਿਸ ਤਰ੍ਹਾਂ ਦੀ ਗੌਰਮਿੰਟ ਆਫ ਇੰਡੀਆਂ ਦੀ ਡੀਫੈਂਸ ਮਨਿਸਟਰੀ ਇਜਾਜ਼ਤ ਦਿੰਦੀ ਹੈ, ਉਸ ਦੀ ਸਪੈਸੀਫੀਕੇਸ਼ਨ ਹੈ, ਇਸ ਸਾਰੀ ਚੀਜ਼ ਨੂੰ ਦੇਖ ਭਾਲ ਕਰਕੇ ਅਸੀਂ ਕਰਾਂਗੇ ।

Construction of Culverts on Link Roads in Balachaur Assembly Constituency

*277. **Master Dalip Chand :** Will the Chief Minister be pleased to state:-

(a) the number of culverts which are yet to be constructed on the link roads in Balachaur Assembly Constituency;

(b) and the time by which these are likely to be constructed.

ਸਰਦਾਰ ਦਰਬਾਰਾ ਸਿੰਘ (ੳ) 22 ਪੁਲੀਆਂ ਬਣਾਉਣੀਆਂ ਹਨ ।

(ਅ) ਇਹ ਪੁਲੀਆਂ 1981-82 ਦੇ ਅੰਤ ਤੱਕ ਉਸਾਰੀਆਂ ਜਾਣਗੀਆਂ ।

ਮਾਸਟਰ ਦਲੀਪ ਚੰਦ: ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 22 ਪੁਲੀਆਂ ਬਣਾਉਣੀਆਂ ਹਨ ਅਤੇ ਇਹ ਪੁਲੀਆਂ 1981-82 ਦੇ ਅੰਤ ਤੱਕ ਉਸਾਰੀਆਂ ਜਾਣਗੀਆਂ । ਮੈਂ ਇਨ੍ਹਾਂ ਦਾ ਅਤੀ ਧੰਨਵਾਦੀ ਹਾਂ ਕਿਉਂਕਿ ਕਾਫੀ ਦੇਰ ਤੋਂ ਪੁਲੀਆਂ ਨਾ ਬਣਨ ਕਰਕੇ ਲੋਕਾਂ ਨੂੰ ਇਧਰ ਉਧਰ ਜਾਣ ਵਿਚ ਬਹੁਤ ਤਕਲੀਫ ਹੁੰਦੀ ਸੀ । ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਬੇਟ ਏਰੀਆ ਵਿਚ ਪਿੰਡ ਮੁੱਟੋਂ ਤੋਂ ਗੁਦਰੋ ਤੱਕ ਸੜਕ ਤੇ 2 ਡਰੇਨਾਂ ਆਉਂਦੀਆਂ ਹਨ । ਇਨ੍ਹਾਂ ਦੀ ਚੌੜਾਈ 10,10 ਕਰਮ ਹੈ ਅਤੇ ਇਨ੍ਹਾਂ ਤੇ ਪੁਲੀਆਂ ਬਣਨੀਆਂ ਬਹੁਤ ਮੁਸ਼ਕਲ ਹਨ । ਕੀ ਇਨ੍ਹਾਂ ਡਰੇਨਾਂ ਵਿਚ ਇਹ ਰੈਂਪ ਬਣਾਉਣ ਦਾ ਪ੍ਰਬੰਧ ਕਰਨਗੇ ਕਿਉਂਕਿ ਰੈਂਪ ਬਣਾਉਣ ਤੇ ਬਹੁਤ ਘੱਟ ਖਰਚ ਆਉਂਦਾ ਹੈ ਤਾਂ ਕਿ ਬੇਟ ਦੇ 28 ਪਿੰਡਾਂ ਵਿਚ ਬੱਸ ਸਰਵਿਸ ਚਾਲੂ ਹੋ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਨਾ ਆਨਰੇਬਲ ਮੈਂਬਰ ਸਾਹਿਬ ਕਹਿ ਸਕਦੇ ਹਨ ਨਾ ਮੈਂ ਕੋਈ ਜਵਾਬ ਦੇ ਸਕਦਾ ਹਾਂ, ਇਹ ਤਾਂ ਮਹਿਕਮਾ ਹੀ ਦੱਸ ਸਕਦਾ ਹੈ ਕਿ ਰੈਂਪ ਬਣਨੀ ਚਾਹੀਦੀ ਹੈ ਜਾਂ ਕੀ ਬਣਨੀ ਚਾਹੀਦੀ ਹੈ ?

ਪੰਡਿਤ ਸਰਵਣ ਰਾਮ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਕੰਡੀ ਦਾ ਇਲਾਕਾ ਹੈ ਔਰ ਉਥੇ ਬਹੁਤ ਸਾਰੀਆਂ ਪੁਲੀਆਂ ਬਣਾਉਣ ਵਾਲੀਆਂ ਹਨ, ਕੀ ਉਨ੍ਹਾਂ ਨੂੰ ਬਣਾਉਣ ਦਾ ਵੀ ਸਰਕਾਰ ਦਾ ਵਿਚਾਰ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਬੈਕਵਰਡ ਏਰੀਆ ਹੈ ਜਿਸ ਦਾ ਤਾਂ ਪਹਿਲਾਂ ਹੀ ਖਿਆਲ ਹੈ।

Visit of Ministers to Foreign Countries

***259. Master Babu Singh** : Will the Chief Minister be pleased to state:—

(a) the names of Ministers of the Punjab State who visited foreign countries at the Government expenses during each of the calender years 1977, 1978, 1979 and 1980 (up-to-date);

(b) the total amount spent on such visits, yearwise?

Sardar Darbara Singh : A statement is laid on the Table of the House. Complete figures of expenditure incurred on the foreign visits of Miniters are not available with the State Government, as payments to the visiting ministers are made by our Missions abroad against sanctions issued by the State Government. The Missions concerned raise debits against the State Government through the Ministry of External Affairs/ Accountant General, Central Revenues and payments are made to the concerned Missions by the Accountant General, Punjab, Through book adjustment. The debits against the State Government are generally raised after a long time of the visit. However, where details of expenditure are available with the State Government, these have been indicated against each visits.

Statement

Name of Ministers who visited foreign countries at State expenses.	Expenditure Incurred	
[Chief Minister]		
	1977	
1 S. Atma Singh, Former Development and Panchayats Minister.	A sum of Rs. 45/- was paid to the Ex-Minister as Rs. 45 Daily Allowance	Rs. 45.00
		45.00
	1978	
2. S. Balwant Singh, former Finance Minister	Cost of return air tickets	21,173.00
	Amount incurred on eye treatment	6,320.65
	Entertainments Allowance 500 Dollars or	5,715.00
	Conveyance & Misc. allowance 400 Dollars or	3,572.00
	Total	47'780.65
3. S. Balwant Singh, former Finance Minister.	Cost of return air tickets	32,500·00
	Expenditure on medical treatment	8,151.64
	Paid by our Embassy in U.K. on account of hotel accommodation etc.£182.61 or	2,876.0
	Entertainment allowance £500	5,715.00
	Conveyance and Misc. allowance £400 or	4,572.,0
	D.A. etc., spent by our Embassy in U.S.A.	6,95.10
	Total	60,769.74
4. S. Sukhdev Singh Dhindsa, former Minister of State for Transport, Tourism and Spors	Cost of return air tickets Details of other expenditures incurred on the foreign visit of the ex-Minister are still awaited.	19,715·00
	Total	19,715·00

			Rs.
5. S. Dalip Singh Talwandi, former Minister of State for Animal Husbandry.	Cost of return air tickets		19,769.00
	Paid D.A. etc., at Holland		1,489.45
	Paid as Hotel accomodation etc., at Holland		2,923.00
	Paid as D.A. etc. at Berne		1,563.30
	Paid as D.A. etc. at U.K.		1,563.30
			1,985.60
	Total	Rs.	2,95,43.65
	Note:-The details of expenditure incurred on his visits to France and Denmark have not yet been received.		
Total Expenditure in 1978	approximately Rs. 14,5996.04		
	1979		
6. S. Jiwan Singh Umranangal, former Revenue and Rehabilitation Minister.	Cost of return air tickets, Hotel accommodation and other allowances.		17,112.00
			9,232.00
	Total		26'344.00
7. S. Atma Singh, former Development and Panchayats Minister	Daily allowance, Hotel accommodation etc.		16,095.25
	Total		16,095.25
	Note: Cost of air tickets was met by Shri Guru Singh Sabha of U.K.		
8. S.Balwant Singh, former Finance Minister.	Cost of return air tickets		26,000.00
	Hotel accommodation D.A., etc. at U.K. £337.62 or		5,790.20
	Telephone charges £9.52 or Medical bill received from the		150.00
	University of IOWA,U.S.A. 138	Rs.	1,131.60
	D.A. etc, at Washington.		7,995.85
	Total		41,067.75

Total expenditure available for the year 1979 Rs' 83,506.90

1980

In 1980, no Minister visited any foreign country at Government expense.

ਮਾਸਟਰ ਬਾਬੂ ਸਿੰਘ: ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਸਾਡੇ ਸਾਬਕਾ ਖਜ਼ਾਨਾ ਮੰਤਰੀ ਨੇ ਮੇਰਾ ਖਿਆਲ ਹੈ ਕਿ 2 ਲੱਖ ਰੁਪਏ ਤੋਂ ਵੱਧ ਆਪਣੇ ਫਾਰਨ ਟੂਰ ਤੇ ਖਰਚ ਕੀਤਾ ਹੈ ਔਰ ਇਹ ਸਟੇਟ ਐਕਸਚੈਕਰ ਤੇ ਬਰਡਨ ਪਿਆ ਹੈ, ਕੀ ਇਸ ਬਰਡਨ ਨੂੰ ਰੋਕਣ ਵਾਸਤੇ ਕੋਈ ਇਹੋ ਜਿਹਾ ਪ੍ਰੋਗਰਾਮ ਬਣਾਉਣਗੇ ਕਿ ਮਨਿਸਟਰਜ਼ ਜੋ ਸਾਡੇ ਹਨ ਉਹ ਸੈਰ ਸਪਾਟਿਆਂ ਤੇ ਸਟੇਟ ਐਕਸਚੈਕਰ ਤੇ ਬੋਝ ਨਾ ਪਾਉਣ ਜਾਂ ਜਿਹੜਾ ਮਿਸ਼ਨ ਹੈ ਉਸ ਦੇ ਵਿਚੋਂ ਜਿਹੜਾ ਕੁੱਝ ਨਿਕਲਦਾ ਹੈ ਸਟੇਟ ਦੀ ਖਾਤਰ ਉਸ ਦੀ ਤੁਲਨਾ ਕਰਕੇ ਦੇਖ ਲਿਆ ਕਰਨਗੇ ਕੀ ਕੋਈ ਅੱਗੇ ਵਾਸਤੇ ਇਹੋ ਜਿਹਾ ਫਾਰਮੂਲਾ ਬਣਾਉਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਵੈਸੇ ਇਨਫਰਮੇਸ਼ਨ ਤਾਂ ਸਾਰੀ ਜਵਾਬ ਵਿਚ ਦੇ ਦਿੱਤੀ ਹੈ । ਜਿਹੜੇ ਭੂਤਪੂਰਵ ਮੰਤਰੀ, ਵਿੱਤ ਮੰਤਰੀ ਸਨ ਉਹ 2 ਦਫ਼ਾ ਬਾਹਰ ਗਏ ਹਨ । ਕੁਝ ਆਪਣੀ ਆਈ ਸਾਈਟ ਵਿਚ ਉਨ੍ਹਾਂ ਦੀ ਕੋਈ ਨੁਕਸ ਸੀ ਔਰ ਕੁਝ ਵਰਲਡ ਬੈਂਕ ਨੂੰ ਕਨਸਲਟ ਕਰਨ ਲਈ ਆਪਣਾ ਪ੍ਰੋਗਰਾਮ ਬਣਾਇਆ ਵੈਸੇ ਅਸੀਂ ਇਹ ਜ਼ਰੂਰ ਧਿਆਨ ਰੱਖਾਂਗੇ ਕਿ ਕੋਈ ਮਨਿਸਟਰ ਜਾਣ ਤੋਂ ਪਹਿਲਾਂ ਜੇ ਉਸ ਮਨਿਸਟਰ ਨੇ ਸਿਹਤ ਦੇ ਲਿਹਾਜ਼ ਨਾਲ ਜਾਣਾ ਹੈ ਤਾਂ ਉਸ ਦੀ ਗੁਰਬਤ ਸਾਹਮਣੇ ਰੱਖ ਕੇ ਜਿਵੇਂ ਮੈਂਬਰ ਸਾਹਿਬ ਦੀ ਰਖੀ ਜਾਂਦੀ ਹੈ ਉਸ ਤੋਂ ਵੱਧ ਨਾ ਉਸ ਦੀ ਵੀ ਰੱਖੀ ਜਾਵੇ ।

ਮਾਸਟਰ ਬਾਬੂ ਸਿੰਘ: ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਸਰਦਾਰ ਆਤਮਾ ਸਿੰਘ ਜੀ ਜਦੋਂ ਗਏ ਹਨ ਤਾਂ ਉਨ੍ਹਾਂ ਦੀ ਡੇਲੀ45 ਰੁਪਏ ਦਿਖਾਈ ਗਈ ਹੈ ਔਰ ਦੂਸਰੇ ਮਨਿਸਟਰ ਜੋ ਗਏ ਹਨ ਉਨ੍ਹਾਂ ਨੇ ਕੁਝ ਜ਼ਿਆਦਾ ਪੈਸੇ ਲਏ ਹਨ, ਇਸ ਦੇ ਕੀ ਕਾਰਨ ਹਨ? (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਪਾਕਿਸਤਾਨ ਗਏ ਸਨ ਔਰ ਉਹ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਸਤੇ ਗਏ ਸਨ । ਇਸ ਵਾਸਤੇ ਉਨ੍ਹਾਂ ਦਾ ਖਰਚਾ ਲਾਜ਼ਮੀ ਘੱਟ ਹੋਣਾ ਸੀ ਕਿਉਂਕਿ ਪਾਕਿਸਤਾਨ ਬਹੁਤ ਨੇੜੇ ਹੈ । (ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ, ਸਾਡੇ ਐਕਸ ਫਾਈਨਾਂਸ ਮਨਿਸਟਰ, ਸਰਦਾਰ ਬਲਵੰਤ ਸਿੰਘ, 1978 ਵਿਚ 2 ਵਾਰ ਫਾਰਨ ਗਏ ਔਰ ਉਨ੍ਹਾਂ ਦਾ ਖਰਚਾ 1978 ਵਿਚ 98,550 ਰੁਪਏ 39 ਪੈਸੇ ਹੋਇਆ ਔਰ ਇਕ ਵਾਰ 1979 ਵਿਚ ਗਏ ਜਦੋਂ ਉਨ੍ਹਾਂ ਦਾ ਖਰਚਾ 41,067 ਰੁਪਏ 65 ਪੈਸੇ ਹੋਇਆ, । ਉਥੇ ਜਾ ਕੇ ਜਿਹੜਾ ਉਨ੍ਹਾਂ ਨੇ ਕੋਈ ਕੰਮ ਕੀਤਾ ਉਸ ਦੀ ਰਿਪੋਰਟ ਪੰਜਾਬ ਗੌਰਮਿੰਟ ਨੂੰ ਪੁੱਟ ਕੀਤੀ ਜੇ ਕੀਤੀ ਤਾਂ ਕੀ ਉਸ ਦੀ ਵਰਤੋਂ ਸਰਕਾਰ ਨੇ ਜਾਂ ਮਹਿਕਮੇ ਨੇ ਕੀਤੀ ਜੇ ਕੀਤੀ ਤਾਂ ਕੀ ਕੀਤੀ ਅਤੇ ਕੀ ਉਸ ਦੀ ਰਿਪੋਰਟ ਦੱਸ ਸਕਣਗੇ?

ਮੁੱਖ ਮੰਤਰੀ: ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਮੈਂ ਸਾਰਾ ਕੁੱਝ ਵੇਰਵੇ ਨਾਲ ਮੈਂਬਰ ਸਾਹਿਬਾਨ ਨੂੰ ਦੱਸ ਦਿੱਤਾ ਹੈ । ਪਹਿਲੀ ਵਾਰ ਜਦੋਂ ਉਹ ਗਏ ਉਨ੍ਹਾਂ ਦਾ ਖਰਚਾ ਇਸ ਤਰ੍ਹਾਂ ਹੈ ਕਿ ਹਵਾਈ ਜਹਾਜ਼ ਦੀ ਵਾਪਸੀ ਟਿਕਟ ਦਾ ਖਰਚ 21,173 ਰੁਪਏ ਸੀ, ਅੱਖਾਂ ਦਾ ਇਲਾਜ ਦਾ ਖਰਚ 6,320 ਰੁਪਏ65 ਪੈਸੇ ਸੀ, ਐਨਟਰਟੇਨਮੈਂਟ ਅਲਾਉਂਸ 5,715 ਰੁਪਏ ਸੀ ਔਰ ਕਨਵਿਐਂਸ ਅਰ ਮਿਸਲੇਨੀਅਸ ਅਲਾਉਂਸ ਜੋ ਸੀ ਉਹ 4572 ਰੁਪਏ ਸੀ। ਇਸੇ ਤਰ੍ਹਾਂ ਦੂਸਰੀ ਵਾਰ ਜਦੋਂ ਉਹ ਗਏ ਉਦੋਂ ਹਵਾਈ ਜਹਾਜ਼ ਦੀ ਵਾਪਸੀ ਟਿਕਟ ਦਾ ਖਰਚ 32,500 ਰੁਪਏ ਸੀ, ਮੈਡੀਕਲ ਟਰੀਟਮੈਂਟ ਤੇ 8,151 ਰੁਪਏ 64 ਪੈਸੇ ਖਰਚ ਸੀ, ਸਾਡੇ ਯੂ. ਕੇ. ਮਿਸ਼ਨ ਵੱਲੋਂ ਹੋਟਲ ਰਿਹਾਇਸ਼ ਲਈ ਦਿੱਤਾ ਖਰਚ ਜੋ ਸੀ ਉਹ 2,876 ਰੁਪਏ ਸੀ, ਐਨਟਰਟੇਨਮੈਂਟ ਅਲਾਉਂਸ ਜੋ ਸੀ ਉਹ 5715 ਰੁਪਏ ਸੀ । ਇਸ ਦੇ ਨਾਲ ਹੀ ਕਨਵਿਐਂਸ ਐਂਡ ਮਿਸਲੇਨੀਅਸ ਅਲਾਉਂਸ 4,572 ਰੁਪਏ ਸੀ ਔਰ.ਡੀ.ਏ. ਵਗੈਰਾ ਜੋ ਸਾਡੇ ਮਿਸ਼ਨ ਅਮਰੀਕਾ ਵਲੋਂ ਦਿੱਤਾ ਗਿਆ ਉਹ 6,955 ਰੁਪਏ 10 ਪੈਸੇ ਸੀ। ਉਨ੍ਹਾਂ ਦੇ ਇਲਾਜ ਵਾਸਤੇ ਮੈਡੀਕਲ ਅਥਾਰਿਟੀ, ਪੀ. ਜੀ. ਆਈ. ਡਾਇਰੈਕਟਰ, ਹੈਲਥ ਸਰਵਿਸਿਜ਼ ਨੇ ਕਿਹਾ ਸੀ ਕਿ ਤੁਸੀਂ ਆਪਣਾ ਇਲਾਜ ਕਰਵਾਓ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਸਰਦਾਰ ਸੁਖਦੇਵ ਸਿੰਘ ਢੀਂਡਸਾ ਜੋ ਸਾਡੇ ਸਾਬਕਾ ਮੰਤਰੀ ਹਨ ਉਨ੍ਹਾਂ ਦਾ ਖਰਚਾ ਸਿਰਫ ਹਵਾਈ ਜਹਾਜ਼ ਦੀ ਵਾਪਸੀ ਟਿਕਟ ਦਾ 19,715 ਰੁਪਏ ਦੱਸਿਆ ਗਿਆ ਔਰ ਬਾਕੀ ਦਾ ਖਰਚਾ ਨਹੀਂ ਦੱਸਿਆ ਕਿ ਉਨ੍ਹਾਂ ਨੇ ਦੌਰੇ ਤੇ ਕੀ ਖਰਚ ਕੀਤਾ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਦੀ ਡੀਟੇਲ ਵੀ ਮੈਂਬਰ ਸਾਹਿਬ ਤੋਂ, ਸਾਬਕਾ ਮਨਿਸਟਰ ਸਾਹਿਬ ਤੋਂ ਅਕਾਊਂਟ ਦੀ ਡੀਟੇਲ ਲੈ ਕੇ ਮੁੜ ਕੇ ਹਾਊਸ ਨੂੰ ਦੱਸਣਗੇ? ਇਸ ਤਰ੍ਹਾਂ ਸਰਦਾਰ ਦਲੀਪ ਸਿੰਘ ਤਲਵੰਡੀ ਦਾ ਜੋ ਖਰਚ ਦੱਸਿਆ ਗਿਆ ਹੈ ਉਸ ਦੇ ਵਿਚ ਫਰਾਂਸ ਅਤੇ ਡੈਨਮਾਰਕ ਦਾ ਖਰਚਾ ਨਹੀਂ ਦੱਸਿਆ ਗਿਆ ਔਰ ਇਸ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਇਸ ਦਾ ਵੇਰਵਾ ਪ੍ਰਾਪਤ ਨਹੀਂ ਹੋਇਆ।ਮੈਂ ਮੁੱਖ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵੀ ਖਰਚ ਉਨ੍ਹਾਂ ਤੋਂ ਪੁੱਛ ਕੇ ਕਿ ਉਨ੍ਹਾਂ ਨੇ ਕਿਥੇ ਕਿਥੇ ਕੀ ਕੀ ਖਰਚ ਕੀਤਾ ਹੈ ਇਸ ਦੀ ਡੀਟੇਲ ਵੀ ਸਾਨੂੰ ਦੱਸਣਗੇ ਔਰ ਇਸ ਦੇ ਨਾਲ ਇਹ ਵੀ ਦੱਸਣਗੇ ਕਿ ਸਟੇਟ ਨੂੰ ਇਨ੍ਹਾਂ ਦੌਰਿਆਂ ਨਾਲ ਕੋਈ ਲਾਭ ਵੀ ਹੋਇਆ ਹੈ ਜਾਂ ਪੈਸਾ ਹੀ ਜ਼ਾਇਆ ਕੀਤਾ ਗਿਆ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਤੇ ਕਾਫੀ ਸਪਲੀਮੈਂਟਰੀਜ਼ ਕੀਤੀਆਂ ਗਈਆਂ ਹਨ। ਮੈਂ ਸੰਖੇਪ ਵਿਚ ਸਾਰਾ ਜਵਾਬ ਦੇ ਦਿੱਤਾ ਹੈ। ਸਾਡੇ ਪਾਸ ਅਗਰ ਕੋਈ ਰਿਪੋਰਟ ਮਨਿਸਟਰ ਸਾਹਿਬ ਨੇ ਭੇਜੀ ਹੋਵੇਗੀ ਜ਼ਰੂਰ ਦੇਖ ਲਵਾਂਗੇ ਜੇ ਨਹੀਂ ਤਾਂ ਆਪਣੀ ਯਾਦ ਸ਼ਕਤੀ ਦੇ ਮੁਤਾਬਿਕ ਜੋ ਵੀ ਦੇ ਸਕਣਗੇ ਉਨ੍ਹਾਂ ਨੂੰ ਜ਼ਰੂਰ ਬੇਨਤੀ ਕਰ ਦਿਆਂਗੇ। (ਵਿਘਨ) ਬੇਨਤੀ ਜ਼ਰੂਰ ਕਰਾਂਗੇ। ਬੇਨਤੀ ਕਰਨਾ ਸਾਡਾ ਕੰਮ ਹੈ। ਕਿਹੜੇ ਕਿਹੜੇ ਮਨਿਸਟਰ ਕਿਹੜੇ ਕਿਹੜੇ ਕੰਮਾਂ ਵਾਸਤੇ ਗਏ ਹਨ ਉਹ ਮੈਂ ਅਰਜ਼ ਕਰ ਦਿੱਤੀ ਹੈ। ਬਾਕੀ ਜੋ ਹੁਣ ਮੈਂਬਰ ਸਾਹਿਬ ਵੱਲੋਂ ਰਿਪੋਰਟ ਦੀ ਮੰਗ ਕੀਤੀ ਗਈ ਹੈ ਉਸ ਦੇ ਲਈ ਜੋ ਜੋ ਮਨਿਸਟਰ ਸਾਹਿਬ ਗਏ ਹਨ ਜਿਨ੍ਹਾਂ ਬਾਰੇ ਸਵਾਲ ਉਠਾਏ ਗਏ ਹਨ ਉਨ੍ਹਾਂ ਨੂੰ ਬੇਨਤੀ ਕਰਾਂਗੇ ਕਿ ਉਹ ਆਪਣੀ ਰਿਪੋਰਟ ਜਿਸ ਕੰਮ ਵਾਸਤੇ ਉਹ ਗਏ ਹਨ ਉਹ ਜ਼ਰੂਰ ਭੇਜ ਦੇਣ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਨਿਸਟਰ ਸਾਹਿਬ ਬਾਹਰ ਟੂਰ ਤੇ ਗਏ ਸਨ ਅਗਰ ਉਥੋਂ ਵਾਪਸ ਆ ਕੇ ਉਨ੍ਹਾਂ ਨੇ ਆਪਣੀ ਰਿਪੋਰਟ ਨਹੀਂ ਦਿੱਤੀ ਜਾਂ ਦੇਣ ਨੂੰ ਤਿਆਰ ਨਹੀਂ ਹਨ ਤਾਂ ਕੀ ਜਿੰਨਾਂ ਖਰਚਾ ਸਰਕਾਰ ਦਾ ਉਨ੍ਹਾਂ ਤੇ ਹੋਇਆ ਹੈ ਕੀ ਉਹ ਵਾਪਸ ਦੇ ਯਤਨ ਕੀਤੇ ਜਾਣਗੇ?

(ਕੋਈ ਉੱਤਰ ਨਹੀਂ ਆਇਆ)

ਸਰਦਾਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜਿਹੜੇ ਮਨਿਸਟਰਜ਼ ਫਾਰਨ ਟੂਰ ਤੇ ਗਏ ਸਨ ਕੀ ਉਹ ਬਾਕਾਇਦਾ ਸੈਂਟਰਲ ਗੌਰਮਿੰਟ ਦੀ ਇਜਾਜ਼ਤ ਨਾਲ ਹੀ ਗਏ ਸਨ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜੇ ਇਹ ਮੈਂਬਰ ਸਾਹਿਬ ਸੁਆਲ ਨਾ ਹੀ ਕਰਦੇ ਤਾਂ ਚੰਗਾ ਸੀ। ਮੈਂ ਜੋ ਜਵਾਬ ਦਿੱਤਾ ਸੀ ਉਹ ਅਗਰ ਉਥੋਂ ਤੱਕ ਹੀ ਰਹਿਣ ਦਿੰਦੇ ਤਾਂ ਚੰਗਾ ਸੀ। ਸਪੀਕਰ ਸਾਹਿਬ ਸੈਣੀ ਸਾਹਿਬ ਨੇ ਖਰਚਾ ਵਾਪਸ ਲੈਣ ਬਾਰੇ ਜਿਹੜਾ ਸੁਆਲ ਪੁੱਛਿਆ ਹੈ ਮੈਂ ਦੱਸਦਾ ਹਾਂ ਕਿ ਅਗਰ ਉਹ ਇਜਾਜ਼ਤ ਨਾਲ ਗਏ ਹਨ ਅਤੇ ਸੁਓ ਮੋਟੋ ਨਹੀਂ ਗਏ ਤਾਂ ਖਰਚਾ ਵਾਪਸ ਲੈਣ ਦਾ ਸੁਆਲ ਨਹੀਂ ਉਠਦਾ ਅਸੀਂ ਪ੍ਰਤੀਬੰਧ ਜ਼ਰੂਰ ਕਰਾਂਗੇ ਕਿ ਜਿਹੜਾ ਵੀ ਮਨਿਸਟਰ ਜਾਵੇ ਉਹ ਇਜਾਜ਼ਤ ਲੈ ਕੇ ਹੀ ਜਾਵੇ ਅਤੇ ਮੁੱਖ ਕਾਰਨ ਦੱਸੇ ਅਸੀਂ ਉਸ ਦਾ ਖਿਆਲ ਰਖਾਂਗੇ।

Mr. Speaker : Question hour is over. The remaining questions

(Mr. Speaker.)

shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly.)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

RAPE OF A MINOR GIRL BY THE POLICE CONSTABLE/OFFICIALS IN DISTRICT LUDHIANA

*267. **Sardar Dalip Singh Pandhi** :- Will the Chief Minister be pleased to state

(a) Whether some police constables or other police officials raped a minor girl in district Ludhiana in the month of June, 1980; if so, the details thereof;

(b) if the reply to part (*a*) above be in the affirmative the action if any, so far taken against the culprits.?

ਸਰਦਾਰ ਦਰਬਾਰਾ ਸਿੰਘ: (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

KIDNAPPING OF CHILDREN IN THE STATE

*260. **Master Babu Singh:** Will the Chief minister be pleased to state

(a) the names of children with their parentage and addresses, reported to have been kidnapped in the State during each of the calendar years, 1975, 1976, 1977, 1978, 1979 and 1980 upto-date,

(b) the names of children out of those referred to in part (*a*) above who have since been restored to their parents?

ਸਰਦਾਰ ਦਰਬਾਰਾ ਸਿੰਘ: (ੳ) ਅਤੇ (ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :—

ਸੂਚੀ

	ੳ	ਅ
ਜ਼ਿਲ੍ਹਾ ਜਲੰਧਰ		
ਸਾਲ 1975	ਕੋਈ ਨਹੀਂ	ਕੋਈ ਨਹੀਂ ।
ਸਾਲ 1976	1. ਨੈਣਾਂ ਪੁੱਤਰੀ ਬਿਮਲਾ ਦੇਵੀ ਵਾਸੀ ਸੈਂਟਰਲ ਟਾਊਨ, ਜਲੰਧਰ	ਸੌਂਪ ਦਿੱਤੀ ਗਈ
	2 ਮੰਜਨ ਉਰਫ ਰਿੰਪੀ ਪੁੱਤਰੀ ਕਮਲੇਸ਼ ਕਮਾਰੀ ਨਰਸ, ਸਿਵਲ ਹਸਪਤਾਲ, ਜਲੰਧਰ	ਉਹੀ

	1	2
ਸਾਲ 1977 ..	1 ਰਾਜ ਕੁਮਾਰੀ ਪੁੱਤਰੀ ਸ਼ੋਕਰੀ ਰਾਮ ਧੋਬੀ ਵਾਸੀ ਨਇਆਂ ਗਾਉਂ ਜਿਲ੍ਹਾ ਸਲਟੇਰ ਪੁਰ (ਮੱਧ ਪਰਦੇਸ਼) ।	ਸ਼ੌਂਪ ਦਿੱਤੀ ਗਈ ।
ਸਾਲ 1978 ..	1. ਜਗਤਾਰ ਸਿੰਘ ਉਰਫ ਸੋਢੀ ਪੁਤੱਰ ਬਲਵੰਤ ਸਿੰਘ ਰਾਮਗੜ੍ਹੀਆਂ ਵਾਸੀ ਮੀਰਪੁਰ ਜੱਟਾਂ	ਸੌਂਪ ਦਿੱਤਾ ਗਿਆ
	2. ਪਲਵਿੰਦਰ ਸਿੰਘ ਪੁਤੱਰ ਅਜੀਤ ਸਿੰਘ ਵਾਸੀ ਪਿੰਡ ਅੱਟੀ	ਉਹੀ
	3. ਵਿਜੈ ਕੁਮਾਰ ਪੁੱਤਰ ਰਾਮ ਲੁਭਾਇਆ ਅਰੋੜਾ ਵਾਸੀ ਗੜ੍ਹਸੰਕਰ	ਅਦਮ ਪਤਾ
	4. ਮੰਗੂ ਪੁੱਤਰੀ ਹਰੀਆ ਵਾਸੀ ਪਿੰਡ ਸ਼ਰੀਹ	ਸੌਂਪ ਦਿੱਤਾ ਗਿਆ ।
	5 ਨੀਰੂ ਪਰਭਾ ਪੁੱਤਰੀ ਸ਼ੋਭਾ ਕਾਲੀਆ ਵਾਸੀਂ ਪੀਰ ਬੋਦਲਾ ।	ਸੌਂਪ ਦਿੱਤੀ ਗਈ
ਸਾਲ 1979 ..	1. ਸਵਿਤਾ ਪੁਤਰੀ ਦੂਨੀ ਲਾਲ ਅਰੋੜਾ ਵਾਸੀ ਨਿਊ ਵਿਜੈ ਨਗਰ, ਜਲੰਧਰ	ਉਹੀ
	2. ਮਨਜੀਤ ਕੌਰ ਪੁੱਤਰੀ ਹਰੀ ਸਿੰਘ ਰਾਮ-ਗੜ੍ਹੀਆ ਵਾਸੀ ਮਾਲੜੀ	ਉਹੀ
	3. ਸ੍ਰੀ ਪਰਮਜੀਤ ਸਿੰਘ ਦੇ 3 ਬੱਚੇ ਵਾਸੀ ਲਾਜਪਤ ਨਗਰ, ਜਲੰਧਰ ।	ਅਦਮ ਪਤਾ
ਸਾਲ 1980 ..	1. ਸ਼੍ਰੀਮਤੀ ਜੀਤੋ ਪਤਨੀ ਕਾਕਾ ਸਿੰਘ ਵਾਸੀ ਫਿਲੌਰ ਦਾ 4/5 ਮਹੀਨੇ ਦਾ ਲੜਕਾ	ਸੌਂਪ ਦਿੱਤਾ ਗਿਆ।
ਜਿਲ੍ਹਾ ਅੰਮ੍ਰਿਤਸਰ		
ਸਾਲ 1975 ..	1. ਪੰਮਾ ਪੁੱਤਰ ਪੁੱਦਰਸ਼ਨ ਸਿੰਘ ਜੱਟ ਵਾਸੀ ਗੋਪਾਲ ਨਗਰ, ਅੰਮ੍ਰਿਤਸਰ ।	ਅਦਮ ਪਤਾ ।
	2. ਬਿਮਲਾ ਪੁਤਰੀ ਮੋਹਣ ਲਾਲ ਬਰਾਹਮਣ ਵਾਸੀ ਭਾਰਤ ਨਗਰ, ਅੰਮ੍ਰਿਤਸਰ ।	ਸੌਂਪ ਦਿੱਤੀ ਗਈ ।
ਸਾਲ 1976 ..	1 ਮੰਜੂਬਾਲਾ ਪੁੱਤਰੀ ਖਰੈਤੀ ਲਾਲ ਵਾਸੀ ਇਸਲਾਮਾਬਾਦ, ਅੰਮ੍ਰਿਤਸਰ ।	ਉਹੀ
	2. ਬਲਜੀਤ ਪੁੱਤਰ ਕਰਮ ਸਿੰਘ ਜੱਟ ਵਾਸੀ ਉਤਲੀ ਧਾਉਲਾ	ਅਦਮ ਪਤਾ
ਸਾਲ 1977 ..	1. ਨਿੰਮਾ ਪੁੱਤਰੀ ਦਵਾਰਕਾ ਦਾਸ ਖਤਰੀ ਵਾਸੀ ਮਾਨ ਸਿੰਘ ਗੇਟ, ਅੰਮ੍ਰਿਤਸਰ ।	ਸੌਂਪ ਦਿੱਤੀ ਗਈ
	2. ਕਿਜਾ ਕੁਮਾਰ ਪੁੱਤਰ ਰਾਮਧਨ ਸੈਣੀ ਵਾਸੀ ਰਾਮਪੁਰ	ਸੌਂਪ ਦਿੱਤਾ ਗਿਆ ।

	1	2
	3. ਜੋਤੀ ਪੁੱਤਰੀ ਗੁਰਦੇਵ ਸਿੰਘ ਰਾਮਗੜ੍ਹੀਆ ਵਾਸੀ ਕਾਂਗੜਾ ਕਾਲੋਨੀ, ਅੰਮ੍ਰਿਤਸਰ	ਸੌਂਪ ਦਿੱਤੀ ਗਈ ।
	4. ਕੁਲਵਿੰਦਰ ਕੌਰ ਪੁੱਤਰੀ ਗੁਰਚਰਨ ਸਿੰਘ ਜੱਟ ਵਾਸੀ ਬਰਾੜ ।	ਉਹੀ
	5. ਗੁਰਮੀਤ ਕੌਰ ਪੁੱਤਰੀ ਮੱਖਣ ਸਿੰਘ ਜੱਟ ਵਾਸੀ ਬੁਖਾਰੀ ।	ਉਹੀ
ਸਾਲ 1978 ..	1 ਰਾਣੋ ਪੁੱਤਰੀ ਮੋਹਣ ਸਿੰਘ ਮਜ਼ਬੀ ਵਾਸੀ ਗੁੱਜਰਪੁਰ ।	ਸੌਂਪ ਦਿੱਤੀ ਗਈ ।
ਸਾਲ 1979 ..	1. ਜਤਨ ਪੁਤਰ ਵਿਨੋਦ ਕੁਮਾਰ ਬਰਾਹਮਣ ਵਾਸੀ ਵੀਰੋਵਾਲੀ, ਅੰਮਿਤਸਰ ।	ਸੌਂਪ ਦਿੱਤਾ ਗਿਆ ।
	2. ਭੋਲੀ ਪੁੱਤਰੀ ਐਲੋ ਜਾਤ ਕਰਿਸਚੀਅਨ- ਵਾਸੀ ਮਾੜੀ ਮੇਘਾ	ਅਦਮ ਪਤਾ
	3. ਪਿੰਕੀ ਪੁੱਤਰੀ ਸਤਵੰਤ ਸਿੰਘ ਦੁਕਾਨਦਾਰ ਸਬਜ਼ੀ ਮੰਡੀ, ਅੰਮ੍ਰਿਤਸਰ ।	ਉਹੀ
ਸਾਲ 1980 ..	ਕੋਈ ਨਹੀਂ	ਕੋਈ ਨਹੀਂ

ਜ਼ਿਲ੍ਹਾ ਹੁਸ਼ਿਆਰਪੁਰ

	1	2
ਸਾਲ 1975	1. ਸੁਮੀਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਅਸਲਾਮਾ ਬਾਦ ਹੁਸ਼ਿਆਰਪੁਰ	ਸੌਂਪ ਦਿੱਤਾ ਗਿਆ
	2. ਸੁਰਜੀਤ ਸਿਘ ਪੁੱਤਰ ਸ਼ਾਮ ਸਿੰਘ ਵਾਸੀ ਦਬੁਰਜੀ	ਸੌਂਪ ਦਿੱਤਾ ਗਿਆ ।
	3 ਓਮ ਪ੍ਰਕਾਸ਼ ਪੁੱਤਰ ਦੇਵ ਦਿੱਤਾ ਵਾਸੀ ਕਿਸਨਾ ਨਗਰ, ਹੁਸਿਆਰਪੁਰ	ਉਹੀ
ਸਾਲ 1976 ..	ਕੋਈ ਨਹੀਂ	ਕੋਈ ਨਹੀਂ ।
ਸਾਲ 1977 ..	ਕੋਈ ਨਹੀਂ	ਕੋਈ ਨਹੀਂ ।
ਸਾਲ 1978 ..	ਕੋਈ ਨਹੀਂ	ਕੋਈ ਨਹੀਂ ।
ਸਾਲ 1979 ..	1. ਅਨਿੱਲ ਕੁਮਾਰ ਪੁੱਤਰ ਦਾਸ ਮਲ ਵਾਸੀ ਮੁਕੇਰੀਆਂ	ਸੌਂਪ ਦਿੱਤਾ ।
ਸਾਲ 1980 ..	1. ਰਾਜਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਕੈਥੰਨ	ਜ਼ੇਰੇ ਤਫਤੀਸ਼ ।
	2. ਇੰਦਰਜੀਤ ਪੁੱਤਰ ਦਿਲਬਾਗ ਸਿੰਘ ਵਾਸੀ ਮਾਨਰਕੇਚੋਰੀ	ਉਹੀ

	1	2
ਜ਼ਿਲ੍ਹਾ ਫਿਰੋਜ਼ਪੁਰ		
ਸਾਲ 1975 ..	1. ਪਾਲੋ ਪੁੱਤਰੀ ਸੁਰਾਜੇ ਵਾਸੀ ਲਾਲ ਕੁੜਤੀ ਫਿਰੋਜ਼ਪੁਰ ਕੈਂਟ	ਅਦਮ ਪਤਾ
ਸਾਲ 1976 ..	1 ਨਾਨਕੋ ਬਾਈ ਪੁੱਤਰੀ ਬਲਵੀਰ ਸਿੰਘ ਵਾਸੀ ਚੱਕ ਖੀਵਾ, ਥਾਣਾ ਜਲਾਲਾਬਾਦ	ਸੌਂਪ ਦਿੱਤੀ ਗਈ ।
ਸਾਲ 1977 ..	1 ਮਾਲਤੀ ਪੁੱਤਰੀ ਮੋਹਣ ਲਾਲ ਵਾਸੀ ਜ਼ੀਰਾ	ਉਹੀ
	2. ਅਲਕਾ ਰਾਣੀ ਪੁੱਤਰੀ ਸੱਤਪਾਲ ਖੱਤਰੀ ਵਾਸੀ ਕੋਟ ਈਸੇ ਖ਼ਾਨ ਧਰਮਕੋਟ ।	ਉਹੀ
1978 ..	1. ਸਿੰਦਰਪਾਲ ਪੁੱਤਰੀ ਬਿਕਰ ਸਿੰਘ ਮਜ਼ਬੀ ਵਾਸੀ ਵਹੀਲਾ ਧਰਮਕੋਟ	ਅਦਮ ਪਤਾ
ਸਲ 1979 ..	1. ਸੁੰਦਰ ਰਾਣੀ ਉਰਫ ਛਿੰਦੋ ਪੁੱਤਰੀ ਰਾਮ ਸਰਾਜਾ ਚੌਕੀਦਾਰ ਕੈਨਾਲ ਕਾਲੋਨੀ ਮੱਖੂ ਕੁਆਰਟਰ ਨੰ: 42	ਉਹਵੀ
	ਆਸ਼ਾ ਪੁੱਤਰੀ ਹੈਯਾਤ ਵਾਸੀ ਝੋਕ ਹਰੀਹਰ	ਉਹੀ
ਸਾਲ 1980 ..	1 ਮੰਜੂ ਰਾਣੀ ਪੁੱਤਰੀ ਚਰੰਜੀ ਲਾਲ ਅਗਰਵਾਲ ਵਾਸੀ ਅਜਾਮ ਵਾਲਾ ਥਾਣਾ ਖੂਈਆਂ ਸਰਵਰ	ਜੇਰੇ ਤਫ਼ਤੀਸ਼
ਜ਼ਿਲ੍ਹਾ ਪਟਿਆਲਾ		
ਸਾਲ 1975 ..	1 ਉਰਮਲਾ ਪੁੱਤਰੀ ਰਾਜੇਸ਼ਵਰ ਵਾਸੀ ਨੱਥਾ ਸਿੰਘ ਵਾਲਾ	ਸੌਂਪ ਦਿੱਤੀ ਗਈ ।
ਸਾਲ 1976 ..	1. ਭੁਪਿੰਦਰ ਉਰਫ ਬਬਲੀ ਪੁੱਤਰ ਹਰਬੰਸ ਲਾਲ ਵਾਸੀ ਨੇੜੇ ਸਨਾਤਨ ਧਰਮ ਹਾਈ ਸਕੂਲ ਪਟਿਆਲਾ	ਸੌਂਪ ਦਿੱਤਾ ਗਿਆ।
	2. ਮੀਨਾ ਪੁੱਤਰੀ ਪਿਆਰੇ ਲਾਲ ਵਾਸੀ ਰੇਲਵੇ ਕਾਲੋਨੀ ਜੀਂਦ ਹਰਿਆਣਾ ।	ਸੌਂਪ ਦਿੱਤੀ ਗਈ ।
	3. ਬੱਬੀਪੁੱਤਰ ਸੁਖਦੇਵ ਸਿੰਘ ਵਾਸੀ ਬਾਘੜੀਆਂ ਥਾਣਾ ਮੁਲੇਂਪੁਰ ਪਟਿਆਲਾ	ਅਦਮ ਪਤਾ
	4. ਖੱਜਣ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਸੁਰਹੋਂ ਥਾਣਾ ਰਾਜਪੁਰਾ	ਸੌਂਪ ਦਿੱਤਾ ਗਿਆ ।
ਸਾਲ 1977 ..	1 ਕੋਈ ਨਹੀਂ	ਕੋਈ ਨਹੀ
ਸਾਲ 1978 ..	1 ਹਰਜਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਸਰਹਿੰਦ	ਸੌਂਪ ਦਿਤਾ ਗਿਆ ।

	1	2
ਜ਼ਿਲ੍ਹਾ ਪਟਿਆਲਾ —ਸਮਾਪਤ		
ਸਾਲ 1979 ..	1. ਬੇਵੀ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਸਮਾਨਾ	ਅਦਮ ਪਤਾ ।
	2. ਰਾਜੂ ਪ੍ਰਸ਼ਾਦ ਪੁੱਤਰ ਗੌਰੀ ਸੁੰਦਰ ਰਾਮ ਵਾਸੀ ਬਿਪਨਪੁਰ, ਥਾਣਾ ਬੜਾ ਹਰੀਆ ਜ਼ਿਲ੍ਹਾ ਸਿੱਵਾਂ	ਸੌਂਪ ਦਿੱਤਾ ਗਿਆ ।
ਸਾਲ 1980 ..	ਕੋਈ ਨਹੀਂ	ਕੋਈ ਨਹੀਂ ।
ਜ਼ਿਲ੍ਹਾ ਫਰੀਦਕੋਟ		
ਸਾਲ 1975 ..	1. ਸੁਰਜੀਤ ਕੌਰ ਪੁੱਤਰੀ ਜਗਤਾਰ ਸਿੰਘ ਅਰੋੜਾ ਵਾਸੀ ਅਜੀਤ ਵਾਲ	ਸੌਂਪ ਦਿੱਤੀ ਗਈ ।
ਸਾਲ 1976 ..	1. ਕੋਈ ਨਹੀਂ	ਕੋਈ ਨਹੀਂ
ਸਾਲ 1977 ..	1 ਇਕ ਲੜਕਾ ਪੁੱਤਰ ਸਤਿਆ ਦੇਵੀ ਪੁੱਤਰੀ ਲਾਣਾ ਲਾਲ ਵਾਸੀ ਮੁਕਤਸਰ	ਸੌਂਪ ਦਿੱਤਾ ਗਿਆ ।
	2 ਗੁੱਡੀ ਪੁੱਤਰੀ ਕਰਨੈਲ ਸਿੰਘ ਵਾਸੀ ਉਦੈ ਕਰਣ	ਉਹੀ
ਸਾਲ 1978 ..	ਕੋਈ ਨਹੀਂ	ਕੋਈ ਨਹੀਂ
ਸਾਲ 1979 ..	ਕੋਈ ਨਹੀਂ	ਕੋਈ ਨਹੀਂ
ਸਾਲ 1980 ..	ਕੋਈ ਨਹੀਂ	ਕੋਈ ਨਹੀਂ
ਜ਼ਿਲ੍ਹਾ ਲੁਧਿਆਣਾ		
ਸਾਲ 1975 ..	1. ਇੰਦਰਾ ਪੁੱਤਰੀ ਬੈਜਨਾਥ ਵਾਸੀ ਈਸਾ ਨਗਰੀ ਲੁਧਿਆਣਾ	ਸੌਂਪ ਦਿੱਤੀ ਗਈ
	2. ਜਸਵਿੰਦਰ ਕੌਰ ਪੁੱਤਰੀ ਹਰਨੇਕ ਸਿੰਘ ਵਾਸੀ ਬਸਰਾਓ	ਉਹੀ
ਸਾਲ 1976 ..	1. ਲੋਕੇਸ਼ ਪੁੱਤਰੀ ਕੁਲਭੂਸ਼ਣ ਰਾਏ ਵਾਸੀ ਜਨਕਪੁਰੀ ਲੁਧਿਆਣਾ	ਉਹੀ
	2. ਮੋਹਣੀ ਪੁੱਤਰੀ ਜੋਗਿੰਦਰ ਸਿੰਘ ਵਾਸੀ ਮਲੌਦ	ਉਹੀ
	3. ਆਸ਼ਾ ਰਾਣੀ ਪੁੱਤਰੀ ਓਮ ਪ੍ਰਕਾਸ਼ ਵਾਸੀ ਸਮਰਾਲਾ ਚੌਕ ਲੁਧਿਆਣਾ	ਉਹੀ
	4. ਅਮਰਜੀਤ ਪੁੱਤਰ ਬਲਵੰਤ ਸਿੰਘ ਵਾਸੀ ਜਨਕਪੁਰੀ ਲੁਧਿਆਣਾ	ਸੌਂਪ ਦਿੱਤਾ ਗਿਆ
	5. ਅਸ਼ੋਕ ਕੁਮਾਰ ਪੁੱਤਰ ਮਨੋਹਰ ਲਾਲ ਹੈਡ ਕੈਸ਼ੀਅਰ ਪੋਸਟ ਆਫਿਸ ਜਗਰਾਓਂ	ਉਹੀ
ਸਾਲ 1977 ..	1. ਬਲਵਿੰਦਰ ਪੁੱਤਰੀ ਬਲਵੰਤ ਸਿੰਘ ਵਾਸੀ ਜਨਕਪੁਰੀ ਲੁਧਿਆਣਾ	ਸੌਂਪ ਦਿੱਤੀ ਗਈ ।
	2. ਰਜਨੀ ਬਾਲਾ ਪੁੱਤਰੀ ਬਾਲਕਿਸ਼ਨ ਵਾਸੀ ਫੀਲਡਗੰਜ ਲੁਧਿਆਣਾ	ਸੌਂਪ ਦਿੱਤੀ ਗਈ ।

1		2
ਜ਼ਿਲ੍ਹਾ ਲੁਧਿਆਣਾ—ਸਮਾਪਤ		
	3. ਦੇਵਿੰਦਰ ਸਿੰਘ ਪੁੱਤਰ ਜਗਨ ਨਾਥ ਵਾਸੀ ਸੁਭਾਸ਼ ਗੇਟ ਜਗਰਾਓਂ	ਸੌਂਪ ਦਿੱਤਾ ਗਿਆ।
	4. ਸੋਮਾ ਦੇਵੀ ਪੁੱਤਰੀ ਤਾਰਾ ਚੰਦ ਵਾਸੀ ਸਲੇਮ ਤਾਬੜੀ, ਲੁਧਿਆਣਾ	ਸੌਂਪ ਦਿੱਤੀ ਗਈ।
ਸਾਲ 1978 ..	1 ਦੋ ਦਿਨ ਦਾ ਬੱਚਾ ਪੁੱਤਰ ਰਾਮੇਸ਼ ਚੰਦਰ ਵਾਸੀ ਖੁਦਮੌਹਾ ਲੁਧਿਆਣਾ	ਆਦਮ ਪਤਾ
	2. ਇੰਦਰਜੀਤ ਸਿੰਘ ਪੁੱਤਰ ਬਸੰਤ ਸਿੰਘ ਵਾਸੀ ਮਹਿਬੂਬ ਪੁਰਾ ਲੁਧਿਆਣਾ	ਸੌਂਪ ਦਿੱਤਾ ਗਿਆ।
	3. ਕੋਲੀ ਪੁੱਤਰੀ ਸੁਰਜੀਤ ਸਿੰਘ ਵਾਸੀ ਜਗਰਾਓ	ਸੌਂਪ ਦਿੱਤੀ ਗਈ।
ਸਾਲ 1979 ..	1. ਦੋ ਦਿਨਾਂ ਦਾ ਬੱਚਾ ਜਿਸ ਦੇ ਪਿਤਾ ਦਾ ਨਾਂ ਸੁਰਿੰਦਰ ਸਿੰਘ ਸੈਣੀ ਮਾਰਫਤ ਸਬ ਜੱਜ ਲੁਧਿਆਣਾ	ਅਦਮ ਪਤਾ
	2 ਗੁਰਜੀਤ ਸਿੰਘ ਪੁੱਤਰ ਭਗਵੰਤ ਸਿੰਘ ਵਾਸੀ ਫੀਲਡਗੰਜ ਲੁਧਿਆਣਾ	ਸੌਂਪ ਦਿੱਤਾ ਗਿਆ
	3. ਪਾਸੋ ਪੁੱਤਰੀ ਖਰੈਤੀ ਲਾਲ ਵਾਸੀ ਲੇਬਰ ਕਾਲੋਨੀ ਲੁਧਿਆਣਾ।	ਸੌਂਪ ਦਿੱਤੀ ਗਈ
	4. ਬਲਜਿੰਦਰ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਖੁਦ ਮੁਹੱਲਾ ਲੁਧਿਆਣਾ	ਉਹੀ
	5. ਪੱਪੂ ਪੁੱਤਰ ਰਾਜਿੰਦਰ ਸਿੰਘ ਵਾਸੀ ਸਰਾਭਾ ਨਗਰ ਲੁਧਿਆਣਾ	ਸੌਂਪ ਦਿੱਤਾ ਗਿਆ
ਸਾਲ 1980 ..	ਕਈ ਨਹੀਂ	ਕੋਈ ਨਹੀਂ
ਜ਼ਿਲ੍ਹਾ ਗੁਰਦਾਸਪੁਰ		
ਸਾਲ 1975 ..	ਕੋਈ ਨਹੀਂ	ਕੋਈ ਨਹੀਂ
ਸਾਲ 1976 ..	1. ਬਿੰਦੂ ਪੁੱਤਰ ਬਿਹਾਰੀ ਲਾਲ ਮਹਿਰਾ ਵਾਸੀ ਪਠਾਨਕੋਟ	ਸੌਂਪ ਦਿੱਤਾ ਗਿਆ
ਸਾਲ 1977 ..	1. ਮੁਖਤਿਆਰ ਸਿੰਘ ਪੋਤਰਾ ਹਰਭਜਨ ਸਿੰਘ ਵਾਸੀ ਧੀਰੋਵਾਲ	ਉਹੀ
ਸਾਲ 1978 ..	ਕੋਈ ਨਹੀਂ	ਕੋਈ ਨਹੀਂ
ਸਾਲ 1979 ..	1. ਪਰਵਿੰਦਰ ਕੁਮਾਰ ਪੁੱਤਰ ਮੁਹਿੰਦਰ ਸਿੰਘ ਵਾਸੀ ਫਤਿਹਗੜ੍ਹ ਬਿਆਸ ਲੜੀ, ਥਾਣਾ ਪਠਾਨਕੋਟ	ਸੌਂਪ ਦਿੱਤਾ ਗਿਆ।
ਸਾਲ 1980 ..	1. ਰਾਕੀ ਪੋਤਰਾ ਸ੍ਰੀਮਤੀ ਪਰਕਾਸ਼ ਥਾਣਾ ਪਠਾਨਕੋਟ	ਉਹੀ
ਜ਼ਿਲ੍ਹਾ ਕਪੂਰਥਲਾ		
ਸਾਲ 1975 ..	ਕੋਈ ਨਹੀਂ।	ਕੋਈ ਨਹੀਂ।
ਸਾਲ 1976 ..	ਕੋਈ ਨਹੀਂ।	ਕੋਈ ਨਹੀਂ।

	1	2
ਸਾਲ 1977	1. ਹਰਮਿੰਦਰ ਸਿੰਘ ਵਿਦਿਆਰਥੀ ਸੈਨਿਕ ਸਕੂਲ	ਸੌਂਪ ਦਿੱਤਾ ਗਿਆ।
ਸਾਲ 1978	ਕੋਈ ਨਹੀਂ	ਕੋਈ ਨਹੀਂ
ਸਾਲ 1979	1. ਅਜੀਤ ਸਿੰਘ ਅਤੇ ਜਸਵਿੰਦਰ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਸੁਲਤਾਨਪੁਰ ਰੋਡ ਕਪੂਰਥਲਾ	ਸੌਂਪ ਦਿੱਤਾ ਗਿਆ
	2. ਕੁਲਵਿੰਦਰ ਕੌਰ ਪੁੱਤਰੀ ਬਲਵੀਰ ਸਿੰਘ ਮਜ਼ਬੀ ਵਾਸੀ ਤਲਵੰਡੀ ਕੂਕ ਭੁੱਲਬ	ਸੌਂਪ ਦਿੱਤੀ ਗਈ।
ਸਾਲ 1980	ਕੋਈ ਨਹੀਂ	ਕੋਈ ਨਹੀਂ।
ਜ਼ਿਲ੍ਹਾ ਸੰਗਰੂਰ		
ਸਾਲ 1975	ਕੋਈ ਨਹੀਂ	ਕੋਈ ਨਹੀਂ
ਸਾਲ 1976	ਕੋਈ ਨਹੀਂ	ਕੋਈ ਨਹੀਂ
ਸਾਲ 1977	ਕੋਈ ਨਹੀਂ	ਕੋਈ ਨਹੀਂ
ਸਾਲ 1978	ਕੋਈ ਨਹੀਂ	ਕੋਈ ਨਹੀਂ
ਸਾਲ 1979	1. ਪਰਮਜੀਤ ਸਿੰਘ ਉਰਫ਼ ਬੱਗਾ ਪੁੱਤਰ ਜਰਨੈਲ ਸਿੰਘ ਵਾਸੀ ਲੌਂਗੋਵਾਲ	ਸੌਂਪ ਦਿੱਤਾ ਗਿਆ
	2 ਮਨਜੀਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਲੌਂਗੋਵਾਲ	ਉਹੀ
	3. ਬਿਲੂ ਪੁੱਤਰ ਬਾਵਾ ਸਿੰਘ ਪਿੰਡ ਘੜਚੋਂ	ਉਹੀ
	4. ਰਾਣੋ ਪੁੱਤਰੀ ਭਾਂਦ ਸਿੰਘ ਪਿੰਡ ਘੜਚੋਂ	ਉਹੀ
	5. ਮੇਜਰ ਸਿੰਘ ਪੁੱਤਰ ਸੁਰਜੀਤ ਸਿੰਘ ਪਿੰਡ ਘੜਚੋਂ	ਉਹੀ
ਸਾਲ 1980	ਕੋਈ ਨਹੀਂ	ਕੋਈ ਨਹੀਂ।
ਜ਼ਿਲ੍ਹਾ ਰੋਪੜ		
ਸਾਲ 1975	ਕੋਈ ਨਹੀਂ	ਕੋਈ ਨਹੀਂ।
ਸਾਲ 1976	ਕੋਈ ਨਹੀਂ	ਕੋਈ ਨਹੀਂ।
ਸਾਲ 1977	ਕੋਈ ਨਹੀਂ	ਕੋਈ ਨਹੀਂ।
ਸਾਲ 1978	1. ਦੋ ਬੱਚੇ ਗੁਰਬਚਨ ਸਿੰਘ ਅਤੇ ਰੁਮਣ ਸਿੰਘ ਦੋਨਾਂ ਦੇ ਪਿਤਾ ਦਾ ਨਾਮ ਸ਼ਿਵ ਠਾਕਰ ਸਿੰਘ ਵਾਸੀ ਗੁਰਦੁਆਰਾ ਨਿਰਮੋਹਗੜ੍ਹ ਬੰਗਾ ਸਾਹਿਬ ਨੇੜੇ	ਦੋਨਾਂ ਨੂੰ ਮਾਰ ਦਿੱਤਾ ਗਿਆ
ਸਾਲ 1979	ਕੋਈ ਨਹੀਂ।	ਕੋਈ ਨਹੀਂ।
ਸਾਲ 1980	1. ਜਤਿੰਦਰ ਕੁਮਾਰ ਉਰਫ਼ ਜੌਲੀ ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਸ਼ੇਖਾਂ ਮੁਹੱਲਾ, ਰੋਪੜ	ਜ਼ੇਰੇ ਤਫ਼ਤੀਸ਼।

ਜ਼ਿਲ੍ਹਾ ਬਠਿੰਡਾ

	1	2
ਸਾਲ 1975	1. ਵੀਰੋ ਪੁੱਤਰੀ ਦੋਗਾਰ ਸਿੰਘ ਜੱਟ ਵਾਸੀ ਝੁੰਡਾਂ ਕਲਾਂ	ਸੌਂਪ ਦਿੱਤਾ ਗਿਆ
	2. ਪਰਮਜੀਤ ਕੌਰ ਪੁੱਤਰੀ ਗੁਰਦਿਆਲ ਸਿੰਘ ਵਾਸੀ ਕਿੱਕਰ ਦਾਸ ਮੁੱਹਲਾ ਬਠਿੰਡਾ ।	ਸੌਂਪ ਦਿੱਤੀ ਗਈ
	3. ਨਿੱਕੀ ਕੌਰ ਪੁੱਤਰੀ ਗੁਰਦਿਆਲ ਸਿੰਘ ਵਾਸੀ ਕਿੱਕਰ ਸਿੰਘ ਮੁਹੱਲਾ ਬਠਿੰਡਾ ।	ਉਹੀ
	4. ਕਮਲ ਪੁੱਤਰੀ ਕੇਵਲ ਕ੍ਰਿਸ਼ਨ ਨਿਊ ਬਸਤੀ ਗਲੀ ਨੰ: 3, ਬਠਿੰਡਾ	ਉਹੀ
ਸਾਲ 1976	1. ਮੂਰਤੀ ਦੇਵੀ ਪੁੱਤਰੀ ਚਾਂਦ ਸਿੰਘ ਮਜ਼ਬੀ ਵਾਸੀ ਜਹਾਂਗੀਰ ਆਨਾ ਥਾਣਾ ਸੰਗਤ	ਸੌਂਪ ਦਿੱਤਾ ਗਿਆ
	2. ਛਿੰਦੋ ਪੁੱਤਰੀ ਜੰਗ ਸਿੰਘ ਮਜ਼ਬੀ ਵਾਸੀ ਰਾਇਆ, ਥਾਣਾ ਫੂਲ	ਸੌਂਪ ਦਿੱਤੀ ਗਈ
ਸਾਲ 1977	1. ਸਿੰਦਰਪਾਲ ਪੁੱਤਰੀ ਅਮਰਨਾਥ ਬਰਾਹਮਣ ਵਾਸੀ ਕਮਾਲੂ	ਅਦਮ ਪਤਾ
	2. ਅਮਰਜੀਤ ਕੌਰ ਪੁੱਤਰੀ ਰਾਮ ਚੰਦ ਵਾਸੀ ਕਰਾੜਵਾਲਾ ਥਾਣਾ ਫੂਲ	ਸੌਂਪ ਦਿੱਤੀ ਗਈ
	3 ਬੰਤ ਕੌਰ ਪੁੱਤਰੀ ਗੱਜਣ ਸਿੰਘ ਰਾਮਦਾਸੀਆਂ ਕੂਚੋ ਮੰਡੀ ਦਾ ਨਿਵਾਸੀ	ਉਹੀ
	4. ਹਰਬੰਸ ਕੌਰ ਪੁੱਤਰੀ ਜੰਗ ਸਿੰਘ ਜਮਾਦਾਰ ਵਾਸੀ ਬਠਿੰਡਾ	ਅਦਮ ਪਤਾ
	5. ਕਮਲ ਪੁੱਤਰੀ ਜਨਕ ਰਾਜ ਵਾਸੀ ਬਠਿੰਡਾ	ਸੌਂਪ ਦਿੱਤੀ ਗਈ
	6. ਸੋਮ ਲਤਾ ਪੁੱਤਰੀ ਬਾਬੂ ਲਾਲ ਲੋਕੋ ਸ਼ੈਡ ਬਠਿੰਡਾ ।	ਉਹੀ
	7. ਸੁਸ਼ੀਲਾ ਪੁੱਤਰੀ ਰਾਮ ਸਿੰਘ ਵਾਸੀ ਬਠਿੰਡਾ	ਅਦਮ ਪਤਾ
	8. ਬਲਵਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਵਾਸੀ ਛੱਤੇਵਾਲਾ, ਥਾਣਾ ਕੋਟ ਵੱਤਾ	ਸੌਂਪ ਦਿੱਤੀ ਗਈ
ਸਾਲ 1978	1. ਚੰਚਲ ਪੁੱਤਰੀ ਬਰਿਜ ਲਾਲ ਬਰਾਹਮਣ ਵਾਸੀ ਗੁਨਿਆਣਾ	ਸੌਂਪ ਦਿੱਤੀ ਗਈ
	2. ਰਾਮ ਰੱਖੀ ਪੁੱਤਰੀ ਮੁਖਤਿਆਰ ਸਿੰਘ ਰਾਮਦਾਸੀਆ ਲਾਲੇ ਵਾਲਾ	ਉਹੀ
	3. ਜਗਦੀਪ ਕੌਰ ਪੁੱਤਰੀ ਗੱਜਣ ਸਿੰਘ ਵਾਸੀ ਬਠਿੰਡਾ ।	ਉਹੀ

	1	2
	4. ਰਾਮ ਰੱਖੀ ਪੁੱਤਰੀ ਸੁਖਦੇਵ ਸਿੰਘ ਵਾਸੀ ਅਸੋਦਰ, ਜ਼ਿਲ੍ਹਾ ਫਤੀਆਬਾਦ ਯੂ.ਪੀ. ਹੁਣ ਬਠਿੰਡਾ।	ਸੋਧ ਦਿੱਤੀ ਗਈ
	5. ਸਰਲਾ ਪੁੱਤਰੀ ਆਰ.ਐਨ. ਪਰਸਾਦ ਨੰ: 14216467 ਨਿਯੁਕਤੀ 17 ਬਟਾਲੀਅਨ ਵਾ-ਇਰਲੈਸ ਬਠਿੰਡਾ	ਉਹੀ
ਸਾਲ 1979	1. ਚੰਚਲ ਰਾਣੀ ਪੁੱਤਰੀ ਰੌਸ਼ਨ ਲਾਲ ਖੱਤਰੀ ਵਾਸੀ ਮਹਿਮਾ ਸਰਜਾ	ਉਹੀ
	2. ਮਾੜੋ ਪੁੱਤਰੀ ਭਾਗ ਸਿੰਘ ਜੱਟ ਵਾਸੀ ਖਿਆਲੀਵਾਲਾ	ਉਹੀ
ਸਾਲ 1980	1 ਸਤਪਾਲ ਪੁੱਤਰ ਮਲਕੀਤ ਸਿੰਘ ਵਾਸੀ ਖਾਨਪੁਰ	ਸੌਂਪ ਦਿੱਤਾ ਗਿਆ
	2 ਪਰਮਜੀਤ ਕੌਰ ਪੁੱਤਰੀ ਸੌਦਾਗਰ ਸਿੰਘ ਵਾਸੀ ਬਠਿੰਡਾ	ਜ਼ੇਰੇ ਤਫਤੀਸ਼
	3. ਪਿੰਕੀ ਪੁੱਤਰੀ ਕੋਸ਼ੋ ਰਾਮ ਗਣੇਸ਼ਾ ਬਸਤੀ, ਬਠਿੰਡਾ	ਸੌਂਪ ਦਿੱਤੀ ਗਈ
	4. ਬੰਸੋ ਪੁੱਤਰੀ ਪਾਲਾ ਸਿੰਘ ਮਜ਼ਬੀ ਵਾਸੀ ਜੋਧਪੁਰ	ਸੌਂਪ ਦਿੱਤੀ ਗਈ

Setting up of a Ginning and Pressing Factory at Bhatinda

*459. **Shri Surinder Kapur :** Will the Chief Minister be pleased to state whether there is any scheme under consideration of the Government to set up a Ginning & Pressing Factory at Bhatinda; if so, the time by which it is likely to be implemented ?

ਸਰਦਾਰ ਦਰਬਾਰਾ ਸਿੰਘ: (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

Interest Free Loan to the Industrial Unit in the State

*310. **Shri Om Parkash Gupta:-** Will the Chief Minister be pleased to state :—

(a) the criteria followed for granting interest -free loans to industrial units in the State and the number of units which were granted such loans during the years 1978, 1979 and 1980 district-wise;

(b) whether any check was made to ensure that the loans referred to in part (*a*) above were properly utilised, if so, the result there of ?

ਸਰਦਾਰ ਦਰਬਾਰਾ ਸਿੰਘ: (ੳ) ਇਹ ਕਰਜ਼ੇ ਇਸ ਮੰਤਵ ਲਈ ਬਣਾਏ ਗਏ ਰੂਲਾਂ ਅਧੀਨ ਦਿਤੇ ਜਾਂਦੇ ਹਨ । ਸਾਲ 1977–78 ,1978–79 ਅਤੇ 1979–80 ਦੌਰਾਨ ਇਸ ਸਬੰਧੀ ਵੰਡੇ ਗਏ ਕਰਜ਼ਿਆਂ ਦੀ ਰਕਮ ਅਤੇ ਯੂਨਿਟਾਂ ਦੀ ਗਿਣਤੀ ਬਾਰੇ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਹਾਂ ਜੀ, ਜ਼ਿਲ੍ਹਾ ਅਧਿਕਾਰੀਆਂ ਵਲੋਂ ਨਿਰੀਖਣ ਕਰਨ ਤੇ ਇਹ ਪਤਾ ਲੱਗਾ ਹੈ ਕਿ ਤਿੰਨ ਉਦਯੋਗਿਕ ਯੂਨਿਟਾਂ ਵਲੋਂ ਇਸ ਕਰਜ਼ੇ ਦੀ ਅਯੋਗ ਵਰਤੋਂ ਕੀਤੀ ਗਈ ਹੈ । ਇਨ੍ਹਾਂ ਵਿਚ ਦੋ ਯੂਨਿਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਇਕ ਲੁਧਿਆਣੇ ਦਾ ਹੈ । ਇਨ੍ਹਾਂ ਯੂਨਿਟਾਂ ਤੋਂ ਕਰਜ਼ੇ ਦੀ ਵਸੂਲੀ ਵਾਸਤੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ।

ਸਟੇਟਮੈਂਟ

ਵਿਆਜ਼ ਮੁਕਤ ਕਰਜ਼ਿਆਂ ਦੀ ਵੰਡ ਸਬੰਧੀ ਸਾਲ–ਵਾਰ ਸੂਚੀ

ਲੜੀ ਨੰ: ਜ਼ਿਲ੍ਹੇ ਦਾ ਨਾਂ	1977–78		1978–79		1979–80	
	ਪਾਰਟੀਆਂ ਦੀ ਗਿਣਤੀ	ਰਕਮ (ਲੱਖਾਂ ਵਿਚ)	ਪਾਰਟੀਆਂ ਦੀ ਗਿਣਤੀ	ਰਕਮ (ਲੱਖਾਂ ਵਿਚ)	ਪਾਰਟੀਆਂ ਦੀ ਗਿਣਤੀ	ਰਕਮ (ਲੱਖਾਂ ਵਿਚ)
1. ਲੁਧਿਆਣਾ	38	27.45	24	30.92	62	53.41
2. ਅੰਮ੍ਰਿਤਸਰ	13	9.97	17	11.92	12	12.02
3. ਜਲੰਧਰ	6	6.51	3	5.17	5	7.74
4. ਹੁਸ਼ਿਆਰਪੁਰ	3	5.34	6	5.74	4	5.55
5. ਰੋਪੜ	26	34.73	27	36.21	33	36.45
6. ਸੰਗਰੂਰ	1	0.04	4	1.52	11	3.20
7 ਫਰੀਦਕੋਟ	4	3.06	8	7.21	4	1.12
8 ਕਪੂਰਥਲਾ	4	0.26	2	0.16	3	0.19
9. ਬਠਿੰਡਾ	5	0.49	2	0.29	5	5.50
10. ਫਿਰੋਜ਼ਪੁਰ	—	—	—	—	2	0.34
11. ਪਟਿਆਲਾ	—	—	1	0.24	3	4.31
12. ਗੁਰਦਾਸਪੁਰ	51	8.13	20	4.55	51	10.15
ਜੋੜ	151	95.98	114	103.95	195	139.98

RURAL WATER SUPPLY SCHEMES SANCTIONED IN EACH DISTRICT OF THE STATE

*520. **Sardarni Jasdev Kaur Sandhu :** Will the Chief Minister be pleased to state the names of Rural Water Supply Schemes sanctioned, or on which work has been started since April, 1980 in each district of the State ?

ਸਰਦਾਰ ਦਰਬਾਰਾ ਸਿੰਘ: ਅਪ੍ਰੈਲ, 1980 ਤੋਂ ਬਾਅਦ ਜਿਹੜੀਆਂ ਪੇਂਡੂ ਜਲ ਸਪਲਾਈ ਸਕੀਮਾਂ ਮਨਜ਼ੂਰ ਹੋਈਆਂ ਹਨ ਜਾਂ ਜਿਨ੍ਹਾਂ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਉਨ੍ਹਾਂ ਦੇ ਨਾਮ ਇਕ ਵਿਵਰਣ ਵਿੱਚ ਦਿੱਤੇ ਹੋਏ ਹਨ ਜੋ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਵਿਵਰਣ

ਅਪ੍ਰੈਲ, 1980 ਤੋਂ ਬਾਅਦ ਮਨਜ਼ੂਰ ਜਾਂ ਸ਼ੁਰੂ ਕੀਤੀਆਂ ਗਈਆਂ ਸਕੀਮਾਂ ਦੇ ਨਾਮ :-

ਜ਼ਿਲੇ ਦਾ ਨਾਂ	ਸਕੀਮ ਦਾ ਨਾਂ	ਬਲਾਕ	ਸ਼ਾਮਲ ਪਿੰਡਾਂ ਦੇ ਨਾਮ
ਫ਼ਰੀਦਕੋਟ	1. ਪ੍ਰੀ. ਵਾਟਰ ਸਪਲਾਈ ਸਕੀਮ ਫਾਰ ਵਿਲੇਜ਼ ਪੰਨੀਵਾਲਾ ਫੱਤਾ	ਮਲੋਟ	ਪੰਨੀਵਾਲਾ ਫੱਤਾ
...	2. ਉਕਤ-ਅਕਾਲਗੜ੍ਹ ਅਤੇ ਰਾਮਗੜ੍ਹ	ਮੁਕਤਸਰ	ਅਕਾਲਗੜ੍ਹ, ਰਾਮਗੜ੍ਹ
	3. ਉਕਤ-ਮੇਹਮਆਲਾ ਅਤੇ ਮਚਾਕੀਕਲਾਂ	ਫਰੀਦਕੋਟ	1. ਮੇਹਮੂਆਣਾ 2. ਮਚਾਕੀਕਲਾਂ
	4. ਉਕਤ-ਕਿਲਾ ਨਾਓ ਅਤੇ ਕੁਮਿਆਣਾ	ਫਰੀਦਕੋਟ	1. ਕਿਲਾ ਨਾਓ 2. ਕੁਮਿਆਣਾ
	5 ਉਕਤ- ਸਿਬੀਆਂ	ਬਾਘਾਪੁਰਾਣਾ	ਸਿਬੀਆਂ
ਫਿਰੋਜ਼ਪੁਰ	6 ਉਕਤ-ਇੱਟਾਂ ਵਾਲੀ ਅਤੇ ਸੋਕਾਮਵਾਲਾ	ਘੱਲ ਖੁਰਦ	1. ਇੱਟਾਂ ਵਾਲੀ 2 ਮਕਾਮਵਾਲਾ
	7. ਉਕਤ-ਭਲੂਵਾਲਾ, ਟੱਬਰਭਾਨ, ਪਟੱਲੀ ਅਤੇ ਲਲੇਹੀ	-ਉਕਤ-	1. ਭੱਲਵਾਲਾ 2. ਟੱਬਰਭਾਨ 3. ਪੱਟਲੀ 4. ਲਲੇਹੀ
	8. ਉਕਤ-ਗੁਲਾਮ ਪੱਤਰਾ,ਮੋਹਰੀਵਾਲਾ ਧੀਰਾ ਪੱਤਰਾ, ਬਕਨਖਾਨਵਾਲਾ, ਆਦਿ	ਫਿਰੋਜ਼ਪੁਰ	1. ਗੁਲਾਮ ਪੱਤਰਾ 2. ਮੋਹਰੀਵਾਲਾ 3. ਧੀਰਾ ਪੱਤਰਾ 4. ਬੁਕਨਖਾਨਵਾਲਾ 5. ਨਸੀਰ ਖਿਰਚੀ 6. ਚੂਹੜ ਖਿਰਚੀ 7. ਚੱਕ ਰੋੜਾਂ ਵਾਲੀ
		ਫਰੀਦਕੋਟ	8. ਅਰਾਈਆਂ ਵਾਲਾ ਖੁਰਦ 9. ਝੋਕ ਸਰਕਾਰੀ 10. ਕੌਣੀ

ਜ਼ਿਲ੍ਹੇ ਦਾ ਨਾਂ	ਸਕੀਮ ਦਾ ਨਾਂ	ਬਲਾਕ	ਸ਼ਾਮਲ ਪਿੰਡਾਂ ਦੇ ਨਾਮ
ਅੰਮ੍ਰਿਤਸਰ	9. ਪ੍ਰੋ: ਵਾ/ਸ ਸਕੀਮ ਫਾਰ ਗਰੁੱਪ ਆਫ ਵਿਲੇਜਜ਼ ਮਾੜੀ ਕੇ ਅਤੇ ਮੈਹਂਦੀਪੁਰ	ਵਲਟੋਹਾ	1. ਮਾੜੀ ਕੇ 2. ਮੈਹਂਦੀਪੁਰ
	10. -ਉਕਤ-ਕੱਚਾ ਪੱਕਾ	ਪੱਟੀ	ਕੱਚਾ ਪੱਕਾ
	11. ਪ੍ਰੋ: ਵਾ/ਸ. ਸਕੀਮ ਫਾਰ ਗਰੁੱਪ ਆਫ ਵਿਲੇਜਜ਼ ਛੀਨਾ ਬਿਧੀ ਚੰਦ ।	ਭਿਖੀਵਿੰਡ	ਛੀਨਾ ਬਿਧੀ ਚੰਦ
ਸੰਗਰੂਰ	12. -ਉਕਤ-ਕਾਲੇ ਕੇ, ਬਦਰਾ	ਬਰਨਾਲਾ	1. ਕਾਲੇਕੇ 2. ਬਦਰਾ
	13. -ਉਕਤ-ਸੰਘੇੜਾ	-ਉਕਤ-	ਸੰਘੇੜਾ
	14 -ਉਕਤ-ਬਨਾਰਸੀ ਬਿਓਪਾਰ ਅਤੇ ਖਨੌਰੀ ਖੁਰਦ	ਲਹਿਰਾਗਾਗਾ	1. ਬਨਾਰਸੀ 2. ਬਿਓਪੁਰ 3. ਖਨੌਰੀ ਖੁਰਦ
ਬਠਿੰਡਾ	15.-ਉਕਤ-ਨਾਥਪੁਰਾ, ਗਿਦੜ, ਗੰਗਾ	ਨਥਾਨਾ	1. ਨਾਥਪੁਰਾ 2. ਗਿਦੜ 3. ਗੰਗਾ
	16. -ਉਕਤ-ਢਿੰਗਰ, ਚੈਲਨ ਅਤੇ ਬਨਵਾਲਾ	ਝਨੀਰ	1. ਢਿੰਗਰ 2. ਚੈਹਿਲਾਨ 3. ਬਨਵਾਲਾ
	17. -ਉਕਤ-ਲਖਮੀਰ ਵਾਲਾ, ਅਖਨਵਾਲੀ ਨਰੈਨਵਾਲਾ ਅਤੇ ਸਹਿਰਾਨਾ	ਝੁਨੀਰ	1. ਲਖਮੀਰਵਾਲਾ 2. ਅੰਖਾਨਵਾਲੀ 3 ਨਰੈਨਵਾਲਾ 4. ਸਹਿਰਾਨਾ
ਪਟਿਆਲਾ	18. -ਉਕਤ-ਰੋਹਰ,ਜਗੀਰ, ਹਰੀਗੜ੍ਹ, ਬੀਬੀਪੁਰ ਅਤੇ ਲੈਲਕਾ ਜਗੀਰ	ਭੁਨਰਹੇੜੀ	1. ਰੋਹਰ-ਜਗੀਰ 2. ਲੈਹਲਾਨ-ਜਗੀਰ 3. ਹਰੀਗੜ੍ਹ 4. ਬੀਬੀਪੁਰ

NUMBER OF BUSES PLYING ON ROUTES FROM RAJPURA BUS STAND TO PATIALA, BANUR, GHANAUR, ETC.

*239. **Master Chand Singh** : Will the Chief Minister be pleased to state:—

(a) the number of buses of the Pepsu Road Transport Corporation, the Punjab Roadways and Private operations which ply at present on routes from Rajpura Bus stand to Patiala, Banur, Ghanaur, Bhagrana, Mandauli, Sirhind, Ambala and Manakpur and the time of departure of each bus;

[Master Chand Singh]

(b) whether the Government proposes to increase the number of buses on the said routes?

ਸਰਦਾਰ ਦਰਬਾਰਾ ਸਿੰਘ: (ੳ) ਸੂਚਨਾ ਅਨੁੱਲਗ "ੳ" ਅਨੁਸਾਰ ਹਾਉਸ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਜੀ ਨਹੀਂ ।

ਅਨੁਲੱਗ "ੳ"

ਹੇਠ ਲਿਖੇ ਵੇਰਵੇ ਅਨੁਸਾਰ ਰਾਜਪੁਰਾ ਬੱਸ ਸਟੈਂਡ ਤੋਂ ਪਟਿਆਲਾ, ਬਨੂੜ, ਘਨੌਰ, ਭਗਰਾਣਾ, ਮਨੌਲੀ, ਸਰਹੰਦ, ਅੰਬਾਲਾ ਅਤੇ ਮਾਣਕਪੁਰ ਨੂੰ ਬਸ ਸਵਾ ਚੱਲ ਰਹੀ ਹੈ —

ਚੱਲਣ ਦਾ ਸਮਾਂ	ਓਪਰੇਟਰ ਦਾ ਨਾਂ
ਰਾਜਪੁਰਾ -ਪਟਿਆਲਾ	
1. 5.30	ਪੀ. ਆਰ. ਟੀ. ਸੀ.
2. 7.20	-ਉਹੀ-
3. 8.00	-ਉਹੀ-
4. 8.15	-ਉਹੀ-
5. 9.00	ਉਹੀ-
6. 9.45	-ਉਹੀ-
7. 10.20	-ਉਹੀ-
8. 12.10	-ਉਹੀ-
9. 13.00	-ਉਹੀ-
10. 13.25	-ਉਹੀ-
11. 15.05	-ਉਹੀ-
12. 16.05	-ਉਹੀ-
13. 17.10	-ਉਹੀ-
14. 17.45	-ਉਹੀ-
ਰਾਜਪੁਰਾ-ਬਨੂੜ	
1. 7.45	ਪੀ. ਆਰ. ਟੀ. ਸੀ.
2. 9.40	-ਉਹੀ-
3. 11.15	-ਉਹੀ-
4. 12.40	-ਉਹੀ-
5. 14.10	-ਉਹੀ-
6. 17.00	-ਉਹੀ-

ਰਾਜਪੁਰਾ—ਘਨੌਰ

ਰਾਜਪੁਰਾ ਤੋਂ ਘਨੌਰ ਜਾਣ ਲਈ ਦੋ ਰਸਤੇ ਹਨ । ਇਕ ਬਰਸਾਤਾ ਸ਼ੰਭੂ ਅਤੇ ਦੂਜਾ ਬਰਾਸਤਾ ਹਰਪਾਲਪੁਰ । ਇਸ ਰੂਟ ਤੇ ਨਾ ਤਾਂ ਕਿਸੇ ਸਰਕਾਰੀ ਅਦਾਰੇ ਅਤੇ ਨਾ ਹੀ ਕਿਸੇ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਨੇ ਕਦੇ ਸਟੇਜ ਕੈਰਿਜਪਰਮਿਟ ਲਏ ਹਨ । ਪਰ ਪੀ. ਆਰ.ਟੀ.ਸੀ. ਅਤੇ ਪ੍ਰਾਈਵੇਟ ਉਪਰੇਟਰ ਇਸ ਪੋਰਸ਼ਨ ਨੂੰ ਓਵਰਲੈਪਿੰਗ ਮੈਨਰ ਵਿਚ ਚੱਲਦੇ ਹੋਏ ਹੇਠ ਲਿਖੇ ਅਨੁਸਾਰ ਸਰਵਿਸਾਂ ਚਲਾ ਰਹੇ ਹਨ-

ਰਾਜਪੁਰਾ-ਘਨੌਰ ਵਾਇਆ ਸ਼ੰਭੂ

1. 8.30	ਗਿਆਨ ਬੱਸ
2. 10.40	ਗਿਆਨ ਬੱਸ ।
3. 12.10	ਪੀ. ਆਰ. ਟੀ. ਸੀ.
4. 13.45	ਗਿਆਨ ਬੱਸ
5. 16.10	ਗਿਆਨ ਬੱਸ
6. 17.10	ਗਿਆਨ ਬੱਸ
7. 18.00	ਪੀ. ਆਰ. ਟੀ. ਸੀ.

ਰਾਜਪੁਰਾ-ਘਨੌਰ ਵਾਇਆ ਹਰਪਾਲਪੁਰ

1. 6.45	ਬਾਬਾ ਬੱਸ ਸਰਵਿਸ
2. 7.20	ਵੀਰ ਬੱਸ ਸਰਵਿਸ
3. 9.00	ਬਾਬਾ ਬੱਸ
4. 12.30	ਵੀਰ ਬੱਸ
5. 14.45	ਬਾਬਾ ਬੱਸ

ਰਾਜਪੁਰਾ-ਭਗਰਾਣਾ

ਰਾਜਪੁਰਾ-ਭਗਰਾਣਾ ਰੂਟ ਤੇ ਕਿਸੇ ਵੀ ਟਰਾਂਸਪੋਰਟ ਕੰਪਨੀ ਕੋਲ ਸਟੇਜ ਕੈਰਿਜ ਪਰਮਿਟ ਨਹੀਂ ਹੈ ਪਰ ਪਟਿਆਲਾ -ਖਰੜ ਬਰਾਸਤਾ ਭਗਰਾਣਾ, ਰਾਜਪੁਰਾ-ਖਰੜ ਬਰਾਸਤਾ ਭਗਰਾਣਾ ਅਤੇ ਰਾਜਪੁਰਾ-ਚੰਡੀਗੜ੍ਹ ਬਰਾਸਤਾ ਭਗਰਾਣਾ ਰੂਟਾਂ ਤੇ ਓਵਰਲੈਪਿੰਗ ਮੈਨਰ ਵਿਚ ਪੀ. ਆਰ. ਟੀ. ਸੀ. ਪਟਿਆਲਾ ਦੀਆਂ ਇਸ ਰੂਟ ਤੇ ਸੇਵਾਵਾਂ ਉਪਲੱਬਧ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. 7.15	ਰਾਜਪੁਰਾ ਬੱਸ
2. 8.00	ਸਰਹੰਦ-ਖੰਨਾ ਟਰਾਂਸਪੋਰਟਰਜ਼
3. 9.00	ਪੀ. ਆਰ. ਟੀ. ਸੀ.
4. 9.40	ਸਰਹੰਦ-ਖੰਨਾ ਟਰਾਂਸਪੋਰਟਰਜ
5. 10.20	ਪੀ. ਆਰ. ਟੀ. ਸੀ.
6. 10.50	ਨਿਰੰਕਾਰੀ ਬੱਸ
7. 11.40	-ਉਹੀ-

[ਮੁੱਖ ਮੰਤਰੀ]

8. 12.20	ਰਾਜਪੁਰਾ ਬੱਸ ਸਰਵਿਸ
9. 13.00	ਸਰਹੰਦ ਖੰਨਾ ਟਰਾਂਸਪੋਰਟਰਜ਼
10. 13.40	ਗਿਆਨ ਬੱਸ
11. 14.20	ਰਾਜਪੁਰਾ ਬਸ ਸਰਵਿਸ
12. 15.00	ਪੀ. ਆਰ. ਟੀ. ਸੀ.
13. 15.40	ਸਰਹੰਦ ਖੰਨਾ ਟਰਾਂਸਪੋਰਟਰਜ਼
14. 17.00	ਪੀ. ਆਰ. ਟੀ. ਸੀ.
15. 17.55	ਨਿਰੰਕਾਰੀ ਬੱਸ

ਰਾਜਪੁਰਾ—ਮਨੌਲੀ

ਇਸ ਰੂਟ ਤੇ ਕੋਈ ਵੀ ਬੱਸ ਸੇਵਾ ਨਹੀਂ ਚੱਲ ਰਹੀ ਹੈ ।

ਰਾਜਪੁਰਾ-ਸਰਹੰਦ

ਰਾਜਪੁਰਾ ਤੋਂ ਸਰਹੰਦ ਜਾਣ ਲਈ ਦੋ ਰਸਤੇ ਹਨ । ਇਕ ਬਰਾਸਤਾ ਜੀ. ਟੀ. ਰੋਡ ਅਤੇ ਦੂਸਰਾ ਬਰਾਸਤਾ ਬਡਾਲੀ ।ਰਾਜਪੁਰਾ-ਸਰਹੰਦ ਬਰਾਸਤਾ ਜੀ.ਟੀ. ਰੋਡ ਤੇ ਕਿਸੇ ਵੀ ਕੰਪਨੀ ਪਾਸ ਸਟੇਜ ਕੈਰਿਜ ਪਰਮਿਟ ਨਹੀਂ ਹੈ ।ਪਰ ਪਟਿਆਲਾ-ਕਪੂਰਥਲਾ ਬਰਾਸਤਾ ਰਾਜਪੁਰਾ, ਪਟਿਆਲਾ ਹੁਸ਼ਿਆਰਪੁਰ ਬਰਾਸਤਾ ਰਾਜਪੁਰਾ, ਲੁਧਿਆਣਾ-ਅੰਬਾਲਾ ਕੈਂਟ ਬਰਾਸਤਾ ਰਾਜਪੁਰਾ ਆਦਿ ਰੂਟਾਂ ਤੇ ਉਵਰਲੈਪਿੰਗ ਮੈਨਰ ਵਿਚ ਇਸ ਰੂਟ ਤੇ ਸਰਵਿਸਾਂ ਉਪਲੱਬਧ ਹਨ । ਰਾਜਪੁਰਾ-ਸਰਹੰਦ ਬਰਾਸਤਾ ਬਡਾਲੀ ਰੂਟ ਤੇ ਸਿਰਫ ਪ੍ਰਾਈਵੇਟ ਉਪਰੇਟਰਾਂ ਵੱਲੋਂ ਹੀ ਦੋ ਸਰਵਿਸਾਂ ਚਲਾਈਆਂ ਜਾ ਰਹੀਆਂ ਹਨ ।

ਰਾਜਪੁਰਾ-ਅੰਬਾਲਾ

ਰਾਜਪੁਰਾ-ਅੰਬਾਲਾ ਕੈਂਟ ਰੂਟ ਤੇ ਸਿਰਫ ਪੀ. ਆਰ. ਟੀ. ਸੀ. ਪਟਿਆਲਾ ਪਾਸ ਹੀ ਇੱਕ ਪੱਕਾ ਸਟੇਜ਼ ਕੈਰਿਜ਼ ਪਰਮਿਟ (ਸਮੇਤ ਇੱਕ ਵਾਪਸੀ ਫੇਰਾ) ਹੈ ਜੋ ਕਿ ਪੀ. ਆਰ. ਟੀ. ਸੀ. ਕਿਸੇ ਹੋਰ ਰੂਟ ਨਾਲ ਲਿੰਕ ਕਰਕੇ ਰਾਜਪੁਰਾ ਅੰਬਾਲਾ ਰੂਟ ਤੇ ਸਰਵਿਸ ਚਲਾਉਂਦੀ ਹੈ ਪਰ ਓਵਰਲੈਪਿੰਗ ਮੈਨਰ ਵਿੱਚ ਅੰਬਾਲਾ-ਪਟਿਆਲਾ ਵਾਇਆ ਰਾਜਪੁਰਾ ਅਤੇ ਦਿੱਲੀ ਅਤੇ ਹਰਿਆਣਾ ਰਾਜ ਦੇ ਦੂਜੇ ਸ਼ਹਿਰਾਂ ਤੋਂ ਆਉਣ ਵਾਲੀਆਂ ਬੱਸਾਂ ਇਸ ਰੂਟ ਤੇ ਉਪਲੱਬਧ ਹਨ ।

ਰਾਜਪੁਰਾ-ਮਾਣਕਪੁਰ

ਪੀ. ਆਰ ਟੀ. ਸੀ. ਪਟਿਆਲਾ-ਰਾਜਪੁਰਾ-ਮਾਣਕਪੁਰ ਰੂਟ ਤੇ ਹੇਠ ਲਿਖੇ ਟਾਈਮਾਂ ਤੇ 8 ਵਾਪਸ ਫੇਰੇ ਦੇ ਹਿਸਾਬ ਨਾਲ ਸਰਵਿਸਾਂ ਚਲਾ ਰਹੀ ਹੈ:-

1. 7.35
2. 8.25
3. 9.55
4. 11.50
5. 14.40

6. 16.15
7. 18.10
8. 18.50

ਇਸ ਤੋਂ ਇਲਾਵਾ 16 ਸਰਵਿਸਾਂ ਰਾਜਪੁਰਾ-ਚੰਡੀਗੜ੍ਹ ਬਰਾਸਤਾ ਮਾਨਕਪੁਰ,ਰਾਜਪੁਰਾ-ਖਰੜ - ਅਤੇ ਰਾਜਪੁਰਾ ਮੋਰਿੰਡਾ ਰੂਟਾਂ ਤੇ ਚੱਲਣ ਵਾਲੀਆਂ ਸਰਵਿਸਾਂ ਇਸ ਰੂਟ ਤੇ ਉਪਲੱਬਧ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. 6.40	ਪੀ. ਆਰ. ਟੀ. ਸੀ.
2. 7.05	ਪਾਲ ਬੱਸ ਸਰਵਿਸ
3. 8.35	ਬਾਬਾ ਬੱਸ
4. 9.15	ਗਿਆਨ ਬੱਸ
5. 10.45	ਪਾਲ ਬੱਸ
6. 11.15	ਅੰਬਾਲਾ ਬੱਸ
7. 11.45	ਗਿਆਨ ਬੱਸ
8. 12.30	ਵੀਰ ਬੱਸ
9. 13.00	ਗਿਆਨ ਬੱਸ
10. 13.20	ਅੰਬਾਲਾ ਬੱਸ
11. 13.55	ਪੀ. ਆਰ ਟੀ. ਸੀ.
12. 14.05	ਬਾਬਾ ਬੱਸ
13. 15.15	ਪਾਲ ਬੱਸ
14. 17.00	ਗਿਆਨ ਬੱਸ
15. 17.10	ਵੀਰ ਬੱਸ
16. 18.10	ਬਾਬਾ ਬੱਸ

DISCONTINUANCE OF BUS SERVICE ON GHANAUR-CHANDIGARH ROUTE

***521. Sardarni Jasdev Kaur Sandhu:-** Will the Chief Minister be pleased to state:—

(a) the date on which the Pepsu Road Transport Corporation started its bus service on Ghanaur-Chandigarh route.;

(b) the date since when the bus service on the above mentioned route has been discontinued alongwith the reasons therefor?

ਸਰਦਾਰ ਦਰਬਾਰਾ ਸਿੰਘ : (ੳ) 7-੬-1970

(ਅ) ਜੀ ਨਹੀਂ, ਇਸ ਰੂਟ ਤੇ ਹਾਲੇ ਵੀ ਬੱਸ ਸੇਵਾ ਚਾਲੂ ਹੈ ।

WOMEN SMUGGLERS

*294. **Sardar Dalip Singh Pandhi :** Will the Chief Minister be pleased to state whether some women smugglers of district Hoshairpur were arrested/detected by the Police during the months from May to August, 1980; if so, the detail thereof alongwith the details of the confiscated smuggled goods?

ਸਰਦਾਰ ਦਰਬਾਰਾ ਸਿੰਘ: ਹਾਂ ਜੀ। ਐਸ. ਐਚ. ਓ. ਥਾਣਾ ਸਿਟੀ ਹੁਸ਼ਿਅਰਾਪੁਰ ਨੂੰ ਇਕ ਸੂਚਨਾ ਪ੍ਰਾਪਤ ਹੋਈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ 2 ਮਸ਼ਹੂਰ ਨਿਡੱਰ ਸਮੱਗਲਰ ਜੋ ਥਾਣਾ ਸਿਟੀ ਹੁਸ਼ਿਆਰਪਰ ਦੇ ਬਦਮਾਸ਼ ਦਸ ਨੰਬਰੀ ਹਨ, ਇਕ ਵੱਡੇ ਸਮੱਗਲਰ ਟੋਲੇ ਦੇ ਮੈਂਬਰ ਹਨ। ਉਹ ਅਫੀਮ, ਚਰਸ, ਨਜਾਇਜ਼, ਅਸਲਾ ਅਤੇ ਸੋਨੇ ਦੀ ਸਮੱਗਲਿੰਗ ਕਰਦੇ ਹਨ। ਉਹ ਭਾਰਤ ਦੇਸ਼ ਦੀਆਂ ਗੁਪਤ ਸੂਚਨਾਵਾਂ ਪਾਕਿਸਤਾਨ ਨੂੰ ਦੇਂਦੇ ਹਨ ਅਤੇ ਸਮੇਂ ਸਮੇਂ ਖੁਦ ਵੀ ਪਾਕਿਸਤਾਨ ਜਾਂਦੇ ਹਨ। ਉਨ੍ਹਾਂ ਦੀਆਂ ਪਤਨੀਆਂ ਵੀ ਇਸ ਧੰਦੇ ਵਿਚ ਉਨ੍ਹਾਂ ਦੀ ਮਦਦ ਕਰਦੀਆਂ ਹਨ। ਇਸ ਇਤਲਾਹ ਤੇ ਮੁਕੱਦਮਾ ਦਰਜ ਕੀਤਾ ਗਿਆ ਜਿਸ ਤੇ ਦੋਵੇਂ ਸਮਗੱਲਰ ਗ੍ਰਿਫਤਾਰੀ ਤੋਂ ਬਚਣ ਲਈ ਛੁਪ ਗਏ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁੱਛ ਗਿੱਛ ਦੇ ਦੌਰਾਨ ਇਨ੍ਹਾਂ ਔਰਤਾਂ ਦੇ ਕਬਜ਼ੇ ਵਿਚੋਂ ਕੋਈ ਨਜਾਇਜ਼ ਚੀਜ਼ ਨਹੀਂ ਮਿਲੀ ਸੀ ਇਸ ਲਈ ਉਨ੍ਹਾਂ ਨੂੰ ਕੇਸ ਵਿਚੋਂ ਡਿਸਚਾਰਜ਼ ਕਰਵਾਇਆ ਜਾ ਰਿਹਾ ਹੈ ਜੀ।

BUILDING OF E.S.I. HOSPITAL, RAJPURA

*240 **Master Chand Singh** : Will the Chief Minister be pleased to state the date when the construction work of building of the E.S.I. Hospital, Rajpura was started and the time by which it is likely to be completed?

Sardar Darbara Singh : The Construction work was started on 17th Februry, 1979 and is likely to be completed by 31st March, 1981.

CONSTRUCTION OF GENERAL BUS STAND JULLUNDUR

*410. **Sardar Atma Singh :-** Will the Chief Minister be pleased to state:—

(a) the total amount incurred for the construction of General Bus Stand, Jullundur and the year in which it was completed;

(b) whether it is a fact that urinals in the latrines for gents have not been installed so far but only the pipes have been fitted there; if so, the reasons therefor and the time by which the remaining parts of urinals are likely to be installed there;

(c) the arrangements being made for maintaining general sanitation and cleanliness at the said bus stand?

ਸਰਦਾਰ ਦਰਬਾਰਾ ਸਿੰਘ: (ੳ) ਜਲੰਧਰ ਬੱਸ ਸਟੈਂਡ ਦੀ ਉਸਾਰੀ ਵਿਚ 37,53,647/- ਰੁਪਏ ਖ਼ਰਚ ਹੋਏ ਹਨ ਅਤੇ ਇਹ ਕੰਮ ਅਕਤੂਬਰ, 1976 ਵਿੱਚ ਮੁਕੰਮਲ ਹੋ ਗਿਆ ਸੀ।

ਅ) ਨਹੀਂ ਜੀ। ਪੁਰਸ਼ਾਂ ਲਈ ਪੇਸ਼ਾਬ ਘਰ ਪਹਿਲਾਂ ਹੀ ਬਣੇ ਹੋਏ ਹਨ।

ੲ) ਜਨਰਲ ਬਸ ਸਟੈਂਡ, ਜਲੰਧਰ ਵਿਖੇ ਆਮ ਸਫ਼ਾਈ ਲਈ 8 ਸਵੀਪਰ ਲਗਾਏ ਹੋਏ ਹਨ ਜੀ।

UNSTARRED QUESTION AND ANSWER

LOSS/PROFIT TO VANASPATI FACTORY IN COOPERATIVE SECTOR IN PUNJAB

84. **Sardar Shamsher Singh :** Will the Chief Minister be pleased to State the names of the Vanaspati Factories in the Co-operative Sector in the State with the details of tbe loss suffered or profit earned by each during 1977-78, 1978-79 and 1979-80.

ਸਰਦਾਰ ਦਰਬਾਰਾ ਸਿੰਘ: ਸਹਿਕਾਰੀ ਖੇਤਰ ਵਿਚ ਸਿਰਫ ਇਕ ਹੀ ਘੀ ਦੀ ਫੈਕਟਰੀ ਹੈ ਜਿਸ ਦਾ ਨਾਂ ਮਾਰਕਫੈਡ ਵਨਾਸਪਤੀ ਅਤੇ ਅਲਾਇਡ ਇੰਡਸਟਰੀਜ਼ ,ਖੰਨਾ ਹੈ। ਇਸ ਨੇ ਪਿਛਲੇ ਤਿੰਨ ਸਾਲ ਵਿਚ ਹੇਠ ਲਿਖੇ ਅਨੁਸਾਰ ਲਾਭ ਕਮਾਇਆ ਹੈ:-

ਸਾਲ	ਲਾਭ (ਲੱਖਾਂ ਵਿੱਚ)
1977-78	69.90 ਰੁਪਏ
1978-79	91.29 ਰੁਪਏ
1979-80	168.22 ਰੁਪਏ

ਸਰਦਾਰ ਮਹਿੰਦਰ ਸਿੰਘ: ** ** **

ਸ੍ਰੀ ਸਪੀਕਰ: ਆਈ ਡਿਸਅਲਾਓ। ਇਹ ਸਾਰਾ ਐਕਸਪੰਜ ਕਰ ਦਿਓ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ। ਪੰਜਾਬ ਵਿੱਚ ਬਿਜਲੀ ਦਾ ਭੱਠਾ ਬੈਠਾ ਹੋਇਆ ਹੈ। ਕਾਰਖਾਨੇ ਬੰਦ ਪਏ ਹਨ, ਟਿਊਬਵੈਲਜ਼ ਬੰਦ ਹਨ। ਪੰਜਾਬ ਦੇ ਸਾਰੇ ਲੋਕਾਂ ਦੇ ਕੰਮ ਬੰਦ ਪਏ ਹਨ। ਇਸ ਦੇ ਲਈ ਸਮਾਂ ਦਿੱਤਾ ਜਾਏ ਤਾਂ ਕਿ ਬਹਿਸ ਹੋ ਸਕੇ। ਸਪੀਕਰ ਸਾਹਿਬ ਬਿਜਲੀ ਤੇ ਪੰਜਾਬ ਡਿਪੈਂਡ ਕਰਦਾ ਹੈ ਦਸਤਕਾਰੀ ਬਿਜਲੀ ਤੇ, ਕਿਸਾਨੀ ਬਿਜਲੀ ਤੇ ਅਤੇ ਸਾਰਾ ਦਾਰੋਮਦਾਰ ਬਿਜਲੀ ਤੇ ਹੈ...(ਵਿਘਨ) ..

ਸ੍ਰੀ ਸਪੀਕਰ: ਇਹ ਮੋਸ਼ਨ ਬਣਦੀ ਨਹੀਂ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਤੁਸੀਂ ਐਸੇ ਮਸਲਿਆਂ ਤੇ ਥੋੜ੍ਹਾ ਬਹੁਤ ਸਮਾਂ ਡਿਸਕਸ਼ਨ ਲਈ ਫਿਕਸ ਕਰ ਦਿਆ ਕਰੋ...(ਵਿਘਨ)

CALL-ATTENTION NOTICE UNDER RULE 66

(*Serial No.* 40)

Sardar Avtar Singh Gatwali: I beg to draw the attention of the Government towards a matter of urgent public importance, namely, the stoppage

*Expunged as ordered by the Chair.

[Sardar Avtar Singh Gatwali]

of lining work of Talwandi distributory in Talwandi Sabo Tehsil by the Department. That due to defective workmanship and use of substandard material the distributary has breached on many points. This caused big loss to the farmers of the area, and the misappropriation of public money by few individuals contractors.

Sardar Darbara Singh (Chief Minister) : The work of lining Talwandi Distributary in Talwandi Sabo Tehsil had to be slowed down due to Scarcity of cement. Upto December, 1980, 21.70 Kms. has been lined out of length of 36.09 Kms. Within limited supply of cement available, the lining is being done presently in the tail reaches of this distributary. The remaining length of 14.39 Kms. is expected to be completed in the next financial year.

2. During initial running of this distributary there were some breaches in the lined portions. The breaches occured in high filling reaches of RD 40,000-55,000 where the bed of the channel is higher than the ground level and the soil is of silty sand. The banks of the channels have been suitably strengthened to prevent recurrence of the breaches. There has been no breach during the last two months and the distributary is running satisfactorily.

ਸਰਦਾਰ ਅਵਤਾਰ ਸਿੰਘ ਗੱਟਵਾਲੀ: ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਠੀਕ ਹੈ ਕਿ ਪਿਛਲੇ ਦੋ ਤਿੰਨ ਮਹੀਨਿਆਂ ਵਿਚ ਉਹ ਕੱਸੀ ਠੀਕ ਕਰਕੇ ਚਲ ਰਹੀ ਹੈ ਮੈਂ ਕਹਿੰਦਾ ਹਾਂ ਕਿ 1978 ਵਿਚ ਇਹ ਡਿਸਟਰੀਬਿਊਟਰੀ ਬਣਨੀ ਸ਼ੁਰੂ ਹੋਈ ਇਸ ਦੇ ਬਣਨ ਤੇ ਜਿਹੜਾ ਪੈਸਾ ਖਰਚ ਹੋਇਆ, ਉਸ ਦੀ ਜ਼ਿਮੇਵਾਰੀ ਕਿਸ ਤੇ ਜਾਂਦੀ ਹੈ । ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਹ ਕੇਸ ਐਗਜ਼ਾਮਿਨ ਕਰਾਓ ਕਿ ਜਿਹੜਾ ਇਥੇ ਮੈਟੀਰੀਅਲ ਲੱਗਣਾ ਸੀ ਉਹ ਕਿਉਂ ਨਹੀਂ ਲੱਗਿਆ ਅਤੇ ਕਿਸ ਦੀ ਕੋਠੀ ਤੇ ਜਾ ਕੇ ਲੱਗਿਆ ਹੈ । ਇਹ ਲੋਕਾਂ ਦਾ ਪੈਸਾ ਸੀ । ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ । 1979 ਵਿਚ ਜਦੋਂ ਡਿਸਟਰੀ-ਬਿਊਟਰੀ ਟੁੱਟੀ ਤਾਂ ਮਹਿਕਮਾ ਨਹਿਰ ਨੇ ਉਥੇ ਦੇ ਜ਼ਿਮੀਦਾਰਾਂ ਨੂੰ ਸਰਚਾਰਜ ਕੀਤਾ । ਇਕ ਤਾਂ ਜ਼ਿਮੀਦਾਰਾਂ ਦੀ ਫ਼ਸਲ ਮਾਰੀ ਗਈ ਸੀ ਦੂਸਰੇ ਇਨ੍ਹਾਂ ਨੇ ਐਕਸਟਰਾ ਮਾਮਲਾ ਉਗਰਾਹੁਣ ਦੀ ਕੋਸ਼ਿਸ਼ ਕੀਤੀ ਮੇਰੀ ਬੇਨਤੀ ਇਹ ਹੈ ਕਿ ਇਸ ਦੀ ਕਨਸਟਰੱਕਸ਼ਨ ਦੀ ਇਨਕੁਆਇਰੀ ਕੀਤੀ ਜਾਵੇ । ਠੇਕੇਦਾਰ ਨੇ ਉਸ ਵੇਲੇ ਦੀ ਹਕੂਮਤ ਨਾਲ ਮਿਲ ਕੇ ਸਾਰਾ ਗੋਲ-ਮਾਲ ਕੀਤਾ । ਮੈਂ ਚੀਫ਼ ਮਨਿਸਟਰ ਦਾ ਬੜਾ ਧੰਨਵਾਦੀ ਹਾਂ ਜੋ ਉਨ੍ਹਾਂ ਨੇ ਭਰੋਸਾ ਦਿਵਾਇਆ ਹੈ ਕਿ ਉਹ ਕਸੀ ਨੂੰ ਪੂਰਾ ਕਰਕੇ ਲੋਕਾਂ ਦੀ ਤਕਲੀਫ਼ ਨੂੰ ਦੂਰ ਕਰ ਦੇਣਗੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਭ ਕੁਝ ਵਿਸਥਾਰ ਨਾਲ ਆਪਣੇ ਜਵਾਬ ਵਿਚ ਪਹਿਲਾਂ ਹੀ ਦੱਸ ਦਿਤਾ ਹੈ । ਇਹ ਕੰਮ ਪੁਰਾਣਾ ਸੀ ਅਤੇ ਪਿਛਲੀ ਸਰਕਾਰ ਵੇਲੇ ਦਾ ਸੀ । ਲੇਕਿਨ ਜਿਥੇ ਜਿਥੇ ਬ੍ਰੀਚਿਜ਼ ਸਨ ਅਸੀਂ ਫ਼ਿਲ ਇਨ ਕੀਤਾ ਹੈ । ਅਗਰ ਕੋਈ ਸਬੂਤ ਇਨ੍ਹਾਂ ਪਾਸ ਹੈ ਤਾਂ ਸਾਨੂੰ ਇਹ ਦੇ ਦੇਣ ਅਸੀਂ ਇਨਕੁਆਇਰੀ ਕਰ ਲਵਾਂਗੇ ਕਿ ਕੌਣ ਕੌਣ ਉਸ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਠੀਕ ਤੌਰ ਤੇ ਮੈਟੀਰੀਅਲ ਨਹੀਂ ਲਗਾਇਆ ਸੀ, ਇਸ ਦੀ ਦੇਖਭਾਲ ਕਰ ਲਈ ਜਾਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ੍ਰੀ ਸਪੀਕਰ : ਨੋ ਪੁਆਇੰਟ ਆਫ਼ ਆਰਡਰ । ਇਹ ਸਭ ਕੁਝ ਐਕਸਪੰਜ ਕਰ ਦਿਓ ।

**Expunged as ordered by the Chair.

ਸਰਦਾਰ ਬਲਵੰਤ ਸਿੰਘ ** ** **

ਸ੍ਰੀ ਸਪੀਕਰ : ਮੈਂ ਤੁਹਾਡੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ। ਤੁਸੀਂ ਜੇ ਇਸ ਬਾਰੇ ਗੱਲ ਕਰਨੀ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਣਾ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

DECISION RE: SHORT ADJOURNMENT OF THE HOUSE

ਸਰਦਾਰ ਦਲੀਪ ਸਿੰਘ ਪਾਂਧੀ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਅੱਜ ਮਹਾਤਮਾਂ ਗਾਂਧੀ ਦਾ ਸ਼ਹੀਦੀ ਦਿਵਸ ਹੈ। ਇਸ ਲਈ ਸਦਨ ਦੇ ਮੈਂਬਰ ਦੋ ਮਿੰਟਾਂ ਲਈ ਮੋਨ ਧਾਰਨ ਕਰਨਾ। ਸਕੱਤਰੇਤ ਦੇ ਕੋਲ ਬਕਾਇਦਾ ਐਡਰੈਸ ਕੀਤਾ ਜਾਂਦਾ ਹੈ। ਹਾਊਸ ਕੁਝ ਦੇਰ ਲਈ ਐਡਜਰਨ ਕਰ ਦਿਓ।

ਸ੍ਰੀ ਸਪੀਕਰ: ਹਰ ਸਾਲ ਇਸ ਤਰ੍ਹਾਂ ਹੀ ਹੁੰਦਾ ਹੈ। ਅੱਜ ਦੇ ਪ੍ਰੋਗਰਾਮ ਵਿਚ ਵੀ ਹੈ। 11.00 ਵਜੇ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਮੋਨ ਧਾਰਨ ਕੀਤਾ ਜਾਵੇਗਾ।

MR. Speaker : If the House agree, the House may adjourn for 15 minutes at 10.50 A.M. for paying homage to the martyrs and the Hon'ble Members may please assemble in the lounge for the purpose.

(Voices : Yes, s.)

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਇਹ ਸਾਨੂੰ ਸਰਕੂਲੇਟ ਨਹੀਂ ਹੋਈ।

ਸ੍ਰੀ ਸਪੀਕਰ: 10.50 ਵਜੇ ਹਾਊਸ 15 ਮਿੰਟਾਂ ਲਈ ਐਡਜਰਨ ਕਰੇਗਾ। ਪ੍ਰੋਫੈਸਰ ਬਲਵੰਤ ਸਿੰਘ ਜੀ ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ।

ਪ੍ਰੋਫੈਸਰ ਬਲਵੰਤ ਸਿੰਘ: ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਮੈਂ ਇਸ ਨੂੰ ਓਵਰ-ਰੂਲ ਕਰਦਾ ਹਾਂ।

ਮਾਸਟਰ ਬਾਬੂ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ: ਮਾਸਟਰ ਬਾਬੂ ਸਿੰਘ ਜੀ, ਤੁਸੀਂ ਬੈਠ ਜਾਓ। ਮੈਂ ਕਾਮਰੇਡ ਕੁਲਵੰਤ ਸਿੰਘ ਨੂੰ ਕਾਲ ਅਪਾਨ ਕੀਤਾ ਹੈ।

ਕਾਮਰੇਡ ਕੁਲਵੰਤ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਕਰਮ ਸਿੰਘ ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**Expunged as ordered by the Chair.

ਮਾਸਟਰ ਬਾਬੂ ਸਿੰਘ: ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਮਾਸਟਰ ਬਾਬੂ ਸਿੰਘ: ** ** **

ਸ੍ਰੀ ਸਪੀਕਰ: ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਐਕਸਪੰਜ ਕੀਤਾ ਜਾਵੇ ।

ਸਰਦਾਰ ਬੀਰਦਵਿੰਦਰ ਸਿੰਘ: ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸ੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਅੱਜ ਹਿੰਦੁਸਤਾਨ ਦੀ ਹਿਸਟਰੀ ਅੰਦਰ ਇੱਕ ਵਿਸ਼ੇਸ਼ ਦਿਨ ਹੈ । ਅੱਜ ਦੇ ਦਿਨ ਮਹਾਤਮਾਂ ਗਾਂਧੀ ਜੀ ਨੂੰ ਗੋਲੀ ਮਾਰੀ ਗਈ । ਅਸੀਂ ਇਸ ਦਿਨ ਸੌਹਾਂ ਖਾਂਦੇ ਹਾਂ । ਮੈਂ ਚਾਹੁੰਦਾ ਹਾਂ ਕਿ ਹਾਊਸ ਵਿਚ ਅੱਧਾ ਪੌਣਾ ਘੰਟਾ ਮੈਂਬਰਾਂ ਨੂੰ ਇਸ ਸ਼ਹੀਦੀ ਦਿਵਸ ਤੇ ਸ਼ੋਕ ਪ੍ਰਗਟ ਕਰਨ ਵਾਸਤੇ ਜ਼ਰੂਰ ਟਾਈਮ ਮਿਲਣਾ ਚਾਹੀਦਾ ਹੈ ।

ਮਾਲ ਮੰਤਰੀ: ਆਨ ਏ ਪੁਆਇੰਟ ਆਫ਼ ਅਰਡਰ, ਸਰ । ਸਪੀਕਰ ਸਾਹਿਬ, ਮੇਰੀ ਮੋਦਬਾਨਾ ਗੁਜ਼ਾਰਿਸ਼ ਹੈ ਕਿ ਰੂਲਜ਼ ਬੜੇ ਕਲੀਅਰ ਹਨ । ਐਡਜਰਨਮੈਂਟ ਮੋਸ਼ਨ ਉਸ ਗੱਲ ਬਾਰੇ ਐਡਮਿਟ ਨਹੀਂ ਹੋ ਸਕਦੀ ਜਿਹੜਾ ਕੋਈ ਆਰਡੀਨਰੀ ਲਾਅ ਦਾ ਪੁਆਇੰਟ ਹੋਵੇ । ਦੂਸਰੀ ਮੇਰੀ ਅਰਜ਼ ਇਹ ਹੈ ਕਿ ਜਦੋਂ ਤੁਸੀ ਕੋਈ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਕਰ ਦਿੰਦੇ ਹੋ ਤਾਂ ਉਸਤੇ ਕੋਈ ਡੀਬੇਟ ਨਹੀਂ ਹੋ ਸਕਦੀ । ਪਰ ਤੁਸੀਂ ਸਾਰੀ ਡੀਬੇਟ ਅਲਾਓ [illegible] ਹੈ । ਮੇਰੀ ਮੋਦਬਾਨਾ ਗੁਜ਼ਾਰਿਸ਼ ਹੈ ਕਿ ਸਾਨੂੰ ਚੰਗੇ ਪ੍ਰੀਸੀਡੈਂਟਸ ਕਾਇਮ ਕਰਨੇ ਚਾਹੀਦੇ ਹਨ । ਹਾਊਸ ਦਾ ਜੋ ਬਿਜ਼ਨੈਸ ਹੈ ਉਹ ਸਟ੍ਰਿਕਲੀ ਐਡਹੀਅਰ ਹੋਣਾ ਚਾਹੀਦਾ ਹੈ । ਉਸਦੇ ਮੁਤਾਬਿਕ ਇਥੇ ਕੰਮ ਹੋਣਾ ਚਾਹੀ ਦਾ ਹੈ । ਜੋ ਇਥੇ ਪ੍ਰੰਪਰਾਵਾਂ ਹਨ, ਉਹ ਤੋੜਨੀਆਂ ਨਹੀਂ ਚਾਹੀਦੀਆਂ । ਐਡਜਰਨਮੈਂਟ ਮੋਸ਼ਨ ਦੇ ਬਾਰੇ ਕਹੋ ਤਾਂ ਮੈਂ ਰੂਲ ਪੜ੍ਹ ਦਿੰਦਾ ਹਾਂ । ਰੂਲਜ਼ ਬੜੇ ਕਲੀਅਰ ਹਨ ।

ਸਪੀਕਰ ਸਾਹਿਬ, ਕਾਲ ਅਟੈਂਸ਼ਨ ਮੋਸ਼ਨ ਜਿਹੜੀ ਹੈ ਕੋਈ ਅੱਟਮੋਸਟ ਇੰਪਾਰਟੈਂਸ ਦੀ ਗੱਲ ਹੋਵੇ ਤਾਂ ਕਹੀ ਜਾਂਦੀ ਹੈ ।

ਸ੍ਰੀ ਸਪੀਕਰ: ਜਿਹੜੀ ਮੈਂ ਕਾਲ ਅਟੈਸ਼ਨ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ ਜਾਂ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ, ਉਸ ਉਤੇ ਕੋਈ ਡਿਸਕਸ਼ਨ ਨਹੀਂ ਹੋ ਸਕਦੀ । ਲੇਕਿਨ ਉਸ ਵੇਲੇ ਮੇਰੇ ਲਈ ਵੀ ਮੁਸ਼ਕਲ ਹੋ ਜਾਂਦਾ ਹੈ ਜਦੋਂ ਕਿ ਕੋਈ ਮੈਂਬਰ ਪੁਆਇੰਟ ਆਫ਼ ਆਰਡਰ ਦੇ ਰਾਹੀ ਐਡਜਰਨਮੈਂਟ ਮੋਸ਼ਨ ਦੀ ਗੱਲ ਲੈ ਆਉਂਦਾ ਹੈ । ਫਿਰ ਮੇਰੇ ਲਈ ਕੋਈ ਰਸਤਾ ਨਹੀਂ ਰਹਿ ਜਾਂਦਾ ਸਿਵਾਏ ਇਸ ਗੱਲ ਦੇ ਕਿ ਉਸ ਨੂੰ ਨੋ ਪੁਆਇੰਟ ਆਫ਼ ਆਰਡਰ ਡਿਕਲੇਅਰ ਕਰਾਂ ।

PAPER LAID ON THE TABLE

Finance Minister: Sir, I beg to lay on the Table the Annual Report of the Punjab Public Service Commission for the year 1978-79, as presented to the Governor, together with the memorandum explaining the reasons for the non-acceptance of the advice of the Commission, as required under Article 323(2) of the Constitution.

**Expunged as ordered by the Chair.

Supplementary Estimates (First instalment) for the Year 1980-81

DISCUSSION ON THE ESTIMATES OF THE EXPENDITURE CHARGED ON THE REVENUES OF THE STATE.

Mr. Speaker : Now the House will take up Supplementary Estimates (First instalment) for the year 1980-81. If any Hon. Member wants to discuss any charged item, he may please do so.

(*No one rose to speak*)

DISCUSSION AND VOTING OF DEMANDS FOR SUPPLEMENTARY GRANTS

Mr. Speaker: There are 28 Demands for Supplementary Grants which are to be discussed and voted upon to-day. If the Hon. Members agree all these Demands may be deemed to have been read & moved, as per past practice. Also there are Cut Motions received to-day from Doctor Bhagat Singh in respect of Demand Nos. 11 and 16. These may also be deemed to have been read & moved.

(**Voices**: Yes, Yes.)

Mr. Speaker: I would request that while raising discussion, the demand number on which discussion is sought to be raised may please be indicated by the member concerned. Although sub-rule (4) of rule 168 requires that the guillotine should be applied 1½ hours before the normal hour of interruption of business, I will, if the the House agrees put the demands to the vote of the House at 12.30 P.M.

(**Voices**: Yes. Yes.)

Demand No. 1

That a Supplementary sum not exceeding Rs. 1,80,000 be granted to the Governor to defray the charges that will come in course of payment for the year ending 31st March, 1981 in respect of State Legislature.

Demand No. 3

That a Supplementary sum not exceeding Rs. 14,79,000 be granted to the Governor to defray the charges that will come in course of payment for the year ending 31st March, 1981 in respect of Administration of Justice.

Demand No. 5

That a supplementary sum not exceeding Rs. 1,20,00,000 be granted to the Governor to defray tne the charges that will come incourse of payment for the year ending 31st March, 1981 in respect of Revenue.

Demand No. 6

That a supplementary sum not exceeding Rs. 1,13,79,000 be granted to the Governor to defray the charges that will come in course of payment for the year ending 31st March, 1981 in respect of Excise & Taxation.

[Mr. Speaker]

Demand No. 7

That a Supplementary sum not exceeding Rs. 3, 78. 94,000 be granted to the Governor to defray the charge that will come in course of payment for the year ending 31st March, 1981, in respect of Finance.

Demand No. 9

That a supplementary sum not exceeding Rs. 11, 61,000 be granted to the Governor to defray the charges that will come in course of payment for the year ending 31st March, 1931, in respect of Civil Secretariat.

Demand No. 10

That a Supplementary Sum not exceeding Rs. 31,25,000 be granted to the Governor to defray the charge that will come in course of payment for the year ending 31 st March, 1981, in respect of Distt. Administration.

Demand No. 11

That a Supplemenary Sum not exceeding Rs. 3. 56, 67, 000 be granted to the Governor to defray the charges that will come in course of payment for the year ending 31st March, 1981' in respect of Police.

Demand No. 12

That a Supplementary Sum not exceeding Rs. 79, 66, 000 be granted to tho Governor to defraynig the charges that will come in course of payment for the year endings 31st March, 1981 in respect in Jails.

Demand No. 14

That a Supplementary Sum not exceeding Rs, 28, 13,000 be granted to the Governor to defray the charge that will come in course of payment for the year ending 31st March, 1981 in respect of Misc. Services.

Demand No. 16

That a Supplementary sum not exceeding Rs. 18,37,11,000 be granted to the Governor for defraying the charges that will come in course of payment for the year ending 31st March, 1981 in respect of Education.

Demand No. 18

That a supplementary sum not exceeding Rs. 1.000 be granted to the Governor for defraying the charges that will come in course of payment for the year ending 31st March, 1981 in respect of Medical and Public Health.

Demand No. 19

That a Supplementary sum not exceeding Rs. 2,92,34,000 be granted to the Governor for defraying the charges that will come in course of payment for the year ending 31st March, 1981 in respect of Housing and Urban Development.

Demand No. 20

That a Supplementary sum not exceeding Rs. 15,74,000 be granted to the Governor for defraying the charges that will come in course of payment for the year ending 31st March, 1981 in respect of Information & Publicity.

Demand No. 22

That a Supplementary sum not exceeding Rs. 28,93,000 be granted to the Governor for defraying the charges that will come in course of payment for the year ending 31st March, 1981 in respect of Labour, Employment and Industrial Training.

Demand No. 23

That a Supplementary sum not exceeding Rs. 1,36,02,000 be granted to the Governor for defraying the charges that will come in course of payment for the year ending 31st March, 1981 in respect of Social Security and Welfare.

Demand No. 25

That a Supplementary sum not exceeding Rs. 45,95,000 be granted to the Governor for defraying the charges that with come in course of payment for the year ending 31st March, 1981 in respect of Cooperation.

Demand No. 27

That a Supplementary sum not exceeding Rs. 19,84,000 be granted to the Governor for defraying the charges that will come in course of payment for the year ending 31st March, 1981 in respect of Soil and Water Conservation.

Demand No. 28

That a Supplementary sum not exceeding Rs. 3,38,000 be granted to the Governor for defraying the charges that will come in course of payment for the year ending 31st March, 1981 in respect of Food.

Demand No. 29

That a Supplementary sum not exceeding Rs. 51,25,000 be grante to the Governor for defraying the charges that will come in course of payment for the year ending 31st March, 1981 in respect of Animal Husbandary Department.

Demand No. 32

That a supplementary sum not exceeding Rs. 1,63,15,000 be granted to the Governor for defraying the charges that will come in course of payment for the year ending 31st March, 1981 in respect of Forests.

Demand No. 33

That a supplementary sum not exceeding Rs. 24,33,000 be granted to the Governor for defraying the charges that will come in course of payment for the year ending 31st March, 1981 in respect of Community Development.

Demand No. 34

That a supplementary sum not exceeding Rs. 30,00,000 be granted to the Governor for defraying the charges that will come in course of payment for the year ending 31st March, 1981 in respect of Industries.

Demand No. 35

That a supplementary sum not exceeding Rs. 6,95,000 be granted to the Governor for defraying the charges that will come in course of payment for the year ending 31st March, 1981 in respect of Civil Aviation.

[Mr. Speaker]

Demand No. 37

That a Supplementary sum not exceeding Rs. 11,10,48,000 be granted to the Governor for defraying the charges that will come in course of payment for the year ending 31st March, 1981 in respect of Road Transport.

Demand No. 39

That a supplementary sum not exceeding Rs. 1,50,40,000 be granted to the Governor for defraying the charges that will come in course of payment for the year ending 31st March, 1981 in respect of Irrigation, Drainage and Flood Control.

Demand No 40

That a Supplementary sum not exceeding Rs, 97,51,000 be granted to the Governor for defraying the charges that will come in course of payment for the year ending 31st March, 1981 in respect of Buildings.

Demand No. 41

That a Supplementary sum not exceeding Rs. 6,21,69,000 be granted to the Governor for defraying the charges that will come in course of payment for the year ending 31st March, 1981 in respect of Loans and Advances by the State Government,

DEMAND NO. 11

Police

1. **Dr. Bhagat Singh MLA:** That the demand be reduced by Re 1/-

DEMAND NO. 16.

Education

2. **Dr. Bhagat Singh MLA** : That the demand be reduced by Re. 1/-

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ: ਕੀ ਤੁਸੀਂ ਚਾਰਜਡ ਆਈਟਮ ਤੇ ਬੋਲਣਾ ਚਾਹੁੰਦੇ ਹੋ ?

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਨਹੀਂ ਜੀ, ਮੈਂ ਸਾਰਾ ਇਕੱਠਾ ਹੀ ਬੋਲਣਾ ਚਾਹੁੰਦਾ ਹਾਂ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ): ਮਿਸਟਰ ਸਪੀਕਰ, ਡਾਕਟਰ ਕੇਵਲ ਕ੍ਰਿਸ਼ਨ, ਫਾਇਨਾਂਸ ਮਨਿਸਟਰ, ਪੰਜਾਬ ਸਪਲੀਮੈਂਟਰੀ ਡਿਮਾਂਡਜ਼ ਵਾਸਤੇ ਇਸ ਹਾਊਸ ਵਿਚ ਆਏ ਹਨ । ਉਨ੍ਹਾਂ ਨੇ ਇਨ੍ਹਾਂ ਡਿਮਾਂਡਜ਼ ਰਾਹੀਂ ਸਾਡੇ ਕੋਲੋਂ 77 ਕਰੋੜ 52 ਲੱਖ ਤੇ 35 ਹਜ਼ਾਰ ਰੁਪਏ ਦੀ ਮੰਗ ਕੀਤੀ ਹੈ । ਲੇਕਿਨ ਅਗਰ ਸਹੀ ਤੌਰ ਤੇ ਵੇਖਿਆ ਜਾਵੇ ਤਾਂ ਜਿਸ ਅਮਾਊਂਟ ਵਾਸਤੇ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਇਸ ਹਾਊਸ ਵਿਚ ਆਏ ਹਨ ਉਹ ਐਕਚੁਅਲ ਅਮਾਊਂਟ ਹੈ 53 ਕਰੋੜ 56 ਲੱਖ ਰੁਪਿਆ । ਕਿਉਂਕਿ ਇਸ ਦੇ ਵਿਚੋਂ 16 ਕਰੋੜ 46 ਲੱਖ 30 ਹਜ਼ਾਰ ਰੁਪਿਆ ਅਦਰ ਸੈਕਟਰਜ਼ ਤੋਂ ਐਡਜਸਟਮੈਂਟ ਨਾਲ ਮਿਲ ਜਾਣਾ ਹੈ, 24 ਲੱਖ 33 ਹਜ਼ਾਰ ਰੁਪਿਆ ਫੂਡ ਫਾਰ ਵਰਕ ਪ੍ਰੋਗਰਾਮ ਲਈ ਹੈ ਜਿਹੜਾ ਕਿ ਗੌਰਮਿੰਟ ਆਫ਼ ਇੰਡੀਆ

ਨੇ ਰੀਇੰਬਰਸ ਕਰ ਦੇਣਾ ਹੈ । ਇਸ ਤਰ੍ਹਾਂ ਦੋ ਲੱਖ ਦਸ ਹਜ਼ਾਰ ਰੁਪਿਆ ਜਿਹੜਾ ਮਾਰਕਫੈਡ ਨੂੰ ਗਰਾਂਟ ਵਜੋਂ ਦੇਣਾ ਹੈ, ਉਹ ਵੀ ਸਾਨੂੰ ਮਿਲ ਜਾਣਾ ਹੈ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਡਾਕਟਰ ਕੇਵਲ ਕ੍ਰਿਸ਼ਨ, ਫਾਇਨਾਂਸ ਮਨਿਸਟਰ ਨੇ ਬੜੀ ਸੋਚ ਤੋਂ ਕੰਮ ਲਿਆ ਹੈ ਔਰ ਉਨ੍ਹਾਂ ਨੇ ਉਤਨੇ ਹੀ ਐਕਸ-ਪੈਨਸਿਜ਼ ਇਨਕਰ ਕਰਨ ਦਾ ਯਤਨ ਕੀਤਾ ਹੈ ਜਿਹੜੇ ਕਿ ਕਰਨੇ ਬਹੁਤ ਜ਼ਰੂਰੀ ਸਨ, ਜਾਂ ਜਿਨ੍ਹਾਂ ਦੇ ਕੀਤਿਆਂ ਬਗੈਰ ਦੇਸ਼ ਦੀ ਤਰੱਕੀ ਵਿਚ ਵਾਧਾ ਨਹੀਂ ਸੀ ਹੋ ਸਕਦਾ । ਮੈਂ ਇਸ ਬਾਰੇ ਗਿਣ ਕੇ ਦੱਸਾਂਗਾ ਕਿ ਸਰਕਾਰ ਕਿਸ ਤਰ੍ਹਾਂ ਸਿਆਣਪ ਨਾਲ ਖ਼ਰਚ ਕਰ ਰਹੀ ਹੈ । ਸਰਕਾਰ ਨੇ ਮੁਲਾਜ਼ਮਾਂ ਦੀ ਜਿਹੜੀ 1-1-1978 ਤੋਂ ਤਨਖਾਹ ਵਧੀ ਹੈ, ਉਸ ਤੋਂ ਸਿਵਾ ਤਿੰਨ ਡੀ. ਏ. ਦੀਆਂ ਇਨਸਟਾਲਮੈਂਟਸ ਦਿੱਤੀਆਂ ਹਨ । ਫਿਰ ਦੋ ਕਰੋੜ 31 ਲੱਖ ਰੁਪਿਆ ਪੈਨਸ਼ਨਰਜ਼ ਨੂੰ ਦਿੱਤਾ ਹੈ, ਇਸ ਤਰ੍ਹਾਂ ਹੀ ਜਿਹੜੇ ਲੋਕਾਂ ਦੀ ਮੁਲਾਜ਼ਮਤ ਦੇ ਦੌਰਾਨ ਡੈਥ ਹੋ ਗਈ ਹੈ, ਉਨ੍ਹਾਂ ਦੇ ਹੇਅਰਜ਼ ਵਾਸਤੇ ਪੈਸਾ ਖਰਚਿਆ ਹੈ . ਨੈਚੂਰਲ ਕਲੈਮਿਟੀਜ਼ ਹੋਈਆਂ ਤਾਂ ਉਨ੍ਹਾਂ ਨੂੰ ਮੀਟ ਕਰਨ ਵਾਸਤੇ ਖਰਚਾ ਕੀਤਾ । ਇਸ ਤੋਂ ਇਲਾਵਾ ਹੋਰ ਵੀ ਕਈ ਐਕਸਪੈਨਸਿਜ਼ ਹਨ ਜਿਸ ਤਰਾਂ ਕਿ ਹਰੀਜਨਾਂ ਦੇ ਸੁਧਾਰ ਵਾਸਤੇ ਸਕੀਮਾਂ ਬਣਾਈਆਂ । ਸਰਕਾਰ ਨੇ ਪਿਛਲੇ ਦਿਨਾਂ ਦੇ ਵਿਚ ਪੇਂਡੂ ਵਿਕਾਸ ਦੇ ਲਈ ਕੁਝ ਖਰਚਾ ਨਹੀਂ ਸੀ ਕੀਤਾ । ਮੇਰੇ ਕਹਿਣ ਦਾ ਭਾਵ ਹੈ ਕਿ ਪਿਛਲੀ ਸਰਕਾਰ ਨੇ ਪਿਛਲੇ ਸਾਲ 62 ਲੱਖ ਰੁਪਿਆ ਗਲੀਆਂ ਤੇ ਨਾਲੇ ਪੱਕਿਆਂ ਬਨਾਉਣ ਵਸਤੇ ਰੱਖਿਆ ਸੀ ਪਰ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਪੇਂਡੂ ਵਿਕਾਸ ਔਰ ਪੇਂਡੂ ਜੀਵਨ ਵਿਚ ਸੁਧਾਰ ਲਿਆਉਣ ਵਾਸਤੇ ਖਾਸ ਤੌਰ ਤੇ ਪ੍ਰੇਰਣਾ ਕੀਤੀ ਹੈ ਔਰ ਇਹ ਇਸ ਪ੍ਰੇਰਨਾ ਦਾ ਹੀ ਸਿੱਟਾ ਹੈ ਕਿ 4 ਕਰੋੜ 50 ਲੱਖ ਰੁਪਿਆ ਇਨ੍ਹਾਂ ਨੇ ਗਲੀਆਂ ਤੇ ਨਾਲੀਆਂ ਪੱਕੀਆਂ ਕਰਨ ਵਾਸਤੇ ਸਾਡੀ ਸਰਕਾਰ ਛੇ ਮਹੀਨੇ ਦੇ ਵਿਚ ਖਰਚ ਕਰ ਰਹੀ ਹੈ । ਸਪੀਕਰ ਸਾਹਿਬ, ਇਹ ਜਿਹੜੇ ਪੈਸੇ ਖਰਚ ਕੀਤੇ ਹਨ ਇਹ ਪੈਸੇ ਅਨ-ਐਂਟੀਸਿਪੇਟਿਡ ਸਨ ਔਰ ਇਹ ਜ਼ਰੂਰ ਖ਼ਰਚ ਕਰਨੇ ਪਏ ਹਨ । ਇਸ ਦੇ ਨਾਲ ਹੀ ਨਾਲ ਇਹ ਵੀ ਜ਼ਰੂਰੀ ਗੱਲ ਹੈ ਕਿ ਅਸੀਂ ਐਜੂਕੇਸ਼ਨ ਬਾਰੇ ਵੀ ਵੇਖੀਏ । ਐਜੂਕੇਸ਼ਨ ਦੇ ਖੇਤਰ ਵਿਚ ਪਿਛਲੇ ਸਾਲਾਂ ਦੇ ਵਿਚ ਪਿਛਲੀ ਸਰਕਾਰ ਨੇ ਕੋਈ ਨਵਾਂ ਸਕੂਲ ਖੋਲ੍ਹਣ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ । ਸਾਡੀ ਸਰਕਾਰ ਨੇ ਆਉਂਦਿਆਂ ਹੀ ਢਾਈ ਸੌ ਸਕੂਲ ਖੋਲ੍ਹੇ ਹਨ । ਇਸ ਦੇ ਇਲਾਵਾ ਇਕ ਜਿਹੜੀ ਸਾਡੀ ਅਤੇ ਸਾਰੇ ਪੰਜਾਬ ਦੇ ਟੀਚਰਾਂ ਦੀ ਵੱਡੀ ਮੰਗ ਸੀ ਕਿ ਪ੍ਰਾਇਮਰੀ ਟੀਚਰਜ਼ ਦੇ ਵਾਸਤੇ ਇਕ ਪ੍ਰਾਇਮਰੀ ਡਾਇਰੈਕਟੋਰੇਟ ਬਣਾ ਦਿੱਤਾ ਜਾਵੇ । ਇਹ ਠੀਕ ਹੈ ਕਿ ਪਹਿਲੀ ਸਰਕਾਰ ਨੇ ਇਹ ਡਾਇਰੈਕਟੋਰੇਟ ਬਣਾਇਆ ਸੀ ਪਰ ਉਹ ਡਾਇਰੈਕਟੋਰੇਟ ਲੰਗੜਾ ਤੇ ਲੂਲਾ ਸੀ । ਪਹਿਲਾਂ ਇਕ ਪ੍ਰਾਇਮਰੀ ਟੀਚਰ, ਪ੍ਰਾਇਮਰੀ ਟੀਚਰ ਦੇ ਤੌਰ ਆਉਂਦਾ ਸੀ । ਅਤੇ ਆਪਣੀ ਸਰਵਿਸ ਪੂਰੀ ਕਰਕੇ ਉਹ ਪ੍ਰਾਇਮਰੀ ਟੀਚਰ ਦੇ ਤੌਰ ਤੇ ਹੀ ਰਿਟਾਇਰ ਹੋ ਜਾਂਦਾ ਸੀ । ਉਸ ਵੇਲੇ ਜੇਕਰ ਕੋਈ ਕਿਸੇ ਕਿਸਮ ਦਾ ਇੰਡਿਸਿਪਲਨ ਕਰੀਏਟ ਕਰਦਾ ਸੀ ਤਾਂ ਉਸਦੇ ਦਿਮਾਗ ਵਿਚ ਇਹ ਹੀ ਚੀਜ਼ ਹੁੰਦੀ ਸੀ ਕਿ ਮੇਰੀ ਕਿਹੜੀ ਫੀਤੀ ਕਿਸੇ ਨੇ ਲਾਹ ਲੈਣੀ ਹੈ । ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਅਜਨਾਲਾ ਸਾਹਿਬ ਜੀ ਦਾ ਔਰ ਫਾਇਨਾਂਸ ਮਨਿਸਟਰ ਸਾਹਿਬ ਦਾ ਜਿਨ੍ਹਾਂ ਨੇ ਆਪਣੀ ਹਿੰਮਤ ਕਰਕੇ ,ਯਤਨ ਕਰਕੇ, ਇਹ ਨਵੀਂ ਲੀਹ ਪਾਈ ਹੈ । ਇਸ ਦੇ ਨਾਲ ਇਕ ਆਦਮੀ ਜਿਹੜਾ ਪ੍ਰਾਇਮਰੀ ਟੀਚਰ ਦੇ ਤੌਰ ਤੇ ਸਰਵਿਸ ਵਿਚ ਆਉਂਦਾ ਹੈ ਉਸ ਦੇ ਵਾਸਤੇ ਚਾਂਸਿਜ਼ ਆਫ ਪ੍ਰੋਮੋਸ਼ਨ ਬਣਾਏ ਗਏ ਹਨ । 47 ਹਜ਼ਾਰ 7 ਸੌ ਦੇ ਕਰੀਬ ਪੰਜਾਬ ਵਿਚ ਪ੍ਰਾਇਮਰੀ ਟੀਚਰਜ਼ ਹਨ ਜਿਨ੍ਹਾਂ ਵਿਚੋਂ 10 ਹਜ਼ਾਰ ਹੈਡ ਟੀਚਰਜ਼ ਬਣਨਗੇ । ਜਿੱਥੇ ਤਿੰਨ ਸਕੂਲ ਟੀਚਰਜ਼ ਹੋਣਗੇ ਉਥੇ ਇਕ ਹੈਡ ਟੀਚਰ ਦੀ ਪੋਸਟ ਹੋਵੇਗੀ । ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਕਿਤਨੀ ਮਰਜ਼ੀ ਚੰਗੀ ਫੋਰਸ ਹੋਵੇ ਜੇਕਰ ਉਸ ਦਾ ਸਿਪਾਹ-ਸਾਲਾਰ ਉਸ ਨੂੰ ਡਸਿਪਲਨ ਵਿਚ ਨਾ ਰੱਖ ਸਕਦਾ ਹੋਵੇ ਤਾਂ ਜ਼ਰੂਰੀ ਗੱਲ ਹੈ ਕਿ ਉਸ ਦੇ ਨਤੀਜੇ ਚੰਗੇ ਨਹੀਂ ਹੋਣਗੇ । ਅਗਰ ਸਰਕਾਰ ਨੂੰ ਕੋਈ ਖਰਚਾ, ਸਪੀਕਰ ਸਾਹਿਬ, ਕਰਨਾ ਪਿਆ ਹੈ ਤਾਂ ਉਹ ਇਸ ਕਾਰਣ ਹੈ ਕਿ ਸਰਕਾਰ ਵੱਲੋਂ ਇਕ ਵੱਡਾ ਕਦਮ ਚੁੱਕਿਆ ਗਿਆ, ਹੈ ਜਿਸ ਦੇ ਨਤੀਜੇ ਵਜੋਂ ਹਰ ਟੀਚਰ ਪ੍ਰੋਮੋਸ਼ਨ ਲਵੇਗਾ । ਸਪੀਕਰ ਸਾਹਿਬ, ਇਥੇ ਹੀ ਬੱਸ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨਹੀਂ ਹੈ ਸੱਤ ਅੱਠ ਸਕੂਲਾਂ ਦਾ ਇਕ ਸੈਂਟਰ ਬਣਾ ਦਿੱਤਾ ਹੈ, ਉਸ ਸੈਂਟਰ ਵਿਚ ਇਕ ਸੀਨੀਅਰ-ਮਾਸਟਰ ਹੋਵੇਗਾ ਜਿਸ ਨੂੰ ਸਪੈਸ਼ਲ ਪੇਅ ਮਿਲੇਗੀ । ਇਸ ਤਰ੍ਹਾਂ ਹੀ 40-40, 45-45 ਸਕੂਲਾਂ ਉਤੇ ਇਕ ਬਲਾਕ ਪ੍ਰਾਇਮਰੀ ਅਫਸਰ ਹੋਵੇਗਾ ਜਿਹੜਾ ਕਿ ਪ੍ਰਾਇਮਰੀ ਟੀਚਰਜ਼ ਵਿੱਚੋਂ ਹੀ ਹੋਵੇਗਾ । ਮੈਂ ਸਮਝਦਾ ਹਾਂ ਕਿ ਇਸ ਕੰਮ ਲਈ ਸਰਕਾਰ ਵਧਾਈ ਦੀ ਪਾਤਰ ਹੈ । ਇਸ ਤਰ੍ਹਾਂ ਨਾਲ ਜਿਹੜਾ ਆਦਮੀ ਪਹਿਲਾਂ ਆਪਣੇ ਆਪ ਨੂੰ ਪ੍ਰਾਇਮਰੀ ਟੀਚਰ ਹੀ ਸਮਝਦਾ ਰਹਿੰਦਾ ਸੀ ਸਦਾ ਵਾਸਤੇ ਉਸ ਨੂੰ ਪ੍ਰੋਮੋਸ਼ਨ ਦੇ ਚਾਂਸਿਜ਼ ਦਿੱਤੇ ਹਨ, ਉਹ ਆਪਣੀ ਸ਼ਕਸੀਅਤ ਨੂੰ ਅੱਗੇ ਲੈ ਜਾ ਸਕੇਗਾ, ਆਪਣੀ ਐਜੂਕੇਸ਼ਨ ਵਧਾ ਸਕੇਗਾ । ਪਰ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਕ ਗੱਲ ਅਜਨਾਲਾ ਸਾਹਿਬ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਇਕ ਚੀਫ਼ ਸੈਕਟਰੀ ਸਾਹਿਬ ਦਾ ਲੈਟਰ ਹੈ ਕਿ ਜਿਹੜਾ ਵੀ ਮੁਲਾਜ਼ਮ ਕੁਆਲੀਫਿਕੇਸ਼ਨ ਵਧਾਉਣਾ ਚਾਹੁੰਦਾ ਹੋਵੇ, ਉਸ ਨੂੰ ਇਜਾਜ਼ਤ ਦਿੱਤੀ ਜਾਇਆ ਕਰੇ । ਜੇਕਰ ਕਿਸ ਪਾਸ ਕੁਆਲੀਫਿਕੇਸ਼ਨ ਵਧਾਉਣ ਵਾਸਤੇ ਸਮਾਂ ਹੋਵੇ ਤਾਂ ਉਸ ਨੂੰ ਅੱਗੇ ਪੜ੍ਹਾਈ ਕਰਨ ਲਈ ਚਾਹੇ ਉਸ ਦੇ ਪੇਸ਼ੇ ਨਾਲ ਉਸ ਦੀ ਹਾਇਰ ਕੁਆਲੀਫਿਕੇਸ਼ਨ ਤੁਅੱਲਕ ਵੀ ਨਾ ਰੱਖਦੀ ਹੋਵੇ, ਤਾਂ ਵੀ ਹਦਾਇਤਾਂ ਹਨ ਕਿ ਟੀਚਰਜ਼ ਨੂੰ ਇਜਾਜ਼ਤ ਮਿਲਣੀ ਚਾਹੀਦੀ ਹੈ ਕਿ ਉਹ ਆਪਣੀ ਕੁਆਲੀਫਿਕੇਸ਼ਨ ਇੰਪਰੂਵ ਕਰ ਸਕੇ। ਕਿਉਂਕਿ ਉਸ ਨਾਲ ਉਸ ਮੁਲਾਜ਼ਮ ਦੀ ਐਫੀਸ਼ੈਂਸੀ ਵਧਦੀ ਹੈ । ਪਰ, ਸਪੀਕਰ ਸਾਹਿਬ, ਤੁਸੀਂ ਇਹ ਗੱਲ ਜਾਣ ਕੇ ਹੈਰਾਨ ਹੋਵੋਗੇ ਕਿ ਟੀਚਰਜ਼ ਦੇ ਉਤੇ ਐਜੂਕੇਸ਼ਨ ਵਧਾਉਣ ਵਾਸਤੇ ਇਕ ਪਾਬੰਦੀ ਲਗਾ ਦਿੱਤੀ ਹੈ ਕਿ ਕੋਈ ਟੀਚਰ ਪੜ੍ਹ ਨਹੀਂ ਸਕਦਾ । ਕਿਤਨੇ ਅਫਸੋਸ ਦੀ ਗੱਲ ਹੈ, ਇਹ ਕਿਤਨਾ ਵੱਡਾ ਜ਼ੁਲਮ ਹੈ ਉਸ ਇਕ ਲੱਖ ਅਧਿਆਪਕ ਵਰਗ ਦੇ ਨਾਲ ਜਿਸ ਨੂੰ ਕੇ ਇਹ ਵੀ ਇਜ਼ਾਜ਼ਤ ਨਹੀਂ ਹੈ ਕਿ ਉਹ ਆਪਣੀ ਕੁਆਲੀਫਿਕੇਸ਼ਨ ਵਧਾ ਲਵੇ । ਇਹ ਇਸ ਤਰ੍ਹਾਂ ਕਿਉਂ ਕੀਤਾ ਗਿਆ ਸੀ? ਸਪੀਕਰ ਸਾਹਿਬ, ਇਹ ਇਸ ਲਈ ਕੀਤਾ ਗਿਆ ਸੀ ਕਿ ਸਾਡੇ ਸਾਹਮਣੇ ਬੈਠੇ ਵੀਰਾਂ ਨੂੰ ਇਹ ਸ਼ੱਕ ਪੈਦਾ ਹੋ ਗਿਆ ਸੀ ਕਿ ਜੇਕਰ ਇਹ ਟੀਚਰ ਵੱਧ ਵਿਕਾਸ ਕਰ ਗਏ, ਜੇਕਰ ਇਹ ਜ਼ਿਆਦਾ ਪੜ੍ਹ ਲਿਖ ਗਏ ਤਾਂ ਪਤਾ ਨਹੀਂ ਹੈ ਕਿ ਇਹ ਇਨ੍ਹਾਂ ਦੀਆਂ ਵੋਟਾਂ ਨਾਲ ਅਗੋਂ ਤੋਂ ਚੁਣ ਕੇ ਇਥੇ ਆ ਸਕਾਂਗੇ ਜਾਂ ਨਹੀਂ ਆ ਸਕਾਂਗੇ । ਇਸ ਕਰਕੇ ਮੈਂ ਆਪਣੀ ਸਰਕਾਰ ਕੋਲੋਂ ਇਹ ਮੰਗ ਕਰਾਂਗਾ ਕਿ ਜਦੋਂ ਉਹ ਡੀਮਾਂਡ ਤੇ ਬੋਲਣ ਤਾਂ ਇਹ ਐਲਾਨ ਕਰਨ ਕਿ ਜਿਹੜੀਆਂ ਪਾਬੰਦੀਆਂ ਟੀਚਰਾਂ ਤੇ ਐਜੂਕੇਸ਼ਨ ਪ੍ਰਾਪਤ ਕਰਨ ਵਾਸਤੇ ਲੱਗੀਆਂ ਸਨ ਉਹ ਸਾਰੀਆਂ ਹਟਾ ਦਿੱਤੀਆਂ ਗਈਆਂ ਹਨ । ਮੈਂ ਸਮਝਦਾ ਹਾਂ ਕਿ ਇਹ ਸਿਰਫ ਟੀਚਰਜ਼ ਦੇ ਹਿੱਤ ਵਿਚ ਹੀ ਨਹੀਂ ਬਲਕਿ ਸਾਰੇ ਦੇਸ਼ ਦੇ ਹਿੱਤ ਵਿਚ ਹੈ । ਇਥੇ ਇਹ ਬਹਾਨਾ ਲਾਇਆ ਜਾਂਦਾ ਸੀ ਕਿ ਜੇ ਕੋਈ ਟੀਚਰ ਯੋਗਤਾ ਵਧਾਏਗਾ ਤਾਂ ਉਸ ਨੂੰ ਹਾਇਰ ਤਨਖਾਹ ਦੇਣੀ ਪੈਂਦੀ ਹੈ ਪਰ ਜਦੋਂ 1971 ਵਿਚ ਇਹ ਫੈਸਲਾ ਕਰ ਦਿੱਤਾ ਕਿ ਜੇ ਕੋਈ ਐਜੂਕੇਸ਼ਨ ਵਧਾਏਗਾ ਤਾਂ ਉਸ ਨੂੰ ਕੋਈ ਹਾਇਰ ਤਨਖਾਹ ਨਹੀਂ ਦੇਣੀ ਤਾਂ ਫੇਰ ਕੀ ਚਿੰਤਾ ਹੈ । ਇਸ ਲਈ ਉਨ੍ਹਾਂ ਤੇ ਇਹ ਜਿਹੜੀ ਪਾਬੰਦੀ ਹੈ ਇਹ ਜ਼ਰੂਰ ਹਟਾ ਲੈਣੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ 2 ਆਰਡੀਨੈਂਸ ਵਾਪਸ ਲੈਣ ਵਾਸਤੇ ਕਿਹਾ ਗਿਆ ਸੀ, ਉਹ ਜ਼ਰੂਰ ਲੈਣੇ ਚਾਹੀਦੇ ਹਨ । ਸਪੀਕਰ ਸਾਹਿਬ, ਜਿਨ੍ਹਾਂ ਟੀਚਰਜ਼ ਨੇ ਕੁਆਲੀਫਿਕੇਸ਼ਨ ਵਧਾਈ ਸੀ ਉਹ ਵੱਧ ਤਨਖਾਹ ਲੈਣ ਲਈ ਹਾਈਕੋਰਟ ਵਿਚ ਗਏ । ਸਰਕਾਰ ਨੇ ਉਨ੍ਹਾਂ ਦੇ ਖ਼ਿਲਾਫ਼ ਐਲ. ਪੀ. ਏ. ਕੀਤੀ । ਫਿਰ ਸਰਕਾਰ ਹਾਈ ਕੋਰਟ ਵਿਚ ਗਈ ਉਥੇ ਹਾਰ ਗਈ, ਫਿਰ ਸੁਪਰੀਮ ਕੋਰਟ ਵਿਚ ਗਈ ਉਥੇ ਹਾਰ ਗਈ । ਫਿਰ 6 ਅਗਸਤ, 1970 ਵਿਚ ਇਹ ਫੈਸਲਾ ਕਰ ਦਿੱਤਾ ਕਿ ਟੀਚਰਜ਼ ਨੂੰ ਕੁਆਲੀਫਿਕੇਸ਼ਨ ਦੇ ਮੁਤਾਬਿਕ ਹੀ ਪੈਸੇ ਦੇ ਦਿੱਤੇ ਜਾਣ । ਫਿਰ ਤਕਰੀਬਨ 95% ਟੀਚਰਜ਼ ਨੂੰ ਇਹ ਪੈਸੇ ਦੇ ਦਿੱਤੇ ਗਏ । ਪਤਾ ਨਹੀਂ ਬਾਕੀ 5% ਨੂੰ ਇਹ ਪੈਸੇ ਦੇਣ ਵਿਚ ਸਰਕਾਰ ਨੂੰ ਕੀ ਤਕਲੀਫ ਹੋਈ ਕਿ ਉਨ੍ਹਾਂ ਨੂੰ ਇਹ ਪੈਸੇ ਦੇਣ ਤੋਂ ਨਾਂਹ ਕਰ ਦਿੱਤੀ । ਇਸ ਕਾਰਣ ਇਹ ਟੀਚਰਜ਼ ਹਾਈਕੋਰਟ ਵਿਚ ਗਏ ਫਿਰ ਸੁਪਰੀਮ ਕੋਰਟ ਵਿਚ ਗਏ । ਜਿਸ ਵੇਲੇ ਇਹ ਕੇਸ ਜੱਜ ਦੇ ਸਾਹਮਣੇ ਪੇਸ਼ ਹੋਇਆ ਤਾਂ ਜੱਜ ਨੇ ਫੈਸਲਾ ਕਰ ਦਿੱਤਾ ਕਿ

ਸੈਕਟਰੀ ਐਜੂਕੇਸ਼ਨ ਅਤੇ ਡੀ. ਪੀ. ਆਈ. ਨੇ ਕੰਟੈਂਪਟ ਆਫ਼ ਕੋਰਟ ਕੀਤੀ ਹੈ, ਉਨ੍ਹਾਂ ਨੂੰ ਹੁਕਮ ਦਿਤ ਕਿ ਉਹ 28 ਮਈ ਨੂੰ ਕੋਰਟ ਵਿਚ ਪੇਸ਼ ਹੋਣ । ਸਪੀਕਰ ਸਾਹਿਬ, ਉਸ ਵੇਲੇ ਗਵਰਨਰੀ ਰਾਜ ਸੀ ਔਰ ਇਕ ਆਰਡੀਨੈਂਸ ਕੀਤਾ ਗਿਆ ਜਿਸ ਅਨੁਸਾਰ ਟੀਚਰਜ਼ ਦੇ ਸਰਵਿਸ ਰੂਲਜ਼ 23 ਮਈ, 1957 ਤੋਂ ਰੀਵਾਇਜ਼ ਕਰ ਦਿੱਤੇ ਗਏ । (ਵਿਘਨ) ਇਹ ਠੀਕ ਹੈ ਕਿ ਉਸ ਵੇਲੇ ਕਾਂਗਰਸ ਦੀ ਸਰਕਾਰ ਤਾਂ ਨਹੀਂ ਸੀ ਪਰ ਗਵਰਨਰੀ ਰਾਜ ਵੇਲੇ ਇਹ ਆਰਡੀਨੈਂਸ ਕੀਤਾ ਗਿਆ ਸੀ । ਇਸ ਕਰਕੇ ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜੀ ਬੇਇਨਸਾਫ਼ੀ ਉਨ੍ਹਾਂ ਨਾਲ ਹੋ ਰਹੀ ਹੈ ਉਹ ਖ਼ਤਮ ਕਰੋ । ਉਨ੍ਹਾਂ ਨਾਲ ਇਨਸਾਫ਼ ਕਰੋ ।

ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਪਿਛਲੇ ਦਿਨਾਂ ਵਿਚ ਇਕ ਅਜਿਹਾ ਮਸਲਾ ਸੁਪਰੀਮ ਕੋਰਟ ਵਿਚ ਗਿਆ ਸੀ । ਪਿਛਲੀ ਹਰਿਆਣੇ ਦੀ ਸਰਕਾਰ ਨੇ ਸੈਸ਼ਨ ਜੱਜਾਂ ਦੀ ਸੀਨੀਆਰਟੀ ਦੇ ਰੂਲਜ਼ ਵਿਚ ਰਿਟਰੋਸਪੈਕਟਿਵ ਅਮੈਂਡ ਕੀਤੇ ਗਏ । ਪਰ ਜਦੋਂ ਇਹ ਕੇਸ ਸੁਪਰੀਮ ਕੋਰਟ ਵਿਚ ਗਿਆ ਤਾਂ ਸੁਪ੍ਰੀ ਕੋਰਟ ਨੇ ਇਸ ਦੀ ਇਜਾਜ਼ਤ ਨਾ ਦਿੱਤੀ ।

10.35 A.M. (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਟੀਚਰਜ਼ ਨਾਲ ਵੀ ਜਿਹੜ ਧੱਕਾ ਕੀਤਾ ਗਿਆ ਹੈ ਉਹ ਜ਼ਰੂਰ ਖਤਮ ਕਰੋ । ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਲਈ ਜਿਹੜੀ ਅਨਾਮਲੀ ਕਮੇਟੀ ਬਣਾਈ ਹੈ, ਮੁਲਾਜ਼ਮਾਂ ਨੇ ਇਸ ਦਾ ਨਾਂ ਹੀ ਨਾ ਮਿਲੀ ਕਮੇਟੀ ਰੱਖ ਲਿਆ ਹੈ । ਇਸ ਕਮੇਟੀ ਨੇ ਨਾ ਕਦੇ ਮਿਲਣਾ ਹੈ ਅਤੇ ਨਾ ਹੀ ਕੁੱਝ ਦੇਣਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਸ ਨਾ ਮਿਲੀ ਕਮੇਟੀ ਨੂੰ ਖ਼ਤਮ ਕਰੋ । ਔਰ ਇਸ ਦੀ ਬਜਾਏ ਕੋਈ ਸ਼ੌਰਟਰ ਕਮੇਟੀ ਬਣਾਕੇ ਉਨ੍ਹਾਂ ਦੀਆਂ ਜਿਹੜੀ ਅਨਾਮਲੀਜ਼ ਹਨ ਉਹ ਦੂਰ ਕਰਨੀਆਂ ਚਾਹੀਦੀਆਂ ਹਨ । ਉਨ੍ਹਾਂ ਨਾਲ ਇਨਸਾਫ਼ ਕਰੋ । ਉਨ੍ਹਾਂ ਦੇ ਕੇਸ ਇਸ ਨਾ ਮਿਲੀ ਕਮੇਟੀ ਨੂੰ ਨਾ ਦਿਓ ਬਲਕਿ ਹੋਰ ਕਮੇਟੀ ਬਣਾ ਕੇ ਇਨ੍ਹਾਂ ਦੇ ਕੇਸਾਂ ਦਾ ਜਲਦੀ ਫੈਸਲਾ ਕਰਨਾ ਚਾਹੀਦਾ ਹੈ । ਮੇਰੇ ਕਾਮਰੇਡ ਭਰਾ ਇਸ ਵਾਸਤੇ ਲੌਂਗ ਮਾਰਚ ਕਰ ਰਹੇ ਹਨ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਤੋਂ ਪਹਿਲੇ ਹੀ ਇਹ ਫੈਸਲੇ ਕਰ ਲੈਣੇ ਚਾਹੀਦੇ ਹਨ । ਇਹ ਨਾ ਹੋਵੇ ਕਿ ਮੁਲਾਜ਼ਮ ਇਹ ਸਮਝਣ ਕਿ ਬਗੈਰ ਮੁਰਦਾਬਾਦ ਕੀਤੇ ਕੋਈ ਚੀਜ਼ ਸਰਕਾਰ ਵਲੋਂ ਨਹੀਂ ਮਿਲਦੀ । ਇਸ ਤਰ੍ਹਾਂ ਨਾਲ ਕਰੈਡਿਟ ਇਹ ਲੈ ਜਾਂਦੇ ਹਨ । ਦੇਣਾ ਤਾਂ ਸਰਕਾਰ ਨੇ ਹੈ । ਪਰ ਉਂਗਲੀ ਇਹ ਰਖ ਦਿੰਦੇ ਹਨ । ਮੈਂ ਸਮਝਦਾ ਹਾਂ ਕਿ ਇਹ ਕਰੈਡਿਟ ਸਾਡੀ ਸਰਕਾਰ ਨੂੰ ਹੀ ਮਿਲਣਾ ਚਾਹੀਦਾ ਹੈ ।

ਪ੍ਰੋਫੈਸਰ ਬਲਵੰਤ ਸਿੰਘ: ਡਿਪਟੀ ਸਪੀਕਰ ਸਾਹਿਬ, ਇਹ ਅਨਪਾਰਲੀਆਮੈਂਟਰੀ ਵਰਡਜ਼ ਕਹਿ ਰਹੇ ਹਨ । ਇਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ । (ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਡਿਪਟੀ ਸਪੀਕਰ ਸਾਹਿਬ, ਇਹ ਆਪਣੇ ਨਾਂ ਦੇ ਨਾਲ ਪ੍ਰੋਫੈਸਰ ਲਾਂਦੇ ਹਨ ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਪ੍ਰੋਫੈਸਰ ਦੀਆਂ ਕੁਆਲੀਫਿਕੇਸ਼ਨਜ਼ ਕੀ ਹੁੰਦੀਆਂ ਹਨ (ਵਿਘਨ) ਮੈਂ ਚੈਲੰਜ ਕਰਦਾ ਹਾਂ ਕਿ ਕੋਈ ਵੀ ਸੀ. ਪੀ. ਐਮ. ਦਾ ਮੈਂਬਰ ਮੇਰੇ ਨਾਲ ਇਲੈਕਸ਼ਨ ਲੜਕੇ ਵੇਖ ਲਵੇ ਜੇ ਮੈਂ ਇਨ੍ਹਾਂ ਤੋਂ ਚਾਰ ਗੁਣਾਂ ਵੋਟਾਂ ਲੈਕੇ ਨਾ ਜਿੱਤਾਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਨੋ ਇੰਟਰਪਸ਼ਨ ਪਲੀਜ਼ । ਨੋ ਰੈਲੰਜ ਪਲੀਜ਼ । ਮੈਂ ਟਾਈਮ ਦੀ ਐਲੋਕੇਸ਼ਨ ਦੱਸਣ ਲਗਾਂ ਹਾਂ । ਉਹ ਸੁਣ ਲਵੋ :—

ਕਾਂਗਰਸ (ਆਈ)	..	1 ਘੰਟਾ 4 ਮਿੰਟ
ਸ਼੍ਰੋਮਣੀ ਅਕਾਲੀ ਦਲ (ਐਲ)	..	33 ਮਿੰਟ
ਸੀ. ਪੀ. ਐਮ.	..	22 ਮਿੰਟ
ਸੀ. ਪੀ. ਆਈ.	..	9 ਮਿੰਟ
ਸ਼੍ਰੋਮਣੀ ਅਕਾਲੀ ਦਲ (ਟੀ)	..	4 ਮਿੰਟ
ਭਾਰਤੀ ਜਨਤਾ ਪਾਰਟੀ	..	1 ਮਿੰਟ

ਮਾਸਟਰ ਬਾਬੂ ਸਿੰਘ : ਇਹ ਜਿਹੜੇ 9 ਮਿੰਟ ਸਾਨੂੰ ਦਿੱਤੇ ਹਨ ਇਹ ਕਿਸ ਹਿਸਾਬ ਨਾਲ ਦਿੱਤੇ ਹਨ?

ਸ੍ਰੀ ਡਿਪਟੀ ਸਪੀਕਰ: ਇਹ ਸਟ੍ਰੈਂਥ ਦੇ ਮੁਤਾਬਿਕ ਹੀ ਟਾਈਮ ਅਲਾਟ ਕੀਤਾ ਜਾਂਦਾ ਹੈ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਡਿਪਟੀ ਸਪੀਕਰ ਸਾਹਿਬ, ਇਸ ਤੋਂ ਸਾਡੇ ਚੀਫ਼ ਮਨਿਸਟਰ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੇ ਜੋ ਪੈਸਾ ਐਜੂਕੇਸ਼ਨ ਵਾਸਤੇ ਰਖਿਆ ਹੈ...(ਵਿਘਨ)

ਸਰਦਾਰ ਸਰਵਣ ਸਿੰਘ ਫਿਲੌਰ: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਟੀਚਰਜ਼ ਨੂੰ ਪੁਲਿਟੀਕਲ ਬੇਸਿਜ਼ ਤੇ ਅਪਰੂਟ ਕੀਤਾ ਜਾ ਰਿਹਾ ਹੈ, ਬਦਲਿਆ ਜਾ ਰਿਹਾ ਹੈ, ਇਸ ਦਾ ਵੀ ਇਨ੍ਹਾਂ ਨੂੰ ਦੱਸ ਦੇਣਾ ਚਾਹੀਦਾ ਹੈ । (ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਤੁਸੀਂ ਆਪਣੀ ਸਪੀਚ ਵਿਚ ਇਹ ਕਹਿ ਲੈਣਾ । ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ 8 ਕਰੋੜ 91 ਲੱਖ ਰੁਪਿਆ ਸੂਦ ਦਾ ਇਸ ਕਰਕੇ ਦੇਣਾ ਪਿਆ ਹੈ ਕਿਉਂਕਿ ਜਿਹੜੀ ਪਿਛਲੀ ਸਰਕਾਰ ਸੀ ਉਸ ਵੇਲੇ ਐਫ. ਸੀ. ਆਈ. ਨੇ ਵਕਤ ਸਿਰ ਅਪਣਾ ਅਨਾਜ ਨਹੀਂ ਚੁੱਕਿਆਂ ਸੀ । ਇਹ ਗਲਤੀ ਭਾਵੇਂ ਪਿਛਲੀ ਸਰਕਾਰ ਦੀ ਸੀ ਪਰ ਇਹ ਖਮਿਆਜ਼ਾ ਸਾਡੀ ਸਰਕਾਰ ਨੂੰ ਭੁਗਤਣਾ ਪਿਆ ਹੈ । ਇਹ ਜਿਹੜਾ 8 ਕਰੋੜ 91 ਲੱਖ ਰੁਪਏ ਦਾ ਜੁਰਮਾਨਾ ਹੋਇਆ ਹੈ, ਮੈਂ ਸਮਝਦਾ ਹਾਂ ਕਿ ਇਹ ਰੁਪਿਆ ਤਾਂ ਪਿਛਲੇ ਫੂਡ ਮਨਿਸਟਰ ਜਾਂ ਚੀਫ਼ ਮਨਿਸਟਰ ਤੋਂ ਵਸੂਲ ਹੋਣਾ ਚਾਹੀਦਾ ਹੈ । ਕਿਉਂਕਿ ਜਿਨ੍ਹਾਂ ਦੀ ਕਮਜ਼ੋਰੀ ਕਾਰਣ ਹੀ ਇਹ ਰੁਪਿਆ ਇਹ ਸਰਕਾਰ ਨੂੰ ਦੇਣਾ ਪੈ ਰਿਹਾ ਹੈ । (ਵਿਘਨ) ਮੈਂ ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰ ਰਿਹਾ ਸੀ । ਐਜੂਕੇਸ਼ਨ ਦੇ ਸਬੰਧ ਵਿਚ ਸਾਡੀ ਸਰਕਾਰ ਨੇ ਬਹੁਤ ਵਡਾ ਕਦਮ ਚੁੱਕਿਆ ਹੈ । ਜਿਹੜਾ ਪ੍ਰਾਈਵੇਟ ਸਕੂਲ ਦੇ ਟੀਚਰਜ਼ ਦੀ ਸਿਕਉਰਿਟੀ ਦਾ ਐਕਟ, 1978 ਦਾ ਸੀ ਉਸ ਦੇ ਰੂਲਜ਼ ਬਣਾ ਕੇ ਸਾਡੀ ਸਰਕਾਰ ਨੇ ਛਾਪ ਦਿਤੇ ਹਨ ਔਰ ਇਹ 23 ਜਨਵਰੀ ਤੋਂ ਇਹ ਲਾਗੂ ਹੋ ਗਏ ਹਨ । ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਕਦਮ ਚੁੱਕਿਆ ਗਿਆ ਹੈ । ਔਰ ਇਸ ਦੇ ਨਾਲ ਐਜੂਕੇਸ਼ਨ ਤੇ ਖਰਚ ਕਰਨ ਵਾਸਤੇ ਜਿਹੜਾ ਪੈਸਾ ਰਖਿਆ ਹੈ ਇਹ ਬਹੁਤ ਹੀ ਚੰਗਾ ਕੰਮ ਕੀਤਾ ਹੈ । ਇਸ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਸਰਕਾਰ ਨੇ ਹਾਊਸਿੰਗ ਲਈ, ਹਰੀਜਨਾਂ ਦੇ ਵੈਲਫੇਅਰ ਲਈ ਪੈਸੇ ਰੱਖੇ ਹਨ ਪਰ ਇਕ ਛੋਟੀ ਜਿਹੀ ਕਲਾਸ ਪ੍ਰਾਈਵੇਟ ਕਾਲਜ ਟੀਚਰਜ਼ ਦੀ ਹੈ ਜਿਸ ਦੇ ਬਾਰੇ ਮੈਂ ਸਰਕਾਰ ਨੂੰ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਹ ਹੁਕਮ ਯੂਨੀ-ਵਰਸਿਟੀਆਂ ਦਾ ਕਾਲਜਾਂ ਨੂੰ ਦਿੱਤਾ ਹੋਇਆ ਹੈ ਔਰ ਸਰਕਾਰ ਨੂੰ ਪਤਾ ਹੈ । ਕਿ ਯੂਨੀਵਰਸਿਟੀ ਕਹਿੰਦੀ

ਹੈ ਕਿ ਇਕ ਟੀਚਰ ਮਗਰ 20 ਮੁੰਡੇ ਕਾਲਜ ਵਿਚ ਹੋਣੇ ਚਾਹੀਦੇ ਹਨ ਪਰ ਸਾਡਾ ਵਿਦਿਆ ਦਾ ਮਹਿਕਮਾ ਕੀ ਕਰਦਾ ਹੈ ? ਜਿਸ ਵੇਲੇ ਗ੍ਰਾਂਟ ਕਿਸੇ ਪ੍ਰਾਈਵੇਟ ਕਾਲਜ ਨੂੰ ਦੇਣੀ ਹੁੰਦੀ ਹੈ ਤਾਂ ਪੁੱਛਦੇ ਹਨ ਕਿੰਨੇ ਮੁੰਡੇ ਕਾਲਜ ਵਿਚ ਹਨ ਉਸ ਦੇ ਬੇਸ ਤੇ ਕਾਲਜਾਂ ਨੂੰ ਗ੍ਰਾਂਟ ਦਿੱਤੀ ਜਾਂਦੀ ਹੈ, ਅਗਰ ਕਾਲਜ ਵਿਚ ਮੁੰਡੇ ਘੱਟ ਜਾਣ ਫਿਰ ਗ੍ਰਾਂਟ ਵੀ ਘੱਟ ਜਾਂਦੀ ਹੈ । ਹੁਣ ਸ਼ਹਿਰਾਂ ਦੇ ਵਿਚ ਗੌਰਮਿੰਟ ਕਾਲਜ ਖੁਲ੍ਹ ਗਏ ਹਨ ਬੱਚੇ ਹੁਣ ਗੌਰਮਿੰਟ ਕਾਲਜਾਂ ਵਿਚ ਪੜ੍ਹਨ ਚਲੇ ਜਾਂਦੇ ਹਨ ਜਿਸ ਦੇ ਨਾਲ ਪ੍ਰਾਈਵੇਟ ਕਾਲਜਾਂ ਦੀ ਗ੍ਰਾਂਟ ਵਿਚ ਕੱਟ ਲਗ ਜਾਂਦੀ ਹੈ, ਪਰ ਸਰਕਾਰ ਨੂੰ ਕੱਟ ਨਹੀਂ ਲਗਾਉਣੀ ਚਾਹੀਦੀ। ਸਰਕਾਰ 40 ਪ੍ਰਾਈਵੇਟ ਕਾਲਜਾਂ ਨੂੰ 9 ਲੱਖ ਰੁਪਏ ਦੀ ਗ੍ਰਾਂਟ ਸਾਲਾਨਾ ਦਿੰਦੀ ਹੈ । ਇਹ ਕੋਈ ਵੱਡੀ ਰਕਮ ਨਹੀਂ ਹੈ 40 ਕਾਲਜਾਂ ਨੂੰ ਚਲਾਉਣ ਲਈ ।

ਡਿਪਟੀ ਸਪੀਕਰ ਸਾਹਿਬ, ਪ੍ਰਾਫਿਟ ਐਂਡ ਲਾਸ ਦੀ ਅਕਾਊਂਟੇਬਿਲਟੀ ਹੋਣੀ ਚਾਹੀਦੀ ਹੈ । ਮੈਂ ਇਸ ਗੱਲ ਦਾ ਹਾਮੀ ਹਾਂ ਕਿ ਪ੍ਰਿੰਸੀਪਲ ਆਫ ਅਕਾਊਂਟੇਬਿਲਟੀ ਜ਼ਰੂਰ ਅਪਲਾਈ ਹੋਣਾ ਚਾਹੀਦਾ ਹੈ । ਇਸ ਦੇ ਨਾਲ ਚੰਗਾ ਕੰਮ ਹੁੰਦਾ ਹੈ । ਇਕ ਗੱਲ ਹੋਰ ਅਗਰ ਕੋਈ ਗ਼ਲਤ ਕੰਮ ਹੋ ਜਾਵੇ ਤਾਂ ਜ਼ਿੰਮੇਵਾਰੀ ਵਜ਼ੀਰ ਤੇ ਫਿਕਸ ਕੀਤੀ ਜਾਂਦੀ ਹੈ ਪਰ ਜਿਹੜੇ ਅਫ਼ਸਰਾਂ ਨੇ ਕੀਤੀ ਹੁੰਦੀ ਹੈ ਉਹ ਵਿਚੋਂ ਹੀ ਨਿਕਲ ਜਾਂਦੇ ਹਨ । ਪਰ ਜਿਹੜੇ ਪਲਾਨਜ਼ ਸਰਕਾਰ ਬਣਾਉਂਦੀ ਹੈ ਉਸ ਦੀ ਇੰਪਲੀਮੈਂਟੇਸ਼ਨ ਥੱਲੇ ਅਫ਼ਸਰਾਂ ਨੇ ਕਰਨੀ ਹੁੰਦੀ ਹੈ, ਅਗਰ ਥੱਲੇ ਅਫ਼ਸਰ ਇੰਪਲੀਮੈਂਟ ਨਾ ਕਰਨ ਤਾਂ ਜ਼ਿੰਮੇਵਾਰੀ ਉਸ ਦੀ ਫਿਕਸ ਕੀਤੀ ਜਾਣੀ ਚਾਹੀਦੀ ਹੈ Why to pro'ect those officers who were responsible for it. Th^ principal of accountabi ity must be there. ਸਾਡੀ ਬਦਕਿਸਮਤੀ ਹੈ ਕਿ ਪਲਾਨ ਗੌਰਮਿੰਟ ਬਣਾਏ ਅੌਰ ਉਸ ਦੀ ਇੰਪਲੀਮੈਂਟੇਸ਼ਨ ਵੀ ਸਰਕਾਰ ਕਰੇ ਪਰ ਅਗਰ ਕੋਈ ਥੱਲੇ ਅਫ਼ਸਰ ਨਾ ਕਰੇ ਤਾਂ ਜ਼ਿੰਮੇਵਾਰੀ ਵਜ਼ੀਰ ਦੀ ਫਿਕਸ ਹੋ ਜਾਂਦੀ ਹੈ । ਇਹ ਜ਼ਿੰਮੇ-ਵਾਰੀ ਉਪਰ ਤੋਂ ਲੈ ਕੇ ਥੱਲੇ ਤੱਕ ਫਿਕਸ ਹੋਣੀ ਚਾਹੀਦੀ ਹੈ ਤਾਂਕਿ ਉਸ ਥੱਲੇ ਵਾਲੇ ਅਫ਼ਸਰ ਨੂੰ ਪਤਾ ਹੋਵੇ ਜ਼ਿੰਮੇਵਾਰੀ ਮੇਰੀ ਵੀ ਫਿਕਸ ਹੋ ਜਾਣੀ ਹੈ ।

ਪਿਛਲੇ ਦਿਨਾਂ ਵਿਚ ਡਿਪਟੀ ਸਪੀਕਰ ਸਾਹਿਬ, ਮੇਰਾ ਇਕ ਸਵਾਲ ਸੀ ਕਿ ਅਕਾਲੀ-ਜਨਤਾ ਰਾਜ ਵਿਚ ਕਿੰਨੇ ਇੰਪੋਰਟ ਲਾਇਸੈਂਸ ਦਿੱਤੇ ਗਏ ਤਾਂ ਪਤਾ ਲਗਾ ਕਿ ਇਹ 16.75 ਕਰੋੜ ਰੁਪਏ ਦੇ ਇੰਪੋਰਟ ਲਾਇਸੈਂਸ ਦੇ ਕੇ ਗਏ ਸਨ ਪਰ ਸਾਡੀ ਸਰਕਾਰ ਨੇ ਆ ਕੇ ਇਨਕੁਆਇਰੀ ਕੀਤੀ ਤਾਂ ਪਤਾ ਲਗਾ ਕਿ 9.75 ਕਰੋੜ ਰੁਪਏ ਦੇ ਇੰਪੋਰਟ ਲਾਇਸੈਂਸ ਬੋਗਸ ਹਨ ਜਿਨ੍ਹਾਂ ਨੂੰ ਮੇਰੀ ਸਰਕਾਰ ਨੇ ਰੱਦ ਕਰ ਦਿੱਤਾ ਹੈ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਪ੍ਰਿੰਸੀਪਲ ਆਫ ਅਕਾਊਂਟੇਬਿਲਟੀ ਅਪਲਾਈ ਹੋਣਾ ਚਾਹੀਦਾ ਹੈ । ਇਸ ਦੇ ਨਾਲ ਸਰਕਾਰ ਦਾ ਇਮੇਜ ਬਣਿਆ ਰਹੇਗਾ ।

ਪਿਛੇ ਜਨਸੰਘੀ ਵੈਕਸ ਦੇ ਕੋਟੇ ਵਿਚ ਲੱਖਾਂ ਰੁਪਏ ਦੀ ਹੇਰਾ ਫੇਰੀ ਕਰ ਗਏ ਸਨ ਅਤੇ ਜਿਨ੍ਹਾਂ ਅਫ਼ਸਰਾਂ ਨੇ ਕੋਟੇ ਮਨਜ਼ੂਰ ਕੀਤੇ ਸਨ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ ਪਰ ਇਹ ਕਿਉਂ ਨਹੀਂ ਹੋਇਆ?

ਮੇਰੀ ਸਰਕਾਰ ਨੇ ਫੈਸਲਾ ਕੀਤਾ ਕਿ ਮਹਾਰਾਜਾ ਰਣਜੀਤ ਗੜ੍ਹ ਬਣਾਉਣ ਦਾ ਤਾਂ ਅਕਾਲੀ ਵੀਰ ਕਹਿੰਦੇ ਹਨ ਕਿ ਇਹ ਫੈਸਲਾ ਅਸੀਂ ਫਾਇਲਾਂ ਤੇ ਕਰ ਗਏ ਸੀ । ਅਗਰ ਅਸੀਂ ਕਿਹਾ ਕਿ ਹਰੀਜਨਾਂ ਨੂੰ ਕਰਜ਼ਾ 30 ਕਰੋੜ ਰੁਪਿਆ ਦੇਣ ਦਾ ਤਾਂ ਇਹ ਕਹਿੰਦੇ ਹਨ ਕਿ ਅਸੀਂ ਫਾਈਲ ਤੇ ਫੈਸਲਾ ਕਰ ਗਏ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਸੀ। ਅਗਰ ਅਸੀਂ ਫੈਸਲਾ ਕੀਤਾ ਗੋਇੰਦਵਾਲ ਕੰਪਲੈਕਸ ਬਣਾਉਣ ਦਾ ਤਾਂ ਇਹ ਕਹਿੰਦੇ ਹਨ ਕਿ ਅਸੀਂ ਫਾਈਲ ਤੇ ਫੈਸਲਾ ਕਰ ਗਏ ਸੀ। ਸਾਰੇ ਚੰਗੇ ਫੈਸਲੇ ਇਹ ਕਰ ਗਏ ਸਨ ਪਰ ਇੰਪਲੀਮੈਂਟ ਨਹੀਂ ਕਰਕੇ ਗਏ ਸਨ ਪਰ ਜਦੋਂ ਕਹਿੰਦੇ ਹਾਂ ਕਿ ਬੱਸਾਂ ਵਿਚ ਕਿਰਾਇਆ ਵਧਾਉਣ ਦਾ ਫੈਸਲਾ ਅਕਾਲੀ-ਜਨਤਾ ਰਾਜ ਵਿਚ ਕੀਤਾ ਗਿਆ ਸੀ ਤਾਂ ਕਹਿੰਦੇ ਹਨ ਫੈਸਲਾ ਕੀਤਾ ਸੀ ਪਰ ਅਸੀਂ ਇੰਪਲੀਮੈਂਟ ਨਹੀਂ ਕੀਤਾ ਸੀ ਇਸ ਦੇ ਵਿਚ ਸਾਡੀ ਜ਼ਿੰਮੇਵਾਰੀ ਨਹੀਂ ਹੈ। ਅਗਰ ਤੁਸੀਂ ਕਿਸੇ ਗੱਲ ਦਾ ਕਰੈਡਿਟ ਲੈਣਾ ਚਾਹੁੰਦੇ ਹੋ ਫਿਰ ਤੁਸੀਂ ਬੱਸਾਂ ਦੇ ਕਿਰਾਏ ਦਾ ਡਿਸਕਰੈਡਿਟ ਵੀ ਲੈ ਲਵੋ। ਜਿਸ ਤਰ੍ਹਾਂ ਅਗਰ ਕਿਸੇ ਬੱਚੇ ਨੂੰ ਪੁੱਛਿਆ ਜਾਵੇ ਕਿ ਬੇਟਾ ਇਹ ਬੇਲ ਬੂਟੇ ਕਿਸ ਨੇ ਬੜੇ ਸੋਹਣੇ ਕੱਢੇ ਹਨ ਤਾਂ ਉਹ ਕਹੇਗਾ ਕਿ ਮੈਂ ਕੱਢੇ ਹਨ। ਅਗਰ ਪੁੱਛਿਆ ਜਾਵੇ ਮੰਜੀ ਬੜੀ ਸੋਹਣੀ ਬਣਾਈ ਹੈ ਤਾਂ ਕਹੇਗਾ ਮੈਂ ਬਣਾਈ ਹੈ ਫੁੱਲ ਵੀ ਮੈਂ ਬਣਾਏ ਹਨ ਪਰ ਜਦੋਂ ਕਹਿਏ ਕਿ ਇਹ ਕੇਤਲੀ ਕਿਸ ਨੇ ਤੋੜੀ ਹੈ ਤਾਂ ਕਹਿਣਗੇ ਇਹ ਪਾਪੇ ਨੇ ਤੋੜੀ ਹੈ। ਮੈਂ ਨਹੀਂ ਤੋੜੀ ਹੈ। ਇਨ੍ਹਾਂ ਅਕਾਲੀ ਵੀਰਾਂ ਦੀ ਗੱਲ ਵੀ ਉਸੇ ਤਰ੍ਹਾਂ ਦੀ ਹੈ।

ਅਸੀਂ 250 ਸਕੂਲ ਖੋਲ੍ਹੇ ਪਰ ਇਹ ਕਹਿੰਦੇ ਹਨ ਅਸੀਂ ਖੋਲ੍ਹਣ ਦਾ ਫੈਸਲਾ ਕਰਕੇ ਗਏ ਸੀ। ਔਰ ਰੋਪੜ ਥਰਮਲ ਪਲਾਂਟ ਦੀ ਨੀਂਹ ਪੱਥਰ ਅਸੀਂ ਰਖਿਆ ਤਾਂ ਇਹ ਕਹਿੰਦੇ ਹਨ ਕਿ ਅਸੀਂ ਫੈਸਲਾ ਕਰਕੇ ਗਏ ਸੀ ਪਰ ਬੱਸਾਂ ਦਾ ਕਿਰਾਇਆ ਡਾਕਟਰ ਕੇਵਲ ਕ੍ਰਿਸ਼ਨ ਨੇ ਵਧਾਇਆ ਹੈ ਅਸੀਂ ਫੈਸਲਾ ਲਾਗੂ ਨਹੀਂ ਕੀਤਾ। ਕੱਲ੍ਹ ਖਿਆਲਾ ਸਾਹਿਬ ਨੇ ਸਾਡੀ ਸਰਕਾਰ ਨੂੰ ਸਰਵੇ ਸਰਕਾਰ ਕਿਹਾ ਸੀ ਪਰ ਮੈਂ ਕਹਿੰਦਾ ਹਾਂ ਕਿ ਪਲਾਨ ਤੋਂ ਬਗੈਰ ਕੋਈ ਚੀਜ਼ ਨਹੀਂ ਚੱਲ ਸਕਦੀ। ਸਰਵੇ ਕਰਕੇ ਹੀ ਪਲਾਨਜ਼ ਬਣਦੇ ਹਨ ਅਤੇ ਵੱਖ-ਵੱਖ ਸਕੀਮਾਂ ਲਈ ਪੈਸਾ ਰਖਿਆ ਜਾਂਦਾ ਹੈ। ਤੁਹਾਡੇ ਵਾਂਗ ਘਾਲੇ ਮਾਲੇ ਨਹੀਂ ਹੋਣ ਦੇਣੇ। ਪਲਾਨਜ਼ ਦੇ ਨਾਲ ਸਰਕਾਰ ਦੀ ਇਕ ਬੈਲੈਂਸ ਸ਼ੀਟ ਬਣ ਜਾਂਦੀ ਹੈ ਕਿ ਕਿੰਨਾ ਰੁਪਿਆ ਕਿਸਾਨਾਂ ਲਈ ਰੱਖਣਾ ਹੈ ਕਿੰਨਾ ਐਜੂਕੇਸ਼ਨ ਲਈ, ਕਿੰਨਾ, ਕਰਜ਼ਿਆਂ ਲਈ ਵਗੈਰਾ ਵਗੈਰਾ।

ਗਿਆਨੀ ਜ਼ੈਲ ਸਿੰਘ ਦੀ ਸਰਕਾਰ 260 ਕਰੋੜ ਰੁਪਏ ਦਾ ਪਲਾਨ ਬਣਾ ਕੇ ਗਈ ਸੀ ਪਰ ਇਨ੍ਹਾਂ ਨੇ ਕਿਹਾ ਪਲਾਨਜ਼ ਦਾ ਕੀ ਹੈ ਇਸ ਨੂੰ ਘੱਟ ਕਟ ਦਿਓ। ਇਥੋਂ ਤੱਕ ਕਿ ਪੰਜ ਸਾਲਾ ਪਲਾਨ ਨੂੰ ਹੀ ਛੱਡ ਗਏ ਜਿਸ ਨੂੰ ਪੰਡਿਤ ਨਹਿਰੂ ਜੀ ਸ਼ੁਰੂ ਕਰਕੇ ਗਏ ਸਨ। ਕਾਂਗਰਸ ਪਾਰਟੀ ਨੇ ਪਲਾਨਜ਼ ਬਣਾਏ ਸਨ। ਅਕਾਲੀਆਂ ਨੇ ਵੀ ਕਦੇ ਪਲਾਨਜ਼ ਬਣਾਣੇ ਸਨ। ਸਾਡੇ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਪਲਾਨਜ਼ ਨੂੰ ਪਹਿਲ ਦੇਵਾਂਗੇ (ਵਿਘਨ) Haves and have nots. We will protect the rights of the have nots. ਸਾਡੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਗਰ ਹੈਵਜ਼ ਕੋਲੋਂ ਕੁਝ ਖੋਹਣਾ ਪਿਆ ਤਾਂ ਖੋਹਵਾਂਗੇ (ਵਿਘਨ) ਇਸ ਕਰਕੇ ਮੈਂ ਕਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਲੌਕੇਟ ਕਰ ਰਹੀ ਹੈ ਤਾਕਿ ਜਿਹੜੇ ਤੁਸੀਂ ਘਾਲੇ ਮਾਲੇ ਕਰਦੇ ਰਹੇ ਹੋ ਉਹ ਫਿਰ ਨਾ ਹੋ ਸਕਣ।

ਸਰਕਾਰ ਨੇ ਸਰਵੇ ਕਰਵਾਇਆ ਹੈ ਕਿ 3 ਹਜ਼ਾਰ ਤੋਂ ਲੈ ਕੇ 6 ਹਜ਼ਾਰ ਰੁਪਿਆ ਆਮਦਨੀ ਵਾਲੇ ਕਿਹੜੇ ਲੋਕ ਹਨ ਜਿਨ੍ਹਾਂ ਦਾ ਜੀਵਨ ਸਤਰ ਉੱਚਾ ਕਰਨ ਦੀ ਲੋੜ ਹੈ। ਅਤੇ ਕਿੰਨੇ ਇਸ ਲਿਮਿਟ ਦੇ ਵਿਚ ਆਉਂਦੇ ਹਨ। ਪਰ ਕੱਲ੍ਹ ਪਾਂਧੀ ਸਾਹਿਬ ਨੇ ਕਿਹਾ ਸੀ ਕਿ ਇਸ ਸਰਵੇ ਉਤੇ ਸਰਕਾਰ ਨੇ ਇਕ ਕਰੋੜ ਰੁਪਿਆ ਖਰਚ ਕੀਤਾ ਹੈ ਪਰ ਮੈਂ ਪਤਾ ਕੀਤਾ ਹੈ ਕਿ ਇਕ ਕਰੋੜ ਰੁਪਿਆ ਨਹੀਂ ਬਲਕਿ ਇਕ ਲੱਖ 18 ਹਜ਼ਾਰ ਰੁਪਿਆ ਖਰਚ ਹੋਇਆ ਜੋ ਸਰਵਿਸ ਐਂਡ ਸਕਿਓਰਟੀ ਲਈ ਹੈ। (ਵਿਘਨ) ਹਿਸਾਬ ਤਾਂ ਠੀਕ ਕਰ ਲਿਆ ਕਰੋ। ਇਕ ਲੱਖ ਨੂੰ ਇਕ ਕਰੋੜ ਰੁਪਿਆ ਪੜ੍ਹੀ ਜਾਂਦੇ ਹੋ।

SHORT ADJOURNMENT OF THE HOUSE

10.50 A.M. | **Mr. Deputy Speaker:** The House will now adjourn for fifteen minutes to pay homage to the Martyrs.

(The Sabha then adjofurned at 10.50 A.M. and re-assembled at 11.5A.M.)

DISCUSSION AND VOTING OF DEMANDS FOR SUPPLEMENTARY GRANTS (*Resumption*)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜਾ ਵੀ ਤਾਕਤ ਵਿਚ ਹੁੰਦਾ ਹੈ । (ਵਿਘਨ)

ਸ੍ਰੀ ਸਪੀਕਰ: ਚਤਰਥ ਜੀ ਵਾਈਂਡ ਅੱਪ ਕਰੋ ਬਹੁਤ ਟਾਈਮ ਲੱਗ ਚੁੱਕਾ ਹੈ ਅਤੇ ਬਾਕੀਆਂ ਨੇ ਵੀ ਬੋਲਣਾ ਹੈ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਮੈਂ ਸਿਰਫ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਦੇ ਵੀਰਾਂ ਨੇ ਕਹਿਣਾ ਹੈ ਕਿ ਪੈਸਾ ਵੱਧ ਖਰਚ ਹੋ ਗਿਆ ਹੈ ਔਰ ਟੈਕਸ ਨਹੀਂ ਲਗਾਉਣੇ ਚਾਹੀਦੇ ਪਰ ਸੂਬੇ ਦੀ ਤਰੱਕੀ ਲਈ ਇਹ ਜ਼ਰੂਰੀ ਹੈ। ਸਪੀਕਰ ਸਾਹਿਬ, ਵਾਇਓਲੈਂਟ ਐਜੀਟੇਸ਼ਨਾਂ ਕਰਕੇ ਜਿਹੜਾ ਸਰਕਾਰ ਦਾ ਪੈਸਾ ਖਰਚ ਹੋ ਜਾਂਦਾ ਹੈ, ਉਸ ਨਾਲ ਮੁਲਕ ਦੀ ਇਕਾਨੋਮੀ ਵਿਚ ਫਰਕ ਪੈਂਦਾ ਹੈ । ਸਪੀਕਰ ਸਾਹਿਬ, 21 ਅਤੇ 22 ਤਾਰੀਖ ਨੂੰ ਜਿਹੜਾ ਮੇਰੇ ਆਪੋਜ਼ੀਸ਼ਨ ਭਰਾਵਾਂ ਨੇ ਕੀਤਾ ਹੈ, ਉਸ ਦਾ ਜ਼ਿਕਰ ਕੀਤੇ ਬਗੈਰ ਨਹੀਂ ਰਹਿ ਸਕਦਾ । (ਵਿਘਨ) ਕਿਉਂਕਿ ਮੇਰੇ ਮੁਤਾਬਿਕ ਅਕਾਲੀ ਵੀਰ ਬੱਸ ਵੇਅਰ ਦਾ ਬਹਾਨਾ ਬਣਾ ਰਹੇ ਹਨ ਅਤੇ ਉਹ ਬੜੇ ਦੁਖੀ ਹਨ ਕਿ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀਆਂ ਪ੍ਰੋ-ਫਾਰਮ ਪਾਲਿਸੀਆਂ ਦੇ ਕਾਰਨ ਜੱਟ ਨੂੰ ਠੀਕ ਭਾਅ ਮਿਲੇ ਹਨ । ਮੁਲਾਜ਼ਮਾਂ ਨੂੰ ਡੀ.ਏਜ਼ ਦੀਆਂ ਕਿਸ਼ਤਾਂ ਮਿਲੀਆਂ ਹਨ । ਪ੍ਰਾਈਵੇਟ ਸਕੂਲਾਂ ਨੂੰ ਸਹੂਲਤਾਂ ਮਿਲ ਗਈਆਂ ਹਨ ਅਤੇ ਕਾਲਜ ਟੀਚਰਜ਼ ਨੂੰ ਸਹੂਲਤਾਂ ਦੇਣ ਲਈ ਕੰਮ ਹੋ ਰਿਹਾ ਹੈ ਔਰ ਹਰੀਜਨਾਂ ਲਈ 30 ਕਰੋੜ ਰੁਪਿਆ ਰੀਜ਼ਰਵ ਰੱਖਿਆ ਗਿਆ ਹੈ । ਗਰੀਬ ਲੋਕਾਂ ਨੂੰ ਲੋਨ ਦਿੱਤਾ ਜਾ ਰਿਹਾ ਹੈ। ਮਜ਼ਦੂਰ ਅੱਜ ਸੈਲਫ ਡੀਪੈਂਡੈਂਟ ਹੋ ਰਹੇ ਹਨ ਪਰ ਇਹ ਅਕਾਲੀ ਭਾਈ ਇਸ ਗੱਲ ਤੋਂ ਔਖੇ ਹਨ ।

ਸ੍ਰੀ ਸਪੀਕਰ : ਪਲੀਜ਼ ਵਾਈਂਡ ਅੱਪ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਸਪੀਕਰ ਸਾਹਿਬ, ਅਕਾਲੀ ਵੀਰ ਜਗੀਰਦਾਰਾਂ ਦਾ ਅਤੇ ਸਰਮਾਏ-ਦਾਰਾਂ ਦਾ ਸਾਥ ਦਿੰਦੇ ਹਨ ਔਰ ਉਨ੍ਹਾਂ ਲਈ ਹੱਕ ਮੰਗਦੇ ਹਨ । ਇਹ ਇਸ ਕਰਕੇ ਪਿੱਟ ਰਹੇ ਹਨ ਕਿ ਮਜ਼ਦੂਰ, ਕਿਸਾਨ, ਹਰੀਜਨ ਅਤੇ ਗਰੀਬ ਆਦਮੀ ਅਗੇ ਨੂੰ ਵੱਧ ਰਿਹਾ ਹੈ । (ਵਿਘਨ)

ਸ੍ਰੀ ਸਪੀਕਰ: ਸਰਦਾਰ ਬਸੰਤ ਸਿੰਘ ਖਾਲਸਾ ਜੀ, ਤੁਸੀਂ ਬੋਲੋ ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਬੱਸ ਜੀ ਮੈਂ ਇਨ੍ਹਾਂ ਸ਼ਬਦਾਂ ਨਾਲ ਜਿਹੜੇ ਸਪਲੀਮੈਂਟਰੀ ਐਸਟੀਮੇਟਸ ਪੇਸ਼ ਹੋਏ ਹਨ, ਔਰ ਮੈਂ ਪ੍ਰਾਰਥਨਾ ਕਰਾਂਗਾ ਕਿ ਇਨ੍ਹਾਂ ਨੂੰ ਪਾਸ ਕਰ ਦੇਣਾ ਚਾਹੀਦਾ ਹੈ ਔਰ ਕੋਈ ਵੀ ਮੈਂਬਰ ਇਸ ਦੇ ਖਿਲਾਫ ਨਹੀਂ ਹੋਣਾ ਚਾਹੀਦਾ ਕਿਉਂਕਿ ਜਿਹੜਾ ਘਾਟਾ ਅਕਾਲੀ-ਜਨਤਾ-ਸਰਕਾਰ ਛੱਡ ਗਈ ਸੀ ਉਸ ਨੂੰ ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਪੂਰਾ ਕਰ ਰਹੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ) (ਐਸ. ਸੀ): ਸਪੀਕਰ ਸਾਹਿਬ, ਸਪਲੀਮੈਂਟਰੀ ਐਸਟੀ-ਮੇਟਸ ਜੋ ਕਿ ਸਾਲ 1980-81 ਲਈ ਪੇਸ਼ ਹੋਏ ਹਨ ਜਿਹੜੇ ਕਿ ਆਮ ਬਜਟ ਵਿਚ ਨਹੀਂ ਆ ਸਕੇ

[ਸਰਦਾਰ ਬਸੰਤ ਸਿੰਘ ਖਾਲਸਾ]

ਇਹ ਬਹੁਤ ਜ਼ਿਆਦਾ ਖਰਚਾ ਹੋ ਗਿਆ ਹੈ ਅਤੇ ਬੇਰੁਖੀ ਨਾਲ ਖਰਚ ਕੀਤਾ ਗਿਆ ਹੈ। ਸਪੀਕਰ ਸਾਹਿਬ, ਜਨਤਾ ਦਾ ਪੈਸਾ ਫਜ਼ੂਲ ਖਰਚ ਕੀਤਾ ਗਿਆ ਹੈ। (ਵਿਘਨ) ਮੈਂ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਨੈਚੁਰਲ ਕਲੈਮਿਟੀਜ਼ ਵੱਲ ਆਉਂਦਾ ਹਾਂ। ਇਸ ਤੇ 1,20,00,000 (ਇਕ ਕਰੋੜ ਵੀਹ ਲੱਖ ਰੁਪਿਆ) ਲਾਇਆ ਗਿਆ ਹੈ ਜੋ ਕਿ ਬਹੁਤ ਥੋੜ੍ਹਾ ਹੈ। ਸਪੀਕਰ ਸਾਹਿਬ, 80% ਲੋਕ ਜਿਹੜੇ ਪਿੰਡਾਂ ਵਿਚ ਰਹਿੰਦੇ ਹਨ, ਉਹ ਖੇਤੀਬਾੜੀ ਤੇ ਨਿਰਭਰ ਹਨ। ਇਸ ਦੇ ਉਲਟ ਬਿਲਕੁਲ ਪੰਜਾਬ ਲਈ ਕੋਈ ਵੱਡੀ ਇੰਡਸਟਰੀਜ਼ ਲਗਾਉਣ ਦੀ ਮਨਜ਼ੂਰੀ ਸੈਂਟਰ ਸਰਕਾਰ ਵਲੋਂ ਨਹੀਂ ਮਿਲਦੀ ਕਿਉਂਕਿ ਇਹ ਬਾਰਡਰ ਦਾ ਸੂਬਾ ਹੋਣ ਕਰਕੇ ਵੱਡੀ ਇੰਡਸਟਰੀਜ਼ ਲਈ ਕੋਈ ਉਤਸ਼ਾਹ ਨਹੀਂ ਦਿੱਤਾ ਜਾਂਦਾ। ਇਸ ਲਈ ਪੰਜਾਬ ਇਕ ਖੇਤੀ ਬਾੜੀ ਸੂਬਾ ਹੈ। ਜਿਹੜੀ ਫਸਲ ਅਸੀਂ ਉਸ ਜ਼ਮੀਨ ਤੇ ਵਾਰ ਵਾਰ ਬੀਜਦੇ ਹਾਂ ਤਾਂ ਉਸ ਦੀ ਸ਼ਕਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ। ਇਸ ਬਾਰੇ ਐਗਰੀਕਲਚਰ ਯੂਨੀਵਰਸਿਟੀ ਨੇ ਵੀ ਕਿਹਾ ਹੈ। ਦੂਜਾ ਪੰਜਾਬ ਦਾ ਜ਼ਿਮੀਂਦਾਰ ਆਪਣੀ ਫਸਲ ਦਾ ਭਾਅ ਆਪਣੀ ਮਰਜ਼ੀ ਦੇ ਮੁਤਾਬਿਕ ਨਹੀਂ ਲੈ ਸਕਦਾ। ਫਿਰ ਕਿਸਾਨ ਨੂੰ ਕੁਦਰਤ ਦੀਆਂ ਆਫਤਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਸਪੀਕਰ ਸਾਹਿਬ, ਪਿਛਲੇ ਦਿਨੀਂ ਬਹੁਤ ਹੜ੍ਹ ਆਏ, ਗੜੇ ਪਏ ਅਤੇ ਸਾਰੇ ਪੰਜਾਬ ਦੀ ਫਸਲ ਤਬਾਹ ਹੋ ਗਈ। ਮੈਨੂੰ ਅੱਜ ਵੀ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਦੱਸਿਆ ਹੈ ਕਿ ਮੈਂ ਪਟਿਆਲੇ ਵਾਲੇ ਪਾਸੇ ਗਿਆ ਸਾਂ ਅਤੇ ਉਥੇ ਬਹੁਤ ਬਾਰਸ਼ ਪਈ ਅਤੇ ਥਾਂ ਥਾਂ ਤੇ ਪਾਣੀ ਖੜ੍ਹਾ ਹੈ। ਪੰਜਾਬ ਦੇ ਕਿਸਾਨ ਨੇ ਕਣਕ ਦੋ, ਦੋ ਵਾਰ ਅਤੇ ਤਿੰਨ, ਤਿੰਨ ਵਾਰ ਬੀਜੀ ਪਰ ਉਸ ਦੀ ਫਸਲ ਤਬਾਹ ਹੋ ਗਈ ਅਤੇ ਹੁਣ ਕਿਸਾਨ ਕੋਲ ਪਸ਼ੂਆਂ ਲਈ ਚਾਰਾ ਨਹੀਂ ਹੈ ਲੇਕਿਨ ਪੰਜਾਬ ਸਰਕਾਰ ਵਲੋਂ ਗਰੀਬ ਕਿਸਾਨਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਅਤੇ ਇਥੇ ਕਹਿ ਦਿੱਤਾ ਕਿ ਗਿਰਦਾਵਰੀਆਂ ਕਰਵਾ ਰਹੇ ਹਾਂ। ਸਪੀਕਰ ਸਾਹਿਬ, ਗਿਰਦਾਵਰੀਆਂ ਜਿਸ ਤਰੀਕੇ ਦੇ ਨਾਲ ਹੁੰਦੀਆਂ ਹਨ, ਉਹ ਸਭ ਨੂੰ ਪਤਾ ਹੈ ਕਿ ਛੋਟੇ ਛੋਟੇ ਕਿਸਾਨਾਂ ਨੂੰ ਜਿਸ ਦਾ ਨੁਕਸਾਨ ਹੋਇਆ, ਇਗਨੋਰ ਕੀਤਾ ਜਾਂਦਾ ਹੈ। ਇਸ ਵਿਚ ਬਹੁਤ ਵੱਡੀ ਬੇਈਮਾਨੀ ਦੀ ਮਿਸਾਲ ਮਿਲਦੀ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਜੇਕਰ ਸਹੀ ਮਾਹਨਿਆਂ ਵਿਚ ਗਿਰਦਾਵਰੀਆਂ ਕਰਵਾਉਣੀਆਂ ਹਨ ਤਾਂ ਤੁਸੀਂ ਐਗਰੀਕਲਚਰ ਦੇ ਇੰਸਪੈਕਟਰਾਂ ਨੂੰ ਪਟਵਾਰੀਆਂ ਨਾ ਲਗਾਓ। (ਵਿਘਨ) ਪਿਛੇ ਵੀ ਸਪੀਕਰ ਸਾਹਿਬ, ਗੜ੍ਹੇ ਪਏ ਸਨ ਅਤੇ ਕਿਤਨਾ ਰੁਪਿਆ ਰਖਿਆ ਗਿਆ ਸੀ, ਇਹ ਬਜਟ ਦਸੇਗਾ ਪਰ ਇਸ ਵੇਲੇ 1 ਕਰੋੜ 20 ਲੱਖ ਰੁਪਏ ਦੀ ਸਪਲੀਮੈਂਟਰੀ ਦਾ ਸਵਾਲ ਹੈ। (ਵਿਘਨ) ਪਰ ਸਪੀਕਰ ਸਾਹਿਬ, ਕਈ ਮੈਂਬਰਾਂ ਨੇ ਕਿਹਾ ਹੈ ਕਿ ਸਾਡੇ ਜ਼ਿਲਿਆਂ ਵਿਚ ਕੁੱਝ ਨਹੀਂ ਦਿੱਤਾ ਗਿਆ ਅਤੇ ਸਾਡੇ ਪਿੰਡਾਂ ਵਿਚ ਕੁੱਝ ਨਹੀਂ ਦਿੱਤਾ ਗਿਆ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਕੁਦਰਤੀ ਆਫਤਾਂ ਆਉਂਦੀਆਂ ਹਨ ਅਤੇ ਜਿਸ ਨਾਲ ਫਸਲਾਂ ਦੀ ਤਬਾਹੀ ਹੁੰਦੀ ਹੈ ਤਾਂ ਉਸ ਲਈ ਪੰਜਾਬ ਸਰਕਾਰ ਨੂੰ ਪੱਕੇ ਤੌਰ ਤੇ 20 ਕਰੋੜ ਰੁਪਿਆ ਰਖਿਆ ਜਾਣਾ ਚਾਹੀਦਾ ਹੈ ਤਾਕਿ ਗਰੀਬ ਲੋਕਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਸਕਣ। ਸਪੀਕਰ ਸਾਹਿਬ, ਰੋਜ਼ ਅਖਬਾਰਾਂ ਵਿਚ ਵੀ ਆਉਂਦਾ ਹੈ ਅਤੇ ਕਾਨਫਰੰਸਾਂ ਵੀ ਹੁੰਦੀਆਂ ਹਨ ਕਿ ਜਲੂਸ ਨਿਕਲਦੇ ਹਨ ਕਿ ਕਿਸਾਨਾਂ ਨੂੰ ਮੱਦਦ ਦਿੱਤੀ ਜਾਵੇ ਅਤੇ ਉਨ੍ਹਾਂ ਦਾ ਖਿਆਲ ਰਖਿਆ ਜਾਵੇ।

ਮੇਰੀ ਬੇਨਤੀ ਹੈ ਕਿ ਕੋਈ ਐਸਾ ਫੰਡ ਰਖਣਾ ਚਾਹੀਦਾ ਹੈ ਜਿਸ ਵਿਚੋਂ ਆਟੋਮੈਟੀਕਲੀ ਇਨ੍ਹਾਂ ਲੋਕਾਂ ਨੂੰ ਪੈਸਾ ਮਿਲਦਾ ਰਹੇ। ਅੱਗੇ ਆਮ ਤੌਰ ਤੇ ਇਸ ਤਰ੍ਹਾਂ ਨਾਲ ਹੁੰਦਾ ਸੀ। ਸਭ ਤੋਂ ਪਹਿਲਾਂ ਜਿਹੜਾ ਚਾਰਾ ਪਸ਼ੂਆਂ ਨੂੰ ਚਾਹੀਦਾ ਸੀ, ਉਨ੍ਹਾਂ ਲੋਕਾਂ ਨੂੰ ਉਸ ਲਈ ਫੌਰਨ ਰਲੀਫ਼ ਦਿੱਤਾ ਜਾਂਦਾ ਸੀ ਲੇਕਿਨ ਹੁਣ ਇਕ ਮਹੀਨਾ ਹੋ ਗਿਆ ਹੈ ਔਰ ਲੋਕ ਕਚਹਿਰੀਆਂ ਵਿਚ ਫਿਰ ਰਹੇ ਹਨ ਅਖਬਾਰਾਂ ਵਿਚ ਵੀ ਇਹ ਖ਼ਬਰ ਆਈ ਹੈ ਪਰ ਇਸ ਪਾਸੇ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ। ਰੈਵੇਨਿਊ ਮਨਿਸਟਰ ਸਾਹਿਬ ਨੇ ਜਾਂ ਐਗਰੀਕਲਚਰਲ ਮਨਿਸਟਰ ਸਾਹਿਬ ਨੇ ਕੋਈ ਇਲਾਨ ਨਹੀਂ ਕੀਤਾ ਕਿ ਕਿਸ ਰੇਟ ਨਾਲ ਇਨ੍ਹਾਂ ਨੂੰ

ਮੁਆਵਜ਼ਾ ਦਿੱਤਾ ਜਾਏਗਾ । ਪਹਿਲਾਂ ਇਹ ਮੁਆਵਜ਼ਾ 300 ਰੁਪਏ ਪਰ ਏਕੜ ਦੀ ਦਰ ਨਾਲ ਇਹ ਪੈਸਾ ਦਿੱਤਾ ਜਾਂਦਾ ਸੀ ਜਦ ਕਿ ਹੁਣ 800 ਰੁਪਿਆ ਤਾਂ ਬੀਜਣ ਤੇ ਲੱਗ ਜਾਂਦਾ ਹੈ । ਐਤਕੀ ਤਾਂ ਬਦ-ਕਿਸਮਤੀ ਨਾਲ 800-800 ਰੁਪਿਆ ਤਿੰਨ ਤਿੰਨ ਵਾਰੀ ਬੀਜਣ ਤੇ ਲਗਿਆ ਹੈ । ਇਸ ਕਰਕੇ ਕਿਸਾਨ ਤਬਾਹ ਹੋ ਗਏ ਹਨ । ਇਸ ਲਈ ਵਜ਼ੀਰ ਸਾਹਿਬ ਨੂੰ ਇਸ ਪਾਸੇ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਕੋਈ 15-20 ਕਰੋੜ ਰੁਪਏ ਦਾ ਪੱਕਾ ਤੌਰ ਤੇ ਫੰਡ ਬਣਇਆ ਜਾਏ ਜਿਸ ਵਿਚੋਂ ਕਿਸਾਨਾਂ ਦੀ ਮਦਦ ਕੀਤੀ ਜਾ ਸਕੇ । ਇਸਦੇ ਨਾਲ ਨਾਲ ਮੈਂ ਇਹ ਵੀ ਕਹਾਂਗਾ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਆਖਿਆ ਸੀ ਕਿ ਇਸ ਸਕੀਮ ਤੇ ਵਿਚਾਰ ਕਰ ਰਹੇ ਹਾਂ ਕਿ ਫਸਲਾਂ ਦੀ ਇਨਸ਼ਿਓਰੈਂਸ ਕੀਤੀ ਜਾਏ । ਐਸੇ ਰੈਜ਼ੋਲੂਸ਼ਨ ਤਾਂ ਕਾਫੀ ਦੇਰ ਤੋਂ ਚਲ ਰਹੇ ਹਨ । ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ਡ ਕਰਨ ਬਾਰੇ ਵੀ ਰੈਜ਼ੋ-ਲੂਸ਼ਨ ਪਾਸ ਹੋ ਗਿਆ ਹੈ । ਇਸੇ ਤਰ੍ਹਾਂ ਹੀ ਕੌਂਸਲ ਰੀਵਾਈਵ ਕਰਨ ਵਾਸਤੇ ਵੀ ਰੈਜ਼ੋਲੂਸ਼ਨ ਪਾਸ ਹੋ ਗਿਆ ਸੀ ਅਤੇ 5-7 ਸਾਲਾਂ ਤੋਂ ਇਹ ਸੈਂਟਰ ਗੌਰਮਿੰਟ ਕੋਲ ਪਿਆ ਹੈ । ਇਥੇ ਰੈਜ਼ੋਲੂਸ਼ਨਾਂ ਨਾਲ ਗੱਲ ਨਹੀਂ ਚਲਣੀ ਬਲਕਿ ਇਥੇ ਕੋਈ ਬਿਆਨ ਦਿੱਤਾ ਜਾਏ ਸਰਕਾਰ ਵਲੋਂ ਕਿ ਅਸੀਂ ਫਸਲਾਂ ਦੀ ਇਨ-ਸ਼ਿਓਰੈਂਸ ਕਰਾਂਗੇ ਔਰ ਕਿਸਾਨਾਂ ਨੂੰ ਮਦਦ ਦੇਣ ਲਈ ਕੋਈ ਫੰਡ ਕ੍ਰੀਏਟ ਕਰਾਂਗੇ। ਗਵਰਨਰ ਸਾਹਿਬ ਦੀ ਸਪੀਚ ਵਿਚ ਵੀ ਕੋਈ ਐਸਾ ਇਨਕਲਾਬੀ ਨਾਹਰਾ ਨਹੀਂ ਹੈ ਕਿ ਕਿਸਾਨਾਂ ਦੀ ਮੱਦਦ ਕੀਤੀ ਜਾਏਗੀ ਜਾ ਹਰੀਜਨਾਂ ਦੀ ਮੱਦਦ ਕੀਤੀ ਜਾਏਗੀ ।

ਇਸ ਦੇ ਨਾਲ ਨਾਲ ਸਕੂਲਾਂ ਦਾ ਸਵਾਲ ਆ ਗਿਆ ਹੈ । ਗੌਰਮਿੰਟ ਨੇ ਪ੍ਰਾਇਮਰੀ ਸਕੂਲਾਂ ਲਈ, ਹਾਇਰ ਸੈਕੰਡਰੀ ਸਕੂਲਾਂ ਲਈ ਜਾਂ ਨਾਨ-ਗੌਰਮਿੰਟ ਏਡਿਡ ਸਕੂਲਾਂ ਲਈ ਪੈਸੇ ਰਖੇ ਹਨ, ਮੈਂ ਇਹ ਕਹਿੰਦਾ ਹਾਂ ਕਿ ਇਹ ਮੱਦ ਦੇ ਪੈਸੇ ਪਾਸ ਕੀਤੇ ਜਾਣ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਲਈ ਇੱਕ ਵਖਰਾ ਡਾਇਰੈਕਟੋਰੇਟ ਬਣਾਇਆ ਗਿਆ ਸੀ । ਇਹ ਇਸ ਕਰਕੇ ਕੀਤਾ ਗਿਆ ਸੀ ਕਿ ਪ੍ਰਾਇਮਰੀ ਸਕੂਲਜ਼ ਐਜੂਕੇਸ਼ਨ ਡਿਪਾਰਟਮੈਂਟ ਵਿਚ ਬਹੁਤ ਜ਼ਿਆਦਾ ਹਨ । ਇਸ ਲਈ ਇੱਕ ਪ੍ਰਾਇਮਰੀ ਐਜੂਕੇਸ਼ਨ ਡਾਇਰੈਕਟੋਰੇਟ ਵੱਖਰਾ ਹੋਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਐਜੂਕੇਸ਼ਨ ਦੀ ਚੰਗੀ ਦੇਖ ਭਾਲ ਹੋ ਸਕਦੀ ਹੈ । ਇਹ ਪ੍ਰਾਇਮਰੀ ਐਜੂਕੇਸ਼ਨ ਲੈਣ ਵਾਲਿਆਂ ਵਿਚ ਆਬਾਦੀ ਦਾ ਬਹੁਤ ਵੱਡਾ ਹਿੱਸਾ ਖਾਸ ਕਰਕੇ ਗਰੀਬ ਔਰ ਹਰੀਜਨ ਵਿਦਿਆਰਥੀ ਹਨ ਜੋ ਕਿ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ । ਪਰ ਹਾਲੇ Directorate ਦਾ ਝਗੜਾ ਹੈ ਇਨ੍ਹਾਂ ਨੇ ਕਿਹਾ ਸੀ ਕਿ ਮੈਚਿੰਗ ਗਰਾਂਟਸ ਦਿਆਂਗੇ । ਐਜੂਕੇਸ਼ਨ ਮਨਿਸਟਰ ਸਾਹਿਬ ਲੁਧਿਆਣਾ ਸ਼ਿਕਾਇਤੀ ਕਮੇਟੀ ਵਿਚ ਆਏ । ਮੈਂ ਇਨ੍ਹਾਂ ਨੂੰ ਕਿਹਾ ਕਿ ਇੱਕ ਐਸਾ ਸਕੂਲ ਹੈ ਜੋ ਕਿ ਸਰਕਾਰ ਦੀ ਛਤਰ ਛਾਇਆ ਹੇਠ ਚਲ ਰਿਹਾ ਹੈ ਔਰ ਉਸ ਦਾ ਐਡਮਨਿਸਟਰੇਸ਼ਨ ਨੂੰ ਪਤਾ ਹੈ । ਇਹ ਕੇਸ ਮੈਂ ਤਿੰਨ ਚਾਰ ਵਾਰੀ ਸ਼ਿਕਾਇਤੀ ਕਮੇਟੀ ਵਿਚ ਰਖਿਆ । ਇਹ ਸਕੂਲ ਮੇਰੇ ਹਲਕੇ ਜਾਨਪੁਰ ਅੱਡੇ ਤੇ ਪਿੱਪਲ ਥੱਲੇ ਲਗਦਾ ਹੈ । ਉਸ ਸਕੂਲ ਵਿਚ ਦੋ ਕੁਰਸੀਆਂ ਰੱਖਣ ਲਈ ਵੀ ਥਾਂ ਨਹੀਂ ਹੈ । ਉਥੇ ਸਕੂਲ ਦੀ ਕੋਈ ਬਿਲਡਿੰਗ ਨਹੀਂ ਹੈ । ਜਦੋਂ ਅਸੀਂ ਇਹ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਲਿਆਂਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਜ਼ਮੀਨ ਦਿਓ । ਜ਼ਮੀਨ ਉਥੇ ਦੀ ਨੋਟੀ-ਫਾਈਡ ਏਰੀਆ ਕਮੇਟੀ ਦਿੰਦੀ ਨਹੀਂ । ਇਹ ਕਹਿੰਦੇ ਹਨ ਕਿ ਜ਼ਮੀਨ ਦਿਖਾਓ-ਕਿੱਥੋਂ ਕਾਰੇ ਪਾਈਏ । (ਵਿਘਨ)

ਇਕ ਆਵਾਜ਼: ਇਹ ਕਿਹੜੇ ਅਫਸਾਨੇ ਸੁਣਾ ਰਹੇ ਹੋ ? (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਜੋ ਤੁਹਾਡੇ(ਵਿਦਿਆ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਸਾਹਮਣੇ ਹੋਇਆ ਹੈ, ਉਹੀ ਦੱਸਿਆ ਹੈ । ਵਜ਼ੀਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਅਸੀਂ ਸਾਰੇ ਇਥੇ ਗਰੀਬਾਂ ਦੇ ਅਫਸਾਨੇ ਸੁਣਾਉਣ ਵਾਸਤੇ ਹੀ ਆਏ ਹਾਂ । ** **

**Expunged as ordered by the Chair

ਸ੍ਰੀ ਸਪੀਕਰ : ਇਹ ਜੋ ਗੱਲਾਂ ਤੁਸੀਂ ਇਨ੍ਹਾਂ ਨੂੰ ਐਡਰੈਸ ਕਰਕੇ ਕਹੀਆਂ ਹਨ, ਇਹ ਮੈਂ ਐਕਸਪੰਜ ਕਰਦਾ ਹਾਂ ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ,ਸਪੀਕਰ ਸਾਹਿਬ, ਐਜੂਕੇਸ਼ਨ ਦੀ ਮੱਦ ਤੇ ਬੋਲ ਰਿਹਾ ਹਾਂ । ਪਿਛੇ ਜਿਹੇ ਨਾਨ-ਗੌਰਮਿੰਟ ਤੇ ਗੌਰਮਿੰਟ ਏਡਿਡ ਸਕੂਲਜ਼ ਦੇ ਅਧਿਆਪਕਾਂ ਦਾ ਬਹੁਤ ਵੱਡਾ ਇੱਕਠ ਹੋਇਆ ਸੀ ਉਥੇ ਵਜ਼ੀਰ ਸਾਹਿਬ ਨੇ ਉਨ੍ਹਾਂ ਦੀਆਂ ਜੋ ਮੰਗਾਂ ਸਨ, ਜਿਸ ਤਰਾਂ ਕਿ ਮੈਡੀਕਲ ਅਲਾਊਂਸ, ਬੇਟ ਐਰ ਬਾਰਡਰ ਏਰੀਆ ਅਲਾਊਂਸ, ਲਾਇਬਰੇਰੀਅਨਜ਼ ਦੇ ਗਰੇਡ ਵਧਾਉਣੇ ਅਤੇ ਡੀ. ਪੀ. ਈ. ਦੇ ਗਰੇਡ ਵਧਾਉਣ ਬਾਰੇ, ਉਦੋਂ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਮੈਂ ਇਹ ਡੀਮਾਂਡਾਂ ਮਨਜ਼ੂਰ ਕਰਦਾ ਹਾਂ । ਪਰ ਜਦੋਂ ਸਰਕਾਰੀ ਪੱਧਰ ਤੇ ਇਹ ਗਲ ਆਈ ਤਾਂ ਇਹ ਕਹਿੰਦੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ । ਪਤਾ ਨਹੀਂ ਪਹਿਲਾਂ ਇਹ ਬਗੈਰ ਸੋਚੇ ਸਮਝੇ ਹੀ ਐਲਾਨ ਕਰ ਦਿੰਦੇ ਹਨ । ਜੇ ਇਥੇ ਵਿਧਾਨ ਸਭਾ ਵਿਚ ਸਵਾਲ ਕਰੀਏ ਤਾਂ ਇਹ ਕਹਿੰਦੇ ਹਨ ਕਿ ਜੇਕਰ ਫੰਡਜ਼ ਅਲਾਟ ਕਰਨਗੇ ਤਾਂ ਕਰਾਂਗੇ ਨਹੀਂ ਤਾਂ ਨਹੀਂ ਕਰਾਂਗੇ । ਇਕ ਚਿੱਠੀ ਵੀ ਇਨ੍ਹਾਂ ਨੇ ਲਿਖ ਦਿੱਤੀ ਕਿ ਤੁਹਾਡੀਆਂ ਸਾਰੀਆਂ ਮੰਗਾਂ ਪਰਵਾਨ ਕਰ ਲਈਆਂ ਹਨ । ਉਹ ਚਿੱਠੀ ਨੰ: 5543/9 ਈ. ਡੀ.- 1/80/11941 ਮਿਤੀ 30-9-1980 ਵੀ ਇਨ੍ਹਾਂ ਵਲੋਂ ਜਾਰੀ ਹੋਈ ਜਿਸ ਨੂੰ ਕਿ ਬਾਅਦ ਵਿਚ ਇਹ ਮੁੱਕਰ ਗਏ ਹਨ । ਅੱਜ ਇਹ ਕਹਿੰਦੇ ਹਨ ਕਿ ਇਕ ਹੋਰ ਚਿੱਠੀ ਉਨ੍ਹਾਂ ਨੂੰ ਲਿਖ ਦਿੱਤੀ ਹੈ ਕਿ ਤੁਹਾਡੀਆਂ ਮੰਗਾਂ ਵਿਚਾਰ ਅਧੀਨ ਹਨ । ਪਹਿਲਾਂ ਕਹਿ ਦਿੱਤਾ ਕਿ ਮੈਂ ਕਨਸੀਡ ਕਰਦਾ ਹਾਂ ਐਰ ਬਾਅਦ ਵਿਚ ਇਹ ਮੁੱਕਰ ਗਏ ਹਨ । ਇਹ ਜੋ ਐਜੂਕੇਸ਼ਨ ਦੀ ਮੱਦ ਹੈ ਇਹ ਬਹੁਤ ਜ਼ਰੂਰੀ ਆਈਟਮ ਹੈ ਐਰ ਇਸ ਨਾਲ ਫਰਾਡ ਨਹੀਂ ਕਰਨਾ ਚਾਹੀਦਾ ਹੈ । ਇਹ ਉਨ੍ਹਾਂ ਦੀਆਂ ਬੇਸਿਕ ਮੰਗਾਂ ਹਨ ਐਰ ਮਨਜ਼ੂਰ ਕਰਨੀਆਂ ਚਾਹੀਦੀਆਂ ਹਨ ।

ਵਿਦਿਆ ਮੰਤਰੀ (ਸ. ਹਰਚਰਨ ਸਿੰਘ ਅਜਨਾਲਾ): ਆਨ ਏ ਪੁਆਇੰਟ ਆਫ ਇਨਫਰਮੇਸ਼ਨ ਸਰ,ਸਪੀਕਰ ਸਾਹਿਬ,ਜੋ ਖਾਲਸਾ ਜੀ ਇਸ ਵੇਲੇ ਫਰਮਾ ਰਹੇ ਹਨ ਉਹ ਬਿਲਕੁਲ ਅਥੈਨਟਿਕ ਨਹੀਂ ਹੈ । ਅਸੀਂ ਕੋਈ ਐਲਾਨ ਨਹੀਂ ਕਰਦੇ ਜਿਹੜਾ ਅਸੀਂ ਇੰਪਲੀਮੈਂਟ ਨਾ ਕਰਨਾ ਹੋਵੇ । ਇਨ੍ਹਾਂ ਵੇਲੇ ਬੇਸ਼ੁਮਾਰ ਐਲਾਨ ਕੀਤੇ ਗਏ ਸਨ ਜੋ ਕਿ ਪੂਰੇ ਨਹੀਂ ਕੀਤੇ ਗਏ । ਅਸੀਂ ਐਲਾਨ ਉਹੀ ਕਰਦੇ ਹਾਂ ਜਿਹੜੇ ਕਿ ਪੂਰੇ ਹੋਣੇ ਹੋਣ ਐਰ ਉਹ ਲਿਖਤੀ ਰੂਪ ਵਿਚ ਕਰਦੇ ਹਾਂ । ਜੋ ਐਲਾਨ ਕਰਾਂਗੇ ਉਹ ਇੰਪਲੀਮੈਂਟ ਵੀ ਕਰਾਂਗੇ । ਜਿਸ ਐਲਾਨ ਤੇ ਕੋਈ ਅਮਲ ਨਾ ਹੋਇਆ ਹੋਵੇ ਇਹ ਐਸੀ ਕੋਈ ਮਿਸਾਲ ਮੇਰੇ ਧਿਆਨ ਵਿਚ ਲਿਆ ਦੇਣ, ਮੈਂ ਦੇਖ ਲਵਾਂਗਾ ।

ਸਰਦਾਰ ਬਸੰਤ ਸਿੰਘ ਖਾਲਸਾ: ਇਹ ਚਿੱਠੀ ਮੇਰੇ ਕੋਲ ਹੈ ਐਰ ਇਸ ਨੂੰ ਮੈਂ ਸਦਨ ਦੀ ਮੇਜ਼ ਤੇ ਰਖਦਾ ਹਾਂ । ਇਹ ਸਪੀਕਰ ਸਾਹਿਬ ਤੁਸੀਂ ਆਪ ਵੇਖ ਲਓ ਕਿ ਇਹ ਇਸ ਤੋਂ ਮੁਕਰ ਗਏ ਹਨ ਕਿ ਨਹੀਂ । ਸਪੀਕਰ ਸਾਹਿਬ ਮੇਰੇ ਹਲਕੇ ਵਿਚ ਬਹੁਤ ਸਾਰੇ ਪਿੰਡ ਵੀ ਬੇਟ ਏਰੀਆ ਵਿਚ ਹਨ । ਸਰਕਾਰ ਨੇ ਬੇਟ ਏਰੀਆ ਲਈ ਇਕ ਐਡਵਾਇਜ਼ਰੀ ਕੌਂਸਲ ਬਣਾਈ ਹੋਈ ਹੈ । ਇਸ ਬੇਟ ਏਰੀਆ ਵਿਚ ਜਿੰਨੇ ਸਕੂਲ ਹਨ ਇਨ੍ਹਾਂ ਵਿਚ ਜ਼ਿਆਦਾਤਰ ਗਰੀਬ ਐਰ ਹਰੀਜਨ ਬੱਚੇ ਪੜ੍ਹਦੇ ਹਨ । ਇਹ ਗਰੀਬ ਲੋਕ ਛੋਟੇ ਛੋਟੇ ਧੰਦੇ ਕਰਕੇ ਆਪਣਾ ਪੇਟ ਪਾਲਦੇ ਹਨ । ਗਿਆਨੀ ਜ਼ੈਲ ਸਿੰਘ ਵੇਲੇ 1000 ਸਕੂਲ ਨਵੇਂ ਖੋਲ੍ਹੇ ਗਏ, ਸੀ, ਜੋ ਕਿ ਜ਼ਿਆਦਾਤਰ ਮੇਰੇ ਏਰੀਆ ਵਿਚ ਹੀ ਸਨ । ਇਹ ਸਕੂਲ ਤਾਂ ਉਥੇ ਖੋਲ੍ਹ ਦਿੱਤੇ ਹਨ ਪਰ ਟੀਚਰ ਉਥੇ ਕੋਈ ਪਹੁੰਚਦਾ ਨਹੀ ਹੈ ਉਨ੍ਹਾਂ ਸਕੂਲਾਂ ਵਿਚੋਂ ਪੋਸਟਾਂ ਕਿਸੇ ਹੋਰ ਸਕੂਲਾਂ ਵਿਚ ਸ਼ਿਫਟ ਕੀਤੀਆਂ ਜਾ ਰਹੀਆਂ ਹਨ । ਇਸ ਵਲ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਕਿ ਕੋਈ ਪੋਸਟ ਉਥੋਂ ਸ਼ਿਫਟ ਨਾ ਕੀਤੀ ਜਾਵੇ ਐਰ ਟੀਚਰਜ਼ ਉਥੇ ਲਗਾਏ

ਜਾਣ । ਨੂਰਪੁਰ ਬੇਟ ਔਰ ਸਿਧਵਾਂ ਬੇਟ ਲੁਧਿਆਣਾ ਤੇ ਜਗਰਾਓਂ ਤੋਂ ਕੋਈ ਦਸ ਪੰਦਰਾਂ ਮੀਲ ਤੇ ਹਨ। ਇਥੇ ਕੁੜੀਆਂ ਦਾ ਕਾਲਜ ਬਣਾਉਣਾ ਚਾਹੀਦਾ ਹੈ । ਕੁੜੀਆਂ ਦੂਰ ਜਾਕੇ ਪੜ੍ਹ ਨਹੀਂ ਸਕਦੀਆਂ । ਇਸ ਬੇਟ ਏਰੀਆ ਵਿਚ ਵਜ਼ੀਰ ਸਾਹਿਬ ਨੂੰ ਉਚੇਚੇ ਤੌਰ ਤੇ ਧਿਆਨ ਦੇਕੇ ਸਕੂਲਜ਼ ਔਰ ਕਾਲਜਿਜ਼ ਖੋਲ੍ਹਣੇ ਚਾਹੀਦੇ ਹਨ । ਬੈਕਵਰਡ ਕਲਾਸਿਜ਼- ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ਼ ਕਾਰਪੋਰੇਸ਼ਨ ਐਂਡ ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ਼ ਕਾਰਪੋਰੇਸ਼ਨ ਨੂੰ ਪੈਸਾ ਦਿੰਦੇ ਹਨ । ਇਸ ਕਾਰਪੋਰੇਸ਼ਨ ਨੇ ਉਨ੍ਹਾਂ ਗਰੀਬ ਲੋਕਾਂ ਨੂੰ ਪੈਸਾ ਦੇਣਾ ਹੈ । ਜਿਸ ਵੇਲੇ ਇਹ ਕਾਰਪੋਰੇਸ਼ਨ ਬਣਾਈ ਸੀ ਉਸ ਵੇਲੇ ਇਸ ਦੀ ਪੂੰਜੀ 5 ਕਰੋੜ ਰੁਪਏ ਦੀ ਸੀ । ਫਿਰ ਇਹ 10 ਕਰੋੜ ਰੁਪਏ ਦੀ ਪੂੰਜੀ ਕੀਤੀ ਗਈ ਅਤੇ ਇਸ ਕਾਰਪੋਰੇਸ਼ਨ ਦੀ ਜ਼ਾਤੀ ਪੂੰਜੀ ਨਿੱਜੀ ਪੂੰਜੀ ਬਣਾ ਦਿੱਤੀ ਗਈ । (ਵਿਘਨ) ਸਪੀਕਰ ਸਾਹਿਬ, 1979-80 ਵਿਚ 25 ਕਰੋੜ ਰੁਪਿਆ ਬਜਟ ਵਿਚ ਇੰਟਰੈਸਟ ਫਰੀ ਲੋਨ ਲਈ ਰੱਖਿਆ ਗਿਆ ਸੀ । ਇਹ ਰੁਪਿਆ ਵੀ ਕਾਰਪੋਰੇਸ਼ਨ ਨੂੰ ਡਾਇਰੈਕਟ ਦੇਣਾ ਸੀ ਤਾਂਕਿ ਉਹ ਗਰੀਬ ਲੋਕ ਪੈਸਾ ਲੈ ਕੇ ਆਪਣਾ ਕੰਮ ਚਲਾਉਣ (ਵਿਘਨ) ਲੇਕਿਨ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਬੈਠੇ ਹਨ, ਧੰਨੋਵਾਲੀ ਜੀ ਵੀ ਬੈਠੇ ਹਨ, ਇਹ ਸੁਣ ਲੈਣ, ਬੈਂਕਾਂ ਰਾਹੀਂ ਪੈਸੇ ਦੇਣੇ ਬਿਲਕੁਲ ਭੈੜਾ ਸਿਸਟਮ ਹੈ ਬੈਂਕ ਕਿ ਗਰੀਬਾਂ ਨੂੰ ਪੈਸੇ ਨਹੀਂ ਦੇ ਰਹੇ । (ਵਿਘਨ) ਜੇ ਕਾਰਪੋਰੇਸ਼ਨ ਕਿਸੇ ਦਾ 25 ਹਜ਼ਾਰ ਰੁਪਿਆ ਮਨਜ਼ੂਰ ਕਰਦੀ ਹੈ। ਪਰ ਬੈਂਕ ਸਿਰਫ 7 ਹਜ਼ਾਰ ਕਰਜ਼ਾ ਦੇਣ ਲਈ ਤਿਆਰ ਹੈ ।

ਸ੍ਰੀ ਸਪੀਕਰ : ਤੁਸੀਂ ਵਾਇੰਡ ਅੱਪ ਕਰੋ ।

ਸਰਦਾਰ ਬਸੰਤ ਸਿੰਘ ਖਾਲਸਾ: ਮੈਂ ਥੋੜ੍ਹਾ ਜਿਹਾ ਹੋਰ ਬੋਲਣਾ ਹੈ ਜੀ। ਮੈਂ ਕਹਿ ਰਿਹਾ ਸੀ ਕਿ ਬੈਂਕਾਂ ਰਾਹੀਂ ਕਰਜ਼ਾ ਦੇਣਾ ਬਿਲਕੁਲ ਭੈੜਾ ਸਿਸਟਮ ਹੈ, ਕੋਈ ਪੈਸਾ ਨਹੀਂ ਦੇ ਰਹੇ । ਜਿਹੜਾ 30 ਕਰੋੜ ਰੁਪਿਆ ਰੱਖਿਆ ਗਿਆ ਸੀ, ਇਹ ਬਿਲਕੁਲ ਫਰਾਡ ਕੀਤਾ ਗਿਆ ਹੈ ਅਤੇ ਕੋਈ ਪੈਸਾ ਨਹੀਂ ਦਿਤਾ ਜਾ ਰਿਹਾ । ਲੋਕਾਂ ਨਾਲ ਧੋਖਾ ਹੋ ਰਿਹਾ ਹੈ । ਇਹ ਸਿਸਟਮ ਬਹੁਤ ਮਾੜਾ ਹੈ । (ਵਿਘਨ) ਜੇ ਕਾਰਪੋਰੇਸ਼ਨ ਕਿਸੇ ਦਾ 20-25 ਹਜ਼ਾਰ ਰੁਪਿਆ ਮਨਜ਼ੂਰ ਕਰਦੀ ਹੈ ਤਾਂ ਅਗੇ ਬੈਂਕ ਕਹਿ ਦਿੰਦੇ ਹਨ ਕਿ ਸਾਡੇ ਕੋਲ ਐਨਾ ਪੈਸਾ ਨਹੀਂ ਹੈ ਅਤੇ ਤੁਹਾਨੂੰ ਦੇ ਨਹੀਂ ਸਕਦੇ । ਸਪੀਕਰ ਸਾਹਿਬ, ਮੈਂ ਅਪਣੇ ਹਲਕੇ ਦੀ ਗੱਲ ਦਸਦਾ ਹਾਂ । ਉਥੇ ਇਕ ਚੱਕ ਪਿੰਡ ਹੈ । ਉਥੇ ਗਰੀਬ ਹਰੀਜਨ ਦਾ 15 ਹਜ਼ਾਰ ਰੁਪਿਆ ਮਨਜ਼ੂਰ ਹੋਇਆ । ਉਹ ਬੈਂਕ ਕੋਲ ਪੈਸੇ ਲੈਣ ਗਿਆ । ਬੈਂਕ ਵਾਲੇ ਕਹਿਣ ਲਗੇ ਕਿ 7 ਹਜ਼ਾਰ ਰੁਪਿਆ ਦਿਆਂਗੇ । ਜਦ ਉਹ 7 ਹਜ਼ਾਰ ਰੁਪਿਆ ਲੈਣ ਗਿਆ ਤਾਂ ਬੈਂਕ ਵਾਲੇ ਕਹਿਣ ਲਗੇ ਕਿ ਤੁਹਾਡੇ ਪਿੰਡ ਦੀ ਰਿਕਵਰੀ ਠੀਕ ਨਹੀਂ ਹੈ ਇਸ ਲਈ ਅਸੀਂ ਪੈਸਾ ਨਹੀਂ ਦੇ ਸਕਦੇ । ਇਹ ਇਨ੍ਹਾਂ ਦਾ ਹਾਲ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਨੀਅਤ ਨਾਲ ਇਹ ਕਾਰਪੋਰੇਸ਼ਨਾਂ ਬਣਾਈਆਂ ਗਈਆਂ ਸਨ ਉਹ ਮਕਸਦ ਪੂਰਾ ਨਹੀਂ ਹੋ ਰਿਹਾ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਕਹਿ ਦਿੱਤਾ ਕਿ 30 ਕਰੋੜ ਰੁਪਿਆ ਖਰਚ ਕਰ ਦਿੱਤਾ । ਇਸ ਦੀ ਇਨਕੁਆਰੀ ਪਤਾ ਨਹੀਂ ਕਿਸ ਤਰ੍ਹਾਂ ਹੋਵੇਗੀ ਕਿ ਕਿਸ ਤਰਾਂ ਖਰਚ ਕਰ ਦਿੱਤਾ । ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਫੰਕਸ਼ਨਜ਼ ਤੁਸੀ ਕੀਤੇ ਉਹ ਬੰਗੇ ਅਤੇ ਨਕੋਦਰ ਕੀਤੇ ਜਿਨ੍ਹਾਂ ਅਨਾਊਂਸ ਕੀਤਾ, ਦੇ ਦਿੱਤਾ ਪਰ ਕਿਸ ਨੂੰ ਦਿੱਤਾ ਇਸ ਬਾਰੇ ਕੋਈ ਪਤਾ ਨਹੀਂ । (ਵਿਘਨ) ਜੇ ਇਕ ਕਰੋੜ ਰੁਪਿਆ ਕਿਹਾ ਤਾਂ 50 ਲੱਖ ਜਾਂ 50 ਲੱਖ ਤੋਂ ਵੀ ਘੱਟ ਪੈਸੇ ਵੰਡ ਕੇ ਪੂਰੇ ਹੋਏ । ਮੈਂ ਕਹਿੰਦਾ ਹਾਂ ਕਿ ਪੈਸਾ ਸਿੱਧਾ ਕਾਰਪੋਰੇਸ਼ਨ ਨੂੰ ਦੇਣਾ ਚਾਹੀਦਾ ਹੈ ਅਤੇ ਕਾਰਪੋਰੇਸ਼ਨ ਹੀ ਇਹ ਪੈਸੇ ਵੰਡੇ ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਰੋਡਵੇਜ਼ ਦੀ ਗੱਲ ਕਰਕੇ ਬੈਠ ਜਾਵਾਂਗਾ। (ਵਿਘਨ) ਮੈਂ ਕਿਰਾਏ ਦੀ ਗੱਲ ਨਹੀਂ ਕਰਦਾ। ਪੰਜਾਬ ਰੋਡਵੇਜ਼ ਨੇ ਕੁਝ ਬੱਸਾਂ ਕਾਰਪੋਰੇਸ਼ਨ ਨੂੰ ਦੇ ਦਿੱਤੀਆਂ ਸਨ। ਇਨ੍ਹਾਂ ਰੂਟਾਂ ਦਾ ਬਹੁਤ ਹਿੱਸਾ ਉਹ ਮੇਰੇ ਹਲਕੇ ਵਿਚ ਪੈਂਦਾ ਹੈ, ਮੈਂ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਪੰਜਾਬ ਰੋਡਵੇਜ਼ ਦੀਆਂ ਕਾਰਪੋਰੇਸ਼ਨ ਨੂੰ ਦਿੱਤੀਆਂ ਹਨ ਉਹ ਵਾਪਸ ਲੈ ਲੈਣੀਆਂ ਚਾਹੀਦੀਆਂ ਹਨ ਕਿਉਂਕਿ ਉਨ੍ਹਾਂ ਦੇ ਕੋਈ ਸ਼ੀਸ਼ਾ ਨਹੀਂ ਹੈ, ਉਨ੍ਹਾਂ ਦੀਆਂ ਸੀਟਾਂ ਸਾਬਤ ਨਹੀਂ ਹਨ, ਉਨ੍ਹਾਂ ਦੇ ਕੋਈ ਸਟਿਪਨੀ ਨਹੀਂ, ਬੱਸਾਂ ਨਾਕਸ ਹਨ। ਇਸ ਲਈ ਮੈਂ ਕਹਾਂਗਾ ਕਿ ਪੰਜਾਬ ਗੌਰਮਿੰਟ ਉਹ ਬੱਸਾਂ ਵਾਪਸ ਲੈ ਲਵੇ ਅਤੇ ਉਥੇ 60 : 40 ਦੀ ਰੇਸ਼ੋ ਨਾਲ ਨਵੀਆਂ ਬੱਸਾਂ ਚਲਾ ਦਿੱਤੀਆਂ ਜਾਣ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ ਸਾਡਾ ਟਾਈਮ ਕਿੰਨਾ ਹੈ, ਇਸ ਬਾਰੇ ਦੱਸ ਦਿਓ?

ਸ੍ਰੀ ਸਪੀਕਰ : ਟਾਇਮ ਬਾਰੇ ਪਹਿਲਾਂ ਡਿਪਟੀ ਸਪੀਕਰ ਸਾਹਿਬ ਵੀ ਦੱਸ ਚੁੱਕੇ ਹਨ। ਮੈਂ ਫਿਰ ਦੱਸ ਦਿੰਦਾ ਹਾਂ। ਕਾਂਗਰਸ ਪਾਰਟੀ ਦਾ ਟਾਈਮ 1 ਘੰਟਾ 40 ਮਿੰਟ, ਅਕਾਲੀ ਦਲ (ਲੌਂਗੋਵਾਲ) 33 ਮਿੰਟ 20 ਮਿੰਟ ਉਹ ਖ਼ਰਚ ਵੀ ਕਰ ਚੁੱਕੇ ਹਨ। ਸੀ. ਪੀ. ਆਈ. 9 ਮਿੰਟ। ਸੀ.ਪੀ.ਆਈ. (ਐਮ) 5 ਮਿੰਟ ਅਤੇ ਅਕਾਲੀ ਦਲ (ਤਲਵੰਡੀ) 4 ਮਿੰਟ। ਹੁਣ ਮੈਂ ਸ੍ਰੀ ਪਿਆਰਾ ਰਾਮ ਧੰਨੋਵਾਲੀਆ ਨੂੰ ਬੋਲਣ ਲਈ ਕਾਲ ਅਪਾਨ ਕਰਦਾ ਹਾਂ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ)(ਐਸ.ਸੀ): ਸਪੀਕਰ ਸਾਹਿਬ, ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਨੇ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ 70 ਕਰੋੜ ,58 ਲੱਖ, 35 ਹਜ਼ਾਰ ਰੁਪਏ ਦੀਆਂ ਪੇਸ਼ ਕੀਤੀਆਂ ਹਨ ਮੈਂ ਉਸ ਉਤੇ ਕੁੱਝ ਬੋਲਣ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਸ ਰੁਪਏ ਦੀ ਬਜਟ ਵਿਚ ਪਹਿਲਾਂ ਪ੍ਰੋਵੀਜ਼ਨ ਨਹੀਂ ਸੀ। ਕੁਝ ਨਵੀਆਂ ਸਕੀਮਾਂ ਇਨ੍ਹਾਂ ਡਿਮਾਂਡਜ਼ ਵਿਚ ਆਈਆਂ ਹਨ, ਕੁਝ ਨੈਚੁਰਲ ਕਲੈਮਿਟੀਜ਼ ਕਰਕੇ ਖ਼ਰਚਾ ਅਤੇ ਕੁਝ ਸਰਕਾਰੀ ਕਰਮਚਾਰੀਆਂ ਅਤੇ ਕੁਝ ਦੂਸਰੇ ਵਰਗ ਦੇ ਲੋਕਾਂ ਦੀ ਭਲਾਈ ਲਈ ਉਨ੍ਹਾਂ ਦੀਆਂ ਤਨਖਾਹਾਂ ਵਧਾਉਣ ਕਰਕੇ ਜੋ ਸਾਡੇ ਵਿੱਤ ਮੰਤਰੀ ਜੀ ਨੇ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਕੀਤੀਆਂ ਹਨ, ਮੈਂ ਉਨ੍ਹਾਂ ਉਤੇ ਸਮੁੱਚੇ ਤੌਰ ਤੇ ਨਹੀਂ ਬਲਕਿ 2-3 ਡਿਮਾਂਡਜ਼ ਤੇ 2-4 ਮਿੰਟ ਲਈ ਅਰਜ਼ ਕਰਾਂਗਾ। ਸਫਾ ਨੰ, 40-41 ਅਤੇ 42 ਤੇ ਡਿਮਾਂਡ ਨੰ: 23 ਹੈ ਜਿਸ ਦੇ ਸਬੰਧ ਵਿਚ ਹੁਣੇ ਹੁਣੇ ਮੇਰੇ ਦੋਸਤ ਖਾਲਸਾ ਜੀ ਪੰਜਾਬ ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੇ ਬਾਰੇ ਬੋਲ ਰਹੇ ਸਨ। ਸਪੀਕਰ ਸਾਹਿਬ, ਸ਼ੈਡਿਊਲਡ ਕਾਸਟਸ, ਬੈਕਵਰਡ ਕਲਾਸਿਜ਼ ਅਤੇ ਵੀਕਰ ਸੈਕਸ਼ਨ ਸਮਾਜ ਦਾ ਪਛੜਿਆਂ ਹੋਇਆ ਅੰਗ ਅਤੇ ਜਿਨ੍ਹਾਂ ਪਾਸ ਕੁਝ ਨਹੀਂ ਹੈ ਪਰ ਇਸ ਦੇ ਮੁਕਾਬਲੇ ਵਿਚ ਸਮਾਜ ਵਿਚ ਦੂਸਰੀਆਂ ਜਾਤਾਂ ਕੋਲ ਸ਼ੁਰੂ ਤੋਂ ਹੀ ਸਭ ਕੁਝ ਹੈ, ਉਨ੍ਹਾਂ ਪਛੜੇ ਹੋਏ ਵਰਗਾਂ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਬੜੇ ਉਪਰਾਲੇ ਕੀਤੇ ਹਨ ਔਰ ਕਰੋੜਾਂ ਰੁਪਏ ਉਨ੍ਹਾਂ ਨੂੰ ਆਪਣੇ ਕੰਮ ਧੰਦੇ ਵਿਚ ਲਾਉਣ ਲਈ ਕਰਜ਼ੇ ਦੇ ਤੌਰ ਤੇ ਦੇਣੇ ਹਨ। ਸਪੀਕਰ ਸਾਹਿਬ, ਇਹ ਗੱਲ ਦਰੁੱਸਤ ਹੈ ਕਿ ਇਹ ਸਕੀਮ ਬਹੁਤ ਅੱਛੀ ਹੈ। ਇਸ ਸਬੰਧ ਵਿਚ ਇਹ ਜਿਹੜੇ ਬੈਂਕਾਂ ਦੇ ਥਰੂ ਕਰਜ਼ੇ ਦੇਣੇ ਸ਼ੁਰੂ ਕੀਤੇ ਹਨ ਮੈਂ ਉਸ ਸਬੰਧ ਵਿਚ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਸ ਉਤੇ ਵਿਚਾਰ ਕਰਨੀ ਚਾਹੀਦੀ ਹੈ। ਸਾਡਾ ਇਹ ਵਿਚਾਰ ਹੈ ਅਤੇ ਤਜਰਬਾ ਹੈ ਕਿ ਬੈਂਕਾਂ ਰਾਹੀਂ ਪੈਸੇ ਦੇਣੇ ਯੂਜ਼ਫੁੱਲ ਨਹੀਂ ਹੋ ਸਕਣਗੇ ਜਿੰਨੇ ਕਿ ਕਾਰਪੋਰੇਸ਼ਨ ਰਾਹੀਂ ਸਿੱਧੇ ਦੇਣੇ ਯੂਜ਼ਫੁੱਲ ਹੋ ਸਕਦੇ ਹਨ। ਮੈਂ ਸਮਝਦਾ ਹਾਂ ਕਿ ਕਾਰਪੋਰੇਸ਼ਨ ਸਿੱਧੇ ਹੀ ਗਰੀਬ ਲੋਕਾਂ ਨੂੰ ਕਰਜ਼ੇ ਦੇ ਕੇ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ। ਕਾਰਪੋਰੇਸ਼ਨ ਨੂੰ ਵੱਧ ਤੋਂ ਵੱਧ ਪੈਸਾ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਸਫਾ ਨੰ: 43 ਤੇ ਇਸੇ ਸਬੰਧ ਵਿਚ ਇਕ ਨਵੀਂ ਸਕੀਮ ਆਈ ਹੈ। ਸ਼ੈਡਿਊਲਡ ਕਾਸਟਸ ਬੱਚੇ ਜੋ ਸਕੂਲਾਂ ਵਿਚ ਪੜ੍ਹਦੇ ਹਨ ਉਨ੍ਹਾਂ ਨੂੰ 8ਵੀਂ ਜਮਾਤ ਤੱਕ ਵਜ਼ੀਫੇ ਦਿੱਤੇ ਜਾਂਦੇ ਸਨ ਲੇਕਿਨ ਹੁਣ ਇਕ ਬਹੁਤ ਅੱਛੀ ਸਕੀਮ ਬਣਾਈ ਗਈ ਹੈ ਜੋ ਇਸ ਸਪਲੀਮੈਂਟਰੀ ਡਿਮਾਂਡਜ਼ ਵਿਚ ਆਈ ਹੈ ਕਿ ਸ਼ੈਡਿਊਲਡ ਕਾਸਟਸ ਲੜਕੀਆਂ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਦੀਆਂ ਹਨ ਉਨ੍ਹਾਂ ਨੂੰ ਵੀ 40 ਰੁਪਏ, 50 ਰੁਪਏ ਮਹੀਨਾ ਵਜ਼ੀਫਾ ਦੇਣ ਦੀ ਸਕੀਮ ਹੈ । ਇਸ ਨਾਲ ਉਨ੍ਹਾਂ ਗਰੀਬ ਲੋਕਾਂ ਵਿਚ ਤਾਲੀਮ ਦਾ ਫੈਲਾਅ ਹੋਵੇਗਾ ਅਤੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਬਾਕੀ ਲੋਕਾਂ ਵਾਂਗ ਤਰੱਕੀ ਕਰਨਗੇ ।

ਅਗਲੀ ਡੀਮਾਂਡ ਨੰਬਰ 19 ਹੈ ਜੋ ਸਫ਼ਾ ਨੰਬਰ 23 ਤੇ ਹੈ । ਇਸਦੇ ਵਿਚ ਡਿਸਟ੍ਰਿਕਟ ਅਤੇ ਸਬਡਵੀਜ਼ਨਲ ਐਡਮਨਿਸਟਰੇਸ਼ਨ ਬਾਰੇ ਲਿਖਿਆ ਹੋਇਆ ਹੈ । ਇਸ ਵਿਚ ਜੋ ਪੈਸੇ ਰਖੇ ਗਏ ਹਨ ਮੈਂ ਉਸ ਦੇ ਬਾਰੇ ਇਕ ਬੇਨਤੀ ਤੁਹਾਡੇ ਜ਼ਰੀਏ ਸਪੀਕਰ ਸਾਹਿਬ, ਸਰਕਾਰ ਨੂੰ ਕਰਾਂਗਾ ਕਿ ਸਬ-ਡਵੀਜ਼ਨ ਲੈਵਲ ਤੇ, ਡਿਸਟ੍ਰਿਕਟ ਲੈਵਲ ਤੇ ਜਿਹੜੇ ਆਫਿਸਿਜ਼ ਹਨ ਲੋਕਾਂ ਨੂੰ ਇਧਰ ਉਧਰ ਭਟਕਣਾ ਪੈਂਦਾ ਹੈ। ਜਿਹੜੀ ਪਹਿਲਾਂ ਇਕ ਸਕੀਮ ਬਣਾਈ ਸੀ ਮਿਨੀ ਸੈਕਟਰੀਏਟ ਦੀ ਉਸ ਨੂੰ ਸਾਰਿਆਂ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾਵੇ ਔਰ ਸਬ-ਡਵੀਜ਼ਨ ਲੈਵਲ ਤੇ ਵੀ ਇਕੋ ਜਗ੍ਹਾ ਤੇ ਦਫਤਰ ਹੋਣੇ ਚਾਹੀਦੇ ਹਨ । ਸਪੀਕਰ ਸਾਹਿਬ, ਮੈਂ ਤੁਹਾਨੂੰ ਫਗਵਾੜੇ ਦੀ ਮਿਸਾਲ ਦੇਣਾ ਚਾਹੁੰਦਾ ਹਾਂ । ਉਥੇ ਤਹਿਸੀਲ ਕੰਪਲੈਕਸ ਬਣਾਇਆ ਹੋਇਆ ਹੈ । ਉਸ ਦੇ ਵਿਚ ਪਹਿਲਾਂ ਕੋਈ ਪ੍ਰੋਵਿਜ਼ਨ ਨਹੀਂ ਸੀ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਕੋਰਟ ਦੀ ਅਤੇ ਰੈਜ਼ੀਡੈਂਸ ਦੀ ਉਹ ਉਥੇ ਫਿਰ ਮਨਜ਼ੂਰ ਕੀਤੀ ਗਈ। ਮੈਂ ਇਸ ਦੇ ਨਾਲ ਹੀ ਇਹ ਬੇਨਤੀ ਕਰਾਂਗਾ ਕਿ ਹਰ ਸਬ-ਡਵੀਜ਼ਨ ਵਿਚ ਇਕ ਡੀ.ਐਸ.ਪੀ. ਹੁੰਦਾ ਹੈ ਉਸ ਦੇ ਵੀ ਦਫਤਰ ਅਤੇ ਰੈਜ਼ੀਡੈਂਸ ਇਕੋ ਜਗ੍ਹਾ ਹੋਣੀ ਚਾਹੀਦੀ ਹੈ ਔਰ ਹੋਰ ਜਿਹੜੇ ਅਫ਼ਸਰ ਸਬ-ਡਵੀਜ਼ਨ ਲੈਵਲ ਦੇ ਹਨ ਉਨ੍ਹਾਂ ਦੀ ਰਿਹਾਇਸ਼ ਅਤੇ ਆਫਿਸਿਜ਼ ਇਕੋ ਜਗ੍ਹਾ ਹੋਣੇ ਚਾਹੀਦੇ ਹਨ ਤਾਂਕਿ ਪਿੰਡਾਂ ਦੇ ਲੋਕ ਜੋ ਆਪਣੇ ਕੰਮਾਂ ਵਾਸਤੇ ਉਥੇ ਆਉਂਦੇ ਹਨ ਉਨ੍ਹਾਂ ਨੂੰ ਥਾਂ ਥਾਂ ਤੇ ਨਾ ਜਾਣਾ ਪਵੇ । ਇਸ ਦੇ ਬਾਰੇ ਮੈਂ ਇਹ ਜ਼ਰੂਰ ਬੇਨਤੀ ਕਰਨਾ ਚਾਹੁੰਦਾ ਹਾਂ ।

ਇਸ ਤੋਂ ਅਗਲੀ ਚੌਥੀ ਡੀਮਾਂਡ ਨੰਬਰ 34 ਹੈ ਜੋ ਸਫ਼ਾ ਨੰਬਰ 54 ਤੇ ਹੈ । ਸਪੀਕਰ ਸਾਹਿਬ,ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਲੈਦਰ ਡਿਵੈਲਪਮੈਂਟ ਕਾਰਪੋਰੇਸ਼ਨ ਬਣਾ ਕੇ ਜਿਹੜਾ ਚਮੜੇ ਦਾ ਕੰਮ ਕਰਨ ਵਾਲੇ ਲੋਕ ਹਨ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਹੈ । ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਸਿਆਲਕੋਟ ਸਪੋਰਟਸ ਗੁਡਜ਼ ਬਣਾਉਣ ਵਿਚ ਇਕ ਬਹੁਤ ਵੱਡਾ ਕੇਂਦਰ ਸੀ ਜਿਸ ਦਾ ਹਿੰਦੁਸਤਾਨ ਦੇ ਵਿਚ ਨਹੀਂ ਬਲਕਿ ਦੁਨੀਆਂ ਦੇ ਨਕਸ਼ੇ ਤੇ ਨਾਮ ਸੀ ਸਪੋਰਟਸ ਗੁਡਜ਼ ਬਣਾਉਣ ਲਈ । ਪਾਕਿਸਤਾਨ ਬਣਨ ਤੋਂ ਬਾਅਦ ਇਹ ਜਲੰਧਰ ਵਿਚ ਕੇਂਦਰ ਮੁਤਕਿਲ ਹੋ ਗਿਆ । ਇਥੇ ਫੁਟਬਾਲ, ਬਾਲੀਬਾਲ, ਕ੍ਰਿਕਟ ਬਾਲ ਅਤੇ ਹੋਰ ਚਮੜੇ ਦੀਆਂ ਬਾਕੀ ਬੇਸ਼ੁਮਾਰ ਚੀਜ਼ਾਂ ਬਣਦੀਆਂ ਹਨ । ਮੈਂ ਇਸ ਦੇ ਮੁਤੱਲਕ ਬੇਨਤੀ ਕਰਾਂਗਾ ਕਿ ਜਲੰਧਰ ਔਰ ਬੰਗਾ ਵਿਚ ਸਰਕਾਰ ਨੇ, ਸ. ਪਰਤਾਪ ਸਿੰਘ ਕੈਰੋਂ ਦੀ ਸਰਕਾਰ ਵੇਲੇ ਟੈਨਰੀਜ਼ ਬਣਾਈਆਂ ਸਨ ਉਨ੍ਹਾਂ ਦੀ ਹਾਲਤ ਬੜੀ ਖਸਤਾ ਹੈ । ਮੇਰੀ ਬੇਨਤੀ ਹੈ ਕਿ ਸ਼ੈਡਿਊਲਡ ਕਾਸਟਸ ਲੋਕ,ਜਿਹੜਾ ਚਮੜੇ ਦਾ ਕੰਮ ਕਰਦੇ ਹਨ, ਉਨ੍ਹਾਂ ਦੀਆਂ ਸੋਸਾਇਟੀਆਂ ਬਣਾ ਕੇ ਜਾਂ ਸਰਕਾਰ ਉਨ੍ਹਾਂ ਨੂੰ ਇਸ ਕਾਰਪੋਰੇਸ਼ਨ ਕੋਲ ਲੈ ਕੇ ਉਸ ਨੂੰ ਬੜ੍ਹਾਵਾ ਦੇਵੇ ਤਾਂਕਿ ਸਾਡੇ ਹਿੰਦੁਸਤਾਨ ਵਿਚ ਜੋ ਪੰਜਾਬ ਵਿਚ ਚਮੜੇ ਦੀਆਂ ਚੀਜ਼ਾਂ ਬਣਦੀਆਂ ਹਨ, ਚਮੜੇ ਦੀਆਂ ਜੁੱਤੀਆਂ ਬਣਦੀਆਂ ਹਨ ਜਿਨ੍ਹਾਂ ਦੇ ਉਤੇ ਬਾਟੇ ਦੀ ਇਜਾਰਾਦਾਰੀ ਹੈ ਜਿਹੜਾ ਛੋਟੇ ਛੋਟੇ ਮਜ਼ਦੂਰਾਂ ਕੋਲੋਂ, ਛੋਟੇ ਛੋਟੇ ਚਮੜੇ ਦਾ ਕੰਮ ਕਰਨ ਵਾਲੇ ਮਜ਼ਦੂਰ ਵਰਗ ਕੋਲੋਂ ਜੋ ਗਲੀਆਂ ਮੁਹੱਲਿਆਂ ਵਿਚ ਕੰਮ ਬੈਠ ਕੇ ਕਰਦੇ ਹਨ ਉਨ੍ਹਾਂ ਤੇ ਆਪਣੀ ਬਾਟਾ ਦੀ ਮੋਹਰ ਲਗਾ ਕੇ ਸੌ ਸੌ ਰੁਪਏ, ਡੇਢ ਡੇਢ

[ਸ੍ਰੀ ਪਿਆਰਾ ਰਾਮ ਧਨੌਂਵਾਲੀਆ]

ਸੌ ਰੁਪਏ ਜਾਂ 4-5 ਸੌ ਰੁਪਏ ਫੀ ਜੋੜਾ ਵੇਚਦੇ ਹਨ ਤਾਂ ਜੋ ਉਹ ਪੈਸਾ ਸਰਕਾਰ ਪਾਸ ਆਵੇ । ਸਰਕਾਰ ਇਹ ਸਾਰਾ ਕੰਮ ਆਪਣੇ ਹੱਥ ਵਿਚ ਲੈ ਕੇ ਕੰਮ ਕਰੇ । ਇਸ ਦੇ ਵਿਚ ਹੋਰ ਵੱਧ ਤੋਂ ਵੱਧ ਰਕਮ ਰੱਖ ਕੇ ਇਸ ਨੂੰ ਬੜ੍ਹਾਵਾ ਦਿੱਤਾ ਜਾਵੇ ਤਾਂਕਿ ਸਾਡੇ ਦੇਸ਼ ਦੇ ਬਣੇ ਬੂਟ ਵਗੈਰਾ ਹਨ ਜਾਂ ਹੋਰ ਚਮੜੇ ਦੀਆਂ ਚੀਜ਼ਾਂ ਹਨ, ਜੋ ਸਾਡਾ ਸਪੋਰਟਸ ਦਾ ਸਾਮਾਨ ਹੈ ਜੋ ਬਾਹਰਲੇ ਦੇਸ਼ਾਂ ਵਿਚ ਬੜੀ ਮਾਤਰਾ ਵਿਚ ਜਾਂਦਾ ਹੈ, ਰਸ਼ੀਆ ਵਿਚ ਜਾਂਦਾ ਹੈ, ਯੂਰਪ ਦੀਆਂ ਮੰਡੀਆਂ ਵਿਚ ਜਾਂਦਾ ਹੈ ਉਸ ਨੂੰ ਬੜ੍ਹਾਵਾ ਮਿਲ ਸਕੇ ਔਰ ਸਾਡੇ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ ।

ਸਪੀਕਰ ਸਾਹਿਬ, ਆਖ਼ਰੀ ਸਫ਼ਾ ਨੰਬਰ 56 ਤੇ ਡੀਮਾਂਡ ਨੰਬਰ 37 ਹੈ । ਉਸ ਵਿਚ ਟਰਾਂਸਪੋਰਟ ਦਾ ਜ਼ਿਕਰ ਹੈ । ਟਰਾਂਸਪੋਰਟ ਵਿਚ ਜੋ ਸਾਨੂੰ ਵਹੀਕਲਜ਼ ਚਾਹੀਦੀਆਂ ਹਨ ਜਾਂ ਸਾਨੂੰ ਟਰਾਂਸਪੋਰਟ ਨੂੰ ਬੇਹਤਰ ਬਣਾਉਣ ਲਈ ਜੋ ਪੈਸਾ ਚਾਹੀਦਾ ਹੈ ਉਸ ਲਈ ਇਹ ਡੀਮਾਂਡ ਹੈ । ਮੈਂ ਇਸ ਬਾਰੇ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਥੇ ਅਸੈਂਬਲੀ ਹਾਲ ਵਿਚ ਬੈਠ ਕੇ, ਅਸੈਂਬਲੀ ਹਾਲ ਵਿਚ ਖੜ੍ਹੇ ਹੋ ਕੇ ਇਹ ਤਾਂ ਮੰਗ ਕਰਦੇ ਹਾਂ ਕਿ ਸਾਡਾ ਪੰਜਾਬ ਬਹਿਸ਼ਤ ਬਣ ਜਾਵੇ, ਇਥੇ ਹਰ ਕਿਸਮ ਦੀਆਂ ਸਹੂਲਤਾਂ ਹੋਣ / ਪੰਜਾਬ ਵਿਚ ਹਰ ਥਾਂ ਤੇ ਜਾਣ ਲਈ ਸੜਕਾਂ ਹੋਣ, ਬੱਸਾਂ ਹੋਣ ਔਰ-ਏ ਕਲਾਸ ਬੱਸਾਂ ਹੋਣ ਲੇਕਿਨ ਇਹ ਪੈਸਾ ਕਿਥੋਂ ਆਉਣਾ ਹੈ ? ਪੈਸਾ ਤਾਂ ਟੈਕਸ ਲਾ ਕੇ ਹੀ ਆਉਣਾ ਹੈ । (ਵਿਘਨ)

ਸ੍ਰੀ ਸਪੀਕਰ: ਧਨੌਂਵਾਲੀਆ ਸਾਹਿਬ, ਹੁਣ ਵਾਈਂਡ ਅੱਪ ਕਰ ਦਿਓ ।

ਸ੍ਰੀ ਪਿਆਰਾ ਰਾਮ ਧਨੌਂਵਾਲੀਆ : ਵਾਈਂਡ ਅੱਪ ਹੀ ਕਰਨ ਲਗਾ ਹਾਂ ਜੀ। ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਪੈਸਾ ਟੈਕਸ ਲਾ ਕੇ ਹੀ ਆਉਣਾ ਹੈ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਬੱਸਾਂ ਦੀ ਹਾਲਤ ਬੇਹਤਰ ਕਰਨ ਲਈ, ਨਵੀਆਂ ਬੱਸਾਂ ਖਰੀਦਣ ਲਈ ਪੈਸਾ ਚਾਹੀਦਾ ਹੈ । (ਵਿਘਨ) ਇਹ ਬੜਾ ਭੁਲੇਖਾ ਇਨ੍ਹਾਂ ਭਰਾਵਾਂ ਵਲੋਂ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਬੜਾ ਪਬਲਿਕ ਵਿਚ ਪਾਇਆ ਗਿਆ ਔਰ ਬੜਾ ਹੰਗਾਮਾਂ ਕੀਤਾ ਗਿਆ, ਅਸੈਂਬਲੀ ਢਾਹੁਣ ਦੀ ਨੀਅਤ ਨਾਲ ਆ ਗਏ । ਪਰ ਮੈਂ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਟੈਕਸ ਇਸ ਲਈ ਲਾਉਣਾ ਪਿਆ ਕਿ ਬੱਸਾਂ ਦੀ ਹਾਲਤ ਬੇਹਤਰ ਹੋਵੇ,ਪਿੰਡਾਂ ਵਿਚ ਸੜਕਾਂ ਬਣਾਉਣ ਲਈ ਔਰ ਜਿਥੇ ਬੱਸਾਂ ਨਹੀਂ ਚਲਦੀਆਂ ਉਥੇ ਨਵੀਆਂ ਬੱਸਾਂ ਖਰੀਦਣ ਲਈ ਅਤੇ ਉਥੇ ਬੱਸਾਂ ਚਲਾਉਣ ਲਈ ਇਹ ਟੈਕਸ ਜੋ ਹੈ ਸਰਕਾਰ ਨੂੰ ਲਾਉਣਾ ਪਿਆ । ਪਰ ਇਹ ਮੇਰੇ ਵੀਰ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਅਸੈਂਬਲੀ ਢਾਹੁਣ ਆ ਗਏ, ਬੜਾ ਹੰਗਾਮਾ ਮਚਾਇਆ ਗਿਆ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ, ਸ਼ਾਇਦ ਇਨ੍ਹਾਂ ਨੂੰ ਨਹੀਂ ਪਤਾ। ਇਹ ਲੋਕਾਂ ਨੂੰ ਭੁਲੇਖੇ ਵਿਚ ਰੱਖਦੇ ਹਨ ਕਿ ਪੰਜਾਬ ਵਿਚ ਕਿਰਾਇਆ 5.6 ਪੈਸੇ ਪਰ ਕਿਲੋਮੀਟਰ ਹੈ ਔਰ ਜੰਮੂ ਕਸ਼ਮੀਰ ਵਿਚ 7.80 ਪੈਸੇ ਪਰ ਕਿਲੋਮੀਟਰ ਹੈ । ਇਸੇ ਤਰ੍ਹਾਂ ਰਾਜਿਸਥਾਨ ਵਿਚ ਜੋ ਸਾਡਾ ਗਵਾਂਢੀ ਸੂਬਾ ਹੈ ਔਰ ਜਿਸ ਵਿਚ ਬੱਸਾਂ ਸਾਡੇ ਆਉਂਦੀਆਂ ਜਾਂਦੀਆਂ ਹਨ ਉਥੇ 8.60 ਪੈਸੇ ਪਰ ਕਿਲੋਮੀਟਰ ਕਿਰਾਇਆ ਹੈ । ਇਸੇ ਤਰ੍ਹਾਂ ਹਰਿਆਣਾ ਵਿਚ ਜੋ ਸਾਡੇ ਨਾਲ ਲੱਗਵਾਂ ਸੂਬਾ ਹੈ 8.90 ਪੈਸੇ ਪਰ ਕਿਲੋਮੀਟਰ ਹੈ । ਹਿਮਾਚਲ ਪ੍ਰਦੇਸ਼ ਵਿਚ ਇਹ 8 ਪੈਸੇ ਪਰ ਕਿਲਮੀਟਰ ਕਿਰਾਇਆ ਹੈ ਪਰ ਸਾਡੇ ਪੰਜਾਬ ਵਿਚ 5.60 ਪੈਸੇ ਪਰ ਕਿਲੋਮੀਟਰ ਹੈ । ਇਨ੍ਹਾਂ ਹਾਲਾਤ ਵਿਚ ਮੈਂ ਸਮਝਦਾ ਹਾਂ ਕਿ ਬਾਕੀ ਦੂਸਰੇ ਸੂਬਿਆਂ ਦੇ ਮੁਕਾਬਲੇ ਵਿਚ ਸਾਡੇ ਪੰਜਾਬ ਵਿਚ ਕਿਰਾਇਆ ਬਹੁਤ ਘੱਟ ਹੈ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਸਾਂ ਦੀ ਹਾਲਤ ਬੇਹਤਰ ਬਣਾਉਣ ਲਈ, ਪੰਜਾਬ ਦੀ ਤਰੱਕੀ ਲਈ ਜੋ 70 ਕਰੋੜ ਰੁਪਏ ਤੋਂ ਵੱਧ ਲਈ ਸਪਲੀਮੈਂਟਰੀ ਡੀਮਾਂਡਜ਼ ਰੱਖੀਆਂ ਗਈਆਂ ਹਨ ਉਨ੍ਹਾਂ ਨੂੰ ਫੌਰੀ ਤੌਰ ਤੇ ਪਾਸ ਕਰਨਾ ਚਾਹੀਦਾ ਹੈ ਤਾਂਕਿ ਸਾਡਾ ਸੂਬਾ ਤਰੱਕੀ ਕਰ ਸਕੇ

ਔਰ ਜੋ ਨਵੀਆਂ ਸਕੀਮਾਂ ਬਣੀਆਂ ਹਨ ਉਹ ਸਿਰੇ ਚੜ੍ਹ ਸਕਣ । ਇਤਨਾ ਕਹਿ ਕੇ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ੍ਰੀ ਸਪੀਕਰ : ਕਾਮਰੇਡ ਕੁਲਵੰਤ ਸਿੰਘ ਜੀ । ਕਾਮਰੇਡ ਸਾਹਿਬ ਤੁਸੀਂ ਆਪਣੇ 9 ਮਿੰਟਾਂ ਵਿਚ ਹੀ ਸਪੀਚ ਖ਼ਤਮ ਕਰ ਦੇਣਾ ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਸਪੀਕਰ ਸਾਹਿਬ, ਬਾਕੀ ਮੈਂਬਰਜ਼ ਨੇ ਬਹੁਤ ਸਮਾਂ ਲੈ ਲਿਆ ਹੈ, ਮੈਂ ਆਪਣੇ 9 ਮਿੰਟਾਂ ਵਿਚ ਹੀ ਸਪੀਚ ਖ਼ਤਮ ਕਰ ਦੇਵਾਂਗਾ ।

ਮੈਂ ਡੀਮਾਂਡ ਨੰਬਰ 5 ਤੇ ਬੋਲਣਾ ਹੈ । ਸਰਕਾਰ ਨੇ ਇਸ ਲਈ 1 ਕਰੋੜ 20 ਲੱਖ ਰੁਪਿਆ ਮੰਗਿਆ ਹੈ । ਸਪੀਕਰ ਸਾਹਿਬ, ਇਸ ਵੇਲੇ ਮੈਨੂੰ ਇਹ ਸਮਝ ਨਹੀਂ ਲਗਦੀ, ਇਹ ਨਹੀਂ ਪਤਾ ਲਗਦਾ ਕਿ ਸਰਕਾਰ ਦੀ ਕੀ ਪੋਜ਼ੀਸ਼ਨ ਹੋ ਗਈ ਹੈ ਜਾਂ ਸਰਕਾਰ ਨੂੰ ਸਮਝ ਨਹੀਂ ਆਉਂਦੀ ਕਿ ਕਣਕ ਦੀ ਫ਼ਸਲ ਪਿਛਲੇ ਸਾਲ ਨਾਲੋਂ ਵੱਧ ਕਿਸ ਤਰ੍ਹਾਂ ਹੋਵੇਗੀ ਜਦੋਂ ਉਸਦਾ ਬਾਰਸ਼ਾਂ ਔਰ ਗੜਿਆਂ ਨਾਲ ਇਤਨਾ ਜ਼ਿਆਦਾ ਨੁਕਸਾਨ ਹੋਇਆ ਜਿਹੜਾ ਪਹਿਲਾਂ ਕਦੇ ਵੀ 33 ਸਾਲਾਂ ਵਿਚ ਨਹੀਂ ਸੀ ਹੋਇਆ । ਇਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਪੈਸੇ ਲਈ ਅਸੀ ਕੁਝ ਨਹੀਂ ਕਹਿੰਦੇ ਜਿੰਨੇ ਮਰਜ਼ੀ ਪਾਸ ਕਰਵਾ ਲਓ ਪਰ ਇਹ ਪੈਸੇ ਇਤਨੇ ਵਧਾਏ ਜਾਣ ਜਿਤਨੇ ਇਸ ਦੇ ਲਈ ਇਸ ਵੇਲੇ ਚਾਹੀਦੇ ਹਨ । (ਵਿਘਨ) ਅਨਾਜ ਤਾਂ ਸਾਰਾ ਤਬਾਹ ਹੋ ਗਿਆ ਹੈ । ਕਣਕਾਂ ਤਿੰਨ ਤਿੰਨ ਵਾਰੀ ਬੀਜੀਆਂ ਗਈਆਂ ਬਾਰਸ਼ਾਂ ਨਾਲ ਤਬਾਹ ਹੋ ਗਈਆਂ, ਖਤਮ ਹੋ ਗਈਆਂ । ਸਾਰੀ ਕਣਕ ਪੱਠੇ ਵੀ ਗੜੇ ਮਾਰ ਨਾਲ ਤਬਾਹ ਹੋ ਗਈਆਂ ਹਨ । ਜੇ ਗੜ੍ਹੇ ਮਾਰ ਹੋ ਜਾਵੇ ਤਾਂ ਗਰੀਬਾਂ ਨੂੰ, ਹਰੀਜਨਾਂ ਨੂੰ, ਦਿਹਾੜੀਦਾਰਾ ਨੂੰ ਜੋ ਪੈਸੇ ਮਿਲਦੇ ਹਨ ਉਹ ਵੀ ਨਹੀਂ ਮਿਲਦੇ । ਇਸ ਦੇ ਲਈ ਕੋਈ ਸਰਵੇ ਨਹੀਂ ਕੀਤਾ । ਅਜੇ ਤੱਕ ਹਾਲਤ ਇਹ ਹੈ ਸਪੀਕਰ ਸਾਹਿਬ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ, ਰਕਮ ਵਧਾਈ ਜਾਵੇ ਪੰਜਾਬ ਵਿਚ ਬਹੁਤ ਨੁਕਸਾਨ ਹੋਇਆ ਹੈ ਕਿਸਾਨਾਂ ਦਾ । ਕਿਸਾਨ ਪੰਜਾਬ ਦੀ ਹਿੰਦੁਸਤਾਨ ਦੀ ਰੀੜ ਦੀ ਹੱਡੀ ਹੈ । ਅਗਰ ਇਹ ਰੀੜ ਦੀ ਹੱਡੀ ਟੁੱਟ ਗਈ ਤਾਂ ਕਿਸਾਨ ਖ਼ਤਮ ਹੋ ਜਾਵੇਗਾ ਅਤੇ ਸਾਡੀ ਅਕਾਨਮੀ ਤਬਾਹ ਹੋ ਜਾਵੇਗੀ । ਇਹ ਰੁਪਿਆ ਵਧਾਇਆ ਜਾਵੇ ਅਤੇ ਛੇਤੀ ਤੋਂ ਛੇਤੀ ਪਿੰਡਾਂ ਵਿਚ ਸਰਵੇ ਕਰਕੇ ਜਿਹੜਾ ਲੋਕਾਂ ਦਾ ਨੁਕਸਾਨ ਹੋਇਆ ਹੈ ਉਹ ਪੂਰਾ ਕੀਤਾ ਜਾਵੇ । ਕਿਸਾਨ ਨੇ ਦੋ ਢਾਈ ਸੌ ਰੁਪਏ ਬੀਜ ਲੈ ਕੇ ਪਾਇਆ, ਬੜੀ ਮਹਿੰਗੀ ਖਾਦ ਪਾਈ ਸੀ ਉਸਦੀ ਸਾਰੀ ਕਣਕ ਦੀ ਫ਼ਸਲ ਖਰਾਬ ਹੋ ਗਈ, ਉਸਦੀ ਸਹਾਇਤਾ ਕੀਤੀ ਜਾਵੇ ਅਤੇ ਇਹ ਰੁਪਿਆ ਹੋਰ ਵਧਾਇਆ ਜਾਵੇ ।

ਇਸ ਤੋਂ ਅੱਗੇ ਮੈਂ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਜਿਹੜੀਆਂ ਫਜ਼ੂਲ ਖਰਚੀਆਂ ਹਨ ਉਨ੍ਹਾਂ ਨੂੰ ਬੰਦ ਕੀਤਾ ਜਾਵੇ । ਇਨ੍ਹਾਂ ਨੇ 58. 84 ਲੱਖ ਰੁਪਏ ਦੀ ਰਕਮ ਸ਼ੀਰੇ ਵਾਸਤੇ ਰੱਖੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਮੈਂ ਸ਼ਰਾਬ ਨਹੀਂ ਪੀਂਦਾ ਮੈਨੂੰ ਸੱਚੀ ਮੁੱਚੀ ਸੰਗ ਆਉਂਦੀ ਹੈ । ਤੁਸੀਂ ਕਿਸੇ ਵੀ ਪੰਜਾਬ ਦੇ ਠੇਕੇ ਤੇ ਚਲੇ ਜਾਉ ਤੁਹਾਨੂੰ ਕਿਤੇ ਵੀ 30 ਰੁਪਏ ਤੋਂ ਬੋਤਲ ਘੱਟ ਨਹੀਂ ਮਿਲੇਗੀ ਜਦ ਕਿ ਇਸ ਦਾ ਕੰਟਰੋਲ ਰੇਟ 20 ਰੁਪਏ ਹੈ । ਮੈਂ ਚੈਲੰਜ ਕਰਦਾ ਹਾਂ ਕਿ ਅਗਰ ਪਿਛਲੇ 6 ਮਹੀਨਿਆਂ ਵਿਚ ਕਿਤੇ ਵੀ ਪੰਜਾਬ ਵਿਚ ਕੋਈ ਬੋਤਲ 20 ਰੁਪਏ ਵਿਕੀ ਹੋਵੇ । ਮੈਨੂੰ ਇਸ ਬਾਰੇ ਕੋਈ ਇਤਰਾਜ਼ ਨਾ ਹੁੰਦਾ ਅਗਰ ਉਹ ਉਪਰਲੀ ਰਕਮ ਪੰਜਾਬ ਖ਼ਜ਼ਾਨੇ ਵਿਚ ਆਉਦੀ ਹੁੰਦੀ । ਉਹ ਰਕਮ ਠੇਕੇਦਾਰ ਅਤੇ ਅਫਸਰ ਮਿਲ ਕੇ ਖਾ ਜਾਂਦੇ ਹਨ । ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਇਹ ਪੈਸਾ ਐਂਵੇ ਵਿਅਰਥ ਜਾਂਦਾ ਹੈ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ ।

[ਕਾਮਰੇਡ ਕੁਲਵੰਤ ਸਿੰਘ]

ਸਪੀਕਰ ਸਾਹਿਬ ਮੈਂ ਸਰਕਾਰ ਦੀ ਵਡਿਆਈ ਕਰਦਾ ਹਾਂ ਇਨ੍ਹਾਂ ਨੇ ਮੁਲਾਜ਼ਮਾਂ ਨੂੰ ਤਿੰਨ ਡੀ.ਏ. ਦੀਆਂ ਕਿਸ਼ਤਾਂ ਦਿੱਤੀਆਂ ਹਨ । ਇਹ ਬੜੀ ਚੰਗੀ ਗੱਲ ਹੈ । ਪਰ ਮੈਂ ਕਹਿੰਦਾ ਹਾਂ ਕਿ ਇਹ ਵੇਖ ਲੈਣ ਕਿ ਕਿਸ ਹਿਸਾਬ ਨਾਲ ਮਹਿੰਗਾਈ ਵੱਧ ਰਹੀ ਹੈ । ਉਸਨੂੰ ਵੀ ਧਿਆਨ ਵਿਚ ਰੱਖ ਲੈਣ । ਸ੍ਰੀ ਧੰਨੋਵਾਲੀਆ ਜੀ ਨੇ ਕਿਹਾ ਕਿ ਇਹ ਅਸੰਬਲੀ ਢਾਉਣ ਲਈ ਆ ਗਏ ਸਨ । ਮੈਂ ਕਹਿੰਦਾ ਹਾਂ ਕਿ ਜ਼ਲ੍ਹਿਆਂ ਵਾਲੇ ਬਾਗ ਵਿਚ ਉਹ ਲੋਕ ਕੋਈ ਚੀਜ਼ ਢਾਉਣ ਲਈ ਨਹੀਂ ਗਏ ਸਨ, ਆਪਣੇ ਦੁਖ ਵੰਡਣ ਗਏ ਸਨ । (ਵਿਘਨ) ਸਪੀਕਰ ਸਾਹਿਬ, 10 ਜਨਵਰੀ ਨੂੰ ਜਿਹੜਾ ਹਫਤਾ ਪਿਛੇ ਖਤਮ ਹੋਇਆ ਪਿਛਲੇ ਹਫਤੇ ਨਾਲੋਂ 1. 4 ਮਹਿੰਗਾਈ ਵਧ ਗਈ । ਇਹ ਵਾਧਾ ਸਿਰਫ ਜ਼ਰੂਰੀ ਵਸਤਾਂ ਵਿਚ ਹੋਇਆ ਹੈ । ਜਿਥੇ ਇਹ ਹਾਲਤ ਹੋਵੇ ਮੈਂ ਸਰਕਾਰ ਨੂੰ ਕਹਾਂਗਾ ਇਹ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਦੀਆਂ ਜਿਹੜੀਆਂ ਡਿਮਾਂਡਜ਼ ਹਨ ਉਹ ਹਮਦਰਦੀ ਨਾਲ ਮੰਨ ਲੈਣੀਆਂ ਚਾਹੀਦੀਆਂ ਹਨ । ਉਹ ਮੁਲਾਜ਼ਮ ਜਿਸ ਨੇ ਸਾਰੀ ਐਡਮਿਸ਼ਟਰੇਸ਼ਨ ਚਲਾਉਣੀ ਹੈ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ । ਪੇ ਕਮਿਸ਼ਨ ਨੇ ਕੁਝ ਛੋਟੀਆਂ ਮੋਟੀਆਂ ਅੜਚਨਾ ਨੇ ਖਦਸ਼ਾਤ ਪੈਦਾ ਕੀਤੇ ਹਨ ਜਿਨ੍ਹਾਂ ਕਰਕੇ ਛੋਟੇ ਮੁਲਾਜ਼ਮਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਪ੍ਰਤਿ ਹਮਦਰਦਾਨਾ ਰਵੱਈਆ ਅਖਤਿਆਰ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਜਿਹੜਾ ਇਹ 35 ਲੱਖ ਰੁਪਿਆ ਸਰਵਿਸ ਵਿਚ ਕਿਸੇ ਸਰਵਿਸਮੈਨ ਦੀ ਮੌਤ ਹੋ ਜਾਣ ਤੇ ਦੇਣਾ ਹੈ, ਥੋੜ੍ਹਾ ਹੈ । ਉਸ ਮੁਲਾਜ਼ਮ ਦੀ ਫੈਮਲੀ ਜਿਸ ਦਾ ਕਮਾਉਣ ਵਾਲਾ ਖਤਮ ਹੋ ਜਾਏ ਉਸਦੀ ਕੀ ਹਾਲਤ ਹੁੰਦੀ ਹੈ । ਇਹ ਵੇਖਣ ਵਾਲੀ ਗੱਲ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ 35 ਲੱਖ ਰੁਪਿਆ ਘੱਟ ਹੈ ਅਤੇ ਇਹ ਵਧਾਉਣਾ ਚਾਹੀਦਾ ਹੈ ਤਾਂਕਿ ਜਿਹੜੇ ਮੁਲਾਜ਼ਮ ਦੀ ਮੌਤ ਹੋ ਜਾਵੇ ਉਸਦੀ ਜ਼ਿਆਦਾ ਤੋਂ ਜ਼ਿਆਦਾ ਮਦੱਦ ਕੀਤੀ ਜਾ ਸਕੇ ।

ਵਿਦਿਆ ਮੰਤਰੀ ਜੀ ਬੈਠੇ ਨਹੀਂ ਹਨ, ਉਠ ਕੇ ਚਲੇ ਗਏ । ਕੱਲ੍ਹ ਸਰਦਾਰ ਦਰਬਾਰਾ ਸਿੰਘ ਜੀ ਨੇ ਬੜੇ ਜ਼ੋਰ ਨਾਲ ਕਿਹਾ ਸੀ ਕਿ ਸੂਬੇ ਦੀ ਡਿਵੈਲਪਮੈਂਟ ਸਮੁੱਚੀ ਔਰ ਬੜੇ ਹਿਸਾਬ ਨਾਲ ਕਰ ਰਹੇ ਹਨ । ਇਹ ਕਿਹਾ ਗਿਆ ਕਿ ਜਿਥੇ ਗਲਤ ਬਲਾਕ ਬਣੇ ਹਨ ਉਹ ਸਹੀ ਕਰਾਂਗੇ । ਮੈਂ ਅਰਜ਼ ਕਰਦਾ ਹਾਂ ਕਿ ਜਿਹੜੀ ਡਿਵੈਲਪਮੈਂਟ ਕਰਨੀ ਹੈ ਘੱਟ ਤੋਂ ਘੱਟ ਜਿਹੜਾ ਬਲਾਕ ਬਣਿਆ ਹੈ ਤੁਸੀਂ ਕੁਝ ਵੀ ਕਰੋ ਉਸ ਬਲਾਕ ਵਿਚ ਸਮੁੱਚੇ ਤੌਰ ਤੇ ਉਹ ਹੋਣਾ ਚਾਹੀਦਾ ਹੈ ਤਾਂ ਕਿ ਪਤਾ ਲੱਗ ਸਕੇ ਕਿ ਡਿਵੈਲਪਮੈਂਟ ਦੀ ਹਾਲਤ ਹੈ । ਜੇ ਸਕੂਲ ਦੇਣੇ ਹਨ ਤਾਂ ਸਾਰੇ ਬਲਾਕਾਂ ਵਿਚ ਬਣਾਏ ਜਾਣ । ਚੌਧਰੀ ਜਗਜੀਤ ਸਿੰਘ ਜੀ ਦੇ ਹਲਕੇ ਕਰਤਾਰਪੁਰ ਵਿਚ 4 ਸਕੂਲ ਅੱਪ ਗਰੇਡ ਕਰ ਦਿੱਤੇ ਔਰ ਜਿਹੜਾ ਨਾਲ ਦਾ ਮੇਰਾ ਹਲਕਾ ਹੈ ਉਸ ਵਿਚ ਇਕ ਵੀ ਅੱਪਗਰੇਡ ਨਹੀਂ ਕੀਤਾ । ਕੋਈ ਅਸੂਲ ਹੋਣਾ ਚਾਹੀਦਾ ਹੈ । ਇਹ ਜਿਹੜੀ ਡਿਵੈਲਪ-ਮੈਂਟ ਹੈ ਇਸ ਨੂੰ ਪੁਲੀਟੀਕਲ ਟੂਲ ਨਾ ਬਣਾਓ ਪੰਜਾਬ ਦੇ ਸਾਰੇ ਲੋਕ ਤੁਹਾਡੇ ਲਈ ਇਕੋ ਜਿਹੇ ਹਨ । ਜੇ ਅਕਾਲੀ ਗੌਰਮਿੰਟ ਨੇ ਕਿਸੇ ਗਲਤ ਥਾਂ ਤੇ ਫੋਕਲ ਪੁਆਇੰਟ ਬਣਾ ਦਿੱਤੇ ਹਨ ਤਾਂ ਤੁਸੀਂ ਠੀਕ ਕਰ ਲਵੋ, ਪਰ ਇਹ ਗੱਲ ਨਹੀਂ ਹੋਣੀ ਚਾਹੀਦੀ ਕਿ ਅਗਰ ਪਹਿਲਾਂ ਕਿਸੇ ਨੇ ਕੋਈ ਗਲਤ ਗੱਲ ਕਰ ਲਈ ਤੁਸੀਂ ਵੀ ਗਲਤੀ ਕਰਦੇ ਚਲੇ ਜਾਓ । ਗਲਤੀ ਦੁਹਰਾਉਣੀ ਨਹੀਂ ਚਾਹੀਦੀ । ਪਿੰਡਾਂ ਵਿਚ ਨਾਲੀਆਂ ਬਣਾਉਣੀਆਂ ਹਨ, ਗਲੀਆਂ ਪੱਕੀਆਂ ਕਰਨੀਆਂ ਹਨ ਜਾਂ ਹੋਰ ਇਸ ਤਰ੍ਹਾਂ ਦੇ ਕੰਮ ਕਰਨੇ ਹਨ ਉਹ ਸਮੁੱਚੇ ਤੌਰ ਤੇ ਹੋਣੇ ਚਾਹੀਦੇ ਹਨ ਤਾਂ ਚੰਗੀ ਗੱਲ ਹੋਵੇਗੀ ।

ਮੈਂ ਅਰਜ਼ ਕਰਾਂ ਕਿ ਇਕ ਸ੍ਰੀ ਜੈਮਲ ਪੁੱਤਰ ਗੱਲੀਆਂ, ਪਿੰਡ ਨੰਗਲ ਫੀਦਾ ਹੈ,ਪੈਨਸ਼ਨ ਦੇਣ ਵਾਲਿਆਂ ਨੇ ਕਹਿ ਦਿੱਤਾ ਕਿ ਉਹ ਮਰ ਗਿਆ । ਮੈਂ ਜਦੋਂ ਐਮ. ਐਲ. ਏ. ਬਣਿਆ ਮੈਂ ਕਿਹਾ ਕਿ ਉਹ ਜਿਉਂਦਾ ਹੈ ਅਤੇ ਮਰਿਆ ਨਹੀਂ, ਪਰ ਅੱਜ ਤੱਕ ਉਸਨੂੰ ਪੈਨਸ਼ਨ ਨਹੀਂ ਮਿਲੀ ਜਦੋਂ ਕਿ ਮੈਂ ਚੀਫ ਮਨਿਸਟਰ ਦੀ ਮੀਟਿੰਗ ਵਿਚ ਦੱਸ ਚੁੱਕਾ ਹਾਂ । ਇਹ ਠੀਕ ਕੀਤਾ ਹੈ ਕਿ ਡਿਸਟ੍ਰਿਕਟ ਲੈਵਲ ਤੇ

ਸਾਰੇ ਦਫਤਰ ਲੈ ਗਏ ਚੰਗੀ ਗੱਲ ਹੈ ਪਰ ਵੈਲਫੇਅਰ ਦੇ ਸਾਰੇ ਦਫਤਰ ਇਕ ਥਾਂ ਤੇ ਆ ਜਾਣ ਤਾਂ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ।

ਸਪੀਕਰ ਸਾਹਿਬ, ਇਹ ਇਕ ਚੰਗੀ ਗੱਲ ਹੈ ਕਿ ਇੰਟਰੈਸਟ ਫਰੀ ਲੋਨ ਗਰੀਬ ਲੋਕਾਂ ਨੂੰ ਦੇਣ ਲਈ ਫੈਸਲਾ ਕੀਤਾ ਹੈ। ਇਹ ਬਹੁਤ ਚੰਗਾ ਕੀਤਾ ਹੈ। ਹੁਣ ਤੱਕ 8 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਇਹ ਰੁਪਿਆ ਬੈਂਕਾਂ ਵਾਲਿਆਂ ਨੇ ਦੇਣਾ ਹੈ। ਉਹ ਲੋਕ ਬਹੁਤ ਤੰਗ ਕਰਦੇ ਹਨ। ਉਨ੍ਹਾਂ ਲੋਕਾਂ ਨੂੰ ਤਾਂ ਸੂਦ ਨਾਲੋਂ ਵਾਧੂ ਰਕਮ ਪਹਿਲੋਂ ਹੀ ਭਰਨੀ ਪੈਂਦੀ ਹੈ। ਕਦੇ ਕਹਿੰਦੇ ਹਨ ਬੈਂਕ ਦਾ ਅਕਾਊਂਟ ਵਾਲਾ ਜ਼ਮਾਨਤੀ ਲਿਆਓ, ਕਦੇ ਕੁਝ ਕਦੇ ਕੁਝ। ਮੈਂ ਕਹਿੰਦਾ ਹਾਂ ਕਿ ਇਸ ਦਾ ਆਸਾਨ ਤਰੀਕਾ ਬਣਾਓ ਨਹੀਂ ਤਾਂ ਇਹ ਬਿਨਾਂ ਸੂਦ ਕਰਜ਼ਾ ਜਿਹੜਾ ਹੈ ਇਹ ਹਰੀਜਨਾਂ ਨੂੰ ਸੂਦ ਤੋਂ ਵੀ ਉਤੇ ਪੈ ਜਾਵੇਗਾ।

ਕੁਮਾਰੀ ਸਰਲਾ ਪ੍ਰਾਸ਼ਰ (ਨੰਗਲ) : ਆਨਰੇਬਲ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਆਪਣੇ ਵਿਚਾਰ ਰੱਖਾਂ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਮੇਰੇ ਸਾਹਮਣੇ ਘੜੀ ਕੋਈ ਨਹੀਂ, ਅੱਗੇ ਦੋਨਾਂ ਪਾਸੇ ਘੜੀ ਹੁੰਦੀ ਸੀ ਸਮਾਂ ਦੇਖ ਲਈਦਾ ਸੀ। (ਵਿਘਨ)

ਸ੍ਰੀ ਸਪੀਕਰ : ਕੋਸ਼ਿਸ਼ ਕਰਾਂਗੇ ਕਿ ਦੋਨਾਂ ਪਾਸੇ ਘੜੀ ਆ ਜਾਏ। ਇਧਰ ਵਾਲਿਆਂ ਵਾਸਤੇ ਵੀ ਅਤੇ ਉਧਰ ਵਾਲਿਆਂ ਵਾਸਤੇ ਵੀ।

ਕੁਮਾਰੀ ਸਰਲਾ ਪ੍ਰਾਸ਼ਰ : ਜਨਾਬ ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਆਪਣੇ ਵਿਚਾਰ ਹਾਊਸ ਵਿਚ ਰੱਖਣ ਦਾ ਮੌਕਾ ਦਿੱਤਾ ਹੈ। ਇਹ ਜਿਹੜੀਆਂ ਡਿਮਾਂਡਜ਼ ਇਸ ਹਾਊਸ ਦੇ ਅੰਦਰ ਅੰਡਰ ਡਿਸਕਸ਼ਨ ਹਨ ਇਸ ਵਿਚ ਪੰਜਾਬ ਸਰਕਾਰ ਨੇ ਬੜੇ ਸ਼ਲਾਘਾਯੋਗ ਕੰਮ ਕੀਤੇ ਹਨ। ਆਈਟਮ ਤਾਂ ਬਹੁਤ ਹਨ ਪਰ ਚੂੰਕਿ ਟਾਈਮ ਥੋੜ੍ਹਾ ਹੈ ਇਸ ਲਈ ਮੈਂ ਦੋ-ਚਾਰ ਆਈਟਮਜ਼ ਤੇ ਹੀ ਆਪਣੇ ਵਿਚਾਰ ਰਖਾਂਗੀ। ਅਰਬਨ ਡਿਵੈਲਪਮੈਂਟ ਦੇ ਵਿਚ 50 ਲੱਖ ਰੁਪਿਆ ਸਰਕਾਰ ਨੇ ਸਲੱਮ ਕਲੀਅਰੈਂਸ ਔਰ ਵਾਟਰ ਸਪਲਾਈ ਤੇ ਸੀਵਰੇਜ ਵਾਸਤੇ ਜਿਹੜੀਆਂ ਮਿਊਨਿਸਪਲ ਕਮੇਟੀਆਂ ਹਨ ਉਨ੍ਹਾਂ ਨੂੰ ਦੇਣਾ ਹੈ। ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਲਿਆਉਣਾ ਚਾਹੁੰਦੀ ਹਾਂ ਕਿ ਸਿਰਫ ਪੈਸਾ ਰੱਖਣ ਨਾਲ ਕੰਮ ਨਹੀਂ ਹੋ ਜਾਂਦੇ। ਮੈਂ ਇਕ ਗਲੇਰਿੰਗ ਐਗਜ਼ਾਮਪਲ ਨੰਗਲ ਦੀ ਤੁਹਾਡੇ ਸਾਹਮਣੇ ਰੱਖਣਾ ਚਾਹੁੰਦੀ ਹਾਂ। ਉਥੇ ਨੋਟੀਫਾਈਡ ਏਰੀਆ ਕਮੇਟੀ ਹੈ। ਵਾਟਰ ਸਪਲਾਈ ਲਈ ਚਾਰ ਪੰਜ ਸਾਲ ਹੋ ਗਏ ਹਨ ਜਿਤਨੇ ਪੈਸੇ ਦੀ ਡਿਮਾਂਡ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਵੱਲੋਂ ਕੀਤੀ ਗਈ ਸੀ, ਉਹ ਕਮੇਟੀ ਨੇ ਦੇ ਦਿੱਤੇ। ਪਰ ਕੋਈ ਕੰਮ ਸ਼ੁਰੂ ਨਹੀਂ ਹੋਇਆ। ਹੁਣ ਫਿਰ ਮੰਗ ਆ ਗਈ ਹੈ ਕਿ ਕੀਮਤ ਵੱਧ ਗਈ ਹੈ, ਇਸ ਲਈ ਹੋਰ ਪੈਸਾ ਦਿੱਤਾ ਜਾਵੇ। ਕਮੇਟੀ ਨੇ 16 ਲੱਖ ਰੁਪਏ ਜਮ੍ਹਾਂ ਕਰਵਾਏ ਹਨ ਪਰ ਹਾਲੇ ਤੱਕ ਕੋਈ ਕੰਮ ਉਥੇ ਸ਼ੁਰੂ ਨਹੀਂ ਕੀਤਾ ਗਿਆ। ਮੈਂ ਇਸ ਲਈ ਬੇਨਤੀ ਕੀਤੀ ਹੈ ਕਿ ਇਕੱਲਾ ਪੈਸਾ ਅਲਾਟ ਕਰਨ ਨਾਲ ਸਾਡਾ ਮਕਸਦ ਪੂਰਾ ਨਹੀਂ ਹੋਣਾ। ਜਿਸ ਏਜੰਸੀ ਦੀ ਇੰਪਲੀਮੈਂਟੇਸ਼ਨ ਦੀ ਜ਼ਿੰਮੇਵਾਰੀ ਹੈ, ਉਸਦੀ ਅੱਛੀ ਤਰ੍ਹਾਂ ਸੁਪਰਵੀਜ਼ਨ ਹੋਣੀ ਚਾਹੀਦੀ ਹੈ। ਟਾਈਮ ਬਾਊਂਡ ਪ੍ਰੋਗਰਾਮ ਹੋਣਾ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਸਰਕਾਰ ਦੀ ਸ਼ਲਾਘਾ ਕਰਦੀ ਹਾਂ ਕਿ ਇਸ ਨੇ ਸ਼ੈਡਿਊਲਡ ਕਾਸਟ ਲੜਕੀਆਂ ਦੀ ਐਜੂਕੇਸ਼ਨ ਵਾਸਤੇ 40,50 ਰੁਪਏ ਦੇਣ ਦੀ ਸਕੀਮ ਰੱਖੀ ਹੈ। (ਤਾੜੀਆਂ) ਇਸ ਸਬੰਧ ਵਿਚ ਇਕ ਚੀਜ਼ ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਸਰਕਾਰ ਦੀ ਇਕ ਸਕੀਮ ਸ਼ੈਡਿਊਲਡ ਕਾਸਟ ਲੜਕੀਆਂ ਵਾਸਤੇ ਹੋਸਟਲ ਦੀ ਵੀ ਹੈ। ਇੱਕਲੇ ਪੈਸੇ ਦੇਣ ਨਾਲ ਮਸਲਾ ਹੱਲ ਨਹੀਂ ਹੁੰਦਾ। ਜਿਹੜੀਆਂ ਪਿੰਡਾਂ ਵਿਚ ਪੜ੍ਹੀਆਂ ਲਿਖੀਆਂ ਸ਼ੈਡਿਊਲਡ ਕਾਸਟ ਲੜਕੀਆਂ ਹਨ ਉਨ੍ਹਾਂ

[ਕੁਮਾਰੀ ਸਰਲਾ ਪ੍ਰਾਸ਼ਰ]

ਨੂੰ ਉਸ ਇਨਵਾਇਰਮੈਂਟ ਵਿਚੋਂ ਬਾਹਰ ਕੱਢ ਕੇ ਲਿਆਉਣਾ ਪਵੇਗਾ ਤਾਂ ਕਿ ਉਹ ਅੱਛੀ ਐਜੂਕੇਸ਼ਨ ਪ੍ਰਾਪਤ ਕਰ ਸਕਣ । ਮੇਰੀ ਸੁਜੈਸ਼ਨ ਹੈ ਕਿ ਜਿਹੜੇ ਸ਼ੈਡਿਊਲਡ ਕਾਸਟ ਲੜਕੀਆਂ ਵਾਸਤੇ ਹੋਸਟਲ ਬਣ ਗਏ ਹਨ, ਉਥੇਂ ਹੋਸਟਲਾਂ ਵਿਚ ਵਾਰਡਨ ਦੀ ਫੈਸਿਲਟੀ ਦਿੱਤੀ ਜਾਵੇ ਤਾਂ ਇਨ੍ਹਾਂ ਲੜਕੀਆਂ ਦੀ ਠੀਕ ਸੁਪਰਵਿਜ਼ਨ ਹੋ ਸਕੇਗੀ ਅਤੇ ਉਹ ਡਸਿਪਲਿਨ ਵਿਚ ਰਹਿ ਸਕਣਗੀਆਂ । ਇਸ ਤਰ੍ਹਾਂ ਕਰਨ ਨਾਲ ਹੋਸਟਲ ਬਣਾਉਣ ਦਾ ਪਰਪਜ਼ ਵੀ ਸਰਵ ਹੋ ਸਕੇਗਾ ਅਤੇ ਉਨ੍ਹਾਂ ਦੀ ਬ੍ਰਿੰਗ ਅੱਪ ਵੀ ਚੰਗੀ ਤਰ੍ਹਾਂ ਹੋ ਸਕੇਗੀ ।

ਸਪੀਕਰ ਸਾਹਿਬ, ਇਸਦੇ ਨਾਲ ਹੀ ਮੈਂ ਇਕ ਪੈਨਸ਼ਨਾਂ ਦੇ ਬਾਰੇ ਰਿਕੁਐਸਟ ਕਰਾਂਗੀ । ਚਾਹੇ ਇਹ ਓਲਡ ਏਜ਼ ਪੈਨਸ਼ਨ ਹੈ ਅਤੇ ਚਾਹੇ ਵਿੱਡੋ ਪੈਨਸ਼ਨ ਹੈ, ਮਹਿੰਗਾਈ ਨੂੰ ਮੁੱਖ ਰੱਖਦੇ ਹੋਏ ਇਸਦਾ ਅਮਾਊਂਟ ਵਧਾਉਣਾ ਚਾਹੀਦਾ ਹੈ । ਆਮ ਮੰਗ 60,70 ਰੁਪਏ ਦੀ ਕੀਤੀ ਗਈ ਹੈ । ਪਰ ਮੈਂ ਸਮਝਦੀ ਹਾਂ ਕਿ ਘੱਟ ਤੋਂ ਘੱਟ 100 ਰੁਪਏ ਇਹ ਕਰਨੀ ਚਾਹੀਦੀ ਹੈ । ਇਹ ਇਨਕਰੀਜ਼ ਲਾਜ਼ਮੀ ਹੈ ।

ਸਪੀਕਰ ਸਾਹਿਬ, ਇਸਦੇ ਨਾਲ ਹੀ ਮੈਂ ਇਕ ਗੱਲ ਵਿਮਨ ਐਂਡ ਚਿਲਡਰਨ ਵੈਲਫੇਅਰ ਫਾਈਨਾਂਸ ਕਾਰਪੋਰੇਸ਼ਨ ਬਾਰੇ ਵੀ ਕਹਿਣਾ ਚਾਹੁੰਦੀ ਹਾਂ । ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਲਿਆਉਣਾ ਚਾਹੁੰਦੀ ਹਾਂ ਕਿ ਹਾਲੇ ਤੱਕ ਇਸ ਦਾ ਕੰਮ ਹਾਈਲਾਈਟ ਨਹੀਂ ਹੋਇਆ । ਹਿੰਦੁਸਤਾਨ ਦੀ ਅੱਧੀ ਆਬਾਦੀ ਔਰਤਾਂ ਦੀ ਹੈ । ਜੇ ਸਹੀ ਮਾਹਨਿਆਂ ਵਿਚ ਅਸੀਂ ਆਪਣੇ ਦੇਸ਼ ਵਿੱਚੋਂ ਅਨਇੰਪਲਾਇਮੈਂਟ ਅਤੇ ਗਰੀਬੀ ਦੂਰ ਕਰਨੀ ਹੈ ਤਾਂ ਆਬਾਦੀ ਦੇ ਇਸ ਅੱਧੇ ਹਿੱਸੇ ਦੀ, ਮੈਨਪਾਵਰ ਦੀ ਅਨਰਜੀ ਵੀ ਸਾਨੂੰ ਯੁਟੇਲਾਈਜ਼ ਕਰਨੀ ਪਵੇਗੀ । ਇਸ ਲਈ ਇਸ ਕਾਰਪੋਰੇਸ਼ਨ ਦੇ ਕੰਮ ਨੂੰ ਹਾਈ-ਲਾਈਟ ਕੀਤਾ ਜਾਵੇ ਅਤੇ ਇਸਦੀ ਫੰਕਸ਼ਨਿੰਗ ਨੂੰ ਵੈਲ-ਪਲਾਨ ਕੀਤਾ ਜਾਵੇ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਲੈਦਰ ਕਾਰਪੋਰੇਸ਼ਨ ਬਣੀ ਹੈ । ਮੈਂ ਇਸਦਾ ਜ਼ਿਕਰ ਇਸ ਲਈ ਕੀਤਾ ਹੈ ਕਿਉਂਕਿ ਲੈਦਰ ਦੀਆਂ ਬਹੁਤ ਸਾਰੀਆਂ ਐਸੀਆਂ ਚੀਜ਼ਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਜਿਹੜੀਆਂ ਕਿ ਅਸੀਂ ਐਕਸਪੋਰਟ ਕਰ ਸਕਦੇ ਹਾਂ । ਲੈਦਰ ਦੀ ਕੁਆਲਟੀ ਵੀ ਇਥੇ ਦੀ ਬਹੁਤ ਅੱਛੀ ਹੈ, ਮਸਲਨ ਜੈਕਟਸ ਹਨ ਜਾਂ ਹੋਰ ਚੀਜ਼ਾਂ ਹਨ । ਜੇਕਰ ਵੀਮੈਨ ਐਂਡ ਚਿਲਡਰਨ ਵੈਲਫੇਅਰ ਫਾਈਨਾਂਸ ਕਾਰਪੋਰੇਸ਼ਨ ਰਾਹੀਂ ਇਨ੍ਹਾਂ ਔਰਤਾਂ ਨੂੰ ਅੱਛੀ ਟਰੇਨਿੰਗ ਦਿੱਤੀ ਜਾਵੇ ਤਾਂ ਔਰਤਾਂ ਇਹ ਚੀਜ਼ਾਂ ਚੰਗੀਆਂ ਤਿਆਰ ਕਰ ਸਕਦੀਆਂ ਹਨ ਅਤੇ ਇਨ੍ਹਾਂ ਚੀਜ਼ਾਂ ਦੀ ਐਕਸਪੋਰਟ ਵਿੱਚ ਵਾਧਾ ਹੋ ਸਕਦਾ ਹੈ । ਇਸ ਲਈ ਮੈਂ ਫਿਰ ਰਿਕੁਐਸਟ ਕਰਾਂਗੀ ਕਿ ਵੀਮੈਨ ਐਂਡ ਚਿਲਡਰਨ ਵੈਲਫੇਅਰ ਫਾਈਨਾਂਸ ਕਾਰਪੋਰੇਸ਼ਨ ਦੇ ਕੰਮ ਨੂੰ ਹਾਈਲਾਈਟ ਕੀਤਾ ਜਾਵੇ ।

ਸਪੀਕਰ ਸਾਹਿਬ, ਮੈਂ ਇਰੀਗੇਸ਼ਨ ਦੇ ਬਾਰੇ ਵਿਚ ਸਿਰਫ ਐਨੀ ਗੱਲ ਕਹਿਣਾ ਚਾਹਾਂਗੀ ਕਿ ਇਰੀਗੇਸ਼ਨ ਬਹੁਤ ਜ਼ਰੂਰੀ ਚੀਜ਼ ਹੈ ਅਤੇ ਇਸਦੇ ਵਾਸਤੇ ਕਾਫ਼ੀ ਖਰਚ ਕੀਤਾ ਗਿਆ ਹੈ । ਸਰਕਾਰ ਇਸਦੇ ਬਾਰੇ ਪੂਰੀ ਤਵੱਜੋ ਦੇ ਰਹੀ ਹੈ । ਲੇਕਿਨ ਮੈਂ ਕਹਾਂਗੀ ਕਿ ਇਸ ਲਈ ਸਪੀਡੀ ਐਕਸ਼ਨ ਅਤੇ ਟਾਈਮ ਬਾਊਂਡ ਐਕਸ਼ਨ ਹੋਣਾ ਚਾਹੀਦਾ ਹੈ । ਆਨੰਦਪੁਰ ਹਾਈਡਲ ਚੈਨਲ ਨਿਕਲ ਰਹੀ ਹੈ ਪਰ ਇਸਦੇ ਕਮ ਦੀ ਰਫਤਾਰ ਬਹੁਤ ਘੱਟ ਹੈ । ਮੈਨੂੰ ਡਰ ਹੈ ਕਿ ਅਗਰ ਇਸਦੇ ਕੰਮ ਨੂੰ ਹਾਈਲਾਈਟ ਨਾ ਕੀਤਾ ਗਿਆ ਤਾਂ ਜਿਹੜਾ 1982-83 ਤੱਕ ਇਸਨੂੰ ਕੰਪਲੀਟ ਕਰਨ ਦਾ ਟਾਈਮ ਹੈ, ਉਸ ਟਾਈਮ ਵਿੱਚ ਇਹ ਕੰਪਲੀਟ ਨਹੀਂ ਹੋ ਸਕੇਗੀ । ਇਸਦੇ ਵਿੱਚ ਬਹੁਤ ਸਾਰਾ ਪੈਸਾ ਵੇਸਟ ਹੋ ਰਿਹਾ ਹੈ, ਮਿਸਾਲ ਦੇ ਤੌਰ ਤੇ ਨੰਗਲ ਵਿੱਚ ਅਨੰਦਪੁਰ ਹਾਈਡਲ ਚੈਨਲ ਹੈਡ ਰੈਗੂਲੇਟਰ ਤੇ ਪੰਪਿੰਗ ਮਸ਼ੀਨ ਜਿਸਦੀ ਕੀਮਤ 1 ਲੱਖ ਰੁਪਿਆ ਹੈ, ਵਾਸਤੇ ਮੁਰੰਮਤ ਤੇ 5 ਲੱਖ ਰੁਪਏ ਖਰਚ ਕੀਤੇ ਗਏ ਹਨ ਜਦੋਂ

ਕਿ 25 ਹਜ਼ਾਰ ਰੁਪਏ ਵਿਚ ਇਸਦੀ ਰੀਪੇਅਰ ਹੋ ਸਕਦੀ ਹੈ । ਇਰੀਗੇਸ਼ਨ ਇਕ ਬਹੁਤ ਇਪਾਰਟੈਂਟ ਸਬਜੈਕਟ ਹੈ ਜਿਸ ਦੇ ਨਾਲ ਪੰਜਾਬ ਦਾ ਸੂਬਾ ਅੱਗੇ ਵੱਧ ਸਕਦਾ ਹੈ । ਇਹ ਬਹੁਤ ਜ਼ਰੂਰੀ ਹੈ ਕਿ ਇਰੀਗੇਸ਼ਨ ਦੇ ਪ੍ਰਾਜੈਕਟਸ ਵਿਦਇਨ ਟਾਈਮ ਕੰਪਲੀਟ ਹੋਣ ਤਾਂ ਕਿ ਲੋਕਾਂ ਨੂੰ ਸੂਬੇ ਵਿਚ ਇਰੀਗੇਸ਼ਨ ਅਤੇ ਪਾਵਰ ਦੀ ਪੂਰੀ ਫੈਸਿਲਟੀ ਮਿਲ ਸਕੇ । ਇਸ ਦੇ ਨਾਲ ਹੀ ਮੈਂ ਡੀਪ ਟਿਊਬਵੈਲਾਂ ਦੀ ਸਕੀਮ ਬਾਰੇ ਅਰਜ਼ ਕਰਨਾ ਚਾਹਾਂਗੀ । ਨੂਰਪੁਰ ਬੇਦੀ ਦੇ ਏਰੀਏ ਵਿਚ ਹਾਲੇ ਤਕ ਕੋਈ ਡੀਪ ਟਿਊਬਵੈਲ ਨਹੀਂ ਲਗਾਇਆ ਗਿਆ । ਇਹੋ ਜਿਹੇ ਏਰੀਏ ਵ੍ਰਿਚ ਪਾਣੀ ਨਹੀਂਪਹੁੰਚ ਸਕਦਾ ਹੈ । ਇਹ ਬਹੁਤ ਗਰੀਬ ਇਲਾਕਾ ਹੈ । ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੇ ਟਾਈਮ ਵਿਚ ਵੀ ਅਤੇ ਹੁਣ ਵੀ ਸਕੀਮ ਬਣੀ ਹੋਈ ਹੈ ਲੇਕਿਨ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸਦੇ ਵੱਲ ਅਜੇ ਕੋਈ ਤਵੱਜੋਂ ਨਹੀਂ ਦਿੱਤੀ ਗਈ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਕੁਮਾਰੀ ਸਰਲਾ ਪ੍ਰਾਸ਼ਰ : ਸਪੀਕਰ ਸਾਹਿਬ, ਜਿਹੜੀਆਂ ਪੰਜਾਬ ਸਰਕਾਰ ਨੇ ਸਕੀਮਾਂ ਰੱਖ ਅ ਹਨ ਜਿਤਨੀ ਫਰਾਖਦਿਲੀ ਲਈ ਇਨ੍ਹਾਂ ਸਕੀਮਾਂ ਲਈ ਪੈਸਾ ਦਿੱਤਾ ਹੈ, ਇਸ ਲਈ ਇਨ੍ਹਾਂ ਦੀ ਸ਼ਲਾਘ ਕਰਦੀ ਹਾਂ । ਇਹ ਕੰਮ ਟਾਈਮ ਸਿਰ ਪੂਰੇ ਹੋ ਜਾਣੇ ਚਾਹੀਦੇ ਹਨ । ਮੈਂ ਤੁਹਾਡਾ ਧੰਨਵਾਦ ਕਰਦੀ ਹ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ (ਕਾਹਨੂੰਵਾਂ) : ਸਪੀਕਰ ਸਾਹਿਬ, ਜਿਸ ਤਰ੍ਹਾਂ ਦਾ ਮਾਹੌਲ ਵਿਧਾਨ ਸਭਾ ਵਿਚ ਇਸ ਸੈਸ਼ਨ ਵਿਚ ਰਿਹਾ ਹੈ ਉਸ ਦੇ ਵੱਲ ਮੈਂ ਬਿਲਕੁਲ ਨਹੀਂ ਜਾਵਾਂਗਾ । ਮੈਂ ਸਹੀ ਗੱਲਾਂ ਵੱਲ ਧਿਆਨ ਆਪਣੇ ਸਾਰੇ ਮਿੱਤਰਾਂ ਦਾ ਖਿੱਚਣ ਦੀ ਕੋਸ਼ਿਸ਼ ਕਰਾਂਗਾ । [× × × ×]

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਚਾਰਜਡ ਆਈਟਮ ਤੇ ਹੁਣ ਡਿਸਕਸ਼ਨ ਨਹੀਂ ਹੋ ਸਕਦੀ ।

ਸ੍ਰੀ ਸਪੀਕਰ : ਸੇਖਵਾਂ ਜੀ ਮੈਂ ਸ਼ੁਰੂਆਤ ਵਿਚ ਕਿਹਾ ਸੀ ਕਿ ਇਸ ਆਈਟਮ ਨੂੰ ਡਿਸਕਸ ਕਰ ਲਵੋ ਪ੍ਰੰਤੂ ਕੋਈ ਵੀ ਮੈਂਬਰ ਬੋਲਣ ਲਈ ਨਾ ਉਠਿਆ । ਇਸ ਲਈ ਹੁਣ ਡਿਸਕਸ ਨਹੀਂ ਕੀਤਾ ਜਾ ਸਕਦਾ । ਇਹ ਰਿਮਾਰਕਸ ਐਕਸਪੰਜ ਕੀਤੇ ਜਾਣ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਸਪੀਕਰ ਸਾਹਿਬ, ਮੈਂ ਗੱਲ ਹੀ ਕਰਾਂਗਾ ਇਸ ਸਪਲੀਮੈਂਟਰੀ ਬਜਟ ਹੈ । ਸਪਲੀਮੈਂਟਰੀ ਬਜਟ ਖਾਸ ਕਾਰਣਾਂ ਕਰਕੇ ਬਣਦਾ ਹੈ । ਜੇ ਕੋਈ ਉਚੇਚਾ ਕਾਰਣ ਹੋਵੇ, ਜਿਵੇਂ ਇਨ੍ਹਾਂ ਦੀ ਇਕ ਆਈਟਮ ਹੈ ਕਿ ਹੜ੍ਹਾਂ ਦੇ ਮਾਰੇ ਲੋਕਾਂ ਦਾ ਜੋ ਨੁਕਸਾਨ ਹੋਇਆਹੈ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਹੈ । ਇਹ ਬਿਲਕੁਲ ਠੀਕ ਮੱਦ ਹੈ । ਲੇਕਿਨ ਇਥੇ ਲਾਟਰੀ ਦੀਆਂ ਟਿਕਟਾਂ ਵਾਸਤੇ ਵੀ ਸਪਲੀਮੈਂਟਰੀ ਡਿਮਾਂਡ ਰੱਖੀ ਗਈ ਹੈ । ਸਪੀਕਰ ਸਾਹਿਬ, ਮੇਰੀ ਪਾਰਟੀ ਨੂੰ ਇਸਦਾ ਕੋਈ ਫਾਇਦਾ ਨਹੀਂ ਹੋਣਾ । ਮੇਰੀ ਰਿਕੁਐਸਟ ਇਹ ਹੈ ਕਿ ਜਿਹੜੀ ਪ੍ਰਿੰਸੀਪਲ ਅਤੇ ਅਸੂਲ ਦੀ ਗੱਲ ਹੈ ਉਹ ਕਰਨੀ ਚਾਹੀਦੀ ਹੈ । ਜਿਹੜੀ ਰਵਾਇਤ ਤੇ ਪ੍ਰਿੰਸੀਪਲ ਸੋਚ ਸਮਝ ਕੇ ਲੋਕਾਂ ਨੇ ਬਣਾਏ ਹਨ ਅਤੇ ਉਨ੍ਹਾਂ ਦੇ ਉਲਟ ਜਾ ਰਹੇ ਹਾਂ । ਸਾਡੇ ਮੁਲਕ ਵਿਚ, ਆਰਡੀਨੈਂਸ ਹੋ ਰਹੇ ਹਨ । ਇਹ ਵੀ ਹੁਣ ਸਾਧਾਰਣ ਗੱਲਾਂ ਹੋ ਗਈਆਂ ਹਨ । ਕਾਨੂੰਨ ਵਿਚ ਇਹ ਲਿਖਿਆ ਗਿਆ ਹੈ ਕਿ ਜਦੋਂ ਕਿਸੇ ਗੱਲ ਦੀ ਪੇਸ਼ ਨਾ ਜਾਵੇ, ਕੋਈ ਕੰਮ ਖਰਾਬ ਹੋ ਜਾਵੇ, ਉਦੋਂ ਐਮਰਜੰਸੀ ਵਿਚ ਆਰਡੀਨੈਂਸ ਕੀਤਾ ਜਾਵੇ। ਇਸ ਲਈ ਅਜਿਹੀਆਂ ਸਪਲੀਮੈਂਟਰੀ ਡਿਮਾਂਡਾਂ ਐਮਰਜੈਂਸੀ ਵਿਚ ਹੀ ਲਿਆਉਣੀਆਂ ਚਾਹੀਦੀਆਂ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 6 ਕਰੋੜ 19 ਲੱਖ ਰੁਪਿਆ ਲੋਨਜ਼ ਵਾਸਤੇ ਦਿੱਤਾ ਹੈ ।

**Expunged as ordered by the Chair.

[ਜਥੇਦਾਰ ਉਜਾਗਰ ਸਿੰਘ ਸੇਖਵਾਂ]

ਸਪੀਕਰ ਸਾਹਿਬ, ਮੈਂ 41 ਨੰਬਰ ਡੀਮਾਂਡ ਤੇ ਬੋਲਣਾ ਚਾਹੁੰਦਾ ਹਾਂ । ਇਹ ਰੁਪਿਆ ਖੰਡ ਵਾਸਤੇ ਦਿੱਤਾ ਗਿਆ ਹੈ । ਮੇਰੇ ਮੁਲਕ ਵਿਚ ਸਪੀਕਰ ਸਾਹਿਬ, ਖੰਡ ਵਾਸਤੇ ਕਿਤਨਾ ਰੌਲਾ ਪਿਆ ਹੈ, ਮੈਂ ਉਸ ਦੀ ਗੱਲ ਨਹੀਂ ਕਰਨਾ ਚਾਹੁੰਦਾ ਕਿਉਂਕਿ ਮੈਂ ਫੈਸਲਾ ਕਰ ਚੁੱਕਾ ਹਾਂ ਕਿ ਮੈਂ ਕੋਈ ਵੀ ਐਸੀ ਗੱਲ ਨਹੀਂ ਕਰਨੀ ਜਿਸ ਨਾਲ ਕੋਈ ਕਿਸੇ ਕਿਸਮ ਦੀ ਤਲਖੀ ਪੈਦਾ ਹੋਵੇ। ਪਰ ਇਹ ਜ਼ਰੂਰ ਕਹਿੰਦਾ ਹਾਂ ਕਿ ਐਸੀ ਰਕਮ ਜਦੋਂ ਦੇਣੀ ਸੀ ਤਾਂ ਇਨ੍ਹਾਂ ਨੇ ਵਿਧਾਨ ਸਭਾ ਦਾ ਅਜਲਾਸ ਕਿਉਂ ਨਾ ਬੁਲਾਇਆ। ਇਹ ਵਿਧਾਨ ਸਭਾ ਨੂੰ ਹੱਕ ਹੈ ਕਿ ਉਹ ਪੈਸੇ ਪਾਸ ਕਰੇ ਤਾਂ ਉਸ ਤੋਂ ਬਾਅਦ ਇਹ ਖਰਚ ਕਰਨ। ਹੁਣ ਇਨ੍ਹਾਂ ਨੇ ਸਪੀਕਰ ਸਾਹਿਬ, ਲਾਸਟ ਦਿਨ ਵਿਧਾਨ ਸਭਾ ਬੁਲਾਈ, ਸਮਝ ਲਈ ਗੱਲ, ਪਰ ਜੇਕਰ 21 ਤਾਰੀਖ਼ ਨੂੰ ਮੀਟਿੰਗ ਸਭਾ ਦੀ ਨਾ ਹੁੰਦੀ ਤਾਂ ਕੀ ਹਾਲਾਤ ਹੁੰਦੇ, ਇਨ੍ਹਾਂ ਨੇ ਇਹ ਨਹੀਂ ਸੋਚਿਆਂ । ਵੇਖ ਲਓ, ਇਹ ਕਿਤਨੀ ਇਨ੍ਹਾਂ ਦੀ ਸਿਆਣਪ ਦੀ ਗੱਲ ਹੈ ਕਿ (ਹਾਸਾ) ਲਾਸਟ ਟਾਈਮ ਤੇ ਅਸੰਬਲੀ ਦਾ ਸੈਸ਼ਨ ਬੁਲਾਇਆ ਜਿਸ ਦਿਨ ਬੇੜਾ ਗਰਕ ਹੋਣ ਲੱਗਾ ਸੀ। ਜੇਕਰ ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਮੈਂ ਇਹ ਕਹਾਂਗਾ ਕਿ ਹਾਲਾਤ ਠੀਕ ਨਹੀਂ ਰਹਿਣਗੇ, ਅਸੀਂ ਬੁਰੀਆਂ ਗੱਲਾਂ ਵਿਚ ਪੈ ਜਾਵਾਂਗੇ ।

ਸਪੀਕਰ ਸਾਹਿਬ, ਮਹਾਰਾਜਾ ਰਣਜੀਤ ਸਿੰਘ ਦਿਵਸ ਮਨਾਉਣ ਵਾਸਤੇ 10 ਲੱਖ ਰੁਪਿਆ ਰਖਿਆ ਗਿਆ ਹੈ । ਇਸ ਦੀ ਮੈਂ ਸ਼ਲਾਘਾ ਕਰਦਾ ਹਾਂ, ਮੈਂ ਇਸ ਦੀ ਨਿੰਦਾ ਨਹੀਂ ਕਰਨਾ ਚਾਹੁੰਦਾ । ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਵਿਖਾਵਾ ਕਰਨਾ ਹੈ ਕਿ ਕਿਸ ਤਰ੍ਹਾਂ ਦਾ ਉਨ੍ਹਾਂ ਦਾ ਰਾਜ ਸੀ । ਇਹ ਹੋਣਾ ਵੀ ਚਾਹੀਦਾ ਹੈ । ਪਰ ਇਹ ਮੈਂ ਬੇਨਤੀ ਕਰਾਂਗਾ ਕਿ ਇਸ ਗੱਲ ਦਾ ਜ਼ਰੂਰ ਵਿਖਾਵਾ ਕਰਨਾ ਚਾਹੀਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਿਨ੍ਹਾਂ ਹਾਲਾਤ ਵਿਚ ਭਾਰਤ ਦੇਸ਼ ਵਿਚ ਬਣਿਆ । ਉਸ ਇਤਿਹਾਸ ਨੂੰ ਲੋਕਾਂ ਸਾਹਮਣੇ ਉਜਾਗਰ ਕੀਤਾ ਜਾਵੇ । ਕਿਸ ਤਰ੍ਹਾਂ ਨਾਲ ਮੁਗਲ ਰਾਜ ਨਾਲ ਟੱਕਰ ਲਈ ਔਰ ਉਹ ਪੁਰਾਣੀ ਹਿਸਟਰੀ ਲੋਕਾਂ ਦੇ ਸਾਹਮਣੇ ਲਿਆਉਣ ਵਾਸਤੇ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਰੁਪਿਆ ਥੋੜ੍ਹਾ ਹੈ । ਇਹ ਜ਼ਿਆਦਾ ਹੋਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇਤਿਹਾਸ ਪੜ੍ਹਿਆ ਹੈ ਔਰ ਮੈਨੂੰ ਇਸ ਤਰ੍ਹਾਂ ਲੱਗਿਆ ਹੈ ਕਿ ਪੰਜਾਬ ਦੀ ਧਰਤੀ ਜਿਹੜੀ ਹੈ ਇਸ ਦਾ ਚੱਪਾ ਚੱਪਾ ਖੂਨ ਨਾਲ ਰੰਗਿਆ ਗਿਆ ਹੈ, ਇਤਨੀਆਂ ਕੁਰਬਾਨੀਆਂ ਸਾਡੇ ਬਹਾਦਰ ਵੀਰਾਂ ਨੇ ਕੀਤੀਆਂ ਹਨ । ਇਸ ਗੱਲ ਲਈ ਸਪੀਕਰ ਸਾਹਿਬ, ਮੇਰੇ ਸਾਹਮਣੇ ਬੈਠੇ ਵੀਰਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਜੇਕਰ ਮੈਂ ਇਸ ਤਰ੍ਹਾਂ ਦੀ ਗੱਲ ਕਰਦਾ ਹਾਂ ਕਿ ਜੋ ਇਹ ਕਹਿੰਦੇ ਹਨ ਕਿ ਸਿੱਖ ਸਾਡੇ ਨਾਲੋਂ ਵੱਖਰਾ ਹੋਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਸਾਡੇ ਵੱਡੇ ਵਡੇਰਿਆਂ ਨੇ ਖੂਨ ਡੋਲ੍ਹ ਕੇ ਇਤਨਾਂ ਕੁਝ ਕਰਕੇ ਵਿਖਾਇਆ ਹੈ ਕਿ ਸਾਡੇ ਦੇਸ਼ ਦੇ ਲੋਕਾਂ ਨੂੰ ਜਾਗਰਿਤੀ ਆਈ ਹੈ । ਪਰ ਇਹ ਨਹੀਂ ਹੋਣਾ ਚਾਹੀਦਾ ਕਿ ਸਿੱਖ ਕੌਮ ਨੂੰ ਕੁਝ ਕਹਿਣ ਦਾ ਵੀ ਹੱਕ ਨਾ ਹੋਵੇ, ਸਪੀਕਰ ਸਾਹਿਬ ਉਸ ਸਿੱਖ ਕੌਮ ਨੂੰ ਹੱਕ ਨਾ ਹੋਵੇ ਜਿਸ ਦਾ ਇਤਿਹਾਸ ਕੁਰਬਾਨੀਆਂ ਨਾਲ ਹੀ ਭਰਿਆ ਪਿਆ ਹੋਵੇ । ਬੜਾ ਭਾਰੀ ਭਾਰਤ ਦੇਸ਼ ਦਾ ਸਿੱਖ ਇਤਿਹਾਸ ਹੈ । ਮੈਂ ਸਮਝਦਾ ਹਾਂ ਕਿ ਉਹ ਇਤਿਹਾਸ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਣਾ ਚਾਹੀਦਾ ਹੈ । ਸਿੱਖ ਕੌਮ ਦੀਆਂ ਕੁਰਬਾਨੀਆਂ ਨਾਲ ਇਸ ਕੌਮ ਦੀ ਮੇਹਨਤ ਨਾਲ ਇਸ ਦੇਸ਼ ਵਿਚ ਤਬਦੀਲੀ ਹੋਈ ਹੈ ਔਰ ਨਵਾਂ ਇਤਿਹਾਸ ਇਸ ਦੇਸ਼ ਦਾ ਬਣਿਆ ਹੈ ਜਿਸ ਨੂੰ ਕਿ ਕੌਮਾਂ ਭੁੱਲ ਨਹੀਂ ਸਕਦੀਆਂ । ਇਸ ਤਰ੍ਹਾਂ ਦੇ ਇਤਿਹਾਸ ਨੂੰ ਲੋਕਾਂ ਸਾਹਮਣੇ ਲਿਆਉਣ ਵਾਸਤੇ ਮੈਂ ਕਹਿੰਦਾ ਹਾਂ ਕਿ ਇਹ 10 ਲੱਖ ਰੁਪਿਆ ਕਿਸੇ ਕੰਮ ਨਹੀਂ ਆ ਸਕਦਾ। ਇਸ ਲਈ ਮੇਰੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਪਾਸ ਬੇਨਤੀ ਹੈ ਕਿ ਇਹ ਰਕਮ ਜ਼ਿਆਦਾ ਤੋਂ ਜ਼ਿਆਦਾ ਰੱਖੀ ਜਾਵੇ ਔਰ ਪੰਜਵ ਪੀੜ੍ਹੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਤੱਕ ਦਾ ਇਤਿਹਾਸ ਰੱਖਿਆ ਜਾਵੇ ਕਿ ਕਿਸ ਤਰ੍ਹਾਂ ਰਣਜੀਤ ਸਿੰਘ ਜੀ ਨੇ ਰਾਜ ਲਿਆ ਸੀ । ਉਨ੍ਹਾਂ ਨੇ ਰਾਜ ਤਾਕਤ ਨਾਲ ਲਿਆ ਸੀ, ਸ਼ਕਤੀ ਨਾਲ ਰਾਜ ਕਾਇਮ ਕੀਤਾ ਸੀ। ਮੇਰਾ ਖਿਆਲ ਹੈ ਕਿ ਸਰਕਾਰ ਉਸ ਦਾ ਵਿਖਾਵਾ ਕਰੇਗੀ। ਮੈਂ ਇਹ ਬੇਨਤੀ

ਕਰਾਂਗਾ ਕਿ ਵਿਖਾਵਾ ਕਰਨ ਲੱਗਿਆ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਪਾਉਣ ਤੋਂ ਪਹਿਲਾਂ ਦਾ ਇਤਹਾਸ ਨਿਗਾਹ ਵਿਚ ਰੱਖਿਆ ਜਾਵੇ ਔਰ ਮੈਨੂੰ ਯਕੀਨ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਚਾਰ ਪੀੜ੍ਹੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਇਹ ਉਨ੍ਹਾਂ ਦਾ ਹੀ ਸਿੱਟਾ ਹੈ ਕਿ ਸਾਡਾ ਦੇਸ਼ ਅਣਖ ਨਾਲ ਜੀਣਾ ਸਿੱਖ ਗਿਆ। ਉਨ੍ਹਾਂ ਲੋਕਾਂ ਨੇ ਪੁਰਾਣੇ ਮੁਗਲਾਂ ਦੇ ਰਾਜ ਨੂੰ ਜੜ੍ਹਾਂ ਤੋਂ ਪੁੱਟ ਕੇ ਰੱਖ ਦਿੱਤਾ। ਉਨ੍ਹਾਂ ਨੇ ਆਪਣੇ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਇਸ ਭਾਰਤ ਦੇਸ਼ ਦੀ ਧਰਤੀ ਤੇ ਦੇ ਕੇ ਆਪਣਾ ਖੂਨ ਡੋਲ੍ਹਿਆ। ਇਸ ਕਰਕੇ ਮੈਂ ਚਾਹਵਾਂਗਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਦਾ ਇੱਕਲਾ ਨਾ ਵਿਖਾਵਾ ਕੀਤਾ ਜਾਵੇ ਸਗੋਂ ਜੋ ਪਹਿਲਾਂ ਦਾ ਇਤਿਹਾਸ ਹੈ, ਜੋ ਕੁਰਬਾਨੀਆਂ ਦਾ ਇਤਿਹਾਸ ਹੈ, ਉਸਨੂੰ ਵੀ ਖੁਲ੍ਹੇ ਤੌਰ ਤੇ ਲੋਕਾਂ ਦੇ ਸਾਹਮਣੇ ਰੱਖਿਆ ਜਾਵੇ। ਇਸ ਦੇ ਨਾਲ ਮੈਨੂੰ ਯਕੀਨ ਹੈ ਕਿ ਮੇਰੇ ਦੇਸ਼ ਦੀ ਹੋਰ ਸ਼ਲਾਘਾ ਵਧੇਗੀ ਔਰ ਅੱਗੇ ਤੋਂ ਸਾਡੇ ਨੌਜਵਾਨ ਦੁਸ਼ਮਣਾਂ ਨਾਲ ਦਲੇਰੀ ਨਾਲ ਲੜ ਸਕਣਗੇ ਸਪੀਕਰ ਸਾਹਿਬ, ਇਹ ਮੇਰਾ ਦੇਸ਼ ਭਾਰਤ ਦੇਸ਼ ਹੈ, ਇਸ ਦੀਆਂ ਨੀਹਾਂ ਸਾਡੇ ਬਹਾਦਰ ਵੀਰਾਂ ਨੇ ਕੁਰਬਾਨੀਆਂ ਦੇ ਕੇ ਪੱਕੀਆਂ ਕੀਤੀਆਂ ਹਨ।...

ਸ੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਸਪੀਕਰ ਸਾਹਿਬ, ਵੈਸੇ ਅਜੇ ਤਾਂ ਮੁੱਢ ਹੀ ਬੱਝਾ ਸੀ ਜੀ। (ਹਾਸਾ) ਜੇਕਰ ਸਮਾਂ ਥੋੜ੍ਹਾ ਹੈ ਤਾਂ ਮੈਂ ਛੱਡ ਦਿੰਦਾ ਹਾਂ।

ਸ੍ਰੀ ਸਪੀਕਰ: ਨਹੀ, ਤੁਸੀਂ ਛੇਤੀ ਖਤਮ ਕਰੋ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਅੱਛਾ ਜੀ, ਮੈਨੂੰ ਯਕੀਨ ਹੈ ਕਿ ਜਿਹੜਾ ਇਹ ਮਾਹੌਲ ਹੈ, ਇਸ ਨੂੰ ਠੀਕ ਕਰਨ ਵਾਸਤੇ ਤੁਸੀਂ ਪੂਰੀ ਮੇਹਨਤ ਕਰੋਗੇ। ਤੁਸੀਂ ਕਿਸੇ ਦੀ ਰਿਆਇਤ ਨਹੀਂ ਕਰੋਗੇ, ਕੋਈ ਵੀ ਕਿਸੇ ਵੀ ਪਾਰਟੀ ਦਾ ਹੋਵੇ ਤੁਸੀਂ ਕਿਸੇ ਦਾ ਲਿਹਾਜ਼ ਨਹੀਂ ਕਰੋਗੇ, ਆਪਣੀ ਪਾਰਟੀ ਦੀ ਰਿਆਇਤ ਨਹੀਂ ਕਰੋਗੇ ,ਕਿਉਂਕਿ ਅਸੰਬਲੀ ਦਾ ਕਾਨੂੰਨ ਹੈ ਕਿ ਤੁਸੀਂ ਕਿਸੇ ਦੀ ਰਿਆਇਤ ਨਹੀਂ ਕਰਨੀ, ਜੋ ਰੂਲ ਕਹਿੰਦਾ ਹੈ, ਉਹ ਕਰਨਾ ਹੈ। ਤੁਸੀਂ ਤਕੜੇ ਹੋ ਕੇ ਫੈਸਲਾ ਦਿਓ, ਸਾਡੇ ਖਿਲਾਫ਼ ਹੋਵੇ ਤਾਂ ਵੀ ਦਿਓ ਔਰ ਜੇਕਰ ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਦੇ ਖਿਲਾਫ਼ ਹੋਵੇ ਤਾਂ ਵੀ ਦਿਓ, ਕਿਸੇ ਦੇ ਦਬਾਅ ਥੱਲੇ ਨਾ ਆਵੋ। (ਥੰਪਿੰਗ) ਇਹ ਕੁਰਸੀ ਜਿਹੜੀ ਹੈ, ਇਸ ਤੇ ਤੁਸੀਂ ਵੇਖੋ ਕਿਤਨੇ ਲੋਕ ਆਏ ਹਨ, ਜਿਨ੍ਹਾਂ ਦੀਆਂ ਫੋਟੋ ਲੱਗੀਆ ਹੋਈਆਂ ਹਨ। ਹੁਣ ਤੁਹਾਨੂੰ ਮੌਕਾ ਮਿਲਿਆ ਹੈ, ਤੁਹਾਡੇ ਤੋਂ ਅੱਗੇ ਹੋਰ ਕਿਸੇ ਪਾਸ ਇਹ ਕੁਰਸੀ ਆਉਣੀ ਹੈ, ਇਸ ਲਈ ਤੁਸੀਂ ਤਕੜੇ ਹੋ ਕੇ ਫੈਸਲੇ ਕਰਿਆ ਕਰੋ।

ਸ੍ਰੀ ਸਪੀਕਰ : ਤੁਹਾਡੀ ਤਾਰੀਫ਼ ਲਈ ਬਹੁਤ ਮੇਹਰਬਾਨੀ ਜੀ।

ਜਥੇਦਾਰ ਉਜਾਗਰ ਸਿੰਘ ਸੇਖਵਾਂ: ਮੇਰੀ ਇਹ ਭਾਵਨਾ ਹੈ ਕਿ ਜਿਹੜੀਆਂ ਹਾਊਸ ਵਿਚ ਗਲਤ ਗੱਲਾਂ ਹੁੰਦੀਆਂ ਹਨ, ਉਹ ਗੱਲਾਂ ਨਾ ਹੋਣ। ਅਸੀਂ ਡੇਢ ਕਰੋੜ ਲੋਕਾਂ ਦੇ ਨੁਮਾਇੰਦੇ ਹਾਂ। ਇਥੇ ਲੋਕਾਂ ਨੇ ਸਾਨੂੰ ਇਸ ਕਰਕੇ ਘੱਲਿਆ ਹੈ ਕਿ ਸੋਹਣੀਆਂ ਗੱਲਾਂ ਕਰੀਏ, ਵੱਧੀਆਂ ਗੱਲਾਂ ਕਰੀਏ ਤੇ ਵਧੀਆ ਕਾਨੂੰਨ ਬਣਾਈਏ। ਸਰਕਾਰ ਚਾਹੇ ਕਿਸੇ ਪਾਰਟੀ ਦੀ ਹੈ ਲੇਕਿਨ ਇਥੇ ਜਿਹੜਾ ਮਾਹੌਲ ਹੈ ਇਸ ਵਿਚ ਦਰੁੱਸਤੀ ਕਰਨ ਦੀ ਭਾਰੀ ਲੋੜ ਹੈ। ਇਹ ਮੁੱਖ ਮੰਤਰੀ ਸਾਹਿਬ ਦਾ ਵੀ ਫਰਜ਼ ਹੈ ਕਿ ਉਹ ਤੁਹਾਡੇ ਨਾਲ ਗੱਲ ਕਰਨ ਤੇ ਤੁਸੀਂ ਉਸ ਦੇ ਉਪਰ ਵਿਚਾਰ ਕਰੋ ਤੇ ਜੋ ਵਧੀਆ ਫੈਸਲਾ ਹੋਵੇ ਉਹ ਦਿਓ ਜਿਸ

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਨਾਲ ਇਥੇ ਦਾ ਮਾਹੌਲ ਸੁਖਾਵਾਂ ਹੋਵੇ । ਮੁੱਖ ਮੰਤਰੀ ਮੈਂਬਰਾਂ ਨਾਲ ਹੀ ਨਾ ਝਗੜਨ ਲੱਗ ਪੈਣ, ਉਹ ਤੁਹਾਡੇ ਨਾਲ ਗੱਲ ਕਰਨ ਔਰ ਮੈਂਬਰ ਤੁਹਾਨੂੰ ਸਮੱਰਥਣ ਦੇਣ । ਪਰ ਹੁਣ ਇਹ ਜਿਤਨਾ ਮਰਜ਼ੀ ਹੁੰਦਾ ਹੈ, ਰੌਲਾ ਪਾਈ ਜਾਂਦੇ ਹਨ, ਅਸਲ ਵਿਚ ਮੇਰਾ ਤਾਂ ਵੇਖਣ ਨੂੰ ਜੀ ਨਹੀਂ ਕਰਦਾ ।....

ਸ੍ਰੀ ਸਪੀਕਰ: ਸਾਢੇ 12 ਵਜੇ ਗਿਲੋਟੀਨ ਅਪਲਾਈ ਹੋਣਾ ਹੈ, ਤੁਸੀਂ ਇਕ ਮਿੰਟ ਤੋਂ ਜ਼ਿਆਦਾ ਟਾਈਮ ਨਾ ਲੈਣਾ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ : ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਮੈਂ ਸਪਲੀਮੈਂਟਰੀ ਤੇ ਵੀ ਘੱਟ ਹੀ ਉਠਦਾ ਹਾਂ ,ਮੈਂ ਹਾਊਸ ਦਾ ਇਕ ਮਿੰਟ ਵੀ ਜ਼ਾਇਆ ਨਹੀਂ ਕਰਨਾ ਚਾਹੁੰਦਾ ਲੇਕਿਨ ਗੱਲ ਇਹ ਹੈ ਕਿ ਮੈਂ ਇਥੇ ਖੁਲ੍ਹ ਕੇ ਗੱਲਾਂ ਕਰਨਾ ਚਾਹੁੰਦਾ ਹਾਂ ...

ਸ੍ਰੀ ਸਪੀਕਰ : ਤੁਹਾਨੂੰ ਬਜਟ ਤੇ ਬੋਲਣ ਲਈ ਟਾਈਮ ਦਿਆਂਗਾ ।

ਜੱਥੇਦਾਰ ਉਜਾਗਰ ਸਿੰਘ ਸੇਖਵਾਂ: ਸਪੀਕਰ ਸਾਹਿਬ, ਮੇਰੀ ਭਾਵਨਾ ਤਾਂ ਨਹੀਂ ਹੈ ਪਰ ਮੈਂ ਇਨ੍ਹਾਂ ਸ਼ਬਦਾਂ ਨਾਲ ਇਥੇ ਹੀ ਸਮਾਪਤ ਕਰਦਾ ਹਾਂ ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਮੈਂ ਕੱਟ ਮੋਸ਼ਨ ਦਿੱਤੀ ਹੈ ਜੀ। ਮੈਂ ਉਸ ਤੇ ਬੋਲਣਾ ਹੈ ਜੀ ।

ਸ੍ਰੀ ਸਪੀਕਰ: ਤੁਹਾਡੀ ਕੋਈ ਕੱਟ ਮੋਸ਼ਨ ਨਹੀਂ ਆਈ, ਡਾਕਟਰ ਭਗਤ ਸਿੰਘ ਜੀ ਦੀ, ਕੱਟ ਮੋਸ਼ਨ ਹੈ ।

ਵਿੱਤ ਮੰਤਰੀ : ਠੀਕ ਹੈ ਜੀ, ਦੋ ਤਿੰਨ ਮਿੰਟ ਇਨ੍ਹਾਂ ਨੂੰ ਬੋਲ ਲਣ ਦਿਓ, ਮੈਂ ਫਿਰ ਜਵਾਬ ਦੇ ਲਵਾਂਗਾ ।

ਸਰਦਾਰ ਹਰਚਰਨ ਸਿੰਘ ਹੀਰੋ: ਸਪੀਕਰ ਸਾਹਿਬ, ਤੁਸੀਂ ਸਾਰੀਆਂ ਪਾਰਟੀਆਂ ਦਾ ਧਿਆਨ ਰੱਖਿਆ ਕਰੋ ।ਮੇਰੀ ਗੱਲ ਸੁਣੋ, ਕੱਟ ਮੋਸ਼ਨ ਡਾਕਟਰ ਭਗਤ ਸਿੰਘ ਜੀ ਦੇ ਨਾਉਂ ਤੇ ਹੈ ਪਰ ਉਹ ਮੈਨੂੰ ਅਥਾਰਿਟੀ ਦੇ ਗਏ ਹਨ ।

ਸ੍ਰੀ ਸਪੀਕਰ : ਠੀਕ ਹੈ, ਤੁਸੀਂ ਬੋਲ ਲਵੋ ਤੇ ਅਥਾਰਿਟੀ ਮੈਨੂੰ ਦੇ ਦਿਓ ।

ਕਾਮਰੇਡ ਦਯਾ ਸਿੰਘ (ਕੁੰਮਕਲਾਂ): ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ ਜੀ। ਸਪੀਕਰ ਸਾਹਿਬ ਜਿਹੜੇ ਪਿੱਛੇ ਜਿਹੇ ਗੜੇ ਪਏ ਹਨ ਔਰ ਬਾਰਸ਼ਾਂ ਹੋਈਆਂ ਹਨ, ਉਨ੍ਹਾਂ ਨਾਲ ਲੋਕਾਂ ਦਾ ਨੁਕਸਾਨ ਹੋਇਆ ਹੈ ਖਾਸ ਤੌਰ ਤੇ ਲੁਧਿਆਣੇ ਜ਼ਿਲ੍ਹੇ ਦੇ ਬੰਦੇ ਦੇ ਪਿੰਡਾਂ ਦੀਆਂ ਜ਼ਮੀਨਾਂ ਬਾਰਸ਼ਾਂ ਪੈਣ ਨਾਲ ਦੋ ਦੋ ਦਫ਼ਾ ਬੀਜੀਆਂ ਗਈਆਂ, ਫੇਰ ਵੀ ਮਾਰੀਆਂ ਗਈਆਂ। ਕੀ ਉਹਨਾਂ ਦੀ ਪੜਤਾਲ ਕਰਕੇ ਰਲੀਫ ਦਿੱਤੀ ਜਾਵੇਗੀ ? ਸਪੀਕਰ ਸਾਹਿਬ, ਇਹ ਜਿਹੜਾ ਰੁਪਿਆ ਰੱਖਿਆ ਗਿਆ ਹੈ ਇਸ ਤੋਂ ਵੱਧ ਇਥੇ ਨੁਕਸਾਨ ਹੋਇਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਰੁਪਿਆ ਵੱਧ ਰੱਖਿਆ ਜਾਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਲੋਕਾਂ ਨੂੰ ਕੁੱਝ ਸਹੂਲਤਾਂ ਮਿਲ ਸਕਣ ।

ਸਾਡੇ ਲੁਧਿਆਣੇ ਜ਼ਿਲ੍ਹੇ ਵਿਚ ਜਦੋਂ ਗਰੀਵੈਂਸ ਕਮੇਟੀ ਦੀ ਮੀਟਿੰਗ ਹੁੰਦੀ ਹੈ ਤਾਂ ਉਸ ਵੇਲੇ

ਪਤਾ ਲਗਦਾ ਹੈ ਕਿ ਉਥੋਂ ਦੇ ਲੋਕਾਂ ਨੂੰ ਕੀ ਕੀ ਤਕਲੀਫ਼ਾਂ ਹਨ । ਮੈਂ ਦੱਸਦਾ ਹਾਂ ਕਿ ਲੁਧਿਆਣਾ ਜ਼ਿਲ੍ਹੇ ਵਿਚ ਜਿਹੜੀ ਕਮੇਟੀ ਦੀ ਜਗ੍ਹਾ ਸੀ. ਉਸ ਤੇ ਕਾਂਗਰਸ ਦੇ ਕਈ ਆਦਮੀਆਂ ਨੇ ਧੱਕੇ ਨਾਲ ਕਬਜ਼ਾ ਕਰ ਲਿਆ ਹੈ ਅਤੇ ਇਕ ਬੰਦੇ ਨੇ ਉਥੇ ਕਮਰੇ ਪਾਕੇ ਲੋਕਾਂ ਨੂੰ ਵੇਚ ਦਿੱਤੇ ਹਨ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਜਾਇਦਾਦ ਹੈ ਇਸ ਤੇ ਇਸਤਰ੍ਹਾਂ ਧੱਕੇ ਨਾਲ ਕਬਜ਼ਾ ਨਹੀਂ ਕਰਨਾ ਚਾਹੀਦਾ । ਇਹ ਬਹੁਤ ਮਾੜੀ ਗੱਲ ਹੈ। ਇਸ ਤਰ੍ਹਾਂ ਨਾਲ ਇਹ ਅਫਸਰਾਂ ਨਾਲ ਮਿਲ ਕੇ ਇਹ ਕਬਜ਼ਾ ਕਰਕੇ 40-40 ਹਜ਼ਾਰ ਰੁਪਿਆ ਵੰਡ ਲੈਂਦੇ ਹਨ । ਇਸ ਲਈ ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ । ਅਜਿਹੀ ਸਰਕਾਰ ਨੂੰ ਅਸੀਂ ਚੰਗੀ ਸਰਕਾਰ ਨਹੀਂ ਕਹਿ ਸਕਦੇ ।

ਸਪੀਕਰ ਸਾਹਿਬ, ਇਕ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਂਗਰਸ ਵਾਲੇ ਇਹ ਕਹਿੰਦੇ ਤਾਂ ਬਹੁਤ ਕੁਝ ਹਨ ਕਿ ਅਸੀਂ ਗਰੀਬਾਂ ਵਾਸਤੇ ਇਹ ਕੀਤਾ ਹੈ ਅਤੇ ਹਰੀਜਨਾਂ ਵਾਸਤੇ ਬਹੁਤ ਕੁਝ ਕਰ ਰਹੇ ਹਾਂ । ਪਰ ਅਸਲ ਵਿਚ ਕੁਝ ਹੁੰਦਾ ਨਹੀਂ । ਮੈਂ ਤੁਹਾਨੂੰ ਬੇਟ ਏਰੀਏ ਦੀ ਇਕ ਮਿਸਾਲ ਦਿੰਦਾ ਹਾਂ ਕਿ ਲੁਧਿਆਣਾ ਦੇ ਬੇਟ ਏਰੀਏ ਵਿਚ ਤਕਰੀਬਨ 200 ਪਿੰਡ ਹਨ ਪਰ ਉਥੇ ਸਿਰਫ ਚਾਰ ਹਾਈ ਸਕੂਲ ਹਨ ਅਤੇ 5- 6 ਮਿਡਲ ਸਕੂਲ ਹੋਣੇ ਹਨ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ, ਜਿਹੜੇ ਹਰੀਜਨ ਹਨ, ਆਪਣੇ ਬੱਚੇ ਪੜ੍ਹਾਉਣ ਵਿਚ ਬੜੀ ਤਕਲੀਫ ਹੁੰਦੀ ਹੈ। ਉਨ੍ਹਾਂ ਪਿੰਡਾਂ ਦੇ 25% ਬੱਚੇ ਤਾਂ ਅਨਪੜ੍ਹ ਹੀ ਰਹਿੰਦੇ ਹਨ ਅਤੇ ਕੁਝ ਬੱਚੇ 5ਵੀਂ ਤੱਕ ਹੀ ਪੜ੍ਹ ਸਕਦੇ ਹਨ ਕੋਈ ਹੀ ਬੱਚਾ ਹੁੰਦਾ ਹੋਵੇਗਾ ਜਿਹੜਾ ਦਸਵੀ ਕਰ ਗਿਆ ਹੋਵੇ । ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਸ ਤੋਂ ਪਤਾ ਲਗਦਾ ਹੈ ਕਿ ਸਾਡੀ ਸਰਕਾਰ ਕਿੰਨੀ ਚੰਗੀ ਹੈ, ਇਹ ਕੀ ਹਰੀਜਨਾਂ ਦੇ ਬੱਚਿਆਂ ਦਾ ਖਿਆਲ ਕਰਦੀ ਹੈ । ਗਰੀਬਾਂ ਲਈ ਕੀ ਹਮਦਰਦੀ ਹੈ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਸਰਕਾਰ ਨੂੰ ਚੰਗੀ ਸਰਕਾਰ ਕਹਿ ਸਕਦੇ ਹਾਂ ।

ਸ੍ਰੀ ਸਪੀਕਰ : ਜਲਦੀ ਖਤਮ ਕਰੋ ।

ਕਾਮਰੇਡ ਦਯਾ ਸਿੰਘ : ਸਪੀਕਰ ਸਾਹਿਬ, ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਮੇਰੇ ਇਲਾਕੇ ਵਿਚ ਬੇਟ ਦਾ ਏਰੀਆ ਹੈ ਉਥੇ ਜੰਗਲ ਲਗਾਇਆ ਹੋਇਆ ਹੈ ਉਸਨੂੰ 20 ਸਾਲ ਹੋ ਗਏ ਹਨ, ਅਤੇ ਹੁਣ ਤਾਂ ਉਥੇ ਦਰੱਖਤ ਵੀ ਕਾਫੀ ਮੋਟੇ ਮੋਟੇ ਹੋ ਗਏ ਹਨ । ਪਿਛੇ ਉਨ੍ਹਾਂ ਦੀ ਨਿਲਾਮੀ ਸ਼ੁਰੂ ਕੀਤੀ ਸੀ ਪਰ ਉਸ ਨਿਲਾਮੀ ਵਿਚ ਉਹ ਜੰਗਲ ਕਿਸੇ ਨੂੰ ਨਹੀਂ ਦਿੱਤਾ ਗਿਆ । ਉਹ ਨਿਲਾਮੀ ਰੋਕ ਦਿੱਤੀ ਗਈ । ਬਾਅਦ ਵਿਚ ਜਿਹੜੇ ਉਥੋਂ ਦੇ ਬਦਮਾਸ਼ ਆਦਮੀ ਸਨ ਉਨ੍ਹਾਂ ਨੇ ਉਸ ਤੇ ਕਬਜ਼ਾ ਕਰ ਲਿਆ ਔਰ ਤਕਰੀਬਨ 2 ਲੱਖ ਰੁਪਏ ਦਾ ਦਰੱਖਤ ਹੈ ਸੀ ਲੱਕੜ ਵੱਢ ਕੇ ਲੈ ਗਏ । ਇਸ ਲਈ ਮੇਰੀ ਅਰਜ਼ ਹੈ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਹੀ ਅਸੀ ਇਸ ਨੂੰ ਚੰਗੀ ਸਰਕਾਰ ਕਹਿ ਸਕਾਂਗੇ । ਕੀ ਉਨ੍ਹਾਂ ਅਫਸਰਾਂ ਤੇ ਦਰੱਖਤ ਕੱਟਣ ਵਾਲੇ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

ਸ੍ਰੀ ਸਪੀਕਰ : ਤੁਹਾਡਾ ਸਮਾਂ ਖਤਮ ਹੋ ਗਿਆ ਹੈ । ਸਰਦਾਰ ਹਰਚਰਨ ਸਿੰਘ ਹੀਰੋ ।

ਸਰਦਾਰ ਹਰਚਰਨ ਸਿੰਘ ਹੀਰੋ (ਜ਼ੀਰਾ): ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 16 ਤੇ ਕੁਝ ਕਹਿਣਾ ਚਾਹੁੰਦਾ ਹਾਂ । ਇਸ ਵਾਸਤੇ 18 ਕਰੋੜ, 37 ਲੱਖ ਤੇ 11 ਹਜ਼ਾਰ ਰੁਪਿਆ ਰਖਿਆ ਗਿਆ ਹੈ। ਪਰ ਇਸਤੇ ਹਰ ਸਾਲ ਇਕ ਅਰਬ 10 ਕਰੋੜ ਰੁਪਿਆ ਖਰਚ ਹੁੰਦਾ ਹੈ । ਪਰ ਫਿਰ ਵੀ ਇਹ ਐਜੂਕੇਸ਼ਨ ਲੋਕਾਂ ਨੂੰ ਨਹੀਂ ਮਿਲਦੀ । ਜਿਹੜੇ ਲੋਕਾਂ ਤੋਂ ਰੁਪਿਆ ਆਉਂਦਾ ਹੈ ਇਹ ਰੁਪਿਆ ਲੋਕਾਂ ਤੇ ਟੈਕਸ ਲਾਕੇ ਗਰੀਬ ਕਿਸਾਨਾਂ ਤੋਂ ਵੀ ਲਿਆਂ ਜਾਂਦਾ ਹੈ ਪਰ ਉਨ੍ਹਾਂ ਗਰੀਬ ਕਿਸਾਨਾਂ ਦੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ

[ਸਰਦਾਰ ਹਰਚਰਨ ਸਿੰਘ ਹੀਰੋ]

ਨਹੀਂ ਮਿਲਦੀ। ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ ਗੌਰਮਿੰਟ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਐਜੂਕੇਸ਼ਨ ਹੈ ਇਹ ਸਭ ਨੂੰ ਇਕੋ ਲੈਵਲ ਤੇ ਮਿਲਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਜਿਹੜੇ ਅਮੀਰਾਂ ਦੇ ਬੱਚੇ ਹਨ, ਪੈਸੇ ਖਰਚ ਕਰ ਸਕਦੇ ਹਨ ਉਹ ਤਾਂ ਪਬਲਿਕ ਸਕੂਲਾਂ ਵਿਚ ਜਾਕੇ ਪੜ੍ਹਨ ਅਤੇ ਗਰੀਬਾਂ ਦੇ ਬੱਚੇ ਉਨ੍ਹਾਂ ਚੰਗੇ ਸਕੂਲਾਂ ਵਿਚ ਨਾ ਪੜ੍ਹ ਸਕਣ। ਇਸ ਤਰ੍ਹਾਂ ਨਾਲ ਉਹ ਬੱਚੇ ਕੰਪੀਟੀਸ਼ਨ ਵਿਚ ਨਹੀਂ ਬੈਠ ਸਕਦੇ। ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ ਇਹ ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ ਇਹ ਇਕੋ ਜਿਹਾ ਹੋਣਾ ਚਾਹੀਦਾ ਹੈ। ਘੱਟੋ ਘੱਟ ਦਸਵੀਂ ਤੱਕ ਐਜੂਕੇਸ਼ਨ ਬਿਲਕੁਲ ਫਰੀ ਦੇਣੀ ਚਾਹੀਦੀ ਹੈ ਅਤੇ ਇਕੋ ਕਿਸਮ ਦੀ ਹੋਣੀ ਚਾਹੀਦੀ ਤਾਕਿ ਅਮੀਰ ਗਰੀਬ ਦੇ ਬੱਚੇ ਇੱਕਠੇ ਕੰਪੀਟੀਸ਼ਨ ਵਿਚ ਬੈਠ ਸਕਣ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿੰਦਾ ਹਾਂ ਕਿ ਇਹ ਜਿਹੜੀ ਐਜੂਕੇਸ਼ਨ ਹੋਣੀ ਚਾਹੀਦੀ ਹੈ ਇਹ ਜਾਬ ਓਰੀਇੰਟਿਡ ਹੋਣੀ ਚਾਹੀਦੀ ਹੈ। ਇਸ ਤਰੀਕੇ ਦੀ ਐਜੂਕੇਸ਼ਨ ਦੇਣੀ ਚਾਹੀਦੀ ਹੈ ਜਿਸ ਨੂੰ ਪ੍ਰਾਪਤ ਕਰਕੇ ਜਦੋਂ ਬੱਚਾ ਬਾਹਰ ਨਿਕਲੇ ਤਾਂ ਉਸ ਨੂੰ ਕੋਈ ਨਾ ਕੋਈ ਕੰਮ ਮਿਲ ਜਾਵੇ। ਇਹ ਨਾ ਹੋਵੇ ਕਿ ਉਹ ਬੇਰੁਜ਼ਗਾਰ ਫਿਰਦ ਰਹੇ। ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀ ਐਜੂਕੇਸ਼ਨ ਦਿੱਤੀ ਜਾਂਦੀ ਹੈ ਇਸ ਨੂੰ ਪ੍ਰਾਪਤ ਕਰਕੇ ਜਦੋਂ ਬੱਚੇ ਬਾਹਰ ਆਉਂਦੇ ਹਨ ਤਾਂ ਉਹ ਸਾਡੇ ਲਈ ਮੁਸੀਬਤ ਬਣ ਜਾਂਦੇ ਹਨ। ਉਹ ਕਹਿੰਦੇ ਹਨ ਕਿ ਨੌਕਰੀ ਲੈ ਕੇ ਦੇਵੋ। ਗੌਰਮਿੰਟ ਐਨੀਆਂ ਨੌਕਰੀਆਂ ਦਾ ਪ੍ਰਬੰਧ ਕਰ ਨਹੀਂ ਸਕਦੀ। ਉਹ ਬੇਰੁਜ਼ਗਾਰ ਫਿਰਦੇ ਹਨ ਫਿਰ ਜਦੋਂ ਉਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਹ ਦੁਖੀ ਹੋਕੇ ਨਕਸਲਾਈਟ ਬਣਦੇ ਹਨ ਅਤੇ ਮੰਦੇ ਕੰਮਾਂ ਵਿਚ ਪੈਂਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਐਜੂਕੇਸ਼ਨ ਦੇਣੀ ਚਾਹੀਦੀ ਹੈ ਇਹ ਜਾਬ ਓਰੀਇੰਟਿਡ ਹੋਣੀ ਚਾਹੀਦੀ ਹੈ ਔਰ ਸਭ ਨੂੰ ਇਕੋ ਜਿਹੀ ਐਜੂਕੇਸ਼ਨ ਦੇਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਇਕ ਹੋਰ ਡੀਮਾਂਡ ਦੇ ਬਾਰੇ ਬੋਲਣਾ ਚਾਹੁੰਦਾ ਹਾਂ। ਇਹ ਜਿਹੜਾ ਹਸਪਤਾਲਾਂ ਲਈ ਪੈਸਾ ਰੱਖਿਆ ਗਿਆ ਹੈ ਇਹ ਬਹੁਤ ਥੋੜ੍ਹਾ ਹੈ। ਅੱਜ ਕਿਸੇ ਵੀ ਹਸਪਤਾਲ ਵਿਚ ਚਲੇ ਜਾਓ ਕੋਈ ਦਵਾਈ ਨਹੀਂ ਮਿਲਦੀ। ਪਹਿਲੇ ਦਵਾਈ ਵਾਸਤੇ ਗੌਰਮਿੰਟ 5% ਰੁਪਿਆ ਰਖਦੀ ਸੀ ਪਰ ਹੁਣ ਇਹ ਘਟਾ ਕੇ 1% ਕਰ ਦਿੱਤਾ ਹੈ। ਪਰ ਹਸਪਤਾਲਾਂ ਦੀ ਇਹ ਹਾਲਤ ਹੈ ਕਿ ਉਸ 1% ਦੇ ਬਰਾਬਰ ਵੀ ਕੋਈ ਦਵਾਈ ਨਹੀਂ ਮਿਲਦੀ। ਮੈਂ ਤੁਹਾਨੂੰ ਤਿੰਨ ਹਸਪਤਾਲਾਂ ਦਾ ਨਾਂ ਦੱਸਦਾ ਹਾਂ, ਇਹ ਹਨ ਜੀਰਾ, ਮਖੂ ਅਤੇ ਮੁਲਾਂ ਵਾਲਾ ਇਨ੍ਹਾਂ ਹਸਪਤਾਲਾਂ ਵਿਚ ਬਿਲਕੁਲ ਕੋਈ ਦਵਾਈ ਨਹੀਂ ਮਿਲਦੀ ਗੌਰਮਿੰਟ ਨੂੰ ਇਸ ਵਾਸਤੇ ਰੁਪਿਆ ਰੱਖਣਾ ਚਾਹੀਦਾ ਹੈ ਔਰ ਗਰੀਬ ਲੋਕਾਂ ਨੂੰ ਦਵਾਈ ਦੇਣੀ ਚਾਹੀਦੀ ਹੈ। ਜੇ ਹਸਪਤਾਲਾਂ ਵਿਚ ਦਵਾਈਆਂ ਨਾ ਮਿਲਣ ਤਾਂ ਜਿਹੜੇ ਗਰੀਬ ਮਰੀਜ਼ ਹਨ ਉਹ ਕਿਵੇਂ ਠੀਕ ਹੋ ਸਕਦੇ ਹਨ। ਇਸ ਲਈ ਹਸਪਤਾਲਾਂ ਵਿਚ ਦਵਾਈਆਂ ਦਾ ਪਹੁੰਚਾਣਾ ਬਹੁਤ ਜ਼ਰੂਰੀ ਹੈ।

ਸ੍ਰੀ ਸਪੀਕਰ : ਤੁਸੀਂ ਹੁਣ ਖਤਮ ਕਰੋ।

ਸਰਦਾਰ ਹਰਚਰਨ ਸਿੰਘ ਹੀਰੋ : ਸਪੀਕਰ ਸਾਹਿਬ, ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜਾ ਪੈਸਾ ਰੱਖਿਆਂ ਗਿਆ ਹੈ ਇਹ ਬਹੁਤ ਥੋੜ੍ਹਾ ਰੱਖਿਆ ਗਿਆ ਹੈ।

ਫਿਰ ਪਿਛੇ ਜਿਹੜੀ ਝੋਨੇ ਤੇ ਬਿਮਾਰੀ ਪਈ ਅਤੇ ਹੜ੍ਹਾਂ ਨਾਲ ਫਸਲਾਂ ਤਬਾਹ ਹੋਈਆਂ ਸਨ ਉਸ ਵਾਸਤੇ ਵੀ ਰਕਮ ਬਹੁਤ ਘਟ ਰੱਖੀ ਗਈ ਹੈ। ਪਿਛੇ ਰੈਵਿਨਿਊ ਮਨਿਸਟਰ ਨੇ ਕਿਹਾ ਸੀ ਕਿ ਉਹ 1 ਕਰੋੜ ਤੇ 20 ਲੱਖ ਰੁਪਿਆ ਤਾਂ ਖਤਮ ਕਰ ਚੁੱਕੇ ਹਨ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਿੰਨਾ ਉਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਇਸ ਪੈਸੇ ਨਾਲ ਪੂਰਾ ਮੁਆਵਜਾ ਨਹੀਂ ਮਿਲਣਾ। ਇਸ ਲਈ ਇਸ ਪਾਸੇ ਪੈਸਾ ਵੱਧ ਰੱਖਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ। (ਵਿਘਨ) ਅਗਰ ਹਾਊਸ ਦੀ ਇਜਾਜ਼ਤ ਹੋਵੇ ਤਾਂ ਹਾਊਸ ਦੀ ਮੀਟਿੰਗ ਦਾ ਸਮਾਂ 1.15 ਤੱਕ ਐਕਸਟੈਂਡ ਕਰ ਦਿੱਤਾ ਜਾਵੇ ਅੌਰ ਜਿਹੜਾ ਗਿਲੋਟਿਨ ਐਪਲਾਈ ਹੋਣਾ ਹੈ, ਉਸ ਦਾ ਸਮਾਂ 12- 45 ਕਰ ਦਿੱਤਾ ਜਾਵੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਅੱਧਾ ਘੰਟਾ ਤਾਂ ਮੈਂ ਬੋਲਾਂਗਾ। ਹਾਊਸ ਦਾ ਸਮਾਂ ਹੋਰ ਐਕਸ-ਟੈਂਡ ਕਰ ਲਵੋ।

ਸ਼੍ਰੀ ਸਪੀਕਰ : ਚਲੋ, ਅੱਜੇ ਤਾਂ ਹਾਊਸ 1.15 ਤੱਕ ਐਕਸਟੈਂਡ ਕੀਤਾ ਜਾਂਦਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦਾ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਸੁਝਾਵ ਅੱਛੇ ਅੱਛੇ ਦਿੱਤੇ ਹਨ ਅਤੇ ਜਿਨ੍ਹਾਂ ਨੇ ਸਰਕਾਰ ਨੂੰ ਕਰੀਟੇਸਾਈਜ਼ ਵੀ ਕੀਤਾ ਹੈ। ਮੈਂ ਉਨ੍ਹਾਂ ਦਾ ਵੀ ਪੰਜਾਬ ਸਰਕਾਰ ਦੀ ਤਰਫੋਂ ਸਾਰੇ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ। ਸਪੀਕਰ ਸਾਹਿਬ, 70 ਕਰੋੜ 58 ਲੱਖ 35 ਹਜਾਰ ਰੁਪਏ ਦੀਆਂ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਕੀਤੀਆਂ ਹਨ ਅੌਰ ਇਸ ਡਿਮਾਂਡ ਦੇ ਵਿਚੋਂ 16 ਕਰੋੜ 72 ਲੱਖ, 79 ਹਜ਼ਾਰਰੁਪਏ ਐਸੇ ਹਨ ਜਿਹੜੇ ਐਡਜਸਟ ਹੋਣੇ ਹਨ ਜਾਂ ਇਹ ਗੌਰਮਿੰਟ ਆਫ ਇੰਡੀਆ ਤੋਂ ਆਉਣੇ ਹਨ। ਇਸ ਤਰ੍ਹਾਂ ਦੀ ਰਕਮ ਹੈ। ਅੌਰ ਬਾਕੀ ਡੀਮਾਂਡ 53 ਕਰੋੜ 86 ਲੱਖ ਅੌਰ 56 ਹਜ਼ਾਰ ਰੁਪਏ ਦੀ ਰਹਿ ਜਾਂਦੀ ਹੈ।

ਇਸ ਦੇ ਵਿਚ 24 ਕਰੋੜ ਰੁਪਿਆਂ ਮੁਲਾਜ਼ਮਾਂ ਲਈ ਰੱਖਿਆ ਗਿਆ ਹੈ। ਇਹ ਪੈਸਾ ਮੁਲਾਜ਼ਮਾਂ ਨੂੰ ਦੇਣਾ ਹੈ। ਇਸ ਦੇ ਵਿਚੋਂ 14 ਕਰੋੜ ਰੁਪਏ ਦੇ ਲੱਗਭਗ ਰਹਿ ਜਾਂਦਾ ਹੈ ਜਿਸ ਦੀ ਸਪਲੀਮੈਂਟਰੀ ਡੀਮਾਂਡ ਬਾਰੇ ਦੱਸਦਾ ਹਾਂ ਕਿ ਇਹ ਰਕਮ ਬਹੁਤ ਕੋਈ ਵੱਡੀ ਨਹੀਂ ਹੈ ਬਲਕਿ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦਾ ਫਾਈਨੈਂਸ਼ੀਅਲ ਪ੍ਰਬੰਧ ਬੜੇ ਅੱਛੇ ਢੰਗ ਵਿਚ ਲਿਆਂਦਾ ਹੈ ਅੌਰ ਇਹ ਸ਼ਲਾਘਾਯੋਗ ਹੈ। ਜਦ ਕਿ ਸਪੀਕਰ ਸਾਹਿਬ 1977-78 ਦੇ ਵਿਚ 134 ਕਰੋੜ ਰੁਪਏ ਦੀ ਸਪਲੀਮੈਂਟਰੀ ਪਾਸ ਕੀਤੀ ਗਈ ਅਤੇ 78-79 ਦੇ ਵਿਚ 112 ਕਰੋੜ ਰੁਪਏ ਦੀਆਂ ਡੀਮਾਂਡਜ ਪਾਸ ਕੀਤੀਆਂ ਗਈਆਂ ਸਨ ਜਦ ਕਿ ਹੁਣ ਬਹੁਤ ਹੀ ਥੋੜ੍ਹੀਆਂ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਕੀਤੀਆਂ ਗਈਆਂ ਹਨ। ਇਸ ਤੋਂ ਇਕ ਅੱਛੇ ਇੰਤਜ਼ਾਮ ਦੀ ਨਿਸ਼ਾਨੀ ਨਜ਼ਰ ਆਉਂਦੀ ਹੈ। ਮੁਲਾਜ਼ਮਾਂ ਲਈ ਬਹੁਤ ਸਾਰਾ ਪੈਸਾ ਰੱਖਿਆ ਗਿਆ ਹੈ। 10 ਕਰੋੜ ਰੁਪਏ ਦੇ ਕਰੀਬ ਏ. ਡੀ. ਏ. ਲਈ ਰੱਖਿਆ ਗਿਆ ਹੈ। ਅੌਰ ਬਾਕੀ ਦਾ 14 ਕਰੋੜ ਰੁਪਿਆ ਪੇ-ਸਕੇਲ ਰਵੀਜ਼ਨ ਲਈ ਰੱਖੇ ਗਏ ਹਨ। ਸਾਨੂੰ ਖ਼ੁਸ਼ੀ ਹੈ ਕਿ ਸਾਡੇ ਕਰਮਚਾਰੀਆਂ ਨੇ ਹਿੰਦੁਸਤਾਨ ਦੀ ਤਰੱਕੀ ਵਿਚ ਅਤੇ ਪੰਜਾਬ ਦੀ ਤਰੱਕੀ ਵਿਚ ਪਿਛਲੇ 33 ਸਾਲ ਸ਼ਲਾਘਾਯੋਗ ਹਿੱਸਾ ਪਾਇਆ ਹੈ। ਉਹ ਭਾਵੇਂ ਆਈ. ਏ. ਐਸ. ਅਫਸਰ ਹਨ, ਚਾਹੇ ਆਈ. ਪੀ. ਐਸ. ਅਫਸਰ ਹਨ, ਟੀਚਰਜ਼ ਹਨ, ਡਾਕਟਰ ਹਨ, ਇੰਜੀਨੀਅਰਜ਼ ਹਨ ਸਾਰਿਆਂ ਨੇ ਇਮਾਨਦਾਰੀ ਦੇ ਨਾਲ ਮਹਾਨ ਕੰਮ ਕੀਤੇ ਹਨ। ਅੌਰ ਸਰਕਾਰ ਉਨ੍ਹਾਂ ਦੇ ਸਟੈਂਡਰਡ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਦੀ ਸਰਕਾਰ ਅਤੇ ਸੈਂਟਰ ਦੀ ਸਰਕਾਰ ਹਮੇਸ਼ਾ ਸਮੇਂ ਸਮੇਂ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉਂਦੀਆਂ ਰਹੀਆਂ ਹਨ। ਭੱਤੇ ਆਦਿ ਵੱਧੇ ਹਨ। ਬਲਕਿ ਮੈਂ ਸਮਝਦਾ ਹਾਂ ਕਿ ਸਰਕਾਰ ਨੇ ਉਨ੍ਹਾਂ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਕੇ ਆਪਣਾ ਫਰਜ਼ ਅਦਾ ਕੀਤਾ ਹੈ। ਇਸ ਦੇ ਨਾਲ ਮੈਂ ਇਹ ਕਹਾਂਗਾ ਕਿ 14 ਕਰੋੜ ਰੁਪਏ ਦੀ ਰਕਮ ਪੇ ਸਕੇਲ ਰਿਵਾਇਜ਼ ਲਈ ਜ਼ਿਕਰ ਕੀਤੇ ਹਨ। ਇਹ ਪੇ ਕਮਿਸ਼ਨ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਨੇ ਕਾਇਮ ਕੀਤਾ ਸੀ। ਅੌਰ ਇਸ ਦੀ ਪੂਰੀ ਛਾਣ-ਬੀਣ ਤੋਂ ਬਾਦ ਇਸ ਦੀਆਂ ਸਿਫਾਰਸ਼ਾਂ ਨੂੰ ਅਸੀਂ ਆਕੇ ਲਾਗੂ ਕੀਤਾ ਹੈ। ਪਰ ਪਿਛਲੀ ਅਕਾਲੀ ਜਨਤਾ ਸਰਕਾਰ ਪਿਛਲੇ 3 ਸਾਲਾਂ ਦੇ ਵਿਚ ਪੇ ਸਕੇਲ ਰਵਾਈਜ਼ ਨਹੀਂ ਕਰ ਸਕੀ ਸੀ। ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ 14 ਕਰੋੜ ਰੁਪਿਆਂ ਮੁਲਾਜ਼ਮਾਂ

[ਵਿੱਤ ਮੰਤਰੀ]

ਨੂੰ ਆਕੇ ਦਿੱਤਾ ਹੈ । (ਵਿਘਨ) ਪੰਜਾਬ ਦਾ ਇੰਪਲਾਈ ਪੰਜਾਬ ਦੀ ਸੇਵਾ ਕਰ ਰਿਹਾ ਹੈ ਪਰ ਜਿਹੜੇ ਵੈਸਟਿਡ ਇੰਟ੍ਰਸਟਡ ਪੁਲੀਟੀਕਲ ਪਾਰਟੀਆਂ ਪੰਜਾਬ ਵਿਚ ਹਨ ਉਹ ਕਰਮਚਾਰੀਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਕੰਮ ਕਰਨ ਨਹੀਂ ਦਿੰਦੀਆਂ। ਇਹ ਕਰਮਚਾਰੀਆਂ ਦੇ ਵਿਚ ਬਗਾਵਤ ਪੈਦਾ ਕਰਨਾ ਚਾਹੁੰਦੇ ਹਨ ਔਰ ਬਗਾਵਤ ਦੇ ਰਸਤੇ ਤੇ ਲਿਆਉਣਾ ਚਾਹੁੰਦੇ ਹਨ । ਜਿਹੜਾ ਕਰਮਚਾਰੀ ਕੰਮ ਕਰਦਾ ਹੈ ਉਸ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ ਪਰ ਇਹ ਉਨ੍ਹਾਂ ਨੂੰ ਕਦੇ ਸ਼ੋ ਡਾਊਨ, ਕਦੇ ਪੈਨ ਡਾਊਨ, ਕਦੇ ਵਰਕ ਟੂ ਰੂਲ ਕਰਵਾਉਂਦੇ ਹਨ ਔਰ ਹੁਣ ਲੌਂਗ ਮਾਰਚ ਵੈਸਟਿਡ ਇੰਟ੍ਰੈਸਟ ਕਰਵਾਉਣਾ ਚਾਹੁੰਦਾ ਹੈ । ਅਗਰ ਕੋਈ ਕਿਸੇ ਮਕਾਨ ਦੀ ਉਸਾਰੀ ਕਰਦਾ ਹੈ ਔਰ ਸ਼ਾਮ ਨੂੰ ਮਾਲਕ ਕੋਲੋਂ ਪੈਸੇ ਮੰਗਦਾ ਹੈ ਤਾਂ ਕੰਮ ਦੇਖ ਕੇ ਮਾਲਕ ਵੀ ਪੂਰੇ ਪੈਸੇ ਦਿੰਦਾ ਹੈ ਪਰ ਅਗਰ ਕੋਈ ਸਾਰਾ ਦਿਨ ਕੰਮ ਕਰੇ ਨਾ ਔਰ ਸ਼ਾਮ ਨੂੰ ਕਹੇ ਕਿ ਮੈਨੂੰ ਤਨਖਾਹ ਦੇ ਦਿਓ ਅਤੇ ਮੇਰੀ ਹਾਜ਼ਰੀ ਲੱਗ ਜਾਵੇ, ਇਹ ਹੋ ਨਹੀਂ ਸਕਦਾ । ਵੈਸਟਿਡ ਇੰਟ੍ਰੈਸਟ ਨੂੰ ਕਰਮਚਾਰੀਆਂ ਨੂੰ ਬਗਾਵਤ ਦੇ ਰਸਤੇ ਲਿਜਾਉਣਾ ਚਾਹੁੰਦੇ ਹਨ, ਕਦੇ ਸਟਰਾਈਕ ਦੇ ਰਸਤੇ ਤੇ ਲੈ ਜਾਂਦੀਆਂ ਹਨ । ਪੰਜਾਬ ਸਰਕਾਰ ਹਰ ਵਰਗ ਦਾ ਖਿਆਲ ਰੱਖਦੀ ਹੈ । ਪੇ ਸਕੇਲਾਂ ਦੇ ਵਿਚ ਸੋਧ ਕਰਕੇ ਅਤੇ ਉਨ੍ਹਾਂ ਦੀਆਂ ਅਨਾਮਲੀਜ਼ ਨੂੰ ਦੂਰ ਕਰ ਰਹੀ ਹੈ । ਜਿਸ ਨੂੰ ਪਿਛਲੀ ਸਰਕਾਰ ਦੂਰ ਨਹੀਂ ਕਰ ਸਕੀ ਸੀ । ਰਿਵਾਇਜ਼ ਸਕੇਲ ਦਿੱਤੇ ਜਾ ਰਹੇ ਹਨ ਔਰ ਜਿਹੜੀਆਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਹਨ, ਉਹ ਮੰਨੀਆਂ ਜਾ ਰਹੀਆਂ ਹਨ ਪਰ ਮੁਲਾਜ਼ਮਾਂ ਨੂੰ ਵੀ ਕਨਫਰੰਟੇਸ਼ਨ ਵਾਲਾ ਰਸਤਾ ਛੱਡ ਦੇਣਾ ਚਾਹੀਦਾ ਹੈ ਔਰ ਸਟਰਾਈਕ ਦੇ ਰਸਤੇ ਤੇ ਬਿਲਕੁਲ ਨਹੀਂ ਚੱਲਣਾ ਚਾਹੀਦਾ ।

ਮਾਸਟਰ ਬਾਬੂ ਸਿੰਘ : [* * *]

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਜਿਹੜੇ ਮੁਲਾਜ਼ਮਾਂ ਨੂੰ ਐਕਸਪਲਾਇਟ ਕਰਦੇ ਹਨ. ਉਨ੍ਹਾਂ ਦੇ ਹਿਰਦੇ ਵਿਚ ਤਕਲੀਫ ਹੋਣੀ ਸ਼ੁਰੂ ਹੋ ਗਈ ਹੈ। ਠੀਕ ਹੈ ਕਿ ਐਜੀਟੇਸ਼ਨ ਕਰਨ ਦਾ ਹਰ ਇਕ ਨੂੰ ਹੱਕ ਹੈ ਪਰ ਇਹ ਕਿਸ ਨੂੰ ਹੱਕ ਹੈ ਕੰਮ ਕਰੇ ਨਾ ਔਰ ਤਨਖਾਹ ਲੈ ਲਵੇ ਔਰ ਉਹ ਸੂਬੇ ਦੀ ਸੇਵਾ ਨਾ ਕਰੇ। (ਵਿਘਨ) ਸਾਡਾ ਕੋਈ ਵੀ ਕਰਮਚਾਰੀ ਐਸਾ ਨਹੀਂ ਹੈ ਜਿਹੜਾ ਗਰੀਬੀ ਦੀ ਸਤਰ ਤੋਂ ਹੇਠਾਂ ਹੋਵੇ । ਇਥੋਂ ਤੱਕ ਸਾਡਾ ਕਲਾਸ 4 ਦਾ ਮੁਲਾਜ਼ਮ ਵੀ 400-500 ਰੁਪਏ ਦੇ ਕਰੀਬ ਲੈਂਦਾ ਹੈ । ਸਰਕਾਰ ਦੁਆਰਾ ਉਨ੍ਹਾਂ ਕਲਾਸ 4 ਕਰਮਚਾਰੀਆਂ ਨੂੰ ਸਬਸੀਡਾਈਜ਼ਡ ਰੇਟ ਤੇ ਚੀਜ਼ਾਂ ਦਿੱਤੀਆਂ ਜਾਂ ਰਹੀਆਂ ਹਨ ।

ਇਕ ਇਹ ਕਿਹਾ ਗਿਆ ਸੀ ਕਿ ਸਾਡੀ ਸਰਕਾਰ ਇਕ ਸਰਵੇ ਸਰਕਾਰ ਹੈ । ਇਸ ਸਰਕਾਰ ਨੇ ਆਈਡੈਂਟੀਫਾਈ ਕੀਤਾ ਹੈ ਕਿ ਪੰਜਾਬ ਵਿਚ ਕਿੰਨੇ ਆਦਮੀ ਗਰੀਬੀ ਦੀ ਸਤਰ ਤੋਂ ਥੱਲੇ ਹਨ ਜਿਨ੍ਹਾਂ ਦੀ 3600 ਰੁਪਏ ਸਾਲਾਨਾ ਦੇ ਥੱਲੇ ਆਮਦਨੀ ਹੈ । ਇਹ ਵੀ ਸਾਰੇ ਪੰਜਾਬ ਵਿਚ 38% ਬਣਦੇ ਹਨ ਜੋ ਰੋਣਾ ਚਾਹੁਣ ਰੋ ਵੀ ਨਹੀਂ ਸਕਦੇ । ਸਾਡੀ ਸਰਕਾਰ ਨੇ ਇਹ ਇਕ ਸ਼ਲਾਘਾਯੋਗ ਕਦਮ ਚੁੱਕਿਆ ਸੀ । ਇਸ ਕਦਮ ਲਈ ਹਿੰਦੁਸਤਾਨ ਵਿਚੋਂ ਪਹਿਲ ਪੰਜਾਬ ਨੇ ਕੀਤੀ ਹੈ । (ਤਾੜੀਆਂ) ਅਗਰ ਇਹ ਲੋਕ ਰੋਣਾ ਵੀ ਚਾਹੁਣ ਤਾਂ ਆਂਸੂ ਵੀ ਵਹਾਉਂਦੇ ਹਨ ਪਰ ਫਿਰ ਵੀ ਰੋਂਦੇ ਨਹੀਂ ਹਨ । ਇਸ ਵਰਗ ਦੀ ਮੱਦਦ ਸਰਕਾਰ ਕਰਨਾ ਚਾਹੁੰਦੀ ਹੈ । ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਸਾਹਮਣੇ ਬੈਠੇ ਹਨ ।

** Expunged as ordered by the Chair.

ਇਕ ਆਵਾਜ਼ : ਤੁਹਾਨੂੰ 33 ਸਾਲ ਬਾਅਦ ਖਿਆਲ ਆਇਆ ।

ਵਿੱਤ ਮੰਤਰੀ : ਮੈਨੂੰ ਖੁਸ਼ੀ ਹੈ ਕਿ ਇਹ ਕਹਿੰਦੇ ਹਨ ਕਿ 33 ਸਾਲ ਬਾਅਦ ਖਿਆਲ ਆਇਆ ਪਰ ਮੈਂ, ਸਪੀਕਰ ਸਾਹਿਬ, ਇਨ੍ਹਾਂ ਤੋਂ ਪੁੱਛਦਾ ਹਾਂ ਕਿ ਗਰੀਬਾਂ ਦੀ ਹਿਫ਼ਾਜ਼ਤ ਦਾ ਖਿਆਲ ਕਿਸ ਨੂੰ ਆਇਆ । ਮੈਂ ਕਹਿੰਦਾ ਹਾਂ ਕਿ ਹਰੀਜਨਾਂ ਦੀ ਰਿਜ਼ਰਵੇਸ਼ਨ ਕੀਤੀ ਤਾਂ ਕਾਂਗਰਸ ਸਰਕਾਰ ਨੇ ਕੀਤੀ । ਮਹਾਰਾਜਿਆਂ ਨੂੰ ਤਖਤ ਤੋਂ ਥੱਲੇ ਬਿਠਾਇਆ ਤਾਂ ਕਾਂਗਰਸ ਸਰਕਾਰ ਨੇ ਅਤੇ ਗਰੀਬਾਂ ਵਿਚ ਜ਼ਮੀਨ ਵੰਡੀ ਤਾਂ ਕਾਂਗਰਸ ਸਰਕਾਰ ਨੇ । ਸਪੀਕਰ ਸਾਹਿਬ, ਹੁਣ ਵੀ ਬੇਨਾਮੀ ਟਰਾਂਜੈਕਸ਼ਨਾਂ ਚੱਲ ਰਹੀਆਂ ਹਨ, ਮੱਝ ਸਿੰਘ, ਟਮਾਟਰ ਸਿੰਘ ਔਰ ਪੰਜਾਬ ਸਰਕਾਰ ਉਨ੍ਹਾਂ ਦੇ ਸ਼ਰੰਜ਼ੇ ਖਿਚੇਗੀ । (ਵਿਘਨ) ਪੰਜਾਬ ਸਰਕਾਰ 3,600 ਰੁਪਏ ਸਾਲਾਨਾ ਇਨਕਮ ਤੋਂ ਥੱਲੇ ਵਾਲਿਆਂ ਦਾ ਪੂਰਾ ਖਿਆਲ ਰੱਖੇਗੀ । (ਵਿਘਨ) (ਸ਼ੋਰ) (ਆਪੋਜ਼ੀਸ਼ਨ ਵੱਲੋਂ ਵਿਘਨ) ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 28 ਦਾ ਜ਼ਿਕਰ ਕਰਦਾ ਹਾਂ । ਪੰਜਾਬ ਵਿਚ ਖੰਡ ਦੀ ਕਮੀ ਪਿਛਲੇ ਸਾਲ ਬਹੁਤ ਜ਼ਿਆਦਾ ਆਈ ਜਿਸ ਵੇਲੇ ਦਿਵਾਲੀ, ਦੁਸਹਿਰਾ ਆਦਿ ਦੇ ਤਿਓਹਾਰ ਸਨ ਤਾਂ ਖੰਡ ਦੇ ਰੇਟ ਵਧ ਗਏ । ਇਹ ਸਾਰਾ ਕੁੱਝ ਸਪੀਕਰ ਸਾਹਿਬ, ਪਿਛਲੀ ਸਰਕਾਰ ਦੀ ਮਿਹਰਬਾਨੀ ਕਰਕੇ ਹੋਇਆ ਹੈ । ਖੰਡ ਦੋ ਢਾਈ ਰੁਪਏ ਕਿਲੋ ਦੇ ਹਿਸਾਬ ਨਾਲ ਲੁਟਾਣੀ ਸ਼ੁਰੂ ਕਰ ਦਿੱਤੀ ਜਿਹੜੇ ਕਿਸਾਨਾਂ ਦੇ ਅੱਜ ਹਮਦਰਦ ਬਣੇ ਫਿਰਦੇ ਹਨ । ਉਸ ਵੇਲੇ ਕਿਸਾਨ ਨੇ, ਸਪੀਕਰ ਸਾਹਿਬ, ਗੰਨੇ ਨੂੰ ਫੂਕਿਆ ਔਰ ਜਿਸ ਵੇਲੇ ਕਿਸਾਨ ਇੱਕਠੇ ਹੋ ਕੇ ਪਹਿਲੇ ਪ੍ਰਧਾਨ ਮੰਤਰੀ ਜੀ ਕੋਲ ਗਏ ਤਾਂ ਲੋਕ ਕਹਿਣ ਲੱਗ ਕਿ ਗੰਨਾ ਇਤਨਾ ਸਸਤਾ ਹੋ ਗਿਆ ਹੈ ਔਰ ਖੰਡ ਤੁਸੀਂ ਬਹੁਤ ਹੀ ਸਸਤੀ ਵੇਚ ਦਿੱਤੀ ਹੈ, ਇਸ ਲਈ ਸਾਡਾ ਕੋਈ ਪ੍ਰਬੰਧ ਕਰੋ । ਇਹ ਸੁਣ ਕੇ ਪਹਿਲੇ ਪ੍ਰਧਾਨ ਮੰਤਰੀ ਜੀ ਨੇ ਅਪਣੀ ਟੋਪੀ ਸਿਰ ਤੋਂ ਲਾਹ ਕੇ ਅਗੇ ਰੱਖ ਦਿੱਤੀ ਕਿ ਇਥੇ ਗੰਨਾ ਬੀਜ ਲਵੋ । ਉਨ੍ਹਾਂ ਦੇ ਕਹਿਣ ਦਾ ਭਾਵ ਇਹ ਸੀ ਕਿ ਗੰਨਾ ਇਤਨਾ ਜ਼ਿਆਦਾ ਬੀਜ ਲਿਆ ਗਿਆ ਹੈ ਜਿਸ ਨਾਲ ਗੰਨੇ ਦੀ ਬੇਕਦਰੀ ਹੋ ਗਈ ਹੈ । (ਵਿਘਨ) ਸਪੀਕਰ ਸਾਹਿਬ, ਚੌਧਰੀ ਚਰਨ ਸਿੰਘ ਜੀ ਨੂੰ ਕਿਹਾ ਗਿਆ ਕਿ ਖੇਤ ਵਿਚ ਗੰਨੇ ਨੂੰ ਅੱਗ ਲਗਾਉਣ ਲਈ ਪਹੁੰਚੋ । (ਵਿਘਨ) ਸਪੀਕਰ ਸਾਹਿਬ, ਪਨਸਪ ਨੂੰ ਖੰਡ ਲਈ 10 ਕਰੋੜ ਰੁਪਿਆ ਦਿੱਤਾ ਗਿਆ ਸੀ ਅਤੇ ਇਹ ਰੁਪਿਆ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਹੀ ਦਿੱਤਾ ਗਿਆ ਸੀ ਜੋ ਕਿ ਹੁਣ ਵਾਪਿਸ ਆ ਜਾਣਾ ਹੈ ।

ਸਪੀਕਰ ਸਾਹਿਬ, ਇਥੇ ਨੈਚੂਰਲ ਕਲੈਮਿਟੀਜ਼ ਦੇ ਬਾਰੇ ਬਹੁਤ ਜ਼ਿਕਰ ਕੀਤਾ ਗਿਆ ਸੀ ਕਿ ਬਹੁਤ ਥੋੜ੍ਹਾ ਰੁਪਿਆ ਰੱਖਿਆ ਗਿਆ ਹੈ ਔਰ ਕੁੱਲ 1 ਕਰੋੜ 20 ਲੱਖ ਰੁਪਿਆ ਹੀ ਦਿੱਤਾ ਗਿਆ । ਸਪੀਕਰ ਸਾਹਿਬ, ਸਿਰਫ ਇਕ ਕਰੋੜ 20 ਲੱਖ ਰੁਪਿਆ ਹੀ ਨਹੀਂ ਬਲਕਿ ਇਸ ਤੋਂ ਪਹਿਲਾਂ 6 ਕਰੋੜ 12 ਲੱਖ ਰੁਪਿਆ ਬਜਟ ਵਿਚ ਵੈਸੇ ਹੀ ਪ੍ਰੋਵਾਈਡ ਸੀ । ਇਸ ਤਰ੍ਹਾਂ ਕੁੱਲ 7 ਕਰੋੜ 32 ਲੱਖ ਰੁਪਿਆ ਪੰਜਾਬ ਸਰਕਾਰ ਕਿਸਾਨਾਂ ਨੂੰ ਦੇ ਚੁੱਕੀ ਹੈ ਅਤੇ ਹੋਰ ਵੀ ਰੁਪਿਆ ਪੰਜਾਬ ਸਰਕਾਰ ਕਿਸਾਨਾਂ ਨੂੰ ਜਿਤਨੀ ਲੋੜ ਹੋਈ ਦੇਵੇਗੀ । ਇਸ ਬਾਰੇ ਬਿਲਕੁਲ ਵੀ ਕੋਈ ਤੌਖਲਾ ਨਹੀਂ ਕਰਨਾ ਚਾਹੀਦਾ ਅਤੇ ਮਨ ਵਿਚੋਂ ਗਲਤ ਫਹਿਮੀਆਂ ਕੱਢ ਦੇਣੀਆਂ ਚਾਹੀਦੀਆਂ ਹਨ । ਸਪੀਕਰ ਸਾਹਿਬ, ਪੰਜਾਬ ਸਰਕਾਰ ਕਿਸਾਨਾਂ ਨਾਲ ਹਿੱਤ ਰੱਖਦੀ ਹੈ । ਇਸ ਲਈ ਕੱਲ੍ਹ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਸੈਂਟਰ ਤੋਂ ਕੋਸ਼ਿਸ਼ ਕਰਕੇ ਕਿਸਾਨਾਂ ਨੂੰ ਗੰਨੇ, ਕਪਾਹ ਅਤੇ ਪੈਡੀ ਦੇ ਮੁਨਾਸਿਬ ਭਾਅ ਦਿੱਤੇ ਗਏ ਹਨ ਅਤੇ ਹਿਸਾਬ ਕਿਤਾਬ ਕਰਕੇ ਦੱਸਿਆ ਗਿਆ ਸੀ ਕਿ 139-140 ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਜ਼ਿਆਦਾ ਕਿਸਾਨ ਨੂੰ ਦਿੱਤਾ ਗਿਆ ਹੈ । (ਥੰਪਿੰਗ) ਸਾਡੇ ਆਪੋ-ਜ਼ੀਸ਼ਨ ਲੀਡਰ ਜਦੋਂ ਪਹਿਲਾਂ ਮੁੱਖ ਮੰਤਰੀ ਹੁੰਦੇ ਸਨ ਤਾਂ ਉਸ ਵੇਲੇ ਵੈਜੀਟੇਬਲ ,ਚੌਲ ਅਤੇ ਆਲੂ ਬਾਹਰਲੇ ਦੇਸ਼ਾਂ ਵਿਚ ਨਹੀਂ ਸਨ ਭੇਜਦੇ ਪਰ ਹੁਣ ਸਾਡੀ ਪੰਜਾਬ ਸਰਕਾਰ ਵੈਜੀਟੇਬਲ ,ਚੌਲ ਅਤੇ ਆਲੂਆਂ

[ਵਿੱਤ ਮੰਤਰੀ]

ਨੂੰ ਬਾਹਰ ਭੇਜਦੀ ਹੈ । (ਵਿਘਨ) ਸਪੀਕਰ ਸਾਹਿਬ, ਪਹਿਲਾਂ ਕਿਸਾਨ ਖੇਤਾਂ ਵਿਚ ਆਲੂਆਂ ਦੀ ਰਖਵਾਲੀ ਕਰਦੇ ਸੀ । ਉਹ ਰਖਵਾਲੀ ਇਸ ਲਈ ਨਹੀਂ ਸੀ ਕਰਦੇ ਕਿ ਉਨ੍ਹਾਂ ਦੇ ਆਲੂ ਕੋਈ ਲੈ ਨਾ ਜਾਵੇ ਬਲਕਿ ਇਸ ਲਈ ਰਖਵਾਲੀ ਕਰਦੇ ਸਨ ਕਿ ਕੋਈ ਹੋਰ ਗੱਡਾ ਆਲੂਆਂ ਦਾ ਸੁੱਟ ਨਾ ਜਾਏ । (ਹਾਸਾ) ਸਪੀਕਰ ਸਾਹਿਬ, ਕਿਸਾਨ ਗੰਨੇ ਨੂੰ ਅੱਗ ਲਗਾਉਂਦੇ ਰਹੇ ਅਤੇ ਕਿਸਾਨ ਨੂੰ ਕਿਸੇ ਕਿਸਮ ਦਾ ਕੋਈ ਰਿਲੀਫ ਨਹੀਂ ਦਿੱਤਾ ਗਿਆ । ਪਿਛਲੀ ਸਰਕਾਰ ਵੇਲੇ ਨਰਮਾ ਰੁਲਿਆ ਅਤੇ 260 ਰੁਪਏ ਵਿਕਿਆ । ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਪੁੱਛੋ ਕਿ ਨਰਮਾ ਕਿਸ ਭਾਅ ਵਿਕਦਾ ਹੈ । ਸਾਡੇ ਐਗਰੀਕਲਚਰ ਮਨਿਸਟਰ ਸਾਹਿਬ, ਇਥੇ ਬੈਠੇ ਹਨ ਅਤੇ ਨਰਮਾ 450-475 ਰੁਪਏ ਵਿਕ ਰਿਹਾ ਹੈ । (ਵਿਘਨ)

ਸ੍ਰੀ ਸਪੀਕਰ: ਮੈਂ ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ 1.30 ਵਜੇ ਤੱਕ ਐਕਸਟੈਂਡ ਕਰਦਾ ਹਾਂ ਅਤੇ ਦੂਸਰੀ ਸਿਟਿੰਗ 2.00 ਵਜੇ ਦੀ ਬਜਾਏ 2.30 ਵਜੇ ਹੋਵੇਗੀ ।

ਆਵਾਜ਼ਾਂ : ਠੀਕ ਹੈ ਜੀ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ. ਡੀਮਾਂਡ ਨੰ: 37 ਜੋ ਕਿ ਰੋਡ ਟਰਾਂਸਪੋਰਟ ਬਾਰੇ ਹੈ, ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । 17 ਕਰੋੜ 95 ਲੱਖ ਰੁਪਿਆ ਪੰਜਾਬ ਅਤੇ ਪੈਪਸੂ ਰੋਡਵੇਜ਼ ਨੂੰ ਦਿੱਤਾ । ਇਹ ਸਪੀਕਰ ਸਾਹਿਬ, ਕਿਉਂ ਦੇਣਾ ਪਿਆ ਕਿਉਂਕਿ ਬਜਟ ਵਿਚ ਪ੍ਰੋਵੀਜ਼ਨ ਘੱਟ ਸੀ । ਇਸ ਤੋਂ ਬਾਅਦ 10 ਕਰੋੜ ਰੁਪਏ ਦੀ ਰਕਮ ਕਿਉਂ ਦਿੱਤੀ, ਉਹ ਸਪੀਕਰ ਸਾਹਿਬ, ਇਸ ਕਰਕੇ ਦਿੱਤੀ ਕਿ ਪਿਛਲੀ ਸਰਕਾਰ ਨੇ ਟਰਾਂਸਪੋਰਟ ਦਾ ਭੱਠਾ ਹੀ ਬਿਠਾ ਦਿੱਤਾ ਸੀ । 300 ਬੱਸਾਂ ਟੁੱਟੀਆਂ ਭੱਜੀਆਂ ਦੇ ਗਏ ਸੀ ਅਤੇ 27 ਵਰਕਸ਼ਾਪਾਂ ਸਨ ਜਿਨ੍ਹਾਂ ਵਿਚ ਕੇਵਲ 9 ਚਲਦੀਆਂ ਸਨ, ਬਾਕੀ ਬੰਦ ਸਨ ।

ਇਨ੍ਹਾਂ ਹਾਲਾਤ ਵਿਚ ਇਹ ਜ਼ਰੂਰੀ ਹੋ ਗਿਆ ਸੀ ਕਿ ਪੰਜਾਬ ਦੇ ਲੋਕਾਂ ਨੂੰ ਕੁਝ ਸੋਸ਼ਲ ਸਰਵਿਸ ਦਿੰਦੇ ਔਰ ਉਸ ਲਈ ਉਪਰਾਲੇ ਕਰਨੇ ਸ਼ੁਰੂ ਕੀਤੇ । ਇਨ੍ਹਾਂ ਵੇਲੇ ਦੀ ਫਾਈਲ ਦੇਖੀ ਗਈ ਉਸ ਤੇ ਵੀ ਲਿਖਿਆ ਹੋਇਆ ਸੀ ਕਿ ਇਥੇ ਬੱਸਾਂ ਦੇ ਕਰਾਏ ਵਧਾਉਣ ਚਾਹੀਦੇ ਹਨ ਕਿਉਂਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਔਰ ਰਾਜਸਥਾਨ ਵਿਚ ਬੱਸਾਂ ਦੇ ਕਰਾਏ ਪੰਜਾਬ ਨਾਲੋਂ ਵੱਧ ਹਨ । ਇਨ੍ਹਾਂ ਵੇਲੇ ਦੀ ਫਾਈਲ ਵਿਚ ਇਸ ਚੀਜ਼ ਦਾ ਜ਼ਿਕਰ ਹੈ ਔਰ ਉਸ ਵਿਚ ਫਾਇਨੈਂਸ ਮਨਿਸਟਰ ਨੇ ਆਪਣੀ ਸਹਿਮਤੀ ਜ਼ਾਹਿਰ ਕੀਤੀ ਹੈ । ਉਸ ਫਾਈਲ ਤੇ ਬਾਦਲ ਸਾਹਿਬ ਦੇ ਪ੍ਰਿੰਸੀਪਲ ਸੈਕਟਰੀ ਨੇ ਲਿਖ ਦਿੱਤਾ ਕਿ ਬਾਦਲ ਸਾਹਿਬ ਉਸ ਨਾਲ ਐਗਰੀ ਕਰਦੇ ਹਨ, ਇਸ ਲਈ ਮੈਮੋਰੰਡਮ ਤਿਆਰ ਕੀਤਾ ਜਾਏ । ਇਸ ਸਰਕਾਰ ਨੇ 43% ਬੱਸਾਂ ਦਾ ਕਿਰਾਇਆ ਵਧਾਇਆ ਲੇਕਿਨ ਸਪੀਕਰ ਸਾਹਿਬ ਇਹ ਬੜੇ ਢੰਗ ਨਾਲ ਕੰਮ ਕੀਤਾ । ਢੰਗ ਇਸ ਤਰ੍ਹਾਂ ਨਾਲ ਕੀਤਾ ਕਿ ਪਹਿਲਾਂ ਨੋਟਿਸ ਦਿੱਤਾ ਕਿ ਕਾਨੂੰਨ ਦੇ ਮੁਤਾਬਿਕ ਇੱਕ ਮਹੀਨੇ ਦੇ ਅੰਦਰ ਅੰਦਰ ਪੰਜਾਬ ਦੇ ਲੋਕ ਇਸ ਤੇ ਇਤਰਾਜ਼ ਕਰ ਲੈਣ । ਸਪੀਕਰ ਸਾਹਿਬ, ਇਹ ਸੱਚਾਈ ਹੈ ਸ਼ਾਇਦ ਕਈਆਂ ਨੂੰ ਇਹ ਚੰਗੀ ਨਾ ਲੱਗੇ ਕਿ ਕਿਸੇ ਪੁਲੀਟੀਕਲ ਪਾਰਟੀ ਦੇ ਲੀਡਰ ਨੇ ਸਵਾਏ ਮਲਹੋਤਰਾ ਸਾਹਿਬ ਦੇ, ਹੋਰ ਕਿਸੇ ਪੁਲੀਟੀਕਲ ਪਾਰਟੀ ਦੇ ਲੀਡਰ ਨੇ ਕੋਈ ਇਤਰਾਜ਼ ਨਹੀਂ ਕੀਤਾ । ਇਸ ਬਾਰੇ ਇਕ ਪੁਲੀਟੀਕਲ ਪਾਰਟੀ ਦੀ ਚਿਠੀ ਆਈ ਜਿਸ ਵਿਚ ਇਹ ਲਿਖਿਆ ਹੋਇਆ ਸੀ ਕਿ ਕਿਰਾਏ ਨਹੀਂ ਵਧਾਉਣੇ ਚਾਹੀਦੇ ਹਨ । ਹੋਰ ਕਿਸੇ ਪੁਲੀਟੀਕਲ ਪਾਰਟੀ ਨੇ ਕੋਈ ਰੈਜ਼ੋਲਿਊਸ਼ਨ ਪਾਸ ਕਰਕੇ ਕੋਈ ਚਿੱਠੀ ਪੰਜਾਬ ਸਰਕਾਰ ਨੂੰ ਨਹੀਂ ਲਿਖੀ ਔਰ ਇਕ ਮਹੀਨੇ ਬਾਅਦ ਆਬਜੈਕਸ਼ਨਜ਼ ਸੁਣੇ ਗਏ । ਔਰ ਜਦੋਂ ਆਬਜੈਕਸ਼ਨਜ਼ ਸੁਣੇ ਗਏ ਤਾਂ ਉਹ ਸੱਜਣ ਆਏ ਜਿਹੜੇ ਚਾਹੁੰਦੇ ਸਨ ਕਿ ਕਿਰਾਏ ਘੱਟ ਹਨ ਇਸ ਨੂੰ ਹੋਰ ਵਧਾਉਣਾ ਚਾਹੀਦਾ ਹੈ । ਆਬਜੈਕਸ਼ਨਜ਼ ਸੁਣਨ ਤੋਂ ਬਾਅਦ ਜਿਸ ਵਕਤ 43% ਕਿਰਾਇਆਂ ਵਿਚ ਵਾਧਾ ਕੀਤਾ ਗਿਆ ਤਾਂ ਫਿਰ ਇਹ ਸੁੱਤੇ ਪਏ ਭਰਾ ਉਠ ਖੜ੍ਹੇ ਹੋਏ ਔਰ ਇਹ ਸੋਚਣ ਲੱਗੇ ਕਿ ਕੁੱਝ ਕਰਨਾ

ਚਾਹੀਦਾ ਹੈ । ਅਗਰ ਉਸ ਵੇਲੇ ਪੁਰਅਮਨ ਐਜੀਟੇਸ਼ਨ ਹੁੰਦੀ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੋਣਾ ਸੀ । ਇਨ੍ਹਾਂ ਨੇ ਸਕੂਲਾਂ ਦੇ ਸਟੂਡੈਂਟਸ ਨੂੰ ਅੱਗੇ ਕਰ ਦਿੱਤਾ ਕਿ ਇਸ ਵਧੇ ਹੋਏ ਕਿਰਾਏ ਦੀ ਮੁਖਾਲਫਤ ਕਰੋ । (ਵਿਘਨ) ਇਨ੍ਹਾਂ ਮਾਸੂਮਾਂ ਨਾਲ ਸਾਨੂੰ ਹਮਦਰਦੀ ਹੈ, ਇਹ ਦੇਸ਼ ਦਾ ਧੰਨ ਹੈ (ਵਿਘਨ) ਸਟੂ-ਡੈਂਟਸ ਲਈ ਅਸੀਂ ਕਿਰਾਇਆਂ ਵਿਚ ਕੋਈ ਵਾਧਾ ਨਹੀਂ ਕੀਤਾ ਸੀ। ਪਰ ਸਾਡੇ ਸਾਥੀਆਂ ਨੇ, ਜਿਹੜੇ ਕਿ ਪੁਲੀਟੀਕਲ ਪਾਰਟੀਆਂ ਨਾਲ ਸਬੰਧ ਰੱਖਦੇ ਸਨ, ਉਨ੍ਹਾਂ ਨੇ ਸਟੂਡੈਂਟਸ ਨੂੰ ਚੁੱਕਿਆ ਔਰ ਸਪੀਕਰ ਸਾਹਿਬ, ਪੰਜਾਬ ਵਿਚ ਝਬਾਲ ਵਿਖੇ 5 ਬੱਸਾਂ ਔਰ ਲਾਚੋਵਾਲ ਵਿਖੇ 1 ਬੱਸ ਸਾੜੀਆਂ ਗਈਆਂ ਜਿਸ ਨਾਲ ਕਿ 50 ਲੱਖ ਰੁਪਏ ਦਾ ਨੁਕਸਾਨ ਹੋਇਆ । ਸਪੀਕਰ ਸਾਹਿਬ, ਕੋਈ ਆਪਣੇ ਘਰ ਨੂੰ ਅੱਗ ਨਹੀਂ ਲਗਾਉਂਦਾ ਹੈ। ਪਰ ਜੇਕਰ ਕੋਈ ਆਪਣੇ ਘਰ ਨੂੰ ਆਪਣਾ ਸਮਝੇ ਤਾਂ ਇਸ ਤਰ੍ਹਾਂ ਹੁੰਦਾ ਹੈ । ਆਪਣੇ ਘਰ ਨੂੰ ਉਹ ਅੱਗ ਲਗਾਉਂਦਾ ਹੈ ਜਿਸ ਦਾ ਦਿਮਾਗ ਖਰਾਬ ਹੁੰਦਾ ਹੈ ਜਾਂ ਕੋਈ ਭੜਕਾਇਆ ਹੋਇਆ ਕਿਸੇ ਦੀ ਗੱਲ ਵਿਚ ਆ ਜਾਏ ਤਾਂ ਜ਼ਰੂਰ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ । (ਵਿਘਨ)

ਸਪੀਕਰ ਸਾਹਿਬ, ਮੈਂ ਕਹਿਣਾ ਚਾਹਵਾਂਗਾ ਕਿ ਪੰਜਾਬ ਸਰਕਾਰ ਨੇ ਮੁਨਾਸਿਬ ਇੰਤਜ਼ਾਮ ਕੀਤਾ ਔਰ ਜਿਹੜੇ ਜ਼ਖਮੀ ਸਟੂਡੈਂਟਸ ਸਨ ਉਨ੍ਹਾਂ ਦਾ ਪੂਰਾ ਇਲਾਜ ਕੀਤਾ। ਸਾਨੂੰ ਖੁਸ਼ੀ ਹੈ ਕਿ ਉਨ੍ਹਾਂ ਦਿਨਾਂ ਵਿਚ ਕੋਈ ਅਫਸੋਸਨਾਕ ਗੱਲ ਨਹੀਂ ਹੋਣ ਦਿੱਤੀ । ਜਿਸ ਵੇਲੇ ਕੋਈ ਬੱਸ ਨੂੰ ਅੱਗ ਲਗਾਵੇ ਔਰ ਸਰਕਾਰੀ ਜਾਇਦਾਦ ਨੂੰ ਸਾੜਿਆ ਜਾਏ ਤਾਂ ਫਿਰ ਉਸ ਵੇਲੇ ਪੁਲਿਸ ਤਾਮਾਸ਼ਾਈ ਬਣਕੇ ਖੜ੍ਹੀ ਨਹੀਂ ਰਹਿ ਸਕਦੀ । ਉਸ ਵੇਲੇ ਕਾਨੂੰਨ ਹਰਕਤ ਵਿਚ ਆਇਆ ਔਰ ਪੰਜਾਬ ਨੂੰ ਬਚਾਇਆ ਗਿਆ । ਉਸ ਸਾੜ ਫੂਕ ਨੂੰ ਰੋਕਿਆ ਗਿਆ ਔਰ ਇਥੇ ਅਮਨ ਅਮਾਨ ਕਾਇਮ ਰੱਖਿਆ ਗਿਆ ।

ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਬਾਦਲ ਸਾਹਿਬ ਸਾਡੇ ਸਾਬਕਾ ਮੁੱਖ ਮੰਤਰੀ ਹਨ । ਇਹ ਬੜੇ ਚੰਗੇ ,ਬੜੇ ਨੇਕ, ਬੜੇ ਸ਼ਰੀਫ ਆਦਮੀ ਹਨ ਲੇਕਿਨ ਬਾਦਲ ਸਾਹਿਬ ਦੇ ਸੱਜਿਓਂ ਖਬਿਓਂ ਐਸਾ ਦਬਾਓ ਪਿਆ ਕਿ ਉਸ ਦਬਾਅ ਥੱਲੇ ਉਹ ਵੀ ਆ ਗਏ ਔਰ ਇਨ੍ਹਾਂ ਦੀ ਸਾੜ ਫੂਕ ਕਰਨ ਵਾਲੀ ਗੱਲ ਮੰਨ ਗਏ । ਫਿਰ ਬਾਦਲ ਸਾਹਿਬ ਤੇ ਐਨਾ ਸੱਜਿਓਂ ਔਰ ਖਬਿਓਂ ਦਬਾਅ ਪਿਆ ਕਿ ਇਨ੍ਹਾਂ ਦੇ ਮੂੰਹ ਵਿਚ ਪਾ ਦਿੱਤਾ ਗਿਆ ਕਿ ਉਸ ਵੇਲੇ ਵਾਕਿਆਤ ਦੀ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ । ਪਰ ਇਥੇ ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਇਨ੍ਹਾਂ ਦੀ ਸਰਕਾਰ ਵੇਲੇ ਅੰਮ੍ਰਿਤਸਰ ਵਿਖੇ 16 ਬੰਦੇ ਮਾਰੇ ਗਏ ਸਨ ਔਰ ਅਕਾਲੀ ਪਾਰਟੀ ਦੇ ਬੰਦਿਆਂ ਨੇ ਕਿਹਾ ਸੀ ਕਿ ਉਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ, ਪਰ ਫਿਰ ਵੀ ਉਹ ਨਹੀਂ ਕਟਾਈ ਗਈ । ਫਿਰ ਇਨ੍ਹਾਂ ਦੇ ਵੇਲੇ ਫਿਰੋਜ਼ਪੁਰ ਜੇਲ੍ਹ ਵਿਚ 8 ਬੰਦੇ ਮਾਰੇ ਗਏ ਸਨ, ਪਰ ਇਨ੍ਹਾਂ ਨੇ ਉਸ ਵੇਲੇ ਵੀ ਕੋਈ ਜੁਡੀਸ਼ੀਅਲ ਇਨਕੁਆਇਰੀ ਨਹੀਂ ਕਰਾਈ ਸੀ । ਜੁਡੀਸ਼ੀਅਲ ਇਨਕੁਆਇਰੀ ਦਾ ਨਾਅਰਾ ਉਸ ਵੇਲੇ ਚੰਗਾ ਨਹੀਂ ਲਗਦਾ ਸੀ ਜਿਹੜਾ ਕਿ ਹੁਣ ਇਹ ਲਗਾ ਰਹੇ ਹਨ। ਸਾਨੂੰ ਪਤਾ ਹੈ ਕਿ ਬਾਦਲ ਸਾਹਿਬ ਇਹ ਨਾਹਰਾ ਲਗਾਉਣ ਦੇ ਹੱਕ ਵਿਚ ਨਹੀਂ ਸੀ, ਪਰ ਜੋ ਇਨ੍ਹਾਂ ਦੇ ਸੱਜਿਓਂ ਖਬਿਓਂ ਦਬਾਅ ਪੈਂਦਾ ਸੀ ਉਸ ਨੇ ਇਨ੍ਹਾਂ ਨੂੰ ਇਹ ਕਹਿਣ ਦੇ ਮਜਬੂਰ ਕਰ ਦਿੱਤਾ ਸੀ ।

ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਅਸੰਬਲੀ ਦਾ ਘੇਰਾਓ ਕਰਕੇ ਬਾਦਲ ਸਾਹਿਬ ਔਰ ਰਾਜ ਕੁਮਾਰ ਜੀ ਨੇ ਇਹ ਕਲੇਮ ਕੀਤਾ ਕਿ ਸਾਰੀ ਦੁਨੀਆਂ ਸਾਡੇ ਨਾਲ ਹੈ । ਸੇਖਵਾਂ ਸਾਹਿਬ ਕਹਿਣ ਲੱਗੇ ਕਿ 21 ਤਰੀਖ ਨੂੰ ਅਖਰੀਲਾ ਦਿਨ ਸੀ ਤਾਂ ਉਸ ਦਿਨ ਅਸੰਬਲੀ ਲਗਾਈ ਗਈ (ਵਿਘਨ) ਮੈਂ ਟਰਾਂਸਪੋਰਟ ਦੀ ਡੀਮਾਂਡ ਨੰ: 37 ਤੇ ਬੋਲ ਰਿਹਾ ਹਾਂ । ਮੇਰਾ ਫਰਜ਼ ਬਣਦਾ ਹੈ ਕਿ ਜੋ ਮੈਂਬਰਾਂ ਨੇ ਕਿਹਾ ਹੋਵੇ ਉਸ ਦਾ ਜਵਾਬ ਦਿੱਤਾ ਜਾਏ। ਸੇਖਵਾਂ ਸਾਹਿਬ ਨੇ ਕਿਹਾ ਕਿ 21 ਤਾਰੀਖ ਨੂੰ ਅਸੰਬਲੀ ਸੈਸ਼ਨ ਅਖੀਰਲੇ ਦਿਨ

ਬੁਲਾਇਆ ਗਿਆ। ਇਹ ਗਲਤ ਹੈ ਕਿਉਂਕਿ ਅਖੀਰਲਾ ਦਿਨ 23 ਤਾਰੀਖ ਸੀ ਔਰ 21 ਨਹੀਂ ਸੀ। ਬਾਕੀ ਅੱਜ ਜਿਸ ਤਰ੍ਹਾਂ ਥੈਲੇ ਤੋਂ ਬਿੱਲੀ ਬਾਹਰ ਆ ਜਾਂਦੀ ਹੈ ਉਸੇ ਤਰ੍ਹਾਂ ਅੱਜ ਸੇਖਵਾਂ ਸਾਹਿਬ ਨੇ ਆਪਣੇ ਦਿਲ ਦੇ ਵਿਚਾਰ ਬਾਹਰ ਕੱਢ ਦਿੱਤੇ ਹਨ। ਇਹ ਚਾਹੁੰਦੇ ਸਨ ਕਿ ਅਸੰਬਲੀ ਦਾ ਸੈਸ਼ਨ ਨਾ ਹੋਵੇ ਉਹ ਚਾਹੁੰਦੇ ਸਨ ਕਿ ਗਵਰਨਰ ਸਾਹਿਬ ਇਥੇ ਨਾ ਪਹੁੰਚ ਸਕਣ। ਇਸ ਲਈ ਉਹ ਹਜ਼ਾਰਾਂ ਲੋਕ ਇਥੇ ਆਏ। ਸਪੀਕਰ ਸਾਹਿਬ, ਤੁਸੀਂ ਵੀ ਇਸ ਬਿਲਡਿੰਗ ਦੀ ਛੱਤ ਤੇ ਚੜ੍ਹ ਕੇ ਦੇਖਿਆ ਹੋਣਾ ਹੈ ਕਿ ਲੋਕ ਨੰਗੀਆਂ ਤਲਵਾਰਾਂ ਲੈਕੇ ਔਰ ਗਤਕੇ ਖੇਲਦੇ ਇਸ ਸਦਨ ਦੇ ਬਾਹਰ ਖੜ੍ਹੇ ਸਨ। ਉਨ੍ਹਾਂ ਲੋਕਾਂ ਨੇ ਗਵਰਨਰ ਸਾਹਿਬ ਦਾ ਰਸਤਾ ਰੋਕਿਆ, ਮੈਂਬਰਾਂ ਦਾ ਰਸਤਾ ਰੋਕਿਆ ਔਰ ਇਨ੍ਹਾਂ ਦੇ ਮੈਂਬਰ ਆਪ ਵੀ ਇਥੇ ਨਾ ਆਏ। ਲੋਕਾਂ ਨੇ ਇਨ੍ਹਾਂ ਨੂੰ ਇਥੇ ਇਸ ਲਈ ਚੁਣ ਕੇ ਭੇਜਿਆ ਸੀ ਕਿ ਇਥੇ ਆਕੇ ਇਹ ਆਪਣੀ ਕੰਟ੍ਰੀਬਿਊਸ਼ਨ ਕਰਨ। ਇਨ੍ਹਾਂ ਨੂੰ ਆਪੋਜ਼ੀਸ਼ਨ ਲੀਡਰ ਦਾ ਦਰਜਾ ਦਿੱਤਾ। ਕਾਰ, ਕੋਠੀ ਸਭ ਕੁਝ ਇਨ੍ਹਾਂ ਨੂੰ ਦਿੱਤੀ। ਕੀ ਆਪੋਜ਼ੀਸ਼ਨ ਦੇ ਲੀਡਰ ਦਾ ਫਰਜ਼ ਬਣਦਾ ਹੈ ਕਿ ਉਹ ਆਨਰੇਬਲ ਮੈਂਬਰਾਂ ਨੂੰ ਇਥੇ ਆਉਣ ਤੋਂ ਰੋਕੇ? ਇਥੇ ਆਪਣੀ ਪਾਰਟੀ ਦਾ ਉਹ ਕੋਈ ਮੈਂਬਰ ਨਾ ਆਉਣ ਦੇਵੇ। ਜਿਸ ਦਿਨ ਇਹ ਹਰਕਤ ਹੋਈ, ਇਹ ਕਹਿੰਦੇ ਹਨ ਕਿ ਹਿੰਦੁਸਤਾਨ ਦੇ ਲੋਕ ਇਨ੍ਹਾਂ ਨਾਲ ਹਨ ਪਰ ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਦੇ ਲੋਕਾਂ ਨੇ ਅਫਸੋਸ ਜ਼ਾਹਿਰ ਕੀਤਾ ਕਿ ਜਮਹੂਰੀਅਤ ਦੀ, ਪਰਜਾਤੰਤਰ ਦੀ ਔਰ ਇਸ ਪਵਿਤਰ ਸਦਨ ਦੀ ਇਨ੍ਹਾਂ ਨੇ ਬੇਇਜ਼ਤੀ ਕੀਤੀ। ਮਾਸਿਜ਼ ਇਨ੍ਹਾਂ ਦੇ ਨਾਲ ਸਨ, ਇਹ ਮੈਂ ਤਾਂ ਸਮਝਦਾ ਕਿ ਮਾਸਿਜ਼ ਇਨ੍ਹਾਂ ਦੇ ਨਾਲ ਹਨ ਜੇਕਰ ਇਹ ਪੰਜਾਬ ਦੇ ਲੋਕਾਂ ਨੂੰ ਬੱਸਾਂ ਵਿਚ ਵਧੇ ਹੋਏ ਕਿਰਾਏ ਤੇ ਸਫਰ ਕਰਨ ਤੋਂ ਰੋਕ ਲੈਂਦੇ। ਜੇਕਰ ਇਹ ਇਸ ਤਰ੍ਹਾਂ ਕਰ ਲੈਂਦੇ ਤਾਂ ਅਸੀਂ ਸਮਝਦੇ ਕਿ ਮਾਸਿਜ਼ ਇਨ੍ਹਾਂ ਦੇ ਨਾਲ ਹਨ।

ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਪੰਜਾਬ ਦੀ ਮਾਸਿਜ਼ ਇਨ੍ਹਾਂ ਦੇ ਨਾਲ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸੱਚ ਮੁੱਚ ਮਾਸਿਜ਼ ਇਨ੍ਹਾਂ ਦੇ ਨਾਲ ਹੈ ਤਾਂ ਪ੍ਰਾਈਵੇਟ ਓਪਰੇਟਰਜ਼ 40% ਬੱਸਾਂ ਚਲਾਉਂਦੇ ਹਨ ਫਿਰ ਉਨ੍ਹਾਂ ਦੇ ਕਿਰਾਏ ਕਿਉਂ ਵਧਾਏ ਹਨ? ਉਹ ਸਸਤੀਆਂ ਬੱਸਾਂ ਚਲਾ ਲੈਂਦੇ ਅਤੇ ਕਿਰਾਏ ਨਾ ਵਧਾਉਂਦੇ। ਸੋ ਇਹ ਗਲਤ ਕਲੇਮ ਕਰਦੇ ਹਨ ਕਿ ਪੰਜਾਬ ਦੀ ਮਾਸਿਜ਼ ਇਨ੍ਹਾਂ ਨਾਲ ਹੈ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਸਿਜ਼ ਇਨ੍ਹਾਂ ਨਾਲ ਨਹੀਂ। ਮਾਸਿਜ਼ ਮਹਿਸੂਸ ਕਰਦੀ ਹੈ ਕਿ ਪੰਜਾਬ ਵਿਚ ਬੱਸਾਂ ਦੇ ਕਿਰਾਏ ਬਾਕੀ ਸੂਬਿਆਂ ਨਾਲੋਂ ਘੱਟ ਹਨ। (ਵਿਘਨ) ਲੋਕ ਬੱਸਾਂ ਵਿਚ ਚੜ੍ਹਦੇ ਹਨ, ਸਫਰ ਕਰਦੇ ਹਨ ਅਤੇ ਬੱਸ ਸਰਵਿਸ ਅੱਗੇ ਨਾਲੋਂ ਚੰਗੀ ਹੋਈ ਹੈ। (ਵਿਘਨ) ਅਸੀਂ 12 ਸੌ ਬੱਸਾਂ ਹੋਰ ਸ਼ਾਮਿਲ ਕਰਨੀਆਂ ਹਨ। 17 ਸੌ ਰੁਪਿਆ ਵਰਕਸ਼ਾਪਸ ਵਾਸਤੇ ਦੇਣਾ ਹੈ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਲੋਕਾਂ ਦੀ ਅਸੀਂ ਅੱਛੀ ਸੇਵਾ ਕਰ ਸਕੀਏ।

ਸ੍ਰੀ ਸਪੀਕਰ : ਪਲੀਜ਼ ਵਾਈਂਡ ਅੱਪ।

ਵਿੱਤ ਮੰਤਰੀ: ਮੈਂ ਜਲਦੀ ਖਤਮ ਕਰ ਦਿਆਂਗਾ ਜੀ। ਸਪੀਕਰ ਸਾਹਿਬ, ਐਕਸ-ਸਰਵਿਸਮੈਨ ਕਾਰਪੋਰੇਸ਼ਨ ਦੇ ਬਾਰੇ ਇਹ ਕਲੇਮ ਕਰਦੇ ਹਨ ਕਿ ਇਹ ਅਸੀਂ ਕਾਇਮ ਕੀਤੀ ਸੀ। ਠੀਕ ਹੈ ਨਾਮ ਇਨ੍ਹਾਂ ਨੇ ਜ਼ਰੂਰ ਲਿਆ ਸੀ ਲੇਕਿਨ ਇਨ੍ਹਾਂ ਨੇ ਇਸ ਬਾਰੇ ਕੀਤਾ ਕੀ ਹੈ? ਇਸ ਸਰਕਾਰ ਨੇ ਇਸ ਨੂੰ 36 ਲੱਖ ਰੁਪਿਆ ਦੇਣਾ ਹੈ। 2.4 ਕਰੋੜ ਰੁਪਏ ਦੇ ਲੋਨ ਦੇਣ ਦੀ ਸਕੀਮ ਬਣਾਕੇ ਲੋਨ ਦੇਣ ਦਾ ਫੈਸਲਾ ਕੀਤਾ ਹੈ। ਲੋਨੀਜ਼ ਦੀਆਂ ਐਪਲੀਕੇਸ਼ਨਾਂ 9202 ਹਨ। ਲੋਨੀਜ਼ ਆਈਡੈਂਟੀਫਾਈਡ 1993 ਹਨ। ਲੋਨ ਸੈਂਕਸ਼ਨ 250 ਨੂੰ ਹੋਏ ਹਨ। 18 ਲੱਖ ਰੁਪਏ ਦੇ ਲੋਨ ਦੇਣੇ ਹਨ। (ਵਿਘਨ)

ਸ੍ਰੀ ਸਪੀਕਰ: ਤੁਸੀਂ ਜਲਦੀ ਖ਼ਤਮ ਕਰੋ।

ਸਰਦਾਰ ਰਵੀਇੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਹੀ ਟਾਈਮ ਦੇਈ ਜਾ ਰਹੇ ਹੋ। (ਵਿਘਨ) ਇਹ ਪਰੈਸੀਡੈਂਟ ਰਿਹਾ ਹੈ ਕਿ ਪੁਆਇੰਟ ਆਫ਼ ਇਨਫਰਮੇਸ਼ਨ, ਪੁਆਇੰਟ ਆਫ਼ ਕਲਰੀਫੀਕੇਸ਼ਨ ਲਈ ਟਾਈਮ ਮਿਲਦਾ ਰਿਹਾ ਹੈ। ਇਸ ਲਈ Point of clarific ion should be permit ed to the members. ਇਹ ਬਿਲਕੁਲ ਇਰਰੈਲੇਵੈਂਟ ਬੋਲ ਰਹੇ ਹਨ ਇਸ ਲਈ ਮੈਂਬਰਾਂ ਨੂੰ ਵੀ ਇਨਫਰਮੇਸ਼ਨ ਲੈਣ ਲਈ ਟਾਈਮ ਜ਼ਰੂਰ ਮਿਲਣਾ ਚਾਹੀਦਾ ਹੈ। ਤੁਸੀਂ ਸਾਡੇ ਰਾਈਟਸ ਤੇ ਛਾਪਾ ਨਾ ਮਾਰੋ। ਸਾਨੂੰ ਸਵਾਲ ਪੁੱਛਣ ਦੀ ਆਗਿਆ ਦਿੱਤੀ ਜਾਵੇ। (ਵਿਘਨ).

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਨੂੰ ਇਹ ਦੱਸ ਕੇ ਖੁਸ਼ੀ ਹੈ ਕਿ ਜਿਥੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪਿੰਡ ਦੇ ਲੋਕਾਂ ਦੀ ਭਲਾਈ ਦਾ ਖਿਆਲ ਰੱਖਿਆ ਹੈ ਉਥੇ ਸ਼ਹਿਰਾਂ ਵਿਚ, ਜਿਹੜੇ ਸਲੱਮਜ਼ ਹਨ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਹੈ। ਇਸ ਪਾਸੇ ਪਹਿਲੀ ਵਾਰ ਇਸ ਸਰਕਾਰ ਨੇ ਸੋਚਿਆ ਹੈ ਅਤੇ ਇਸ ਬਾਰੇ 50 ਲੱਖ ਰੁਪਿਆ... ..

EXTENSION OF TIME OF THE SITTING

ਸ਼੍ਰੀ ਸਪੀਕਰ: ਟਾਈਮ ਥੋੜ੍ਹਾ ਰਹਿ ਗਿਆ ਹੈ ਇਸ ਲਈ ਜੇ ਹਾਊਸ ਇਜਾਜ਼ਤ ਦੇਵੇ ਤਾਂ ਹਾਊਸ ਦਾ ਸਮਾਂ 10 ਮਿੰਟ ਹੋਰ ਵਧਾ ਲਿਆ ਜਾਵੇ ?

(**ਆਵਾਜ਼ਾਂ** : ਹਾਂ ਜੀ ।)

ਸ਼੍ਰੀ ਸਪੀਕਰ: ਹਾਊਸ ਦਾ ਸਮਾਂ 10 ਮਿੰਟ ਹੋਰ ਵਧਾਇਆ ਜਾਂਦਾ ਹੈ।

DISCUSSION AND VOTING OF DEMANDS FOR SUPPLEMENTARY GRANTS

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਹੀਂ ਲਵਾਂਗਾ। ਹੁਣ ਮੈਂ ਬੈਕਵਿਲਕੋ ਦੀ ਗੱਲ ਕਰਦਾ ਹਾਂ। ਕੁਝ ਮੈਂਬਰਾਂ ਨੇ ਕਿਹਾ ਹੈ ਕਿ ਇਸ ਦੇ ਲੋਨ ਠੀਕ ਤਰ੍ਹਾਂ ਮਿਲਦੇ ਨਹੀਂ ਹਨ। ਹੋ ਸਕਦਾ ਹੈ ਕਿ ਉਸ ਦੀ ਡਿਸਟਰੀਬਿਊਸ਼ਨ ਵਿਚ ਕੋਈ ਕਮੀ ਹੋਵੇ। ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਜ਼ਿਕਰ ਕੀਤਾ ਗਿਆ ਕਿ 25 ਕਰੋੜ ਰੁਪਿਆ ਪਿਛੇ ਸਰਕਾਰ ਨੇ ਰੱਖਿਆ ਸੀ। (ਵਿਘਨ) ਤੁਸੀਂ ਜ਼ਰਾ ਧਿਆਨ ਨਾਲ ਸੁਣ ਲਵੋ। ਤੁਹਾਡਾ ਤੌਖਲਾ ਦੂਰ ਹੋ ਜਾਵੇਗਾ। ਇਹ ਪੈਸਾ ਬੈਂਕਾਂ ਰਾਹੀਂ ਦੇਣਾ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ 2 ਕਰੋੜ ਤੋਂ ਕੁਝ ਜ਼ਿਆਦਾ ਰੁਪਿਆ ਦੇ ਸਕੇ ਹਨ, ਇਸ ਤੋਂ ਜਿਆਦਾ ਨਹੀਂ ਦੇ ਸਕੇ। ਪਰ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਇਸ ਕਾਰਪੋਰੇਸ਼ਨ ਦੇ ਰਾਹੀਂ,ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੇ ਰਾਹੀਂ ਲੋਕਾਂ ਨੂੰ ਲੋਨ ਦਿਆਂਗੇ। (ਤਾੜੀਆਂ) ਸਪੀਕਰ ਸਾਹਿਬ, ਤੁਹਾਨੂੰ ਵੀ ਅਤੇ ਬਾਕੀ ਸਾਰੇ ਹਾਊਸ ਨੂੰ ਵੀ ਇਹ ਸੁਣਕੇ ਖੁਸ਼ੀ ਹੋਵੇਗੀ ਕਿ ਬੈਕ-ਫਿਨਕੋ ਕਾਰਪੋਰੇਸ਼ਨ 1976-77 ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਐਸਟੈਬਲਿਸ਼ ਕੀਤੀ ਸੀ।(ਤਾੜੀਆਂ) ਉਦੋਂ ਇਸ ਦਾ 5 ਕਰੋੜ ਰੁਪਏ ਦਾ ਕੈਪੀਟਲ ਨਿਸ਼ਚਿਤ ਕੀਤਾ ਸੀ। 2 ਕਰੋੜ 4 ਲੱਖ ਰੁਪਿਆ ਦੇ ਦਿੱਤਾ ਹੈ। 1 ਕਰੋੜ ਰੁਪਿਆ ਹੁਣ ਹੋਰ ਦੇਣਾ ਹੈ। 29 ਕਰੋੜ 77 ਲੱਖ ਰੁਪਏ ਦੇ ਕਰਜ਼ੇ ਮਨਜ਼ੂਰ ਕਰਕੇ 65148 ਫੈਮਲੀਜ਼ ਨੂੰ ਤਕਸੀਮ ਹੋਣਗੇ। (ਤਾੜੀਆਂ) ਔਰ ਇਹ ਜਿਹੜਾ 30 ਕਰੋੜ ਰੁਪਏ ਦੇਣ ਦਾ ਟੀਚਾ ਹੈ ਇਹ ਟੀਚਾ 31 ਮਾਰਚ ਤੱਕ ਹਰ ਹਾਲਤ ਵਿਚ ਪੂਰਾ ਕਰਾਂਗੇ। (ਤਾੜੀਆਂ)

[ਵਿੱਤ ਮੰਤਰੀ]

ਲੈਦਰ ਕਾਰਪੋਰੇਸ਼ਨ ਦੀ ਗੱਲ ਆਉਂਦੀ ਹੈ। ਕੈਟਲ ਸਟੇਟ ਦੀ ਵੈਲਥ ਹੈ। ਉਨ੍ਹਾਂ ਦਾ ਚਮੜਾ ਜ਼ਾਇਆ ਜਾਂਦਾ ਹੈ। ਹੁਣ ਇਸ ਪਾਸੇ ਇਸ ਸਰਕਾਰ ਨੇ ਧਿਆਨ ਦਿੱਤਾ ਹੈ। ਉਸ ਵਾਸਤੇ 30 ਲੱਖ ਰੁਪਿਆ ਇਸ ਸਰਕਾਰ ਨੇ ਦਿੱਤਾ ਹੈ। (ਤਾੜੀਆਂ)

ਲਾਟਰੀਜ਼ ਦੇ ਬਾਰੇ ਇਥੇ ਜ਼ਿਕਰ ਕੀਤਾ ਗਿਆ ਸੀ। ਇਹ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਦੀ ਮਿਹਰਬਾਨੀ ਹੈ। (ਵਿਘਨ) ਇਹ ਸਿਲਸਿਲਾ ਇਨ੍ਹਾਂ ਦੀ ਸਰਕਾਰ ਵੇਲੇ 1968 ਵਿਚ ਸ਼ੁਰੂ ਹੋਇਆ ਸੀ। ਇਹ ਲਾਟਰੀ ਦਾ ਸਿਲਸਿਲਾ ਕੋਈ ਬਹੁਤ ਚੰਗਾ ਨਹੀਂ ਕਿਹਾ ਜਾ ਸਕਦਾ। ਇਹ ਠੀਕ ਹੈ ਕਿ ਲਾਟਰੀਜ਼ ਨੌਜਵਾਨਾਂ ਲਈ ਕਿਸੇ ਹੱਦ ਤਕ ਸੋਰਸ ਆਫ ਇੰਪਲਾਇਮੈਂਟ ਹੈ ਪਰ ਫਿਰ ਵੀ ਇਹ ਸਮਾਜ ਲਈ ਕੋਈ ਅੱਛਾ ਕਦਮ ਨਹੀਂ ਹੈ। ਇਹ ਇਕ ਕਿਸਮ ਦਾ ਗੈਂਬਲਿੰਗ ਹੈ। ਜਿਸ ਤਰ੍ਹਾਂ ਸਕਿੱਲ ਗੇਮਜ਼ ਬੰਦ ਕੀਤੀਆਂ ਹਨ ਉਸੇ ਤਰ੍ਹਾਂ ਹੀ ਇਸ ਦੇ ਬਾਰੇ ਵੀ ਸੋਚਾਂਗੇ।

ਇਥੇ ਸੇਖਵਾਂ ਜੀ ਬੈਠੇ ਨਹੀਂ ਹਨ, ਉਨ੍ਹਾਂ ਨੇ ਕੁੱਝ ਗੱਲਾਂ ਕਹੀਆਂ ਸਨ। ਮੈਂ ਉਸ ਸਬੰਧ ਵਿਚ ਦੱਸਣਾ ਚਾਹੁੰਦਾ ਹਾਂ। ਅਸੀਂ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਜਨਮ ਸ਼ਤਾਬਦੀ ਲਈ 10 ਲੱਖ ਰੁਪਿਆ ਦਿੱਤਾ ਹੈ, ਇਹ 31 ਮਾਰਚ ਤੱਕ ਖਰਚ ਹੋਣਾ ਹੈ। ਇਨ੍ਹਾਂ ਨੇ 10 ਲੱਖ ਮਨਜ਼ੂਰ ਕੀਤਾ ਸੀ। ਅਸੀਂ 26 ਲੱਖ ਰੁਪਿਆ ਹੋਰ ਦੇਣਾ ਹੈ। ਇਸ ਤਰ੍ਹਾਂ ਇਹ 36 ਲੱਖ ਰੁਪਿਆ ਹੋ ਜਾਵੇਗਾ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਵਿਚ ਖਰਚ ਕਰਨਾ ਹੈ। ਸਪੀਕਰ ਸਾਹਿਬ, ਇਨ੍ਹਾਂ ਦੀ ਸੋਚ ਕਮਿਊਨਲ ਸੀ। (ਵਿਘਨ) ਮਹਾਰਾਜਾ ਰਣਜੀਤ ਸਿੰਘ ਸੈਕੂਲਰ ਹਨ, ਉਹ ਬਹਾਦਰ ਸਨ। ਉਹ ਸਭ ਲੋਕਾਂ ਨੂੰ ਇਕੋ ਜਿਹਾ ਆਦਰ ਸਤਿਕਾਰ ਦਿੰਦੇ ਸਨ ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ ਸਨ। ਉਨ੍ਹਾਂ ਦੇ ਵਜ਼ੀਰ ਇਕ ਮੁਸਲਮਾਨ ਸਨ। ਉਨ੍ਹਾਂ ਦਾ ਇਕ ਬੜਾ ਨਜ਼ਦੀਕੀ ਦੀਵਾਨ ਹਿੰਦੂ ਦੀਵਾਨ ਮੁਹਕਮ ਚੰਦ ਸੀ। ਉਹ ਬੜੇ ਕਾਮਯਾਬੀ ਨਾਲ ਸਭ ਨੂੰ ਨਾਲ ਲੈ ਕੇ ਚਲੇ ਪਰ ਉਸ ਦੇ ਬਾਅਦ ਕੀ ਹੋਇਆ ਕਿ ਕੁਝ ਫਿਰਕੇਦਾਰਾਨਾ ਲੋਕਾਂ ਨੇ ਉਨ੍ਹਾਂ ਦਾ ਰਾਜ ਅੱਗੇ ਚੱਲਣ ਨਹੀਂ ਦਿੱਤਾ। (ਵਿਘਨ) ਇਨ੍ਹਾਂ ਦੀ ਸਰਕਾਰ ਜੇ ਮਹਾਰਾਜਾ ਰਣਜੀਤ ਸਿੰਘ ਦੇ ਦਰਸਾਏ ਮਾਰਗ ਤੇ ਚੱਲਦੀ ਤਾਂ ਇਹ ਪੰਜਾਬ ਦੇ ਲੋਕਾਂ ਦੀ ਕੁਝ ਭਲਾਈ ਕਰਦੀ ਮਗਰ ਇਨ੍ਹਾਂ ਦੀ ਸੋਚ ਕਮਿਊਨਲ ਸੀ। ਅੱਜ ਹਿੰਦੁਸਤਾਨ ਨੂੰ ਅਜਿਹੇ ਲੋਕਾਂ ਤੋਂ ਖਤਰਾ ਹੈ। (ਵਿਘਨ) ਮੈਂ ਇਸ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਅਸੀਂ ਫਿਰਕਾਪ੍ਰਸਤੀ ਦੇ ਜ਼ਹਿਰ ਨੂੰ ਪੰਜਾਬ ਵਿਚ ਫੈਲਣ ਨਹੀਂ ਦਿਆਂਗੇ ਭਾਵੇਂ ਸਾਨੂੰ ਕੁੱਝ ਵੀ ਕਰਨਾ ਪਵੇ। (ਤਾੜੀਆਂ) ਪੰਜਾਬ ਸਰਕਾਰ ਨੂੰ ਜੋ ਟੈਕਸ ਆ ਰਹੇ ਹਨ ਉਹ ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਖਰਚ ਕਰਨੇ ਹਨ। ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਸਪਲੀਮੈਂਟਰੀ ਗਰਾਂਟਸ ਨੂੰ ਯੂਨੈਨੀਮਸਲੀ ਪਾਸ ਕਰਨ। (ਤਾੜੀਆਂ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਪੁਆਇੰਟ ਆਫ ਇਨਫਰਮੇਸ਼ਨ, ਸਰ। ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦਾ ਕਿਸਾਨ ਇੱਕਲੇ ਪੰਜਾਬ ਦਾ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੀ ਰੀੜ੍ਹ ਦੀ ਹੱਡੀ ਹੈ। ਪਰ ਅੱਜ ਇਸ ਕਿਸਾਨ ਦੀ ਜੋ ਹਾਲਤ ਹੋ ਰਹੀ ਹੈ ਉਸ ਬਾਰੇ ਸਾਰਿਆਂ ਨੂੰ ਪਤਾ ਹੈ। (ਵਿਘਨ) ਇਥੇ ਡਾਕਟਰ ਸਾਹਿਬ ਨੇ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਲੋਕਾਂ ਨੇ ਨਰਮੇ ਅਤੇ ਗੰਨੇ ਨੂੰ ਅੱਗਾਂ ਲਾਈਆਂ ਬਾਕੀ ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਪੈਡੀ ਦਾ ਰੇਟ 95 ਰੁਪਏ ਤੋਂ 105 ਰੁਪਏ ਕੀਤਾ ਪਰ ਕੀ ਇਨ੍ਹਾਂ ਨੂੰ ਪਤਾ ਹੈ ਕਿ ਇਸ ਦੇ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ ਹੈ? ਬੱਸਾਂ ਦਾ ਕਿਰਾਇਆ ...% ਵਧਾਇਆ ਹੈ, ਕੀ ਇਨ੍ਹਾਂ ਨੂੰ ਪਤਾ ਹੈ ਕਿ ਇਸ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ? ਟਰੈਕਟਰ ਅਤੇ ਉਨ੍ਹਾਂ ਦੇ ਪੁਰਜ਼ਿਆਂ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ ਹੈ, ਸ਼ੂਗਰ ਦੀ ਪਰਾਇਸ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ ਹੈ, ਫਰਟੇਲਾਈਜ਼ਰ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ ਹੈ ਅਤੇ ਹੋਰ ਅਸੈਂਸ਼ੀਅਲ ਚੀਜ਼ਾਂ ਵਿਚ ਕਿੰਨੇ ਪਰਸੈਂਟ ਵਾਧਾ ਹੋਇਆ ਹੈ?

ਸਰਦਾਰ ਰਵੀਇੰਦਰ ਸਿੰਘ: ਸਪੀਕਰ ਸਾਹਿਬ, ਮੈਂ ਬੜੇ ਧਿਆਨ ਦੇ ਨਾਲ ਫਾਈਨਾਂਸ ਮਨਿਸਟਰ ਸਾਹਿਬ ਦੀ ਸਪਲੀਮੈਂਟਰੀ ਐਸਟੀਮੇਟਸ ਦੇ ਉਤੇ ਸਪੀਚ ਸੁਣੀ ਹੈ । ਇਹ ਵਿੱਤ ਮੰਤਰੀ ਸਾਹਿਬ ਦੀ ਸਪੀਚ ਸ਼ਾਇਦ ਇਸ ਹਾਊਸ ਵਿਚ ਸਭ ਤੋਂ ਜ਼ਿਆਦਾ ਨਿਰਾਲੀ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ । ਇਨ੍ਹਾਂ ਦੀ ਸਪੀਚ ਵਿਚੋਂ 2-3 ਸਵਾਲ ਜਿਹੜੇ ਅਰਾਈਜ਼ ਹੋਏ ਹਨ, ਉਹ ਮੈਂ ਪੁੱਛਣਾ ਚਾਹਾਂਗਾ । ਇਨ੍ਹਾਂ ਨੇ ਲੇਬਰ ਦੇ ਨਾਲ ਬੜੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ ਉਚੇਚੇ ਤੌਰ ਤੇ ਸਰਕਾਰੀ ਮੁਲਾਜ਼ਮਾਂ ਨਾਲ। ਲੇਕਿਨ ਇਨ੍ਹਾਂ ਨੇ ਇਹ ਗੱਲ ਕੀਤੀ ਹੈ ਕਿ ਕੁੱਝ ਐਜੀਟੇਸ਼ਨਲ ਐਪਰੋਚਿਜ਼ ਔਰ ਵਰਕ ਟੂ ਰੂਲ ਦਾ ਜੋ ਨਵਾਂ ਸਿਲਸਿਲਾ ਹੈ ਇਹ ਕੁਝ ਅਪੋਜ਼ੀਸ਼ਨ ਪਾਰਟੀਆਂ ਨੇ ਇਸ ਦੇ ਲਈ ਨਵਾਂ ਢਂਗ ਡਿਵੈਲਪ ਕੀਤਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੰਟਕ ਦਾ ਵੀ ਕੋਈ ਵਰਕ ਟੂ ਰੂਲ ਦੇ ਵਿਚ ਹੱਥ ਜੀ ?

ਦੂਸਰਾ, ਸਪੀਕਰ ਸਾਹਿਬ, ਇਨ੍ਹਾਂ ਨੇ ਕਾਫ਼ੀ ਸਾਰਾ ਪੈਸਾ ਲਾ ਕੇ ਸਰਵੇਅ ਕਰਵਾਇਆ ਹੈ ਕਿ ਕਿੰਨੇ ਬੰਦੇ ਬੀਲੋਅ ਪਾਵਰਟੀ ਲਾਈਨ ਹਨ। ਪਹਿਲੀ ਗੱਲ ਤਾਂ ਇਹ ਦੱਸਣ ਕਿ ਇਸ ਸਰਵੇਅ ਤੇ ਕਿੰਨਾ ਖਰਚ ਹੋਇਆ ਹੈ ਔਰ ਦੂਜਾ ਇਹ ਦੱਸਣ ਕਿ ਜਿਹੜੀ 38% ਪਾਵਰਟੀ ਲਾਈਨ ਦੀ ਆਈਡੈਂਟੀਫੀਕੇਸ਼ਨ ਹੋਈ ਹੈ ਉਹ ਪਿਛਲੇ 3 ਸਾਲਾਂ ਦੀ ਹੋਈ ਹੈ ਜਾਂ ਕੇ 1947 ਤੋਂ ਲੈ ਕੇ ਹੁਣ ਤਕ ਜੋ ਪਾਵਰਟੀ ਲਾਈਨ ਸੀ ਉਸ ਦੀ ਹੋਈ ਹੈ, ਅਸੀ ਇਹ ਜਾਣਨਾ ਚਾਹੁੰਦੇ ਹਾਂ ਕਿ ਕਿਹੜੇ ਕਿਹੜੇ ਪੀਰੀਅਡ ਵਿਚ ਵਧੀ ਹੈ ਅਤੇ ਕਿਹੜੇ ਕਿਹੜੇ ਪੀਰੀਅਡ ਵਿਚ ਘਟੀ ਹੈ । (ਵਿਘਨ)

ਸ੍ਰੀ ਸਪੀਕਰ: ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਗਿਲੋਟੀਨ ਦਾ ਟਾਈਮ 1.15 ਵਜੇ ਤੱਕ ਵਧਾ ਦਿੱਤਾ ਜਾਵੇ ?

ਆਵਾਜ਼ਾਂ: ਹਾਂ ਜੀ, ਵਧਾ ਦਿਓ ਜੀ ।

ਸ੍ਰੀ ਸਪੀਕਰ: ਗਿਲੋਟੀਨ ਦਾ ਟਾਈਮ 1.15 ਵਜੇ ਲਾਗੂ ਕੀਤਾ ਜਾਵੇਗਾ ।

ਸਰਦਾਰ ਰਵੀਇੰਦਰ ਸਿੰਘ: ਸਪੀਕਰ ਸਾਹਿਬ, ਇਕ ਹੋਰ ਪੁਆਇੰਟ ਹੈ ਕਿ ਐਗਰੀਕਲਚਰ ਪ੍ਰਾਈਸਿਜ਼ ਦੇ ਮੁਤੱਲਕ ਇਨ੍ਹਾਂ ਨੇ ਕਿਹਾ ਹੈ ਕਿ ਸ਼ਾਇਦ ਅਪੋਜ਼ੀਸ਼ਨ ਪਾਰਟੀਆਂ ਨੇ ਜ਼ਿਆਦਾ ਰੌਲਾ ਪਾਇਆ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫੈਕਟ ਨਹੀਂ ਕਿ ਲੋਕ ਸਭਾ ਦੇ ਸਪੀਕਰ ਨੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੇ ਖਿਲਾਫ਼ ਕਿ ਕੀਮਤਾਂ ਘੱਟ ਮਿਲੀਆਂ ਹਨ, ਆਵਾਜ਼ ਉਠਾਈ ਹੈ? (ਵਿਘਨ)

ਫਾਈਨਲ ਕੁਐਸਚਨ ਹੈ, ਜਿਹੜਾ ਬੱਸ ਫੇਅਰ ਦੇ ਮੁਤੱਲਕ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬਤੌਰ ਚੀਫ਼ ਮਨਿਸਟਰ ਜਾਂ ਉਨ੍ਹਾਂ ਦੇ ਪ੍ਰਿੰਸੀਪਲ ਸੈਕਟਰੀ ਨੇ ਫਾਈਨਾਂਸ ਮਨਿਸਟਰ ਦੇ ਨਾਲ ਫਾਈਲ ਤੇ ਐਗਰੀ ਕੀਤਾ ਹੈ-

Does it tentamount to the Govt. taking a decision ?

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੱਸ ਫੇਅਰ ਨੂੰ ਇਨਕਰੀਜ਼ ਕਰਨ ਵਾਸਤੇ ਇਹ ਜ਼ਰੂਰੀ ਨਹੀਂ ਕਿ ਕੈਬਨਿਟ ਤੋਂ ਐਪਰੂਵਲ ਲਈ ਜਾਵੇ ?

ਸਪੀਕਰ ਸਾਹਿਬ, ਮੇਰਾ ਫਾਈਨਲ ਸਵਾਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਨਫਾਰਚੂਨੇਟਲੀ 6 ਬੱਸਾਂ ਐਜੀਟੇਸ਼ਨ ਵਿਚ ਸਾੜ ਦਿੱਤੀਆਂ ਗਈਆਂ ਔਰ 50 ਲੱਖ ਰੁਪਿਆ ਉਨ੍ਹਾਂ 6 ਬੱਸਾਂ ਵਾਸਤੇ ਦਿੱਤਾ ਹੈ । ਕੀ ਇਹ ਗੱਲ ਵਾਜਿਬ ਹੈ ਕਿ 6 ਬੱਸਾਂ ਤੇ 50 ਲੱਖ ਰੁਪਿਆ ਖਰਚ ਹੋਇਆ ਹੈ ?

ਕਾਮਰੇਡ ਸਰਵਣ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਗੰਨੇ ਦੇ ਸੀਜ਼ਨ ਵਿਚ ਪਬਲਿਕ ਰਿਲੇਸ਼ਨਜ਼ ਵਾਲਿਆਂ ਨੇ ਮੁੱਖ ਮੰਤਰੀ ਜੀ ਦੀ ਫੋਟੋ ਲਾਈ ਸੀ ਔਰ ਇਸ਼ਤਿਹਾਰ ਕੱਢਿਆ ਸੀ ਇਨ੍ਹਾਂ ਨੇ ਕਿਹਾ ਸੀ ਕਿ $17\frac{1}{2}$ ਰੁਪਏ ਕੁਇੰਟਲ ਗੰਨੇ ਦਾ ਭਾਅ ਦੇ ਦਿੱਤਾ ਹੈ, ਬਹੁਤ ਹੈ । ਬਾਅਦ ਵਿਚ 23 ਰੁਪਏ ਤੋਂ 28 ਰੁਪਏ ਤੱਕ ਹੁਣ ਅਸੀਂ ਲੈ ਰਹੇ ਹਾਂ, ਕੀ ਇਹ ਲੋਕਾਂ ਨੇ ਇਨ੍ਹਾਂ ਦੀ ਧੌਣ ਤੇ ਅੰਗੂਠਾ ਦੇ ਕੇ ਨਹੀਂ ਲਿਆ? (ਵਿਘਨ) (ਥੰਪਿੰਗ)

ਦੂਸਰਾ ਸਪੀਕਰ ਸਾਹਿਬ, ਪੰਜਾਬ ਦੇ ਮੁੱਖ ਮੰਤਰੀ ਸਾਹਿਬ ਪਿੰਡਾਂ ਵਿਚ ਜਾ ਕੇ ਕਹਿੰਦੇ ਹਨ ਕਿ ਝੋਨੇ ਦੀਆਂ ਪਰਚੀਆਂ ਸਾਂਭ ਕੇ ਰੱਖੋ । (ਵਿਘਨ) (ਸ਼ੋਰ) ਅਸੀਂ ਤੁਹਾਨੂੰ ਪੂਰਾ ਮੁੱਲ ਦੇਵਾਂਗੇ । ਉਨ੍ਹਾਂ ਦਾ ਕੀ ਬਣਿਆ? ਕੀ ਉਹਨਾਂ ਕਿਸਾਨਾਂ ਦੇ ਪੈਸੇ ਪੂਰੇ ਕਰਨ ਦੀ ਕ੍ਰਿਪਾ ਕਰਨਗੇ ?

(ਇਸ ਵਕਤ ਹਾਊਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰਜ਼ ਪੁਆਇੰਟ ਆਫ ਇਨਫਰਮੇਸ਼ਨ ਤੇ ਬੋਲਣ ਲਈ ਖੜੇ ਸਨ ਪਰ ਸ੍ਰੀ ਸਪੀਕਰ ਨੇ ਕਿਸੇ ਵੀ ਮਾਨਯੋਗ ਮੈਂਬਰ ਨੂੰ ਇਜ਼ਾਜ਼ਤ ਨਹੀਂ ਦਿੱਤੀ)

ਇਕ ਆਵਾਜ਼: ਜਿਹੜੀਆਂ 6 ਬੱਸਾਂ ਜਲ ਗਈਆਂ ਹਨ ਕੀ ਕਿਸੇ ਨੇ ਕੋਈ ਕਲੇਮ ਕੀਤਾ ਹੈ ਇਸ ਗੱਲ ਨੂੰ? (ਵਿਘਨ) (ਸ਼ੋਰ) ਇਸ ਦੇ ਬਾਰੇ ਦੱਸਿਆ ਜਾਵੇ ।

ਵਿੱਤ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮਾਨਯੋਗ ਮੈਂਬਰਜ਼ ਨੂੰ ਜਾਣਕਾਰੀ ਹਾਸਲ ਕਰਨ ਲਈ ਮੌਕਾ ਦਿੱਤਾ ਹੈ । (ਵਿਘਨ) ਮੇਰੇ ਬਾਰੇ ਗਲਤ ਬਿਆਨੀ ਦਾ ਬੜਾ ਜ਼ਿਕਰ ਕਰਦੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਾ ਮੈਨੂੰ ਗਲਤ ਬਿਆਨੀ ਕਰਨ ਦੀ ਆਦਤ ਹੈ, ਨਾ ਕੀਤੀ ਹੈ, ਨਾ ਕਰਨ ਦਾ ਇਰਾਦਾ ਹੈ ।

ਸਪੀਕਰ ਸਾਹਿਬ, ਫਰਟੇਲਾਈਜ਼ਰ ਦੇ ਬਾਰੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਨੇ ਜ਼ਿਕਰ ਕੀਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਡੀਜ਼ਲ ਦਾ ਰੇਟ ਵੀ ਵਧ ਗਿਆ ਹੈ । ਕੀ ਇਸ ਦੇ ਮੁਤਾਬਿਕ ਪ੍ਰਾਈਸਿਜ਼ ਦੇਖ ਕੇ ਕੀਤਾ ਹੈ ? ਮੈਂ ਇਨ੍ਹਾਂ ਨੂੰ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਕੱਲ੍ਹ ਜੋ ਡੀਟੇਲ ਚੀਫ ਮਨਿਸਟਰ ਸਾਹਿਬ ਨੇ ਦਿੱਤੀ ਸੀ ਉਸ ਦੇ ਬੀਹਾਫ ਤੇ ਹੀ ਮੈਂ ਗੱਲ ਨੂੰ ਰਿਪੀਟ ਕੀਤਾ ਹੈ । ਜੋ 140 ਕਰੋੜ ਰੁਪਿਆ ਦਿੱਤਾ ਹੈ ਇਹ ਡੀਜ਼ਲ ਅਤੇ ਫਰਟੇਲਾਈਜ਼ਰ ਦੀ ਕੀਮਤ ਕੱਢ ਕੇ ਦਿੱਤਾ ਹੈ । (ਵਿਘਨ) ਜੇ ਇਹ ਤਕਲੀਫ ਕਰਕੇ ਐਗਰੀਕਲਚਰ ਮਨਿਸਟਰ ਸਾਹਿਬ ਕੋਲ ਚਲੇ ਜਾਣ ਤਾਂ ਉਹ ਆਪਣੇ ਅਫਸਰ ਬੁਲਾ ਲੈਣਗੇ ਅਤੇ ਇਨ੍ਹਾਂ ਦੀ ਤਸੱਲੀ ਕਰਵਾ ਦੇਣਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਪਰਸੈਂਟੇਜ ਪੁੱਛੀ ਹੈ । (ਵਿਘਨ)

ਵਿੱਤ ਮੰਤਰੀ: ਦੂਸਰਾ, ਸਪੀਕਰ ਸਾਹਿਬ, ਸਰਦਾਰ ਰਵੀਇੰਦਰ ਸਿੰਘ, ਸਾਬਕਾ ਸਪੀਕਰ ਸਾਹਿਬ, ਨੇ 3-4 ਸਵਾਲ ਪੁੱਛੇ ਹਨ । ਇਹ ਸਪੀਕਰ ਰਹੇ ਹਨ ਇਨ੍ਹਾਂ ਨੂੰ ਰੂਲਜ਼ ਚੰਗੀ ਤਰ੍ਹਾਂ ਪਤਾ ਹੋਣੇ ਹਨ ਪਰ ਜੇ ਕੋਈ ਰੂਲਜ਼ ਪੜ੍ਹੇ ਹੋਣ ਤਾਂ ਹੀ ਕੁਝ ਪਤਾ ਲੱਗੇ । (ਵਿਘਨ)

Sardar Ravi Inder Singh: Sir, the Hon. Minister has remained Speaker. I would like to draw his attention to rule 113 of the Rules of Procedure and Conduct of Business in the Punjab Vidhan Sabha (Punjab Legislative Assembly) under which the Speaker has over-riding authority. You have permitted me. He cannot challenge the authority of the Speaker. He can challenge me.

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਤਕਲੀਫ ਕਰਕੇ ਰੂਲਜ਼ ਆਫ ਪ੍ਰੋਸੀਜ਼ਰ ਐਂਡ ਕੰਡਕਟ ਆਫ ਬਿਜ਼ਨੈਸ ਦੀ ਕਿਤਾਬ ਦਾ ਸਫਾ 68 ਕੱਢ ਕੇ ਦੇਖ ਲਓ, ਉਸ 68 ਸਫੇ ਤੇ ਰੂਲ 104 ਹੈ ਉਹ ਆਪ ਪੜ੍ਹ ਕੇ ਦੇਖ ਲਓ। ਮੈਨੂੰ ਵੀ ਇਸ ਕੁਰਸੀ ਤੇ ਬੈਠਕੇ ਕੁਝ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਸ ਬੀਹਾਫ ਤੇ ਮੈਂ ਅਰਜ਼ ਕਰਾਂਗਾ ਕਿ ਇਸ ਰੂਲ ਵਿਚ 'ਏ' ਕੁਐਸਚਨ ਲਿਖਿਆ ਹੋਇਆ ਹੈ, 4- 5 ਕੁਐਸਚਨ ਨਹੀਂ। ਤੁਸੀਂ ਇਜਾਜ਼ਤ ਦੇ ਦਿੱਤੀ ਹੈ ਤੁਹਾਡੀ ਫਰਾਖਦਿਲੀ ਹੈ ਪਰ ਇਨ੍ਹਾਂ ਨੂੰ ਸਾਬਕਾ ਸਪੀਕਰ ਹੁੰਦੇ ਹੋਏ ਇਸ ਗੱਲ ਦਾ ਖਿਆਲ ਕਰਨਾ ਚਾਹੀਦਾ ਸੀ। (ਵਿਘਨ) (ਸਰਦਾਰ ਰਵੀਇੰਦਰ ਸਿੰਘ ਜੀ ਵੱਲੋਂ ਵਿਘਨ)

ਸ੍ਰੀ ਸਪੀਕਰ : ਮੈਂ ਇਜਾਜ਼ਤ ਦਿੱਤੀ ਹੈ।

ਵਿੱਤ ਮੰਤਰੀ : ਇਕ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਵਰਕ ਟੂਰੂਲ ਦੀ ਜਿਹੜੀ ਗੱਲ ਹੈ ਉਹ ਇੰਟਕ ਕਰਦੀ ਹੈ ਜਾਂ ਨਹੀਂ। ਸਪੀਕਰ ਸਾਹਿਬ, ਇੰਟਕ ਇਕ ਆਰਗਨਾਈਜ਼ੇਸ਼ਨ ਹੈ ਜਿਸ ਦਾ ਗੌਰਮਿੰਟ ਦੇ ਨਾਲ ਕੋਈ ਸਬਧ ਨਹੀਂ ਹੈ। ਸਰਵੇਅ ਲਈ ਕੋਈ ਐਂਪਲਾਈ ਨਹੀਂ ਸੀ ਰੱਖੇ ਗਏ, ਸਿਰਫ ਇਕ ਹਜ਼ਾਰ ਅਲਮਾਰੀਆਂ ਤੇ ਪੈਸਾ ਖਰਚਿਆ ਗਿਆ ਹੋਰ ਕੋਈ ਖ਼ਰਚ ਨਹੀਂ ਹੋਇਆ।

Demand No. 1

Mr. Speaker : Question is

That a supplementary sum not exceeding Rs. 1.80,000 be granted to the Governor to defray the charges that will come in course of payment for the year ending 31st March, 1981 in respect of State Legislature.

The motion was carried

Demand No. 3

Mr. Speaker : Question is—

That a supplementary sum not exceeding Rs. 14,79,000 be granted to the Governor to defray the charges that will come in course of payment for the year ending 31st March, 1981 in respect of Administration of Justice.

The motion was carried.

Demand No. 5

Mr. Speaker : Qustion is—

That a supplementary sum not exceeding Rs. 1,20,00,000 be granted to the Governor to defray the charges that will come in course of payment for the year ending 31st March, 1981 in respect of Revenue.

The motion was carried

DEMAND NO. 6

Mr. Speaker : Question is—

That a Supplementary sum not exceeding Rs. 1,13,79,000 be granted to the Governor to defray the charges that will come in course of payment for the year ending 31st March, 1981 in respect of Excise & Taxation.

The motion was carried

Demand No. 7

Mr. Speaker : Question is—

That a Supplementary sum not exceeding Rs. 3,78,94,000 be granted to the Governor to defray the charges that will come in course of payment for the year ending 31st March, 1981, in respect of Finance.

The motion was carried.

Demand No. 9

Mr. Speaker : Questions is—

That a supplementary sum not exceeding Rs. 11,61,000 be granted to the Governor to defray, the charges that will come in course of payment for the year ending 31st March, 1981, in respect of Civil Secretariat.

The motion was carried.

Demand No. 10

Mr. Speaker: Question is—

That a Supplementary sum not exceeding Rs. 31,25,000 be granted to the Governor to defray the charges that will come in course of payment for the year ending 31st March, 1981 in respect of District Administration.

The motion was carried

Demand No. 11

Mr. Speaker : Now Demand No. 11 is before the House. There is a cut motion to this Demand given notice of by Dr. Bhagat Singh. First, I will put the cut motion to the vote of the House.

Ms. Speaker : Question is—

That the demand be reduced by Re. 1/-.

The motion was lost.

Mr. Speaker : Question is—

That a supplementary sum not exceeding Rs. 3,56,67,000 be granted to the Governor to defray the charges that will come in course of payment for the year ending 31st March, 1981, in respect of Police.

The motion was carried

Demand No. 12

Mr Speaker :Question is :—

That a supplementary sum not exceeding Rs. 79,66,000 be granted to the Governor for defraying the charges that will come in course of payment for the year ending 31st March, 1981, in respect Jails.

The motion was carried.

Demand No. 14

Mr. Speaker : Question is—

That a supplementary sum not exceeding Rs. 28,13,000 be granted to the Governor to defray the charges that will come in course of payment for the year ending 31st March, 1981, in respect of Misc. Services.

The motion was carried

Demand No. 16

Mr. Speaker : Now Demand No. 16 is before the House. There is a cut motion to this Demand given notice of by Dr. Bhagat Singh. First, I will put the cut motion to the vote of the House.

Mr. Speaker : Question is—

That the demand be reduced by Re. 1/—

The motion was lost.

Mr. Speaker : Question is—

That a supplementary sum not exceeding Rs. 18,37,11,000 be granted to the Governor for defraying the charges that will come in course of payment for the year ending 31st March, 1981 in respect of Education.

The motion was carried.

Demand No. 18

Mr. Speaker: Question is—

That a supplementary sum not exceeding Rs. 1,000 be granted to the Governor for defraying the charges that will come in course of payment for the year ending 31st March, 1981, in respect of Medical & Public Health.

The motion was carried.

Demand No. 19

Mr. Speaker: Question is—

That a supplementary sum not exceeding Rs. 2,92,34,000 be granted to the Governor for defraying the charges that will come in course of payment for the year ending 31st March, 1981 in respect of Housing and Urban Development.

The motion was carried.

Demand No. 20

Mr. Speaker: Question is—

That a supplementary sum not exceeding Rs. 15,74,000 be granted to the Governor for defraying the charges that will come in course of payment for the year ending 31st March, 1981 in respect of Information & publicity.

The motion was carried.

Demand No. 22

Mr. Speaker: Question is—

That a supplementary sum not exceeding Rs. 28,93,000 be granted to the Governor for defraying the charges that will come in course of payment for the year ending 31st March, 1981 in respect of Labour Employment and Industrial Training.

The motion was carried.

Demand No. 23

Mr. Speaker: Question is—

That a supplementary sum not exceeding Rs. 1,36,02,000 be granted to the Governor for defraying the charges that will come in course of payment for the year ending 31st March, 1981 in respect of Social Security and Welfare.

The motion was carried.

Demand No. 25

Mr. Speaker: Question is—

That a Supplementary sum not exceeding Rs. 45,95,000 be granted to the Governor for defraying the charges that will come in course of payment for the year ending 31st March, 1981 in respect of Co-operation.

The motion was carried.

Demand No. 27

Mr. Speaker : Question is—

That a Supplementary sum not exceeding Rs. 19,84,000 be granted to the Governor for defraying the charges that will come in course of payment for the year ending 31st March, 1981 in respect of Soil & Water Conservation.

The motion was carried.

Demand No. 28

Mr. Speaker : Question is—

That a Supplementary sum not exceeding Rs. 3,38,000 be granted to the Governor for defraying the charges that will come in course of payment for the year ending 31st March, 1981 in respect of Food.

The motion was carried

Demand No. 29

Mr Speaker : Question is—

That a Supplementary sum not exceeding Rs. 51,25,000 be granted to the Governor for defraying the charges that will come in course of payment for the year ending 31st March, 1981 in respect of Animal Husbandary Department.

The motion was carried.

DEMAND No. 32

Mr. Speaker : Question is—

That a Supplementary sum not exceeding Rs. 1,63,15,000 be granted to the Governor for defraying the charges that will come in course of payment for the year ending 31st March, 1981 in respect of Forests.

The motion was carried.

DEMAND NO. 33.

Mr. Speaker. Question is –

That a supplementary sum not exceeding Rs. 24,33,000 be granted to the Governor for defraying the charges that will come in course of payment for the year ending 31st March, 1981 in respect of Community Development.

The motion was corried.

DEMAND NO. 34

Mr. Speaker : Question is—

That a supplementary sum not exceeding Rs. 30,00,000 be granted to the Governor for defraying the charges that will come in course of payment for the year ending 31st March, 1981 in respect of Industries,

The motion was carried.

DEMAND NO. 35

Mr. Speaker : Question is—

That a supplementary sum not exceeding Rs. 6,95,000 be granted to the Governor for defraying the charges that will come in course of payment for the year ending 31st March, 1981 in repect of Civil Aviation.

The motion was carried

DEMAND NO. 37

Mr. Speaker : Question is—

That a supplementary sum not exceeding Rs. 11,10,48,000 be granted to the Governor for defraying the charges that will come in course of payment for the year ending 31st March, 1981 In respect of Road Transport.

The motion was carried,

DEMAND No. 39

That a Supplementary sum not exceeding Rs. 1,50,40,000 be granted to the Governor for defraying the charges that will come in course of payment for the year ending 31st March, 1981 in respect of Irrigation Drainage and Flood Control.

The motion was carried.

DEMAND No. 40

Mr. Speaker : Question is—

That a Supplementary sum not exceeding Rs. 97,51,000 be granted to the Governor for defraying the charges that will come in course of payment for the year ending 31st March, 1981 in respect of Buildings.

The motion was carried.

DEMAND No. 41

Mr. Speaker : Question is—

That a supplementary sum not exceeding Rs. 6,21,69,000 be granted to the Governor for defraying the charges that will come in course of payment for the year ending 31st March, 1981 in respect of Loans and Advances by the State Government.

The omtion was carried.

SHORT ADJOURNMENT OF THE HOUSE

Mr. Speaker: Now the House is adjourned till 2.30 P.M. today.

(*The Sabha then adjourned at* 1.22*P.M. and re-assembled at* 2.30 *P.M.*)

LEGISLATIVE BUSINESS

THE PUNJAB APPROPRIATION BILL, 1981

Finance Minister (Dr. Kewal Krishan): Sir, I beg to introduce the Punjab Appropriat on B.i

I also move.

That the Punjab Appropriation Bill be taken into consideration at once.

Mr. Speaker: Motion moved—

That the Punjab Appropriation Bill be taken into consideration at once.

ਸਰਦਾਰ ਆਤਮਾ ਸਿੰਘ : (ਸੁਲਤਾਨਪੁਰ) : ਸਪੀਕਰ ਸਾਹਿਬ, ਸਾਡੇ ਵਿੱਤ ਮੰਤਰੀ ਜੀ ਨੇ 70, 58,35,000 ਰੁਪਏ ਦੀਆਂ ਅਨੁਪੂਰਕ ਮੰਗਾਂ ਦਾ ਬਿਲ ਪੇਸ਼ ਕੀਤਾ ਹੈ । ਇਸ ਵਿੱਚ 10,74,000 ਰੁਪਏ ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿਘ ਦੀ ਜਨਮ ਦੂਸਰੀ ਸ਼ਤਾਬਦੀ ਦੇ ਸਬੰਧ ਵਿੱਚ ਰੱਖੇ ਹਨ । ਮੈਨੂੰ ਖੁਸ਼ੀ ਹੈ ਕਿ ਵਿੱਤ ਮੰਤਰੀ ਜੀ ਨੇ ਅੱਜ ਪਹਿਲੀ ਬੈਠਕ ਵਿੱਚ ਐਲਾਨ ਕੀਤਾ ਸੀ ਕਿ ਬਜਟ ਵਿਚ ਇਹ ਸ਼ਤਾਬਦੀ ਮਨਾਉਣ ਲਈ 26 ਲੱਖ ਰੁਪਿਆ ਹੋਰ ਰੱਖਣ ਦਾ ਪ੍ਰਬੰਧ ਕਰ ਰਹੇ ਹਨ । ਸਪੀਕਰ ਸਾਹਿਬ, ਅਕਾਲੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਸ਼ਤਾਬਦੀ ਮਨਾਉਣ ਲਈ ਪ੍ਰੋਗਰਾਮ ਉਲੀਕਿਆ ਅਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਿਹੜਾ ਪ੍ਰੋਗਰਾਮ ਅਸੀਂ ਤਿਆਰ ਕਰਕੇ ਗਏ ਸੀ, ਉਲੀਕ ਕੇ ਗਏ ਸੀ, ਉਸ ਲਈ ਮੈਂ ਜੁਲਾਈ ਸੈਸ਼ਨ ਵਿਚ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਮੇਰੀ ਉਹ ਫਾਈਲ ਕਢ ਕੇ ਉਸਦੇ ਮੁਤਾਬਿਕ ਸ਼ਤਾਬਦੀ ਮਨਾਉਣ ਦਾ ਪ੍ਰਬੰਧ ਕਰਨ । ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਇਸ ਸਬੰਧ ਵਿਚ ਕੁਝ ਕਦਮ

ਉਠਾਏ ਹਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਤਾਬਦੀ ਮਨਾਉਣ ਲਈ ਸਕੀਮਾਂ ਬਣਾਈਆਂ ਹਨ। ਲਾਈਟ ਐਂਡ ਸਾਊਂਡ ਪ੍ਰੋਗਰਾਮ ਦਾ ਫੈਸਲਾ ਕੀਤਾ ਸੀ ਕਿ ਮਈ 81 ਤੱਕ ਇਹ ਲਗਾਤਾਰ ਪੰਜਾਬ ਦੇ ਸ਼ਹਿਰਾਂ, ਪਿੰਡਾਂ ਅਤੇ ਦਿੱਲੀ ਵਿਚ ਦਿਖਾਇਆ ਜਾਵੇਗਾ। ਲੇਕਿਨ ਮੈਨੂੰ ਅਫਸੋਸ ਹੈ ਕਿ ਅੰਮ੍ਰਿਤਸਰ ਵਿਚ ਇੱਕ ਮਹੀਨਾ ਇਹ ਪ੍ਰੋਗਰਾਮ ਦਿਖਾਉਣ ਤੋਂ ਬਾਅਦ ਇਹ ਠੱਪ ਕਰਕੇ ਰੱਖ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਸੀ ਕਿ ਫਿਲੌਰ ਦੇ ਨੇੜੇ ਮਹਾਰਾਜਾ ਰਣਜੀਤ ਸਿੰਘ ਨਗਰ ਉਸਾਰਿਆ ਜਾਵੇਗਾ ਅਤੇ ਉਸ ਨਗਰ ਦਾ ਨਾਮ ਮਹਾਰਾਜਾ ਰਣਜੀਤ ਸਿੰਘ ਨਗਰ ਹੋਵੇਗਾ। ਲੇਕਿਨ ਮੁੱਖ ਮੰਤਰੀ ਜੀ ਨੇ ਸਾਡੇ ਸਤਿਕਾਰਯੋਗ ਪ੍ਰਧਾਨ ਮੰਤਰੀ ਪਾਸੋਂ ਉਸ ਸ਼ਹਿਰ ਦਾ ਨੀਂਹ ਪੱਥਰ ਤਾਂ ਰਖਵਾ ਦਿੱਤਾ ਹੈ ਲੇਕਿਨ ਉਸਦਾ ਨਾਂ ਰਣਜੀਤ ਗੜ੍ਹ ਰੱਖ ਦਿੱਤਾ ਹੈ। ਹੋਰ ਵੀ ਕਈ ਪਿੰਡਾਂ ਅਤੇ ਕਸਬਿਆਂ ਦਾ ਨਾਂ ਇਹ ਹੋਵੇਗਾ। ਸਾਡਾ ਨਿਸ਼ਾਨਾ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਕਾਇਮ ਕਰਨ ਲਈ ਉਨ੍ਹਾਂ ਦੇ ਨਾਂ ਤੇ ਮਹਾਰਾਜਾ ਰਣਜੀਤ ਸਿੰਘ ਨਗਰ ਵਸਾਉਣ ਦਾ ਸੀ। ਮੈਂ ਆਸ ਕਰਦਾ ਹਾਂ ਕਿ ਅਗਰ ਵਾਕਈ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਇਹ ਮਨਾਉਣਾ ਚਾਹੁੰਦੇ ਹਨ ਤਾਂ ਉਹ ਇਸ ਸ਼ਹਿਰ ਦਾ ਨਾਂ ਬਦਲ ਕੇ ਮਹਾਰਾਜਾ ਰਣਜੀਤ ਸਿੰਘ ਨਗਰ ਰੱਖਣ ਦਾ ਪ੍ਰਬੰਧ ਕਰਨ। ਸਪੀਕਰ ਸਾਹਿਬ, ਅਸੀਂ ਇਹ ਵੀ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਹਰ ਜ਼ਿਲ੍ਹਾ ਹੈਡ ਕੁਆਰਟਰ ਉਪਰ ਮਹਾਰਾਜਾ ਰਣਜੀਤ ਸਿੰਘ ਦਾ ਕਾਂਸੀ ਦੇ ਘੋੜੇ ਉਪਰ ਬੁਤ ਬਣਾ ਕੇ ਲਗਾਇਆ ਜਾਵੇ। ਲੇਕਿਨ ਜੋ ਪੰਜਾਬ ਸਰਕਾਰ ਨੇ ਪ੍ਰੋਗਰਾਮ ਉਲੀਕਿਆ ਹੈ ਉਸ ਵਿੱਚੋਂ ਉਨ੍ਹਾਂ ਨੇ ਇਹ ਚੀਜ਼ ਕੱਢ ਦਿੱਤੀ ਹੈ। ਸਪੀਕਰ ਸਾਹਿਬ ਆਪ ਇਹ ਜਾਣ ਕੇ ਪ੍ਰਸੰਨ ਹੋਵੋਗੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਬੰਧ ਵਿਚ ਅਕਾਲੀ ਸਰਕਾਰ ਨੇ ਵੱਡਮੁੱਲਾ ਲਿਟਰੇਚਰ ਛਪਵਾਇਆ ਸੀ। ਇਤਿਹਾਸ ਦੀ ਖੋਜ ਕਰਵਾਈ ਅਤੇ ਉਨ੍ਹਾਂ ਦੀ ਜੀਵਨੀ ਲਿਖਵਾਈ ਸੀ ਅਤੇ ਜੋ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਦੀ ਕਿਤਾਬ ਰਲੀਜ਼ ਕੀਤੀ ਸੀ ਉਹ ਸਾਡੇ ਸਤਿਕਾਰ ਯੋਗ ਰਾਜਪਾਲ ਜੀ ਨੇ ਕੀਤੀ ਸੀ। ਮਗਰ ਮੈਨੂੰ ਦੁੱਖ ਹੈ ਕਿ ਅੱਜ ਕਿਤਾਬ ਨੂੰ ਪਬਲਿਕ ਰਿਲੇਸ਼ਨਜ਼ ਡਿਪਾਰਮੈਂਟ ਦੀਆਂ ਅਲਮਾਰੀਆਂ ਵਿਚ ਸਿਉਂਕ ਖਾ ਰਹੀ ਹੈ। ਉਸਨੂੰ ਲੋਕਾਂ ਵਿਚ ਤਕਸੀਮ ਕਰਨ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਜਾ ਰਿਹਾ।

ਸਪੀਕਰ ਸਾਹਿਬ, ਅਸੀਂ ਪਿਛਲੇ ਸਾਲ ਪੰਜਾਬ ਦੇ ਬੱਚਿਆਂ ਦਾ ਸਾਲ ਮਨਾਇਆ ਸੀ ਅਤੇ ਉਸ ਸਾਲ ਵਿੱਚ ਸਰਕਾਰ ਦੇ ਪਬਲਿਕ ਰਿਲੇਸ਼ਨਜ਼ ਡਿਪਾਰਮੈਂਟ ਨੇ 'ਚਾਈਲਡ ਹੀਰੋਜ਼ ਆਫ ਪੰਜਾਬ, ਪੰਜਾਬ ਦੇ ਬਹਾਦਰ ਬੱਚੇ ਨਾਮ ਦੀ ਕਿਤਾਬ ਛਪਵਾਈ ਸੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਬੱਚਿਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ 9 ਸਾਲ ਦੀ ਉਮਰ ਵਿੱਚ ਹਿੰਦੂ ਧਰਮ ਦੀ ਰੱਖਿਆ ਲਈ ਉਨ੍ਹਾਂ ਨੇ ਆਪਣੇ ਪਿਤਾ ਨੂੰ ਬਲੀਦਾਨ ਦੇਣ ਲਈ ਦਿੱਲੀ ਜਾਣ ਲਈ ਪ੍ਰੇਰਿਆ ਸੀ। ਉਸ ਕਿਤਾਬ ਵਿਚ ਕਲਗੀਧਰ ਪਾਤਸ਼ਾਹ ਦੇ ਦੋ ਨੰਨ੍ਹੇ ਮੁੰਨ੍ਹੇ ਬੱਚਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚੁਣਿਆ ਗਿਆ। ਉਸ ਕਿਤਾਬ ਵਿੱਚ ਰਾਮ ਚੰਦਰ ਜੀ ਦੇ ਦੋ ਸੁਪੁੱਤਰਾਂ ਲਵ, ਅਤੇ ਕੁਸ਼ ਦਾ ਜ਼ਿਕਰ ਕੀਤਾ ਗਿਆ ਹੈ। ਉਸ ਕਿਤਾਬ ਵਿੱਚ ਪੂਰਣ ਭਗਤ ਦਾ ਜ਼ਿਕਰ ਕੀਤਾ ਗਿਆ ਹੈ। ਉਸ ਕਿਤਾਬ ਵਿੱਚ ਉਸ ਨਾਮਧਾਰੀ ਬੱਚੇ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਨੂੰ ਅੰਗਰੇਜ਼ਾਂ ਨੇ ਮਲੇਰਕੋਟਲੇ ਵਿੱਚ ਤੋਪ ਦੀ ਗੋਲੀ ਦੇ ਮੂਹਰੇ ਉਡਾਇਆ ਸੀ। ਇਹ ਕਿਤਾਬ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਛਪਾਈ ਸੀ। ਮਗਰ ਮੈਨੂੰ ਦੁੱਖ ਹੈ ਕਿ ਇਸ ਕਿਤਾਬ ਨੂੰ ਵੀ ਅੱਜ ਪਬਲਿਕ ਰਿਲੇਸ਼ਨ ਡਿਪਾਰਟਮੈਂਟ ਦੀਆਂ ਅਲਮਾਰੀਆਂ ਵਿੱਚ ਸਿਉਂਕ ਖਾ ਰਹੀ ਹੈ। ਇਸਨੂੰ ਵੰਡਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇਸਦੇ ਨਾਲ ਹੀ ਦਿੱਲੀ ਦੇ ਸਿੱਖ ਗੁਰਦੁਆਰਿਆਂ ਦਾ ਇਤਿਹਾਸ ਵੀ ਲਿਖਵਾਇਆ ਗਿਆ। ਇਸ ਕਿਤਾਬ ਨੂੰ 8 ਫਰਵਰੀ, 1980 ਨੂੰ ਸਾਡੇ ਸਤਿਕਾਰ ਯੋਗ ਰਾਜਪਾਲ ਜੀ ਨੇ ਦਿੱਲੀ ਵਿੱਚ ਰਿਲੀਜ਼ ਕੀਤਾ ਸੀ। ਉਹ ਕਿਤਾਬ ਵੀ ਅਜੇ ਤਕ ਨਹੀਂ ਵੰਡੀ ਗਈ। ਅਸੀਂ ਮਹਾਰਾਜਾ ਰਣਜੀਤ ਸਿੰਘ ਦੀਆਂ ਵੱਖ ਵੱਖ ਯਾਦਾਂ ਦੇ ਸਬੰਧ ਵਿਚ ਇਕ ਐਲਬਮ ਤਿਆਰ ਕਰਵਾਈ ਸੀ, ਕਾਫੀ ਖਰਚ ਉਸ

[ਸਰਦਾਰ ਆਤਮਾ ਸਿੰਘ]

ਤੇ ਕੀਤਾ ਸੀ, ਪਰ ਉਸਨੂੰ ਵੀ ਜੰਦਰਿਆਂ ਅੰਦਰ ਬੰਦ ਰੱਖਿਆ ਗਿਆ ਹੈ। ਮੈਂ ਪਿਛਲੇ ਸੈਸ਼ਨ ਵਿੱਚ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਇਹ ਬੜਾ ਕੀਮਤੀ ਇਤਿਹਾਸ ਹੈ, ਇਸਨੂੰ ਹਿੰਦੁਸਤਾਨ ਦੀਆਂ ਸਾਰੀਆਂ ਲਾਇਬਰੇਰੀਆਂ, ਕਾਲਜਾਂ ਅਤੇ ਸਕੂਲਾਂ ਵਿੱਚ ਭੇਜਣਾ ਚਾਹੀਦਾ ਹੈ। ਉਨ੍ਹਾਂ ਨੇ ਹੁਕਮ ਵੀ ਕਰ ਦਿੱਤਾ ਸੀ ਮਗਰ ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਮਹਿਕਮੇ ਦੇ ਕਿਸੇ ਨਾ ਅਹਿਲ ਅਫਸਰ ਨੇ ਮੁੱਖ ਮੰਤਰੀ ਜੀ ਦੇ ਹੁਕਮ ਦੀ ਪ੍ਰਵਾਹ ਨਾ ਕੀਤੀ। ਇਹ ਕੀਮਤੀ ਇਤਿ-ਹਾਸ ਦੀਆਂ ਗੱਲਾਂ ਲੋਕਾਂ ਤਕ ਪਹੁੰਚਣੀਆਂ ਚਾਹੀਦੀਆਂ ਹਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਮੇਰੀ ਇਸ ਗੱਲ ਦੀ ਇਨੂਕੁਆਰੀ ਕਰਵਾਉਣ ਕਿ ਕਿਸ ਡੇਟ ਨੂੰ ਮੁੱਖ ਮੰਤਰੀ ਜੀ ਨੇ ਆਰਡਰ ਕੀਤੇ ਅਤੇ ਕਿਹੜਾ ਅਫਸਰ ਇਸ ਇਤਿਹਾਸ ਨੂੰ ਠੱਪ ਕੇ ਰੱਖਣ ਦਾ ਜਿੰਮੇਵਾਰ ਹੈ। ਮੈਂ ਸੁਝਾਓ ਦਿਆਂਗਾ ਕਿ ਇਹ ਜੋ ਸਾਰੀਆਂ ਕਿਤਾਬਾਂ ਦਾ ਮੈਂ ਜ਼ਿਕਰ ਕੀਤਾ ਹੈ ਇਨ੍ਹਾਂ ਦੀਆਂ ਕਾਪੀਆਂ ਸਾਰੇ ਸਤਿਕਾਰ ਯੋਗ ਮੈਂਬਰਾਂ ਨੂੰ ਦਿੱਤੀਆਂ ਜਾਣ। ਲਾਇਬਰੇਰੀਆਂ ਵਿੱਚ, ਸਕੂਲਾਂ ਅਤੇ ਕਾਲਜਾਂ ਵਿੱਚ ਇਨ੍ਹਾਂ ਕਿਤਾਬਾਂ ਦੀਆਂ ਕਾਪੀਆਂ ਭੇਜੀਆਂ ਜਾਣ। ਹਿੰਦੁਸਤਾਨ ਦੀਆਂ ਸਭ ਥਾਵਾਂ ਤੇ ਇਨ੍ਹਾਂ ਨੂੰ ਭੇਜਿਆ ਜਾਵੇ ਤਾਂਕਿ ਲੋਕਾਂ ਨੂੰ ਪਤਾ ਲਗੇ ਕਿ ਇਸ ਪੰਜਾਬ ਦੀ ਪਾਵਨ ਧਰਤੀ ਨੇ ਅਜਿਹੇ ਯੋਧੇ, ਬਹਾਦਰ ਬੱਚੇ ਪੈਦਾ ਕੀਤੇ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ 30 ਜਨਵਰੀ ,1978 ਨੂੰ ਅਕਾਲੀ ਸਰਕਾਰ ਨੇ ਇੱਕ ਹੁਕਮ ਜਾਰੀ ਕੀਤਾ ਸੀ ਕਿ ਸਿੱਖ ਦੇ ਨਾਮ ਨਾਲ ਸਰਦਾਰ ਅਤੇ ਸਿੱਖ ਬੀਬੀ ਦੇ ਨਾਮ ਨਾਲ ਸਰਦਾਰਨੀ ਲਿਖਿਆ ਜਾਵੇ। ਮਗਰ ਮੈਨੂੰ ਦੁੱਖ ਹੈ ਕਿ ਮੌਜੂਦਾ ਸਰਕਾਰ ਨੇ 18-12-80 ਨੂੰ ਉਹ ਹੁਕਮ ਮਨਸੂਖ ਕਰਕੇ ਉਸਦੀ ਥਾਂ ਤੇ ਨਵਾਂ ਹੁਕਮ ਜਾਰੀ ਕੀਤਾ ਹੈ ਕਿ ਸਰਦਾਰ ਦੀ ਥਾਂ ਸ਼੍ਰੀ ਅਤੇ ਸਰਦਾਰਨੀ ਦੀ ਥਾਂ ਸ਼੍ਰੀਮਤੀ ਲਿਖਿਆ ਜਾਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਸਰਦਾਰ ਅਤੇ ਸਰਦਾਰਨੀ ਸ਼ਬਦ ਤੇ ਚਿੜ ਕਿਉਂ ਹੈ। ਸਪੀਕਰ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਦਾਰੀਆਂ ਕਲਗੀਧਰ ਪਾਤਸ਼ਾਹ ਨੇ ਸਾਨੂੰ ਬਖਸ਼ੀਆਂ ਹਨ,ਉਸ ਗੁਰੂ ਨੇ ਆਪਣਾ ਸਾਰਾ ਸਰਬੰਸ ਕੁਰਬਾਨ ਕਰਕੇ ਸਾਨੂੰ ਬਖਸ਼ੀਆਂ ਹਨ। ਅਸੀਂ ਸਪੀਕਰ ਸਾਹਿਬ ਰੋਜ਼ ਅਰਦਾਸ ਕਰਦੇ ਹਾਂ। ਜਿਸ ਵਿਚ ਬੰਦ ਬੰਦ ਕੱਟੇ ਜਾਣ, ਸੂਲੀ ਤੇ ਚੜ੍ਹਨ, ਦੇਗਾਂ ਵਿਚ ਉਬਲਣ, ਬੱਚਿਆਂ ਨੂੰ ਨੇਜਿਆਂ ਤੇ ਟੰਗਵਾਉਣ, ਟੋਟੇ ਕਰਵਾਕੇ ਝੋਲੀਆਂ ਵਿੱਚ ਪਵਾਉਣ ਦਾ ਜ਼ਿਕਰ ਹੈ ਅਸਾਂ ਕੁਰਬਾਨੀਆਂ ਕਰਕੇ ਇਹ ਸਰਦਾਰੀਆਂ ਕਾਇਮ ਰੱਖੀਆਂ। ਦੁਨੀਆਂ ਦੀ ਕੋਈ ਤਾਕਤ ਸਾਡੀਆਂ ਸਰਦਾਰੀਆਂ ਨਹੀਂ ਖੋਹ ਸਕਦੀ।

ਸਰਦਾਰ ਬੀਰਪਾਲ ਸਿੰਘ : * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਹ ਬੜੀ ਵੱਡੀ ਗੱਲ ਹੈ। ਇੱਕ ਸਰਕਾਰ ਦੁਆਰਾ ਜਾਰੀ ਕੀਤਾ ਆਰਡਰ ਦੂਜੀ ਸਰਕਾਰ ਨੇ ਮਨਸੂਖ ਕਰ ਦਿੱਤਾ ਹੈ। ਮੈਂ ਸਰਕਾਰ ਨੂੰ ਸੁਝਾਓ ਦਿਆਂਗਾ ਕਿ ਉਹ ਆਪਣੇ ਆਰਡਰ ਨੂੰ ਵਾਪਸ ਲਵੇ ਅਤੇ ਸਾਡੇ ਆਰਡਰ ਨੂੰ ਮੁੜ ਚਾਲੂ ਕੀਤਾ ਜਾਵੇ।

ਸਪੀਕਰ ਸਾਹਿਬ, ਫਲੱਡ ਕੰਟਰੋਲ ਵਾਸਤੇ ਪੈਸਾ ਮੰਗਿਆ ਗਿਆ ਹੈ।

ਸਪੀਕਰ ਸਾਹਿਬ ,ਦਰਿਆਵਾਂ ਦੇ ਬੰਨ੍ਹਾਂ ਦੀ ਗੱਲ ਲਓ। ਇਸ ਸਬੰਧ ਵਿਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਟੇਟ ਵਿਚੋਂ ਦੀ ਚਾਰ ਦਰਿਆ ਲੰਘਦੇ ਹਨ, ਰਾਵੀ,ਬਿਆਸ, ਸਤਲੁਜ ਤੇ ਘੱਗਰ। ਇਨ੍ਹਾਂ ਦਰਿਆਵਾਂ ਦੇ ਨਾਲ ਨਾਲ ਸਿਵਾਏ ਘੱਗਰ ਦੇ ਬਾਕੀ ਤਿੰਨਾਂ ਦੇ ਨਾਲ ਨਾਲ ਬੰਨ੍ਹ ਲਗਾਏ ਗਏ ਹਨ ਉਨ੍ਹਾਂ ਬੰਨ੍ਹਾਂ ਤੇ ਦਰਿਆ ਦੇ ਪਾਣੀ ਦੀ ਲਹਿਰ ਦੇ ਦਰਮਿਆਨ ਲੱਖਾਂ ਏਕੜ ਰਕਬਾ

Expunged as ordered by the Chair.

ਜੋ ਵਾਹੀ ਯੋਗ ਬਣਾਇਆ ਜਾ ਸਕਦਾ ਹੈ, ਐਵੇਂ ਹੀ ਪਿਆ ਹੈ । ਮੈਂ ਇਸ ਸਬੰਧ ਵਿਚ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਦਰਿਆ ਰਾਵੀ ਦੇ ਨਾਲ ਨਾਲ 7 ਐਸੇ ਪੁਆਇੰਟ ਹਨ ਜਿੱਥੇ ਐਡਵਾਂਸ ਬੰਨ੍ਹ ਲਗਾਏ ਜਾਣ ਜਾਂ ਸਪੱਰ ਲਗਾਏ ਜਾਣ ਤਾਂ ਉਸ ਦੇ ਨਾਲ 36 ਹਜ਼ਾਰ 20 ਏਕੜ ਰਕਬਾ ਨਿਕਲੇਗਾ ਔਰ 105.11 ਲੱਖ ਰੁਪਿਆ ਉਸ ਤੇ ਖਰਚ ਆਵੇਗਾ । ਇਸ ਤਰ੍ਹਾਂ ਬਿਆਸ ਤੇ 8 ਐਸੇ ਥਾਂ ਨੇ ਜਿੱਥੇ ਜੇਕਰ ਸਪੱਰ ਲਗਾਏ ਜਾਣ ਤਾਂ 42 ਹਜ਼ਾਰ ਏਕੜ ਰਕਬਾ ਨਿਕਲੇਗਾ, 632.10 ਲੱਖ ਰੁਪਿਆ ਖਰਚ ਆਉਣਗੇ, ਦਰਿਆ ਸਤਲੁਜ ਤੇ ਪੰਜ ਥਾਵਾਂ ਤੇ ਸਪੱਰ ਲਗਾਏ ਜਾਣ ਤਾਂ 34 ਹਜ਼ਾਰ 3 ਸੌ ਏਕੜ ਰਕਬਾ ਨਿਕਲੇਗਾ ਔਰ 178.96 ਲੱਖ ਰੁਪਿਆ ਖਰਚ ਆਵੇਗਾ । ਇਸ ਤਰ੍ਹਾਂ ਹੀ ਘੱਗਰ ਤੇ ਜੇਕਰ ਸਪੱਰ ਲਗਾਏ ਜਾਣ ਤਾਂ 12 ਹਜ਼ਾਰ 5 ਸੌ ਏਕੜ ਰਕਬਾ ਨਿਕਲੇਗਾ ਤੇ 70.42 ਲੱਖ ਰੁਪਿਆ ਖਰਚ ਆਵੇਗਾ । ਸਪੀਕਰ ਸਾਹਿਬ, ਮੇਰਾ ਅਗਰ ਸੁਝਾਓ ਸਰਕਾਰ ਮੰਨ ਲਵੇ ਤਾਂ ਸਾਡੇ ਰਾਜ ਨੂੰ ਕਿਤਨਾ ਫਾਇਦਾ ਹੋਵੇਗਾ? ਸਵਾ ਲੱਖ ਏਕੜ ਜ਼ਮੀਨ ਜਿਹੜੀ ਕਿ ਪਾਣੀ ਦੀ ਮਾਰ ਨਾਲ ਦੱਬੀ ਪਈ ਹੈ, ਉਹ ਨਿਕਲੇਗੀ ਔਰ ਇਸ ਤੇ ਖਰਚ 11 ਕਰੋੜ ਹੋਵੇਗਾ ਔਰ ਪੈਦਾਵਾਰ ਕਿਤਨੀ ਹੋਵੇਗੀ? ਸਵਾ ਤੇਰਾਂ ਕਰੋੜ ਰੁਪਏ ਦੀ ਸਾਲਾਨਾ ਪੈਦਾਵਾਰ, ਸਪੀਕਰ ਸਾਹਿਬ, ਹੋਵਗੀ । ਸਪੀਕਰ ਸਾਹਿਬ,ਦਰਿਆ ਬਿਆਸਾ ਦੇ ਨਾਲ ਨਾਲ ਧੁੱਸੀ ਬੰਧ ਲਗਾਇਆ ਗਿਆ ਹੈ ਤੇ ਗੋਇੰਦਵਾਲ ਸਾਹਿਬ ਨੇੜੇ ਚੜ੍ਹਦੇ ਪਾਸੇ ਨੂੰ ਉਥੇ ਇਕ ਬੰਧ ਬਣਾਇਆ ਗਿਆ ਹੈ ਜੇਕਰ ਉਸ ਦੀ ਨੋਜ਼ ਤੇ ਦੇਸਲ ਪਿੰਡ ਜੋ ਕਿ ਕਪੂਰਥਲਾ ਬਲਾਕ ਵਿਚ ਹੈ ਉਥੇ ਦੋ ਕਿਲੋਮੀਟਰ ਦਾ ਲਿੰਕ ਬੰਧ ਬਣਾ ਦੇਈਏ ਤਾਂ ਇਸ ਦੇ ਨਾਲ ਕਈ ਤਿੰਨ ਹਜ਼ਾਰ ਏਕੜ ਰਕਬਾ ਪਾਣੀ ਦੀ ਮਾਰ ਤੋਂ ਬਚ ਨਿਕਲੇਗਾ । ਗੋਇੰਦਵਾਲ ਤੋਂ ਨਵੀਂ ਸੜਕ ਜੋ ਪੂਰਥਲਾ ਸੁਲਤਾਨਪੁਰ ਨੂੰ ਕੁਨੈਕਟ ਕਰਨ ਲਈ ਬਣਾਈ ਗਈ ਹੈ ਉਸ ਨਾਲ ਉਹ ਵੀ ਹੜ੍ਹਨ ਤੋਂ ਬਚਾਈ ਜਾ ਸਕੇਗੀ । ਇਹ ਲਿੰਕ ਨਾ ਹੋਣ ਕਰਕੇ ਤਿੰਨ ਹਜ਼ਾਰ ਏਕੜ ਰਕਬਾ ਜੋ ਹੈ ਉਸ ਵਿਚ 8-8 ਫੁੱਟ ਪਾਣੀ ਫਿਰਦਾ ਰਹਿੰਦਾ ਹੈ । ਉਥ ਗਰੀਬਾਂ ਤੇ ਹਰੀਜਨਾਂ ਤੇ ਰਾਏ ਸਿੱਖਾਂ ਦੇ ਘਰ ਢਹਿ ਗਏ । ਉਹ ਲੋਕ ਉਜੜ ਗਏ, ਉਨ੍ਹਾਂ ਦੀਆਂ ਝੁੱਗੀਆਂ ਢਹਿ ਗਈਆਂ, ਫਸਲਾਂ ਬਰਬਾਦ ਹੋ ਗਈਆਂ । ਅੱਜ ਵਿੱਤ ਮੰਤਰੀ ਜੀ ਨੇ ਰੁਪਿਆ ਮੰਗਿਆ ਹੈ ਕੰਪੈਨਸੇਸ਼ਨ ਦੇਣ ਲਈ । ਮੈਨੂੰ ਦੁੱਖ ਨਾਲ ਇਹ ਕਹਿਣਾ ਪੈਂਦਾ ਹੈ ਕ ਉਨ੍ਹਾਂ ਗਰੀਬਾਂ ਲਈ ਗਿਰਦਾਵਰੀਆਂ ਕਰਵਾਏ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੰਪੈਨਸੇਸ਼ਨ ਨਹੀਂ ਦਿੱਤਾ ਗਿਆ । (ਸਰਕਾਰੀ ਬੈਂਚਾਂ ਵੱਲੋਂ ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : ਸਪੀਕਰ ਸਾਹਿਬ, ਇਨ੍ਹਾਂ ਨੂੰ ਰੌਲਾ ਪਾਉਣ ਤੋਂ ਰੋਕੋ ਜੀ । (ਵਿਰੋਧੀ ਬੈਂਚਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਤਾਂ ਜ਼ਿੰਮੇਵਾਰ ਬੰਦੇ ਹੋ, ਤੁਸੀਂ ਤਾਂ ਚੁੱਪ ਕਰੋ । ਤੁਸੀਂ (ਮਾਲ ਮੰਤਰੀ) ਤਾਂ ਮਨਿਸਟਰ ਹੋ, ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਦੂਸਰਿਆਂ ਦਾ ਕੀ ਹਾਲ ਹੋਵੇਗਾ । ਤੁਸੀਂ ਸਗੋਂ ਇਨ੍ਹਾਂ ਨੂੰ ਚੁਪ ਕਰਵਾਓ, ਤੁਸੀਂ ਮਨਿਸਟਰ ਹੋ ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਗਲ ਦੀ ਤਕਲੀਫ ਹੋ ਰਹੀ ਹੈ ਕਿ ਮੈਂ ਇਨ੍ਹਾਂ ਦੀ ਸਰਕਾਰ ਨੂੰ ਚੰਗੇ ਸੁਝਾਓ ਕਿਉਂ ਦੇ ਰਿਹਾ ਹਾਂ । ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਜੇਕਰ ਇਹ ਮੇਰੇ ਸੁਝਾਓ ਮੰਨ ਲੈਣ ਤਾਂ ਸਟੇਟ ਦਾ ਭਲਾ ਹੋਵੇਗਾ ਔਰ ਆਮਦਨ ਵਧੇਗੀ । ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਕਿਉਂ ਔਖੇ ਹੁੰਦੇ ਹੋ । (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਚੁਪ ਕਰਕੇ ਸੁਣਨ ।

ਸਰਦਾਰ ਆਤਮਾ ਸਿੰਘ: ਸਪੀਕਰ ਸਾਹਿਬ, ਹੁਣ ਰਹੀ ਗੱਲ ਲਾਅ ਐਂਡ ਆਰਡਰ ਦੀ । ਲਾਅ ਐਂਡ ਆਰਡਰ ਬਾਰੇ ਬੜੀਆਂ ਬੜ੍ਹਕਾਂ ਮਾਰਦੇ ਹਨ, ਇਹ ਬੜੀਆਂ ਫੜ੍ਹਾਂ ਮਾਰਦੇ ਹਨ । ਮੈਂ ਦੂਰ ਨਹੀਂ ਜਾਂਦਾ ਸਿਰਫ ਕੱਲ੍ਹ ਇਕ ਦਿਨ ਦੀ ਹੀ ਗੱਲ ਦੱਸ ਦਿੰਦਾ ਹਾਂ । ਲੁਧਿਆਣਾ ਵਿਚ ਦਿਨ ਦਿਹਾੜੇ ਬੂੰਗੀ

[ਸਰਦਾਰ ਆਤਮਾ ਸਿੰਘ]

ਨੂੰ ਲੁੱਟਿਆ ਗਿਆ ਔਰ ਚੋਰ 11 ਹਜ਼ਾਰ ਰੁਪਿਆ ਲੁੱਟ ਕੇ ਲੈ ਗਏ । ਖੰਨੇ ਦਾ ਬਜ਼ਾਰ ਲੁੱਟਿਆ ਗਿਆ ਸ਼ਹਿਰੀਆਂ ਨੇ ਵਿਖਾਵਾ ਵੀ ਕੀਤਾ ਪਰ ਪਰਚਾ ਹੀ ਦਰਜ ਨਹੀਂ ਕੀਤਾ ਗਿਆ । ਹੁਸ਼ਿਆਰਪੁਰ ਬੱਸ ਸਟੈਂਡ ਤੇ ਸਿੰਗਾਰਾ ਸਿੰਘ ਨੂੰ ਜੋ ਕਿ ਪਿੰਡ ਬਡਾਲੇ ਦਾ ਸੀ, ਗੋਲੀ ਮਾਰ ਦਿੱਤੀ ਗਈ ਔਰ ਉਸ ਦੇ ਨਾਲ ਤਿੰਨ ਮੁਸਾਫਰ ਜਿਹੜੇ ਸਨ ਉਹ ਜ਼ਖਮੀ ਹੋ ਗਏ । ਬਰਨਾਲੇ ਰੇਲਵੇ ਸਟੇਸ਼ਨ ਨੇੜੇ ਗੱਡੀ ਤੇ ਡਾਕਾ ਪਿਆ । ਇਕ ਆਈ. ਏ. ਐਫ. ਦਾ ਫੌਜੀ ਜਵਾਨ ਗੋਲੀ ਨਾਲ ਮਾਰਿਆ ਗਿਆ ਔਰ ਗੱਡੀ ਵਿਚ ਮੁਸਾਫ਼ਰ ਲੁੱਟੇ ਗਏ । ਇਹ ਹਾਲਤ ਸਾਡੀ ਇਸ ਸਰਕਾਰ ਦੇ ਲਾਅ ਐਂਡ ਆਰਡਰ ਦੀ ਹੈ । ਇਥੇ ਗੱਲਾਂ ਕਰਦੇ ਹਨ ਕੁਰੱਪਸ਼ਨ ਦੂਰ ਕਰਨੀ ਹੈ...

ਸ੍ਰੀ ਸਪੀਕਰ: ਤੁਹਾਡੇ 15 ਮਿੰਟ ਹੋ ਗਏ ਹਨ । ਤੁਹਾਡਾ ਵਕਤ ਸਿਰਫ 15 ਮਿੰਟ ਸੀ । ਹੁਣ ਤਾਂ ਹਾਊਸ ਵਿਚ ਦੋਹੀਂ ਪਾਸੀਂ ਘੜੀਆਂ ਲਗਾ ਦਿੱਤੀਆਂ ਹਨ, ਤਾਕਿ ਮੈਂਬਰ ਸਾਹਿਬਾਨ ਨੂੰ ਟਾਈਮ ਦਿਸਦਾ ਰਹੇ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ: ਸਪੀਕਰ ਸਾਹਿਬ, ਇਕ ਘੜੀ ਆਪਣੇ ਪਿੱਛੇ ਵੀ ਲੱਗਾ ਲਓ ਤਾਕਿ ਸਾਨੂੰ ਵੀ ਟਾਈਮ ਨਜ਼ਰ ਆ ਸਕੇ । (ਹਾਸਾ)

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਥੇ ਗੱਲਾਂ ਕਰਦੇ ਹਨ ਕੁਰੱਪਸ਼ਨ ਦੂਰ ਕਰਨ ਦੀਆਂ ਸਾਡੇ ਮੁੱਖ ਮੰਤਰੀ ਜੀ ਨੇ ਆਪਣੇ ਆਹੁੱਦੇ ਦੀ ਸਹੁੰ ਚੁੱਕਣ ਤੋਂ ਬਾਅਦ ਇਹ ਐਲਾਨ ਕੀਤਾ ਸੀ ਕਿ ਮੈਂ ਪੰਜਾਬ ਵਿਚ ਕੁਰੱਪਸ਼ਨ ਦੀਆਂ ਜੜ੍ਹਾਂ ਉਖਾੜਨੀਆਂ ਹਨ । ਮੈਂ ਉਨ੍ਹਾਂ ਨੂੰ ਮਿਲਕੇ ਵੀ ਕਿਹਾ ਸੀ ਕਿ ਇਸ ਕੰਮ ਲਈ ਮੇਰੀ ਸੇਵਾ ਤੁਹਾਡੇ ਹਾਜ਼ਿਰ ਹੈ । ਪਰ ਇਸ ਸਬੰਧ ਵਿਚ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅਕਾਲੀ ਰਾਜ ਵਿਚ ਤਿੰਨ ਚਾਰ ਐਸੇ ਅਫ਼ਸਰ ਸਨ ਮੇਰੇ ਹੀ ਵਿਕਾਸ ਵਿਭਾਗ ਦੇ ਜਿਨ੍ਹਾਂ ਨੂੰ ਕੁਰਪਸ਼ਨ ਦੇ ਦੋਸ਼ ਵਿਚ ਜਾਂ ਤਾਂ ਡਿਸਮਿਸ ਕੀਤਾ ਗਿਆ ਸੀ ਜਾਂ ਡਿਸਮਿਸਲ ਲਈ ਚਾਰਜ ਸ਼ੀਟ ਕੀਤਾ ਗਿਆ ਸੀ, ਉਨ੍ਹਾਂ ਨੂੰ ਹੁਣ ਬਹਾਲ ਕਰ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਇਕ ਨਹਾਇਤ ਹੀ ਕੁਰੱਪਟ ਅਫ਼ਸਰ ਹੈ·ਸੀ ...

ਸ੍ਰੀ ਚਮਨ ਲਾਲ: ਉਹ ਅਫ਼ਸਰ ਕੜੇ ਕੰਘੇ ਨਹੀਂ ਰੱਖਦੇ ਹੋਣਗੇ । (ਹਾਸਾ)

ਸਰਦਾਰ ਆਤਮਾ ਸਿੰਘ: ਤੁਹਾਨੂੰ ਵੀ ਕੜਾ ਕੰਘਾ ਪਵਾਵਾਂਗਾ । ਉਹ ਕੜਿਆਂ ਵਾਲੇ ਹੀ ਸਨ । ਇਕ ਅਫਸਰ ਉਸ ਡਿਪਾਰਟਮੈਂਟ ਦਾ ਡਿਪਟੀ ਡਾਇਰੈਕਟਰ ਰੈਂਕ ਦਾ ਹੈ ਜਿਸ ਦੀਆਂ ਕੁਰੱਪਸ਼ਨ ਦੀਆਂ ਫਾਈਲਾਂ ਭਰੀਆਂ ਪਈਆਂ ਹਨ । ਰੰਧਾਵਾ ਸਾਹਿਬ ਉਹ ਫ਼ਾਇਲਾਂ ਵੇਖ ਲੈਣ । ਉਸ ਅਫਸਰ ਨੂੰ ਜਬਰੀ ਰਿਟਾਇਰ ਕੀਤਾ ਸੀ । ਉਹ ਹਾਈਕੋਰਟ ਵਿਚ ਆਪਣੀ ਰਿੱਟ ਲੈ ਕੇ ਗਿਆ, ਪਰ ਉਥੋਂ ਉਸ ਦੀ ਰਿੱਟ ਖਾਰਜ ਹੋ ਗਈ ਲੇਕਿਨ ਇਸ ਬੀਬੀ ਰਾਣੀ ਸਰਕਾਰ ਨੇ ਉਸ ਨੂੰ ਬਹਾਲ ਕਰ ਦਿੱਤਾ । ਕੀ ਇਹ ਕੁਰੱਪਸ਼ਨ ਦੂਰ ਹੋ ਰਹੀ ਹੈ? ਮੈਂ ਅੱਜ ਚੈਲੰਜ ਕਰਦਾ ਹਾਂ ਕਿ ਸਰਕਾਰ ਦੱਸੇ ਕਿ ਉਹ ਚਾਰ ਅਫਸਰ ਜਿਹੜੇ ਕਿ ਡਿਸਮਿੱਸ ਕੀਤੇ ਗਏ ਸਨ ਜਾਂ ਡਿਸਮਿਸਲ ਦੇ ਨੋਟਿਸ ਉਨ੍ਹਾਂ ਨੂੰ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਕਿਹੜੀ ਗੱਲੋਂ ਇਸ ਸਰਕਾਰ ਨੇ ਬਹਾਲ ਕੀਤਾ ਹੈ । ਸਪੀਕਰ ਸਾਹਿਬ, ਇਸ ਤ ਹ੍ਹਾਂ ਹੀ ਇਕ ਬੀ. ਡੀ. ਓ. ਬਾਰੇ ਹੈ ਜੋ ਕਿ 60 ਹਜ਼ਾਰ ਰੁਪਿਆ ਲੈ ਕੇ ਦੌੜ ਗਿਆ, ਸੱਤ ਅੱਠ ਸਾਲ ਤੋਂ ਉਹ ਸੱਸਪੈਂਡ ਸੀ ਫਿਰ ਉਸ ਦੀ ਡਿਸਮਿਸਲ ਹੋ ਗਈ । ਪਰ ਉਹ ਵੀ ਬਹਾਲ ਹੋ ਗਿਆ ਹੈ ।

ਸ੍ਰੀ ਸਪੀਕਰ: ਤੁਹਾਡਾ ਟਾਈਮ ਹੋ ਗਿਆ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੁਰੱਪਸ਼ਨ ਨੂੰ ਦੂਰ ਕਰਨਾ ਹੈ ਤਾਂ ਆਓ ਇਮਾਨਦਾਰੀ ਨਾਲ ਮੈਦਾਨ ਵਿਚ, ਅਸੀਂ ਤੁਹਾਨੂੰ ਪੂਰੀ ਕੋਆਪ੍ਰੇਸ਼ਨ ਦਿਆਂਗੇ, ਕੁਰੱਪਸ਼ਨ ਦੂਰ ਕਰਨ ਲਈ ਸਾਡਾ ਮਿਲਵਰਤਨ ਲਵੋ, ਜਿਹੜਾ ਸਹੁੰ ਚੁੱਕਣ ਵਲੋ ਵਾਇਦਾ ਕੀਤਾ ਸੀ, ਉਸ ਨੂੰ ਪੂਰਾ ਕਰੋ ਅਤੇ ਜੇਕਰ ਨਹੀਂ ਕਰਦੇ ਤਾਂ ਫਿਰ ਮੈਂ ਕਹਾਂਗਾ ਕਿ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਣ ਦੇ ਹੋਰ ।"

ਸ੍ਰੀ ਓ. ਪੀ. ਗੁਪਤਾ (ਲੁਧਿਆਣਾ): ਸਪੀਕਰ ਸਾਹਿਬ, ਇਹ ਜਿਹੜਾ ਐਪ੍ਰੋਪ੍ਰਿਏਸ਼ਨ ਬਿਲ ਸਾਡੇ ਸਾਹਮਣੇ ਪੇਸ਼ ਹੈ ਮੈਂ ਇਸ ਦੀ ਸਪੋਰਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਇਸ ਵਿਚ ਮੁਲਾਜ਼ਮਾਂ ਦੀਆਂ ਤਨਖਾਹਾਂ ,ਏ. ਡੀ. ਏ. ਜਾਂ ਭੱਤੇ ਵਗੈਰਾ ਜਿਹੜੇ ਸਰਕਾਰ ਨੇ ਪਾਸ ਕੀਤੇ ਹਨ ਉਹ ਇਥੇ ਪਾਸ ਕਰਨੇ ਹੁੰਦੇ ਹਨ । ਮੇਰੀ ਇਸ ਸਬੰਧ ਵਿਚ ਐਨੀ ਬੇਨਤੀ ਹੈ ਕਿ ਕੁੱਝ ਸਿਆਸੀ ਪਾਰਟੀਆਂ ਮੁਲਾਜ਼ਮਾਂ ਨੂੰ ਭੜਕਾਉਂਦੀਆਂ ਹਨ ਜਿਸ ਕਾਰਣ ਪਬਲਿਕ ਦਾ ਜਿਹੜਾ ਕੰਮ ਹੈ ਉਹ 6-6 ਮਹੀਨੇ ਡਿਸਪੋਜ਼ ਆਫ਼ ਨਹੀਂ ਹੁੰਦਾ । ਮੈਂ ਜਿਥੇ ਇਸ ਬਿਲ ਦੀ ਸਪੋਰਟ ਕਰਾਂਗਾ ਉਥੇ ਮੈਂ ਸਰਕਾਰ ਨੂੰ ਕੁੱਝ ਸੁਝਾਵ ਵੀ ਦਿਆਂਗਾ । ਸਪੀਕਰ ਸਾਹਿਬ, ਰੈਡ ਟੈਪਇਜਮ ਅੱਜ ਤੋਂ ਹੀ ਨਹੀਂ ਬਲਕਿ ਪਿਛਲੀ ਸਰਕਾਰ ਤੋਂ ਚਲੀ ਆਉਂਦੀ ਹੈ ਅਤੇ ਕੋਈ ਵੀ ਸਰਕਾਰ ਇਸ ਨੂੰ ਖਤਮ ਨਹੀਂ ਕਰ ਸਕੀ । ਸਪੀਕਰ ਸਾਹਿਬ, ਜੇ ਕਿਸੇ ਨੇ ਕੋਈ ਸ਼ਿਕਾਇਤ ਕੀਤੀ ਹੋਵੇ ਔਰ ਉਸ ਸ਼ਿਕਾਇਤ ਦਾ ਨਿਪਟਾਰਾ ਜਲਦੀ ਹੋ ਜਾਵੇ ਤਾਂ ਉਹ ਸਰਕਾਰ ਦੀ ਵਾਹ ਵਾਹ ਕਰਦਾ ਹੈ ਔਰ ਜੇ ਉਸ ਵਿਚ ਦੇਰ ਲੱਗੇ ਤਾਂ ਉਹ ਸਰਕਾਰ ਦੀ ਚਰਚਾ ਕਰਦਾ ਹੈ । ਮੈਂ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਜਿੰਨਾ ਵੀ ਰੈਡ ਟੈਪਇਜਮ ਘੱਟ ਸਕਦਾ ਹੈ, ਘਟਾਇਆ ਜਾਵੇ । ਜਦੋਂ ਪਿਛੇ ਅਕਾਲੀ ਜਨਤਾ ਸਰਕਾਰ ਆਈ ਸੀ ਤਾਂ ਉਨ੍ਹਾਂ ਨੇ ਸ਼ਹਿਰਾਂ ਵੱਲ ਬਿਲਕੁਲ ਹੀ ਧਿਆਨ ਨਾ ਦਿੱਤਾ । ਜਿਸ ਕਾਰਣ ਸ਼ਹਿਰਾਂ ਦੀ ਡਿਵੈਲਪਮੈਂਟ ਬਿਲਕੁਲ ਨਾ ਹੋਈ । ਸਪੀਕਰ ਸਾਹਿਬ, ਸ਼ਹਿਰਾਂ ਦੇ ਦੁਕਾਨਦਾਰ ਔਰ ਵਪਾਰੀਆਂ ਤੋਂ ਸਾਡੀ ਸਰਕਾਰ ਨੂੰ ਟੈਕਸ ਦਾ 90 ਤੋਂ 95% ਤੱਕ ਰੁਪਿਆ ਪ੍ਰਾਪਤ ਹੁੰਦਾ ਹੈ । ਜਿੰਨਾ ਸਰਕਾਰ ਨੂੰ ਟੈਕਸ ਤੋਂ ਰੁਪਿਆ ਆਉਂਦਾ ਹੈ ਇਹ ਸਾਰਾ ਸ਼ਹਿਰੀ ਹੀ ਦਿੰਦੇ ਹਨ । ਪਿੰਡਾਂ ਵਾਲੇ ਲੋਕਾਂ ਤੇ ਤਾਂ ਕੋਈ ਟੈਕਸ ਲਗਦਾ ਹੀ ਨਹੀਂ । ਥੋੜ੍ਹੀ ਜਿਹੀ ਤਕਾਵੀ ਵਗੈਰਾ ਉਨ੍ਹਾਂ ਨੂੰ ਦੇਣੀ ਪੈਂਦੀ ਹੈ । ਮਗਰ ਸ਼ਹਿਰਾਂ ਦੀ ਬਹਿਬੂਦੀ ਔਰ ਤਰੱਕੀ ਵਾਸਤੇ ਕੋਈ ਖਾਸ ਕੰਮ ਨਹੀਂ ਕੀਤਾ । ਮੈਂ ਦੱਸਦਾ ਹਾਂ ਕਿ ਲੁਧਿਆਣਾ ਸ਼ਹਿਰ ਵਿਚ ਜਿਹੜੀ ਲੋਕਲ ਬੱਸ ਚਲਦੀ ਸੀ ਔਰ ਖਾਸ ਤੌਰ ਤੇ ਉਹ ਨਾਲ ਦੇ ਪਿੰਡਾਂ ਦੇ ਲੋਕਾਂ ਨੂੰ, ਮਜ਼ਦੂਰਾਂ ਨੂੰ ਸ਼ਹਿਰਾਂ ਵਿਚ ਲੈ ਆਉਂਦੀ ਸੀ ਉਸ ਦੇ ਉਤੇ ਘਾਟਾ ਹੀ ਘਾਟਾ ਤੁਰਦਾ ਚਲਾ ਗਿਆ । ਮੈਂ ਦਾਦ ਦਿੰਦਾ ਹਾਂ ਕਿ ਪਿਛਲੀ ਅਕਾਲੀ ਸਰਕਾਰ ਨੂੰ ਕਿ ਇਸ ਨੇ ਜਾਂਦੇ ਜਾਂਦੇ ਇਹ ਲੋਕਲ ਬੱਸ ਕਾਰਪੋਰੇਸ਼ਨ ਦੇ ਹਵਾਲੇ ਕਰ ਦਿੱਤੀ । ਇਸ ਨਾਲ ਹੁਣ ਸਾਡੀ ਲੁਧਿਆਣਾ ਕਾਰਪੋਰੇਸ਼ਨ ਨੂੰ 4 ਲੱਖ ਰੁਪਏ ਮਹੀਨੇ ਦਾ ਘਾਟਾ ਪੈ ਰਿਹਾ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਇਹ ਕਾਰਪੋਰੇਸ਼ਨ ਆਪਣੇ ਮੁਲਾਜ਼ਮਾਂ ਨੂੰ ਵਕਤ ਸਿਰ ਤਨਖਾਹ ਵੀ ਨਹੀਂ ਦੇ ਸਕਦੀ । ਔਰ ਤੁਸੀਂ ਜਾਣਦੇ ਹੋ ਕਿ ਜਿਹੜੇ ਮੁਲਾਜ਼ਮ ਨੂੰ ਵਕਤ ਸਿਰ ਤਨਖਾਹ ਨਾ ਮਿਲੇ ਉਹ ਕਿੰਨੇ ਰੱਫੜ ਪਾਉਂਦਾ ਹੈ । ਇਹ ਘਾਟਾ ਪੈਣ ਕਾਰਣ ਜਿਹੜੇ ਪੁਰਾਣੇ ਮੁਲਾਜ਼ਮ ਸਨ ਉਨ੍ਹਾਂ ਦੀਆਂ ਵੀ ਤਨਖਾਹਾਂ ਰੁਕ ਜਾਂਦੀਆਂ ਹਨ । ਪਿਛਲੀ ਸਰਕਾਰ ਨੇ ਇਹ ਉਸ ਕਾਰਪੋਰੇਸ਼ਨ ਨਾਲ ਵਿਤਕਰਾ ਕੀਤਾ ਹੈ । ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਬਜਟ ਵਿਚ 20 ਲੱਖ ਰੁਪਿਆ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਨੂੰ ਖਤਮ ਕਰਨ ਵਾਸਤੇ ਰੱਖਿਆ ਸੀ । ਲੇਕਿਨ ਹੋਇਆ ਕੀ, ਕਿ ਬਾਅਦ ਵਿਚ ਉਸ ਵਿਚੋਂ 19 ਲੱਖ ਰੁਪਿਆ ਸਰਕਾਰ ਨੇ ਕੱਢ ਲਿਆ ਅਤੇ ਹੋਰ ਪਾਸੇ ਖਰਚ ਕਰ ਦਿੱਤਾ । ਪਿਛੇ ਇਕ ਲੱਖ ਰੁਪਿਆ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਨੂੰ ਦੂਰ ਕਰਨ ਵਾਸਤੇ ਰਹਿ ਗਿਆ । ਤੁਸੀਂ ਦੱਸੋ ਕਿ ਇਸ ਇਕ ਲੱਖ

[ਸ਼੍ਰੀ. ਓ. ਪੀ. ਗੁਪਤਾ]

ਰੁਪਏ ਨਾਲ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਕਿਵੇਂ ਦੂਰ ਹੋਣਗੀਆਂ । ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਲੋਕਲ ਬੱਸ ਸਰਵਿਸ ਲੁਧਿਆਣਾ ਕਾਰਪੋਰੇਸ਼ਨ ਨੂੰ ਦਿੱਤੀ ਗਈ ਹੈ ਇਹ ਜ਼ਰੂਰ ਕਾਰ-ਪੋਰੇਸ਼ਨ ਤੋਂ ਲੈ ਲੈਣੀ ਚਾਹੀਦੀ ਹੈ ।

ਇਸ ਦੇ ਨਾਲ ਹੀ ਮੈਂ ਇਕ ਬਹੁਤ ਵੱਡੀ ਗੱਲ ਇਹ ਕਰਨੀ ਚਾਹੁੰਦਾ ਹਾਂ ਕਿ ਲੁਧਿਆਣਾ, ਜਲੰਧਰ ਔਰ ਅੰਮ੍ਰਿਤਸਰ ਵਿਚ ਇੰਡਸਟਰੀ ਬਹੁਤ ਜ਼ਿਆਦਾ ਹੋ ਗਈ ਹੈ । ਜਿਸ ਨਾਲ ਇਥੇ ਏਸਿਡ ਦਾ ਕੰਮ ਵੀ ਜ਼ਿਆਦਾ ਹੁੰਦਾ ਹੈ ਔਰ ਤੇਜ਼ਾਬ ਦਾ ਪਾਣੀ ਸ਼ਹਿਰ ਵਿਚ ਕਾਫ਼ੀ ਹੋ ਜਾਂਦਾ ਹੈ ਜਿਸ ਨਾਲ ਸ਼ਹਿਰ ਵਿਚ ਪੋਲੂਸ਼ਨ ਵਧਦੀ ਹੈ । ਸਰਕਾਰ ਨੇ ਇਸ ਪੋਲੂਸ਼ਨ ਨੂੰ ਦੂਰ ਕਰਨ ਵਾਸਤੇ ਪਰੋਵੀਜ਼ਨ ਕੀਤੀ ਸੀ ਅਤੇ ਇਸ ਵਾਸਤੇ 5 ਲੱਖ ਰੁਪਿਆ ਰੱਖਿਆ ਸੀ ਮਗਰ ਇਹ ਪੈਸਾ ਇਸ ਤੇ ਖਰਚ ਨਹੀਂ ਕੀਤਾ ਗਿਆ ਔਰ 4.39 ਲੱਖ ਰੁਪਿਆ ਸਰੰਡਰ ਕਰ ਦਿੱਤਾ । ਸਪੀਕਰ ਸਾਹਿਬ, ਲੁਧਿਆਣਾ ਵਿਚ ਤਾਂ ਇਹ ਪੋਲੂਸ਼ਨ ਦੂਰ ਨਾ ਹੋਣ ਕਰਕੇ ਨਲਕਿਆਂ ਵਿਚ ਨੀਲਾ ਪਾਣੀ ਆਉਣ ਲੱਗ ਪਿਆ ਸੀ । ਤੁਸੀਂ ਅਖਬਾਰ ਵਿਚ ਪੜ੍ਹਿਆ ਹੋਣਾ ਹੈ ਕਿ ਜੌਂਡਿਸ ਜਿਸ ਨੂੰ ਪੀਲਿਆ ਕਹਿੰਦੇ ਹਨ, ਇਹ ਬਿਮਾਰੀ ਸ਼ਹਿਰ ਵਿਚ ਚੱਲ ਪਈ ਹੈ । ਯੂਨੀਵਰਸਿਟੀ ਵਿਚ ਵੀ ਇਹ ਪਾਣੀ ਖਰਾਬ ਕਰ ਰਿਹਾ ਹੈ ਅਤੇ ਉਥੇ ਵੀ ਪੀਲਿਆ ਫੈਲ ਗਿਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਵਾਸਤੇ ਜ਼ਿਆਦਾ ਪੈਸਾ ਰਖਕੇ ਜਲਦੀ ਤੋਂ ਜਲਦੀ ਇਹ ਪੋਲੂਸ਼ਨ ਦੂਰ ਕਰਨੀ ਚਾਹੀਦੀ ਹੈ ।

ਫਿਰ ਸਪੀਕਰ ਸਾਹਿਬ, ਇਥੇ ਮੋਲਸਿਜ਼ ਦਾ ਕਾਫ਼ੀ ਜ਼ਿਕਰ ਆਇਆ ਹੈ । ਠੀਕ ਹੈ ਕਿ ਇਹ ਭੈੜੀ ਚੀਜ਼ ਹੈ ਪਰ ਸਾਡੀ ਸਰਕਾਰ ਦੀ ਆਮਦਨ ਦਾ ਇਹ ਸਭ ਤੋਂ ਵੱਡਾ ਜ਼ਰੀਆ ਹੈ । ਇਸ ਤੋਂ ਹੀ ਸਾਡੀ ਸਰਕਾਰ ਨੂੰ ਜ਼ਿਆਦਾ ਰੈਵਨਿਊ ਪ੍ਰਾਪਤ ਹੁੰਦਾ ਹੈ । ਸਾਡੀ ਸਰਕਾਰ ਨੇ ਵੀ ਇਸ ਨੂੰ ਬੰਦ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਪਰ ਫਿਰ ਰੈਵਨਿਊ ਦਾ ਸਵਾਲ ਪੈਦਾ ਹੁੰਦਾ ਹੈ । ਇਸ ਤੋਂ ਤਕਰੀਬਨ 85 ਕਰੋੜ ਰੁਪਏ ਦੀ ਆਮਦਨ ਸਰਕਾਰ ਨੂੰ ਹੁੰਦੀ ਹੈ । ਇਸ ਲਈ ਇਹ ਚੀਜ਼ ਰਕ ਨਹੀਂ ਸਕਦੀ । ਕਈ ਚੀਜ਼ਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਕਿ ਬੰਦ ਨਹੀਂ ਹੋ ਸਕਦੀਆਂ । ਜਿਹੜੇ ਸ਼ਰਾਬ ਦੇ ਠੇਕੇ ਦਿੱਤੇ ਜਾਂਦੇ ਹਨ ਉਸ ਤੋਂ ਸਰਕਾਰ ਨੂੰ ਕਾਫ਼ੀ ਆਮਦਨ ਹੁੰਦੀ ਹੈ ਪਰ ਸਪੀਕਰ ਸਾਹਿਬ, ਜਿਹੜੇ ਰੈਵਨਿਊ ਦੇਣ ਵਾਲੇ ਹਨ ਉਨ੍ਹਾਂ ਨਾਲ ਸਾਡੀ ਸਰਕਾਰ ਦਾ ਵਰਤਾਓ ਚੰਗਾ ਨਹੀਂ ਹੁੰਦਾ । ਸਰਕਾਰ ਨੇ ਪ੍ਰੋਗਰਾਮ ਬਣਾਇਆ ਸੀ ਕਿ ਨਜਾਇਜ਼ ਸ਼ਰਾਬ ਬੰਦ ਕਰਨੀ ਹੈ ਪਰ ਸ਼ਰਾਬ ਤਾਂ ਦਿਨ ਬਦਿਨ ਮਹਿੰਗੀ ਹੁੰਦੀ ਜਾ ਰਹੀ ਹੈ । ਸਪੀਕਰ ਸਾਹਿਬ ਜਦੋਂ ਠੇਕੇ ਨਿਲਾਮ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੋਲਸਿਜ਼ ਵੀ ਸਰਕਾਰ ਸਪਲਾਈ ਕਰਦੀ ਹੈ ਪਰ ਸਰਕਾਰ ਉਨ੍ਹਾਂ ਨੂੰ ਇਹ ਮੋਲਸਿਜ਼ ਠੀਕ ਸਮੇਂ ਤੇ ਸਪਲਾਈ ਨਹੀਂ ਕਰ ਸਕੀ ਜਿਸ ਕਰਕੇ ਇਸ ਦੀ ਕਮੀ ਹੋ ਗਈ ਔਰ ਸ਼ਰਾਬ ਮਹਿੰਗੀ ਹੋ ਗਈ । ਇਸ ਦੇ ਨਾਲ ਹੀ ਸ਼ਰਾਬ ਵਿਚ ਅਡੱਲਟਰੇਸ਼ਨ ਵੀ ਹੋਣ ਲੱਗ ਪਈ । ਸਪੀਕਰ ਸਾਹਿਬ, ਮੋਲਸਿਜ਼ ਸ਼ੀਰੇ ਨੂੰ ਕਹਿੰਦੇ ਹਨ । ਜੇ ਇਹ ਸਰਕਾਰ ਸ਼ੀਰੇ ਦਾ ਇੰਤਜ਼ਾਮ ਨਹੀਂ ਸੀ ਕਰ ਸਕੀ ਤਾਂ ਇਹ ਸ਼ੀਰਾ ਯੂ. ਪੀ. ਤੋਂ ਲਿਆ ਜਾ ਸਕਦਾ ਸੀ । ਪਰ ਡੀਲਰਜ਼ ਨੂੰ ਇਹ ਸ਼ੀਰਾ ਸਪਲਾਈ ਨਹੀਂ ਕੀਤਾ ਗਿਆ ਜਿਸ ਕਾਰਣ ਇਸ ਵਿਚ ਕਾਫ਼ੀ ਅਡੱਲਟਰੇਸ਼ਨ ਹੋ ਗਈ ਅਤੇ ਮਹਿੰਗੀ ਵੀ ਹੋ ਗਈ । ਮੈਂ ਸਮਝਦਾ ਹਾਂ ਕਿ ਜਦੋਂ ਸਰਕਾਰ ਉਨ੍ਹਾਂ ਨੂੰ ਐਨੇ ਮਹਿੰਗੇ ਠੇਕੇ ਦਿੰਦੀ ਹੈ ਤਾਂ ਉਨ੍ਹਾਂ ਵਾਸਤੇ ਮੋਲਸਿਜ਼ ਦਾ ਇੰਤਜ਼ਾਮ ਵੀ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇੰਡਸਟਰੀ ਦੇ ਬਾਰੇ ਵੀ ਅਰਜ਼ ਕਰਨ ਲੱਗਾ ਹਾਂ । ਸਾਡੀ ਪਿਛਲੀ ਅਕਾਲੀ ਸਰਕਾਰ ਨੇ ਇਸ ਵਾਸਤੇ ਕੁੱਝ ਨਹੀਂ ਕੀਤਾ । ਤੁਹਾਨੂੰ ਪਤਾ ਹੈ ਕਿ ਜ਼ਮੀਨ ਹੁਣ ਸਾਰੀ ਕੋਈ 10-12% ਬਾਕੀ ਰਹਿ ਗਈ ਹੈ । 88% ਜ਼ਮੀਨ ਤਾਂ ਪੈਦਾਵਾਰ ਥੱਲੇ ਰਹਿ ਗਈ ਹੈ । ਜਿਹੜੀ ਜ਼ਮੀਨ ਬਾਕੀ ਰਹਿ ਗਈ ਹੈ ਉਸ ਵਿਚ ਵੀ ਕਾਫ਼ੀ ਜ਼ਮੀਨ ਐਸੀ ਹੈ ਜਿਹੜੀ ਠੀਕ ਨਹੀਂ ਹੋ ਸਕਦੀ

ਇਸ ਲਈ ਜਦੋਂ ਸਾਡੇ ਸਾਹਮਣੇ ਅਨਇੰਪਲਾਇਮੈਂਟ ਦੂਰ ਕਰਨ ਦਾ ਸਵਾਲ ਆਉਂਦਾ ਹੈ ਤਾਂ ਉਸ ਵੇਲੇ ਸਿਰਫ਼ ਇੰਡਸਟਰੀ ਹੀ ਨਜ਼ਰ ਆਉਂਦੀ ਹੈ ਜਿਸ ਰਾਹੀਂ ਕੁਝ ਹੱਦ ਤੱਕ ਅਨਇੰਪਲਾਇਮੈਂਟ ਦੂਰ ਹੋ ਸਕਦੀ ਹੈ। ਪੰਜਾਬ ਨੂੰ ਛੋਟਾ ਕਰਨ ਦੇ ਬਾਅਦ ਜਿਹੜੇ ਥੋੜੇ ਜਿਹੇ ਆਦਮੀ ਟੈਕਨੀਕਲ ਇਥੇ ਰਹਿ ਗਏ ਸਨ, ਉਨ੍ਹਾਂ ਨੇ ਜਲੰਧਰ, ਲੁਧਿਆਣਾ ਔਰ ਅੰਮ੍ਰਿਤਸਰ ਵਿਚ ਜ਼ੋਰ ਸ਼ੋਰ ਨਾਲ ਆਪਣੇ ਕਾਰਖਾਨੇ ਲਗਾਏ ਔਰ ਉਸ ਤੋਂ ਬਾਅਦ ਕੋਈ 55 ਹਜ਼ਾਰ ਦੇ ਕਰੀਬ ਹੋਰ ਯੂਨਿਟ ਲਗਾਏ ਗਏ।

3.00 p.m. (ਇਸ ਵੇਲੇ ਕੁਮਾਰੀ ਸਰਲਾ ਪਰਾਸ਼ਰ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸ੍ਰੀ ਓਮ ਪ੍ਰਕਾਸ਼ ਗੁਪਤਾ: (ਤਾੜੀਆਂ) ਚੇਅਰਮੈਨ ਸਾਹਿਬਾ, ਇਹ ਕਾਂਗਰਸ ਦੀ ਸਰਕਾਰ ਨੇ ਇੱਕਲੇ ਲੁਧਿਆਣੇ ਜ਼ਿਲੇ ਵਿਚ 55 ਹਜ਼ਾਰ ਯੂਨਿਟਜ਼ ਲਗਾਏ ਹੋਏ ਹਨ ਪਰ ਉਥੇ ਯੂਨਿਟਾਂ ਨੂੰ ਬਿਜਲੀ ਪੂਰੀ ਨਹੀਂ ਮਿਲਦੀ। ਰਾਅ ਮੈਟਰੀਅਲ ਨਹੀਂ ਮਿਲਦਾ। ਸਾਨੂੰ ਇਸ ਬਿਜਲੀ ਦੀ ਸਪਲਾਈ ਨੇ ਬੜਾ ਤੰਗ ਕੀਤਾ ਹੋਇਆ ਹੈ। ਜ਼ਿਮੀਦਾਰਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ। ਜ਼ਿਮੀਦਾਰਾਂ ਨੇ ਬੈਂਕਾਂ ਵਿਚ ਫਿਕਸਡ ਡੀਪਾਜ਼ਿਟ ਕਰਵਾਏ ਹੋਏ ਹਨ ਕਿਉਂਕਿ ਉਹ ਖੁਸ਼ਹਾਲ ਹਨ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: ਆਨ ਏ ਪੁਆਇੰਟ ਆਫ ਆਰਡਰ ਸਰ। ਚੇਅਰਮੈਨ ਸਾਹਿਬਾ, ਜਦੋਂ ਹਾਊਸ ਦੇ ਵਿਚ ਡਿਪਟੀ ਸਪੀਕਰ ਮੌਜੂਦ ਹੋਵੇ ਉਤਨੀ ਦੇਰ ਤੱਕ ਪੈਨਲ ਆਫ ਚੇਅਰਮੈਨ ਦਾ ਕੋਈ ਮੈਂਬਰ ਚੇਅਰ ਤੇ ਨਹੀਂ ਬੈਠ ਸਕਦਾ। ਇਹ ਰਿਵਾਇਤ ਦੇ ਉਲਟ ਹੈ ਕਿ ਡਿਪਟੀ ਸਪੀਕਰ ਹਾਊਸ ਵਿਚ ਬੈਠਾ ਹੋਵੇ। ਇਹ ਠੀਕ ਨਹੀਂ ਹੈ।

(ਇਸ ਸਮੇਂ ਡਿਪਟੀ ਸਪੀਕਰ ਸਾਹਿਬ, ਜੋ ਹਾਊਸ ਵਿਚ ਸਰਕਾਰੀ ਬੈਂਚਾਂ ਤੇ ਬੈਠੇ ਹੋਏ ਸਨ ਉਠ ਕੇ ਬਾਹਰ ਚਲੇ ਗਏ)

ਵਿੱਤ ਮੰਤਰੀ: ਚੇਅਰਮੈਨ ਸਾਹਿਬਾ, ਇਨ੍ਹਾਂ ਦਾ ਇਤਰਾਜ਼ ਠੀਕ ਹੈ ਪਰ ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਹਾਊਸ ਵਿਚ ਦੇਖਿਆ ਨਹੀਂ ਹੋਣਾ ਇਸ ਕਰਕੇ ਪੈਨਲ ਆਫ ਚੇਅਰਮੈਨ ਦੇ ਮੈਂਬਰ ਨੂੰ ਚੇਅਰ ਤ ਬੈਠਣ ਲਈ ਕਹਿ ਗਏ ਹਨ। ਹੁਣ ਜਦ ਕਿ ਡਿਪਟੀ ਸਪੀਕਰ ਸਾਹਿਬ, ਹਾਊਸ ਵਿਚ ਨਹੀਂ ਹਨ, ਚੇਅਰਮੈਨ ਸਾਹਿਬਾ, ਬੈਠ ਸਕਦੀ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਚੇਅਰਮੈਨ ਸਾਹਿਬਾ, ਮੇਰੀ ਸਰਕਾਰ ਨੇ ਸਰਵੇ ਕਰਵਾ ਕੇ ਪਤਾ ਕੀਤਾ ਹੈ ਕਿ 38 % ਲੋਕ ਬੀਲੋਅ ਪਾਵਰਟੀ ਲਾਈਨ ਤੇ ਰਹਿ ਰਹੇ ਹਨ ਅਤੇ ਪੰਜਾਬ ਵਿਚੋਂ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਇੰਡਸਟਰੀ ਲਗਾਈ ਜਾਣੀ ਚਾਹੀਦੀ ਹੈ, ਪਰ ਇੰਡਸਟਰੀ ਦੇ ਨਾਲ ਬਿਜਲੀ ਦਾ ਪੂਰਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਰਾਅ ਮੈਟੀਰੀਅਲ ਬੇਸ਼ਕ ਘੱਟ ਮਿਲੇ ਪਰ ਬਿਜਲੀ ਕਿਸਾਨ ਨੂੰ ਅਤੇ ਇੰਡਸਟਰੀਲਿਸਟ ਨੂੰ ਪੂਰੀ ਮਿਲਣੀ ਚਾਹੀਦੀ ਹੈ।

ਸਭਾਪਤੀ: ਤੁਸੀਂ ਵਾਈਂਡ ਅੱਪ ਕਰੋ ਜੀ

ਸ੍ਰੀ ਓਮ ਪ੍ਰਕਾਸ਼ ਗੁਪਤਾ: ਚੇਅਰਮੈਨ ਸਾਹਿਬਾ, ਮੈਂ ਖਤਮ ਹੀ ਕਰਨ ਵਾਲਾ ਹਾਂ। ਇਕ ਦੋ ਗੱਲਾਂ ਮੈਂ ਬਹੁਤ ਜ਼ਰੂਰੀ ਕਰ ਦੇਣਾ ਚਾਹੁੰਦਾ ਹਾਂ। ਲੁਧਿਆਣਾ ਜ਼ਿਲ੍ਹਾ ਇੱਕਲਾ ਹੀ 100 ਕਰੋੜ ਰੁਪਏ ਦਾ ਮਾਲ ਐਕਸਪੋਰਟ ਕਰਦਾ ਹੈ ਅਤੇ ਫਾਰਨ ਐਕਸਚੇਂਜ 100 ਕਰੋੜ ਰੁਪਏ ਦਾ ਕਮਾ ਰਿਹਾ ਹੈ। ਸਰਕਾਰ ਨੂੰ ਬਿਜਲੀ ਹੋਰ ਪੈਦਾ ਕਰਨ ਲਈ ਹੋਰ ਪ੍ਰਾਜੈਕਟਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਸ ਸੂਬੇ ਵਿਚ ਹੋਰ ਤਰੱਕੀ ਹੋ ਸਕੇ।

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਇਕ ਗੱਲ ਰਿਜ਼ਰਵੇਸ਼ਨ ਦੇ ਬਾਰੇ ਕਰਨੀ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਹਰੀਜਨਾਂ ਨੂੰ ਉਪਰ ਚੁੱਕਣ ਲਈ ਯਤਨ ਕਰ ਰਹੀ ਹੈ ਅਤੇ ਉਨ੍ਹਾਂ ਲਈ ਭਲਾਈ ਦੀਆਂ ਸਕੀਮਾਂ ਬਣਾ ਰਹੀ ਹੈ। (ਤਾੜੀਆਂ) ਇਸ ਦੇ ਨਾਲ ਨਾਲ ਗਿਆਨੀ ਜ਼ੈਲ ਸਿੰਘ ਦੇ ਰਾਜ ਵਿਚ ਹਰੀਜਨਾਂ ਨੂੰ 25% ਰਿਜ਼ਰਵੇਸ਼ਨ ਦਿੱਤੀ ਗਈ ਸੀ। (ਵਿਘਨ)

(ਵੈਦ ਕਰਤਾਰ ਸਿੰਘ ਵਲੋਂ ਵਿਘਨ)(ਸ਼ੋਰ) (ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਵਲੋਂ ਵਿਘਨ) (ਸ਼ੋਰ) (ਸ੍ਰੀ ਸੁਰਿੰਦਰ ਕਪੂਰ ਵਲੋਂ ਧਮਕੀ ਦਿੱਤੀ ਗਈ ਦੇਖ ਲਵਾਂਗੇ) (ਵੈਦ ਕਰਤਾਰ ਸਿੰਘ ਵਲੋਂ ਵਿਘਨ) (ਸ਼ੋਰ)

ਸਭਾਪਤੀ : ਇਹ ਜੋ ਮੈਂਬਰ ਸਾਹਿਬਾਨ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣੀ ਆਪਣੀ ਸੀਟਾਂ ਤੇ ਬੈਠਣ ਔਰ ਹਾਊਸ ਦੀ ਕਾਰਵਾਈ ਨੂੰ ਚੱਲਣ ਦੇਣ।

ਸ੍ਰੀ ਸੰਤ ਰਾਮ ਸਿੰਗਲਾ: ਆਨ ਏ ਪੁਆਇੰਟ ਆਫ ਆਰਡਰ ਮੈਡਮ। ਜਦੋਂ 1977 ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਅਤੇ ਅਕਾਲੀ ਵੀਰ ਉਸ ਵਿਚ ਹਿੱਸੇਦਾਰ ਸਨ। ਇਨ੍ਹਾਂ ਨੇ ਮਹਾਤਮਾ ਗਾਂਧੀ ਦੀ ਸਮਾਧੀ ਤੇ ਜਾ ਕੇ ਸਹੁੰ ਖਾਧੀ ਸੀ ਪਰ ਹੁਣ ਇਹ ਮਹਾਤਮਾ ਗਾਂਧੀ ਦੀ ਬੇਇਜ਼ਤੀ ਕਰ ਰਹੇ ਹਨ।

(ਵੈਦ ਕਰਤਾਰ ਸਿੰਘ ਵਲੋਂ ਵਿਘਨ) (ਸ਼ੋਰ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਡਮ, ਰਿਜ਼ਰਵੇਸ਼ਨ ਦੀ ਗੱਲ ਕਰ ਰਿਹਾ ਸੀ ਪਰ ਵੈਦ ਜੀ ਐਵੇਂ ਤੇਜ਼ ਹੋ ਗਏ ਹਨ। ਇਹ ਰਿਜ਼ਰਵੇਸ਼ਨ ਸਾਰੀ ਕਾਰਪੋਰੇਸ਼ਨਾਂ, ਸੈਮੀ ਗੌਰਮਿੰਟ ਦਫਤਰਾਂ ਵਿਚ ਹੈ ਹਾਲੇ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਦਿੱਤੀ ਗਈ ਇਸ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। (ਘੰਟੀ)

ਸਭਾਪਤੀ: ਵਾਈਂਡ ਅੱਪ ਕਰੋ ਜੀ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਗਿਆਨੀ ਜ਼ੈਲ ਸਿੰਘ ਜੀ ਨੇ ਪੰਜਾਬ ਵਿਚ ਬਾਲਮੀਕੀਆਂ ਲਈ 12.5% ਰਿਜ਼ਰਵੇਸ਼ਨ ਰੱਖੀ ਸੀ ਅਤੇ 12.5% ਮਜ਼ਬੀਆਂ ਲਈ ਰੱਖੀ ਸੀ। (ਵਿਘਨ) ਕਾਂਗਰਸ ਸਰਕਾਰ ਨੇ ਹੀ ਬਾਲਮੀਕੀਆਂ ਦਾ ਭਲਾ ਕੀਤਾ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਵਿਘਨ)

ਸ੍ਰੀ ਗੁਰਦਿਆਲ ਸੈਣੀ (ਜਲੰਧਰ ਦੱਖਣ): ਚੇਅਰਮੈਨ ਸਾਹਿਬਾ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਮੈਂ ਡੀਮਾਂਡ ਨੰ: 34 ਤੇ ਬੋਲਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੀ ਸਰਕਾਰ ਵੇਲੇ ਪੰਜਾਬ ਸਟੇਟ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਇਕ ਲੱਖ ਰੁਪਿਆ ਰੱਖਕੇ ਕੰਮ ਚਲਿਆ ਸੀ ਜਦ ਕਿ ਮੇਰੀ ਸਰਕਾਰ ਨੇ ਇਸ ਦੇ ਬਜਟ ਨੂੰ ਵਧਾਉਣ ਲਈ 30 ਲੱਖ ਰੁਪਿਆ ਹੋਰ ਦਿੱਤਾ ਹੈ ਅਤੇ ਹੁਣ ਇਹ ਬਜਟ 1980-81 ਵਿਚ 31 ਲੱਖ ਰੁਪਏ ਦਾ ਹੋ ਗਿਆ ਹੈ। ਇਹ ਪਹਿਲੀ ਇਨਸਟਾਲਮੈਂਟ ਦੇ ਵਿਚ ਹੀ ਪੂਰਾ ਕੀਤਾ ਹੈ।

ਚੇਅਰਮੈਨ ਸਾਹਿਬਾ, ਫੈਕਟਰੀਆਂ ਬੰਦ ਰਹੀਆਂ ਜਦੋਂ ਅਕਾਲੀ-ਜਨਤਾ ਸਰਕਾਰ ਦਾ ਰਾਜ ਸੀ। ਫੈਕਟਰੀਆਂ ਬੰਦ ਹੋਣ ਕਾਰਣ 30,000 ਮਜ਼ਦੂਰ ਵਿਹਲੇ ਬੈਠੇ ਰਹੇ। ਵਿਚਾਰੇ ਮਜ਼ਦੂਰਾਂ ਨੂੰ ਦਿਹਾੜੀ

ਨਾ ਮਿਲਣ ਕਰਕੇ ਉਹ ਅਤੇ ਉਨ੍ਹਾਂ ਦੇ ਬੱਚੇ ਭੁੱਖੇ ਮਰ ਗਏ । (ਸ਼ੇਮ, ਸ਼ੇਮ) ਪਰ ਅੱਜ ਚੇਅਰਮੈਨ ਸਾਹਿਬਾ, ਜਦੋਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਬਣੀ ਤਾਂ ਸਾਰੀਆਂ ਚੀਜ਼ਾਂ ਮੁਹੱਈਆ ਹੋਣੀਆਂ ਸ਼ੁਰੂ ਹੋ ਗਈਆਂ। ਚੇਅਰਮੈਨ ਸਾਹਿਬਾ, ਮੈਂ ਸਾਰੇ ਪੰਜਾਬ ਦੀ ਗੱਲ ਤਾਂ ਨਹੀਂ ਕਰਦਾ ਪਰ ਜਲੰਧਰ ਜ਼ਿਲ੍ਹੇ ਦੀ ਗਲ ਕਰਦਾ ਹਾਂ ਕਿ ਉਥੇ ਛੋਟੇ ਵੱਡੇ ਦਾ ਕੋਈ ਖਿਆਲ ਨਹੀਂ ਕੀਤਾ ਗਿਆ। ਜਦੋਂ ਅਕਾਲੀ-ਜਨਤਾ ਸਰਕਾਰ ਦਾ ਰਾਜ ਸੀ ਤਾਂ ਜਿਸ ਦੀ ਵਿਕਰੀ 4 ਕਰੋੜ ਰੁਪਿਆ ਹੋਵੇ, ਉਸ ਨੂੰ ਇੱਕ ਗੱਡੀ ਕੋਲੇ ਦੀ ਦਿਤੀ ਜਾਂਦੀ ਸੀ ਅਤੇ ਜਿਸ ਦੀ ਵਿਕਰੀ 2 ਕਰੋੜ ਹੋਵੇ, ਉਸ ਨੂੰ ਵੀ ਇੱਕ ਗੱਡੀ ਕੋਲੇ ਦੀ ਦਿੱਤੀ ਜਾਂਦੀ ਸੀ ਅਤੇ ਜਿਸ ਦੀ ਵਿਕਰੀ 2 ਲੱਖ ਰੁਪਿਆ ਹੋਵੇ ਉਸ ਨੂੰ ਵੀ ਇਕੋ ਹੀ ਗੱਡੀ ਕੋਲੇ ਦੀ ਦਿੱਤੀ ਜਾਂਦੀ ਸੀ। ਪਹਿਲਾਂ ਕੋਈ ਕਰਾਈਟੇਰੀਆ ਨਹੀਂ ਸੀ ਹੁੰਦਾ । ਹੁਣ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿਹਾ ਹੈ ਕਿ ਪੜਤਾਲ ਕਰੋ ਜਿਸ ਫੈਕਟਰੀ ਨੂੰ ਜਿਤਨਾ ਮੈਟੀਰੀਅਲ ਚਾਹੀਦਾ ਹੈ, ਉਸ ਨੂੰ ਉਸ ਦੀ ਲੋੜ ਦੇ ਮੁਤਾਬਿਕ ਹੀ ਮੈਟੀਰੀਅਲ ਮਿਲੇਗਾ। ਇਸ ਨਾਲ ਪੰਜਾਬ ਦੀ ਇੰਡਸਟਰੀਜ਼ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ। ਚੇਅਰਮੈਨ ਸਾਹਿਬਾ, ਪਹਿਲਾਂ ਜਦੋਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਬੀਬੀ ਇੰਦਰਾ ਗਾਂਧੀ ਜੀ ਹੁੰਦੇ ਸਨ ਤਾਂ ਕਰੋੜਾਂ ਰੁਪਏ ਦਾ ਮਾਲ ਐਕਸਪੋਰਟ ਹੁੰਦਾ ਸੀ ਪਰ ਜਦੋਂ ਅਕਾਲੀ-ਜਨਤਾ ਸਰਕਾਰ ਬਣੀ ਤਾਂ ਵਿਦੇਸ਼ਾਂ ਨੂੰ ਮਾਲ ਐਕਸਪੋਰਟ ਹੋਣਾ ਬੰਦ ਹੋ ਗਿਆ ਜਿ ਨਾਲ ਬਾਹਰੋਂ ਵਿਦੇਸ਼ੀ ਕਰੰਸੀ ਆਉਣੋਂ ਬੰਦ ਹੋ ਗਈ ਅਤੇ ਪੰਜਾਬ ਦਾ ਬਹੁਤ ਭਾਰੀ ਨੁਕਸਾਨ ਹੋਣ ਲੱਗਾ। ਚੇਅਰਮੈਨ ਸਾਹਿਬਾ, ਜੋ ਇੰਨਸੈਂਟਿਵ ਪਹਿਲਾਂ ਮਿਲਦੇ ਸੀ ਅਤੇ ਅਕਾਲੀ-ਜਨਤਾ ਸਰਕਾਰ ਵਲੋਂ ਬੰਦ ਹੋ ਗਿਆ, ਉਹ ਹੁਣ ਵੀ ਇਨਸੈਂਟਿਵ ਮਿਲਣਾ ਚਾਹੀਦਾ ਹੈ । (ਵਿਘਨ) (ਸ਼ੋਰ)

ਸਭਾਪਤੀ : ਸੈਣੀ ਜੀ, ਜਲਦੀ ਖਤਮ ਕਰੋ ਸਿਰਫ ਚਾਰ ਮਿੰਟ ਰਹਿ ਗਏ ਹਨ ।

ਸ੍ਰੀ ਗੁਰਦਿਆਲ ਸੈਣੀ: ਚੇਅਰਮੈਨ ਸਾਹਿਬਾ, ਸੱਚੀਆਂ ਗੱਲਾਂ ਕਰਨ ਲੱਗਾ ਹਾਂ ਪਰ ਇਹ ਸੁਣਦੇ ਨਹੀਂ। (ਵਿਘਨ) ਮੈਂ ਇਨ੍ਹਾਂ ਆਪੋਜ਼ੀਸ਼ਨ ਦੇ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਕੀ ਹੁੰਦੀ ਹੈ? ਇਨ੍ਹਾਂ ਨੂੰ ਇੰਡਸਟਰੀਜ਼ ਬਾਰੇ ਕੋਈ ਗਿਆਨ ਨਹੀਂ ਹੈ । ਚੇਅਰਮੈਨ ਸਾਹਿਬਾ, ਜਲੰਧਰ ਵਿਚ ਇਕ ਫੋਕਲ ਪੁਆਇੰਟ ਬਣਿਆ । (ਵਿਘਨ) (ਸ਼ੋਰ) ਉਥੇ ਇਨ੍ਹਾਂ ਨੇ ਆਪਣੇ ਬੰਦੇ ਲਗਵਾਏ ਅਤੇ ਲੋਕ ਕੋਲੋਂ ਪੈਸਾ ਵਸੂਲ ਕੀਤਾ ਔਰ ਮੈਂ ਇਸ ਗੱਲ ਨੂੰ ਚੈਲੰਜ ਕਰਦਾ ਹਾਂ । ਇਸ ਗੱਲ ਦੀ ਚੇਅਰਮੈਨ ਸਾਹਿਬਾ, ਇਨਕੁਆਇਰੀ ਹੋਣੀ ਚਾਹੀਦੀ ਹੈ ਅਤੇ ਸਾਰੀ ਚੀਜ਼ ਦੀ ਪੜਤਾਲ ਹੋਵੇ ਤਾਂ ਸਹੀ ਪਿਕਚਰ ਸਾਹਮਣੇ ਆ ਜਾਵੇਗੀ । (ਵਿਘਨ)

ਸਭਾਪਤੀ : ਸੈਣੀ ਜੀ, ਖਤਮ ਕਰੋ ।

ਸ੍ਰੀ ਗੁਰਦਿਆਲ ਸੈਣੀ: ਚੇਅਰਮੈਨ ਸਾਹਿਬਾ, ਮੈਂ ਜਲੰਧਰ ਜ਼ਿਲ੍ਹੇ ਦੀ ਇੱਕ ਫੈਕਟਰੀ ਦੀ ਗੱਲ ਦੱਸਦਾ ਹਾਂ। ਇਹ ਸੁਣਨ ਵਾਲੀ ਗੱਲ ਹੈ । (ਵਿਘਨ) (ਸ਼ੋਰ) 10-12 ਏਕੜ ਜ਼ਮੀਨ ਲੇਬਰ ਕਲੋਨੀ ਨੂੰ ਦਿੱਤੀ ਪਰ ਮੈਂ ਇਨਕੁਆਇਰੀ ਦੀ ਮੰਗ ਕਰਦਾ ਹਾਂ ਅਤੇ ਸਰਦਾਰ ਦਰਬਾਰਾ ਸਿੰਘ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਸ ਜ਼ਮੀਨ ਨੂੰ ਹੜੱਪ ਕਰਨ ਦੀ ਕੋਸ਼ਿਸ਼ ਕੀਤੀ ਗਈ । ਇਹ ਸਾਰ ਜ਼ਮੀਨ ਹਰੀਜਨਾਂ ਅਤੇ ਬਾਲਮੀਕੀਆਂ ਵਿਚਕਾਰ ਵੰਡੀ ਜਾਵੇ ਔਰ ਮੈਂ ਇਸ ਗੱਲ ਦੀ ਪੰਜਾਬ ਸਰਕਾਰ ਕੋਲੋਂ ਮੰਗ ਕਰਦਾ ਹਾਂ। (ਵਿਘਨ) ਅਕਾਲੀ-ਜਨਤਾ ਸਰਕਾਰ ਵੇਲੇ ਸਮਾਲ ਸਕੇਲ ਇੰਡਸਟਰੀਜ਼ ਵਿਚ ਇਨ੍ਹਾਂ ਨੇ ਇੱਕ ਡਾਇਰੈਕਟਰ ਲਗਾਇਆ ਸੀ ਜਿਸ ਨੇ ਲੱਖਾਂ ਰੁਪਏ ਦੇ ਗਬਨ ਕੀਤੇ ਹਨ । ਇਸ ਗੱਲ ਦੀ ਵੀ ਇਨਕੁਆਇਰੀ ਹੋਣੀ ਚਾਹੀਦੀ ਹੈ । ਮੈਂ, ਚੇਅਰਮੈਨ ਸਾਹਿਬਾ, ਆਪਣੀ ਸਰਕਾਰ ਨੂੰ ਵਧਾਈ ਦਿੰਦ, ਹਾਂ ਜਿਸ ਨੇ 3 ਵੱਡੇ ਲਾਇਸੈਂਸ ਸੈਂਟਰ ਸਰਕਾਰ ਪਾਸੋਂ ਵੱਡੀ ਇੰਡਸਟਰੀਜ਼ ਲਈ ਲਿਆਂਦੇ ਹਨ। ਇ

[ਸ੍ਰੀ ਗੁਰਦਿਆਲ ਸੈਣੀ]

ਬੜੀ ਹੀ ਖੁਸ਼ੀ ਦੀ ਗੱਲ ਹੈ ਪਰ, ਮੈਂ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹਾਂਗਾ ਕਿ **ਇੱਕ** ਵੱਡੇ ਲਸੰਸ ਵਾਲੀ ਫੈਕਟਰੀ ਜਲੰਧਰ ਜ਼ਿਲ੍ਹੇ ਵਿਚ ਵੀ ਲੱਗਣੀ ਚਾਹੀਦੀ ਹੈ ਸਾਡਾ ਦੁਆਬੇ ਦਾ ਇਲਾਕਾ ਹੈ । ਉਸ ਇਲਾਕੇ ਦਾ ਖਿਆਲ ਰੱਖਣਾ ਚਾਹੀਦਾ ਹੈ ।

ਸਭਾਪਤੀ : ਪਲੀਜ਼ ਵਾਈਂਡ ਅੱਪ ।

ਸ੍ਰੀ ਗੁਰਦਿਆਲ ਸੈਣੀ: ਚੇਅਰਮੈਨ ਸਾਹਿਬਾ, ਇੱਕ ਹੋਰ ਅਜਿਹੀ ਗੱਲ ਕਰਨੀ ਹੈ । ਅਕਾਲੀ-ਜਨਤਾ ਸਰਕਾਰ ਵੇਲੇ ਸਰਦਾਰ ਬਲਵੰਤ ਸਿੰਘ ਫਾਈਨਾਂਸ ਮਨਿਸਟਰ ਹੁੰਦੇ ਸਨ ਅਤੇ ਕਹਿੰਦੇ ਸਨ ਕਿ ਹਰੀ-ਜਨਾਂ ਨੇ, ਜਿਸ ਨੇ 5,000 ਰੁਪਏ ਤੱਕ ਦਾ ਕਰਜ਼ਾ ਲਿਆ ਹੈ, ਉਹ ਮਾਫ਼ ਕਰ ਦਿੱਤਾ ਜਾਵੇਗਾ ਪਰ ਮੈਂ ਚੇਅਰਮੈਨ ਸਾਹਿਬਾ, ਕਹਿੰਦਾ ਹਾਂ ਕਿ ਗਰੀਬ ਹਰੀਜਨ ਦਾ 5,000 ਰੁਪਿਆ ਕਰਜ਼ਾ ਮਾਫ਼ ਤਾਂ ਕੀ ਕਰਨਾ ਸੀ ਬਲਕਿ ਜਿਹੜਾ ਹਰੀਜਨ ਲੋਨ ਵਾਪਿਸ ਕਰ ਦਿੰਦਾ ਹੈ ਅਤੇ ਨਾਲ ਹੀ ਸਿੰਪਲ ਇੰਟ-ਰੈਸਟ ਵਾਪਿਸ ਕਰ ਦਿੰਦਾ ਹੈ ਪਰ ਉਸ ਤੇ ਪੀਨਲ ਇੰਟਰੈਸਟ ਲਗਾ ਦਿੱਤਾ ਜਾਂਦਾ ਹੈ । ਉਹ ਪੀਨਲ ਇੰਟਰੈਸਟ ਤਾਂ ਮਾਫ਼ ਕਰ ਦਿਓ । ਚੇਅਰਮੈਨ ਸਾਹਿਬਾਂ, ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਪੀਨਲ ਇੰਟਰੈਸਟ ਮਾਫ਼ ਕਰ ਦੇਣਾ ਚਾਹੀਦਾ ਹੈ ਜਿਸ ਨੇ ਕਰਜ਼ਾ ਮੋੜ ਦਿੱਤਾ ਅਤੇ ਸਿੰਪਲ ਇੰਟਰੈਸਟ ਮੋੜ ਦਿਤਾ ਉਸ ਦਾ ਪੀਨਲ ਇੰਟਰੈਸਟ ਜ਼ਰੂਰ ਮਾਫ਼ ਹੋਣਾ ਚਾਹੀਦਾ ਹੈ ।

ਸਭਾਪਤੀ : ਹੁਣ ਖਤਮ ਕਰੋ ਜੀ ।

ਸ੍ਰੀ ਗੁਰਦਿਆਲ ਸੈਣੀ: ਜੇਕਰ ਤੁਹਾਡੀ ਇਜ਼ਾਜਤ ਹੋਵੇ ਤਾਂ ਮੈਂ ਡੀਮਾਂਡ ਨੰ: 11 ਤੇ ਬੋਲ ਲੈਂਦਾ ਹਾਂ ਜੀ । ਪੁਲਿਸ ਡਿਪਾਰਟਮੈਂਟ ਲਈ 3,56,67,000 ਰੁਪਿਆ ਰੱਖਿਆ ਗਿਆ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ । ਪਹਿਲੀ ਅਕਾਲੀ-ਜਨਤਾ ਸਰਕਾਰ ਨੇ ਪੁਲਿਸ ਡਿਪਾਰਟਮੈਂਟ ਵਿਚ ਕੋਈ ਨਫ਼ਰੀ ਵਧਾ-ਉਣ ਦੀ ਕੋਸ਼ਿਸ਼ ਨਹੀਂ ਕੀਤੀ ਸੀ । ਚੇਅਰਮੈਨ ਸਾਹਿਬਾ, ਜਿਹੜੀਆਂ ਘਟਨਾਵਾਂ ਹੁੰਦੀਆਂ ਹਨ ,ਉਨ੍ਹਾਂ ਦੀ ਥੋੜ੍ਹੀ ਫੋਰਸ ਦੇ ਨਾਲ ਮੁਕਾਬਲਾ ਕਰਨਾ ਬਹੁਤ ਮੁਸਕਲ ਹੈ । (ਵਿਘਨ)

ਸਭਾਪਤੀ : ਪਲੀਜ਼ ਟੇਕ ਯੂਅਰ ਸੀਟ ।

ਸ੍ਰੀ ਗੁਰਦਿਆਲ ਸੈਣੀ: ਚੇਅਰਮੈਨ ਸਾਹਿਬਾ, ਇੱਕ ਥਾਨੇਦਾਰ ਥੱਲੇ ਸਿਰਫ਼ 14 ਸਿਪਾਹੀ ਹੁੰਦੇ ਹਨ । ਇਤਨੀ ਥੋੜ੍ਹੀ ਨਫ਼ਰੀ ਦੇ ਨਾਲ ਕਿਸ ਤਰ੍ਹਾਂ ਕੰਮ ਚਲ ਸਕਦਾ ਹੈ । ਇਸ ਗੱਲ ਦਾ ਖਿਆਲ ਕਰੋ (ਵਿਘਨ) (ਸ਼ੋਰ) ਚੇਅਰਮੈਨ ਸਾਹਿਬਾ, ਨਫ਼ਰੀ ਵਧਾਉਣੀ ਚਾਹੀਦੀ ਹੈ । ਮੈਂ ਇਤਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ ।

ਸਭਾਪਤੀ : ਕਾਮਰੇਡ ਦਰਸ਼ਨ ਸਿੰਘ ਝਬਾਲ ਜੀ, ਦੋ ਮਿੰਟ ਲਈ ਬੋਲ ਲਵੋ ।

ਕਾਮਰੇਡ ਦਰਸ਼ਨ ਸਿੰਘ ਝਬਾਲ: (ਅਟਾਰੀ) (ਐਸ. ਸੀ.) ਚੇਅਰਮੈਨ ਸਾਹਿਬਾ, ਸਪਲੀਮੈਂਟਰੀ ਬਜਟ ਜਿਹੜਾ 70,58,35,000 ਰੁਪਿਆਂ ਦਾ ਆਇਆ ਹੈ ਉਸ ਦੇ ਬਾਰੇ ਮੈਂ ਕੁੱਝ ਕਹਿਣਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬਾ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਨੇ ਗਰੀਬਾਂ ਅਤੇ ਅਨੁਸੂਚਿਤ ਜਾਤੀਆਂ ਦੇ ਭਲੇ ਵਾਸਤੇ ਬਹੁਤ ਕੰਮ ਕੀਤੇ ਹਨ । ਪਰ ਮੈਨੂੰ ਇਹ ਗੱਲ ਸੁਣ ਕੇ ਬੜੀ ਹੈਰਾਨੀ ਹੋਈ ਹੈ ਕਿ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ 30 ਸਾਲ ਕਿਸ ਪਾਰਟੀ ਦਾ ਰਾਜ ਰਿਹਾ ਜੇਕਰ ਅੱਜ ਵੀ ਲੋਕ ਗਰੀਬ ਹਨ ਅਤੇ ਭੁੱਖੇ ਮਰਦੇ ਹਨ ਤਾਂ ਇਹ ਸਭ ਕੁੱਝ ਕਾਂਗਰਸ ਪਾਰਟੀ ਦੇ ਸਦਕਾ ਹੀ ਹੋਇਆ ਹੈ । (ਵਿਘਨ) ਚੇਅਰਮੈਨ ਸਾਹਿਬਾ, 26 ਜਨਵਰੀ ਨੂੰ ਸਾਡੇ ਰਾਸ਼ਟਰਪਤੀ ਜੀ ਨੇ ਆਪਣੇ

ਭਾਸ਼ਣ ਵਿਚ ਬੋਲਦਿਆਂ ਹੋਇਆਂ ਕਿਹਾ ਸੀ ਕਿ ਦੇਸ਼ ਦੀ ਅੱਧੀ ਆਬਾਦੀ ਗਰੀਬੀ ਤੋਂ ਥੱਲੇ ਹੈ ਇਸ ਕਰਕੇ ਅਸੀਂ ਇਹ ਕਹਿੰਦੇ ਹਾਂ ਕਿ ਕਾਂਗਰਸ ਰਾਜ ਦੀਆਂ ਨੀਤੀਆਂ ਦੇ ਸਦਕੇ ਹੀ ਇਹ ਹੋਇਆ ਹੈ ਔਰ ਇਨ੍ਹਾਂ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਜਮਹੂਰੀਅਤ ਨੂੰ ਖ਼ਤਰਾ ਹੈ। ਜਿਹੜੇ ਪੁਰਾਣੇ ਕਾਂਗਰਸੀਏ ਇਥੇ ਬੈਠੇ ਹਨ, ਸਰਦਾਰ ਦਰਬਾਰਾ ਸਿੰਘ, ਸਰਦਾਰ ਸੰਤੋਖ ਸਿੰਘ ਔਰ ਕਪੂਰ ਸਾਹਿਬ ਵਰਗਿਆਂ ਨੂੰ ਜਮਹੂਰੀਅਤ ਦਾ ਮਤਲਬ ਪਤਾ ਹੈ ਪਰ ਇਹ ਜਿਹੜੇ ਹੁਣ ਨਵੇਂ ਕਾਂਗਰਸੀਏ ਆ ਗਏ ਹਨ, ਇਨ੍ਹਾਂ ਨੂੰ ਜਮਹੂਰੀਅਤ ਦਾ ਕੀ ਪਤਾ ਹੈ ਕਿ ਜਮਹੂਰੀਅਤ ਕੀ ਹੁੰਦੀ ਹੈ? ਜਦੋਂ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਲੈਣ ਲਈ ਜੰਗ ਲੜੀ ਜਾ ਰਹੀ ਸੀ ਤਾਂ ਉਸ ਵੇਲੇ ਕਿਸ ਤਰ੍ਹਾਂ ਨਾਲ ਉਨ੍ਹਾਂ ਲੋਕਾਂ ਨੇ ਡਾਂਗਾਂ ਖਾਧੀਆਂ ਸਨ। ਮੈਨੂੰ ਇੱਕ ਵਾਕਿਆ 1937 ਦਾ ਯਾਦ ਆ ਰਿਹਾ ਹੈ ਜਦੋਂ ਅੰਮ੍ਰਿਤਸਰ ਵਿਚ ਜੰਗੇ ਆਜ਼ਾਦੀ ਲਈ ਜਲੂਸ ਨਕਲ ਰਿਹਾ ਸੀ ਤਾਂ ਉਸ ਵੇਲੇ ਸਾਡੇ ਮਰਹੂਮ ਮੁੱਖ ਮੰਤਰੀ, ਸਰਦਾਰ ਪ੍ਰਤਾਪ ਸਿੰਘ ਜੀ ਉਸ ਦੀ ਰਹਿ-ਨੁਮਾਈ ਕਰ ਰਹੇ ਸਨ। ਉਸ ਵੇਲੇ ਦੇ ਉਨ੍ਹਾਂ ਦੇ ਲਫਜ਼ ਮੈਨੂੰ ਯਾਦ ਹਨ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜੀ ਸਰਕਾਰ ਨਿਹੱਥਿਆਂ ਤੇ ਲਾਠੀ ਜਾਂ ਗੋਲੀ ਚਲਾਉਂਦੀ ਹੈ ਉਹ ਸਰਕਾਰ ਕਦੇ ਨਹੀਂ ਰਹਿ ਸਕਦੀ। ਚੇਅਰ-ਮੈਨ ਸਾਹਿਬਾ, ਅੱਜ ਸਾਡੇ ਪੰਜਾਬ ਦੇ ਲੋਕ ਦੁਖੀ ਹੋਕੇ ਇਥੇ ਆਏ ਸੀ ਔਰ ਪੁਰਅਮਨ ਆਏ ਸੀ, ਪਰ ਉਨ੍ਹਾਂ ਤੇ ਇਨ੍ਹਾਂ ਨੇ ਲਾਠੀਆਂ ਮਾਰੀਆਂ। ਮੈਨੂੰ ਵੀ ਉਸ ਦਿਨ ਲਾਠੀਆਂ ਵੱਜੀਆਂ। (ਵਿਘਨ)

ਸਭਾਪਤੀ : ਤੁਸੀਂ ਬੈਠੋ, ਤੁਹਾਡਾ ਟਾਈਮ ਹੋ ਗਿਆ ਹੈ।

Sardar Gurnaib Singh Brar: I would like to know as to how you should be addressed. You are being addressed as Chairman.

Madam Chairman: Madam Chairman is alright.

ਸ੍ਰੀ ਮਾਤੂ ਰਾਮ (ਮਲੋਟ)(ਐਸ.ਸੀ.): ਚੇਅਰਮੈਨ ਸਾਹਿਬਾ, ਤੁਹਾਡੀ ਬੜੀ ਮਿਹਰਬਾਨੀ ਹੈ ਕਿ ਤੁਸੀਂ ਮੈਨੂੰ ਆਪਣੇ ਵਿਚਾਰ ਰਖਣ ਦਾ ਮੌਕਾ ਦਿਤਾ ਹੈ। ਬੜੀਆਂ ਤਕਰੀਰਾਂ ਸੁਣੀਆਂ ਹਨ। ਹਰੀਜਨਾਂ ਦੇ ਮੁਤੱਲਕ, ਲੇਬਰ ਦੇ ਮੁਤੱਲਕ ਕਈ ਦਫਾ ਗੌਰਮਿੰਟ ਬੈਂਚਾਂ ਤੋਂ ਔਰ ਅਕਾਲੀ ਵੀਰਾਂ ਵਲੋਂ ਵੀ ਕਾਫੀ ਕੁੱਝ ਕਿਹਾ ਗਿਆ ਹੈ। ਪਰ ਸਹੀ ਚੀਜ਼ ਇਹ ਹੈ ਕਿ ਲੇਬਰ ਤੇ ਹਰੀਜਨ ਤਾਂ ਕਾਫੀ ਜੁੱਗਾਂ ਤੋਂ ਪਛੜੇ ਹੋਏ ਹਨ। ਹਰੀਜਨ ਨੂੰ ਹਰੀਜਨ ਈਸ਼ਵਰ ਨੇ ਨਹੀਂ ਬਣਾਇਆ ਬਲਕਿ ਇਹ ਹਿੰਦੁਸਤਾਨ ਦੇ ਸਮਾਜ ਨੇ ਹਰੀਜਨ ਬਣਾਇਆ ਹੈ। ਜੇਕਰ ਕੋਈ ਹਰੀਜਨ ਸੇਵਾਦਾਰ ਬਣਿਆ ਰਹਿ ਰਿਹਾ ਤਾਂ ਲੋਕਾਂ ਨੇ ਉਸਨੂੰ ਮਿਸ-ਯੂਜ਼ ਕਰਕੇ ਸੇਵਾਦਾਰ ਕਹਿੰਦੇ ਕਹਿੰਦੇ ਸ਼ੂਦਰ ਕਹਿ ਦਿਤਾ। ਫਿਰ ਵੀ ਹਰੀਜਨ ਇਤਨਾ ਬਹਾਦਰ ਹੈ ਅਤੇ ਇਤਨਾ ਧਾਰਮਿਕ ਹੈ ਕਿ ਇਹ ਹੋਰ ਕਿਸੇ ਤੋਂ ਇਨ੍ਹਾਂ ਗੱਲਾਂ ਵਿਚ ਪਿਛੇ ਨਹੀਂ ਰਿਹਾ ਹੈ। ਅਗਰ ਦੇਸ਼ ਦੀ ਆਜ਼ਾਦੀ ਦਾ ਮਸਲਾ ਆਇਆ ਹੈ ਤਾਂ ਹਰੀਜਨ ਅਗੇ ਆਇਆ ਹੈ। ਅਗਰ ਕੋਈ ਧਾਰਮਿਕ ਮਸਲਾ ਆਇਆ ਹੈ ਤਾਂ ਵੀ ਇਹ ਅਗੇ ਰਿਹਾ ਹੈ। ਇਹ ਮੇਰੇ ਅਕਾਲੀ ਵੀਰਾਂ ਨੂੰ ਪਤਾ ਹੈ ਕਿ ਦਿੱਲੀ ਵਿਚੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਵਾਲਾ ਹਰੀਜਨ ਹੀ ਸੀ। ਇਸੇ ਤਰ੍ਹਾਂ ਹੀ ਚਮਕੌਰ ਸਾਹਿਬ ਗੁਰੂ ਸਾਹਿਬ ਦੀ ਮਦਦ ਕਰਨ ਵਾਲਾ ਵੀ ਹਰੀਜਨ ਹੀ ਸੀ। ਇਸ ਲਈ ਧਾਰਮਿਕ ਮਾਮਲਿਆਂ ਵਿਚ ਵੀ ਹਰੀਜਨ ਕਿਸੇ ਤੋਂ ਪਿਛੇ ਨਹੀਂ ਰਿਹਾ। ਪਰ ਇਨ੍ਹਾਂ ਲੋਕਾਂ ਦੇ ਨਾ ਖੇਤ ਔਰ ਨਾ ਹੀ ਪਿੰਡਾਂ ਵਿਚ ਆਪਣੇ ਘਰ ਹਨ ਅਤੇ ਦੇਸ਼ਭਗਤੀ ਵਿਚ ਅਤੇ ਹੋਰ ਧਾਰਮਿਕ ਮਾਮਲਿਆਂ ਵਿਚ ਇਹ ਸਭ ਤੋਂ ਅਗੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ "ਰੰਗਰੇਟਾ ਗੁਰੂ ਕਾ ਬੇਟਾ"। ਪਰ ਉਸ ਰੰਗ-ਰੇਟੇ ਦੀ ਕਿੰਨੀ ਬੁਰੀ ਹਾਲਤ ਹੋਈ ਹੈ ਇਸ ਸਮਾਜ ਵਿਚ ਉਸ ਬਾਰੇ ਮੈਂ ਤੁਹਾਨੂੰ ਕੁੱਝ ਦਸਣਾ ਚਾਹੁੰਦਾ ਹਾਂ। ਸਾਡੀ ਇਹ ਹਾਲਤ ਸੀ ਕਿ ਸਮਾਜ ਨੇ ਇਸ ਦਾ ਇਨਸਾਨੀ ਦਾ ਦਰਜਾ ਖਤਮ ਕਰ ਦਿਤਾ ਸੀ। ਕਈ ਰਾਜ ਵੇਖੇ ਹਨ। (ਵਿਘਨ) ਪਰ ਕਿਸੇ ਨੇ... * * *

ਸਭਾਪਤੀ : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ ।

ਸ਼੍ਰੀ ਮਾਤੂ ਰਾਮ : ਜੇ ਇਨ੍ਹਾਂ ਹਜ਼ਾਰਾਂ ਸਾਲਾਂ ਤੋਂ ਪਛੜੇ ਹੋਏ ਲੋਕਾਂ ਦੀ ਜੇ ਕਿਸੇ ਸਰਕਾਰ ਨੇ ਸੁੱਧ ਬੁੱਧ ਲਈ ਹੈ, ਤਾਂ ਉਹ ਕਾਂਗਰਸ ਪਾਰਟੀ ਦੀ ਸਰਕਾਰ ਹੈ । (ਵਿਘਨ) ਮਹਾਤਮਾਂ ਗਾਂਧੀ ਨੇ ਕਿਹਾ ਸੀ ਕਿ ਹਿੰਦੁਸਤਾਨ ਆਜ਼ਾਦ ਹੋ ਗਿਆ ਹੈ ਔਰ ਅਗਰ ਇਸ ਆਜ਼ਾਦੀ ਨੂੰ ਬਰਕਰਾਰ ਰਖਣਾ ਹੈ ਤਾਂ ਪਛੜੇ ਹੋਏ ਲੋਕਾਂ ਨੂੰ ਬਰਾਬਰ ਦਾ ਦਰਜਾ ਦੇਣਾ ਪਏਗਾ । ਮੈਂ ਇਨ੍ਹਾਂ ਵੀਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਦਾ ਮਤਲਬ ਇਹ ਹੈ ਕਿ ਕਈ ਜੁੱਗਾਂ ਤੋਂ ਬਾਅਦ ਆ ਕੇ ਕਾਂਗਰਸ ਨੇ ਸਾਡੀ ਸੁੱਧ ਬੁੱਧ ਲਈ ਹੈ । ਇਨ੍ਹਾਂ ਨੇ ਸਾਡੀ ਵੋਟ ਬਣਾਈ । ਅਗਰ ਸਾਡੀ ਵੋਟ ਨਾ ਹੁੰਦੀ ਤਾਂ ਫਿਰ ਅਸੀਂ ਇਥੇ ਹਾਊਸ ਵਿਚ ਕਿਸ ਤਰ੍ਹਾਂ ਨਾਲ ਆਕੇ ਬੋਲ ਸਕਦੇ ਸੀ ।

ਸਭਾਪਤੀ : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ । ਹੁਣ ਤੁਸੀਂ ਆਪਣਾ ਭਾਸ਼ਣ ਖ਼ਤਮ ਕਰੋ । ਇਸ ਦੇ ਬਾਅਦ ਗਿਲੋਟੀਨ ਵੀ ਲਗਣੀ ਹੈ ।

ਸ਼੍ਰੀ ਮਾਤੂ ਰਾਮ: ਜਦੋਂ ਦੀ ਇਹ ਕਾਂਗਰਸ ਸਰਕਾਰ ਆਈ ਹੈ ਉਦੋਂ ਦਾ ਹਰੀਜਨਾਂ ਦੇ ਵੈਲਫੇਅਰ ਵਾਸਤੇ ਬਹੁਤ ਕੁੱਝ ਕੀਤਾ ਹੈ । ਜੋ ਕੁੱਝ ਕਾਂਗਰਸ ਸਰਕਾਰ ਨੇ ਹਰੀਜਨਾਂ ਲਈ ਕੀਤਾ ਹੈ ਹੋਰ ਉਨਾਂ ਕਿਸੀ ਸਰਕਾਰ ਨੇ ਨਹੀਂ ਕੀਤਾ ਹੈ । ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਸਾਰੀਆਂ ਪਾਰਟੀਆਂ ਨੂੰ ਮਿਲਕੇ ਹਰੀਜਨਾਂ ਦੀ ਬੇਹਤਰੀ ਲਈ ਕੰਮ ਕਰਨੇ ਚਾਹੀਦੇ ਹਨ ਤਾਂਕਿ ਇਨ੍ਹਾਂ ਦਾ ਜੁੱਗਾਂ ਦਾ ਪਛੜਾਪਣ ਦੂਰ ਹੋ ਸਕੇ । ਖੇਤ ਮਜ਼ਦੂਰ ਦੀ ਪਿੰਡਾਂ ਵਿਚ ਹਾਲਤ ਬਹੁਤ ਬੁਰੀ ਹੈ । ਉਥੇ ਇਸ ਨੂੰ ਸੀਰੀ ਕਿਹਾ ਜਾਂਦਾ ਹੈ । ਜ਼ਿਮੀ-ਦਾਰ ਤਾਂ ਮੋਟਰਾਂ ਵਿਚ ਚੜ੍ਹਦਾ ਹੈ ਔਰ ਸੀਰੀ ਲਈ ਉਹ ਜ਼ਿਮੀਂਦਾਰ ਜੋ ਉਸਦਾ ਜੀਅ ਕਰਦਾ ਹੈ ਉਹ ਕਰਦਾ ਹੈ । ਸੀਰੀ ਦੀ ਬੇਹਤਰੀ ਵਾਸਤੇ ਵੀ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ । ਸੀਰੀ ਨੂੰ ਆਪਣੀ ਮਿਹਨਤ ਦਾ ਪੂਰਾ ਫਲ ਮਿਲਣਾ ਚਾਹੀਦਾ ਹੈ ।

EXTENSION OF TIME OF THE SITTING

ਸਭਾਪਤੀ : ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ ਸਾਢੇ ਚਾਰ ਵਜੇ ਤੱਕ ਕਰ ਦਿਤਾ ਜਾਏ ।

(ਹਾਂ ਜੀ, ਹਾਂ ਜੀ)

ਹਾਊਸ ਦਾ ਸਮਾਂ ਸਾਢੇ ਚਾਰ ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ ।

THE PUNJAB APPROPRIATION BILL, 1981

(Resumption of Consideration)

ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਕਾਂਗਰਸ ਆਈ ਵਲੋਂ ਸਿਰਫ਼ ਡਾਕਟਰ ਸਾਹਿਬ ਨੇ ਹੀ ਬੋਲਣਾ ਹੈ ਅਤੇ ਹੋਰ ਕੋਈ ਨਹੀਂ ਬੋਲੇਗਾ ।

ਸ਼੍ਰੀ ਮਾਤੂ ਰਾਮ: ਅਗਰ ਸਾਡੀ ਬੇਕਾਰੀ ਦੂਰ ਕਰਨੀ ਹੈ ਤਾਂ ਗੱਲੀਂ ਬਾਤੀਂ ਇਹ ਕੰਮ ਨਹੀਂ ਹੋ ਸਕਦਾ ਹੈ। ਇਨ੍ਹਾਂ ਨੂੰ ਲਾਜ਼ਮੀ ਤੌਰ ਤੇ ਪੜ੍ਹਾਉਣਾ ਪਏਗਾ । ਜਦੋਂ ਇਹ ਪੜ੍ਹ ਜਾਣ ਤਾਂ ਫਿਰ ਕਾਨੂੰਨ ਬਣਾਉਣਾ ਪਏਗਾ ਕਿ ਸਰਵਿਸਿਜ਼ ਵਿਚ ਇਨ੍ਹਾਂ ਲਈ ਕਿਤਨੀ ਰਿਜ਼ਰਵੇਸ਼ਨ ਹੋਏਗੀ । ਉੱਚ ਜਾਤੀ ਵਾਲੇ ਅਫਸਰ ਇਨ੍ਹਾਂ ਨੂੰ ਕੁੱਝ ਨਹੀਂ ਦੇਣ ਵਾਲੇ । ਆਈ. ਟੀ. ਆਈ. ਵਿਚ ਇਨ੍ਹਾਂ ਲੋਕਾਂ ਦੀ ਟਰੇਨਿੰਗ ਹੋਣੀ

ਚਾਹੀਦੀ ਹੈ ਤਾਕਿ ਇਨ੍ਹਾਂ ਨੂੰ ਕਾਰੀਗਰ ਬਣਾਇਆ ਜਾਏ ਔਰ ਮਜ਼ਦੂਰ ਨਾ ਬਣਾਇਆ ਜਾਏ । ਇੰਡਸਟ੍ਰੀਅਲ ਟਰੇਨਿੰਗ ਸਕੂਲਾਂ ਵਿਚ ਹਰੀਜਨਾਂ ਦੇ ਬੱਚਿਆਂ ਨੂੰ ਟਰੇਨਿੰਗ ਦਿਲਾਉਣੀ ਚਾਹੀਦੀ ਹੈ। ਜਦੋਂ ਇਹ ਟ੍ਰੇਂਡ ਹੋ ਜਾਣ ਤਾਂ ਫਿਰ ਇਨ੍ਹਾਂ ਨੂੰ ਆਪਣੇ ਕੰਮ ਸ਼ੁਰੂ ਕਰਨ ਲਈ ਏਡ ਦੇਣੀ ਚਾਹੀਦੀ ਹੈ । ਅਨਟਰੇਂਡ ਬੇਕਾਰਾਂ ਨੂੰ ਏਡ ਦੇਣ ਦਾ ਕੋਈ ਫਾਇਦਾ ਨਹੀਂ ਹੋਏਗਾ । ਦਸ ਦਸ ਜਮਾਤਾਂ ਪੜ੍ਹੇ ਹੋਏ ਹਰੀਜਨਾਂ ਲੜਕੇ ਵਿਹਲੇ ਫਿਰਦੇ ਹਨ, ਇਹ ਬੇਕਾਰੀ ਦੀ ਨਿਸ਼ਾਨੀ ਹੈ । ਇਨ੍ਹਾਂ ਨੂੰ ਆਈ. ਟੀ. ਆਈ. ਵਿਚ ਟਰੇਨਿੰਗ ਦੇਣੀ ਚਾਹੀਦੀ ਹੈ ਤਾਕਿ ਇਹ ਰੋਜ਼ਗਾਰ ਦੇ ਕਾਬਲ ਹੋਣ ।

ਅਮੀਰ ਲੋਕਾਂ ਦੇ ਲੜਕੇ ,ਅਮੀਰ ਜੱਟਾਂ ਦੇ ਲੜਕੇ, ਪੜ੍ਹਕੇ ਨੌਕਰੀਆਂ ਵਿਚ ਲੱਗ ਜਾਂਦੇ ਹਨ । ਸੇਠਾਂ ਦੇ ਲੜਕੇ ਪੜ੍ਹਕੇ ਨੌਕਰੀਆਂ ਵਿਚ ਲੱਗ ਜਾਂਦੇ ਹਨ ਪਰ ਹਰੀਜਨਾਂ ਦੇ ਲੜਕਿਆਂ ਨੂੰ ਨੌਕਰੀ ਨਹੀਂ ਮਿਲਦੀ । ਇਸ ਪਾਸੇ ਵੇਖਣਾ ਪਵੇਗਾ । ਜਿਨ੍ਹਾਂ ਲੋਕਾਂ ਦਾ ਨੌਕਰੀ ਲਈ ਹੱਕ ਬਣਦਾ ਹੈ, ਉਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ। ਅਮੀਰ ਲੋਕਾਂ ਪਾਸ ਪੂਰੇ ਸਾਧਨ ਹੁੰਦੇ ਹਨ ਇਸ ਲਈ ਉਨ੍ਹਾਂ ਨੂੰ ਨੌਕਰੀ ਦੀ ਕੋਈ ਲੋੜ ਨਹੀਂ ਹੈ । ਹਰੀਜਨਾਂ ਦੇ ਲੜਕਿਆਂ ਅਤੇ ਰੇਹੜੀ ਚਲਾਣ ਵਾਲਿਆਂ ਦੇ ਲੜਕਿਆਂ ਨੂੰ ਸਰਵਿਸ ਮਿਲਣੀ ਚਾਹੀਦੀ ਹੈ । (ਤਾੜੀਆਂ) ਜਿਸ ਦੇ ਲਈ ਮੁਲਾਜ਼ਮਤ ਜ਼ਰੂਰੀ ਹੈ ਉਨ੍ਹਾਂ ਨੂੰ ਮੁਲਾਜ਼ਮਤ ਮਿਲਣੀ ਚਾਹੀਦੀ ਹੈ। ਹਰੀਜਨਾਂ ਨੂੰ ਸਰਵਿਸ ਵਿਚ ਜ਼ਿਆਦਾ ਮੌਕਾ ਦਿੱਤਾ ਜਾਵੇ, ਉਹ ਜ਼ਿਆਦਾ ਤੋਂ ਜ਼ਿਆਦਾ ਭਰਤੀ ਕੀਤੇ ਜਾਣ । ਜਿਹੜੇ ਹਰੀਜਨਾਂ ਦੇ ਨੌਜਵਾਨ ਲੜਕੇ ਨੌਕਰੀ ਤੋਂ ਰਹਿ ਜਾਣ ਉਨ੍ਹਾਂ ਨੂੰ ਫੌਜ ਜਾਂ ਪੁਲਿਸ ਵਿਚ ਭਰਤੀ ਕਰੋ । ਉਨ੍ਹਾਂ ਨੂੰ ਪੁਲਿਸ ਵਿਚ ਮੌਕਾ ਦੇਣਾ ਚਾਹੀਦਾ ਹੈ। ਇਹ ਜਿਹੜੀ ਪੈਨਸ਼ਨ ਦਿੱਤੀ ਜਾਂਦੀ ਹੈ ਇਹ ਉਨ੍ਹਾਂ ਆਦਮੀਆਂ ਨੂੰ ਦੇਣੀ ਚਾਹੀਦੀ ਹੈ ਜਿਹੜੇ ਕੁਝ ਨਹੀਂ ਕਰ ਸਕਦੇ । ਜਿਸ ਦਾ ਅੱਗਾ ਪਿੱਛਾ ਕੁੱਝ ਨਹੀਂ ਹੈ ਉਨ੍ਹਾਂ ਨੂੰ ਇਹ ਪੈਨਸ਼ਨ ਦੇਣੀ ਚਾਹੀਦੀ ਹੈ । ਜਿਨ੍ਹਾਂ ਦੀ ਜ਼ਮੀਨ ਹੈ, ਦੁਕਾਨ ਹੈ ਉਹ ਲੋਕ ਬੱਢਾਪਾ ਪੈਨਸ਼ਨ ਲਈ ਜਾਂਦੇ ਹਨ । ਪੈਨਸ਼ਨ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ ਜਿਨ੍ਹਾਂ ਦੀ ਆਮਦਨੀ ਦਾ ਕੋਈ ਸਾਧਨ ਨਾ ਹੋਵੇ । ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਅਗਰ ਹਰੀਜਨ ਲੋਕਾਂ ਦੀ ਬੇਕਾਰੀ ਦੂਰ ਕਰਨੀ ਹੈ ਤਾਂ ਇਨ੍ਹਾਂ ਨੂੰ ਪੜ੍ਹਾਕੇ ਇਨ੍ਹਾਂ ਨੂੰ ਦਸਤਕਾਰੀ ਦੀ ਟਰੇਨਿੰਗ ਦੇਣੀ ਪਵੇਗੀ ,ਇਨ੍ਹਾਂ ਨੂੰ [illegible] ਪਵੇਗਾ ਅਤੇ ਜਿਹੜੇ ਹਰੀਜਨ ਨੌਜਵਾਨ ਅਨਪੜ੍ਹ ਹਨ ਉਨ੍ਹਾਂ ਨੂੰ ਪੁਲਿਸ ਵਿਚ ਕੰਪਲਸਰੀ ਭਰਤੀ ਕਰਨਾ ਚਾਹੀਦਾ ਹੈ। (ਤਾੜੀਆਂ) ਮੁਲਾਜ਼ਮਤ ਹਰੀਜਨਾਂ ਵਾਸਤੇ ਹੋਣੀ ਚਾਹੀਦੀ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਮੁਲਾਜ਼ਮਤ ਵਿਚ ਗ਼ਰੀਬ ਹਰੀਜਨ ਲੋਕਾਂ ਦਾ ਖਾਸ ਖ਼ਿਆਲ ਰੱਖਿਆ ਜਾਵੇ । (ਤਾੜੀਆਂ)

ਇਸ ਤੋਂ ਅੱਗੇ ਮੈਂ ਦਰਖਾਸਤ ਕਰਾਂਗਾ ਕਿ ਹਰੀਜਨਾਂ ਦੀ ਰਿਜ਼ਰਵੇਸ਼ਨ ਬਾਰੇ ਕਾਨੂੰਨ ਬਣਾਉਣਾ ਚਾਹੀਦਾ ਹੈ। ਰਿਜ਼ਰਵੇਸ਼ਨ ਤੋਂ ਬਗੈਰ ਸਾਡਾ ਕੰਮ ਨਹੀਂ ਚੱਲ ਸਕਦਾ ।

ਹੁਣ, ਮੈਂ ਮੈਡੀਕਲ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸਾਡੇ ਇਲਾਕੇ ਵਿਚ ਹਸਪਤਾਲ ਤਾਂ ਹਨ ਮਗਰ ਉਥੇ ਦਵਾਈਆਂ ਨਹੀਂ ਹਨ । ਹਸਪਤਾਲਾਂ ਵਿਚ ਟੀਕੇ ਨਹੀਂ ਹਨ । ਗ਼ਰੀਬ ਆਦਮੀ ਡਾਕਟਰ ਕੋਲ ਪਰਚੀ ਬਣਾਉਣ ਜਾਂਦਾ ਹੈ । ਡਾਕਟਰ ਦਵਾਈ ਲਿਖ ਦਿੰਦਾ ਹੈ । ਪਰ ਦਵਾਈ ਮਿਲਦੀ ਨਹੀਂ । ਬਜਟ ਵਿਚ ਇਸ ਬਾਰੇ ਪੈਸਾ ਰੱਖਿਆ ਜਾਂਦਾ ਹੈ ਪਰ ਦਵਾਈਆਂ ਮਿਲਦੀਆਂ ਨਹੀਂ ਹਨ। ਮੈਂ ਸਿਹਤ ਮੰਤਰੀ ਜੀ ਨੂੰ ਕਹਾਂਗਾ ਕਿ ਦਵਾਈਆਂ ਦੇਣ ਅਤੇ ਖ਼ਰੀਦਣ ਦਾ ਤਰੀਕਾ ਗ਼ਲਤ ਹੈ । ਬਾਰਡਰ ਦੇ ਇਲਾਕਿਆਂ ਵਿਚ, ਹਸਪਤਾਲਾਂ ਵਿਚ ਦਵਾਈਆਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ । ਉਥੇ ਦਵਾਈਆਂ ਨਹੀਂ ਮਿਲਦੀਆਂ। ਕਈ ਵਾਰੀ ਕੋਈ ਐਸੀ ਐਮਰਜੰਸੀ ਆ ਜਾਂਦੀ ਹੈ ਪਰ ਹਸਪਤਾਲ ਵਿਚ ਦਵਾਈ ਨਹੀਂ ਹੁੰਦੀ ਤਾਂ ਐਮ. ਓ., ਸੀ. ਐਮ. ਓ ਨੂੰ ਲਿਖਦਾ ਹੈ ਅਤੇ ਸੀ. ਐਮ. ਓ. ਡਾਇਰੈਕਟਰ ਨੂੰ ਲਿਖਦਾ ਹੈ । ਇਸ ਤਰ੍ਹਾਂ 6-6 ਮਹੀਨੇ ਲੱਗ ਜਾਂਦੇ ਹਨ ਅਤੇ ਦਵਾਈਆਂ ਨਹੀਂ ਪਹੁੰਚਦੀਆਂ । ਇਸ ਤਰ੍ਹਾਂ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ ਵਕਤ ਸਿਰ ਦਵਾਈਆਂ ਨਾ ਮਿਲਣ ਕਾਰਣ। ਇਸ ਲਈ ਮੈਂ ਕਹਾਂਗਾ ਕਿ ਸੀ.

[ਸ੍ਰੀ ਮਾਤੂ ਰਾਮ]

ਐਮ. ਓ. ਨੂੰ ਇਸ ਸਬੰਧ ਵਿਚ ਅਖਤਿਆਰ ਹੋਣੇ ਚਾਹੀਦੇ ਹਨ । ਉਨ੍ਹਾਂ ਨੂੰ ਕੁੱਝ ਪੈਸੇ ਖਰਚ ਕੇ ਦਵਾ-ਈਆਂ ਖਰੀਦਣ ਦੇ ਅਖਤਿਆਰ ਹੋਣੇ ਚਾਹੀਦੇ ਹਨ । ਅੱਜ ਹੁੰਦਾ ਇਹ ਹੈ ਕਿ ਮਰੀਜ਼ ਪਿਆ ਹੁੰਦਾ ਹੈ ਉਸ ਦਾ ਟਾਂਕਾ ਲਗਾਉਣ ਵਾਸਤੇ ਸੂਈ ਧਾਗਾ ਨਹੀਂ ਹੁੰਦਾ । ਚੇਅਰਮੈਨ ਸਾਹਿਬਾ, ਮੈਂ ਦੱਸਣਾ ਚਾਹੁੰਦਾ ਹਾਂ ਕਿ ਦਵਾਈਆਂ ਦੇ ਬਾਰੇ ਇਕ ਇਜ਼ਾਰੇਦਾਰੀ ਬਣੀ ਹੋਈ ਹੈ । ਸਾਡੇ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣ । ਪੁਰਾਣੇ ਸਿਸਟਮ ਨੂੰ ਬਦਲਣ ਦੀ ਲੋੜ ਹੈ । ਸ਼ੁਕਰੀਆ । (ਤਾੜੀਆਂ)

(ਇਸ ਸਮੇਂ ਸਰਦਾਰ ਦਲੀਪ ਸਿੰਘ ਪਾਂਧੀ ਬੋਲਣ ਲਈ ਖੜ੍ਹੇ ਹੋਏ)

ਸਭਾਪਤੀ : ਤੁਹਾਡੀ ਪਾਰਟੀ ਦਾ ਟਾਈਮ ਖ਼ਤਮ ਹੋ ਗਿਆ ਹੈ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ) (ਐਸ. ਸੀ.) : ਚੈਅਰਮੈਨ ਸਾਹਿਬਾ, ਮੈਂ ਬੋਲਣਾ ਹੈ । ਤੁਸੀਂ ਵੀ ਸਮਾਜ ਭਲਾਈ ਮੰਤਰੀ ਰਹੇ ਹੋ, ਤੁਹਾਨੂੰ ਪਤਾ ਹੈ ਮੇਰਾ ਬੋਲਣ ਦਾ ਅਧਿਕਾਰ ਹੈ । ਤੁਸੀ ਬਹੁਤ ਕੰਮ ਕੀਤੇ ਸਨ ਲੇਕਿਨ ਤੁਸੀਂ ਰਿਜ਼ਰਵੇਸ਼ਨ ਐਕਟ ਨਹੀਂ ਬਣਾ ਸਕਦੇ । (ਵਿਘਨ) ਵਿਧਾਨ ਦੇ ਆਰਟੀਕਲ 316 ਅਤੇ 335 ਦੇ ਤਹਿਤ ਸਰਕਾਰ ਨੂੰ ਅਧਿਕਾਰ ਹੈ ਕਿ ਜੇ ਉਹ ਚਾਹੇ ਤਾਂ ਕਾਨੂੰਨ ਬਣਾ ਸਕਦੀ ਹੈ । ਇਸ ਬਾਰੇ ਅਸੀਂ ਵੀ ਕੋਸ਼ਿਸ਼ ਕੀਤੀ ਸੀ ਪਰ ਅਫਸਰਸ਼ਾਹੀ ਨੇ ਐਕਟ ਨਹੀਂ ਬਣਾਉਣ ਦਿੱਤਾ । ਮੈਂ ਗਵਨਰ ਸਾਹਿਬ ਨੂੰ ਚਿੱਠੀ ਲਿਖੀ ਸੀ । ਆਰਟੀਕਲ 207 ਦੇ ਤਹਿਤ ਗਵਰਨਰ ਸਾਹਿਬ ਨੂੰ ਅਧਿਕਾਰ ਹੈ ਕਿ ਉਹ ਰਿਕੁਮੈਂਡ ਕਰ ਸਕਦੇ ਹਨ । ਗਵਰਨਰ ਸਾਹਿਬ ਨੇ ਮੇਰੀ ਇਹ ਚਿੱਠੀ ਪੰਜਾਬ ਸਰਕਾਰ ਨੂੰ ਪਿਛਲੇ ਸਾਲ ਭੇਜੀ ਸੀ ਪਰ ਉਸਦਾ ਜਵਾਬ ਨਹੀਂ ਮਿਲਿਆ । ਜੁਲਾਈ 19-20 ਦੀ ਗਵਰਨਰ ਸਾਹਿਬ ਦੀ ਮੈਨੂੰ ਇਸ ਬਾਰੇ ਚਿੱਠੀ ਆਈ । (ਵਿਘਨ) ਪੰਜਾਬ ਸਰਕਾਰ ਨੇ ਉਸ ਚਿੱਠੀ ਦਾ ਕੋਈ ਜਵਾਬ ਨਹੀਂ ਦਿੱਤਾ । ਮੈਂ ਇਹ ਚਿੱਠੀ ਟੇਬਲ ਤੇ ਲੇ ਕਰਦਾ ਹਾਂ । (ਮਾਨਯੋਗ ਮੈਂਬਰ ਨੇ ਇਹ ਚਿੱਠੀ ਟੇਬਲ ਤੇ ਲੇ ਨਹੀਂ ਕੀਤੀ) ਗੌਰਮਿੰਟ ਦੀਆਂ ਰਿਜ਼ਰਵੇਸ਼ਨ ਬਾਰੇ ਹਦਾਇਤਾਂ ਹਨ ਉਹ ਚੈਲੰਜ ਵੀ ਹੋ ਸਕਦੀਆਂ ਹਨ । ਇਸ ਲਈ ਮੈਂ ਕਹਾਂਗਾ ਕਿ ਜਿੰਨਾ ਚਿਰ ਰਿਜ਼ਰਵੇਸ਼ਨ ਬਾਰੇ ਐਕਟ ਨਹੀਂ ਬਣਦਾ ਉਤਨਾ ਚਿਰ ਇਸ ਗਰੀਬ ਵਰਗ ਦਾ ਸੁਧਾਰ ਨਹੀਂ ਹੋ ਸਕਦਾ ।

(ਇਸ ਸਮੇਂ ਸਰਦਾਰ ਬੀਰ ਦਵਿੰਦਰ ਸਿੰਘ, ਮੈਂਬਰ, ਪੈਨਲ ਆਫ ਚੈਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੁਲਾਜ਼ਮਤ ਵਿਚ ਵੀਕਰ ਸੈਕਸ਼ਨ ਨੂੰ ਪੂਰੀ ਨੁਮਾਇੰਦਗੀ ਨਹੀਂ ਹੈ । (ਵਿਘਨ) ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਰਿਜ਼ਰਵੇਸ਼ਨ ਲਈ ਐਕਟ ਬਣਾਉਣਾ ਚਾਹੀਦਾ ਹੈ । ਵਜ਼ੀਰ ਸਾਹਿਬ ਇਥੇ ਬੈਠੇ ਹਨ, ਇਨ੍ਹਾਂ ਦੇ ਪਾਸੇ ਦੇ ਮੈਂਬਰ ਵੀ ਚਾਹੁੰਦੇ ਹਨ, ਸਾਰੇ ਮੈਂਬਰ ਵੀ ਚਾਹੁੰਦੇ ਹਨ ਇਸ ਲਈ ਇਸ ਸਬੰਧ ਵਿਚ ਐਕਟ ਬਣਾਇਆ ਜਾਵੇ । (ਵਿਘਨ) ਚੈਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਅੱਜ ਹਰੀਜਨਾਂ ਦਾ ਕੀ ਹਾਲ ਹੋ ਰਿਹਾ ਹੈ । ਜ਼ਿਲਾ ਪਟਿਆਲਾ ਵਿਚ ਧੀਰੂ ਕੀ ਬਸਤੀ ਵਿਚ ਬਾਲਮੀਕੀਆਂ ਦੀ ਲੜਕੀ ਦਾ ਕੀ ਹਾਲ ਹੋਇਆ । (ਵਿਘਨ) (ਸ਼ੋਰ) (ਇਸ ਸਮੇਂ ਹਾਊਸ ਵਿਚ ਬੜਾ ਸ਼ੋਰ ਸੀ) ਇਸੇ ਤਰ੍ਹਾਂ ਹੀ ਫਗਵਾੜੇ ਵਿਚ ਸ਼ੈਡਿਊਲਡ ਕਾਸਟ ਲੜਕੀ ਦਾ ਰੇਪ ਹੋਇਆ । ਇਸ ਚੀਜ਼ ਨੂੰ ਸਖਤੀ

ਨਾਲ ਰੋਕਿਆ ਜਾ ਸਕਦਾ ਹੈ । ਰੇਪ ਬਾਰੇ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਹੀ ਇਹੀ ਚੀਜ਼ ਬੰਦ ਹੋ ਸਕਦੀ ਹੈ । (ਵਿਘਨ) ਇਹ ਅਫ਼ਸਰ ਸ਼ਾਹੀ ਨੂੰ ਹਦਾਇਤ ਕਰਨ ਕਿ ਰੇਪ ਦੇ ਕੇਸਿਜ਼ ਦਰਜ ਕਰਨ (ਵਿਘਨ) (ਸ਼ੋਰ)

ਸ੍ਰੀ ਸੰਤ ਰਾਮ ਸਿੰਗਲਾ : ** ** **

Mr. Chairman: This is no point of order.

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਚੇਅਰਮੈਨ ਸਾਹਿਬ, ਪਰਸੋਂ ਵੀ ਇਨ੍ਹਾਂ ਨੇ ਬੋਲਦਿਆਂ ਹੋਏ ਫਗਵਾੜੇ ਦਾ ਜ਼ਿਕਰ ਕੀਤਾ ਸੀ ਕਿ ਉਥੇ ਹਰੀਜਨ ਦੀ ਲੜਕੀ ਦਾ ਰੇਪ ਹੋਇਆ (ਵਿਘਨ) ਚੇਅਰਮੈਨ ਸਾਹਿਬ ਮੈਨੂੰ ਇਸ ਬਾਰੇ ਪਤਾ ਹੈ । ਇਹ * * ਬੋਲਦੇ ਹਨ । ਉਥੇ ਪਿੰਡ ਰਾਣੀ ਪੁਰ ਦੀ ਕੰਬੋਜ ਲੜਕੀ ਹੈ । ਇਨ੍ਹਾਂ ਦੇ ਕਿਸੇ ਅਕਾਲੀ ਭਾਈ ਦੇ ਲੜਕੇ ਨੇ ਉਸ ਨਾਲ ਰੇਪ ਕੀਤਾ । ਪੁਲਿਸ ਨੇ ਪੂਰੀ ਕਾਰਵਾਈ ਕੀਤੀ ਹੈ ।

ਸਭਾਪਤੀ : ਲਫ਼ਜ਼ ਐਕਸਪੰਜ ਕੀਤਾ ਜਾਵੇ ।

(ਇਸ ਸਮੇਂ ਸਰਦਾਰ ਦਲੀਪ ਸਿੰਘ ਪਾਂਧੀ ਬੋਲ ਰਹੇ ਸਨ ਪਰ ਸਦਨ ਵਿਚ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਪੈਣ ਕਾਰਨ ਕੁਝ ਸੁਣਾਈ ਨਹੀਂ ਦਿੱਤਾ)

ਸਰਦਾਰ ਗੁਰਨੈਬ ਸਿੰਘ ਬਰਾੜ : ਪੁਆਇੰਟ ਆਫ ਆਰਡਰ ਸਰ ** ** **

Mr. Chairman: This is no point of order,

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਗੋਬਿੰਦਗੜ੍ਹ ਵਿਚ ਕੀ ਹੋਇਆ (ਵਿਘਨ) (ਸ਼ੋਰ) ਉਥੇ ਕਿਸ ਤਰ੍ਹਾਂ 26 ਜਨਵਰੀ ਨੂੰ ਡਾਇਰੈਕਟਰ, ਲੋਕਲ ਬਾਡੀਜ਼ ਦੀ ਹਾਜ਼ਰੀ ਵਿਚ ਗਾਉਣ ਬਜਾਉਣ ਦਾ ਪ੍ਰੋਗਰਾਮ ਹੋਇਆ । (ਸ਼ੋਰ) ਮੈਂ ਚੀਫ ਮਨਿਸਟਰ ਨੂੰ ਕਹਾਂਗਾ ਕਿ ਤੁਸੀਂ ਇਸ ਚੀਜ਼ ਨੂੰ ਬੰਦ ਕਰੋ ਉਹ ਤੁਹਾਡੀ ਸਰਕਾਰ ਦੀ ਬਦਨਾਮੀ ਕਰ ਰਿਹਾ ਹੈ । (ਵਿਘਨ) (ਸ਼ੋਰ) ਪ੍ਰਦੇਸ਼ ਕਾਂਗਰਸ ਕਮੇਟੀ (ਆਈ) ਦਾ ਗੋਬਿੰਦਗੜ੍ਹ ਦਾ ਇਨ੍ਹਾਂ ਦਾ ਕੈਸ਼ੀਅਰ ਹੈ.. (ਸ਼ੋਰ) ਉਹ ਕਿਸ ਕਿਸਮ ਦੀਆਂ ਗੱਲਾਂ ਕਰ ਰਿਹਾ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਪੈਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

ਸੋ ਐਸੇ ਦਾਗੀ ਲੋਕ ਹਨ ਜਿਨ੍ਹਾਂ ਦੇ ਖਿਲਾਫ ਕੇਸਿਜ਼ ਚਲ ਰਹੇ ਹਨ । ਇਸ ਕਰਕੇ ਇਸ ਦੇ ਵਿਚ ਸੁਧਾਰ ਲਿਆਉਣ ਦੀ ਲੋੜ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਜਦੋਂ ਵੀ ਪਾਂਧੀ ਸਾਹਿਬ ਨੂੰ ਕੋਈ ਦੌਰਾ ਪੈਂਦਾ

**Expungend as ordered by the Chair.

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਹੈ ਤਾਂ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਜਾਂਦੇ ਹਨ। ਇਨ੍ਹਾਂ ਨੇ ਕੈਸ਼ੀਅਰ ਦਾ ਨਾਮ ਲਿਆ ਹੈ। ਇਨ੍ਹਾਂ ਦੀ ਕੋਈ ਪ੍ਰਸਨਲ ਦੁਸ਼ਮਣੀ ਹੈ ਉਸਦੇ ਨਾਲ ਜਿਹੜੀ ਕਈ ਦੇਰ ਦੀ ਚਲਦੀ ਪਈ ਹੈ। ਇਨ੍ਹਾਂ ਨੂੰ ਹਾਊਸ ਦੇ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। (ਵਿਘਨ) ਇਹ ਐਕਪੰਜ ਹੋਣਾ ਚਾਹੀਦਾ ਹੈ।

ਸ੍ਰੀ ਸਭਾਪਤੀ : ਪਾਂਧੀ ਸਾਹਿਬ, ਵਾਈਂਡ ਅੱਪ ਕਰੋ।

ਇਕ ਆਵਾਜ਼ : ਇਹ ਐਕਸਪੰਜ ਕਰਵਾਓ।

ਸ੍ਰੀ ਸਭਾਪਤੀ : ਇਹ ਐਕਸਪੰਜ ਕਰਵਾ ਦਿੱਤਾ ਸੀ।

ਸ੍ਰੀ ਸੁਰਿੰਦਰ ਕਪੂਰ : ਚੇਅਰਮੈਨ ਸਾਹਿਬ, ਤੁਸੀਂ ** ਦਾ ਲਫ਼ਜ਼ ਕਿਹਾ ਸੀ ਕਿ ਕੱਟ ਦਿਓ ਪਰ ਪਾਂਧੀ ਸਾਹਿਬ ਦੀ ਤਾਂ ਸਾਰੀ ਸਪੀਚ ਹੀ ** ਹੈ ਇਹ ਸਾਰੀ ਕੱਟਣੀ ਚਾਹੀਦੀ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਇਸ ਕਰਕੇ, ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਤੇ ਕਾਬੂ ਪਾਉਣ ਦੀ ਲੋੜ ਹੈ। ਲੁਧਿਆਣੇ ਚੂੰਗੀ ਲੁਟੀ ਗਈ। (ਵਿਘਨ) ਹਾਲਤ ਬੜੇ ਗੰਭੀਰ ਹਨ। ਇਨ੍ਹਾਂ ਦਾ ਕਹਿਣਾ ਬਿਊਰੋਕਰੇਸੀ ਨਹੀਂ ਮੰਨਦੀ। ਇਨ੍ਹਾਂ ਦੇ ਆਊਟ ਆਫ ਕੰਟਰੋਲ ਉਹ ਹੋ ਗਈ ਹੈ। (ਵਿਘਨ) ਸਿਆਣੇ ਸਿਆਣੇ ਤੁਹਾਡੇ ਵਰਗੇ ਕਾਬਲ ਮੰਤਰੀ ਬਣਨੇ ਚਾਹੀਦੇ ਹਨ। ਇਹ ਵਜ਼ੀਰ ਸਿਆਣੇ ਨਹੀਂ ਹਨ। (ਵਿਘਨ) ਚੇਅਰਮੈਨ ਸਾਹਿਬ, ਇਸ ਵੇਲੇ ਪੋਜ਼ੀਸ਼ਨ ਇਹ ਹੈ ਕਿ ਹਸਪਤਾਲਾਂ ਵਿਚ ਦਵਾਈ ਨਹੀਂ ਮਿਲਦੀ ਜ਼ੇਲਾਂ ਵਿਚ ਸੁਧਾਰ ਨਹੀਂ ਹੋਇਆ, ਬੱਸਾਂ ਦੀ ਹਾਲਤ ਬੜੀ ਭੈੜੀ ਹੈ, ਕੁਰੱਪਸ਼ਨ ਦਿਨੋ ਦਿਨ ਵਧ ਰਹੀ ਹੈ, ਗੋਲੀਆਂ ਚਲ ਰਹੀਆਂ ਹਨ, ਲਾਅ ਐਂਡ ਆਰਡਰ ਕੋਈ ਰਿਹਾ ਨਹੀਂ ਹੈ। (ਵਿਘਨ) ਇਸ ਲਈ ਮੇਰੀ ਬੇਨਤੀ ਹੈ ਕਿ ਸਾਫ ਸੁਥਰਾ ਪ੍ਰਬੰਧ ਇਸ ਸਰਕਾਰ ਨੂੰ ਲੋਕਾਂ ਨੂੰ ਦੇਣਾ ਚਾਹੀਦਾ ਹੈ। ਇਤਨੀ ਹੀ ਮੈਂ ਅਰਜ਼ ਕਰਨੀ ਸੀ।

ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਾਂਧੀ ਸਾਹਿਬ ਨੇ ਕੰਸਟੀਚਿਊਸ਼ਨ ਦਾ ਹਵਾਲਾ ਦਿੱਤਾ ਹੈ। ਜੇ ਤੁਸੀਂ ਆਰਟੀਕਲ 16 ਪੜ੍ਹੋ ਤਾਂ ਉਸ ਦੇ ਵਿਚ ਤੁਸੀਂ ਦੇਖੋਗੇ ਕਿ ਉਸ ਦੇ ਵਿਚ ਕਿਧਰੇ ਨਹੀ ਲਿਖਿਆ ਕਿ ਹਰੀਜਨਾਂ ਦੀ ਰਿਜ਼ਰਵੇਸ਼ਨ ਦੇ ਲਈ ਰੂਲਜ਼ ਬਣਾਏ ਜਾਣ। ਆਰਟੀਕਲ 16 ਇਕੋ ਗੱਲ ਕਹਿੰਦਾ ਹੈ ਕਿ ਅਗਰ ਗੌਰਮਿੰਟ ਹਰੀਜਨਾਂ ਦੇ ਲਈ ਜਾਂ ਵੀਕਰ ਸੈਕਸ਼ਨ ਦੇ ਲਈ ਕੋਈ ਰਿਜ਼ਰਵੇਸ਼ਨ ਕਰੇ ਤਾਂ ਉਸ ਦੇ ਵਿਚ ਆਰਟੀਕਲ 14 ਅਤੇ 15 ਦੀ ਉਲੰਘਣਾ ਨਹੀਂ ਹੋਵੇਗੀ। ਪਾਂਧੀ ਸਾਹਿਬ ਨੂੰ ਜੇ ਆਰਟੀਕਲ 16(4) ਪੜ੍ਹਨਾ ਨਹੀਂ ਆਉਂਦਾ ਜਿਸ ਦਾ ਇਹ ਹਵਾਲਾ ਦਿੰਦੇ ਹਨ ਤਾਂ ਮੇਰੇ ਕੋਲ ਆ ਕੇ ਪੜ੍ਹ ਲੈਣ, ਮੈਂ ਇਨ੍ਹਾਂ ਨੂੰ ਪੜ੍ਹਾ ਦੇਵਾਂਗਾ। (ਵਿਘਨ)

ਸ੍ਰੀ ਸੰਤ ਰਾਮ ਸਿੰਗਲਾ : ਚੇਅਰਮੈਨ ਸਾਹਿਬ, ਪਾਂਧੀ ਸਾਹਿਬ ਨੇ ਕਿਹਾ ਹੈ ਕਿ ਤੁਹਾਡੇ ਵਰਗੇ ਕਾਬਲ ਵਜ਼ੀਰ ਹੋਣੇ ਚਾਹੀਦੇ ਹਨ, ਬਾਕੀ ਇਸ ਵੇਲੇ ਦੇ ਵੀਰ ਕੁੱਝ ਨਹੀਂ। ਇਹ ਮਨਿਸਟਰਜ਼ ਦੀ ਹੱਤਕ ਕੀਤੀ ਗਈ ਹੈ। ਇਹ ਰਿਮਾਰਕਸ ਐਕਸਪੰਜ ਕੀਤੇ ਜਾਣ। (ਵਿਘਨ)

**Expunged as ordered by the Chair.

ਸ੍ਰੀ ਹਰੀ ਮਿੱਤਰ ਹੰਸ (ਸ਼ਾਮ ਚੁਰਾਸੀ) (ਐਸ. ਸੀ.): ਚੇਅਰਮੈਨ ਸਾਹਿਬ, ਹਰੀਜਨਾਂ ਨੂੰ ਕਾਂਗਰਸ ਸਰਕਾਰ ਦੀ ਦੇਣ ਹੈ। 1947 ਤੋਂ ਪਹਿਲਾਂ ਹਰੀਜਨ ਚਾਹੇ ਪਿੰਡਾਂ ਵਿਚ ਰਹਿੰਦਾ ਹੋਵੇ ਅਤੇ ਚਾਹੇ ਉਹ ਸ਼ਹਿਰਾਂ ਵਿਚ ਰਹਿੰਦਾ ਹੋਵੇ ਉਸ ਨੂੰ ਦੂਸਰੀਆਂ ਜਾਤੀਆਂ ਦੇ ਬਰਾਬਰ ਬੈਠਣ ਦਾ ਹੱਕ ਨਹੀਂ ਸੀ। ਇਹ ਮਹਾਤਮਾ ਗਾਂਧੀ ਜੀ ਦੀ ਸਾਡੇ ਲਈ ਦੇਣ ਹੈ ਜਿਨ੍ਹਾਂ ਨੇ ਸਾਨੂੰ ਬਰਾਬਰ ਬੈਠਣ ਦਾ ਹੱਕ ਦਿੱਤਾ। ਸਾਡੇ ਲਈ, ਹਰੀਜਨਾਂ ਲਈ ਇਹ ਸਤਿਯੁਗ ਹੈ। ਅਕਾਲੀ ਭਰਾਵਾਂ ਨੇ ਹਰੀਜਨਾਂ ਦੀ ਬੜੀ ਹਿਮਾਇਤ ਹੁਣ ਕੀਤੀ ਹੈ। ਜੀ. ਐਸ. ਮਾਨ ਜੱਟ ਸੀ। (ਵਿਘਨ) ਉਸ ਨੂੰ ਜ਼ਬਰਦਸਤੀ ਰਿਟਾਇਰ ਕਰ ਦਿੱਤਾ। ਉਨ੍ਹਾਂ ਨੂੰ ਉਦੋਂ ਹਰੀਜਨ ਨਹੀਂ ਸੀ ਦਿਖਿਆ ਜਦੋਂ ਹਾਈ ਕੋਰਟ ਦਾ ਜੱਜ ਬਣਾਉਣਾ ਚਾਹੁੰਦੇ ਸੀ। (ਵਿਘਨ) ਇਹ ਹਰੀਜਨਾਂ ਨਾਲ ਐਡਾ ਵਿਵਹਾਰ ਨਹੀਂ ਕਰਦੇ। ਜੇ ਕੋਈ ਹਿੰਦੂਆਂ ਵਿਚ ਹਰੀਜਨ ਬਣ ਜਾਂਦਾ ਹੈ ਤਾਂ ਉਸ ਨੂੰ ਇਹ ਕਹਿੰਦੇ ਹਨ ਕਿ ਇਹ ਰਾਮਦਾਸੀਆ ਬਣ ਗਿਆ ਹੈ। ਜੇ ਬਾਲਮੀਕੀਆਂ ਵਿਚ ਕੋਈ ਹਰੀਜਨ ਬਣਦਾ ਹੈ ਤਾਂ ਉਸ ਨੂੰ ਕਹਿੰਦੇ ਹਨ ਕਿ ਇਹ ਮਜ਼ਹਬੀ ਸਿੱਖ ਹੈ। ਇਹ ਸਾਡੇ ਅਕਾਲੀ ਭਰਾ ਕਹਿੰਦੇ ਹਨ ਕਿ ਅਸੀਂ ਜਾਤ ਪਾਤ ਨਹੀਂ ਮੰਨਦੇ। ਜੇ ਇਹ ਜਾਤ ਪਾਤ ਨਹੀਂ ਮੰਨਦੇ ਤਾਂ ਇਨ੍ਹਾਂ ਨੂੰ ਰਾਮਦਾਸੀਆ ਜਾਂ ਮਜ਼ਹਬੀ ਸਿੱਖ ਕਹਿਣ ਦੀ ਕੀ ਜ਼ਰੂਰਤ ਹੈ, ਉਸ ਨੂੰ ਇਹ ਸਿੱਖ ਨਾਮ ਕਿਉਂ ਨਹੀਂ ਦਿੰਦੇ। ਸਾਰਿਆਂ ਨੂੰ ਇਹ ਸਿੱਖ ਕਿਉਂ ਨਹੀਂ ਕਹਿੰਦੇ, ਕਿਉਂ ਕਹਿੰਦੇ ਹਨ ਕਿ ਇਹ ਫਲਾਨਾ ਸਿੱਖ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ, ਚੇਅਰਮੈਨ ਸਾਹਿਬ, ਕਿ ਕਾਂਗਰਸ ਨੇ ਸਾਨੂੰ ਦੇਣ ਦਿੱਤੀ ਹੈ, ਬਰਾਬਰਤਾ ਦਾ ਹੱਕ ਦਿੱਤਾ ਹੈ। ਮੇਰਾ ਖਿਆਲ ਹੈ ਕਿ ਸਾਡੇ ਵਿਚ ਇਥੇ 19-20 ਐਮ. ਐਲ. ਏ. ਬੈਠੇ ਹਨ ਇਹ ਸਾਨੂੰ ਸਾਰਿਆਂ ਨੂੰ ਕਾਂਗਰਸ ਦੀ ਹੀ ਦੇਣ ਹੈ। ਕਾਂਗਰਸ ਨੇ ਇਕ ਸਬ-ਕਮੇਟੀ, ਭਗਤ ਗੁਰਾਂਦਾਸ ਹੰਸ ਕਮੇਟੀ ਬਣਾਈ ਸੀ ਜਿਹੜੀ ਕਿ ਸਵੀਪਰਾਂ ਵਾਸਤੇ ਬਣਾਈ ਗਈ ਸੀ। ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਉਸ ਦੀ ਰਿਪੋਰਟ ਦੀਆਂ ਕੁੱਝ ਰਿਕੁਮੈਂਡੇਸ਼ਨਜ਼ ਮੰਨ ਵੀ ਲਈਆਂ ਗਈਆਂ ਸਨ, ਗਿਆਨੀ ਜੀ ਨੇ ਕੁੱਝ ਗੱਲਾਂ ਮਨਜ਼ੂਰ ਵੀ ਕਰ ਲਈਆਂ ਸਨ ਪਰ ਇਨ੍ਹਾਂ ਨੇ ਤਾਂ ਆਪਣੇ ਰਾਜ ਵਿਚ ਉਸ ਰਿਪੋਰਟ ਨੂੰ ਫਰਿਜ ਵਿਚ ਹੀ ਰੱਖ ਦਿੱਤਾ ਅਤੇ ਕੋਈ ਪਤਾ ਨਹੀਂ ਕਿ ਉਹ ਕਿਥੇ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਨੂੰ ਕਾਂਗਰਸ ਦੀ ਹੀ ਦੇਣ ਹੈ।

ਚੇਅਰਮੈਨ ਸਾਹਿਬ, ਐਜੂਕੇਸ਼ਨ ਵਾਸਤੇ ਮੈਂ ਗੌਰਮਿੰਟ ਤੋਂ ਮੰਗ ਕਰਦਾ ਹਾਂ ਕਿ ਕੋਈ ਇਸ ਦੀ ਸਕੀਮ ਅਡਾਪਟ ਕਰ ਲਈ ਜਾਵੇ ਕਿ ਜਦੋਂ ਬੱਚਾ 8 ਸਾਲ ਦਾ ਹੋਵੇ ਤਾਂ ਉਸ ਦੇ ਵਾਸਤੇ ਕਾਮਨ ਸਕੂਲ ਖੋਲ੍ਹਣੇ ਚਾਹੀਦੇ ਹਨ, ਐਸੇ ਸਕੂਲ ਬਣਾਉਣੇ ਚਾਹੀਦੇ ਹਨ ਜਿਨ੍ਹਾਂ ਵਿਚ ਕੋਈ ਭਿੰਨ ਭੇਦ ਨਾ ਹੋਵੇ ਇਹ ਸਕੂਲ ਕਾਮਨ ਹੋਣੇ ਚਾਹੀਦੇ ਹਨ ਜਿਸ ਦੇ ਵਿਚ ਕੋਈ ਵੀ ਗਰੀਬ ਦਾ ਬੱਚਾ ਹੋਵੇ ਚਾਹੇ ਉਹ ਹਰੀਜਨ ਦਾ ਬੱਚਾ ਹੈ, ਚਾਹੇ ਖੇਤ ਮਜ਼ਦੂਰ ਦਾ ਬੱਚਾ ਹੈ, ਚਾਹੇ ਕਿਸੇ ਵੀ ਕੌਮ ਦਾ ਬੱਚਾ ਹੈ ਸਾਰਿਆਂ ਨੂੰ ਉਸ ਵਿਚ ਪੜ੍ਹਾਉਣਾ ਚਾਹੀਦਾ ਹੈ। (ਵਿਘਨ) ਹਰੀਜਨਾਂ ਨੂੰ, ਜੋ ਪੜ੍ਹਦੇ ਹਨ ਉਨ੍ਹਾਂ ਨੂੰ ਜੋ 50/60 ਰੁਪਏ ਮਾਹਿਲੀ ਵਜ਼ੀਫੇ ਦਿੱਤੇ ਜਾਂਦੇ ਹਨ ਉਹ ਥੋੜ੍ਹਾ ਹੈ, ਉਹ ਘਟੋ ਘੱਟ 100 ਰੁਪਿਆ ਜਾਂ 200 ਰੁਪਿਆ ਹੋਣਾ ਚਾਹੀਦਾ ਹੈ। ਇਤਨੀ ਅਮਾਊਂਟ ਨਾਲ ਤਾਂ ਅੱਜ ਕਾਪੀਆਂ ਕਿਤਾਬਾਂ ਵੀ ਨਹੀਂ ਆਉਂਦੀਆਂ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਰਕਮ ਵਧਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਉਨ੍ਹਾਂ ਨੂੰ ਐਜੂਕੇਸ਼ਨ ਅੱਛੀ ਦੇਣੀ ਚਾਹੀਦੀ ਹੈ, ਉਸਨੂੰ ਐਜੂਕੇਸ਼ਨ ਵਿਚ ਸਹੂਲਤ ਦੇਣੀ ਚਾਹੀਦੀ ਹੈ ਉਸ ਦੇ ਨਾਲ ਹੀ ਹਰੀਜਨਾਂ ਨੂੰ ਇੰਡਸਟਰੀ ਵਾਸਤੇ ਲਾਇਸੈਂਸ ਵੀ ਇਸ਼ੂ ਕਰਨੇ ਚਾਹੀਦੇ ਹਨ ਤਾਂ ਕਿ ਹਰੀਜਨ ਵਿਚਾਰੇ ਵੀ ਆਪਣੀ ਇੰਡਸਟਰੀ ਲਾ ਕੇ ਦੂਸਰੇ ਭਰਾਵਾਂ ਦੀ ਤਰ੍ਹਾਂ ਇੰਡਸਟਰੀ-ਆਲਿਸਟ ਬਣ ਸਕਣ। (ਵਿਘਨ)

ਚੇਅਰਮੈਨ ਸਾਹਿਬ, ਜਿਥੋਂ ਤਕ ਰਿਜ਼ਰਵੇਸ਼ਨ ਦੀ ਗੱਲ ਹੈ ਉਸ ਦੇ ਮੁਤੱਲਕ ਮੈਂ ਕਹਿਣ

[ਸ੍ਰੀ ਹਰੀ ਮਿੱਤਰ ਹੰਸ]
ਚਾਹੁੰਦਾ ਹਾਂ ਕਿ ਮੈਂ ਸ਼ੈਡਿਊਲਡ ਕਾਸਟਸ, ਸ਼ੈਡਿਊਲਡ ਟਰਾਈਬਜ਼ ਐਂਡ ਬੈਕਵਰਡ ਕਲਾਸਿਜ਼ ਵੈਲਫੇਅਰ ਕਮੇਟੀ ਦਾ ਮੈਂਬਰ ਹਾਂ ਅਤੇ ਸਰਦਾਰ ਦਰਸ਼ਨ ਸਿੰਘ ਕੇ. ਪੀ. ਉਸ ਕਮੇਟੀ ਦੇ ਚੇਅਰਮੈਨ ਹਨ। ਜਿਸ ਵੇਲੇ ਵੀ ਕੋਈ ਰਿਜ਼ਰਵੇਸ਼ਨ ਦੇ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਇਹੀ ਪਤਾ ਲਗਦਾ ਹੈ ਕਿ ਸਾਡੀ ਰਿਜ਼ਰਵੇਸ਼ਨ ਪੂਰੀ ਨਹੀਂ। ਸਾਨੂੰ ਇਹੀ ਕਿਹਾ ਜਾਂਦਾ ਹੈ ਕਿ ਰਿਜ਼ਰਵੇਸ਼ਨ ਪੂਰੀ ਕਰ ਦਿੱਤੀ ਜਾਵੇਗੀ। (ਵਿਘਨ) ਮੈਂ ਮਨਿਸਟਰ ਲੋਕਲ ਬਾਡੀਜ਼ ਨੂੰ ਰਿਕੁਐਸਟ ਕਰਾਂਗਾ, ਕਿ 100% ਵਿਚੋਂ 25% ਹਰੀਜਨ ਸਵੀਪਰ ਲਾਏ ਜਾਣ ਅਤੇ ਬਾਕੀ 75% ਨਾਨ ਹਰੀਜਨ ਸਵੀਪਰ ਦੀ ਆਸਾਮੀ ਤੇ ਨਿਯੁਕਤ ਕੀਤੇ ਜਾਣ। ਮੈਂ ਕਹਿੰਦਾ ਹਾਂ ਕਿ 75% ਨਾਨ-ਸ਼ੈਡਿਊਲਡ ਕਾਸਟਸ ਨੂੰ ਇਹ ਕੰਮ ਦੇ ਦੇਣ ਅਤੇ ਬੇਸ਼ਕ ਉਨ੍ਹਾਂ ਦੀਆਂ ਤਨਖਾਹਾਂ ਦੁੱਗਣੀਆਂ ਕਰ ਦੇਣ। ਜਿਥੇ ਸਾਨੂੰ ਇਹ 200 ਰੁਪਏ ਦਿੰਦੇ ਹਨ ਉਥੇ ਬੇਸ਼ਕ ਇਨ੍ਹਾਂ ਨੂੰ 500/- ਰੁਪਏ ਦੇ ਦੇਣ ਤਾਕਿ ਦੂਸਰੀਆਂ ਕੌਮਾਂ ਜੋ ਹਨ ਉਹ ਵੀ ਸਵੀਪਰ ਦਾ ਕੰਮ ਕਰ ਸਕਣ। ਮੈਂ ਗਰੀਬ ਬਾਲਮੀਕ ਹੁੰਦਾ ਹੋਇਆ 500 ਰੁਪਿਆ ਆਪਣੀ ਤਨਖਾਹ ਵਿਚੋਂ ਦੇਵਾਂਗਾ ਜੇ ਨਾਨ-ਹਰੀਜਨ ਸਵੀਪਰ ਦਾ ਕੰਮ ਮੇਰੇ ਘਰ ਕਰੇ। (ਵਿਘਨ) ਜਿਹੜੀਆਂ ਜ਼ਮੀਨਾਂ, ਚੇਅਰਮੈਨ ਸਾਹਿਬ, ਟਮਾਟਰ ਸਿੰਘ ਦੇ ਨਾਮ ਤੇ ਆਲੂ ਸਿੰਘ ਦੇ ਨਾਮ ਤੇ ਰੱਖੀਆਂ ਹੋਈਆਂ ਹਨ ਉਨ੍ਹਾਂ ਦੀ ਗੌਰਮਿੰਟ ਨੂੰ ਇਨਕੁਆਇਰੀ ਕਰਵਾ ਕੇ ਜ਼ਮੀਨਾਂ ਉਹ ਲੈ ਕੇ ਹਰੀਜਨਾਂ ਨੂੰ ਦੇਣੀਆਂ ਚਾਹੀਦੀਆਂ ਹਨ। (ਵਿਘਨ)

ਸ੍ਰੀ ਸਭਾਪਤੀ: ਵਾਈਂਡ ਅੱਪ ਕਰੋ ਜੀ ਹੁਣ। (ਵਿਘਨ)

ਸ੍ਰੀ ਹਰੀ ਮਿੱਤਰ ਹੰਸ: ਜਿਹੜੀਆਂ ਡੀਪਾਰਟਮੈਂਟਲ ਕਮੇਟੀਆਂ ਬਣਾਈਆਂ ਗਈਆਂ ਸਨ ਉਸਦੇ ਵਿਚ ਰਿਜ਼ਰਵੇਸ਼ਨ ਜਿਹੜੀ ਹੈ ਉਹ ਨਹੀਂ ਦਿੱਤੀ ਜਾਂਦੀ। ਜਿਹੜੀਆਂ ਡਿਪਾਰਟਮੈਂਟ ਸੱਬ ਕਮੇਟੀਆਂ ਹੁੰਦੀਆਂ ਹਨ ਉਹ ਆਪਣੀ ਮਰਜ਼ੀ ਨਾਲ ਬੰਦੇ ਲਗਾਉਂਦੀਆਂ ਹਨ। ਐਸੀਆਂ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿਚ ਹਰੀਜਨ ਮੈਂਬਰਜ਼ ਹੋਣ ਤਾਂ ਕਿ ਉਹ ਹਰੀਜਨਾਂ ਦਾ ਇੰਟਰੈਸਟ ਵਾਚ ਕਰ ਸਕਣ ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਚੇਅਰਮੈਨ ਸਾਹਿਬ, ਪਹਿਲਾਂ ਮੈਂ ਕੁਆਪ੍ਰੇਸ਼ਨ ਦੀ ਡੀਮਾਂਡ ਤੇ ਕਹਿਣਾ ਚਾਹੁੰਦਾ ਹਾਂ। ਮੈਂ ਕੁਆਪਰੇਸ਼ਨ ਦੀ ਡੀਮਾਂਡ ਵੇਖੀ ਹੈ। ਚੇਅਰਮੈਨ ਸਾਹਿਬ, ਜਿਹੜਾ ਕੁਆਪਰੇਸ਼ਨ ਡਿਪਾਰਟਮੈਂਟ ਹੈ ਇਹ ਕੋਆਪ੍ਰੇਟਿਵ ਨਹੀਂ ਰਹਿ ਗਿਆ ਇਹ ਸਰਕਾਰੀ ਮਹਿਕਮਾ ਹੀ ਬਣ ਗਿਆ ਹੈ। ਇਸ ਦੇ ਵਿਚ ਅਫਸਰਾਂ ਨੂੰ ਇੰਨੇ ਅਧਿਕਾਰ ਮਿਲੇ ਹਨ ਜਿਸ ਨੂੰ ਮਰਜ਼ੀ ਆਏ ਅੰਦਰ ਕਰ ਦੇਣ। ਜਿਹੜੇ ਛੋਟੇ ਛੋਟੇ ਕਿਸਾਨਾਂ ਨੇ ਥੋੜ੍ਹੇ ਥੋੜ੍ਹੇ ਕਰਜ਼ੇ ਲਏ ਹੋਏ ਹਨ ਕੋਈ ਇਕ ਹਜ਼ਾਰ ਦਾ ਜਾਂ ਥੋੜ੍ਹਾ ਬਹੁਤਾ ਉਪਰ, ਉਨ੍ਹਾਂ ਨੂੰ ਉਗਰਾਹੁਣ ਲਈ ਸਰਕਾਰ ਦੀ ਇਨੀ ਤਾਕਤ ਲੱਗੀ ਹੋਈ ਹੈ ਕਿ ਇੱਕਲੇ ਫਿਰੋਜ਼ਪੁਰ ਵਿਚ 600 ਆਦਮੀ ਜੇਲ੍ਹ ਵਿਚ ਬੰਦ ਹਨ। 40 ਦਿਨ ਉਨ੍ਹਾਂ ਨੂੰ ਜੇਲ੍ਹ ਵਿਚ ਰੱਖਣਗੇ ਜੇਲ੍ਹ ਵਿਚ ਜਿਹੜਾ ਖਰਚਾ ਆਏਗਾ ਉਹ ਫਿਰ ਉਨ੍ਹਾਂ ਤੋਂ ਲੈਣਗੇ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਨੇ ਕਰਜ਼ੇ ਜ਼ਮਾਨਤ ਦੇ ਕੇ ਜ਼ਮੀਨਾਂ ਦੇ ਅਗੇਂਸਟ ਲਏ ਹੋਏ ਹੁੰਦੇ ਹਨ। ਜ਼ਮੀਨਾਂ ਉਥੇ ਉਨ੍ਹਾਂ ਦੀਆਂ ਹੈਗੀਆਂ ਹਨ ਉਹ ਕਿਤੇ ਨੱਠ ਨਹੀਂ ਚੱਲੇ। ਇਹ ਕੋਈ ਵਾਜਬ ਗੱਲ ਨਹੀਂ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾਣ। ਇਹ ਦਫਾ 67ਏ ਦੀ ਮਿਹਰਬਾਨੀ ਹੈ ਇਹ ਖਤਮ ਕਰਨੀ ਚਾਹੀਦੀ ਹੈ। (ਵਿਘਨ)

ਸਰਦਾਰ ਅਵਤਾਰ ਸਿੰਘ ਗਟਵਾਲੀ: ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਸਾਥੀ ਵੀਰ ਕਾਮਰੇਡ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਦਫਾ 67-ਏ ਹੈ ਕੋਆਪਰੇਟਿਵ ਐਕਟ ਵਿਚ ਜਿਸ ਮੁਤਾਬਕ ਇਹ ਹੈ ਕਿ ਕੋਆਪਰੇਟਿਵ ਬੈਂਕਾਂ ਦੇ ਕਰਜ਼ਿਆਂ ਵਿਚ ਗ੍ਰਿਫਤਾਰੀ ਕੀਤੀ ਜਾਵੇ ਇਹ ਦਫਾ ਇਨ੍ਹਾਂ ਅਕਾਲੀ ਵੀਰਾਂ ਨੇ ਹੀ ਪਾਈ ਸੀ। ਦੂਸਰੀ ਗੱਲ ਇਹ

ਹੈ ਕਿ ਜਿਹੜਾ ਕਰਜ਼ਾ ਦਿੱਤਾ ਜਾਂਦਾ ਹੈ ਉਸਦੇ ਅਗੇਂਸਟ ਜ਼ਮੀਨ ਪਲੈਜ ਨਹੀਂ ਕੀਤੀ ਜਾਂਦੀ । ਪਰਸਨਲ ਸਿਉਰਟੀ ਤੇ ਹੀ ਕਰਜ਼ਾ ਦਿੱਤਾ ਜਾਂਦਾ ਹੈ । ਇਹ ਕਾਨੂੰਨ 1977 ਵਿਚ ਬਣਾਇਆ ਸੀ ਉਨ੍ਹਾਂ ਵੀਰਾਂ ਨੂੰ ਇਹ ਪੁੱਛ ਲੈਣ ਆਇਆ ਉਹ ਵਿਦਡਰਾ ਕਰਨ ਲਈ ਤਿਆਰ ਹਨ । (ਵਿਘਨ)

ਕਾਮਰੇਡ ਕੁਲਵੰਤ ਸਿੰਘ : ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਦਫਾ 67-ਏ ਵਾਪਸ ਲੈ ਲੈਣੀ ਚਾਹੀਦੀ ਹੈ । ਦੂਸਰੀ ਮੇਰੀ ਅਰਜ਼ ਹੈ ਕਿ 5-5, 7-7 ਸੋਸਾਇਟੀਆਂ ਦੀ ਇਕ ਕੋਆਪ੍ਰੇਟਿਵ ਸੋਸਾਇਟੀ ਬਣਾ ਦਿੱਤੀ ਗਈ ਸੀ ਇਹ ਠੀਕ ਨਹੀਂ ਹੈ । ਹਰ ਇਕ ਪਿੰਡ ਦੀ ਵੱਖਰੀ ਸੋਸਾਇਟੀ ਹੋਣੀ ਚਾਹੀਦੀ ਹੈ । ਦੂਸਰੀ ਗੱਲ ਇਹ ਹੈ ਕਿ ਹਰੀਜਨਾਂ ਦੀਆਂ ਕਰੈਡਿਟ ਸੋਸਾਇਟੀਆਂ ਇਸੇ ਵਿਚ ਮਿਲਾ ਦਿੱਤੀਆਂ ਸਨ ਉਹ ਵੀ ਅਲੈਹਿਦਾ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਸੋਸਾਇਟੀਆਂ ਦੁਆਰਾ ਹਰੀਜਨਾਂ ਨੂੰ ਇਕ, ਇਕ ਹਜ਼ਾਰ ਰੁਪਿਆ ਕਰਜ਼ਾ ਮਿਲਨਾ ਹੁੰਦਾ ਹੈ । ਉਸ ਵਿਚ ਇਹ ਹੈ ਕਿ 500 ਰੁਪਏ ਨਕਦ ਅਤੇ 500 ਰੁਪਏ ਦਾ ਮਾਲ ਲੈਣਾ ਪੈਂਦਾ ਸੀ । ਮਾਲ ਤਾਂ ਉਥੇ ਹੁੰਦਾ ਹੀ ਨਹੀਂ ਸੀ ਅਤੇ ਉਹ ਰਕਮ ਉਸੇ ਤਰ੍ਹਾਂ ਰਹਿ ਜਾਂਦੀ, ਹੁਣ ਉਨ੍ਹਾਂ ਨੂੰ ਉਹ ਹਜ਼ਾਰ ਰੁਪਿਆ ਨਕਦ ਹੀ ਮਿਲਣਾ ਚਾਹੀਦਾ ਹੈ । ਇਸ ਤੋਂ ਇਲਾਵਾ 5,5 ਸਾਲ ਹੋ ਗਏ ਹਨ ਕਈ ਸੋਸਾਇਟੀਆਂ ਦੇ ਇਲੈਕਸ਼ਨਜ਼ ਨਹੀਂ ਹੋਏ ਉਹ ਛੇਤੀ ਕਰਾਉਣੇ ਚਾਹੀਦੇ ਹਨ । ਕਾਨੂੰਨ ਅਨੁਸਾਰ ਕੋਆਪ੍ਰੇਟਿਵ ਅਦਾਰਿਆਂ ਦੀਆਂ ਬੈਲੈਂਸ ਸ਼ੀਟਾਂ 30 ਜੂਨ ਤੱਕ ਤਿਆਰ ਹੋ ਜਾਣੀਆਂ ਚਾਹੀਦੀਆਂ ਹਨ ਲੇਕਿਨ ਕਿਸੇ ਸੋਸਾਇਟੀ ਦੀ ਤਿਆਰ ਨਹੀਂ ਹੁੰਦੀ । ਇਹ ਬੈਲੈਂਸ ਸ਼ੀਟਸ 30 ਜੂਨ ਤਕ ਹਰ ਹਾਲਤ ਵਿਚ ਬਣਵਾਈਆਂ ਜਾਣ ਤਾਕਿ ਘਪਲੇ ਬਾਜ਼ੀ ਨਾ ਹੋ ਸਕੇ ।

ਇਸ ਤੋਂ ਅੱਗੇ ਮੇਰੀ ਅਰਜ਼ ਹੈ ਕਿ ਪਹਿਲਾਂ ਆਟਾ ਪੰਜਾਬ ਵਿਚ ਦੋ, ਸਵਾ ਦੋ ਰੁਪਏ ਕਿਲੋ ਮਿਲਦਾ ਸੀ । ਹੁਣ ਜਿਹੜੇ ਥੋੜੇ ਬਹੁਤੇ ਡਿੱਪੂ ਖੋਲ੍ਹੇ ਹਨ, ਉਨ੍ਹਾਂ ਕਰਕੇ ਥੋੜ੍ਹੀ ਖਲਿਆਰ ਹੈ ਨਹੀਂ ਤਾਂ ਹੋਰ ਵੱਧ ਜਾਣਾ ਸੀ । ਮੈਂ ਕਹਿੰਦਾ ਹਾਂ ਕਿ ਕਿਸਾਨ ਦੀ ਕਣਕ ਜਿਹੜੀ 117 ਰੁਪਏ ਖਰੀਦੀ ਸੀ ਉਹ ਹੁਣ 200 ਰੁਪਏ ਵਿਕ ਰਹੀ ਹੈ । ਅਗਰ ਪੰਜਾਬ ਸਰਕਾਰ ਦੇ ਆਪਣੇ ਭੰਡਾਰ ਹੁੰਦੇ ਤਾਂ ਉਹ ਆਪਣੇ ਭੰਡਾਰੇ ਵਿਚੋਂ ਸਸਤੇ ਰੇਟ ਤੇ ਲੋਕਾਂ ਨੂੰ ਸਪਲਾਈ ਕਰ ਸਕਦੀ । ਇਸ ਲਈ ਸਰਕਾਰ ਆਪਣੇ ਭੰਡਾਰ ਬਣਾਏ । (ਵਿਘਨ) ਔਰ ਇਹ ਜਿਹੜਾ ਆਟਾ 1.30 ਰੁਪਏ ਦੇਣ ਦਾ ਐਲਾਨ ਕੀਤਾ ਹੈ ਉਹ ਸਿਰਫ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੀ ਇਨਕਮ 3600 ਰੁਪਏ ਤੱਕ ਹੈ । ਕੁਝ ਐਸੇ ਗਰੀਬ ਵੀ ਹਨ ਜਿਨ੍ਹਾਂ ਦੀ ਥੋੜ੍ਹੀ ਬਹੁਤ ਉਪਰ ਹੈ ਉਨ੍ਹਾਂ ਨੂੰ ਬੜੇ ਮਹਿੰਗੇ ਭਾਅ ਤੇ ਆਟਾ ਮਿਲਦਾ ਹੈ ਉਨ੍ਹਾਂ ਬਾਰੇ ਵੀ ਸਰਕਾਰ ਸਸਤੇ ਆਟੇ ਦੇ ਡਿਪੂ ਖੋਲ੍ਹੇ ।

ਸਰਦਾਰ ਸ਼ਮਸ਼ੇਰ ਸਿੰਘ : [** ** **]

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

EXTENSION OF TIME OF THE SITTING

Mr. Chairman : Is it the pleasure of the House that the time of the sitting of the House be extended for half an hour more.

(Voices: Yes, Yes.)

Mr. Chairman : The time of the sitting of the House is extended for half an hour more. Guillotine will be applied at 4.30 P.M.

****Expunged as ordered by the Chair.**

THE PUNJAB APPROPRIATION BILL, 1981
(Resumption of Consideration)

ਵਿੱਤ ਮੰਤਰੀ: ਚੇਅਰਮੈਨ ਸਾਹਿਬ, ਐਪਰੋਪਰੀਏਸ਼ਨ ਬਿਲ, 81 ਦੇ ਜਿਹੜੇ ਸਪਲੀਮੈਂਟਰੀ ਐਸਟੀ-ਮੇਟਸ 1980-81 ਨਾਲ ਰਿਲੇਟ ਕਰਦੇ ਸਨ ਇਸ ਹਾਊਸ ਵਿਚ ਪੇਸ਼ ਹੋਏ ਸਨ । ਮਾਨਯੋਗ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਪ੍ਰਗਟ ਕੀਤੇ । ਮੈਨੂੰ ਇਸ ਬਾਰ ਬੜੀ ਖੁਸ਼ੀ ਹੈ । ਜਿਨ੍ਹਾਂ ਮੈਂਬਰ ਸਾਹਿਬਾਨ ਨੇ ਇਨ੍ਹਾਂ ਦਾ ਸਮੱਰਥਨ ਕੀਤਾ ਅਤੇ ਜਿਨ੍ਹਾਂ ਨੇ ਕ੍ਰਿਟੀਸਾਈਜ਼ ਕੀਤਾ ਮੈਂ ਦੋਨਾਂ ਦਾ ਧੰਨਵਾਦ ਕਰਦਾ ਹਾਂ । ਸਰਦਾਰ ਆਤਮਾ ਸਿੰਘ ਜੀ ਇਥੋਂ ਚਲੇ ਗਏ ਹਨ ਅਗਰ ਉਹ ਬੈਠੇ ਹੁੰਦੇ ਤਾਂ ਚੰਗੀ ਗੱਲ ਸੀ । ਉਨ੍ਹਾਂ ਨੇ ਇਸ ਬਿਲ ਤੇ ਡਿਬੇਟ ਖੋਲ੍ਹੀ ਸੀ ਮੈਂ ਉਨ੍ਹਾਂ ਦੇ ਪੁਆਇੰਟ ਨੋਟ ਕੀਤੇ ਸਨ ਅਤੇ ਜਵਾਬ ਦੇਣਾ ਚਾਹੁੰਦਾ ਸੀ । ਉਨ੍ਹਾਂ ਨੇ ਇਸ ਗੱਲ ਦੀ ਖੁਸ਼ੀ ਪ੍ਰਗਟ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਦੂਸਰੀ ਜਨਮ ਸ਼ਤਾਬਦੀ ਮਨਾਉਣ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਅਤੇ ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ । ਪਰ ਉਨ੍ਹਾਂ ਨੇ ਇਨਸਿਸਟ ਕੀਤਾ ਕਿ ਰਣਜੀਤਗੜ੍ਹ ਨਾਮ ਮੁਨਾਸਬ ਨਹੀਂ ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਸਰਕਾਰ ਅੱਜ ਰਾਜਿਆਂ ਮਹਾਰਾਜਿਆਂ ਦੇ ਯੁੱਗ ਨੂੰ ਦੁਬਾਰਾ ਕਿਸੇ ਕੀਮਤ ਤੇ ਕਿਸੇ ਹਾਲਤ ਵਿਚ ਵਾਪਸ ਨਹੀਂ ਲਿਆਉਣਾ ਚਾਹੁੰਦੀ। (ਥੰਪਿੰਗ) ਅਸੀਂ ਰਿਣੀ ਹਾਂ, ਸਾਰਾ ਦੇਸ਼ ਰਿਣੀ ਹੈ ਸਰਦਾਰ ਪਟੇਲ ਦਾ ਜਿਨ੍ਹਾਂ ਨੇ ਕਲਮ ਦੀ ਨੋਕ ਨਾਲ 568 ਰਿਆਸਤਾਂ ਨੂੰ ਖ਼ਤਮ ਕੀਤਾ ਸੀ ਅਤੇ ਆਜ਼ਾਦੀ ਤੋਂ ਬਾਅਦ ਰਾਜਿਆਂ ਮਹਾ-ਰਾਜਿਆਂ ਦਾ ਭੋਗ ਪਾ ਦਿੱਤਾ ਸੀ । ਲਗਭਗ 8 ਕਰੋੜ 75 ਲੱਖ ਆਬਾਦੀ ਨੂੰ ਹਿੰਦੁਸਤਾਨ ਵਿਚ ਸ਼ਾਮਲ ਕਰ ਦਿਤਾ ਸੀ । ਮਹਾਰਾਜਾ ਰਣਜੀਤ ਸਿੰਘ ਦਾ ਸਤਿਕਾਰ ਇਕ ਮਹਾਰਾਜਾ ਦੇ ਤੌਰ ਤੇ ਨਹੀਂ ਬਲਕਿ ਸਾਡੀ ਸਰਕਾਰ ਖਾਸ ਤੌਰ ਤੇ ਇਸ ਕਰਕੇ ਉਨ੍ਹਾਂ ਦਾ ਸਤਿਕਾਰ ਕਰਦੀ ਹੈ ਉਨ੍ਹਾਂ ਨੇ ਜੋ ਦਲੇਰੀ ਨਾਲ ਜੋ ਬਹਾਦਰੀ ਨਾਲ ਜਿਹੜੇ ਆਕਰਮਣਕਾਰੀ ਪੱਛਮ ਤੋਂ ਆ ਰਹੇ ਸੀ ਅਤੇ ਅੰਗਰੇਜ਼ ਆ ਰਹੇ ਸੀ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ । ਪੰਜਾਬੀਆਂ ਨੂੰ ਇੱਕਠਾ ਕਰਕੇ ਇਕ ਰਾਜ ਬਣਤਰ ਬਣਾਈ । ਮਹਾਰਾਜਾ ਰਣਜੀਤ ਸਿੰਘ ਬਾਰੇ ਬਹੁਤ ਸਾਰੀਆਂ ਕਹਾਣੀਆਂ ਹਨ ਕਿ ਉਹ ਹਮੇਸ਼ਾ ਗਰੀਬਾਂ ਨਾਲ ਪਿਆਰ ਕਰਦੇ ਸਨ । ਰਣਜੀਤਗੜ੍ਹ ਇਸ ਕਰਕੇ ਰੱਖਿਆ ਗਿਆ ਹੈ ਤਾਕਿ ਮਹਾਰਾਜਾ ਦਾ ਕਾਨਸੈਪਟ ਨਿਕਲ ਜਾਏ, ਸੈਕਲੂ-ਰਈਜ਼ਮ ਦਾ ਕਾਨਸੈਪਟ ਆਏ, ਬਹਾਦਰੀ ਦਾ ਕਾਨਸੈਪਟ ਆਏ ਤੇ ਪੰਜਾਬ ਦੀ ਮਜ਼ਬੂਤੀ ਅਤੇ ਏਕਤਾ ਲਈ ਪੰਜਾਬ ਸਰਕਾਰ ਨੇ ਰਣਜੀਤਗੜ੍ਹ ਨਾਮ ਮੁਨਾਸਿਬ ਹੀ ਰੱਖਿਆ ਹੈ । ਨਗਰਾਂ ਦੇ ਨਾਂ ਬਹੁਤੇ ਲੰਬੇ ਨਹੀਂ ਚਲਦੇ। ਚੰਡੀਗੜ੍ਹ, ਜਲੰਧਰ, ਦਿੱਲੀ ਛੋਟੇ ਛੋਟੇ ਨਾਂ ਚਲਦੇ ਹਨ । ਬਹੁਤ ਲੰਮੇ ਚੌੜੇ ਨਾ ਰੱਖ ਵੀ ਦਿਓ ਤਾਂ ਚਲਦੇ ਨਹੀਂ, ਇਸ ਲਈ ਸੋਚ ਸਮਝ ਕੇ ਠੀਕ ਢੰਗ ਨਾਲ ਇਹ ਨਾਂ ਰੱਖਿਆ ਗਿਆ ਹੈ । ਮੈਂ ਹਾਊਸ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਸ਼ਤਾਬਦੀ ਨਵੰਬਰ, 1980 ਤੋਂ ਲੈ ਕੇ ਨਵੰਬਰ, 1981 ਤਕ ਮਹੀਨੇਵਾਰ ਮਨਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ । ਸਰਦਾਰ ਆਤਮਾ ਸਿਘ ਬੈਠੇ ਨਹੀਂ । ਨਹੀਂ ਤਾਂ ਮੈਂ ਇਹ ਸਾਰਾ ਪ੍ਰੋਗਰਾਮ ਪੜ੍ਹ ਕੇ ਸੁਣਾਉਂਦਾ । ਇਸਤੇ 36 ਲੱਖ ਰੁਪਏ ਖਰਚ ਹੋਵੇਗਾ । ਲਾਈਟ ਐਂਡ ਸਾਊਂਡ ਪ੍ਰੋਗਰਾਮ ਅੰਮ੍ਰਿਤਸਰ ਵਿੱਚ ਚਲਦਾ ਰਿਹਾ ਹੈ । ਲੋਕਾਂ ਨੇ ਇਸਦੀ ਸ਼ਲਾਘਾ ਕੀਤੀ ਹੈ । ਹੁਣ ਲੋਕਾਂ ਨੇ ਫਿਰ ਮੰਗ ਕੀਤੀ ਹੈ ਕਿ ਇਸਨੂੰ ਚਾਲੂ ਕੀਤਾ ਜਾਵੇ। ਸਰਕਾਰ ਇਸਤੇ ਵਿਚਾਰ ਕਰੇਗੀ । ਉਨ੍ਹਾਂ ਨੇ ਇੱਕ ਸ਼ਿਕਾਇਤ ਇਹ ਕੀਤੀ ਹੈ ਕਿ ਇਕ ਸਰਕੂਲਰ ਰਾਹੀਂ ਪੰਜਾਬ ਸਰਕਾਰ ਨੇ ਸਰਦਾਰ, ਸਰਦਾਰਨੀ ਸ਼ਬਦ ਦੀ ਵਰਤੋਂ ਰੋਕ ਦਿਤੀ ਹੈ। ਇਸ ਦੇ ਬਾਰੇ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਰਕੂਲਰ ਮੇਰੇ ਹਥ ਵਿਚ ਹੈ । ਸਰਕਾਰ ਦਾ ਕੋਈ ਇਸ ਤਰ੍ਹਾਂ ਦਾ ਇਰਾਦਾ ਨਹੀਂ ਹੈ । ਪਹਿਲੀ ਸਰਕਾਰ ਨੇ ਸਭ ਨੂੰ ਮਜਬੂਰ ਕੀਤਾ ਸੀ ਕਿ ਕੋਈ ਕੇਸਧਾਰੀ ਅਫ਼ਸਰ ਹੋਵੇ ਤਾਂ ਉਸਨੂੰ ਸਰਦਾਰ ਲਿਖਿਆ ਜਾਵੇ, ਹੋਰ ਕੁਝ ਨਾ ਲਿਖਿਆ ਜਾਵੇ ।

It had been conveyed that all Sikhs should henceforth be referred to as Sardar/Sardarni instead of Shri/Shrimati in all official correspondence.

ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੇ ਮਹਿਸੂਸ ਕੀਤਾ ਕਿ ਸੈਕੂਲਰ ਸੁਸਾਇਟੀ ਵਿੱਚ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਜੇ ਕੋਈ ਆਪਣੇ ਆਪ ਨੂੰ ਸਰਦਾਰ ਕਹਾਵੇ ਤਾਂ ਵੀ ਚੰਗੀ ਗੱਲ ਹੈ ਅਤੇ ਜੇ ਕੋਈ ਸ੍ਰੀਮਾਨ, ਸ੍ਰੀਮਤੀ ਕਹਾਵੇ ਤਾਂ ਵੀ ਠੀਕ ਹੈ। ਕੋਈ ਬੰਧਨ ਨਹੀਂ ਹੋਣਾ ਚਾਹੀਦਾ ਕਿ ਉਸਨੂੰ ਸਰਦਾਰ ਕਿਹਾ ਜਾਵੇ। ਜਿਹੜਾ ਸਰਕੂਲਰ ਹੁਣ ਇਸ ਸਰਕਾਰ ਨੇ ਕੀਤਾ ਹੈ, ਉਹ ਇਸ ਪ੍ਰਕਾਰ ਹੈ:

The matter has been reviwed and it is considered that in a Secular Society one should be free to address others with any respectable prefix like Shri, Mr., Sardar or Lala. ਕਿਸੇ ਤੇ ਕੋਈ ਪਾਬੰਦੀ ਨਹੀਂ। ਕਿਸੇ ਨੂੰ ਮਜਬੂਰ ਨਹੀਂ ਕੀਤਾ। ਸੈਕੂਲਰ ਸੁਸਾਇਟੀ ਵਿੱਚ ਇਸ ਚੀਜ਼ ਦੀ ਜ਼ਰੂਰਤ ਸੀ। ਪਹਿਲੇ ਆਰਡਰ ਵਿਚੋਂ ਕਮਿਊਨਲ ਬੂ ਆਉਂਦੀ ਸੀ। ਕਿਸੇ ਨੂੰ ਮਜਬੂਰ ਕਰਨਾ ਮੁਨਾਸਿਬ ਨਹੀਂ ਸੀ।

ਚੇਅਰਮੈਨ ਸਾਹਿਬ, ਇਸਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕੁੱਝ ਕਿਤਾਬਾਂ ਦੇ ਬਾਰੇ ਜ਼ਿਕਰ ਕੀਤਾ ਸੀ ਕਿ ਉਨ੍ਹਾਂ ਕਿਤਾਬਾਂ ਨੂੰ ਸਿਉਂਕ ਖਾ ਰਹੀ ਹੈ ਅਤੇ ਉਹ ਅਲਮਾਰੀਆਂ ਵਿੱਚ ਪਈਆਂ ਹਨ। ਬੜੀਆਂ ਚੰਗੀਆਂ ਕਿਤਾਬਾਂ ਹਨ। ਮੈਂ ਇਸ ਹਾਊਸ ਨੂੰ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਕਿਤਾਬਾਂ ਨੂੰ ਸਿਉਂਕ ਨਹੀਂ ਖਾਏਗੀ। ਉਨ੍ਹਾਂ ਕਿਤਾਬਾਂ ਨੂੰ ਅਸੀਂ ਪੜ੍ਹਾਂਗੇ ਜੇ ਉਨ੍ਹਾਂ ਕਿਤਾਬਾਂ ਵਿੱਚ ਫਿਰਕਾ ਪ੍ਰਸਤੀ ਦਾ ਪ੍ਰਚਾਰ ਨਾ ਹੋਇਆ ਅਤੇ ਜੇ ਉਸ ਵਿੱਚ ਕੋਈ ਐਸੀ ਚੀਜ਼ ਨਾ ਹੋਵੇ ਜਿਸ ਨਾਲ ਪੰਜਾਬ ਦੀ ਫਿਜ਼ਾ ਖਰਾਬ ਹੋਵੇ। ਅਗਰ ਉਨ੍ਹਾਂ ਕਿਤਾਬਾਂ ਵਿੱਚ ਬਹਾਦਰੀ ਦੀਆਂ ਗੱਲਾਂ ਹੋਈਆਂ ਪੰਜਾਬ ਦੇ ਬਹਾਦਰ ਸਪੂਤਾਂ ਦਾ ਜ਼ਿਕਰ ਹੋਇਆ, ਪੰਜਾਬ ਦੇ ਭਲੇ ਦੀ ਗੱਲ ਹੋਈ ਤਾਂ ਪੰਜਾਬ ਦੀ ਸਰਕਾਰ ਉਨ੍ਹਾਂ ਕਿਤਾਬਾਂ ਨੂੰ ਲੋਕਾਂ ਤੱਕ ਪਹੁੰਚਾਏਗੀ। ਲੱਖਾਂ ਦੀ ਤਾਦਾਦ ਵਿੱਚ ਵੀ ਇਹ ਕਿਤਾਬਾਂ ਵੰਡੀਆਂ ਜਾ ਸਕਦੀਆਂ ਹਨ। ਉਨ੍ਹਾਂ ਦੇ ਮਨ ਵਿੱਚ ਕੋਈ ਅਗਰ ਅਜਿਹਾ ਸ਼ੰਕਾ ਹੈ ਤਾਂ ਉਹ ਨਿਕਲ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਸੈਕੂਲਰ ਲੀਹਾਂ ਉਤੇ ਲਿਖੀਆਂ ਕਿਤਾਬਾਂ ਦਾ ਸੁਆਗਤ ਕਰੇਗੀ ਅਤੇ ਉਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਏਗੀ। ਅਗਰ ਉਹ ਕਿਤਾਬਾਂ ਧਰਮ ਦੀ ਹਿਫ਼ਾਜ਼ਤ ਕਰਨ ਵਾਲੀਆਂ ਹੋਈਆਂ ਤਾਂ ਉਨ੍ਹਾਂ ਨੂੰ ਜ਼ਰੂਰ ਪੜ੍ਹਾਂਗੇ। ਪੰਜਾਬ ਪੰਜਾਬੀਆਂ ਦਾ ਹੈ। ਇਹ ਕਿਸੇ ਇੱਕ ਕੌਮ ਜਾਂ ਬਰਾਦਰੀ ਦਾ ਨਹੀਂ ਹੈ। ਇਹ ਸਾਰੇ ਪੰਜਾਬੀਆਂ ਦਾ ਹੈ ਅਤੇ ਹਮੇਸ਼ਾ ਪੰਜਾਬੀਆਂ ਦਾ ਰਹੇਗਾ। ਇਹ ਹਿੰਦੁਸਤਾਨ ਦਾ ਅਟੁੱਟ ਹਿੱਸਾ ਬਣ ਕੇ ਰਹੇਗਾ।

ਚੇਅਰਮੈਨ ਸਾਹਿਬ, ਫਿਰ ਉਨ੍ਹਾਂ ਨੇ ਰਾਵੀ ਬਿਆਸ, ਸਤਲੁਜ ਅਤੇ ਘੱਗਰ ਦਾ ਜਿਕਰ ਕੀਤਾ ਹੈ ਪੰਜ ਦਰਿਆ ਤਾਂ ਹੁਣ ਪੰਜਾਬ ਦੇ ਵਿਚ ਨਹੀਂ ਹਨ। ਪੰਜ ਦਰਿਆ ਤਾਂ ਉਸ ਵੇਲੇ ਖਤਮ ਹੋ ਗਏ ਸੀ ਜਿਸ ਵੇਲੇ 15 ਅਗਸਤ, 1947 ਨੂੰ ਹਿੰਦੋਸਤਾਨ ਦੇ ਟੁਕੜੇ ਹੋਏ ਅਤੇ ਪਾਕਿਸਤਾਨ ਬਣ ਗਿਆ। ਉਸ ਵੇਲੇ ਢਾਈ ਦਰਿਆਵਾਂ ਦਾ ਪੰਜਾਬ ਰਹਿ ਗਿਆ। ਪੂਰਾ ਸਤਲੁੱਜ ਦਰਿਆ, ਬਿਆਸ ਅਤੇ ਅੱਧਾ ਰਾਵੀ ਰਹਿ ਗਿਆ। ਫਿਰ ਇਨ੍ਹਾਂ ਨੇ 1966 ਵਿੱਚ ਬੜੀ ਹਿੰਮਤ ਮਾਰੀ। ਇਸਤੋਂ ਪਹਿਲਾਂ ਹਰਿਆਣਾ ਦਾ ਸਾਰਾ ਹਿੱਸਾ ਅਤੇ ਲਾਹੌਲ ਸਪਿਤੀ ਤਕ ਪੰਜਾਬ ਵਿੱਚ ਸੀ। ਪੰਜਾਬੀ ਵੀ ਰਿਵਾੜੀ ਤੱਕ ਬੋਲੀ ਜਾਂਦੀ ਸੀ। ਤਿੱਬਤ ਤੱਕ ਸਾਰੇ ਲੋਕ ਪੰਜਾਬੀ ਜਾਣਦੇ ਸਨ। ਪਰ ਇਨ੍ਹਾਂ ਸੱਜਣਾਂ ਨੇ ਹਿੰਮਤ ਮਾਰੀ ਅਤੇ ਐਸਾ ਨਾਅਰਾ ਲਾਇਆ ਕਿ ਅੰਬਾਲੇ ਤੋਂ ਪਰਾਂ ਪਰਾਂ ਦਾ ਸਾਰਾ ਹਿੱਸਾ ਹਰਿ- ਆਣਾ ਬਣ ਗਿਆ ਅਤੇ ਕੁੱਝ ਹਿੱਸਾ ਹਿਮਾਚਲ ਵਿੱਚ ਚਲਾ ਗਿਆ। ਬਾਕੀ ਪੰਜਾਬ ਢਾਈ ਦਰਿਆਵਾਂ ਦਾ ਰਹਿ ਗਿਆ। ਵਾਹਿਗੁਰੂ ਦੀ ਕਿਰਪਾ ਨਾਲ ਢਾਈ ਪੌਣੇ ਤਿੰਨ ਸਾਲ ਇਨ੍ਹਾਂ ਦੀ ਹਕੂਮਤ ਰਹੀ। ਪੰਜ ਸਾਲ ਤਾਂ ਅਕਾਲੀ ਪਾਰਟੀ ਦੀ ਕਿਸਮਤ ਵਿੱਚ ਹੀ ਰਾਜ ਕਰਨਾ ਨਹੀਂ ਹੈ। ਇੱਕਲਾ ਨਾ ਅਕਾਲੀ ਪਾਰਟੀ ਦਾ ਕਦੇ ਰਾਜ ਬਣਿਆ ਹੈ ਅਤੇ ਨਾ ਬਣੇਗਾ। ਕਦੇ ਸੱਜੇ ਖੱਬੇ ਦਾ ਸਹਾਰਾ ਲੈ ਕੇ ਅਤੇ ਕਦੇ ਜਨਤਾ ਪਾਰਟੀ

[ਵਿੱਤ ਮੰਤਰੀ]

ਦਾ ਸਹਾਰਾ ਲੈ ਕੇ ਅਤੇ ਕਦੇ ਭਾਰਤੀਆ ਤਾ ਪਾਰਟੀ ਜਨਤਾ ਦਾ ਸਹਾਰਾ ਲੈ ਕੇ ਇਨ੍ਹਾਂ ਦੀ ਸਰਕਾਰ ਬਣੀ। ਇਸ ਤਰ੍ਹਾਂ ਨਾਲ ਇਨ੍ਹਾਂ ਨੇ ਆਪਣਾ ਵਕਤ ਪੂਰਾ ਕੀਤਾ ਹੈ । ਮੈਂ ਜਾਣਨਾ ਚਾਹਾਂਗਾ ਕਿ ਇਨ੍ਹਾਂ ਚਾਰ ਦਰਿਆਵਾਂ ਵਿਚੋਂ ਜ਼ਮੀਨ ਕੱਢਣ ਲਈ ਇਨ੍ਹਾਂ ਨੇ ਕਿਤਨੀ ਕੋਸ਼ਿਸ਼ ਕੀਤੀ, ਕਿਤਨਾ ਰੁਪਿਆ ਖਰਚ ਕੀਤਾ। ਇਨ੍ਹਾਂ ਨੇ ਕਿਹਾ ਹੈ ਕਿ ਸਵਾ ਲੱਖ ਏਕੜ ਜ਼ਮੀਨ ਨਿਕਲ ਸਕਦੀ ਹੈ। ਇਹ 11 ਕਰੋੜ ਰੁਪਏ ਦੀ ਹੋਵਗੀ ਅਤੇ 13 ਕਰੋੜ ਰੁਪਏ ਦੀ ਇਸ ਵਿਚੋਂ ਆਮਦਨ ਹੋਵੇਗੀ । ਇਸ ਗੱਲ ਤੋਂ ਅਸੀਂ ਇਨਕਾਰ ਨਹੀਂ ਕਰਦੇ। ਅਸੀਂ ਉਨ੍ਹਾਂ ਦੇ ਸੁਝਾਓ ਤੇ ਵਿਚਾਰ ਕਰਾਂਗੇ। ਅਗਰ ਪੰਜਾਬ ਨੂੰ ਇਸ ਤਰੀਕੇ ਨਾਲ ਜ਼ਮੀਨ ਮਿਲੇਗੀ ਤਾਂ ਅਸੀਂ ਉਸਨੂੰ ਵਾਹੀਯੋਗ ਬਣਾਵਾਂਗੇ ਅਤੇ ਇਸ ਤਰ੍ਹਾਂ ਪੰਜਾਬ ਦੇ ਧੰਨ ਵਿੱਚ ਇਜ਼ਾਫਾ ਕਰਾਂਗੇ । ਇਹ ਸਾਡੀ ਖੁਸ਼ਕਿਸਮਤੀ ਹੋਵੇਗੀ । ਪਰ ਜਿਸ ਵੇਲੇ ਉਹ ਆਪ ਵਜ਼ੀਰ ਸਨ, ਆਪ ਕੁਰਸੀ ਤੇ ਸਨ, ਉਨ੍ਹਾਂ ਨੂੰ ਉਸ ਵਕਤ ਇਹ ਸਭ ਕੁੱਝ ਕਰਨਾ ਚਾਹੀਦਾ ਸੀ। ਲੇਕਿਨ ਵਕਤ ਗੁਜਰਣ ਦੇ ਬਾਅਦ ਚੀਜ਼ਾਂ ਇਨ੍ਹਾਂ ਨੂੰ ਯਾਦ ਆਉਂਦੀਆਂ ਹਨ ।

ਚੇਅਰਮੈਨ ਸਾਹਿਬ, ਗੋਇੰਦਵਾਲ ਸਾਹਿਬ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ । ਇਨ੍ਹਾਂ ਨੇ ਨਾਅਰਾ ਜ਼ਰੂਰ ਲਗਾਇਆ ਸੀ ਪਰ ਕੀਤਾ ਕੁੱਝ ਨਹੀਂ । ਅਸੀਂ ਉਸ ਪਵਿੱਤਰ ਸਥਾਨ ਤੇ ਬਹੁਤ ਬੜਾ ਇੰਡਸਟਰੀਅਲ ਕੰਪਲੈਕਸ ਬਣਾ ਰਹੇ ਹਾਂ, ਖਰਚ ਕਰ ਰਹੇ ਹਾਂ ਅਤੇ ਸੜਕਾਂ ਵਗੈਰਾ ਬਣਾ ਰਹੇ ਹਾਂ । ਅਸੀਂ ਫੋਕਿਆਂ ਨਾਅਰਿਆਂ ਵਿੱਚ ਯਕੀਨ ਨਹੀਂ ਰੱਖਦੇ । ਇਸ ਜਗ੍ਹਾ ਨੂੰ ਡਿਵੈਲਪ ਕਰਨ ਲਈ ਅਸੀਂ ਸੀਰੀਅਸ ਹਾਂ । ਇਨ੍ਹਾਂ ਸਥਾਨਾਂ ਨੂੰ ਡਿਵੈਲਪ ਕਰਨ ਲਈ ਖਰਚ ਕਰਾਂਗੇ ।

ਚੇਅਰਮੈਨ ਸਾਹਿਬ, ਉਨ੍ਹਾਂ ਨੇ ਕੁਰੱਪਸ਼ਨ ਦੀ ਗੱਲ ਬੜੇ ਜ਼ੋਰ ਨਾਲ ਕਹੀ ਸੀ । ਸਾਡੇ ਡਿਵੈ-ਲਪਮੈਂਟ ਮਨਿਸਟਰ ਵੱਲ ਵੀ ਇਸ਼ਾਰਾ ਕੀਤਾ ਸੀ । ਕੁੱਝ ਖਾਸ ਕਾਰਣਾਂ ਕਰਕੇ ਉਹ ਇਥੋਂ ਚਲੇ ਗਏ ਹਨ । ਜਿਹੜੇ ਬੰਦੇ ਉਹ ਕੁਰੱਪਟ ਸਮਝ ਕੇ ਸੱਸਪੈਂਡ ਕਰਕੇ ਚਲੇ ਗਏ ਸਨ ਉਨ੍ਹਾਂ ਨੂੰ ਇਸ ਸਰਕਾਰ ਨੇ ਰੀਇਨਸਟੇਟ ਕੀਤਾ ਹੈ । ਉਨ੍ਹਾਂ ਦੀ ਢਾਈ ਪੌਣੇ ਤਿੰਨ ਸਾਲ ਹਕੂਮਤ ਰਹੀ । ਉਹ ਅਗਰ ਕੁਰੱਪਸ਼ਨ ਦੇ ਇਤਨੇ ਖਿਲਾਫ ਸਨ ਤਾਂ ਇਨ੍ਹਾਂ ਕੁਰੱਪਟ ਆਦਮੀਆਂ ਦਾ ਭੋਗ ਪਾ ਦਿੰਦੇ, ਉਨ੍ਹਾਂ ਨੂੰ ਡਿਸਮਿਸ ਕਰ ਦਿੰਦੇ । ਜੇ ਉਨ੍ਹਾਂ ਨੂੰ ਸੱਸਪੈਂਡ ਕਰਕੇ ਰੱਖ ਦਿੱਤਾ ਤਾਂ ਉਨ੍ਹਾਂ ਨੂੰ ਰੀਇਨਸਟੇਟ ਕਰਨਾ ਤਾਂ ਕਾਨੂੰਨ ਦੇ ਅਨੁਸਾਰ ਹੈ, ਇਹ ਉਨ੍ਹਾਂ ਦਾ ਹੱਕ ਹੈ । ਬਾਅਦ ਵਿੱਚ ਦੂਜੇ ਅਫ਼ਸਰਾਂ ਅਤੇ ਵਜ਼ੀਰਾਂ ਨੇ ਵੇਖਿਆ ਹੋਵੇਗਾ । ਅਗਰ ਉਨ੍ਹਾਂ ਦੇ ਖਿਲਾਫ ਚਾਰਜਿਜ਼ ਸਬਸਟਾਂਸ਼ੀਏਟ ਨਹੀਂ ਹੁੰਦੇ ਤਾਂ ਰੀਇਨਸਟੇਟ ਕੀਤਾ ਹੋਵੇਗਾ । ਮਗਰ ਫਿਰ ਵੀ ਇਸਤੇ ਵਿਚਾਰ ਕਰ ਲਵਾਂਗੇ। ਅਗਰ ਐਸੇ ਕੁਰੱਪਟ ਅਫ਼ਸਰ ਹਨ ਅਤੇ ਉਨ੍ਹਾਂ ਨੂੰ ਅਕਾਮੋਡੇਟ ਕੀਤਾ ਗਿਅ ਹੈ ਤਾਂ ਜ਼ਰੂਰ ਉਨ੍ਹਾਂ ਦੇ ਕੇਸ ਵੇਖਾਂਗੇ । ਅੱਜ ਇਹ ਕਹਿੰਦੇ ਹਨ ਕਿ ਅਸੀਂ ਮਿਲਵਰਤਣ ਵੀ ਦਿਆਂਗੇ ਸ਼ਾਇਦ ਇਹ ਵੀ ਕਲੇਮ ਕਰਦੇ ਹੋਣ ਕਿ ਅਸੀਂ ਬੜੀ ਕਲੀਨ ਐਡਮਨਿਸਟਰੇਸ਼ਨ ਦਿੱਤੀ ਹੈ । ਮੈਂ ਬਹੁ-ਤੀਆਂ ਗੱਲਾਂ ਵਿਚ ਨਹੀਂ ਜਾਂਦਾ । ਛੰਗਾਨੀ ਕਮਿਸ਼ਨ ਤੋਂ ਤਾਂ ਇਹ ਬਰੀ ਹੋ ਨਹੀਂ ਸਕੇ । ਯੱਸ਼ ਜੀ ਅਤੇ ਚੌਧਰੀ ਜਗਜੀਤ ਸਿੰਘ ਅਤੇ ਹੋਰ ਬੜੇ ਕਾਂਗਰਸੀਆਂ ਤੇ ਇਨ੍ਹਾਂ ਨੇ ਕੁਰੱਪਸ਼ਨ ਦੇ ਕੇਸ ਬਣਾਏ, ਕੁਰਪਸ਼ਨ ਦੇ ਇਲਜ਼ਾਮ ਉਨ੍ਹਾਂ ਦੇ ਖਿਲਾਫ ਲਾਏ ਅਤੇ ਉਨ੍ਹਾਂ ਨੂੰ ਮਾਰਿਆ, ਕੁੱਟਿਆ ਵੀ ਗਿਆ, ਪਰ ਉਨ੍ਹਾਂ ਦੇ ਖਿਲਾਫ ਕੋਈ ਦੋਸ਼ ਸਾਬਤ ਨਹੀਂ ਹੋਇਆ । ਚੇਅਰਮੈਨ ਸਾਹਿਬ, ਮੈਂ ਇਕ ਕੁਰੱਪਸ਼ਨ ਦਾ ਕੇਸ ਸਾਬਤ ਕਰਨ ਲੱਗਾ ਹਾਂ । ਮੈਂ ਉਸ ਦਿਨ ਬਾਦਲ ਸਾਹਿਬ ਨੂੰ ਵਧਾਈ ਦਿੱਤੀ ਸੀ ਜਿਸ ਦਿਨ ਉਨ੍ਹਾਂ ਨੇ ਕੁਰੱਪਸ਼ਨ ਦੇ ਖਿਲਾਫ ਬਹੁਤ ਵੱਡੀ ਚੀਜ਼ ਕੀਤੀ । ਉਨ੍ਹਾ ਨੇ, ਚੇਅਰਮੈਨ ਸਾਹਿਬ, ਕਿਹਾ ਕਿ ਥੱਲਿਓਂ ਕੁਰਪਸ਼ਨ ਉਦੋਂ ਤੱਕ ਖਤਮ ਨਹੀਂ ਹੋ ਸਕਦੀ ਜਦੋਂ ਤੱਕ ਉਤੇ ਇਹ ਨਾ ਖਤਮ ਕੀਤੀ ਜਾਵੇ । ਸਾਰੇ ਪੰਜਾਬ ਨੇ ਇਸ ਗੱਲ ਨੂੰ ਬਹੁਤ ਵਧੀਆ ਕਿਹਾ । ਉਨ੍ਹਾਂ ਨੇ ਆਪਣੇ ਐਜੂਕੇਸ਼ਨ ਮਨਿਸਟਰ ਨੂੰ ਕੁਰਪਟ ਕਿਹਾ । ਉਨ੍ਹਾਂ ਨੂੰ ਬਾਹਰ ਕੱਢ

ਦਿੱਤਾ. ਔਰ ਸ਼ਾਇਦ ਕਿਸੇ ਘਰ ਦੇ ਨੌਕਰ ਨਾਲ ਵੀ ਏਦਾਂ ਦਾ ਜਲਾਲਤ ਭਰਿਆ ਸਲੂਕ ਨਹੀਂ ਕੀਤਾ ਜਾਂਦਾ ਜਿੰਦਾਂ ਦਾ ਇਨ੍ਹਾਂ ਨੇ ਕੀਤਾ ਹੈ । (ਥੰਪਿੰਗ) ਲੇਕਿਨ ਪੰਜਾਬ ਦੇ ਲੋਕਾਂ ਨੇ ਕਿਹਾ ਕਿ ਇਨ੍ਹਾਂ ਨੇ ਚੰਗੀ ਗੱਲ ਕੀਤੀ ਹੈ, ਇਕ ਸਾਥੀ ਨੂੰ ਕੁਰੱਪਟ ਵੇਖਿਆ ਤਾਂ ਉਸ ਨੂੰ ਵਜ਼ਾਰਤ ਵਿਚੋਂ ਕੱਢ ਦਿਤਾ। ਪੰਜਾਬ ਨੇ ਇਸ ਗੱਲ ਦਾ ਸਵਾਗਤ ਕੀਤਾ ਸੀ। ਪਰ, ਚੇਅਰਮੈਨ ਸਾਹਿਬ, ਉਸ ਦਾ ਨਤੀਜਾ ਕੀ ਹੋਇਆ ਨਤੀਜਾ ਇਹ ਹੋਇਆ ਕਿ ਵਜ਼ੀਰ ਸਾਹਿਬ ਤਾਂ ਛੁੱਟੀ ਕਰ ਗਏ, ਕੁਝ ਮੁਲਾਜ਼ਮ ਸੱਸਪੈਂਡ ਹੋਏ ਉਸ ਦੇ ਬਾਅਦ ਉਨ੍ਹਾਂ ਦੀ ਪਾਰਟੀ ਨੇ ਕਿਹਾ ਕਿ ਬਾਦਲ ਸਾਹਿਬ ਤੁਹਾਨੂੰ ਕੋਈ ਇਖਤਿਆਰ ਨਹੀਂ ਹੈ ਕਿ ਤੁਸੀਂ ਇਨ੍ਹਾਂ ਦੇ ਖਿਲਾਫ ਇਨਕੁਆਰੀ ਕਰੋ, ਇਹ ਪਾਰਟੀ ਨੂੰ ਇਖਤਿਆਰ ਹੈ ਔਰ ਚੇਅਰਮੈਨ ਸਾਹਿਬ, ਪੰਜਾਬ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲਾ ਵਾਕਿਆ ਹੋਵੇ ਜਿਥੇ ਕਿ ਕਿਸੇ ਪਾਰਟੀ ਨੇ ਇਸ ਦੀ ਇਨਕੁਆਰੀ ਕੀਤੀ ਹੋਵੇ । ਸਰਦਾਰ ਸੁਖਜਿੰਦਰ ਸਿੰਘ, ਐਜੂਕੇਸ਼ਨ ਮਨਿਸਟਰ ਦੇ ਖਿਲਾਫ ਇਥੇ ਕੋਈ ਇਨਕੁਆਰੀ ਕਿਸੇ ਸਰਕਾਰੀ ਅਫਸਰ ਨੇ ਨਹੀਂ ਕੀਤੀ, ਬਾਦਲ ਸਾਹਿਬ ਨੇ ਨਹੀਂ ਕੀਤੀ ਬਲਕਿ ਪਾਰਟੀ ਨੇ ਕੀਤੀ ਹੈ ਔਰ ਉਹ ਦਿਨ ਬੜਾ ਤਾਰੀਕੀ ਦਿਨ ਸੀ ਜਦੋਂ ਕਿ ਸਰਦਾਰ ਸੁਖਜਿੰਦਰ ਸਿੰਘ ਨੂੰ ਚਾਰਜਿਜ਼ ਤੋਂ ਬਰੀ ਕਰ ਦਿਤਾ ਸੀ। ਇਹ ਤਾਂ ਆਪ ਹੀ ਆਪਣੇ ਉਤੇ ਇਲਜ਼ਾਮ ਲਗਾ ਦਿਤੇ ਔਰ ਆਪ ਹੀ ਬਾਅਦ ਵਿਚ ਬਰੀ ਕਰ ਦਿਤਾ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਦਾ ਅਭਿਆਸ ਕੁਰੱਪਸ਼ਨ ਨੂੰ ਦੂਰ ਕਰਨ ਦਾ ਇਨ੍ਹਾਂ ਦੇ ਵੇਲੇ ਹੁੰਦ ਰਿਹਾ ਹੈ । ਅਸੀਂ ਤਾਂ ਫਾਈਲਾਂ ਫਰੋਲਾਂਗੇ ਕਿ ਤੁਹਾਡੇ ਵੇਲੇ ਕਿਹੜੇ ਕਿਹੜੇ ਅਫਸਰ ਕੁਰੱਪਟ ਸਨ ਔਰ ਹੁਣ ਕਿਹੜੇ ਹਨ । ਚੇਅਰਮੈਨ ਸਾਹਿਬ, ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਕਿਸੇ ਵੀ ਕੁਰਪਟ ਅਫ਼ਸਰ ਨੂੰ, ਕਿਸੇ ਵੀ ਕੁਰੱਪਟ ਪਬਲਿਕਮੈਨ ਨੂੰ ਚਾਹੇ ਉਹ ਇਧਰ ਦਾ ਹੋਵੇ ਚਾਹੇ ਉਹ ਆਪੋਜ਼ੀਸ਼ਨ ਦਾ ਹੋਵੇ, ਕਿਸੇ ਵੀ ਕੀਮਤ ਤੇ ਉਸ ਨੂੰ ਬਰਦਾਸ਼ਤ ਨਹੀਂ ਕਰੇਗੀ । (ਥੰਪਿੰਗ) ਉਸ ਨੂੰ ਕੋਈ ਸੈਲਟਰ ਨਹੀਂ ਦਿਤਾ ਜਾਵੇਗਾ, ਪੰਜਾਬ ਦੇ ਲੋਕਾਂ ਨਾਲ ਇਨਸਾਫ ਹੋਵੇਗਾ । ਅਸੀਂ ਕੁਰੱਪਟ ਹਟਾਉਣ ਲਈ ਵਚਨਬੱਧ ਹਾਂ, ਪੱਕਾ ਇਰਾਦਾ ਇਸ ਨੂੰ ਹਟਾਉਣ ਦਾ ਕੀਤਾ ਹੋਇਆ ਹੈ । ਔਰ ਅਸੀਂ ਉਸ ਰਸਤੇ ਤੇ ਚਲ ਰਹੇ ਹਾਂ। (ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਜੀ ਵਲੋਂ ਬੈਠੇ ਬੈਠੇ ਵਿਘਨ)

ਚੇਅਰਮੈਨ ਸਾਹਿਬ, ਪਾਂਧੀ ਜੀ ਕੁੱਝ ਕਹਿਣ ਲੱਗੇ ਹਨ, ਮੇਰਾ ਖਿਆਲ ਹੈ ਕਿ ਇਹ ਕਿਸੇ ਕੁਰੱਪਟ ਅਫਸਰ ਦੀ ਸਿਫਾਰਸ਼ ਲੈ ਕੇ ਜ਼ਰੂਰ ਪਹੁੰਚਣਗੇ । (ਹਾਸਾ)

ਚੌਧਰੀ ਮਾੜੂ ਰਾਮ : ਨਹੀਂ ਜੀ ਇਹ ਤਾਂ ਇਨ੍ਹਾਂ ਦੀ ਐਵੇਂ ਹੀ ਆਦਤ ਹੈ ।

ਵਿੱਤ ਮੰਤਰੀ: ਚੇਅਰਮੈਨ ਸਾਹਿਬ, ਮੈਂ ਜਵਾਬ ਤਾਂ ਦੇ ਦਿੱਤਾ ਹੈ ਪਰ ਫਿਰ ਵੀ ਦੱਸਣਾ ਚਾਹ-ਵਾਂਗਾ ਕਾਮਰੇਡ ਸਾਹਿਬ ਨੇ ਸ਼ਿਡਿਊਲਡ ਕਾਸਟਸ ਕਾਰਪੋਰੇਸ਼ਨ ਦੇ ਲੋਨ ਬਾਰੇ ਕਿਹਾ ਹੈ । ਰਿਕਵਰੀ ਵਾਸਤੇ ਜਿਹੜੀ ਸੈਕਸ਼ਨ 67-ਏ ਹੈ ਇਹ ਬੜੀ ਕਲੀਅਰ ਹੈ ਔਰ ਇਹ ਅਕਾਲੀ ਸਰਕਾਰ ਦੀ ਮੇਹਰਬਾਨ ਹੈ । ਅਸੀਂ ਤਾਂ ਉਸ ਵੇਲੇ ਆਪੋਜ਼ੀਸ਼ਨ ਬੈਂਚਿਜ਼ ਤੇ ਹੁੰਦੇ ਸੀ ਪਰ ਅਸੀਂ ਮਹਿਸੂਸ ਕਰਦੇ ਸੀ ਕਿ ਇਹ ਜ਼ਿਮੀਦਾਰਾਂ ਨੂੰ ਪ੍ਰੇਸ਼ਾਨ ਕਰਨ ਲਈ ਹੀ ਕਦਮ ਉਠਾਏ ਹਨ। ਹੁਣ ਵੀ ਉਨ੍ਹਾਂ ਨੇ ਪ੍ਰੇਸ਼ਾਨੀ ਦੀ ਗੱਲ ਕੀਤੀ ਹੈ । ਇਹ ਠੀਕ ਹੈ ਕਿ ਰੁਪਿਆ ਉਸ ਵੇਲੇ ਨਹੀਂ ਸੀ ਪ੍ਰਾਪਤ ਕੀਤਾ ਜਾ ਸਕਦਾ, ਕਿਸੇ ਦੀ ਫਸਲ ਦਾ ਨੁਕਸਾਨ ਹੋ ਗਿਆ, ਜਾਂ ਹੋਰ ਕੋਈ ਨੁਕਸਾਨ ਹੋ ਗਿਆ, ਤਾਂ ਰਿਕਵਰੀ ਮੁਲਤਵੀ ਕਰ ਦਿੱਤੀ ਜਾਂਦੀ ਹੈ ਲੇਕਿਨ ਇਹ ਗੱਲ ਨਹੀਂ ਹੈ ਕਿ ਕਰਜ਼ਾ ਬਿਲਕੁਲ ਹੀ ਮੁਆਫ਼ ਹੋ ਜਾਵੇ । ਲੇਕਿਨ ਅਸੀਂ ਵਿਚਾਰ ਕਰਾਂਗੇ ਤਾਕਿ ਕਿਸੇ ਕਿਸਾਨ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ ।

[ਵਿੱਤ ਮੰਤਰੀ]

ਚੇਅਰਮੈਨ ਸਾਹਿਬ, ਮੇਰੇ ਉਸ ਕਾਮਰੇਡ ਵੀਰ ਨੇ ਤੌਖਲਾ ਪ੍ਰਗਟ ਕੀਤਾ ਹੈ ਸੋਸਾਇਟੀਆਂ ਨੂੰ ਕਲੱਬ ਕਰਨ ਬਾਰੇ । ਪੰਜਾਬ ਸਰਕਾਰ ਇਸ ਤੇ ਬੜੀ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ ਅਤੇ ਯਕੀਨਨ 31 ਮਾਰਚ ਤਕ ਅਸੀਂ ਕਿਸੇ ਫੈਸਲੇ ਤੇ ਪੁੱਜ ਜਾਵਾਂਗੇ । ਅਸੀਂ ਚਾਹਵਾਂਗੇ ਕਿ ਪੰਜਾਬ ਦਾ ਹਰ ਪਿੰਡ ਕਿਸੇ ਨਾ ਕਿਸੇ ਸੋਸਾਇਟੀ ਨਾਲ ਕੁਨੈਕਟ ਹੋਵੇ । ਮੈਂ ਸਮਝਦਾ ਹਾਂ ਕਿ ਜੇਕਰ ਕੋਈ ਚੰਗੀ ਗੱਲ ਨ ਹੋਈ ਤਾਂ ਉਸ ਤੇ ਵਿਚਾਰ ਕਰਾਂਗੇ । ਕਲੱਬਿੰਗ ਕਰਨਾ ਵਾਜਿਬ ਨਹੀਂ ਹੈ, ਪੰਜਾਬ ਸਰਕਾਰ ਇਸ ਤੇ 31 ਮਾਰਚ ਤਕ ਫੈਸਲਾ ਕਰਕੇ ਪੰਜਾਬ ਦੇ ਪਿੰਡਾਂ ਨੂੰ ਜਿਸ ਤਰ੍ਹਾਂ ਠੀਕ ਸਹੂਲਤ ਮਿਲ ਸਕੇ, ਇਸ ਪੁਜ਼ੀਸ਼ਨ ਨੂੰ ਰੀਵਿਯੂ ਕਰੇਗੀ ।

ਸਰਦਾਰ ਦਲੀਪ ਸਿੰਘ ਪਾਂਧੀ: ਰਿਜ਼ਰਵੇਸ਼ਨ ਬਾਰੇ ਵੀ ਦੱਸ ਦਿਓ ।

ਵਿੱਤ ਮੰਤਰੀ: ਮੈਂ ਉਹ ਵੀ ਦੱਸ ਦਿੰਦਾ ਹਾਂ । ਚੇਅਰਮੈਨ ਸਾਹਿਬ, ਹਰੀ ਮਿੱਤਰ ਜੀ ਨੇ ਕੁੱਝ ਵਿਚਾਰ ਪ੍ਰਗਟ ਕੀਤੇ ਹਨ । ਉਨ੍ਹਾਂ ਦੇ ਪਿਤਾ ਸਵਰਗੀਯ ਭਗਤ ਗੁਰਾਂ ਦਾਸ ਜੀ ਨੇ ਬਹੁਤ ਦੇਰ ਐਮ. ਐਲ. ਏ. ਦੇ ਤੌਰ ਤੇ ਆਪਣਾ ਯੋਗਦਾਨ ਦਿੱਤਾ ਸੀ । ਇਕ ਭਗਤ ਗੁਰਾਂ ਦਾਸ ਕਮੇਟੀ ਬਣੀ ਸੀ ਅਤੇ ਉਸ ਨੇ ਕੁੱਝ ਰਿਕੁਮੈਂਡੇਸ਼ਨਜ਼ ਕੀਤੀਆਂ ਸਨ ਅਤੇ ਪੰਜਾਬ ਸਰਕਾਰ ਉਨ੍ਹਾਂ ਰਿਕੁਮੈਂਡੇਸ਼ਨਜ਼ ਤੇ ਅਮਲ ਕਰ ਰਹੀ ਹੈ । ਪਿਛਲੀ ਸਰਕਾਰ ਨੇ ਉਨ੍ਹਾਂ ਸਿਫਾਰਸ਼ਾਂ ਤੇ ਕੋਈ ਅਮਲ ਨਹੀਂ ਸੀ ਕੀਤਾ ਪਰ ਇਹ ਸਰਕਾਰ ਜ਼ਰੂਰ ਅਮਲ ਕਰੇਗੀ । ਪੰਜਾਬ ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਪੰਜਾਬ ਦਾ ਵਿਅਕਤੀ ਗੰਦਗੀ ਆਪਣੇ ਸਿਰ ਤੇ ਚੁੱਕ ਕੇ ਨਾ ਲੈ ਜਾਵੇ । ਅਗਰ ਕੋਈ ਮੇਰੀ ਭੈਣ, ਕੋਈ ਔਰਤ ਆਪਣੇ ਸਿਰ ਤੇ ਗੰਦਗੀ ਉਠਾਉਂਦੀ ਹੈ, ਮਜ਼ਬੂਰ ਹੋ ਕੇ ਇਹ ਕੰਮ ਕਰਦੀ ਹੈ, ਤਾਂ ਪੰਜਾਬ ਦੀ ਸਰਕਾਰ ਦਾ ਸਿਰ ਸ਼ਰਮ ਨਾਲ ਝੁਕਦਾ ਹੈ । ਚੇਅਰਮੈਨ ਸਾਹਿਬ, ਇਕ ਡਰਿੰਕਿੰਗ ਵਾਟਰ ਸੀਵਰੇਜ ਸਕੀਮ ਚੱਲ ਰਹੀ ਹੈ ਜਿਸ ਦੇ ਉਤੇ ਕਰੋੜਾਂ ਰੁਪਏ ਖਰਚ ਹੋ ਰਹੇ ਹਨ, ਵਰਲਡ ਬੈਂਕ ਤੋਂ ਵੀ ਸਹਾਇਤਾ ਲਈ ਗਈ ਹੈ ਅਤੇ ਮੈਨੂੰ ਆਸ ਹੈ ਕਿ ਆਉਣ ਵਾਲੇ ਚਾਰ ਸਾਲਾਂ ਵਿਚ 50% ਸ਼ਹਿਰਾਂ ਵਿਚ ਇਹ ਸਕੀਮ ਲਾਗੂ ਕਰਕੇ ਕਮ-ਅਜ਼-ਕਮ ਉਨ੍ਹਾਂ ਨੂੰ ਤਾਂ ਸਿਰਾਂ ਤੇ ਗੰਦਗੀ ਚੁੱਕਣ ਲਈ ਛੁੱਟੀ ਦਿਵਾ ਦੇਵਾਂਗੇ । ਸਾਡਾ ਪੱਕਾ ਇਰਾਦਾ ਹੈ । ਬਾਕੀ ਸ਼ਹਿਰਾਂ ਵਾਸਤੇ ਪ੍ਰੋਗਰਾਮ ਨੂੰ ਤੇਜ਼ ਕਰਾਂਗੇ । ਉਨ੍ਹਾਂ ਨੇ, ਚੇਅਰਮੈਨ ਸਾਹਿਬ, ਜਜ਼ਬਾਤ ਵਿਚ ਆ ਕੇ ਕੁੱਝ ਗੱਲ ਕਹਿ ਦਿੱਤੀ ਹੈ ਕਿ ਨਾਨ-ਸ਼ੈਡਿਊਲਡ ਕਾਸਟਸ ਸਫਾਈ ਦਾ ਕੰਮ ਕਰਨ ਜਾਂ ਕੁਝ ਹੋਰ ਕੰਮ ਕਰਨ, ਇਸ ਤਰ੍ਹਾਂ ਸ਼ਬਦ ਉਨ੍ਹਾਂ ਨੇ ਜਜ਼ਬਾਤ ਵਿਚ ਆ ਕੇ ਕਹਿ ਦਿੱਤੇ ਹਨ । ਚੇਅਰਮੈਨ ਸਾਹਿਬ, ਮੈਨੂੰ ਇੰਗਲੈਂਡ ਜਾਣ ਦਾ ਮੌਕਾ ਮਿਲਿਆ । ਉਥੇ ਮੈਂ ਵੇਖਿਆ ਕਿ ਹਿੰਦੁਸਤਾਨ ਦੇ ਸ਼ੈਡਿਊਲਡ ਕਾਸਟਸ ਹੀ ਨਹੀਂ ਬਲਕਿ ਨਾਨ-ਸ਼ੈਡਿਊਲਡ ਕਾਸਟਸ ਉਥੇ ਨਾਲੀਆਂ ਵਗੈਰਾ ਦੀ ਸਫਾਈ ਦਾ ਕੰਮ ਕਰਦੇ ਹਨ । ਲੇਕਿਨ ਗੰਦਗੀ ਜਿਹੜੀ ਸਿਰ ਤੇ ਉਠਾਉਣੀ ਹੈ, ਮੈਂ ਸਮਝਦਾ ਹਾਂ ਕਿ ਸਾਡੇ ਲਈ ਬਦਕਿਸਮਤੀ ਦੀ ਗੱਲ ਹੈ । ਜਿਹੜੇ ਗੰਦ ਫੈਲਾਉਂਦੇ ਹਨ ਉਨ੍ਹਾ ਦੁਆਰਾ ਗੰਦ ਸਾਫ ਕਰਨ ਵਾਲਿਆਂ ਨਾਲ ਨਫਰਤ ਕਰਨੀ ਇਹ ਠੀਕ ਨਹੀਂ ਹੈ । ਪੰਜਾਬ ਦੀ ਸਰਕਾਰ, ਹਿੰਦੋਸਤਾਨ ਦੀ ਸਰਕਾਰ ਬਾਲਮੀਕ ਭਰਾਵਾਂ ਦਾ ਪੂਰਾ ਆਦਰ ਕਰਦੀ ਹੈ ਅਤੇ ਉਨ੍ਹਾਂ ਦੀ ਉਨਤੀ ਵਾਸਤੇ ਯਤਨਸ਼ੀਲ ਹੈ । ਰਿਜ਼ਰਵੇਸ਼ਨ ਵਿਚ ਅਗਰ ਕੋਈ ਕਮੀ ਹੈ ਤਾਂ ਵੀ ਅਸੀਂ ਉਸ ਦੀ ਛਾਣਬੀਣ ਕਰਾਕੇ ਪੂਰੀ ਕਰਾਂਗੇ । ਲੇਕਿਨ ਜੇਕਰ ਆਪਸ ਵਿਚ ਹੀ ਹਰੀਜਨਾਂ ਦਾ ਵਿਤਕਰਾ ਹੋਵੇ, ਇਹ ਮੁਨਾਸਿਬ ਨਹੀਂ ਹੈ, ਕਿਹੜੇ ਜ਼ਿਆਦਾ ਪਛੜੇ ਹੋਏ ਹਨ, ਕਿਹੜੇ ਘੱਟ ਪਛੜੇ ਹੋਏ ਹਨ, ਸਾਰਿਆਂ ਨੂੰ ਹੀ ਬਰਾਬਰ ਦੇ ਮੌਕੇ ਹੋਣੇ ਚਾਹੀਦੇ ਹਨ ।

ਚੇਅਰਮੈਨ ਸਾਹਿਬ, ਲੁਧਿਆਣਾ ਲਈ ਗੁਪਤਾ ਜੀ ਨੇ ਅਤੇ ਜਲੰਧਰ ਲਈ ਸੈਣੀ ਸਾਹਿਬ ਨੇ ਗੱਲ ਕੀਤੀ ਹੈ । ਲੈਦਰ ਕਾਰਪੋਰੇਸ਼ਨ ਜਲੰਧਰ ਵਿਚ ਖੋਲ੍ਹੀ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਲੈਦਰ ਕਾਰਪੋ-ਰੇਸ਼ਨ ਵਾਸਤੇ 30 ਲੱਖ **ਰੁਪਿਆ** ਰੱਖਿਆ ਹੈ । ਅਸੀਂ ਇਸ ਕਾਰਪੋਰੇਸ਼ਨ ਦੇ ਕੰਮ ਨੂੰ ਵੀ ਤੇਜ਼

ਕਰਾਂਗੇ ।

ਲੁਧਿਆਣਾ ਵਿਚ ਪੋਲਿਊਸ਼ਨ ਵਾਟਰ ਦੀ ਪ੍ਰਾਬਲਮ ਹੈ । ਗੁਪਤਾ ਜੀ ਨੇ ਕਿਹਾ ਹੈ । ਉਸ ਸ਼ਹਿਰ ਵਿੱਚ ਇੰਡਸਟਰੀ ਵਧ ਰਹੀ ਹੈ ਇਸ ਕਰਕੇ ਹੀ ਮੈਂ ਸਮਝਦਾ ਹਾਂ ਕਿ ਪਾਣੀ ਦੇ ਨਿਕਾਸ ਦਾ ਪ੍ਰਬੰਧ ਠੀਕ ਨਾ ਹੋਵੇ ਤਾਂ ਪੋਲਿਊਸ਼ਨ ਸ਼ੁਰੂ ਹੋ ਜਾਂਦੀ ਹੈ । ਅਸੀਂ ਇਸ ਨੂੰ ਦੂਰ ਕਰਨ ਦਾ ਉਪਰਾਲਾ ਕਰਾਂਗੇ, ਇਸ ਦਾ ਪ੍ਰਬੰਧ ਕਰਾਂਗੇ । ਸੀਵਰੇਜਸ਼ੈਡ ਡਰਿੰਕਿੰਗ ਵਾਟਰ ਸਪਲਾਈ ਸਕੀਮ ਜਾਰੀ ਹੈ ਲੇਕਿਨ ਇਸ ਵੱਲ ਅਸੀਂ ਫਿਰ ਵੀ ਪੂਰਾ ਧਿਆਨ ਦੇ ਕੇ ਪੋਲਿਊਸ਼ਨ ਜ਼ਰੂਰ ਦੂਰ ਕਰਾਂਗੇ ।

ਮੈਂ, ਮਾਨਯੋਗ ਮੈਂਬਰਾਂ ਨੂੰ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਜੋ ਵੀ ਸੁਝਾਓ ਉਨ੍ਹਾਂ ਨੇ ਦਿੱਤੇ ਹਨ, ਕੀਮਤੀ ਰਾਏ ਉਨ੍ਹਾਂ ਨੇ ਦਿੱਤੀ ਹੈ ,ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਔਰ ਉਨ੍ਹਾਂ ਦੇ ਵਿਚਾਰਾਂ ਦੇ ਅਨੁਸਾਰ ਪੰਜਾਬ ਸਰਕਾਰ, ਪੰਜਾਬ ਦੀ ਸੇਵਾ ਕਰਨ ਦਾ ਪੂਰਾ ਪੂਰਾ ਯਤਨ ਕਰੇਗੀ। (ਥੰਪਿੰਗ) ਹੁਣ ਮੈਂ ਬੇਨਤੀ ਕਰਦਾ ਹਾਂ ਕਿ ਇਹ ਬਿਲ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ ।

ਸਰਦਾਰ ਦਲੀਪ ਸਿੰਘ ਪਾਂਧੀ: ਚੇਅਰਮੈਨ ਸਾਹਿਬ, ਮੈਂ ਸ਼ੈਡਿਊਲਡ ਕਾਸਟਸ ਦੇ ਬਾਰੇ ਬੇਨਤੀ ਕੀਤੀ ਸੀ ਕਿ ਸ਼ੈਡਿਊਲਡ ਕਾਸਟਸ ਐਕਟ ਪਾਸ ਕੀਤਾ ਜਾਵੇ । ਦੋ ਕੇਸ ਹੋਰ ਹਨ । ਇਕ ਹੈ ਕਿ 1-1-1980 ਨੂੰ ਇਕ ਸ਼ੈਡਿਊਲਡ ਕਾਸਟ ਕਰਮਚਾਰੀ ਨੂੰ ਸੀਵਰਜ ਬੋਰਡ ਵਿੱਚੋਂ ਟਰਮੀਨੇਟ ਕਰ ਦਿੱਤਾ ਹੈ, ਉਸ ਬਾਰੇ ਵੀ ਦੱਸਣ। ਇਕ ਅਮਲੋਹ ਦੀ ਕਮੇਟੀ ਬਾਰੇ ਮੈਂ ਜ਼ਿਕਰ ਕੀਤਾ ਸੀ, ਉਸ ਦੀ ਐਕਸਟੈਨਸ਼ਨ ਦਾ ਕੇਸ ਹੈ, ਉਸ ਬਾਰੇ ਵੀ ਵਜ਼ੀਰ ਸਾਹਿਬ ਦੱਸਣ ।

ਵਿੱਤ ਮੰਤਰੀ: ਚੇਅਰਮੈਨ ਸਾਹਿਬ, ਜਿੱਥੋਂ ਤੱਕ ਤਾਂ ਰਿਜ਼ਰਵੇਸ਼ਨ ਦੇ ਐਕਟ ਦਾ ਮਾਮਲਾ ਹੈ, ਆਫ ਹੈਂਡ ਤਾਂ ਮੈਂ ਕੁੱਝ ਨਹੀਂ ਕਹਿ ਸਕਦਾ । ਸ਼ਾਇਦ ਅਸੀਂ ਸੈਂਟਰ ਤੋਂ ਬਿਨਾਂ ਨਾ ਬਣਾ ਸਕਦੇ ਹੋਈਏ ਜਿਹੜੇ ਦੂਸਰੇ ਦੋ ਮਸਲੇ ਇਨ੍ਹਾਂ ਦੇ ਹਨ, ਪਾਂਧੀ ਸਾਹਿਬ ਮੇਰੇ ਪਾਸ ਤਸ਼ਰੀਫ ਲੈ ਆਉਣ, ਅਸੀਂ ਵਿਚਾਰ ਕਰ ਲਵਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਦਿੱਤਾ ਜੀ । ਮੈਂ ਦੋ ਕੇਸ ਦੱਸੇ ਹਨ ਜੀ । (ਵਿਘਨ) (ਵਿਤ ਮੰਤਰੀ ਜੀ ਨੂੰ ਸੰਬੋਧਨ ਕਰਦੇ ਹੋਏ) ਕੀ ਤੁਸੀਂ ਉਨ੍ਹਾਂ ਤੇ ਵਿਚਾਰ ਕਰ ਰਹੇ ਹੋ?

ਵਿੱਤ ਮੰਤਰੀ (ਬੈਠੇ ਬੈਠੇ): ਹਾਂ, ਵਿਚਾਰ ਅਧੀਨ ਹਨ ।

ਸਰਦਾਰ ਦਲੀਪ ਸਿੰਘ ਪਾਂਧੀ: ਫਿਰ ਖੜ੍ਹੇ ਹੋ ਕੇ ਕਹਿ ਦਿਓ ।

ਵਿੱਤ ਮੰਤਰੀ : (ਬੈਠੇ ਬੈਠੇ) ਮੈਂ ਕਹਿ ਦਿੱਤਾ ਹੈ ਕਿ ਵਿਚਾਰ ਅਧੀਨ ਹੈ ।

ਸ੍ਰੀ ਗੁਰਦਿਆਲ ਸੈਣੀ: ਚੇਅਰਮੈਨ ਸਾਹਿਬ, ਇਕ ਹੋਰ ਗੱਲ ਹੈ ਜੀ ਕਿ ਜਿਹੜਾ ਹਰੀਜਨਾਂ ਨੂੰ ਲੋਨ ਦਿੱਤਾ ਸੀ ਉਹ ਤਾਂ ਉਨ੍ਹਾਂ ਨੇ ਵਾਪਿਸ ਕਰ ਦਿੱਤਾ ਹੈ । ਉਸ ਦਾ ਸਿੰਪਲ ਇੰਟਰੈਸਟ ਵੀ ਦੇ ਦਿੱਤਾ ਹੈ ਪਰ ਫਿਰ ਵੀ ਉਨ੍ਹਾਂ ਤੇ ਪੀਨਲ ਇੰਟਰੈਸਟ ਲਗਾ ਦਿੱਤਾ ਹੈ, ਉਹ ਵੀ ਮੁਆਫ ਹੋਣਾ ਚਾਹੀਦਾ ਹੈ ।

ਵਿੱਤ ਮੰਤਰੀ: ਇਨ੍ਹਾਂ ਨੇ ਸੁਝਾਓ ਦਿੱਤਾ ਹੈ, ਇਸ ਨੂੰ ਐਗਜ਼ਾਮਿਨ ਕਰਕੇ ਇਸ ਉਤੇ ਵਿਚਾਰ ਕੀਤਾ ਜਾ ਸਕਦਾ ਹੈ ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ: ਚੇਅਰਮੈਨ ਸਾਹਿਬ, ਹੁਣੇ ਹੀ ਪਾਂਧੀ ਸਾਹਿਬ ਨੇ ਜਿਹੜਾ ਰਿਜ਼-

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]
ਰਵੇਸ਼ਨ ਬਾਰੇ ਐਕਟ ਬਣਾਉਣ ਲਈ ਸੁਝਾਅ ਦਿੱਤਾ ਹੈ ਮੈਂ ਉਸ ਸਬੰਧ ਵਿਚ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਦੱਸਦਾ ਹਾਂ ਕਿ ਇਹ ਸਟੇਟ ਸਬਜੈਕਟ ਹੈ ਔਰ ਅੰਡਰ ਆਰਟੀਕਲ 16(4) ਸਟੇਟ ਗੌਰਮਿੰਟ ਤੇ ਕੋਈ ਬੰਦਸ਼ ਨਹੀਂ। ਇਹ ਐਕਟ ਬਣਾਉਣ ਲਈ ਕੋਈ ਬਾਰ ਨਹੀਂ ਹੈ। ਇਸ ਲਈ ਇਨ੍ਹਾਂ ਨੂੰ ਇਸ ਤੇ ਵਿਚਾਰ ਕਰ ਲੈਣੀ ਚਾਹੀਦੀ ਹੈ।

ਵਿੱਤ ਮੰਤਰੀ: ਚੇਅਰਮੈਨ ਸਾਹਿਬ, ਇਸ ਤੇ ਵਿਚਾਰ ਕਰ ਲਵਾਂਗੇ।

ਕਾਮਰੇਡ ਕੁਲਵੰਤ ਸਿੰਘ: ਚੇਅਰਮੈਨ ਸਾਹਿਬ, ਮੈਂ ਇਹ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਹੜੇ ਵੀਕਰ ਸੈਕਸ਼ਨ ਲਈ ਜ਼ਰੂਰੀ ਚੀਜ਼ਾਂ ਦੇਣ ਲਈ ਰਾਸ਼ਨ ਕਾਰਡ ਬਣਾਏ ਗਏ ਹਨ ਇਹ ਸਿਰਫ 30% ਲੋਕਾਂ ਨੂੰ ਮਿਲੇ ਹਨ। ਮੈਂ ਇਹ ਪੁੱਛਦਾ ਹਾਂ ਕਿ ਬਾਕੀ ਲੋਕਾਂ ਨੂੰ ਕਦੋਂ ਤਕ ਇਹ ਰਾਸ਼ਨ ਕਾਰਡ ਦੇ ਦੇਣਗੇ। ਗਰੀਬ ਲੋਕ ਤਾਂ ਬਾਜ਼ਾਰ ਵਿਚ ਦੋ ਰੁਪਏ ਕਿਲੋ ਆਟਾ ਇਸ ਵੇਲੇ ਨਹੀਂ ਲੈ ਸਕਦੇ।

ਵਿੱਤ ਮੰਤਰੀ: ਚੇਅਰਮੈਨ ਸਾਹਿਬ, ਮਾਨਯੋਗ ਮੈਂਬਰ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹਵਾਂਗਾ ਕਿ ਇਹ ਜਿਹੜੇ ਕਾਰਡ ਵੀਕਰ ਸੈਕਸ਼ਨ ਲਈ, ਜਿਨ੍ਹਾਂ ਦੀ ਆਮਦਨ 3,600 ਰੁਪਏ ਤੋਂ ਘੱਟ ਹੈ, ਬਣਾਏ ਸੀ ਇਹ ਕਾਰਡ ਬਹੁਤ ਥੋੜ੍ਹੇ ਬਣੇ ਹਨ। ਪੰਜਾਬ ਸਰਕਾਰ ਇਸ ਲਈ ਦੋਬਾਰਾ ਸੋਚੇਗੀ ਔਰ ਉਨ੍ਹਾਂ ਗਰੀਬ ਲੋਕਾਂ ਨੂੰ ਇਕ ਵਾਰ ਫਿਰ ਇਹ ਮੌਕਾ ਦੇਵੇਗੀ ਤਾਕਿ ਉਹ ਆਪਣੇ ਕਾਰਡ ਬਣਵਾ ਸਕਣ।

Mr. Chairman (Sardar Birdevinder Singh): Question is:—

That the Punjab Appropriation Bill be taken into consideration at once.

The motion was carried.

Mr. Chairman: Now the House will proceed to consider the Bill Clause by Clause.

CLAUSE 2

Mr Chairman: Question is:—

That Clause 2 stand part of the Bill

The motion was carried

CLAUSE 3

Mr. Chairman : Question is:—

That Clause 3 stand part of the Bill.

The motion was carried

THE SCHEDULE

Mr. Chairman : Question is:—

That the Schedule stand part of the Bill.

The motion was carried

CLAUSE 1

Mr. Chairman : Question is—

That Clause 1 stand part of the Bill.

The motion was carried

TITLE

Mr. Chairman : Question is—

That the Title be the title of the Bill.

The motion was carried

Finance Minister (Dr. Kewal Krishan) : Sir, I beg to move—

That the Punjab Appropriation Bill, be passed.

Mr. Chairman : Motion moved—

That the Punjab Appropriation Bill be passed.

Mr. Chairman : Question is—

That the Punjab Appropriation Bill be passed.

The motion was carried.

Mr. Chairman : The House stands adjourned till 2.00 P.M. on Monday, the 2nd February, 1981.

*4.25 P.M. (*The Sabha then adjourned** *till* 2.00 *P.M. on Monday, the 2nd February*, 1981.)

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

2nd February, 1981

Vol. II—No. 10

OFFICIAL REPORT

CONTENTS

Monday, the 2nd February, 1981

Punjab Vidhan Sabha Secretariat, Chandigarh.

Price : Rs. 25-85P.

PUNJAB VIDHAN SABHA

Monday, the 2nd February, 1981

The Vidhan Sabha met in the Punjab Vidhan Sabha Hall, Vidhan Bhavan, Chandigarh at 2.00 P.M of the Clock Mr. Speaker (Shri Brij Bhushan Mehra) in the Chair.

STARRED QUESTIONS AND ANSWERS

STARRED QUESTION NO. 590

Mr. Speaker: Extension has been asked for in respect of Starred Question No. 590.*

Cases of Seizure of opium and Charas in the State.

*356. **Sardar Bir Paul Singh** (Put by Sardar Dalip Singh **Pandhi**)**: Will** the Chief Minister be pleased to state:-

(a) the number of Cases of seizure of opium and Charas, district-wise, in the state and the total weight of each contraband goods so seized during the period from June, 1977 to February, 1980;

(b) the action which the Government propose to take for the total stoppage of dealings in the said contraband goods in the State ?

ਸਰਦਾਰ ਦਰਬਾਰਾ ਸਿੰਘ: (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

(ਅ) ਸਮੱਗਲਿੰਗ ਧੰਦਾ ਦਾ ਕਰਨ ਵਾਲਿਆਂ ਤੇ ਕੜੀ ਨਜ਼ਰ ਰੱਖੀ ਜਾਂਦੀ ਹੈ । ਮੁਕੱਦਮੇ ਦਰਜ ਕਰਕੇ ਪੂਰੀ ਤਫਤੀਸ਼ ਅਤੇ ਹੋਰ ਯੋਗ ਕਾਰਵਾਈ ਕੀਤੀ ਜਾਂਦੀ ਹੈ । ਅਫੀਮ ਦੇ ਮੁਕੱਦਮਿਆਂ ਵਿਚ ਲੋੜੀਂਦੀ ਸੂਚਨਾ ਨਾਰਕੋਟਿਕਸ ਕਮਿਸ਼ਨਰ ਆਫ ਇੰਡੀਆ ਨੂੰ ਭੇਜੀ ਜਾਂਦੀ ਹੈ। ਉਹ ਵੀ ਆਪਣੇ ਪੱਧਰ ਤੇ ਸਮੱਗਲਿੰਗ ਨੂੰ ਰੋਕਣ ਲਈ ਸਹਿਯੋਗ ਦਿੰਦੇ ਹਨ । ਸਮੇਂ ਸਮੇਂ ਅਫੀਮ ਅਤੇ ਚਰਸ ਆਦਿ ਵਸਤੂਆਂ ਸਬੰਧੀ ਸਪੈਸ਼ਲ ਹਫ਼ਤੇ ਅਤੇ ਪੰਦਰਵਾੜੇ ਵੀ ਮਨਾਏ ਜਾਂਦੇ ਹਨ, ਜਿਸ ਨਾਲ ਵੀ ਇਸ ਧੰਦੇ ਨੂੰ ਰੋਕਣ ਵਿਚ ਸਹਾਇਤਾ ਮਿਲਦੀ ਹੈ ਜੀ ।

---

*For Starred Question No. 590 and reply thereto, please see Debate dated 24th February, 1981.

ਸੂਚੀ

ਜ਼ਿਲ੍ਹੇ ਦਾ ਨਾਮ	ਅਫੀਮ ਕੇਸ ਦਰਜ	ਅਫੀਮ ਬਰਾਮਦਗੀ ਕਵਿੰ:	ਕਿਲੋ	ਗ੍ਰਾਮ	ਚਰਸ ਕੇਸ ਦਰਜ	ਚਰਸ ਬਰਾਮਦਗੀ ਕਵਿੰ:	ਕਿਲੋ	ਗ੍ਰਾਮ
1. ਫਰੀਦਕੋਟ ..	2,268	14	65	887	10	00	00	425
2. ਜਲੰਧਰ ..	0,686	04	77	033	625	00	81	084
3. ਗੁਰਦਾਸਪੁਰ ..	0,933	04	74	177	068	00	28	855
4. ਹੁਸ਼ਿਆਰਪੁਰ ..	291	00	83	904	119	00	03	643
5. ਰੋਪੜ ..	0,215	02	73	744	33	00	02	105
6. ਲੁਧਿਆਣਾ ..	2,337	17	97	120	798	00	63	166
7. ਸੰਗਰੂਰ ..	2,850	09	53	839	41	00	06	396
8. ਪਟਿਆਲਾ ..	0,986	15	76	685	48	00	03	340
9. ਬਠਿੰਡਾ ..	1,268	15	66	337	15	00	02	525
10. ਕਪੂਰਥਲਾ ..	0,407	00	93	680	410	00	02	764
11. ਅੰਮ੍ਰਿਤਸਰ ..	1,778	15	34	078	729	01	25	782
12. ਫਿਰੋਜ਼ਪੁਰ ..	1,772	09	97	905	10	01	91	800
ਕੁਲ ਜੋੜ	15,791	112	94	389	2,906	05	11	885

		ਕਵਿੰਟਲ	ਕਿਲੋ	ਗ੍ਰਾਮ
ਕੁੱਲ ਵਜ਼ਨ	ਅਫੀਮ	112	94	389
ਕੁੱਲ ਵਜ਼ਨ	ਚਰਸ	05	11	885

(ਇਸ ਸਮੇਂ ਸਰਦਾਰ ਬੀਰ ਪਾਲ ਸਿੰਘ ਹਾਊਸ ਵਿਚ ਆ ਗਏ)

ਸਰਦਾਰ ਬੀਰ ਪਾਲ ਸਿੰਘ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜੋ ਮੌਜੂਦਾ ਹਾਲਾਤ ਚਲ ਰਹੇ ਹਨ ਇਸ ਹਾਲਾਤ ਵਿਚ ਸਰਕਾਰ ਅਫੀਮ ਦੀ ਸਮੱਗਲਿੰਗ ਨੂੰ ਰੋਕਣ ਲਈ ਸਖਤ ਕਾਰਵਾਈ ਕਰਨ ਲਈ ਤਿਆਰ ਹੈ ਤਾਕਿ ਇਸ ਦੀ ਸਮੱਗਲਿੰਗ ਦੀ ਰੋਕ ਥਾਮ ਹੋ ਸਕੇ ਅਤੇ ਲੋਕਾਂ ਨੂੰ ਇਸ ਬਿਮਾਰੀ ਤੋਂ ਦੂਰ ਰੱਖਿਆ ਜਾ ਸਕੇ ਅਤੇ ਲੋਕਾਂ ਦੀ ਚੰਗੀ ਸਿਹਤ ਹੋ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਰਕਾਰ ਵਕਤਨ ਬਵਕਤਨ ਇਸ ਦੀ ਰੋਕ ਥਾਮ ਕਰਦੀ ਹੈ ਔਰ ਸਰਕਾਰ ਸਪੈਸ਼ਲ ਹਫਤੇ ਅਤੇ ਪੰਦਰਵਾੜੇ ਵੀ ਮਨਾਉਂਦੀ ਹੈ ਤਾਕਿ ਸਮਾਜ ਵਿਚ ਇਸ ਬੁਰਾਈ ਦੀ ਰੋਕ ਥਾਮ ਹੋ ਸਕੇ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਜਿਹੜੀ ਅਫੀਮ ਪਿੱਛੇ 2-3 ਸਾਲ ਹੋਏ ਫੜ੍ਹੀ ਗਈ ਸੀ ਔਰ ਉਸ ਦੇ ਵਿਚ ਪੁਲੀਟੀਕਲ ਬੰਦਿਆਂ ਦਾ ਵੀ ਹੱਥ ਸੀ ਅਤੇ ਉਹ ਸਮੱਗਲਿੰਗ ਕਰਨ ਵਾਲਿਆਂ ਦੇ ਰਾਖੇ ਸਨ । ਕੀ ਉਸ ਕੇਸ ਦੀ ਇਨਕੁਆਇਰੀ ਕੀਤੀ ਗਈ ਸੀ ਔਰ ਸਜ਼ਾਵਾਂ ਦਿੱਤੀਆਂ ਗਈਆਂ ਸਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਜਨਰਲ ਜਿਹਾ ਹੈ । ਅਸੀਂ ਦੇਖ ਲਵਾਂਗੇ ਕਿ ਕਿੰਨੇ ਕੇਸਿਜ਼ ਟ੍ਰੇਸ ਆਉਟ ਕੀਤੇ ਗਏ ਹਨ ਔਰ ਕਿੰਨੇ ਬੰਦਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਹਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁਦਾ ਹਾਂ ਕਿ ਇਹ ਜਿਹੜੀ ਸਰਕਾਰ ਨੇ ਮੁਹਿੰਮ ਚਲਾਈ ਹੋਈ ਹੈ ਇਹ ਇਕ ਅੱਛੀ ਗੱਲ ਹੈ । ਪਰ ਪਿਛੇ ਕੁਝ ਕੇਸਿਜ਼ ਵਿਚ ਗਲਤ ਅਫੀਮ ਪਾਈ ਗਈ ਤਾਕਿ ਲੋਕਾਂ ਨੂੰ ਨਜਾਇਜ਼ ਤੰਗ ਕੀਤਾ ਜਾ ਸਕੇ । ਕੀ ਸਰਕਾਰ ਇਨ੍ਹਾਂ ਚੀਜ਼ਾਂ ਦੀ ਵੇਰੀਫੀਕੇਸ਼ਨ ਕਰਵਾਉਣ ਲਈ ਤਿਆਰ ਹੈ ਤਾਕਿ ਅਫੀਮ ਕਿਸੇ ਤੇ ਗਲਤ ਨਾ ਪਾਈ ਜਾਵੇ । ਜਿਸ ਤਰ੍ਹਾਂ ਫਰੀਦਕੋਟ, ਲੁਧਿਆਣਾ, ਬਠਿੰਡਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਵਿਚ ਕਵਿੰਟਲਾਂ ਦੇ ਵਿਚ ਅਫੀਮ ਫੜੀ ਗਈ ਸੀ। ਕੀ ਸਰਕਾਰ ਇਸ ਫੜੀ ਹੋਈ ਅਫੀਮ ਦਾ ਟੈਸਟ/ਚੈਕ ਕਰਨ ਲਈ 4-5 ਐਮ.ਐਲ. ਏਜ਼ ਦੀ ਕਮੇਟੀ ਬਨਾਉਣ ਲਈ ਤਿਆਰ ਹੈ ਜਾਂ ਫੜੀ ਹੋਈ ਅਫੀਮ ਦੀ ਲਬਾਟਰੀ ਟੈਸਟ ਕਰਵਾਉਣ ਲਈ ਤਿਆਰ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਇਸ ਕੰਮ ਵਿਚ ਜ਼ਿਆਦਾ ਵਾਕਫੀਅਤ ਹੈ ਮੈਂ ਕੋਈ ਜਗ੍ਹਾਂ ਚੁਨਣ ਲਈ ਤਿਆਰ ਹਾਂ ਜਿਥੇ ਅਫੀਮ ਫੜ੍ਹੀ ਗਈ ਹੈ । ਮੈਂਬਰਾਂ ਨੇ ਸਰਕਾਰ ਬਣਾਈ ਹੋਈ ਹੈ ਔਰ ਇਸ ਸਰਕਾਰ ਦੇ ਅਫ਼ਸਰ ਜਿਹੜੇ ਇਹ ਕਹਿਣ ਦੰਗੇ ਹਨ ਉਨ੍ਹਾਂ ਨੂੰ ਲਗਾ ਦੇਵਾਂਗੇ ਤਾਕਿ ਗਲਤ ਅਤੇ ਸਹੀ ਅਫੀਮ ਦਾ ਪਤਾ ਲਗ ਸਕੇ ।

ਜੱਥੇਦਾਰ ਜੀਵਨ ਸਿੰਘ ਉਮਰਾਨੰਗਲ: ਸਪੀਕਰ ਸਾਹਿਬ, ਜਦ ਤੱਕ ਅਫੀਮ ਦੀ ਇਮਪੋਰਟ ਬੰਦ ਨਹੀਂ ਹੁੰਦੀ ਉਤਨੀ ਦੇਰ ਇਹ ਸਮੱਗਲਿੰਗ ਬੰਦ ਨਹੀਂ ਹੋਣੀ । ਪਹਿਲੇ ਇਕ ਠੇਕਾ ਇਕ ਪਿਡ ਵਿਚ ਹੁੰਦਾ ਸੀ ਪਰ ਹੁਣ ਪਿੰਡ ਦੇ ਵਿਚ 10-20 ਨਕਲੀ ਠੇਕੇ ਬਣ ਗਏ ਹਨ । ਜਿਹੜੇ ਅਫੀਮ ਸਪਲਾਈ ਕਰਦੇ ਹਨ ਉਹ ਗੁੜ ਅਤੇ ਜਹਿਰੀਲੀਆਂ ਚੀਜ਼ਾਂ ਮਿਲਾ ਕੇ ਵੇਚਦੇ ਹਨ ਜਿਸ ਦੇ ਨਾਲ ਲੋਕਾਂ ਦੀ ਸਿਹਤ ਖਰਾਬ ਹੁੰਦੀ ਹੈ । ਕੀ ਸਰਕਾਰ ਦੁਬਾਰਾ ਠੇਕੇ ਖੋਲ੍ਹਣ ਲਈ ਤਿਆਰ ਹੈ ਤਾਕਿ ਸਹੀ ਅਫੀਮ ਮਿਲ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਚੰਗੀ ਅਫੀਮ ਦੇ ਠੇਕੇ ਖੋਲ ਦੇਣੇ ਚਾਹੀਦੇ ਹਨ ਤਾਂਕਿ ਮਾੜ੍ਹੀ ਅਫੀਮ ਨਾ ਵਿਕ ਸਕੇ । ਸਰਕਾਰ ਦੀ ਪਾਲਿਸੀ ਹੈ ਇਸ ਦੀ ਰੋਕਥਾਮ ਕਰੀਏ ਔਰ ਸਮਾਜ ਨੂੰ ਦਰੁਸਤ ਕਰੀਏ । ਅਫੀਮ ਇਮਪੋਰਟ ਨਹੀਂ ਹੁੰਦੀ, ਇਸ ਦੀ ਸਮੱਗਲਿੰਗ ਹੁੰਦੀ ਹੈ । ਅਸੀਂ ਇਸ ਨੂੰ ਟੋਟਲੀ ਬੰਦ ਕਰਨ ਦੇ ਪੱਖ ਵਿਚ ਹਾਂ ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਪੰਜਾਬ ਵਿਚ ਅਫੀਮ ਵੇਚਣ ਦਾ ਲਾਇਸੈਂਸ ਕਿਸੇ ਨੂੰ ਨਹੀਂ ਹੈ ਪਰ ਹਿਮਾਚਲ ਅਤੇ ਯੂ.ਪੀ. ਵਿਚ ਲਾਇਸੈਂਸ ਹੈ । ਇਸ ਦੇ ਵਿਚ ਸਰਕਾਰ ਦੇ ਰੈਵੇਨਿਊ ਵਿਚ ਵੀ ਘਾਟਾ ਪੈਂਦਾ ਹੈ । ਆਇਆ ਸਰਕਾਰ ਅਫੀਮ ਵੇਚਣ ਦਾ ਲਾਇਸੈਂਸ ਦੇਣ ਲਈ ਤਿਆਰ ਹੈ ਤਾਂਕਿ ਲੋਕਾਂ ਨੂੰ ਚੰਗੀ ਅਫੀਮ ਮਿਲ ਸਕੇ ?

ਮੁੱਖ ਮੰਤਰੀ. ਸਪੀਕਰ ਸਾਹਿਬ, ਡਾਕਟਰ ਸਾਹਿਬ ਕੋਈ ਮਤਾ ਹਾਊਸ ਵਿਚ ਲੈ ਆਉਣ ਔਰ ਪਾਸ ਕਰਵਾ ਲੈਣ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਹੁਣੇ ਇਹ ਕਿਹਾ ਗਿਆ ਹੈ ਕਿ ਇਧਰ ਵਾਲੇ ਅਫੀਮ ਦੀ ਸਮਗਲਿੰਗ ਕਰਦੇ ਰਹੇ ਹਨ । ਹੁਣ ਦੀ ਸਰਕਾਰ ਵਿਚ ਕੌਣ ਕੌਣ ਚਰਸ ਦੀ ਸਮੱਗਲਿਗ ਕਰ ਰਿਹਾ ਹੈ ਅਤੇ ਪਹਿਲੇ ਕੌਣ ਕਰ ਰਿਹਾ ਸੀ ਕਿਉਂਕਿ ਕੁਵਿੰਟਲਾਂ ਦੇ ਵਿਚ ਅਫੀਮ ਫੜ੍ਹੀ ਗਈ ਹੈ ਇਸ ਦੇ ਪਿੱਛੇ ਕਿਸ ਦਾ ਹੱਥ ਸੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਦੇਖ ਲਵਾਂਗੇ । ਕਿਥੇ ਕਿਥੇ ਫੜੀ ਗਈ ਸੀ । ਇਹ ਪੁਰਾਣੀ ਲੁਕਾਈ ਹੋਈ ਅਫੀਮ ਫੜੀ ਗਈ ਹੈ ।

ਸਰਦਾਰ ਪ੍ਰਕਾਸ਼ ਸਿੰਘ ਮਜੀਠਾ: ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਇਹ ਅਫੀਮ ਦੀ ਸਮੱਗਲਿੰਗ ਕਰਨ ਵਾਲਿਆਂ ਦਾ ਚੈਲੰਜ ਕਬੂਲ ਕਰਨਾ ਚਾਹੀਦਾ ਤਾਕਿ ਪੰਜਾਬ ਦੇ ਨੌਜਵਾਨਾਂ ਦੀ ਸਿਹਤ ਬਰਬਾਦ ਨਾ ਹੋਵੇ । ਇਸ ਨੂੰ ਰੋਕਣ ਲਈ ਸਰਕਾਰ ਨੂੰ ਉਚੇਚੇ ਕਦਮ ਚੁੱਕਣੇ ਚਾਹੀਦੇ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਬੜੀ ਚੰਗੀ ਗੱਲ ਕੀਤੀ ਹੈ । ਜ਼ਰਾ ਅਸੈਂਬਲੀ ਦਾ ਸੈਸ਼ਨ ਬੰਦ ਹੋ ਜਾਣ ਦਿਉ, ਚੀਕਾਂ ਕਢਾ ਦਿਆਂਗਾ ।

ਸ਼੍ਰੀ ਸਪੀਕਰ: ਨੈਕਸਟ ਕੁਐਸਚਨ ।

ਨਿਸ਼ਾਨ ਵਾਲਾ ਸਵਾਲ ਨੰ: 308

ਸਰਦਾਰ ਸੁਖਦੇਵ ਸਿੰਘ ਢੀਂਡਸਾ *308

ਸ਼੍ਰੀ ਸਪੀਕਰ: ਕੀ ਤੁਹਾਡੇ ਕੋਲ ਅਥਾਰਟੀ ਹੈ ?

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਆਨਰੇਬਲ ਮੈਂਬਰਾਂ ਨੂੰ ਪਤਾ ਹੀ ਨਹੀਂ ਕਿ ਮੇਰਾ ਸਵਾਲ ਆਉਣਾ ਹੈ । ਇਸ ਲਈ ਆਨਰੇਬਲ ਮੈਂਬਰਾਂ ਨੂੰ ਪਹਿਲਾਂ ਪਤਾ ਲਗਣਾ ਚਾਹੀਦਾ ਹੈ ਕਿ ਮੇਰਾ ਸਵਾਲ ਆ ਰਿਹਾ ਹੈ । ਮੈਨੂੰ ਹੁਣ ਮਿਲੇ ਹਨ । (ਵਿਘਨ)

ਸ੍ਰੀ ਸਪੀਕਰ: ਇਸ ਬਾਰੇ ਪਤਾ ਕਰਕੇ ਜਵਾਬ ਦੇਵਾਂਗੇ ।

(ਮਾਨਯੋਗ ਸਬੰਧਤ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਾ ਕੀਤਾ ਗਿਆ)

CONSTRUCTION OF A BUILDING FOR PRIMARY HEALTH CENTRE IN VILLAGE NANDPUR

*330 **Sardar Birdevinder Singh:** Will the Minister for Health and Family Welfare be pleased to State:-

(*a*) whether any building for the Primary Health Centre is being constructed at village Nandpur (Kalaur), District Patiala;

(*b*) if the reply to part (a) above be in the affirmative the amount so for spent on the construction of the said building and the period by which it is likely to be completed?

Shri Sardari Lal Kapur :

(a) No Sir.

(b) Question does not arise.

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਨੋ ਸਰ, ਕੁਐਸਚਨ ਡਜ਼ ਨੌਟ ਅਰਾਈਜ਼ । ਇਹ ਜਿਹੜਾ ਪ੍ਰਾਈਮਰੀ ਹੈਲਥ ਸੈਂਟਰ ਖੁਲ੍ਹਣਾ ਹੈ ਹੁਣ ਤੱਕ ਨਾ ਉਸ ਦੀ ਇਮਾਰਤ ਬਣੀ ਹੈ ਨਾ ਸਟਾਫ ਪੂਰਾ ਹੈ, ਨਾ ਇੰਸਟਰੂਮੈਂਟਸ ਹਨ । ਸਰਜੀਕਲ ਇੰਸਟਰੂਮੈਂਟਸ ਨਹੀਂ ਹਨ ਅਤੇ ਨਾਂ ਹੀ ਮੈਡੀਕਲ ਇੰਸਟਰੂਮੈਂਟਸ ਹਨ ਨਾਂ ਕਿੱਟ ਹੈ ਤੇ ਨਾ ਕੋਈ ਉਥੇ ਡਿਲਿਵਰੀ ਹੋਈ ਹੈ, ਨਾ ਕੋਈ ਉਥੇ ਮਾਈਨਰ ਆਪਰੇਸ਼ਨ ਹੋਇਆ ਹੈ । ਸਪੀਕਰ ਸਾਹਿਬ, ਇਕ ਚੀਰਾ ਵੀ ਨਹੀਂ ਦਿਤਾ ਜਾ ਸਕਿਆ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਚੀਜ਼ਾਂ ਕਿਉਂ ਨਹੀਂ ਹਨ ਅਤੇ ਹੁਣ ਕਦੋਂ ਤੱਕ ਸਾਰੀਆਂ ਚੀਜ਼ਾਂ ਕੰਪਲੀਟ ਹੋ ਜਾਣਗੀਆਂ ?

ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਬਾਰੇ ਛੇਵੇਂ ਪਲਾਨ ਵਿਚ ਫੈਸਲਾ ਹੋ ਜਾਵੇਗਾ ਅਤੇ ਪੈਸਾ ਦਿਤਾ ਜਾਵੇਗਾ । ਮੈਂਬਰ ਸਾਹਿਬ ਨੂੰ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਐਡਮਨਿਸਟ੍ਰੇਟਿਵ ਡਿਪਾਰਟਮੈਂਟ ਹੁੰਦਾ ਹੈ, ਉਸ ਦੇ ਕੋਲੋਂ ਇਹ ਕੇਸ ਨਿਕਲਣਾ ਹੁੰਦਾ ਹੈ ਫਿਰ ਇੰਜਨੀਅਰਜ਼ ਨੇ ਉਸਦਾ ਐਸਟੀਮੇਟ ਦੇਣਾ ਹੈ ਅਜੇ ਤਕ ਐਸਟੀਮੇਟ ਨਹੀਂ ਮਿਲਿਆ, ਐਸਟੀਮੇਟ ਮਿਲਣ ਤੋਂ ਬਾਅਦ ਸਪੀਕਰ ਸਾਹਿਬ, ਜਲਦੀ ਟੇਕ ਅਪ ਕਰਾਂਗੇ ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਅਗਲੇ ਪੰਜ ਸਾਲਾ ਪਲਾਨ ਵਿਚ ਕਰਨ ਬਾਰੇ ਦਸਿਆ ਹੈ ਪਰ ਮੇਰੀ ਕੰਸਟੀਚੂਐਂਸੀ ਵਿਚ ਕੋਈ ਪ੍ਰਾਈਮਰੀ ਸੈਂਟਰ ਨਹੀਂ ਹੈ । ਡੇਢ ਸਾਲ ਦਾ ਸਮਾਂ ਬੀਤ ਚੁੱਕਾ ਹੈ ਅਤੇ ਹੁਣ ਵੀ ਪੰਜ ਸਾਲਾਂ ਦਾ ਸਮਾਂ ਮੰਗਦੇ ਹਨ । ਜੇਕਰ ਉਥੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਮਿਲਦੀ ਤਾਂ ਫਿਰ ਉਥੇ ਸੈਂਟਰ ਖੁਲ੍ਹਣ ਦਾ ਕੀ ਫਾਇਦਾ ਹੈ? ਸਟਾਫ ਕੰਪਲੀਟ ਕੀਤਾ ਜਾ ਸਕਦਾ ਹੈ । ਹੋਰ ਚੀਜ਼ਾਂ ਮੁਹਈਆ ਕੀਤੀਆਂ ਜਾ ਸਕਦੀਆਂ ਹਨ । ਕੀ ਇਹ ਸਾਰਾ ਕੁਝ ਪੰਜ ਸਾਲਾਂ ਵਿਚ ਕਰਨਗੇ? ਇਮਾਰਤ ਬਣਾਉਣੀ ਕਦੋਂ ਤਕ ਸ਼ੁਰੂ ਕਰ ਦੇਣਗੇ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਗੌਰਮਿੰਟ ਤੋਂ ਪੈਸਾ ਲੈਣਾ ਹੁੰਦਾ ਹੈ ਔਰ ਪੰਜਾਬ ਗੌਰਮਿੰਟ ਨੇ ਵੀ ਪੈਸਾ ਖਰਚ ਕਰਨਾ ਹੈ । ਉਸ ਤੋਂ ਬਾਅਦ ਰੈਡ ਕਰਾਸ ਵੀ ਪੈਸਾ ਦੇਵੇਗੀ । ਇਸ ਲਈ, ਸਪੀਕਰ ਸਾਹਿਬ, ਸਾਰੀਆਂ ਚੀਜ਼ਾਂ ਕੰਪਲੀਟ ਕਰਾਂਗੇ ਔਰ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਲਾਉਂਦਾ ਹਾਂ ਕਿ ਤੁਹਾਡੀ ਕੰਸਟੀਚੂਐਂਸੀ ਦਾ ਖਿਆਲ ਰੱਖਾਂਗੇ ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਮਾਰਤ, ਸਟਾਫ ਅਤੇ ਇੰਸਟਰੂਮੈਂਟਸ ਇਹ ਤਿੰਨ ਚੀਜ਼ਾਂ ਹਨ, ਉਹ ਕਿਹੜੀ ਤਾਰੀਖ ਤਕ ਪੂਰੀਆਂ ਕਰ ਦਿਉਗੇ । ਕੀ ਕੋਈ ਵੀ ਕੰਮ ਇਸ ਸਾਲ ਪੂਰਾ ਹੋ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਬਿਲਡਿੰਗ ਬਣਾਉਣ ਵਾਸਤੇ 45 ਲੱਖ ਰੁਪਿਆ ਮਨਜ਼ੂਰ ਕੀਤਾ ਗਿਆ ਹੈ । ਇਹ ਰੁਪਿਆ ਹੋਰ ਅਗੇ ਵਧੇਗਾ । ਗੌਰਮਿੰਟ ਆਫ ਇੰਡੀਆ ਨੇ 1981-82 ਲਈ ਇੱਕ ਲੱਖ ਰੁਪਿਆ ਦੇਣਾ ਹੈ ਅਤੇ 3 ਲੱਖ 75 ਹਜ਼ਾਰ ਹੋਰ ਦੇਣਾ ਹੈ । ਪੰਜਾਬ ਗੌਰਮਿੰਟ ਨੇ ਵੀ ਰੁਪਿਆ ਲਾਉਣਾ ਹੈ ਅਤੇ ਇਸ ਤਰ੍ਹਾਂ ਸੈਂਟਰ ਗੌਰਮਿੰਟ ਅਤੇ ਪੰਜਾਬ ਗੌਰਮਿੰਟ ਨੇ ਸ਼ੇਅਰ ਕਰਨਾ ਹੈ । ਸਪੀਕਰ ਸਾਹਿਬ, ਉਥੋਂ ਦੇ ਲੋਕਾਂ ਨੇ ਜ਼ਮੀਨ ਦਿਤੀ ਹੈ ਫਿਰ ਰੈਡ ਕਰਾਸ ਨੇ ਵੀ ਪੈਸਾ ਦੇਣਾ ਹੈ । ਮੈਂ ਸਪੀਕਰ ਸਾਹਿਬ, ਕੋਈ ਝੂਠਾ ਵਾਹਦਾ ਨਹੀਂ ਕਰਦਾ, ਜਿਹੜੀ ਗੱਲ ਸੱਚੀ ਹੋਵੇ, ਉਹੀ ਦਸਦਾ ਹਾਂ । ਮੈਂ ਸਪੀਕਰ ਸਾਹਿਬ, ਮੈਂਬਰ ਸਾਹਿਬ, ਨੂੰ ਯਕੀਨ ਦਿਵਾਉਂਦਾ ਹਾਂ ਕਿ ਸੈਂਟਰ ਗੌਰਮਿੰਟ ਵਲੋਂ ਦੂਜੀ ਕਿਸ਼ਤ ਆ ਰਹੀ ਹੈ ਔਰ ਜਦੋਂ ਵੀ ਕਿਸ਼ਤ ਆ ਗਈ ਤਾਂ ਉਸ ਤੋਂ ਬਾਅਦ ਟੇਕ-ਅਪ ਕਰ ਲਵਾਂਗੇ ।

ਸ੍ਰੀ ਸਪੀਕਰ: ਮੈਂਬਰ ਸਾਹਿਬ ਨੇ ਮੰਤਰੀ ਜੀ ਇਹ ਪੁੱਛਿਆ ਹੈ ਕਿ ਇਸ ਸਾਲ ਕੀ 1982 ਤੱਕ ਕੋਈ ਕੰਮ ਪੂਰਾ ਕਰ ਦਿਉਗੇ?

(ਕੋਈ ਜਵਾਬ ਨਹੀਂ ਆਇਆ)

ਪ੍ਰੋਫੈਸਰ ਬਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਈ.ਐਸ. ਆਈ. ਹਸਪਤਾਲ ਰਾਜਪੁਰੇ ਵਿਖੇ ਬਣਨਾ ਸੀ ਅਤੇ ਉਥੇ ਬਾਰਾਂ ਹਜ਼ਾਰ ਕਾਰਡ ਹਨ । ਉਥੇ ਹਸਪਤਾਲ ਸਰਕਾਰ ਕਦੋਂ ਤਕ ਮੁਕੰਮਲ ਕਰ ਦੇਵੇਗੀ ?

ਮੰਤਰੀ: ਮੈਂਬਰ ਸਾਹਿਬ, ਸਪੀਕਰ ਸਾਹਿਬ, ਇਸ ਬਾਰੇ ਸੈਪਰੇਟ ਕੁਐਸਚਨ ਕਰਨ ਕਿਉਂਕਿ ਇਹ ਕੁਐਸਚਨ ਹੀ ਅਲਹਿਦਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਨੰਦਪੁਰ, ਗਿਆਨੀ ਦਿੱਤ ਸਿੰਘ ਉਘੇ ਸਿੰਘ ਸਭਾ ਬਾਨੀ ਦਾ ਇਤਿਹਾਸਕ ਅਸਥਾਨ ਹੈ । ਉਥੇ ਲੋਕਾਂ ਨੇ ਹਿੰਮਤ ਕਰਕੇ ਜ਼ਮੀਨ ਵੀ ਦਿਤੀ ਕਿ ਉਥੇ ਹੈਲਥ ਸੈਂਟਰ ਬਣ ਜਾਏ । ਦੂਜਾ ਬੱਸੀ, ਰੋਪੜ, ਖਰੜ ਅਤੇ ਫਤਹਿਗੜ੍ਹ ਬਹੁਤ ਦੂਰ ਪੈਂਦੇ ਹਨ । ਇਸ ਲਈ, ਮਨਿਸਟਰ ਸਾਹਿਬ, ਉਥੇ ਹੈਲਥ ਸੈਂਟਰ ਬਣਾਉਣ ਦਾ ਕਦੋਂ ਤਕ ਪ੍ਰਬੰਧ ਕਰਨਗੇ ?

ਸ੍ਰੀ ਸਪੀਕਰ: ਸਰਦਾਰ ਦਲੀਪ ਸਿੰਘ ਪਾਂਧੀ ਜੀ ਇਹ ਸਪਲੀਮੈਂਟਰੀ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਕਰਕੇ ਪੁਛ ਲਿਤੀ ਹੈ ਅਤੇ ਮਨਿਸਟਰ ਸਾਹਿਬ ਨੇ ਜਵਾਬ ਦੇ ਦਿਤਾ ਹੈ । ਨੈਕਸਟ ਕੁਐਸਚਨ *583 ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ।

STARRED QUESTION NO. 583.

Mr. Speaker: Extension has been asked for in respect of starred question No. *583.

ਰਾਜ ਵਿਚ ਪਾਲੀਟੈਕਨਿਕਸ ਵਿਚ ਅਮਲੇ ਦੀ ਭਰਤੀ ਕਰਨ ਦੇ ਤਰੀਕੇ ਨੂੰ ਲਾਗੂ ਕਰਨ ਸਬੰਧੀ ਕੀਤਾ ਗਿਆ ਫੈਸਲਾ ।

*426 **ਕਾਮਰੇਡ ਰਾਜ ਕੁਮਾਰ**: ਕੀ ਮਾਲ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਰਾਜ ਵਿੱਚ ਪਾਲੀਟੈਕਨਿਕਸ ਵਿੱਚ ਮਦਾਨ ਕਮੇਟੀ ਦੀ ਰਿਪੋਰਟ ਤੇ ਅਧਾਰਿਤ ਅਮਲਾ-ਭਰਤੀ ਕਰਨ ਦੇ ਤਰੀਕੇ ਨੂੰ ਲਾਗੂ ਕਰਨ ਸਬੰਧੀ, ਸਰਕਾਰ ਨੇ ਮਾਰਚ, 1979, ਵਿੱਚ ਕੋਈ ਫੈਸਲਾ ਕੀਤਾ ਸੀ, ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ: ਇਸ ਮਾਮਲੇ ਨੂੰ ਉਸ ਵੇਲੇ ਦੇ ਤਕਨੀਕੀ ਸਿਖਿਆ ਦੇ ਮੰਤਰੀ ਦੀ ਪਰਧਾਨਗੀ ਹੇਠ 6 ਮਾਰਚ, 1979 ਨੂੰ ਹੋਈ ਮੀਟਿਗ ਵਿੱਚ ਵਿਚਾਰਿਆ ਗਿਆ ਸੀ ਅਤੇ ਫੈਸਲਾ ਕੀਤਾ ਗਿਆ ਸੀ ਕਿ ਵਿੱਤ ਵਿਭਾਗ ਦੀ ਸਹਿਮਤੀ ਨਾਲ ਰਾਜ ਦੇ ਪਾਲੀਟੈਕਨਿਕਸ ਵਿੱਚ ਮਦਾਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇ ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਮਿਤੀ 6 ਮਾਰਚ, 1979 ਵਿਚ ਫੈਸਲਾ ਹੋਇਆ ਸੀ ਕੀ ਉਸ ਫੈਸਲੇ ਦੇ ਮੁਤਾਬਿਕ ਹੁਣ ਤੱਕ ਕੋਈ ਕੰਮ ਹੋਇਆ ਹੈ?

ਮਾਲ ਮੰਤਰੀ(ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਮਿਤੀ 6 ਮਾਰਚ, 1979 ਵਿਚ ਫੈਸਲਾ ਹੋਇਆ ਸੀ । ਸਪੀਕਰ ਸਾਹਿਬ, ਉਹ ਸਰਕਾਰ ਟੁੱਟ ਗਈ ਅਤੇ ਹੁਣ ਨਵੀਂ ਸਰਕਾਰ ਦੇ ਕੁਝ ਗੱਲਾਂ ਵਿਚਾਰ ਕਰਨ ਵਾਲੀਆਂ ਹਨ ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ 6 ਮਾਰਚ, 1979 ਵਿਚ ਫੈਸਲਾ ਹੋ ਗਿਆ ਸੀ ਤਾਂ ਉਸ ਨੂੰ ਹੁਣ ਤਕ ਲਾਗੂ ਕਿਉਂ ਨਹੀਂ ਕੀਤਾ ਗਿਆ ਔਰ ਜੇਕਰ ਫੈਸਲਾ ਲਾਗੂ ਕੀਤਾ ਗਿਆ ਹੈ ਤਾਂ ਉਹ ਕੀ ਹੈ?

ਮੰਤਰੀ: ਸਪੀਕਰ ਸਾਹਿਬ, ਪਾਲੀਟੈਕਨਿਕਸ ਵਿੱਚ 95% ਸਰਕਾਰ ਦਿੰਦੀ ਹੈ ਅਤੇ ਬਾਕੀ 5% ਉਹ ਦਿੰਦੇ ਹਨ । ਸਪੀਕਰ ਸਾਹਿਬ, ਅਸੀਂ ਸਿਫਾਰਸ਼ਾਂ ਸਟੱਡੀ ਕਰ ਰਹੇ ਹਾਂ ਔਰ ਪਾਲੀਟੈਕਨਿਕਸ ਵਿਚ ਕੁਝ ਨਵੀਆਂ ਤਰਮੀਮਾਂ ਕਰਨ ਦੀ ਲੋੜ ਹੈ, ਜਿਸ ਨੂੰ ਅਸੀਂ ਚੰਗੀ ਤਰ੍ਹਾਂ ਸਟੱਡੀ ਕਰ ਰਹੇ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਦਾਨ ਕਮੇਟੀ ਦੀਆਂ ਜਿਹੜੀਆਂ ਸਿਫਾਰਸ਼ਾਂ ਹਨ, ਉਹ ਕੀ ਹਨ ਤਾਂਕਿ ਹਾਊਸ ਨੂੰ ਉਨ੍ਹਾਂ ਸਿਫਾਰਸ਼ਾਂ ਦਾ ਪਤਾ ਲਗ ਸਕੇ ਅਤੇ ਉਹ ਕਦੋਂ ਤਕ ਲਾਗੂ ਕਰ ਦਿਤੀਆਂ ਜਾਣਗੀਆਂ?

ਮੰਤਰੀ: ਸਪੀਕਰ ਸਾਹਿਬ, ਮੈਂ ਪੂਰਾ ਨਹੀਂ ਕਹਿ ਸਕਦਾ ਕਿ ਉਹ ਸਿਫਾਰਸ਼ਾਂ ਕਦੋਂ ਤਕ ਲਾਗੂ ਹੋ ਜਾਣਗੀਆਂ । ਮਦਾਨ ਕਮੇਟੀ ਦੀਆਂ ਸਿਫਾਰਸ਼ਾਂ ਕੁਝ ਸਟਾਫ ਬਾਰੇ ਸਨ ਅਤੇ ਵਰਕਿੰਗ ਆਵਰਜ਼ ਦੇ ਬਾਰੇ ਵੀ ਸੀ । ਕੁਝ ਚੀਜ਼ਾਂ ਸਟੱਡੀ ਹੋਣ ਵਾਲੀਆਂ ਹਨ । (ਵਿਘਨ)

*For Starred Question No. 583 and reply thereto, please see debate dated 24th February, 1981.

STARRED QUESTION NO. 594

Mr. Speaker: Extension has been asked for in respect of starred question No. 594.*

MEMORANDUM RECIEVED FROM GENERAL SECRETARY PUNJAB SHELLERS WORKERS UNION, MOGA

*433 (1) **Com. Raj Kumar.**

(2) Com. Baldev Singh Loomba: Will the Minister for Welfare be pleased to state whether he received a memorandum dated 25th July, 1980 from the General Secretary, Punjab Shellers Workers Union, Moga, regarding implementation of labour Laws in Rice Mills of the State; if so, the details thereof and the action so far taken thereon ?

ਚੌਧਰੀ ਜਗਤ ਰਾਮ: ਹਾਂ ਜੀ। ਮੈਮੋਰੰਡਮ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਰਾਜ ਦੀਆਂ ਸਾਰੀਆਂ ਰਾਈਸ ਮਿਲਾਂ ਵਿਚ ਵੱਖ ਵੱਖ ਕਿਰਤ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਨਾਉਣ ਅਤੇ ਨਿਰੀਖਣ ਕਰਨ ਲਈ ਖੇਤਰੀ ਅਮਲੇ ਦੀਆਂ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਪੰਜਾਬ ਸ਼ੈਲਰਜ਼ ਵਰਕਰਜ਼ ਯੂਨੀਅਨ

ਹੈਡ ਆਫਿਸ ਮੋਗਾ ਰਜਿ. ਨੰ: 88 ਮਿਤੀ 25-7-80

ਸੇਵਾ ਵਿਖੇ

ਕਿਰਤ ਕਮਿਸ਼ਨਰ, ਪੰਜਾਬ ਸਰਕਾਰ
ਚੰਡੀਗੜ੍ਹ।

ਵਿਸ਼ਾ- ਰਾਈਸ਼ ਮਿਲਾਂ ਤੇ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਬਾਰੇ।

ਸ੍ਰੀ ਮਾਨ ਜੀਓ

ਬੇਨਤੀ ਹੈ ਕਿ ਪੰਜਾਬ ਰਾਜ ਵਿਚ ਰਾਈਸ ਮਿੱਲਾਂ ਵਿਚ ਹਜ਼ਾਰਾਂ ਵਰਕਰ ਕੰਮ ਕਰਦੇ ਹਨ, ਆਮ ਤੌਰ ਤੇ ਇਹ ਮਿੱਲਾਂ ਸੀਜ਼ਨਲ ਤੌਰ ਤੇ ਚਲਦੀਆਂ ਸਮਝੀਆਂ ਜਾਂਦੀਆਂ ਹਨ। ਪ੍ਰੰਤੂ ਇਹ ਮਿੱਲਾਂ ਪੂਰਾ ਸਾਲ ਚਲਦੀਆਂ ਹਨ।

ਇਹਨਾਂ ਮਿੱਲਾਂ ਵਿਚ ਕਿਰਤ ਕਾਨੂੰਨਾਂ ਦੀ ਉਕਾ ਹੀ ਪਾਲਣਾ ਨਹੀਂ ਹੁੰਦੀ। ਕਿਰਤੀਆਂ ਦੀਆਂ ਹਾਜ਼ਰੀ ਰਜਿਸਟਰ ਵਿਚ ਹਾਜ਼ਰੀਆਂ ਵੀ ਨਹੀਂ ਲਾਈਆਂ ਜਾਂਦੀਆਂ। ਫੈਕਟਰੀਜ਼ ਐਕਟ, 1948 ਅਧੀਨ ਕਿਸੇ ਵੀ ਕਿਰਤੀ ਨੂੰ ਕਮਾਈ ਛੁੱਟੀ ਨਹੀਂ ਮਿਲਦੀ। ਬੀਮਾਰੀ, ਤਿਉਹਾਰੀ ਅਤੇ ਇਤਫਾਕੀਆ ਛੁਟੀਆਂ ਨਹੀਂ ਦਿੱਤੀਆਂ ਜਾਂਦੀਆਂ। ਬੋਨਸ ਕਾਨੂੰਨ ਦੀ ਪਾਲਣਾ ਨਹੀਂ ਹੁੰਦੀ। ਕਿਰਤੀਆਂ ਨੂੰ ਹਾਜ਼ਰੀ ਕਾਰਡ ਨਹੀਂ ਦਿੱਤੇ ਜਾਂਦੇ। ਕਿਰਤੀਆਂ ਦੀ ਸੇਵਾ ਸੁਰਖਿਆ ਨਹੀਂ ਹੈ।

---

*For Starred Question No. 594 and reply thereto, please see Debate, dated 24th February, 1981.

ਮਿਤੀ 28 ਦਸੰਬਰ, 79, 18 ਅਪ੍ਰੈਲ, 80 ਨੂੰ ਅਸੀਂ ਤੁਹਾਨੂੰ ਪਹਿਲਾਂ ਵੀ ਇਹ ਸ਼ਿਕਾਇਤ ਕਰ ਚੁੱਕੇ ਹਾਂ । ਪ੍ਰੰਤੂ ਹੁਣ ਤਕ ਕਿਸੇ ਵੀ ਰਾਈਸ ਮਿਲ ਵਿਚ ਕਿਰਤ ਕਾਨੂੰਨਾਂ ਦੀ ਪਾਲਣਾ ਨਹੀਂ ਹੋਈ ।

ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਪੰਜਾਬ ਸਰਕਾਰ ਦੇ ਸਮੂਹ ਕਿਰਤ ਇੰਸਪੈਕਟਰਾਂ ਅਤੇ ਫੈਕਟਰੀ ਇੰਸਪੈਕਟਰਾਂ, ਕਿਰਤ ਅਤੇ ਸੁਲਾਹ ਆਫ਼ੀਸਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕਿਰਤ ਕਾਨੂੰਨਾਂ ਦੀ ਰਾਈਸ ਮਿਲਾਂ ਵਿਚ ਪਾਲਣਾ ਕਰਵਾਉਣ । ਜੇਕਰ 15 ਅਗੱਸਤ ਤਕ ਕਿਰਤ ਕਾਨੂੰਨਾਂ ਦੀ ਪਾਲਨਾ ਨਾ ਕਰਵਾਈ ਗਈ ਤਾਂ ਯੂਨੀਅਨ ਨੂੰ ਮਜਬੂਰ ਹੋ ਕੇ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ ਜਿਸ ਦੀ ਕੁੱਲ ਜ਼ਿਮੇਵਾਰੀ ਆਪ ਜੀ ਤੇ ਹੋਵੇਗੀ ।

ਧੰਨਵਾਦੀ ਹੋਵਾਂਗੇ ।

ਨਿਵੇਦਕ,
(ਦਸਖ਼ਤ (ਉਰਦੂ ਵਿਚ)
ਜਨਰਲ ਸਕੱਤਰ ।

ਇਸ ਦਾ ਇਕ ਉਤਾਰਾ ਹੇਠ ਲਿਖੇ ਅਨੁਸਾਰ ਬਾਬਤ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਮੁੱਖ ਮੰਤਰੀ' ਪੰਜਾਬ ਸਰਕਾਰ, ਚੰਡੀਗੜ੍ਹ ।
2. ਕਿਰਤ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ ।
3. ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ ।
4. ਪੰਜਾਬ ਸਟੇਟ ਕਮੇਟੀ ਏਟਕ, 345, ਸੈਕਟਰ 21-ਏ 'ਚੰਡੀਗੜ੍ਹ ।
5. ਕਾਮਰੇਡ ਰਾਜ ਕੁਮਾਰ, ਐਮ' ਐਲ. ਏ. ਪੰਜਾਬ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਮਨਿਸਟਰ ਸਾਹਿਬ ਨੇ ਜਵਾਬ ਦਿੰਦਿਆਂ ਹੋਇਆਂ ਅਖੀਰਲੀ ਲਾਈਨ ਵਿਚ ਕਿਹਾ ਹੈ ਕਿ "ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ।", ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਦਾਇਤਾਂ ਕਦੋਂ ਤੋਂ ਜਾਰੀ ਕੀਤੀਆਂ ਹਨ?

ਮੰਤਰੀ: ਇਹ ਮੈਮੋਰੰਡਮ 25 ਜੁਲਾਈ, 1980 ਨੂੰ ਮਿਲਿਆ ਸੀ ਔਰ ਮਿਤੀ 3 ਸਤੰਬਰ, 1980 ਨੂੰ ਇਹ ਹਦਾਇਤਾਂ ਜਾਰੀ ਕਰ ਦਿੱਤੀਆ ਗਈਆਂ ਸਨ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਇਹ ਹਦਾਇਤਾਂ ਜਾਰੀ ਕੀਤਿਆਂ ਚਾਰ ਮਹੀਨਿਆਂ ਦੇ ਲਗਭਗ ਹੋ ਗਏ ਹਨ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਧਿਆਨ ਵਿਚ ਇਹੋ ਜਿਹਾ ਕੋਈ ਮਾਮਲਾ ਹੈ ਜਿਥੇ ਕਿ ਇਹ ਕਾਨੂੰਨ ਲਾਗੂ ਨਾ ਹੋਇਆ ਹੋਵੇ ?

ਮੰਤਰੀ: ਇਸ ਤੋਂ ਬਾਅਦ ਕੋਈ ਸ਼ਿਕਾਇਤ ਨਹੀਂ ਆਈ ।

ਮਾਸਟਰ ਬਾਬੂ ਸਿੰਘ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਜਨਰਲ ਸਕੱਤਰ, ਪੰਜਾਬ ਸ਼ੈਲਰਜ਼ ਵਰਕਰਜ਼ ਯੂਨੀਅਨ, ਮੋਗਾ ਤੋਂ ਮੈਮੋਰੰਡਮ ਦਿੱਤਾ ਗਿਆ ਹੈ, ਕੀ ਇਸ ਬਾਰੇ ਸਪੈਸ਼ਲ ਪੜਤਾਲ ਕਰਾਕੇ, ਇਨ੍ਹਾਂ ਨੂੰ ਕੋਈ ਰਾਹਤ ਦਿੱਤੀ ਗਈ ਹੈ? ਕੀ ਇਹ ਹਦਾਇਤਾਂ ਸਾਰੇ ਸ਼ੈਲਰਜ਼ ਤੇ ਯੂਨੀਫਾਰਮ ਲਾਗੂ ਹੋਣਗੀਆਂ ?

ਮੰਤਰੀ: ਸਰਦਾਰ ਮਿਹਰ ਸਿੰਘ ਵਲੋਂ ਮੈਮੋਰੰਡਮ ਆਇਆ ਸੀ । ਉਨ੍ਹਾਂ ਵਲੋਂ ਦਿੱਤੇ ਐਡਰੈਸ ਤੇ ਹਦਾਇਤਾਂ ਦੀ ਕਾਪੀ ਉਨ੍ਹਾਂ ਨੂੰ ਭੇਜੀ ਗਈ, ਜੋ ਕਿ ਅਨਡਿਲਿਵਰਡ ਵਾਪਸ ਆ ਗਈ ।

ਕਾਮਰੇਡ ਰਾਜ ਕੁਮਾਰ: ਮੈਮੋਰੰਡਮ ਬੜੀ ਤਫਸੀਲ ਨਾਲ ਯੂਨੀਅਨ ਨੇ ਦਿੱਤਾ ਸੀ ਕਿ ਇਹ ਉਲੰਘਣਾ ਹੋਈ ਹੈ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਕੋਈ ਟਾਈਮ ਬਾਊਂਡ ਰਿਪੋਰਟ ਕਿਰਤ ਅਫਸਰ ਰਾਹੀਂ ਇਸ ਸ਼ਿਕਾਇਤ ਸਬੰਧੀ ਮੰਗਵਾਉਣਗੇ ਤਾਕਿ ਇਹ ਮਾਮਲਾ ਇਕ ਡੇਢ ਮਹੀਨੇ ਵਿਚ ਤੈਅ ਹੋ ਜਾਏ ?

ਮੰਤਰੀ: ਉਸ ਦੇ ਮੁਤਾਬਿਕ ਹੀ ਇਹ ਹਦਾਇਤਾਂ ਜਾਰੀ ਕੀਤੀਆਂ ਸਨ । ਜਿਸ ਸਜਣ ਵਲੋਂ ਮੈਮੋਰੰਡਮ ਆਇਆ ਸੀ, ਉਸ ਵਲੋਂ ਮੁੜ ਕੇ ਤਾਂ ਕੋਈ ਚੀਜ਼ ਆਈ ਨਹੀਂ ਹੈ । ਪਤਾ ਕਰ ਲਵਾਂਗੇ ।

ਪ੍ਰੋਫੈਸਰ ਬਲਵੰਤ ਸਿੰਘ: ਕੀ ਐਸੀ ਕੋਈ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਹੈ ਜਿਥੇ ਕਿ ਇਸ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੋਵੇ ਅੋਰ ਸਬੰਧਤ ਬੰਦਿਆਂ ਦਾ ਚਾਲਾਨ ਕੀਤਾ ਗਿਆ ਹੋਵੇ, ਵਾਰਨਿੰਗ ਦਿੱਤੀ ਗਈ ਹੋਵੇ ਜਾਂ ਨੋਟਿਸ ਦਿੱਤਾ ਗਿਆ ਹੋਵੇ?

ਮੰਤਰੀ: ਜੇਕਰ ਆਨਰੇਬਲ ਮੈਂਬਰ ਸਾਹਿਬ ਕੋਈ ਸਪੈਸੇਫਿਕ ਚੀਜ਼ ਮੇਰੇ ਨੋਟਿਸ ਵਿਚ ਲਿਆਉਣਗੇ ਤਾਂ ਮੈਂ ਦੇਖ ਲਵਾਂਗਾ ।

ਪ੍ਰੋਫੈਸਰ ਬਲਵੰਤ ਸਿੰਘ: ਕੀ ਕਿਸੇ ਸ਼ੈਲਰ ਵਿਚ ਬੋਨਸ ਦਿੱਤਾ ਜਾਂਦਾ ਹੈ ਜਿਥੇ ਕਿ 24 ਘੰਟੇ ਕੰਮ ਹੁੰਦਾ ਹੈ ?

(ਕੋਈ ਉਤਰ ਨਹੀਂ ਆਇਆ)

ਰਾਜ ਵਿਚ ਪ੍ਰਿੰਸੀਪਲਾਂ ਤੋਂ ਬਗੈਰ ਸਰਕਾਰੀ ਕਾਲਜ

*465. **ਕਾਮਰੇਡ ਬਲਦੇਵ ਸਿੰਘ ਲੂੰਬਾ:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਕੁਝ ਸਰਕਾਰੀ ਕਾਲਜ ਪ੍ਰਿੰਸੀਪਲਾਂ ਤੋਂ ਬਗੈਰ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਬੇਅੰਤ ਸਿੰਘ (ਮਾਲ ਮੰਤਰੀ) ਹਾਂ ਜੀ, 10 ਕਾਲਜਾਂ ਦੇ ਨਾਂ ਸਟੇਟਮੈਂਟ ਵਿਚ ਦਿੱਤੇ ਹੋਏ ਹਨ। ਸਿਧੀ ਭਰਤੀ ਵਾਲੇ ਉਮੀਦਵਾਰ ਨਿਯੁਕਤ ਕੀਤੇ ਜਾ ਰਹੇ ਹਨ ਅਤੇ ਜਿਥੋਂ ਤੀਕ ਤਰੱਕੀਆਂ ਰਾਹੀਂ ਭਰਤੀ ਕਰਨ ਦਾ ਸਬੰਧ ਹੈ, ਮਾਮਲਾ ਅਦਾਲਤੀ ਕਾਰਵਾਈ ਅਧੀਨ ਹੈ ।

ਸਟੇਟਮੈਂਟ

ਅਜਿਹੇ ਸਰਕਾਰੀ ਕਾਲਜਾਂ ਦੇ ਨਾਂ ਜਿਨ੍ਹਾਂ ਵਿਚ ਪ੍ਰਿੰਸੀਪਲ ਨਹੀਂ ਹਨ ।

1. ਐਸ.ਐਲ. ਸਰਕਾਰੀ ਕਾਲਜ ਫਾਰ ਵਿਮੈਨ, ਅੰਮ੍ਰਿਤਸਰ ।
2. ਸਰਕਾਰੀ ਕੀਰਤੀ ਕਾਲਜ, ਨਿਆਲ ਪਾਤੜਾਂ (ਪਟਿਆਲਾ)
3. ਸਰਕਾਰੀ ਕਾਲਜ, ਮਲੇਰਕੋਟਲਾ ।
4. ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ ।

5. ਜੇ.ਐਲ. ਐਮ. ਐਨ. ਸਰਕਾਰੀ ਕਾਲਜ, ਇਸਤਰੀਆਂ, ਮੰਡੀ ਗੋਬਿੰਦਗੜ੍ਹ ।
6. ਸਰਕਾਰੀ ਕਾਲਜ, ਅਜਨਾਲਾ ।
7. ਐਸ.ਜੀ. ਏ. ਡੀ. ਸਰਕਾਰੀ ਕਾਲਜ ਤਰਨ-ਤਾਰਨ ।
8. ਜੀ. ਟੀ. ਬੀ. ਸਰਕਾਰੀ ਕਾਲਜ, ਸਠਿਆਲਾ ।
9. ਸਰਕਾਰੀ ਕਾਲਜ, ਪੱਟੀ ।
10. ਸਰਕਾਰੀ ਕਾਲਜ, ਰੋਪੜ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਇਹ ਜਿਹੜੀ ਲਿਸਟ ਮੰਤਰੀ ਜੀ ਵਲੋਂ ਦਿੱਤੀ ਗਈ ਹੈ ਕਾਲਜਾਂ ਦੀ, ਇਸ ਵਿਚ ਜ਼ਿਆਦਾ ਪੇਂਡੂ ਕਾਲਜਿਜ਼ ਹਨ ਔਰ ਇੱਕ ਅੱਧਾ ਭਾਵੇਂ ਕੋਈ ਸ਼ਹਿਰ ਦਾ ਕਾਲਜ ਹੋਵੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕਾਰਣ ਹਨ ਕਿ ਪਿੰਡਾਂ ਵਿਚ ਪ੍ਰਿੰਸੀਪਲਜ਼ ਨਹੀਂ ਜਾਂਦੇ ? ਕੀ ਕਾਰਣ ਹੈ ਕਿ ਪਿੰਡਾਂ ਵਿਚ ਕੋਈ ਪ੍ਰਿੰਸੀਪਲ ਲਗਣ ਨੂੰ ਤਿਆਰ ਨਹੀਂ ਹੈ? ਇਹ ਰੀਜ਼ਨ ਹੁੰਦੇ ਹੋਏ ਕਿ ਪਿੰਡਾਂ ਵਿਚ ਕੋਈ ਬਤੌਰ ਪ੍ਰਿੰਸੀਪਲ ਦੇ ਵੀ ਜਾਣ ਨੂੰ ਤਿਆਰ ਨਹੀਂ ਹੈ, ਕੀ ਇਹ ਕੋਈ ਉਨ੍ਹਾਂ ਨੂੰ ਵੱਧ ਰਿਆਇਤਾਂ ਦੇਣ ਨੂੰ ਤਿਆਰ ਹਨ ਤਾਂਕਿ ਪੇਂਡੂ ਮੁੰਡਿਆਂ ਦਾ ਜੀਵਨ ਬਰਬਾਦ ਨਾ ਹੋਵੇ ਔਰ ਪ੍ਰਿੰਸੀਪਲ ਉਥੇ ਜਾਕੇ ਪੜ੍ਹਾਵੇ ਔਰ ਉਸ ਕਾਲਜ ਦੀ ਐਡਮਨਿਸਟ੍ਰੇਸ਼ਨ ਵੀ ਚੰਗੀ ਤਰ੍ਹਾਂ ਨਾਲ ਚਲ ਸਕੇ ?

ਮਾਲ ਮੰਤਰੀ: ਪਿੰਡਾਂ ਵਿਚ ਜਾਣ ਲਈ ਪ੍ਰਿੰਸੀਪਲਜ਼ ਆਪਣੀ ਸਵੀਟ-ਵਿਲ ਨਹੀਂ ਵਰਤ ਸਕਦੇ । ਜਿਸ ਨੂੰ ਉਥੇ ਲਗਾਇਆ ਜਾਂਦਾ ਹੈ ਉਸ ਨੂੰ ਉਥੇ ਜਾਣਾ ਪੈਂਦਾ ਹੈ । ਕੁਝ ਪ੍ਰਿੰਸੀਪਲਜ਼ ਡਾਇਰੈਕਟ ਲੱਗੇ ਹਨ । ਕੁਝ ਪ੍ਰੋਮੋਸ਼ਨਜ਼ ਕਰਕੇ ਭੇਜਣੇ ਸੀ, ਪਰ ਕਿਉਂਕਿ ਕੁਝ ਬੰਦੇ ਕੋਰਟ ਵਿਚ ਚਲੇ ਗਏ ਹਨ, ਇਸ ਲਈ ਉਹ ਨਹੀਂ ਹੋ ਸਕੀਆਂ। ਉਥੇ ਐਕਟਿੰਗ ਪ੍ਰਿੰਸੀਪਲਜ਼ ਕੰਮ ਕਰ ਰਹੇ ਹਨ ਔਰ ਉਹ ਜ਼ਿਆਦਾ ਤਕੜੇ ਹੋ ਕੇ ਕੰਮ ਕਰ ਰਹੇ ਹਨ ।

ਸਰਦਾਰ ਦਲੀਪ ਸਿੰਘ ਪਾਂਧੀ: ਜੇ.ਐਲ.ਐਮ.ਐਨ.ਗੌਰਮਿੰਟ ਕਾਲਜ ਫਾਰ ਵੂਮੈਨ,ਮੰਡੀ ਗੋਬਿੰਦਗੜ੍ਹ ਇਸ ਕਾਲਜ ਦਾ ਨਾਂ ਵੀ ਉਨ੍ਹਾਂ ਦਸਾਂ ਕਾਲਜਾਂ ਵਿਚ ਹੈ, ਜਿਨ੍ਹਾਂ ਬਾਰੇ ਮੰਤਰੀ ਜੀ ਨੇ ਆਪਣੇ ਜਵਾਬ ਵਿਚ ਦੱਸਿਆ ਹੈ । ਇਹ ਨੈਸ਼ਨਲ ਲੀਡਰ ਦੇ ਨਾਂ ਤੇ ਕਾਲਜ ਹੈ, ਪਰ ਇਥੇ ਵੀ ਕੋਈ ਪ੍ਰਿੰਸੀਪਲ ਨਹੀਂ ਲਗਿਆ ਹੋਇਆ, ਜਿਸ ਨਾਲ ਕਿ ਉਥੇ ਬੜੀ ਦਿੱਕਤ ਪੇਸ਼ ਆ ਰਹੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪ੍ਰੋਮੋਸ਼ਨਜ਼ ਕਰਨ ਵਿਚ ਸਰਕਾਰ ਨੂੰ ਕੀ ਦਿੱਕਤ ਹੈ ? ਉਥੇ ਵਾਇਸ ਪ੍ਰਿੰਸੀਪਲ ਹੀ ਕੰਮ ਕਰੀ ਜਾਣ, ਇਹ ਕੋਈ ਜਸਟੀਫਿਕੇਸ਼ਨ ਨਹੀਂ ਹੈ । ਇਸ ਚੀਜ਼ ਨੂੰ ਮੱਦੇ-ਨਜ਼ਰ ਰਖਦੇ ਹੋਏ ਕਿ ਉਥੇ ਕਾਲਜ ਵਿਚ ਪੜ੍ਹਾਈ ਦਾ ਕਾਫੀ ਨੁਕਸਾਨ ਹੋ ਰਿਹਾ ਹੈ, ਔਰ ਪ੍ਰਾਪਰ ਐਡਮਨਿਸਟਰੇਸ਼ਨ ਵੀ ਨਹੀਂ ਹੈ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਥੇ ਕਦੋਂ ਤਕ ਇਹ ਪ੍ਰਿੰਸੀਪਲ ਨਿਯੁਕਤ ਕਰ ਦੇਣਗੇ ?

ਮੰਤਰੀ: ਜਦੋਂ ਕੋਰਟ ਵਿਚੋਂ ਫੈਸਲਾ ਹੋ ਗਿਆ, ਉਦੋਂ ਅਸੀਂ ਪ੍ਰੋਮੋਸ਼ਨਜ਼ ਦੇ ਦਿਆਂਗੇ । ਇਹ ਜਿਹੜੇ ਇਸ ਵੇਲੇ ਵਾਇਸ ਪ੍ਰਿੰਸੀਪਲਜ਼ ਕੰਮ ਕਰ ਰਹੇ ਹਨ, ਇਹ ਤਾਂ ਸਗੋਂ ਤਕੜੇ ਹੋ ਕੇ ਕੰਮ ਕਰ ਰਹੇ ਹਨ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਮਨਿਸਟਰ ਸਾਹਿਬ ਨੇ ਇੱਕ ਵਾਰੀ ਕਿਹਾ ਹੈ ਕਿ ਸਿੱਧੀ ਭਰਤੀ ਸ਼ੁਰੂ ਕਰ ਦਿੱਤੀ ਹੈ ਔਰ ਦੂਜੀ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਹੈ ਕਿ ਪ੍ਰੋਮੋਸ਼ਨਜ਼ ਨਹੀਂ ਕਰ ਰਹੇ ਕਿਉਂਕਿ ਬੰਦੇ ਕੋਰਟਸ ਵਿਚ ਗਏ ਹੋਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਿੱਧੀ ਭਰਤੀ ਲਈ ਕੀ ਰੂਲਜ਼ ਹਨ, ਉਨ੍ਹਾਂ ਲਈ ਕੀ ਕੁਆਲੀਫੀਕੇਸ਼ਨਜ਼ ਪ੍ਰੈਸਕ੍ਰਾਈਬਡ ਹਨ ? ਸਿੱਧੀ ਭਰਤੀ ਦੇ ਖਿਲਾਫ

[ਕਾਮਰੇਡ ਬਲਦੇਵ ਸਿੰਘ ਲੂੰਬਾ]

ਕਾਲਜ ਟੀਚਰਜ਼ ਵਿਚ ਬਹੁਤ ਰੋਸ ਪਾਇਆ ਜਾਂਦਾ ਹੈ ਔਰ ਉਹ ਬਹੁਤ ਜੱਦੋ ਜਹਿਦ ਕਰ ਰਹੇ ਹਨ, ਧਰਨੇ ਦੇ ਰਹੇ ਹਨ ਔਰ ਭੁਖ ਹੜਤਾਲਾਂ ਕਰ ਰਹੇ ਹਨ ।

ਮੰਤਰੀ: ਮੈਂ ਕਿਹਾ ਹੈ ਕਿ ਰਿਕਰੂਟਮੈਂਟ ਡਾਇਰੈਕਟ ਕਰ ਰਹੇ ਹਾਂ ਕਿਉਂਕਿ ਪ੍ਰੋਮੋਸ਼ਨਜ਼ ਹਾਲੇ ਕਰ ਨਹੀਂ ਸਕਦੇ ਕਿਉਂਕਿ ਬੰਦੇ ਕੋਰਟ ਵਿਚ ਗਏ ਹੋਏ ਹਨ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਇਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਸਿੱਧੀ ਭਰਤੀ ਲਈ ਕੀ ਕੁਆਲੀਫੀਕੇਸ਼ਨਜ਼ ਪ੍ਰੈਸਕ੍ਰਾਈਬਡ ਹਨ ? (ਵਿਘਨ)

(ਕੋਈ ਉੱਤਰ ਨਹੀਂ ਆਇਆ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਡਾਇਰੈਕਟ ਭਰਤੀ ਲਈ ਪ੍ਰਿੰਸੀਪਲ ਬਣਨ ਲਈ ਇੱਕ ਪ੍ਰੋਫੈਸਰ ਨੂੰ ਦਸ ਸਾਲ ਕਾਲਜ ਦਾ ਲੈਕਚਰਾਰ ਰਹਿਣਾ ਪੈਂਦਾ ਔਰ ਐਮ.ਏ. ਵਿਚ 55% ਮਾਰਕਸ ਹੁੰਦੇ ਹਨ, ਕੀ ਇਹ ਕੁਆਲੀਫੀਕੇਸ਼ਨ ਘਟਾਈ ਹੈ ਜਾਂ ਵਧਾਈ ਹੈ ?

ਮੰਤਰੀ: ਜਿਸ ਦੀ ਐਮ. ਏ. ਵਿਚ ਥਰਡ ਡਵੀਜ਼ਨ ਹੋਵੇ, ਉਸ ਨੂੰ ਅਸੀਂ ਪ੍ਰਿੰਸੀਪਲ ਨਹੀਂ ਲੈਂਦੇ ਹਾਂ ।

ਸਰਦਾਰ ਬੀਰ ਪਾਲ ਸਿੰਘ: ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਸਿਲੈਕਟ ਹੋਕੇ ਚਾਰ ਸੱਜਣ ਹੁਣੇ ਹੁਣੇ ਆਏ ਹਨ, ਕੀ ਉਨ੍ਹਾਂ ਨੂੰ ਲਗਾਉਣ ਲਈ ਕ੍ਰਿਪਾ ਕਰਨਗੇ ?

ਮੰਤਰੀ: ਇਸ ਤੇ ਵਿਚਾਰ ਕਰਾਂਗੇ ।

(ਨਿਸ਼ਾਨ ਵਾਲਾ ਪ੍ਰਸ਼ਨ ਨੰ: 586)

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ,ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ)

(ਨਿਸ਼ਾਨਵਾਲਾ ਪ੍ਰਸ਼ਨ ਨੰ: 555)

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ, ਇਹ ਪ੍ਰਸ਼ਨ ਪੇਸ਼ ਨਹੀ ਕੀਤਾ ਗਿਆ)

RETIREMENT OF HEAD CLERKS FROM THE I.B. CIRCLE, PATIALA

***608. Sardar Sukhdev Singh Dhindsa:** Will the Chief Minister be pleased to state:-

(a) the number of Head Clerks alongwith their names who retired during 1976 from the I.B. Circle, Patiala;

(b) whether all the persons referred to in part (a) above have been sanctioned Death-cum-retirement Gratuity and pension on due dates; if not, the names of Head Clerks whose cases are still lying pending together with the reasons thereof in each case;

(c) the efforts being made by the department to release gratuity and pension in each case ?

ਸਰਦਾਰ ਦਰਬਾਰਾ ਸਿੰਘ: (ੳ) (ਅ) ਅਤੇ (ੲ) ਕੇਵਲ ਇਕ ਹੈਡ ਕਲੱਰਕ ਜਿਸ ਦਾ ਨਾਂ ਸਰਦਾਰ ਨਰੰਜਣ ਸਿੰਘ ਢਿਲੋਂ ਹੈ, ਸਾਲ 1976 ਵਿਚ ਮਿਤੀ 30-4-76 ਨੂੰ ਸੇਵਾ ਤੋਂ ਨਿਵਰਿਤ ਹੋਇਆ । ਉਸ ਨੂੰ ਪੂਰੀ ਪੈਨਸ਼ਨ ਅਤੇ ਗਰੈਚੁਟੀ ਮੁੱਖ ਇੰਜਨੀਅਰ ਨੇ ਮੰਨਜ਼ੂਰ ਕਰ ਦਿੱਤੀ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਉਸ ਨੂੰ ਪੂਰੀ ਪੈਨਸ਼ਨ ਅਤੇ ਗਰੈਚੁਟੀ ਮਨਜ਼ੂਰ ਕਰ ਦਿਤੀ ਹੈ, ਲੇਕਿਨ ਉਸ ਨੂੰ ਅਜੇ ਮਿਲੀ ਨਹੀਂ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਹੜੀ ਤਾਰੀਖ਼ ਨੂੰ ਮਨਜ਼ੂਰ ਹੋਈ ਅਤੇ ਅਜੇ ਤੱਕ ਨਾ ਮਿਲਣ ਦੇ ਕੀ ਕਾਰਨ ਹਨ ?

ਮੁੱਖ ਮੰਤਰੀ: 30-1-1980 ਤੋਂ ਮਨਜ਼ੂਰ ਹੋਈ ਹੈ ਇਸ ਲਈ ਇਹ ਮਿਲ ਜਾਵੇਗੀ ।

CONSTRUCTION OF A BRIDGE ON CHOE ON MORINDA-CHUNI ROAD

*329. **Sardar Birdevinder Singh:** Will the Chief Minister be pleased to state whether the Government have accorded sanction for the construction of a bridge on the Choe on Morinda-Chuni road (DistrictRopar and Patiala) if so, the time by which the construction work there on is likely to be taken in hand and completed ?

ਸਰਦਾਰ ਦਰਬਾਰਾ ਸਿੰਘ: ਜੀ ਹਾਂ । ਹਾਲੇ ਤੱਕ ਕੰਮ ਨੂੰ ਹੱਥ ਵਿੱਚ ਨਹੀਂ ਲੀਤਾ ਗਿਆ । ਕੰਮ ਨੂੰ ਛੇਵੀਂ ਯੋਜਨਾ ਦੇ ਅੰਤ ਤੱਕ ਪੂਰਾ ਕੀਤਾ ਜਾਵੇਗਾ ਜੇ ਕਰ ਧਨ ਤੇ ਸਮੱਗਰੀ ਉਪਲੱਬਧ ਹੁੰਦੇ ਰਹੇ ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੁਲ ਤੇ ਪਿਛਲੇ 3 ਸਾਲ ਤੋਂ ਜੋ ਇੱਟ ਲੱਗੀ ਹੋਈ ਸੀ ਜਿਸ ਦਾ ਕਿ ਪਿਛਲੇ ਪੀ. ਡਬਲਿਊ. ਮਨਿਸਟਰ ਨੀਂਹ ਪੱਥਰ ਰੱਖਕੇ ਆਏ ਸਨ, ਹੁਣ ਉਥੋਂ ਇੱਟ ਚੁੱਕੀ ਜਾ ਰਹੀ ਹੈ, ਉਹ ਪੁਲ ਦੋਨਾਂ ਪਾਸਿਆਂ ਦੇ ਪੰਜਾਹ-ਸੌ ਪਿੰਡਾਂ ਨੂੰ ਜੋੜਦਾ ਹੈ, ਇਸ ਲਈ ਕੀ ਚੀਫ਼ ਮਨਿਸਟਰ ਸਾਹਿਬ ਕੋਈ ਡੈਫੀਨਿਟ ਸਮਾਂ ਦੱਸਣਗੇ ਕਿ ਕਦੋਂ ਤੱਕ ਇਸ ਦਾ ਕੰਮ ਸ਼ੁਰੂ ਕਰਵਾ ਦੇਣਗੇ ?

ਮੁੱਖ ਮੰਤਰੀ: ਅਰਜ਼ ਇਹ ਹੈ ਕਿ ਮਾਰਚ, 1980 ਵਿਚ ਇਸ ਦੀ ਐਡਮਨਿਸਟਰੇਟਿਵ ਅਪਰੂਵਲ ਹੋਈ ਸੀ । ਇਸ ਦੀ ਕਾਸਟ 22 ਲੱਖ 37 ਹਜ਼ਾਰ ਰੁਪਿਆ ਹੈ । ਇਸ ਦੇ ਕਈ ਵਾਰ, ਟੈਂਡਰ ਕਾਲ ਹੋਏ ਸਨ । ਰੇਟ ਬਹੁਤ ਜ਼ਿਆਦਾ ਹੋਏ ਸਨ ਇਸ ਕਰਕੇ ਉਨ੍ਹਾਂ ਨੂੰ ਕੰਮ ਅਲਾਟ ਨਹੀਂ ਹੋਇਆ ਸੀ । 15-12-1980 ਨੂੰ ਅਸੀਂ ਟੈਂਡਰ ਲਏ ਹਨ । ਕਾਫੀ ਸਮਾਂ ਇਸ ਦੇ ਬਣਨ ਤੇ ਲੱਗੇਗਾ ਪਰ ਅਸੀਂ ਜਲਦੀ ਕੋਸ਼ਿਸ਼ ਕਰਾਂਗੇ ਕਿ ਆਉਣ ਵਾਲੇ ਸਮੇਂ ਵਿਚ ਇਸ ਨੂੰ ਪੂਰਾ ਕੀਤਾ ਜਾਵੇ ।

ਸਰਦਾਰ ਦਲੀਪ ਸਿੰਘ ਪਾਂਧੀ: ਪਹਿਲਾਂ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਗਲੇ ਪਲਾਨ ਵਿਚ ਸ਼ੁਰੂ ਕਰਾਂਗੇ ਜੇ ਪੈਸਾ ਮਿਲੇਗਾ ਪਰ ਹੁਣ ਇਨ੍ਹਾਂ ਨੇ ਦੱਸਿਆ ਹੈ ਕਿ ਇਸ ਦੀ ਐਡਮਨਿਸਟਰੇਟਿਵ ਅਪਰੂਵਲ ਮਿਲ ਗਈ ਹੈ ਅਤੇ 15-12-1980 ਨੂੰ ਟੈਂਡਰ ਕਾਲ ਕੀਤੇ ਹਨ । ਜਦ ਐਡਮਨਿਸਟਰੇਟਿਵ

[ਸਰਦਾਰ ਦਲੀਪ ਸਿੰਘ ਪਾਂਧੀ]

ਅਪਰੂਵਲ ਹੋ ਗਈ ਹੈ ਅਤੇ ਟੈਂਡਰ ਵੀ ਕਾਲ ਕਰ ਲਏ ਗਏ ਹਨ ਤਾਂ ਫਿਰ ਤਾਂ ਇਹ ਬਣੇਗਾ ਹੀ । ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਪੁਲ ਦੀ ਉਸਾਰੀ ਲਈ ਇਸੇ ਸਾਲ ਵਿਚ ਬਜਟ ਵਿਚ ਪਰੋਵੀਜ਼ਨ ਕਰਕੇ ਇਸ ਪੁਲ ਨੂੰ ਇਸੇ ਸਾਲ ਵਿਚ ਬਣਾ ਦੇਣਗੇ ?

ਮੁੱਖ ਮੰਤਰੀ : ਇਸ ਸਾਲ ਵਿਚ ਤਾਂ ਮੈਂ ਨਹੀਂ ਕਿਹਾ, ਮੈਂ ਕਿਹਾ ਹੈ ਕਿ ਬਣਾਵਾਂਗੇ ਜ਼ਰੂਰ ।

ਸਰਦਾਰ ਬੀਰਦਵਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਪਹਿਲੇ ਪੀ.ਡਬਲਿਓ. ਡੀ. ਮਨਿਸਟਰ ਨੇ ਇਸ ਪੁਲ ਨੂੰ ਸ਼ੁਰੂ ਕਰਵਾਉਣ ਲਈ ਨੀਂਹ ਪੱਥਰ ਰੱਖਿਆ ਸੀ । ਕੀ ਜਿਸ ਵੇਲੇ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਉਸ ਵੇਲੇ ਇਸ ਦੀ ਅਪਰੂਵਲ ਨਹੀਂ ਸੀ ਹੋਈ?

ਮੁੱਖ ਮੰਤਰੀ: ਮੈਂ ਪਹਿਲਾਂ ਵੀ ਦਸਿਆ ਹੈ ਕਿ ਇਸ ਦੀ ਐਡਮਨਿਸਟਰੇਟਿਵ ਅਪਰੂਵਲ ਮਾਰਚ, 1980 ਵਿਚ ਹੋਈ ਸੀ ਅਤੇ ਇਸ ਦਾ ਐਸਟੀਮੇਟ 22 ਲੱਖ 37 ਹਜ਼ਾਰ ਰੁਪਿਆ ਹੈ । ਬਾਕੀ ਮੈਂ ਇਹ ਵੀ ਦੱਸਿਆ ਹੈ ਕਿ 15 ਦਸੰਬਰ, 1980 ਨੂੰ ਅਸੀਂ ਟੈਂਡਰ ਲਏ ਹਨ। ਇਸ ਨੂੰ ਸਾਰਾ ਨਵੇਂ ਸਿਰੇ ਸ਼ੁਰੂ ਕੀਤਾ ਹੈ ਅਤੇ ਐਡੀਕੁਏਟ ਅਵੇਲੇਬਿਲਿਟੀ ਆਫ ਫੰਡਜ਼ ਹੋ ਜਾਣ ਤਾਂ ਸਾਨੂੰ ਇਸ ਵਿਚ ਕੋਈ ਝਿਜਕ ਨਹੀਂ ਹੈ ਕਿ ਇਸ ਨੂੰ ਜਲਦੀ ਬਣਾਇਆ ਜਾਵੇ ।

FEROZEPUR DEPOT OF THE PUNJAB ROADWAYS

***609 Sardar Gurnaib Singh Brar** : Will the Chief Minister be pleased to state :

(a) the number of Buses allotted to the Ferozepur Depot of the Punjab Roadways together with the present number of buses in the said depot;

(b) whether there is any proposal under the consideration of the government to allot more new buses to the said depot?

ਸਰਦਾਰ ਦਰਬਾਰਾ ਸਿੰਘ: (ੳ) ਜਦੋਂ ਫਿਰੋਜ਼ਪੁਰ ਡਿਪੂ 1 ਅਪ੍ਰੈਲ, 71 ਨੂੰ ਹੋਂਦ ਵਿੱਚ ਆਇਆ ਤਾਂ ਇਸ ਡਿਪੂ ਨੂੰ 73 ਬੱਸਾਂ ਦਿੱਤੀਆਂ ਗਈਆਂ ਸਨ । ਇਸ ਵੇਲੇ ਡਿਪ ਵਿੱਚ 163 ਬੱਸਾਂ ਹਨ ।

ਅ) ਹਾਂ ਜੀ ।

ਸਰਦਾਰ ਗੁਰਨੈਬ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਸ ਡਿਪੂ ਵਿਚ ਕਿੰਨੀਆਂ ਬੱਸਾਂ ਸਨ ਕਿਉਂਕਿ ਪਿਛਲੇ ਸਾਲ ਇਸ ਡਿਪੂ ਦੀਆਂ 50 ਬੱਸਾਂ ਦੇ ਕਰੀਬ ਅਕਾਲੀ-ਜਨਤਾ ਰਾਜ ਦੇ ਵੇਲੇ ਨਿਲਾਮ ਹੋ ਗਈਆਂ ਸਨ । ਉਸ ਵੇਲੇ ਇਨ੍ਹਾਂ ਬੱਸਾਂ ਦਾ ਨੰਬਰ 200 ਸੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਬੱਸਾਂ ਦਾ ਉਥੋਂ ਵਾਸਤੇ ਜਿੰਨਾ ਅਲਾਟਡ ਨੰਬਰ ਹੈ ਇਹ ਨੰਬਰ ਕਦੋਂ ਤਕ ਪੂਰਾ ਹੋ ਜਾਵੇਗਾ ? ਚੀਫ ਮਨਿਸਟਰ ਸਾਹਿਬ ਨੇ 1971 ਦਾ ਜ਼ਿਕਰ ਕੀਤਾ ਹੈ, ਮੈਂ 1971 ਬਾਰੇ ਨਹੀਂ ਪੁੱਛਿਆ । ਮੈਂ ਤਾਂ ਇਹ ਹੀ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੇ 200 ਬੱਸਾਂ ਸਨ, ਇਹ ਨੰਬਰ ਕਦੋਂ ਤੱਕ ਪੂਰਾ ਹੋ ਜਾਵੇਗਾ ?

ਮੁੱਖ ਮੰਤਰੀ : ਇਸ ਵੇਲੇ ਇਸ ਡਿਪੂ ਵਿਚ 163 ਬੱਸਾਂ ਹਨ । ਪਹਿਲਾਂ 203 ਬੱਸਾਂ ਉਥੇ ਚਲਦੀਆਂ ਸਨ । ਇਹ ਠੀਕ ਹੈ ਕਿ 1979-80 ਵਿਚ 56 ਦੇ ਕਰੀਬ ਬੱਸਾਂ ਕੰਡਮ ਕਰਕੇ ਵੇਚ ਦਿੱਤੀਆਂ ਗਈਆਂ ਸਨ । ਅਸੀਂ ਅਹਿਸਤਾ ਅਹਿਸਤਾ ਇਹ ਨੰਬਰ ਪੂਰਾ ਕਰ ਰਹੇ

ਹਾਂ ਤਾਂਕਿ ਉਸ ਵਿਚ ਕੋਈ ਕਮੀ ਨਾ ਰਹਿ ਜਾਵੇ । 1980-81 ਵਿਚ ਫਿਰੋਜ਼ਪੁਰ ਡਿਪੂ ਵਿਚ ਅਸੀਂ 30 ਨਵੀਆਂ ਬੱਸਾਂ ਪਾ ਦਿਆਂਗੇ । 30 ਬੱਸਾਂ ਜਲੰਧਰ ਤੋਂ ਅਤੇ 50 ਮੈਨੂਫੈਕਚਰਰਜ਼ ਤੋਂ ਮਿਲ ਜਾਣ ਤੇ ਅਸੀਂ ਇਹ ਘਾਟਾ ਪੂਰਾ ਕਰ ਸਕਾਂਗੇ ।

ਸਰਦਾਰ ਗੁਰਨੈਬ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਸਾਰੇ ਜ਼ਿਨ੍ਹਾਂ ਹੈਡਕੁਆਟਰਜ਼ ਤੇ ਡੀਲਕਸ ਬੱਸਾਂ ਜਾਂਦੀਆਂ ਹਨ ਇਸ ਲਈ ਕੀ ਸਾਡੇ ਜ਼ਿਲੇ ਫਿਰੋਜ਼ਪੁਰ ਨੂੰ ਵੀ ਡੀਲਕਸ ਬੱਸਾਂ ਦੇਣਗੇ ?

ਮੁੱਖ ਮੰਤਰੀ: ਇਹ ਮੈਂ ਦੇਖਕੇ ਦੱਸ ਦਿਆਂਗਾ ।

ਪ੍ਰੋਫੈਸਰ ਦਰ ਬਾਰੀ ਲਾਲ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਵੇਲੇ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ 60 ਬੱਸਾਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ 8 ਬੱਸਾਂ ਚਾਲੂ ਹਨ ਅਤੇ ਬਾਕੀ ਟੁੱਟੀਆਂ ਪਈਆਂ ਹਨ । ਉਸ ਕਾਰਪੋਰੇਸ਼ਨ ਦੀ ਮਾਲੀ ਹਾਲਤ ਅੱਛੀ ਨਹੀਂ ਜਿਸ ਕਾਰਨ ਉਹ ਬੱਸਾਂ ਨਹੀਂ ਖਰੀਦ ਸਕਦੇ । ਕੀ ਚੀਫ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਇਸ ਕਾਰਪੋਰੇਸ਼ਨ ਦੀ ਮਾਲੀ ਮੱਦਦ ਕੀਤੀ ਜਾਵੇ ਬੱਸਾਂ ਖਰੀਦਣ ਲਈ?

ਮੁੱਖ ਮੰਤਰੀ: ਅੰਮ੍ਰਿਤਸਰ ਕਾਰਪੋਰੇਸ਼ਨ ਕੋਈ ਕਮਜ਼ੋਰ ਨਹੀਂ ਹੈ । ਉਹ ਆਪ ਕੋਸ਼ਿਸ਼ ਕਰਨਗੇ ਆਪਣੇ ਮੀਨਜ਼ ਦੇਖਕੇ। ਬਾਕੀ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਸਵਾਲ ਫਿਰੋਜ਼ਪੁਰ ਨਾਲ ਸਬੰਧਤ ਸੀ, ਉਸ ਦਾ ਮੈਂ ਸਾਰਾ ਜਵਾਬ ਦੇ ਦਿਤਾ ਹੈ । ਬਾਕੀ ਬੱਸਾਂ ਬਾਰੇ ਫਿਰ ਜਦੋਂ ਕਦੇ ਸਵਾਲ ਆਵੇਗਾ ਤਾਂ ਉਸ ਵੇਲੇ ਜਵਾਬ ਦੇ ਦਿਤਾ ਜਾਵੇਗਾ ।

ਸ੍ਰੀ ਰਾਮ ਲਾਲ ਚਿੱਟੀ : ਸਪੀਕਰ ਸਾਹਿਬ' ਮੈਂ ਬੇਨਤੀ ਕਰਾਂਗਾ ਕਿ ਪਿਛਲੇ ਸੈਸ਼ਨ ਵਿਚ ਵੀ ਕਿਹਾ ਗਿਆ ਸੀ ਕਿ ਪਿਛਲੀ ਸਰਕਾਰ ਨੇ ਕੋਈ 100 ਪੁਰਾਣੀਆਂ ਬੱਸਾਂ ਦੀਆਂ ਬਾਡੀਆਂ ਉਧੇੜਕੇ ਨਵੀਆਂ ਬੱਸਾਂ ਬਣਾਈਆਂ ਸਨ, ਇਸ ਦੇ ਵਿਚ ਪੈਸੇ ਦਾ ਗੋਲਮਾਲ ਹੈ। ਇਸ ਵਿਚ ਸਕੈਂਡਲ ਹੋਇਆ ਸੀ ਤੇ ਇਸ ਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਇਨਕੁਆਰੀ ਕਰਾਂਗੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸਦੀ ਇਨਕੁਆਰੀ ਕਰਵਾ ਲਈ ਹੈ ,ਜੇ ਕਰਵਾ ਲਈ ਹੈ ਤਾਂ ਕੀ ਉਸਦੀ ਰਿਪੋਰਟ ਆਈ ਹੈ ?

ਮੁੱਖ ਮੰਤਰੀ : ਇਸ ਦੀ ਇਨਫਰਮੇਸ਼ਨ ਮੈਂਬਰ ਸਾਹਿਬ ਨੂੰ ਮੈਂ ਜ਼ਰੂਰ ਦੇ ਦਿਆਂਗਾ।

ਸ੍ਰੀ ਸੇਵਾ ਰਾਮ : ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਏਅਰ ਪੋਰਟ ਤੋਂ ਬੱਸ ਸੇਵਾ ਚਾਲੂ ਕਰਨਗੇ ?

ਮੁੱਖ ਮੰਤਰੀ : ਜਿਥੇ ਜਿਆਦਾ ਸਹੂਲਤ ਦੇਣ ਦੀ ਲੋੜ ਹੈ, ਉਹ ਵੀ ਕਰਾਂਗੇ । ਮੈਂ ਇਨ੍ਹਾਂ ਦੀ ਗਿਆਤ ਵਾਸਤੇ ਇਹ ਕਹਿੰਦਾ ਹਾਂ ਕਿ ਅੱਗੇ ਕਾਫੀ ਸਮਾਂ ਦਿੱਲੀ ਵੱਲੋਂ ਜਿਹੜੇ ਸੱਜਣ ਸਾਡੇ ਬਾਹਿਰ ਤੋਂ ਆਉਣ ਵਾਲੇ ਸਨ ਉਨ੍ਹਾਂ ਨੂੰ ਕਈ ਮੋਟਰਾਂ ਵਾਲੇ ਚੜ੍ਹਾਕੇ ਖਰਾਬ ਕਰਦੇ ਸਨ, ਉਨ੍ਹਾਂ ਦਾ ਮਾਲ ਵੀ ਖੋਹ ਲੈਂਦੇ ਸਨ ਇਸ ਲਈ ਅਸੀਂ ਫੈਸਲਾ ਕੀਤਾ ਹੈ ਕਿ ਏਅਰ ਪੋਰਟ ਤੋਂ ਜੀ. ਟੀ. ਰੋਡ ਰਾਹੀ ਬੱਸ ਅੰਮ੍ਰਿਤਸਰ ਤੱਕ ਲਾ ਦਿਆਂਗੇ ਤਾਂ ਕਿ ਉਹ ਲੋਕ ਅਸਾਨੀ ਨਾਲ ਆਪਣੀ ਥਾਂ ਤੇ ਪਹੁੰਚ ਜਾਣ ।

ਸਰਦਾਰ ਅਵਤਾਰ ਸਿੰਘ ਗਤਵਾਲੀ : ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਦੁਆਬੇ ਅਤੇ ਅੰਮ੍ਰਿਤਸਰ ਵੱਲ ਡੀਲਕਸ ਬੱਸ ਚਲਾਵਾਂਗੇ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਠਿੰਡਾ ਅਤੇ ਫਰੀਦਕੋਟ ਦਾ ਵੀ ਖਿਆਲ ਰੱਖਣਗੇ ?

ਮੁੱਖ ਮੰਤਰੀ : ਜਿਹੜੀ ਬੰਦ ਹੋ ਗਈ ਹੈ, ਉਹ ਚਾਲੂ ਕਰਾਂਗੇ ।

ਸਰਦਾਰ ਜਗਤ ਸਿੰਘ: ਹਰਿਆਣਾ ਰੋਡਵੇਜ਼ ਦੀ ਨਿਪਾਲ Border ਤੋਂ ਜੰਮੂ ਬੱਸ ਸਰਵਿਸ ਚੱਲਦੀ ਹੈ। ਕੀ ਕਿਰਪਾ ਕਰਕੇ ਇਹ ਵੀ ਉਨ੍ਹਾਂ ਵਾਂਗਰ ਆਪਣੇ ਬੱਸਾਂ ਦੇ ਲੰਬੇ ਰੂਟ ਕਰਨਗੇ ਅਤੇ ਡੀਲਕਸ ਬੱਸਾਂ ਦਿੱਲੀ ਤੋਂ ਅੰਮ੍ਰਿਤਸਰ ਵਾਇਆ ਚੰਡੀਗੜ੍ਹ ਚਲਾਉਣੀਆਂ ਚਾਹੀਦੀਆਂ ਹਨ।

ਮੁੱਖ ਮੰਤਰੀ : ਮੈਨੂੰ ਇਹ ਇਨਫਰਮੇਸ਼ਨ ਨਹੀਂ ਕਿ ਉਨ੍ਹਾਂ ਦੀ ਨਿਪਾਲ Border ਤੋਂ ਜੰਮੂ ਨੂੰ ਬੱਸ ਜਾਂਦੀ ਹੈ ਪਰ ਉਹ ਦੂਸਰਾ ਮੁਲਕ ਹੈ ਉਸ ਦੇ ਨਾਲ ਗੌਰਮਿੰਟ ਆਫ ਇੰਡੀਆ ਦੀ ਮਾਰਫਤ ਹੀ ਅਸੀਂ ਅਪਰੋਚ ਕਰ ਸਕਦੇ ਹਾਂ ।

STRIKE/WORK TO RULE BY THE WORKERS OF PEPSU ROAD TRANSPORT CORPORATION.

***319 Comrade Baldev Singh Loomba**: Will the Chief Minister be pleased to state:-

a) whether the workers of the Pepsu Road Transport Corporation went on strike and resorted to "Work to rule" practice during the year 1980; if so the number of days for which they remained on strike and resorted to the aforesaid practice;

(b) the extent of loss suffered by the Government on account of the said strike and the "work to rule" practice;

(c) whether any agreement was reached with the Worker's Union, if so; whether the same has been implemented?

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ; ਕਾਮੇ 2 ਦਿਨ੍ਹਾਂ ਲਈ ਹੜਤਾਲ ਅਤੇ 14 ਦਿਨਾਂ ਲਈ "ਵਰਕ ਟੂ ਰੂਲ" ਤੇ ਰਹੇ ਸਨ ।

ਅ) ਲੱਗਭੱਗ 2,44,204 ਰੁਪਏ ।

ੲ) ਨਹੀਂ ਜੀ; ਸਵਾਲ ਪੈਦਾ ਨਹੀਂ ਹੁੰਦਾ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਇਨ੍ਹਾਂ ਦਿਨਾਂ ਵਿਚ 2,44, 204 ਰੁਪਏ ਦਾ ਨੁਕਸਾਨ ਹੋਇਆ ਹੈ ਔਰ ਭਾਗ (ੲ) ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਨਹੀਂ ਜੀ ਸਵਾਲ ਪੈਦਾ ਨਹੀਂ ਹੁੰਦਾ। ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਹਾਂ ਕਿ ਕੀ ਹੋ ਸਕਦਾ ਹੈ ਕਿ ਲਿਖਤੀ ਸਮਝੌਤਾ ਨਾ ਹੋਇਆ ਹੋਵੇ ਕਿਉਂਕਿ ਇਨ੍ਹਾਂ ਨੇ ਜਵਾਬ 'ਨਹੀਂ ਜੀ' ਵਿਚ ਦਿੱਤਾ ਹੈ ਕੋਈ ਜ਼ਬਾਨੀ ਸਮਝੌਤਾ ਹੋਇਆ ਹੋਵੇ, ਕੀ ਕੋਈ ਜ਼ਬਾਨੀ ਸਮਝੌਤਾ ਹੋਇਆ ਸੀ, ਜੇ ਹੋਇਆ ਸੀ ਤਾਂ ਉਹ ਕਿਥੋਂ ਤੱਕ ਇੰਪਲੀਮੈਂਟ ਹੋ ਗਿਆ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਜ਼ਬਾਨੀ ਗਲਬਾਤ ਹੁੰਦੀ ਹੈ, ਸਮਝੌਤਾ ਤਾਂ ਲਿਖਤੀ ਹੁੰਦਾ ਹੈ ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਇਹ ਮੰਨ ਲੈਂਦੇ ਹਾਂ ਕਿ ਗਲ ਬਾਤ ਰਾਹੀ ਕੁਝ ਹੋਇਆ ਹੋਵੇ, ਲਫਜ਼ਾਂ ਦਾ ਫੇਰ ਹੈ । ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜੋ ਕੁਝ ਗੱਲ ਬਾਤ ਹੋਈ ਸੀ ਉਹ ਇਮਪਲੀਮੈਂਟ ਹੋ ਗਈ ਹੈ ਜਾਂ ਨਹੀਂ ਜੇ ਰਹਿੰਦੀ ਹੈ ਤਾਂ ਉਹ ਕਦੋਂ ਤੱਕ ਇਮਲੀਮੈਂਟ ਕਰ ਦੇਣਗੇ ? -

ਮੁੱਖ ਮੰਤਰੀ : ਕੋਈ ਗਲ ਬਾਤ ਜੋ ਹੋਈ ਹੈ ਉਸ ਨੂੰ ਦੇਖ ਕੇ ਹੀ ਕਿਹਾ ਜਾ ਸਕਦਾ ਹੈ। ਜਿੰਨੀ ਗਲ ਬਾਤ ਦੇਖ ਕੇ, ਕੁਝ ਕਰ ਸਕਦੇ ਹੋਵਾਂਗੇ ਇਮਪਲੀਮੈਂਟੇਸ਼ਨ ਜ਼ਰੂਰ ਕਰਾਂਗੇ ਜਿੰਨੀ ਨਹੀਂ ਕਰ ਸਕਦੇ ਹੋਵਾਂਗੇ ਨਹੀਂ ਕੀਤੀ ਜਾਵੇਗੀ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਕੀ ਚੀਫ ਮਨਿਸਟਰ ਸਾਹਿਬ ਨੂੰ ਇਸ ਗਲ ਦੀ ਵਾਕਫੀਅਤ ਹੈ ਕਿ ਜਦੋਂ ਤੋਂ ਪੀ.ਆਰ. ਟੀ. ਸੀ. ਬਣੀ ਹੈ ਘਾਟੇ ਵਿਚ ਜਾ ਰਹੀ ਹੈ ਔਰ ਖਾਸ ਤੌਰ ਤੇ ਇਨ੍ਹਾਂ ਦੇ ਐਕਸੀਡੈਂਟਸ ਵੀ ਬੜੇ ਹੁੰਦੇ ਹਨ ਜਿਸ ਦੇ ਨਾਲ ਇਸ ਕਾਰਪੋਰੇਸ਼ਨ ਨੂੰ ਕਾਫੀ ਲਾਸ ਹੋ ਰਿਹਾ ਹੈ ਔਰ ਜਿਹੜੀਆਂ ਪੀ. ਆਰ ਟੀ. ਸੀ. ਦੀਆਂ ਕਾਰਾਂ ਹਨ ਉਨ੍ਹਾਂ ਤੇ ਵੀ ਕੁਝ ਨਹੀਂ ਲਿਖਿਆ ਹੋਇਆ, ਇਨ੍ਹਾਂ ਦਾ ਮਿਸਯੂਜ਼ ਵੀ ਬੜਾ ਹੋ ਰਿਹਾ ਹੈ । ਜਿੰਨੀਆ ਬੱਸਾਂ ਇਨ੍ਹਾਂ ਨੂੰ ਲੋੜ ਹੈ ਉਹ ਵੀ ਪੂਰੀਆਂ ਨਹੀਂ, 43 ਬੱਸਾਂ ਵੀ ਇਨ੍ਹਾਂ ਕੋਲ ਘੱਟ ਹਨ । ਕੀ ਚੀਫ ਮਨਿਸਟਰ ਸਾਹਿਬ ਇਸ ਦੇ ਪ੍ਰਬੰਧ ਨੂੰ ਦਸਣਗੇ ਕਿ ਠੀਕ ਕਰਨ ਲਈ ਔਰ ਇਸ ਦੀ ਹਾਲਤ ਨੂੰ ਬੇਹਤਰ ਕਰਨ ਲਈ ਤੇ ਜਿਹੜੇ ਇਸ ਦੇ ਵਰਕਰਜ਼ ਹਨ ਉਹ ਵਰਕ ਟੂ ਰੂਲ ਦੇ ਚੱਕਰ ਵਿਚ ਨਾ ਪੈਣ ਇਸਦੇ ਲਈ ਕੀ ਸਟੈਪਸ ਲੈ ਰਹੇ ਹਨ?

ਮੁੱਖ ਮੰਤਰੀ : ਜਿੰਨੀਆਂ ਇਨਾਂ ਨੇ ਬੱਸਾਂ ਮੰਗੀਆਂ ਹਨ ਉਸ ਦੀ ਸਪਲਾਈ ਕਰਵਾਈ ਜਾ ਰਹੀ ਹੈ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਲੱਗਭੱਗ 2,44,204/- ਰੁਪਏ ਦਾ ਘਾਟਾ ਪਿਆ ਹੈ ਔਰ ਚੀਫ ਮਨਿਸਟਰ ਸਾਹਿਬ ਨੇ ਇਹ ਵੀ ਦੱਸਿਆ ਹੈ ਕਿ ਉਨ੍ਹਾਂ ਨਾਲ ਕੋਈ ਫੈਸਲਾ ਨਹੀਂ ਹੋਇਆ । ਕੀ ਚੀਫ ਮਨਿਸਟਰ ਸਾਹਿਬ ਹੁਣ ਕੋਈ ਗੱਲ ਕਰਨ ਲਈ ਤਿਆਰ ਹੋਣਗੇ ਜਿਸ ਦੇ ਨਾਲ ਇਸ ਦੇ ਵਿਚ ਅਗੇ ਤੋਂ ਨੁਕਸਾਨ ਤੋਂ ਬਚਿਆ ਜਾ ਸਕੇ ਕਿਉਂ ਕਿ ਇਸ ਦੇ ਵਿਚ ਪਬਲਿਕ ਸੈਕਟਰ ਦਾ ਪੈਸਾ ਜਾਇਆ ਹੁੰਦਾ ਹੈ ? ਕੀ ਇਸ ਦੇ ਬਾਰੇ ਕੋਈ ਗਲ ਬਾਤ ਕਰਨਗੇ ?

ਮੁੱਖ ਮੰਤਰੀ : ਮੇਰੇ ਕੋਲ ਜਿਹੜੇ ਵੀ ਸੱਜਣ ਆਉਂਦੇ ਹਨ ਮੈਂ ਉਨ੍ਹਾਂ ਨਾਲ ਗਲ ਬਾਤ ਕਰਦਾ ਹਾਂ । ਐਸੀ ਕੋਈ ਗਲ ਨਹੀਂ । ਅਗਰ ਵਾਜਿਬ ਗਲ ਹੁੰਦੀ ਹੈ ਤਾਂ ਬਰੇ ਆਊਟ ਵੀ ਨਹੀਂ ਕਰਦਾ । (ਵਿਘਨ)

PADDY PURCHASED FROM GHARACHON PURCHASE CENTRE, DISTRICT SANGRUR

***602. Sardar Sukhdev Singh Dhindsa**: Will the Chief Minister be pleased to state:-

a) the quantity of paddy lifted by the Government agencies from Gharachon purchase centre, District Sangrur during the current paddy season;

b) the quantity of paddy out of the above mentioned quantity which was Purchased as "A" grade and "B" grade separately?

Sardar Darbara Singh : (a) A quantity of 5,067 tonnes of paddy was purchased by Government agencies i. e. State Food Department, from Gharachon purchase Centre of Sangrur District during the current paddy season.

(b) The entire quantity was purchased as Grade II.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ 5,067 ਟਨ ਝੋਨਾ ਖਰੀਦਿਆ ਗਿਆ ਹੈ ਔਰ ਇਹ ਸਾਰੇ ਦਾ ਸਾਰਾ 2 ਗਰੇਡ ਵਿਚ ਖਰੀਦਿਆ ਗਿਆ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਸ ਇਲਾਕੇ ਵਿਚ ਕੋਈ 'ਕਿਸਮ ਦੀ ਬੀਮਾਰੀ ਨਹੀਂ। ਕੀ ਸਾਰੇ ਪ੍ਰਚੇਜ਼ ਸੈਂਟਰ ਵਿਚ ਕੋਈ ਵੀ ਬੋਰੀ ਐਸੀ ਨਹੀਂ ਆਈ ਜਿਹੜੀ ਗਰੇਡ 1 ਵਿਚ ਖਰੀਦੀ ਜਾ ਸਕੇ?

ਮੁੱਖ ਮੰਤਰੀ: ਮੈ ਡੀਟੇਲ ਵਿਚ ਨਹੀਂ ਦੇਖਿਆ ਕਿ ਉਧਰ ਕੋਈ ਬਿਮਾਰੀ ਹੈ ਜਾਂ ਨਹੀਂ ਲੇਕਿਨ ਜਿੰਨਾ ਝੋਨਾ ਆਇਆ ਹੈ ਉਹ ਟੋਟੇ ਵਾਲਾ ਸੀ ਜਾਂ ਉਸਦੇ ਵਿਚ ਖਰਾਬੀ ਸੀ।

ਸਰਦਾਰ ਸੁਖਦੇਵ ਸਿੰਘ ਢੀ ਡਸਾ: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਸਾਰਾ ਝੋਨਾ ਟੋਟੇ ਵਾਲਾ ਨਹੀਂ ਹੋ ਸਕਦਾ, ਸਾਰਾ ਖਰਾਬ ਨਹੀਂ ਹੋ ਸਕਦਾ। ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਹ ਕੀ ਇਸ ਗਲ ਦੀ ਇਨਕੁਆਰੀ ਕਰਾਉਣਗੇ ਕਿਉਂ ਕਿ ਇਨਸਪੈਕਟਰਜ਼ ਔਰ ਸਬ ਇਨਸਪੈਕਰ ਲੋਕਾਂ ਤੋਂ ਪੈਸੇ ਮੰਗਦੇ ਸਨ ਔਰ ਲੋਕ ਕਹਿੰਦੇ ਸਨ ਕਿ ਜੇ ਗਰੇਡ 1 ਵਿਚ ਲਿਆਉਣਾ ਹੈ ਤਾਂ ਇਤਨੇ ਪੈਸੇ ਦੇ, ਕਿਸੇ ਨੇ ਪੈਸੇ ਨਹੀਂ ਦਿੱਤੇ ਇਸ ਲਈ ਇਹ ਗਰੇਡ 2 ਵਿਚ ਉਨ੍ਹਾਂ ਨੇ ਕਰ ਦਿਤਾ? ਕੀ ਇਸ ਚੀਜ਼ ਦੀ ਮਨਿਸਟਰ ਸਾਹਿਬ ਕੋਈ ਇਨਕੁਆਇਰੀ ਕਰਾਉਣਗੇ ਔਰ ਕੋਈ ਐਕਸ਼ਨ ਲੈਣਗੇ ?

ਮੁੱਖ ਮੰਤਰੀ: ਜੇ ਇਨਕੁਆਰੀ ਕਰਨੀ ਵੀ ਹੋਵੇਗੀ ਤਾਂ ਪੈਡੀ ਕਿਥੇ ਲਗੀ ਸੀ ਉਹ ਇਸ ਗਲ ਦਾ ਤੁਹਾਨੂੰ ਪਤਾ ਹੈ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ: ਇਹ ਤਾਂ ਤੁਹਾਡਾ ਰਿਕਾਰਡ ਦੱਸੇਗਾ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਨਕੁਆਇਰੀ ਦਾ ਹੁਣ ਟਾਈਮ ਨਹੀਂ ਰਿਹਾ, ਇਸ ਗਲ ਦੇ ਨਾਲ ਮੈਂ ਐਗਰੀ ਕਰਦਾ ਹਾਂ ਪਰ 50 ਹਜ਼ਾਰ ਕੁਇੰਟਲ ਝੋਨਾ ਖਰੀਦਿਆ ਗਿਆ ਹੋਵੇ ਔਰ ਉਸ ਦੇ ਵਿਚ ਇਕ ਕੁਇੰਟਲ ਵੀ ਠੀਕ ਨਾ ਹੋਵੇ, ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਦੇ ਕੀ ਕਾਰਨ ਹਨ ? ਇਸ ਦੇ ਨਾਲ ਸਾਡੀ ਜਨਰਲ ਨਾਲਿਜ ਵਿਚ ਵੀ ਵਾਧਾ ਹੋ ਸਕਦਾ ਹੈ। (ਵਿਘਨ) 50 ਹਜ਼ਾਰ ਕੁਇੰਟਲ ਝੋਨੇ ਦੀ ਜੋ ਖ਼ਰੀਦ ਹੋਈ ਹੈ ਉਸ ਦੇ ਵਿਚ ਇਕ ਬੋਰੀ ਵੀ ਠੀਕ ਨਾ ਹੋਵੇ ਕੀ ਇਹ ਵਾਜਿਬ ਗਲ ਹੋ ਸਕਦੀ ਹੈ ? ਕੀ ਚੀਫ਼ ਮਨਿਸਟਰ ਸਾਹਿਬ ਇਸ ਦੇ ਬਾਰੇ ਕੋਈ ਪੁੱਛ ਗਿੱਛ ਕਰਨਗੇ ਕਿ ਇਸ ਦੇ ਕੀ ਕਾਰਨ ਹਨ?

ਮੁੱਖ ਮੰਤਰੀ: ਇਸ ਦੀ ਜ਼ਰੂਰ ਪੁੱਛ ਗਿੱਛ ਕਰ ਲਵਾਂਗੇ ਕਿ ਕੋਈ ਵੀ ਗਰੇਡ 1 ਦਾ ਝੋਨਾ ਨਹੀਂ ਆਇਆ ਔਰ ਅਗਰ ਉਸ ਦੇ ਵਿਚ ਕੋਈ ਘੱਪਲਾ ਨਿਕਲਿਆ ਤਾਂ ਤੁਹਾਡੇ ਸਾਹਮਣੇ ਜੋ ਐਕਸ਼ਨ ਲੈਣਾ ਹੈ ਉਹ ਲਵਾਂਗੇ।

ਸਰਦਾਰ ਬਸੰਤ ਸਿੰਘ ਖਾਲਸਾ: ਕੀ ਚੀਫ਼ ਮਨਿਸਟਰ ਸਾਹਿਬ ਕ੍ਰਿਪਾ ਕਰਕੇ ਦੱਸਣਗੇ ਕਿ ਐਤਕੀ ਜਿੰਨੀ ਵੀ ਝੋਨੇ ਦੀ ਖਰੀਦ ਹੋਈ ਹੈ ਉਹ ਐਫ. ਸੀ. ਆਈ. ਨੇ ਕੀਤੀ ਹੈ। ਐਫ. ਸੀ. ਆਈ. ਬਿਲਕੁਲ ਕਿਸਾਨਾਂ ਨੂੰ ਪੂਰਾ ਭਾਅ ਨਹੀਂ ਦਿੰਦਾ। ਤੁਸੀਂ ਕਿਧਰੇ ਵੀ ਐਫ.ਸੀ. ਆਈ. ਦੀ ਖਰੀਦ ਬਾਰੇ ਇਨਕੁਆਰੀ ਕਰਕੇ ਦੇਖ ਲਓ ਕਿਤੇ 100 ਵਿਚੋਂ 2-4 ਨੂੰ ਪੂਰਾ ਭਾਅ ਦਿੱਤਾ ਹੋਵੇਗਾ ਬਾਕੀ ਸਾਰਿਆਂ ਨੂੰ ਲੋ ਗਰੇਡ ਤੇ ਲਿਆ ਕੇ ਉਸ ਦਾ ਭਾਅ ਦਿੱਤਾ ਹੈ। ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਕੋਈ ਐਸੀ ਪੰਜਾਬ ਗੌਰਮਿੰਟ ਦੀ ਏਜੰਸੀ ਹੋਵੇ ਜੋ ਸਾਰੇ ਦਾ ਸਾਰਾ ਪੰਜਾਬ ਦਾ ਝੋਨਾ ਖਰੀਦੇ ਤਾਂਕਿ ਅਸੀਂ ਐਫ. ਸੀ. ਆਈ. ਤੋਂ ਬਚ ਸਕੀਏ, ਕੀ ਇਸ ਦੇ ਲਈ ਕੋਈ ਸੋਚਣਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਜਨਰਲ ਜਿਹਾ ਕੁਐਸਚਨ ਹੈ ਕਿ ਸਾਰੇ ਦਾ ਸਾਰਾ ਝੋਨਾ ਜੋ ਹੈ ਉਹ ਪੰਜਾਬ ਗੌਰਮਿੰਟ ਖਰੀਦੇ। ਇਸ ਦੇ ਵਿਚ ਸਾਡੀਆਂ ਆਪਣੀਆਂ ਫਾਈਨਾਂਸ਼ਲ ਔਰ ਹੋਰ ਬਹੁਤ ਸਾਰੀਆਂ ਇਮਪਲੀਕੇਸ਼ਨਜ਼ ਹਨ। ਗੌਰਮਿੰਟ ਆਫ਼ ਇੰਡੀਆ ਨੇ ਐਫ. ਸੀ. ਆਈ. ਇਸ ਲਈ ਮੁਕੱਰਰ ਕੀਤੀ ਹੈ ਕਿ ਉਹ ਸਹੂਲਤਾਂ ਜਿਹੜੀਆਂ ਕਿ ਸ਼ਾਇਦ ਸਾਰਿਆਂ ਨੂੰ ਐਕਸਟੈਂਡ ਨਾ ਕਰ ਸਕਣ ਉਹ ਆਪਣੇ ਤੌਰ ਤੇ ਸੈਂਟਰਲ ਪੂਲ ਲਈ ਝੋਨਾ ਖਰੀਦਦੀ ਹੈ। ਇਸ ਵਾਰੀ 35% ਅਸੀਂ ਆਪ ਕਿਹਾ ਹੈ ਕਿ ਸਾਨੂੰ ਦਿਉ ਭਾਵੇਂ ਅਸੀਂ ਘਾਟੇ ਵਿਚ ਹੀ ਰਹੀਏ। ਹੁਣ 18-20% ਮੁਆਇਸਚਰ ਹੈ ਪਰ ਪਹਿਲਾਂ ਇਹ ਮੁਆਇਸਚਰ 25% ਸੀ। ਇਸ ਲਈ ਪਹਿਲਾਂ ਜੋ ਖਰੀਦਿਆ ਹੈ ਉਸ ਦੇ ਵਿਚ ਭਾਵੇਂ ਸਾਨੂੰ ਘਾਟਾ ਹੀ ਪਵੇ। ਜੋ ਖਾਲਸਾ ਜੀ ਕਹਿੰਦੇ ਹਨ ਇਸ ਨਾਲ ਪਾਲਿਸੀ ਜਿਹੜੀ ਹੈ ਕਿ ਕੇਂਦਰ ਨਾਲੋਂ ਇਹ ਹਟੇ ਜਾਂ ਇਸ ਤਰ੍ਹਾਂ ਹੀ ਖਰੀਦਿਆ ਜਾਵੇ ਉਸ ਦੇ ਬਾਰੇ ਨਵੀਂ ਪਾਲਿਸੀ ਨਵੇਂ ਢੰਗ ਨਾਲ ਨਵੀਂ ਐਪਰੋਚ ਨਾਲ ਹੀ ਹੋ ਸਕਦੀ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਖਾਲਸਾ ਜੀ ਨੇ ਤਾਂ ਗੱਲ ਐਫ. ਸੀ. ਆਈ. ਦੀ ਕਰ ਦਿੱਤੀ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਥੇ ਜੋ ਖਰੀਦ ਕੀਤੀ ਗਈ ਸੀ ਉਹ ਫੂਡ ਐਂਡ ਸਪਲਾਈ ਡੀਪਾਰਟਮੈਂਟ ਵਲੋਂ ਕੀਤੀ ਗਈ ਸੀ। ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਅੱਗੇ ਨੂੰ ਇਸ ਤਰ੍ਹਾਂ ਨਾ ਹੋਵੇ। ਕੀ ਇਸ ਗਲ ਤੇ ਵਿਚਾਰ ਕਰਨਗੇ ਕਿ ਪਿੰਡਾਂ ਵਿਚ ਪ੍ਰਚੇਜ਼ ਸੈਂਟਰ ਜੋ ਹਨ ਉਨ੍ਹਾਂ ਵਿਚ ਜ਼ਿਮੀਦਾਰਾਂ ਦੇ ਨੁਮਾਇੰਦੇ ਡੀਪਾਰਟਮੈਂਟ ਵਾਲਿਆਂ ਦੇ ਨਾਲ ਲੈ ਲਿਆ ਜਾਇਆ ਕਰਨ? ਕੀ ਜ਼ਿਮੀਦਾਰਾਂ ਨੂੰ ਇਸ ਦੇ ਵਿਚ ਨੁਮਾਇੰਦਗੀ ਦਿੱਤੀ ਜਾਇਆ ਕਰੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜੋ ਭਰਤੀ ਕੀਤੇ ਹਨ ਉਨ੍ਹਾਂ ਵਿਚ ਪਿੰਡਾਂ ਦੇ ਮੁੰਡੇ ਵੀ ਲਗੇ ਹਨ ਉਥੇ ਉਨ੍ਹਾਂ ਨੂੰ ਇਹ ਸਮਝਾ ਦੇਣ ਕਿ ਉਹ ਵੀ ਧਿਆਨ ਰਖਣ (ਵਿਘਨ)

ਸਰਦਾਰ ਆਤਮਾ ਸਿੰਘ: ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ,ਇਸ ਗਲ ਦੇ ਪੇਸ਼ੇ ਨਜ਼ਰ ਕਿ ਭਾਰਤ ਸਰਕਾਰ ਨੇ ਝੋਨੇ ਦੀ ਕੀਮਤ 9 ਅਕਤੂਬਰ, 1980 ਨੂੰ 105/ ਰੁਪਏ ਮੁਕੱਰਰ ਕੀਤੀ ਸੀ ਔਰ 10 ਅਕਤੂਬਰ, 1980 ਨੂੰ ਅਤੇ ਉਸ ਤੋਂ ਹਫ਼ਤਾ ਬਾਅਦ ਤੱਕ ਵੀ ਜੋ ਝੋਨਾ ਮੰਡੀਆਂ ਵਿਚ ਆਇਆ ਉਸ ਦੀ ਪੂਰੀ ਕੀਮਤ ਨਹੀਂ ਮਿਲੀ, ਕੀ ਚੀਫ਼ ਮਨਿਸਟਰ ਸਾਹਿਬ ਇਸ ਗਲ ਦੀ ਪੜਤਾਲ ਕਰਾਉਣਗੇ ਕਿ ਭਾਰਤ ਸਰਕਾਰ ਦੇ ਫੈਸਲਾ ਕੀਤੇ ਜਾਣ ਦੇ ਬਾਅਦ ਵੀ ਇਕ ਹਫ਼ਤਾ ਪੰਜਾਬ ਦੀਆਂ ਮੰਡੀਆਂ ਵਿਚ ਕਿਸਾਨਾਂ ਨੂੰ ਝੋਨੇ ਦਾ ਭਾਅ 80/- ਜਾਂ 85/- ਰੁਪਏ ਦਿੱਤੇ ਜਾਣ ਦੇ ਕੀ ਕਾਰਨ ਹਨ ਔਰ ਜੋ ਕਿਸਾਨ ਦਾ ਨੁਕਸਾਨ ਇਸ ਸਮੇਂ ਹੋਇਆ ਹੈ ਕੀ ਚੀਫ਼ ਮਨਿਸਟਰ ਸਾਹਿਬ ਉਹ ਨੁਕਸਾਨ ਪੂਰਾ ਕਰਨ ਦਾ ਯਤਨ ਕਰਨਗੇ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਸ ਵੇਲੇ ਭਾਅ ਮੁਕਰਰ ਹੋਇਆ ਸੀ ਉਸ ਦੇ ਬਾਅਦ ਐਫ. ਸੀ. ਆਈ. ਔਰ ਦੂਸਰੀਆਂ ਸਾਡੀਆਂ ਜੋ ਇੰਸਟੀਚਿਊਸ਼ਨਜ਼ ਖਰੀਦ ਕਰਦੀਆਂ ਹਨ ਉਸ ਬਾਰੇ ਮੈਂ ਇਸ ਵੇਲੇ ਕੁੱਝ ਨਹੀਂ ਦੱਸ ਸਕਦਾ ਕਿ ਇਹ ਖਰੀਦ ਕਰਨ ਲਈ ਕਿੰਨਾਂ ਸਮਾਂ ਲਗਿਆ, ਕਿੰਨੇ ਅੰਕੜੇ ਹਨ, ਕਿੰਨੀ ਖਰੀਦ ਹੋਈ ਜਾਂ ਕਿਸ ਵੇਲੇ ਕਿੰਨੀ ਖਰੀਦ ਹੋਈ ਹੈ ।

ਜੋ ਆਨਰੇਬਲ ਮੈਂਬਰ ਨੇ ਕਿਹਾ ਹੈ ਉਸਦੇ ਬਾਰੇ ਵਿਚ ਡਿਟੇਲਜ਼ ਦਾ ਪਤਾ ਤਾਂ ਕੀਤਾ ਜਾ ਸਕਦਾ ਹੈ ।

ਸ੍ਰੀ ਸਪੀਕਰ: ਅਗਲਾ ਕੁਐਸਚਨ ਨੰ: *593

ਮੁੱਖ ਮੰਤਰੀ: ਇਸ ਦਾ ਜਵਾਬ ਹਾਲੇ ਮੇਰੇ ਕੋਲ ਨਹੀਂ ਆਇਆ ਜੀ..

ਸ੍ਰੀ ਸਪੀਕਰ: ਉਤਨੀ ਦੇਰ ਨੈਕਸਟ ਕੁਐਸਚਨ ਨੰ: 587 ਲੈ ਲੈਂਦੇ ਹਾਂ ।

VILLAGES WITHOUT LINK ROADS IN FEROZEPUR CANTT. ASSEMBLY CONSTITUENCY.

***587. Sardar Gurnaib Singh Brar:** Will the Chief Minister be pleased to state the number and names of Villages in the Ferozepur Cantt. Assembly Constituency which are without any link-roads; and the time by which the link -roads are likely to be provided in these villages?

ਸਰਦਾਰ ਦਰਬਾਰਾ ਸਿੰਘ: 1971 ਦੀ ਮਰਦਮਸ਼ੁਮਾਰੀ ਅਨੁਸਾਰ ਫਿਰੋਜ਼ਪੁਰ ਛਾਉਣੀ ਵਿਧਾਨ ਸਭ ਚੋਣ ਹਲਕੇ ਵ੍ਹਿਚ ਆਉਂਦੇ ਸਾਰੇ ਪਿੰਡ (ਸਿਵਾਏ ਇਕ ਬੇਚਰਾਗ ਪਿੰਡ ਤੋਂ) ਲਿੰਕ ਸੜਕਾਂ ਨਾਲ ਜੋੜੇ ਜਾ ਚੁੱਕੇ ਹਨ ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੇ ਹਲਕੇ ਬਾਰੇ ਜੋ ਇਨ੍ਹਾਂ ਨੂੰ ਇਨਫਰਮੇਸ਼ਨ ਭੇਜੀ ਗਈ ਹੈ ਉਹ ਮੇਰੇ ਖਿਆਲ ਵਿਚ ਦਰੁਸਤ ਨਹੀਂ ਹੈ। 1971 ਦੀ ਮਰਦਮਸ਼ੁਮਾਰੀ ਨੂੰ 10 ਸਾਲ ਹੋ ਗਏ ਹਨ ਅਤੇ ਇਸ ਦੌਰਾਨ ਕਈ ਨਵੇਂ ਪਿੰਡ ਵਸ ਗਏ ਹਨ । ਮੇਰੇ ਹਲਕੇ ਵਿਚ ਇਸ ਤਰ੍ਹਾਂ ਦੇ ਕੋਈ 8,10 ਪਿੰਡ ਹਨ ਕਿ ਉਨ੍ਹਾਂ ਨਾਲ ਕੋਈ ਲਿੰਕ ਰੋਡ ਨਹੀਂ ਹੈ। ਕੀ ਮੁੱਖ ਮੰਤਰੀ ਸਾਹਿਬ ਇਨ੍ਹਾਂ ਪਿੰਡਾਂ ਬਾਰੇ ਦੁਬਾਰਾ ਪਤਾ ਕਰਾਉਣਗੇ ?

ਮੁੱਖ ਮੰਤਰੀ: 92 ਪਿੰਡਾਂ ਵਿਚੋਂ 91 ਜੋੜੇ ਗਏ ਹਨ । ਇਹ ਬਾਚਿਰਾਗ ਹਨ ਬੇਚਿਰਾਗ ਨਹੀਂ ।

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਬੇਚਿਰਾਗ ਮੇਰੇ ਹਲਕੇ ਦਾ ਕੋਈ ਪਿੰਡ ਨਹੀਂ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ । ਮੈਂ ਕਹਿੰਦਾ ਹਾਂ ਕਿ ਮੁੱਖ ਮੰਤਰੀ ਜੀ ਕੋਲ ਇਨਫਰਮੇਸ਼ਨ ਠੀਕ ਨਹੀਂ ਪੁਜੀ। ਮੇਰੇ ਹਲਕੇ ਵਿਚ 8,10 ਪਿੰਡ ਐਸੇ ਹਨ (ਵਿਘਨ) ਜੇ ਇਹ ਕਹਿਦੇ ਹਨ ਤਾਂ ਮੈਂ ਨਾਂ ਵੀ ਦੇ ਦਿਆਂਗਾ । ਇਕ ਖਾਨਪੁਰ ਹੈ ਦੂਜਾ ਭਾਲ ਹੈ ਇਸ ਤਰ੍ਹਾਂ ਕਈ ਹੋਰ ਪਿੰਡ ਹਨ । ਕੀ ਮੁੱਖ ਮੰਤਰੀ ਸਾਹਿਬ ਦੁਬਾਰਾ ਪੁੱਛ ਗਿਛ ਕਰਕੇ ਇਨ੍ਹਾਂ ਪਿੰਡਾਂ ਨੂੰ ਲਿੰਕ ਰੋਡਜ਼ ਦੇਣਗੇ ?

ਮੁੱਖ ਮੰਤਰੀ: ਦੋ ਪਿੰਡਾਂ ਦਾ ਨਾਂ ਲਿਆ ਹੈ, ਹੋਰ ਨਾਂ ਲਿਖ ਕੇ ਦੇਣ ਮੈਂ ਜਵਾਬ ਦੇ ਦਿਆਂਗਾ ।

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਤੋਂ ਪੁੱਛਣਾ ਚਾਹੁਦਾ ਹਾਂ ਕਿ ਹਰੀਸਿੰਘਵਾਲਾ ਪਿੰਡ ਬਲਾਕ ਮਾਨਸਾ ਵਿਚ ਹੈ ਜਿਹੜਾ ਪਹਿਲਾਂ ਬੇਚਿਰਾਗ ਸੀ ਔਰ 1975

For starred question No. 593 and reply thereto please see page 22 infra.

ਵਿਚ ਬਿਜਲੀ ਦੇ ਖੰਬੇ ਲਾ ਦਿਤੇ ਸੀ । ਉਥੇ 20,25 ਘਰ ਹਨ, ਉਨ੍ਹਾਂ ਨੂੰ ਬਾਚਿਰਾਗ ਕਰਨ ਵਾਸਤੇ ਕੁਝ ਕਰਨਗੇ?

ਮੁੱਖ ਮੰਤਰੀ : ਲਿਖ ਕੇ ਦੇ ਦੇਣ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ ਮੈਂ ਮੁੱਖ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੰਢੀ ਦੇ ਇਲਾਕੇ ਦੇ 15,16 ਪਿੰਡ ਰਹਿੰਦੇ ਹਨ ਉਨ੍ਹਾਂ ਨੂੰ ਕਦੋਂ ਤੱਕ ਲਿੰਕ ਰੋਡਜ਼ ਦੇ ਦੇਣਗੇ ?

ਸ੍ਰੀ ਸਪੀਕਰ: ਇਸ ਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਕਿ ਪਿਛਲੀ ਮਰਦਮਸ਼ੁਮਾਰੀ ਤੋਂ ਬਾਅਦ ਪੰਜਾਬ ਵਿਚ ਕਈ ਹਿਸਿਆਂ ਵਿਚ ਨਵੀਆਂ ਆਬਾਦੀਆਂ ਹੋਈਆਂ ਹਨ ਜਿਨ੍ਹਾਂ ਦੀ ਵਸੋਂ 250 ਤੋਂ ਵੱਧ ਹੈ ਔਰ ਉਹ ਦੂਸਰੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ । ਐਸੀਆਂ ਬਸਤੀਆਂ ਜਿਹੜੀਆਂ 1971 ਦੀ ਮਰਦਮਸ਼ੁਮਾਰੀ ਤੋਂ ਮਗਰੋਂ ਹੋਈਆਂ ਹਨ ਕੀ ਉਨ੍ਹਾਂ ਨੂੰ ਲਿੰਕ ਰੋਡਜ਼ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, 9 ਫਰਵਰੀ, 1981 ਤੋਂ 28 ਫਰਵਰੀ ਤਕ ਸਾਰੀ ਮਰਦਮਸ਼ੁਮਾਰੀ ਹੋ ਜਾਣੀ ਹੈ, ਉਸ ਵਿਚ ਪਤਾ ਲਗ ਜਾਣਾ ਹੈ ਕਿ ਕਿੰਨੇ ਪਿੰਡ ਹਨ ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਦਸਿਆ ਹੈ ਕਿ ਕਈ ਪਿੰਡ ਰਹਿੰਦੇ ਹਨ ਅਤੇ ਮੁੱਖ ਮੰਤਰੀ ਜੀ ਨੇ ਦਸਿਆ ਹੈ ਕਿ ਇਕ ਪਿੰਡ ਰਹਿੰਦਾ ਹੈ ਇਹ ਜਿਹੜੀ ਗਲਤ ਇਨਫਰਮੇਸ਼ਨ ਹਾਊਸ ਵਿਚ ਆਈ ਹੈ ਕੀ ਇਹ ਸਾਰੀ ਪੜਤਾਲ ਕਰਾਕੇ ਗਲਤ ਇਨਫਰਮੇਸ਼ਨ ਸਪਲਾਈ ਕਰਨ ਵਾਲੇ ਦੇ ਵਿਰੁਧ ਕੋਈ ਐਕਸ਼ਨ ਲੈਣਗੇ ?

ਮੁੱਖ ਮੰਤਰੀ : ਤਾੜਨਾ ਤਾਂ ਜ਼ਰੂਰ ਕਰਾਂਗਾ ।

ਸਰਦਾਰ ਸ਼ਮਸ਼ੇਰ ਸਿੰਘ : ਸਪੀਕਰ ਸਾਹਿਬ, ਪਹਿਲਾਂ ਮਾਰਕੀਟ ਕਮੇਟੀਆਂ ਸੜਕਾਂ ਬਣਾਉਣ ਤੇ ਪੈਸੇ ਖਰਚ ਕਰਦੀਆਂ ਸਨ ਔਰ ਬਾਅਦ ਵਿਚ ਸੁਪਰੀਮ ਕੋਰਟ ਨੇ ਰੋਕ ਲਾ ਦਿਤੀ । ਕੀ ਮੁੱਖ ਮੰਤਰੀ ਸਾਹਿਬ Agriculture Marketing ਐਕਟ ਵਿਚ ਤਰਮੀਮ ਕਰਨਗੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਸੜਕਾਂ ਬਣ ਸਕਣ ਅਤੇ ਮਾਰਕੀਟ ਕਮੇਟੀਆਂ ਪਿੰਡਾਂ ਦੀਆਂ ਸੜਕਾਂ ਬਨਾਉਣ ਲਈ ਖਰਚ ਕਰ ਸਕਣ ਜਾਂ ਕੋਈ ਛੇਤੀ ordinance ਕਰਨਗੇ ?

ਮੁੱਖ ਮੰਤਰੀ : ਲੀਗਲੀ ਐਗਜ਼ਾਮਿਨ ਕਰਾ ਰਹੇ ਹਾਂ ਤਾਂ ਕਿ ਫੂਲਪਰੂਫ ਹੋਵੇ ਅਤੇ ਪਹਿਲੇ ਵਾਂਗ ਸਟਰਾਇਕ ਡਾਊਨ ਨਾ ਹੋਵੇ ।

ਸਰਦਾਰ ਅਵਤਾਰ ਸਿੰਘ ਗੜਵਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਤਲਵੰਡੀ ਸਾਬੋ ਇਕ ਇਤਿਹਾਸਿਕ ਜਗ੍ਹਾ ਹੈ ਉਸ ਤੋਂ 4 ਮੀਲ ਦੂਰੀ ਤੇ ਇਕ ਪਿੰਡ ਨੱਤ ਤਹਿਸੀਲ ਤਲਵੰਡੀ ਸਾਬੋ ਵਿਚ ਹੈ ਉਸ ਵਿਚ ਇਕ ਇਤਿਹਾਸਿਕ ਗੁਰਦੁਆਰਾ ਜਿਸ ਦਾ ਨਾਂ ਝੋਟਾਸਰ ਹੈ ਉਥੇ ਗੁਰੂ ਸਾਹਿਬ ਵੀ ਜਾ ਕੇ ਆਏ ਸਨ । ਉਸ ਦੀ ਸੜਕ ਦਾ ਐਸਟੀਮੇਟ ਕਾਂਗਰਸ ਸਰਕਾਰ ਵੇਲੇ 1975-76 ਵਿਚ ਮਨਜ਼ੂਰ ਹੋਇਆ ਸੀ, ਸੜਕਾਂ ਦੋਨਾਂ ਸਾਈਡਾਂ ਤੋਂ ਬਣੀਆਂ ਹੋਈਆਂ ਹਨ

[ਸਰਦਾਰ ਅਵਤਾਰ ਸਿੰਘ ਗਤਵਾਲੀ]

ਸਿਰਫ 4 ਮੀਲ ਦਾ ਟੁਕੜਾ ਰਹਿੰਦਾ ਹੈ ਔਰ ਉਸ ਦੇ ਕੁਝ ਹਿੱਸੇ ਵਿਚ ਖੜੰਜਾ ਲੱਗਿਆ ਹੋਇਆ ਹੈ। ਲੋਕਾਂ ਨੂੰ ਬੜੀ ਤਕਲੀਫ ਹੈ। ਕੀ ਉਸ ਸੜਕ ਦੀ ਜਲਦੀ ਤੋਂ ਜਲਦੀ ਮਨਜ਼ੂਰੀ ਦੇਕੇ ਲੋਕਾਂ ਦੀ ਤਕਲੀਫ ਨੂੰ ਦੂਰ ਕੀਤਾ ਜਾਏਗਾ ?

ਮੁੱਖ ਮੰਤਰੀ : ਇਤਿਹਾਸਿਕ ਇਲਾਕੇ ਨੂੰ ਪਹਿਲ ਦਿਆਂਗੇ।

ਸ੍ਰੀ ਸਪੀਕਰ : ਸੀ. ਐਮ. ਸਾਹਿਬ ਕੋਲ *593 ਦਾ ਹੁਣ ਜਵਾਬ ਆ ਗਿਆ ਹੈ, ਸਬੰਧਤ ਮੈਂਬਰ ਸਾਹਿਬ ਆਪਣਾ ਸੁਆਲ ਪੁੱਟ ਕਰ ਸਕਦੇ ਹਨ।

CONSTRUCTION OF A HIGH STORAGE TANK AT WATER WORKS JANDWALA BIME SHAH, TEHSIL FAZILKA

*593. **Shri Sewa Ram :** Will the Chief Minister be pleased to state:—

(a) whether a high storage tank has been constructed at the Water Works Jandwala Bime Shah, Tehsil Fazilka;

(b) whether an engine was provided for running the Water Works and the same has been installed; if not, the reasons therefor?

Sardar Darbara Singh: (a) No Sir.

(b) Yes, in the sanctioned estimate there is a provision for providing a stand Bye diesel engine. It has not yet been installed, because additional funds are required over and above the original sanctioned estimate for the works.

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਐਸਟੀਮੇਟ ਬਣਾਇਆ ਸੀ ਕੀ ਉਸ ਵੇਲੇ ਸਟੋਰੇਜ ਟੈਂਕ ਦੀ ਪ੍ਰੋਵੀਜ਼ਨ ਰਖੀ ਗਈ ਸੀ?

ਮੁੱਖ ਮੰਤਰੀ : ਮੈਂ ਸੁਆਲ ਦੀਆਂ ਡਿਟੇਲਜ਼ ਬਾਅਦ ਵਿਚ ਇਨ੍ਹਾਂ ਨੂੰ ਭੇਜ ਦਿਆਂਗਾ ਕਿਉਂਕਿ ਇਹ ਸੁਆਲ ਮੈਨੂੰ ਹੁਣ ਮਿਲਿਆ ਹੈ।

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਕਿ ਆਇਆ ਉਥੇ ਲਈ ਡੀਜ਼ਲ ਇੰਜਨ ਖਰੀਦਿਆ ਹੋਇਆ ਹੈ ਜਾਂ ਕੋਈ ਪ੍ਰੋਵੀਜ਼ਨ ਰਖਿਆ ਗਿਆ ਹੈ?

ਮੁੱਖ ਮੰਤਰੀ : ਮੈਂ ਤੁਹਾਡੇ ਸੁਆਲ ਦਾ ਜਵਾਬ ਪੁੱਛਗਿਛ ਕਰਕੇ ਤੁਹਾਨੂੰ ਦੇ ਦਿਆਂਗਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸ੍ਰੀ ਸੇਵਾ ਰਾਮ ਜੀ ਦੇ ਸੁਆਲ ਦਾ ਜਵਾਬ ਲਿਖਤੀ ਰੂਪ ਵਿਚ ਸਾਰੇ ਮੈਂਬਰ ਸਾਹਿਬਾਨ ਨੂੰ ਭੇਜ ਦੇਣਗੇ ਤਾਂ ਕਿ ਸਾਰਿਆਂ ਨੂੰ ਵਾਕਫੀਅਤ ਮਿਲ ਜਾਏ ....

ਸ੍ਰੀ ਸਪੀਕਰ : ਤੁਸੀਂ ਸ੍ਰੀ ਸੇਵਾ ਰਾਮ ਨੂੰ ਪੁੱਛ ਲੈਣਾ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਇਹ ਹਾਊਸ ਦੀ ਪ੍ਰਾਪਰਟੀ ਹੈ, ਮੈਨੂੰ ਵੀ ਇਸ ਗਲ ਦਾ ਪਤਾ ਲਗਣਾ ਚਾਹੀਦਾ ਹੈ.........(ਵਿਘਨ)

ਮੁੱਖ ਮੰਤਰੀ : ਇਨ੍ਹਾਂ ਨੂੰ ਵੀ ਮੈਂ ਕਾਪੀ ਭੇਜ ਦਿਆਂਗਾ ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਦੇ ਸੁਆਲ ਦਾ ਪਹਿਲਾਂ ਤਾਂ ਜਵਾਬ ਨਹੀਂ ਆਇਆ ਸੀ ਅਤੇ ਸੁਆਲ ਅਗੇ ਪਾ ਦਿਤਾ ਗਿਆ ਸੀ, ਫਿਰ ਦੋ ਮਿੰਟਾਂ ਵਿਚ ਜਵਾਬ ਆ ਗਿਆ । ਸਾਡੇ ਕੋਲ ਜਵਾਬ ਐਡਵਾਂਸ ਆ ਜਾਣਾ ਚਾਹੀਦਾ ਹੈ ਤਾਂ ਕਿ ਰੈਲੇਵੈਂਟ ਸਪਲੀਮੈਂਟਰੀਜ਼ ਪੁਛੀਆਂ ਜਾ ਸਕਣ (ਵਿਘਨ) ।

ਸ਼੍ਰੀ ਸਪੀਕਰ : ਨੋ ਡਿਸਕਸ਼ਨ ਪਲੀਜ਼ । ਨੈਕਸਟ ਕੁਐਸਚਨ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 588

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੁਟ ਨਹੀਂ ਕੀਤਾ ਗਿਆ)

ਨਿਸ਼ਾਨ ਵਾਲਾ ਪ੍ਰਸ਼ਨ ਨੰ: 309

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੁਟ ਨਹੀਂ ਕੀਤਾ ਗਿਆ)

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ** ** **

ਸ਼੍ਰੀ ਸਪੀਕਰ : ਰੂਲਾਂ ਅਨੁਸਾਰ ਅੱਜ ਬਜਟ ਦੀ ਕਾਰਵਾਈ ਦੇ ਸਿਵਾਏ ਕੁਝ ਨਹੀਂ ਹੋ ਸਕਦਾ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਡਾਕਟਰ ਭਗਤ ਸਿੰਘ : ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਨੋ-ਕਾਨਫੀਡੈਂਸ ਮੋਸ਼ਨ ਦਿੱਤੀ ਹੈ । ਕਾਫੀ ਦਿਨ ਹੋ ਗਏ ਹਨ । ਮੈਨੂੰ ਉਸਦੇ ਬਾਰੇ ਅਜੇ ਤਕ ਕੁਝ ਨਹੀਂ ਪਤਾ ਲੱਗਾ ।

Mr. Speaker: That is under process.

Doctor Bhagat Singh : For how long will this process continue ?

Mr. Speaker: It will be completed as early as possible.

ਪ੍ਰੋਫੈਸਰ ਬਲਵੰਤ ਸਿੰਘ : ** ** **

Mr. Speaker: This is no point of order. I over-rule it.

** Expunged as ordered by the Chair.

PRESENTATION OF BUDGET ESTIMATES FOR THE YEAR 1981-82

Mr. Speaker: Now the Finance Minister will present the Budget Estimates for the year 1981-82.

ਵਿੱਤ ਮੰਤਰੀ (ਡਾ. ਕੇਵਲ ਕ੍ਰਿਸ਼ਨ): ਸ੍ਰੀ ਮਾਨ ਜੀ,

ਮੈਂ ਆਪ ਜੀ ਪਾਸੋਂ ਸਾਲ 1981-82 ਦਾ ਬਜਟ ਸਦਨ ਅਗੇ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ

ਲਗਭਗ 6 ਮਹੀਨੇ ਹੋਏ, ਮੈਨੂੰ ਇਸ ਮਹਾਨ ਸਦਨ ਸਾਹਮਣੇ, ਆਪਣੀ ਸਰਕਾਰ ਦਾ ਪਹਿਲਾ ਬਜਟ ਪੇਸ਼ ਕਰਨ ਦਾ ਮਾਣ ਪ੍ਰਾਪਤ ਹੋਇਆ ਸੀ । ਉਦੋਂ ਮਾਨਯੋਗ ਮੈਂਬਰਾਂ ਨੂੰ ਉਸ ਸਮੇਂ ਦੀ ਆਰਥਿਕ ਅਤੇ ਵਿੱਤੀ ਸਥਿਤੀ ਤੋਂ ਜਾਣੂ ਕਰਵਾਉਣ ਤੋਂ ਇਲਾਵਾ, ਮੈਂ ਉਨ੍ਹਾਂ ਉਪਾਵਾਂ ਦਾ ਵੀ ਜ਼ਿਕਰ ਕੀਤਾ ਸੀ, ਜਿਹੜੇ ਪੰਜਾਬ ਨੂੰ ਇਕ ਵਾਰੀ ਫਿਰ ਦੇਸ਼ ਦਾ ਸਭ ਤੋਂ ਖੁਸ਼ਹਾਲ ਅਤੇ ਅਗਾਂਹ-ਵਧੂ ਰਾਜ ਹੋਣ ਦਾ ਸਨਮਾਨ ਭਰਿਆ ਸਥਾਨ ਦਿਵਾਉਣ ਲਈ ਕਰਨੇ ਜ਼ਰੂਰੀ ਸਨ । ਆਪਣੀ ਸਰਕਾਰ ਵਲੋਂ, ਆਰਥਕ ਵਿਕਾਸ ਦੇ ਖੇਤਰ ਵਿਚ ਦਿੱਤੀ ਗਈ ਨਵੀਂ ਅਗਵਾਈ ਅਤੇ ਇਸ ਸਬੰਧੀ ਹੋਈਆਂ ਪ੍ਰਾਪਤੀਆਂ ਦੇ ਵੇਰਵਿਆਂ ਨੂੰ ਮਾਨਯੋਗ ਮੈਂਬਰਾਂ ਨਾਲ ਸਾਂਝਾ ਕਰਨ ਤੋਂ ਪਹਿਲਾਂ, ਮੈਂ ਇਹ ਕਹਿਣਾ ਚਾਹਾਂਗਾ ਕਿ ਵਾਗਡੋਰ ਸੰਭਾਲਣ ਤੋਂ ਬਾਅਦ ਥੋੜੇ ਜਿਹੇ ਅਰਸੇ ਵਿਚ ਹੀ ਸਰਕਾਰ ਨੇ ਪ੍ਰਸ਼ਾਸ਼ਨ ਨੂੰ ਸੁਚੱਜਤਾ ਨਾਲ ਚਲਾਉਣ ਅਤੇ ਇਸ ਨੂੰ ਤੰਗ ਅਤੇ ਫਿਰਕੂ ਵਿਚਾਰਾਂ ਤੋਂ ਉਪਰ ਉਠਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ । ਕਾਨੂੰਨ ਅਤੇ ਅਮਨ ਦੀ ਸਥਿਤੀ ਵਿਚ ਵੀ ਚੋਖਾ ਸੁਧਾਰ ਹੋਇਆ ਹੈ । ਯੋਜਨਾ ਪੂੰਜੀ ਦੇ ਮਾਮਲੇ ਵਿਚ ਖੜਤ ਨੂੰ ਤੋੜ ਦਿੱਤਾ ਗਿਆ ਹੈ । ਸਾਲ 1980-81 ਦਾ ਯੋਜਨਾ ਉਪਬੰਧ 260.00 ਕਰੋੜ ਰੁਪਏ ਤੋਂ ਵਧਾ ਕੇ 300.00 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਅਤੇ ਸਾਲ 1981-82 ਦੀ ਯੋਜਨਾ ਲਈ 340.40 ਕਰੋੜ ਰੁਪਏ ਨਿਸਚਿਤ ਕੀਤੇ ਗਏ ਹਨ । ਅਤਿ ਦੀਆਂ ਵਿੱਤੀ ਔਕੜਾਂ ਅਤੇ ਪਿਛਲੀ ਸਰਕਾਰ ਪਾਸੋਂ ਵਿਰਸੇ ਵਿਚ ਮਿਲੀ ਕਮਜ਼ੋਰ ਹੋ ਚੁਕੇ ਵਸੀਲਿਆਂ ਵਾਲੀ ਆਰਥਕਤਾ ਦੇ ਬਾਵਜੂਦ, ਅਸੀਂ ਯੋਜਨਾ ਦੇ ਆਕਾਰ ਨੂੰ ਘਟਾਉਣ ਦਾ ਸੌਖਾ ਰਾਹ ਅਪਣਾਉਣ ਤੋਂ ਸੰਕੋਚ ਕੀਤਾ ਹੈ । ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਨ ਦਾ ਸਾਡਾ ਸੰਕਲਪ ਦ੍ਰਿੜ੍ਹ ਹੈ ।

ਆਰਥਿਕ ਸਥਿਤੀ

ਮਾਨਯੋਗ ਮੈਂਬਰਾਂ ਨੂੰ ਹੋਰ ਬਜਟ ਦਸਤਾਵੇਜ਼ਾਂ ਦੇ ਨਾਲ, ਸਾਲ 1980-81 ਦਾ ਜੋ ਆਰਥਕ ਸਰਵਖਣ ਵੱਖਰੇ ਤੌਰ ਤੇ ਦਿੱਤਾ ਗਿਆ ਹੈ, ਉਸ ਵਿਚ ਰਾਜ ਦੀ ਵਰਤਮਾਨ ਆਰਥਕ ਸਥਿਤੀ ਬਾਰੇ ਵੇਰਵੇ ਸਹਿਤ ਰੋਸ਼ਨੀ ਪਾਈ ਗਈ ਹੈ । ਉਸ ਵਿਚ ਅੰਕਿਤ ਕੁਝ ਗੱਲਾਂ ਵਲ ਮੈਂ ਹੁਣ ਆਪ ਜੀ ਦਾ ਧਿਆਨ ਦਿਵਾਵਾਂਗਾ । ਤੀਹ ਸਾਲ ਤੋਂ ਵੀ ਵਧ ਸਮੇਂ ਦੇ ਯੋਜਨਾਬੱਧ ਵਿਕਾਸ ਦੇ ਦੌਰਾਨ, ਰਾਜ ਵਿਚ ਸਮੁੱਚੇ ਤੌਰ ਤੇ ਪ੍ਰਭਾਵਸ਼ਾਲੀ ਵਿਕਾਸ ਹੋਇਆ ਹੈ ।

ਇਸ ਅਰਸੇ ਦੇ ਦੌਰਾਨ ਰਾਜ ਦੀ ਕੁੱਲ ਆਮਦਨ 532 ਕਰੋੜ ਰੁਪਏ (1952-53) ਤੋਂ ਵਧ ਕੇ 3,643 ਕਰੋੜ ਰੁਪਏ (1979-80); ਜੀਅ ਪ੍ਰਤੀ ਆਮਦਨ 321 ਰੁਪਏ (1952-53) ਤੋਂ ਵਧ ਕੇ 2,278 ਰੁਪਏ (1979-80); ਕੁੱਲ ਖੇਤੀਯੋਗ ਰਕਬੇ ਦੇ ਸਿੰਜਾਈ ਵਾਲੇ ਖੇਤਰ ਦੀ ਪ੍ਰਤੀਸ਼ਤਤਾ 37% (1950-51) ਤੋਂ ਵਧ ਕੇ 87% (1979-80) ਬਿਜਲੀ ਦੀ ਉਤਪਾਦਨ ਸਮਰਥਾ (1950-51) 70 ਮੈਗਾਵਾਟ ਤੋਂ ਵਧ ਕੇ (1978-79) 1384 ਮੈਗਾਵਾਟ; (ਥੰਪਿੰਗ) ਅਨਾਜ ਦੀ ਪੈਦਾਵਾਰ (1950-51) 41

ਲੱਖ ਮੀਟ੍ਰਿਕ ਟਨ ਤੋਂ ਵਧ ਕੇ (1980-81) 127.52 ਲੱਖ ਮੀਟ੍ਰਿਕ ਟਨ; ਅਤੇ ਹਸਪਤਾਲਾਂ ਤੇ ਡਿਸ-ਪੈਂਸਰੀਆਂ ਦੀ ਗਿਣਤੀ 801 (1952) ਤੋਂ ਵਧ ਕੇ (1979) 1359 ਹੋ ਗਈ ਹੈ । ਆਧਾਰ ਸਾਲ ਦੇ ਅੰਕੜੇ ਸੰਯੁਕਤ ਪੰਜਾਬ ਦੇ ਹਨ । ਮੈਂ ਆਰਥਕ ਵਿਕਾਸ ਦੇ ਸੂਚਕ ਇਨ੍ਹਾਂ ਅੰਕੜਿਆਂ ਨੂੰ ਇਸ ਲਈ ਆਪ ਦੇ ਸਾਹਮਣੇ ਰੱਖਿਆ ਹੈ ਤਾਂ ਜੋ ਆਪ ਜੀ ਨੂੰ ਦਸ ਸਕਾਂ ਕਿ ਚੌਹੀਂ ਪਾਸੀਂ ਵਿਕਾਸ ਦੇ ਖੇਤਰ ਵਿਚ ਇਹ ਵਰਣਨਯੋਗ ਪ੍ਰਗਤੀ ਕਾਂਗਰਸ ਸਰਕਾਰਾਂ ਦੁਆਰਾ, ਸਾਲ 1951 ਤੋਂ ਯੋਜਨਾਬੱਧ ਵਿਕਾਸ ਦਾ ਯੁਗ ਆਰੰਭ ਕਰਨ ਸਦਕਾ ਹੀ ਹੋਈ ਹੈ (ਥੰਪਿੰਗ) । ਇਹ ਕਾਂਗਰਸ ਪਾਰਟੀ ਹੀ ਹੈ ਜਿਸ ਨੇ ਤੀਹ ਸਾਲਾਂ ਦੇ ਸਮੇਂ ਦੌਰਾਨ ਰਾਜ ਨੂੰ ਸਥਿਰ ਸਰਕਾਰਾਂ ਦਿੱਤੀਆਂ ਅਤੇ ਜਿਸ ਦਾ ਸਦਕਾ ਇਹ ਸਾਰਾ ਵਿਕਾਸ ਹੋਇਆ ਹੈ । ਦੂਜੀਆਂ ਪਾਰਟੀਆਂ ਕੇਵਲ ਤਿੰਨ ਵਾਰ ਕੁਝ ਕੁਝ ਸਮੇਂ ਲਈ ਹੀ ਅਸਥਿਰ ਸਰਕਾਰਾਂ ਬਣਾ ਸਕੀਆਂ ਅਤੇ ਇਸ ਤਰੱਕੀ ਵਿਚ ਉਨ੍ਹਾਂ ਦੀ ਕੋਈ ਵਿਸ਼ੇਸ਼ ਦੇਣ ਨਹੀਂ ਰਹੀ ਹੈ । ਸਗੋਂ ਸੱਚ ਤਾਂ ਇਹ ਹੈ ਕਿ ਇਨ੍ਹਾਂ ਅਸਥਿਰ ਕੁਲੀਸ਼ਨ ਸਰਕਾਰਾਂ ਨੇ ਆਪਣੀ ਕਾਰਜਹੀਨਤਾ ਕਾਰਨ, ਰਾਜ ਦੇ ਸੰਭਾਵੀ ਆਰਥਕ ਵਿਕਾਸ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ । ਜੂਨ, 1977 ਤੋਂ ਫਰਵਰੀ, 1980 ਤਕ ਕੋਈ ਵਿਸ਼ੇਸ਼ ਨਵੇਂ ਸਾਧਨ ਨਹੀਂ ਜੁਟਾਏ ਗਏ ਅਤੇ ਟੈਕਸ ਅਦਾ ਕਰਨ ਵਾਲਿਆਂ ਦੇ ਧਨ ਨੂੰ ਆਦਰਸ਼ ਸਕੂਲਾਂ, ਫੋਕਲ ਪੁਆਇੰਟਾਂ ਆਦਿ ਵਰਗੇ ਫੋਕੀ ਸ਼ੁਹਰਤ ਵਾਲੇ ਪ੍ਰੋਗਰਾਮਾਂ ਉਤੇ ਜ਼ਾਇਆ ਕੀਤਾ ਗਿਆ ਹੈ । (ਥੰਪਿੰਗ) ਸਾਡੀ ਸਰਕਾਰ ਨੇ ਸਾਰੇ ਕੰਮ ਨੂੰ ਮੁਢੋਂ ਸੁਢੋਂ ਉਥੋਂ ਹੀ ਸ਼ੁਰੂ ਕੀਤਾ ਹੈ ਜਿਥੇ 1977 ਵਿਚ ਛਡਿਆ ਸੀ । (ਥੰਪਿੰਗ)

ਛੇਵੇਂ ਦਹਾਕੇ ਦੇ ਮਗਰਲੇ ਸਾਲਾਂ ਵਿਚ "ਹਰੇ ਇਨਕਲਾਬ" ਦੀ ਆਮਦ ਨੇ, ਰਾਜ ਦੀ ਆਰਥਕਤਾ ਨੂੰ ਇਕ ਮਹੱਤਵਪੂਰਨ ਮੋੜ ਪ੍ਰਦਾਨ ਕੀਤਾ ਸੀ। ਇਸ ਨੇ ਖੇਤੀਬਾੜੀ ਨੂੰ ਗੁਜ਼ਾਰੇ ਮਾਤਰ ਦੀ ਪੱਧਰ ਤੋਂ ਚੁਕ ਕੇ ਭਾਰੀ ਮਾਤਰਾ ਵਿਚ ਵਾਫ਼ਰ ਅਨਾਜ ਪੈਦਾ ਕਰਨ ਦੀ ਸਮਰਥਾ ਦਿਤੀ । ਨਤੀਜੇ ਵਜੋਂ ਸਾਲ 1970-71 ਦੀਆਂ ਕੀਮਤਾਂ ਦੇ ਆਧਾਰ ਤੇ ਰਾਜ ਦੀ ਸਮੁੱਚੀ ਆਮਦਨ, ਜਿਹੜੀ ਸਾਲ 1970-71 ਵਿਚ 1,382.00 ਕਰੋੜ ਰੁਪਏ ਸੀ, ਉਹ ਵਧਕੇ ਸਾਲ 1979-80 ਵਿਚ, 2,112.00 ਕਰੋੜ ਰੁਪਏ ਹੋ ਗਈ ਹੈ । ਇਸ ਸਮੇਂ ਦੇ ਦੌਰਾਨ ਹੋਇਆ ਇਹ ਵਾਧਾ ਵਿਕਾਸ ਦੀ 4.8% ਸਾਲਾਨਾ ਮਿਸ਼ਰਤ ਦਰ ਦਾ ਸੂਚਕ ਹੈ । ਐਪਰ, ਸਾਲ 1979-80 ਦੇ ਦੌਰਾਨ ਪ੍ਰਾਪਤ ਕੀਤੀ 3% ਦੀ ਵਿਕਾਸ ਦਰ ਪਿਛਲੇ ਦਹਾਕੇ ਦੇ ਦੌਰਾਨ ਦੀ ਔਸਤ ਸਾਲਾਨਾ ਵਿਕਾਸ ਦਰ ਨਾਲੋਂ ਘਟ ਸੀ ।

ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਸੁਯੋਗ ਅਗਵਾਈ ਹੇਠ ਕੇਂਦਰੀ ਸਰਕਾਰ ਵਲੋਂ ਕੀਤੇ ਗਏ ਉਪਾਵਾਂ ਸਦਕਾ ਰਾਸ਼ਟਰੀ ਆਰਥਕਤਾ ਵਿਚ ਮੁੜ ਮਜ਼ਬੂਤੀ ਆ ਰਹੀ ਹੈ ਅਤੇ 1980-81 ਦੇ ਸਾਲ ਦੀ ਆਰਥਕ ਸਥਿਤੀ ਬਹੁਤ ਆਸ਼ਾਜਨਕ ਹੈ । ਖੇਤੀਬਾੜੀ ਅਤੇ ਉਦਯੋਗਿਕ ਉਤਪਾਦਨ ਵਿਚ ਹੋਏ ਤੇਜ਼ ਵਾਧੇ ਬੁਨਿਆਦੀ ਢਾਂਚੇ ਦੀ ਸੁਧਰੀ ਕਾਰਜ-ਪ੍ਰਣਾਲੀ ਕਾਰਨ ਨਿਸ਼ਚੇ ਹੀ ਆਰਥਕਤਾ ਵਿਚ ਸਥਿਰਤਾ ਆਵੇਗੀ । ਕੁੱਲ ਰਾਸ਼ਟਰੀ ਉਤਪਾਦਨ ਵਿਚ ਪਿਛਲੇ ਸਾਲ ਹੋਈ ਤਿੰਨ ਪ੍ਰਤੀਸ਼ਤ ਕਮੀ ਦੇ ਟਾਕਰੇ ਤੇ ਚਾਲੂ ਸਾਲ ਦੇ ਦੌਰਾਨ ਰਾਸ਼ਟਰੀ ਆਰਥਕਤਾ ਵਿਚ ਤਿੰਨ ਤੋਂ ਚਾਰ ਪ੍ਰਤੀਸ਼ਤ ਦਾ ਵਾਧਾ ਹੋਣ ਦੀ ਸੰਭਾਵਨਾ ਹੈ । ਸਾਲ 1980 ਨੂੰ ਪੁਨਰ ਉਸਾਰੀ ਦਾ ਸਾਲ ਕਿਹਾ ਜਾ ਸਕਦਾ ਹੈ । ਇਸ ਸਾਲ ਦੇ ਦੌਰਾਨ ਮੁਦਰਾ-ਪਸਾਰ ਦੀ ਦਰ ਵੀ (22.3 ਪ੍ਰਤੀਸ਼ਤ ਤੋਂ 12.7 ਪ੍ਰਤੀਸ਼ਤ) ਘਟੀ ਹੈ

ਰਾਜ ਦੇ ਪੱਧਰ ਤੇ ਸਾਲ 1980-81 ਦੇ ਦੌਰਾਨ ਆਰਥਕ ਸਥਿਤੀ ਇਸ ਤੋਂ ਵੀ ਚਗੀ ਹੋਣ ਦੀ ਆਸ ਹੈ । ਖੇਤੀਬਾੜੀ ਦੇ ਖੇਤਰ ਵਿਚ 1979-80 ਦੇ ਦੌਰਾਨ ਵਿਕਾਸ ਦੀ ਦਰ ਸਥਿਰ ਨਹੀਂ ਸੀ, ਉਸ ਵਿਚ ਪਿਛਲੇ ਸਾਲ ਨਾਲੋਂ ਇਸ ਸਾਲ 8% ਤੋਂ ਵੱਧ ਵਾਧਾ ਹੋਣ ਦੀ ਸੰਭਾਵਨਾ ਹੈ ।

[ਵਿੱਤ ਮੰਤਰੀ]

ਬਿਜਲੀ ਅਤੇ ਕੋਲੇ ਦੀ ਪ੍ਰਾਪਤੀ ਵਿਚ ਸੁਧਾਰ ਦੇ ਫਲਸਰੂਪ ਉਦਯੋਗਿਕ ਉਤਪਾਦਨ ਵੀ ਪਿਛਲੇ ਸਾਲ ਨਾਲੋਂ ਕਿਤੇ ਵਧ ਹੋਣ ਦੀ ਆਸ ਹੈ। ਸਮੁੱਚੇ ਰੂਪ ਵਿਚ ਰਾਜ ਦੀ ਆਰਥਕਤਾ ਵਿਚ ਵਿਕਾਸ ਦੀ ਦਰ, ਜੋ ਸਾਲ 1979-80 ਵਿਚ 3 ਪ੍ਰਤੀਸ਼ਤ ਸੀ, ਸਾਲ 1980-81 ਦੇ ਦੌਰਾਨ ਵਧਕੇ ਲਗਭਗ 8 ਪ੍ਰਤੀਸ਼ਤ (ਸਥਿਰ ਕੀਮਤਾਂ ਦੇ ਆਧਾਰ ਤੇ) ਹੋ ਜਾਣ ਦੀ ਸੰਭਾਵਨਾ ਹੈ। (ਥੰਪਿੰਗ)

ਵਿਕਾਸ ਦਰ ਵਿਚ ਹੋਏ ਇਸ ਸਮੁੱਚੇ ਤੇ ਮਹੱਤਵਪੂਰਨ ਵਾਧੇ ਦੇ ਬਾਵਜੂਦ, ਆਰਥਕ ਢਾਂਚੇ ਦਾ ਮੁੱਖ ਆਧਾਰ ਖੇਤੀਬਾੜੀ ਹੀ ਰਿਹਾ ਹੈ। ਰਾਜ ਦੀ ਆਮਦਨ ਵਿਚ ਉਦਯੋਗਾਂ ਦਾ ਹਿੱਸਾ ਰਾਸ਼ਟਰੀ ਪੱਧਰ ਦੇ 24.39% ਦੇ ਮੁਕਾਬਲੇ ਤੇ 15.9 ਪ੍ਰਤੀਸ਼ਤ ਘਟ ਹੈ ਜਦ ਕਿ ਖੇਤੀਬਾੜੀ ਦਾ ਹਿੱਸਾ ਰਾਸ਼ਟਰੀ ਪੱਧਰ ਦੇ 42% ਨਾਲੋਂ 55% ਤਕ ਵਧ ਹੈ। ਆਰਥਕਤਾ ਵਿਚ ਵਿਭਿੰਨਤਾ ਲਿਆਉਣ ਦਾ ਅਮਲ, ਜੋ ਦੂਜੇ ਤੇ ਤੀਜੇ ਵਰਗ ਦੇ ਸੈਕਟਰਾਂ ਵਲੋਂ, ਰਾਜ ਦੀ ਆਮਦਨ ਵਿਚ ਵਧਦੀ ਮਾਤਰਾ ਵਿਚ ਪਾਏ ਹਿੱਸੇ ਤੋਂ ਸਪਸ਼ਟ ਹੁੰਦਾ ਹੈ, ਆਮ ਕਰਕੇ ਮੱਠਾ ਰਿਹਾ ਹੈ। ਖੇਤੀਬਾੜੀ ਦੇ ਸੈਕਟਰ ਵਿਚ ਵਿਕਾਸ ਦੀ ਦਰ ਲਗਭਗ ਸਿਖਰ ਤੇ ਪੁੱਜ ਗਈ ਹੈ ਅਤੇ ਇਸ ਸੈਕਟਰ ਵਿਚ ਪੈਦਾਵਾਰ ਦੇ ਮੁਕਾਬਲੇ ਲਗੇ ਸਰਮਾਏ ਦਾ ਤਨਾਸਬ ਵਧ ਰਿਹਾ ਹੈ। ਪਿਛਲੇ ਦਹਾਕੇ ਦੇ ਦੌਰਾਨ ਪਹਿਲੇ ਵਰਗ ਦੀ 3.4% ਸਾਲਾਨਾ ਦੇ ਟਾਕਰੇ ਤੇ ਦੂਜੇ ਸੈਕਟਰ ਵਿਚ ਰੀਕਾਰਡ ਕੀਤੀ ਲਗਭਗ 8.4% ਸਾਲਾਨਾ ਵਿਕਾਸ ਦਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

ਨਤੀਜੇ ਵਜੋਂ ਆਰਥਕ ਢਾਂਚੇ ਨੂੰ ਸ਼ਕਤੀਸ਼ਾਲੀ ਬਣਾਉਣ ਵਾਸਤੇ ਇਸ ਦਾ ਦੂਜੇ ਤੇ ਤੀਜੇ ਵਰਗ ਦੇ ਸੈਕਟਰਾਂ ਵਿਚ ਵਿਸਤਾਰ ਕਰਨਾ ਇਕ ਬਹੁਤ ਹੀ ਜ਼ਰੂਰੀ ਲੋੜ ਹੈ। ਜਿਥੇ ਟ੍ਰਾਂਸਪੋਰਟ ਅਤੇ ਸੰਚਾਰ ਦੀ ਵਧੇਰੇ ਸੁਯੋਗ ਪ੍ਰਣਾਲੀ ਵਿਕਸਿਤ ਕਰਨੀ ਜ਼ਰੂਰੀ ਹੈ, ਉਥੇ ਜੇ ਕਰ ਅਸੀਂ ਰਾਜ ਵਿਚ ਬਿਜਲੀ ਦੀ ਟੁਟਵੀਂ ਸਪਲਾਈ ਦੀ ਸਮੱਸਿਆ ਉਤੇ ਕਾਬੂ ਪਾਉਣਾ ਹੈ, ਤਾਂ ਬਿਜਲੀ ਦੀ ਉਤਪਾਦਨ-ਸਮਰੱਥਾ ਨੂੰ ਵਧਾਉਣਾ ਇਸ ਤੋਂ ਵੀ ਜ਼ਰੂਰੀ ਹੈ।

ਜੀਅ-ਪ੍ਰਤੀ ਆਮਦਨ ਲੋਕਾਂ ਦੀ ਭਲਾਈ ਦਾ ਮੁੱਖ ਪੈਮਾਨਾ ਹੁੰਦੀ ਹੈ। ਮੌਜੂਦਾ ਕੀਮਤਾਂ ਦੇ ਆਧਾਰ ਤੇ ਰਾਜ ਦੀ ਜੀਅ-ਪ੍ਰਤੀ ਆਮਦਨ 1970-71 ਵਿਚ 1,030 ਰੁਪਏ ਤੋਂ ਵਧ ਕੇ ਸਾਲ 1979-80 ਵਿਚ 2,278 ਰੁਪਏ ਹੋ ਗਈ (ਤੁਰਤ ਅਨੁਮਾਨਾਂ ਅਨੁਸਾਰ)। ਕੱਚੇ ਅਨੁਮਾਨ ਦੇ ਆਧਾਰ ਤੇ, ਚਾਲੂ ਕੀਮਤਾਂ ਅਨੁਸਾਰ, ਸਾਲ 1980-81 ਦੇ ਅੰਤ ਤਕ ਜੀਅ-ਪ੍ਰਤੀ ਆਮਦਨ ਵਧ ਕੇ 2,664 ਰੁਪਏ ਹੋ ਜਾਵੇਗੀ (ਥੰਪਿੰਗ) ਮਾਨਯੋਗ ਮੈਂਬਰ ਇਸ ਗੱਲ ਤੋਂ ਭਲੀ ਭਾਂਤ ਜਾਣੂ ਹਨ ਕਿ ਰਾਜ ਵਿਚ ਜੀਅ-ਪ੍ਰਤੀ ਆਮਦਨ ਰਾਸ਼ਟਰੀ ਪੱਧਰ ਦੀ ਜੀਅ-ਪ੍ਰਤੀ ਆਮਦਨ ਤੋਂ ਬਹੁਤ ਵਧ ਹੈ। ਪਰ ਇਹ ਖੁਸ਼ਹਾਲੀ ਦਾ ਕੇਵਲ ਇਕ ਮੋਟਾ ਜਿਹਾ ਅਨੁਮਾਨ ਹੈ। ਅਸਲ ਵਿਚ ਜੀਅ-ਪ੍ਰਤੀ ਆਮਦਨ ਵਧ ਹੋਣ ਦੇ ਬਾਵਜੂਦ, ਆਮਦਨ ਵਿਚ ਭਾਰੀ ਨਾ ਬਰਾਬਰੀ ਰਹਿ ਸਕਦੀ ਹੈ। ਆਮਦਨ ਦੀ ਗ਼ਲਤ ਵੰਡ ਦਾ ਪਤਾ ਲਾਉਣ ਲਈ, ਰਾਜ ਸਰਕਾਰ ਨੇ ਉਨ੍ਹਾਂ ਪਰਿਵਾਰਾਂ, ਜਿਨ੍ਹਾਂ ਦੀ ਸਾਲਾਨਾ ਆਮਦਨੀ 3,600 ਰੁਪਏ ਜਾਂ ਇਸ ਤੋਂ ਘਟ ਅਤੇ 6,000 ਰੁਪਏ ਜਾਂ ਇਸ ਤੋਂ ਘਟ ਹੈ, ਦਾ ਇਕ ਸਰਵੇਖਣ ਕੀਤਾ ਹੈ। ਇਸ ਸਰਵੇਖਣ ਦੇ ਕੁਝ ਨਤੀਜੇ ਪ੍ਰਾਪਤ ਹੋ ਗਏ ਹਨ। ਪਤਾ ਲਗਾ ਹੈ ਕਿ ਰਾਜ ਵਿਚ 30.7% ਪਰਿਵਾਰਾਂ ਦੀ ਸਾਲਾਨਾ ਆਮਦਨ 3,600 ਰੁਪਏ ਜਾਂ ਇਸ ਤੋਂ ਵੀ ਘਟ ਹੈ। ਦਿਹਾਤੀ ਇਲਾਕਿਆਂ ਵਿਚ ਗ਼ਰੀਬ ਪਰਿਵਾਰਾਂ ਦੀ ਗਿਣਤੀ ਵਧੇਰੇ ਹੈ, ਜਿਥੇ ਕਿ ਇਹ ਪ੍ਰਤੀਸ਼ਤਤਾ ਕੁੱਲ ਪੇਂਡੂ ਪਰਿਵਾਰਾਂ ਦਾ 38% ਬਣਦੀ ਹੈ। ਰਾਜ ਵਿਚ ਕੁੱਲ ਪਰਿਵਾਰਾਂ ਦੇ ਪੰਜਾਂ ਵਿਚੋਂ ਦੋ ਪਰਿਵਾਰਾਂ ਦੀ ਸਾਲਾਨਾ ਆਮਦਨ 6,000 ਰੁਪਏ ਜਾਂ ਇਸ ਤੋਂ ਘਟ ਹੈ।

ਇਸੇ ਤਰ੍ਹਾਂ ਪਿਛਲੇ ਤਿੰਨ ਦਹਾਕਿਆਂ ਦੇ ਦੌਰਾਨ ਯੋਜਨਾਬੱਧ ਵਿਕਾਸ ਦੇ ਲਾਭ ਵੀ ਰਾਜ ਦੇ ਸਾਰੇ ਇਲਾਕਿਆਂ ਅਤੇ ਜ਼ਿਲ੍ਹਿਆਂ ਨੂੰ ਬਰਾਬਰ ਮਾਤਰਾ ਵਿਚ ਨਹੀਂ ਮਿਲੇ । ਸਿੰਜਾਈ ਸਹੂਲਤਾਂ, ਗਰੀਬੀ ਅਤੇ ਮੁਖ ਫ਼ਸਲਾਂ ਦੇ ਪ੍ਰਤੀ ਯੂਨਿਟ ਝਾੜ ਦੇ ਸਬੰਧ ਵਿਚ ਖੇਤਰੀ ਅਤੇ ਅੰਤਰ-ਜ਼ਿਲ੍ਹਾ ਪੱਧਰ ਤੇ ਨਾਬਰਾਬਰੀਆਂ ਮੌਜੂਦ ਹਨ । 3,600 ਰੁਪਏ ਅਤੇ ਇਸ ਤੋਂ ਘਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੀ ਪ੍ਰਤੀਸ਼ਤਤਾ, ਜ਼ਿਲ੍ਹਾ ਗੁਰਦਾਸਪੁਰ ਵਿਚ ਸਭ ਤੋਂ ਵਧ 43.8% ਅਤੇ ਇਸ ਤੋਂ ਮਗਰੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ 41.8% ਹੈ, ਜਦੋਂ ਕਿ ਇਹ ਅਨੁਪਾਤ ਜ਼ਿਲ੍ਹਾ ਲੁਧਿਆਣਾ ਵਿਚ ਸਭ ਤੋਂ ਘੱਟ 22.8% ਅਤੇ ਜ਼ਿਲ੍ਹਾ ਫਰੀਦਕੋਟ ਵਿਚ 22.9% ਹੈ । ਆਮਦਨ ਵਿਚ ਇਸ ਨਾਬਰਾਬਰੀ ਅਤੇ ਰਾਜ ਦੇ ਵੱਖ-ਵੱਖ ਖੇਤਰਾਂ ਅਤੇ ਜ਼ਿਲ੍ਹਿਆਂ ਦੇ ਵਿਕਾਸ ਵਿਚ ਫ਼ਰਕ ਨੂੰ ਧਿਆਨ ਵਿਚ ਰਖਦੇ ਹੋਏ, ਇਨ੍ਹਾਂ ਨੂੰ ਦੂਰ ਕਰਨ ਲਈ ਸੁਚੇਤ ਯਤਨ ਕਰਨ ਦੀ ਲੋੜ ਹੈ ਤਾਂ ਜੋ ਸਮਾਜ ਵਿਚ ਤਣਾਉ ਪੈਦਾ ਨਾ ਹੋਵੇ ।

ਰਾਜ ਦੀ ਆਰਥਕਤਾ ਦੀ ਉੱਨਤੀ ਅਤੇ ਢਾਂਚੇ ਦੇ ਉਪਰੋਕਤ ਵਿਸ਼ਲੇਸ਼ਣ ਅਨੁਸਾਰ ਇਨ੍ਹਾਂ ਜ਼ਰੂਰੀ ਨੁਕਤਿਆਂ ਵਲ ਧਿਆਨ ਦੇਣ ਦੀ ਲੋੜ ਹੈ :—

(ੳ) ਆਰਥਕਤਾ ਦੇ ਵਿਕਾਸ ਦਰ ਨੂੰ ਵਧਾਉਣ ਲਈ ਰਾਜ ਦੇ ਆਰਥਕ ਢਾਂਚੇ ਦੇ ਦੂਜੇ ਅਤੇ ਤੀਜੇ ਵਰਗ ਦੇ ਸੈਕਟਰਾਂ ਜਿਵੇਂ ਕਿ ਉਦਯੋਗਾਂ, ਨਿਰਮਾਣ, ਵਣਜ ਵਪਾਰ ਅਤੇ ਟ੍ਰਾਂਸਪੋਰਟ ਨੂੰ ਵਿਕਸਿਤ ਕਰਨਾ ;

(ਅ) ਬਿਜਲੀ-ਉਤਪਾਦਨ ਦੇ ਵਿਕਾਸ ਵਲ ਉਚਿਤ ਧਿਆਨ ਦੇ ਕੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ;

(ੲ) ਪਛੜੇ ਇਲਾਕਿਆਂ ਦੇ ਵਿਕਾਸ ਲਈ ਉਚਿਤ ਪ੍ਰੋਗਰਾਮ/ਨੀਤੀਆਂ ਬਣਾਕੇ ਅਤੇ ਲਾਗੂ ਕਰਕੇ ਵਿਕਾਸ ਦੇ ਲਾਭਾਂ ਦੀ ਖੇਤਰਾਂ ਤੇ ਜ਼ਿਲ੍ਹਿਆਂ ਵਿਚਕਾਰ ਹੋਈ ਅਸਾਵੀਂ ਵੰਡ ਨੂੰ ਖ਼ਤਮ ਕਰਨਾ ; ਅ

(ਸ) ਗਰੀਬੀ ਰੇਖਾ, ਅਰਥਾਤ 3,600 ਰੁਪਏ ਤਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੀ ਹਾਲਤ ਨੂੰ ਬਿਹਤਰ ਬਣਾਉਣਾ ।

ਉਦੇਸ਼-ਪੂਰਤੀ ਕਾਰਵਾਈ

ਆਪਣੀ ਸਰਕਾਰ ਦੇ ਜੁਲਾਈ, 1980 ਵਿਚ ਪਹਿਲੇ ਬਜਟ ਨੂੰ ਪੇਸ਼ ਕਰਨ ਸਮੇਂ ਮੈਂ ਇਹ ਜ਼ਿਕਰ ਕੀਤਾ ਸੀ ਕਿ ਰਾਜ ਵਿਚ ਵਿਕਾਸ ਦੇ ਕਾਰਜ ਨੂੰ ਨਵੀਂ ਸੇਧ ਦੇਣ ਲਈ ਕੁਝ ਨਵੇਂ ਪ੍ਰੋਗਰਾਮ ਆਰੰਭ ਕੀਤੇ ਜਾਣਗੇ । ਮਾਨਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਛੇ ਮਹੀਨਿਆਂ ਦੇ ਇਸ ਥੋੜੇ ਜਿਹੇ ਸਮੇਂ ਵਿਚ ਤਕਰੀਬਨ ਸਾਰੇ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਦਾ ਕੰਮ ਹੱਥ ਵਿਚ ਲੈ ਲਿਆ ਗਿਆ ਹੈ । ਮਾਨਯੋਗ ਮੈਂਬਰਾਂ ਨੂੰ ਦਸਣ ਵਿਚ ਮੈਨੂੰ ਖੁਸ਼ੀ ਹੈ ਕਿ 400 ਪਿੰਡਾਂ ਦੀਆਂ ਗਲੀਆਂ ਤੇ ਨਾਲੀਆਂ ਪੱਕੀਆਂ ਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ; 400 ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਜਿਥੇ ਪਹਿਲਾਂ ਕੋਈ ਇਮਾਰਤ ਨਹੀਂ ਸੀ, ਪੱਕੀਆਂ ਇਮਾਰਤਾਂ ਦੀ ਉਸਾਰੀ ਸ਼ੁਰੂ ਕੀਤੀ ਜਾ ਰਹੀ ਹੈ; ਪਸ਼ੂਆਂ ਦੀ ਸੰਭਾਲ ਲਈ 100 ਨਵੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਅਤੇ 105 ਨਵੇਂ ਪਸ਼ੂਆਂ ਦੇ ਹਸਪਤਾਲ ਖੋਲ੍ਹੇ ਜਾ ਰਹੇ ਹਨ; ਬੇਰੋਜ਼ਗਾਰ ਮੈਟ੍ਰਿਕ ਪਾਸ ਅਤੇ ਗ੍ਰੈਜੂਏਟ 30,000 ਵਿਅਕਤੀਆਂ ਨੂੰ ਬੇਰੋਜ਼ਗਾਰੀ ਭੱਤਾ ਦਿੱਤਾ ਜਾ ਰਿਹਾ ਹੈ; 280 ਪਿੰਡਾਂ ਵਿਚ ਜਿਨ੍ਹਾਂ ਵਿਚ ਸਰਾਵਾਂ, ਜੰਜ ਘਰ, ਹਰੀਜਨ ਧਰਮਸ਼ਾਲਾਵਾਂ

[ਵਿੱਤ ਮੰਤਰੀ]

ਨਹੀਂ ਸਨ, ਉਨ੍ਹਾਂ ਵਿਚ ਇਨ੍ਹਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ; 5 ਕਰੋੜ ਰੁਪਏ ਦੀ ਅਧਿਕ੍ਰਿਤ ਪੂੰਜੀ ਨਾਲ ਚਮੜਾ ਵਿਕਾਸ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ; 1.72 ਕਰੋੜ ਪੌਦੇ ਲਾਏ ਜਾ ਚੁਕੇ ਹਨ; ਸ਼ਹਿਰੀ ਇਲਾਕਿਆਂ ਦੇ ਬੇਘਰੇ ਲੋਕਾਂ ਲਈ 1,200 ਬਹੁ-ਮੰਜਲੇ ਫਲੈਟ ਉਸਾਰੇ ਜਾ ਰਹੇ ਹਨ; 250 ਸਕੂਲਾਂ ਦਾ ਦਰਜਾ ਵਧਾਇਆ ਗਿਆ ਹੈ, ਜਿਨ੍ਹਾਂ ਵਿਚੋਂ 80 ਪ੍ਰਾਇਮਰੀ ਅਤੇ 170 ਮਿਡਲ ਸਕੂਲ ਹਨ ਅਤੇ 100 ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ ਸ਼ੁਰੂ ਕੀਤੀ ਗਈ ਹੈ।

ਮੈਂ ਵਿਸ਼ੇਸ਼ ਕਰਕੇ ਉਸ ਪ੍ਰੋਗਰਾਮ ਦਾ ਜ਼ਿਕਰ ਕਰਨਾ ਚਾਹਾਂਗਾ, ਜਿਸ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਸਮੇਤ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਵਿਆਜ-ਰਹਿਤ ਕਰਜ਼ੇ ਦਿੱਤੇ ਜਾਂਦੇ ਹਨ। ਅਸੀਂ ਇਸ ਵਿੱਤੀ ਸਾਲ ਦੇ ਦੌਰਾਨ ਸਮਾਜ ਦੇ ਇਨ੍ਹਾਂ ਕਮਜ਼ੋਰ ਵਰਗਾਂ ਨੂੰ 30.00 ਕਰੋੜ ਰੁਪਏ ਦੀ ਰਕਮ ਦੇ ਕਰਜ਼ੇ ਵੰਡਣ ਦਾ ਟੀਚਾ ਮਿਥਿਆ ਸੀ। ਭਾਵੇਂ ਇਹ ਟੀਚਾ ਬਹੁਤ ਵੱਡਾ ਲਗਦਾ ਸੀ, ਫਿਰ ਵੀ ਇਸ ਸਬੰਧ ਵਿਚ ਅਸੀਂ ਚੋਖੀ ਪ੍ਰਗਤੀ ਕੀਤੀ ਹੈ। ਹੁਣ ਤੱਕ 29.77 ਕਰੋੜ ਰੁਪਏ ਦੀ ਰਕਮ ਦੇ ਕਰਜ਼ੇ ਪਰਵਾਨ ਕੀਤੇ ਜਾ ਚੁਕੇ ਹਨ। ਸਾਨੂੰ ਪੂਰਨ ਆਸ ਹੈ ਕਿ ਇਹ ਟੀਚਾ ਚਾਲੂ ਵਿੱਤੀ ਸਾਲ ਦੇ ਅੰਤ ਤਕ ਜ਼ਰੂਰ ਪੂਰਾ ਹੋ ਜਾਵੇਗਾ। ਇਸ ਨਾਲ ਹੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ 65,000 ਪਰਿਵਾਰਾਂ ਨੂੰ ਸਹਾਇਤਾ ਮਿਲੇਗੀ ਅਤੇ ਉਨ੍ਹਾਂ ਨੂੰ ਉਪਜੀਵਕਾ ਕਮਾਉਣ ਦੇ ਯੋਗ ਬਣਨ ਵਿਚ ਸਹਾਇਤਾ ਮਿਲੇਗੀ। ਸਮਾਜ ਦੇ ਕਮਜ਼ੋਰ ਵਰਗਾਂ ਦੀ ਆਰਥਕ ਹਾਲਤ ਨੂੰ ਸਵਾਰਨ ਦਾ ਇਤਨੇ ਵੱਡੇ ਪੈਮਾਨੇ ਦਾ ਉਪਰਾਲਾ ਰਾਜ ਦੇ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਹੋਇਆ, ਪਹਿਲੀ ਵਾਰੀ ਕੀਤਾ ਗਿਆ ਹੈ। (ਥੰਪਿੰਗ)

ਨਵੀਆਂ ਵਿਕਾਸ ਨੀਤੀਆਂ

ਮਾਨਯੋਗ ਮੈਂਬਰ ਮੇਰੇ ਨਾਲ ਸਹਿਮਤ ਹੋਣਗੇ ਕਿ ਆਰਥਿਕਤਾ ਦੇ ਵਿਕਾਸ ਦੇ ਵੱਖ ਵੱਖ ਪੜਾਵਾਂ ਤੇ ਆਉਣ ਵਾਲੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਉਚਿਤ ਨੀਤੀਆਂ ਦੀ ਲੋੜ ਹੁੰਦੀ ਹੈ। ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਪੰਜਾਬ ਦੀ ਆਰਥਕਤਾ ਅਜਿਹੀ ਸਥਿਤੀ ਵਿਚ ਹੈ ਜਦੋਂ ਕਿ ਮਾਇਕਰੋ ਪਧਰ ਅਰਥਾਤ ਇਕਾਈ ਪਧਰ ਤੇ ਵਿਕਾਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਹੁਣ ਆਰਥਕਤਾ ਵਿਚ ਤੇਜ਼ ਵਿਕਾਸ ਦਾ ਦੌਰ ਆਰੰਭ ਕਰਨ ਲਈ ਵੱਡਾ ਬੁਨਿਆਦੀ ਹੰਭਲਾ ਮਾਰਨ ਦੀ ਲੋੜ ਹੈ ਅਤੇ ਜ਼ਿਲ੍ਹੇ-ਜ਼ਿਲ੍ਹੇ ਵਿਚਕਾਰ, ਵਿਅਕਤੀ-ਵਿਅਕਤੀ ਵਿਚਕਾਰ ਅਤੇ ਵਰਗਾਂ-ਵਰਗਾਂ ਵਿਚਕਾਰ ਨਾਬਰਾਬਰੀਆਂ ਨੂੰ ਘਟਾਉਣ ਲਈ ਉਚਿਤ ਅਤੇ ਚੋਣਵੀਆਂ ਨੀਤੀਆਂ ਤਿਆਰ ਕਰਨ ਦੀ ਅਵਸ਼ਕਤਾ ਹੈ। ਇਸ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਾਬਰਾਬਰੀਆਂ ਅਤੇ ਅਸਮਾਨਤਾਵਾਂ ਨੂੰ ਘਟਾਉਣ ਲਈ ਸਾਡੀ ਦੋ ਪੱਖੀ ਨੀਤੀ ਅਪਣਾਉਣ ਦੀ ਤਜਵੀਜ਼ ਹੈ। ਸਰਕਾਰ ਗਰੀਬੀ ਉਤੇ ਸਿੱਧਾ ਹਮਲਾ ਕਰੇਗੀ।

ਤਜਵੀਜ਼ੀ ਵਿਕਾਸ ਨੀਤੀ ਦਾ ਪ੍ਰਮੁੱਖ ਧੁਰਾ ਇਹ ਹੈ ਕਿ ਗਰੀਬ ਤੋਂ ਗਰੀਬ ਵਿਅਕਤੀਆਂ ਦੀ ਗਰੀਬੀ ਨੂੰ ਦੂਰ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਗਰੀਬੀ ਦੀ ਰੇਖਾ ਤੋਂ ਉਪਰ ਉਠਣ ਦੇ ਸਮਰੱਥ ਬਣਾਇਆ ਜਾਵੇ। ਰਾਜ ਵਿਚ ਆਰਥਕਤਾ ਦੀ ਸਥਿਤੀ ਬਾਰੇ ਵਿਚਾਰ ਕਰਦਿਆਂ ਮੈਂ ਮੋਟੇ ਤੌਰ ਤੇ ਸਮੱਸਿਆ ਦੇ ਆਕਾਰ ਬਾਰੇ ਜ਼ਿਕਰ ਕੀਤਾ ਸੀ। ਮੈਂ ਮਾਨਯੋਗ ਮੈਂਬਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਰਾਜ ਸਰਕਾਰ ਵਲੋਂ ਕਰਵਾਏ ਗਏ ਆਪਣੀ ਕਿਸਮ ਦੇ ਪਹਿਲੇ ਵਿਸ਼ੇਸ਼ ਸਰਵੇਖਣ ਨੇ ਬਹੁਤ ਦਿਲਚਸਪ ਵੇਰਵਾ ਸਾਹਮਣੇ ਲਿਆਂਦਾ ਹੈ, ਜਿਸ ਨੇ ਪੰਜਾਬ ਦੀ ਖੁਸ਼ਹਾਲੀ ਦਾ ਮੁਲੰਮਾ ਉਤਾਰ ਦਿੱਤਾ ਹੈ। ਨਾ ਸਿਰਫ 30.7 ਪ੍ਰਤੀਸ਼ਤ ਪਰਿਵਾਰ 3,600 ਰੁਪਏ ਦੀ ਨਿਗੂਣੀ ਜਾਂ ਇਸ ਤੋਂ ਘਟ ਸਾਲਾਨਾ ਆਮਦਨ ਵਿਚ ਗੁਜ਼ਾਰਾ ਕਰ ਰਹੇ ਹਨ, ਸਗੋਂ ਹਰ ਪੰਜ ਪਰਿਵਾਰਾਂ ਵਿਚੋਂ ਦੋ ਪਰਿਵਾਰ ਅਜਿਹੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ 6,000 ਰੁਪਏ ਜਾਂ ਇਸ ਤੋਂ ਘਟ ਹੈ।

6 ਲੱਖ ਘਰਾਂ ਵਿਚ ਬਿਜਲੀ ਨਹੀਂ, 6.6 ਲੱਖ ਪਰਿਵਾਰ ਬੇ-ਜ਼ਮੀਨੇ ਹਨ ਅਤੇ ਦੋ ਲੱਖ ਤੋਂ ਵੱਧ ਵਿਕਤੀ, ਜੋ ਸਰਵੇ ਕੀਤੇ ਕੁੱਲ ਪਰਿਵਾਰਾਂ ਦਾ 43 ਪ੍ਰਤੀਸ਼ਤ ਹਨ, ਬੇਰੋਜ਼ਗਾਰ ਹਨ। ਪੰਜਾਬ ਵਿਚ ਗਰੀਬੀ ਦੇ ਇਹ ਭਿੰਨ ਭਿੰਨ ਰੂਪ ਹਨ। ਸਾਲ 1981-82 ਦੇ ਦੌਰਾਨ ਗ਼ਰੀਬੀ ਦੇ ਵੱਖ ਵੱਖ ਪੱਖਾਂ ਨੂੰ ਖਤਮ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਬਣਾਏ ਅਤੇ ਅਮਲ ਵਿਚ ਲਿਆਂਦੇ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਵਾਸਤੇ ਕਾਫੀ ਫੰਡ ਮੁਹੱਈਆ ਕਰਨ ਲਈ, ਸਾਲ ਦੇ ਦੌਰਾਨ ਯੋਜਨਾ ਉਪਬੰਧਾਂ ਦੀਆਂ ਅਗੇਤਾਂ ਨੂੰ ਮੁੜ-ਤਰਤੀਬ ਦਿੱਤੀ ਜਾਵੇਗੀ। ਸਰਕਾਰ ਨੇ ਆਪਣੇ ਸਾਹਮਣੇ ਇਹ ਟੀਚੇ ਰੱਖੇ ਹਨ :-

(i) 3,600 ਰੁਪਏ ਜਾਂ ਇਸ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੀ ਗਰੀਬੀ ਦੂਰ ਕਰਨੀ ;

(ii) ਹਰੇਕ ਪਰਿਵਾਰ ਵਿਚੋਂ ਘੱਟੋ ਘੱਟ ਇਕ ਵਿਅਕਤੀ ਲਈ ਲਾਹੇਵੰਦ ਰੁਜ਼ਗਾਰ ਨੂੰ ਯਕੀਨੀ ਬਣਾਉਣਾ ; (ਥੰਪਿੰਗ)

(iii) ਹਰੇਕ ਘਰ ਵਿਚ ਬਿਜਲੀ ਪਹੁੰਚਾਉਣ ਨੂੰ ਯਕੀਨੀ ਬਣਾਉਣਾ; ਅਤੇ

(iv) ਹਰੇਕ ਬੇਘਰੇ ਪਰਿਵਾਰ ਲਈ ਇਕ ਰਿਹਾਇਸ਼ੀ ਮਕਾਨ ਮੁਹੱਈਆ ਕਰਨਾ। (ਥੰਪਿੰਗ)

ਇਹ ਸਾਰੇ ਟੀਚੇ ਚਾਰ ਸਾਲਾਂ ਵਿਚ ਪੂਰੇ ਕਰ ਲਏ ਜਾਣਗੇ।

ਇਨ੍ਹਾਂ ਵਰਗਾਂ ਨੂੰ ਇਹ ਹੋਰ ਸਹੂਲਤਾਂ ਅਤੇ ਰਿਆਇਤਾਂ ਦਿੱਤੀਆਂ ਜਾਣਗੀਆਂ :-

(i) ਜ਼ਰੂਰੀ ਵਸਤਾਂ ਕਾਫੀ ਮਾਤਰਾ ਵਿੱਚ ਰਿਆਇਤੀ ਦਰਾਂ ਉਤੇ ਸਪਲਾਈ ਕੀਤੀਆਂ ਜਾਣਗੀਆਂ ;

(ii) ਵਿਆਜ-ਰਹਿਤ ਕਰਜ਼ੇ ਦੇਣ ਦਾ ਪ੍ਰੋਗਰਾਮ 3,600 ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਤੱਕ ਖਾਸ ਤੌਰ ਤੇ ਸੀਮਤ ਕੀਤਾ ਜਾਵੇਗਾ। 30 ਕਰੋੜ ਰੁਪਏ ਦੀ ਰਕਮ ਸਾਲ 1981-82 ਵਿਚ ਵੰਡੀ ਜਾਵੇਗੀ; (ਥੰਪਿੰਗ)

(iii) ਇਸ ਵਰਗ ਵਿਚ ਆਉਂਦੇ ਛੋਟੇ ਕਿਸਾਨਾਂ ਨੂੰ ਰਿਆਇਤੀ ਦਰਾਂ ਉੱਤੇ ਖਾਦਾਂ ਅਤੇ ਬੀਜ ਸਪਲਾਈ ਕੀਤੇ ਜਾਣਗੇ ;

(iv) ਇਸ ਵਰਗ ਦੇ ਵਿਅਕਤੀਆਂ ਲਈ ਸਿਹਤ ਸਹੂਲਤਾਂ ਅਤੇ ਪ੍ਰਸੂਤੀ ਲਾਭਾਂ ਦਾ ਪ੍ਰਬੰਧ ਪਰਮ ਅਗੇਤ ਦੇ ਆਧਾਰ ਤੇ ਕੀਤਾ ਜਾਵੇਗਾ;

(v) ਇਨ੍ਹਾਂ ਪਰਿਵਾਰਾਂ ਨੂੰ ਪੀਲੇ ਰੰਗ ਦੇ ਸ਼ਨਾਖਤੀ ਕਾਰਡ ਜਾਰੀ ਕਰਨ ਲਈ ਫੌਰੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਇਹ ਰਿਆਇਤਾਂ ਇਨ੍ਹਾਂ ਨੂੰ ਸੌਖਿਆਂ ਅਤੇ ਯਕੀਨੀ ਤੌਰ ਤੇ ਮਿਲ ਸਕਣ। ਇਨ੍ਹਾਂ ਕਾਰਡਾਂ ਦੇ ਆਧਾਰ ਤੇ ਇਹ ਪਰਿਵਾਰ ਆਪਣੇ ਆਪ ਹੀ ਇਹ ਸਹੂਲਤਾਂ ਪ੍ਰਾਪਤ ਕਰ ਸਕਣਗੇ। (ਥੰਪਿੰਗ)

ਜਿਥੋਂ ਤੱਕ ਬੁਨਿਆਦੀ ਢਾਂਚੇ ਦਾ ਸਬੰਧ ਹੈ, ਸਭ ਤੋਂ ਪਹਿਲਾਂ ਬਿਜਲੀ ਦੇ ਵਿਕਾਸ ਵਲ ਧਿਆਨ ਦੇਣ ਦੀ ਲੋੜ ਹੈ। ਅਨੁਮਾਨ ਲਾਇਆ ਗਿਆ ਹੈ ਕਿ ਛੇਵੀਂ ਪੰਜ ਸਾਲਾ ਯੋਜਨਾ ਵਿਚ ਚਾਲੂ ਬਿਜਲੀ ਪ੍ਰਾਜੈਕਟਾਂ ਦੇ ਮੁਕੰਮਲ ਹੋ ਜਾਣ ਤੇ ਵੀ ਰਾਜ ਵਿਚ ਬਿਜਲੀ ਦੀ ਥੁੜ੍ਹ ਬਣੀ ਰਹੇਗੀ। ਇਸ

[ਵਿੱਤ ਮੰਤਰੀ]

ਲਈ ਸਰਕਾਰ ਸਿਰਫ ਨਵੇਂ ਸ਼ੁਰੂ ਕੀਤੇ ਬਿਜਲੀ ਪ੍ਰਾਜੈਕਟਾਂ, ਜਿਵੇਂ ਰੋਪੜ ਥਰਮਲ ਅਤੇ ਥੀਨ ਡੈਮ ਨੂੰ ਘੱਟ ਤੋਂ ਘੱਟ ਸਮੇਂ ਵਿਚ ਪੂਰਾ ਕਰਨ ਦੀ ਹੀ ਨਹੀਂ ਸਗੋਂ ਬਿਜਲੀ ਅਤੇ ਸ਼ਕਤੀ ਦੇ ਨਵੇਂ ਸਾਧਨਾਂ ਦੀ ਖੋਜ ਦੀ ਵੀ ਤੀਬਰ ਇੱਛੁਕ ਹੈ। ਨਜ਼ਰ ਇਹ ਆਉਂਦਾ ਹੈ ਕਿ ਅੰਤ ਨੂੰ ਸਮੱਸਿਆ ਦਾ ਹੱਲ ਪ੍ਰਮਾਣੂ ਅਤੇ ਸੂਰਜੀ ਸ਼ਕਤੀ ਨਾਲ ਹੀ ਹੋਵੇਗਾ। ਮਾਨਯੋਗ ਸਦਨ ਨੂੰ ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਬਿਜਲੀ ਦੇ ਵਿਕਾਸ ਸਬੰਧੀ ਇਨ੍ਹਾਂ ਪ੍ਰਾਜੈਕਟਾਂ ਨੂੰ ਵਿੱਤੀ ਸਾਧਨਾਂ ਦੀ ਥੁੜ ਕਰਕੇ ਰੁਕਣ ਨਹੀਂ ਦੇਵਾਂਗੇ। 'ਥੀਨ ਡੈਮ' ਅਤੇ 'ਰੋਪੜ ਥਰਮਲ ਪਲਾਂਟ' ਨੂੰ ਮੁਕੰਮਲ ਕਰਨ ਲਈ ਜਿੰਨੇ ਧਨ ਦੀ ਲੋੜ ਹੋਵੇਗੀ, ਦਿੱਤਾ ਜਾਵੇਗਾ। (ਥੰਪਿੰਗ) ਇਨ੍ਹਾਂ ਪ੍ਰਾਜੈਕਟਾਂ ਲਈ ਰਾਜ ਦੇ ਬਜਟ ਤੋਂ ਬਾਹਰ ਵਿਸ਼ਵ ਬੈਂਕ ਜਿਹੇ ਸੰਸਥਾਵੀ ਵਿੱਤ ਪ੍ਰਾਪਤ ਕਰਨ ਲਈ ਨਵੇਂ ਸਾਧਨ ਵੀ ਲੱਭੇ ਜਾ ਰਹੇ ਹਨ।

ਜਿਥੋਂ ਤੱਕ ਮੈਡੀਕਲ ਸਿਹਤ, ਸਿਖਿਆ ਅਤੇ ਦਿਹਾਤੀ ਸੜਕਾਂ ਸਬੰਧੀ ਸਮਾਜਕ ਬੁਨਿਆਦੀ ਢਾਂਚੇ ਦਾ ਸੁਆਲ ਹੈ, ਗਿਣਤੀ ਵਧਾਉਣ ਦੀ ਬਜਾਏ ਗੁਣਾਤਮਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਸੁਧਾਰ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ। ਮਾਨਯੋਗ ਮੈਂਬਰ ਇਸ ਗੱਲੋਂ ਮੇਰੇ ਨਾਲ ਸਹਿਮਤ ਹੋਣਗੇ ਕਿ ਸਿਖਿਆ, ਡਾਕਟਰੀ ਅਤੇ ਜਨ ਸਿਹਤ ਲਈ ਸਹੂਲਤਾਂ ਵਿਚ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਅਣ-ਵਿਉਂਤਿਆ ਵਾਧਾ ਹੋਇਆ ਹੈ, ਐਪਰ ਇਨ੍ਹਾਂ ਅਨਮੋਲ ਸਹੂਲਤਾਂ ਦੀ, ਜਿਨ੍ਹਾਂ ਉਤੇ ਸਰਕਾਰ ਭਾਰੀ ਖਰਚ ਕੀਤਾ ਹੈ, ਲੋਕਾਂ ਦੇ ਭਲੇ ਲਈ ਪੂਰੀ ਪੂਰੀ ਵਰਤੋਂ ਨਹੀਂ ਹੋ ਰਹੀ ਕਿਉਂ ਕਿ ਇਨ੍ਹਾਂ ਦੀ ਦੇਖ ਰੇਖ ਅਤੇ ਇਨ੍ਹਾਂ ਨੂੰ ਚਲਦੇ ਰਖਣ ਲਈ ਲੋੜੀਂਦੇ ਵਿੱਤੀ ਉਪਬੰਧ ਨਹੀਂ ਸਨ ਕੀਤੇ ਗਏ। ਦਿਹਾਤੀ ਲਿੰਕ ਸੜਕਾਂ ਰਾਜ ਦੀ ਇਕ ਅਹਿਮ ਪ੍ਰਾਪਤੀ ਹਨ, ਜੋ ਟੁੱਟੀ ਭੱਜੀ ਹਾਲਤ ਵਿਚ ਹਨ। ਹਸਪਤਾਲਾਂ, ਡਿਸਪੈਂਸਰੀਆਂ ਅਤੇ ਸਕੂਲਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ। ਪਹਿਲਾਂ ਖੋਲ੍ਹੇ/ਦਰਜਾ ਵਧਾਏ ਸਕੂਲਾਂ ਨੂੰ ਇਮਾਰਤਾਂ ਅਤੇ ਲੋੜੀਂਦਾ ਸਮਾਨ ਦੇਣ ਲਈ ਤਕਰੀਬਨ 72 ਕਰੋੜ ਰੁਪਏ ਦੀ ਲੋੜ ਹੈ। ਇਸ ਤਰ੍ਹਾਂ ਪਿਛਲੀ ਸਰਕਾਰ ਨੇ ਦਿਹਾਤੀ ਡਿਸਪੈਂਸਰੀਆਂ/ਹਸਪਤਾਲ ਖੋਲ੍ਹਣ ਬਾਰੇ ਬੜੀ ਗੱਜ ਵੱਜ ਕੇ ਜੋ ਐਲਾਨ ਕੀਤੇ ਸਨ, ਉਨ੍ਹਾਂ ਨੂੰ ਉਪਯੋਗੀ ਬਣਾਉਣ ਵਾਸਤੇ 50 ਕਰੋੜ ਰੁਪਏ ਦੀ ਰਕਮ ਲੋੜੀਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸੰਸਥਾਵਾਂ ਨੂੰ ਨਿਪੁੰਨਤਾ ਤੇ ਸੇਵਾ ਦੇ ਉੱਚੇ ਮਿਆਰ ਤੱਕ ਲਿਆਉਣ ਲਈ ਭਾਰੀ ਰਕਮਾਂ ਦੀ ਲੋੜ ਪਵੇਗੀ ਪਰ ਸਰਕਾਰ ਇਸ ਕੰਮ ਨੂੰ ਪੜਾਵਾਰ ਢੰਗ ਨਾਲ ਹੱਥ ਵਿਚ ਲੈਣ ਦਾ ਦ੍ਰਿੜ ਨਿਸਚਾ ਰੱਖਦੀ ਹੈ।

ਯੋਜਨਾਬੰਦੀ ਪ੍ਰਕ੍ਰਿਆ ਅਤੇ ਕਾਰਜਵਿਧੀ

ਨਵੀਂ ਵਿਕਾਸ ਨੀਤੀ ਨੂੰ ਠੋਸ ਰੂਪ ਦੇਣ ਲਈ ਇਹ ਲਾਜ਼ਮੀ ਹੈ ਕਿ ਯੋਜਨਾਬੰਦੀ ਦੀਆਂ ਪ੍ਰਕਿ-ਰਿਆਵਾਂ ਅਤੇ ਕਾਰਜਵਿਧੀਆਂ ਵਿਚ ਸੁਧਾਰ ਕੀਤਾ ਜਾਵੇ। ਇਸ ਉਦੇਸ਼ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਪੰਜਾਬ ਰਾਜ ਯੋਜਨਾ ਬੋਰਡ ਅਤੇ ਮਾਹਰਾਂ ਅਧੀਨ ਇਸ ਦੇ ਵੱਖ ਵੱਖ ਕਾਰਜ-ਗਰੁੱਪਾਂ ਅਤੇ ਕਮੇਟੀਆਂ ਦਾ ਪੁਨਰ-ਗਠਨ ਕੀਤਾ ਹੈ ਤਾਂ ਜੋ ਇਹ ਬੋਰਡ ਵਿਕਾਸ ਨੀਤੀਆਂ ਅਤੇ ਰਾਜ ਲਈ ਛੋਟੇ, ਦਰਮਿਆਨੇ ਅਤੇ ਲੰਮੇ ਸਮੇਂ ਦੀਆਂ ਵਿਕਾਸ ਯੋਜਨਾਵਾਂ ਬਣਾਉਣ ਵਿਚ ਮਹੱਤਵਪੂਰਣ ਅਤੇ ਅਸਰਦਾਇਕ ਰੋਲ ਅਦਾ ਕਰ ਸਕੇ। ਪਹਿਲੀਵਾਰ, ਆਰਥਕਤਾ ਦੇ ਸਾਰੇ ਮੁੱਖ ਸੈਕਟਰਾਂ ਲਈ ਸੰਭਾਵੀ ਯੋਜਨਾ ਤਿਆਰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੰਭਾਵੀ ਯੋਜਨਾ ਬਣਾਉਣ ਦੀ ਸਮੁੱਚੀ ਨੀਤੀ ਉਹੀ ਹੋਵੇਗੀ ਜੋ ਪਹਿਲਾਂ ਦਰਸਾਈ ਗਈ ਹੈ। ਫਿਰ ਵੀ, ਇਸ ਯੋਜਨਾ ਵਿਚ ਸ਼ਾਮਲ ਕੀਤੇ ਜਾਣ ਵਾਲੇ ਵੱਖ ਵੱਖ ਪ੍ਰੋਗਰਾਮ ਰਾਜ ਦੀਆਂ ਮੌਜੂਦਾ ਸੰਭਾਵਨਾਵਾਂ ਅਤੇ ਉਪਲਬਧ ਸਾਧਨਾਂ ਉਤੇ ਅਧਾਰਿਤ ਹੋਣਗੇ। ਇਸ ਯੋਜਨਾ

ਨੂੰ ਤਿਆਰ ਕਰਨ ਲਗਿਆਂ ਵਿਸ਼ੇਸ਼ ਧਿਆਨ ਇਸ ਗੱਲ ਵੱਲ ਦਿੱਤਾ ਜਾਵੇਗਾ ਕਿ ਜਿਹੜੀਆਂ ਯੋਜਨਾਵਾਂ ਦੀ ਉਪਯੋਗਤਾ ਖ਼ਤਮ ਹੋ ਚੁਕੀ ਹੈ, ਉਨ੍ਹਾਂ ਨੂੰ ਸ਼ਾਮਲ ਨਾ ਕੀਤਾ ਜਾਵੇ ਤਾਂ ਜੋ ਅਤਿਅੰਤ ਲਾਜ਼ਮੀ ਪ੍ਰੋਗਰਾਮ ਲਈ ਵਿੱਤੀ ਸਾਧਨ ਮੁਹੱਈਆ ਕੀਤੇ ਜਾ ਸਕਣ।

ਮਹੱਤਵਪੂਰਨ ਪਲਾਨ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਸਬੰਧੀ ਅਗਵਾਈ ਦੇਣ ਲਈ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਇਕ ਉੱਚ-ਪੱਧਰੀ ਕਾਰਜ ਮੁਲੰਕਣ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਸਮੇਂ ਸਮੇਂ ਮਹੱਤਵਪੂਰਨ ਪ੍ਰੋਗਰਾਮਾਂ ਉਤੇ ਅਮਲ ਕਰਨ ਦੀ ਪ੍ਰਗਤੀ ਦਾ ਮੁਲੰਕਣ ਕਰੇਗੀ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਆਈਆਂ ਅੜਿੱਚਣਾਂ ਦੂਰ ਕਰਨ ਵਿਚ ਸਹਾਇਤਾ ਕਰੇਗੀ।

ਛੇਵੀਂ ਯੋਜਨਾ 1980-85 ਅਤੇ ਸਾਲਾਨਾ ਯੋਜਨਾ 1981-82

ਰਾਜ ਸਰਕਾਰ ਨੇ 1978-83 ਦੀ ਛੇਵੀਂ ਪੰਜ ਸਾਲਾ ਯੋਜਨਾ ਲਈ ਪਿਛਲੀ ਸਰਕਾਰ ਦੁਆਰਾ ਨਿਸ਼ਚਿਤ ਕੀਤੇ 1,500.00 ਕਰੋੜ ਰੁਪਏ ਦੇ ਮੁਕਾਬਲੇ ਤੇ 1980-85 ਦੀ ਸੋਧੀ ਛੇਵੀਂ ਪੰਜ ਸਾਲਾ ਯੋਜਨਾ ਦਾ ਆਕਾਰ 1,957.00 ਕਰੋੜ ਰੁਪਏ ਨਿਸ਼ਚਿਤ ਕੀਤਾ ਹੈ। (ਥੰਪਿੰਗ) ਇਹ 1974-79 ਦੀ ਪੰਜਵੀਂ ਪੰਜ ਸਾਲਾ ਯੋਜਨਾ ਲਈ 940.13 ਕਰੋੜ ਰੁਪਏ ਦੀ ਲਾਗਤ ਨਾਲੋਂ ਦੁਗਣੀ ਤੋਂ ਵੀ ਵਧ ਹੈ। ਭਾਵੇਂ ਕਿ ਯੋਜਨਾ ਦਾ ਵੱਡਾ ਭਾਗ ਰਾਜ ਦੇ ਆਪਣੇ ਸਾਧਨਾਂ ਤੋਂ ਜੁਟਾਇਆ ਜਾਵੇਗਾ, ਫਿਰ ਵੀ, ਕੇਂਦਰੀ ਯੋਜਨਾ ਦੀ ਵਿੱਤੀ ਲਾਗਤ ਦਾ ਮਹੱਤਵਪੂਰਨ ਅੰਗ ਹੋਵੇਗੀ। ਪੰਜਵੀਂ ਪੰਜ ਸਾਲਾ ਯੋਜਨਾ ਦੇ ਲਾਗੂ ਕਰਨ ਲਈ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੀ 150.00 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਦੇ ਮੁਕਾਬਲੇ ਛੇਵੀਂ ਪੰਜ ਸਾਲਾ ਯੋਜਨਾ ਨੂੰ ਲਾਗੂ ਕਰਨ ਲਈ 366.40 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਮਿਲਣ ਦੀ ਆਸ ਹੈ। (ਥੰਪਿੰਗ) ਕੇਂਦਰੀ ਸਹਾਇਤਾ ਵਿਚ ਹੋਇਆ ਇਹ ਮਹੱਤਵਪੂਰਨ ਵਾਧਾ ਰਾਜ ਸਰਕਾਰ ਦੁਆਰਾ ਵੱਖ ਵੱਖ ਰਾਸ਼ਟਰੀ ਫੋਰਮਾਂ ਉਤੇ ਕੀਤੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ। 10 ਕਰੋੜ ਰੁਪਏ ਦਾ ਵਾਧੂ ਕੇਂਦਰੀ ਸਹਾਇਤਾ ਅਤੇ ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾ ਲਈ ਆਈ. ਡੀ. ਏ. ਸਹਾਇਤਾ ਵਜੋਂ 3.00 ਕਰੋੜ ਰੁਪਏ ਦੀ ਰਕਮ ਇਸ ਸਾਲ ਵੀ ਪ੍ਰਾਪਤ ਕੀਤੀ ਜਾ ਚੁੱਕੀ ਹੈ।

1981-82 ਦੀ ਸਾਲਾਨਾ ਯੋਜਨਾ, ਸਰਕਾਰ ਦੀ ਨੀਤੀ ਅਤੇ ਨਿਸ਼ਚਿਤ ਕੀਤੀਆਂ ਅਗੇਤਾਂ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ। ਨੀਤੀ ਦੇ ਮੁੱਖ ਅੰਗ (i) ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ (ii) ਆਰਥਿਕਤਾ ਨੂੰ ਬਹੁ-ਮੰਤਵੀ ਬਣਾਉਣਾ (iii) ਪ੍ਰਾਦੇਸ਼ਕ ਅਸੰਤੁਲਨ ਵਿਚ ਕਮੀ ਕਰਨਾ ਅਤੇ (iv) ਸਮਾਜਕ ਸੇਵਾਵਾਂ ਦੇ ਵਿਕਾਸ ਦੀ ਗਤੀ ਨੂੰ ਕਾਇਮ ਰੱਖਣਾ ਹੈ, ਤਾਂ ਜੋ ਜੀਵਨ-ਮਿਆਰ ਵਿਚ ਸੁਧਾਰ ਕੀਤਾ ਜਾ ਸਕੇ, ਗਰੀਬੀ ਅਤੇ ਬੇਰੋਜ਼ਗਾਰੀ ਹਟਾਈ ਜਾ ਸਕੇ ਅਤੇ ਉਚੇਰੀ ਵਿਕਾਸਦਰ ਪ੍ਰਾਪਤ ਕੀਤੀ ਜਾ ਸਕੇ।

1981-82 ਦੀ ਸਾਲਾਨਾ ਯੋਜਨਾ ਦਾ ਖ਼ਰਚ 340.40 ਕਰੋੜ ਰੁਪਏ ਨਿਸ਼ਚਿਤ ਕੀਤਾ ਗਿਆ ਹੈ, ਜੋ 1980-81 ਦੀ ਸਾਲਾਨਾ ਯੋਜਨਾ ਦੇ 300.00 ਕਰੋੜ ਰੁਪਏ ਦੇ ਖ਼ਰਚ ਤੋਂ 13.47% ਵੱਧ ਹੈ। (ਥੰਪਿੰਗ)

ਕਿਉਂਜੋ ਖੇਤੀਬਾੜੀ ਰਾਜ ਦੇ ਲੋਕਾਂ ਦਾ ਮੁੱਖ ਕਿੱਤਾ ਹੈ ਅਤੇ ਰਾਜ ਦੀ ਕੁੱਲ ਆਮਦਨ ਵਿਚ 55% ਹਿੱਸਾ ਇਸੇ ਸੈਕਟਰ ਦੀ ਹੀ ਦੇਣ ਹੈ, ਇਸ ਲਈ ਫੰਡਾਂ ਦੀ ਐਲੋਕੇਸ਼ਨ ਵਿਚ ਸਿੰਜਾਈ ਅਤੇ ਬਿਜਲੀ ਦੇ ਨਾਲ ਖੇਤੀਬਾੜੀ ਨੂੰ ਤਰਜੀਹ ਦਿੱਤੀ ਗਈ ਹੈ। ਉਦਯੋਗਿਕ ਸੈਕਟਰ ਅਤੇ ਸਮਾਜਕ ਸੇਵਾਵਾਂ ਨੂੰ ਵੀ

[ਵਿੱਤ ਮੰਤਰੀ]

ਕਾਫ਼ੀ ਫੰਡ ਦਿਤੇ ਗਏ ਹਨ । ਜਿਥੋਂ ਤਕ ਖੇਤੀਬਾੜੀ, ਸਿੰਜਾਈ ਅਤੇ ਬਿਜਲੀ ਦਾ ਸਬੰਧ ਹੈ, ਇਨ੍ਹਾਂ ਲਈ ਫ਼ੰਡਾਂ ਦੀ ਐਲੋਕੇਸ਼ਨ ਵਿਚ 1980-81 ਨਾਲੋਂ 1981-82 ਲਈ 14.36% ਦਾ ਵਾਧਾ ਹੋਇਆ ਹੈ । [340.40% ਕਰੋੜ ਰੁਪਏ ਦੀ ਕੁੱਲ ਯੋਜਨਾ ਵਿਚ ਇਨ੍ਹਾਂ ਸੈਕਟਰਾਂ ਦਾ ਹਿੱਸਾ 228.30 ਕਰੋੜ ਰੁਪਏ ਬਣਦਾ ਹੈ । ਲਗਾਤਾਰ ਅਤੇ ਸੰਤੁਲਤ ਆਰਥਕ ਵਿਕਾਸ ਲਈ ਖੇਤੀਬਾੜੀ ਉਤੇ ਆਧਾਰਤ ਉਦਯੋਗਾਂ ਦੇ ਵਿਕਾਸ ਉਤੇ ਜ਼ੋਰ ਦਿਤਾ ਗਿਆ ਹੈ ਅਤੇ ਉਦਯੋਗਿਕ ਖੇਤਰ ਲਈ ਐਲੋਕੇਸ਼ਨ ਵਿਚ 18.7% ਦਾ ਵਾਧਾ ਕਰ ਦਿਤਾ ਗਿਆ ਹੈ । ਇਸੇ ਤਰ੍ਹਾਂ ਹੀ ਸਿਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਐਲੋਕੇਸ਼ਨ ਵਿਚ ਸਾਲ 1980-81 ਦੇ ਮੁਕਾਬਲੇ ਤੇ ਹੁਣ ਕ੍ਰਮਵਾਰ 25.57% ਅਤੇ 9.25% ਦਾ ਵਾਧਾ ਕੀਤਾ ਗਿਆ ਹੈ । ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ ਅਧੀਨ ਸਾਲ 1981-82 ਲਈ 2,805.00 ਲੱਖ ਰੁਪਏ ਦੀ ਵੱਡੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।]

ਰਾਜ ਦੇ ਸਰਹਦੀ, ਨੀਮ ਪਹਾੜੀ, ਬੇਟ ਅਤੇ ਪਛੜੇ ਇਲਾਕਿਆਂ ਵਿਚ ਵਿਕਾਸ ਦੇ ਅਸੰਤੁਲਨ ਨੂੰ ਦੂਰ ਕਰਨ ਲਈ ਯੋਜਨਾ ਵਿਚ 4,264.77 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ (ਥੰਪਿੰਗ) ਤਾਂ ਜੋ ਇਨ੍ਹਾਂ ਨੂੰ ਰਾਜ ਦੇ ਉੱਨਤ ਇਲਾਕਿਆਂ ਦੀ ਪੱਧਰ ਤੇ ਲਿਆਂਦਾ ਜਾ ਸਕੇ । (ਥੰਪਿੰਗ) ਇਨ੍ਹਾਂ ਇਲਾਕਿਆਂ ਵਿਚ ਖੇਤੀਬਾੜੀ ਦੇ ਵਿਕਾਸ ਲਈ ਭੋਂ-ਸੰਭਾਲ, ਚੋਆਂ ਦੇ ਨਹਿਰੀਕਰਣ, ਸ਼ੋਰੇ ਵਾਲੀਆਂ ਜ਼ਮੀਨਾਂ ਦੇ ਸੁਧਾਰ ਅਤੇ ਹੜ੍ਹ-ਕੰਟਰੋਲ ਸਬੰਧੀ ਸਕੀਮਾਂ ਹੱਥ ਵਿਚ ਲੈ ਲਈਆਂ ਗਈਆਂ ਹਨ ।

ਉਨਤੀ ਅਤੇ ਵਿਕਾਸ ਦੇ ਮੀਲ-ਪੱਥਰ

ਹੁਣ ਮੈਂ ਮਾਨਯੋਗ ਮੈਂਬਰਾਂ ਨੂੰ ਉੱਨਤੀ ਤੇ ਵਿਕਾਸ ਦੇ ਉਨ੍ਹਾਂ ਮੀਲ-ਪੱਥਰਾਂ ਬਾਰੇ ਦੱਸਣਾ ਚਾਹਾਂਗਾ, ਜਿਨ੍ਹਾਂ ਨੂੰ ਅਸੀਂ ਮੁੱਖ ਰੱਖਿਆ ਹੈ :

(i) ਛੇਵੀਂ ਯੋਜਨਾ 1980-85 ਦੇ ਦੌਰਾਨ ਬਿਜਲੀ ਉਤਪਾਦਨ ਸਮਰੱਥਾ 1537 ਮੈਗਾਵਾਟ ਤੋਂ ਵਧ ਕੇ 2450 ਮੈਗਾਵਾਟ ਹੋ ਜਾਵੇਗੀ। (ਥੰਪਿਗ) ਇਹ 1979-80 ਦੇ ਆਧਾਰ ਸਾਲ ਤੋਂ ਲਗਭਗ 60% ਵਧ ਹੈ ;

(ii) ਅਨਾਜ ਦੀ ਉਪਜ ਛੇਵੀਂ ਯੋਜਨਾ ਦੇ ਅਖਰੀਲੇ ਸਾਲ ਵਿਚ ਵੱਧ ਕੇ 150 ਲੱਖ ਮੀਟ੍ਰਿਕ ਟਨ ਹੋਣ ਦੀ ਆਸ ਹੈ, ਜਿਹੜੀ ਕਿ 1977-80 ਦੇ ਤਿੰਨ ਸਾਲਾਂ ਦੀ ਔਸਤ 113.25 ਲੱਖ ਮੀਟ੍ਰਿਕ ਟਨ ਦੀ ਪੱਧਰ ਤੋਂ ਵਧ ਹੋਵੇਗੀ;

(iii) ਪੰਜਵੀਂ ਪੰਜ ਸਾਲਾ ਯੋਜਨਾ ਦੇ 34,000 ਹੈਕਟੇਅਰ ਦੇ ਮੁਕਾਬਲੇ ਤੇ ਛੇਵੀਂ ਪੰਜ ਸਾਲਾ ਯੋਜਨਾ ਵਿਚ 1 ਲੱਖ 2 ਹਜ਼ਾਰ ਹੈਕਟੇਅਰ ਰਕਬਾ ਭੋਂ-ਵਿਕਾਸ ਅਤੇ ਭੋਂ-ਸੰਭਾਲ ਪ੍ਰੋਗਰਾਮ ਅਧੀਨ ਲਿਆਂਦਾ ਜਾਵੇਗਾ; (ਥੰਪਿੰਗ)

(iv) ਵਣ-ਖੇਤਰ ਦੀ ਅਣਗੌਲੀ ਸਥਿਤੀ ਨੂੰ ਸੁਧਾਰਨ ਅਤੇ ਰਾਜ ਦੀ ਵਣ-ਪੂੰਜੀ ਵਿਚ ਵਾਧਾ ਕਰਨ ਲਈ ਪੰਜਵੀਂ ਯੋਜਨਾ ਵਿਚ ਲਾਏ ਗਏ 5.32 ਕਰੋੜ ਦਰੱਖਤਾਂ ਦੇ ਮੁਕਾਬਲੇ ਤੇ ਛੇਵੀਂ ਯੋਜਨਾ ਦੇ ਦੌਰਾਨ 10 ਕਰੋੜ ਦਰੱਖ਼ਤ ਲਾਏ ਜਾਣਗੇ; (ਥੰਪਿੰਗ)

(v) ਪੰਜਵੀਂ ਯੋਜਨਾ ਦੇ ਦੌਰਾਨ ਪੈਦਾ ਕੀਤੀ 1.36 ਲੱਖ ਹੈਕਟੇਅਰ ਸਿੰਜਾਈ ਸਮਰੱਥਾ ਦੇ ਮੁਕਾਬਲੇ ਤੇ ਛੇਵੀਂ ਯੋਜਨਾ ਦੇ ਦੌਰਾਨ ਚਾਲੂ ਕੀਤੀਆਂ ਜਾਣ ਵਾਲੀਆਂ ਵੱਡੀਆਂ ਅਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਰਾਹੀਂ 2.02 ਲੱਖ ਹੈਕਟੇਅਰ ਵਧੀਕ ਸਿੰਜਾਈ ਸਮਰੱਥਾ ਪੈਦਾ ਕੀਤੀ ਜਾਵੇਗੀ ;

(vi) ਸਥਿਰ ਕੀਮਤਾਂ ਤੇ ਉਦਯੋਗਕ ਉਪਜ 1979-80 ਦੇ 1294.48 ਕਰੋੜ ਰੁਪਏ ਤੋਂ ਵੱਧ ਕੇ ਸਾਲ 1984-85 ਦੇ ਦੌਰਾਨ 2,585.25 ਕਰੋੜ ਰੁਪਏ ਹੋ ਜਾਵੇਗੀ, (ਥੰਪਿੰਗ) ਅਰਥਾਤ ਛੇਵੀਂ ਯੋਜਨਾ ਵਿਚ ਉਦਯੋਗਿਕ ਉਪਜ ਦੁੱਗਣੀ ਹੋ ਜਾਵੇਗੀ;

(vii) ਛੇਵੀਂ ਯੋਜਨਾ ਦੇ ਅੰਤ ਤੱਕ ਰਾਜ ਦੇ ਸਾਰੇ ਥੋੜ ਵਾਲੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਪਹੁੰਚਾ ਦਿਤੀਆਂ ਜਾਣਗੀਆਂ; ਅਤੇ

(viii) ਛੇਵੀਂ ਯੋਜਨਾ ਦੇ ਦੌਰਾਨ ਦਿਹਾਤੀ ਬੇਘਰੇ ਲੋਕਾਂ ਲਈ 54,000 ਨਵੇਂ ਮਕਾਨ ਬਣਾਏ ਜਾਣਗੇ। (ਥੰਪਿੰਗ)

25 ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ

ਸਰਕਾਰ ਨੇ ਵਾਗਡੋਰ ਸੰਭਾਲਦਿਆਂ ਹੀ 25 ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ ਨੂੰ ਮੁੜ ਸ਼ੁਰੂ ਕਰਕੇ ਬੜੇ ਜ਼ੋਰ ਸ਼ੋਰ ਨਾਲ ਇਸ ਨੂੰ ਨੇਪਰੇ ਚਾੜ੍ਹਨ ਦਾ ਪ੍ਰੋਗਰਾਮ ਬਣਾਇਆ ਹੈ। ਇਸ ਪ੍ਰੋਗਰਾਮ ਦੀ ਪ੍ਰਗਤੀ ਦਾ ਮੁਲੰਕਣ ਖ਼ੁਦ ਮੁੱਖ ਮੰਤਰੀ ਜੀ ਸਮੇਂ ਸਮੇਂ ਕਰਦੇ ਰਹਿੰਦੇ ਹਨ। ਚਾਲੂ ਸਾਲ ਦੇ ਦੌਰਾਨ ਇਸ ਪ੍ਰੋਗਰਾਮ ਲਈ 205.94 ਕਰੋੜ ਰੁਪਏ ਦੀ ਰਕਮ ਨਿਸ਼ਚਿਤ ਕੀਤੀ ਗਈ ਹੈ। ਅਗਲੇ ਸਾਲ ਲਈ 260.05 ਕਰੋੜ ਰੁਪਏ ਦਾ ਖ਼ਰਚ ਇਸ ਪ੍ਰੋਗਰਾਮ ਲਈ ਨਿਰਧਾਰਿਤ ਕੀਤਾ ਜਾ ਰਿਹਾ ਹੈ। (ਥੰਪਿੰਗ) ਇਕ ਪੁਸਤਕਾ, ਜਿਸ ਵਿਚ 25 ਨੁਕਾਤੀ ਪ੍ਰੋਗਰਾਮ ਅਧੀਨ ਸਕੀਮਵਾਰ ਖ਼ਰਚ ਦੀ ਵੰਡ ਦਰਸਾਈ ਗਈ ਹੈ, ਮਾਨਯੋਗ ਮੈਂਬਰਾਂ ਦੀ ਗਿਆਤ ਹਿਤ ਹੋਰ ਬਜਟ ਦਸਤਾਵੇਜ਼ਾਂ ਦੇ ਨਾਲ ਵਖਰੇ ਤੌਰ ਤੇ ਦਿੱਤੀ ਜਾ ਰਹੀ ਹੈ।

ਸੰਸਥਾਵੀ ਵਿੱਤ

ਰਾਜ ਸਰਕਾਰ, ਰਾਜ ਦੇ ਵਿਕਾਸ ਪ੍ਰੋਗਰਾਮਾਂ ਲਈ ਫੰਡ ਮੁਹੱਈਆ ਕਰਨ ਵਾਸਤੇ ਸੰਸਥਾਵੀ ਵਿੱਤ ਜੁਟਾਉਣ ਨੂੰ ਵਿਸ਼ੇਸ਼ ਮਹੱਤਵ ਦਿੰਦੀ ਹੈ। ਪਹਿਲੀ ਵਾਰ ਸਾਡੀ ਸਰਕਾਰ ਨੇ ਸੰਸਥਾਵੀ ਵਿੱਤ ਦੀ ਸਾਲਾਨਾ ਯੋਜਨਾ 1980-81 ਤਿਆਰ ਕੀਤੀ। ਇਸ ਯੋਜਨਾ ਅਨੁਸਾਰ ਆਸ ਕੀਤੀ ਜਾਂਦੀ ਸੀ ਕਿ ਚਾਲੂ ਮਾਲੀ ਸਾਲ ਦੇ ਦੌਰਾਨ 165.00 ਕਰੋੜ ਰੁਪਏ ਤੱਕ ਦਾ ਸੰਸਥਾਵੀ ਵਿੱਤ ਜੁਟਾਇਆ ਜਾਵੇਗਾ। ਸਾਨੂੰ ਵਿਸ਼ਵਾਸ ਹੈ ਕਿ ਇਹ ਟੀਚਾ ਨਾ ਸਿਰਫ਼ ਪ੍ਰਾਪਤ ਕੀਤਾ ਜਾਵੇਗਾ ਸਗੋਂ ਅਸੀਂ ਇਸ ਤੋਂ ਅੱਗੇ ਵੱਧ ਜਾਵਾਂਗੇ। ਦਸੰਬਰ, 1980 ਦੇ ਅੰਤ ਤੱਕ 75 ਕਰੋੜ ਰੁਪਏ ਦੀ ਰਕਮ ਸੰਸਥਾਵੀ ਵਿੱਤ ਵਜੋਂ ਜੁਟਾਈ ਜਾ ਚੁੱਕੀ ਹੈ। ਸਾਲ 1981-82 ਲਈ ਸੰਸਥਾਵੀ ਵਿੱਤ ਦੀ ਸਾਲਾਨਾ ਯੋਜਨਾ ਤਿਆਰੀ ਅਧੀਨ ਹੈ। ਸਾਲ 1981-82 ਦੇ ਦੌਰਾਨ ਵੱਖ ਵੱਖ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਹੋਣ ਵਾਲੇ ਸੰਸਥਾਵੀ ਵਿੱਤ ਦੇ ਆਕਾਰ ਦਾ ਕੱਚਾ ਅਨੁਮਾਨ 225.00 ਕਰੋੜ ਰੁਪਏ ਹੈ, ਜੋ ਪਿਛਲੇ ਸਾਲ ਨਾਲੋਂ 36% ਤੋਂ ਵਧੇਰੇ ਹੈ। ਜਿਨ੍ਹਾਂ ਮੁੱਖ ਅਦਾਰਿਆਂ ਤੋਂ ਇਹ ਰਕਮ ਪ੍ਰਾਪਤ ਕੀਤੀ ਜਾਵੇਗੀ, ਉਹ ਹਨ—ਜ਼ਰਾਇਤੀ ਮੰਤਵਾਂ ਲਈ, ਜ਼ਰਾਇਤੀ ਪੁਨਰ ਵਿੱਤੀ ਵਿਕਾਸ ਕਾਰਪੋਰੇਸ਼ਨ ਅਤੇ ਲੈਂਡ ਮਾਰਗੇਜ਼ ਬੈਂਕ ਤੋਂ 95 ਕਰੋੜ ਰੁਪਏ, ਸਮੁੱਚੇ ਦਿਹਾਤੀ ਵਿਕਾਸ ਪ੍ਰੋਗਰਾਮ ਲਈ—ਵਪਾਰਕ ਬੈਂਕਾਂ ਤੋਂ 20.00 ਕਰੋੜ ਰੁਪਏ, ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਅਤੇ ਸਰਕਾਰ ਦੀਆਂ ਹੋਰ ਕਾਰਪੋਰੇਸ਼ਨਾਂ ਦੁਆਰਾ 70 ਕਰੋੜ ਰੁਪਏ; ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਪਿੰਡਾਂ ਵਿਚ ਬਿਜਲੀ ਆਦਿ ਦੇਣ ਲਈ 10 ਕਰੋੜ ਰੁਪਏ, ਵਪਾਰਕ ਬੈਂਕਾਂ ਦੁਆਰਾ ਵਰਗਾਂ ਨੂੰ ਦਿੱਤੇ ਜਾਣ ਵਾਲੇ ਕਰਜ਼ੇ 30 ਕਰੋੜ ਰੁਪਏ।

[ਵਿੱਤ ਮੰਤਰੀ]

ਮਾਨਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਲ 1979-80 ਦੇ ਦੌਰਾਨ ਰਾਜ ਨੂੰ ਜ਼ਰਾਇਤੀ ਪੁਨਰ ਵਿੱਤੀ ਵਿਕਾਸ ਕਾਰਪੋਰੇਸ਼ਨ ਤੋਂ ਮਿਲੀ ਸਹਾਇਤਾ 1978-79 ਨਾਲੋਂ ਤਿੰਨ ਗੁਣਾਂ ਤੋਂ ਵੀ ਵਧ ਹੈ। ਇਸ ਪੱਖ ਤੋਂ ਰਾਜ ਦਾ ਦਰਜਾ ਦੇਸ਼ ਵਿਚ ਸੱਤਵੇਂ ਤੋਂ ਤੀਜਾ ਹੋ ਗਿਆ ਹੈ। (ਥੰਪਿੰਗ) 1979-80 ਦੇ ਦੌਰਾਨ 50.00 ਕਰੋੜ ਰੁਪਏ ਦੀ ਜ਼ਰਾਇਤੀ ਪੁਨਰ ਵਿੱਤ ਵਿਕਾਸ ਕਾਰਪੋਰੇਸ਼ਨ ਸਹਾਇਤਾ ਦੇ ਟਾਕਰੇ ਤੇ 1980-81 ਲਈ 75.00 ਕਰੋੜ ਦਾ ਟੀਚਾ ਹੈ।

ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲ ਰਹੇ ਤਿੰਨ ਪ੍ਰਾਜੈਕਟਾਂ ਉਤੇ ਤਸੱਲੀਬਖਸ਼ ਤਰੀਕੇ ਨਾਲ ਕੰਮ ਹੋ ਰਿਹਾ ਹੈ ਅਤੇ ਲਗਭਗ 12.00 ਕਰੋੜ ਰੁਪਏ ਦੀ ਆਈ. ਡੀ. ਏ. ਸਹਾਇਤਾ ਚਾਲੂ ਸਾਲ ਦੇ ਦੌਰਾਨ ਵਰਤੀ ਜਾਵੇਗੀ। ਰਾਜ ਸਰਕਾਰ ਨੇ ਆਪਣੀਆਂ ਆਯਾਤ ਲੋੜਾਂ ਦੀ ਪੂਰਤੀ ਦੇ ਸਬੰਧ ਵਿਚ ਜਾਪਾਨੀ ਸਹਾਇਤਾ ਪ੍ਰਾਪਤ ਕਰਨ ਲਈ ਪੰਜ ਪ੍ਰਾਜੈਕਟ ਭਾਰਤ ਸਰਕਾਰ ਨੂੰ ਭੇਜੇ ਹਨ। 106 ਕਰੋੜ ਰੁਪਏ ਦੀ ਲਾਗਤ ਵਾਲੇ ਇਹ ਪੰਜ-ਪ੍ਰਾਜੈਕਟ ਹਨ—ਸਟੀਮ ਟਰਬਾਈਨ ਜੈਨਰੇਟਿੰਗ ਪ੍ਰਾਜੈਕਟ, ਟੈਲੀਕਮਿਊਨੀਕੇਸ਼ਨ ਕੇਬਲ ਪ੍ਰਾਜੈਕਟ, ਲਾਈਟ ਕਮੱਰਸ਼ਲ ਵੈਹੀਕਲ ਪ੍ਰਾਜੈਕਟ, ਟੈਲੀਵੀਜ਼ਨ ਗਲਾਸ ਸ਼ੈੱਲ ਪ੍ਰਾਜੈਕਟ ਅਤੇ ਪਟਿਆਲਾ ਵਿਖੇ ਲੋਡ ਡਿਸਪੈਚ ਸੈਂਟਰ। ਆਸ ਹੈ ਕਿ ਜਾਪਾਨੀ ਮਿਸ਼ਨ, ਜੋ ਚਾਲੂ ਸਾਲ ਦੇ ਦੌਰਾਨ ਭਾਰਤ ਵਿਚ ਆਉਣ ਵਾਲਾ ਹੈ, ਨਾਲ ਮਸ਼ਵਰਾ ਕਰਨ ਉਪਰੰਤ, ਭਾਰਤ ਸਰਕਾਰ ਇਨ੍ਹਾਂ ਪ੍ਰਾਜੈਕਟਾਂ ਨੂੰ ਪਰਵਾਨਗੀ ਦੇ ਦੇਵੇਗੀ। ਇਸ ਨਾਲ ਅਗਲੇ ਦੋ ਤਿੰਨ ਸਾਲਾਂ ਵਿਚ ਰਾਜ ਨੂੰ 33 ਕਰੋੜ ਰੁਪਏ ਦਾ ਯੈੱਨ ਕਰਜ਼ਾ ਪ੍ਰਾਪਤ ਹੋ ਜਾਵੇਗਾ। ਕਿਉਂ ਜੋ ਵੱਖ ਵੱਖ ਸਰਕਾਰੀ ਏਜੰਸੀਆਂ ਦੁਆਰਾ ਜੁਟਾਇਆ ਸੰਸਥਾਵੀ ਵਿੱਤ ਵਿਕਾਸ ਸਕੀਮਾਂ ਨੂੰ ਲਾਗੂ ਕਰਨ ਤੇ ਖ਼ਰਚ ਕੀਤਾ ਜਾਂਦਾ ਹੈ, ਇਸ ਲਈ ਇਸ ਯੋਜਨਾ ਪੂੰਜੀ ਦਾ ਹਿੱਸਾ ਸਮਝਣਾ ਚਾਹੀਦਾ ਹੈ। ਇਸ ਤਰ੍ਹਾਂ ਚਾਲੂ ਸਾਲ ਦੇ ਦੌਰਾਨ ਯੋਜਨਾਗਤ ਲਾਗਤ 465.00 ਕਰੋੜ ਰੁਪਏ ਅਤੇ ਅਗਲੇ ਸਾਲ ਲਈ 565.00 ਕਰੋੜ ਰੁਪਏ ਬਣ ਜਾਵੇਗੀ। ਥੰਪਿੰਗ)

ਰਾਜ ਕਾਰਪੋਰੇਸ਼ਨਾਂ

ਇਸ ਸਮੇਂ ਰਾਜ ਵਿਚ 25 ਕਾਰਪੋਰੇਸ਼ਨਾਂ ਕੰਮ ਕਰ ਰਹੀਆਂ ਹਨ। ਮਾਰਚ, 1980 ਦੇ ਅੰਤ ਤੱਕ ਇਨ੍ਹਾਂ ਅਦਾਰਿਆਂ ਵਿਚ ਰਾਜ ਸਰਕਾਰ ਦੁਆਰਾ ਹਿੱਸਾ-ਪੂੰਜੀ ਵਜੋਂ ਲਾਈਆਂ ਰਕਮਾਂ ਲਗਭਗ 68.00 ਕਰੋੜ ਰੁਪਏ ਸਨ। ਸਾਲ 1980-81 ਦੇ ਦੌਰਾਨ ਇਨ੍ਹਾਂ ਅਦਾਰਿਆਂ ਨੂੰ ਰਾਜ ਸਰਕਾਰ ਹਿੱਸਾ-ਪੂੰਜੀ ਵਜੋਂ 13.95 ਕਰੋੜ ਰੁਪਏ ਦੀ ਹੱਦ ਤੱਕ ਯੋਗਦਾਨ ਦੇਵੇਗੀ। ਆਪਣੀ ਸਰਕਾਰ ਦਾ ਪਹਿਲਾ ਬਜਟ ਪੇਸ਼ ਕਰਨ ਸਮੇਂ, ਮੈਂ ਮਾਨਯੋਗ ਸਦਨ ਨੂੰ ਯਕੀਨ ਦਿਵਾਇਆ ਸੀ ਕਿ ਇਨ੍ਹਾਂ ਕਾਰਪੋਰੇਸ਼ਨਾਂ ਦੇ ਕੰਮ-ਕਾਰ ਨੂੰ ਸੁਧਾਰਨ ਲਈ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਰਾਜ ਦੇ ਖ਼ਜ਼ਾਨੇ ਉਤੇ ਇਹ ਬੋਝ ਨਾ ਬਣੀਆਂ ਰਹਿਣ। ਮੈਂ ਇਹ ਵੀ ਕਿਹਾ ਸੀ ਕਿ ਜਿਹੜੀਆਂ ਕਾਰਪੋਰੇਸ਼ਨਾਂ ਆਰਥਕ ਲਾਹੇਵੰਦੀ ਦੇ ਆਧਾਰ ਤੇ ਨਹੀਂ ਚਲ ਸਕਦੀਆਂ, ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇਗਾ।

ਇਨ੍ਹਾਂ ਕਾਰਪੋਰੇਸ਼ਨਾਂ ਦੇ ਸਾਲ 1979-80 ਦੇ ਕੱਚੇ ਲੇਖੇ ਪ੍ਰਾਪਤ ਹੋ ਗਏ ਹਨ। ਮੁਨਾਫ਼ੇ ਕਰਾਉਣ ਵਾਲੀਆਂ ਕਾਰਪੋਰੇਸ਼ਨਾਂ ਦੀ ਗਿਣਤੀ 1978-79 ਵਿਚ 7 ਤੋਂ ਵਧ ਕੇ 1979-80 ਵਿਚ 9 ਹੋ ਗਈ ਹੈ। ਇਨ੍ਹਾਂ ਨੇ 8.08 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ, ਅੱਪਰ 11 ਕਾਰਪੋਰੇਸ਼ਨਾਂ ਨੂੰ 2.36 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਤਰ੍ਹਾਂ ਸਾਲ 1979-80 ਦੇ ਦੌਰਾਨ ਇਨ੍ਹਾਂ ਕਾਰਪੋਰੇਸ਼ਨਾਂ ਤੋਂ ਸਮੁੱਚੇ ਤੌਰ ਤੇ 5.72 ਕਰੋੜ ਰੁਪਏ ਦਾ ਮੁਨਾਫ਼ਾ ਹੋਇਆ ਜਦ ਕਿ ਸਾਲ 1978-79 ਵਿਚ 2.97 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ। ਇਸ ਦੇ ਨਾਲ ਨਾਲੇ ਇਹ ਗੱਲ ਵੀ ਵਿਚਾਰ ਅਧੀਨ ਹੈ ਕਿ ਕੀ

ਕੋਈ ਕਾਰਪੋਰੇਸ਼ਨ ਅਜਿਹੀ ਵੀ ਹੈ ਜਿਸ ਨੂੰ ਬੰਦ ਕਰਨ ਨਾਲ ਹੀ ਰਾਜ ਦੇ ਖ਼ਜ਼ਾਨੇ ਉਤੇ ਪੈ ਰਿਹਾ ਬੇਲੋੜਾ ਬੋਝ ਖ਼ਤਮ ਕੀਤਾ ਜਾ ਸਕਦਾ ਹੈ । ਸਭ ਤੋਂ ਪਹਿਲਾਂ ਇਸ ਸਬੰਧ ਵਿਚ ਪੰਜਾਬ ਫ਼ਿਲਮ ਤੇ ਸਮਾਚਾਰ ਕਾਰਪੋਰੇਸ਼ਨ ਨੂੰ ਬੰਦ ਕਰਨ ਦੀ ਤਜਵੀਜ਼ ਹੈ ।

ਹੁਣ ਮੈਂ ਮਾਨਯੋਗ ਮੈਂਬਰਾਂ ਦੀ ਗਿਆਤ ਲਈ ਵੱਖ ਵੱਖ ਮੁੱਖ ਸੈਕਟਰਾਂ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ ।

ਖੇਤੀ ਬਾੜੀ

ਰਾਜ ਦੀ ਆਰਥਕਤਾ ਵਿਚ ਖੇਤੀਬਾੜੀ ਇਕ ਪ੍ਰਮੁੱਖ ਖੇਤਰ ਹੈ, ਕਿਉਂ ਜੋ ਇਹ ਰਾਜ ਦੀ ਪੈਦਾਵਾਰ ਵਿਚ 55 ਪ੍ਰਤੀਸ਼ਤ ਯੋਗਦਾਨ ਪਾਉਂਦਾ ਹੈ । ਮੈਂ ਮਾਨਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ ਵਰਤਮਾਨ ਸਾਲ ਦੇ ਦੌਰਾਨ ,ਖੇਤੀਬਾੜੀ ਦੇ ਖੇਤਰ ਵਿਚ ਪਿਛਲੇ ਸਾਲ ਨਾਲੋਂ 8 ਪ੍ਰਤੀਸ਼ਤ ਵਾਧਾ ਹੋਣ ਦੀ ਆਸ ਹੈ । ਜੇਕਰ ਹੜ੍ਹਾਂ ਅਤੇ ਕੁੰਗੀ ਕਾਰਨ ਧਾਨ ਦੀ ਫਸਲ ਨੂੰ ਨੁਕਸਾਨ ਨਾ ਪਹੁੰਚਦਾ ਤਾਂ ਇਹ ਪੈਦਾਵਾਰ ਹੋਰ ਵੀ ਵੱਧ ਹੋਣੀ ਸੀ । ਇਹ ਸਭ ਕੁਝ, ਵਰਤਮਾਨ ਸਰਕਾਰ ਵਲੋਂ ਡੀਜ਼ਲ, ਬਿਜਲੀ ਅਤੇ ਹੋਰ ਵਸਤਾਂ, ਜਿਵੇਂ ਕਿ ਖਾਦਾਂ ਅਤੇ ਬੀਜਾਂ ਦੀ ਚੋਖੀ ਅਤੇ ਸਮੇਂ ਸਿਰ ਪ੍ਰਾਪਤੀ ਨੂੰ ਯਕੀਨੀ ਬਣਾਉਣ ਸਦਕਾ ਹੋਇਆ ਹੈ । ਪਿਛਲਾ ਬਜਟ ਪੇਸ਼ ਕਰਨ ਸਮੇਂ, ਮੈਂ ਸਦਨ ਨੂੰ ਭਰੋਸਾ ਦਿਵਾਇਆ ਸੀ ਕਿ ਖਾਦ ਅਤੇ ਡੀਜ਼ਲ ਦੀਆਂ ਕੀਮਤਾਂ ਦੇ ਵਾਧੇ ਕਾਰਨ ਸਰਕਾਰ ਜ਼ਿਮੀਂਦਾਰਾਂ ਨੂੰ ਮੁਆਵਜ਼ਾ ਦਿਵਾਵੇਗੀ । ਮਾਨਯੋਗ ਮੈਂਬਰਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਅਸੀਂ ਭਾਰਤ ਸਰਕਾਸ ਪਾਸੋਂ ਧਾਨ ਦੀ ਕੀਮਤ ਖ਼ਰੀਦ 10 ਰੁਪਏ ਪ੍ਰਤੀ ਕੁਇੰਟਲ ਤਕ ਵਧਾਉਣ ਵਿਚ ਸਫਲ ਹੋ ਗਏ ਹਾਂ । (ਥੰਪਿੰਗ) ਇਸ ਨਾਲ ਰਾਜ ਦੇ ਕਿਸਾਨਾਂ ਨੂੰ ਤਕਰੀਬਨ 44.00 ਕਰੋੜ ਰੁਪਏ ਦਾ ਲਾਭ ਹੋਵੇਗਾ। ਇਸ ਤੋਂ ਇਲਾਵਾ ,ਕਪਾਹ, ਗੰਨੇ ਦੀਆਂ ਉਚੇਰੀਆਂ ਕੀਮਤਾਂ ਅਤੇ ਧਾਨ ਦੀ ਵਧੇਰੀ ਪੈਦਾਵਾਰ ਸਦਕਾ ਕਿਸਾਨਾਂ ਦੀ ਆਮਦਨ ਵਿਚ ਚੋਖਾ ਵਾਧਾ ਹੋਵੇਗਾ । ਕਿਸਾਨ ਸਾਡੀ ਆਰਥਕਤਾ ਦੀ ਜਿੰਦ-ਜਾਨ ਹਨ । ਉਨ੍ਹਾਂ ਦੀ ਭਲਾਈ ਲਈ ਸਾਡੇ ਯਤਨ ਹਮੇਸ਼ਾ ਹੀ ਜਾਰੀ ਰਹਿਣਗੇ ।

ਸਾਲ 1980-81 ਦੇ ਦੌਰਾਨ 16.19 ਕਰੋੜ ਰੁਪਏ ਦੇ ਪੂਰਵ ਅਨੁਮਾਨਤ ਖ਼ਰਚੇ ਦੇ ਮੁਕਾਬਲੇ ਤੇ ਖੇਤੀਬਾੜੀ ਲਈ ਸਾਲ 1981-82 ਲਈ 18.45 ਕਰੋੜ ਰੁਪਏ ਦੇ ਯੋਜਨਾਗਤ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ। ਸਾਲ 1981-82 ਲਈ ਅਨਾਜ ਸਬੰਧੀ ਟੀਚਾ 136 ਲੱਖ ਮੀਟ੍ਰਿਕ ਟਨ, ਕਪਾਹ ਦਾ 13.80 ਲੱਖ ਗੰਢਾਂ ਅਤੇ ਗੰਨੇ ਦਾ 65 ਲੱਖ ਮੀਟ੍ਰਿਕ ਟਨ ਮਿਥਿਆ ਗਿਆ ਹੈ ।

ਬਾਗ਼ਬਾਨੀ

ਨਵੇਂ ਸਥਾਪਤ ਕੀਤੇ ਗਏ ਬਾਗ਼ਬਾਨੀ ਵਿਭਾਗ ਨੇ ਫਲਦਾਰ ਪੌਦੇ ਲਾਉਣ ਦਾ ਇਕ ਵਿਸ਼ਾਲ ਪ੍ਰੋਗਰਾਮ ਆਰੰਭਿਆ ਹੈ । ਰਾਜ ਵਿਚ ਸਮੁੱਚੇ ਬਾਗ਼ਬਾਨੀ ਵਿਕਾਸ ਉਤੇ ਲਗਭਗ 11.00 ਕਰੋੜ ਰੁਪਏ ਦੀ ਲਾਗਤ ਵਾਲਾ ਇਕ ਪ੍ਰਾਜੈਕਟ ਜ਼ਰਾਇਤੀ ਪੁਨਰ ਵਿੱਤ ਵਿਕਾਸ ਕਾਰਪੋਰੇਸ਼ਨ ਨੂੰ ਭੇਜਿਆ ਗਿਆ ਹੈ ਜਿਸ ਦੇ ਚਾਲੂ ਵਿੱਤੀ ਸਾਲ ਦੇ ਦੌਰਾਨ ਮਨਜ਼ੂਰ ਹੋ ਜਾਣ ਦੀ ਸੰਭਾਵਨਾ ਹੈ । ਫਲਾਂ ਦੇ ਉਤਪਾਦਕਾਂ ਨੂੰ ਫਲਦਾਰ ਪੌਦੇ ਲਾਉਣ ਲਈ ਦਿੱਤੀ ਜਾਂਦੀ ਸਹਾਇਤਾ ਦੀ ਹੱਦ 300 ਰੁਪਏ ਤੋਂ ਵਧਾ ਕੇ 700 ਰੁਪਏ ਕਰ ਦਿੱਤੀ ਗਈ ਹੈ ਅਤੇ ਇਹ ਸਹਾਇਤਾ ਸਕੀਮ ਸਾਰੇ ਰਾਜ ਤੇ ਲਾਗੂ ਕਰ ਦਿੱਤੀ ਗਈ ਹੈ। ਬਾਗ਼ਬਾਨੀ ਲਈ ਯੋਜਨਾ ਖ਼ਰਚ 1980-81 ਦੇ 1,10 ਕਰੋੜ ਰੁਪਏ ਤੋਂ ਵਧਾ ਕੇ 1981-82 ਵਿਚ

[ਵਿੱਤ ਮੰਤਰੀ]

1.15 ਕਰੋੜ ਰੁਪਏ ਕੀਤਾ ਜਾ ਰਿਹਾ ਹੈ । ਇਸ ਤੋਂ ਇਲਾਵਾ ਰਾਜ ਵਿੱਚ ਬਾਗਬਾਨੀ ਦੇ ਵਿਕਾਸ ਲਈ 2.10 ਕਰੋੜ ਰੁਪਏ ਦਾ ਸੰਸਥਾਵੀ ਵਿੱਤ ਵੀ ਪ੍ਰਾਪਤ ਕੀਤਾ ਜਾਵੇਗਾ ।

ਦਿਹਾਤੀ ਵਿਕਾਸ ਅਤੇ ਪੰਚਾਇਤਾਂ

ਰਾਜ ਦੇ ਸਾਰੇ 118 ਬਲਾਕ ਸਮੁੱਚੇ ਦਿਹਾਤੀ ਵਿਕਾਸ ਪ੍ਰੋਗਰਾਮ ਅਧੀਨ ਲਿਆਂਦੇ ਜਾਣਗੇ ਜੋ ਛੋਟੇ ਕਿਸਾਨ ਅਤੇ ਸੀਮਾਂਤੀ ਕਿਸਾਨ ਏਜੰਸੀਆਂ ਅਤੇ ਖੇਤਰੀ ਵਿਕਾਸ ਸਕੀਮ ਅਧੀਨ ਹੁਣ ਤੱਕ ਲਾਏ ਜਾਂਦੇ ਵਖ ਵੱਖ ਪ੍ਰੋਗਰਾਮਾ ਨੂੰ ਗਠਿਤ ਕਰਕੇ ਸ਼ੁਰੂ ਕੀਤਾ ਗਿਆ ਹੈ । ਇਸ ਪ੍ਰੋਗਰਾਮ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਬਰਾਬਰ ਬਰਾਬਰ ਵਿੱਤ ਪ੍ਰਦਾਨ ਕੀਤਾ ਜਾਵੇਗਾ । ਇਸ ਮੰਤਵ ਲਈ ਸਾਲ 1981-82 ਵਾਸਤੇ ਪ੍ਰਤੀ ਬਲਾਕ 6 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । (ਥੰਪਿੰਗ) ਇਨ੍ਹਾਂ ਸਾਰੇ ਪ੍ਰੋਗਰਾਮਾਂ ਲਈ ਸਾਰੇ ਜ਼ਿਲ੍ਹਿਆਂ ਵਿਚ ਇਕ ਸਾਂਝੀ ਏਜੰਸੀ ਕਾਇਮ ਕੀਤੀ ਜਾ ਰਹੀ ਹੈ, ਜਿਸ ਦਾ ਨਾਂ "ਦਿਹਾਤੀ ਵਿਕਾਸ ਏਜੰਸੀ" ਹੋਵੇਗਾ, ਜੋ ਇੱਕ ਰਜਿਸਟਰਡ ਸੁਸਾਇਟੀ ਹੋਵੇਗੀ । 7 ਕਰੋੜ ਰੁਪਏ ਤੋਂ ਵਧ ਕੇ ਇਹ ਫ਼ੰਡ ਬੀਜ-ਧਨ ਵਜੋਂ ਬੈਂਕਾਂ ਤੋਂ ਕਰਜ਼ਾ ਲੈਣ ਲਈ ਸਬਸਿਡੀ ਦੇ ਰੂਪ ਵਿਚ ਵਰਤੇ ਜਾਣਗੇ । ਕਮਜ਼ੋਰ ਵਰਗਾਂ ਨੂੰ ਲਾਭ ਪਹੁੰਚਾਉਣ ਵਾਲੀਆਂ ਸਕੀਮਾਂ ਦੀ ਕੁੱਲ ਲਾਗਤ, ਜਿਸ ਵਿਚ ਬੈਂਕ ਦੇ ਕਰਜ਼ੇ ਵੀ ਸ਼ਾਮਲ ਹਨ, 1981-82 ਦੇ ਦੌਰਾਨ 27 ਕਰੋੜ ਰੁਪਏ ਤੋਂ ਵੀ ਵੱਧ ਹੋਣ ਦੀ ਆਸ ਹੈ ।

ਪਿੰਡਾਂ ਦੇ ਜੀਵਨ-ਪੱਧਰ ਸੁਧਾਰਨ ਅਤੇ ਚੌਗਿਰਦੇ ਨੂੰ ਸਾਫ਼ ਤੇ ਸੁਥਰਾ ਬਣਾਉਣ ਦਾ ਪ੍ਰੋਗਰਾਮ ਜਾਰੀ ਰਖਿਆ ਜਾ ਰਿਹਾ ਹੈ । ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਲਈ 5.05 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ਅਤੇ ਪੰਚਾਇਤ ਘਰ, ਸਮੂਹਕ ਹਾਲ ਬਣਾਉਣ ਲਈ 50 ਲੱਖ ਰੁਪਏ ਰੱਖੇ ਗਏ ਹਨ । ਦਿਹਾਤੀ ਵਿਕਾਸ ਅਤੇ ਪੰਚਾਇਤਾਂ ਲਈ ਯੋਜਨਾ ਉਪਬੰਧ ਨੂੰ ਸਾਲ 1980-81 ਦੇ ਦੌਰਾਨ 7.05 ਕਰੋੜ ਰੁਪਏ ਤੋਂ ਵਧਾ ਕੇ ਸਾਲ 1981-82 ਦੇ ਦੌਰਾਨ 8.55 ਕਰੋੜ ਰੁਪਏ ਕੀਤਾ ਜਾ ਰਿਹਾ ਹੈ । (ਥੰਪਿੰਗ)

ਪਸ਼ੂ ਪਾਲਣ

ਰਾਜ ਵਿਚ ਚਿੱਟਾ ਇਨਕਲਾਬ ਲਿਆਉਣ ਲਈ ਸਰਕਾਰ ਪਸ਼ੂਆਂ ਦੇ ਵਿਕਾਸ ਅਤੇ ਡੇਅਰੀ ਉਦਯੋਗ ਦੇ ਤੌਰ ਤੇ ਉੱਨਤ ਕਰਨ ਲਈ ਵਧੇਰੇ ਜ਼ੋਰ ਦੇ ਰਹੀ ਹੈ । ਇਸ ਮੰਤਵ ਨੂੰ ਪੂਰਾ ਕਰਨ ਲਈ ਸਾਲ 1980-81 ਵਿਚ 278.84 ਲੱਖ ਰੁਪਏ ਦੇ ਮੁਕਾਬਲੇ ਤੇ ਸਾਲ 1981-82 ਵਿਚ 314.00 ਲੱਖ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । (ਥੰਪਿੰਗ) ਸਾਲ 1980-81 ਦੇ ਅੰਤ ਤਕ ਰਾਜ ਵਿਚ ਪਸ਼ੂਆਂ ਦੇ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਗਿਣਤੀ ਕ੍ਰਮਵਾਰ 761 ਅਤੇ 460 ਤੱਕ ਵਧਾਈ ਜਾਵੇਗੀ । ਮਸਨੂਈ ਵੀਰਜ ਸਿੰਜਣ ਸੇਵਾ ਦੇ ਨਾਲ ਨਾਲ ਪਸ਼ੂ ਚਿਕਿਤਸਾ ਸਹਾਇਤਾ ਵੀ 625 ਪਸ਼ੂ-ਨਸਲਕਸ਼ੀ ਕੇਂਦਰਾਂ ਵਿਚ ਮੁਹੱਈਆ ਕੀਤੀ ਜਾ ਰਹੀ ਹੈ । ਸਾਲ 1981-82 ਦੇ ਦੌਰਾਨ 55 ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦਾ ਦਰਜਾ ਵਧਾਉਣ ਦੀ ਤਜਵੀਜ਼ ਹੈ । ਖੁਰ ਅਤੇ ਮੂੰਹ ਦੀ ਬਿਮਾਰੀ ਦੀ ਵੈਕਸੀਨ ਸਹਾਇਤਾ ਵਜੋਂ ਦੇਣ ਲਈ 13.18 ਲੱਖ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ ।

ਡੇਅਰੀ ਉਦਯੋਗ

ਡੇਅਰੀ ਵਿਕਾਸ ਵਿਭਾਗ ਨੂੰ ਦੁੱਧ ਦੇ ਪ੍ਰਾਪਤ ਕਰਨ, ਇੱਕਠਾ ਕਰਨ, ਪ੍ਰਾਸੈੱਸ ਕਰਨ ਅਤੇ ਮੰਡੀਕਰਣ ਲਈ ਬੁਨਿਆਦੀ ਢਾਂਚਾ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਹੈ ਤਾਂ ਜੋ ਦੁੱਧ ਉਤਪਾਦਕਾਂ ਨੂੰ ਦੁੱਧ ਦਾ ਉਚਿਤ ਮੁੱਲ ਦਿਵਾਇਆ ਜਾ ਸਕੇ । ਇਸ ਮੰਤਵ ਲਈ, ਵਿਭਾਗ ਵੱਖ ਵੱਖ ਸਕੀਮਾਂ ਤੇ ਅਮਲ ਕਰ ਰਿਹਾ ਹੈ, ਜਿਨ੍ਹਾਂ ਲਈ ਸਾਲ 1981-82 ਵਿਚ 51 ਲੱਖ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਕੀਤੀ ਗਈ ਹੈ ।

ਇਸ ਦੇ ਨਾਲ ਹੀ ਸਹਿਕਾਰੀ ਖੇਤਰ ਵਿਚ ਵੀ ਡੇਅਰੀ ਵਿਕਾਸ ਦਾ ਇਕ ਵੱਡਾ ਪ੍ਰੋਗਰਾਮ ਉਲੀਕਿਆ ਗਿਆ ਹੈ । ਇਸ ਪ੍ਰੋਗਰਾਮ ਉਤੇ ਭਾਰਤੀ ਡੇਅਰੀ ਵਿਕਾਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਅਮਲ ਕੀਤਾ ਜਾਵੇਗਾ, ਜੋ ਰਾਜ ਵਿਚ ਡੇਅਰੀ ਵਿਕਾਸ ਲਈ ਸਹਾਇਤਾ ਮੁਹੱਈਆ ਕਰੇਗੀ । ਫੰਡ ਰਾਜ ਸਹਿਕਾਰੀ ਦੁਧ ਫ਼ੈਡਰੇਸ਼ਨ ਰਾਹੀਂ ਦਿੱਤੇ ਜਾਣਗੇ । ਇਸ ਮੰਤਵ ਲਈ ਭਾਰਤੀ ਡੇਅਰੀ ਵਿਕਾਸ ਕਾਰਪੋਰੇਸ਼ਨ ਦੁਆਰਾ ਸਾਲ 1981-82 ਦੇ ਦੌਰਾਨ 16 ਕਰੋੜ ਰੁਪਏ ਦਿੱਤੇ ਜਾਣਗੇ । ਸਾਲ 1981-82 ਦੇ ਦੌਰਾਨ 'ਅਨੰਦ ਪੈਟਰਨ" ਉਤੇ ਫੀਰੋਜ਼ਪੁਰ, ਫ਼ਰੀਦਕੋਟ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਡੇਅਰੀ ਸਭਾਵਾਂ ਕਾਇਮ ਕੀਤੀਆਂ ਜਾਣਗੀਆਂ ਅਤੇ ਇਸ ਦੇ ਨਾਲ ਨਾਲ ਬਠਿੰਡਾ, ਲੁਧਿਆਣਾ, ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਇਨ੍ਹਾਂ ਦਾ ਪੁਨਰਗਠਨ ਕੀਤਾ ਜਾਵੇਗਾ। ਆਸ ਕੀਤੀ ਜਾਂਦੀ ਹੈ ਕਿ ਸਾਲ ਦੇ ਅਖ਼ੀਰ ਤੇ ਅਜਿਹੀਆਂ 1800 ਸਭਾਵਾਂ ਦਿਹਾਤੀ ਇਲਾਕਿਆਂ ਵਿਚ ਦੁੱਧ ਉਤਪਾਦਕਾਂ ਦੀ ਸਹਾਇਤਾ ਕਰ ਰਹੀਆਂ ਹੋਣਗੀਆਂ ਜਦ ਕਿ ਇਸ ਸਮੇਂ ਇਨ੍ਹਾਂ ਦੀ ਗਿਣਤੀ ੧00 ਹੈ । (ਥੰਪਿੰਗ)

ਸਹਿਕਾਰਤਾ

ਸਹਿਕਾਰੀ ਖੇਤਰ, ਰਾਜ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਰਿਹਾ ਹੈ । ਸਾਲ 1980-81 ਦੇ ਦੌਰਾਨ ਦਿਹਾਤੀ ਸਹਿਕਾਰੀ ਸਭਾਵਾਂ ਨੇ ਦਸੰਬਰ 1980 ਦੇ ਅਖੀਰ ਤੱਕ ਥੋੜੀ ਮਿਆਦ ਦੇ 164 ਕਰੋੜਾਂ ਰੁਪਏ ਦੇ ਕਰਜ਼ੇ ਦਿੱਤੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ 1981-82 ਦੇ ਦੌਰਾਨ ਫ਼ਸਲੀ ਕਰਜ਼ਿਆਂ ਦੇ ਰੂਪ ਵਿਚ 250 ਕਰੋੜ ਰੁਪਏ ਦੀ ਰਕਮ ਦਿੱਤੀ ਜਾਵੇਗੀ। (ਥੰਪਿੰਗ) ਵੰਡੀ ਕੁੱਲ ਰਕਮ ਵਿਚੋਂ 43% ਭਾਗ ਰਾਜ ਦੇ ਛੋਟੇ ਅਤੇ ਸੀਮਾਂਤੀ ਕਿਸਾਨਾਂ ਨੂੰ ਦਿੱਤਾ ਗਿਆ ਹੈ। ਕਿਸੇ ਇਕ ਵਿਅੱਕਤੀ ਲਈ ਕਰਜ਼ੇ ਦੀ ਹੱਦ 9,000 ਤੋਂ ਵਧਾਕੇ 12,000 ਰੁਪਏ ਕਰ ਦਿੱਤੀ ਗਈ ਹੈ (ਥੰਪਿੰਗ) ਅਤੇ ਖਾਦ ਦੁਕਣ ਵਾਲੀਆਂ ਪ੍ਰਥਮਿਕ ਸਭਾਵਾਂ ਦੇ ਕਰਜ਼ੇ ਦੀ ਹੱਦ 50,000 ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿੱਤੀ ਗਈ ਹੈ । (ਥੰਪਿੰਗ) ਪੰਜਾਬ ਰਾਜ ਸਹਿਕਾਰੀ ਲੈਂਡ ਮਾਰਗੇਜ ਬੈਂਕ ਨੇ ਖੇਤੀਬਾੜੀ ਵਿਕਾਸ ਲਈ ਜ਼ਰਾਇਤੀ ਮਸ਼ੀਨਰੀ (ਟਰੈਕਟਰ-ਟਿਊਬਵੈਲ ਆਦਿ) ਸਮੇਤ ਹੋਰ ਮੰਤਵਾਂ ਲਈ 20 ਕਰੋੜ ਰੁਪਏ ਦੀ ਰਕਮ ਦਸੰਬਰ 1980 ਤਕ ਲੰਮੀ ਮਿਆਦ ਦੇ ਕਰਜ਼ਿਆਂ ਵਜੋਂ ਦਿੱਤੀ ਹੈ ਅਤੇ ਸਾਲ 1981-82 ਲਈ 37 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਹੈ । (ਥੰਪਿੰਗ)

ਐਨ.ਸੀ.ਡੀ.ਸੀ. ਅਤੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਅਨਾਜ ਅਤੇ ਆਲੂਆਂ ਆਦਿ ਦੇ ਭੰਡਾਰ ਲਈ ਇਕ ਵੱਡਾ ਪ੍ਰਾਜੈਕਟ ਉਲੀਕਿਆ ਗਿਆ ਹੈ । ਅਨਾਜ ਭੰਡਾਰ ਕਰਨ ਦੇ

[ਵਿਤ ਮੰਤਰੀ]

ਪ੍ਰਾਜੈਕਟ ਵਿਚ, ਸਹਿਕਾਰੀ ਖੇਤਰ ਵਿਚ 8 ਲੱਖ ਮੀਟ੍ਰਿਕ ਟਨ ਦੀ ਵਧੀਕ ਭੰਡਾਰ-ਸਮਰੱਥਾ ਵਧਾਉਣ ਦੀ ਵਿਉਂਤ ਹੈ । ਇਸ ਵਿਚੋਂ 4 ਲੱਖ ਮੀਟ੍ਰਿਕ ਟਨ ਸਮਰੱਥਾ ਲਈ ਗੁਦਾਮਾਂ ਦੀ ਉਸਾਰੀ ਮਾਰਕਫੈਡ ਵਲੋਂ ਅਤੇ ਬਾਕੀ ਦੇ 4 ਲੱਖ ਮੀਟ੍ਰਿਕ ਟਨ ਦੀ ਪਿੰਡ ਪੱਧਰ ਉਤੇ ਪ੍ਰਾਥਮਿਕ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਲੋਂ ਕੀਤੀ ਜਾਵੇਗੀ । ਇਸ ਪ੍ਰਾਜੈਕਟ ਉਤੇ 40 ਕਰੋੜ ਰੁਪਏ ਖ਼ਰਚ ਆਉਣਗੇ । ਵਿਸ਼ਵ ਬੈਂਕ ਦੇ ਇਕ ਹੋਰ ਪ੍ਰਾਜੈਕਟ ਅਧੀਨ ਸਹਿਕਾਰੀ ਖੇਤਰ ਵਿਚ 10 ਹੋਰ ਕੋਲਡ ਸਟੋਰ ਬਣਾਏ ਜਾਣਗੇ । ਅਜਿਹੇ ਹੋਰ ਸਟੋਰ ਦੀ ਸਮਰੱਥਾ 4,000 ਮੀਟ੍ਰਿਕ ਟਨ ਹੋਵੇਗੀ । ਇਨ੍ਹਾਂ ਉਤੇ ਕੁੱਲ 4 ਕਰੋੜ ਰੁਪਏ ਖ਼ਰਚ ਆਉਣਗੇ । ਇਹ ਕੋਲਡ ਸਟੋਰ ਆਲੂ ਦੀ ਕਾਸ਼ਤ ਦੇ ਵੱਖ ਵੱਖ ਪ੍ਰਮੁੱਖ ਕੇਂਦਰਾਂ ਵਿਚ ਬਣਾਏ ਜਾਣਗੇ । ਆਸ ਹੈ ਕਿ 4,000 ਮੀਟ੍ਰਿਕ ਟਨ ਸਮਰੱਥਾ ਵਾਲੇ ਦੋ ਸਹਿਕਾਰੀ ਕੋਲਡ ਸਟੋਰਾਂ ਦੀ ਉਸਾਰੀ ਸਾਲ 1981-82 ਦੇ ਦੌਰਾਨ ਕੀਤੀ ਜਾਵੇਗੀ ।

ਸਹਿਕਾਰੀ ਸੈਕਟਰ ਦੀਆਂ ਪਰਚੂਨ ਦੁਕਾਨਾਂ ਤੋਂ ਜ਼ਰੂਰੀ ਵਸਤਾਂ ਖਰੀਦਣ ਲਈ, ਬੇਜ਼ਮੀਨੇ ਲੋਕਾਂ ਦੀ ਸਹਾਇਤਾ ਵਾਸਤੇ ਉਪਭੋਗੀ ਕਰਜ਼ੇ ਦੇਣ ਲਈ ਚੋਖਾ ਉਪਬੰਧ ਕੀਤਾ ਜਾਵੇਗਾ। ਇਸੇ ਤਰਾਂ ਸਹਿਕਾਰੀ ਸਭਾਵਾਂ, ਦਿਹਾਤੀ ਇਲਾਕਿਆਂ ਵਿਚ ਉਪਭੋਗੀ ਵਸਤਾਂ ਦੀ ਵੰਡ ਸਬੰਧੀ ਰਾਜ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਦ੍ਰਿੜ੍ਹ ਸੰਕਲਪ ਹਨ । ਰਾਜ ਵਿਚਲੀਆਂ ਮਕਾਨ-ਉਸਾਰੀ ਸਹਿਕਾਰੀ ਸਭਾਵਾਂ ਆਪਣੇ ਦਰਮਿਆਨੇ ਅਤੇ ਹੇਠਲੇ ਦਰਜੇ ਦੇ ਆਮਦਨ ਗਰੁੱਪ ਦੇ ਮੈਂਬਰਾਂ ਨੂੰ 1500 ਘਰਾਂ ਦੀ ਉਸਾਰੀ ਲਈ ਸਾਲ 1981-82 ਦੇ ਦੌਰਾਨ ਜੀਵਨ ਬੀਮਾ ਕਾਰਪੋਰੇਸ਼ਨ ਦੀ ਸਹਾਇਤਾ ਨਾਲ 6 ਕਰੋੜ ਰੁਪਏ ਦੇ ਸਕਣਗੀਆਂ। ਸਹਿਕਾਰੀ ਸਕੀਮਾਂ ਅਧੀਨ ਹੱਥ-ਖੱਡੀ ਨਾਲ ਕਪੜਾ ਬੁਣਨ ਵਾਲਿਆਂ ਅਤੇ ਦਸਤਕਾਰਾਂ ਨੂੰ ਸਹਿਕਾਰੀ ਸਕੀਮਾਂ ਅਧੀਨ ਲਿਆਂਦਾ ਜਾਵੇਗਾ ਅਤੇ ਉਤਪਾਦਨ ਅਤੇ ਡੀਜ਼ਾਈਨ ਸਬੰਧੀ ਵੱਖ ਵੱਖ ਸਹੂਲਤਾਂ; ਅਰਥਾਤ ਰਿਣ, ਕੱਚਾ ਮਾਲ, ਮੰਡੀਕਰਣ ਦੀਆਂ ਸਹੂਲਤਾਂ ਅਤੇ ਤਕਨੀਕੀ ਸਲਾਹ-ਮਸ਼ਵਰਾ ਦਿੱਤਾ ਜਾਵੇਗਾ। ਆਮ ਸਹੂਲਤਾਂ ਦੇਣ ਲਈ ਹੱਥ-ਖੱਡੀ ਦੇ ਖੇਤਰ ਵਿਚ ਦੋ ਪ੍ਰਾਸੈਸਿੰਗ ਯੂਨਿਟ ਸਿਖਰ ਹੱਥ-ਖੱਡੀ ਫ਼ੈਡਰੇਸ਼ਨ ਦੁਆਰਾ ਕਾਇਮ ਕੀਤੇ ਜਾ ਰਹੇ ਹਨ ।

ਬਿਜਲੀ

ਖੇਤੀਬਾੜੀ ਅਤੇ ਉਦਯੋਗ, ਦੋਹਾਂ ਦੇ ਵਿਕਾਸ ਲਈ ਬਿਜਲੀ ਇਕ ਮੁੱਢਲੀ ਲੋੜ ਹੈ । ਸ਼ਕਤੀ ਦਾ ਇਹ ਸਭ ਤੋਂ ਸਸਤਾ ਸਾਧਨ ਹੋਣ ਕਰਕੇ ਬਿਜਲੀ ਦੀ ਮੰਗ ਬੜੀ ਤੇਜ਼ੀ ਨਾਲ ਵਧ ਰਹੀ ਹੈ। ਪਿਛਲੇ ਕੁਝ ਸਮੇਂ ਵਿਚ ਬਿਜਲੀ ਦੀ ਖਪਤ, ਖ਼ਾਸ ਕਰਕੇ ਖੇਤੀਬਾੜੀ ਦੇ ਖੇਤਰ ਵਿਚ, ਅਣਕਿਆਸੀਆਂ ਹੱਦਾਂ ਨੂੰ ਛੂਹ ਗਈ ਹੈ। ਬਿਜਲੀ ਦੀ ਤੇਜ਼ੀ ਨਾਲ ਵਧਦੀ ਮੰਗ ਦੇ ਪਿਛੋਕੜ ਵਿਚ ਸੁਭਾਵਕ ਹੀ ਹੈ ਕਿ ਜੇਕਰ ਬਿਜਲੀ ਪੈਦਾ ਕਰਨ ਦੀ ਸਮਰਥਾ ਸਬੰਧੀ ਅਸਰਦਾਇਕ ਕਦਮ ਨਾ ਚੁਕੇ ਗਏ ਤਾਂ ਰਾਜ ਨੂੰ ਬਿਜਲੀ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਵੇਗਾ । ਇਸ ਉਦੇਸ਼ ਨੂੰ ਧਿਆਨ ਵਿਚ ਰਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ, ਮੁਕੇਰੀਆਂ ਹਾਈਡਲ ਚੈਨਲ ਅਤੇ ਰੋਪੜ ਥਰਮਲ ਬਿਜਲੀ ਪ੍ਰਾਜੈਕਟ ਦੇ ਚਲ ਰਹੇ ਪ੍ਰਾਜੈਕਟਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਪੂਰਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ । 1980-85 ਦੇ ਸਮੇਂ ਦੇ ਦੌਰਾਨ ਰਾਜ

ਵਿਚ ਬਿਜਲੀ ਦਾ ਪ੍ਰਾਜੈਕਟਵਾਰ ਸਾਲਵਾਰ ਉਤਪਾਦਨ ਨਿਮਨ ਅਨੁਸਾਰ ਹੋਵੇਗਾ :-

ਕ੍ਰਮ ਨੰ:	ਬਿਜਲੀ ਘਰ/ਪ੍ਰਾਜੈਕਟ ਦਾ ਨਾਂ	ਸਾਲਾਂ ਦੇ ਦੌਰਾਨ ਸਥਾਪਿਤ ਸਮੱਰਥਾ (ਮੈਗਾਵਾਟ ਵਿਚ)				
		1980-81	1981-82	1982-83	1983-84	1984-85
1	2	3	4	5	6	7
1.	ਨਵੀਨੀਕ੍ਰਿਤ ਸ਼ਾਨਨ	48	60	60	60	60
2.	ਸ਼ਾਨਨ ਵਿਸਤਾਰ	—	50	50	50	50
3.	ਯੂ.ਬੀ.ਡੀ.ਸੀ.	45	45	45	45	45
4.	ਭਾਖੜਾ ਕੰਪਲੈਕਸ ਵਿਚ ਹਿੱਸਾ	613	613	613	613	613
5.	ਬਿਆਸ ਯੂਨਿਟ-1	317	317	317	317	317
6.	ਬਿਆਸ ਯੂਨਿਟ-1 ਵਿਸਤਾਰ	—	—	79	158	158
7.	ਬਿਆਸ-ਯੂਨਿਟ-II	60	60	60	60	60
੮.	ਬਿਆਸ ਯੂਨਿਟ-II ਵਿਸਤਾਰ	—	—	30	30	30
9.	ਸ੍ਰੀ ਅਨੰਦਪੁਰ ਸਾਹਿਬ	—	—	67	134	134
10.	ਮੁੱਕੇਰੀਆਂ ਹਾਈਡਲ	—	—	15	75	109.50
11.	ਜੀ.ਐਨ. ਡੀ. ਟੀ. ਪੀ. ਯੂਨਿਟ I ਅਤੇ II	220	220	220	220	220
12.	ਜੀ. ਐਨ. ਡੀ. ਟੀ. ਪੀ. ਵਿਸਤਾਰ ਯੂਨਿਟ III ਅਤੇ IV	220	220	220	220	220
13	ਡੀਜ਼ਲ	14	14	14	14	14
14.	ਰੋਪੜ ਥਰਮਲ ਪ੍ਰਾਜੈਕਟ	—	—	—	—	420.00
	ਜੋੜ...	1,537	1,599	1,790	1,996	2,450.50

ਬਿਜਲੀ ਲਈ ਯੋਜਨਾ ਉਪਬੰਧ ਨੂੰ ਚਾਲੂ ਸਾਲ ਨਾਲੋਂ ਤਕਰੀਬਨ 32% ਵਧਾਇਆ ਜਾ ਰਿਹਾ ਹੈ ।

ਸਿੰਜਾਈ

ਪੰਜਾਬ ਵਿਚ ਕਾਸ਼ਤਯੋਗ ਕੁੱਲ ਰਕਬੇ ਦਾ 87 % ਤੋਂ ਵੱਧ ਭਾਗ ਪਹਿਲਾਂ ਹੀ ਸਿੰਜਾਈ ਅਧੀਨ ਹੈ । ਫਿਰ ਵੀ, ਰੋਪੜ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ ਵਿਚ ਕੁੱਲ ਕਾਸ਼ਤਯੋਗ ਰਕਬੇ ਦੇ ਮੁਕਾਬਲੇ ਤੇ ਸਿੰਜੇ ਰਕਬੇ ਦੀ ਪ੍ਰਤੀਸ਼ਤਤਾ ਘੱਟ ਹੈ । ਇਸ ਲਈ ਇਨ੍ਹਾਂ ਪਛੜੇ ਜ਼ਿਲ੍ਹਿਆਂ ਵਿਚ ਸਿੰਜਾਈ ਸਹੂਲਤਾਂ ਮੁਹੱਈਆ ਕਰਨ ਲਈ ਯਤਨ ਕੀਤੇ ਜਾਣਗੇ । ਇਸ ਉਦੇਸ਼ ਦੀ ਪੂਰਤੀ ਲਈ ਸਰਕਾਰ ਨੇ ਕੰਡੀ ਵਾਟਰ ਸ਼ੈਡ ਪ੍ਰਾਜੈਕਟ ਅਤੇ ਕੰਡੀ ਕੈਨਾਲ ਪ੍ਰਾਜੈਕਟ ਨਾਂ ਦੇ ਪ੍ਰਾਜੈਕਟ ਹੱਥ ਵਿਚ ਲੈ ਲਏ ਹਨ । ਕੰਡੀ ਵਾਟਰ ਸ਼ੈਡ

[ਵਿਤ ਮੰਤਰੀ]

ਪ੍ਰਾਜੈਕਟ ਅਧੀਨ ਢੋਲਬਾਹਾ ਡੈਮ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਚੁਕਾ ਹੈ । ਇਹ ਮਿੱਟੀ ਅਤੇ ਪੱਥਰਾਂ ਦਾ ਡੈਮ ਹੈ ਜਿਸ ਦੀ ਸਟੋਰ-ਸਮਰੱਥਾ 9,400 ਏਕੜ ਫੁੱਟ ਹੈ । ਮੁਕੰਮਲ ਹੋਣ ਉਪਰੰਤ 6,960 ਹੈਕਟੇਅਰ ਹੋਰ ਰਕਬਾ ਸਿੰਜਾਈ ਅਧੀਨ ਆ ਜਾਵੇਗਾ, 2,600 ਹੈਕਟੇਅਰ ਰਕਬਾ ਹੜ੍ਹਾਂ ਤੋਂ ਬਚ ਜਾਵੇਗਾ ਅਤੇ 5,754 ਹੈਕਟੇਅਰ ਭੋਂ ਦਾ ਸੁਧਾਰ ਹੋਵੇਗਾ । 1981-82 ਦੀ ਸਾਲਾਨਾ ਯੋਜਨਾ ਵਿਚ ਇਸ ਪ੍ਰਾਜੈਕਟ ਲਈ 2.90 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ । ਇਹ ਪ੍ਰਾਜੈਕਟ ਵਧੇਰੇ ਕਰਕੇ ਹੁਸ਼ਿਆਰਪੁਰ ਦੇ ਪਛੜੇ ਹੋਏ ਜ਼ਿਲ੍ਹੇ ਨੂੰ ਹੀ ਲਾਭ ਪਹੁੰਚਾਵੇਗਾ । ਇਸ ਪ੍ਰਾਜੈਕਟ ਲਈ ਵਿੱਤੀ ਸਹਾਇਤਾ ਵਿਸ਼ਵ ਬੈਂਕ ਪਾਸੋਂ ਵੀ ਪ੍ਰਾਪਤ ਹੋਵੇਗੀ । ਕੰਢੀ ਨਹਿਰ ਪ੍ਰਾਜੈਕਟ ਉਤੇ 31.80 ਕਰੋੜ ਰੁਪਏ ਦੀ ਰਕਮ ਸਰਕਾਰ ਵਲੋਂ ਖ਼ਰਚ ਕੀਤੀ ਜਾਵੇਗੀ । ਇਸ ਦੇ ਮੁਕੰਮਲ ਹੋਣ ਨਾਲ ਹੋਰ 60,000 ਏਕੜ ਭੋਂ ਸਿੰਜਾਈ ਅਧੀਨ ਆ ਜਾਵੇਗੀ । ਸਾਲ 1981-82 ਦੇ ਸਾਲਾਨਾ ਯੋਜਨਾ ਅਧੀਨ 3.25 ਕਰੋੜ ਰੁਪਏ ਦਾ ਉਪਬੰਧ ਇਸ ਪ੍ਰਾਜੈਕਟ ਲਈ ਕੀਤਾ ਜਾ ਰਿਹਾ ਹੈ ।

ਵੱਡੀਆਂ ਅਤੇ ਛੋਟੀਆਂ ਸਿੰਜਾਈ ਸਕੀਮਾਂ ਨੂੰ ਨੇਪਰੇ ਚਾੜ੍ਹ ਕੇ 39,000 ਹੈਕਟੇਅਰ ਦੀ ਸਿੰਜਾਈ ਸਮਰੱਥਾ 1981-82 ਦੇ ਦੌਰਾਨ ਹੋਰ ਵਧਾਈ ਜਾਏਗੀ । (ਥੰਪਿੰਗ) ਇਸ ਤੋਂ ਇਲਾਵਾ ਖਾਲ ਪੱਕੇ ਕਰਕੇ 22,000 ਹੈਕਟੇਅਰ ਦੀ ਸਿੰਜਾਈ-ਸਮਰੱਥਾ ਵਧਾਈ ਜਾਵੇਗੀ । (ਥੰਪਿੰਗ)

ਸਰਕਾਰ ਮੁਕਤਸਰ ਵਿਚ ਸੇਮ ਦੀ ਸਮੱਸਿਆ ਤੋਂ ਸੁਚੇਤ ਹੈ ਅਤੇ ਇਸ ਇਲਾਕੇ ਨੂੰ ਧੱਸ ਜਾਣ ਤੋਂ ਬਚਾਉਣ ਲਈ ਤੁਰੰਤ ਕਦਮ ਚੁਕਣ ਦੀ ਤਜਵੀਜ਼ ਰਖਦੀ ਹੈ । ਇਸ ਮੰਤਵ ਲਈ ਇਕ ਖ਼ਾਸ ਸਕੀਮ ਤਿਆਰ ਕਰ ਲਈ ਗਈ ਹੈ ਅਤੇ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ । ਇਸ ਮੰਤਵ ਲਈ ਫੰਡਾਂ ਦਾ ਉਪਬੰਧ ਚਾਲੂ ਸਾਲ ਦੇ ਦੌਰਾਨ ਹੀ ਕੀਤਾ ਜਾਵੇਗਾ । (ਥੰਪਿੰਗ)

ਸਿੰਜਾਈ ਲਈ 1980-81 ਦੇ ਦੌਰਾਨ 45.96 ਕਰੋੜ ਰੁਪਏ ਦੇ ਮੁਕਾਬਲੇ ਤੇ 1981-82 ਵਿਚ 51.73 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਕੀਤੀ ਜਾ ਰਹੀ ਹੈ । (ਥੰਪਿੰਗ)

ਉਦਯੋਗ ਲਈ ਯੋਜਨਾ ਖ਼ਰਚ ਸਾਲ 1980-81 ਵਿਚ 12.48 ਕਰੋੜ ਰੁਪਏ ਤੋਂ ਵਧਾ ਕੇ 1981-82 ਵਿਚ 14.79 ਕਰੋੜ ਰੁਪਏ ਕਰ ਦਿੱਤਾ ਗਿਆ ਹੈ । ਛੋਟੇ ਪੈਮਾਨੇ ਦੇ ਰਜਿਸਟਰਡ ਉਦਯੋਗਿਕ ਯੂਨਿਟਾਂ ਦੀ ਗਿਣਤੀ ਉਦਯੋਗਕ ਵਿਭਾਗ ਕੋਲ ਅਕਤੂਬਰ, 1980 ਤੱਕ 57,640 ਹੋ ਗਈ ਹੈ । ਸਾਲ 1980-81 ਲਈ 6,000 ਯੂਨਿਟਾਂ ਦੇ ਟੀਚੇ ਦੇ ਮੁਕਾਬਲੇ ਤੇ ਲਗ ਭਗ 19,000 ਵਿਕਤੀਆਂ ਨੂੰ ਰੋਜ਼ਗਾਰ ਦੇਣ ਵਾਲੇ ਲਗਭਗ 3,000 ਯੂਨਿਟ ਚਾਲੂ ਸਾਲ ਦੇ ਸੱਤ ਮਹੀਨਿਆਂ ਦੇ ਦੌਰਾਨ ਸਥਾਪਤ ਕੀਤੇ ਗਏ ਹਨ । ਛੋਟੇ ਪੈਮਾਨੇ ਦੇ ਸੈਕਟਰ ਸਬੰਧੀ ਸਾਲ 1981-82 ਲਈ 6,400 ਯੂਨਿਟਾਂ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ । ਡੀ.ਆਈ.ਸੀ. ਸਕੀਮ ਅਧੀਨ 1980-81 ਵਿਚ 13,500 ਵਿਕਤੀਆਂ ਤੋਂ ਵੱਧ ਨੂੰ ਰੋਜ਼ਗਾਰ ਦੇਣ ਵਾਲੇ 2,700 ਛੋਟੇ ਪੈਮਾਨੇ ਦੇ ਯੂਨਿਟ ਰਜਿਸਟਰ ਕੀਤੇ ਗਏ ।

ਮੌਜੂਦਾ ਸਰਕਾਰ ਦੇ ਕਾਇਮ ਹੋਣ ਤੋਂ ਤਕਰੀਬਨ 7 ਮਹੀਨੇ ਦੇ ਥੋੜ੍ਹੇ ਜਿਹੇ ਸਮੇਂ ਦੇ ਦੌਰਾਨ 25 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਵਾਲੇ ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਦੁਆਰਾ ਸ਼ੁਰੂ ਕੀਤੇ 5 ਪ੍ਰਾਜੈਕਟਾਂ ਨੇ ਉਤਪਾਦਨ ਆਰੰਭ ਕਰ ਦਿੱਤਾ ਹੈ । ਲਗ ਭਗ 20 ਕਰੋੜ ਰੁਪਏ ਦੀ ਪੂੰਜੀ ਲਾਗਤ

ਵਾਲੇ ਹੋਰ ਛੇ ਪ੍ਰਾਜੈਕਟਾਂ ਵਿਚ ਵੀ ਛੇਤੀ ਹੀ ਕੰਮ ਸ਼ੁਰੂ ਹੋ ਜਾਣ ਦੀ ਆਸ ਹੈ। 1981-82 ਦੇ ਦੌਰਾਨ ਲਗਭਗ 72 ਕਰੋੜ ਰੁਪਏ ਦੀ ਲਾਗਤ ਵਾਲੇ 5 ਨਵੇਂ ਪ੍ਰਾਜੈਕਟਾਂ ਵਿਚ ਵੀ ਉਸਾਰੀ ਸ਼ੁਰੂ ਹੋਣ ਦੀ ਆਸ ਹੈ। ਨੰਗਲ ਵਿਖੇ 39.55 ਕਰੋੜ ਰੁਪਏ ਦੇ ਸੋਡਾ ਐਸ਼/ਅਮੋਨੀਆ ਕਲੋਰਾਈਡ ਅਤੇ 25 ਕਰੋੜ ਰੁਪਏ ਦੇ ਕਾਸਟਕ ਸੋਡੇ ਬਣਾਉਣ ਵਾਲੇ ਪ੍ਰਾਜੈਕਟਾਂ, ਜੋ ਕਾਫੀ ਸਮੇ ਤੋਂ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਕੋਲ ਰੁਕੇ ਰਹੇ ਹਨ, ਨੂੰ 1981-82 ਵਿਚ ਸ਼ੁਰੂ ਕੀਤਾ ਜਾਵੇਗਾ (ਥੰਪਿੰਗ) ਅਤੇ 1983 ਤਕ ਇਨ੍ਹਾਂ ਦੇ ਚਾਲੂ ਹੋ ਜਾਣ ਦੀ ਆਸ ਹੈ। ਇਸੇ ਤਰ੍ਹਾਂ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ ਪੋਲਿਸਟਰ ਸਟੈਪਲ ਫਾਈਬਰ ਪ੍ਰਾਜੈਕਟ ਨੂੰ, ਜੋ ਕਾਫੀ ਸਮੇਂ ਤੋਂ ਰੁਕਿਆ ਹੋਇਆ ਹੈ, ਚਾਲੂ ਕਰਨ ਲਈ ਵੀ ਕਦਮ ਚੁੱਕੇ ਹਨ। ਇਸ ਪ੍ਰਾਜੈਕਟ ਉਪਰ 40 ਕਰੋੜ ਰੁਪਏ ਖਰਚ ਆਉਣਗੇ। (ਥੰਪਿੰਗ)

ਇਸ ਖੇਤਰ ਦੀ ਇਕ ਹੋਰ ਮਹੱਤਵਪੂਰਨ ਪ੍ਰਾਪਤੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਉਦਯੋਗਕ ਕੇਂਦਰ ਦਾ ਕਾਇਮ ਕੀਤਾ ਜਾਣਾ ਹੈ। (ਥੰਪਿੰਗ) ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ 2-3 ਸਾਲਾਂ ਦੇ ਦੌਰਾਨ ਇਹ ਉਦਯੋਗਿਕ ਕੇਂਦਰ ਪੂਰੀ ਤਰ੍ਹਾਂ ਕੰਮ ਸ਼ੁਰੂ ਕਰ ਦੇਵੇਗਾ। ਇਸ ਪ੍ਰਾਜੈਕਟ ਨੂੰ ਭਾਰਤ ਸਰਕਾਰ ਅਤੇ ਇਸਦੇ ਕੁਝ ਪਬਲਿਕ ਸੈਕਟਰ ਅਦਾਰਿਆਂ ਦੀ ਸਰਗਰਮ ਸਹਾਇਤਾ ਅਤੇ ਸ਼ਮੂਲੀਅਤ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

ਟਰਾਂਸਪੋਰਟ

ਸਾਡੀ ਸਰਕਾਰ ਵਲੋਂ ਮੁਸਾਫਰਾਂ ਦੀ ਟ੍ਰਾਂਸਪੋਰਟ ਨੂੰ ਪਰਮ ਅਗੇਤ ਦਿੱਤੀ ਗਈ ਹੈ। ਸਰਕਾਰੀ ਟ੍ਰਾਂਸਪੋਰਟ ਅਦਾਰਿਆਂ ਦੇ ਸੰਚਾਲਣ ਵਿਚ ਸੁਧਾਰ ਕਰਨ ਲਈ ਇਸ ਦ੍ਰਿਸ਼ਟੀਕੋਣ ਤੋਂ ਯਤਨ ਕੀਤ ਜਾ ਰਹੇ ਹਨ ਕਿ ਇਨ੍ਹਾਂ ਨੂੰ ਘਾਟਾ ਨਾ ਪਵੇ ਅਤੇ ਇਸ ਨਾਲ ਸਰਾਕਾਰੀ ਖਜ਼ਾਨੇ ਤੇ ਭਾਰ ਨਾ ਪਵੇ। ਇਨ੍ਹਾਂ ਨੁਕਸਾਨਾਂ ਅਤੇ ਸੰਚਾਲਣ ਦੇ ਵਧ ਰਹੇ ਖਰਚੇ ਦੇ ਪ੍ਰਸੰਗ ਵਿਚ ਬੱਸਾਂ ਦੇ ਕਰਾਏ ਵਿਚ 43 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ। ਇਸ ਵਾਧੇ ਨਾਲ ਚਾਲੂ ਸਾਲ ਦੇ ਦੌਰਾਨ ਕੇਵਲ ਲਗ ਭਗ 10 ਕਰੋੜ ਰੁਪਏ ਦੀ ਆਮਦਨ ਹੋਵੇਗੀ। ਇਸ ਵਾਧੇ ਦੇ ਪਿਛੋਂ ਵੀ ਪੰਜਾਬ ਵਿਚ ਬੱਸਾਂ ਦਾ ਕਿਰਾਇਆ ਗੁਆਂਢੀ ਰਾਜਾਂ ਸਮੇਤ, ਦੇਸ਼ ਦੇ ਮੁੱਖ ਰਾਜਾਂ ਤੋਂ ਸਭ ਤੋਂ ਘਟ ਰਹਿੰਦਾ ਹੈ। ਇਨ੍ਹਾਂ ਸੇਵਾਵਾਂ ਦੇ ਸੰਚਾਲਣ ਵਿਚ ਸੁਧਾਰ ਕਰਨ ਦੀ ਕਾਫੀ ਅਤੇ ਸਫਰ ਕਰਨ ਵਾਲੀ ਜਨਤਾ ਨੂੰ ਚੰਗੀ ਸੇਵਾ ਮੁਹਈਆ ਕਰਨ ਦੇ ਆਸ਼ੇ ਨਾਲ ਰਾਜ ਸਰਕਾਰ ਨੇ ਇਹ ਸਾਰੀ ਰਕਮ ਸਾਜ- ਸਾਮਾਨ, ਵਰਕਸ਼ਾਪਾਂ ਦੀ ਉਸਾਰੀ, ਮੁਰੰਮਤ ਦੀਆਂ ਸਹੂਲਤਾਂ ਅਤੇ ਨਵੀਆਂ ਬੱਸਾਂ ਖਰੀਦਣ ਉਤੇ ਖਰਚ ਕਰ ਦਿੱਤੀ ਹੈ। ਚਾਲੂ ਸਾਲ ਦੀ ਯੋਜਨਾਂ ਵਿਚ ਉਪਬੰਧ ਦੀ ਰਕਮ 7 ਕਰੋੜ ਰੁਪਏ ਤੋਂ ਵਧਾ ਕੇ 17.70 ਕਰੋੜ ਰੁਪਏ ਕਰ ਦਿਤੀ ਹੈ। (ਥੰਪਿੰਗ))

ਜਿਵੇ ਕਿ ਮਾਨਯੋਗ ਮੈਂਬਰ ਜਾਣਦੇ ਹਨ, ਕੁਝ ਦਿਨ ਪਹਿਲਾਂ ਇਸ ਸਤਿਕਾਰਯੋਗ ਸਦਨ ਨੇ ਰਾਜ ਵਿਚ ਮੁਸਾਫਰਾਂ ਦੀ ਟ੍ਰਾਂਸਪੋਰਟ ਦੇ ਮੁਕੰਮਲ ਰਾਸ਼ਟਰੀਕਰਣ ਦਾ ਮਤਾ ਪਾਸ ਕੀਤਾ ਹੈ। ਮੈਨੂੰ ਯਕੀਨ ਹੈ ਕਿ ਇਸ ਨਾਲ ਮੁਸਾਫਰਾਂ ਦੀ ਟ੍ਰਾਂਸਪੋਰਟ ਸੇਵਾ ਵਿਚ ਕਾਫੀ ਹੱਦ ਤਕ ਸੁਧਾਰ ਹੋਵੇਗਾ। ਸਾਲ ਦੇ ਦੌਰਾਨ ਇਸ ਮੰਤਵ ਲਈ ਲੋੜੀਂਦੇ ਬਜਟੀ ਉਪਬੰਧ ਕੀਤੇ ਜਾਣਗੇ। (ਥੰਪਿੰਗ)

ਸਾਲ 1981-82 ਵਿਚ ਇਸ ਖੇਤਰ ਵਾਸਤੇ 8 ਕਰੋੜ ਰੁਪਏ ਦੇ ਯੋਜਨਾ ਉਪਬੰਧ ਦੀ ਤਜਵੀਜ਼ ਕੀਤੀ ਜਾ ਰਹੀ ਹੈ। ਇਹ ਰਕਮ ਨਵੀਆਂ ਬੱਸਾਂ ਖਰੀਦਣ, ਨਵੇ ਅੱਡਿਆਂ ਦੀ ਉਸਾਰੀ, ਪੁਰਾਣਿਆਂ ਦੇ ਸੁਧਾਰ ਅਤੇ ਵਰਕਸ਼ਾਪ ਖੋਲ੍ਹਣ ਲਈ ਖਰਚ ਕੀਤੀ ਜਾਵੇਗੀ।

[ਵਿੱਤ ਮੰਤਰੀ]

ਸੜਕਾਂ ਅਤੇ ਪੁਲ

ਮਾਨਯੋਗ ਮੈਂਬਰਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਬੇਚਰਾਗ ਪਿੰਡਾਂ ਜਾਂ ਬੇਟ ਦੇ ਪਿੰਡਾਂ ਨੂੰ ਛਡਕੇ ਰਾਜ ਦੇ ਸਾਰੇ 12,188 ਪਿੰਡਾਂ ਨੂੰ ਚਾਲੂ ਮਾਲੀ ਸਾਲ ਦੇ ਅੰਤ ਤੱਕ ਪੱਕੀਆਂ ਸੜਕਾਂ ਨਾਲ ਜੋੜ ਦਿੱਤਾ ਜਾਵੇਗਾ। (ਥੰਪਿੰਗ) ਸੜਕਾਂ ਦੀ ਮੁਰੰਮਤ ਅਤੇ ਸੰਭਾਲ ਬਾਰੇ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਇਸ ਮੰਤਵ ਲਈ ਸਾਲ 1981-82 ਵਿਚ 12 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ। ਜ਼ਿਲ੍ਹਿਆਂ ਵਿਚਕਾਰ ਸੜਕਾਂ ਦੇ ਅਣਜੁੜੇ ਟੋਟਿਆਂ ਨੂੰ ਪੱਕਾ ਕਰਨ ਤੇ ਜ਼ੋਰ ਦਿੱਤਾ ਜਾਵੇਗਾ, ਇਸ ਨਾਲ ਸਿੱਧੀ ਆਵਾਜਾਈ ਲਈ ਲੰਮੇ ਰੂਟ ਖੁਲ੍ਹ ਜਾਣਗੇ। ਸਰਕਾਰ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਸਾਹਮਣੇ ਦਰਿਆ ਸਤਲੁਜ ਉਤੇ ਪੁਲ ਬਣਾਉਣ ਦਾ ਫੈਸਲਾ ਕੀਤਾ ਹੈ। (ਥੰਪਿੰਗ) ਇਸ ਤੋਂ ਇਲਾਵਾ 5 ਮੁੱਖ ਪੁਲਾਂ ਦਾ ਕਾਰਜ ਵੀ ਤੇਜ਼ ਕੀਤਾ ਜਾਵੇਗਾ। ਮਾਨਯੋਗ ਮੈਂਬਰਾਂ ਨੂੰ ਮੈਨੂੰ ਇਹ ਦੱਸਣ ਵਿਚ ਵੀ ਖੁਸ਼ੀ ਹੋ ਰਹੀ ਹੈ ਕਿ ਸਾਡੀ ਸਰਕਾਰ ਦੇ ਯਤਨਾਂ ਸਦਕਾ ਜੀ.ਟੀ. ਰੋਡ ਨੂੰ ਚੌੜਾ ਕਰਕੇ ਰਾਜਪੁਰੇ ਤੋਂ ਵਾਘੇ ਤਕ ਚਾਰ ਪਟੜੀਆਂ ਵਾਲੀ ਸੜਕ ਬਣਾਉਣ ਦਾ ਕੰਮ ਦਰਜੇਵਾਰ ਪ੍ਰੋਗਰਾਮ ਅਨੁਸਾਰ ਹੱਥ ਵਿਚ ਲੈ ਲਿਆ ਗਿਆ ਹੈ। (ਥੰਪਿੰਗ)

ਸਾਲ 1981-82 ਦੇ ਦੌਰਾਨ ਸੜਕਾਂ ਅਤੇ ਪੁਲਾਂ ਲਈ 13 ਕਰੋੜ ਰੁਪਏ ਦਾ ਯੋਜਨਾ ਉਪਬੰਧ ਤਜਵੀਜ਼ਿਆ ਜਾ ਰਿਹਾ ਹੈ।

ਸਿਖਿਆ

ਸਾਡੀ ਸਰਕਾਰ ਸਿਖਿਆ ਦੇ ਮਿਆਰ ਨੂੰ ਉਚੇਰਾ ਬਣਾਉਣ ਅਤੇ ਇਸ ਦੇ ਨਿਰੰਤਰ ਵਿਸਤਾਰ ਦੀ ਅਹਿਮੀਅਤ ਤੋਂ ਭਲੀ ਭਾਂਤ ਸੁਚੇਤ ਹੈ। ਇਸ ਖੇਤਰ ਵਿਚ ਤਾਂ ਅਸੀਂ ਘੱਟ ਸਾਧਨਾ ਦੇ ਬਾਵਜੂਦ ਵਿਕਾਸ ਕਾਰਜ ਨੂੰ ਰੁਕਣ ਨਹੀਂ ਦਿਤਾ। ਸਿਖਿਆ ਲਈ ਐਲੋਕੇਸ਼ਨ ਇਸ ਸਾਲ ਤਕਰੀਬਨ 118 ਕਰੋੜ ਰੁਪਏ ਦੀ ਹੁਣ ਤੱਕ ਅਣਛੋਹੀ ਹੱਦ ਤਕ ਪਹੁੰਚ ਜਾਵੇਗੀ। (ਥੰਪਿੰਗ)

ਜਿਵੇਂ ਕਿ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਚਾਲੂ ਸਾਲ ਦੇ ਦੌਰਾਨ ਅਸੀਂ ਸਿਖਿਆ ਦੇ ਵਿਕਾਸ ਵਿਚ ਸੱਜਰੇ ਹੰਭਲਿਆਂ ਨਾਲ ਸ਼ੁਰੂਆਤ ਕੀਤੀ ਹੈ। ਇਸ ਖੇਤਰ ਵਿਚ ਜਿਥੇ ਗਿਣਤੀ ਪਖੋਂ ਵਿਸਤਾਰ ਕੀਤਾ ਗਿਆ ਹੈ ਉਥੇ ਕੁਆਲਿਟੀ ਪਖੋਂ ਸੁਧਾਰਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਅਸੀਂ 250 ਸਕੂਲਾਂ ਦਾ ਦਰਜਾ ਵਧਾਇਆ ਹੈ। ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਬਹੁਤ ਖਸਤਾ ਹਾਲਤ ਵਿਚ ਸਨ। ਅਸੀਂ ਇਸ ਮੰਤਵ ਲਈ ਸਾਲ 1980-81 ਦੇ ਦੌਰਾਨ 1.10 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਇਮਾਰਤਾਂ ਦੀ ਉਸਾਰੀ ਸਭ ਤੋਂ ਪਹਿਲਾਂ ਹਰੀਜਨ ਬਸਤੀਆਂ, ਨੀਮ ਪਹਾੜੀਆਂ, ਬੇਟ ਅਤੇ ਸਰਹੱਦੀ ਇਲਾਕਿਆਂ ਵਿਚ ਸ਼ੁਰੂ ਕੀਤੀ ਗਈ ਹੈ। (ਥੰਪਿੰਗ) ਸਿਖਿਆ ਵਿਚ ਪੇਸ਼ਾਵਾਰਾਨਾ ਮਜ਼ਮੂਨਾਂ ਦੀ ਸ਼ਮੂਲੀਅਤ ਸਾਡੀ ਸਿਖਿਆ ਦੀ ਨੀਤੀ ਦਾ ਅਹਿਮ ਆਧਾਰ ਹੈ। ਇਸੇ ਉਦੇਸ਼ ਨਾਲ ਹੀ ਅਸੀਂ ਇਸ ਸਾਲ ਹੋਰ 100 ਹਾਈ ਸਕੂਲਾਂ ਵਿਚ ਕਿੱਤਿਆਂ ਸਬੰਧੀ ਸਿਖਿਆ ਦੇਣ ਦਾ ਪ੍ਰੋਗਰਾਮ ਸ਼ੁਰੂ ਕਰਨ ਲਈ ਕਦਮ ਚੁਕੇ ਹਨ।

ਸਸਤੀ ਵਾਹ ਵਾਹ ਕਰਵਾਉਣ ਲਈ ਪਿਛਲੀ ਸਰਕਾਰ ਨਵੇਂ ਸਕੂਲ ਖੋਲ੍ਹਣ ਅਤੇ ਮੌਜੂਦਾ ਸਕੂਲਾਂ ਦਾ ਦਰਜਾ ਵਧਾਉਣ ਦੇ ਐਲਾਨ ਕਰਦੀ ਰਹੀ ਹੈ ਪਰ ਮੌਜੂਦਾ ਸਕੂਲਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਉਚਿਤ ਉਪਬੰਧ ਕਰਨ ਵੱਲ ਉਸ ਵਲੋਂ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। ਇਸ ਦੇ ਫਲਸਰੂਪ 3225 ਸਕੂਲ ਇਮਾਰਤਾਂ ਤੋਂ ਬਿਨਾਂ ਹਨ, 10,650 ਸਕੂਲ ਸਾਜ਼ੋ-ਸਾਮਾਨ ਅਤੇ ਫਰਨੀਚਰ ਆਦਿ ਤੋਂ ਵਾਂਝੇ ਹਨ। ਜੇ ਇਹ ਸਾਰੀਆਂ ਸਹੂਲਤਾਂ ਮੁਹੱਈਆ

ਕਰਨੀਆਂ ਹੋਣ ਤਾਂ ਲਗ ਭਗ 72 ਕਰੋੜ ਰੁਪਏ ਦੀ ਲੋੜ ਹੋਵੇਗੀ। ਅਸੀਂ ਇਹੋ ਜਿਹੀ ਹਲਕੀ ਨੀਤੀ ਨਹੀਂ ਅਪਣਾਉਣਾ ਚਾਹੁੰਦੇ ਹਾਂ । ਅਸੀਂ ਇਨ੍ਹਾਂ ਊਣਤਾਈਆਂ ਨੂੰ ਪੜਾਵਾਰ ਦੂਰ ਕਰਨ ਦੇ ਯਤਨ ਕਰਾਂਗੇ । ਇਸ ਤੋਂ ਇਲਾਵਾ, ਸਿਖਿਆ ਸਹੂਲਤਾਂ ਦੇ ਵਿਸਤਾਰ ਦੀ ਰਫਤਾਰ ਨੂੰ ਕਾਇਮ ਰਖੱਣ ਲਈ ਸਾਲ 1981-82 ਵਿਚ 150 ਹੋਰ ਸਕੂਲਾਂ ਦਾ ਦਰਜਾ ਵਧਾਵਾਂਗੇ ਤਾਂ ਜੋ ਹੁਣ ਤੱਕ ਨਜ਼ਰ ਅੰਦਾਜ਼ ਕੀਤੇ ਜਾਂਦੇ ਇਲਾਕਿਆਂ ਨੂੰ ਇਸ ਦਾ ਸਹੀ ਲਾਭ ਮਿਲ ਸਕੇ । (ਥੰਪਿੰਗ)

ਭਾਸ਼ਾਵਾਂ, ਖੇਡਾਂ, ਯੁਵਕ ਸੇਵਾਵਾ

ਪੰਜਾਬ ਨੂੰ ਖੇਡਾਂ ਦੇ ਖੇਤਰ ਵਿਚ ਅੱਗੇ ਰਹਿਣ ਦਾ ਮਾਣ ਪ੍ਰਾਪਤ ਹੈ । ਵਰਤਮਾਨ ਸਾਲ ਵਿਚ ਸਾਡਾ ਮੁੱਖ ਉਪਰਾਲਾ ਚਲ ਰਹੀਆਂ ਕਾਰਵਾਈਆਂ ਵਿਸ਼ੇਸ਼ ਕਰਕੇ ਸਟੇਡੀਅਮਾਂ ਨੂੰ ਮੁਕੰਮਲ ਕਰਨ ਸਬੰਧੀ ਕੰਮ ਦਾ ਜਾਇਜ਼ਾ ਲੈਣਾ ਹੈ, ਜਿਹੜਾ ਕੰਮ ਲੰਮੇ ਸਮੇਂ ਤੋਂ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਵਰਤਮਾਨ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਸੰਗਰੂਰ, ਅੰਮ੍ਰਿਤਸਰ ਅਤੇ ਮੋਗਾ ਵਿਖੇ ਤਿੰਨ ਸਟੇਡੀਅਮ ਤਿਆਰ ਹੋ ਜਾਣਗੇ । ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਕੈਂਪਾਂ ਅਤੇ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਲੋੜ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਦਾ ਰੋਜ਼ਾਨਾ ਖ਼ੁਰਾਕ ਭੱਤਾ 8 ਰੁਪਏ ਤੋਂ ਵਧਾ ਕੇ 15 ਰੁਪਏ ਪ੍ਰਤੀ ਵਿਆਕਤੀ ਕਰ ਦਿੱਤਾ ਗਿਆ ਹੈ । (ਥੰਪਿੰਗ) "ਬਚਪਨ ਤੋਂ ਸਿਖਲਾਈ" ਦਾ ਪਿਛਲਾ ਨਾਅਰਾ ਖੋਖਲਾ ਸਾਬਤ ਹੋਇਆ ਹੈ, ਪਰੰਤੂ ਅਸੀਂ ਛੋਟੀਆਂ ਸਮਾਲ-ਖੇਡਾਂ ਦਾ ਪ੍ਰਬੰਧ ਕਰਨ ਦੇ ਯਤਨ ਕੀਤੇ ਹਨ ਅਤੇ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਤੇ ਵਿਸ਼ੇਸ਼ਤਾ-ਪ੍ਰਾਪਤ ਕਰਨ ਵਾਲੇ ਬੱਚਿਆਂ ਦੇ ਰਿਕਾਰਡ ਰੱਖੇ ਹਨ ।

ਭਾਸ਼ਾਵਾਂ ਦੀ ਉੱਨਤੀ ਦੇ ਖੇਤਰ ਵਿਚ ਤਿੰਨ 'ਭਾਸ਼ਾ-ਬੋਰਡ' ਮੁੜ ਕਾਇਮ ਕੀਤੇ ਗਏ ਹਨ ਉਘੇ ਮੌਲਿਕ ਲੇਖਕਾਂ ਨੂੰ ਇਨਾਮ, ਲੋੜਵੰਦ ਲੇਖਕਾਂ ਨੂੰ ਪੈਨਸ਼ਨਾਂ, ਅਤੇ ਖਰੜਿਆਂ ਦੇ ਪ੍ਰਕਾਸ਼ਨ ਲਈ ਸਹਾਇਤਾ ਦੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ । ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਵਿਕਾਸ ਲਈ 40 ਲੱਖ ਰੁਪਏ ਦੀ ਰਕਮ 1981-82 ਦੇ ਬਜਟ ਅਨੁਮਾਨਾਂ ਵਿਚ ਤਜਵੀਜ਼ੀ ਜਾ ਰਹੀ ਹੈ ।

ਪੁਰਾਲੇਖ ਇਕ ਅਜਿਹਾ ਖੇਤਰ ਹੈ ਜਿਹੜਾ ਹੁਣ ਤਕ ਅਣਗੌਲਿਆ ਰਿਹਾ ਹੈ । ਇਸ ਦੇ ਨਤੀਜੇ ਵਜੋਂ ਅਣਮੋਲ ਪੁਰਾਣੀਆਂ ਇਤਿਹਾਸਕ ਤੇ ਸਾਹਿਤਕ ਲਿਖਤਾਂ ਸੰਭਾਲ ਖੁਣੋਂ ਰੁਲ ਰਹੀਆਂ ਹਨ । ਚੰਡੀਗੜ੍ਹ ਵਿਖੇ ਵਿਗਿਆਨਕ ਲੀਹਾਂ ਉਤੇ ਵਿਉਂਤ ਕੀਤੇ ਇਕ ਕੇਂਦਰੀ ਰਿਕਾਰਡ ਕੇਂਦਰ ਲਈ ਜ਼ਮੀਨ ਖਰੀਦਣ ਵਾਸਤੇ ਉਪਬੰਧ ਕੀਤਾ ਗਿਆ ਹੈ। ਯੁਵਕ ਸਰਗਰਮੀਆਂ ਨੂੰ ਉਨਤ ਕਰਨ ਲਈ 15 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਨਾਲ ਕਲੱਬਾਂ ਅਤੇ ਯੁਵਕ ਸਿਖਲਾਈ ਪ੍ਰੋਗਰਾਮਾਂ ਵਿਚ 40,000 ਨੌਜਵਾਨ ਭਾਗ ਲੈਣਗੇ । ਇਤਨੀ ਭਾਰੀ ਗਿਣਤੀ ਨੇ ਇਨ੍ਹਾਂ ਪ੍ਰੋਗਰਾਮਾਂ ਵਿਚ ਕਦੇ ਵੀ ਭਾਗ ਨਹੀਂ ਲਿਆ ।

ਸਿਹਤ ਅਤੇ ਪਰਿਵਾਰ ਭਲਾਈ

ਸਿਹਤ ਦੀ ਅਹਿਮੀਅਤ ਉਤੇ ਜਿੰਨਾ ਜ਼ੋਰ ਦਿੱਤਾ ਜਾਵੇ ਉਂਨਾ ਹੀ ਥੋੜ੍ਹਾ ਹੈ । ਸਾਲ 1980-81 ਦੇ ਅੰਤ ਤੇ 1,296 ਡਿਸਪੈਂਸਰੀਆਂ, 111 ਦਿਹਾਤੀ ਹਸਪਤਾਲ, 129 ਪ੍ਰਥਮਿਕ ਸਿਹਤ ਕੇਂਦਰ ਅਤੇ 88 ਦੰਦ ਕਲਿਨਿਕ ਰਾਜ ਵਿਚ ਕੰਮ ਕਰ ਰਹੇ ਹੋਣਗੇ । ਇਸ ਤੋਂ ਇਲਾਵਾ 39 ਜ਼ਿਲ੍ਹਿਆਂ ਤੇ ਸਬ-ਡਵੀਜ਼ਨਲ ਪੱਧਰ ਦੇ ਹਸਪਤਾਲ ਹਨ ।

ਪਹਿਲੀ ਸਰਕਾਰ ਸਿਖਿਆ ਦੇ ਖੇਤਰ ਵਾਂਗ ਕਿਸੇ ਯੋਜਨਾ ਤੋਂ ਬਿਨਾਂ ਅਤੇ ਦਵਾਈਆਂ, ਸਾਜ਼-ਸਾਮਾਨ ਅਤੇ ਇਮਾਰਤਾਂ ਦਾ ਪ੍ਰਬੰਧ ਕਰਨ ਤੋਂ ਬਗੈਰ ਹੀ ਨਵੇਂ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਦਾ ਐਲਾਨ ਕਰਦੀ ਰਹੀ ਹੈ। ਇਸ ਸਬੰਧ ਵਿਚ ਸਾਡੀ ਸਰਕਾਰ ਨੇ ਉਣਤਾਈਆਂ ਦਾ ਅਨੁਮਾਨ ਲਾਇਆ ਹੈ,

[ਵਿਤ ਮੰਤਰੀ]

ਜਿਸ ਤੋਂ ਪਤਾ ਲਗਦਾ ਹੈ ਕਿ 1,200 ਡਿਸਪੈਂਸਰੀਆਂ ਅਤੇ ਹਸਪਤਾਲਾਂ ਕੋਲ ਮੁਨਾਸਬ ਇਮਾਰਤਾਂ ਨਹੀਂ ਹਨ । ਇਨ੍ਹਾਂ ਨੂੰ ਦਵਾਈਆਂ, ਮਸ਼ੀਨਰੀ ਅਤੇ ਸਾਜ਼-ਸਾਮਾਨ ਦੀ ਸਪਲਾਈ ਵਿਚ ਵੀ ਭਾਰੀ ਘੱਪੇ ਹਨ । ਕੁਝ ਥਾਵਾਂ ਉਤੇ ਤਾਂ ਡਾਕਟਰ ਵੀ ਨਹੀਂ ਲਾਏ ਗਏ ਅਤੇ ਬਹੁਤ ਸਾਰੀਆਂ ਥਾਵਾਂ, ਵਿਸ਼ੇਸ਼ ਤੌਰ ਤੇ ਦਿਹਾਤੀ ਇਲਾਕਿਆਂ ਵਿਚ ਮਾਹਰ ਸਹੂਲਤਾਂ ਦੀ ਵੀ ਬਹੁਤ ਘਾਟ ਹੈ । ਇਨ੍ਹਾਂ ਖ਼ਾਮੀਆਂ ਨੂੰ ਪੂਰੀ ਤਰ੍ਹਾਂ ਦੂਰ ਕਰਨ ਲਈ 50.00 ਕਰੋੜ ਰੁਪਏ ਦਾ ਖ਼ਰਚ ਕਰਨ ਦੀ ਲੋੜ ਪਵੇਗੀ। ਸਾਡੀ ਸਰਕਾਰ ਇਸ ਕੰਮ ਨੂੰ ਪੜਾਵਾਰ ਵਿਉਂਤ ਅਨੁਸਾਰ ਪੂਰਾ ਕਰਨ ਦਾ ਦ੍ਰਿੜ੍ਹ ਨਿਸਚਾ ਰਖਦੀ ਹੈ ਤਾਂ ਜੋ ਇਨ੍ਹਾਂ ਸਿਹਤ ਸਹੂਲਤਾਂ ਤੋਂ ਲੋਕਾਂ ਨੂੰ ਸਹੀ ਅਰਥਾਂ ਵਿਚ ਲਾਭ ਮਿਲਣਾ ਸ਼ੁਰੂ ਹੋ ਜਾਵੇ । (ਥੰਪਿੰਗ)

ਲੋਕਾਂ ਨੂੰ, ਵਿਸ਼ੇਸ਼ ਕਰਕੇ ਦਿਹਾਤੀ ਵਸੋਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ ਪਹੁੰਚਾਣ ਦੇ ਟੀਚੇ ਨੂੰ ਪੂਰਾ ਕਰਨ ਲਈ ਸਿਹਤ ਸੇਵਾਵਾਂ ਦੇ ਹੋਰ ਵਿਸਤਾਰ ਦੀ ਲੋੜ ਹੈ । ਅਜੇ ਸਾਨੂੰ ਬਲਾਕ ਲੈਵਲ ਤੇ 1,304 ਸਹਾਇਕ ਸਿਹਤ ਕੇਂਦਰ, 22 ਦਿਹਾਤੀ ਹਸਪਤਾਲ, 6 ਸਬ ਡਵੀਜ਼ਨਲ ਪੱਧਰ ਦੇ ਹਸਪਤਾਲ ਅਤੇ 30 ਦੰਦ ਕਲਿਨਿਕ ਖੋਲ੍ਹਣੇ ਪੈਣਗੇ । ਮੌਜੂਦਾ ਕੀਮਤਾਂ ਦੇ ਆਧਾਰ ਤੇ ਇਨ੍ਹਾਂ ਸਹੂਲਤਾਂ ਉਤੇ 100.00 ਕਰੋੜ ਰੁਪਏ ਤੋਂ ਵੀ ਵੱਧ ਖ਼ਰਚ ਹੋਣ ਦਾ ਅਨੁਮਾਨ ਹੈ । ਸਪੱਸ਼ਟ ਹੀ ਹੈ ਕਿ ਇੰਨੇ ਵੱਡੇ ਖਰਚ ਨੂੰ ਪੜਾਵਾਰ ਕੁਝ ਸਾਲਾਂ ਵਿਚ ਫੈਲਾਉਣਾ ਪਵੇਗਾ । ਸਰਕਾਰ ਦੀ ਵੀ ਇਹੀ ਤਜਵੀਜ਼ ਹੈ । ਸਾਲ 1981-82 ਵਿਚ ਰਹਿੰਦੇ 22 ਬਲਾਕਾਂ ਵਿਚ ਦਿਹਾਤੀ ਹਸਪਤਾਲ ਸਕੀਮ ਅਧੀਨ 25/30 ਬਿਸਤਰਿਆਂ ਵਾਲੇ ਹਸਪਤਾਲ ਖੋਲ੍ਹੇ ਜਾਣਗੇ ਸਾਲ 1981-82 ਵਿਚ 200 ਨਵੀਆਂ ਡਿਸਪੈਂਸਰੀਆਂ ਤੋਂ ਇਲਾਵਾ 10 ਦੰਦ ਕਲਿਨਿਕ ਅਤੇ ਸ਼ਹਿਰੀ ਗੰਦੀਆਂ ਬਸਤੀਆਂ ਵਿਚ 5 ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ (ਥੰਪਿੰਗ)

ਅੰਗਹੀਣ ਵਿਅੱਕਤੀਆਂ ਦੇ ਇਸ ਅੰਤਰਰਾਸ਼ਟਰੀ ਸਾਲ ਵਿਚ ਅੰਗਹੀਣ ਵਿਕਤੀਆਂ ਦੀਆਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦਿੱਤਾ ਜਾਵੇਗਾ ਸਾਲ 1981-82 ਵਿਚ ਪੋਲਿਓ ਰੋਗ ਵਿਚ ਗ੍ਰਸਤ ਬੱਚਿਆਂ ਦੇ ਇਲਾਜ ਤੇ ਸੰਭਾਲ ਲਈ ਇਕ ਕੇਂਦਰ ਕਾਇਮ ਕਰਨ ਦੀ ਤਜਵੀਜ਼ ਹੈ । ਪੋਲੀਓ ਦਾ ਇਲਾਜ ਹੋਵੇਗਾ

3,600 ਰੁਪਏ ਤੋਂ ਘੱਟ ਸਲਾਨਾ ਆਮਦਨ ਵਾਲੇ ਗਰੀਬੀ ਦੀ ਰੇਖਾ ਤੋਂ ਹੇਠਾਂ ਦੇ ਲੋਕਾਂ ਦੀ ਹਾਲਤ ਸੁਧਾਰਨ ਦੀ ਨੀਤੀ ਉੱਤੇ ਅਮਲ ਕਰਦਿਆਂ ਹਸਪਤਾਲਾਂ ਵਿਚ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਮੁਫ਼ਤ ਦਵਾਈਆਂ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ । (ਥੰਪਿੰਗ)

ਜ਼ਿਲ੍ਹਾ ਸੰਗਰੂਰ, ਬਠਿੰਡਾ ਅਤੇ ਫਰੀਦਕੋਟ ਵਿਚ ਦਿਹਾਤੀ ਇਲਾਕਿਆਂ ਨੂੰ ਮੁਢਲੀਆਂ ਸਿਹਤ ਸੇਵਾਵਾਂ ਦੇਣ ਲਈ ਬੁਨਿਆਦੀ ਢਾਂਚਾ ਕਾਇਮ ਕਰਨ ਵਾਸਤੇ 8.00 ਕਰੋੜ ਰੁਪਏ ਦੀ ਯੂ. ਐੱਸ. ਏ. ਆਈ. ਡੀ. ਸਹਾਇਤਾ ਨਾਲ ਇਕ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਬਾਲ ਮਿਰਤੂ ਦਰ ਅਤੇ ਮਾਨਸਕ ਰੋਗਾਂ ਨੂੰ ਘਟਾਇਆ ਜਾ ਸਕੇ ।

ਮੈਡੀਕਲ ਸਿਖਿਆ ਅਤੇ ਖੋਜ ਦੇ ਸਬੰਧ ਵਿਚ ਅਗਲੇ ਸਾਲ ਦੇ ਦੌਰਾਨ 2,75 ਕਰੋੜ ਰੁਪਏ ਦੀ ਰਕਮ ਖ਼ਰਚ ਕਰਨ ਦੀ ਤਜਵੀਜ਼ ਹੈ, ਜਿਸ ਵਿਚੋਂ 39.00 ਲੱਖ ਰੁਪਏ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਅਤੇ 37.00 ਲੱਖ ਰੁਪਏ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਵਿਸਤਾਰ ਤੇ ਸੁਧਾਰ ਹਿਤ ਖ਼ਰਚ ਕੀਤੇ ਜਾਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ ਅਤੇ ਸਰਕਾਰ ਇਸ ਵੱਲ ਯੋਗ ਧਿਆਨ ਦਿੰਦੀ ਰਹੇਗੀ ।

ਸਰਕਾਰ, ਭਾਰਤੀ ਚਿਕਿਤਸਾ ਪ੍ਰਣਾਲੀ ਅਤੇ ਹੋਮਿਓਪੈਥੀ ਵੱਲ ਯੋਗ ਧਿਆਨ ਅਤੇ ਸਹਾਇਤਾ ਦਿੰਦੀ ਆ ਰਹੀ ਹੈ। ਚਾਲੂ ਸਾਲ ਦੇ ਦੌਰਾਨ 13.48 ਲੱਖ ਰੁਪਏ ਦੀ ਲਾਗਤ ਨਾਲ 28 ਆਯੁਰਵੈਦਿਕ/ਯੂਨਾਨੀ ਡਿਸਪੈਂਸਰੀਆਂ ਖੋਲ੍ਹੀਆਂ ਜਾ ਰਹੀਆਂ ਹਨ। ਅਗਲੇ ਸਾਲ ਵਿਚ 20.00 ਲੱਖ ਰੁਪਏ ਦੀ ਲਾਗਤ ਨਾਲ 10 ਹੋਰ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ। ਮੌਜੂਦਾ ਡਿਸਪੈਂਸਰੀਆਂ ਨੂੰ ਅਗਲੇ ਸਾਲ ਵਿਚ ਹੋਰ ਦਵਾਈਆਂ ਅਤੇ ਫ਼ਰਨੀਚਰ ਮੁਹੱਈਆ ਕਰਕੇ ਉਨ੍ਹਾਂ ਵਿਚ ਵਾਧਾ ਕੀਤਾ ਜਾਵੇਗਾ, ਜਿਸ ਉਤੇ 5.30 ਲੱਖ ਰੁਪਏ ਖਰਚ ਹੋਣਗੇ। ਸਰਕਾਰ ਹੋਮਿਓਪੈਥੀ ਵੱਲ ਵੀ ਉਚਿਤ ਧਿਆਨ ਦੇ ਰਹੀ ਹੈ। ਚਾਲੂ ਸਾਲ ਦੇ ਦੌਰਾਨ 7 ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ ਅਤੇ ਅਗਲੇ ਸਾਲ ਦੇ ਦੌਰਾਨ 8 ਨਵੀਂਆਂ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ। ਇਨ੍ਹਾਂ ਉਤੇ 0.92 ਲੱਖ ਰੁਪਏ ਖ਼ਰਚ ਆਉਣਗੇ। ਰਾਜ ਵਿਚ ਹੋਮਿਓਪੈਥੀ ਦੇ ਵਿਕਾਸ ਉਤੇ ਸਰਕਾਰ ਅਗਲੇ ਸਾਲ 7.00 ਲੱਖ ਰੁਪਏ ਖ਼ਰਚ ਕਰੇਗੀ।

ਦਿਹਾਤੀ ਜਲ ਸਪਲਾਈ

ਪਾਣੀ ਦੀ ਥੁੜ ਵਾਲੇ ਪਿੰਡਾਂ ਵਿਚ ਪੀਣਯੋਗ ਪਾਣੀ ਦਾ ਪ੍ਰਬੰਧ ਕਰਨ ਨੂੰ ਸਭ ਤੋਂ ਵਧ ਪਹਿਲ ਦਿਤੀ ਗਈ ਹੈ। ਆਸ ਹੈ ਕਿ ਛੇਵੀਂ ਪੰਜ ਸਾਲਾ ਯੋਜਨਾ ਦੇ ਅੰਤ ਤੱਕ ਪਾਣੀ ਦੀ ਥੁੜ ਵਾਲੇ ਸਾਰੇ ਪਿੰਡਾਂ ਨੂੰ ਇਹ ਸਹੂਲਤ ਦੇ ਦਿੱਤੀ ਜਾਵੇਗੀ। ਇਹ ਟੀਚਾ ਪੂਰਾ ਕਰਨ ਵਿਚ ਪੰਜਾਬ ਪਹਿਲਾ ਰਾਜ ਹੋਵੇਗਾ ਦਿਹਾਤੀ ਜਲ ਸਪਲਾਈ ਲਈ ਇਸ ਸਾਲ ਦੇ ਦੌਰਾਨ ਕੀਤੇ 5.00 ਕਰੋੜ ਰੁਪਏ ਦੇ ਉਪਬੰਧ ਨੂੰ ਵਧਾ ਕੇ ਅਗਲੇ ਸਾਲ 8.00 ਕਰੋੜ ਰੁਪਏ ਕੀਤਾ ਜਾ ਰਿਹਾ ਹੈ (ਥੰਪਿੰਗ) ਛੇਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਇਸ ਮੰਤਵ ਤੇ 68 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ। (ਥੰਪਿੰਗ)

ਸ਼ਹਿਰੀ ਜਲ ਸਪਲਾਈ ਅਤੇ ਸੀਵਰੇਜ

ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਰਾਜ ਦੇ 8 ਸ਼ਹਿਰਾਂ ਵਿਚ ਇਕ ਵਿਸ਼ਾਲ ਵਿਸ਼ਵ ਬੈਂਕ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਅਮਲ ਵਿਚ ਲਿਆ ਰਿਹਾ ਹੈ। ਪ੍ਰਾਜੈਕਟ ਦੇ 66.76 ਕਰੋੜ ਰੁਪਏ ਦੀ ਕੁੱਲ ਗਿਣਤੀ ਖ਼ਰਚੇ ਵਿਚੋਂ 17.12 ਕਰੋੜ ਰੁਪਏ ਦੇ ਕਾਰਜ ਪਹਿਲਾਂ ਹੀ ਮੁਕੰਮਲ ਹੋ ਚੁਕੇ ਹਨ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਇਨ੍ਹਾਂ ਸ਼ਹਿਰਾਂ ਵਿਚ ਸਫਾਈ ਦੀ ਹਾਲਤ ਕਾਫ਼ੀ ਹੱਦ ਤਕ ਸੁਧਰ ਜਾਵੇਗੀ। ਇਸ ਤੋਂ ਇਲਾਵਾ 9 ਸ਼ਹਿਰਾਂ ਨੂੰ ਜਲ ਸਪਲਾਈ ਅਤੇ ਸੀਵਰੇਜ ਸਹੂਲਤਾਂ ਦੇਣ ਲਈ ਜੀਵਨ ਬੀਮਾ ਕਾਰਪੋਰੇਸ਼ਨ ਤੋਂ ਮਾਲੀ ਸਹਾਇਤਾ ਮਿਲ ਰਹੀ ਹੈ। ਸਰਕਾਰ ਨੇ ਜਲ ਸਪਲਾਈ ਅਤੇ ਸੀਵਰੇਜ ਸਹੂਲਤਾਂ ਦੇਣ ਲਈ 33 ਹੋਰ ਛੋਟੇ ਅਤੇ ਦਰਮਿਆਨੇ ਕਸਬੇ ਵੀ ਚੁਣੇ ਹਨ। ਇਸ ਤਰ੍ਹਾਂ ਅਗਲੇ ਚਾਰ ਸਾਲਾਂ ਦੇ ਸਮੇਂ ਵਿਚ ਰਾਜ ਦੇ ਲਗਭਗ ਅੱਧੇ ਨਗਰਾਂ ਨੂੰ ਜਲ ਸਪਲਾਈ ਅਤੇ ਸੀਵਰੇਜ ਸਹੂਲਤਾਂ ਉਪਲੱਬਧ ਹੋ ਜਾਣਗੀਆਂ।

ਰਾਜ ਸਰਕਾਰ, ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਦੇ ਆਲੇ ਦੁਆਲੇ ਦੀ ਸਫਾਈ ਨੂੰ ਸਭ ਤੋਂ ਵਧ ਪਹਿਲ ਦੇਂਦੀ ਹੈ ਸਾਲ 1981-82 ਦੇ ਦੌਰਾਨ ਇਸ ਸਕੀਮ ਉਤੇ ਪਿਛਲੇ ਸਾਲ ਦੇ ਮੁਕਾਬਲੇ ਤੇ ਖ਼ਰਚ ਚਾਰ ਗੁਣਾ ਵਧਾ ਦਿਤਾ ਗਿਆ ਹੈ। (ਥੰਪਿੰਗ) ਛੇਵੀਂ ਯੋਜਨਾ ਵਿਚ ਗੰਦੀਆਂ ਬਸਤੀਆਂ ਦੇ ਚੌਗਿਰਦੇ ਦੇ ਸੁਧਾਰ ਲਈ 5.00 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ।

ਸਰਕਾਰ, ਸ਼ਹਿਰੀ ਅਨੁਸੂਚਿਤ ਜਾਤੀਆਂ ਅਤੇ ਗ਼ੈਰ-ਅਨੁਸੂਚਿਤ ਜਾਤੀਆਂ ਦੇ ਬੇਘਰੇ ਲੋਕਾਂ ਨੂੰ ਘਰ ਮੁਹੱਈਆ ਕਰਨ ਦੀ ਤੀਬਰ ਇੱਛਾ ਰਖਦੀ ਹੈ। ਮੌਜੂਦਾ ਸਾਲ ਦੇ ਦੌਰਾਨ 1200 ਬਹੁ-ਮੰਜ਼ਲੇ ਫਲੈਟਾਂ ਦੀ ਉਸਾਰੀ ਸ਼ੁਰੂ ਕੀਤੀ ਜਾਵੇਗੀ। ਇਸ ਮੰਤਵ ਲਈ 35 ਲੱਖ ਰੁਪਏ ਦੀ ਰਕਮ 1981-82 ਦੇ ਦੌਰਾਨ ਰਖੀ ਗਈ ਹੈ। ਇਸ ਤੋਂ ਇਲਾਵਾ, ਸਮਾਜ ਦੇ ਇਸ ਵਰਗ ਨੂੰ ਬਣੇ ਬਣਾਏ ਮਕਾਨ ਦੇਣ ਲਈ ਹੁਡਕੋ ਤੋਂ 1981-82 ਦੌਰਾਨ ਵਿੱਤੀ ਸਹਾਇਤਾ ਲਈ ਜਾਵੇਗੀ।

[ਵਿੱਤ ਮੰਤਰੀ]

ਮਾਲੀ ਤੌਰ ਤੇ ਕਮਜ਼ੋਰ ਨਗਰ ਪਾਲਕਾਵਾਂ ਨੂੰ ਜਲ ਸਪਲਾਈ, ਸੀਵਰੇਜ, ਗੰਦੀਆਂ ਬਸਤੀਆਂ ਦੇ ਸੁਧਾਰ ਅਤੇ ਹੋਰ ਵਿਕਾਸ ਸਕੀਮਾਂ ਨੂੰ ਹੱਥ ਵਿਚ ਲੈਣ ਦੇ ਯੋਗ ਬਣਾਉਣ ਲਈ ਸਹਾਇਤਾ ਦੇਣ ਵਾਸਤੇ ਇਕ ਸਕੀਮ ਚਾਲੂ ਵਿੱਤੀ ਸਾਲ ਤੋਂ ਸ਼ੁਰੂ ਕੀਤੀ ਗਈ ਹੈ । 1980-81 ਦੇ ਦੌਰਾਨ ਇਸ ਸਕੀਮ ਲਈ 50.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਗੰਦੀਆਂ ਬਸਤੀਆਂ ਦੇ ਚੌਗਿਰਦੇ ਨੂੰ ਸੁੰਦਰ ਬਣਾਉਣ ਲਈ ਇਨ੍ਹਾਂ ਬਸਤੀਆਂ ਵਿਚ ਪਾਰਕ ਅਤੇ ਬੱਚਿਆਂ ਲਈ ਮਨੋਰੰਜਨ ਦੇ ਸਾਧਨ ਮੁਹੱਈਆ ਕਰਨ ਦਾ ਫੈਸਲਾ ਕੀਤਾ ਗਿਆ ਹੈ ।

ਸ਼ਹਿਰੀ ਵਿਕਾਸ

ਪੰਜਾਬ ਵਿਚ ਜ਼ਮੀਨ ਦੀ ਕਮੀ ਹੈ । ਇਸ ਤੋਂ ਇਲਾਵਾ, ਇਸ ਨੂੰ ਐਕੁਆਇਰ ਕਰਨ ਅਤੇ ਵਿਕਸਿਤ ਕਰਨ ਤੇ ਕਾਫ਼ੀ ਖਰਚ ਆਉਂਦਾ ਹੈ । ਸ਼ਹਿਰਾਂ ਦੇ ਤੇਜ਼ੀ ਨਾਲ ਹੋ ਰਹੇ ਵਿਸਤਾਰ ਕਾਰਨ ਵਿਕਸਿਤ ਪਲਾਟਾਂ ਦੀ ਮੰਗ ਵਧ ਰਹੀ ਹੈ ਅਤੇ ਇਸ ਨੂੰ ਪੂਰਾ ਕਰਨਾ ਬਹੁਤ ਮੁਸ਼ਕਿਲ ਹੋ ਰਿਹਾ ਹੈ । ਕੇਵਲ ਬਹੁ ਮੰਜ਼ਲੇ ਫ਼ਲੈਟ ਬਣਾ ਕੇ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਇਸ ਨਾਲ ਥੋੜੀ ਜ਼ਮੀਨ ਦੀ ਵਰਤੋਂ ਕਰਕੇ ਵਧ ਰਹੀ ਸ਼ਹਿਰੀ ਆਬਾਦੀ ਲਈ ਮਕਾਨਾਂ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇਗਾ । ਇਸ ਲਈ, ਰਾਜ ਸਰਕਾਰ ਨੇ ਸ਼ਹਿਰੀ ਮਿਲਖਾਂ ਵਿਚ ਫਲੈਟਾਂ ਲਈ ਥਾਵਾਂ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ। ਸ਼ਹਿਰੀ ਵਿਕਾਸ ਵਿਭਾਗ, ਸਾਲ 1980-81 ਦੇ ਦੌਰਾਨ ਵੱਖ ਵੱਖ ਸ਼ਹਿਰੀ ਮਿਲਖਾਂ ਵਿਚ ਕੱਟੇ ਗਏ 8000 ਪਲਾਟਾਂ ਦੀ ਅਲਾਟਮੈਂਟ ਦਾ ਕੰਮ ਮੁਕੰਮਲ ਕਰੇਗਾ ਅਤੇ ਸਾਲ 1981-82 ਦੇ ਦੌਰਾਨ 8000 ਹੋਰ ਪਲਾਟ ਕੱਟੇਗਾ । ਇਕ ਨਵਾਂ ਸ਼ਹਿਰ ਰਣਜੀਤਗੜ੍ਹ ਫਿਲੌਰ ਦੇ ਨਜ਼ਦੀਕ ਵਸਾਇਆ ਜਾਵੇਗਾ (ਥੰਪਿੰਗ) ਅਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼ਹਿਰੀ ਮਿਲਖ ਕਾਇਮ ਕੀਤੀ ਜਾਵੇਗੀ ਜਿੱਥੇ ਇਕ ਪ੍ਰਮੁਖ ਉਦਯੋਗਕ ਕੇਂਦਰ ਕਾਇਮ ਕੀਤਾ ਜਾ ਰਿਹਾ ਹੈ ।

ਸੰਜੇ ਗ੍ਰਾਮ

ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇਹ ਦੱਸਣ ਵਿਚ ਮੈਂ ਖੁਸ਼ੀ ਅਨੁਭਵ ਕਰ ਰਿਹਾ ਹਾਂ ਕਿ ਸਾਡੇ ਹਰਮਨ ਪਿਆਰੇ ਯੁਵਕ ਨੇਤਾ ਸਵਰਗਵਾਸੀ ਸ੍ਰੀ ਸੰਜੇ ਗਾਂਧੀ ਦੀ ਯਾਦ ਵਿਚ ਹੁਸ਼ਿਆਰਪੁਰ ਦੇ ਨੇੜੇ 'ਹੈਬੀਟਾਟ ਇੰਡੀਆ" ਦੁਆਰਾ ਇਕ ਸ਼ਾਨਦਾਰ ਸੰਜੇ ਗ੍ਰਾਮ ਬਣਾਇਆ ਜਾ ਰਿਹਾ ਹੈ। (ਥੰਪਿੰਗ) ਇਸ ਪ੍ਰਾਜੈਕਟ ਲਈ ਪੰਜਾਬ ਸਰਕਾਰ ਨੇ 3000 ਏਕੜ ਭੂਮੀ ਲੀਜ਼ ਉੱਤੇ ਦਿੱਤੀ ਹੈ

ਮਕਾਨ ਉਸਾਰੀ

ਸਰਕਾਰ, ਰਾਜ ਵਿਚ ਮਕਾਨਾਂ ਦੀ ਥੁੜ੍ਹ ਬਾਰੇ ਸੁਚੇਤ ਹੈ ਹੁਣੇ ਜਿਹੇ ਕੀਤੇ ਗਏ ਆਰਥਕ ਸਰਵੇਖਣ ਨੇ ਆਰਥਕ ਤੌਰ ਤੇ ਗਰੀਬ ਵਿਅਕਤੀਆਂ ਦੀ ਇਸ ਸਮੱਸਿਆ ਦੇ ਆਕਾਰ ਬਾਰੇ ਸੰਕੇਤ ਕੀਤਾ ਹੈ । ਇਹ ਤਜਵੀਜ਼ ਕੀਤਾ ਗਿਆ ਹੈ ਕਿ ਚਾਰ ਸਾਲਾਂ ਦੇ ਦੌਰਾਨ 21,778 ਮਕਾਨ ਬਣਾਏ ਜਾਣ ਤਾਂ ਜੋ ਸਰਵੇ ਵਿਚ ਪਤਾ ਲਾਏ ਗਏ ਇਨ੍ਹਾਂ ਬੇਘਰੇ ਦਿਹਾਤੀ ਪਰਿਵਾਰਾਂ ਵਿਚੋਂ ਹਰ ਇਕ ਪਰਿਵਾਰ ਨੂੰ ਘਰ ਦੇਣ ਦਾ ਟੀਚਾ ਮੁਕੰਮਲ ਕੀਤਾ ਜਾ ਸਕੇ । ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਏਜੰਸੀ ਰਾਹੀਂ ਮਕਾਨ ਉਸਾਰਨ ਦਾ ਕੰਮ ਵੱਡੇ ਪੈਮਾਨੇ ਤੇ ਸ਼ੁਰੂ ਕੀਤਾ ਗਿਆ ਹੈ ਅਤੇ 10,700 ਮਕਾਨ ਮਾਰਚ, 1981 ਦੇ ਖ਼ਤਮ ਹੋਣ ਤੋਂ ਪਹਿਲਾਂ ਤਿਆਰ ਹੋ ਜਾਣਗੇ । ਸ਼ਹਿਰੀ ਇਲਾਕਿਆਂ ਵਿਚ, ਬੋਰਡ 2,000 ਮਕਾਨ ਬਣਾਏਗਾ, ਜਿਨ੍ਹਾਂ ਵਿਚੋਂ ਬਹੁਤੇ ਮਕਾਨ ਘਟ ਆਮਦਨ ਗਰੁੱਪ ਵਾਲੇ ਵਿਅਕਤੀਆਂ ਲਈ ਹੋਣਗੇ ਸਰਕਾਰ, ਚੰਡੀਗੜ੍ਹ, ਜ਼ਿਲ੍ਹਾ, ਤਹਿਸੀਲ ਸਦਰ ਮੁਕਾਮਾਂ ਉੱਤੇ ਕਰਮਚਾਰੀਆਂ ਲਈ ਵੀ ਮਕਾਨ ਬਣਾ ਰਹੀ ਹੈ ।

ਜ਼ਰੂਰੀ ਵਸਤਾਂ ਦੀ ਵੰਡ

ਰਿਆਇਤੀ ਦਰਾਂ ਉਤੇ ਦਿਤੀਆਂ ਜਾਣ ਵਾਲੀਆਂ ਕੁਝ ਖਾਣਯੋਗ ਜ਼ਰੂਰੀ ਵਸਤਾਂ ਦੀ ਵੰਡ ਸਕੀਮ ਵਿਚ 2 ਅਕਤੂਬਰ 1980 ਤੋਂ ਇਸ ਤਰ੍ਹਾਂ ਤਰਮੀਮ ਕੀਤੀ ਗਈ ਹੈ ਕਿ ਰਾਜ ਦੇ 3600 ਰੁਪਏ ਸਾਲਾਨਾ ਤੱਕ ਦੀ ਆਮਦਨ ਵਾਲੇ ਲੋਕਾਂ ਅਤੇ ਚੌਥੇ ਦਰਜੇ ਦੇ ਸਾਰੇ ਕਰਮਚਾਰੀਆਂ ਨੂੰ, ਜੋ ਕਿ ਅਸਲ ਵਿਚ ਸਮਾਜ ਦਾ ਇਕ ਕਮਜ਼ੋਰ ਵਰਗ ਹਨ, ਇਨ੍ਹਾਂ ਵਸਤਾਂ ਦੀ ਪ੍ਰਾਪਤੀ ਯਕੀਨੀ ਬਣਾਈ ਜਾ ਸਕੇ । 2.82 ਕਰੋੜ ਰੁਪਏ ਦੇ ਬਜਟ ਅਨੁਮਾਨਾਂ ਦੇ ਮੁਕਾਬਲੇ ਤੇ ਸਾਲ 1980-81 ਦੇ ਦੌਰਾਨ 3.52 ਕਰੋੜ ਰੁਪਏ ਦਾ ਸੋਧਿਆ ਬਜਟ ਉਪਬੰਧ ਕੀਤਾ ਗਿਆ ਸੀ । ਕਮਜ਼ੋਰ ਵਰਗਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦੂਰ ਕਰਨ ਲਈ ਕਣਕ ਅਤੇ ਕਣਕ ਤੋਂ ਬਣੀਆਂ ਵਸਤਾਂ ਦੀ ਵਧੀ ਹੋਈ ਕੀਮਤ ਨੂੰ ਧਿਆਨ ਵਿਚ ਰਖਦੇ ਹੋਏ, ਰਾਜ ਸਰਕਾਰ ਨੇ ਲੋਕ ਵੰਡ ਪ੍ਰਣਾਲੀ ਰਾਹੀਂ ਖਪਤਕਾਰਾਂ ਨੂੰ ਕਾਫ਼ੀ ਮਾਤਰਾ ਵਿਚ ਆਟੇ ਦੀ ਸਪਲਾਈ, ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਕਦਮ ਚੁਕੇ ਹਨ ।

ਕਮਜ਼ੋਰ ਵਰਗਾਂ ਦੀ ਭਲਾਈ

ਸਾਡੀ ਸਰਕਾਰ ਅਨੁਸੂਚਿਤ ਜਾਤੀਆਂ, ਵਿਮੁਕਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗ ਦੇ ਸਮਾਜ-ਆਰਥਕ ਜੀਵਨ ਨੂੰ ਸੁਧਾਰਨ ਦੀ ਤੀਬਰ ਇੱਛਾ ਰਖਦੀ ਹੈ । ਅਨੁ-ਸੂਚਿਤ ਜਾਤੀਆਂ ਲਈ 1980-81 ਦੀ ਵਿਸ਼ੇਸ਼ ਕੰਪੋਨੈਂਟ ਯੋਜਨਾ ਦਾ 7.81 ਕਰੋੜ ਰੁਪਏ ਦਾ ਮੂਲ ਉਪਬੰਧ ਵਧਾ ਕੇ 28.17 ਕਰੋੜ ਰੁਪਏ ਕਰ ਦਿੱਤਾ ਗਿਆ ਹੈ । (ਥੰਪਿੰਗ) ਸਾਲ 1981-82 ਲਈ ਵੀ ਇਸ ਦੇ ਬਰਾਬਰ ਦੀ ਰਕਮ ਰਖੀ ਗਈ ਹੈ । ਅਨੁਸੂਚਿਤ ਜਾਤੀਆਂ ਦੀ ਆਰਥਕ ਤਰੱਕੀ ਲਈ ਸਰਕਾਰ ਵਲੋਂ ਜੋ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਇਹ ਉਨ੍ਹਾਂ ਦਾ ਕੇਵਲ ਇਕ ਭਾਗ ਹੀ ਹੈ । ਅਨੁਸੂਚਿਤ ਜਾਤੀਆਂ ਦੀ ਆਰਥਕ ਸਥਿਤੀ ਨੂੰ ਸੁਧਾਰਨ ਲਈ ਰਾਜ ਸਰਕਾਰ ਦਾ ਵਿਸ਼ੇਸ਼ ਪ੍ਰੋਗਰਾਮ ਹਰੇਕ ਸਾਲ ਵਿਸ਼ਾਲ ਪੈਮਾਨੇ ਉਤੇ ਸੰਸਥਾਵੀ ਵਿੱਤ ਜੁਟਾਣਾ ਅਤੇ ਵੰਡਣਾ ਹੈ । ਇਸ ਪ੍ਰੋਗਰਾਮ ਅਧੀਨ ਚਾਲੂ ਸਾਲ ਦੇ ਦੌਰਾਨ 29.77 ਕਰੋੜ ਰੁਪਏ ਦੀ ਰਕਮ ਕਰਜ਼ਿਆਂ ਦੇ ਰੂਪ ਵਿਚ ਪਰਵਾਨ ਕੀਤੀ ਜਾ ਚੁਕੀ ਹੈ । 1981-82 ਵਿਚ ਇਸ ਪ੍ਰੋਗਰਾਮ ਲਈ 30.00 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਹੈ ।

ਵਿਮੁਕਤ ਜਾਤੀਆਂ ਤੇ ਗੰਦ ਚੁਕਣ ਦੇ ਧੰਦੇ ਵਿਚ ਲਗੀਆਂ ਅਨੁਸੂਚਿਤ ਜਾਤੀਆਂ ਦੇ ਬੇਘਰੇ ਲੋਕਾਂ ਨੂੰ ਸਾਫ਼ ਸੁਥਰੀ ਰਿਹਾਇਸ਼ ਮੁਹੱਈਆ ਕਰਨ ਅਤੇ ਮਕਾਨ ਬਣਾਉਣ ਲਈ 42.00 ਲੱਖ ਰੁਪਏ ਦੀ ਰਕਮ ਸਹਾਇਤਾ ਵਜੋਂ ਅਦਾ ਕਰਨ ਲਈ 1980-81 ਵਿਚ ਰਖੀ ਗਈ ਸੀ ਅਤੇ ਇਤਨੀ ਹੀ 1981-82 ਲਈ ਰਖੀ ਗਈ ਹੈ । ਜ਼ਮੀਨ ਖਰੀਦਣ ਦੀ ਸਕੀਮ ਅਧੀਨ, ਘਟੋ ਘਟ ਤਿੰਨ ਏਕੜ ਜ਼ਮੀਨ ਖਰੀਦਣ ਲਈ, ਖਰੀਦੀ ਗਈ ਜ਼ਮੀਨ ਉਤੇ ਸ਼ੈੱਡ/ਖੂਹ ਬਣਾਉਣ ਲਈ ਅਤੇ ਰਜਿਸਟਰੀ ਦੇ ਖ਼ਰਚਿਆਂ ਆਦਿ ਦਾ ਭੁਗਤਾਨ ਕਰਨ ਵਾਸਤੇ ਹਰੇਕ ਵਿਅਕਤੀ ਨੂੰ 6,180 ਰੁਪਏ ਦੀ ਰਕਮ ਦਿੱਤੀ ਜਾਂਦੀ ਹੈ । ਸਾਲ 1981-82 ਲਈ ਇਸ ਮੰਤਵ ਵਾਸਤੇ 11.40 ਲਖ ਰੁਪਏ ਦੀ ਰਕਮ ਰਖੀ ਗਈ ਹੈ ।

ਆਰਥਕ ਵਿਕਾਸ ਵਿਚ ਸਿਖਿਆ ਦੇ ਵਿਸ਼ੇਸ਼ ਮਹੱਤਵ ਨੂੰ ਧਿਆਨ ਵਿਚ ਰਖਦੇ ਹੋਏ ਅਨੁਸੂਚਿਤ ਜਾਤੀਆਂ ਦੇ ਨੌਵੀਂ ਤੋਂ ਗਿਆਰ੍ਹਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਪੂਰਵ ਮੈਟਰਿਕ ਪੜ੍ਹਾਈ ਲਈ ਸਹੂਲਤਾਂ, ਅਤੇ ਛੇਵੀਂ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਅਤੇ ਕਾਪੀਆਂ ਆਦਿ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ । 1981-82 ਤੋਂ ਸਕੀਮ ਵਿਚ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਅਤੇ ਸਟੇਸ਼ਨਰੀ ਸਪਲਾਈ ਕਰਨ ਦਾ ਉਪਬੰਧ ਕੀਤਾ ਜਾ ਰਿਹਾ ਹੈ । (ਥੰਪਿੰਗ) ਸਾਲ 1981-82 ਦੇ ਦੌਰਾਨ ਸਿਖਿਆ ਪ੍ਰੋਗਰਾਮ ਅਧੀਨ 89.00 ਲਖ ਰੁਪਏ ਦਾ ਉਪਬੰਧ

[ਵਿੱਤ ਮੰਤਰੀ]

ਕੀਤਾ ਗਿਆ ਹੈ । ਮੈਟ੍ਰਿਕ ਉਪਰੰਤ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਵਿਚ ਪੜ੍ਹਨ ਵਾਲੀਆਂ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਨੂੰ ਗ੍ਰਾਂਟਾਂ ਦੇਣ ਲਈ 12 ਲੱਖ ਰੁਪਏ ਦੀ ਆਰੰਭਕ ਲਾਗਤ ਨਾਲ ਇਕ ਨਵੀਂ ਸਕੀਮ 1980-81 ਦੇ ਦੌਰਾਨ ਸ਼ੁਰੂ ਕੀਤੀ ਗਈ ਹੈ । ਸਾਲ 1981-82 ਦੇ ਦੌਰਾਨ ਵੀ ਇਤਨੇ ਹੀ ਉਪਬੰਧ ਦੀ ਤਜਵੀਜ਼ ਹੈ ।

ਸਰਕਾਰ ਰਾਜ ਦੇ ਸਮਾਜਕ ਤੇ ਆਰਥਕ ਤੌਰ ਅਤੇ ਪਛੜੇ ਵਰਗਾਂ ਨੂੰ ਸਹਾਇਤਾ ਅਤੇ ਰਾਹਤ ਦਿੰਦੀ ਰਹੀ ਹੈ । ਚਾਲੂ ਵਿੱਤੀ ਸਾਲ ਲਈ ਸਮਾਜ ਭਲਾਈ ਸਕੀਮਾਂ ਲਈ ਰਖੀ ਗਈ 729.00 ਲੱਖ ਰੁਪਏ ਦੀ ਕੁੱਲ ਰਕਮ ਦੇ ਮੁਕਾਬਲੇ ਤੇ ਸਾਲ 1981-82 ਵਿਚ 814.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

ਲਾਭ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਸਹੂਲਤ ਨੂੰ ਧਿਆਨ ਵਿਚ ਰਖਦਿਆਂ ਬੁਢਾਪਾ ਪੈਨਸ਼ਨ ਸਕੀਮ ਅਧੀਨ ਪੈਨਸ਼ਨਾਂ ਵਿਧਵਾਵਾਂ ਅਤੇ ਬੇਸਹਾਰਾ ਇਸਤਰੀਆਂ ਨੂੰ ਵਿੱਤੀ ਸਹਾਇਤਾ ਅਤੇ ਆਸ਼੍ਰਿਤ ਬੱਚਿਆਂ ਨੂੰ ਸਕੀਮ ਅਧੀਨ ਵਿੱਤੀ ਸਹਾਇਤਾ ਹੁਣ ਮਿਤੀ 1 ਨਵੰਬਰ, 1980 ਤੋਂ ਡਿਪਟੀ ਕਮਿਸ਼ਨਰਾਂ ਵਲੋਂ ਪਰਵਾਨ ਕੀਤੀ ਜਾ ਰਹੀ ਹੈ । ਹਰੇਕ ਜ਼ਿਲ੍ਹੇ ਦੇ ਜ਼ਿਲ੍ਹਾ ਸਮਾਜ ਭਲਾਈ ਅਫ਼ਸਰ ਨੂੰ ਪੈਨਸ਼ਨਾਂ ਵੰਡਣ ਦਾ ਅਧਿਕਾਰ ਦਿੱਤਾ ਗਿਆ ਹੈ । ਇਸ ਨਾਲ ਲਾਭ ਪ੍ਰਾਪਤ ਕਰਨ ਵਾਲਿਆਂ ਨੂੰ ਪੈਨਸ਼ਨਾਂ ਦੀ ਮਨਜ਼ੂਰੀ ਤੇ ਵੰਡਣ ਵਿਚ ਦੇਰੀ ਨਹੀਂ ਹੋਇਆ ਕਰੇਗੀ ।

ਮਜ਼ਦੂਰ ਭਲਾਈ

ਰਾਜ ਸਰਕਾਰ, ਮਜ਼ਦੂਰਾਂ ਦੀ ਭਲਾਈ ਦੀ ਤੀਬਰ ਚਾਹਵਾਨ ਹੈ । ਸਾਲ 1951 ਵਿਚ ਘੱਟ ਤੋਂ ਘੱਟ ਉਜਰਤਾਂ ਐਕਟ, 1948 ਅਧੀਨ ਪਹਿਲੀ ਵਾਰੀ ਘੱਟ ਤੋਂ ਘੱਟ ਉਜਰਤਾਂ ਨਿਸ਼ਚਿਤ ਕੀਤੀਆਂ ਗਈਆਂ ਸਨ । ਇਸ ਤੋਂ ਮਗਰੋਂ ਇਨ੍ਹਾਂ ਨੂੰ 1 ਜਨਵਰੀ, 1979 ਤੋਂ ਸੋਧਿਆ ਗਿਆ ਸੀ ਅਤੇ ਪਰਚੂਨ ਕੀਮਤਾਂ ਦੇ ਸੂਚਕ-ਅੰਕ ਨਾਲ ਇਨ੍ਹਾਂ ਨੂੰ ਜੋੜਿਆ ਗਿਆ ਸੀ ਤਾਂ ਜੋ ਹਰ ਅੰਕ ਦੇ ਵਾਧੇ ਪਿਛੇ ਇਕ ਰੁਪਏ ਦੇ ਵਾਧੇ ਨਾਲ ਸੂਚਕ-ਅੰਕ ਦੇ ਵਾਧੇ ਨੂੰ ਪ੍ਰਭਾਵਹੀਨ ਬਣਾਇਆ ਜਾ ਸਕੇ । ਆਮ ਇੰਜੀਨੀਅਰਿੰਗ ਅਤੇ ਕੁਝ ਹੋਰ ਸੂਚੀਬੱਧ ਉਦਯੋਗਾਂ ਵਿਚ ਅਣਸਿਖਿਅਤ ਕਾਮਿਆਂ ਲਈ 225 ਰੁਪਏ ਮਾਹਵਾਰ ਦੀ ਦਰ ਨਿਸਚਿਤ ਕੀਤੀ ਗਈ ਸੀ। ਕੰਡੀ ਅਤੇ ਹੋਰ ਇਲਾਕਿਆਂ ਵਿਚ ਜ਼ਰਾਇਤੀ ਮਜ਼ਦੂਰੀ ਦੀ ਰੋਜ਼ਾਨਾ ਦਰ ਕ੍ਰਮਵਾਰ 8.70 ਰੁਪਏ ਅਤੇ 9.70 ਰੁਪਏ ਨਿਯਤ ਕੀਤੀ ਗਈ ਸੀ । ਇਨ੍ਹਾਂ ਦਰਾਂ ਵਿਚ ਹਰ ਤਿੰਨਾਂ ਸਾਲਾਂ ਮਗਰੋਂ ਸੋਧ ਕੀਤੀ ਜਾਂਦੀ ਹੈ ਅਤੇ ਇਸ ਵੇਲੇ ਇਹ ਦਰਾਂ ਆਮ ਇੰਜੀਨੀਅਰਿੰਗ ਅਤੇ ਸੂਚੀਬੱਧ ਉਦਯੋਗਾਂ ਵਿਚ 283 ਰੁਪਏ ਮਾਹਵਾਰ ਅਤੇ ਕੰਡੀ ਤੇ ਹੋਰ ਇਲਾਕਿਆਂ ਵਿਚ ਜ਼ਰਾਇਤੀ ਕਾਮਿਆਂ ਲਈ ਕ੍ਰਮਵਾਰ 11.02 ਅਤੇ 12.02 ਰੁਪਏ ਰੋਜ਼ਾਨਾ ਹਨ ।

ਘੱਟੋ ਘੱਟ ਉਜਰਤ ਐਕਟ, 1948 ਦੀ ਧਾਰਾ 3 ਅਨੁਸਾਰ ਹਰ ਪੰਜਾਂ ਸਾਲਾਂ ਮਗਰੋਂ ਘੱਟੋ ਘੱਟ ਉਜ਼ਰਤਾਂ ਦੀਆਂ ਦਰਾਂ ਸੋਧਣ ਦੀ ਲੋੜ ਹੈ ਪਰ ਰਾਜ ਸਰਕਾਰ ਨੇ ਇਹ ਕੰਮ ਹਰ ਤਿੰਨ ਸਾਲ ਮਗਰੋਂ ਕਰਨ ਦਾ ਫੈਸਲਾ ਕੀਤਾ ਹੈ । ਮਜ਼ਦੂਰਾਂ ਵਲੋਂ ਮਜ਼ਦੂਰੀ ਦੀ ਦਰ ਸੋਧਣ ਦੀ ਕੀਤੀ ਜਾ ਰਹੀ ਲਗਾਤਾਰ ਮੰਗ ਨੂੰ ਮੁੱਖ ਰਖਦੇ ਹੋਏ ਸਰਕਾਰ ਨੇ ਕਿਰਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇਕ ਤਿੰਨ ਪੱਖੀ ਮਾਹਿਰ ਕਮੇਟੀ ਕਾਇਮ ਕੀਤੀ ਹੈ । ਇਹ ਕਮੇਟੀ ਘੱਟੋ ਘੱਟ ਉਜਰਤਾਂ ਦੀਆਂ ਮੌਜੂਦਾ ਦਰਾਂ ਨੂੰ ਸੋਧਣ ਅਤੇ ਪਰਚੂਨ ਕੀਮਤਾਂ ਦੇ ਸੂਚਕ-ਅੰਕ ਵਿਚ ਹੋਈਆਂ ਤਬਦੀਲੀਆਂ ਦੇ ਮੁਤਾਬਕ ਇਨ੍ਹਾਂ ਨੂੰ ਸੋਧਣ ਦਾ ਫਾਰਮੂਲਾ ਲੱਭਣ ਦੀ ਲੋੜ ਤੇ ਵਿਚਾਰ ਕਰੇਗੀ ।

ਰੋਜ਼ਗਾਰ

ਰਾਜ ਸਰਕਾਰ ਰਾਜ ਵਿਚੋਂ ਬੇਰੋਜ਼ਗਾਰੀ ਖ਼ਤਮ ਕਰਨ ਦੀ ਲੋੜ ਤੋਂ ਭਲੀ ਭਾਂਤ ਸੁਚੇਤ ਹੈ । ਰਾਜ ਸਰਕਾਰ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਤਕਨੀਕੀ ਖੇਤਰ ਵਿਚ ਵਧ ਰਹੀ ਬੇਰੋਜ਼ਗਾਰੀ ਨੂੰ ਕਾਫ਼ੀ ਹੱਦ ਤਕ ਠੱਲ੍ਹ ਪਈ ਹੈ । ਰੋਜ਼ਗਾਰ ਕੇਂਦਰਾਂ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 30 ਸਤੰਬਰ, 1980 ਤਕ ਇਕ ਸਾਲ ਦੇ ਸਮੇਂ ਵਿਚ ਤਕਨੀਕੀ ਬੇਰੋਜ਼ਗਾਰੀ ਵਿਚ ਕੇਵਲ 0.55% ਦਾ ਨਾਂ-ਮਾਤਰ ਵਾਧਾ ਹੋਇਆ ਹੈ ਅਤੇ ਡਿਪਲੋਮਾ-ਇੰਜੀਨੀਅਰਾਂ, ਆਈ. ਟੀ. ਆਈ. ਤੋਂ ਸਿਖਲਾਈ ਪ੍ਰਾਪਤ ਵਿਅੱਕਤੀਆਂ ਖੇਤੀਬਾੜੀ ਗ੍ਰੈਜੂਏਟਾਂ/ਪੋਸਟ ਗ੍ਰੈਜੂਏਟਾਂ ਅਤੇ ਪੋਸਟ ਗ੍ਰੈਜੂਏਟਾਂ (ਨਵੇਂ) ਦੇ ਸਬੰਧ ਵਿਚ ਏਸੇ ਅਰਸੇ ਦੇ ਦੌਰਾਨ ਬਰੋਜ਼ਗਾਰੀ ਦੀ ਮਾਤਰਾ ਵਿਚ ਕਮੀ ਹੋਈ। ਕੱਚੇ ਅਨੁਮਾਨਾਂ ਅਨੁਸਾਰ 1981-82 ਦੀ ਸਾਲਾਨਾ ਯੋਜਨਾ ਨਾਲ 29,000 ਵਿਅੱਕਤੀਆਂ ਲਈ ਸਿੱਧੇ ਤੌਰ ਤੇ ਵਾਧੂ ਰੋਜ਼ਗਾਰ ਪੈਦਾ ਹੋਣ ਦੀ ਆਸ ਹੈ, ਜਦ ਕਿ ਇਸ ਸਾਲ ਦੇ ਦੌਰਾਨ 28,000 ਵਿਅਕਤੀਆਂ ਨੂੰ ਰੋਜ਼ਗਾਰ ਮਿਲਣ ਦੀ ਸੰਭਾਵਨਾ ਹੈ । (ਥੰਪਿੰਗ) ਰੋਜ਼ਗਾਰ ਦੇ ਇਹ ਵਾਧੂ ਮੌਕੇ ਪੈਦਾ ਕਰਨ ਤੋਂ ਇਲਾਵਾ 1981-82 ਦੀ ਸਾਲਾਨਾ ਯੋਜਨਾ ਪਹਿਲੇ ਸਾਲ ਦੇ ਦੌਰਾਨ ਰੋਜ਼ਗਾਰ ਦੇ ਵਧੇ ਮੌਕਿਆਂ ਨੂੰ ਬਰਕਰਾਰ ਰਖੇਗੀ ਅਤੇ ਆਰਥਕਤਾ ਦੇ ਸਾਰੇ ਖੇਤਰਾਂ ਵਿਚ ਅਸਿੱਧੇ ਤੌਰ ਤੇ ਰੋਜ਼ਗਾਰ ਦੇ ਹੋਰ ਮੌਕੇ ਵੀ ਪੈਦਾ ਕਰੇਗੀ ।

ਮਾਨਯੋਗ ਮੈਂਬਰਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ 3,600 ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧ ਰਖਣ ਵਾਲੇ ਪੜ੍ਹੇ ਲਿਖੇ ਬੇਰੋਜ਼ਗਾਰਾਂ ਨੂੰ ਦਿਤੇ ਜਾਣ ਵਾਲੇ ਬੇਰੋਜ਼ਗਾਰੀ ਭੱਤੇ ਦੀ ਦਰ ਦਸਵੀਂ ਪਾਸਾਂ ਲਈ 40 ਤੋਂ 80 ਰੁਪਏ ਮਾਹਵਾਰ ਅਤੇ ਗ੍ਰੈਜੂਏਟਾਂ ਲਈ 50 ਰੁਪਏ ਤੋਂ 100 ਰੁਪਏ ਮਾਹਵਾਰ ਕਰ ਦਿਤੀ ਗਈ ਹੈ । (ਥੰਪਿੰਗ)

ਰਾਸ਼ਟਰੀ ਨਾਇਕਾਂ ਲਈ ਯਾਦਗਾਰਾਂ

ਸਰਕਾਰ ਆਪਣੇ ਰਾਸ਼ਟਰੀ ਨਾਇਕਾਂ ਦੇ ਸਨਮਾਨ ਦਾ ਪ੍ਰਗਟਾ ਕਰਨ ਲਈ ਉਚਿਤ ਯਾਦਗਾਰਾਂ ਸਥਾਪਤ ਕਰਕੇ ਅਤੇ ਮੌਜੂਦਾ ਯਾਦਗਾਰਾਂ ਦੀ ਚੰਗੇਰੀ ਸੰਭਾਲ ਕਰਕੇ ਰਾਸ਼ਟਰੀ ਵਿਰਸੇ ਨੂੰ ਸੁਰੱਖਿਅਤ ਕਰਨ ਦੀ ਇਛੁਕ ਹੈ । ਸ਼ਹੀਦ ਭਗਤ ਸਿੰਘ ਦੀ ਸਮਾਧੀ ਵਾਲੀ ਯਾਦਗਾਰ ਤੇ ਹੋਰ 25 ਲੱਖ ਰੁਪਏ ਦੀ ਰਕਮ ਖ਼ਰਚ ਕਰਕੇ ਉਸ ਨੂੰ ਹੋਰ ਸੁੰਦਰ ਅਤੇ ਬਿਹਤਰ ਬਣਾਉਣ ਦੀ ਤਜਵੀਜ਼ ਹੈ । (ਥੰਪਿੰਗ) ਜੈਤੋਂ ਪੁਲਿਸ ਸਟੇਸ਼ਨ ਦੀ ਉਸ ਕੋਠੜੀ ਨੂੰ, ਜਿਥੇ ਪੰਡਤ ਜਵਾਹਰ ਲਾਲ ਜੀ ਨਹਿਰੂ ਨੂੰ ਨਜ਼ਰਬੰਦ ਕੀਤਾ ਗਿਆ ਸੀ, 10.00 ਲੱਖ ਰੁਪਏ ਦੀ ਲਾਗਤ ਨਾਲ ਨਹਿਰੂ ਮੈਮੋਰੀਅਲ ਵਿਚ ਬਦਲਣ ਦੀ ਤਜਵੀਜ਼ ਹੈ । (ਥੰਪਿੰਗ)

ਅਮਨ ਅਤੇ ਕਾਨੂੰਨ ਮਸ਼ੀਨਰੀ ਦਾ ਸੁਧਾਰ

ਮੌਜੂਦਾ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਤੁਰੰਤ ਬਾਅਦ ਹੀ ਵਧੇ ਹੋਏ ਭੱਤਿਆਂ ਦੀ ਪਰਵਾਨਗੀ ਸਮੇਤ ਵੱਖ ਵੱਖ ਲਾਭ-ਸਹੂਲਤਾਂ ਮੁਹੱਈਆ ਕਰਕੇ ਪੁਲਿਸ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਸੁਧਾਰਨ ਲਈ ਕਦਮ ਚੁਕੇ ਜਾ ਰਹੇ ਹਨ । ਸਰਕਾਰ ਨੇ ਹੁਣ ਪੁਲਿਸ ਫੋਰਸ ਨੂੰ ਇਹ ਵਿਸ਼ੇਸ਼ ਲਾਭ/ਰਿਆਇਤਾਂ ਦੇਣ ਦਾ ਫ਼ੈਸਲਾ ਕੀਤਾ ਹੈ:—

(i) ਪੁਲਿਸ ਵਿਭਾਗ ਦੇ ਹੋਰ ਅਹੁਦਿਆਂ ਵਾਂਗ ਨਾਨ-ਗਜ਼ਟਿਡ ਅਫ਼ਸਰਾਂ ਨੂੰ ਗਜ਼ਟਿਡ ਛੁੱਟੀਆਂ ਵਿਚ ਕੰਮ ਕਰਨ ਬਦਲੇ ਇਵਜ਼ਾਨਾ,

(ii) ਸਬ-ਡਵੀਜ਼ਨ ਦੇ ਇਨਚਾਰਜ ਦੇ ਤੌਰ ਤੇ ਤਾਇਨਾਤ ਹੋਏ ਡੀ. ਐਸ. ਪੀਜ਼ ਨੂੰ ਮੁਫ਼ਤ ਰਿਹਾਇਸ਼,

[ਵਿੱਤ ਮੰਤਰੀ]

(iii) ਡੀ. ਐਸ. ਪੀਜ਼ ਨੂੰ ਪੀ. ਸੀ. ਐਸ. ਅਫ਼ਸਰਾਂ ਦੇ ਬਰਾਬਰ 940-1850 ਰੁਪਏ ਦਾ ਟਾਈਮ ਸਕੇਲ । (ਥੰਪਿੰਗ)

ਸਰਕਾਰ ਚਾਰ ਵੱਡੇ ਸ਼ਹਿਰਾਂ, ਭਾਵ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਚ ਅਮਨ ਅਤੇ ਕਾਨੂੰਨ ਦੇ ਪ੍ਰਬੰਧਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਇਨ੍ਹਾਂ ਸ਼ਹਿਰਾਂ ਵਿਚ ਪੁਲਿਸ ਫੋਰਸ ਵਧਾਉਣ ਬਾਰੇ ਵਿਚਾਰ ਕਰ ਰਹੀ ਹੈ ।

ਸਰਕਾਰ ਨੇ ਅੰਦਰੂਨੀ ਸੁਰੱਖਿਆ ਡਿਊਟੀਅ ਲਈ 2 ਪੀ. ਏ. ਪੀ. ਬਟਾਲੀਅਨਾਂ ਦੀ ਮਨਜ਼ੂਰੀ ਦੇ ਦਿੱਤੀ ਹੈ । ਇਕ ਪੀ.ਏ.ਪੀ. ਬਟਾਲੀਅਨ 1980-81 ਵਿਚ ਬਣਾਈ ਜਾਵੇਗੀ ਅਤੇ ਦੂਜੀ 1981-82 ਵਿਚ ਕਾਇਮ ਕੀਤੀ ਜਾਵੇਗੀ ।

ਰਾਜ ਸਰਕਾਰ ਪੁਲਿਸ ਕਰਮਚਾਰੀਆਂ ਲਈ ਮਕਾਨਾਂ ਸਬੰਧੀ ਸਹੂਲਤਾਂ ਵਿਚ ਜਲਦੀ ਵਾਧਾ ਕਰਨ ਦੀ ਇੱਛੁਕ ਹੈ ਅਤੇ ਨਵੇਂ ਮਕਾਨਾਂ ਦੀ ਉਸਾਰੀ ਲਈ 400.00 ਲੱਖ ਰੁਪਏ ਤਕ ਦੇ ਫੰਡਾਂ ਦਾ ਉਪਬੰਧ ਕੀਤਾ ਜਾ ਰਿਹਾ ਹੈ । ਇਸ ਮੰਤਵ ਲਈ ਸਾਲ 1980-81 ਦੇ ਦੌਰਾਨ 150.00 ਲਖ ਰੁਪਏ ਮੁਹੱਈਆ ਕੀਤੇ ਗਏ ਹਨ ਅਤੇ ਪੰਜਾਬ ਮਕਾਨ ਉਸਾਰੀ ਅਤੇ ਵਿਕਾਸ ਬੋਰਡ, ਜਿਹੜਾ ਇਨ੍ਹਾਂ ਮਕਾਨਾਂ ਦੀ ਉਸਾਰੀ ਕਰਦਾ ਹੈ, ਹੁਡਕੋ ਪਾਸੋਂ 250.00 ਲੱਖ ਰੁਪਏ ਦਾ ਕਰਜ਼ਾ ਲਵੇਗਾ । ਇਨ੍ਹਾਂ ਫੰਡਾਂ ਨਾਲ 550 ਕਰਮਚਾਰੀਆਂ ਲਈ ਬੈਰਕਾਂ ਸਮੇਤ 550 ਮਕਾਨ ਬਣਾਏ ਜਾਣਗੇ ।

ਪੁਲਿਸ ਸਟੇਸ਼ਨ, ਜਿਹੜੇ ਇਸ ਵੇਲੇ ਜਾਂ ਤਾਂ ਕਿਰਾਏ ਦੀਆਂ ਬਿਲਡਿੰਗਾਂ ਵਿਚ ਹਨ ਜਾਂ ਖ਼ਸਤਾ ਬਿਲਡਿੰਗਾਂ ਵਿਚ ਹਨ, ਲਈ ਵੀ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਫਲੱਸ਼ ਟਾਈਪ ਟੱਟੀਆਂ ,ਵੇਟਿੰਗ ਰੂਮ ਆਦਿ ਜਿਹੀਆਂ ਆਧੁਨਿਕ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ । ਮੌਜੂਦਾ ਪੁਰਾਣੀਆਂ ਇਮਾਰਤਾਂ ਵਿਚ ਵੀ ਅਜਿਹੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਅੱਜ ਦੀਆਂ ਲੋੜਾਂ ਮੁਤਾਬਕ ਰਹਿਣਯੋਗ ਬਣ ਸਕਣ ।

ਇਸ ਤੋਂ ਇਲਾਵਾ ਪੁਲਿਸ ਜੁਰਮ ਰਿਕਾਰਡ ਆਦਿ ਨੂੰ ਆਧੁਨਿਕ ਲੀਹਾਂ ਉਤੇ ਸੰਭਾਲਣ ਦੇ ਆਸ਼ੇ ਨਾਲ ਸਟੇਟ ਸੀ. ਆਈ. ਡੀ. ਚੰਡੀਗੜ੍ਹ ਵਿਖੇ ਇਕ ਕੰਪਿਊਟਰ ਲਾਉਣ ਦਾ ਫੈਸਲਾ ਕੀਤਾ ਗਿਆ ਹੈ । ਕੰਪਿਊਟਰ ਖ਼ਰੀਦਣ ਲਈ ਫੰਡ ਪੁਲਿਸ ਫੋਰਸ ਦੇ ਆਧੁਨਿਕੀਕਰਣ ਸਕੀਮ ਅਧੀਨ ਭਾਰਤ ਸਰਕਾਰ ਪਾਸੋਂ ਕਰਜ਼ੇ ਅਤੇ ਗ੍ਰਾਂਟ ਦੇ ਰੂਪ ਵਿਚ ਮੁਹੱਈਆ ਕੀਤੇ ਜਾ ਰਹੇ ਹਨ । ਚਾਲੂ ਸਾਲ ਵਿਚ ਕੰਪਿਊਟਰ ਫੇਜ਼ I ਖਰੀਦਣ ਲਈ ਭਾਰਤ ਸਰਕਾਰ ਵਲੋਂ 27.18 ਲੱਖ ਰੁਪਏ ਦੀ ਰਕਮ ਸਾਲ 1979-80 ਵਿਚ ਰਿਲੀਜ਼ ਕੀਤੀ ਗਈ ਸੀ ।

ਕੰਪਿਊਟਰ ਫੇਜ਼ 11 ਸਬੰਧੀ, ਜਿਹੜਾ ਕਿ ਚਾਲੂ ਸਾਲ ਦੇ ਦੌਰਾਨ ਸਥਾਪਤ ਕੀਤਾ ਜਾਣਾ ਹੈ, ਭਾਰਤ ਸਰਕਾਰ ਨੂੰ ਪਹਿਲਾਂ ਹੀ ਚਾਲੂ ਵਿੱਤੀ ਸਾਲ ਦੇ ਦੌਰਾਨ 53.37 ਲੱਖ ਰੁਪਏ ਦੀ ਰਕਮ ਕਰਜ਼ੇ ਅਤੇ ਗ੍ਰਾਂਟ ਵਜੋਂ ਦੇਣ ਲਈ ਬੇਨਤੀ ਕੀਤੀ ਗਈ ਹੈ ।

ਭਾਰਤ ਸਰਕਾਰ ਨੇ ਪੁਲਿਸ ਫੋਰਸ ਦੇ ਆਧੁਨਿਕੀਕਰਣ ਸਕੀਮ ਅਧੀਨ ਰਾਜ ਵਿਚ ਰਾਜ ਫਰੈਂਜ਼ਿਕ ਸਾਇੰਸ ਪ੍ਰਯੋਗਸ਼ਾਲਾ ਦੀ ਇਮਾਰਤ ਦੀ ਉਸਾਰੀ ਲਈ ਕੇਂਦਰੀ ਵਿਤੀ ਸਹਾਇਤਾ ਵਜੋਂ 10.00 ਲੱਖ ਰੁਪਏ ਦੇਣ ਦਾ ਵੀ ਫੈਸਲਾ ਕੀਤਾ ਹੈ

ਸਰਕਾਰੀ ਕਰਮਚਾਰੀਆਂ ਨੂੰ ਰਿਆਇਤਾਂ ਅਤੇ ਸਹੂਲਤਾਂ

ਰਾਜ ਦੀ ਕਠਨ ਵਿੱਤੀ ਸਥਿਤੀ ਅਤੇ ਅਤਿਅੰਤ ਸੀਮਤ ਸਾਧਨਾਂ ਦੇ ਬਾਵਜੂਦ, ਸਰਕਾਰ ਆਪਣੇ ਕਰਮਚਾਰੀਆਂ ਅਤੇ ਸਮਾਜ ਦੇ ਹੋਰ ਵਰਗਾਂ ਦੀ ਭਲਾਈ ਦੀ ਚਾਹਵਾਨ ਹੈ ਅਤੇ ਇਸ ਦੀ ਪੂਰਤੀ ਲਈ ਜ਼ਰੂਰੀ ਉਪਾਅ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ:—

(ੳ) ਦੂਜੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਦੇ ਹੋਏ ਸਰਕਾਰ ਨੇ ਕਰਮਚਾਰੀਆਂ ਦੇ ਤਨਖਾਹ ਸਕੇਲ ਅਤੇ ਹੋਰ ਭੱਤੇ ਸੋਧਣ ਦੇ ਆਦੇਸ਼ ਜਾਰੀ ਕਰ ਦਿੱਤੇ ਹਨ । ਇਸ ਸੋਧ ਅਨੁਸਾਰ ਪਹਿਲੀ ਜਨਵਰੀ, 1978 ਤੋਂ ਵਧੀਕ ਤਨਖਾਹਾਂ ਅਤੇ ਬਕਾਏ ਆਦਿ ਦੇਣ ਦੇ ਕਾਰਨ ਰਾਜ ਦੇ ਖ਼ਜ਼ਾਨੇ ਉਤੇ ਲਗਭਗ 25.00 ਕਰੋੜ ਰੁਪਏ ਦਾ ਵਾਧੂ ਭਾਰ ਪਿਆ ਹੈ;

(ਅ) ਮਹਿੰਗਾਈ ਭੱਤੇ ਦੀਆਂ ਵਧੀਕ ਕਿਸ਼ਤਾਂ ਪਹਿਲੀ ਮਈ, 1980 ਅਤੇ ਪਹਿਲੀ ਜੁਲਾਈ, 1980 ਤੋਂ ਦਿਤੀਆਂ ਗਈਆਂ ਹਨ । ਕੇਂਦਰੀ ਪੈਟਰਨ ਨੂੰ ਅਪਣਾਉਂਦੇ ਹੋਏ ਇਕ ਹੋਰ ਵਧੀਕ ਮਹਿੰਗਾਈ ਭੱਤਾ ਕਿਸ਼ਤ ਪਹਿਲੀ ਸਤੰਬਰ, 1980 ਤੋਂ 1,400 ਰੁਪਏ ਮਾਹਵਾਰ ਤੱਕ ਤਨਖਾਹ ਲੈਣ ਵਾਲੇ ਕਰਮਚਾਰੀਆਂ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ । ਵਧੀਕ ਮਹਿੰਗਾਈ ਭੱਤੇ ਦੀਆਂ ਇਨ੍ਹਾਂ ਤਿੰਨ ਕਿਸ਼ਤਾਂ ਨਾਲ ਰਾਜ ਦੇ ਖਜ਼ਾਨੇ ਤੇ 12.00 ਕਰੋੜ ਰੁਪਏ ਸਾਲਾਨਾ ਭਾਰ ਪਵੇਗਾ;

(ੲ) 1 ਮਈ, 1980 ਤੋਂ ਪੈਨਸ਼ਨਰਾਂ ਨੂੰ ਤਦ-ਅਰਥ ਰਾਹਤ ਦੀ ਇਕ ਕਿਸ਼ਤ ਦਿੱਤੀ ਗਈ ਹੈ । ਪੈਨਸ਼ਨਰਾਂ ਨੂੰ 1 ਸਤੰਬਰ, 1980 ਤੋਂ ਵੀ ਤਦ-ਅਰਥ ਰਾਹਤ ਦੀ ਇਕ ਕਿਸ਼ਤ ਦੇਣ ਦਾ ਫੈਸਲਾ ਕੀਤਾ ਗਿਆ ਹੈ । ਤਦ-ਅਰਥ ਰਾਹਤ ਦੀਆਂ ਇਨ੍ਹਾਂ ਦੋ ਕਿਸ਼ਤਾਂ ਨਾਲ ਸਰਕਾਰੀ ਖਜ਼ਾਨੇ ਉਪਰ 60.00 ਲੱਖ ਰੁਪਏ ਸਾਲਾਨਾ ਦਾ ਭਾਰ ਪਵੇਗਾ;

(ਸ) ਪੰਜਾਬ ਦੇ ਦੂਜੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੈਨਸ਼ਨ ਲਾਭਾਂ ਵਿਚ ਵਾਧਾ ਕੀਤਾ ਗਿਆ ਹੈ । ਪਹਿਲੀ ਜਨਵਰੀ, 1978 ਤੋਂ ਪਿਛੋਂ ਰਿਟਾਇਰ ਹੋਏ ਕਰਮਚਾਰੀਆਂ ਦੇ ਸਬੰਧ ਵਿਚ ਕੇਂਦਰ ਦੇ ਪੈਟਰਨ ਤੇ ਨਵਾਂ ਪੈਨਸ਼ਨ ਅਤੇ ਪਰਿਵਾਰ ਪੈਨਸ਼ਨ ਫਾਰਮੂਲਾ ਅਪਣਾਇਆ ਗਿਆ ਹੈ । ਪੈਨਸ਼ਨ ਦੀ ਵਧ ਤੋਂ ਵਧ ਹੱਦ 1,000 ਰੁਪਏ ਤੋਂ ਵਧਾ ਕੇ 1,500 ਰੁਪਏ ਮਾਹਵਾਰ ਕਰ ਦਿਤੀ ਗਈ ਹੈ । ਪੈਨਸ਼ਨ ਅਤੇ ਪਰਿਵਾਰਕ ਪੈਨਸ਼ਨ ਦੀ ਘਟ ਤੋਂ ਘਟ ਰਕਮ ਕ੍ਰਮਵਾਰ 115 ਰੁਪਏ ਤੋਂ ਵਧਾ ਕੇ 150 ਰੁਪਏ ਅਤੇ 95 ਰੁਪਏ ਤੋਂ ਵਧਾ ਕੇ 125 ਰੁਪਏ ਮਾਹਵਾਰ ਕਰ ਦਿਤੀ ਗਈ ਹੈ;

(ਹ) ਬੇਟ ਦੇ 1253 ਹੋਰ ਪਿੰਡਾਂ ਵਿਚ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਮੁਆਵਜ਼ਾ ਭੱਤਾ ਪ੍ਰਵਾਨ ਕੀਤਾ ਗਿਆ ਹੈ; (ਥੰਪਿੰਗ)

(ਕ) ਵਰਗ 4 ਦੇ ਕਰਮਚਾਰੀਆਂ ਨੂੰ ਮੌਜੂਦਾ ਇਕ ਦੀ ਥਾਂ ਗਰਮੀਆਂ ਦੀਆਂ ਦੋ ਵਰਦੀਆਂ ਦੇਣ ਦਾ ਫੈਸਲਾ ਕੀਤਾ ਗਿਆ ਹੈ; (ਥੰਪਿੰਗ)

(ਖ) ਜੇਲ੍ਹ ਵਾਰਡਨਾਂ ਨੂੰ ਵੀ ਵਰਦੀਆਂ ਦੇਣ ਦਾ ਫੈਸਲਾ ਕੀਤਾ ਗਿਆ ਹੈ ;ਅਤੇ

(ਗ) ਰਾਜ ਦੇ ਸਾਰੇ ਪੱਕੇ ਤੌਰ ਤੇ ਅਪਾਹਜ ਵਿਅੱਕਤੀਆਂ ਨੂੰ 50 ਰੁਪਏ ਮਹੀਨਾ ਦੀ ਦਰ ਨਾਲ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਗਿਆ ਹੈ (ਥੰਪਿੰਗ)

(ਘ) 3,600 ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧ ਰਖਣ ਵਾਲੇ ਮੈਟ੍ਰਿਕ ਪਾਸ ਅਤੇ ਗ੍ਰੈਜੂਏਟ ਬੇ-ਰੋਜ਼ਗਾਰਾਂ ਨੂੰ ਦਿਤਾ ਜਾਣ ਵਾਲਾ ਭਤਾ ਕ੍ਰਮਵਾਰ 40 ਤੋਂ 50 ਰੁਪਏ

[ਵਿੱਤ ਮੰਤਰੀ]

ਅਤੇ 80 ਤੋਂ 100 ਰੁਪਏ ਕੀਤਾ ਜਾ ਰਿਹਾ ਹੈ ।

ਫਰੀਡਮ ਫਾਈਟਰਜ਼ ਦੀ ਪੈਨਸ਼ਨ 50 ਰੁ: ਮਹੀਨਾ ਤੋਂ ਵਧਾ ਕੇ 100 ਰੁਪਏ ਮਹੀਨਾ ਕਰ ਦਿਤੀ ਗਈ ਹੈ ।

ਉਪਰੋਕਤ ਸਾਰੀਆਂ ਰਿਆਇਤਾਂ ਦੇਣ ਨਾਲ ਸਰਕਾਰੀ ਖਜ਼ਾਨੇ ਉਤੇ 41.50 ਕਰੋੜ ਰੁਪਏ ਸਾਲਾਨਾ ਦਾ ਭਾਰ ਪਵੇਗਾ ।

ਲੇਖੇ 1979-85

ਮੈਂ ਹੁਣ ਮਾਨਯੋਗ ਮੈਂਬਰਾਂ ਦਾ ਧਿਆਨ ਵਾਸਤਵਿਕ ਡੈਟੇ ਵੱਲ ਦਿਵਾਉਣਾ ਚਾਹਾਂਗਾ, ਜਿਹੜਾ ਕਿ ਬਜਟ ਦਾ ਹੀ ਇਕ ਭਾਗ ਹੈ । ਸੋਧੇ ਅਨੁਮਾਨਾਂ 1979-80 ਅਨੁਸਾਰ ਇਹ ਸਾਲ 17.09 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਸੀ । ਐਪਰ, ਅਕਾਊਂਟੈਂਟ ਜਨਰਲ, ਪੰਜਾਬ ਤੋਂ ਪ੍ਰਾਪਤ ਹੋਏ ਆਰਜ਼ੀ ਅੰਕੜਿਆਂ ਅਨੁਸਾਰ 1979-80 ਦਾ ਸਾਲ ਵਾਸਤਵ ਵਿਚ 28.04 ਕਰੋੜ ਰੁਪਏ ਘਾਟੇ ਨਾਲ ਸਮਾਪਤ ਹੋਇਆ । ਇਸ ਲਈ 1979-80 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ ਤੇ ਸਮੁੱਚੀ ਬਜਟੀ ਸਥਿਤੀ 10.95 ਕਰੋੜ ਰੁਪਏ ਦੇ ਖੱਪੇ ਨੂੰ ਦਰਸਾਉਂਦੀ ਹੈ । ਸਮੁੱਚੀ ਬਜਟੀ ਸਥਿਤੀ ਵਿਚ 10.95 ਕਰੋੜ ਰੁਪਏ ਦਾ ਖੱਪਾ ਕਰਜ਼ਿਆਂ ਤੇ ਪੇਸ਼ਗੀਆਂ ਦੀਆਂ ਉਗਰਾਹੀਆਂ ਵਿਚ 6.24 ਕਰੋੜ ਰੁਪਏ ਦੀ ਕਮੀ ਅਤੇ ਵਿਕਰੀ ਕਰ ਦੀਆਂ 5.21 ਕਰੋੜ ਰੁਪਏ ਦੀਆਂ ਘਟ ਪ੍ਰਾਪਤੀਆਂ ਕਰ ਕੇ ਹੈ । ਸੋਧੇ ਅਨੁਮਾਨਾਂ ਅਤੇ ਸਾਲ 1979-80 ਦੇ ਲੇਖਿਆਂ ਵਿਚਕਾਰਲੇ ਅੰਤਰ ਨੂੰ ਵਿਸਤਾਰ ਵਿਚ ਬਜਟ ਦੇ ਵਿਆਖਿਆਤਮਕ ਮੈਮੋਰੰਡਮ ਵਿਚ ਬਿਆਨ ਕੀਤਾ ਗਿਆ ਹੈ ।

ਸੋਧੇ ਅਨੁਮਾਨ 1980-81

ਸਾਲ 1980-81 ਦੇ ਸੋਧੇ ਅਨੁਮਾਨਾਂ ਅਨੁਸਾਰ ਇਹ ਸਾਲ 70.00 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਸੀ। ਇਸ ਵਿਚੋਂ 41.96 ਕਰੋੜ ਰੁਪਏ ਇਸ ਸਾਲ ਦੇ ਲੈਣ ਦੇਣ ਅਤੇ 28.04 ਕਰੋੜ ਰੁਪਏ ਸਾਲ 1979-80 ਦੇ ਅਗੇ ਲਿਆਂਦੇ ਘਾਟੇ ਵਜੋਂ ਹੈ । ਹੁਣ 1980-81 ਦੇ ਸੋਧੇ ਅਨੁਮਾਨਾਂ ਅਨੁਸਾਰ, ਜੋ ਕਿ ਸਦਨ ਅਗੇ ਪੇਸ਼ ਕੀਤੇ ਜਾ ਰਹੇ ਹਨ, ਇਹ ਸਾਲ 67.35 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਹੈ । ਇਸ ਲਈ, ਰਾਜ ਦੀ ਸਮੁੱਚੀ ਬਜਟੀ ਸਥਿਤੀ ਬਜਟ ਅਨੁਮਾਨ 1980-81 ਦੇ ਮੁਕਾਬਲੇ ਤੇ, 1980-81 ਦੇ ਸੋਧੇ ਬਜਟ ਅਨੁਮਾਨਾਂ ਅਨੁਸਾਰ 2.65 ਕਰੋੜ ਰੁਪਏ ਤਕ ਸੁਧਰੀ ਹੈ । ਜਿਵੇਂ ਕਿ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਇਨੀ ਮਾੜੀ ਵਿੱਤੀ ਹਾਲਤ ਹੋਣ ਦੇ ਬਾਵਜੂਦ ਸਾਡੀ ਸਰਕਾਰ ਨੇ ਯੋਜਨਾ ਆਕਾਰ ਨੂੰ ਘਟਾਉਣ ਦੀ ਸੌਖੀ ਨੀਤੀ ਨੂੰ ਨਹੀਂ ਅਪਣਾਇਆ ਜਦ ਕਿ ਪਹਿਲੀ ਸਰਕਾਰ ਨੇ ਆਪਣੇ ਸਾਰੇ ਸ਼ਾਸਨ ਕਾਲ ਵਿਚ ਕਈ ਵੇਰਾਂ ਇਸ ਤਰ੍ਹਾਂ ਕੀਤਾ। ਅਸੀਂ ਸਗੋਂ ਯੋਜਨਾ ਆਕਾਰ ਵਿਚ ਸਾਲ 1979-80 ਨਾਲੋਂ ਸਾਲ 1980-81 ਵਿਚ 40.00 ਕਰੋੜ ਰੁਪਏ ਦਾ ਵਾਧਾ ਕੀਤਾ ਸੀ । (ਥੰਪਿੰਗ) ਸੋਧੇ ਅਨੁਮਾਨਾਂ ਵਿਚ ਯੋਜਨਾ ਆਕਾਰ ਨੂੰ ਜਿਉਂ ਦਾ ਤਿਉਂ ਕਾਇਮ ਰੱਖਿਆ ਹੈ । ਇਸ ਤੋਂ ਇਲਾਵਾ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੇ ਬਣਦੇ ਬਕਾਇਆਂ ਦੀ ਅਦਾਇਗੀ ਅਤੇ ਕਰਮਚਾਰੀਆਂ ਨੂੰ ਵਧੀਕ ਮਹਿੰਗਾਈ ਭਤੇ ਦੀਆਂ ਕਿਸ਼ਤਾਂ ਦੇਣ ਤੇ ਲਗ ਭਗ 25.00 ਕਰੋੜ ਰੁਪਏ ਖਰਚ ਕਰਨੇ ਪਏ (ਥੰਪਿੰਗ) । ਵਧੀਕ ਵਸੀਲੇ ਜੁਟਾਉਣ ਦੇ ਉਪਰਾਲੇ ਸਾਲ ਦੇ ਅਖੀਰ ਵਿਚ ਲਾਗੂ ਕੀਤੇ ਜਾ ਸਕੇ ਅਤੇ ਵਰਤਮਾਨ ਸਾਲ ਦੇ ਦੌਰਾਨ ਪੈਣ ਵਾਲਾ ਉਨ੍ਹਾਂ ਦਾ

ਅਸਰ ਕੇਵਲ 10.00 ਕਰੋੜ ਰੁਪਏ ਹੀ ਬਣਦਾ ਹੈ । ਇਹ ਵੀ ਮੁਕੰਮਲ ਤੌਰ ਤੇ ਖਤਮ ਕਰ ਦਿਤਾ ਗਿਆ ਹੈ, ਕਿਉਂਕਿ ਤਕਰੀਬਨ 10.00 ਕਰੋੜ ਰੁਪਏ ਦੇ ਹੋਰ ਉਪਬੰਧ ਰਾਜ ਟ੍ਰਾਂਸਪੋਰਟ ਅਦਾਰਿਆਂ ਨੂੰ ਚੈਸੀਆਂ ਖਰੀਦਣ ਅਤੇ ਵਰਕਸ਼ਾਪ ਸਹੂਲਤਾਂ ਦਾ ਸੁਧਾਰ ਕਰਨ ਲਈ ਪਰਵਾਨ ਕੀਤੇ ਗਏ ਹਨ ।

ਬਜਟ ਅਨੁਮਾਨ 1981-82

ਜਿਵੇਂ ਕਿ ਪਿਛਲੇ ਪੈਰੇ ਵਿਚ ਦਰਸਾਇਆ ਗਿਆ ਹੈ, 1980-81 ਦਾ ਸਾਲ 67.35 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦਾ ਅਨੁਮਾਨ ਹੈ । ਸਾਲ 1981-82 ਦੇ ਵਰਤਮਾਨ ਲੈਣ-ਦੇਣ ਕਾਰਣ ਘਾਟੇ ਦੀ ਰਕਮ 46.17 ਕਰੋੜ ਰੁਪਏ ਬਣ ਜਾਵੇਗੀ, ਜਿਸ ਦਾ ਵੇਰਵਾ ਨਿਮਨ ਅਨੁਸਾਰ ਹੈ:—

(ਰੁਪਏ ਕਰੋੜਾਂ ਵਿਚ)

I. ਮਾਲ ਲਖਾ—		
(ੳ) ਪ੍ਰਾਪਤੀਆਂ	..	615.10
(ਅ) ਖ਼ਰਚ	..	527.47
ਵਾਫ਼ਰ (ੳ-ਅ)	..	87.63
II. ਪੂੰਜੀਗਤ ਖ਼ਰਚ (ਨਿਰੋਲ)	..	114.64
III. ਲੋਕ ਰਿਣ—		
(ੳ) ਲਿਆ ਰਿਣ	..	537.50
(ਅ) ਅਦਾਇਗੀਆਂ	..	472.51
ਨਿਰੋਲ (ੳ-ਅ)	..	64.99
IV. ਕਰਜ਼ੇ ਅਤੇ ਪੇਸ਼ਗੀਆਂ—		
(ੳ) ਪੇਸ਼ਗੀਆ	..	166.20
(ਅ) ਵਸੂਲੀਆਂ	.	67.40
ਨਿਰੋਲ (ੳ-ਅ)	..(—)	98.80
V. ਅੰਤਰ -ਰਾਜੀ ਲੇਖਾ ਸਮਾਧਾਨ (ਨਿਰੋਲ)		
VI. ਫੰਡ ਰਹਿਤ ਰਿਣ (ਨਿਰੋਲ)	..	10.80
VII. ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ)	..	3.85
VIII. ਲੈਣ-ਦੇਣ ਦਾ ਨਿਰੋਲ ਅਸਰ (I ਤੋਂ VII)	..(—)	46.17

[ਵਿਤ ਮੰਤਰੀ]

ਇਸ ਤਰ੍ਹਾਂ ਸਾਲ 1981-82 ਦੇ ਦੌਰਾਨ ਬਜਟੀ ਲੈਣ-ਦੇਣ ਦਾ ਨਿਰੋਲ ਅਸਰ 46.17 ਕਰੋੜ ਰੁਪਏ ਦਾ ਹੋਵੇਗਾ । 40.00 ਕਰੋੜ ਰੁਪਏ ਦਾ ਫਰਕ 1980-81 ਨਾਲੋਂ ਸਾਲ 1981-82 ਵਿਚ ਯੋਜਨਾ ਆਕਾਰ ਦੇ ਵਧ ਜਾਣ ਕਰਕੇ ਹੈ । ਬਾਕੀ 6.17 ਕਰੋੜ ਰੁਪਏ ਪ੍ਰਾਵੀਡੈਂਟ ਫੰਡਾਂ ਵਿਚ ਅਤੇ ਕਾਰਪੋਰੇਸ਼ਨ ਅਤੇ ਬੋਰਡਾਂ ਦੀਆਂ ਨਿਰੋਲ ਜਮ੍ਹਾਂ ਰਕਮਾਂ ਵਿਚ ਕਮੀ ਹੋਣ ਕਰਕੇ ਹੈ । 1980-81 ਦੇ ਅਖੀਰ ਤੇ 67.35 ਕਰੋੜ ਰੁਪਏ ਦੀ ਹੋਣ ਵਾਲੀ ਨੱਫੀ ਬਾਕੀ ਗਿਣਨ ਤੋਂ ਪਿਛੋਂ ਸਾਲ 1981-82 ਦੇ 113.52 ਕਰੋੜ ਰੁਪਏ ਦੇ ਘਾਟੇ ਨਾਲ ਖ਼ਤਮ ਹੋਣ ਦੀ ਸੰਭਾਵਨਾ ਹੈ ।

ਮਾਲੀ ਯਤਨ

ਕਿਸੇ ਸਮੇਂ ਸਾਨੂੰ ਜੀਅ-ਪ੍ਰਤੀ ਸਭ ਤੋਂ ਵਧ ਯੋਜਨਾ ਪੂੰਜੀ ਲਾਉਣ ਵਾਲਾ ਰਾਜ ਹੋਣ ਦਾ ਮਾਣ ਪ੍ਰਾਪਤ ਸੀ । ਹੁਣ ਸਾਡੀ ਸਥਿਤੀ ਤੀਜੀ ਹੋ ਗਈ ਹੈ, ਕਿਉਂਕਿ ਹਰਿਆਣਾ ਅਤੇ ਮਹਾਰਾਸ਼ਟਰ ਸਾਥੋਂ ਅਗੇ ਵੱਧ ਗਏ ਹਨ । ਇਹ ਇਸ ਕਰਕੇ ਹੋਇਆ ਕਿ ਪਹਿਲੀ ਸਰਕਾਰ ਦੇ ਰਾਜ-ਕਾਲ ਦੇ ਪਿਛਲੇ ਤਿੰਨ ਸਾਲਾਂ ਦੇ ਦੌਰਾਨ, ਵਧੀਕ ਸਾਧਨਾਂ ਦੇ ਜੁਟਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ । ਜਿੱਥੇ ਪਹਿਲੀ ਕਾਂਗ੍ਰਸ ਸਰਕਾਰ ਨੇ 1974-75 ਤੋਂ 1976-77 ਤਕ 56 ਕਰੋੜ ਰੁਪਏ ਦੇ ਵਧੀਕ ਸਾਧਨ ਜੁਟਾ ਲਏ ਸਨ, ਉੱਥੇ ਅਕਾਲੀ-ਜਨਤਾ ਸਰਕਾਰ ਆਪਣੇ ਤਿੰਨ ਸਾਲਾਂ ਦੇ ਰਾਜ-ਕਾਲ ਦੇ ਦੌਰਾਨ ਸਿਰਫ 6.80 ਕਰੋੜ ਦੇ ਵਧੀਕ ਸਾਧਨ ਹੀ ਜੁਟਾ ਸਕੀ, ਜੋ ਕਿ ਉਸ ਵਲੋਂ ਦਿਤੀਆਂ ਗਈਆਂ ਖੁਲ੍ਹੀਆਂ ਰਿਆਇਤਾਂ ਦੇ ਭਾਰ ਨੂੰ ਵੀ ਨਹੀਂ ਸਨ ਸਹਿਨ ਕਰ ਸਕਦੇ। ਦੂਜੇ ਪਾਸੇ ,ਰਾਜ ਦੇ ਸ਼ਾਨਦਾਰ ਵਿਕਾਸ ਪ੍ਰਾਜੈਕਟ ਫੰਡਾਂ ਖੁਣੋ ਠੱਪ ਰਹ ।

ਅਸੀਂ ਆਪਣੇ ਰਾਜ ਨੂੰ ਦੇਸ਼ ਚ ਸਭ ਤੋਂ ਅਗਾਂਹ-ਵਧੂ ਰਾਜ ਹੋਣ ਦਾ ਮਾਣ ਮੁੜ ਦਿਵਾਉਣ ਲਈ ਵਚਨਬੱਧ ਹਾਂ। (ਥੰਪਿੰਗ) ਵਧੀਕ ਸਾਧਨ ਜੁਟਾਉਣ ਦੀ ਵੱਡੀ ਲੋੜ ਦਾ ਮੁੱਖ ਆਧਾਰ ਇਹੀ ਹੈ, ਜਿਸ ਤੋਂ ਬਿਨਾਂ ਕੋਈ ਵੀ ਸਰਕਾਰ ਨਾ ਤਾਂ ਕੋਈ ਵਿਕਾਸ ਪ੍ਰੋਗਰਾਮ ਹੀ ਹੱਥ ਵਿਚ ਲੈ ਸਕਦੀ ਹੈ ਅਤੇ ਨਾ ਹੀ ਲੋਕਾਂ ਦੀ ਭਲਾਈ ਵਲ ਧਿਆਨ ਦੇ ਸਕਦੀ ਹੈ। ਰਾਜ ਟ੍ਰਾਂਸਪੋਰਟ ਅਦਾਰਿਆਂ ਨੂੰ ਪੈਂਦੇ ਘਾਟਿਆਂ ਨੂੰ ਪੂਰਾ ਕਰਨ ਲਈ ਚਾਲੂ ਸਾਲ ਦੇ ਸ਼ੁਰੂ ਵਿਚ ਅਸੀਂ ਬੱਸਾਂ ਦੇ ਕਿਰਾਏ ਵਿਚ ਘਟ ਤੋਂ ਘੱਟ ਵਾਧਾ ਕਰਕੇ ਇਸ ਪਾਸੇ ਛੋਟਾ ਜਿਹਾ ਉਪਰਾਲਾ ਕੀਤਾ ਸੀ ।

ਰਾਜ ਦੀਆਂ ਵਿਕਾਸ ਯੋਜਨਾਵਾਂ ਲਈ ਹੋਰ ਵਿੱਤੀ ਸਾਧਨ ਜੁਟਾਉਣ ਲਈ ਟੈਕਸਾਂ ਅਤੇ ਟੈਰਿਫਾਂ ਦੇ ਖੇਤਰ ਵਿਚ ਕੁਝ ਹੋਰ ਅਜਿਹੀਆਂ ਮੱਦਾਂ ਹਨ, ਜਿਵੇਂ ਸਰਕਾਰੀ ਸੇਵਾਵਾਂ ਅਤੇ ਸਹੂਲਤਾਂ, ਆਰਥਕ ਸਰਗਰਮੀਆਂ ਜਿਵੇਂ ਕਿ ਮੰਡੀਆਂ ਦਾ ਵਿਕਾਸ, ਸ਼ਹਿਰੀ ਮਿਲਖਾਂ ਅਤੇ ਉਦਯੋਗਕ ਮਿਲਖਾਂ ਆਦਿ, ਜਿਨ੍ਹਾਂ ਤੋਂ ਹੋਰ ਸਾਧਨ ਪ੍ਰਾਪਤ ਕਰਨ ਦੀ ਗੁੰਜਾਇਸ਼ ਹੈ । ਇਸ ਤੋਂ ਇਲਾਵਾ ਮੁਨਾਸਬ ਪ੍ਰਸ਼ਾਸਕੀ ਅਤੇ ਕਾਨੂੰਨੀ ਕਾਰਵਾਈਆਂ ਨਾਲ ਵੱਖ ਵੱਖ ਟੈਕਸਾਂ ਵਿਚ ਕੀਤੀ ਜਾਂਦੀ ਚੋਰੀ ਨੂੰ ਖ਼ਤਮ ਕਰਨ ਦੀ ਵੀ ਕਾਫ਼ੀ ਗੁੰਜਾਇਸ਼ ਹੈ । ਮੰਡੀਆਂ ਦੇ ਵਿਕਾਸ, ਸ਼ਹਿਰੀ ਮਿਲਖਾਂ ਅਤੇ ਉਦਯੋਗਕ ਮਿਲਖਾਂ ਆਦਿ ਵਰਗੀਆ ਆਰਥਿਕ ਸਰਗਰ-ਮੀਆਂ ਦੀ ਆਮਦਨ ਨੂੰ ਵਧਾਕੇ, ਆਬਕਾਰੀ ਨੀਤੀ ਵਿਚ ਉਚਿਤ ਸੁਧਾਰ ਕਰਕੇ ਅਤੇ ਘਰੇਲੂ ਵਪਾਰਕ ਅਤੇ ਉਦਯੋਗਕ ਖਪਤਕਾਰਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੀਆਂ ਦਰਾਂ ਵਿਚ ਮੁਨਾਸਬ ਵਾਧੇ ਕਰਕੇ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਕਾਰਜ ਪ੍ਰਣਾਲੀ ਵਿਚ ਸੁਧਾਰ ਕਰਕੇ ਲਗਭਗ 45.00 ਕਰੋੜ ਰੁਪਏ ਦੀ ਰਕਮ ਇੱਕਤਰ ਕੀਤੀ ਜਾਵੇਗੀ। ਵਿਕਰੀ ਕਰ ਦੀਆਂ ਦਰ ਦੀਆਂ ਸੋਧਾਂ ਨਾਲ ਗਰੀਬ ਜਨਤਾ ਤੇ ਅਸਰ ਨਹੀਂ ਪੈਣ ਦਿਤਾ ਜਾਵੇਗਾ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਵਿਕਰੀ ਕਰ ਦੀਆਂ ਦਰਾਂ ਦੀ ਗਿਣਤੀ ਨੂੰ 9 ਤੋਂ 5 ਤਕ ਘਟਾ ਕੇ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਣ ਲਈ ਢੁਕਵੀਆਂ ਕਾਰਵਾਈਆਂ ਕਰਦੇ ਹੋਏ,

ਇਸ ਦੇ ਢਾਂਚੇ ਵਿਚ ਮੁਨਾਸਬ ਸੁਧਾਰ ਕਰਕੇ 30.00 ਕਰੋੜ ਰੁਪਏ ਦੀ ਆਮਦਨ ਦਾ ਵਾਧਾ ਕੀਤਾ ਜਾਵੇਗਾ। ਪਿਛਲੀ ਸਰਕਾਰ ਤੋਂ ਵਿਰਸੇ ਵਿਚ ਮਿਲੇ 28.04 ਕਰੋੜ ਰੁਪਏ ਦੇ ਬਜਟੀ ਘਾਟੇ ਨੂੰ ਪੂਰਾ ਕਰਨ ਲਈ ਅਸੀਂ ਭਾਰਤ ਸਰਕਾਰ ਨੂੰ ਹੋਰ ਸਹਾਇਤਾ ਦੇਣ ਲਈ ਵੀ ਬੇਨਤੀ ਕਰਾਂਗੇ । ਬਾਕੀ ਰਹਿੰਦਾ ਲਗਭਗ 10.00 ਕਰੋੜ ਰੁਪਏ ਦਾ ਖੱਪਾ ਗ਼ੈਰ-ਟੈਕਸ ਆਮਦਨਾਂ ਨੂੰ ਵਧਾ ਕੇ ਅਤੇ ਨਾਨ-ਪਲਾਨ ਤੇ ਅਣ-ਲਾਹੇਵੰਦ ਖ਼ਰਚੇ ਘਟਾਕੇ ਪੂਰਾ ਕੀਤਾ ਜਾਵੇਗਾ ।

ਧੰਨਵਾਦ

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਵਿੱਤ ਸਕੱਤਰ ਅਤੇ ਵਿੱਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਦੀ ਅਣਥੱਕ ਮਿਹਨਤ ਅਤੇ ਲਗਨ ਨਾਲ ਕੀਤੇ ਕੰਮ ਸਦਕਾ, ਮੈਂ ਅੱਜ ਬਜਟ ਪੇਸ਼ ਕਰ ਸਕਿਆ ਹਾਂ । (ਥੰਪਿੰਗ) ਮੈਂ ਅਕਾਊਂਟੈਂਟ ਜਨਰਲ, ਪੰਜਾਬ ਦੀ ਬਹੁਮੁੱਲੀ ਸਹਾਇਤਾ ਅਤੇ ਕੰਟਰੋਲਰ ,ਪ੍ਰਿੰਟਿੰਗ ਅਤੇ ਸਟੇਸ਼ਨਰੀ, ਯੂ. ਟੀ. ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ, ਜਿਨ੍ਹਾਂ ਨੇ ਬਜਟ ਛਾਪਣ ਵਿਚ ਪੂਰਨ ਸਹਿਯੋਗ ਦਿੱਤਾ ਹੈ, ਦਾ ਵੀ ਧੰਨਵਾਦੀ ਹਾਂ ।

ਜੈ ਹਿੰਦ ।

(ਥੰਪਿੰਗ)

Mr Speaker : The House stands adjourned till 9.00 A. M. on Tuesday, the 3rd February, 1981.

*4.35 p.m. (The Sabha then adjourned till 9.00 A.M. on Tuesday the 3rd February, 1981).

1853—10-6-81 325 ਕਾਪੀ ਪੰਜਾਬ ਸਰਕਾਰ ਪ੍ਰੈਸ ਪਟਿਆਲਾ

ਸਪੀਕਰ ਸਾਹਿਬ, ਇਸ ਦੇ ਨਾਲ ਹੀ ਸਾਡੀ ਕੋਸ਼ਿਸ਼ ਹੈ ਕਿ ਜਿਹੜਾ ਡਿਸਟਰੀਬਿਊਸ਼ਨ ਸਿਸਟਮ ਹੈ, ਉਸ ਨੂੰ ਵੇਖਣ ਵਾਸਤੇ ਸਾਰੀਆਂ ਪਾਰਟੀਆਂ ਦੇ ਸੱਜਣ ਜਿਹੜੇ ਹਨ, ਉਨ੍ਹਾਂ ਦੀਆਂ ਵਾਚ ਡੌਗ ਕਮੇਟੀਆਂ ਬਣਾ ਕੇ ਜ਼ਿਲ੍ਹਾ ਪੱਧਰ ਤੇ ਪਤਾ ਕਰ ਸਕੀਏ ਕਿ ਕਿਥੇ ਕੰਮ ਨਹੀਂ ਹੁੰਦਾ। ਇਸ ਤਰ੍ਹਾਂ ਨਾਲ ਇਕ ਐਕਸ਼ਨ ਓਰੀਐਂਟਿਡ ਸਿਸਟਮ ਬਣਾਇਆ ਜਾ ਸਕੇਗਾ।

ਕਾਮਰੇਡ ਸੱਜਣ ਸਿੰਘ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜੋ ਜਵਾਬ ਦਿੱਤਾ ਹੈ ਮੈਂ ਇਨ੍ਹਾਂ ਨੂੰ ਇਸ ਸਬੰਧ ਵਿਚ ਦੱਸਦਾ ਹਾਂ ਕਿ ਕਈ ਪਿੰਡ ਐਸੇ ਰਹਿ ਗਏ ਹਨ ਜਿਥੇ ਆਟਾ ਅਤੇ ਖੰਡ ਵਗੈਰਾ ਬਿਲਕੁਲ ਪਹੁੰਚਿਆ ਹੀ ਨਹੀਂ। ਇਨ੍ਹਾਂ ਨੇ ਅਖਬਾਰਾਂ ਵਿਚ ਕੱਢ ਦਿੱਤਾ ਕਿ ਆਟਾ 130 ਰੁਪਏ ਕੁਇੰਟਲ ਵਿਕ ਰਿਹਾ ਹੈ ਪਰ ਉਨ੍ਹਾਂ ਸਟੋਰਾਂ ਤੇ ਇਹ ਆਟਾ ਪਹੁੰਚਿਆ ਹੀ ਨਹੀਂ। ਮੈਂ ਨਿਹਾਲ ਸਿੰਘ ਵਾਲੇ ਪਿੰਡ ਦੀ ਗੱਲ ਕਰਦਾ ਹਾਂ। ਉਥੇ ਦੇ ਸਟੋਰ ਤੇ ਨਾ ਆਟਾ, ਨਾ ਖੰਡ ਅਤੇ ਨਾ ਮਿੱਟੀ ਦਾ ਤੇਲ ਮਿਲਿਆ ਹੈ। ਦੂਜੇ, ਨਵੰਬਰ ਦੇ ਮਹੀਨੇ ਦੀ ਖੰਡ ਤਾਂ ਉਥੇ ਕਿਸੇ ਨੂੰ ਵੀ ਨਹੀਂ ਮਿਲੀ। ਇਸ ਲਈ ਵਿਸ਼ਵਾਸ਼ ਦਿਵਾਉਣ ਕਿ ਨਵੰਬਰ ਮਹੀਨੇ ਦੀ ਜਿਹੜੀ ਖੰਡ ਹੈ, ਉਹ ਕਦੋਂ ਤਕ ਦੇ ਦਿਤੀ ਜਾਵੇਗੀ। ਨੰਬਰ ਤਿੰਨ, ਮੈਂ ਇਹ ਪੁੱਛਦਾ ਹਾਂ ਕਿ ਅੱਗੇ ਜਿਹੜੀ ਵਿਆਹ ਸ਼ਾਦੀਆਂ ਤੇ ਖੰਡ ਦਾ ਕੋਟਾ ਦਿੱਤਾ ਜਾਂਦਾ ਸੀ ਉਹ ਵੀ ਬਿਲਕੁਲ ਬੰਦ ਕਰ ਦਿੱਤਾ ਹੈ। ਇਸ ਨਾਲ ਪਿੰਡ ਦੇ ਲੋਕਾਂ ਨੂੰ ਬਹੁਤ ਤਕਲੀਫ ਹੋ ਰਹੀ ਹੈ। ਇਸ ਲਈ ਇਹ ਵਿਸ਼ਵਾਸ਼ ਦਿਵਾਉਣ ਕਿ ਇਹ ਕੋਟਾ ਫਿਰ ਚਾਲੂ ਕਰ ਦਿੱਤਾ ਜਾਵੇਗਾ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਦੇ ਜਵਾਬ ਵਿਚ ਬੜੇ ਵਿਸਥਾਰ ਨਾਲ ਸਾਰਾ ਕੁਝ ਦੱਸ ਦਿੱਤਾ ਹੈ। ਜਿਥੇ ਆਟਾ ਨਹੀਂ ਗਿਆ ਉਥੇ ਅਸੀਂ ਇਹ ਭੇਜਣ ਲਈ ਜਲਦੀ ਤੋਂ ਜਲਦੀ ਪ੍ਰਬੰਧ ਕਰਾਂਗੇ। ਜਿਥੋਂ ਤਕ ਖੰਡ ਦਾ ਤੁਅੱਲਕ ਹੈ, ਉਹ ਪਿਛੇ ਇਸ ਦੀ ਨਾਨ-ਅਵੇਲੇਬਿਲਟੀ ਹੋਣ ਕਰਕੇ ਨਹੀਂ ਸੀ ਜਾ ਸਕੀ। ਸਾਡੇ ਵਲੋਂ ਡਿਸਟ੍ਰੀਬਿਊਸ਼ਨ ਵਿਚ ਕੋਈ ਕਮੀ ਨਹੀਂ ਰਹੀ। ਜਿਥੋਂ ਤਕ ਇਸ ਨੂੰ ਤਕਸੀਮ ਕਰਨ ਦਾ ਸਬੰਧ ਹੈ ਇਸ ਵਿਚ ਮੇਰੀ ਅਰਜ਼ ਹੈ ਕਿ ਜਿਹੜੀਆਂ ਲੀਡ ਕੋਆਪ੍ਰੇਟਿਵਜ਼ ਬਣਾਈਆਂ ਗਈਆਂ ਹਨ, ਉਨ੍ਹਾਂ ਵਿਚ ਕਾਫੀ ਨੁਕਸ ਹੋਣ ਕਰਕੇ ਉਹ ਇਹ ਚੀਜ਼ਾਂ

ਅੱਗੇ ਪਾਸ ਆਨ ਨਹੀਂ ਕਰ ਸਕੀਆਂ। ਇਸ ਲਈ ਹੁਣ ਇਹ ਕੀਤਾ ਗਿਆ ਹੈ ਕਿ ਜੇ ਕਿਸੇ ਪਿੰਡ ਦੀ ਲੀਡ ਕੋਆਪ੍ਰੇਟਿਵ ਵਰਕਿੰਗ ਆਰਡਰ ਵਿਚ ਠੀਕ ਨਹੀਂ ਤਾਂ ਉਥੋਂ ਦੀ ਪੰਚਾਇਤ ਇਹ ਸਪਲਾਈ ਲੈ ਕੇ ਜਾਏ ਤਾਕਿ ਡਿਸਟਰੀਬਿਊਸ਼ਨ ਦਾ ਕੰਮ ਤਿੱਖਾ ਹੋ ਸਕੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਦਾ ਹਾਂ ਕਿ ਜਿਹੜਾ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਡਿਸਟ੍ਰੀਬਿਊਸ਼ਨ ਵਿਚ ਸੁਧਾਰ ਲਿਆਉਣ ਵਾਸਤੇ ਵਾਚ ਡੌਗ ਕਮੇਟੀ ਬਣਾ ਦੇਵਾਂਗੇ, ਕੀ ਇਹ ਵਾਚ ਡੌਗ ਕਮੇਟੀ ਡਿਪੂ ਲੈਵਲ ਤੇ ਬਣਾਈ ਜਾਵੇਗੀ ?

ਮੁੱਖ ਮੰਤਰੀ : ਇਹ ਕਮੇਟੀ ਸਬ-ਡਵੀਜ਼ਨਲ ਲੈਵਲ ਤੇ ਹੀ ਬਣ ਸਕਦੀ ਹੈ।

PAPERS LAID ON THE TABLE

Finance Minister : Sir, I beg to lay on the Table :—

(i) the Administration Reports of the Punjab State Electricity Board for the years 1976-77 and 1977-78, as required under section 75 (1) of the Electricity (Supply) Act, 1948;

(ii) the Annual Financial Statement (Budget Estimates) of the Punjab State Electricity Board for the year 1980-81 (Volumes I & II), as required under section 61(3) of the Electricity (Supply) Act, 1948: and

(iii) the Statement of Accounts of the Punjab State Electricity Board for the year 1978-79, as required under section 69 (5) of the Electricity (Supply) Act, 1948.

GENERAL DISCUSSON ON THE BUDGET ESTIMATES FOR THE YEAR 1981-82

Mr. Speaker : Now the House will start general discussion on the Budget Estimates for the year 1981-82. I call upon Sardar Balwant Singh to please speak.

ਸਰਦਾਰ ਬਲਵੰਤ ਸਿੰਘ (ਲੋਹੀਆਂ) : ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਕੱਲ੍ਹ ਇਸ ਸਦਨ ਵਿਚ ਜੋ ਬਜਟ ਪੇਸ਼ ਕੀਤਾ ਹੈ, ਉਸ ਲਈ ਮੈਂ ਇਨ੍ਹਾਂ ਦੇ ਨਾਲ ਬੜੀ ਹਮਦਰਦੀ ਰੱਖਦਾ ਹਾਂ ਅਤੇ ਉਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਵੀ ਦੇਣਾ ਚਾਹੁੰਦਾ ਹਾਂ ਅਤੇ ਬਜਟ ਦੀ ਆਲੋਚਨਾ ਵੀ ਕਰਨਾ ਚਾਹੁੰਦਾ ਹਾਂ। ਮੁਬਾਰਕਬਾਦ ਇਸ ਗੱਲ ਦੇ ਲਈ ਦੇਣਾ ਚਾਹੁੰਦਾ ਹਾਂ ਕਿ ਇਹ ਇਕ ਐਸੀ ਸਰਕਾਰ ਦਾ ਬਜਟ ਬਣਾਉਣ ਵਿਚ ਕਾਮਯਾਬ ਹੋਏ ਹਨ, ਜਿਸ ਦਾ ਸਬੰਧ ਨਾ ਚੰਡੀਗੜ੍ਹ ਨਾਲ ਹੈ ਔਰ ਨਾ ਹੀ ਪੰਜਾਬ ਨਾਲ ਹੈ ਬਲਕਿ ਪੰਜਾਬ ਤੋਂ ਦੂਰ 150 ਮੀਲ ਤੇ ਬੈਠੀ ਸਰਕਾਰ ਨਾਲ ਇਸ ਦਾ ਸਬੰਧ ਹੈ। ਸਪੀਕਰ ਸਾਹਿਬ, ਇਸ ਸਰਕਾਰ ਵਿਚ ਆਪਣਾ ਕੋਈ ਇਨੀਸ਼ੀਏਟਿਵ ਨਹੀਂ। ਐਫ. ਐਮ. ਸਾਹਿਬ ਨੇ ਜਿਸ ਮੈਨਿਊਰੇਬਿਲਟੀ ਢੰਗ ਨਾਲ ਬਜਟ ਪੇਸ਼ ਕੀਤਾ ਹੈ, ਉਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ. ਆਲੋਚਨਾ ਮੈਂ ਇਸ ਗੱਲ ਲਈ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਬਜਟ ਇਨ੍ਹਾਂ ਨੇ ਪਿਛਲੇ ਸਾਲ ਪੇਸ਼ ਕੀਤਾ ਸੀ, ਉਸ ਦੇ ਪੂਰੇ ਵਾਇਦੇ ਨਾ ਕੀਤੇ ਹੋਇਆਂ ਦੀ ਇਹ ਇਕ ਕਹਾਣੀ ਹੈ। ਇਹ ਬਜਟ ਫਾਈਨਾਂਸ਼ਿਅਲ ਮਿਸ-ਮੈਨੇਜਮੈਂਟ ਔਰ ਰੈਲੀਗੇਸ਼ਨ ਦਾ ਇਕ ਡਾਕੂਮੈਂਟ ਹੈ ਸਪੀਕਰ ਸਾਹਿਬ ਮੇਰੇ ਪਾਸ ਪਿਛਲੇ ਸਾਲ ਦੀ ਵੀ ਬਜਟ ਸਪੀਚ ਹੈ। ਉਸ ਵਿਚ ਇਨ੍ਹਾਂ ਨੇ 70 ਕਰੋੜ ਦਾ ਘਾਟਾ ਸ਼ੋ ਕੀਤਾ ਸੀ ਔਰ ਬਾਰ ਬਾਰ ਇਹ ਕਿਹਾ ਸੀ ਕਿ ਪੰਜਾਬ ਦੇ ਫਾਈਨਾਂਸ ਨੂੰ ਅਕਾਲੀ ਸਰਕਾਰ ਨੇ ਬਹੁਤ ਖਰਾਬ ਕੀਤਾ ਹੈ ਅਤੇ ਇਹ ਘਾਟਾ ਉਨ੍ਹਾਂ ਨੇ ਦਿੱਤਾ ਹੈ। ਇਸ ਸਾਲ ਦੀ ਬਜਟ ਸਪੀਚ ਵੀ ਮੇਰੇ ਕੋਲ ਹੈ, ਇਸ ਵਿਚ ਇਹ ਕਲੀਅਰ ਕੀਤਾ ਗਿਆ ਹੈ ਕਿ ਅਕਾਲੀ ਸਰਕਾਰ 28 ਕਰੋੜ ਦਾ ਘਾਟਾ ਛੱਡ ਕੇ

[ਸਰਦਾਰ ਬਲਵੰਤ ਸਿੰਘ]

ਗਈ ਸੀ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਅਸੀਂ 28 ਕਰੋੜ ਦਾ ਘਾਟਾ ਛੱਡਿਆ ਸੀ, ਜਿਸ ਨੂੰ ਇਨ੍ਹਾਂ ਨੇ 70 ਕਰੋੜ ਦਾ ਘਾਟਾ ਬਣਾ ਦਿੱਤਾ। ਔਰ ਇਸ ਸਾਲ ਇਹ ਘਾਟਾ 114 ਕਰੋੜ ਰੁਪਏ ਦੇ ਕਰੀਬ ਬਣਾ ਦਿੱਤਾ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਬਾਦਲ ਦੀ ਸਰਕਾਰ ਇਥੇ ਆਈ ਸੀ ਤਾਂ ਇਹ ਘਾਟਾ 143 ਕਰੋੜ ਰੁਪਏ ਦਾ ਸੀ ਔਰ ਜਦੋਂ ਗਈ ਤਾਂ ਇਹ ਘਾਟਾ 28 ਕਰੋੜ ਦਾ ਰਹਿ ਗਿਆ ਸੀ। ਔਰ ਹੁਣ ਥੋੜ੍ਹੇ ਜਿਹੇ ਸਮੇਂ ਵਿਚ ਜਦੋਂ ਦੀ ਇਹ ਸਰਕਾਰ ਆਈ ਹੈ, ਇਹ ਘਾਟਾ 114 ਕਰੋੜ ਦਾ ਹੋ ਗਿਆ ਹੈ। ਇਸ ਲਈ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਜਲਦੀ ਨਾਲ ਇਨ੍ਹਾਂ ਤੋਂ ਇਹ ਕੰਮ ਸੰਭਾਲ ਲੈਣ ਨਹੀਂ ਤਾਂ ਪਤਾ ਨਹੀਂ ਪੰਜਾਬ ਨੂੰ ਅੱਗੋਂ ਕਿਤਨਾ ਘਾਟਾ ਹੁੰਦਾ ਜਾਵੇਗਾ। (ਥੰਪਿੰਗ) (ਵਿਘਨ)

10.44 ਸਵੇਰੇ । (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਜਟ ਤੇ ਬੜੇ ਕਨਸਟ੍ਰੱਕਟਿਵ ਸੁਝਾਵ ਦੇਣੇ ਹਨ, ਇਸ ਲਈ ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਹ ਸੁਣ ਲੈਣ। ਜੇ ਇਹ ਕਲੇਰੀਫਿਕੇਸ਼ਨ ਲੈਣਾ, ਚਾਹੁੰਦੇ ਹੋਣ ਤਾਂ ਬਾਅਦ ਵਿਚ ਲੈ ਲੈਣ। ਮੈਂ ਦੱਸ ਰਿਹਾ ਸੀ ਕਿ ਪਿਛਲੇ ਸਾਲ ਇਨ੍ਹਾਂ ਨੇ 70 ਕਰੋੜ ਦਾ ਘਾਟਾ ਸ਼ੋ ਕੀਤਾ ਸੀ। ਜਦੋਂ ਇਹ ਘਾਟੇ ਦਾ ਬਜਟ ਇਥੇ ਰਖਿਆ ਸੀ ਤਾਂ ਡਾਕਟਰ ਸਾਹਿਬ ਨੇ ਕਿਹਾ ਸੀ ਕਿ ਇਸ ਵਿਚੋਂ 4 ਕਰੋੜ ਦਾ ਘਾਟਾ ਤਾਂ ਸੇਲਜ਼ ਟੈਕਸ ਵਧਾ ਕੇ ਪੂਰਾ ਕੀਤਾ ਜਾਵੇਗਾ, ਪਰ ਉਹ ਵੀ ਇਨ੍ਹਾਂ ਨੂੰ ਵਾਪਸ ਲੈਣਾ ਪਿਆ। ਬਾਕੀ ਦੇ 66 ਕਰੋੜ ਦੇ ਘਾਟੇ ਬਾਰੇ ਇਨ੍ਹਾਂ ਨੇ ਕਿਹਾ ਸੀ ਕਿ ਉਹ ਸੈਂਟਰ ਤੋਂ ਐਡੀਸ਼ਨਲ ਅਸਿਸਟੈਂਸ ਲਵਾਂਗੇ। ਉਸ ਵੇਲੇ ਵੀ ਮੈਂ ਇਸ ਸਬੰਧ ਵਿਚ ਕਿਹਾ ਸੀ ਕਿ ਤੁਸੀਂ ਇਹ ਅਸਿਸਟੈਂਸ ਨਹੀਂ ਲੈ ਸਕਣੀ। ਪਰ ਇਹ ਨਹੀਂ ਮੰਨੇ। ਉਸ ਤੋਂ ਬਾਅਦ ਪਿਛਲੇ ਸਾਲ ਇਹ ਦਿੱਲੀ ਦੌੜਦੇ ਰਹੇ ਅਤੇ ਪਲਾਨਿੰਗ ਕਮਿਸ਼ਨ ਕੋਲ ਵੀ ਠੂਠੇ ਲੈ ਕੇ ਗਏ ਲੇਕਿਨ ਇਨ੍ਹਾਂ ਨੂੰ ਕੁਝ ਨਹੀਂ ਮਿਲਿਆ। ਆਪਣੀ ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ ਇਹ ਘਾਟਾ ਪੂਰਾ ਨਾ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਕਾਂਗਰਸ ਸਰਕਾਰ ਆਈ ਹੈ ਉਸ ਵੇਲੇ ਹਮੇਸ਼ਾਂ ਹੀ ਪੰਜਾਬ ਨਾਲ ਡਿਸਕ੍ਰਿਮੀਨੇਸ਼ਨ ਹੁੰਦੀ ਰਹੀ ਹੈ। ਇਸ ਕਰਕੇ ਇਹ ਘਾਟਾ ਵਧਦਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਇਥੇ ਹੋਰ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਇਸ ਬਜਟ ਦੀ ਇਕ ਕਾਪੀ 'ਇਕਨਾਮਿਕ ਸਰਵੇ' ਵਿਚ ਇਕ ਨਵਾਂ ਚੈਪਟਰ ਬਜਟਰੀ ਟਰੈਂਡਜ਼ ਦਾ ਇੰਟਰੋਡਿਊਸ ਕੀਤਾ ਸੀ ਤਾਕਿ ਜਿਹੜੀ ਐਕਚੂਅਲ ਪੁਜ਼ੀਸ਼ਨ ਹੈ ਉਹ ਲੈਜਿਸਲੇਚਰ ਦੇ ਸਾਹਮਣੇ ਆ ਸਕੇ। ਉਸ ਵਿਚ ਕੈਪੀਟਲ ਫਾਰਮੇਸ਼ਨ ਪੂਰੀ ਦੱਸੀ ਗਈ ਸੀ। ਪਰ ਇਨ੍ਹਾਂ ਨੇ ਉਹ ਚੈਪਟਰ ਹੀ ਕੱਟ ਦਿੱਤਾ ਹੈ ਤਾਕਿ ਇਨ੍ਹਾਂ ਦੀ ਕਮਜ਼ੋਰੀ ਦਾ ਸਾਨੂੰ ਪਤਾ ਹੀ ਨਾ ਲੱਗ ਸਕੇ। ਮੈਂ ਨਹੀਂ ਸਮਝਦਾ ਕਿ ਇਹ ਚੈਪਟਰ ਕਿਉਂ ਕੱਟਿਆ ਹੈ।

ਖੈਰ, ਮੈਂ ਅਰਜ਼ ਕਰ ਰਿਹਾ ਸੀ ਕਿ ਸੈਂਟਰ ਦੀ ਸਰਕਾਰ ਪੰਜਾਬ ਦੇ ਨਾਲ ਡਿਸਕ੍ਰਿਮੀਨੇਸ਼ਨ ਕਰ ਰਹੀ ਹੈ ਅਤੇ ਇਕਨੋਮਿਕ ਸਰਵੇ ਵਿਚ ਪੇਜ 10 ਤੇ ਲਿਖਿਆ ਹੈ ਕਿ ਸੈਂਟਰਲ ਅਸਿਸਟੈਂਸ ਪੰਜਾਬ ਨੂੰ ਇਕ ਰੁਪਏ ਮਗਰ 15 ਪੈਸੇ ਮਿਲਦੀ ਹੈ ਔਰ ਹਰਿਆਣੇ ਨੂੰ ਇਕ ਰੁਪਏ ਮਗਰ 16 ਪੈਸੇ ਮਿਲਦੀ ਹੈ। ਵੈਸਟ ਬੰਗਾਲ ਨੂੰ ਇਕ ਰੁਪਏ ਮਗਰ 20 ਪੈਸੇ, ਯੂ.ਪੀ. ਨੂੰ 31 ਪੈਸੇ, ਤਾਮਿਲਨਾਡ ਨੂੰ 30 ਪੈਸੇ, ਬਿਹਾਰ ਨੂੰ 42 ਪੈਸੇ ਅਤੇ ਕੇਰਲਾ ਨੂੰ 43 ਪੈਸੇ ਮਿਲਦੀ ਹੈ, ਜਦ ਕਿ ਪੰਜਾਬ ਨੂੰ ਸੈਂਟਰਲ ਅਸਿਸਟੈਂਸ ਇਕ ਰੁਪਏ ਪਿਛੇ 15 ਪੈਸੇ ਮਿਲਦੀ ਹੈ ਜੋ ਕਿ ਸਾਰੀਆਂ ਸਟੇਟਾਂ ਤੋਂ ਘੱਟ ਹੈ। ਇਸ ਤੋਂ ਸਾਬਿਤ ਹੋ ਜਾਂਦਾ ਹੈ ਕਿ ਸੈਂਟਰ ਪੰਜਾਬ ਨਾਲ ਅਸਿਸਟੈਂਸ ਵਿਚ ਡਿਸਕ੍ਰਿਮੀਨੇਸ਼ਨ ਕਰ ਰਹੀ ਹੈ।

ਇਸ ਲਈ ਡਾਕਟਰ ਸਾਹਿਬ ਤੁਸੀਂ ਵਾਅਦੇ ਨਾ ਕਰਿਆ ਕਰੋ। ਕਾਂਗਰਸ ਪਾਰਟੀ ਦੀ ਪੰਜਾਬ ਨਾਲ ਡਿਸਕ੍ਰਿਮੀਨੇਸ਼ਨ ਸ਼ੁਰੂ ਤੋਂ ਚਲਦੀ ਆ ਰਹੀ ਹੈ। ਪਹਿਲੇ ਬਜਟ ਦੇ ਵਿਚ 70 ਕਰੋੜ ਰੁਪਏ ਦਾ ਘਾਟਾ ਸ਼ੋ ਕੀਤਾ ਗਿਆ ਸੀ। ਇਸ ਵਿਚੋਂ 2 ਕਰੋੜ ਰੁਪਏ ਦਾ ਘਾਟਾ ਇਨ੍ਹਾਂ ਨੇ ਪੂਰਾ ਕਰ ਲਿਆ ਅਤੇ ਬਾਕੀ 68 ਕਰੋੜ ਰੁਪਿਆ ਰਹਿ ਗਿਆ ਹੈ। ਜਿਹੜੇ ਵਾਅਦੇ ਇਨ੍ਹਾਂ ਨੇ ਕੀਤੇ ਸਨ, ਉਹ ਇਹ ਹਾਲੇ ਪੂਰੇ ਨਹੀਂ ਕਰ ਸਕੇ। ਅਗਰ ਇਹ ਵਾਅਦੇ ਪੂਰੇ ਕਰ ਦਿੰਦੇ ਤਾਂ ਇਹ ਘਾਟਾ 68 ਤੋਂ 100 ਕਰੋੜ ਰੁਪਏ ਤਕ ਨਹੀਂ ਹੋ ਜਾਣਾ ਸੀ। ਪਰ ਇਸ ਦੇ ਪੇਜ-10 ਤੇ ਦੱਸਿਆ ਹੈ ਕਿ ਅਸੀਂ ਘਾਟਾ ਪੂਰਾ ਕਰਾਂਗੇ। ਇਨ੍ਹਾਂ ਨੇ ਇਕ ਨਵੀਂ ਸਕੀਮ ਲਈ 5 ਤੋਂ 10 ਕਰੋੜ ਰੁਪਿਆ ਖਰਚ ਕਰਨ ਲਈ ਰਖਿਆ ਸੀ ਪਰ ਕੋਈ ਨਵੀਂ ਸਕੀਮ ਸ਼ੁਰੂ ਨਹੀਂ ਕੀਤੀ ਗਈ। ਫਿਰ ਉਹ 10 ਕਰੋੜ ਰੁਪਿਆ ਕਿਥੇ ਚਲਾ ਗਿਆ ਹੈ। ਮੈਂ ਤਾਂ ਸਮਝਦਾ ਸੀ ਕਿ ਇਨ੍ਹਾਂ ਨੇ ਕੋਈ ਨਵੀਂ ਸਕੀਮ ਸ਼ੁਰੂ ਕਰ ਦਿੱਤੀ ਹੋਣੀ ਹੈ ਅਤੇ ਉਸ ਦੀ ਰਿਪੋਰਟ ਹਾਊਸ ਵਿਚ ਆ ਜਾਵੇਗੀ। ਇਸੇ ਤਰ੍ਹਾਂ ਇਸ ਦੇ ਪੇਜ-9 ਤੇ ਲਿਖਿਆ ਹੈ ਕਿ ਜਿਹੜੇ ਪਿੰਡਾਂ ਦੇ ਵਿਚ ਪੜ੍ਹੇ ਲਿਖੇ ਨੌਜਵਾਨ ਹਨ, ਉਨ੍ਹਾਂ ਲਈ ਰੂਰਲ ਇੰਡਸਟਰੀਜ਼ ਲਗਾ ਕੇ ਪ੍ਰੋਮੋਸ਼ਨ ਕੀਤੀ ਜਾਵੇਗੀ। ਪਰ ਇਨ੍ਹਾਂ ਨੇ ਇਹ ਵੀ ਇਕ ਕਰੋੜ ਰੁਪਿਆ ਖਰਚ ਨਹੀਂ ਕੀਤਾ। ਨਵੀਂ ਸਕੀਮ ਨਾ ਚਾਲੂ ਕਰਨ ਦੇ ਕੀ ਕਾਰਣ ਹਨ? ਇਹ ਬਜਟ ਤੁਸੀਂ ਵੋਟਾਂ ਪਾ ਕੇ ਪਾਸ ਕਰਵਾਇਆ ਸੀ। ਅਸੀਂ ਤਾਂ ਵੋਟਾਂ ਨਹੀਂ ਪਾਈਆਂ ਸਨ। ਇਹ ਕਰੋੜ ਰੁਪਿਆ ਕਿਥੇ ਚਲਾ ਗਿਆ ਹੈ।

ਇਸੇ ਤਰ੍ਹਾਂ ਕਿਹਾ ਗਿਆ ਸੀ ਕਿ ਪਿੰਡਾਂ ਦੇ ਵਿਚ ਹਰੀਜਨਾਂ ਨੂੰ 100-100 ਗਜ ਪਲਾਟ ਦਿੱਤੇ ਜਾਣਗੇ, ਪਰ ਹਾਲੇ ਤਕ ਨਹੀਂ ਦਿੱਤੇ ਗਏ। ਮੈਂ ਕਹਿੰਦਾ ਹਾਂ ਕਿ ਹੁਣ ਹਰੀਜਨ ਮੈਂਬਰ ਸਾਹਿਬਾਨ ਚੁੱਪ ਕਿਉਂ ਹਨ। ਇਸੇ ਤਰ੍ਹਾਂ ਕਿਹਾ ਗਿਆ ਸੀ ਕਿ ਅਸੀਂ ਹਾਊਸਿੰਗ ਡਿਵੈਲਪਮੈਂਟ ਬੋਰਡ ਰਾਹੀਂ 10,700 ਮਕਾਨ ਬਣਾ ਕੇ ਦੇਵਾਂਗੇ, ਪਰ ਇਹ ਪੰਜਾਬ ਵਿਚ ਬਣੇ ਕਿਥੇ ਹਨ। ਮੇਰੇ ਇਲਾਕੇ ਵਿਚ ਤਾਂ ਇਕ ਵੀ ਨਹੀਂ ਬਣਿਆ ਹੈ। ਇਹ ਵਾਅਦੇ ਕਿਉਂ ਨਹੀਂ ਪੂਰੇ ਕਰਦੇ? ਇਹ ਜਿਹੜਾ 100 ਕਰੋੜ ਰੁਪਏ ਦਾ ਗੈਪ ਸੀ, ਇਸ ਨੂੰ ਪੂਰਾ ਕਿਸ ਤਰ੍ਹਾਂ ਕਰੋਗੇ। ਇਹ ਸਰਕਾਰ ਹਰੀਜਨਾਂ ਦੇ ਨਾਲ ਵਾਅਦੇ ਬਹੁਤ ਕਰਦੀ ਹੈ ਪਰ ਉਨ੍ਹਾਂ ਲਈ ਸਹੀ ਸ਼ਬਦਾਂ ਦੇ ਵਿਚ ਕੁਝ ਨਹੀਂ ਕਰਦੀ ਹੈ। ਇਨ੍ਹਾਂ ਦੀ ਇਸ ਵਿਚ ਹੈਲਪਲੈਸਨੈੱਸ ਹੈ, ਮਜਬੂਰੀ ਹੈ, ਜਿਸ ਨੂੰ ਇਹ ਦੱਸ ਨਹੀਂ ਸਕਦੇ। ਇਸ ਲਈ ਇਹ ਵਾਅਦੇ ਲਿਖ ਦਿੰਦੇ ਹਨ ਪਰ ਪੂਰੇ ਨਹੀਂ ਕਰਦੇ। ਇਹ ਜਿਹੜੀ 1981-82 ਦੀ ਪਲਾਨ ਰੱਖੀ ਗਈ ਹੈ, ਇਹ ਪਲਾਨ 340 ਕਰੋੜ ਰੁਪਏ ਦੀ ਹੈ, ਜਿਸ ਦੇ ਵਿਚੋਂ 113.52 ਕਰੋੜ ਰੁਪਏ ਦਾ ਘਾਟਾ ਹੈ ਜਦ ਕਿ ਪਿਛਲੇ ਸਾਲ ਦੇ ਪਲਾਨ ਵਿੱਚ 260 ਕਰੋੜ ਦੀ ਰੱਖੀ ਗਈ ਸੀ। ਪਰ ਉਸਦੇ ਵਿਚ 68 ਕਰੋੜ ਰੁਪਏ ਦਾ ਘਾਟਾ ਸੀ ਔਰ ਬਾਕੀ ਉਹ 192 ਕਰੋੜ ਰੁਪਿਆਂ ਦੀ ਰਹਿ ਗਈ ਸੀ। ਆਇਆ ਇਹ ਪਲਾਨ ਨੂੰ ਤੁਸੀਂ ਪਿਛਲੇ ਸਾਲ ਪੂਰਾ ਕੀਤਾ ਡਾਕਟਰ ਸਾਹਿਬ ਜਵਾਬ ਦੇਣ ਆਇਆ 260 ਕਰੋੜ ਰੁਪਏ ਦੀ ਪਲਾਨ ਨੂੰ ਇੰਪਲੀਮੈਂਟ ਕੀਤਾ ਸੀ? ਔਰ ਇਹ 68 ਕਰੋੜ ਰੁਪਏ ਦਾ ਘਾਟਾ ਕਿਉਂ ਪਿਆ ਸੀ? (ਥੰਪਿੰਗ) ਫਿਰ ਇਸ ਸਾਲ 340 ਕਰੋੜ ਰੁਪਏ ਦੀ ਪਲਾਨ ਰੱਖੀ ਗਈ ਹੈ ਔਰ ਇਸ ਵਿਚੋਂ 113.52 ਕਰੋੜ ਰੁਪਏ ਦਾ ਘਾਟਾ ਹੈ ਔਰ ਇਸ ਘਾਟੇ ਨੂੰ ਪੂਰਾ ਕਰਨ ਲਈ ਟੈਕਸ ਪੰਜਾਬ ਵਿਚ ਲਗਾ ਨਹੀਂ ਸਕਦੇ ਕਿਉਂਕਿ ਪਹਿਲੇ ਹੀ ਪੰਜਾਬ ਵਿਚ ਸਾਰਿਆਂ ਤੋਂ ਜ਼ਿਆਦਾ ਟੈਕਸਿਜ਼ ਹਨ। ਕੀ ਤੁਸੀਂ ਟੈਕਸ ਲਗਾ ਕੇ ਇਹ ਘਾਟਾ ਪੂਰਾ ਕਰੋਗੇ? ਇਸ ਲਈ ਮੈਂ ਕਹਿੰਦਾ ਹਾਂ ਕਿ ਘਾਟਾ ਕੱਢ ਕੇ 226 ਕਰੋੜ ਰੁਪਏ ਦੀ ਪਲਾਨ ਬਾਕੀ ਸਾਡੇ ਕੋਲ ਰਹਿ ਜਾਂਦੀ ਹੈ। ਪਾਂਡੇ ਸਾਹਿਬ ਜਾਣਦੇ ਹਨ ਕਿ ਪੰਜਾਬ ਵਿਚ ਇਨਫਲੇਸ਼ਨਰੀ ਰੇਟ 25% ਹੈ। ਇਸ ਇਨਫਲੇਸ਼ਨਰੀ ਰੇਟ ਨੂੰ ਵੇਖਦੇ ਹੋਏ ਪਲਾਨ ਸਿਰਫ 170 ਕਰੋੜ ਰੁਪਏ ਦੀ ਰਹਿ ਜਾਂਦੀ ਹੈ। ਇਕ ਪਾਸੇ ਇਹ ਵਾਅਦੇ ਕਰਦੇ ਹਨ ਔਰ ਦੂਜੇ ਪਾਸੇ ਇਹ ਵਾਅਦੇ ਪੂਰੇ ਨਹੀਂ ਕਰਦੇ।

ਹੁਣ ਡਾਕਟਰ ਸਾਹਿਬ, ਤੁਸੀਂ ਦੱਸੋ ਬਾ ਅੱਗੇ ਨੂੰ ਜਾ ਰਿਹਾ ਹੈ ਜਾਂ ਪਿੱਛੇ ਨੂੰ ਜਾ ਰਿਹਾ ਹੈ। ਅ

[ਸਰਦਾਰ ਬਲਵੰਤ ਸਿੰਘ]

ਅੱਗੇ ਨੂੰ ਨਹੀਂ ਜਾ ਰਹੇ ਬਲਕਿ ਪਿਛਲੇ ਪਾਸੇ ਨੂੰ ਜਾ ਰਹੇ ਹਾਂ। ਐਹ ਸਾਡੀ ਪਰ ਕੈਪੀਟਾ ਇਨਕਮ ਲੋਅ ਹੋ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ ਕਿ ਪੰਜਾਬ ਨੂੰ ਰਾਅ-ਮੈਟੀਰੀਅਲ ਦੇਣਾ ਹੈ ਅਤੇ ਕਾਰਖਾਨੇ ਨਹੀਂ ਦੇਣੇ ਹਨ। ਜਿਸ ਤਰ੍ਹਾਂ ਇਮਪੀਰੀਅਲਿਸਟ ਸਰਕਾਰਾਂ ਕਰਦੀਆਂ ਹਨ, ਉਸੇ ਤਰ੍ਹਾਂ ਇਹ ਸਰਕਾਰ ਕਰ ਰਹੀ ਹੈ। ਸੈਂਟਰ ਦੀ ਸਰਕਾਰ ਸਾਨੂੰ ਸ਼ੂਗਰ ਮਿਲਾਂ ਨਹੀਂ ਦਿੰਦੀ ਤਾਕਿ ਕਿਧਰੇ ਪੰਜਾਬ ਦੇ ਲੋਕ ਝੋਨਾ ਪੈਦਾ ਕਰਨਾ ਬੰਦ ਨਾ ਕਰ ਦੇਣ ਅਤੇ ਕਣਕ ਪੈਦਾ ਕਰਨੀ ਬੰਦ ਨਾ ਕਰ ਦੇਣ। ਇਸ ਕਰਕੇ ਉਹ ਸਾਨੂੰ ਰਾਅ ਮੈਟੀਰੀਅਲ ਸਪਲਾਈ ਕਰ ਦਿੰਦੇ ਹਨ। ਹਰਿਆਣੇ ਵਿਚ 3 ਸ਼ੂਗਰ ਮਿਲਾਂ ਦੇ ਦਿੱਤੀਆਂ ਹਨ। ਪਿਛੇ ਪਤਾ ਲੱਗਾ ਸੀ ਕਿ ਪੰਜਾਬ ਨੂੰ ਸੈਂਟਰਲ ਗੌਰਮਿੰਟ ਤੋਂ ਇਕ ਸਮਾਲ ਕਮਰਸ਼ਿਅਲ ਵ੍ਹੀਕਲ ਪ੍ਰੋਜੈਕਟ ਮਿਲ ਰਿਹਾ ਹੈ ਔਰ ਅਸੀਂ ਸਮਝਦੇ ਹਾਂ ਕਿ ਇਸ ਪ੍ਰੋਜੈਕਟ ਦੀ ਰਿਪੋਰਟ ਆ ਜਾਵੇਗੀ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਇਹ ਵਹੀਕਲ ਇੰਡਸਟਰੀ ਕਿਥੇ ਗਈ ਹੈ ? ਆਇਆ ਇਹ ਕਾਰਖਾਨਾ ਸੈਂਟਰ ਨੇ ਖੋਹ ਲਿਆ ਹੈ ?

ਡਿਪਟੀ ਸਪੀਕਰ ਸਾਹਿਬ, ਬੰਬਈ ਵਿਚੋਂ 12 ਮਿਲੀਅਨ ਕਿਊਬਿਕ ਮੀਟਰ ਆਇਲ ਨਿਕਲਦਾ ਹੈ। ਇਸੇ ਤਰ੍ਹਾਂ ਗੁਜਰਾਤ ਵਿਚੋਂ 1500 ਟਨ ਫਰਟੇਲਾਈਜ਼ਰ ਪੈਦਾ ਕਰਨ ਲਈ ਕਾਰਖਾਨੇ ਲੱਗੇ ਹੋਏ ਹਨ। ਕੀ ਇਹ ਪੰਜਾਬ ਵਿਚ ਤੇਲ ਸਪਲਾਈ ਕਰਨ ਲਈ ਬੰਬਈ ਤੋਂ ਜਲੰਧਰ ਤਕ ਪਾਈਪ ਲਾਈਨ ਨਹੀਂ ਵਿਛਾ ਸਕਦੇ ? ਇਹ 1100 ਕਿਲੋਮੀਟਰ ਬਣਦੀ ਹੈ ਜਦ ਕਿ ਰੂਸ ਨੇ ਸਾਈਬੇਰੀਆ ਤੋਂ ਵੈਸਟ ਜਰਮਨੀ ਲਈ 5,000 ਕਿਲੋਮੀਟਰ ਪਾਈਪ ਲਾਈਨ ਵਿਛਾਈ ਹੋਈ ਹੈ। ਪਰ ਸੈਂਟਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੀ ਇਕੋਨਮੀ ਨੂੰ ਡਾਈਵਰਸੀਫਾਈ ਕਰੇ। ਪਰ ਸੈਂਟਰ ਦੀ ਸਰਕਾਰ ਪੰਜਾਬ ਦੇ ਨਾਲ ਇਕ ਸਾਜ਼ਿਸ਼ ਕਰ ਰਹੀ ਹੈ ਅਤੇ ਪੰਜਾਬ ਨੂੰ ਕਮਜ਼ੋਰ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। (ਆਪੋਜ਼ੀਸ਼ਨ ਬੈਂਚਾਂ ਵੱਲੋਂ ਥੰਪਿੰਗ) ਅਗਰ ਰੂਸ ਸਾਈਬੇਰੀਆ ਤੋਂ ਵੈਸਟ ਜਰਮਨੀ ਤਕ ਪਾਈਪ ਲਾਈਨ ਵਿਛਾ ਸਕਦਾ ਹੈ ਤਾਂ ਕੀ ਤੁਸੀਂ ਬੰਬਈ ਤੋਂ ਜਲੰਧਰ ਤਕ ਪੈਟਰੋਲ ਦੀ ਪਾਈਪ ਲਾਈਨ ਨਹੀਂ ਵਿਛਾ ਸਕਦੇ ? ਇਥੇ ਕੋਈ ਪੈਟਰੋ ਕੈਮੀਕਲ ਇੰਡਸਟਰੀ ਨਹੀਂ ਲਗਾਈ ਗਈ ਅਤੇ ਨਾ ਹੀ ਕੋਈ ਵੈਲਿਊਏਬਲ ਇੰਡਸਟਰੀ ਪੰਜਾਬ ਨੂੰ ਦਿੱਤੀ ਗਈ ਹੈ। ਇਥੇ ਕੋਈ ਨਵੀਂ ਸਕੀਮ ਨਹੀਂ ਚਲਾਈ ਗਈ। ਇਹ ਜਿਹੜੀ ਪਲਾਨ ਹੈ, ਇਸ ਦੇ ਨਾਲ ਪੰਜਾਬ ਕਮਜ਼ੋਰ ਹੋਵੇਗਾ। ਸੈਂਟਰ ਦੀ ਸਰਕਾਰ ਪੰਜਾਬ ਨੂੰ ਐਗਰੀਕਲਚਰ ਔਰ ਰੂਰਲ ਤੌਰ ਤੇ ਇਕ ਸਾਧਾਰਨ ਰਾਅ ਮੈਟੀਰੀਅਲ ਦਾ ਅੱਡਾ ਬਣਾਉਣਾ ਚਾਹੁੰਦੀ ਹੈ ਔਰ ਇਹ ਤਰੀਕਾ ਇਕ ਇਮਪੀਰੀਅਲਿਸਟ ਮੁਲਕਾਂ ਵਾਲਾ ਹੈ ਇਕ ਇਹ ਪਾਲਿਸੀ ਆ ਰਹੀ ਹੈ ਕਿ ਰਾਅ ਮੈਟੀਰੀਅਲ ਲਈ ਇੰਟਰਨੈਸ਼ਨਲ ਮਾਰਕਿਟ ਤੋਂ ਰਾਅ ਮੈਟੀਰੀਅਲ ਭਾਅ ਤੇ ਲਿਆ ਕੇ ਗੁਡਜ਼ ਬਣਾਈਆਂ ਜਾਣ। ਫਿਰ ਉਸ ਗੁਡਜ਼ ਤੇ ਟੈਰਿਫ ਲਗਾ ਕੇ ਮਾਰਕਿਟ ਵਿਚ ਲਿਆਂਦੀਆਂ ਜਾਣ। ਇਹ ਪਾਲਿਸੀ ਕੈਪੀਟਲਿਸਟਾਂ ਦੀ ਹੈ। ਇਸ ਨਾਲ ਡਿਸਪੈਰਿਟੀ ਐਗਰੀਕਲਚਰਲ ਵਰਕਰ, ਰੂਰਲ ਮੈਨ ਅਤੇ ਅਰਬਨ ਮੈਨ ਵਿਚ ਪੈਦਾ ਕੀਤੀ ਜਾ ਰਹੀ ਹੈ।

ਪਿਛੇ ਜਿਹੇ ਸਰਕਾਰ ਨੇ ਸਰਵੇ ਕਰਵਾਇਆ ਸੀ ਕਿ ਪੰਜਾਬ ਵਿਚ ਕਿੰਨੇ ਪ੍ਰਤੀਸ਼ਤ ਲੋਕ ਬੀਲੋਅ ਪਾਵਰਟੀ ਲਾਈਨ ਦੇ ਹਨ। ਇਨ੍ਹਾਂ ਨੇ ਦੱਸਿਆ ਹੈ ਕਿ 38% ਲੋਕ ਪੰਜਾਬ ਵਿਚ ਪਾਵਰਟੀ ਲਾਈਨ ਤੋਂ ਥੱਲੇ ਹਨ। ਪਰ ਉਨ੍ਹਾਂ ਲਈ ਬਜਟ ਵਿਚ ਕੁਝ ਨਹੀਂ ਰਖਿਆ ਗਿਆ।

ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਇਸ ਸਾਲ ਕੁਝ ਨਹੀਂ ਲਿਆਂਦਾ ਗਿਆ। ਜਿਸ ਤਰ੍ਹਾਂ ਮੈਂ ਕਿਹਾ ਸੀ ਕਿ ਲਗਾਤਾਰ ਅਜਿਹੀਆਂ ਪਾਲਿਸੀਆਂ ਆ ਰਹੀਆਂ ਹਨ ਕਿ ਕਮਜ਼ੋਰ ਨੂੰ ਹੋਰ ਕਮਜ਼ੋਰ

ਬਣਾਇਆ ਜਾ ਰਿਹਾ ਹੈ। ਸਰ, ਮੇਰੀ ਆਪਣੀ ਰਾਇ ਹੈ ਕਿ ਪਲਾਨਰਜ਼ ਜਿਹੜੇ ਹਨ, ਉਹ ਸੈਂਟਰ ਵਿਚ ਦਿੱਲੀ ਬੈਠੇ ਹਨ, ਉਹ ਸੂਬੇ ਦੀ ਪਲਾਨਜ਼ ਨੂੰ ਡਿਸਾਈਡ ਕਰਦੇ ਹਨ। ਇਥੇ ਸਾਡੇ ਸੂਬੇ ਕੋਲ ਕੁਝ ਨਹੀਂ ਹੈ। ਲਗਾਤਾਰ ਅਜਿਹੀਆਂ ਪਾਲਿਸੀਆਂ ਆ ਰਹੀਆਂ ਹਨ ਕਿ ਇਹ ਨੂੰ ਹੋਰ ਉੱਚਾ ਚੁੱਕਿਆ ਜਾਏ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬੀਅਰਰ ਬਾਂਡ ਆਰਡੀਨੈਂਸ ਕੀਤਾ ਹੈ ਕਿ ਬਲੈਕਮਨੀ ਨੂੰ ਵ੍ਹਾਈਟ ਮਨੀ ਵਿਚ ਤਬਦੀਲ ਕੀਤਾ ਜਾਏ। ਡਿਪਟੀ ਸਪੀਕਰ ਸਾਹਿਬ, ਮੇਰੀ ਰਾਇ ਹੈ ਕਿ ਕਾਂਗਰਸ ਸਰਕਾਰ ਚਾਹੁੰਦੀ ਹੈ ਕਿ ਅਮੀਰ ਲੋਕਾਂ ਨੂੰ ਹੋਰ ਜ਼ਿਆਦਾ ਤਕੜਾ ਕੀਤਾ ਜਾਏ। ਇਹੋ ਜਿਹੀਆਂ ਪਾਲਿਸੀਆਂ ਦੇ ਨਾਲ ਗਰੀਬ ਆਦਮੀ ਨੂੰ ਕੋਈ ਫਾਇਦਾ ਨਹੀਂ ਹੋਣਾ, ਮੁਲਾਜ਼ਮਾਂ ਨੂੰ ਜਿਹੜੇ ਭਰਾ ਇਥੇ ਬੈਠੇ ਹਨ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਣਾ। ਐਗਰੀਕਲਚਰਿਸਟ ਨੂੰ ਕੋਈ ਫਾਇਦਾ ਨਹੀਂ ਹੋਣਾ, ਲੇਬਰ ਨੂੰ ਕੋਈ ਫਾਇਦਾ ਨਹੀਂ ਹੋਣਾ ਔਰ ਕਿਸੇ ਗਰੀਬ ਮੁਲਾਜ਼ਮ ਨੂੰ ਕੋਈ ਫਾਇਦਾ ਨਹੀਂ ਹੋਣਾ। ਇਨ੍ਹਾਂ ਦੀ ਪਾਲਿਸੀ ਨਾਲ ਵੱਡੇ ਵੱਡੇ ਇੰਡਸਟਰੀਅਲਿਸਟਸ ਅਤੇ ਵੱਡੇ ਵੱਡੇ ਟਰੇਡਰਜ਼ ਨੂੰ ਫਾਇਦਾ ਹੋਵੇਗਾ। ਇਹ ਪਾਲਿਸੀਆਂ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਇੰਟਰੈਸਟਸ ਨੂੰ ਰਿਪ੍ਰੇਜ਼ੈਂਟ ਕਰਦੀਆਂ ਹਨ ਜਿਹੜੇ ਹੇਰਾ ਫੇਰੀ ਕਰਦੇ ਹਨ ਜਾਂ ਬਲੈਕ ਮਨੀ ਰੱਖਦੇ ਹਨ ਜਾਂ ਜਿਹੜੇ ਲੋਕ ਟੈਕਸ ਦਾ ਇਵੇਜ਼ਨ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਟੈਕਸ ਦੀ ਇਵੇਜ਼ਨ ਕਰਨ ਵਾਲਿਆਂ ਦੀ ਕੁਰਕੀ ਜਾਂ ਉਨ੍ਹਾਂ ਨੂੰ ਜੇਲ੍ਹ ਹੋਣੀ ਚਾਹੀਦੀ ਹੈ, ਪਰ ਕਾਂਗਰਸ ਸਰਕਾਰ ਉਨ੍ਹਾਂ ਦੀ ਮੱਦਦ ਕਰਦੀ ਹੈ। ਬਿਗ ਇੰਡਸਟਰੀ-ਅਲਿਸਟਾਂ ਨੂੰ ਤਕੜਾ ਕਰਨ ਦੀਆਂ ਪਾਲਿਸੀਆਂ ਹਨ ਜੋ ਕਿ ਬਜਟ ਵਿਚ ਰਿਪ੍ਰੇਜ਼ੈਂਟ ਕਰਦੀਆਂ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਰੂਰਲ ਏਰੀਆ ਨੂੰ ਸੁਪ੍ਰੈਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਫੋਕਲ ਪੁਆਇੰਟ ਦੀ ਸਕੀਮ ਸ਼ੁਰੂ ਕੀਤੀ ਸੀ, ਪਰ ਉਹ ਸਕੀਮ ਇਨ੍ਹਾਂ ਨੇ ਬੰਦ ਕਰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, 25 ਬਿਸ-ਤਰਿਆਂ ਦੇ ਹਸਪਤਾਲ ਦੀ ਸਕੀਮ ਸੀ। ਮੈਂ ਤੁਹਾਨੂੰ ਇਸ ਸਕੀਮ ਦੀ ਇਕ ਮਿਸਾਲ ਦਿੰਦਾ ਹਾਂ ਕਿ ਲੋਹੀਆਂ ਮੇਰੀ ਕੰਸਟੀਚੂਐਂਸੀ ਵਿਚ ਆਉਂਦਾ ਹੈ। ਉਥੇ ਹਸਪਤਾਲ ਬਣਾਉਣ ਲਈ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਫਾਊਂਡੇਸ਼ਨ ਸਟੋਨ ਰੱਖਿਆ ਅਤੇ ਪੈਸਾ ਪੀ.ਡਬਲਯੂ.ਡੀ. ਕੋਲ ਜਮ੍ਹਾਂ ਕਰਵਾ ਦਿੱਤਾ ਗਿਆ। ਉਥੇ ਇੱਟਾਂ ਦਾ ਵੀ ਢੇਰ ਲਗਾ ਦਿੱਤਾ ਗਿਆ ਸੀ ਪਰ ਉਥੇ ਲੋਹੀਆਂ ਪਿੰਡ ਵਿਚ ਹਸਪਤਾਲ ਬਣਾਉਣ ਲਈ ਸਭ ਕੁਝ ਮਨਜ਼ੂਰ ਹੋ ਗਿਆ। ਮੈਂ ਐਫ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਥੇ ਉਸ ਤੋਂ ਬਾਅਦ ਕੰਮ ਬਿਲਕੁਲ ਨਹੀਂ ਹੋਇਆ। ਇਸ ਲਈ ਐਫ.ਐਮ. ਸਾਹਿਬ ਜਦੋਂ ਜਵਾਬ ਦੇਣ ਤਾਂ ਆਪਣੀ ਸਪੀਚ ਵਿਚ ਲੋਹੀਆਂ ਪਿੰਡ ਦੇ ਹਸਪਤਾਲ ਦਾ ਜ਼ਿਕਰ ਜ਼ਰੂਰ ਕਰਨ। ਇਹ ਚੀਜ਼ ਨੋਟ ਕਰ ਲੈਣ। ਇਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਕਿਉਂਕਿ ਇਹ ਸਰਕਾਰ ਰੂਰਲ ਏਰੀਆ ਵਿਚ ਹਸਪਤਾਲ ਨਹੀਂ ਬਣਾਉਣਾ ਚਾਹੁੰਦੀ। ਫਿਰ, ਡਿਪਟੀ ਸਪੀਕਰ ਸਾਹਿਬ, ਆਦਰਸ਼ ਸਕੂਲਾਂ ਦੀ ਸਕੀਮ ਸੀ, ਉਹ ਵੀ ਇਸ ਸਰਕਾਰ ਨੇ ਬੰਦ ਕਰ ਦਿੱਤੀ ਹੈ। ਫਿਰ ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਫਲੱਡ ਕੰਟਰੋਲ ਦੀ ਗੱਲ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਇਕ ਮਹੱਤਵਪੂਰਨ ਗੱਲ ਹੈ ਕਿ 37 ਲੱਖ ਹੈਕਟੇਅਰ ਜ਼ਮੀਨ ਫਲੱਡਾਂ ਦੇ ਨਾਲ ਤਬਾਹ ਹੋ ਗਈ ਹੈ। ਜਦੋਂ ਅਸੀਂ ਛੱਡ ਕੇ ਗਏ ਸੀ ਤਾਂ ਸਾਢੇ ਬਾਰਾਂ ਲੱਖ ਹੈਕਟੇਅਰ ਜ਼ਮੀਨ ਬਾਕੀ ਸੀ ਪਰ ਇਹ ਰੂਰਲ ਏਰੀਆ ਨੂੰ ਸੁਪ੍ਰੈਸ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, 1979-80 ਵਿਚ ਫਲੱਡ ਕੰਟਰੋਲ ਤੇ 10 ਕਰੋੜ ਰੁਪਿਆ ਖਰਚ ਪਿਛਲੀ ਸਰਕਾਰ ਕਰਦੀ ਸੀ। ਫਿਰ ਇਹ ਨਵੀਂ ਸਰਕਾਰ ਆ ਗਈ ਅਤੇ ਕਹਿੰਦੀ ਹੈ ਕਿ ਫਲੱਡ ਕੰਟਰੋਲ ਦੀ ਕੋਈ ਪ੍ਰਾਬਲਮ ਹੀ ਨਹੀਂ ਹੈ। ਇਥੇ ਸ਼ਹਿਰੀ ਵੀ ਬੈਠੇ ਹਨ ਅਤੇ

[ਸਰਦਾਰ ਬਲਵੰਤ ਸਿੰਘ]

ਰੂਰਲ ਏਰੀਆ ਵਾਲੇ ਵੀ ਬੈਠੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਐਫ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 10 ਕਰੋੜ ਰੁਪਿਆ ਤੋਂ ਘਟਾ ਕੇ ਤੁਸੀਂ 5 ਕਰੋੜ ਰੁਪਿਆ ਲਿਆਂਦਾ ਪਿਛਲੇ ਸਾਲ, ਪਰ ਇਸ ਸਾਲ 5 ਕਰੋੜ ਦੀ ਥਾਂ ਤੇ ਸਾਢੇ ਤਿੰਨ ਕਰੋੜ ਰੁਪਿਆ ਰੱਖਿਆ ਗਿਆ ਹੈ। ਇਹ ਇਨ੍ਹਾਂ ਦੀ ਸਾਜ਼ਸ਼ ਹੈ ਕਿ ਰੂਰਲ ਏਰੀਆ ਡਿਵੈਲਪ ਨਾ ਹੋਵੇ। ਇਹ, ਡਿਪਟੀ ਸਪੀਕਰ ਸਾਹਿਬ, ਰੂਰਲ ਏਰੀਆ ਨੂੰ ਸੁਪ੍ਰੈਸ ਕਰ ਰਹੇ ਹਨ। ਜਦੋਂ ਇਸ ਸਾਲ ਪਲਾਨ 340 ਕਰੋੜ ਰੁਪਏ ਦਾ ਲਿਆਂਦਾ ਗਿਆ ਤਾਂ ਫਿਰ ਸਾਢੇ ਤਿੰਨ ਕਰੋੜ ਰੁਪਿਆ ਫਲੱਡ ਵਾਸਤੇ ਕਿਉਂ ਰੱਖਿਆ ਗਿਆ ਹੈ ? ਚਾਹੀਦਾ ਇਹ ਸੀ ਕਿ 10 ਕਰੋੜ ਰੁਪਏ ਦੀ ਥਾਂ ਤੇ 15 ਕਰੋੜ ਰੁਪਿਆ ਕਰਦੇ ਜਾਂ 20 ਕਰੋੜ ਰੁਪਿਆ ਕਰਦੇ। ਇਸ ਤਰ੍ਹਾਂ ਕਿਉਂ ਨਹੀਂ ਕੀਤਾ ਗਿਆ ? ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਰੂਰਲ ਏਰੀਆ ਨੂੰ ਸਪ੍ਰੈਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਥੇਈਂ ਡੈਮ ਨੂੰ ਲੈ ਲਓ। ਪੰਜਾਬ ਵਿਚ ਜਿਹੜੀ ਇਲੈਕਟਰੀਸਿਟੀ ਹੈ, ਉਸਦਾ ਜ਼ਿਆਦਾ ਫਾਇਦਾ ਅਰਬਨ ਏਰੀਆ ਨੂੰ ਹੁੰਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਥੇਈਂ ਡੈਮ ਦੀ 350 ਕਰੋੜ ਰੁਪਏ ਦੀ ਸਕੀਮ ਹੈ, ਪਰ ਐਨੂਅਲ ਪਲਾਨ ਵਿਚ ਸਿਰਫ 22 ਕਰੋੜ ਰੁਪਿਆ ਰਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਕ ਚੀਜ਼ ਮੈਂ ਖਾਸ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਥੇਈਂ ਡੈਮ ਦੇ ਜਦੋਂ ਟਨਲਜ਼ ਵਗੈਰਾ ਖੋਦਣਗੇ ਤਾਂ ਪਤਾ ਲੱਗੇਗਾ। ਐਨੂਅਲ ਪਲਾਨ ਦੇ ਸਫਾ 54 ਤੇ ਲਿਖਿਆ ਹੋਇਆ ਹੈ ਕਿ ਹੇਠ ਲਿਖੇ ਕੰਮਾਂ ਤੇ ਇਤਨਾ ਖਰਚਾ ਆਏਗਾ :—

Works—

(i) Land acquisition and preliminary.
(ii) Building construction and electrification.
(iii) Extension service in colonies.
(iv) Communication (Railways, Roads and Bridges).
(v) Open cut excavation.
(vi) Steel.
(vii) Special T. & P.
(viii) Suspense (Spares, Stores, etc.)
(ix) Mechanical Workshop facilities.

ਇਹ ਸਾਰੀ ਚੀਜ਼, ਡਿਪਟੀ ਸਪੀਕਰ ਸਾਹਿਬ, ਐਕਚੂਅਲ ਕੰਸਟਰੱਕਸ਼ਨ 22 ਕਰੋੜ ਰੁਪਏ ਨਾਲ ਨਹੀਂ ਹੋਣ ਲਗੀ। ਫਿਰ, ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਬਾਹਰਲੇ ਲੋਕਾਂ ਕੋਲੋਂ ਪੈਸਾ ਲਵਾਂਗੇ, ਪਰ ਮੈਂ ਕਹਿੰਦਾ ਹਾਂ ਕਿ ਬਾਹਰੋਂ ਕਿਸ ਤਰ੍ਹਾਂ ਪੈਸਾ ਲਵੋਗੇ, ਉਹ ਸਕੀਮਾਂ ਦੱਸੋ ਜਿਸ ਰਾਹੀਂ ਪੈਸਾ ਲਵੋਗੇ, ਉਹ ਸਕੀਮਾਂ ਕਿਉਂ ਨਹੀਂ ਦੱਸਦੇ। ਡਿਪਟੀ ਸਪੀਕਰ ਸਾਹਿਬ, ਇਹ ਬਾਹਰ ਜਾਣ ਅਤੇ ਵਰਲਡ ਬੈਂਕ ਤੋਂ ਪੈਸਾ ਲੈਣ। (ਵਿਘਨ) ਪਰ ਮੈਨੂੰ ਪਤਾ ਹੈ ਕਿ ਸੈਂਟਰਲ ਗੌਰਮਿੰਟ ਨੇ ਇਨ੍ਹਾਂ ਨੂੰ ਕੁਝ ਨਹੀਂ ਦੇਣਾ। ਪੈਸੇ ਬਹੁਤ ਆ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਵੇਲੇ ਮੈਂ ਤਿੰਨ ਕਰੋੜ ਰੁਪਿਆ ਮਨਜ਼ੂਰ ਕਰਵਾਇਆ ਸੀ। ਮੈਂ ਵੀ ਅੱਖਾਂ ਦਾ ਆਪਰੇਸ਼ਨ ਕਰਵਾਉਣ ਲਈ ਬਾਹਰ ਗਿਆ ਸੀ ਪਰ ਅੱਖਾਂ ਦੇ ਆਪਰੇਸ਼ਨ ਦੇ ਨਾਲ ਨਾਲ ਮੈਂ ਸੀਵਰੇਜ ਲਈ, ਕੰਡੀ ਏਰੀਏ ਅਤੇ ਇਰੀਗੇਸ਼ਨ ਲਈ ਵਰਲਡ ਬੈਂਕ ਕੋਲੋਂ ਪੈਸਾ ਮਨਜ਼ੂਰ ਕਰਵਾਇਆ ਸੀ। ਇਹ ਰੁਪਿਆ ਸੂਦ ਤੋਂ ਬਗੈਰ ਸੀ ਅਤੇ ਸਿਰਫ ਸਰਵਿਸ ਚਾਰਜਿਜ਼ ਦੇਣੇ ਸਨ। ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਵੀ ਬਾਹਰ ਜਾਓ ਅਤੇ ਪੈਸੇ ਲਿਆਓ। ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦੀ ਗੱਲ ਕਰਨਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚੋਂ ਜਦੋਂ ਯੂਨੈਨੀਮਸਲੀ ਮਤਾ ਪਾਸ ਹੋ ਚੁੱਕਾ ਹੈ ਤਾਂ ਉਸ ਦਾ ਜ਼ਿਕਰ ਬਜਟ ਸਪੀਚ ਵਿਚ ਕਿਉਂ ਨਹੀਂ ਕੀਤਾ

ਗਿਆ ? ਇਸ ਬਾਰੇ ਕੋਈ ਪੈਸਾ ਨਹੀਂ ਰੱਖਿਆ ਗਿਆ। ਸਗੋਂ 10 ਕਰੋੜ ਰੁਪਏ ਦੇ ਲੋਕਾਂ ਤੇ ਟੈਕਸ ਲਗਾ ਦਿੱਤੇ ਹਨ ਅਤੇ ਬੱਸਾਂ ਦੇ ਕਿਰਾਏ ਵਿਚ ਵਾਧਾ ਕਰ ਦਿੱਤਾ ਗਿਆ ਹੈ। ਚਾਹੀਦਾ ਇਹ ਸੀ ਕਿ ਇਹ ਬਜਟ ਵਿਚ ਦੱਸਦੇ ਕਿ ਕਦੋਂ ਤਕ ਕੰਪਲੀਟ ਨੈਸ਼ਨੇਲਾਈਜ਼ੇਸ਼ਨ ਟਰਾਂਸਪੋਰਟ ਦੀ ਕਰ ਦੇਣਗੇ। ਬਜਟ ਪ੍ਰੋਗਰੈਸ ਦਾ ਇੰਡੀਕੇਟਰ ਹੁੰਦਾ ਹੈ। ਇਕਨਾਮਿਕ ਸਕੀਮਾਂ ਦਾ ਇੰਡੀਕੇਟਰ ਹੁੰਦਾ ਹੈ ਅਤੇ ਫਿਸਕਲ ਪਾਲਿਸੀ ਅਤੇ ਸੋਸ਼ਲਿਸਟਿਕ ਡੀਜ਼ਾਈਨ ਦਾ ਇੰਡੀਕੇਟਰ ਹੁੰਦਾ ਹੈ, ਹਾਊਸ ਵਿਚ ਜਦੋਂ ਟਰਾਂਸਪੋਰਟ ਨੈਸ਼ਨੇਲਾਈਜੇਸ਼ਨ ਦਾ ਮਤਾ ਪਾਸ ਹੋ ਚੁੱਕਾ ਹੈ ਤਾਂ ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਸ ਰਾਈਜ਼ ਕਿੱਡੀ ਵਡੀ ਗੱਲ ਹੈ। ਹੁਣ ਮੇਰੇ ਦੋਸਤ ਨੇ, ਕਾਂਗਰਸ ਪਾਰਟੀ ਦੇ ਨੇ ਪ੍ਰਾਈਸਿਜ਼ ਤੇ ਸਵਾਲ ਵੀ ਕੀਤਾ ਸੀ। ਪ੍ਰਾਈਸਿਜ਼ ਐਡੀ ਵਡੀ ਅਹਿਮ ਚੀਜ਼ ਹੈ, ਪਰ ਬਜਟ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ਹੈ। ਹਿੰਦ ਸਮਾਚਾਰ ਅਖਬਾਰ ਮੈਂ ਪੜ੍ਹ ਰਿਹਾ ਸੀ ਉਸ ਵਿਚ ਇਹ ਲਿਖਿਆ ਹੋਇਆ ਸੀ ਕਿ 176 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਣਕ ਅੰਮ੍ਰਿਤਸਰ ਵਿਚ ਵਿਕ ਰਹੀ ਹੈ। ਮੂੰਗਫਲੀ 10 ਰੁਪਏ ਕਿਲੋ ਦੇ ਹਿਸਾਬ ਨਾਲ ਵਿਕ ਰਹੀ ਹੈ। ਚੰਡੀਗੜ੍ਹ ਵਿਚ ਆਟਾ ਸਵਾ ਦੋ ਰੁਪਏ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ। ਇਸੇ ਤਰ੍ਹਾਂ ਹੀ ਘਿਓ ਦਾ ਟੀਨ 225 ਰੁਪਏ ਦੇ ਹਿਸਾਬ ਨਾਲ ਵਿਕ ਰਿਹਾ ਹੈ। ਚੰਡੀਗੜ੍ਹ ਔਰ ਪੰਜਾਬ ਇਕੋ ਜ਼ੋਨ ਹੀ ਹੈ. ਇਨ੍ਹਾਂ ਨੇ ਆਪਣੇ ਇਕਨਾਮਿਕ ਸਰਵੇ ਵਿਚ ਕਨਜ਼ਿਊਮਰ ਪ੍ਰਾਈਸ ਇੰਡੈਕਸ ਦਿੱਤਾ ਹੈ। ਇਸ ਬਾਰੇ ਮੈਂ ਸਵਾਲ ਦਿੱਤਾ ਸੀ ਪਰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਕੱਤਰੇਤ ਨੇ ਰਿਜੈਕਟ ਕਰ ਦਿੱਤਾ ਇਹ ਕਹਿ ਕੇ ਕਿ ਪ੍ਰਾਈਸ ਇੰਡੈਕਸ ਦਿੱਲੀ ਦੀ ਸਰਕਾਰ ਬਣਾਉਂਦੀ ਹੈ। ਪਰ ਤੁਹਾਡੇ ਸਕੱਤਰੇਤ ਨੂੰ ਪਤਾ ਨਹੀਂ ਕਿ ਪ੍ਰਾਈਸ ਇੰਡੈਕਸ ਪੰਜਾਬ ਸਰਕਾਰ ਬਣਾਉਂਦੀ ਹੈ। ਟੇਬਲ 1.4 ਤੇ ਕਨਜ਼ਿਊਮਰ ਪ੍ਰਾਈਸ ਇੰਡੈਕਸ ਦਿੱਤਾ ਹੋਇਆ ਹੈ। ਇਨ੍ਹਾਂ ਨੂੰ ਇਹ ਚੀਜ਼ ਬਜਟ ਸਪੀਚ ਵਿਚ ਲਿਆਉਣੀ ਚਾਹੀਦੀ ਸੀ ਤਾਕਿ ਇਹ ਚੀਜ਼ ਸਾਰਿਆਂ ਦੇ ਸਾਹਮਣੇ ਆਉਂਦੀ। ਜਦੋਂ ਸਾਡੀ ਸਰਕਾਰ ਆਈ ਸੀ ਤਾਂ 225% ਪ੍ਰਾਈਸ ਇੰਡੈਕਸ ਸੀ ਔਰ ਜਦੋਂ ਅਸੀਂ ਗਏ ਤਾਂ ਇਹ 247% ਹੋ ਗਿਆ। ਇਨ੍ਹਾਂ ਦੇ ਵਲੋਂ ਇਹ 247% ਤੋਂ 289% ਹੋ ਗਿਆ ਯਾਨੀ 42 ਪੁਆਇੰਟ ਪ੍ਰਾਈਸ ਇੰਡੈਕਸ ਵਧਿਆ। ਇਹ ਕਹਿੰਦੇ ਹਨ ਕਿ ਮੁਲਾਜ਼ਮਾਂ ਨੂੰ ਐਡੀਸ਼ਨਲ ਡੀ.ਏ. ਦੀਆਂ ਕਿਸ਼ਤਾਂ ਦੇ ਰਹੇ ਹਾਂ, ਜੋ ਕਿ ਐਕਚੂਅਲ ਮਹਿੰਗਾਈ ਨਾਲੋਂ ਬਹੁਤ ਘੱਟ ਹੈ। ਹਰ ਐਡੀਸ਼ਨਲ ਡੀ.ਏ. ਕਿਸ਼ਤ ਮਗਰ ਡੇਢ ਫੀ ਸਦੀ ਮੁਲਾਜ਼ਮ ਦੀ ਆਮਦਨ ਘਟਦੀ ਹੈ। ਜੋ ਐਕਚੂਅਲ ਪ੍ਰਾਈਸ ਇੰਡੈਕਸ ਹੈ, ਉਸ ਨਾਲੋਂ ਘਟ ਐਂਪਲਾਈਜ਼ ਨੂੰ ਦਿਤਾ ਜਾਂਦਾ ਹੈ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਕਿਸ਼ਤ ਦਾ ਫਾਇਦਾ ਸਿਰਫ 1,400 ਰੁਪਏ ਮਹੀਨਾ ਪਾਉਣ ਵਾਲੇ ਮੁਲਾਜ਼ਮਾਂ ਨੂੰ ਹੀ ਮਿਲੇਗਾ। ਮੈਂ ਪੁਛਣਾ ਚਾਹੁੰਦਾ ਹਾਂ ਕਿ 1,400 ਰੁਪਏ ਮਹੀਨਾ ਤੋਂ ਉਪਰ। ਮੁਲਾਜ਼ਮ ਤਨਖਾਹ ਲੈਂਦੇ ਹਨ, ਉਨ੍ਹਾਂ ਨੇ ਕੀ ਗੁਨਾਹ ਕੀਤਾ ਹੈ ? ਉਨ੍ਹਾਂ ਸਾਰਿਆਂ ਮੁਲਾਜ਼ਮਾਂ ਨੂੰ ਵੀ ਇਹ ਕਿਸ਼ਤ ਦਾ ਫਾਇਦਾ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਪ੍ਰਾਈਸਿਜ਼ ਤੇ ਕੋਈ ਕੰਟਰੋਲ ਨਹੀਂ ਹੈ ਖਾਸ ਤੌਰ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਬਿਲਟ ਕੀਤੀ ਜਾਂਦੀ ਹੈ ਕਿ ਪ੍ਰੋਡਿਊਸਰ ਫਾਰਮਰ ਅਤੇ ਕਨਜ਼ਿਊਮਰ ਦਾ ਇੰਟ੍ਰੈਸਟ ਕੰਟਰਾਡਿਕਟਰੀ ਹੈ। ਇਹ ਕਹਿੰਦੇ ਹਨ ਕਿ ਜੇਕਰ ਫਾਰਮਰ ਨੂੰ ਉਸ ਦੀ ਜਿਨਸ ਦਾ ਜ਼ਿਆਦਾ ਮੁੱਲ ਦਿੱਤਾ ਗਿਆ ਤਾਂ ਉਸ ਦਾ ਅਸਰ ਕਨਜ਼ਿਊਮਰ ਤੇ ਪੈਣਾ ਹੈ। ਪਰ ਇਹ ਗੱਲ ਠੀਕ ਨਹੀਂ ਹੈ। ਜੇਕਰ ਕੋਈ ਕਲੈਸ਼ ਹੈ ਤਾਂ ਉਹ ਪ੍ਰੋਡਿਊਸਰ ਔਰ ਸਰਕਾਰ ਦਾ ਹੈ। ਕਨਜ਼ਿਊਮਰ ਔਰ ਸਰਕਾਰ ਦਾ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ 115 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਣਕ ਲਈ ਔਰ ਫਿਰ ਇਹ 176 ਰੁਪਏ ਕੁਇੰਟਲ

[ਸਰਦਾਰ ਬਲਵੰਤ ਸਿੰਘ]

ਦੇ ਹਿਸਾਬ ਨਾਲ ਕਿਉਂ ਵਿਕੀ ਔਰ ਹੁਣ ਸਵਾ ਦੋ ਰੁਪਏ ਕਿਲੋ ਆਟਾ ਕਿਉਂ ਵਿਕੇ ? ਕਨਜ਼ਿਊਮਰ ਔਰ ਪ੍ਰੋਡਿਊਸਰ ਦਾ ਕੋਈ ਕਲੈਸ਼ ਨਹੀਂ ਹੈ। ਕਨਜ਼ਿਊਮਰ ਨੂੰ ਜੇਕਰ ਕੋਈ ਲੁੱਟ ਰਿਹਾ ਹੈ ਤਾਂ ਉਹ ਸਰਕਾਰ ਲੁੱਟ ਰਹੀ ਹੈ। ਫਾਰਮਰ ਤੋਂ ਮੂੰਗਫਲੀ 2 ਰੁਪਏ ਕਿਲੋ ਦੇ ਹਿਸਾਬ ਨਾਲ ਖਰੀਦੀ ਗਈ ਔਰ ਸੰਗਤ ਨੂੰ, ਕਨਜ਼ਿਊਮਰ ਨੂੰ ਮੂੰਗਫਲੀ 10 ਰੁਪਏ ਕਿਲੋ ਦੇ ਹਿਸਾਬ ਨਾਲ ਮਿਲ ਰਹੀ ਹੈ। ਇਨ੍ਹਾਂ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ ਕਿ ਡਿਸਟ੍ਰੀਬਿਊਸ਼ਨ ਸਿਸਟਮ ਕੀ ਬਣਾਇਆ ਹੈ ਔਰ ਕੰਟ੍ਰੋਲ ਕੀ ਲਾਗੂ ਕੀਤੇ ਹਨ ?

ਅਸੀਂ ਪਨਸਪ ਦੀਆਂ ਸ਼ਾਪਸ ਖੋਲ੍ਹੀਆਂ ਸਨ। ਇਸ ਦੇ ਦੋ ਮਕਸਦ ਸਨ। (ਵਿਘਨ)

ਸਰਦਾਰ ਬੀਰ ਦਵਿੰਦਰ ਸਿੰਘ : ਜਿਥੇ ਗੁਰੂ ਸਾਹਿਬ ਦਾ ਦਰਬਾਰ ਹੋਵੇ, ਉਥੇ ਹੀ ਸੰਗਤ ਸ਼ਬਦ ਦੀ ਵਰਤੋਂ ਹੋ ਸਕਦੀ ਹੈ। ਪਰ ਇਥੇ ਸੰਗਤ ਕਹਿਣਾ ਠੀਕ ਨਹੀਂ ਹੈ। (ਵਿਘਨ)

ਸਰਦਾਰ ਬਲਵੰਤ ਸਿੰਘ : ਮੈਂ ਕਹਿ ਰਿਹਾ ਸੀ ਕਿ ਅਸੀਂ ਪਨਸਪ ਦੀਆਂ ਦੁਕਾਨਾਂ ਖੋਲ੍ਹੀਆਂ। ਇਸ ਦੇ ਦੋ ਮਕਸਦ ਸਨ। ਇਸ ਦਾ ਮਕਸਦ ਸੀ ਕਿ ਛੋਟੇ ਆਦਮੀ ਨੂੰ ਸਬਸੀਡਾਈਜ਼ਡ ਰੇਟਸ ਤੇ ਅਸੈਂਸ਼ਿਅਲ ਕਮੋਡਿਟੀਜ਼ ਮਿਲਣ। ਇਨ੍ਹਾਂ ਦਾ ਮੇਨ ਫੰਕਸ਼ਨ ਇਹ ਸੀ ਟੂ ਡਿਸਿਪਲਨ ਦੀ ਇਕਾਨੌਮੀ ਤਾਕਿ ਜਨਰਲ ਪ੍ਰਾਈਸਿਜ਼ ਨਾ ਵਧਣ। ਟੂ ਕ੍ਰੀਏਟ ਕੰਪੀਟੀਸ਼ਨ ਇਨ ਦੀ ਮਾਰਕਿਟ ਤਾਕਿ ਟਰੇਡਰਜ਼ ਚੀਜ਼ਾਂ ਜ਼ਿਆਦਾ ਮੁੱਲ ਤੇ ਨਾ ਵੇਚ ਸਕਣ। ਇਸ ਲਈ ਇਸ ਦਾ ਮੇਨ ਫੰਕਸ਼ਨ ਇਹ ਸੀ ਟੂ ਡਿਸਿਪਲਨ ਦੀ ਇਕਾਨੌਮੀ, ਟੂ ਬਰਿੰਗ ਦੀ ਪ੍ਰਾਈਸਿਜ਼ ਡਾਊਨ। ਉਹ ਪਰਪੱਜ਼ ਇਨ੍ਹਾਂ ਨੇ ਹੁਣ ਖਤਮ ਕਰ ਦਿੱਤਾ ਹੈ ਕਿਉਂਕਿ ਇਨ੍ਹਾਂ ਦੇ ਨਾਲ ਜੋ ਸਾਥੀ ਬੈਠੇ ਹਨ, ਉਨ੍ਹਾਂ ਨੂੰ ਇਹ ਪੁਗਦਾ ਨਹੀਂ ਹੈ। ਉਹ ਪਬਲਿਕ ਨੂੰ ਲੁੱਟਣਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਐਂਪਲਾਈਜ਼ ਬੜੇ ਡਿਸਕੰਟੈਂਟਿਡ ਹਨ। ਸਾਡੇ ਸੂਬੇ ਵਿਚ ਚੀਜ਼ਾਂ ਦੀਆਂ ਪ੍ਰਾਈਸਿਜ਼ ਵਧ ਰਹੀਆਂ ਹਨ। ਪਰ ਇਨ੍ਹਾਂ ਨੇ ਜੋ ਐਡੀਸ਼ਨਲ ਡੀ.ਏ. ਦੀ ਕਿਸ਼ਤ ਦਿੱਤੀ ਹੈ ਉਹਦਾ ਕਾਫੀ ਹਿੱਸਾ ਇਨ੍ਹਾਂ ਦੇ ਜੀ.ਪੀ. ਫੰਡ ਵਿਚ ਪਾ ਦਿੱਤਾ ਹੈ। ਇਨ੍ਹਾਂ ਐਂਪਲਾਈਜ਼ ਨੂੰ ਲੋੜ ਤਾਂ ਪੈਸੇ ਦੀ ਅੱਜ ਹੈ ਪਰ ਇਹ ਕਹਿੰਦੇ ਹਨ ਕਿ ਇਹ ਪੈਸਾ ਇਨ੍ਹਾਂ ਦੇ ਪ੍ਰੋਵੀਡੈਂਟ ਫੰਡ ਵਿਚ ਪਾ ਦਿੱਤਾ ਹੈ। ਐਡੀਸ਼ਨਲ ਡੀ.ਏ. ਦੀਆਂ ਕਿਸ਼ਤਾਂ ਲੈਣੀਆਂ ਇਹ ਐਂਪਲਾਇਜ਼ ਦਾ ਰਾਈਟ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਤੰਬਰ ਤੋਂ ਐਡੀਸ਼ਨਲ ਡੀ.ਏ. ਦੀ ਕਿਸ਼ਤ ਦੇ ਦਿੱਤੀ ਹੈ। ਇਹ ਪੰਜ ਛੇ ਮਹੀਨਿਆਂ ਬਾਅਦ ਦਿੱਤੀ ਗਈ ਹੈ। ਜਦੋਂ ਇਹ ਡਿਊ ਸੀ ਉਦੋਂ ਕਿਉਂ ਨਹੀਂ ਦਿੱਤੀ ਗਈ ? ਇਸ ਵੇਲੇ ਕਨਜ਼ਿਊਮਰ ਪ੍ਰਾਈਸ ਇੰਡੈਕਸ 42 ਪੁਆਇੰਟਸ ਵਧ ਗਿਆ ਹੈ। ਇਸ ਹਿਸਾਬ ਨਾਲ 5 ਡੀ.ਏ. ਦੀਆਂ ਕਿਸ਼ਤਾਂ ਦੇਣੀਆਂ ਚਾਹੀਦੀਆਂ ਸਨ, ਜਦ ਕਿ ਇਨ੍ਹਾਂ ਨੇ ਸਿਰਫ 3 ਦਿੱਤੀਆਂ ਹਨ ਅਤੇ ਦੋ ਕਿਸ਼ਤਾਂ ਹਾਲੇ ਹੋਰ ਦੇਣੀਆਂ ਰਹਿੰਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦੋ ਜਿਹੜੀਆਂ ਡੀ.ਏ. ਦੀਆਂ ਕਿਸ਼ਤਾਂ ਰਹਿੰਦੀਆਂ ਹਨ, ਇਹ ਵੀ ਫੌਰਨ ਦੇਣੀਆਂ ਚਾਹੀਦੀਆਂ ਹਨ।

ਇੰਜੀਨੀਅਰਜ਼ ਦੀ ਪ੍ਰਾਬਲਮ ਹੈ। ਇਸ ਸਬੰਧੀ ਅੱਜ ਇਹ ਪੁਜ਼ੀਸ਼ਨ ਹੈ ਕਿ ਥਰਮਲ ਪਲਾਂਟ, ਬਠਿੰਡਾ ਲੋਐਸਟ ਕਪੈਸਿਟੀ 33% ਤੇ ਰਨ ਕਰ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਨਾਲ ਕਿਉਂ ਹੋ ਰਿਹਾ ਹੈ ? ਇਸ ਦੀ ਮਿਸ-ਮੈਨੇਜਮੈਂਟ ਲਈ ਕੌਣ ਜ਼ਿਮੇਵਾਰ ਹੈ ? ਇਸ ਪਲਾਂਟ ਦੀ ਵਰਕਿੰਗ ਕਪੈਸਿਟੀ ਘੱਟ ਗਈ ਹੈ। ਫਿਰ ਜੇਕਰ ਇਸ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਕਿਸ ਤਰ੍ਹਾਂ ਨਾਲ ਇਥੇ ਦੀ ਇਕਾਨੌਮੀ ਠੀਕ ਰਹਿ ਸਕੇਗੀ। ਸਾਨੂੰ ਠੀਕ ਗਰੋਥ ਰੇਟ ਬਣਾਉਣੇ ਚਾਹੀਦੇ ਹਨ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ ਕਿਉਂਕਿ ਹੋਰਾਂ ਨੇ ਵੀ ਬੋਲਣਾ ਹੈ ।

(ਅਕਾਲੀ ਪਾਰਟੀ ਦੇ ਬੈਂਚਾਂ ਵੱਲੋਂ ਆਵਾਜ਼ਾਂ : ਸਾਡੀ ਪਾਰਟੀ ਦਾ ਸਾਰਾ ਟਾਈਮ ਇਨ੍ਹਾਂ ਨੂੰ ਦੇ ਦਿੱਤਾ ਜਾਏ ।)

ਸਰਦਾਰ ਬਲਵੰਤ ਸਿੰਘ : ਫਿਨਾਂਸ ਮਨਿਸਟਰ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਸਾਡੇ ਤੇ ਇਲਜ਼ਾਮ ਲਗਾਇਆ ਕਿ ਇਨ੍ਹਾਂ ਨੇ, ਅਕਾਲੀ ਸਰਕਾਰ ਨੇ ਆਪਣੇ ਵਕਤ ਵਿਚ ਟੈਕਸ ਦੀ ਮੋਬੇਲਾਈਜ਼ੇਸ਼ਨ ਨਹੀਂ ਕੀਤੀ, ਇਨ੍ਹਾਂ ਨੇ ਟੈਕਸ ਨਹੀਂ ਲਗਾਏ । ਸਰ, ਤੁਹਾਡੇ ਸਾਹਮਣੇ 'ਬਜਟ ਐਟ ਏ ਗਲਾਂਸ' ਦੀਆਂ ਮੈਂ ਫਿਗਰਜ਼ ਲੈਂਦਾ ਹਾਂ । ਇਸ ਦਾ ਸਫ਼ਾ 24 ਮੈਂ ਲੈਂਦਾ ਹਾਂ। ਅਕਾਲੀ ਸਰਕਾਰ ਫੀਲ ਕਰਦੀ ਸੀ ਕਿ ਅੱਗੇ ਹੀ ਬਹੁਤ ਭਾਰੀ ਟੈਕਸ ਹਨ। ਹਾਈਐਸਟ ਟੈਕਸੇਸ਼ਨ ਰੇਟ ਪੰਜਾਬ ਵਿਚ ਸੀ। 1967 ਵਿਚ ਸਾਡੀ ਸਰਕਾਰ ਨੇ ਇਸ ਵਿਚ ਕਨਸੈਸ਼ਨ ਦਿੱਤੇ। 72 ਕਰੋੜ ਰੁਪਏ ਦਾ ਰਲੀਫ਼ ਦਿੱਤਾ ਗਿਆ। ਫਿਰ 1969 ਵਿਚ ਟੈਕਸਾਂ ਵਿਚ ਰਲੀਫ ਦਿੱਤਾ ਗਿਆ। ਕਈ ਟੈਕਸ ਹਟਾਏ ਗਏ। 1978-79 ਵਿਚ ਲਗਾਤਾਰ ਇਹ ਫੀਲ ਕੀਤਾ ਕਿ ਟੈਕਸਾਂ ਦਾ ਬਰਡਨ ਹਾਈ ਹੈ ਔਰ ਪੰਜਾਬ ਦੇ ਸੂਬੇ ਤੇ ਹੋਰ ਟੈਕਸ ਲਗਾਉਣੇ ਨਜਾਇਜ਼ ਹਨ ਔਰ ਕ੍ਰੀਮੀਨਲ ਹਨ । ਇਨ੍ਹਾਂ ਦੇ ਆਪਣੇ ਅੰਕੜੇ ਕਹਿੰਦੇ ਹਨ ਕਿ ਇਸ ਵੇਲੇ ਜੀਅ ਪ੍ਰਤੀ ਟੈਕਸ 278 ਰੁਪਏ ਹੈ। ਇਨ੍ਹਾਂ ਦੇ ਆਪਣੇ ਹਿਸਾਬ ਨਾਲ ਜੇ 5 ਜੀਆਂ ਦਾ ਪ੍ਰੀਵਾਰ ਹੋਵੇ ਤਾਂ ਉਸਨੂੰ 1400 ਰੁਪਏ ਸਾਲ ਦਾ ਟੈਕਸ ਦੇਣਾ ਪਏਗਾ। ਇਸ ਤੋਂ ਇਲਾਵਾ ਸੈਂਟਰਲ ਗੌਰਮਿੰਟ ਦੇ ਹੋਰ ਕਈ ਟੈਕਸ ਹਨ, ਜਿਸ ਤਰ੍ਹਾਂ ਕਿ ਕਾਰਪੋਰੇਸ਼ਨ ਟੈਕਸ ਹੈ, ਐਕਸਾਈਜ਼ ਟੈਕਸ ਹੈ, ਕਪੜੇ ਤੇ ਟੈਕਸ ਹੈ ਔਰ ਪੈਟਰੋਲ ਆਦਿ ਤੇ ਟੈਕਸ ਹਨ। ਸੈਂਟਰਲ ਗੌਰਮਿੰਟ 6,000 ਕਰੋੜ ਰੁਪਏ ਜਾਂ 7,000 ਕਰੋੜ ਰੁਪਏ ਦੀ ਐਕਸਾਈਜ਼ ਡਿਊਟੀ ਲੈਂਦੀ ਹੈ, ਅਤੇ ਉਹ ਵੀ ਇਨ੍ਹਾਂ ਟੈਕਸਾਂ ਵਿਚ ਸ਼ਾਮਲ ਨਹੀਂ ਹਨ। ਰੇਲਵੇ ਪੈਸੰਜਰ ਟੈਕਸ ਇਸ ਵਿਚ ਸ਼ਾਮਿਲ ਨਹੀਂ, ਮਿਉਂਨਿਸਪਲ ਟੈਕਸ ਇਸ ਵਿਚ ਸ਼ਾਮਲ ਨਹੀਂ ਹੈ । (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ 2,278 ਰੁਪਏ ਹੋ ਗਈ ਹੈ। ਜੇ ਇਸ ਹਿਸਾਬ ਨਾਲ ਦੇਖੀਏ ਤਾਂ ਮੈਂ ਦੱਸਦਾ ਹਾਂ ਕਿ ਪੰਜਾਬ ਦਾ ਟੈਕਸ 15% ਹੈ ਅਤੇ ਦਿੱਲੀ ਦੀ ਸਰਕਾਰ ਦੇ ਟੈਕਸ 20% ਹਨ। ਇਸ ਤਰ੍ਹਾਂ ਇਹ ਸਾਰੇ ਟੈਕਸਾਂ ਦਾ ਬੋਝ 35% ਹੈ। ਯਾਨੀ ਕਿ ਜੇ ਕਿਸੇ ਪੰਜਾਬ ਦੇ ਆਦਮੀ ਦੀ ਇਕ ਸੌ ਰੁਪਿਆ ਆਮਦਨ ਹੈ ਤਾਂ ਉਸ ਵਿਚੋਂ 35 ਰੁਪਏ ਸਰਕਾਰ ਨੂੰ ਚਲੇ ਜਾਣੇ ਹਨ ਫਿਰ ਤੁਸੀਂ ਅੰਦਾਜ਼ਾ ਲਗਾ ਲਓ ਕਿ ਇਨ੍ਹਾਂ ਨੇ ਹੋਰ ਕਿੰਨਾ ਕੁ ਲੋਕਾਂ ਨੂੰ ਮਾਰੀ ਜਾਣਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਇਹ ਨੀਤੀ ਬਿਲਕੁਲ ਗਲਤ ਹੈ। ਟੈਕਸ ਲਗਾਉਣ ਦੀ ਕੋਈ ਜਗ੍ਹਾ ਨਹੀਂ ਰਹਿ ਜਾਂਦੀ। ਇਨ੍ਹਾਂ ਨੂੰ ਸਗੋਂ ਟੈਕਸਾਂ ਤੋਂ ਰਲੀਫ ਦੇਣੀ ਚਾਹੀਦੀ ਹੈ। ਜੇ ਟੈਕਸਾਂ ਤੋਂ ਰਲੀਫ ਦੇਣਗੇ ਤਾਂ ਪਰੋਡਕਸ਼ਨ ਵਧੇਗੀ, ਲੋਕਾਂ ਦੀ ਉਨਤੀ ਹੋਵੇਗੀ। (ਵਿਘਨ) ਬਜਟ ਬਣਾਉਣ ਲੱਗਿਆਂ ਇਕਨਾਮਿਕ ਨੀਤੀ ਨੂੰ ਸਾਹਮਣੇ ਰੱਖ ਕੇ ਦੇਖਣਾ ਪੈਂਦਾ ਹੈ। (ਵਿਘਨ) ਐਫ. ਐਮ. ਸਾਹਿਬ ਨੇ ਟੈਕਸਾਂ ਦੀ ਗੱਲ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬੱਸਾਂ ਦਾ ਜਿਹੜਾ 43% ਕਿਰਾਇਆ ਵਧਾਇਆ ਹੈ, ਉਸ ਬਾਰੇ ਹਾਲਾਂ ਕਮੇਟੀ ਬਣੀ ਹੋਈ ਹੈ। ਐਫ. ਐਮ. ਨੂੰ ਪਤਾ ਹੈ ਕਿ ਉਸ ਕਮੇਟੀ ਨੇ ਰੀਵਿਊ ਕਰਨਾ ਹੈ ਅਤੇ ਉਸ ਕਮੇਟੀ ਨੇ ਉਹ 43% ਦਾ ਵਾਧਾ ਨਹੀਂ ਰੱਖਣਾ । (ਵਿਘਨ) ਇਨ੍ਹਾਂ ਨੇ ਕਿਹਾ ਕਿ 10 ਕਰੋੜ ਰੁਪਿਆ ਅਸੀਂ ਉਸ ਟੈਕਸ ਮੋਬੇਲਾਈਜ਼ ਕੀਤਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਟੈਕਸ ਦਾ ਬੋਝ ਕਿਸ ਤੇ ਪਿਆ ? ਕੀ ਇਸ ਦਾ ਬੋਝ ਕਾਰਾਂ ਵਾਲਿਆਂ ਤੇ ਪਿਆ? ਸਾਡੇ ਵੈਲਫੇਅਰ ਮਨਿਸਟਰ ਬੈਠੇ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦਾ ਸੌ ਫੀ ਸਦੀ ਬੋਝ

[ਸਰਦਾਰ ਬਲਵੰਤ ਸਿੰਘ]

ਹਰੀਜਨ ਗਰੀਬ ਤੇ ਨਹੀਂ ਪਿਆ ? ਛੋਟੇ ਫਾਰਮਰ ਤੇ ਨਹੀਂ ਪਿਆ, ਕੀ ਇਸ ਦਾ ਬੋਝ ਮਜ਼ਦੂਰ ਤੇ ਨਹੀਂ ਪਿਆ ? ਕੀ ਇਸ ਦਾ ਬੋਝ ਸਰਕਾਰੀ ਮੁਲਾਜ਼ਮ ਤੇ ਨਹੀਂ ਪਿਆ ? ਇਹ ਟੈਕਸੇਸ਼ਨ ਮੋਬੇਲਾਈਜ਼ੇਸ਼ਨ ਲਿਆਉਣਗੇ ? ਇਸ ਦਾ ਗਰੀਬ ਲੋਕਾਂ ਤੇ ਅਸਰ ਪੈਣਾ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਦੇ ਖਿਲਾਫ ਹਾਂ। (ਥੰਪਿੰਗ) ਅਸੀਂ ਟੈਕਸਾਂ ਦੀ ਮੋਬੇਲਾਈਜ਼ੇਸ਼ਨ ਨਹੀਂ ਚਾਹੁੰਦੇ। ਇਸ ਤਰ੍ਹਾਂ ਗਰੀਬਾਂ ਤੇ ਟੈਕਸ ਲਗਦਾ ਹੈ। ਇਸ ਤਰ੍ਹਾਂ ਟੈਕਸ ਲੱਗਣ ਨਾਲ ਖੇਤੀ-ਬਾੜੀ ਵਿਚ ਵਾਧਾ ਨਹੀਂ ਹੁੰਦਾ, ਇੰਡਸਟਰੀ ਵਿਚ ਵਾਧਾ ਨਹੀਂ ਹੁੰਦਾ, ਇਸ ਦਾ ਆਮ ਗਰੀਬ ਲੋਕਾਂ ਤੇ ਬੋਝ ਪੈਂਦਾ ਹੈ। ਅਸੀਂ ਇਸ ਦੀ ਆਲੋਚਨਾ ਕਰਦੇ ਹਾਂ। ਅਸੀਂ ਇਸ ਦੇ ਖਿਲਾਫ ਹਾਂ। ਇਹ ਚੀਜ਼ ਸਾਡੀ ਇਕਨਾਮਿਕ ਫਿਲਾਸਫੀ ਵਿਚ ਫਿੱਟ ਨਹੀਂ ਹੁੰਦੀ। ਇਹ ਸਾਡੇ ਦੇਸ਼ ਦੀ ਤਰੱਕੀ ਵਿਚ ਰੁਕਾਵਟ ਹੈ। ਅਸੀਂ ਇਸ ਦੇ ਖਿਲਾਫ ਹਾਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਹੱਲ ਟੈਕਸ ਮੋਬੇਲਾਈਜ਼ੇਸ਼ਨ ਨਹੀਂ ਹੋ ਸਕਦੀ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਹੱਲ ਜੋ ਹੈ ਉਹ ਸਾਡੀ ਬੇਸਿਕ ਫਿਲਾਸਫੀ ਜੋ ਸੀ ਪੁਲਿਟੀਕਲ ਐਡਮਨਿਸਟਰੇਸ਼ਨ ਐਂਡ ਫਾਈਨਾਂਸ਼ਿਅਲ ਅਟਾਨਮੀ ਹੈ। ਇਸ ਦਾ ਹੱਲ ਇਹ ਸਾਡੀ ਬੇਸਿਕ ਫਿਲਾਸਫੀ ਸਹੀ ਹੈ। (ਵਿਘਨ)

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਅਟਾਨਮੀ ਔਰ ਇੰਟੈਗਰੇਸ਼ਨ ਇਹ ਇਨਕਨਸਿਸਟੈਂਟ ਹਨ, ਇਹ ਇਕੱਠੀਆਂ ਨਹੀਂ ਰਹਿ ਸਕਦੀਆਂ। ਮੈਂ ਕਹਿੰਦਾ ਹਾਂ ਕਿ ਇਹ ਗਲਤ ਗੱਲ ਹੈ। ਇਹ ਇਕੱਠੀਆਂ ਰਹਿ ਸਕਦੀਆਂ ਹਨ। ਅਕਾਲੀ ਪਾਰਟੀ ਦੇਸ਼ ਦੀ ਜਮਹੂਰੀਅਤ ਅਤੇ ਸਮਾਜਵਾਦ ਵਿਚ ਪੂਰਾ ਵਿਸ਼ਵਾਸ ਰੱਖਦੀ ਹੈ। ਸਾਡੀ ਪਾਰਟੀ ਨੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖਾਤਰ ਲੜਾਈ ਕੀਤੀ, ਦੇਸ਼ ਦੀ ਖਾਤਰ ਖੂਨ ਡੋਲ੍ਹਿਆ (ਥਪਿੰਗ) ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪੰਜਾਬ ਅਸੈਂਬਲੀ ਬਣੀ, ਜਿਥੇ ਅੱਜ ਅਸੀਂ ਬੈਠੇ ਹਾਂ ਤਾਂ ਇਹ ਅਕਾਲੀ ਦਲ ਦੀ ਮੇਹਰਬਾਨੀ ਨਾਲ ਬਣੀ ਹੈ। (ਥੰਪਿੰਗ) (ਵਿਘਨ) ਜਦੋਂ ਪਾਕਿਸਤਾਨ ਬਣਿਆ (ਵਿਘਨ) ਉਦੋਂ ਮੁਸਲਿਮ ਲੀਗ ਵਾਲੇ ਲਾਹੌਰ ਤੇ ਝੰਡਾ ਲਹਿਰਾਉਣ ਲੱਗੇ ਸੀ ਤਾਂ ਮਾਸਟਰ ਤਾਰਾ ਸਿੰਘ ਨੇ ਉਸ ਝੰਡੇ ਨੂੰ ਪਾੜਿਆ ਸੀ। (ਥੰਪਿੰਗ) (ਵਿਘਨ) (ਸ਼ੋਰ) ਉਦੋਂ ਪੰਜਾਬ ਦੀਆਂ ਅਖਬਾਰਾਂ ਨੇ ਕਿਹਾ ਸੀ ਕਿ ਮਾਸਟਰ ਤਾਰਾ ਸਿੰਘ ਔਰ ਅਕਾਲੀ ਦਲ ਦੇਸ਼ ਦੇ ਹੀਰੋ ਹਨ। ਉਦੋਂ ਸਾਡੇ ਸਾਹਮਣੇ ਇਹੋ ਇਕੋ ਸਵਾਲ ਸੀ ਜਦੋਂ ਅੰਗਰੇਜ਼ ਛੱਡ ਕੇ ਗਿਆ ਸੀ.. .. .. .. (ਵਿਘਨ)

ਸਰਦਾਰ ਅਵਤਾਰ ਸਿੰਘ ਗਟਵਾਲੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮਾਸਟਰ ਤਾਰਾ ਸਿੰਘ ਦਾ ਨਾਮ ਲਿਆ ਹੈ, (ਵਿਘਨ) ਕੀ ਉਦੋਂ ਇਹ ਉਨ੍ਹਾਂ ਦੇ ਨਾਲ ਸਨ ? (ਵਿਘਨ)

ਸ੍ਰੀ **ਡਿਪਟੀ ਸਪੀਕਰ** : ਜਦੋਂ ਤੁਹਾਨੂੰ ਟਾਈਮ ਮਿਲੇਗਾ ਤਾਂ ਉਦੋਂ ਤੁਸੀਂ ਬੋਲ ਲੈਣਾ।

ਸਰਦਾਰ ਬਲਵੰਤ ਸਿੰਘ : ਉਦੋਂ ਕਾਂਗਰਸ ਉਨ੍ਹਾਂ ਨਾਲ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਉਦੋਂ ਦੇਸ਼ ਦੇ ਸਾਹਮਣੇ ਇਕ ਸਵਾਲ ਸੀ ਕਿ ਜਿਨ੍ਹਾਂ ਸੂਬਿਆਂ ਵਿਚ ਮੁਸਲਮਾਨਾਂ ਦੀ ਮੈਜਾਰਿਟੀ ਹੈ, ਉਹ ਪਾਕਿਸਤਾਨ ਨੂੰ ਚਲੇ ਜਾਣ। ਡਿਪਟੀ ਸਪੀਕਰ ਸਾਹਿਬ, ਟੂਨੇਸ਼ਨ ਥਿਊਰੀ ਕਾਂਗਰਸ ਦੇ ਲੀਡਰਾਂ ਨੇ ਐਕਸੈਪਟ ਕੀਤੀ। (ਵਿਘਨ) (ਸ਼ੋਰ) ਜੇ ਇਸ ਤਰ੍ਹਾਂ ਹੋ ਜਾਂਦਾ ਤਾਂ ਅਜ ਪਾਕਿਸਤਾਨ ਦੀਆਂ ਹੱਦਾਂ ਦਿੱਲੀ ਦੀਆਂ ਕੰਧਾਂ ਤੱਕ ਹੋਣੀਆਂ ਸਨ ਅਤੇ ਗੁੜਗਾਓਂ ਅਤੇ ਫਰੀਦਾਬਾਦ ਉਧਰ ਚਲੇ ਜਾਣੇ ਸਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਅਕਾਲੀ ਦਲ ਪੈਟਰੀਆਟਿਕ ਹੈ ਅਤੇ ਇਨ੍ਹਾਂ ਨੂੰ ਪੈਟਰੀਆਟਿਜ਼ਮ ਹੈਰੀਟੇਜ ਵਿਚ ਮਿਲੀ ਹੋਈ ਹੈ। ਉਸ ਵੇਲੇ ਅਕਾਲੀ ਦਲ ਨੇ ਆਪਣੀ ਪੈਟ-ਰੀਆਟਿਜ਼ਮ ਨੂੰ ਮੁੱਖ ਰੱਖਦੇ ਹੋਏ ਡਵੀਜ਼ਨ ਵਾਸਤੇ ਇਨ੍ਹਾਂ ਦੇ ਹੱਕ ਵਿਚ ਵੋਟ ਦਿੱਤੀ ਸੀ। ਜੇ ਇਸ ਤਰ੍ਹਾਂ ਨਾ ਕਰਦੇ ਤਾਂ ਅੱਜ ਪਾਕਿਸਤਾਨ ਦੀਆਂ ਹੱਦਾਂ ਦਿੱਲੀ ਤੱਕ ਹੋਣੀਆਂ ਸਨ। ਅਕਾਲੀ ਦਲ

ਦਾ ਰੋਲ ਦੇਸ਼ ਦੀ ਅਜ਼ਾਦੀ ਵਾਸਤੇ, ਇੰਟੈਗਰੇਸ਼ਨ ਵਾਸਤੇ ਬਹੁਤ ਵੱਡਾ ਰੋਲ ਹੈ। ਅੱਜ ਇਹ ਕਹਿੰਦੇ ਹਨ ਕਿ ਅਕਾਲੀ ਦਲ ਵਾਲੇ ਸੈਪਰੇਟਿਜ਼ਮ ਦੀਆਂ ਗੱਲਾਂ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਵੱਡਾ ਝੂਠ ਹੋਰ ਕੀ ਹੋ ਸਕਦਾ ਹੈ। ਅਸੀਂ ਕਹਿੰਦੇ ਹਾਂ ਕਿ ਪੁਲਿਟੀਕਲ ਐਡਮਨਿਸਟਰੇਸ਼ਨ ਅੋਰ ਆਰਥਿਕ ਅਟਾਨਮੀ ਹੋਣੀ ਚਾਹੀਦੀ ਹੈ। ਮੈਨੂੰ ਖੁਸ਼ੀ ਹੈ ਕਿ ਸੀ. ਐਮ. ਇਥੇ ਨਹੀਂ ਹਨ, ਮੈਂ ਇਥੇ ਕਰੰਟ ਅਖਬਾਰ ਕੋਟ ਕਰਨਾ ਚਾਹੁੰਦਾ ਹਾਂ। ਸੀ. ਐਮ. ਸਾਹਿਬ ਐਸੀ ਪਾਰਟੀ ਨੂੰ ਬਿਲਾਂਗ ਕਰਦੇ ਹਨ, ਜਿਨ੍ਹਾਂ ਦੀ ਪਾਰਟੀ ਦੀ ਉਪਰ ਵੀ ਸਰਕਾਰ ਹੈ ਅਤੇ ਇਥੇ ਵੀ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਹੈ। ਸਾਡੇ ਸੀ. ਐਮ. ਖੁਦ ਮਹਿਸੂਸ ਕਰਦੇ ਹਨ ਕਿ ਕੰਸਟੀਚਿਊਸ਼ਨ ਵਿਚ ਐਨੇ ਲੂਪ ਹੋਲਜ਼ ਹਨ ਕਿ ਸੂਬੇ ਦੀ ਸਰਕਾਰ ਚਲ ਨਹੀਂ ਸਕਦੀ। ਹਾਲਾਂ ਕਿ ਸੈਂਟਰ ਵਿਚ ਸੇਮ ਪਾਰਟੀ ਹੈ, ਸੂਬੇ ਵਿਚ ਵੀ ਸੇਮ ਪਾਰਟੀ ਹੈ ਅਤੇ ਸੇਮ ਲੀਡਰ ਹੈ, ਇਕੋ ਡਸਿਪਲਿਨ ਵਿਚ ਰਹਿੰਦੇ ਹਨ, ਪਰ ਸਾਡੇ ਪਰੈਜ਼ੈਂਟ ਸੀ. ਐਮ. ਸਫੋਕੇਸ਼ਨ ਮਹਿਸੂਸ ਕਰ ਰਹੇ ਹਨ। ਇਹ ਕਰੰਟ ਅਖਬਾਰ ਹੈ ਇਸ ਵਿਚ ਛਪਿਆ ਹੈ ਕਿ ** ** (ਵਿਘਨ) ਸ਼ੋਰ) (ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

ਸ੍ਰੀ **ਗੁਰਦਿਆਲ ਸੈਣੀ** : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਥੇ ਕੋਈ ਮੈਂਬਰ ਬੋਲਦਾ ਹੋਇਆ ਅਖਬਾਰ ਪੜ੍ਹ ਸਕਦਾ ਹੈ, ਜਾਂ ਨਹੀਂ ਇਸ ਬਾਰੇ ਦੱਸ ਦਿਓ ? (ਵਿਘਨ)

ਸਰਦਾਰ ਬਲਵੰਤ ਸਿੰਘ : ਦਰਬਾਰਾ ਸਿੰਘ ਨੂੰ ਪੁਛਿਆ ਗਿਆ ** **

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ।)

ਸਰਦਾਰ ਬੀਰ ਪਾਲ ਸਿੰਘ : ਇਸ ਦੀ ਕੰਟਰਾਡਿਕਸ਼ਨ ਹੋ ਚੁੱਕੀ ਹੈ। ਇਹ ਸਟੇਟਮੈਂਟ ਠੀਕ ਨਹੀਂ ਹੈ। (ਵਿਘਨ) (ਸ਼ੋਰ)

ਸਰਦਾਰ ਬਲਵੰਤ ਸਿੰਘ : ਮੈਂ ਇਹ ਅਖਬਾਰ ਸਦਨ ਦੀ ਟੇਬਲ ਤੇ ਰੱਖਦਾ ਹਾਂ।

(ਸ੍ਰੀ ਡਿਪਟੀ ਸਪੀਕਰ ਨੇ ਇਹ ਅਖਬਾਰ ਸਦਨ ਦੀ ਮੇਜ਼ ਤੇ ਰੱਖਣ ਦੀ ਆਗਿਆ ਨਹੀਂ ਦਿੱਤੀ।)

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਡਿਪਟੀ ਸਪੀਕਰ ਸਾਹਿਬ, ਜੋ ਸਰਦਾਰ ਬਲਵੰਤ ਸਿੰਘ ਨੇ ਗਿਆਨੀ ਜ਼ੈਲ ਸਿੰਘ ਜੀ ਦੇ ਬਾਰੇ ਪੜ੍ਹ ਕੇ ਸੁਣਾਇਆ ਸੀ, ਕੀ ਉਹ ਪੋਰਸ਼ਨ ਐਕਸਪੰਜ ਕਰਵਾ ਦਿੱਤਾ ਹੈ, ਜਾਂ ਨਹੀਂ ?

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਬਾਰ ਜੋ ਕਿਹਾ ਹੈ ਉਹ ਪੋਰਸ਼ਨ ਐਕਸਪੰਜ ਕਰ ਦਿੱਤਾ ਜਾਵੇ।

**Expunged as ordered by the Chair.

ਸਰਦਾਰ ਬਲਵੰਤ ਸਿੰਘ : ਮੈਂ ਕਿਸੇ ਤੇ ਕੋਈ ਐਸਪਰਸ਼ਨ ਨਹੀਂ ਕਰ ਰਿਹਾ। ਮੈਂ ਜ਼ੈਲ ਸਿੰਘ ਦੀ ਇੱਜ਼ਤ ਕਰਦਾ ਹਾਂ, ਮੈਂ ਦਰਬਾਰਾ ਸਿੰਘ ਦੀ ਇੱਜ਼ਤ ਕਰਦਾ ਹਾਂ। ਮੈਂ ਇਹ ਪੁਆਇੰਟ ਸਿੱਧ ਕਰਨਾ ਚਾਹੁੰਦਾ ਹਾਂ। (ਵਿਘਨ) ਸਾਡੇ ਚੀਫ ਮਨਿਸਟਰ ਸਾਹਿਬ ਇਹ ਗੱਲ ਦੇ ਬਾਵਜੂਦ ਵੀ ਕਿ ਉਪਰ ਵੀ ਇਕੋ ਪਾਰਟੀ ਦੀ ਸਰਕਾਰ ਹੈ ਅਤੇ ਥੱਲੇ ਇਥੇ ਵੀ ਇਕੋ ਪਾਰਟੀ ਦੀ ਸਰਕਾਰ ਹੈ, ਇਨ੍ਹਾਂ ਦੀ ਇਕੋ ਆਈਡੀਆਲੋਜੀ ਹੈ, ਪਰ ਇਸ ਦੇ ਬਾਵਜੂਦ ਉਹ ਮਹਿਸੂਸ ਕਰਦੇ ਹਨ ਕਿ ਕੇ ਦੇਸ਼ ਦੇ ਕੰਸਟੀਚਿਊਸ਼ਨ ਵਿਚ ਐਨੇ ਜ਼ਿਆਦਾ ਲੂਪ ਹੋਲਜ਼ ਹਨ ਕਿ ਸੂਬੇ ਦੀ ਸਰਕਾਰ ਨੂੰ ਚੱਲਣ ਨਹੀਂ ਦਿੱਤਾ ਜਾ ਸਕਦਾ। ਸੂਬੇ ਦੀ ਸਰਕਾਰ ਦੀ ਕੋਈ ਅਟਾਨਮੀ ਨਹੀਂ ਰਹਿੰਦੀ। ਐਡਮਨਿਸਟਰੇਸ਼ਨ ਸੂਬੇ ਦੇ ਚੀਫ ਮਨਿਸਟਰ ਦੇ ਮਤਾਹਿਤ ਹੈ, ਪਰ ਦਿੱਲੀ ਸਰਕਾਰ ਦੇ ਮਨਿਸਟਰ ਕੋਲ ਐਨੀਆਂ ਪਾਵਰਾਂ ਹਨ.. .... ਕਿ ਉਹ ਸੂਬੇ ਦੀਆਂ ਸਰਕਾਰਾਂ ਦੇ ਜੋ ਮੁੱਖ ਮੰਤਰੀ ਹਨ ਉਨ੍ਹਾਂ ਨੂੰ ਤੁਰਨ ਹੀ ਨਹੀਂ ਦਿੰਦੇ। ਇਸੇ ਕਰਕੇ ਅਸੀਂ ਅਟਾਨਮੀ ਮੰਗਦੇ ਹਾਂ। (ਵਿਘਨ) ਮੈਂ ਜੋ ਗੱਲ ਕਹਿਣਾ **ਚਾਹੁੰਦਾ** ਹਾਂ ਉਹ ਮੈਂ ਕਿਸੇ ਤੇ ਐਸਪਰਸ਼ਨ ਨਹੀਂ ਕਰਨਾ ਚਾਹੁੰਦਾ। ਅਸੀਂ ਕਿਸੇ ਪਿੰਡ ਦਾ ਨਾਮ ਵੀ ਨਹੀਂ ਬਦਲ ਸਕਦੇ। ਡਿਪਟੀ ਸਪੀਕਰ ਸਾਹਿਬ, ਇਸ ਦੇ ਵਾਸਤੇ ਵੀ ਦਿੱਲੀ ਜਾਣਾ ਪੈਂਦਾ ਹੈ।

ਸ੍ਰੀ ਡਿਪਟੀ ਸਪੀਕਰ : ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਹੋਰ ਕਿੰਨਾ ਟਾਈਮ ਲਵੋਗੇ।

ਸਰਦਾਰ ਬਲਵੰਤ ਸਿੰਘ : ਸਰ, ਮੈਂ 10 ਮਿੰਟ ਹੋਰ ਲਵਾਂਗਾ।

ਡਿਪਟੀ ਸਪੀਕਰ ਸਾਹਿਬ, ਨੋਟਰੀ ਦੀ ਪੋਸਟ ਕਿੰਨੀ ਛੋਟੀ ਜਿਹੀ ਹੈ, ਉਸ ਦੇ ਵਾਸਤੇ ਵੀ ਸਾਨੂੰ ਕੋਈ ਅਧਿਕਾਰ ਨਹੀਂ। ਸੈਣੀ ਸਾਹਿਬ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਜਲੰਧਰ ਵਿਚ ਉਹ ਠੱਪੇ ਲਾਉਂਦੇ ਹਨ। (ਵਿਘਨ) ਅਸੀਂ ਨੋਟਰੀ ਦੀ ਪੋਸਟ ਭਰਨਾ ਚਾਹੁੰਦੇ ਸੀ, ਪਰ ਬਾਦਲ ਸਾਹਿਬ ਉਸ ਨੂੰ ਭਰ ਨਹੀਂ ਸਕੇ ਅਤੇ ਇਸ ਦੇ ਲਈ ਵੀ ਦਿੱਲੀ ਦੀ ਸਰਕਾਰ ਨੂੰ ਕਹਿਣਾ ਪਿਆ। ਡਿਪਟੀ ਸਪੀਕਰ ਸਾਹਿਬ, ਜੇ ਪਿੰਡ ਦਾ ਨਾਮ ਬਦਲਣ ਦੀ ਪਾਵਰ ਨਹੀਂ, ਨੋਟਰੀ ਦੀ ਪੋਸਟ ਭਰਨ ਵਾਸਤੇ ਸੂਬੇ ਨੂੰ ਕੋਈ ਪਾਵਰ ਨਹੀਂ ਤਾਂ ਫਿਰ ਸੂਬਿਆਂ ਨੂੰ ਕੀ ਪਾਵਰਾਂ ਹਨ ? ਫਿਰ ਫਾਈਨੈਂਸ ਮਨਿਸਟਰ ਸਾਹਿਬ ਮੇਰੇ ਨਾਲ ਇਸ ਗੱਲ ਤੇ ਐਗਰੀ ਕਰਨਗੇ **ਕਿ ਅਸੀਂ** ਜੋ ਫੋਕਲ ਪੁਆਇੰਟ ਬਣਾਉਂਦੇ ਹਾਂ, ਜਿਸ ਤਰ੍ਹਾਂ ਅਸੀਂ ਢੰਡਾਰੀ ਕਲਾਂ, ਲੁਧਿਆਣਾ ਵਿਖੇ ਫੋਕਲ ਪੁਆਇੰਟ ਬਣਾਇਆ ਅੋਰ ਪਿਛੇ ਜਿਹੇ ਗੋਇੰਦਵਾਲ ਸਾਹਿਬ ਬਣਾਇਆ ਗਿਆ। (ਵਿਘਨ) ਚਲੋ ਤੁਸੀਂ ਹੀ ਬਣਾਇਆ ਸਹੀ। ਅਸੀਂ ਜੋ ਇਹ ਪੁਆਇੰਟ ਬਣਾਉਂਦੇ ਹਾਂ ਉਸ ਦੇ ਵਾਸਤੇ ਜ਼ਮੀਨ ਆਪਣੇ ਕੋਲੋਂ ਦਿੰਦੇ ਹਾਂ, 10 ਸਾਲਾਂ ਵਿਚ ਜ਼ਮੀਨ ਦੀ ਕੀਮਤ ਲੈਂਦੇ ਹਾਂ, 5 ਸਾਲ ਲਈ ਸੇਲਜ਼ ਟੈਕਸ ਵਿਚ ਰਿਆਇਤ ਦਿੰਦੇ ਹਾਂ, 5 ਸਾਲ ਲਈ ਇਲੈਕਟ੍ਰੀਸਿਟੀ ਡਿਊਟੀ ਵਿਚ ਛੋਟ ਦਿੰਦੇ ਹਾਂ ਅਤੇ ਹੋਰ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਸਹੂਲਤਾਂ ਦਿੰਦੇ ਹਾਂ ਪਰ ਜਦੋਂ ਕਾਰਖਾਨਾ ਬਣ ਜਾਂਦਾ ਹੈ ਅਤੇ ਉਹ ਕੰਮ ਕਰਨ ਲੱਗ ਜਾਂਦਾ ਹੈ ਤਾਂ 56% ਉਸ ਤੇ ਟੈਕਸ ਜੋ ਲਗਦਾ ਹੈ ਅਤੇ 10% ਸਰਚਾਰਜ ਲਗਦਾ ਹੈ, ਉਹ 6% ਦਿੱਲੀ ਦੀ ਸਰਕਾਰ ਨੂੰ ਚਲਾ ਜਾਂਦਾ ਹੈ। ਕਰੋੜਾਂ ਰੁਪਏ ਲਾ ਕੇ ਕਾਰਖਾਨਾ ਅਸੀਂ ਲਗਾਉਂਦੇ ਹਾਂ, ਖਰਚਾ ਅਸੀਂ ਕਰਦੇ ਹਾਂ ਪਰ ਟੈਕਸ ਜਿਹੜਾ ਹੈ ਉਹ ਦਿੱਲੀ ਦੀ ਸਰਕਾਰ ਨੂੰ ਚਲਾ ਜਾਂਦਾ ਹੈ। ਇਸ ਲਈ ਮੈਂ ਟਰੈਜ਼ਰੀ ਬੈਂਚਿਜ਼ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵੱਲ ਧਿਆਨ ਦੇਣ। ਅੱਗੇ ਐਕਸਾਈਜ਼ ਡਿਊਟੀ ਸਾਨੂੰ 20% ਮਿਲਦੀ ਸੀ, ਪਰ ਅਸੀਂ ਆਪਣੀ ਸਰਕਾਰ ਵੇਲੇ ਇਹ 20% ਤੋਂ 40% ਤੱਕ ਲੈ ਗਏ । ਇਸੇ ਤਰ੍ਹਾਂ ਕਸਟਮ ਡਿਊਟੀ, ਜੋ ਚੀਜ਼ਾਂ ਬਾਹਰੋਂ ਆਉਂਦੀਆਂ ਜਾਂਦੀਆਂ ਹਨ, ਉਸ ਤੇ ਲਗਦੀ ਹੈ। ਅਸੀਂ 3% ਡਰਾਈ ਫਰੂਟਸ ਤੇ ਲਾਉਂਦੇ ਸੀ ਪਰ ਇਮਪੋਰਟ ਡਿਊਟੀ 100 ਰੁਪਏ ਪਿਛੇ 122 ਲਗਦੀ ਸੀ, ਉਸ ਤੇ ਕੋਈ ਨਹੀਂ ਸੀ ਬੋਲਦਾ ਲੇਕਿਨ ਸਾਡੇ 3% ਤੇ

ਇਤਰਾਜ਼ ਕੀਤਾ ਜਾਂਦਾ ਸੀ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਕਸਟਮ ਡਿਊਟੀ ਸੀ ਇਸ ਤੋਂ 1900 ਕਰੋੜ ਰੁਪਏ 1978-79 ਵਿਚ ਪ੍ਰਾਪਤ ਹੋਇਆ। 1400 ਕਰੋੜ ਰੁਪਏ ਦਾ ਸਾਡਾ ਬਜਟ ਪਰ 1900 ਕਰੋੜ ਰੁਪਿਆ ਸਾਡਾ ਕਸਟਮ ਦਾ ਦਿੱਲੀ ਨੂੰ ਮਿਲਦਾ ਹੈ। (ਵਿਘਨ) ਸੈਂਟਰਲ ਸਿਸਟਮ ਦੀ ਕਹਾਣੀ ਮੈਂ ਅੱਗੇ ਦੱਸ ਹੀ ਚੁੱਕਾ ਹਾਂ। ਤੁਹਾਡੀ ਆਪਣੀ ਜ਼ਬਾਨੀ ਕਹਿਣ ਮੁਤਾਬਕ ਐਕਸਾਈਜ਼ ਡਿਊਟੀ 6 ਹਜ਼ਾਰ ਕਰੋੜ ਰੁਪਏ ਸੀ। ਸੋ ਇਹ ਸਾਰਾ ਪੈਸਾ ਦਿੱਲੀ ਦੀ ਸਰਕਾਰ ਕੋਲ ਚਲਾ ਜਾਂਦਾ ਹੈ। ਮੇਰੇ ਨਾਲ ਫਾਈਨੈਂਸ ਮਨਿਸਟਰ ਸਾਹਿਬ ਐਗਰੀ ਕਰਨਗੇ, ਐਜੂਕੇਸ਼ਨ ਮਨਿਸਟਰ ਸਾਹਿਬ ਵੀ ਇਸ ਗੱਲ ਨਾਲ ਐਗਰੀ ਕਰਨਗੇ ਕਿ ਸਾਡੇ ਕੋਲ ਪ੍ਰਾਇਮਰੀ ਸਕੂਲ ਬਣਾਉਣ ਲਈ ਪੈਸੇ ਮੁੱਕ ਜਾਂਦੇ ਹਨ ਪਰ ਦਿੱਲੀ ਵਿਚ ਅਸ਼ੋਕਾ ਹੋਟਲ ਬਣਾਏ ਜਾਂਦੇ ਹਨ। I want to ask which one is more important. ਅਸ਼ੋਕਾ ਹੋਟਲ ਜ਼ਰੂਰੀ ਹੈ ਕਿ ਪ੍ਰਾਇਮਰੀ ਸਕੂਲ ਜ਼ਰੂਰੀ ਹੈ? ਇਹ ਸਾਡਾ ਸੋਸ਼ਲਿਜ਼ਮ ਹੈ। (ਵਿਘਨ) ਸਰ, ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਸੂਬੇ ਨੂੰ ਪਾਵਰ ਹੋਣੀ ਬੜੀ ਜ਼ਰੂਰੀ ਹੈ। ਫਾਈਨੈਂਸ਼ਲ ਅਟਾਨਮੀ ਹੋਣੀ ਜ਼ਰੂਰੀ ਹੈ। ਜਿਤਨੇ ਵੀ ਟੈਕਸ ਹਨ, ਉਹ ਸਾਰੇ ਦਿੱਲੀ ਵਾਲੇ ਇਕੱਠੇ ਕਰਦੇ ਹਨ, ਇਸੇ ਤਰ੍ਹਾਂ ਰਾਇਲਟੀ ਹੈ, ਮਾਈਨਜ਼ ਹਨ ਅਤੇ ਹੋਰ ਇਸ ਤਰ੍ਹਾਂ ਦੀਆਂ ਕਈ ਚੀਜ਼ਾਂ ਹਨ, ਜਿਸ ਤੋਂ ਸੈਂਟਰ ਪਾਸ ਸਾਰਾ ਪੈਸਾ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਜਿਤਨਾ ਦਿੱਲੀ ਪੈਸਾ ਇਕੱਠਾ ਹੁੰਦਾ ਹੈ ਉਹ ਤੁਸੀਂ ਫਿਫਟੀ ਫਿਫਟੀ ਕਰ ਲਓ। ਅੱਧਾ ਉਹ ਆਪ ਰੱਖ ਲੈਣ, ਅੱਧਾ ਸਾਨੂੰ ਦੇ ਦੇਣ। ਜਿਤਨੀਆਂ ਵੀ ਆਰਥਿਕ ਤਰੱਕੀ ਦੀਆਂ ਜ਼ਿਮੇਵਾਰੀਆਂ ਹਨ ਉਹ ਸਟੇਟ ਦੀਆਂ ਹਨ। ਜਿਸ ਤਰ੍ਹਾਂ ਥੇਂਈ ਡੈਮ ਬਣਾਉਣਾ ਹੈ ਉਸ ਦੇ ਵਸਤੇ ਪੈਸੇ ਦੀ ਕਿੰਨੀ ਜ਼ਰੂਰਤ ਹੈ, ਰੋਪੜ ਥਰਮਲ ਪਲਾਂਟ ਬਣਾਉਣਾ ਹੈ ਉਸ ਦੇ ਵਾਸਤੇ ਪੈਸੇ ਦੀ ਜ਼ਰੂਰਤ ਹੈ, ਜਿੰਨੀਆਂ ਵੀ ਵਿਕਾਸ ਦੀਆਂ, ਆਰਥਿਕ ਤਰੱਕੀਆਂ ਦੀਆਂ ਜ਼ਿਮੇਵਾਰੀਆਂ ਹਨ, ਉਹ ਸੂਬੇ ਦੀਆਂ ਹਨ ਪਰ ਪੈਸਾ ਸਾਰਾ ਦਿੱਲੀ ਨੂੰ ਜਾਂਦਾ ਹੈ। ਜੇ, ਡਿਪਟੀ ਸਪੀਕਰ ਸਾਹਿਬ, ਸਕੂਲ ਬਣਾਉਣੇ ਹਨ ਤਾਂ ਸੂਬੇ ਦੀ ਜ਼ਿਮੇਵਾਰੀ ਹੈ, ਜੇ ਹਸਪਤਾਲ ਬਣਾਉਣੇ ਹਨ ਤਾਂ ਸੂਬੇ ਦੀ ਜ਼ਿੰਮੇਵਾਰੀ ਹੈ, ਜੇ ਸੜਕਾਂ ਬਣਾਉਣੀਆਂ ਹਨ ਤਾਂ ਸੂਬੇ ਦੀ ਜ਼ਿਮੇਵਾਰੀ ਹੈ, ਜੇ ਨਹਿਰਾਂ ਬਣਾ-ਉਣੀਆਂ ਹਨ ਤਾਂ ਸੂਬੇ ਦੀ ਜ਼ਿਮੇਵਾਰੀ ਹੈ। ਗੱਲ ਕੀ ਜੇ ਕੋਈ ਆਰਥਕ ਵਿਕਾਸ ਦੇ ਕੰਮ ਕਰਨੇ ਹਨ ਉਸ ਦੇ ਲਈ ਸੂਬੇ ਦੀ ਜ਼ਿਮੇਵਾਰੀ ਹੈ। ਜੇ ਕੋਈ ਇੰਡਸਟਰੀ ਲਗਾਉਣੀ ਹੈ ਤਾਂ ਸੂਬੇ ਦੀ ਜ਼ਿਮੇਵਾਰੀ ਹੈ ਅਤੇ ਜੋ ਟੈਕਸ ਆਉਂਦਾ ਹੈ ਉਹ ਸੈਂਟਰ ਨੂੰ ਜਾਂਦਾ ਹੈ। ਫਿਰ ਸੈਂਟਰ ਤੋਂ ਸਾਨੂੰ ਪੈਸੇ ਦੀ ਮੰਗ ਕਰਨੀ ਪੈਂਦੀ ਹੈ। ਜਿਹੜਾ ਜ਼ਿਆਦਾ ਮਿਨਤ ਕਰ ਲਏ ਫਿਰ ਉਸ ਨੂੰ ਪੈਸੇ ਜ਼ਿਆਦਾ ਅਤੇ ਜਿਹੜਾ ਘੱਟ ਮਿਨਤ ਕਰ ਲਏ ਉਸ ਨੂੰ ਘੱਟ। ਪਰ ਕਈ ਵਾਰੀ ਜ਼ਿਆਦਾ ਮਿਨਤ ਕਰਨ ਤੇ ਵੀ ਪੈਸੇ ਨਹੀਂ ਮਿਲਦੇ। ਜਿਸ ਤਰ੍ਹਾਂ ਇਨ੍ਹਾਂ ਨੂੰ ਹੁਣ ਨਹੀਂ ਮਿਲੇ ਪਰ ਕਈ ਮਿਨਤ ਵੀ ਨਹੀਂ ਕਰਦੇ ਅਤੇ ਦਾਬੇ ਨਾਲ ਹੀ ਲੈ ਜਾਂਦੇ ਹਨ। ਫਿਰ ਇਹ ਡਿਸਕ੍ਰਿਮੀਨੇਸ਼ਨ ਹੁੰਦੀ ਹੈ। ਜਿਸ ਤਰ੍ਹਾਂ ਕੇਰਲ ਨੂੰ 42% ਏਡ ਸੈਂਟਰ ਤੋਂ ਮਿਲਦੀ ਹੈ ਪਰ ਪੰਜਾਬ ਨੂੰ ਸਿਰਫ 15% ਏਡ ਮਿਲਦੀ ਹੈ। ਇਸੇ ਤਰ੍ਹਾਂ ਵੈਸਟ ਬੰਗਾਲ ਨੂੰ 32% ਤੇ ਪੰਜਾਬ ਨੂੰ ਸਿਰਫ 15%। ਇਹ ਸਿਚੂਏਸ਼ਨ ਕਿਉਂ ਅਰਾਈਜ਼ ਹੋਵੇ? ਅਸੀਂ ਕਹਿੰਦੇ ਹਾਂ ਕਿ ਇਹ ਸਿਚੂਏਸ਼ਨ ਬਦਲੀ ਜਾਵੇ। ਫਿਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਇਥੇ ਗਵਰਨਰ ਨੂੰ ਗੌਰਮਿੰਟ ਡਿਸਮਿਸ ਕਰਨ ਦਾ ਅਖਤਿਆਰ ਹੈ ਇਹ ਅਖਤਿਆਰ ਕਿਉਂ ਹੋਵੇ? ਈਵਨ ਅਮਰੀਕਾ ਦੇ ਰੀਗਨ ਨੂੰ ਵੀ ਇਹ ਤਾਕਤ ਨਹੀਂ ਕਿ ਉਹ ਕਿਸੇ ਸੂਬੇ ਦੀ ਸਰਕਾਰ ਨੂੰ ਡਿਸਮਿਸ ਕਰ ਦੇਵੇ, ਪਰ ਸਾਡੇ ਇਥੇ ਇਹ ਪਾਵਰ ਕਿਉਂ ਹੈ ਕਿ ਗੌਰਮਿੰਟ ਨੂੰ ਡਿਸਮਿਸ ਕੀਤਾ ਜਾਵੇ। ਰਸ਼ੀਆ ਵਿਚ ਵੀ ਫੈਡਰਲ ਗੌਰਮਿੰਟ ਹੈ ਪਰ ਉਥੇ ਵੀ ਸੂਬੇ ਦੀਆਂ ਸਰਕਾਰਾਂ ਨੂੰ ਤੋੜਨ ਦੀ ਕੋਈ ਗੱਲ ਨਹੀਂ। ਸਿਰਫ ਹਿੰਦੁਸਤਾਨ ਵਿਚ ਹੀ ਇਹ ਚੀਜ਼ ਰੱਖੀ ਗਈ ਹੈ। (ਵਿਘਨ)

ਸਰਦਾਰ ਗੁਰਨੈਬ ਸਿੰਘ ਬਰਾੜ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਲਵੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਜੇ ਇਹ ਜਵਾਬ ਚਾਹੁੰਦੇ ਹਨ ਤਾਂ ਮੈਂ ਜਵਾਬ ਵੀ ਦੇ ਦਿੰਦਾ ਹਾਂ। (ਵਿਘਨ)

ਇਹ ਕਹਿੰਦੇ ਹਨ, ਡਿਪਟੀ ਸਪੀਕਰ ਸਾਹਿਬ, ਕਿ ਜੇ ਸੂਬਿਆਂ ਨੂੰ ਪਾਵਰਾਂ ਦਿੱਤੀਆਂ ਜਾਣ ਤਾਂ ਸੈਂਟਰ ਕਮਜ਼ੋਰ ਹੋ ਜਾਵੇਗਾ। ਇਹ ਇਨ੍ਹਾਂ ਦਾ ਆਪਣਾ ਥੀਸਿਸ ਹੈ। (ਵਿਘਨ) ਯੂ.ਐਸ.ਏ. ਦਾ ਕੰਸਟੀਚਿਊਸ਼ਨ ਵੀ ਫੈਡਰਲ ਸਿਸਟਮ ਹੈ। ਕਨੇਡਾ ਵਿਚ ਵੀ ਫੈਡਰਲ ਸਿਸਟਮ ਹੈ। Ontario is a province in Canada ਉਥੇ ਆਰਥਿਕ ਤੌਰ ਤੇ, ਪੋਲੀਟੀਕਲ ਤੌਰ ਤੇ, ਕੰਸਟੀਚਿਊਸ਼ਨਲ ਤੌਰ ਤੇ ਲੋਕਾਂ ਨੂੰ ਉਥੇ ਪਾਵਰਾਂ ਹਨ। ਉਥੇ ਸੂਬਿਆਂ ਨੂੰ ਪਾਵਰਾਂ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਚੀਜ਼ਾਂ ਤੋਂ ਡਿਨਾਈ ਕਰਨਾ ਡਿਕਟੇਟੋਰੀਅਲ ਟਰੈਂਡ ਹੈ। ਸਾਡੀ ਮਗ ਇਹ ਹੈ ਕਿ ਜ਼ਿਆਦਾ ਸ਼ਕਤੀਆਂ ਸੂਬਿਆਂ ਨੂੰ ਦਿਓ। ਅਟਾਨਮੀ, ਫਾਈਨੈਂਸ਼ਲ ਅਟਾਨਮੀ, ਐਡਮਨਿਸਟਰੇਟਿਵ ਅਟਾਨਮੀ ਇਸ ਦੇਸ਼ ਵਿਚ ਅਤੇ ਸੂਬਿਆਂ ਵਿਚ ਪੈਦਾ ਕਰੀਏ, ਸ਼ਕਤੀਆਂ ਦੇ ਕੇ ਇਨਟੈਗਰੇਸ਼ਨ ਪੈਦਾ ਕਰੀਏ, ਆਰਥਿਕ ਤਰੱਕੀ ਹੀ ਜ਼ਿਆਦਾ ਇਨਟੈਗਰੇਸ਼ਨ ਪੈਦਾ ਕਰ ਸਕਦੀ ਹੈ। ਇਹ ਕਹਿਣਾ ਕਿ ਇਕ ਵਿਅਕਤੀ ਹੀ ਇਨਟੈਗਰੇਸ਼ਨ ਪੈਦਾ ਕਰ ਸਕਦਾ ਹੈ, ਇਹ ਗਲਤ ਗਲ ਹੈ। The people of the country are indispensable. No single person is indispensable ਦੇਸ਼ ਦੇ ਲੋਕੀਂ ਸਾਡੇ ਨਾਲ ਹਨ, ਅਸੀਂ ਇਨਡਿਸਪੈਂਸੇਬਲ ਨਹੀਂ ਹਾਂ। ਅੰਗਰੇਜ਼ਾਂ ਨੇ ਯਕਜ਼ਾਤੀ ਰੱਖਣ ਦੀ ਕੋਸ਼ਿਸ਼ ਕੀਤੀ। (ਵਿਘਨ) ਉਸ ਵਰਗੀ ਅਥਾਰਟੀ ਉਸ ਜ਼ਮਾਨੇ ਵਿਚ ਕੋਈ ਨਹੀਂ ਹੋਈ। ਫਿਰ ਉਸ ਵੇਲੇ ਦੇਸ਼ ਦਾ ਕੀ ਹਾਲ ਸੀ ਕਿ ਦੇਸ਼ ਦੇ ਚਾਰ ਚੁਫੇਰੇ ਬਗਾਵਤ ਸੀ?

ਸੈਂਟਰ ਬਹੁਤ ਸਟਰੌਂਗ ਸੀ ਤੇ ਫਿਰ ਕੀ ਹਾਲਤ ਹੋਈ ਉਹ ਸਭ ਕੁਝ ਤੁਹਾਡੇ ਸਾਹਮਣੇ ਹੈ। ਮੈਂ ਕਹਿੰਦਾ ਹਾਂ ਕਿ ਦੇਸ਼ ਤਾਂ ਮਜਬੂਤ ਰਹੇਗਾ ਜੇ ਦੇਸ਼ ਦੇ ਲੋਕਾਂ ਨੂੰ ਸ਼ਕਤੀ ਦਿੱਤੀ ਜਾਏਗੀ। Power should flow to the people. ਜੇਕਰ ਅਸੀਂ ਇਕ ਥਾਂ ਤੇ ਪਾਵਰ ਇਕੱਠੀ ਕਰਾਂਗੇ ਤਾਂ ਠੀਕ ਨਹੀਂ ਹੋਵੇਗਾ। ਇਹ ਪਾਵਰ ਦੇਸ਼ ਤੋਂ ਸੂਬੇ ਵਿਚ, ਸੂਬੇ ਤੋਂ ਸ਼ਹਿਰਾਂ ਵਿਚ ਅਤੇ ਸ਼ਹਿਰਾਂ ਤੋਂ ਪਿੰਡਾਂ ਵਿਚ ਜਾਣੀ ਚਾਹੀਦੀ ਹੈ। ਇਹੋ ਪੰਚਾਇਤੀ ਰਾਜ ਦਾ ਮਕਸਦ ਹੈ। ਪੰਚਾਇਤੀ ਰਾਜ ਇਹ ਕਹਿੰਦਾ ਹੈ ਕਿ power should be with the people and not with any individual. ਇਹ ਸਹੀ ਅਟਾਨਮੀ ਦੀ ਵਿਵਸਥਾ ਸੀ। ਇਸ ਵਿਚ ਟੈਕਸ ਮੋਬੇਲਾਈਜ਼ੇਸ਼ਨ ਨਾ ਕਰੋ ਨਹੀਂ ਤਾਂ ਲੋਕਾਂ ਦੀ ਕਮਰ ਟੁੱਟ ਜਾਏਗੀ, ਕੋਈ ਆਦਮੀ ਹੁਣ ਟੈਕਸ ਨਹੀਂ ਦੇ ਸਕਦਾ 35% ਟੈਕਸ ਲਗਾ ਕੇ ਕਿਸ ਤਰ੍ਹਾਂ ਤੁਸੀਂ ਰਾਜ ਕਰ ਸਕੋਗੇ। ਜੇ ਮੋਬੇਲਾਈਜ਼ੇਸ਼ਨ ਚਾਹੁਦੇ ਹੋ ਤਾਂ ਦਿੱਲੀ ਵੱਲ ਚਲੋ। ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਉਹ ਦੱਸਣ ਕਿ ਕਾਰਪੋਰੇਸ਼ਨ ਬਿਲਟ ਕਰਨ ਤੇ, ਇਲੈਕਟ੍ਰਿਸਿਟੀ ਡਿਊਟੀ ਦੀ ਉਗਰਾਹੀ ਕਰਨ ਤੇ ਅਤੇ ਹੋਰ ਇਸ ਤਰ੍ਹਾਂ ਦੇ ਕੰਮਾਂ ਲਈ ਕਿੰਨਾ ਰੁਪਿਆ ਖਰਚ ਕਰਨਾ ਪੈਂਦਾ ਹੈ ਔਰ ਇਸ ਤੇ ਸਾਡਾ ਕਿੰਨਾ ਹਿੱਸਾ ਬਣਦਾ ਹੈ। ਕੀ ਸਾਡਾ ਹੱਕ ਨਹੀਂ ਕਿ ਕਾਰਪੋਰੇਸ਼ਨ ਟੈਕਸ ਵਿਚੋਂ ਅਸੀਂ ਹਿੱਸਾ ਲੈ ਸਕੀਏ ਅਤੇ ਕਸਟਮ ਡਿਊਟੀ ਵਿਚੋਂ ਹਿੱਸਾ ਲੈ ਸਕੀਏ ਫਿਰ ਜਦੋਂ ਲੇਬਰ ਟਰੱਬਲ ਹੁੰਦੀ ਹੈ ਉਸ ਲਈ ਪੀ.ਏ.ਸੀ. ਦੀ ਇਕ ਬਟਾਲੀਅਨ ਵਧਾਈ ਹੈ ਅਤੇ ਇਸ ਲਈ ਖਰਚ ਅਸੀਂ ਕਰਦੇ ਹਾਂ। ਫਿਰ ਕੀ ਸਾਡਾ ਹਿੱਸਾ ਨਹੀਂ ਬਣਦਾ। ਸਾਡਾ ਹਿੱਸਾ ਬਣਦਾ ਹੈ ਕਿਉਂਕਿ ਜ਼ੁੰਮੇਵਾਰੀਆਂ ਸਾਡੇ ਹਨ। ਕਾਰਪੋਰੇਸ਼ਨ ਦਾ ਝਗੜਾ ਤੁਰ ਪੈਂਦਾ ਹੈ, ਸਾਡਾ ਖਰਚ ਆਉਂਦਾ

**Expunged as ordered by the Chair.

ਹੈ ਲੇਕਿਨ ਉਸਦਾ ਪੈਸਾ ਦਿੱਲੀ ਨੂੰ ਚਲਾ ਜਾਂਦਾ ਹੈ। ਇਹ ਕਿਉਂ ? ਇਹ ਸਾਡੇ ਤੇ ਐਲੀਗੇਸ਼ਨਜ਼ ਲਗਾਉਂਦੇ ਹਨ ਕਿ ਅਸੀਂ ਦੇਸ਼ ਦੀ ਡਿਸਇੰਟੇਗਰੇਸ਼ਨ ਦੀ ਗੱਲ ਕਰਦੇ ਹਾਂ ਅਸੀਂ ਕੋਈ ਡਿਸਇੰਟੇਗਰੇਸ਼ਨ ਦੀ ਗੱਲ ਨਹੀਂ ਕਰਦੇ । ਅਸੀਂ ਦੇਸ਼ ਦੀ ਖੁਸ਼ਹਾਲੀ ਦੀ ਗੱਲ ਕਰਦੇ ਹਾਂ ਜ਼ਮੂਹਰੀਅਤ ਦੀ ਗੱਲ ਕਰਦੇ ਹਾਂ। ਆਖੀਰ ਵਿਚ ਮੈਂ ਡਾਕਟਰ ਸਹਿਬ ਨੂੰ ਕਹਾਂਗਾ ਕਿ ਮੈਨੂੰ ਬੜੀ ਖੁਸ਼ੀ ਹੋਵੇਗੀ ਜੇਕਰ ਤੁਸੀਂ ਦੁਬਾਰਾ ਬਜਟ ਨੂੰ ਵੇਖੋ। ਇਹ ਬਜਟ ਫਰੱਸਟਰੇਸ਼ਨ ਦੀ ਨਿਸ਼ਾਨੀ ਹੈ, ਇਹ ਬਜਟ ਰਿਗ੍ਰੈਸ਼ਨ ਦਾ ਇਕ ਡਾਕੂਮੈਂਟ ਹੈ। ਮੈਂ ਇਸ ਬਾਰੇ ਬੜਾ ਕਲੀਅਰ ਹਾਂ। ਜੇ ਤੁਸੀਂ ਇਸ ਤਰ੍ਹਾਂ ਚਲੋਗੇ ਤਾਂ ਫਿਰ ਸਾਨੂੰ ਹੀ ਦੋਬਾਰਾ ਉਧਰ ਆਉਣਾ ਪਵੇਗਾ।

श्री विनोद शर्मा (बनूड़) : आदरणीय डिप्टी स्पीकर महोदय, मैं वित्त मन्त्री, पंजाब द्वारा इस सदन में पेश किये गये बजट का समर्थन करने के लिये खड़ा हुआ हूँ। माननीय सरदार बलवन्त सिंह जी ने बड़े नाटकीय ढंग से इस बजट की आलोचना की, उनकी तरफ मैं फिर आऊंगा, (जत्थेदार उमरा नंगल द्वारा विघन कि पंजाबी में बोलो) और उस बजट की आलोचना की जो पंजाब के लोगों का प्रतीक है और शायद ऐसा बजट उनको ढूंढने पर भी न मिले। (विघ्न) इस सरकार ने पंजाब की आर्थिक व सामाजिक उन्नति करने के लिये एक ऐसी मिसाल पेश की है जो शायद किसी और प्रान्त में न मिल सके। पिछले तीन सालों में, जब माननीय मैंबर सरदार बलवन्त सिंह की सरकार थी, पंजाब की आर्थिक स्थिति से खिलवाड़ किया गया, यह बजट उस बिगड़ी हुई स्थिति को सम्भालने में सहाई सिद्ध होगा। अगर मैं उनकी तरफ मुखातिब होकर कहूँ कि गुलिस्तान को बरबाद करने के लिये एक ही उल्लू काफी था, पर यहां तो हर शाख़ पे उल्लू बैठा था तो समझ लीजिये कि अन्जामें गुलिस्तां क्या होगा। उस समय पंजाब के लोगो की भावनाओं के साथ जो खिलवाड़ किया गया, जो पंजाब का आर्थिक ढांचा नष्ट किया गया था इस बजट से आशा मिलती है कि फिर से पंजाब को उस स्थिति में लाया जायेगा जो पहले थी। पंजाब जो भारतवर्ष में सदा नम्बर एक पर रहा था, इनके समय में नम्बर तीन पर आ गया। अब फिर यह हिन्दुस्तान के नकशे में नम्बर एक पर देखा जायेगा। इससे पहले सरदार बलवन्त सिंह ने जो Point of view रखा उनकी पोजीशन के बारे में बताऊं जो वे भूल गये हैं। मैं उनको बताना चाहता हूँ कि औद्योगिक क्षेत्र हो, सिचाई के साधनों की उपलब्धी करने की बात हो, चाहे पंजाब की उन सड़कों को बनाने का कार्यक्रम जो रोक रखा था, चाहे पछड़ी श्रेणियों की उन्नति का कार्य हो,चाहे हरिजन भाईयों का सुधार करने की बात हो, चाहे पंजाब के गरीब लोगों को पैसों की इमदाद देने की बात हो, चाहे पंजाब के किसान की बात हो, चाहे मजदूर की बात हो, सभी क्षेत्रों में सभी जातियों को सामने रख कर यह बजट तैयार किया गया। इससे ज़ाहिर होता है कि यह अवाम के लिये कितना अच्छा बजट पेश किया गया।

1983 की छटी पंच वर्षीय योजना के लिये पिछली सरकार द्वारा निर्धारित 1500 करोड़ रुपये की तुलना में हमारी सरकार ने 1957 करोड़ रुपये का आकार निश्चित किया है। यह राशि 1974-79 की पंच वर्षीय योजना की 940.13 करोड़ रुपये की राशि की तुलना में दुगनी से भी अधिक है। इससे पहले सरदार बलवन्त सिंह ने अपने भाषण में कहा है कि पंजाब के साथ सैंटर द्वारा सदा वितकरा होता रहा है। मैं कहता हूँ यह उनकी सरकारों में

[श्री विनोद शर्मा]

होगा । मैं बताता हूँ कि पांचवीं पंच वर्षीय योजना लागू करने के लिये राज्य सरकार द्वारा प्राप्त 150 करोड़ रुपये की केन्द्रीय सहायता की तुलना में छटी पंच वर्षीय योजना लागू करने के लिये 366.40 करोड़ रुपये की केन्द्रीय सहायता मिलने की आशा है । इसी तरह 1981-82 की वार्षिक योजना का खर्च 340.40 करोड़ रुपये निश्चित किया गया है जो 1980-81 की वार्षिक योजना के 300 करोड़ रुपए के खर्च से 13.47 प्रतिशत अधिक है । सूबे को उन्नत करने के लिये व तरक्की की राह पर चलाने के लिये मोबाईल रिसोरसिज़ जरूरी होते हैं, लेकिन सरदार बलवन्त सिंह ने ज़ोर दिया है कि पंजाब में मोबेलाई-ज़ेशन आफ रिसोरसिज़ नहीं होनी चाहिए । मैं बताता हूं कि पिछले तीन सालों में मोबिलाईजेशन आफ रिसोरसिज़ इसलिये नहीं किया गया क्योंकि इनकेमन में यह नहीं था कि पंजाब के लोगों की तरक्की हो या पंजाब उन्नत हो । इस तरह से पंजाब पीछे चला गया । इस समय इस तरह से मोबिलाई ज़ेशन होगी जिसमें गरीब हरिजनों व दूसरे छोटे वर्ग पर इसका असर न पड़े । जो छोटा किसान है, मज़दूर है, खेतीहर है उस पर कोई असर नहीं पड़ेगा, इसके अतिरिक्त जो धनाढ्य हैं, उन पर बोझ पड़ेगा । वे दे सकते हैं कोई फर्क नहीं पड़ेगा और गरीब वर्ग को राहत मिलेगी । राज्य के सीमावर्ती अर्ध-पर्वतीय, बेट और पिछड़े क्षेत्रोंके असन्तुलत विकास को दूर करने के लिये योजना में 4,264.77 लाख रुपये का उपबन्ध किया गया है ताकि इन क्षेत्रों को राज्य के विकसित क्षेत्रों में लाया जा सके । इसमें बेट व कंडी के एरिया आते हैं एरिया जहां से मैं चुन कर आया हूँ वह भी इसी में आता है । इस एरिया की तरफ कोई ध्यान नहीं दिया । वे लोग बहुत गरीब हैं और बहुत ही महसूस कर रहे हैं । उनकी ओर विशेष ध्यान दिया जा रहा है, मैं इसकी बहुत ही सराहना करता हूँ ।

डिप्टी स्पीकर साहिब, विकास तथा भू-संरक्षण कार्य क्रम के अधीन पांचवी पंच-वर्षीय योजना के 34,000 हैक्टेयर क्षेत्र की तुलना में छटी पंच-वर्षीय योजना में 1,02,000 हैक्टेयर क्षेत्र लाया जाएगा । मैं यह फैक्टस और फिगर्ज़ इसलिये देना चाहता हूँ कि हमारे वित्त मन्त्री जी ने चाहे यह बजट पढ़ चुके हैं, इन फैक्टस और फिगर्ज़ को अच्छी तरह से पेश करने की कोशिश की है और ट्रेज़री बैंचिज वालों ने इसकी बड़ी तारीफ की है ।

यह खुशी की बात है कि हमारे प्रधान मन्त्री श्रीमती इन्दिरा गांधी जी के 20 सूत्रीय कार्यक्रम और स्वर्गीय श्री संजय गांधी के 5 सूत्रीय कार्यक्रम को लेकर आगामी वर्ष में 260.05 करोड़ रुपए खर्च करने का कार्यक्रम निश्चित किया गया है । यह 20 सूत्रीय कार्यक्रम और 5 सूत्रीय कार्यक्रम इस प्रान्त में रहने वाले उन लोगों की भलाई के लिये है जो सदियों से पीड़ित रहे हैं । यह कार्यक्रम लाने के लिये मैं सरकार को बधाई देना चाहता हूँ । लेकिन इस के साथ ही यह बात मैं जरूर कहना चाहता हूँ कि परिवार नियोजन की तरफ भी सरकार को ध्यान देना चाहिए । जो भी हम प्रगति के काम करते हैं, उनका हमारे देश में रहने वाले लोगों को पूरा फायदा नहीं होता । यह लाभ तब तक उन लोगों को नहीं प्राप्त होगा जब तक हम परिवार नियोजन की तर्फ ध्यान नहीं देते । इस तर्फ सरकार को ध्यान देना चाहिए ।

इस कार्यक्रम के लिये और पैसे रखने चाहिए। लोगों को अच्छे परिवार की अहमियत बताने के लिये कदम उठाए जाएं। उनको इस तर्फ ऐजूकेट किया जाए।

डिप्टी स्पीकर साहिब, गांवों के जीवन स्तर को ऊंचा करने के लिए तथा उनके परिवेश को स्वच्छ बनाने के लिये, गलियां और नालियां पक्की करने के लिये 5.05 करोड़ रुपए रखे गए हैं। पंचायत घरों तथा सामुदायिक घरों का निर्माण करने के लिये भी 50.00 लाख रुपये की राशि का उपबन्ध किया जा रहा है। मैं यह कहना चाहूँगा कि पिछली सरकार किसानों और हरिजनों की बातें यहां बड़े ज़ोर से करती रही लेकिन पिछले तीन वर्षों में एक भी ऐसा समय नहीं आया जब यहां गलियां और नालियां पक्की करने के लिये सरकार ने कहा हो। लिंक रोडज़ जो टूट चुकी है उनके लिये कुछ नहीं कहा। हरिजनों को सहायता मुहईया करने के लिये या उनके लिये धर्मशालाएं बनाने के लिए पिछली सरकार ने बिल्कुल तवज्जो नहीं दी। मुझे खुशी है कि हमारी सरकार ने सब से पहिले यह सर्वे करवाया कि हमारे प्रांत में कितने लोग गरीब हैं। एक माननीय मम्बर सदन के बाहर कह रहे थे कि इस सरकार को तो सर्वे सरकार कहना चाहिए। परन्तु हमारी सरकार ने अपना फर्ज़ समझा और यह पता करवाया कि कितने लोग इस प्रांत में गरीब हैं। हमारी सरकार नें यह भी देखा कि कहीं वह लोग जो ऊपर बैठे हैं वह हरिजनों को सरकार द्वारा दी गई सुविधाएं और पैसे तो आपस में नहीं बांट लेते क्योंकि उनके हाथों में शक्ति है। इसी कारण हमारी सरकार ने यह सर्वे करवाया और आज हमें पता है कि पंजाब में कितने लोग निर्धन हैं। कितने लोगों को सहायता की ज़रूरत है। यह पहली बार हुआ है और अब ठीक लोगों को ही सही तौर पर सरकार द्वारा दी गई सहायता मिलेगी। यह सरकार इसके लिये बधाई की पात्र है।

डिप्टी स्पीकर साहिब, कहना बहुत आसान है और करना बहुत मुश्किल होता है। सर्वे करवा कर सच्चाई और झूठ को परखना और सच्चाई के रास्ते पर चलना बहुत मुश्किल है। यह चल नहीं सके। लेकिन हमारी सरकार का इस तर्फ दृढ़ संकल्प है।

जहां तक ऐजूकेशन का सवाल है, हमारे माननीय सदस्य सरदार बलवंत सिंह जी ने कहा है और हमारी आपोज़ीशन के बैंचों की तर्फ से भी शोर होता रहा कि आदर्श स्कूलों की स्कीम क्यों बन्द की जा रही है। हमारे हज़ारों स्कूलों में बच्चों को पढ़ने के लिये जो ज़रूरतें हैं उनको पूरा करना है। हमारे गांवों में यह सुविधाएं नहीं हैं जिस वजह से हम अनपढ़ता दूर नहीं कर सके। इनके मुकाबले में बंद स्कूलों को चलाना जहां उन लोगों के बच्चों ही पढ़ सके जिनके पास पैसा है, यह ठीक बात नहीं है। ऐसा करके हम कैसे गरीब लोगों के बच्चों की सहायता कर सकेंगे और उनको कैसे पढ़ाई की सुविधा दे सकेंगे। आदर्श स्कूलों और फोकल प्वाइंटों की स्कीम इन्होंने बहुत ज़ोर शोर से शुरु की थी। पर इनकी कोई अचीवमेंट नहीं हुई। न इनका कुछ करने का मनशा था और न ही इन्होंने कुछ किया। अगर इन्होंने कोई काम अच्छा किया होता तो मैं उसका समर्थन करने में गुरेज़ न करता कि पिछली सरकार ने यह काम कया है। पर किया ही कुछ नहीं, इस लिए ऐसा कहने की नौबत ही नहीं आई। अभी एक सवाल उठा था। मैं उस बात में जाना नहीं चाहता। बहुत दिनों से हमारे सदन में यह बात चल रही है।

[श्री विनोद शर्मा]

सरदार बलवंत सिंह ने कहा कि हम नैशनलिस्ट हैं । इसमें हमारी कोई दो रायें नहीं । मैं इस बात पर शक भी नहीं करता । जो भी भारत में रहने वाला शहरी है उसका नैशनलिस्ट होना जरूरी है । कुछ दिन पहले की बात मैं कर रहा हूँ । हमारे सदन के माननीय मैम्बर सरदार दिलबाग सिंह ने कुछ शब्द कहे । सरदार आत्मा सिंह भी नहीं बैठे, उनको मुखातिब करके कहा था कि मुझे पता है जब इनकी सरकार थी तब सरकारी कारों में जा कर यह लोगों में कड़े बांटते थे और उनको धर्म परिवर्तन करने के लिये कहते थे । मैं सभी लोगों की बहुत इज्जत करता हूँ । नौवीं पातशाही ने धर्म की रक्षा के लिये अपना शीस दिया था । दसवीं पातशाही ने इस देश के लोगों के धर्म की रक्षा के लिये मुगलों के खिलाफ तलवार उठाई । वह यह कहते थे कि धर्म के परिवर्तन के लिये सरकारी मशीनरी का दुरुपयोग न किया जाये । जो गुरु जी ने सिख सजाये थे उन्होंने मुगलों के खिलाफ लड़ाई लड़ी । उनका एक मंतव था कि हम देश में धर्म की रक्षा करेंगे । धर्म का प्रचार सभी को करना चाहिए । लेकिन सरकारी मशीनरी का दुरुपयोग, धर्म का प्रचार करने के लिये नहीं होना चाहिए । यह इन्होंने किया ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਪੁਆਇੰਟ ਆਫ ਆਰਡਰ, ਸਰ ।

श्री विनोद शर्मा : आप बैठ जाईए ! वैद करतार सिंह भी बैठे नहीं हैं। उन्होंने कहा था कि अब अगर हमारी सरकार आई तो जो काम हम पहले नहीं कर सके, उनको अच्छे तरीके से करेंगे । ऐसी बातें सुन कर मुझे शर्म आती है । मैं नहीं कहता कि सभी लोग । इनकी पार्टी के इसमें शामिल हैं । जो लोग अपनी भावनाएं व्यक्त करना चाहते हैं, वह करें । ऐसा न हो लोग यह समझें कि यह किसी पार्टी का स्टैंड है किसी पार्टी का वक्तव्य है । आज देश के हालात ऐसे नहीं कि इस बात की छूट दी जा सके । आज ऐसी बातों पर रोक लगाने की जरूरत है । सरदार बीर दविंदर सिंह ने केन्द्रीय सरकार में पंजाबियों को दी गई representation के बारे में बड़ी अच्छी तरह से बताया था । हमारे गृहमन्त्री, माननीय स्पीकर, लोक सभा, सरदार बूटा सिंह और कैबनेट सैकटरी इनके पंजाबी हैं । इनके इलावा और भी बहुत सारे अफसर पंजाबी हैं । आज सैंटर की सरकार में जितनी representation पंजाब को दी गई है शायद ही किसी और प्रान्त को दी गई हो । मैं इनके कहने का मतलब समझ नहीं सका । मैं इनसे पूछना चाहता हूँ कि क्या यह सरदार दरबारा सिंह और कामरेड राजकुमार को पंजाबी नहीं समझते हैं । क्या इनकी परिभाषा पंजाबी की नीली पगड़ी से है ? अगर ऐसा है तो मैं समझ सकता हूँ ।

लेकिन अगर आपकी आशाएं यही हैं तो मुझे इस बात की शंका नहीं है कि अब आप जहां बैठे हैं पंजाब के लोग आगे को भी आप को यहां ही बिठा रखेंगे । (थंपिंग) आप यकीन रखें कि अगर आप ऐसे ही चलेंगे तो पंजाब के लोग आपको वहीं बिठाएंगे जहां आप अब बैठे हैं। सरदार बलवन्त सिंह जी कह रहे थे कि केन्द्र की सरकार को आर्थिक दृष्टि से सूबों की सरकारों को ज्यादा अधिकार देने चाहिएं । अब सवाल उठा कि क्या Presidential form of Govt. भारत में होनी चाहिए या नहीं होनी चाहिए ? तो उन्होंने अच्छा जवाब नहीं दिया लेकिन जो

उनका मतलब था वह यही था कि Presidential form of Govt. होनी चाहिए अगर राज्यों को बहुत ज्यादा अधिकार दिये जाएं ।

डिप्टी स्पीकर साहिब, जय प्रकाश नारायण जी ने क्रान्ति का नारा दिया था । उस वक्त मैं भी स्टूडेंटस के साथ काम किया करता था । उन दिनों जो गुजरात में हुआ है, जो बिहार में हुआ है, वह भी आपको पता ही है । किस तरह से लोगों ने चुने हुए नुमाईंदों का घेराव किया, उसके बाद उनका उन के घरों में घेराव किया और उसके बाद जो लोग हस्पताल में पड़े हुए थ चल नहीं सकते थे, बाहर निकल नहीं सकते थे । उनका घेराव किया गया । इस सारी चीज़ का जो नतीजा निकला वह हमने सन् 1977 में देख लिया और उसके बाद 1980 में देख लिया ।

सरदार नत्था सिंह दालम : जो नतीजा आगे निकलेगा वह भी देख लेना ।

श्री विनोद शर्मा : ठीक है आगे भी देख लेना । अब का देख लो । किस तरह से श्री ए. एन. अन्तुले जीते हैं । राजस्थान का चीफ मनिस्टर जीता है । किस मार्जन से वह जीते है । ज़रा यह भी देखो। हरियाणा में देखो कहीं 27 हज़ार वोटों का मार्जिन था कहीं 62 हजार का मार्जन था और इतना भारी मार्जिन कभी पहले सुना भी नहीं था । (थंपिंग) इससे यह पता भी चलता है कि लोगों की रहनुमाई भाषणों के साथ ही नहीं हो सकती । भाषणों के साथ यह लोग लोगों के रहनुमा नहीं बनसकते । लोगों की रहनुमाई तो वहां होती है, लोगों की रहनुमाई तो वह कर सकते हैं जिनके मन में लोगों के लिये दर्द होता है अब मैं आसाम के बारे में भी बता देता हूँ ।

Mr. Deputy Speaker: Please wind up.

श्री विनोद शर्मा : नहीं जी, मैं 10 मिंट और बोलना चाहता हूँ । इन्होंने कहा कि हम यहां भी आसाम जैसे हालात पैदा कर देंगे । मैं इनको यह बताना चाहता हूँ कि अगर पांच छः हज़ार आदमी इकट्ठे करके 21 तारीख को इन्होंने यहां पर मज़मा लगा लिया तो इसका मतलब यह नहीं है कि पंजाब के लोग उनके साथ हैं । मैं इसको कोई भी महत्त्व नहीं देता क्योंकि विरोधी पार्टी का यही काम होता है। 21 तारीख को जब इन्होंने मज़मा लगाया तो सरदार बलवन्त सिंह जी यहां आकर मुझे बोले कि हमारी सरकार आ रही है । मैंने उनको कहा कि ठीक है अगर आपको लोग भेज देंगे तो हम मान लेंगे लेकिन लोग आपके साथ तो आ नहीं सकते । उसके बाद तीन चार दिन तो यही चलता रहा है कि हम सदन को चलने नहीं देंगे, हम ऐसे करेंगे, हम वैसे करेंगे । हम पंजाब में आसाम जैसे हालात पैदा कर देंगे, इस तरह की बातें यह करते रहे हैं , मैं इनसे पूछना चाहता हूँ कि आपको पता है कि आसाम में क्या हालात है और उनका रैपरकशन क्या हो रहा है ? आसाम में पार्लियामैंट के इलैक्शन्ज़ के दिनों में लोगों का घेराव करके उनको रोका गया ताकि वह अपने नामीनेशन पेपर्ज़ फाईल न कर सकें ।अगर ऐसी ही स्थिति आप इस देश में पैदा करना चाहते हैं तो आपको उसके रेपरकशनज़ का भी पता होना चाहिए । कुछ पार्टियों के बारे में मैं कहूँगा कि उनको बाहर के देशों से मदद आ रही है लेकिन ऐसी बात मैं आपके बारे में नहीं कहता । लेकिन आपको यह जान लेना

[श्री विनोद शर्मा]

चाहिए कि ऐसी स्थिति यहां नहीं होने पाएगी । क्या आप चाहते हैं कि पंजाब में चुने हुए नुमायंदों का घेराव किया जाए और क्या आप चाहते हैं कि असैम्बली को चलने न दिया जाए ? मैं आपको यह बात बता देता हूं कि कोई भी व्यक्ति जो पंजाब में रहता है । जिसका पंजाब के साथ प्यार है, वह इस तरह की इनकी बात नहीं मान सकता । मैं समझता हूं कि ऐसी बात को सख्ती से रोकना चाहिए और देश की डिवैल्पमैंट के रास्ते में जो लोग आने की कोशिश करें उनके साथ सख्ती से निपटा जाए । यह सरकार का फर्ज़ है । अगर ऐसे हालात कोई यहां पैदा करना चाहता हो तो यह वे लोग ही हो सकते हैं जिनके मन में देश के प्रति प्यार नहीं है । इस बात में कोई शक नहीं है कि इस भारत में चंद एक लोग ऐसे हैं जिनकी वजह से यहां के हालात खराब होने की शंका रहती है । इसीलिये आज भारत में यह डीबेट चल रही है क्या यहां Presidential form of Government होनी चाहिए या नहीं होनी चाहिए । यह ऐसे लोगों की वजह से ही आज भारत का जो भी पढ़ा लिखा व्यक्ति है, या जो भी अनपढ़ और समझदार व्यक्ति है वह सभी इस बात की डीबेट कर रहे हैं कि क्या भारत में Presidential form of Government होनी चहिए या ऐसे ही रहना चाहिए जैसे कि आज देश सोच रहा है और हर पढ़ा लिखा व्यक्ति सोच रहा है, हो सकता है कि यहां पर Presidential form of Government हो जाए । अगर लोग चाहेंगे तो हो सकता है कि ऐसा हो जाए क्योंकि हर 30 साल बाद कोई चेंज आती रहती है ।

सरदार नत्था सिंह दालम: बिल्ली थैले से बाहर आ गई है । (विघ्न) (हंसी) मैं दिल्ली की बात नहीं कर रहा । बिल्ली की बात कर रहा हूँ ।

श्री विनोद शर्मा : जो हमारे देश का कांस्टीच्यूशन है उसमें लिखा हुआ है कि उसको चेंज करने के लिये पार्लियामेंट जो चाहे कर सकती है क्योंकि वह लोगों को रिप्रज़ैंट करती है अगर लोग चाहेंगे तो आप उनके रास्ते में नहीं आ सकते ...

Mr. Deputy Speaker : Please wind up. (Interruptions)

श्री विनोद शर्मा : कम्यूनिस्ट भाई बड़ी देर से इन्तजार कर रहे हैं कि मैंने उनकी कोई बात नहीं की । (हंसी) इनके कामरेड राज कुमार जी से मैं शुरू करता हूँ । वह इस तरह से तकरीर करते हैं जैसे राजपूत किया करते थे । जब यह तकरीर करते हैं तो बड़ा दिल लगा रहता है । जब यह बोलते हैं तो बड़ी एक्टिंग करते हैं और जब कोई बात करते हैं तो रशिया की या चाईना की बात करते हैं और भारत के बारे में नहीं करते । अगर कोई और रशिया का नाम ले तो यह ज़ोर शोर से उठ खड़े होते हैं और कहते हैं कि उनका क्यों किसी ने हमारे बगैर नाम ले लिया है। इससे तो यह मालूम पड़ता है कि इनके मन में भारत के लिए प्यार नहीं है। अगर आप के दिल में उन देशों के लिये ज्यादा प्यार है और अपने देश के लिये कम प्यार है तो आप की पालिसी क्या है, यह आप खड़े हो कर बता दें । तभी तो आप वहीं रहते हैं और आगे नहीं जाते । (हंसी) (इस समय कामरेड बलदेव सिंह लूंबा प्वायंट आफ आर्डर रेज़ करने के लिये खड़े थे।) (विघ्न)

जो डिप्टी स्पीकर साहिब, बजट पेश किया गया है, मैं उसका समर्थन करता हूँ और आशा करता हूँ कि यह सूबा तरक्की की राह पर चल कर एक बड़ा सूबा बनेगा ।

जै हिन्द ॥

ਕਾਮਰੇਡ ਬਲਦੇਵ ਸਿੰਘ ਲੁੰਬਾ: ** ** **

Mr. Deputy Speaker : It is no Point of Order. (*Interruption*) No interruption please.

ਸ੍ਰੀ ਜੋਗਿੰਦਰ ਪਾਲ ਪਾਂਡੇ (ਲੁਧਿਆਣਾ ਪੱਛਮ) : ਡਿਪਟੀ ਸਪੀਕਰ ਸਾਹਿਬ, ਜੋ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਸ ਸਾਲ ਦਾ ਇਥੇ ਪੇਸ਼ ਕੀਤਾ ਹੈ, ਉਹ ਇਕ ਨਹਾਇਤ ਹੀ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਇਥੇ ਰਖਿਆ ਹੈ ਅਤੇ ਇਹੋ ਜਿਹਾ ਚੰਗਾ ਬਜਟ ਕਾਫੀ ਸਾਲਾਂ ਤੋਂ ਬਾਅਦ ਇਥੇ ਆਇਆ ਹੈ। ਇਸ ਲਈ ਮੈਂ ਇਹਨਾਂ ਨੂੰ ਮੁਬਾਰਕ ਬਾਦ ਦਿੰਦਾ ਹਾਂ। (ਥੰਪਿੰਗ) ਇਸ ਬਜਟ ਵਿਚ ਡਾਕਟਰ ਸਾਹਿਬ ਨੇ ਸਹੀ ਮਾਹਨਿਆਂ ਵਿਚ ਜੋ ਇਕ ਵੈਲਫੇਅਰ ਸਟੇਟ ਹੁੰਦੀ ਹੈ ਉਸਨੂੰ ਮੁੱਖ ਰੱਖਦੇ ਹੋਏ ਇਸ ਬਜਟ ਨੂੰ ਤਿਆਰ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਜਿਹੜਾ ਹੈ, ਇਹ ਖੇਤੀਬਾੜੀ ਦਾ ਸੂਬਾ ਹੈ । ਐਗਰੀਕਲਚਰ ਪੰਜਾਬ ਦੀ ਪ੍ਰਧਾਨ ਹੈ ਔਰ ਇਹੀ ਵਜ੍ਹਾ ਹੈ ਕਿ ਪੰਜਾਬ ਦੇ ਅਦਰ ਕੁਲ ਆਮਦਨ ਦਾ 55% ਇਸ ਤੇ ਖ਼ਰਚ ਕੀਤਾ ਜਾਂਦਾ ਹੈ । ਸਾਨੂੰ ਮਾਣ ਹੈ ਕਿ ਸਾਡੀ ਖੇਤੀਬਾੜੀ ਦੀ ਉਪਜ ਨੂੰ ਗਾਇਡਲਾਈਨਜ਼ ਦੇਣ ਵਾਸਤੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣੇ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਜਿਹੜੇ ਕਿ ਸਾਡੇ ਚੀਫ ਮਨਿਸਟਰ ਵੀ ਰਹੇ ਹਨ, ਉਨ੍ਹਾਂ ਨੇ ਕਾਇਮ ਕੀਤੀ ਸੀ ਔਰ ਉਹ ਯੂਨੀਵਰਸਿਟੀ ਸਾਰੇ ਹਿੰਦੁਸਤਾਨ ਨੂੰ ਅਤੇ ਪੰਜਾਬ ਦੇ ਕਿਸਾਨ ਨੂੰ ਇਸ ਸਿਲਸਲੇ ਵਿਚ ਲੋੜੀਂਦੀ ਗਾਈਡੈਂਸ ਦੇ ਰਹੀ ਹੈ। ਮਨੂੰ ਖੁਸ਼ੀ ਹੈ ਕਿ ਇਸ ਨਾਲ ਸਿਰਫ ਸਾਡੇ ਪੰਜਾਬ ਨੂੰ ਹੀ ਫਾਇਦਾ ਨਹੀਂ ਹੋਇਆ ਬਲਕਿ ਸਾਰੇ ਹਿੰਦੁਸਤਾਨ ਦੇ ਕਿਸਾਨਾਂ ਨੂੰ ਫਾਇਦਾ ਹੋਇਆ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਦਾ ਹਾਂ ਕਿ ਅੱਜ ਪੰਜਾਬ ਸਾਰੇ ਹਿੰਦੁਸਤਾਨ ਦੇ ਅਨਾਜ ਦੇ ਪੂਲ ਵਿਚ ਜਿਥੇ ਵੱਧ ਤੋਂ ਵੱਧ ਹਿੱਸਾ ਪਾਉਂਦਾ ਹੈ ਉਥੇ ਝੋਨੇ ਦੇ ਵਿਚ ਵੀ ਅੱਗੇ ਵਧਿਆ ਹੈ। ਹਿੰਦੁਸਤਾਨ ਦੇ ਝੋਨੇ ਦੇ ਪੂਲ ਵਿਚ ਵੀ ਅੱਵਲ ਨੰਬਰ ਤੇ ਪੰਜਾਬ ਰਿਹਾ ਹੈ । ਸਾਨੂੰ ਇਸ ਗੱਲ ਦੀ ਖੁਸ਼ੀ ਹੈ ।

ਡਿਪਟੀ ਸਪਕਿਰ ਸਾਹਿਬ, ਇਕ ਗੱਲ ਮੈਂ ਇਥੇ ਇਹ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਇੰਡਸਟਰੀ ਦੇ ਮਾਮਲੇ ਵਿਚ ਬਹੁਤ ਪਿੱਛੇ ਹਾਂ । ਮੈਂ ਸਮਝਦਾ ਹਾਂ ਕਿ ਐਗਰੀਕਲਚਰ ਅਤੇ ਇੰਡਸਟਰੀ ਕਿਸੇ ਵੀ ਮੁਲਕ ਦੀ ਜਾਂ ਕਿਸੇ ਵੀ ਸੂਬੇ ਦੀ ਤਰੱਕੀ ਦੇ ਦੋ ਪਹੀਏ ਹਨ ਜੇ ਇਨ੍ਹਾਂ ਦੋਨਾਂ ਪਹੀਆਂ ਵਿਚੋਂ ਇਕ ਕੰਮ ਨਹੀਂ ਕਰਦਾ ਤਾਂ ਉਹ ਮੁਲਕ ਉਹ ਸੂਬਾ ਪਿਛੜਿਆ ਰਹਿ ਜਾਂਦਾ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਅੱਜ ਐਕਸ ਫਾਇਨੈਂਸ ਮਨਿਸਟਰ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਪੰਜਾਬ ਦੇ ਅੰਦਰ ਜੋ ਚੀਜ਼ ਪੈਦਾ ਹੁੰਦੀ ਹੈ, ਉਸ ਨੂੰ ਖਪਤ ਕਰਨ ਦੇ ਪੰਜਾਬ ਵਿਚ ਸਾਧਨ ਬਹੁਤ ਘੱਟ ਹਨ। ਉਨ੍ਹਾਂ ਨੇ ਇਸ ਗੱਲ ਦਾ ਗਿਲਾ ਕੀਤਾ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਸਾਧਨ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਆਪਣਾ ਸਮਾਂ ਭੁਲ ਗਏ ਜਦੋਂ ਉਨ੍ਹਾਂ ਦਾ ਇਥੇ ਵੀ ਰਾਜ ਸੀ ਅਤੇ ਦਿੱਲੀ ਵਿਚ ਵੀ ਜਨਤਾ ਪਾਰਟੀ ਦਾ ਰਾਜ ਸੀ, ਕੋਈ ਹੋਰ ਕਾਂਗਰਸ ਸਰਕਾਰ ਦਾ ਰਾਜ ਨਹੀਂ ਸੀ, ਉਸ ਵੇਲੇ ਇਨ੍ਹਾਂ ਨੇ ਇਸ ਖਪਤ ਦੇ ਸਾਧਨ ਵਧਾਉਣ ਲਈ ਕੀ ਕੰਮ ਕੀਤੇ ਸਨ? ਉਨ੍ਹਾਂ ਨੇ ਉਸ

**Expunged as ordered by the Chair.

[ਸ੍ਰੀ ਜੋਗਿੰਦਰ ਪਾਲ ਪਾਂਡੇ]

ਵੇਲੇ ਤੇਜ਼ੀ ਸਟੈਪਸ ਨਹੀਂ ਲਏ । (ਵਿਘਨ) ਪੰਜਾਬ ਐਗਰੋ-ਇੰਡਸਟਰੀਜ਼ ਵਾਸਤੇ ਜੋ ਕੋਈ ਸਟੈਪਸ ਲਏ ਹੋਣਗੇ ਤਾਂ ਉਹ ਸਿਰਫ ਕਾਗਜ਼ਾਂ ਵਿਚ ਹੀ ਲਏ ਹੋਣਗੇ ਪਰ ਅਮਲੀ ਤੌਰ ਤੇ ਇਹ ਕੁਝ ਨਹੀਂ ਕਰ ਸਕੇ । ਪੰਜਾਬ ਦੇ ਅੰਦਰ ਲੋੜ ਹੈ ਇਸ ਗੱਲ ਦੀ ਕਿ ਸਨੱਅਤ ਦੇ ਉਪਰ ਜ਼ਿਆਦਾ ਖ਼ਰਚ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਜੋ ਹੁਣ ਅਸੀਂ 15.9% ਸਨੱਅਤ ਤੇ ਖ਼ਰਚ ਕਰਦੇ ਹਾਂ, ਇਹ ਅਗਰ ਜ਼ਿਆਦਾ ਨਹੀਂ ਤਾਂ ਨੈਸ਼ਨਲ ਲੈਵਲ ਤੇ ਜਿਹੜਾ 24.39% ਖਰਚ ਕੀਤਾ ਜਾਂਦਾ ਹੈ, ਇਤਨਾ ਪੈਸਾ ਜ਼ਰੂਰ ਖ਼ਰਚ ਕਰਨਾ ਚਾਹੀਦਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਸਾਡੇ ਖ਼ਜ਼ਾਨਾ ਮੰਤਰੀ ਅਤੇ ਚੀਫ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਕੁਝ ਗੱਲਾਂ ਹਾਊਸ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ । ਖ਼ਾਸ ਤੌਰ ਤੇ ਮੈਂ ਆਪਣੇ ਅਕਾਲੀ ਵੀਰਾਂ ਔਰ ਕਮਿਊਨਿਸਟ ਵੀਰਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਇਸ ਵੱਲ ਬਹੁਤ ਧਿਆਨ ਦਿੱਤਾ ਹੈ । ਇਸ ਵੇਲੇ ਸਾਡੇ ਪਾਸ ਲੈਟਰ ਆਫ ਇੰਟੈਂਟਸ ਅਰ ਲਾਇਸੈਂਸਿਜ਼ 180 ਦੇ ਕਰੀਬ ਹਨ ਜਿਨ੍ਹਾਂ ਵਿਚ 36 ਪੇਪਰ ਮਿੱਲਾਂ ਹਨ ਜਿਹੜੀਆਂ ਕਿ ਜੁਆਇੰਟ ਸੈਕਟਰ, ਪਬਲਿਕ ਸੈਕਟਰ ਅਤੇ ਪ੍ਰਾਈਵੇਟ ਸੈਕਟਰ ਵਿਚ ਲੱਗਣੀਆਂ ਹਨ । ਇਸੇ ਤਰ੍ਹਾਂ 4 ਕਾਟਨ ਮਿੱਲਾਂ 25 ਹਜ਼ਾਰ ਤਕਲੇ ਦੀਆਂ ਲਗਣੀਆਂ ਹਨ, ਜਿਸ ਨਾਲ ਜਿਹੜੀ ਇਥੇ ਕਪਾਹ ਪੈਦਾ ਹੁੰਦੀ ਹੈ ਉਸ ਨੂੰ ਸਪਿਨ ਕਰਕੇ ਇਥੇ ਹੀ ਯਾਰਨ ਤਿਆਰ ਕੀਤਾ ਜਾਵੇਗਾ । ਇਸੇ ਤਰ੍ਹਾਂ ਹੀ ਇਸ ਸੂਬੇ ਵਿਚ 24 ਬਨਾਸਪਤੀ ਦੀਆਂ ਮਿੱਲਾਂ ਹੋਰ ਲਗਣੀਆਂ ਹਨ, ਜਿਹੜੀਆਂ ਪ੍ਰਾਈਵੇਟ ਸੈਕਟਰ ਵਿਚ ਵੀ ਹੋਣਗੀਆਂ ਅਤੇ ਜੁਆਇੰਟ ਸੈਕਟਰ ਵਿਚ ਵੀ ਹੋਣਗੀਆਂ । ਇਥੇ ਸ਼ੂਗਰ ਮਿਲਾਂ ਦਾ ਜ਼ਿਕਰ ਆਇਆ ਸੀ । ਇਹ ਵੀ 6 ਮਿੱਲਾਂ ਲਗਣੀਆਂ ਹਨ । ਇਹ ਸਾਡੇ ਆਪੋਜ਼ੀਸ਼ਨ ਦੇ ਵੀਰ ਕਿਸਾਨਾਂ ਨੂੰ ਗੰਨੇ ਦੀ ਜਿਸ ਵਲੇਉਪਜ ਹੁੰਦੀ ਹੈ ਤਾਂ ਬਹੁਤ ਵਰਗਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹ ਕੋਸ਼ਿਸ਼ ਕਰਦੇ ਹਨ ਕਿ ਉਹ ਗੰਨਾਂ ਮਿੱਲਾਂ ਵਿਚ ਲੈਕੇ ਨਾ ਜਾਣ । ਪਰ ਸਾਡੀ ਸਰਕਾਰ ਨੇ ਇਨ੍ਹਾਂ 6 ਮਿੱਲਾਂ ਵਿਚੋਂ 2 ਸ਼ੂਗਰ ਮਿਲਾਂ ਤਾਂ ਚਾਲੂ ਕਰ ਦਿੱਤੀਆਂ ਹਨ ਔਰ 4 ਹੋਰ ਲਗਾਉਣੀਆਂ ਹਨ । ਅਸੀਂ ਚਾਹੁੰਦੇ ਹਾਂ ਕਿ ਜਿਵੇਂ ਸਾਡੇ ਸੂਬੇ ਵਿਚ ਅਨਾਜ ਦੀ ਉਪਜ ਬਹੁਤ ਹੁੰਦੀ ਹੈ, ਝੋਨੇ ਦੀ ਉਪਜ ਬਹੁਤ ਹੁੰਦੀ ਹੈ, ਇਸੇ ਤਰ੍ਹਾਂ ਹੀ ਗੰਨਾਂ ਔਰ ਕਪਾਹ ਵੀ ਜ਼ਿਆਦਾ ਪੈਦਾ ਹੋਵੇ । ਇਸੇ ਤਰ੍ਹਾਂ ਹੀ ਕੁਝ ਹੋਰ ਯੂਨਿਟ ਹਨ, ਜਿਵੇਂ ਕਿ 32 ਦੇ ਕਰੀਬ ਇੰਜੀਨੀਅਰਿੰਗ ਦੇ ਯੂਨਿਟ ਹਨ, 17 ਦੇ ਕਰੀਬ ਇਲੈਕਟ੍ਰੌਨਿਕ ਯੂਨਿਟ ਹਨ, 18 ਦੇ ਕਰੀਬ ਕੈਮੀਕਲ ਯੂਨਿਟਸ ਹਨ । ਇਸੇ ਤਰ੍ਹਾਂ ਦੇ ਹੋਰ ਵੀ ਕਈ ਯੂਨਿਟਸ ਪੰਜਾਬ ਅੰਦਰ ਲਗਣੇ ਹਨ ਜਿਹੜੇ ਕਿ ਇਸ ਸਾਲ ਦੇ ਅੰਦਰ ਚਾਲੂ ਹੋ ਜਾਣਗੇ । ਡਿਪਟੀ ਸਪੀਕਰ ਸਾਹਿਬ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਵਿੱਚੋਂ ਬੇਕਾਰੀ ਨੂੰ ਦੂਰ ਕਰਨਾ ਹੈ । ਇਹ ਬੇਕਾਰੀ ਕਿਸ ਤਰ੍ਹਾਂ ਦੂਰ ਹੋਵੇਗੀ ? ਜਦੋਂ ਪੰਜਾਬ ਵਿਚ ਇੰਡਸਟਰੀ ਲਗੇਗੀ ਤਾਂ ਉਹ ਬੇਕਾਰ ਲੋਕ ਉਥੇ ਕੰਮ ਕਰਨਗੇ ਔਰ ਇਸ ਤਰ੍ਹਾਂ ਨਾਲ ਬੇਕਾਰੀ ਦੂਰ ਹੋਵੇਗੀ । ਡਿਪਟੀ ਸਪੀਕਰ ਸਾਹਿਬ, ਜਿਹੜਾ 6 ਹਜ਼ਾਰ ਯੂਨਿਟਸ ਲਗਾਉਣ ਦਾ ਟੀਚਾ ਮੁਕੱਰਰ ਕੀਤਾ ਗਿਆ ਸੀ, ਮੈਨੂੰ ਖੁਸ਼ੀ ਹੈ ਕਿ ਇਸ ਵਿੱਚੋਂ 3 ਹਜ਼ਾਰ ਤੋਂ ਜ਼ਿਆਦਾ ਯੂਨਿਟਸ ਤਾਂ 1980-81 ਵਿਚ ਚਾਲੂ ਹੋ ਚੁੱਕੇ ਹਨ, ਵਿਲੇਜ ਇੰਡਸਟਰੀ ਵਿਚੋਂ 50-70% ਦੇ ਕਰੀਬ ਯੂਨਿਟਸ ਚਾਲੂ ਹੋ ਗਏ ਹਨ ਔਰ ਮੈਂ ਅਰਜ਼ ਕਰਦਾ ਹਾਂ ਕਿ ਬਾਕੀ ਜੋ ਯੂਨਿਟਸ ਰਹਿ ਗਏ ਹਨ, ਉਹ ਵੀ ਡੇਢ 2 ਮਹੀਨੇ ਜਿਹੜੇ ਇਸ ਸਾਲ ਦੇ ਰਹਿੰਦੇ ਹਨ, ਉਹ ਵੀ ਸਰਕਾਰੀ ਕਰਮਚਾਰੀ ਜਿਹੜੇ ਕਿ ਸਰਕਾਰ ਦੀਆਂ ਪਾਲਸੀਆਂ ਨੂੰ ਇੰਪਲੀਮੈਂਟ ਕਰਦੇ ਹਨ ਇਸ ਰਹਿੰਦੇ ਕੰਮ ਨੂੰ ਵੀ ਪੂਰਾ ਕਰ ਦੇਣਗੇ । ਮੈਂ ਸਮਝਦਾ ਹਾਂ ਕਿ ਸਰਕਾਰ ਤਾਂ ਸਿਰਫ ਪਾਲਿਸੀ ਬਣਾਉਂਦੀ ਹੈ ਅਤੇ ਪਾਲਿਸੀ ਤੇ ਅਮਲ ਕਰਾਉਣਾ ਤਾਂ ਇਨ੍ਹਾਂ ਸਰਕਾਰੀ ਕਰਮਚਾਰੀਆਂ ਦਾ ਕੰਮ ਹੁੰਦਾ ਹੈ । ਮੈਂ ਇਹ ਵੀ ਸਮਝਦਾ ਹਾਂ ਕਿ ਇਨ੍ਹਾਂ ਨੂੰ ਬਗੈਰ ਕਿਸੇ ਪਾਰਟੀ ਪਾਲਟਿਕਸ ਦੇ ਰਾਹੇ ਉਨ੍ਹਾਂ ਨੇ ਵੋਟ ਕਿਸੇ ਨੂੰ ਵੀ ਦਿੱਤੀ ਹੋਵੇ ਜਾਂ ਕਿਸੇ ਵੀ ਪਾਰਟੀ ਵਾਸਤੇ ਅਪਣੇ ਵਿਚਾਰ

ਰਖਦੇ ਹੋਣ, ਪਰ ਜਿਹੜੀ ਗੌਰਮਿੰਟ ਆਉਂਦੀ ਹੈ ਉਸ ਦੀ ਜੋ ਪਾਲਸੀ ਹੁੰਦੀ ਹੈ ਉਸ ਨੂੰ ਲਾਗੂ ਕਰਾਉਣ ਦੀ ਇਨ੍ਹਾਂ ਦੀ ਪੂਰੀ ਜ਼ਿੰਮੇਵਾਰੀ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਉਨ੍ਹਾਂ ਪਾਲਸੀਆਂ ਨੂੰ ਅਮਲ ਲਿਆਉਣਾ ਚਾਹੀਦਾ ਹੈ। ਇਸੇ ਤਰ੍ਹਾਂ ਹੁਣ ਜਿਹੜੇ ਯੂਨਿਟਸ ਰਹਿ ਗਏ ਹਨ, ਉਨ੍ਹਾਂ ਨੂੰ ਇਹ ਜਲਦੀ ਹੀ ਪੂਰਾ ਕਰਨਗੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਇਹ ਵੀ ਕਰਦਾ ਹਾਂ ਕਿ ਜਦੋਂ ਪਿਛਲੇ ਸਾਲ ਅੰਮ੍ਰਿਤ-ਸਰ ਵਿਖੇ 400-ਸਾਲਾ ਸ਼ਤਾਬਦੀ ਮਨਾਈ ਗਈ ਸੀ ਤਾਂ ਉਸ ਵੇਲੇ ਕਿਹਾ ਜਾਂਦਾ ਸੀ ਕਿ 5 ਕਰੋੜ ਰੁਪਿਆ ਅੰਮ੍ਰਿਤਸਰ ਦੀ ਡਿਵੈਲਪਮੈਂਟ ਤੇ ਖਰਚ ਕਰਨ ਵਾਸਤੇ ਰਖਿਆ ਗਿਆ ਹੈ ਪਰ ਮੈਨੂੰ ਨਹੀਂ ਪਤਾ ਕਿ ਉਹ ਖ਼ਰਚ ਕੀਤਾ ਗਿਆ ਸੀ, ਜਾਂ ਨਹੀਂ ਪਰ ਉਸ ਪੈਸੇ ਦੇ ਖ਼ਰਚ ਦੀ ਕੋਈ ਨਿਸ਼ਾਨੀ ਨਜ਼ਰ ਨਹੀਂ ਆਉਂਦੀ। ਗੋਇੰਦ-ਵਾਲ ਸਾਹਿਬ ਤੋਂ ਜਲੂਸ ਨਿਕਲ ਕੇ ਅੰਮ੍ਰਿਤਸਰ ਪੁੱਜਿਆ ਸੀ ਤਾਂ ਉਸ ਵੇਲੇ ਇਨ੍ਹਾਂ ਨੇ ਜਿਹੜੇ ਕਿ ਧਰਮਾਂ ਅਤੇ ਸਿਆਸਤ ਨੂੰ ਇੱਕਠਾ ਮੰਨਦੇ ਹਨ, ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਖਾਸ ਤੋਰ ਤੇ ਜਿਹੜੇ ਗੁਰੂ ਸਾਹਿਬਾਨ ਨੂੰ ਮੰਨਦੇ ਹਨ, ਉਨ੍ਹਾਂ ਨੂੰ ਧਰਮ ਦੇ ਨਾਂ ਤੇ ਵਰਗਲਾਉਣ ਦੀ ਕੋਸ਼ਿਸ਼ ਕੀਤੀ। ਪਰ ਅਸਲ ਵਿਚ ਇਨ੍ਹਾਂ ਨੇ ਉਨ੍ਹਾਂ ਵਾਸਤੇ ਜੀ.ਟੀ. ਰੋਡ ਤੇ ਸਵਾਏ 'ਗੋਇੰਦਵਾਲ ਸਾਹਿਬ ਸਿੱਖੀ ਦਾ ਧੁਰਾ' ਦਾ ਬੋਰਡ ਲਗਾਉਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕੀਤਾ।

ਹੁਣ ਗੋਇੰਦਵਾਲ ਸਾਹਿਬ ਵਿਚ ਇਕ ਇੰਡਸਟਰੀਅਲ ਕੰਪਲੈਕਸ ਬਣਾਇਆ ਜਾ ਰਿਹਾ ਹੈ ਜਿਸ ਨਾਲ ਵੱਡੀਆਂ ਵੱਡੀਆਂ ਇੰਡਸਟੀਰਜ਼ ਲੱਗ ਸਕਣਗੀਆਂ। ਮੈਨੂੰ ਖੁਸ਼ੀ ਹੈ ਕਿ ਸਰਕਾਰ ਨੇ ਸਾਰੇ ਪੰਜਾਬ ਵਿਚ ਇਕ ਇਕਨਾਮਿਕ ਸਰਵੇ ਕਰਵਾਇਆ ਹੈ ਅਤੇ ਪਤਾ ਕੀਤਾ ਹੈ ਕਿ 38% ਲੋਕ ਪਾਵਰਟੀ ਲਾਈਨ ਤੋਂ ਥੱਲੇ ਰਹਿੰਦੇ ਹਨ। ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਰੋਜ਼ਗਾਰ ਪੈਦਾ ਕਰਨ ਲਈ ਗੋਇੰਦਵਾਲ ਸਾਹਿਬ ਵਿਚ 5000 ਏਕੜ ਜ਼ਮੀਨ ਨੂੰ ਅਕੁਆਇਰ ਕੀਤਾ ਗਿਆ ਤਾਂਕਿ ਉਥੇ ਬਹੁਤ ਵੱਡਾ ਇੰਡਸਟਰੀਅਲ ਕੰਪਲੈਕਸ ਬਣਾਇਆ ਜਾਵੇ, ਉਥੇ ਪੀ.ਐਸ.ਆਈ.ਡੀ.ਸੀ. ਭਾਵ ਹੈਵੀ ਭਾਰਤ ਇਲੈਕਟ੍ਰੀਕਲੀ ਹੋਵੇ ਅਤੇ ਭਾਵੇਂ ਐਚ.ਐਮ. ਟੀ. ਹੋਵੇ, ਉਥੇ ਆਪਣੀਆਂ ਇੰਡਸਟਰੀਜ਼ ਨੂੰ ਸੈਟ ਅੱਪ ਕਰਨਗੇ ਔਰ ਪੰਜਾਬ ਵਿਚ ਲੋਕਾਂ ਨੂੰ ਰੋਜ਼ਗਾਰ ਮਿਲੇਗਾ, ਇੰਡਸਟਰੀ ਵਧੇਗੀ ਜਿਹੜਾ ਮਾਲ ਤਿਆਰ ਹੋਵੇਗਾ ਉਸ ਨੂੰ ਅਸੀਂ ਐਕਸਪੋਰਟ ਕਰਾਂਗੇ। ਪਹਿਲੇ ਪੰਜਾਬ ਦੀ ਜ਼ਰੂਰਤ ਨੂੰ ਪੂਰਾ ਕਰਾਂਗੇ। ਫਿਰ ਦੂਜੀਆਂ ਸਟੇਟਾਂ ਦੀ ਜ਼ਰੂਰਤ ਨੂੰ ਪੂਰਾ ਕਰਾਂਗੇ ਅਤੇ ਬਾਅਦ ਵਿਚ ਦੂਜੇ ਦੇਸ਼ਾਂ ਵਿਚ ਇਸ ਨੂੰ ਐਕਸਪੋਰਟ ਕਰਾਂਗੇ ਔਰ ਫਾਰਨ ਐਕਸਚੇਂਜ ਪ੍ਰਾਪਤ ਕਰਾਂਗੇ। ਸਾਡੀ ਸਰਕਾਰ ਦੀ ਇੰਡਸਟਰੀ ਪਾਲਿਸੀ ਇਹ ਹੈ। ਇਹ ਜਿਹੜੇ ਇੰਡਸਟਰੀਅਲ ਟੀਚੇ ਰੱਖੇ ਗਏ ਹਨ, ਉਹ ਅਸੀਂ ਪੂਰੇ ਕਰਾਂਗੇ ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਪੰਜਾਬ ਨੇ ਐਚ.ਐਮ.ਟੀ. ਲਗਾਈ ਸੀ ਪਰ ਅਕਾਲੀ ਪਾਰਟੀ ਦੀ ਪਾਲਿਸੀ ਕਰਕੇ ਇਹ ਇੰਡਸਟਰੀ ਪੰਜਾਬ ਤੋਂ ਬਾਹਰ ਚਲੀ ਗਈ ਹੈ। ਫਿਰ ਅਸੀਂ ਫਰੀਦਾਬਾਦ ਨੂੰ ਇੰਡਸਟਰੀਅਲ ਟਾਊਨ ਬਣਾਇਆ ਸੀ, ਪਰ ਇਹ ਸ਼ਹਿਰ ਵੀ ਇਨ੍ਹਾਂ ਅਕਾਲੀਆਂ ਦੇ ਕਰਕੇ ਹਰਿਆਣੇ ਵਿਚ ਚਲਾ ਗਿਆ ਹੈ। ਪੰਜਾਬ ਦਾ ਪੰਜਾਬੀ ਬੜਾ ਮੇਹਨਤੀ ਹੈ ਔਰ ਜਿਸ ਕੰਮ ਨੂੰ ਇਹ ਹਥ ਵਿਚ ਲੈਕੇ ਲਵੇ ਉਸ ਨੂੰ ਕਰਕੇ ਛੱਡਦਾ ਹੈ। ਹੁਣ ਅਸੀਂ ਰਣਜੀਤਗੜ੍ਹ ਇੰਡਸਟਰੀਅਲ ਟਾਊਨ ਬਣਾ ਰਹੇ ਹਾਂ ਔਰ ਪੰਜਾਬ ਇਸ ਵਿਚ ਤਰਕੀ ਕਰੇਗਾ। ਹੁਣ ਜਿਹੜੀ ਇੰਡਸਟਰੀਅਲ ਘਾਟ ਹੈ, ਇਸ ਨੂੰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਪੂਰਾ ਕਰ ਰਹੀ ਹੈ ਇਸੇ ਤਰ੍ਹਾਂ ਪਟਿਆਲੇ ਵਿਚ ਗੌਰਮਿੰਟ ਆਫ ਇੰਡੀਆ ਵਲੋਂ ਇਕ ਡੀਜ਼ਲ ਕੰਪੋਨੈਂਟ 50 ਕਰੋੜ ਰੁਪਏ ਦੇ ਨਾਲ ਲਗਾਇਆ ਜਾ ਰਿਹਾ ਹੈ। ਇਹ ਸ਼ਹਿਰ ਇਕ ਪਛੜਿਆ ਹੋਇਆ ਸ਼ਹਿਰ ਹੈ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਨਾਲੋਂ ਇਹ ਪੱਛੜਿਆ ਹੋਇਆ ਹੈ। ਇਸ ਸ਼ਹਿਰ ਨੂੰ ਵੀ ਇਹਨਾਂ ਸ਼ਹਿਰਾਂ ਦੇ ਲੈਵਲ ਤੇ ਲਿਆਉਣਾ ਚਾਹੀਦਾ ਹੈ ਜਿਸ ਨਾਲ ਉਥੇ ਬੇਕਾਰੀ ਦੂਰ ਹੋਵੇਗੀ। ਇਸ ਦੇ ਨਾਲ ਪਟਿਆਲੇ ਵਿਚ 2,500 ਬੰਦਿਆਂ ਨੂੰ

[ਸ਼੍ਰੀ ਜੋਗਿੰਦਰ ਪਾਲ ਪਾਂਡੇ]

ਕੰਮ ਮਿਲੇਗਾ । ਇਸੇ ਤਰ੍ਹਾਂ ਪੰਜਾਬ ਵਿਚ ਆਈ.ਟੀ.ਆਈਜ਼ ਦੇ ਬਹੁਤ ਸਾਰੇ ਸੈਂਟਰ ਹਨ । ਪਹਿਲੇ ਲੜਕੇ ਲੜਕੀਆਂ ਨੂੰ ਇਥੋਂ ਸਿਖਲਾਈ ਲੈ ਕੇ ਨੌਕਰੀ ਲਈ ਬਾਹਰਲੇ ਸੂਬਿਆਂ ਵਿਚ ਜਾਣਾ ਪੈਂਦਾ ਸੀ ਅੋਰ ਦੂਜਿਆਂ ਦੇਸ਼ਾਂ ਵਿਚ ਜਾਣਾ ਪੈਂਦਾ ਸੀ ਜਿਸ ਦੇ ਨਾਲ ਪੰਜਾਬ ਦਾ ਬ੍ਰੇਨ ਡਰੇਨ ਹੁੰਦਾ ਸੀ। ਪਰ ਹੁਣ ਇਥੇ ਇੰਡਸਟਰੀ ਲੱਗਣ ਨਾਲ ਪੰਜਾਬ ਦਾ ਬ੍ਰੇਨ ਡਰੇਨ ਨਹੀਂ ਹੋਵੇਗਾ।

1973 ਵਿਚ ਜਦੋਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਪੰਜਾਬ ਵਿਚ ਸੀ, ਉਸ ਵੇਲੇ ਪਾਵਰ ਨੂੰ ਵਧਾਉਣ ਲਈ 25% ਦੀ ਸਬਸਿਡੀ ਦਿੱਤੀ ਜਾਂਦੀ ਸੀ, ਪਰ ਅਕਾਲੀ ਸਰਕਾਰ ਨੇ ਆ ਕੇ ਇਹ ਹਟਾ ਦਿੱਤੀ, ਜਿਸ ਕਰਕੇ ਜਿਹੜੇ ਇਥੇ ਪੰਜਾਬ ਵਿਚ ਮਿਨੀ ਸਟੀਲ ਪਲਾਂਟ, ਫਰਟੇਲਾਈਜ਼ਰ ਪਲਾਂਟ, ਐਲੋਮੀਨੀਅਮ ਪਲਾਂਟ ਆਦਿ ਲੱਗਣੇ ਸਨ, ਉਹ ਨਹੀਂ ਲੱਗ ਸਕੇ ਅੋਰ ਇਸ ਦੇ ਨਾਲ ਪੰਜਾਬ ਨੂੰ ਘਾਟਾ ਪਿਆ ਹੈ। ਇਨ੍ਹਾਂ ਨੇ ਇੰਡਸਟਰੀ ਨੂੰ ਉਤਸ਼ਾਹ ਨਾ ਦੇਣ ਲਈ, ਜਿਹੜੀ ਸਬਸਿਡੀ ਸੀ ਉਸ ਨੂੰ ਬੰਦ ਕਰ ਦਿੱਤਾ। ਪੰਜਾਬ ਨੂੰ ਇਕ ਇੰਡਸਟਰੀਅਲ ਸਟੇਟ ਬਣਾਉਣ ਲਈ ਸਰਦਾਰ ਦਰਬਾਰਾ ਸਿੰਘ ਇੰਡਸਟਰੀਲਿਸਟਾਂ ਨੂੰ ਪੰਜਾਬ ਵਿਚ ਖਿਚ ਰਹੇ ਹਨ ਤਾਕਿ ਪੰਜਾਬ ਵਿਚ ਇੰਡਸਟਰੀ ਵੱਧ ਸਕੇ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਵੀਕਰ ਸੈਕਸ਼ਨ ਜਿਹੜਾ ਪਿੰਡਾਂ ਅਤੇ ਸ਼ਹਿਰਾਂ ਵਿਚ ਚਮੜੇ ਦਾ ਕੰਮ ਕਰਦਾ ਹੈ, ਉਨ੍ਹਾਂ ਲਈ ਹੁਣ ਮੇਰੀ ਸਰਕਾਰ ਨੇ ਲੈਦਰ ਕਾਰਪੋਰੇਸ਼ਨ ਬਣਾ ਕੇ ਉਸ ਲਈ 5 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਹੈ। ਇਸ ਵਰਗ ਦੇ ਲੋਕ ਹੁਣ ਆਪਣੇ ਚਮੜੇ ਦਾ ਕੰਮ ਕਰ ਸਕਣਗੇ ਅਤੇ ਮਾਲ ਤਿਆਰ ਕਰਕੇ ਦੂਜੀਆਂ ਸਟੇਟਾਂ ਵਿਚ ਨਹੀਂ ਜਾਣਗੇ ਬਲਕਿ ਪਹਿਲੇ ਪੰਜਾਬ ਦੀ ਲੋੜ ਨੂੰ ਪੂਰਾ ਕਰਨਗੇ ਅਤੇ ਫਿਰ ਬਾਅਦ ਵਿਚ ਦੂਜੀਆਂ ਸਟੇਟਾਂ ਵਿਚ ਜਾਣਗੇ ਅਤੇ ਬੈਨਜ਼ ਦਾ ਇਸਤੇਮਾਲ ਵੀ ਪੰਜਾਬ ਵਿਚ ਹੁਣ ਹੋਵੇਗਾ। ਆਪੋਜ਼ੀਸ਼ਨ ਪਾਰਟੀਆਂ ਨੂੰ ਸਹੀ ਕੰਮ ਨੂੰ ਸਹੀ ਕਹਿਣਾ ਚਾਹੀਦਾ ਹੈ ਅਤੇ ਇਹ ਨਹੀਂ ਕਿ for the sake of opposition , ਆਪੋਜ਼ੀਸ਼ਨ ਹਰ ਕੰਮ ਕਰੇ। ਇਨ੍ਹਾਂ ਨੂੰ ਸਰਕਾਰ ਨੂੰ ਚੰਗੇ ਚੰਗੇ ਸੁਝਾਅ ਦੇਣੇ ਚਾਹੀਦੇ ਹਨ। ਸ਼ਰਦਾਰ ਬਲਵੰਤ ਸਿੰਘ ਨੇ ਪਿਛਲੇ ਸਾਲ ਬਜਟ ਤੇ ਬੜੀ ਐਕਟਿੰਗ ਸਟਾਈਲ ਨਾਲ ਸਪੀਚ ਕੀਤੀ ਸੀ, ਪਰ ਇਸ ਵਕਤ ਇਹ ਫਲੂ ਹੋਏ ਹਨ ।

ਸਰਕਾਰ ਨੇ ਇਕਨੌਮਿਕ ਸਰਵੇ ਕਰਵਾਇਆ ਹੈ ਤਾਕਿ ਵੀਕਰ ਸੈਕਸ਼ਨ ਦੇ ਲੋਕਾਂ ਦਾ ਪਤਾ ਚਲ ਸਕੇ। ਉਨ੍ਹਾਂ ਦੀ ਰਾਜ ਵਿਚੋਂ ਤਲਾਸ਼ ਕੀਤੀ ਹੈ, ਇਨ੍ਹਾਂ ਲੋਕਾਂ ਨੂੰ ਪੜ੍ਹਾਈ ਕਰਨ ਲਈ ਸਰਕਾਰ ਵੱਲੋਂ ਕਿਤਾਬਾਂ ਅਤੇ ਵਜ਼ੀਫੇ ਦਿੱਤੇ ਜਾ ਰਹੇ ਹਨ, ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਖਾਦੀ ਵਿਲੇਜ਼ ਇੰਡਸਟਰੀ ਨੂੰ ਵਧਾਉਣ ਲਈ ਜਿੰਨਾ ਪੈਸਾ ਪਹਿਲੇ ਰਖਿਆ ਗਿਆ ਹੈ, ਉਸ ਨੂੰ ਦੁਗਣਾ ਕਰ ਦੇਣਾ ਚਾਹੀਦਾ ਹੈ ਤਾਕਿ ਵਿਲੇਜ਼ ਇੰਡਸਟਰੀ ਵਧ ਸਕੇ। ਇਹ ਇੰਡਸਟਰੀ ਮਹਾਤਮਾ ਗਾਂਧੀ ਜੀ ਦੇ ਅਸੂਲਾਂ ਤੇ ਚਲਾਈ ਗਈ ਸੀ ਪਰ ਜਨਤਾ ਰਾਜ ਵੇਲੇ ਉਥੇ ਕੁਝ ਐਸੇ ਲੋਕ ਆ ਗਏ ਜਿਹੜੇ ਮਹਾਤਮਾਂ ਗਾਂਧੀ ਜੀ ਦੇ ਅਸੂਲਾਂ ਦੇ ਵਿਰੁਧ ਸਨ, ਉਨ੍ਹਾਂ ਨੂੰ ਲਿਆਂਦਾ ਗਿਆ, ਜਿਹੜੇ ਆਰ. ਐਸ. ਐਸ. ਦੇ ਮੈਂਬਰ ਸਨ ਉਨ੍ਹਾਂ ਨੂੰ ਭਰਤੀ ਕੀਤਾ ਗਿਆ ਅਤੇ ਲੁਟ ਖਸੁੱਟ ਕੀਤੀ ਗਈ।

*12.26 ਵਜੇ ਦੁਪਹਿਰ | (ਇਸ ਸਮੇਂ ਸਰਦਾਰ ਬੀਰ ਦਵਿੰਦਰ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਸਰਕਾਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਿਹੜੇ ਲੋਕ ਮਹਾਤਮਾ ਗਾਂਧੀ ਦੇ ਆਦਰਸ਼ਾਂ ਅਤੇ ਅਸੂਲਾਂ ਨੂੰ ਨਹੀਂ ਮੰਨਦੇ, ਉਹਨਾਂ ਨੂੰ ਨਹੀਂ ਰੱਖਣਾ ਚਾਹੀਦਾ।

ਚੇਅਰਮੈਨ ਸਾਹਿਬ, ਮੈਂ ਟਰਾਂਸਪੋਰਟ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕੀ ਸਰਕਾਰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਲਈ ਕੁਝ ਸਟੈਪਸ ਲਏਗੀ। ਪਰ ਆਪੋਜ਼ੀਸ਼ਨ ਨੇ ਕਿਹਾ ਹੈ ਕਿ

ਡਾਕਟਰ ਸਾਹਿਬ ਨੇ ਜਵਾਬ ਸਾਫ ਨਹੀਂ ਦਿੱਤਾ ਹੈ ਔਰ ਇਸ ਗੱਲ ਤੇ ਭਰੋਸਾ ਨਜ਼ਰ ਨਹੀਂ ਆਉਂਦਾ ਹੈ। ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਉਹ ਆਪਣੀ ਬਜਟ ਸਪੀਚ ਨੂੰ ਵਾਈਂਡ ਅਪ ਕਰਨ ਵੇਲੇ ਇਸ ਦਾ ਐਲਾਨ ਸਾਫ ਸ਼ਬਦਾਂ ਵਿਚ ਕਰ ਦੇਣ ਤਾਕਿ ਆਪੋਜ਼ੀਸ਼ਨ ਵਾਲੇ ਲੋਕਾਂ ਨੂੰ ਪਿੰਡਾਂ ਵਿਚ ਜਾ ਕੇ ਗੁਮਰਾਹ ਨਾ ਕਰ ਸਕਣ। ਪਿਛੇ ਜਦੋਂ ਸਰਕਾਰ ਨੇ ਬੱਸਾਂ ਵਿਚ ਕਿਰਾਇਆ ਵਧਾਇਆ ਸੀ, ਉਸ ਇਸ਼ੂ ਨੂੰ ਲੈ ਕੇ ਆਪੋਜ਼ੀਸ਼ਨ ਪਾਰਟੀਆਂ ਨੇ ਲੋਕਾਂ ਨੂੰ ਗੁਮਰਾਹ ਕੀਤਾ ਅਤੇ ਐਜੀਟੇਸ਼ਨਲ ਅਪਰੋਚ ਕੀਤੀ ਗਈ ਤਾਕਿ ਪੁਲੀਟੀਕਲ ਰੰਗਤ ਦੇ ਕੇ ਫਾਇਦਾ ਉਠਾਇਆ ਜਾਵੇ। ਇਸ ਵੇਲੇ ਟਰਾਂਸ-ਪੋਰਟ ਨੈਸ਼ਨੇਲਾਈਜੇਸ਼ਨ ਦੀ ਦਰ 60 : 40 ਹੈ। ਸਰਕਾਰ 40% ਵਿਚੋਂ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰੇਗੀ। ਬੱਸਾਂ ਦੇ ਕਿਰਾਏ ਵਧਾਉਣ ਨਾਲ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਫਾਇਦਾ ਹੋਇਆ ਹੈ। ਨੈਸ਼ਨੇਲਾਈਜ਼ੇਸ਼ਨ ਕਰਨ ਨਾਲ ਪੰਜਾਬ ਸਰਕਾਰ ਨੂੰ ਰੈਵੇਨਿਊ ਹੋਰ ਆਵੇਗੀ ਔਰ ਜਿਹੜਾ 113 ਕਰੋੜ ਰੁਪਏ ਦਾ ਘਾਟਾ ਹੈ, ਇਸ ਨੂੰ ਪੂਰਾ ਕਰਨ ਵਿਚ ਮਦਦ ਮਿਲੇਗੀ।

ਚੇਅਰਮੈਨ ਸਾਹਿਬ, 113 ਕਰੋੜ ਰੁਪਏ ਦਾ ਘਾਟਾ ਹੈ ਪਰ ਮੈਂ ਇਹ ਕਹਾਂਗਾ ਕਿ ਇਹ ਜੋ ਘਾਟਾ ਹੈ, ਇਹ ਅਕਾਲੀ ਭਰਾਵਾਂ ਦੀ ਹੀ ਦੇਣ ਹੈ। (ਥੰਪਿੰਗ) ਸਰਦਾਰ ਬਲਵੰਤ ਸਿੰਘ ਜੀ ਨੇ ਕਿਹਾ ਹੈ ਕਿ ਪਹਿਲਾਂ 28 ਕਰੋੜ ਰੁਪਏ ਦਾ ਘਾਟਾ ਸੀ ਅਤੇ ਫਿਰ ਇਹ ਘਾਟਾ 70 ਕਰੋੜ ਰੁਪਏ ਦਾ ਹੋ ਗਿਆ, ਪਰ ਹੁਣ ਇਹ ਘਾਟਾ 113 ਕਰੋੜ ਰੁਪਏ ਹੋ ਗਿਆ ਹੈ। ਮੈਂ ਸਰਦਾਰ ਬਲਵੰਤ ਸਿੰਘ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਸਰਕਾਰ ਵੇਲੇ ਦਾ 70 ਕਰੋੜ ਰੁਪਏ ਘਾਟੇ ਦਾ ਬਜਟ ਸਾਨੂੰ ਮਿਲਿਆ ਸੀ, ਜੋ ਕਿ ਉਹ ਛੱਡ ਕੇ ਗਏ ਸਨ। ਉਨ੍ਹਾਂ ਵਿਚੋਂ ਸਿਰਫ ਢਾਈ ਕਰੋੜ ਰੁਪਿਆ ਪਹਿਲਾਂ ਦਾ ਕਾਂਗਰਸੀਆਂ ਦਾ ਸੀ ਪਰ ਅਕਾਲੀ-ਜਨਤਾ ਸਰਕਾਰ ਦਾ 67½ ਕਰੋੜ ਰੁਪਿਆਂ ਦਾ ਘਾਟਾ ਸੀ। ਉਹੀ ਘਾਟਾ ਪਿਛਲਾ ਇਨ੍ਹਾਂ ਦਾ ਚਲਿਆ ਆਉਂਦਾ ਹੈ। ਚੇਅਰਮੈਨ ਸਾਹਿਬ, ਬਾਕੀ ਮੈਨੂੰ ਬੜੀ ਖੁਸ਼ੀ ਹੈ ਕਿ ਮੁਲਾਜ਼ਮਾਂ ਨੂੰ ਅਤੇ ਪੁਲਿਸ ਦੇ ਕਰਮਚਾਰੀਆਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਅੱਛੀ ਸ਼ੁਰੂਆਤ ਹੈ। ਡੀ.ਐਸ.ਪੀਜ਼. ਦੇ ਪੱਧਰ ਦੇ ਜੋ ਪੁਲਿਸ ਅਫਸਰ ਹਨ, ਉਨ੍ਹਾਂ ਨੂੰ ਪੰਜਾਬ ਸਰਵਿਸ ਕੇਡਰ ਦੇ ਬਰਾਬਰ ਰਖਿਆ ਗਿਆ ਹੈ। ਇਹ ਬਹੁਤ ਹੀ ਠੀਕ ਕਦਮ ਉਠਾਇਆ ਗਿਆ ਹੈ, ਕਿ ਜਿਹੜੇ ਪੁਲਿਸ ਕਰਮਚਾਰੀ ਛੁੱਟੀ ਵਾਲੇ ਦਿਨ ਕੰਮ ਕਰਨਗੇ, ਉਨ੍ਹਾਂ ਨੂੰ ਮੁਆਵਜ਼ਾ ਮਿਲਿਆ ਕਰੇਗਾ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਅਪੀਲ ਕਰਾਂਗਾ ਕਿ ਅਕਾਲੀ-ਜਨਤਾ ਸਰਕਾਰ ਵੇਲੇ ਜਿਹੜੇ ਪੁਲਿਸ ਕਰਮਚਾਰੀ ਡਿਸਮਿਸ ਕੀਤੇ ਗਏ ਸਨ, ਉਨ੍ਹਾਂ ਵਿਚੋਂ ਕਾਫੀ ਬਹਾਲ ਕੀਤੇ ਜਾ ਚੁੱਕੇ ਹਨ ਅਤੇ ਬਾਕੀ 100-150 ਕਰਮਚਾਰੀ ਰਹਿ ਗਏ ਹਨ। ਉਨ੍ਹਾਂ ਦੇ ਕੇਸਾਂ ਦਾ ਛੇਤੀ ਨਿਪਟਾਰਾ ਕਰਕੇ ਉਨ੍ਹਾਂ ਨੂੰ ਵੀ ਬਹਾਲ ਕੀਤਾ ਜਾਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਪੁਲਿਸ ਦੇ ਅੰਦਰ ਡਿਸਿਪਲਨ ਹੋਣਾ ਨਿਹਾਇਤ ਹੀ ਜ਼ਰੂਰੀ ਹੈ। ਸਰਵਿਸਜ਼ ਦੇ ਅੰਦਰ ਡਸਿਪਲਨ ਰਹਿਣਾ ਬਹੁਤ ਹੀ ਜ਼ਰੂਰੀ ਹੈ ਔਰ ਜੇਕਰ ਡਸਿਪਲਨ ਨਾ ਹੋਵੇ ਤਾਂ ਅਸੀਂ ਲੋਕਾਂ ਦੀ ਸੇਵਾ ਨਹੀਂ ਕਰ ਸਕਦੇ। ਮੇਰਾ ਵਿਸ਼ਵਾਸ ਹੈ ਕਿ ਅਸੀਂ ਜਿਤਨਾ ਵੀ ਸਰਵਿਸਾਂ ਦੇ ਨਾਲ ਪਿਆਰ ਕਰਾਂਗੇ, ਉਤਨਾ ਹੀ ਸਾਡਾ ਹੱਥ ਅੱਗੇ ਵਧੇਗਾ। ਇਸ ਲਈ ਸਾਨੂੰ ਮੁਲਾਜ਼ਮਾਂ ਵਲ ਖਾਸ ਤਵੱਜੋ ਦੇਣੀ ਚਾਹੀਦੀ ਹੈ ਔਰ ਖਾਸ ਤੌਰ ਤੇ ਪੁਲਿਸ ਦੇ ਮੁਲਾਜ਼ਮਾਂ ਵਲ ਜਿਨ੍ਹਾਂ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ। ਚੰਗੇ ਔਰ ਬੁਰੇ ਹਰ ਪਾਸਿਉਂ ਪੁਲਿਸ ਵਾਲਿਆਂ ਨੂੰ ਸੰਭਲ ਕੇ ਚਲਣਾ ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਜੋ ਪੁਲਿਸ ਕਰਮਚਾਰੀਆਂ ਦੀਆਂ ਡਿਮਾਂਡਾਂ ਹਨ ਜਿਵੇਂ ਕਿ ਮਕਾਨ ਅਤੇ ਬੈਰਿਕਸ ਆਦਿ ਦੇਣਾ ਇਹ ਸਾਰੀਆਂ ਡਿਮਾਂਡਾਂ ਇਨ੍ਹਾਂ ਦੀਆਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਜੋ ਇਨ੍ਹਾਂ ਦੀਆਂ ਪੁਰਾਣੀਆਂ ਮੰਗਾਂ ਹਨ, ਉਨ੍ਹਾਂ ਵਿਚੋਂ ਕੁਝ ਪੂਰੀਆਂ ਕੀਤੀਆਂ ਗਈਆਂ ਹਨ ਅਤੇ ਬਾਕੀ ਰਹਿੰਦੀਆਂ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ।

[ਸ਼੍ਰੀ ਜੋਗਿੰਦਰ ਪਾਲ ਪਾਂਡੇ]

ਚੇਅਰਮੈਨ ਸਾਹਿਬ, ਇਕ ਬਹੁਤ ਹੀ ਜ਼ਰੂਰੀ ਗੱਲ ਇੰਡਸਟਰੀਜ਼ ਡਿਪਾਰਟਮੈਂਟ ਦੇ ਬਾਰੇ ਵਿਚ ਹੈ। ਇੰਡਸਟਰੀਜ਼ ਦੀ ਤਰੱਕੀ ਲਈ ਬਹੁਤ ਕੰਮ ਹੋ ਰਹੇ ਹਨ, ਪਰ ਮੈਂ ਇਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਪਿਗ ਆਇਰਨ ਦਾ ਕੋਟਾ ਗੌਰਮਿੰਟ ਆਫ ਇੰਡੀਆ ਦਿੰਦੀ ਹੈ ਅਤੇ ਫਿਰ ਪੰਜਾਬ ਸਰਕਾਰ ਉਸ ਨੂੰ ਅੱਗੇ ਵੰਡਦੀ ਹੈ, ਉਸ ਤਰੀਕੇ ਨੂੰ ਬਦਲਣਾ ਚਾਹੀਦਾ ਹੈ। ਮੇਰੇ ਕੋਲ ਕਈ ਰੀਪ੍ਰੈਜ਼ੈਨਟੇਸ਼ਨਾਂ ਆਈਆਂ ਹਨ। ਚੇਅਰਮੈਨ ਸਾਹਿਬ, ਪ੍ਰੈਜ਼ੈਂਟ ਸਿਸਟਮ ਦੇ ਮੁਤਾਬਿਕ ਜੋ ਪਿਗ ਆਇਰਨ ਦੀ ਡਿਸਟਰੀਬਿਊਸ਼ਨ ਹੁੰਦੀ ਹੈ, ਉਸ ਨਾਲ ਵੱਡੇ ਵੱਡੇ ਇੰਡਸਟਰੀਅਲਿਸਟਾਂ ਨੂੰ ਤਾਂ ਫਾਇਦਾ ਹੈ ਪਰ ਛੋਟੇ ਛੋਟੇ ਇੰਡਸਟਰੀਅਲਿਸਟਾਂ ਨੂੰ ਅਤੇ ਗਰੀਬ ਲੋਕਾਂ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ ਹੈ। ਇਸ ਬਾਰੇ ਮੈਂ ਮੁੱਖ ਮੰਤਰੀ ਜੀ ਨੂੰ ਮਿਲ ਕੇ ਰੀਪ੍ਰੈਜ਼ੈਂਟੇਸ਼ਨ ਵੀ ਦੇਵਾਂਗਾ ਕਿ ਜਿਹੜੀਆਂ ਗਲਤ ਪਾਲਿਸੀਆਂ ਪਿਛਲੀਆਂ ਲਾਗੂ ਹਨ, ਉਨ੍ਹਾਂ ਨੂੰ ਬਦਲਣਾ ਚਾਹੀਦਾ ਹੈ। (ਵਿਘਨ) ਇਹੋ ਜਿਹਾ ਤਰੀਕਾ ਅਡਾਪਟ ਕਰਨਾ ਚਾਹੀਦਾ ਹੈ ਜਿਸ ਨਾਲ ਗਰੀਬ ਲੋਕਾਂ ਨੂੰ ਫਾਇਦਾ ਹੋਵੇ। (ਵਿਘਨ)

ਚੇਅਰਮੈਨ ਸਾਹਿਬ, ਮੈਂ ਹੁਣ ਅਸੈਨਸ਼ੀਅਲ ਗੁਡਜ਼ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ, ਜਿਸ ਬਾਰੇ ਇਥੇ ਬੜੀ ਬਹਿਸ ਚਲੀ ਹੈ। ਜਿਹੜੀਆਂ ਇਹ ਚੇਅਰਮੈਨ ਸਾਹਿਬ, ਪਨਸਪ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਸਨ, ਉਹ ਇਸ ਕਰਕੇ ਖੋਲ੍ਹੀਆਂ ਗਈਆਂ ਸਨ ਕਿ ਗਰੀਬਾਂ ਨੂੰ ਇਨ੍ਹਾਂ ਦੁਕਾਨਾਂ ਤੋਂ ਦਾਲਾਂ, ਘਿਉ ਅਤੇ ਖੰਡ ਆਦਿ ਮਿਲ ਸਕੇ। (ਵਿਘਨ) ਪੰਜਾਬ ਸਰਕਾਰ ਸਬਸਿਡੀ ਵੀ ਦਿੰਦੀ ਸੀ, ਪਰ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਪਨਸੱਪ ਦੀਆਂ 350 ਦੇ ਕਰੀਬ ਦੁਕਾਨਾਂ ਹਨ। 2,800 ਜਾਂ 2,900 ਦੇ ਕਰੀਬ ਕੋਆਪ੍ਰੇਟਿਵ ਸੁਸਾਇਟੀਆਂ ਹਨ ਅਤੇ ਪ੍ਰਾਈਵੇਟ ਫੇਅਰ ਸ਼ਾਪਸ 6,000 ਤੋਂ ਉਪਰ ਹਨ। ਇਸਤੋਂ ਇਲਾਵਾ ਚੇਅਰਮੈਨ ਸਾਹਿਬ, 2,000 ਤੋਂ ਉਪਰ ਪਚਾਇਤਾਂ ਹਨ, ਜਿਹੜੀਆਂ ਕਿ ਸਾਰੇ ਸਿਸਟਮ ਨੂੰ ਚਲਾਉਂਦੀਆਂ ਹਨ ਅਤੇ ਗਰੀਬ ਲੋਕਾਂ ਨੂੰ ਦਾਲਾਂ, ਘਿਉ ਅਤੇ ਖੰਡ ਵਗੈਰਾ ਦਿੰਦੀਆਂ ਹਨ। ਮੈਂ ਚੇਅਰਮੈਨ ਸਾਹਿਬ ਇਨ੍ਹਾ ਦੁਕਾਨਾਂ ਦੇ ਹੱਕ ਵਿਚ ਹਾਂ ਕਿ ਇਨ੍ਹਾਂ ਨੂੰ ਚਲਾਇਆ ਜਾਵੇ।

Mr. Chairman : Wind up please.

ਸ੍ਰੀ ਜੋਗਿੰਦਰ ਪਾਲ ਪਾਂਡੇ : ਚੇਅਰਮੈਨ ਸਾਹਿਬ, ਬੱਸ ਜੀ ਵਾਈਂਡ ਅਪ ਕਰਦਾ ਹਾਂ ਔਰ ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਦੁਕਾਨਾਂ ਨੂੰ ਜ਼ਰੂਰ ਚਲਾਇਆ ਜਾਵੇ। ਪਰ ਇਨ੍ਹਾਂ ਦਾ ਕੰਮ ਠੀਕ ਤਰੀਕੇ ਨਾਲ ਨਹੀਂ ਹੋ ਰਿਹਾ ਹੈ, ਜਿਸ ਕਰਕੇ ਇਹ ਦੁਕਾਨਾਂ ਚੇਅਰਮੈਨ ਸਾਹਿਬ, ਘਾਟੇ ਵਿਚ ਜਾ ਰਹੀਆਂ ਹਨ। (ਵਿਘਨ) ਸਰਕਾਰ ਵਲੋਂ ਸਬਸਿਡੀ ਮਿਲਣ ਦੇ ਬਾਵਜੂਦ ਵੀ ਇਹ ਦੁਕਾਨਾਂ ਘਾਟੇ ਵਿਚ ਜਾ ਰਹੀਆਂ ਹਨ। ਇਸ ਦਾ ਕੀ ਕਾਰਨ ਹੈ? ਉਹ ਇਹ ਹੈ ਕਿ ਮੇਰੇ ਵੀਰ ਕਮਿਊਨਿਸਟ ਅਤੇ ਮੇਰੇ ਵੀਰ ਅਕਾਲੀਆਂ ਨੇ ਜਿਹੜੇ ਬੰਦੇ ਭਰਤੀ ਕੀਤੇ ਸਨ, ਉਹ ਆਪਣੀ ਪਾਰਟੀ ਦੇ ਭਰਤੀ ਕੀਤੇ ਸਨ। ਉਹ ਬੰਦੇ ਆਪਣੀ ਪਾਰਟੀ ਦਾ ਹੀ ਕੰਮ ਕਰਦੇ ਰਹਿੰਦੇ ਹਨ ਅਤੇ ਤਨਖਾਹਾਂ ਪਨਸੱਪ ਦੀਆਂ ਦੁਕਾਨਾਂ ਤੋਂ ਲੈਂਦੇ ਹਨ, ਜਿਸ ਕਰਕੇ ਇਹ ਦੁਕਾਨਾ ਬੰਦ ਰਹਿੰਦੀਆਂ ਹਨ ਅਤੇ ਕੰਮ ਨਹੀਂ ਹੁੰਦਾ। ਜੇਕਰ ਸਰਕਾਰ ਕਹਿ ਦਿੰਦੀ ਹੈ ਕਿ ਇਨ੍ਹਾਂ ਦੁਕਾਨਾਂ ਨੂੰ ਬੰਦ ਕਰ ਦਿਓ ਕਿਉਂਕਿ ਇਹ ਘਾਟੇ ਵਿਚ ਜਾ ਰਹੀਆਂ ਹਨ ਤਾਂ ਫਿਰ ਇਹ ਬੰਦੇ ਰੌਲਾ ਪਾਉਂਦੇ ਹਨ ਕਿ ਇਹ ਦੁਕਾਨਾ ਗਰੀਬਾਂ ਵਾਸਤੇ ਬਣੀਆਂ ਹਨ, ਫਿਰ ਕਿਉਂ ਬੰਦ ਕੀਤੀਆਂ ਜਾ ਰਹੀਆਂ ਹਨ। ਇਸ ਲਈ ਚੇਅਰਮੈਨ ਸਾਹਿਬ, ਮੈਂ ਦਰਖਾਸਤ ਕਰਾਂਗਾ ਕਿ ਇਨ੍ਹਾਂ

ਦੁਕਾਨਾਂ ਨੂੰ ਬੰਦ ਨਾ ਕੀਤਾ ਜਾਵੇ ਕਿਉਂਕਿ ਇਹ ਦੁਕਾਨਾਂ ਕਾਂਗਰਸ ਸਰਕਾਰ ਨੇ ਗਰੀਬਾਂ ਲਈ ਖੋਲ੍ਹੀਆਂ ਸਨ। ਪਰ ਇਸ ਦੇ ਕੰਮ ਨੂੰ ਜ਼ਰੂਰ ਠੀਕ ਕੀਤਾ ਜਾਏ। ਚੇਅਰਮੈਨ ਸਾਹਿਬ, 35 ਲੱਖ ਰੁਪਿਆ ਸਾਲ ਦਾ ਘਾਟਾ ਹੁੰਦਾ ਹੈ। ਸਬਸਿਡੀ ਰੇਟ ਤੇ ਦਾਲਾਂ, ਘਿਓ ਅਤੇ ਖੰਡ ਵਗੈਰਾ ਗਰੀਬਾਂ ਨੂੰ ਇਨ੍ਹਾਂ ਦੁਕਾਨਾਂ ਤੋਂ ਦਿਤੀਆਂ ਜਾਂਦੀਆਂ ਹਨ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਬਿਲਡਿੰਗਾਂ ਦਾ ਕਰਾਇਆ ਆਦਿ ਵੀ ਦਿੱਤਾ ਜਾਂਦਾ ਹੈ। (ਵਿਘਨ) ਕੋਰਸ ਕਲੌਥ ਗੌਰਮਿੰਟ ਆਫ਼ ਇੰਡੀਆ ਤੋਂ ਮਿਲਦਾ ਹੈ। (ਵਿਘਨ) ਚੇਅਰਮੈਨ ਸਾਹਿਬ, ਸਾਨੂੰ 3,676 ਬਲਜ਼ ਦੇਣੇ ਸਨ, ਪਰ 1,279 ਬੇਲਜ਼ ਦੇ ਪਰਮਿੱਟ ਇਸ਼ੂ ਕੀਤੇ ਗਏ ਅਤੇ ਐਕਚੁਅਲੀ 700 ਤੋਂ ਜ਼ਿਆਦਾ ਬੇਲਜ਼ ਨਹੀਂ ਮਿਲੇ।

ਸ੍ਰੀ ਸਭਾਪਤੀ: ਵਾਈਂਡ ਅੱਪ ਕਰੋ ਜੀ।

ਸ੍ਰੀ ਜੋਗਿੰਦਰ ਪਾਲ ਪਾਂਡੇ: ਚੇਅਰਮੈਨ ਸਾਹਿਬ, ਬੱਸ ਜੀ ਇਕ ਦੋ ਮਿੰਟ ਮੈਨੂੰ ਹੋਰ ਦਿੱਤੇ ਜਾਣ ਕਿਉਂਕਿ ਮੈਂ ਹਰੀਜਨਾਂ ਦੀ ਗੱਲ ਕਰਨੀ ਚਾਹੁੰਦਾ ਹਾਂ। ਸਰਦਾਰ ਬਲਵੰਤ ਸਿੰਘ ਜੀ ਨੇ ਮਾਸਟਰ ਤਾਰਾ ਸਿੰਘ ਜੀ ਦਾ ਜ਼ਿਕਰ ਕੀਤਾ ਹੈ ਔਰ ਅਕਾਲੀ ਪਾਰਟੀ ਦਾ ਜ਼ਿਕਰ ਕੀਤਾ ਹੈ। ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਉਹ ਵਾਕਿਆ ਯਾਦ ਹੈ ਕਿ 1947 ਵਿਚ ਜਿਸ ਵੇਲੇ ਅੰਗਰੇਜ਼ਾਂ ਨੇ ਜਿਨਾਹ ਦੇ ਕਹਿਣ ਤੇ ਹਿੰਦੁਸਤਾਨ ਤੇ ਪਾਕਿਸਤਾਨ ਬਣਾਇਆ ਸੀ ਤਾਂ ਉਸ ਵੇਲੇ ਖਾਲਿਸਤਾਨ ਦਾ ਨਾਹਰਾ ਵੀ ਉਠਾਇਆ ਗਿਆ ਸੀ ਪਰ ਮਾਸਟਰ ਤਾਰਾ ਸਿੰਘ ਜੀ ਨੂੰ ਇਸ ਧਰਤੀ ਦੇ ਨਾਲ ਬਹੁਤ ਪਿਆਰ ਸੀ।

ਮੈਂ ਇਹ ਗੱਲ ਕਹਾਂਗਾ ਕਿ ਮਾਸਟਰ ਤਾਰਾ ਸਿੰਘ ਜੀ ਨੂੰ ਹਿੰਦੁਸਤਾਨ ਨਾਲ ਪਿਆਰ ਸੀ ਔਰ ਉਹ ਹਿੰਦੁਸਤਾਨ ਦੀ ਭੂਮੀ ਨੂੰ ਆਪਣੀ ਜਨਮ ਭੂਮੀ ਸਮਝਦੇ ਸਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਅਗਰ ਅਸੀਂ ਦਰਮਿਆਨ ਵਿਚ ਆ ਗਏ ਤਾਂ ਉਹ ਇਲਾਕਾ ਫਤਿਹ ਕਰਕੇ ਪਾਕਿਸਤਾਨ ਆਪਣੇ ਨਾਲ ਮਿਲਾ ਲਏਗਾ। ਇਸ ਲਈ ਉਨ੍ਹਾਂ ਨੇ ਹਿੰਦੁਸਤਾਨ ਵਿਚ ਰਹਿਣ ਲਈ ਆਪਟ ਕੀਤਾ। ਪਰ ਅਜ ਫਿਰ ਪੰਜਾਬ ਵਿਚੋਂ ਇਹ ਨਾਹਰਾ ਲਗਾਇਆ ਜਾ ਰਿਹਾ ਹੈ ਕਿ ਸਿੱਖ ਅਲੱਗ ਕੌਮ ਹੈ ਅਤੇ ਕੋਈ ਕੁਝ ਕਹਿੰਦਾ ਹੈ ਅਤੇ ਕੋਈ ਕੁਝ ਕਹਿੰਦਾ ਹੈ। ਮੈਂ ਅਕਾਲੀ ਪਾਰਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਥੇ ਕਾਂਗਰਸ ਪਾਰਟੀ ਦੀ ਤਰ੍ਹਾਂ, ਕਮਿਊਨਿਸਟ ਪਾਰਟੀ ਦੀ ਤਰ੍ਹਾਂ ਇਕ ਪ੍ਰੋਗਰਾਮ ਲੈ ਕੇ ਕਿਸਾਨਾਂ ਦੇ ਸਾਹਮਣੇ, ਪੰਜਾਬ ਦੇ ਲੋਕਾਂ ਦੇ ਸਾਹਮਣੇ ਔਰ ਇਥੋਂ ਦੇ ਦੁਕਾਨਦਾਰਾਂ ਦੇ ਸਾਹਮਣੇ ਰੱਖਣਾ ਚਾਹੀਦਾ ਹੈ ਤਾਕਿ ਉਨ੍ਹਾਂ ਨੂੰ ਪਤਾ ਲਗ ਸਕੇ ਕਿ ਅਕਾਲੀ ਪਾਰਟੀ ਇਕਤਸਾਦੀ ਤੌਰ ਤੇ ਕਿਸ ਤਰ੍ਹਾਂ ਕਰੇਗੀ। ਪਰ ਇਹ ਅਕਾਲੀ ਪਾਰਟੀ ਇਕਤਸਾਦੀ ਤੌਰ ਤੇ ਸਾਡੇ ਸਾਹਮਣੇ ਨਹੀਂ ਆਏਗੀ ਬਲਕਿ ਇਹ ਮਜ਼ਹਬੀ ਨਾਹਰੇ ਲਗਾ ਕੇ ਫਿਰ ਲੋਕਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਨਗੇ। ਜੇ ਸਹੀ ਤੌਰ ਤੇ ਨਵਾਂ ਪੰਜਾਬ ਬਣਾਉਣਾ ਹੈ, ਨਵਾਂ ਹਿੰਦੁਸਤਾਨ ਬਣਾਉਣਾ ਹੈ, ਤਾਂ ਉਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ।

ਐਨਾ ਕਹਿੰਦਾ ਹੋਇਆ ਅਤੇ ਤੁਹਾਡਾ ਸ਼ੁਕਰੀਆ ਅਦਾ ਕਰਦਾ ਹੋਇਆ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ, ਮੈਂ ਦਰਖਾਸਤ ਕਰਾਂਗਾ ਕਿ ਇਸ ਬਜਟ ਨੂੰ ਸਰਵ ਸੰਮਤੀ ਨਾਲ ਪਾਸ ਕਰਕੇ ਇਕ ਮਿਸਾਲ ਪੈਦਾ ਕਰਨੀ ਚਾਹੀਦੀ ਹੈ। ਜੈ ਹਿੰਦ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ (ਕਾਦੀਆਂ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ, ਜੋ ਸਾਡੇ ਵਿੱਤ ਮੰਤਰੀ ਜੀ ਨੇ ਕੱਲ੍ਹ ਇਸ ਹਾਊਸ ਵਿਚ ਪੇਸ਼ ਕੀਤਾ ਸੀ।

[ਸਰਦਾਰ ਮਹਿੰਦਰ ਸਿੰਘ ਸਤੂਪਵਾਲੀ]

ਜਿਸ ਤਰ੍ਹਾਂ ਟਰੈਜ਼ਰੀ ਬੈਂਚਿਜ਼ ਵਲੋਂ ਔਰ ਆਪੋਜ਼ੀਸ਼ਨ ਬੈਂਚਿਜ਼ ਵਲੋਂ ਕੁਝ ਸੱਜਨਾ ਨੇ ਆਪਣੇ ਵਿਚਾਰ ਰੱਖੇ ਹਨ, ਮੈਨੂੰ ਮੌਕਾ ਮਿਲਿਆ ਹੈ ਕਿ ਮੈਂ ਉਸ ਦੇ ਮੁਤਾਬਿਕ ਔਰ ਜੋ ਇਹ ਕਿਤਾਬ ਵਿਚ ਦਿੱਤਾ ਗਿਆ ਹੈ ਔਰ ਮੈਂਬਰ ਸਾਹਿਬਾਨ ਵਿਚ ਵੰਡਿਆ ਗਿਆ ਹੈ ਇਹ ਪੜ੍ਹਨ ਉਪਰੰਤ ਤਿੰਨ ਚੀਜ਼ਾਂ ਮੇਰੇ ਸਾਹਮਣੇ ਆਈਆਂ ਹਨ ਜੋ ਬਹੁਤ ਭਾਰੀ ਵਰਤੀਆਂ ਗਈਆਂ ਹਨ। ਉਹ ਕਿਹੜੀਆਂ ਤਿੰਨ ਚੀਜ਼ਾਂ ਹਨ ? ਉਹ ਹਨ, ਕੀਤਾ ਜਾਵੇਗਾ, ਹੋ ਰਿਹਾ ਹੈ ਅਤੇ ਹੋ ਜਾਏਗਾ। ਕਿਤੇ ਇਹ ਗੱਲ ਨਹੀਂ ਕੀਤੀ ਕਿ ਫਲਾਣੀ ਸਕੀਮ ਨੂੰ ਲੈ ਕੇ ਉਸ ਸਕੀਮ ਨੂੰ ਹੁਣ ਤੱਕ ਨੇਪਰੇ ਚੜ੍ਹਾ ਦਿੱਤਾ ਹੈ। ਮੈਂ ਜਿਸ ਤਰ੍ਹਾਂ ਅਗੇ ਵੀ ਬੋਲਣ ਵਾਲੇ ਸੱਜਣਾਂ ਨੇ ਦੱਸਿਆ ਹੈ ਪੰਜਾਬ ਦੀ ਬਿਹਤਰੀ ਦਾ ਕੋਈ ਵੀ ਪ੍ਰੋਗਰਾਮ ਲੈ ਕੇ ਇਸ ਬਜਟ ਸਪੀਚ ਵਿਚ ਨਹੀਂ ਦਿੱਤਾ ਗਿਆ, ਜਿਸ ਨਾਲ ਕਿ ਕਿਸੇ ਨੂੰ ਕੋਈ ਰਾਹਤ ਮਿਲ ਸਕੇ। ਮੈਂ ਬੇਨਤੀ ਕਰਾਂਗਾ ਕਿ ਕੁਝ ਸੱਜਣਾਂ ਨੇ ਇਥੇ ਫਿਰਕਾਪ੍ਰਸਤੀ ਦੀ ਗੱਲ ਕੀਤੀ ਔਰ ਇਹ ਜੋ ਕਿਤਾਬ ਵਿਚ ਹੈ, ਇਸ ਵਿਚ ਵੀ ਮੈਨੂੰ ਇਕ ਗੱਲ ਪੜ੍ਹ ਕੇ ਬੜੀ ਹੈਰਾਨਗੀ ਹੋਈ ਹੈ। ਵਿੱਤ ਮੰਤਰੀ ਜੀ ਇਸ ਵੇਲੇ ਇਥੇ ਹਾਜ਼ਰ ਨਹੀਂ ਹਨ। ਇਸ ਵਿਚ ਲਿਖਿਆ ਹੈ ਕਿ ਵਾਗ ਡੋਰ ਸੰਭਾਲਣ ਤੋਂ ਬਾਅਦ ਥੋੜ੍ਹੇ ਸਮੇਂ ਵਿਚ ਹੀ ਇਨ੍ਹਾਂ ਨੇ ਫਿਰਕੂਪੁਣੇ ਤੋਂ ਉਪਰ ਉਠਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਵਿਸਿਜ਼ ਵਿਚ ਫਿਰਕਾਪ੍ਰਸਤੀ ਦੀ ਕਿਹੜੀ ਗੱਲ ਹੈ, ਜਿਸ ਨੂੰ ਇਨ੍ਹਾਂ ਨੇ ਹਟਾਉਣ ਵਾਸਤੇ ਬਹੁਤ ਕੋਸ਼ਿਸ਼ ਕੀਤੀ ਹੈ। ਪਾਂਡੇ ਸਾਹਿਬ ਨੇ ਆਪਣੀ ਸਪੀਚ ਵਿਚ ਵੀ ਇਸ ਬਾਰੇ ਕਿਹਾ ਹੈ ਔਰ ਇਨ੍ਹਾਂ ਤੋਂ ਪਹਿਲਾਂ ਜੋ ਬੋਲੇ ਹਨ ਵਿਨੋਦ ਜੀ ਨੇ ਵੀ ਕਿਹਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਿੱਖ ਜਾਂ ਅਕਾਲੀ ਬਾਈ ਬਰਥ ਨੈਸ਼ਨੇਲਿਸਟ ਹਨ ਔਰ ਕਦੇ ਕਮਿਊਨਲ ਨਹੀਂ ਹਨ। ਜੇਕਰ ਤੁਸੀਂ ਉਹ ਵਾਕਿਆਤ ਜੋ 1947 ਤੋਂ ਪਹਿਲਾਂ ਹਿੰਦੁਸਤਾਨ ਦੀ ਆਜ਼ਾਦੀ ਲੈਣ ਵਾਸਤੇ ਇਨ੍ਹਾਂ ਨੀਲੀਆਂ ਪਗੜੀਆਂ ਵਾਲਿਆਂ ਨੇ ਕੀਤੇ ਉਨ੍ਹਾਂ ਨੂੰ ਪੜ੍ਹ ਲਉ ਤਾਂ ਫਿਰ ਸਾਰੀ ਤਸਵੀਰ ਸਾਹਮਣੇ ਆ ਜਾਏਗੀ ਕਿ ਸਿੱਖ ਨੈਸ਼ਨੇਲਿਸਟ ਹਨ ਜਾਂ ਕਮਿਊਨਲ ਹਨ। ਸਰਦਾਰ ਬਲਵੰਤ ਸਿੰਘ ਨੇ ਰੈਫਰੈਂਸ ਦਿੱਤਾ ਸੁਰਗਵਾਸੀ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦਾ। ਅੱਜ ਹਿੰਦੁਸਤਾਨ ਦਾ ਨਕਸ਼ਾ ਕੁਝ ਹੋਰ ਹੁੰਦਾ ਜੇਕਰ ਮਾਸਟਰ ਤਾਰਾ ਸਿੰਘ ਜੀ ਉਸ ਸਮੇਂ ਐਨ ਵਕਤ ਸਿਰ ਕਾਰਵਾਈ ਨਾ ਕਰਦੇ ਤਾਂ ਬੰਗਾਲ ਔਰ ਇਹ ਪੰਜਾਬ ਜਿਥੇ ਅਸੀਂ ਇਸ ਵੇਲੇ ਬੈਠੇ ਹਾਂ ਇਹ ਸਾਰਾ ਹਿੱਸਾ ਪਾਕਿਸਤਾਨ ਨੂੰ ਚਲਾ ਜਾਣਾ ਸੀ। ਇਹ ਦੇਣ ਹੈ ਮਾਸਟਰ ਤਾਰਾ ਸਿੰਘ ਜੀ ਦੀ ਅਕਾਲੀ ਪਾਰਟੀ ਦੀ ਦੇਖੋ ਇਹ ਤੁਹਾਡੇ ਸਾਹਮਣੇ ਪੁਰਾਣੇ ਬਜ਼ੁਰਗ ਦੀ ਫੋਟੋ ਲੱਗੀ ਹੈ ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਸਾਡਾ ਲੀਡਰ ਹੈ। ਜਦੋਂ ਗੁਰੂ ਕੇ ਬਾਗ ਦਾ ਮੋਰਚਾ ਲਗਾ ਤਾਂ ਉਸ ਦੇ ਬਾਅਦ ਮਹਾਤਮਾਂ ਗਾਂਧੀ ਜੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਟੈਲੀਗਰਾਮ ਦਿੱਤੀ। ਇਹ ਰਿਕਾਰਡ ਕੱਢ ਕੇ ਦੇਖ ਲਓ। ਉਸ ਵਿਚ ਲਿਖਿਆ ਸੀ ਕਿ ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਅੱਜ ਜਿੱਤੀ ਗਈ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿੱਥੋਂ ਇਨ੍ਹਾਂ ਨੂੰ ਇਹ ਗੱਲ ਯਾਦ ਆ ਗਈ। ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਦਨ ਵਿਚ ਸਾਨੂੰ ਖੁਲ੍ਹ ਕੇ ਗਲਤ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਹਨ।

ਚੇਅਰਮੈਨ ਸਾਹਿਬ, ਹੁਣ ਮੈਂ ਸਿਖਿਆ ਬਾਰੇ ਕੁਝ ਗੱਲ ਕਰਨੀ ਚਾਹੁੰਦਾ ਹਾਂ। ਪੁਰਜ਼ੋਰ ਤਰੀਕੇ ਨਾਲ ਇਥੇ ਆਦਰਸ਼ ਸਕੂਲਾਂ ਬਾਰੇ ਕਿਹਾ ਜਾਂਦਾ ਹੈ, ਜੋ ਕਿ ਪਿੰਡਾਂ ਵਿਚ ਖੋਲ੍ਹੇ ਗਏ ਸਨ ਕਿ ਉਥੇ ਗਰੀਬਾਂ ਦੇ ਬੱਚੇ ਨਹੀਂ ਪੜ੍ਹਦੇ। ਮੈਂ ਇਸ ਪਾਸੇ ਨਹੀਂ ਆਉਂਦਾ। ਮੈਂ ਚਾਹੁੰਦਾ ਹਾਂ ਕਿ ਪਹਿਲਾਂ ਹਾਊਸ ਦੀ ਇਕ ਕਮੇਟੀ ਬਣਾ ਕੇ ਜਿਸ ਤਰ੍ਹਾਂ ਤੁਸੀਂ ਬਾਕੀ ਸਰਵੇ ਕਰਾਇਆ ਹੈ, ਉਸੇ ਤਰ੍ਹਾਂ ਇਸ ਬਾਰੇ ਵੀ ਘੋਖਿਆ ਜਾਏ ਕਿ ਸਾਡੇ ਵਜ਼ੀਰਾਂ ਦੇ, ਐਮ.ਐਲ.ਏਜ਼. ਦੇ ਬੱਚੇ ਕਿੰਨੇ ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ। ਜੇਕਰ ਗਲਤ ਗੱਲ ਕਰਦੇ ਹਾਂ ਤਾਂ ਸਾਰੇ ਪੰਜਾਬ ਨੂੰ ਮਿਸਲੀਡ ਕਰਦੇ ਹਾਂ।

ਇਨ੍ਹਾਂ ਬੜੇ ਆਦਮੀਆਂ ਦੇ ਬੱਚੇ ਤਾਂ ਬੜੇ ਚੰਗੇ ਚੰਗੇ ਸਕੂਲਾਂ ਵਿਚ ਪੜ੍ਹਦੇ ਹਨ. ਕਿਸੇ ਨੇ ਆਪਣਾ ਬੱਚਾ ਮਸੂਰੀ ਪੜ੍ਹਨ ਲਈ ਭੇਜਿਆ ਹੋਇਆ ਹੈ ਅਤੇ ਕਿਸੇ ਨੇ ਕਿਤੇ ਹੋਰ ਭੇਜਿਆ ਹੋਇਆ ਹੈ। ਪਿੰਡਾਂ ਵਿਚ ਜਿਥੇ ਸਕੂਲਾਂ ਵਿਚ ਤਪੜ ਨਹੀਂ, ਕੋਈ ਡੈਸਕ ਨਹੀਂ ਉਥੇ ਕਿਸੇ ਅਮੀਰ ਦਾ ਬੱਚਾ ਨਹੀਂ ਪੜ੍ਹਦਾ ਹੈ।

ਇਥੇ ਬੀਲੋਅ ਪਾਵਰਟੀ ਲਾਈਨ ਦਾ ਮਸਲਾ ਵੀ ਏੜਾ ਚਲਿਆ । ਚੰਗੀ ਗੱਲ ਕੀਤੀ ਹੈ। ਕਿਸ ਨੂੰ ਨਹੀਂ ਪਤਾ ਕਿ ਗਰੀਬੀ ਦੀ ਸਤਹਿ ਤੋਂ ਹੇਠ ਬਹੁਤ ਸਾਰੇ ਲੋਕ ਰਹਿੰਦੇ ਹਨ। ਤੁਸੀਂ ਕਿਹੜੇ ਦੇਸ਼ ਦੀ ਗੱਲ ਕਰ ਰਹੇ ਹੋ, ਮੈਨੂੰ ਉਸ ਬਾਰੇ ਦੱਸੋ। ਚੇਅਰਮੈਨ ਸਾਹਿਬ, ਇਹ ਉਹ ਦੇਸ਼ ਹੈ ਜਿਥੇ ਜਿਹੜਾ ਕਿਸਾਨ ਦੂਸਰਿਆਂ ਵਾਸਤੇ ਹਿੰਦੁਸਤਾਨ ਦੇ ਲੋਕਾਂ ਦਾ ਢਿੱਡ ਭਰਨ ਵਾਸਤੇ ਅਨਾਜ ਪੈਦਾ ਕਰਦਾ ਹੈ, ਪਰ ਉਸਦੇ ਆਪਣੇ ਬੱਚਿਆਂ ਦਾ ਢਿੱਡ ਭਰਨ ਵਾਸਤੇ ਉਸ ਨੂੰ ਅਨਾਜ ਮੁਅਸਰ ਨਹੀਂ ਹੁੰਦਾ। ਇਹ ਉਹ ਦੇਸ਼ ਹੈ ਜਿਥੇ ਦਾ ਮਜ਼ਦੂਰ ਟੈਰੇਲੀਨ ਔਰ ਦੂਸਰਾ ਕਪੜਾ ਬਣਾਉਂਦਾ ਹੈ, ਪਰ ਉਸਦੇ ਆਪਣੇ ਬੱਚਿਆਂ ਦੇ ਤਨ ਢਕਣ ਲਈ ਕਪੜਾ ਪ੍ਰਾਪਤ ਨਹੀਂ ਹੁੰਦਾ ਹੈ। ਜੇਕਰ ਮੈਂ ਕਹਾਂ ਕਿ 30 ਸਾਲ ਇਹ ਫਰਾਡ ਕਰਦੇ ਰਹੇ ਹਨ ਤਾਂ ਫਿਰ ਇਹ ਗੁੱਸਾ ਕਰਨਗੇ। ਇਹ ਕਹਿੰਦੇ ਹਨ ਕਿ ਪਲੈਨਿੰਗ ਕੀਤੀ ਹੈ, ਦੇਸ਼ ਨੂੰ ਅੱਗੇ ਕਰਨ ਵਾਸਤੇ। ਇਹ ਚੀਜ਼ ਦੇਖ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਪੰਜਾਬ ਵਰਗੇ ਸੂਬੇ ਵਿਚ ਜਿਸ ਨੂੰ ਅਸੀਂ ਸਰਪੱਲਸ ਸੂਬਾ ਕਹਿੰਦੇ ਹਾਂ ਉਥੇ ਦੀ 38% ਵੱਸੋਂ ਬੀਲੋ ਪਾਵਰਟੀ ਲਾਈਨ ਆਪਣਾ ਗੁਜ਼ਾਰਾ ਕਰ ਰਹੀ ਹੋਵੇ। ਫਿਰ ਇਹ ਕਹਿੰਦੇ ਹਨ ਕਿ ਗਰੀਬਾਂ ਨੂੰ ਕਰਜ਼ਾ ਬਹੁਤ ਦੇਣਾ ਚਾਹੀਦਾ ਹੈ ਔਰ ਇਨ੍ਹਾਂ ਦੀ ਗਰੀਬੀ ਹਟਾਉਣੀ ਚਾਹੀਦੀ ਹੈ। ਮੈਂ ਚੌਧਰੀ ਜਗਤ ਰਾਮ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਨੂੰ ਬੈਂਕ ਵੀ ਕਰਜ਼ਾ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਨੂੰ ਗਰੰਟੀ ਚਾਹੀਦੀ ਹੈ ਜੋ ਕਿ ਉਹ ਲੋਕ ਦੇ ਨਹੀਂ ਸਕਦੇ। ਕੋਈ ਐਸੇ ਤਰੀਕੇ ਅਪਨਾਣਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਇਨ੍ਹਾਂ ਗਰੀਬ ਲੋਕਾਂ ਨੂੰ ਪੈਸੇ ਮਿਲ ਸਕਣ। ਮੈਂ ਇਹ ਵੀ ਕਹਾਂਗਾ ਕਿ ਗਰੀਬ ਲੋਕ ਨਕੋਦਰ ਵਿਚ, ਡੇਰਾ ਬਾਬਾ ਨਾਨਕ ਵਿਚ ਜਾਂ ਬੱਸੀ ਪਠਾਣਾ ਵਿਚ ਹੀ ਨਹੀਂ ਰਹਿੰਦੇ ਸਗੋਂ ਸਾਰੇ ਪੰਜਾਬ ਵਿਚ ਇਹ ਗਰੀਬ ਲੋਕ ਰਹਿੰਦੇ ਹਨ। ਇਸ ਲਈ ਸਾਰੇ ਪੰਜਾਬ ਦੇ ਗਰੀਬ ਲੋਕਾਂ ਵਿਚ ਪੈਸੇ ਵੰਡਣੇ ਚਾਹੀਦੇ ਹਨ। ਔਰ ਇਸ ਦੀ ਕਾਣੀ ਵੰਡ ਨਹੀਂ ਹੋਣੀ ਚਾਹੀਦੀ ਬਾਕੀ ਜੇਕਰ ਕੋਈ ਗਰੀਬ ਹੈ ਚਾਹੇ ਉਹ ਕਿਸੇ ਪਾਰਟੀ ਨਾਲ ਤੁਅੱਲਕ ਰਖਦਾ ਹੋਵੇ, ਉਸ ਨੂੰ ਪੈਸ ਮਿਲਣਾ ਚਾਹੀਦਾ ਹੈ। ਕਾਣੀ ਵੰਡ ਨਹੀਂ ਹੋਣੀ ਚਾਹੀਦੀ।

ਮੈਂ ਬੇਨਤੀ ਕਰਾਂਗਾ ਕਿ ਬੜੇ ਬੜੇ ਜ਼ਿੰਮੇਵਾਰ ਆਦਮੀ ਜਿਹੜੇ ਸਰਕਾਰ ਨੂੰ ਲੀਡ ਕਰ ਰਹੇ ਹਨ, ਉਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਪੰਜਾਬ ਦੇ ਵਿਚ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਦਾ ਮਤਾ ਪਾਸ ਹੋ ਗਿਆ ਹੈ ਅਤੇ ਇਹ ਠੀਕ ਹੈ ਕਿ ਸਾਰੇ ਹਾਊਸ ਨੇ ਇਸ ਨੂੰ ਸਰਵ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਵਿਦਿਆ ਮੰਤਰੀ ਜੀ ਇਥੇ ਬੈਠੇ ਨਹੀਂ ਹਨ, ਮੈਂ ਕਹਾਂਗਾ ਕਿ ਵਿਦਿਆ ਨੂੰ ਵੀ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। (ਥੰਪਿੰਗ) ਇਹ ਜਮਾਂਦਰੂ ਹੱਕ ਹੈ ਸਾਰੇ ਪੰਜਾਬੀਆਂ ਦਾ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨੀਆਂ ਦਾ ਕਿ ਉਨ੍ਹਾਂ ਨੂੰ ਵਿਦਿਆ ਮਿਲਣੀ ਚਾਹੀਦੀ ਹੈ। ਇਹ ਰਾਜ ਕਰ ਰਹੀ ਪਾਰਟੀ ਵਾਲੇ ਕਹਿਣਗੇ ਕਿ ਤੁਸੀਂ ਆਪਣੇ ਰਾਜ ਵਿਚ ਵਿਦਿਆ ਨੂੰ ਨੈਸ਼ਨੇਲਾਈਜ਼ ਕਿਉਂ ਨਾ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਰਿਕਾਰਡ ਕਢਵਾ ਕੇ ਦੇਖ ਲਵੋ ਮੈਂ ਉਦੋਂ ਵੀ ਕਿਹਾ ਸੀ ਕਿ ਐਜੂਕੇਸ਼ਨ ਦੀ ਟੋਟਲ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ।

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ]

ਹੁਣ ਮੈਂ ਬਿਜਲੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਜੇ ਦੇਸ਼ ਨੇ ਤਰੱਕੀ ਕਰਨੀ ਹੈ, ਇੰਡਸਟਰੀ ਨੇ ਤਰੱਕੀ ਕਰਨੀ ਹੈ ਅਤੇ ਐਗਰੀਕਲਚਰ ਨੇ ਤਰੱਕੀ ਕਰਨੀ ਹੈ ਤਾਂ ਬਿਜਲੀ ਦਾ ਹੋਣਾ ਬਹੁਤ ਜ਼ਰੂਰੀ ਹੈ। ਪਰ, ਚੇਅਰਮੈਨ ਸਾਹਿਬ, ਬਜਟ ਦੇ ਵਿਚ ਇਸ ਬਾਰੇ ਕੋਈ ਪ੍ਰੋਵੀਜ਼ਨ ਨਹੀਂ ਹੈ, ਜਿਸ ਤੋਂ ਇਹ ਪ੍ਰਤੀਤ ਹੁੰਦਾ ਹੋਵੇ ਕਿ ਇਨ੍ਹਾਂ ਨੇ ਇਸ ਸਬੰਧ ਵਿਚ ਕੋਈ ਬਹੁਤ ਵੱਡਾ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੂੰ ਕੱਲ੍ਹ ਦੀ ਇੰਡੀਅਨ ਐਕਸਪ੍ਰੈਸ ਪੜ੍ਹ ਲੈਣੀ ਚਾਹੀਦੀ ਹੈ। ਉਸ ਵਿਚ ਕਿਹਾ ਗਿਆ ਹੈ ਕਿ ਬਠਿੰਡਾ ਥਰਮਲ ਪਲਾਂਟ ਉਸ ਦੀ ਆਪਣੀ ਹਿਸਟਰੀ ਵਿਚ ਇਨ੍ਹਾਂ ਦਿਨਾਂ ਵਿਚ ਸਭ ਤੋਂ ਘੱਟ ਪ੍ਰੋਡਕਸ਼ਨ ਬਿਜਲੀ ਦੀ ਕਰ ਰਿਹਾ ਹੈ। ਇਸ ਦੇ ਕਾਰਨਾਂ ਦਾ ਪਤਾ ਕਰਨਾ ਚਾਹੀਦਾ ਹੈ। ਜਿਸ ਦੇ ਨਾਲ ਪੰਜਾਬ ਦੀ ਇੰਡਸਟਰੀ ਨੂੰ ਪੰਜਾਬ ਦੀ ਐਗਰੀਕਲਚਰ ਨੂੰ ਬਹੁਤ ਘਾਟਾ ਪੈ ਰਿਹਾ ਹੈ ਪਰ ਇਸ ਪਾਸੇ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਜਿਥੋਂ ਤੱਕ ਖੇਤੀਬਾੜੀ ਦਾ ਸਵਾਲ ਹੈ ਡਾਕਟਰ ਸਾਹਿਬ ਨੇ ਕਿਹਾ ਕਿ ਬੜੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਖੇਤੀਬਾੜੀ ਨੂੰ ਅੱਗੇ ਲਿਜਾਇਆ ਜਾਵੇ। ਸਟੇਟ ਦੀ 55% ਆਮਦਨੀ ਇਸ ਦੇ ਉਤੇ ਡਿਪੈਂਡ ਕਰਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਸਰਕਾਰ ਨੇ ਬਣਦਿਆਂ ਹੀ ਪੰਜਾਬ ਦੇ ਕਿਸਾਨ ਨੂੰ ਇਹ ਤੋਹਫਾ ਦਿੱਤਾ ਕਿ ਬਿਜਲੀ ਅਤੇ ਖਾਦ ਦੇ ਭਾਅ ਵੱਧ ਗਏ। ਚੇਅਰਮੈਨ ਸਾਹਿਬ, ਬੜੇ ਅੰਕੜੇ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗੰਨੇ ਦੇ ਭਾਅ ਵਧਾ ਕੇ 44 ਕਰੋੜ ਰੁਪਿਆ ਕਿਸਾਨ ਦੇ ਬੋਝੇ ਵਿਚ ਪਾਇਆ ਹੈ। ਫਿਰ ਕਹਿੰਦੇ ਹਨ ਕਿ ਗੰਨੇ ਦੀ ਕੀਮਤ ਵਧਾਈ ਹੈ ਅਤੇ ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ ਵੱਧ ਪੈਸੇ ਦਿਵਾਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅੰਕੜਿਆਂ ਵਿਚ ਪੈਣ ਦੀ ਲੋੜ ਨਹੀਂ ਹੈ। ਇਨ੍ਹਾਂ ਨੂੰ ਨਾਲ ਹੀ ਇਹ ਵੀ ਸਰਵੇ ਕਰਵਾਉਣਾ ਚਾਹੀਦਾ ਸੀ, ਮੈਨੂੰ ਨਹੀਂ ਪਤਾ ਕਿ ਉਸ ਸਰਵੇ ਵਿਚ ਇਹ ਆਈਟਮ ਸੀ ਜਾਂ ਨਹੀਂ, ਪਤਾ ਕਰਾਉਣਾ ਚਾਹੀਦਾ ਸੀ ਕਿ ਕਿਸਾਨ ਕਰਜ਼ਾਈ ਕਿੰਨਾ ਹੈ? ਪਰ ਇਸ ਪਾਸੇ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਾਰਾ ਸਮਾਜ ਕਿਸਾਨ ਦੇ ਸਿਰ ਤੇ ਜੀਉਂਦਾ ਹੈ, ਪਰ ਕਿਸਾਨ ਅਜ 99% ਕਰਜ਼ਾਈ ਹੈ। (ਵਿਘਨ) ਇਹ ਮੈਂ ਉਨ੍ਹਾਂ ਦਾ ਇਕ ਪੱਖ ਤੁਹਾਡੇ ਸਾਹਮਣੇ ਪੇਸ਼ ਕਰ ਰਿਹਾ ਹਾਂ, ਇਸ ਲਈ ਤੁਸੀਂ ਧਿਆਨ ਨਾਲ ਸੁਣੋ। ਇਥੇ ਖੇਤੀਬਾੜੀ ਮੰਤਰੀ ਵੀ ਬੈਠੇ ਨਹੀਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਬਟਾਲਾ ਸ਼ੂਗਰ ਮਿਲ ਹੈ, ਉਸ ਦੀ ਰਿਕਵਰੀ ਪਿਛਲੇ ਸਾਲ ਨਾਲੋਂ ਐਤਕੀਂ ਬਹੁਤ ਘੱਟ ਹੈ। ਇਸ ਦਾ ਕੀ ਕਾਰਨ ਹੈ? ਇਥੇ ਚੌਧਰੀ ਸਾਹਿਬ ਬੈਠੇ ਨਹੀਂ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਦੇ ਵਿਚ ਕਮਾਦ ਦੀ ਖੜ੍ਹੀ ਫਸਲ ਦੇ ਉਤੇ ਸਪਰੇ ਕੀਤਾ। ਨਾਕਸ ਦਵਾਈ ਵਰਤੀ ਗਈ ਅਤੇ ਜਿਸ ਦੇ ਨਤੀਜੇ ਵੱਜੋਂ ਤੇਲਾ ਨਹੀਂ ਮਰਿਆ ਅਤੇ ਫਸਲ ਨੂੰ ਨੁਕਸਾਨ ਹੋਇਆ। ਇਸ ਕਰਕੇ ਰਿਕਵਰੀ ਠੀਕ ਨਹੀਂ ਹੋਈ। (ਵਿਘਨ) ਉਸ ਮਿੱਲ ਦੀ ਪਿਛਲੀ ਜਨਵਰੀ ਨਾਲੋਂ ਇਸ ਵਾਰ ਵਿਕਰੀ ਘੱਟ ਹੈ।

Mr. Chairman: Please wind up.

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ: ਨਾਕਸ ਦਵਾਈ ਵਰਤਣ ਨਾਲ ਸ਼ੂਗਰ ਮਿੱਲ ਨੂੰ ਵੀ ਅਤੇ ਕਿਸਾਨ ਨੂੰ ਵੀ ਬਹੁਤ ਤਕੜਾ ਘਾਟਾ ਪੈ ਰਿਹਾ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਗੱਲ ਦੀ ਇਨਕੁਆਇਰੀ ਕਰਾਉਣ ਕਿ ਇਹ ਨਾਕਸ ਦਵਾਈ ਵਰਤਣ ਲਈ ਕਿਹੜਾ ਆਦਮੀ ਜ਼ਿੰਮੇਵਾਰ ਹੈ, ਜਿਸ ਨਾਲ ਤੇਲਾ ਨਹੀਂ ਮਰਿਆ ਅਤੇ ਫਸਲ ਦਾ ਐਨਾ ਨੁਕਸਾਨ ਹੋਇਆ ਹੈ। ਮੈਂ ਬੇਨਤੀ ਕਰਾਂਗਾ ਕਿ ਐਸੀ ਹਾਲਤ ਵਿਚ ਜਦੋਂ ਇਸ ਵੇਲੇ ਖੰਡ ਦੀ ਸ਼ਾਰਟੇਜ ਹੈ ਔਰ ਲੋਕ ਇਹ ਚਾਹੁੰਦੇ ਹਨ ਕਿ ਇਥੇ ਮਿੱਲਾਂ ਜ਼ਿਆਦਾ ਲੱਗਣ ਔਰ

ਖੰਡ ਜ਼ਿਆਦਾ ਪੈਦਾ ਹੋਵੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਨੇ ਜਿਹੜੀਆਂ ਚਾਰ ਮਿੱਲਾਂ ਲਾਉਣੀਆਂ ਹਨ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਜ਼ਿਹੜੀਆਂ ਮਿੱਲਾਂ ਪਹਿਲਾਂ ਚਲਦੀਆਂ ਹਨ ਅਤੇ ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਵੇਲੇ ਮਨਜ਼ੂਰ ਹੋਈਆਂ ਸਨ.......

ਸ੍ਰੀ ਸਭਾਪਤੀ : ਤੁਸੀਂ ਵਾਈਂਡ ਅੱਪ ਕਰੋ ਜੀ।

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਇਨ੍ਹਾਂ ਨੂੰ ਹੋਰ ਮਿੱਲਾਂ ਲਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਮੈਂ ਆਪਣੀ ਪਾਰਟੀ ਦੇ ਉਸ ਪ੍ਰੋਗਰਾਮ ਨਾਲ ਸਹਿਮਤ ਹਾਂ ਕਿ ਸੂਬਿਆਂ ਨੂੰ ਵਧ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਉਤਨੀ ਦੇਰ ਸੂਬਾ ਤਰੱਕੀ ਨਹੀਂ ਕਰ ਸਕਦਾ ਜਿਤਨੀ ਦੇਰ ਸੂਬੇ ਕੋਲ ਜ਼ਿਆਦਾ ਅਧਿਕਾਰ ਨਹੀਂ ਹੋਣਗੇ। ਇਸ ਵੇਲੇ ਸੂਬੇ ਦੀ ਤਾਕਤ ਮਿਊਨਿਸਪਲ ਕਮੇਟੀ ਨਾਲੋਂ ਵੱਧ ਨਹੀਂ ਹੈ। ਇਸ ਲਈ ਵੱਧ ਅਧਿਕਾਰ ਲੈਣ ਲਈ ਇਥੇ ਸਾਂਝੇ ਤੌਰ ਤੇ ਰਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ। (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਸ਼ੇਖ ਅਬਦੁੱਲਾ ਜੇ. ਐਂਡ ਕੇ. ਲਈ ਵੱਧ ਅਧਿਕਾਰਾਂ ਦੀ ਮੰਗ ਕਰਦਾ ਹੈ, ਤਾਮਿਲ ਨਾਡੂ ਵਾਲੇ ਅਧਿਕਾਰ ਲਈ ਕਹਿੰਦੇ ਹਨ, ਕੇਰੇਲਾ ਵਾਲੇ ਵੱਧ ਅਧਿਕਾਰ ਲਈ ਕਹਿੰਦੇ ਹਨ ਅਤੇ ਬੰਗਾਲ ਦਾ ਜੋਤੀ ਬਾਸੂ ਵੱਧ ਅਧਿਕਾਰ ਲਈ ਕਹਿੰਦਾ ਹੈ। (ਵਿਘਨ) ਜਦੋਂ ਅਸੀਂ ਵਧ ਅਧਿਕਾਰ ਦੀ ਗਲ ਕਰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਇਹ ਕਮਿਊਨਲ ਮੰਗ ਹੈ। ਇਥੇ ਕਿਸੇ ਨੇ ਨੀਲੀਆਂ ਪੱਗਾਂ ਦੀ ਗੱਲ ਕੀਤੀ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਤੁਹਾਨੂੰ ਉਹ ਭੁੱਲ ਗਏ ਹਨ। (ਵਿਘਨ) ਮੈਂ ਇਥੇ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਹੈ, ਐਜੂਕੇਸ਼ਨ ਨੈਸ਼ਨੇਲਾਈਜ਼ ਕਰਨੀ ਹੈ ਉਥੇ ਇੰਡਸਟਰੀ ਨੂੰ ਵੀ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। (ਥੰਪਿੰਗ) (ਵਿਘਨ) ਮੈਂ ਬੇਨਤੀ ਕਰਾਂਗਾ ਕਿ ਬੜੇ ਸੁਚੱਜੇ ਢੰਗ ਨਾਲ ਕਾਂਗਰਸ ਪਾਰਟੀ ਬਾਈ ਪਾਸ ਕਰ ਰਹੀ ਹੈ। ਉਹ ਕਿਸ ਤਰ੍ਹਾਂ ਕਰ ਰਹੀ ਹੈ ?

Mr. Chairman : Please wind up

ਸਰਦਾਰ ਮਹਿੰਦਰ ਸਿੰਘ ਸਰੂਪਵਾਲੀ : ਕਿਸ ਤਰ੍ਹਾਂ ਬਾਈ ਪਾਸ ਕਰ ਰਹੀ ਹੈ ? ਜਿਸ ਤਰ੍ਹਾਂ ਇਕ ਚੰਗੀ ਜੰਜ ਜਾਂਦੀ ਹੈ। ਅੱਗੇ ਨਿਆਣੇ ਪੈਸੇ ਇਕੱਠੇ ਕਰਨ ਵਾਸਤੇ ਇਕੱਠੇ ਹੋ ਜਾਂਦੇ ਹਨ, ਪਰ ਸਿਆਣਾ ਆਦਮੀ ਇਸ ਪਾਸੇ ਪੈਸੇ ਸੁੱਟਦਾ ਹੈ ਤਾਕਿ ਨਿਆਣੇ ਜਾਂ ਦੂਸਰੇ ਲੋਕ ਪੈਸੇ ਇਕੱਠੇ ਕਰਨ ਵਾਲੇ ਅਗੇ ਇਕੱਠੇ ਨਾ ਹੋ ਜਾਣ। ਸੋ ਇਨ੍ਹਾਂ ਦੀ ਪਾਲਿਸੀ ਇਸ ਤਰ੍ਹਾਂ ਦੀ ਹੈ। ਕਦੇ ਇਹ 3600/- ਦੀ ਆਮਦਨ ਦੀ ਗੱਲ ਕਰਦੇ ਹਨ, ਕਦੇ 6,000/- ਦੀ ਗੱਲ ਕਰਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਗੱਲ ਨਹੀਂ ਬਣਨੀ। ਇਸ ਕਰਕੇ ਤਕੜੇ ਸਟੈਪਸ ਲੈਣ ਦੀ ਲੋੜ ਹੈ। ਜਿਸ ਨਾਲ ਸਾਡਾ ਸੂਬਾ ਤਰੱਕੀ ਕਰ ਸਕੇ। ਸਾਨੂੰ ਮਾਣ ਹੈ ਕਿ ਸਾਰੇ ਹਿੰਦੁਸ-ਤਾਨ ਵਿਚ ਸਾਡਾ ਸੂਬਾ ਚੰਗਾ ਖਾਂਦਾ ਪੀਂਦਾ ਹੈ, ਅਮੀਰ ਹੈ ਅਤੇ ਪਹਿਲੇ ਨੰਬਰ ਤੇ ਹੈ। ਪਰ ਸਾਨੂੰ ਕਿਸੇ ਤਰ੍ਹਾਂ ਵੀ ਦੂਜੇ ਨੰਬਰ ਤੇ ਨਹੀਂ ਆਉਣਾ ਚਾਹੀਦਾ ਅਤੇ ਪਹਿਲੇ ਨੰਬਰ ਤੇ ਹੀ ਰਹਿਣਾ ਚਾਹੀਦਾ ਹੈ। ਐਨੀ ਗੱਲ ਕਰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਮਾਸਟਰ ਬਾਬੂ ਸਿੰਘ (ਰਾਮ ਪੁਰਾ ਫੂਲ) : ਚੇਅਰਮੈਨ ਸਾਹਿਬ, ਬਜਟ ਤੇ ਡਿਸਕਸ਼ਨ ਹੋ ਰਹੀ ਹੈ, ਜੋ ਕਿ ਬੜੀ ਮਹੱਤਵਪੂਰਨ ਹੈ ਲੇਕਿਨ ਦੁੱਖ ਦੀ ਗੱਲ ਹੈ ਕਿ ਟਰੇਜ਼ਰੀ ਬੈਂਚਿਜ਼ ਤੇ ਕੋਈ ਮਨਿਸਟਰ ਨਹੀਂ ਬੈਠਾ। ਇਹ ਕਿੰਨੇ ਅਫਸੋਸ ਦੀ ਗੱਲ ਹੈ।

[ਮਾਸਟਰ ਬਾਬੂ ਸਿੰਘ]

ਸਾਡੇ ਪੰਜਾਬ ਦਾ 1981-82 ਦਾ ਬਜਟ ਜੋ ਹੈ, ਇਹ 18,26,33,00,000 ਰੁਪਏ ਦਾ ਹੈ 113 ਕਰੋੜ 52 ਲੱਖ ਦਾ ਘਾਟਾ ਕਲੋਜ਼ਿੰਗ ਬੈਲੈਂਸ ਵਿਚ ਦਿਖਾਇਆ ਹੈ । ਇਹ ਵੀ ਕਿਹਾ ਹੈ ਕਿ 30 ਕਰੋੜ ਰੁਪਿਆ ਸੇਲਜ਼ ਟੈਕਸ ਦਾ ਸੁਧਾਰ ਕਰਕੇ ਵਸੂਲ ਕਰਾਂਗੇ। ਇਹ ਕਹਿੰਦੇ ਹਨ ਕਿ ਸੁਧਾਰ ਕਰਾਂਗੇ ਪਰ ਜੁਰਅਤ ਕੋਈ ਸਰਕਾਰ ਦੀ ਹੈ ਨਹੀਂ। ਐਸ. ਟੀ. ਫਾਰਮ-22 ਸੇਲਜ਼ ਟੈਕਸ ਛਪਵਾ ਦਿੱਤੇ, ਜਦੋਂ ਵਪਾਰੀਆਂ ਨੇ ਕੋਈ ਜ਼ਰਾ ਦਾਬਾ ਪਾਇਆ ਤਾਂ ਚੁੱਪ ਹੀ ਕਰ ਗਏ। ਠੀਕ ਹੈ, ਸੇਲਜ਼ ਟੈਕਸ ਦੇ ਸਿਸਟਮ ਵਿਚ ਸੁਧਾਰ ਹੋਣਾ ਚਾਹੀਦਾ ਹੈ ਔਰ ਇਕ ਪੜਾਅ ਤੇ ਹੀ ਸੇਲਜ਼ ਟੈਕਸ ਲੱਗਣਾ ਚਾਹੀਦਾ ਹੈ। ਪਰ ਸਰਕਾਰ ਨੂੰ ਜੁਰਅਤ ਨਾਲ ਕੰਮ ਕਰਨਾ ਚਾਹੀਦਾ ਹੈ। ਕਹਿੰਦੇ ਹਨ ਕਿ 4-5 ਕਰੋੜ ਰੁਪਏ ਨਵਾਂ ਬੋਝ ਪੈਣਾ ਹੈ। ਇਹ ਸਾਨੂੰ ਪਹਿਲਾਂ ਹੀ ਪਤਾ ਹੈ ਕਿ ਸਾਡੇ ਤੇ ਹੋਰ ਬੋਝ ਪੈਣਾ ਹੀ ਪੈਣਾ ਹੈ। 250 ਰੁਪਏ ਖਾਦ ਵਿਚ ਟਨ ਮਗਰ ਮੁੱਲ ਵਧਾ ਦਿੱਤਾ ਹੈ । ਹੋਰ ਹਾਲੀਂ ਕੀ ਕੁਝ ਵੱਧਣਾ ਹੈ ਇਸ ਦਾ ਬਾਅਦ ਵਿਚ ਪਤਾ ਲਗਣਾ ਹੈ। ਟੈਕਸਾਂ ਦੇ ਬੋਝ ਥੱਲੇ ਗਰੀਬ ਲੋਕ ਬਿਲਕ ਰਹੇ ਹਨ, ਛੋਟੇ ਕਿਸਾਨ, ਛੋਟੀ ਇੰਡਸਟਰੀ ਵਾਲੇ ਬਿਲਕ ਰਹੇ ਹਨ।

ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, ਇਹ ਕੁਝ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਕੀਤੀ ਗਈ ਹੈ। ਦੱਸਿਆ ਗਿਆ ਹੈ ਕਿ ਰੈਵਿਨਿਊ ਲਾਸ ਜੋ ਹੈ ਉਹ ਪਿਛਲੇ 7-8 ਸਾਲਾਂ ਤੋਂ ਜ਼ਿਆਦਾ ਹੈ। ਪਿਛੇ ਕੁਝ ਇਸ ਦੇ ਵਿਚ 480 ਕਰੋੜ ਰੁਪਏ ਦੇ ਸਰਪਲੱਸ ਰੈਵਿਨਿਊ ਸਾਈਡ ਦੀਆਂ ਫਿਗਰਜ਼ ਦੀ ਗੱਲ ਕੀਤੀ ਹੈ। (ਵਿਘਨ) ਰੈਵਿਨਿਊ ਰਿਸੀਟ ਵਿਚ ਸਾਨੂੰ ਘਾਟੇ ਵਾਲੀ ਗਲ ਹੋਵੇ ਬਾਕੀਆਂ ਵਿਚ ਤਾਂ ਘਾਟਾ ਦਿਸ ਰਿਹਾ ਹੈ। ਮੈਂ ਤਾਂ ਸਮਝਦਾ ਹਾਂ ਕਿ ਰੈਵਿਨਿਊ ਸਾਈਡ ਤਾਂ ਸਾਡੀ ਬੜੀ ਚੰਗੀ ਹੈ। (ਵਿਘਨ) ਥੀਨ ਡੈਮ ਜਾਂ ਸਾਡੇ ਥਰਮਲ ਪਲਾਂਟ ਜਾਂ ਹਾਈਡਲ ਪ੍ਰਜੈਕਟ ਜੋ ਹਨ, ਇਹ ਤਾਂ ਲੌਂਗ ਟਰਮ ਬੇਸਿਜ਼ ਤੇ ਹਨ। ਇਹ ਅੱਜ ਦੀ ਜੈਨਰੇਸ਼ਨ ਦਾ ਕੰਮ ਨਹੀਂ। ਇਹ ਤਾਂ ਆਉਣ ਵਾਲੀ ਜੈਨਰੇਸ਼ਨ ਨੇ ਸਾਰਾ ਕਰਜਾ ਦੇਣਾ ਹੈ, ਪਰ ਅੱਜ ਹੀ ਛੋਟੇ ਕਿਸਾਨ ਨੂੰ, ਮਜ਼ਦੂਰ ਨੂੰ, ਗਰੀਬ ਨੂੰ, ਛੋਟੇ ਦੁਕਾਨਦਾਰ ਨੂੰ, ਰਗੜਿਆ ਜਾ ਰਿਹਾ ਹੈ। ਇਸ ਦੇ ਬਾਰੇ ਸਰਕਾਰ ਨੂੰ ਕੁਝ ਸੋਚਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਪਲੈਨ ਦੇ ਵਿਚ ਦਸਿਆ ਗਿਆ ਹੈ ਕਿ ਛੇਵੀਂ ਪਲਾਨ ਦੇ ਵਿਚ 1957 ਸੌ ਕਰੋੜ ਰੁਪਿਆ ਅਸੀਂ ਰੱਖਿਆ ਹੈ ਜਦ ਕਿ ਪੰਜਵੀਂ ਪਲਾਨ ਵਿਚ ਕਾਫੀ ਰਕਮ ਸੀ। 940 ਸੌ ਕਰੋੜ ਰੁਪਿਆ ਸੀ। ਮੈਂ ਹੈਰਾਨ ਹਾਂ ਇਸ ਗੱਲ ਤੇ ਕਿ ਇਤਨੀ ਇਨਫਲੇਸ਼ਨ ਵੱਧੀ ਹੈ, ਇਸ ਵਲ ਕਿਸੇ ਨੇ ਕੋਈ ਧਿਆਨ ਨਹੀਂ ਕੀਤਾ। ਤੁਸੀਂ ਵੀ ਮਨਿਸਟਰ ਰਹੇ ਹੋ। (ਵਿਘਨ)

ਇਕ ਆਵਾਜ਼ : ਇਹ ਮਨਿਸਟਰ ਕਿਥੋਂ ਰਹੇ ਹਨ ?

ਮਾਸਟਰ ਬਾਬੂ ਸਿੰਘ : ਚਲੋ ਮਨਿਸਟਰ ਬਣਨ ਵਾਲੇ ਹੀ ਸਹੀ। ਸਰਦਾਰ ਬੀਰਪਾਲ ਸਿੰਘ ਦੇ ਨਾਲ ਇਨ੍ਹਾਂ ਨੂੰ ਵੀ ਸੌਂਹ ਚੁਕਵਾ ਦਿਆਂਗੇ।

ਇਨਫਲੇਸ਼ਨ ਦਾ ਕੋਈ ਧਿਆਨ ਕਿਸੇ ਨੇ ਨਹੀਂ ਕੀਤਾ ਕਿ ਪ੍ਰਾਈਸਿਜ਼ ਕਿਨੀਆਂ ਵੱਧ ਗਈਆਂ ਹਨ, ਪ੍ਰਾਈਸਿਜ਼ ਕਿਥੇ ਚਲੀਆਂ ਗਈਆਂ ਹਨ। ਬੜੀਆਂ ਬੜੀਆਂ ਸਕੀਮਾਂ ਦੇ ਕਮ ਲਈ ਟੈਂਡਰ ਮੰਗੇ ਜਾਂਦੇ ਹਨ ਫਿਰ ਕਹਿ ਦਿੰਦੇ ਹਨ ਕਿ ਟੈਂਡਰ ਰਿਜੈਕਟ ਹੋ ਗਿਆ ਹੈ ਕਿਉਂਕਿ ਕੀਮਤਾਂ ਵੱਧ ਗਈਆਂ ਹਨ। ਇਨ੍ਹਾਂ ਵਿਚ ਇਨਫਲੇਸ਼ਨ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਔਰ ਆਉਣ ਵਾਲੇ ਰੇਟਸ ਦੇਖ ਕੇ ਫਿਰ ਸਾਨੂੰ ਕੁਝ ਕਹਿਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਹੁਣ ਮੈਂ ਐਜੂਕੇਸ਼ਨ ਵੱਲ ਆਉਂਦਾ ਹਾਂ। ਸਾਡੇ 40 ਪ੍ਰਾਈਵੇਟ ਮੈਨੇਜਡ ਕਾਲਜਿਜ਼ ਹਨ, ਜਿਨ੍ਹਾਂ ਤੇ ਇਨ੍ਹਾਂ ਨੇ ਕੱਟ ਲਗਾ ਦਿੱਤੀ ਹੈ ਔਰ ਕੱਟ ਦੀ ਵਜ੍ਹਾ ਨਾਲ ਉਹ 40 ਦੇ 40 ਕਾਲਜ ਬੰਦ ਹੋਣ ਵਾਲੇ ਪਏ ਹਨ। ਇਸ ਦੇ ਲਈ ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ 9-10 ਲੱਖ ਰੁਪਿਆ ਸਰਕਾਰ ਦੇ ਦੇਵੇ ਔਰ ਕੱਟ ਬੰਦ ਕਰ ਦੇਵੇ ਤਾਕਿ ਸਾਡੇ ਬੱਚੇ ਪੜ੍ਹ ਸਕਣ, ਵਿਦਿਆ ਪ੍ਰਾਪਤ ਕਰ ਸਕਣ ਅਤੇ ਉਨ੍ਹਾਂ ਦਾ ਭਵਿਖ ਉਜਲਾ ਹੋ ਸਕੇ। ਫਿਰ ਚੇਅਰਮੈਨ ਸਾਹਿਬ, ਮੈਂ ਸਕੂਲਾਂ ਦੀ ਅੱਪਗਰੇਡੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਕਹਿਦੇ ਹਨ ਕਿ 250 ਸਕੂਲ ਅਸੀਂ ਅੱਪਗਰੇਡ ਕਰ ਦਿੱਤੇ ਹਨ ਔਰ 100 ਹੋਰ ਕਰਨੇ ਹਨ। ਮੈਨੂੰ ਦੁੱਖ ਹੁੰਦਾ ਹੈ ਇਹ ਗੱਲ ਕਹਿ ਕੇ ਕਿ ਮੇਰੇ ਹਲਕੇ ਵਿਚ ਇਕ ਰਈਆ ਪਿੰਡ ਹੈ, ਉਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਵੀ ਅਸੀਂ ਕਿਹਾ ਸੀ ਉਸ ਰਈਆ ਪਿੰਡ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਨੇ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕਰਕੇ ਹਾਈ ਤਕ ਕਰ ਦਿੱਤਾ ਸੀ ਪਰ ਗਵਰਨਰੀ ਰਾਜ ਵਿਚ ਫਿਰ ਉਹ ਸਕੂਲ ਹਾਈ ਤੋਂ ਪ੍ਰਾਇਮਰੀ ਹੋ ਗਿਆ, ਹੁਣ ਚੀਫ ਮਨਿਸਟਰ ਸਾਹਿਬ ਨੇ ਆਪਣੇ ਹੱਥੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਿ ਕੇ ਉਸ ਨੂੰ ਮਿਡਲ ਬਣਾ ਦਿੱਤਾ। ਇਸ ਦੇ ਵਿਚ ਪੋਲੀਟੀਕਲ ਗੱਲ ਇਤਨੀ ਹੈ ਕਿ ਜਿਹੜਾ ਆਦਮੀ ਮੇਰੇ ਮੁਕਾਬਲੇ ਵਿਚ ਹਾਰਿਆ ਹੈ ਉਹ ਕਹਿੰਦਾ ਹੈ ਕਿ ਮੇਰੇ ਕਹਿਣ ਤੋਂ ਬਗੈਰ ਇਥੇ ਪੱਤਾ ਨਹੀਂ ਹਿੱਲ ਸਕਦਾ, ਪੱਤਾ ਨਹੀਂ ਹਿਲਣਾ ਚਾਹੀਦਾ। ਲੋਕਾਂ ਦੀ ਮੰਗ ਨੂੰ ਮੁੱਖ ਰੱਖ ਕੇ ਸਕੂਲ ਬਣਾਉਣੇ ਚਾਹੀਦੇ ਹਨ। ਇਸ ਤਰ੍ਹਾਂ ਇਕ ਹੋਰ ਮੇਰੇ ਹਲਕੇ ਦਾ ਸਕੂਲ ਹੈ, ਕਿਸ ਤਰ੍ਹਾਂ ਅਪਰੋਚ ਕਰਕੇ ਉਹ ਵੀ ਹਾਈ ਬਣਿਆ। ਉਸ ਦੇ ਬਾਰੇ ਵੀ ਸੀ. ਐਮ. ਸਾਹਿਬ ਨੇ ਕਹਿ ਦਿੱਤਾ। (ਵਿਘਨ) ਵੈਸੇ ਇਹ ਕਹਿੰਦੇ ਹਨ ਕਿ ਮੈਂ ਇਹ ਕੰਮ ਨਹੀਂ ਕਰਨਾ ਪਰ ਪਤਾ ਨਹੀਂ ਬਠਿੰਡੇ ਜ਼ਿਲੇ ਦੇ 2 ਆਦਮੀ ਐਸੇ ਹਨ ਜਿਹੜੇ ਹਰ ਗਲ ਮੰਨਵਾ ਲੈਂਦੇ ਹਨ। ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੀਦਾ ਹੈ ਕਿ ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਰੈਜ਼ੋਲਿਊਸ਼ਨ ਪਵਾ ਦਿਓ, ਪਰ ਇਨ੍ਹਾਂ ਗੱਲਾਂ ਵੱਲ ਕੋਈ ਧਿਆਨ ਨਹੀਂ।

ਫਿਰ, ਚੇਅਰਮੈਨ ਸਾਹਿਬ, ਟਰਾਂਸਫਰਜ਼ ਦੇ ਮੁਤੱਲਕ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। ਟਰਾਂਸਫਰਜ਼ ਦੀ ਕੋਈ ਪਾਲਿਸੀ ਨਹੀਂ ਹੈ। ਡੀ.ਪੀ.ਆਈ. ਜਾਂ ਡਾਇਰੈਕਟੋਰੇਟ ਵਾਲੇ ਕਹਿ ਦਿੰਦੇ ਹਨ ਕਿ ਐਡਹਾਕ ਕਰਮਚਾਰੀ ਦੇਖ ਲਿਆ ਜਾਵੇ ਕਿ ਉਸ ਨੂੰ ਨਾ ਬਦਲਿਆ ਜਾਵੇ। ਇਹ ਦੇਖ ਲਿਆ ਜਾਵੇ ਕਿ ਐਡਹਾਕ ਤੌਰ ਤੇ ਨੌਕਰੀ ਨਾ ਕਰਦਾ ਹੋਵੇ ਪਰ ਐਡਹਾਕ ਕਰਮਚਾਰੀਆਂ ਨੂੰ ਵੀ ਇਹ ਬਠਿੰਡੇ ਤੋਂ ਪਟਿਆਲਾ ਅਤੇ ਪਟਿਆਲੇ ਤੋਂ ਲੁਧਿਆਣੇ ਬਦਲੀ ਜਾਂਦੇ ਹਨ। ਇਸ ਦੇ ਬਾਰੇ ਸਰਕਾਰ ਨੂੰ ਕੋਈ ਪਾਲਿਸੀ ਬਣਾਉਣੀ ਚਾਹੀਦੀ ਹੈ। ਸਰਦਾਰ ਸੁਖਜਿੰਦਰ ਸਿੰਘ ਜੀ ਨੇ ਕੁੱਝ ਟਰਾਂਸਫਰ ਰੂਲਜ਼ ਬਣਾਏ ਸਨ, ਪਰ ਉਨ੍ਹਾਂ ਤੇ ਕੋਈ ਅਮਲ ਨਹੀਂ ਹੋ ਰਿਹਾ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ :

> Education should be job-oriented and great stress be laid on science. The new syallabus of science education prepared by the N. C. E. R. T. in every Middle School be introduced and improvement in quality of education through the establishment of S. C. E. R. T. be made.

ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਐਗਰੀਕਲਚਰ ਦੇ ਬਾਰੇ ਮੈਂ ਕੁੱਝ ਕਹਿਣਾ ਚਾਹੁੰਦਾ ਹਾਂ। ਝੋਨੇ ਦੇ ਬਾਰੇ ਸੈਂਟਰਲ ਗੌਰਮਿੰਟ ਨੇ 10 ਅਕਤੂਬਰ, 1980 ਨੂੰ ਰੇਟ ਅਨਾਊਂਸ ਕੀਤਾ ਸੀ, ਪਰ ਉਸ ਤੋਂ ਪਹਿਲਾਂ ਲੱਖਾਂ ਮਣ ਝੋਨਾ ਪੰਜਾਬ ਦੀਆਂ ਮੰਡੀਆਂ ਵਿਚ ਵਿਕ ਚੁੱਕਿਆ ਸੀ। ਫਿਰ 17 ਅਕਤੂਬਰ,

[ਮਾਸਟਰ ਬਾਬੂ ਸਿੰਘ]

1980 ਨੂੰ ਯਾਨੀ 7 ਦਿਨ ਬਾਅਦ ਸਾਡੇ ਪੰਜਾਬ ਵਿਚ ਪ੍ਰਚੇਜ਼ ਏਜਸੀਆਂ ਮੰਡੀਆਂ ਵਿਚ ਆਈਆਂ, ਫਿਰ ਜਾ ਕੇ ਪੰਜਾਬ ਦੇ ਕਿਸਾਨ ਨੂੰ ਕੋਈ ਰੇਟ ਮਿਲਿਆ। ਹੁਣ ਇਹ ਕਹਿੰਦੇ ਹਨ ਕਿ ਸਾਰਾ ਝੋਨਾ 105 ਰੁਪਏ ਕੁਇੰਟਲ ਦੀ ਕੀਮਤ ਦੇ ਕੇ ਲਿਆ ਹੈ। ਇਹ ਰੇਟ ਵੀ ਘੱਟ ਹੈ। ਮੈਂ ਮਨਿਸਟਰ ਸਾਹਿਬ ਨੂੰ ਇਸ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੱਧ ਪ੍ਰਦੇਸ਼ ਸਭ ਤੋਂ ਜ਼ਿਆਦਾ ਕਮਜ਼ੋਰ ਸਟੇਟ ਹੈ, ਉਸ ਨੇ 8 ਰੁਪਏ ਕੁਇੰਟਲ ਮਗਰ ਸਾਡੇ ਨਾਲੋਂ ਰੇਟ ਵੱਧ ਦਿੱਤਾ ਹੈ। ਉਸ ਨੇ 113 ਰੁਪਏ ਕੁਇੰਟਲ ਪੈਡੀ ਦਾ ਭਾਅ ਦਿੱਤਾ ਹੈ। ਇਸ ਬਾਰੇ ਰਿਜ਼ੈਂਟਮੈਂਟ ਵੀ ਹੋਈ ਕਿ ਇਹ ਕਿਸ ਤਰ੍ਹਾਂ 113 ਰੁਪਏ ਕੁਇੰਟਲ ਦੇਵੇਗਾ। ਉਨ੍ਹਾਂ ਨੇ ਤਾਂ ਭਾਅ 113 ਰੁਪਏ ਕੁਇੰਟਲ ਦਿੱਤਾ ਹੈ, ਪਰ ਪੰਜਾਬ ਸਰਕਾਰ ਨੇ 105 ਰੁਪਏ ਕੁਇੰਟਲ ਦਿੱਤਾ ਹੈ, ਜਿਥੇ ਕਿ ਪੰਜਾਬ ਵਿਚ ਇਹ ਕਹਿੰਦੇ ਹਨ ਕਿ 150 ਲੱਖ ਮੀਟਰਿਕ ਟਨ ਅਨਾਜ਼ ਦਾ ਸਾਡਾ ਟੀਚਾ ਹੈ। ਪਰ ਉਸ ਟੀਚੇ ਨੂੰ ਮਿਥਣ ਵਾਸਤੇ ਕਿਸਾਨ ਦੀ ਮੱਦਦ ਵਾਸਤੇ ਰੇਟ ਕੀ ਦਿੰਦੇ ਹਨ, ਇਹ ਤੁਸੀਂ ਆਪ ਹੀ ਦੇਖ ਲਓ। ਢੀਂਡਸਾ ਸਾਹਿਬ ਨੇ ਇਕ ਸਵਾਲ ਤੇ ਸਪਲੀਮੈਂਟਰੀ ਕਰਦਿਆਂ ਇਹੋ ਦੱਸਿਆ ਹੈ ਕਿ ਉਨ੍ਹਾਂ ਦੇ ਹਲਕੇ ਵਿਚ ਸਾਰੇ ਦਾ ਸਾਰਾ ਝੋਨਾ ਗਰੇਡ–2 ਵਿਚ ਦੱਸ ਕੇ ਉਸ ਦਾ ਮੁੱਲ ਦਿੱਤਾ ਗਿਆ ਹੈ, ਕਿਧਰੇ ਵੀ ਗਰੇਡ–1 ਨਹੀਂ ਖਰੀਦਿਆ ਗਿਆ। ਇਸ ਦੇ ਨਾਲ ਕਿਸਾਨਾਂ ਨੂੰ ਕਿਤਨਾ ਘਾਟਾ ਪਿਆ ਹੈ। ਇਸ ਨਾਲ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਖਾਦ ਦੀ ਕੀਮਤ ਵੱਧੀ ਹੈ, ਡੀਜ਼ਲ ਦੀ ਕੀਮਤ ਵੱਧੀ ਹੈ, ਹਰ ਇਕ ਚੀਜ਼ ਦੀ ਕੀਮਤ ਵੱਧੀ ਹੈ ਪਰ ਜੇ ਰੈਮੂਨਰੇਟਿਵ ਪ੍ਰਾਈਸਿਜ਼ ਮੰਗਦੇ ਹਾਂ ਤਾਂ ਇਹ ਫਿਰ ਸਾਨੂੰ ਕਹਿੰਦੇ ਹਨ। ਲੋਕਾਂ ਨੂੰ ਉਕਸਾਉਂਦੇ ਹਨ।

ਚੇਅਰਮੈਨ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਹੁਣ ਦਿੱਲੀ ਮਾਰਚ ਕਰ ਰਹੇ ਹਨ। ਪਾਂਡੇ ਸਾਹਿਬ ਕਹਿ ਗਏ ਹਨ ਕਿ ਇਨ੍ਹਾਂ ਨੇ ਲੋਕਾਂ ਨੂੰ ਉਕਸਾਇਆ। ਮੈਂ ਕਹਿੰਦਾ ਹਾਂ ਕਿ ਅਸੀਂ ਕੁਝ ਨਹੀਂ ਸੀ ਕਰਨਾ ਸਿਰਫ ਕੁੰਭਕਰਨੀ ਸਰਕਾਰ ਨੂੰ ਜਗਾਉਣਾ ਚਾਹੁੰਦੇ ਸੀ। ਪਹਿਲਾਂ ਮੋਗੇ ਵਿਚ ਜਲੂਸ ਨਿਕਲਿਆ ਤਾਂ ਇਨ੍ਹਾਂ ਨੇ ਕਹਿ ਦਿਤਾ ਕਿ 300 ਬੰਦਾ ਸੀ ਇਥੇ 60, 70 ਹਜ਼ਾਰ ਬੰਦੇ ਆਏ। ਸਾਡੇ ਸੀ. ਐਮ. ਸਾਹਿਬ ਨੇ ਕਿਹਾ ਕਿ ਯੂ.ਟੀ. ਨੇ ਭੱਠਾ ਬਿਠਾ ਦਿੱਤਾ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਆਪਣੀ ਸੀ.ਆਈ.ਡੀ. ਕਿਥੇ ਗਈ ਸੀ, ਜਦ ਕਿ ਬੰਦਾ 20 ਤਾਰੀਖ ਨੂੰ ਇਥੇ ਪਹੁੰਚ ਚੁਕਾ ਸੀ। ਉਸ ਵੇਲੇ ਬੜੀਆਂ ਫੌਰੀ ਤੌਰ ਤੇ ਟਰਾਂਸਪੋਰਟ ਤੇ ਅਮੈਂਡਮੈਂਟਸ ਕੀਤੀਆਂ ਗਈਆਂ ਕਿ ਕੋਈ ਟਰਕ ਕੋਈ ਬੰਦਾ ਨਹੀਂ ਲਿਜਾ ਸਕਦਾ। ਹੁਣ ਕਹਿ ਦਿੱਤਾ ਕਿ ਅਸੀਂ ਥੋਹੜਾ ਲੂਜ਼ ਕਰ ਰਹੇ ਹਾਂ ਕਿ ਟਰੈਕਟਰ ਤੇ ਜਾ ਸਕਦਾ ਹੈ ਕਿਉਂਕਿ ਹੁਣ ਇਨ੍ਹਾਂ ਨੇ ਆਪ ਦਿੱਲੀ ਜਾਣਾ ਹੈ। ਮੈਂ ਕਹਿੰਦਾ ਹਾਂ ਕਿ ਆਪੋਜ਼ੀਸ਼ਨ ਨਾਲ ਇਸ ਤਰ੍ਹਾਂ ਦਾ ਵਿਤਕਰਾ ਠੀਕ ਨਹੀਂ। ਇਹ ਰਵੱਈਆ ਬਦਲਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਭਗਤਾ ਭਾਈ ਅਤੇ ਭਾਈ ਰੂਪਾ ਵਿਚ ਯਾਰਡਜ਼ ਬਣਨ ਵਾਲੇ ਹਨ ਉਨ੍ਹਾਂ ਨੂੰ ਛੇਤੀ ਬਣਾਇਆ ਜਾਏ ਤਾਕਿ ਲੋਕਾਂ ਦਾ ਭਲਾ ਹੋ ਸਕੇ।

ਮੈਂ ਕੁਝ ਪੁਲਿਸ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਪੁਲਿਸ ਦਾ ਹਾਲ ਤਾਂ ਸਾਰੇ ਹੀ ਜਾਣਦੇ ਸਨ। ਪਾਂਡੇ ਸਾਹਿਬ ਤਾਂ ਡਰ ਗਏ ਕਿਉਂਕਿ ਉਨ੍ਹਾਂ ਦੇ ਪਜਾਮੇ ਵਿਚ ਚੂਹੇ ਨਹੀਂ ਸੀ ਛੱਡੇ ਗਏ ਜੇਕਰ ਚੂਹੇ ਛੱਡ ਦਿੰਦੇ ਤਾਂ ਉਹ ਪ੍ਰਸ਼ੰਸਾ ਨਾ ਕਰਦੇ ਚੋਰੀਆਂ, ਡਾਕੇ ਅਤੇ ਉਧਾਲੇ ਦੀਆਂ ਰੋਜ਼ ਖਬਰਾਂ ਛਪਦੀਆਂ ਹਨ। ਅਸੀਂ ਸੀ. ਐਮ. ਸਾਹਿਬ ਨੂੰ ਕਹਿੰਦੇ ਹਾਂ ਕਿ ਲਾਅ ਐਂਡ ਆਰਡਰ ਵਲ ਧਿਆਨ ਦਿਓ। ਹਰਿਆਣੇ ਦੀ ਗੱਲ ਹੈ ਕਿ ਬਰਨਾਲੇ ਕੋਲ ਇਕ ਇਸਤਰੀ ਦੇ ਗਹਿਣੇ ਗੱਡੀ ਵਿਚੋਂ ਲਾਹ ਲਏ ਗਏ। (ਵਿਘਨ)

ਸ਼੍ਰੀ ਸਭਾਪਤੀ: ਮਾਸਟਰ ਜੀ ਵਾਈਂਡ ਅੱਪ ਕਰੋ ।

ਮਾਸਟਰ ਬਾਬੂ ਸਿੰਘ: ਮੇਰੀ ਪਾਰਟੀ ਦਾ ਜੀ ਅਜੇ ਬਹੁਤ ਟਾਈਮ ਪਿਆ ਹੈ । ਮੈਂ ਅਜੇ ਦੋ ਮਿੰਟ ਹੀ ਬੋਲਿਆਂ ਹਾਂ ਅਤੇ ਮੈਨੂੰ ਬੋਲਣ ਦਿਉ........(ਵਿਘਨ)

ਚੇਅਰਮੈਨ ਸਾਹਿਬ, ਮੈਂ ਮਿਸਾਲਾਂ ਦਿੰਦਾ ਹਾਂ ਕਿ ਕਾਂਗਰਸ ਨੇ ਪੁਲਿਸ ਨੂੰ ਨਿਪੁੰਸਕ ਬਣਾ ਦਿੱਤਾ ਹੈ। ਇਕ ਸਰਦਾਰ ਹਰਨੇਕ ਸਿੰਘ ਬਠਿੰਡੇ ਦਾ ਪੁਲਿਸ ਇਨਸਪੈਕਟਰ ਹੈ। ਕਿਸੇ ਕਾਂਗਰਸੀ ਸੱਜਣ ਨੇ ਫਾਇਰ ਕਰ ਦਿੱਤਾ । ਉਸ ਸਿਲਸਿਲੇ ਵਿਚ ਉਸ ਨੂੰ ਬਦਲ ਕੇ ਪੀ.ਏ ਪੀ. ਵਿਚ ਭੇਜ ਦਿੱਤਾ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ ਦੇ ਹਲਕੇ ਵਿਚ ਇਕ ਕਤਲ ਹੋਇਆ ਹੈ, ਬੰਦੂਕਾਂ ਵੀ ਮਿਲੀਆਂ, ਇਕ ਬੰਦਾ ਫੜਿਆ ਹੈ । (ਵਿਗਨ) ਇਸੇ ਤਰ੍ਹਾਂ ਸਰੂਪ ਸਿੰਘ ਬੁਰਜਗਿੱਲ ਜਦੋਂ ਰਿਕਵਰੀ ਲਈ ਜਾਂਦਾ ਹੈ ਤਾਂ ਉਸ ਤੇ ਸਾਬਕਾ ਸਰਪੰਚ ਨੇ ਫਾਇਰ ਕਰ ਦਿੱਤਾ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ ਹਾਲਾਂਕਿ ਡੀ.ਸੀ. ਰਜਿਸਟਰਾਰ ਅਤੇ ਹੋਰ ਸਾਰਿਆਂ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ ਗਈ ਸੀ । ਇਸੇ ਤਰ੍ਹਾਂ ਗਾਜਵਾਸ ਵਿਚ ਇਕ ਮੁਲਾਜ਼ਮ ਸਰਦਾਰ ਅਮਰੀਕ ਸਿੰਘ ਕੁੱਟਿਆ ਗਿਆ ਤੁਸੀਂ ਵੇਖੋ ਕਿ ਇਨਸਾਫ ਕਿਥੇ ਮਿਲਦਾ ਹੈ । ਰਾਮਪੁਰਾਫੂਲ ਵਿਚ ਚੌਥੇ ਦਰਜੇ ਦੇ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਲਈ ਐਜੀਟੇਸ਼ਨ ਕੀਤਾ, ਉਥੇ ਥਾਣੇਦਾਰ ਨੇ ਉਨ੍ਹਾਂ ਨੂੰ ਅੰਦਰ ਕਰ ਦਿੱਤਾ। ਮਨਿਸਟਰ ਸਾਹਿਬ ਇਥੇ ਬੈਠੇ ਹਨ ਜੇਕਰ ਸਾਡੇ ਚੌਥੇ ਦਰਜੇ ਦੇ ਮੁਲਾਜ਼ਮਾਂ ਨਾਲ ਇਹੋ ਹੁੰਦਾ ਰਿਹਾ ਤਾਂ ਸਾਡਾ ਸ਼ੋਸ਼ਲਿਜ਼ਮ ਫਿਰ ਕਿਥੇ ਗਿਆ ।

ਸਾਡੀ ਪੁਲਿਸ ਵਾਸਤੇ ਕੁਝ ਕੰਪਿਊਟਰ ਚਾਹੀਦੇ ਹਨ ਔਰ ਇਨ੍ਹਾਂ ਵਾਸਤੇ ਕੋਈ 27 ਕਰੋੜ, 18 ਲੱਖ ਰੁਪਏ ਰਖੇ ਗਏ ਹਨ । ਪਰ ਵੇਖਣ ਵਾਲੀ ਗੱਲ ਇਹ ਹੈ ਕਿ ਐਡੀ ਵੱਡੀ ਸਕੀਮ ਹੋਵੇ ਔਰ ਇਸ ਦੇ ਲਈ ਸਰਕਾਰ ਦੀ ਆਪਣੀ ਬਿਲਡਿੰਗ ਤਕ ਨਾ ਹੋਵੇ ਕਿੰਨੀ ਬੁਰੀ ਗੱਲ ਹੈ । ਇਹ ਕੋਈ ਐਜੂਕੇਸ਼ਨ ਦਾ ਡਾਇਰੈਕਟਰ ਨਹੀਂ ਹੈ, ਜਿਥੇ ਮਰਜ਼ੀ ਕਿਤਾਬਾਂ ਚੁੱਕੀਆਂ ਤੇ ਤੁਰ ਪਏ । ਜਿਥੇ ਸਾਡਾ ਇਤਨਾ ਰੁਪਿਆ ਲੱਗਣਾ ਹੈ, ਉਥੇ ਬਿਲਡਿੰਗ ਵੀ ਸਾਡੀ ਆਪਣੀ ਹੋਣੀ ਚਾਹੀਦੀ ਹੈ ।

ਇਕ ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਰਦਾ ਹਾਂ ਕਿ ਪਿਛੇ ਜਿਹੇ ਸਾਡੇ ਕੁਝ ਕਾਂਸਟੇਬਲਜ਼ ਸਸਪੈਂਡ ਕੀਤੇ ਗਏ ਸਨ । ਉਨ੍ਹਾਂ ਨੇ ਆਪਣੀਆਂ ਮੰਗਾਂ ਵਾਸਤੇ ਮੰਗ ਕੀਤੀ ਸੀ ਪਰ ਐਨਾ ਅਰਸਾ ਹੋ ਗਿਆ ਹੈ ਉਨ੍ਹਾਂ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ। ਮੈਂ ਇਹ ਕਹਾਂਗਾ ਕਿ ਉਨ੍ਹਾਂ ਨੂੰ ਕੁਝ ਹੋਰ ਫੈਸਿਲਿਟੀਜ਼ ਪ੍ਰੋਵਾਈਡ ਕਰਨੀਆਂ ਚਾਹੀਦੀਆਂ ਹਨ, ਜਿਵੇਂ ਕੁਆਟਰਜ਼ ਹਨ ਆਦਿ । ਤਬਦੀਲੀਆਂ ਟਾਈਮ ਬਾਊਂਡ ਹੋਣੀਆਂ ਚਾਹੀਦੀਆਂ ਹਨ । ਇਹ ਅਪ੍ਰੈਲ ਜਾਂ ਮਈ ਵਿਚ ਹੋਣੀਆਂ ਚਾਹੀਦੀਆਂ ਹਨ । ਮੈਂ ਕਹਿੰਦਾ ਹਾਂ ਕਿ ਜੇਕਰ ਕੋਈ ਗਲਤੀ ਕਰਦਾ ਹੈ ਤਾਂ ਉਨ੍ਹਾਂ ਨੂੰ ਸਸਪੈਂਡ ਕਰਨਾ ਚਾਹੀਦਾ ਹੈ ਔਰ ਐਕਸ਼ਨ ਲੈਣਾ ਚਾਹੀਦਾ ਹੈ। ਇਹ ਨਹੀਂ ਕਿ ਪਹਿਲਾਂ ਰੋਪੜ ਬਦਲ ਦਿੱਤਾ, ਫਿਰ ਗੁਰਦਾਸਪੁਰ ਬਦਲ ਦਿੱਤਾ ਅਤੇ ਫਿਰ ਆਊਟ ਆਫ ਰੀਜ਼ਨ ਜਲੰਧਰ ਬਦਲ ਦਿਤਾ । ਐਸੀਆਂ ਟਰਾਂਸਫਰਜ਼ ਅਵਾਇਡ ਕਰਨੀਆਂ ਚਾਹੀਦੀਆਂ ਹਨ ।

ਇਕ ਬੇਨਤੀ ਮੇਰੀ ਇਹ ਹੈ ਕਿ ਜਨਤਾ ਪਾਰਟੀ ਵੇਲੇ ਐਗਜੈਕਟਿ ਅਫਸਰ ਲਾਏ ਪਰ ਸਾਡੀ ਸਰਕਾਰ ਨੇ ਉਨ੍ਹਾਂ ਨੂੰ ਹਟਾਉਣ ਦਾ ਕੋਈ ਹੱਕ ਨਹੀਂ ਸੀ । ਉਹ ਹਾਈਕੋਰਟ ਵਿਚ ਗਏ ਸੁਪਰੀਮ ਕੋਰਟ ਵਿਚ ਗਏ ਪਰ ਉਨ੍ਹਾ ਦੇ ਆਰਡਜ਼ ਦੀ ਉਲੰਘਣਾਂ ਕੀਤੀ ਗਈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਦੁਬਾਰਾ ਲਗਾਉਣਾ ਚਾਹੀਦਾ ਹੈ । ਮੇਰੀ ਖਜ਼ਾਨਾ ਮੰਤਰੀ ਅੱਗੇ ਬੇਨਤੀ ਹੈ ਕਿ ਉਨ੍ਹਾਂ ਨੂੰ ਜ਼ਰੂਰ ਐਬਜ਼ਾਰਬ ਕਰਨਾ ਚਾਹੀਦਾ ਹੈ ।

[ਮਾਸਟਰ ਬਾਬੂ ਸਿੰਘ]

ਇਕ ਗੱਲ ਗਰਾਮ ਸੇਵਕਾਂ ਬਾਰੇ ਅਰਜ਼ ਕਰਨੀ ਹੈ । ਕੁਝ ਗਰਾਮ ਸੇਵਕਾਂ ਨੇ ਜਨਤਾ ਪਾਰਟੀ ਵੇਲੇ ਟਰੇਨਿੰਗ ਲਈ ਸੀ ਅਤੇ ਗੌਰਮਿੰਟ ਨੇ ਉਨ੍ਹਾਂ ਤੇ ਪੈਸੇ ਖਰਚ ਕੀਤੇ ਪਰ ਉਨ੍ਹਾਂ ਨੂੰ ਐਡਜਸਟ ਨਹੀਂ ਕੀਤਾ ਗਿਆ ਹਾਲਾਂਕਿ ਪੋਸਟਾਂ ਖਾਲੀ ਪਈਆਂ ਹਨ । ਐਡਜਸਟ ਸਿਰਫ ਇਸ ਕਰਕੇ ਨਹੀਂ ਕੀਤੇ ਗਏ ਕਿਉਂਕਿ ਉਨ੍ਹਾਂ ਨੇ ਜਨਤਾ ਪਾਰਟੀ ਵੇਲੇ ਟਰੇਨਿੰਗ ਕੀਤੀ ਸੀ। ਅਗਰ ਇਨ੍ਹਾਂ ਦੇ ਵੇਲੇ ਕੋਈ ਟਰੇਨਿੰਗ ਲੈਂਦਾ ਹੈ ਔਰ ਬਾਅਦ ਵਿਚ ਸਰਕਾਰ ਬਦਲ ਜਾਂਦੀ ਹੈ ਤਾਂ ਇਹ ਠੀਕ ਨਹੀਂ ਰਹਿਣਾ। ਇਸ ਲਈ ਉਨ੍ਹਾਂ ਨੂੰ ਐਬਜ਼ਾਰਬ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਰਿੱਚ ਐਂਡ ਪੂਅਰ ਦਾ ਜ਼ਿਲ੍ਹਾ ਹੁਸਿਆਰਪੁਰ ਅਤੇ ਗੁਰਦਾਸਪੁਰ ਵਿਚ ਸਰਵੇ ਕਰਾਇਆ ਹੈ । ਸਿਰਫ ਇਨ੍ਹਾਂ ਦੋਨਾ ਜ਼ਿਲ੍ਹਿਆ ਦਾ ਸਰਵੇਖਣ ਕਰਾਇਆ, ਜਿਸ ਦੁਆਰ ਪਤਾ ਲਗਾ ਕਿ 38% ਗਰੀਬ ਰੂਰਲ ਏਰੀਆ ਵਿਚ ਰਹਿੰਦੇ ਹਨ ਅਤੇ 12% ਅਰਬਨ ਏਰੀਆਜ਼ ਵਿਚ ਰਹਿੰਦੇ ਹਨ । ਮੈਂ ਕਹਿੰਦਾ ਹਾਂ ਕਿ ਤੁਸੀਂ ਸਾਰੇ ਪੰਜਾਬ ਦਾ ਘਰ ਘਰ ਵਿਚ ਸਟੈਟਿਸਟਿਕਸ ਵਾਲਿਆਂ ਤੋਂ ਸਰਵੇਖਣ ਕਰਾਓ, ਇਹ ਉਨ੍ਹਾਂ ਦਾ ਕੰਮ ਹੈ। ਇਹ ਜਿਹੜੇ ਕਮੇਟੀਆਂ ਵਗੈਰਾ ਵਾਲੇ ਲਗਾ ਦਿੱਤੇ ਉਨ੍ਹਾਂ ਨੂੰ ਇਨ੍ਹਾ ਗੱਲਾਂ ਬਾਰੇ ਕੋਈ ਤਜਰਬਾ ਨਹੀਂ ਹੈ ।

ਇਸ ਦੇ ਨਾਲ ਹੀ ਮੈਂ ਸੋਸ਼ਲ ਵੈਲਫੇਅਰ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ । ਉਹ ਵਧਾਈ ਵੀ ਨਹੀਂ ਲੈਂਦੇ, ਹਾਉਸ ਵਿਚੋਂ ਉਠ ਕੇ ਚਲੇ ਗਏ, ਉਨ੍ਹਾਂ ਨੇ ਪਰਮਾਨੈਂਟ ਡਿਸਏਬਲਡ ਦੀ ਪੈਨਸ਼ਨ ਵਧਾਈ ਹੈ। ਇਸ ਨੂੰ ਹੋਰ ਕੰਸਿਡਰ ਕਰਨਾ ਚਾਹੀਦਾ ਹੈ । ਕਿਉਂਕਿ ਇਸ ਵਿਚ ਇਕ ਫਲਾਅ ਹੈ । ਅਗਰ ਕੋਈ ਆਦਮੀ ਹੈ ਔਰ ਉਸ ਦਾ ਕੋਈ ਪੁੱਤਰ ਹੈ ਅਤੇ ਉਹ ਭਾਂਵੇਂ ਅਡ ਹੈ ਤਾਂ ਉਸ ਬੰਦੇ ਨੂੰ ਪੈਨਸ਼ਨ ਨਹੀਂ ਮਿਲੇਗੀ, ਇਹ ਸ਼ਰਤ ਕਰਨੀ ਚਾਹੀਦੀ ਹੈ ।

ਰਾਸ਼ਨ ਕਾਰਡਾਂ ਵਾਸਤੇ ਜਿਹੜੀ 3,600 ਰੁਪਏ ਦੀ ਸ਼ਰਤ ਰੱਖੀ ਹੈ, ਇਹ ਠੀਕ ਨਹੀਂ ਹੈ ਅਜ ਮਹਿੰਗਾਈ ਦਾ ਸਮਾਂ ਹੈ, ਖੰਡ 10 ਰਪਏ ਕਿਲੋ ਹੈ ਮਿੱਟੀ ਦਾ ਤੇਲ ਤੇ ਕੋਲਾ ਇਤਨਾ ਮਹਿੰਗਾ ਹੈ। ਇਹ 3,600 ਰੁਪਏ ਹੱਦ 6,000 ਕਰਨੀ ਚਾਹੀਦੀ ਹੈ ਤਾਕਿ ਥੋਹੜਾ ਜਿਹਾ ਫਾਇਦਾ ਹੋ ਸਕੇ ।

ਅਨਐਮਪਲਾਇਡ ਦਾ ਅਲਾਉਂਸ 50 ਰੁਪਏ ਤੋਂ 60 ਰੁਪਏ ਕਰ ਦਿੱਤਾ ਹੈ, ਇਹ ਚੰਗ ਗੱਲ ਹੈ। ਇਕ ਹੋਰ ਇਸ ਤਰ੍ਹਾਂ ਜਨਤਾ ਪਾਰਟੀ ਵੇਲੇ ਚੰਗਾ ਕੰਮ ਹੋਇਆ ਸੀ, ਉਸ ਦੀ ਪੈਰਵੀ ਕਰਨੀ ਚਾਹੀਦੀ ਹੈ। ਐਕਸੀਡੈਂਟਸ ਵਿਚ ਅਗਰ ਕਿਸੇ ਦੀ ਇਕ ਬਾਜੂ ਜਾਂ ਲੱਤ ਚਲੀ ਜਾਏ ਤਾਂ 3,000 ਰੁਪਏ ਮਿਲਦੇ ਹਨ ਅਤੇ ਜੇਕਰ ਦੋਨੋਂ ਬਾਜੂ ਜਾਂ ਲਤ ਕੱਟ ਜਾਣ ਤਾਂ 5,000 ਰੁਪਏ ਮਿਲਦੇ ਸਨ । ਪਰ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਹੈ । ਅਸੀਂ ਵੈਸੇ ਵੀ ਹੈਂਡੀਕੈਪਡ ਦਾ ਇੰਟਰਨੈਸ਼ਨਲ ਈਅਰ ਮਨਾ ਰਹੇ ਹਾਂ । ਇਨ੍ਹਾਂ ਨੂੰ ਪੈਨਸ਼ਨ ਜ਼ਰੂਰ ਦੇਣੀ ਚਾਹੀਦੀ ਹੈ। ਮੈਂ ਤਾਂ ਸੁਜੈਸਟ ਕਰਾਂਗਾ ਕਿ ਇਹ ਐਕਸੀਡੈਂਟਸ ਹੋਣ ਹੀ ਨਾ ਕੋਈ ਐਸੇ ਸੇਫਟੀ ਮੈਯਰਜ਼ ਅਡਾਪਟ ਕਰਨੇ ਚਾਹੀਦੇ ਹਨ । ਇਸ ਦੇ ਵੱਲ ਸਾਨੂੰ ਖਾਸ ਜ਼ੋਰ ਦੇਣਾ ਚਾਹੀਦਾ ਹੈ । ਇਸਦੇ ਨਾਲ ਹੀ ਚੇਅਰਮੈਨ ਸਹਿਬ, ਐਡੀਸ਼ਨਲ ਡੀ. ਏ. ਦੀ ਗੱਲ ਹੈ । 12 ਕਰੋੜ ਸਾਲ ਦਾ ਦਿੱਤਾ ਜਾਂ ਰਿਹਾ ਹੈ ਮੈਂ ਮੋਦਬਾਨਾ, ਤਰੀਕੇ ਨਾਲ ਬੇਨਤੀ ਕਰਦਾ ਹਾਂ ਕਿ ਇਤਨੀ ਵਧਦੀ ਮਹਿੰਗਾਈ ਵਿਚ ਤ ਮੁਲਾਜਮਾਂ ਨੂੰ ਹੋਰ ਪੈਸੇ ਸਰਕਾਰ ਨੂੰ ਦੇਣੇ ਚਾਹੀਦੇ ਹਨ ਸੈਂਟਰ ਨੇ ਦੇ ਦਿੱਤੇ ਹਨ। ਹਰਿਆਣਾ ਹੁਣੇ ਦੇ ਕੇ ਹਟਿਆ ਹੈ । ਅੱਜ ਹਰ ਪਾਸ਼ੇ ਐਜੀਟੇਸਨਾਂ ਹੋ ਰਹੀਆਂ ਹਨ । ਉਨ੍ਹਾਂ ਦੀ ਮੁਖ ਮੰਗ ਕੀ ਹੈ ? ਅੱਜ ਐਮ. ਬੀ. ਬੀ. ਐਸ, ਡਾਕਟਰ, ਫਾਰਮੇਸਿਸਟ, ਇੰਜਨੀਅਰਜ਼, ਐਸ ਓਜ਼, ਗੱਲ ਕੀ ਸਾਰੇ

ਐਜੀਟੇਸ਼ਨ ਕਰ ਰਹੇ ਹਨ। ਉਨ੍ਹਾਂ ਦੇ ਵਿਚ ਬੇਚੈਨੀ ਹੈ। ਅਜ ਹਰ ਪਾਸੇ ਲੂਣ, ਤੇਲ, ਮਿਰਚਾਂ, ਸਾਬਣ, ਕੋਇਲਾ, ਮਾਚਿਸਾਂ ਦਾ ਮਸਲਾ ਹੈ। ਘੀ ਦੀ ਹੀ ਗੱਲ ਲੈ ਲਓ। ਜਦੋਂ ਜ਼ਿਮੀਂਦਾਰ ਦੀ ਮੂੰਗਫਲੀ ਮਾਰਕਿਟ ਵਿਚ ਆਉਂਦੀ ਹੈ, ਉਦੋਂ ਤਾਂ ਹੋਰ ਭਾਅ ਹੁੰਦਾ ਹੈ ਅਤੇ ਘੀ ਦਾ ਭਾਅ ਵੀ ਘੱਟ ਹੁੰਦਾ ਹੈ। ਪਰ ਹੁਣ ਘੀ ਦਾ ਭਾਅ ਛੜੱਪੇ ਮਾਰ ਰਿਹਾ ਹੈ।

ਸ੍ਰੀ ਸਭਾਪਤੀ : ਮਾਸਟਰ ਜੀ, ਤੁਸੀਂ ਹੁਣ ਵਾਈਂਡ ਅੱਪ ਕਰੋ, ਤੁਹਾਡਾ ਟਾਈਮ ਹੋ ਗਿਆ ਹੈ।

ਮਾਸਟਰ ਬਾਬੂ ਸਿੰਘ : ਤੁਸੀਂ ਮੇਰੀ ਪਾਰਟੀ ਦਾ ਟਾਈਮ ਦੱਸ ਦਿਓ। ਮੈਂ ਆਪਣੀ ਪਾਰਟੀ ਦੇ ਟਾਈਮ ਤੋਂ ਵਧ ਸਮਾਂ ਨਹੀਂ ਲਵਾਂਗਾ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਪੂਰਾ ਹੋ ਗਿਆ ਹੈ, ਤੁਸੀਂ ਵਾਈਂਡ ਅੱਪ ਕਰੋ।

ਮਾਸਟਰ ਬਾਬੂ ਸਿੰਘ : ਚੇਅਰਮੈਨ ਸਾਹਿਬ, ਇਸਦੇ ਨਾਲ ਹੀ ਮੈਂ ਅਨਇੰਪਲਾਇਡ ਦੇ ਬਾਰੇ ਕੁਝ ਅੰਕੜੇ ਦੇਣਾ ਚਾਹੁੰਦਾ ਹਾਂ। ਵਜ਼ੀਰ ਸਾਹਿਬ ਨੂੰ ਇਹ ਪਤਾ ਹੋਏਗਾ। 30-6-80 ਤਕ 4,35,116 ਬੇਰੁਜ਼ਗਾਰ ਸਨ। ਬਾਕੀ ਦੇ ਸਮੇਂ ਵਿਚ ਹੁਣ ਤਕ ਹੋਰ ਵੀ ਵਧ ਗਏ ਹੋਣੇ ਹਨ। ਹੋਰ ਫਰੈਸ਼ ਗਰੈਜੂਏਟਸ ਆ ਜਾਣਗੇ। ਇਸ ਵੇਲੇ ਬੀ. ਐਡ. ਮਾਸਟਰ ਅਤੇ ਮਿਸਟਰੈਸਾਂ 19,181 ਬੇਰੁਜ਼ਗਾਰ ਹਨ, ਜੇ.ਬੀ.ਟੀ. 9,921 ਹਨ, ਆਈ.ਟੀ.ਆਈ. ਦੇ ਟਰੇਂਡ ਬੇਰੁਜ਼ਗਾਰ ਬੰਦੇ 19,009 ਹਨ ਅਤੇ ਕਲਾਸੀਕਲ, ਵਰਨੈਕੂਲਰ ਅਤੇ ਡਰਾਇੰਗ ਮਾਸਟਰ 51,971 ਬੇਰਜ਼ਗਾਰ ਹਨ। ਐਜੂਕੇਟਿਡ ਅਨਇੰਪਲਾਇਡ ਮੈਟ੍ਰਿਕ ਅਤੇ ਗਰੈਜੂਏਟਸ 51,971 ਹਨ। ਐਸ.ਓ. 2,353 ਅਤੇ ਇੰਜੀਨੀਅਰਜ਼ 303 ਬੇਰਜ਼ਗਾਰ ਹਨ। ਸੀ. ਐਮ. ਸਾਹਿਬ ਨੇ ਬਿਆਨ ਦਿੱਤੇ ਹਨ ਕਿ ਅਸੀਂ ਬਹੁਤ ਕੁਝ ਕਰ ਰਹੇ ਹਾਂ। ਪਹਿਲਾਂ ਸਟੇਟਮੈਂਟ 31-8-80 ਨੂੰ ਦਿੱਤੀ ਸੀ। ਫਿਰ 22 ਸਤੰਬਰ ਨੂੰ ਬਿਆਨ ਦਿਤਾ। ਫਿਰ ਐਡਹਾਕ ਨਿਯੁਕਤੀਆਂ ਬੰਦ ਕਰ ਦਿੱਤੀਆਂ। ਮੈਂ ਇਸ ਗੱਲ ਲਈ ਧੰਨਵਾਦੀ ਹਾਂ ਕਿ ਇਨਾਂ ਨੇ ਐਡਹਾਕ ਨਿਯੁਕਤੀਆਂ ਬੰਦ ਕਰ ਦਿੱਤੀਆਂ ਹਨ। ਪਰ ਦੂਜੇ ਪਾਸੇ ਅਨਇੰਪਲਾਇਮੈਂਟ ਇਤਨੀ ਹੋਵੇ ਅਤੇ ਪੋਸਟਾਂ ਖਾਲੀ ਪਈਆਂ ਹੋਣ, ਫਿਰ ਵੀ ਉਨ੍ਹਾਂ ਨੂੰ ਨਾ ਲਾਇਆ ਜਾਵੇ ਤਾਂ ਇਸ ਗੱਲ ਲਈ ਸਰਕਾਰ ਗੁਨਾਹਗਾਰ ਹੈ। ਕੋਈ ਐਸ.ਐਸ.ਐਸ. ਬੋਰਡ ਨਹੀਂ ਹੈ। ਕੋਈ ਡਿਪਾਰਟਮੈਂਟਲ ਸਿਲੈਕਸ਼ਨ ਕਮੇਟੀ ਨਹੀਂ ਹੈ। ਚੀਫ ਮਨਿਸਟਰ ਸਾਹਿਬ ਨੂੰ ਸਾਰੇ ਕਾਂਗਰਸੀਆਂ ਦੀ ਇਮਾਨਦਾਰੀ ਤੇ ਸ਼ੱਕ ਹੈ। ਜਦੋਂ ਕੋਈ ਇਮਾਨਦਾਰ ਉਨ੍ਹਾਂ ਨੂੰ ਮਿਲੇਗਾ ਤਾਂ ਫਿਰ ਉਸ ਨੂੰ ਐਸ.ਐਸ.ਐਸ. ਬੋਰਡ ਵਿਚ ਲਾ ਦੇਣਗੇ। ਇਸ ਕਰਕੇ ਨਾ ਕੋਈ ਇਮਾਨਦਾਰ ਲੱਭਦਾ ਹੈ ਅਤੇ ਨਾ ਹੀ ਉਹ ਲਾਉਂਦੇ ਹਨ। ਫਿਰ ਇਥੇ ਟੈਕਸ ਲਾਏ ਜਾ ਰਹੇ ਹਨ। ਸੀ. ਐਮ. ਸਾਹਿਬ ਦੀ ਸਟੇਟਮੈਂਟ ਆਈ ਸੀ ਕਿ ਉਹ ਬਿਜਲੀ ਬੋਰਡ ਨੂੰ ਬਿਲਕੁਲ ਇੰਪਰੂਵ ਕਰ ਦੇਣਗੇ। ਪਰ ਇਸ ਤੋਂ ਬਾਅਦ ਕੋਈ ਐਕਸ਼ਨ ਨਹੀਂ ਹੋਇਆ। ਪਰ ਹੋਇਆ ਕੀ? ਬਿਜਲੀ ਦੀ ਕੱਟ ਲੱਗ ਗਈ। ਇਸ ਨਾਲ ਸਟੂਡੈਂਟਸ ਪੜ੍ਹ ਨਹੀਂ ਸਕਦੇ। ਬਿਜਲੀ ਦੇ ਬਾਰੇ ਵਿਚ 1 ਫਰਵਰੀ ਦੀ ਖਬਰ ਹੈ। ਗੁਰੂ ਨਾਨਕ ਥਰਮਲ ਪਲਾਂਟ ਦੀ ਕਪੈਸਿਟੀ 31.20 ਕਰੋੜ ਯੂਨਿਟ ਪਰ ਮਹੀਨਾ ਬਿਜਲੀ ਪੈਦਾ ਕਰਨ ਦੀ ਕੈਪੇਸਿਟੀ ਹੈ। ਪਰ ਜਨਵਰੀ ਦੇ ਮਹੀਨੇ ਕਿਤਨਾ ਉਤਪਾਦਨ ਹੋਇਆ।

ਸ੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ।

ਮਾਸਟਰ ਬਾਬੂ ਸਿੰਘ : ਚੇਅਰਮੈਨ ਸਾਹਿਬ, ਘੜੀ ਮੇਰੇ ਹੱਥ ਤੇ ਬੰਨ੍ਹੀ ਹੋਈ ਹੈ। ਅਜੇ ਸਾਡਾ ਟਾਈਮ ਰਹਿੰਦਾ ਹੈ। ਪਰ ਚੇਅਰਮੈਨ ਸਾਹਿਬ, ਜਨਵਰੀ ਦੇ ਮਹੀਨੇ ਉਤਪਾਦਨ 12.40 ਕਰੋੜ ਯੂਨਿਟ ਹੋਇਆ। ਜਿਥੇ 110 ਮੈਗਾਵਾਟ ਦੇ ਚਾਰ ਯੂਨਿਟ ਹੋਣ ਪਰ ਉਨ੍ਹਾਂ ਵਿਚੋਂ ਚਲਦਾ ਇਕ ਅੱਧਾ ਹੀ ਹੋਵੇ.. .. ..

ਸ੍ਰੀ ਸਭਾਪਤੀ : ਮੈਂ ਅਗਲਾ ਸਪੀਕਰ ਬੁਲਾਉਣ ਲਗਾ ਹਾਂ। ਤੁਸੀਂ ਪਹਿਲਾਂ ਹੀ ਬਹੁਤ ਟਾਇਮ ਲੈ ਲਿਆ ਹੈ।

ਮਾਸਟਰ ਬਾਬੂ ਸਿੰਘ : ਮੈਨੂੰ ਬੋਲ ਲੈਣ ਦਿਓ। ਮੈਂ ਰੈਲੇਵੈਂਟ ਹੀ ਬੋਲ ਰਿਹਾ ਹਾਂ। ਸਾਡੀ ਪਾਰਟੀ ਦਾ ਹੋਰ ਕੋਈ ਬੰਦਾ ਨਹੀਂ ਬੋਲੇਗਾ। ਮੈਂ ਇਕ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ। ਮੈਂ 25 ਪੁਆਇੰਟ ਪ੍ਰੋਗਰਾਮ ਤੇ ਕੁਝ ਕਹਿਣਾ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਸਾਡੀ ਸਰਕਾਰ ਇਸ ਵਿਚੋਂ 13 ਨੁਕਤੇ ਤਾਂ ਖਾ ਹੀ ਗਈ। ਉਨ੍ਹਾਂ ਬਾਰੇ ਬਿਲਕੁਲ ਸਾਈਲੈਂਟ ਰਹੀ। ਸਿਰਫ ਇਕ ਨੁਕਤਾ ਲਿਆ ਹੈ। 13 ਨੰਬਰ ਨੁਕਤਾ ਹੈ 'ਸਪੈਸ਼ਲ ਲੈਜਿਸਲੇਸ਼ਨ ਫਾਰ ਕਨਫਿਸਕੇਸ਼ਨ ਆਫ ਸਮਗਲਰਜ਼ ਪ੍ਰਾਪਰਟੀ'। ਪਰ ਦੂਜੇ ਪਾਸੇ ਸਰਕਾਰ ਨੇ ਸਪੈਸ਼ਲ ਬਾਂਡਾਂ ਦੀ ਸਕੀਮ ਚਾਲੂ ਕੀਤੀ ਹੈ। ਇਸ ਰਾਹੀਂ ਕਿਹਾ ਗਿਆ ਹੈ ਕਿ ਜਿਤਨਾ ਕਾਲਾ ਧੰਨ ਤੁਹਾਡੇ ਕੋਲ ਹੈ ਇਸਨੂੰ ਚਿਟਾ ਕਰਾ ਲਓ, ਬਗਲੇ ਭਗਤ ਬਣ ਜਾਓ। ਇਸ ਤਰ੍ਹਾਂ ਦੇ ਕੰਮ ਹੋ ਰਹੇ ਹਨ। ਫਿਰ ਲਾਈਫ ਇਨਸ਼ੋਰੈਂਸ ਕਾਰਪੋ-ਰੇਸ਼ਨ ਐਕਟ ਦੀ ਗੱਲ ਲੈ ਲਓ। ਫਿਰ ਅੰਮ੍ਰਿਤਸਰ ਕੀ ਹੋਇਆ ਹੈ ?

ਸ੍ਰੀ ਸਭਾਪਤੀ : ਮਾਸਟਰ ਜੀ ਤੁਸੀਂ ਹੁਣ ਬੈਠ ਜਾਓ। ਪਿਆਰਾ ਰਾਮ ਧੰਨੋਵਾਲੀ ਜੀ ਤੁਸੀ ਬੋਲਣਾ ਸ਼ੁਰੂ ਕਰੋ।

ਕਾਮਰੇਡ ਬਲਦੇਵ ਸਿੰਘ ਲੂੰਬਾ: ਚੇਅਰਮੈਨ ਸਾਹਿਬ, ਸਾਡਾ ਟਾਈਮ ਘੱਟੋ ਘਟ 55 ਮਿੰਟ ਬਣਦਾ ਹੈ। ਸਾਨੂੰ ਦੱਸ ਦਿਓ ਕਿ ਸਾਡਾ ਕਿਤਨਾ ਟਾਈਮ ਰਹਿੰਦਾ ਹੈ।

ਸ੍ਰੀ ਸਭਾਪਤੀ : ਤੁਹਾਨੂੰ ਕਲ੍ਹ ਟਾਈਮ ਮਿਲ ਜਾਵੇਗਾ।

ਸ੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ ਐਸ.ਸੀ) : ਚੇਅਰਮੈਨ ਸਾਹਿਬ, ਕੱਲ ਸਾਡੇ ਸਦਨ ਵਿਚ ਮਾਨਯੋਗ ਖਜ਼ਾਨਾ ਮੰਤਰੀ ਜੀ ਨੇ 1981-82 ਦਾ ਬਜਟ ਪੇਸ਼ ਕੀਤਾ ਸੀ ਉਹਦੇ ਮੁਤਾਬਿਕ ਸੂਬੇ ਦੀ ਕੁੱਲ ਆਮਦਨੀ 18,26,51,00,000 ਰੁਪਏ ਹੈ ਅਤੇ ਖਰਚਾ 19,40,03,00,000 ਰੁਪਏ ਹੈ ਇਸ ਤਰ੍ਹਾਂ ਇਸ ਵਿਚ 1,13,52,00,000 ਰੁਪਏ ਦਾ ਘਾਟਾ ਹੈ। ਖਜ਼ਾਨਾ ਮੰਤਰੀ ਜੀ ਨੂੰ ਮੈਂ ਇਸ ਗੱਲ ਲਈ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਕੋਈ ਟੈਕਸ ਨਹੀਂ ਲਗਾਇਆ। ਕੱਲ੍ਹ ਇਥੇ ਇਕ ਮਾਨਯੋਗ ਮੈਂਬਰ ਬੋਲ ਰਹੇ ਸਨ। ਉਨ੍ਹਾਂ ਨੇ ਧਿਆਨ ਨਾਲ ਵਿਤ ਮੰਤਰੀ ਜੀ ਦੀ ਸਪੀਚ ਨੂੰ ਨਾ ਸੁਣਿਆ ਅਤੇ ਨਾ ਹੀ ਅੱਜ ਪੜ੍ਹ ਕੇ ਆਏ ਹਨ। ਉਨ੍ਹਾਂ ਨੇ ਪੇਜ-54 ਤੇ ਜੋ ਮਾਲੀ ਸਾਧਨ ਜੁਟਾਉਣੇ ਹਨ, ਉਹ ਪੜ੍ਹੇ ਨਹੀਂ, ਉਨ੍ਹਾਂ ਵਿਚ ਘਾਟਾ ਪੂਰਾ ਕਰਨ ਬਾਰੇ ਦਸਿਆ ਹੈ। ਇਸ ਹਿਸਾਬ ਨਾਲ 45 ਕਰੋੜ ਰੁਪਏ ਦਾ ਘਾਟਾ ਰਹਿ ਜਾਂਦਾ ਹੈ। 28.30 ਕਰੋੜ ਰੁਪਏ ਦਾ ਘਾਟਾ ਪਿਛਲੀ ਸਰਕਾਰ ਛੱਡ ਗਈ ਸੀ। ਬਾਕੀ ਗੌਰਮਿੰਟ ਆਫ ਇੰਡੀਆ ਤੋਂ 10 ਕਰੋੜ ਰੁਪਏ ਹੋਰ ਲੈ ਕੇ ਖੱਪੇ ਨੂੰ ਪੂਰਾ ਕਰਨ ਦਾ ਜ਼ਿਕਰ ਕੀਤਾ ਹੈ। ਮਾਨਯੋਗ ਮੈਂਬਰਾਂ ਨੇ ਸਪੀਚ ਪੜ੍ਹੀ ਹੀ ਨਹੀਂ ਅਤੇ ਐਵੇਂ ਹੀ ਉਠ ਕੇ ਨੁਕਤਾਚੀਨੀ ਸ਼ੁਰੂ ਕਰ ਦਿੱਤੀ। ਇਹ ਜੋ 1981-82 ਦਾ ਬਜਟ ਇਥੇ ਪੇਸ਼ ਕੀਤਾ ਗਿਆ ਹੈ, ਇਸਨੂੰ ਬਣਾਉਣ ਤੋਂ ਪਹਿਲਾਂ ਇਹ ਪਹਿਲੀ ਵਾਰੀ ਹੋਇਆ ਕਿ ਸਾਡੇ ਮੁਖ

ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਨੇ ਸਾਰੇ ਡਵੀਜ਼ਨਾਂ ਦੇ ਸਾਰੀਆਂ ਪਾਰਟੀਆਂ ਦੇ ਐਮ.ਐਲ.ਏਜ਼. ਅਤੇ ਐਮ.ਪੀਜ਼. ਨੂੰ ਬੁਲਾਇਆ ਅਤੇ ਉਨ੍ਹਾਂ ਦੀਆਂ ਸਮੁੱਚੀਆਂ ਤਕਲੀਫਾਂ ਨੂੰ ਸੁਣਿਆ ਅਤੇ ਉਸ ਤੋਂ ਬਾਅਦ ਇਹ ਬਜਟ ਬਣਾਇਆ। ਸਾਰੇ ਐਮ.ਐਲ.ਏਜ਼. ਨੇ ਸੜਕਾਂ ਬਣਾਉਣ ਬਾਰੇ ਅਤੇ ਮੁਰੰਮਤ ਕਰਨ ਬਾਰੇ ਬੜੇ ਜ਼ੋਰ ਨਾਲ ਕਿਹਾ। ਚਾਰ ਸਾਲ ਪਹਿਲਾਂ ਜਦੋਂ 1972 ਤੋਂ 1977 ਤੱਕ ਗਿਆਨੀ ਜ਼ੈਲ ਸਿੰਘ ਜੀ ਦੀ ਇਥੇ ਸਰਕਾਰ ਸੀ ਉਦੋਂ 60 ਕਰੋੜ ਰੁਪਏ ਲਾ ਕੇ ਸਾਰੇ ਪਜਾਬ ਦੇ ਪਿੰਡਾਂ ਨੂੰ ਸੜਕਾਂ ਨਾਲ ਜੋੜਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਸੀ। ਪਰ ਇਨ੍ਹਾਂ ਆਪੋਜ਼ੀਸ਼ਨ ਦੇ ਵੀਰਾਂ ਨੇ ਜਦੋਂ ਇਨ੍ਹਾਂ ਦਾ ਤਿੰਨ ਸਾਲ ਇਥੇ ਰਾਜ ਰਿਹਾ ਤਾਂ ਕੁਝ ਵੀ ਨਾ ਕੀਤਾ। ਕੋਈ ਸੜਕ ਨਹੀਂ ਬਣਾਈ। ਸੜਕਾਂ ਟੁੱਟ ਗਈਆਂ ਸਨ ਅਤੇ ਉਨ੍ਹਾਂ ਨੂੰ ਵੀ ਨਹੀਂ ਸੰਵਾਰਿਆ। ਸਰਦਾਰ ਸੁਖਜਿੰਦਰ ਸਿਘ ਬੈਠੇ ਨਹੀਂ ਹਨ ਉਨ੍ਹਾਂ ਨੇ ਜ਼ਿਕਰ ਕੀਤਾ ਸੀ। ਸੜਕਾਂ ਜਿਹੜੀਆਂ ਟੁੱਟੀਆਂ ਪਈਆਂ ਹਨ ਉਨ੍ਹਾਂ ਦੀ ਮੁਰੰਮਤ ਲਈ, ਸਕੂਲਾਂ ਲਈ, ਔਰ ਸੂਬੇ ਦੀ ਹੋਰ ਡਿਵੈਲਪਮੈਂਟ ਦੇ ਜਿਹੜੇ ਕੰਮ ਹਨ ਉਨ੍ਹਾਂ ਸਾਰੇ ਕੰਮ ਵਾਸਤੇ ਇਸ ਬਜਟ ਵਿਚ ਪੈਸਾ ਰਖਿਆ ਗਿਆ ਹੈ। (ਵਿਘਨ)

Mr. Chairman: No Interruption please.

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਚੇਅਰਮੈਨ ਸਾਹਿਬ, ਇਥੇ ਸਰਦਾਰ ਬਲਵੰਤ ਸਿੰਘ ਨੇ ਬੜੇ ਡਰਾਮਈ ਢੰਗ ਨਾਲ ਆਪਣੀ ਤਕਰੀਰ ਕੀਤੀ ਹੈ। ਬੜੇ ਜ਼ੋਰ ਸ਼ੋਰ ਨਾਲ ਡਰਾਮਾ ਕੀਤਾ ਹੈ ਪਰ ਉਹਨਾਂ ਭੀ ਹਰੀਜਨਾਂ ਦੀ ਬੇਹਤਰੀ ਦਾ, ਹਰੀਜਨਾਂ ਦੀ ਭਲਾਈ ਦਾ ਕਿਤੇ ਜ਼ਿਕਰ ਨਹੀਂ ਕੀਤਾ ਹੈ। ਗੌਰਮਿੰਟ ਨੇ ਪਹਿਲੀ ਵਾਰੀ 25 ਲੱਖ ਰੁਪਿਆ ਢੇਰ ਸੁੱਟਣ ਲਈ ਰਖਿਆ ਹੈ। ਪਿਛਲੇ ਸਾਲ ਔਰ ਇਸ ਸਾਲ ਭੀ ਜਿਹੜੇ ਲੈਂਡ ਲਾਰਡ ਪਿੰਡਾਂ ਵਿਚ ਹਨ ਉਹ ਹਰੀਜਨ ਲੋਕਾਂ ਨੂੰ ਬਾਹਰ ਨਹੀਂ ਜਾਣ ਦਿਦੇ ਪੰਜਾਬ ਦੇ ਗਰੀਬ ਲੋਕਾਂ ਨੂੰ ਉਹ ਟੱਟੀ ਪਿਸ਼ਾਬ ਲਈ ਬਾਹਿਰ ਨਹੀਂ ਜਾਣ ਦਿੰਦੇ, ਉਨ੍ਹਾਂ ਹਰੀਜਨ ਲੋਕਾਂ ਲਈ ਆਉਣ ਵਾਲੇ ਸਾਲ ਵਾਸਤੇ 25 ਲੱਖ ਰੁਪਿਆ ਰਖਿਆ ਹੈ ਤਾਕਿ ਉਨ੍ਹਾਂ ਨੂੰ ਰੂੜੀਆਂ ਸੁੱਟਣ ਵਾਸਤੇ ਜਗਾਹ ਦਾ ਪ੍ਰਬੰਧ ਕੀਤਾ ਜਾ ਸਕੇ। ਸਰਦਾਰ ਬਲਵੰਤ ਸਿੰਘ ਹੋਰੀਂ ਬਜਾਏ ਇਸਦੇ ਕਿ ਇਸ ਗੱਲ ਦਾ ਜ਼ਿਕਰ ਕਰਦੇ ਔਰ ਕਹਿੰਦੇ ਕਿ ਇਸ ਸਰਕਾਰ ਨੇ ਅੱਛਾ ਕੰਮ ਕੀਤਾ ਹੈ, ਉਨ੍ਹਾਂ ਨੇ ਤਾਂ ਨੁਕਤਾ-ਚੀਨੀ ਹੀ ਕੀਤੀ ਹੈ।

ਚੇਅਰਮੈਨ ਸਾਹਿਬ, ਅਗਲੀ ਐਜੂਕੇਸ਼ਨ ਦੀ ਗੱਲ ਹੈ। (ਵਿਘਨ)

ਸ੍ਰੀ ਸਭਾਪਤੀ : ਤੁਸੀਂ ਵਾਈਂਡ ਅੱਪ ਕਰਨਾ ਹੈ ਜਾਂ ਬੋਲਣਾ ਹੈ, ਕਿਉਂਕਿ ਟਾਈਮ ਸਮਾਪਤ ਹੋਣ ਵਾਲਾ ਹੈ। (ਵਿਘਨ) (ਆਵਾਜ਼ਾਂ : ਕੱਲ੍ਹ ਇਨ੍ਹਾਂ ਨੂੰ ਟਾਇਮ ਦਿਓ ਜੀ।)

ਸ੍ਰੀ ਪਿਆਰਾ ਰਾਮ ਧੰਨੋਵਾਲੀਆ : (ਵਿਰੋਧੀ ਧਿਰ ਵੱਲ ਇਸ਼ਾਰਾ) ਟਾਈਮ ਤਾਂ ਤੁਸੀਂ ਮੈਨੂੰ ਲੈਣ ਹੀ ਨਹੀਂ ਦਿੰਦੇ ਅਤੇ ਵਿਘਨ ਪਾ ਰਹੇ ਹੋ।

Mr. Chairman (Sardar Bir Devinder Singh) : Shri Piara Ram Dhannowalia ji you will be on your legs tomorrow. The House stands adjourned till 9.00 A. M. on Wednesday, the 4th February, 1981.

1.30 P. M. (The Sabha then adjourned* till 9.00 A. M. on Wednesday, the 4th February, 1981).

———

1913—14-3-81—325 ਕਾ ਹੀਆਂ ਗੌਰਮਿੰਟ ਪ੍ਰੈਸ, ਪਟਿਆਲਾ।

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala.